41/H51

# ਕ਼ੁਰਾਨ ਮਜੀਦ

## ਗੁਰਮੁਖੀ ਉਲਥਾ

ਜਿਸਨੂੰ

ਸਰਦਾਰ ਮੁਹੰਮਦ ਯੂਸਫ ਐਡੀਟਰ "ਨੂਰ"
ਕਾਦੀਆਂ

ਨੇ

ਗੁਰਮੁਖੀ ਵਿਚ ਤਰਜਮਾਂ (ਉਲਥਾ) ਕੀਤਾ

[ ਪਬਲਿਸ਼ਰ ਸਰਦਾਰ. ਮੁਹੰਮਦ ਯੂਸਫ ਕਾਦੀਆਂ]

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ ਸਰਦਾਰ ਲਖਬੀਰ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਨਾਲ ਛਪਿਆ।

ਗਿਣਤੀ ੧੧੦੦] [ਮਈ ੧੯੩੨

Digitized by Panjab Digital Library | www.panjabdigilib.org

# ਬੇਨਤੀ !

ਪਿਆਰੇ ਸਜਨੋ ! ਭਾਵੇਂ ਅਪਨੀ ਵਲੋਂ ਬੜਾ ਯਤਨ ਕੀਤਾ ਗਿਆ ਹੈ ਫੇਰ ਵੀ ਹੋ ਸਕਦਾ ਹੈ ਕਿ ਇਸ ਉਲਥੇ ਵਿਚ ਕਈ ਇਕ ਛਾਪੇ ਦੀਆਂ ਭੁਲਾਂ ਰਹਿ ਗਈਆਂ ਹੋਣ ਸਚ ਹੈ:-

"ਭੁਲਣ ਅੰਦਰਿ ਸਭੁ ਕੋ
ਅਭੁਲੁ ਗੁਰੂ ਕਰਤਾਰੁ।"

ਨਹੀਂ ਤਾਂ ਕੁਰਾਨ ਮਜੀਦ ਤਾਂ ਭੁਲਾਂ ਥੀਂ ਰਹਿਤ ਅਰ ਉੱਕਾ ਸਚਾਈ ਦਾ ਹੀ ਭੰਡਾਰ ਹੈ।

ਇਸ ਵਾਸਤੇ ਯਦੀ ਤੁਸੀ ਕੋਈ ਭੁਲ ਇਸ ਉਲਥੇ ਵਿਚ ਪਾਓ ਤਾਂ ਉਸਨੂੰ ਮੇਰੀ ਵਲੋਂ ਸਮਝਕੇ ਖਿਮਾਂ ਕਰਨੀ ਕਿਉਂਕਿ ਇਨਸਾਨ ਭੁਲਣਹਾਰ ਹੈ ਹਾਂ ਜੇਕਰ ਹੋ ਸਕੇ ਤਾਂ ਕਿਰਪਾ ਕਰਕੇ ਮੈਨੂੰ ਉਸ ਭੁਲ ਥੀਂ ਇਤਲਾਹੰ ਬਖਸ਼ਨੀ ਤਾਂਕਿ ਅਗਲੇ ਅਡੀਸ਼ਨ ਵਿਚ ਉਹਦੀ ਸੁਧਾਈ ਕਰ ਦਿਤੀ ਜਾਵੇ।

ਦਾਸ:-ਮੁਹੰਮਦ ਯੂਸਫ਼
ਐਡੀਟਰ 'ਨੂਰ'
ਕਾਦੀਆਂ

Digitized by Panjab Digital Library | www.panjabdigilib.org

S

# ਸੂਰਤ ਫ਼ਾਤਿਆ ਮੱਕੇ ਵਿਚ ਉਤਰੀ ਏਸ ਦੀਆਂ ੭ਸਤ ਆਇਤਾਂ ਔਰ ਇਕ ਰੁਕੂਹ ਹੈ॥

Sold to Shri Harnam Singh ji Shan as his personal property. Parshotam Das ... 20.3.1960.

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ ਅਰ ਕ੍ਰਿਪਾਲੂ (ਹੈ) ॥੧॥ ਸਭ ਤਰਾਂ ਦੀਆਂ ਉਸਤੁਤੀਆਂ (ਦੇ ਜੋਗ) ਪਰਮਾਤਮਾ ਹੀ ਹੈ (ਜੋ) ਸਾਰੀ ਦੁਨੀਆਂ ਦਾ ਪਰਵਰਦਗਾਰ (ਹੈ) ॥ ੨ ॥ ਬੱਡਾ ਕ੍ਰਿਪਾਲੂ ਅਰ ਦਯਾਲੂ ॥ ੩ ॥ (ਔਰ) *ਜਜ਼ਾ ਵਾਲੇ ਦਿਨ ਦਾ ਸਵਾਮੀ ॥ ੪ ॥ ਅਸੀ ਤੇਰਾ ਹੀ ਸਮਰਣ ਕਰਦੇ ਹਾਂ ਅਰ ਤੇਰੇ ਪਾਸੋਂ ਹੀ ਸਹਾਇਤਾ ਮੰਗਦੇ ਹਾਂ ॥ ੫ ॥ ਤੂੰ (ਸਾਨੂੰ (ਦੀਨ ਦਾ) ਸਿੱਧਾ ਮਾਰਗ ਵਿਖਾ ॥ ੬ ॥ ਉਨਹਾਂ ਪੁਰਖਾਂ ਦਾ ਰਸਤਾ ਵਿਖਾ) ਜਿਨਹਾਂ ਉੱਤੇ ਤੂੰ (ਆਪਣੀ) ਕਿਰਪਾ ਕੀਤੀ ਨਾ ਉਨਹਾਂ ਦਾ ਜਿਨਹਾਂ ਉੱਤੇ (ਤੇਰਾ) ਕਹਿਰ ਵਰਤਿਆ। ਅਤੇ ਨਾ ਹੀ ਤੇਰੇ ਪਾਸਿਓਂ ਭੁਲਿਆਂ ਹੋਇਆਂ ਦਾ॥੭॥ਰੁਕੂਹ ੧॥

# ਸੂਰਤ ਬਕਰ ਮਦੀਨੇ ਵਿਚ ਉਤਰੀ ਏਸ ਦੀਆਂ ਦੋ ਸੌ ਛਿਆਸੀ ਆਇਤਾਂ ਔਰ ਚਾਲੀਸ ਰੁਕੂਹ ਹੈਨ।

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲ ਕਿਰਪਾਲੂ (ਹੈ) †ਅਲਫ਼, ਲਾਮ, ਮੀਮ ॥ ੧ ॥

ਏਹ ਓਹ ਪੁਸਤਕ ਜਿਸ਼ ਨੂੰ (ਰੱਬ ਦੀ ਬਾਣੀ ਆਖਣ ਵਿਚ) ਕੁਛ ਭੀ ਭਰਮ ਨਹੀਂ ਬਬੇਕੀ ਪੁਰਖਾਂ ਨੂੰ ਰਾਹ ਦੱਸਣ ਵਾਲੀ ਹੈ ॥ ੨ ॥ ਜੋ ‡ਗੁਪਤ ਉਤੇ ਧਰਮ ਧਾਰਦੇ ਅਰ ਨਮਾਜ਼ ਪੜ੍ਹਦੇ ਅਰ ਜੋ ਕੁਛ ਅਸਾਂ ਨੇ

---

*ਬਦਲਾ ਲੈਣ ਦਾ ਦਿਨ।

†ਏਸ ਤਰਹਾਂ ਦੇ ਅੱਖਰ ਜੋ ਕੁਰਾਨ ਮਜੀਦ ਦੀ ਕਈ ਇਕ ਸੂਰਤਾਂ ਦੇ ਆਦਿ ਵਿਚ ਵਿਦਜਮਾਨ ਹਨ "ਮਕੱਤਿਆਤ" ਕਹਾਉਂਦੇ ਹਨ ਅਰ ਅਲਫ, ਲਾਮ, ਮੀਮ, ਏਸ ਤਰਹਾਂ ... ਪ੍ਰਮਾਤਮਾਂ ਦੇ ਭੇਤ ਵਿਚ ਹਨ ਜਿਨਹਾਂ ਦੇ ਅਰਥ ਖੁਦਾ ਨੇ ਕਿਸੇ ਗੱਲੋਂ ...ਆਂ ਅੱਗੇ ਪਰਗਟ ਨਹੀਂ ਕੀਤੇ। ਕਈਕ ਟੀਕਾਕਾਰਾਂ ਨੇ ਜੋ ਅਰਥ ਕੀਤੇ ਹਨ ਓਹ ਓਹਨਾਂ ਦੀ ਆਪਣੀ ਸੰਮਤੀ ਹੈ।

‡ਜਿਸਦੇ ਗਜ਼ਾਨ ਤੋਂ ਪੁਰਖ ਅਗਜਾਨੀ ਹੋਵੇ ਉਹ... "ਗੈਬੀ ਇਲਮ" ਅਰਥਾਤ ਗੁਪਤ ਗਿਜਾਨ ਆਖਦੇ ਨੇ। ਜਿਸ ਤਰਹਾਂ ...ਰ ਪ੍ਰਭੁਤਾ ਅਰ ਆਦਿਕ।

Cancelled and foreclosed

ਓਹਨਾਂ ਨੂੰ ਦੇ ਛਡਿਆ ਹੈ ਓਸ ਦੇ ਵਿਚੋਂ ( ਰੱਬ ਦੇ ਰਾਹ ਵਿਖੇ ਭੀ ) ਖਰਚ ਕਰਦੇ ॥ ੩ ॥ ਅਰ ( ਹੇ ਪਯੰਬਰ ) ਜੇਹੜੀ ( ਪੁਸਤਕ ) ਤੇਰੇ ਉੱਤੇ ਉਤਰੀ ਅਥਵਾ ਜੋ ਤੇਰੇ ਥੀਂ ਪਹਿਲਾਂ ਉਤਰੀਆਂ ਓਹਨਾਂ ( ਸਭਨਾਂ ) ਉੱਤੇ ਧਰਮ ਧਾਰਦੇ ਅਰ ਉਹ ਪ੍ਰਲੇ ਦਾ ਭੀ ਨਿਸਚਾ ਰਖਦੇ ਹਨ ॥ ੪ ॥ ਇਹੋ ਆਦਮੀ ਆਪਣੇ ਪਰਵਰਦਿਗਾਰ ਦੇ ਸਰਲ ਮਾਰਗ ਉੱਤੇ ਹਨ ਅਰ ਏਹ ਈ ( ਅੰਤ ਦੇ ਦਿਨ ) ਮਨੋਛਿਤ ਪਦਾਰਥ ਪਾਵਣਗੇ ॥ ੫ ॥ ( ਹੇ ਪਯੰਬਰ ) ਜਿਨਹਾਂ ਲੋਗਾਂ ਨੇ ( ਇਸਲਾਮ ਦੇ ਕਬੂਲਣ ਥੀਂ ) ਨੰਨਾਕਾਰ ਕੀਤਾ ਓਹਨਾਂ ਨੂੰ ( ਰੱਬ ਦੇ ਭਾਣੇ ਥੀਂ ) ਸਭੈ ਕਰਨਾ ਕਿੰਬਾ ਨਾ ਸਭੈ ਕਰਨਾ ਇਕੋ ਜੈਸਾ ਹੀ ਹੈ ਓਹ ਤਾਂ ਈਮਾਨ ਲਿਆਵਣ ਵਾਲੇ ਹੈਂ ਈ ਨਹੀਂ॥੬॥ਉਨਹਾਂ ਦੇ ਰਿਦਿਆਂ ਉਤੇ ਚਪੁਨਾ ਅਰ ਉਨਹਾਂ ਦੇ ਕੰਨਾਂ ਉਤੇ ਅੱਲਾ ਨੇ ਮੋਹਰਾਂ ਲਗਾ ਦਿਤੀਆਂ ਹਨ ਅਰ ਉਨਹਾਂ ਦਿਆਂ ਨੇਤ੍ਰਾਂ ਉੱਤੇ ਪ੍ਰਦਾ ( ਪਇਆ ਹੋਇਆ ) ਹੈ ਅਰ (†ਅੰਤ ਨੂੰ ) ਓਹਨਾਂ ਨੂੰ ਬੜਾ ਕਸ਼ਟ (ਹੋਣਾ) ਹੈ ॥ ੭ ॥ ਰੁਕੂਹ ੧ ॥

ਔਰ ਲੋਗਾਂ ਵਿਚੋਂ ਕਈਕ ਐਸੇ ਭੀ ਹੈਨ ਜੋ(ਮੂੰਹੋਂ ਤਾਂ)ਕਹਿੰਦੇ ਹਨ ਕਿ ਅਸੀਂ ਪਰਮੇਸ਼੍ਵਰ ਅਰ ਅੰਤਿਮ ਦਿਨ ਉਤੇ ਈਮਾਨ ਲਿਆ ਚੁਕੇ, ਹਾਲਾਂ ਓਹਨਾਂ ਲਿਆਂਦਾ ਨਹੀਂ ॥ ੮ ॥ ਏਹ ਲੋਗ ( ਆਪਣੇ ਵਲੋਂ ) ਅੱਲਾ ਨੂੰ ਅਰ ਉਨਹਾਂ ਲੋਗਾਂ ਨੂੰ ਜੋ ਈਮਾਨ ਲਿਆ ਚੁਕੇ ਹਨ ਠੱਗਦੇ ਹਨ ਅਰ ( ਵਾਸਤ੍ਵਿਕ ) ਧੋਖਾ ਨਹੀਂ ਦੇਂਦੇ ਕਿੰਤੂ ਆਪਣੇ ਆਪ ਨੂੰ (ਦੇਂਦੇ ਹਨ) ਅਰ ( ਏਸ ਬਾਤ ਨੂੰ ) ਨਹੀਂ ਜਾਣਦੇ ॥ ੯ ॥ ਉਨਹਾਂ ਦੇ ਦਿਲਾਂ ਵਿਚ (ਅਨਾਦਿ ਕਾਲ ਦਾ ਹੀ ਕੁਫਰ ਰੂਪੀ) ਰੋਗ ਸੀ, ਹੁਣ ਅੱਲਾ ਨੇ ਉਨਹਾਂ ਦਾ ਰੋਗ(ਹੋਰ ਭੀ) ਵਧਾ ਦਿਤਾ ਹੈ ਅਰ ਉਨਹਾਂ ਨੂੰ ਓਹਨਾਂ ਦੇ ਝੂਠ ਬੋਲਣ ਦੀ ਸਜਾ ਵਿਚ ਅਸਹਿ ਦੁਖ (ਹੋਣਾ) ਹੈ ॥ ੧੦ ॥ ਅਰ ਜਦੋਂ ਓਹਨਾਂ ਨੂੰ ਕਹਿਆ ਜਾਂਦਾ ਹੈ ਕਿ ਦੇਸ ਵਿਚ ਉਪੱਦ੍ਰਵ ਨਾਂ ਖਿੰਡਾਓ (ਤਦੋਂ) ਕਹਿੰਦੇ ਹਨ ਕਿ ਅਸੀਂ ਤਾਂ (ਲੋਗਾਂ ਵਿਚ) ਮੇਲ ਜੋਲ ਕਰਾਵਣ ਵਾਲੇ ਹਾਂ ਹੋਰ ਬਸ ॥੧੧॥ ਸੁਣੋ ਜੀ! ਏਵਾ ਲੋਗ ਫਸਾਦ ਦਾ ਮੂਲ ਹਨ ਪਰੰਤੂ ਸਮਝਦੇ ਨਹੀਂ ॥ ੧੨ ॥ ਜਦੋਂ ਉਨਹਾਂ ਨੂੰ ਕਹਿਆ ਜਾਂਦਾ ਹੈ ਕਿ ਜਿਸ ਤਰਹਾਂ (ਹੋਰ) ਲੋਗ ਈਮਾਨ ਲਿਆ ਚੁਕੇ ਹਨ ਤੁਸੀ ਭੀ ਈਮਾਨ ਲੈ ਆਓ ਤਾਂ ਕਹਿੰਦੇ ਹਨ ਕਿ ਕੀ ਅਸੀਂ ਭੀ (ਓਸੇ ਤਰਹਾਂ) ਈਮਾਨ ਲੈ ਆਵੀਏ ਜਿਸ ਤਰਹਾਂ (ਹੋਰ) ਮੂਰਖ ਲਿਆ ਬੈਠੇ ਹਨ। ਸੁਣੋ ਜੀ ! ਏਹੀ ਲੋਗ ਮੂਰਖ ਹਨ ਪਰੰਤੂ ਜਾਣਦੇ ਨਹੀਂ ॥ ੧੩ ॥ ਜਦੋਂ ਉਨਹਾਂ ਲੋਗਾਂ ਨੂੰ ਮਿਲਦੇ ਹਨ ਜੋ ਈਮਾਨ ਲਿਆ ਚੁਕੇ ਹਨ।

---

†ਕਿਆਮਤ ।

§ਦੀਰਘਾ ਹਠ ਧਰਮ ਕਰਨ ਕਰਕੇ ।

Digitized by Panjab Digital Library | www.panjabdigilib.org

ਤਦੋਂ ਕਹਿੰਦੇ ਹਨ ਅਸੀ (ਭੀ ਤਾਂ) ਈਮਾਨ ਧਾਰ ਬੈਠੇ ਹਾਂ ! ਅਰ ਜਦੋਂ ਅਕੱਲ ਮਕੱਲੇ ਆਪਣਿਆਂ *ਸ਼ੈਤਾਨਾਂ ਨੂੰ ਮਿਲਦੇ ਹਨ ਤਦੋਂ ਕਹਿੰਦੇ ਹਨ ਅਸੀਂ ਤੁਹਾਡੇ ਹੀ ਸੰਗੀ ਸਾਥੀ ਹਾਂ, ਅਸੀਂ ਤਾਂ ਕੇਵਲ (ਮੁਸਲਮਾਨਾਂ ਨੂੰ) ਹਾਸੀ ਕਰਦੇ ਹਾਂ ॥ ੧੪ ॥ (ਏਹ ਲੋਗ ਮੁਸਲਮਾਨਾਂ ਨੂੰ ਕੀ ਹਾਸੀ ਕਰਨਗੇ ਵਸਤੁਤਾ) ਅੱਲਾ ਏਹਨਾਂ ਨੂੰ ਹਾਸੀ ਕਰਦਾ ਹੈ ਅਰ ਏਹਨਾਂ ਨੂੰ ਢਿਲ ਦੇਂਦਾ ਹੈ ਕਿ ਆਪਣੀ ਮਨਮੁਖ ਤਾਈ ਨਾਲ ਭੰਬਲ ਭੂਸੇ ਖਾਂਦੇ ਫਿਰਨ ॥ ੧੫ ॥ ਏਵਾ ਹਨ ਉਹ ਲੋਗ ਜਿਨਹਾਂ ਨੇ ਉਪਦੇਸ਼ ਦੇ ਪਲਟੇ ਵਿਚ ਗੁਮਰਾਹੀ ਮੋਲ ਲੈ ਲੀਤੀ ਹੈ, ਸੋ ਨਾ ਤਾਂ ਏਹਨਾਂ ਦਾ ਵਪਾਰ ਹੀ ਗੁਣਦਾਇਕ ਹੋਇਆ ਅਤੇ ਨਾ ਹੀ ਸੂਧੇ ਮਾਰਗ ਉੱਤੇ ਹੀ ਪੱਕੇ ਥਿਤੇ ਰਹੇ ॥ ੧੬ ॥ ਏਹਨਾਂ (ਕਪਟੀਆਂ ਦੀ ਭੀ) ਕਹਾਣੀ ਓਸੇ ਆਦਮੀ ਵਰਗੀ ਕਹਾਣੀ ਹੈ (ਜਿਸ ਨੇ ਲੋਗਾਂ ਦੇ ਇਕ ਟੋਲੇ ਵਿਚ ਰਾਤ ਦੇ ਵੇਲੇ) ਅੱਗ ਬਾਲੀ, ਜਦੋਂ ਓਸ (ਆਦਮੀ) ਦੇ ਆਸ ਪਾਸ ਦੀਆਂ ਵਸਤਾਂ ਜਗ ਮਗਾ ਉਠੀਆਂ ਤਾਂ ਅੱਲਾ ਨੇ ਉਨਾਂ ਆਦਮੀਆਂ ਦੀਆਂ ਅੱਖੀਆਂ) ਦਾ ਚਾਨਣਾਂ ਖਿੱਚ ਲੀਤਾ ਅਰ ਓਹਨਾਂ ਨੂੰ ਅੰਧੇਰੇ ਵਿਚ ਛੱਡ ਦਿਤਾ ਕਿ (ਹੁਣ) ਓਹਨਾਂ ਨੂੰ ਕੁਛ ਭੀ ਨਹੀਂ ਦਿਸਦਾ ॥ ੧੭ ॥ ਬੋਲੇ, ਗੂੰਗੇ, ਅੰਨ੍ਹੇ ਕਿ ਉਹ (ਕਿਸੇ ਤਦਬੀਰ ਨਾਲ) ਫੇਰ (ਸੂਧੇ ਮਾਰਗ ਉਪਰ) ਨਹੀਂ ਆ ਸਕਦੇ ॥ ੧੮ ॥ ਕਿੰਬਾ (ਏਹਨਾਂ ਕਪਟੀਆਂ ਦਾ ਐਸਾ ਹਾਲ ਹੈ) ਜੈਸਾ ਅਸਮਾਨੀ ਬਰਖਾ ਦਾ ਕਿ ਉਸ ਵਿਚ ਅੰਧੇਰੇ ਹਨ ਅਰ ਗਜਨ ਅਰ ਬਿਜਲੀ ਮਰਨ ਦੇ ਡਰ ਨਾਲ ਕੜਕਦੇ ਮਾਰੇ ਹੋਏ ਅੰਗੁਲੀਆਂ ਕੰਨਾਂ ਵਿਚ ਪਾ ਲੈਂਦੇ ਹਨ ਅਰ ਅੱਲਾ ਨੇ †ਮੁਨਕਰਾਂ ਨੂੰ ਘੇਰਿਆ ਹੋਇਆ ਹੈ ॥ ੧੯ ॥ ਸ਼ੀਘਰ ਹੀ ਹੈ ਕੇ ਬਿਜਲੀ ਓਹਨਾਂ ਦੇ ਨੇਤ੍ਰਾਂ ਦੀ ਜੋਤ ਨੂੰ ਖਿੱਚ ਕੇ ਲੈ ਜਾਵੇ ਜਦੋਂ ਓਹਨਾਂ ਦੇ ਅਗੇ ਬਿਜਲੀ ਚਮਕੀ ਤਾਂ ਓਸ (ਦੇ ਪ੍ਰਕਾਸ਼) ਵਿਚ (ਕੁਛ) ਤੁਰੇ ਅਰ ਜਦੋਂ ਓਹਨਾਂ ਉੱਤੇ ਅੰਧੇਰ ਘੁਪ ਘੇਰ ਛਾ ਗਿਆ ਤਾਂ ਖੜੇ (ਖੜੋਤੇ ਹੀ) ਰਹਿ ਗਏ। ਅਰ ਜਦੀ ਅੱਲਾ ਚਾਹੇ ਤਾਂ (ਇਸ ਤਰਹਾਂ ਭੀ) ਓਹਨਾਂ ਦੇ ਸੁਣਨੇ ਅਰ ਦੇਖਣੇ ਦਾ ਬਲ (ਓਹਨਾਂ ਪਾਸੋਂ) ਲੈ ਜਾਵੇ ਨਿਰਸੰਦੇਹ ਅੱਲਾ ਸਭ ਵਸਤਾਂ ਉਪਰ ਕਾਦਰ ਹੈ ॥ ੨੦ ॥ ਰੁਕੂਹ ੨ ॥

ਲੋਗੋ ! ਆਪਣੇ ਪਰਵਰਦਿਗਾਰ ਦਾ ਭਜਨ ਕਰੋ ਜਿਸਨੇ ਤੁਹਾਨੂੰ ਅਰ ਓਹਨਾਂ ਲੋਗਾਂ ਨੂੰ ਜੋ ਤੁਸਾਂ ਨਾਲੋਂ ‡ਭੂਤ ਸਮੇਂ ਵਿਚ ਹੋ ਚੁਕੇ ਹਨ ਪੈਦਾ ਕੀਤਾ ਅਚੰਭਾ ਨਹੀਂ ਕਿ ਤੁਸੀਂ (ਅੰਤ ਨੂੰ) §ਜਿਤੇਂਦ੍ਰੀ (ਭੀ) ਬਨ ਜਾਓ

---

*ਚਬਲ ਪੁਰਖ। †ਅਧਰਮੀ ਪੁਰਖ।

‡ਪ੍ਰਥਮ ਕਾਲ। §ਪਰਹੇਜ਼ਗਾਰ।

Digitized by Panjab Digital Library | www.panjabdigilib.org

॥੨੧॥ ਜਿਸਨੇ ਤੁਹਾਡੇ ਵਾਸਤੇ ਧਰਤੀ ਦਾ ਵਿਛਾਵਣਾ(ਫ਼ਰਸ਼)ਬਣਾਇਆ ਅਰ ਅਗਾਸ ਦੀ ਛੱਤ ਅਰ ਅਗਾਸ ਵਿੱਚੋਂ ਬਰਖਾ ਕਰ ਕੇ ਓਸ ਨਾਲ ਤੁਹਾਡੇ ਖਾਣ ਦੇ ਫਲ ਪੈਦਾ ਕੀਤੇ । ਬਸ ਕਿਸੇ ਨੂੰ ਭੀ ਅੱਲਾ ਦਾ(ਹਮਪੱਲਾ)ਸਜਾਤੀ ਨਾ ਬਣਾਓ ਅਰ ਤੁਸੀਂ (ਭੀ ਚੰਗੇ ਭਲੇ) ਜਾਣਦੇ (ਬੁਝਦੇ) ਹੋ ॥ ੨੨ ॥ ਅਰ ਉਹ ਜੋ ਅਸਾਂ ਨੇ ਆਪਣੇ ਦਾਸ (ਮੁਹੰਮਦ) ਪਰ (ਕੁਰਾਨ) ਉਤਾਰਿਆ ਹੈ ਯਦੀ ਤੁਹਾਨੂੰ ਏਸ ਵਿਚ ਭਰਮ ਹੋਵੇ (ਅਤੇ ਏਹ ਜਾਣ ਬੈਠੇ ਹੋਵੋ ਕਿ ਇਹ ਰੱਬੀ *ਪੁਸਤਕ ਨਹੀਂ ਕਿੰਤੂ ਆਦਮੀ ਦੀ ਬਣਾਈ ਹੋਈ ਹੈ) ਅਰ (ਜੇਕਰ ਤੁਸੀਂ ਆਪਣੇ ਏਸ ਪੱਖ ਵਿੱਚ) ਸੱਚੇ ਹੋ ਤਾਂ ਏਸ ਜੈਸੀ ਇਕ ਸੂਰਤ (ਤੁਸੀਂ ਭੀ ਬਨਾ) ਲਿਆਓ ਅਰ ਅੱਲਾ ਥੀਂ ਸਿਵਾ ਅਪਣੇਂ ਸਹਾਇਤੀਆਂ ਨੂੰ ਭੀ ਬੁਲਾ ਲਵੋ ॥ ੨੩ ॥ ਬਸ ਯਦੀ (ਏਤਨੀ ਬਾਰਤਾ ਭੀ) ਨਾ ਕਰ ਸਕੋ ਅਰ ਕਦਾਪਿ ਨਹੀਂ ਕਰ ਸਕੋਗੇ (ਤਾਂ ਨਰਕ) ਅਗਨਿ ਪਾਸੋਂ ਡਰੋ ਜਿਸ ਦੀਆਂ ਲਕੜੀਆਂ ਆਦਮੀ ਕਿੰਬਾ ਪੱਥਰ ਹੋਣਗੇ (ਅਰ ਓਹ) ਮੁਨਕਰਾਂ ਵਾਸਤੇ (ਦਗ ਦਗਾਂਦੀ) ਤਿਆਰ ਬਰ ਤਿਆਰ ਹੈ ॥ ੨੪ ॥ ਅਰ (ਹੇ ਪੈਯੰਬਰ) ਜਿਨਾਂ ਲੋਕਾਂ ਨੇ ਈਮਾਨ ਧਾਰਿਆ ਅਰ ਸਾਥ ਹੀ ਕਰਮ ( ਭੀ ) ਭਲੇਰੇ ਕੀਤੇ ਹਨ ਓਹਨਾਂ ਨੂੰ ਖ਼ੁਸ਼ਖ਼ਬਰੀ ਸੁਣਾ ਦੇਵੋ ਕਿ ਓਹਨਾਂ ਵਾਸਤੇ ( ਸੁਰਗ ਦੇ ) ਬਗੀਚੇ ਹਨ ਜਿਨਹਾਂ ਦੇ ਹੇਠਾਂ ਨਦੀਆਂ (ਪੜੀਆਂ) ਚਲ ਰਹੀਆਂ ਹੋਣਗੀਆਂ ਜਦੋਂ ਓਹਨਾਂ ਨੂੰ ਓਥੋਂ ਦਾ ਕੋਈ ਮੇਵਾ ਖਾਣ ਨੂੰ ਦਿਤਾ ਜਾਵੇਗਾ ਤਾਂ ਕਹਿਣਗੇ ਏਹ ਤਾਂ ਸਾਨੂੰ ਅਗੇ ਭੀ (ਖਾਣ ਵਾਸਤੇ) ਮਿਲ ਚੁਕਾ ਹੈ ਅਰ (ਏਹ ਏਸ ਵਾਸਤੇ ਕਹਿਣਗੇ ਕਿ) ਓਹਨਾਂ ਨੂੰ ਇਕਸੇ ਰੂਪ ਦੇ ਮੇਵੇ ਮਿਲਿਆ ਕਰਨਗੇ ਅਰ ਓਥੇ ਓਹਨਾਂ ਵਾਸਤੇ ਸੁਚ ਪਵਿਤ੍ਰ ਇਸਤ੍ਰੀਆਂ ਹੋਣਗੀਆਂ ਅਰ ਉਹ ਓਹਨਾਂ (ਬਾਗਾਂ) ਵਿਚ ਸਦਾ ( ਸਦਾ ) ਰਹਣਗੇ ॥ ੨੫ ॥ ਅੱਲਾ ਕਿਸੇ ਹੀ ਦ੍ਰਿਸ਼ਟਾਂਤ ਦੇਣ ਪਰ (ਥੋੜਾ ਸਾ ਭੀ) ਨਹੀਂ ਝਿਝਕਦਾ ( ਉਹ ਦ੍ਰਿਸ਼ਟਾਂਤ ਭਾਵੇਂ ) ਮੱਛਰ ਦਾ ਕਿੰਵਾ ਓਸ ਥੀਂ ਭੀ ਵਧ ਕੇ ਤਾਂ ਜੋ ਪੁਰਖ ਧਰਮ ਧਾਰ ਚੁਕੇ ਹਨ ਓਹ ਤਾਂ ਨਿਹਚਾ ਰਖਦੇ ਹਨ ਕਿ ਏਹ (ਦ੍ਰਿਸ਼ਟਾਂਤ ਸਚਮੁਚ) ਠੀਕ ਹੈ (ਅਰ ਏਹ ਭੀ ਭਰੋਸਾ ਰਖਦੇ ਹਨ ਕਿ) ਓਹਨਾਂ ਦੇ ਪਰਵਰਦਿਗਾਰ ਦੀ ਹੀ ਤਰਫੋਂ ( ਹੈ ) ਅਰ ਜੋ ਮੁਨਕਰ ਹਨ ਉਹ ਕਹਿੰਦੇ ਹਨ ਕਿ ਇਸ (ਨਖਿੱਧਸਾ) ਦ੍ਰਿਸ਼ਟਾਂਤ ਦੇਣ ਥੀਂ ਖੁਦਾ ਦਾ ਕੀ ਕੰਮ ( ਅਟਕਿਆ ਹੋਇਆ ) ਸੀ ? ਐਸਿਆਂ ਦ੍ਰਿਸ਼ਟਾਂਤਾਂ ਨਾਲ ਹੀ ਖੁਦਾ ਬਹੁਤੇਰਿਆਂ ਨੂੰ ਗੁਮਰਾਹ ਕਰਦਾ ਹੈ ਅਰ ਐਸਿਆਂ ਹੀ ਦ੍ਰਿਸ਼ਟਾਂਤਾਂ ਨਾਲ ਬਹੁਤੇਰਿਆਂ ਨੂੰ ਸਿਖਿਸ਼ਾ ਦੇਂਦਾ ਹੈ ਪਰੰਤੂ ਏਸ ਨਾਲ ਮਨਮੁਖ ਕਰਦਾ

*ਆਕਾਸ਼ ਬਾਣੀ ।

Digitized by Panjab Digital Library | www.panjabdigilib.org

(ਭੀ) ਹੈ (ਤਾਂ) ਬਦਕਾਰਾਂ ਨੂੰ ਹੀ (ਕਰਦਾ ਹੈ) ॥ ੨੬ ॥ *ਜੋ ਸਥਾਪਿਤ ਕੀਤੇ ਪਿਛੇ ਈਸ਼ਵਰੀ ਪ੍ਰਤਗਿਯਾ ਨੂੰ ਤੋੜ ਦੇਂਦੇ ਹਨ ਅਰ ਜਿਨਹਾਂ (ਕੰਮਾਂ ਦੇ) ਇਕਤ੍ਰ ਰਖਣ ਦਾ ਰੱਬ ਨੇ ਹੁਕਮ ਦਿੱਤਾ ਹੈ ਓਹਨਾਂ ਨੂੰ ਛਡ ਦੇਂਦੇ ਅਰ ਦੇਸ਼ ਵਿਚ ਉਪਦ੍ਰਵ ਫੈਲਾਂਦੇ ਹਨ ਏਹਨਾ ਹੀ ਪੁਰਖਾਂ ( ਅੰਤ ਨੂੰ ) ਖਰਾਬ ਹੋਣਗੇ ॥ ੨੭ ॥ ਲੋਗੋ ! ਤੁਸੀਂ ਕਿਸ ਤਰਹਾਂ ਰੱਬ ਥੀਂ ਨਾਂਹ ਕਰ ਸਕਦੇ ਹੋ ਔਰ (ਤੁਹਾਡੀ ਇਹ ਦਸ਼ਾ ਸੀ ਕਿ) ਤੁਸੀਂ ਨਿਰਜੀਵ ਥੇ ਤਾਂ ਓਸ ਨੇ ਤੁਹਾਨੂੰ ਜੀਵ ਦਾਨ ਦਿਤਾ ਫੇਰ (ਵਹੀ) ਤੁਹਾਨੂੰ ਮੌਤ ਦੇਂਦਾ ਹੈ ਫੇਰ (ਵਹੀ) ਤੁਹਾਨੂੰ ( ਅੰਤ ਦੇ ਦਿਨ) ਸਰਜੀਤ ( ਭੀ ) ਕਰੇਗਾ ਅਰ ਫ਼ੇਰ ਉਸੇ ਪਾਸੇ ਹੀ ਲੌਟਾਏ ਜਾਵੋਗੇ ॥ ੨੮ ॥ ਵਹੀ (†ਸਰਵ ਸ਼ਕਤੀਮਾਨ) ਹੈ ਜਿਸ ਨੇ ਤੁਹਾਡੇ ਵਾਸਤੇ ਪ੍ਰਿਥਵੀ ਦੇ ਬਨ ਤ੍ਰਿਣ ਬਨਾਏ । ਫੇਰ(ਇਸ ਥੀਂ ਸਿਵਾ ਇਕ ਹੋਰ ਕੰਮ ਵਧਕੇ ਕੀਤਾ ਕਿ)ਅਗਾਸ(ਦੇ ਬਨਾਵਣ) ਵਲ਼ ਧਯਾਨ ਕੀਤਾ ਤਾਂ ਸਪਤ ਅਗਾਸ ਇਕ ਡਾਲ ਬਨਾ ਦਿਤੇ ਅਰ ਵੈ ਸਰਬ ਵਸਤੂਆਂ ਦੇ ( ਮੂਲ ਕਾਰਨਾ ਨੂੰ) ਜਾਣਦਾ ਹੈ ॥ ੨੯ ॥ ਰੁਕੂਹ ੩ ॥

ਔਰ ( ਹੇ ਪੈਯੰਬਰ ਲੋਕਾਂ ਨੂੰ ਓਸ ਸਮੇਂ ਦੀ ਕਥਾ ਸੁਣਾ) ਜਦੋਂ ਤੁ-ਹਾਡੇ ਪਰਵਰਦਿਗਾਰ ਨੇ ਫ਼ਰਿਸ਼ਤਿਆਂ ਨੂੰ ਕਹਿਆ ਕਿ ਮੈਂ ਧਰਤੀ ਉੱਪਰ ( ਆਪਨਾ ਇਕ ) ‡ਨਾਯਬ ਪੈਦਾ ਕਰਨ ਲਗਾ ਹਾਂ ( ਤਾਂ ਫਰਿਸ਼ਤੇ ) ਬੋਲੇ ਕੀ ਤੂੰ ਧਰਤੀ ਉਪਰ ਇਕ ਐਸੇ ਆਦਮੀ ਨੂੰ ( ਨਾਯਬ ) ਬਨਾਂਵਦਾ ਹੈਂ ? ਜੋ ਓਸ ਵਿਚ ਫਸਾਦ ਫੈਲਾਏ ਅਰ ਲਹੂਓ ਲੁਹਾਣ ਕਰੇ ਅਰ ਅਸੀਂ ਤੇਰੀ ਅਸਤੁਤੀ ਦੇ ਨਾਲ ਹੀ ਤੇਰੀ §ਤਸਬੀਹ ਤਥਾ ਤਕਦੀਸ ਕਰਦੇ ਰਹਿੰਦੇ ਹਾਂ ( ਖੁਦਾ ਨੇ ) ਕਹਿਆ ਮੈਂ ਐਸੀਆਂ ੨ ( ਸਲਾਹੀਂ ) ਜਾਣਦਾ ਹਾਂ ਜੋ ਤੁਸੀਂ ਨਹੀਂ ਜਾਣਦੇ ॥ ੩੦ ॥ ਅਰ ਆਦਮ ਨੂੰ ਸਭ (ਵਸਤਾਂ ਦੇ)ਨਾਮ ਦੱਸ ਦਿਤੇ ਪੁਨਃ ਵਹੀ ਵਸਤਾਂ ਫਰਿਸ਼ਤਿਆਂ ਦੇ ਸਨਮੁਖ ਕਰਕੇ ਕਹਿਆ ਯਦੀ ਤੁਸੀਂ (ਆਪਨੇ ਪੱਖ ਵਿਚ) ਸੱਚੇ ਹੋ ਤਾਂ ਤੁਸੀਂ ਸਾਨੂੰ ਏਹਨ੍ਹਾਂ ਵਸਤਾਂ ਦੇ ਨਾਮ ਦੱਸੋ ॥੩੧॥ ਬੋਲੇ, ਤੂੰ ਪਵਿਤ੍ਰ ( ਰੂਪ ) ਹੈਂ ਜੋ ਆਪ ਨੇ ਸਾਨੂੰ ਦੱਸ ਰਖਿਆ ਹੈ ਓਸ ਥੀਂ ਸਿਵਾ ਸਾਨੂੰ ਕੋਈ ਖਬਰ ਨਹੀਂ ਸਚਮੁਚ ਤੂੰ ਹੀ ਸਲਾਹਾਂ ਦੇ ਜਾਣਨੇ

---

*ਜਰੂਰੀ ਰਹਾਉ । †ਕਾਦਰ ਮੁਤਲਿਕ ।

‡ਆਪਣੀ ਜਗਾ ।

§ਤਸਬੀਹ ਤਥਾ ਤਕਦੀਸ ਦਾ ਏਹ ਅਰਥ ਹੈ ਕਿ ਖੁਦਾ ਸਾਰਿਆਂ ਐਬਾਂ ਥੀਂ ਨਿਰਲੇਪ ਅਰ ਨੁਕਸਾਨਾਂ ਥੀਂ ਪਵਿਤ੍ਰ ਹੈ ਕਦੀ ਸ਼ਬਦ ਉਲਥੇ ਵਿਚ ਚੰਗੀ ਤਰਹਾਂ ਨਹੀਂ ਖੁਲਦੇ ਹਨ ਏਸ ਵਾਸਤੇ ਮੂਲ ਦਾ ਸ਼ਬਦ ਹੀ ਰਹਿਣ ਦਿਤਾ ਹੈ ॥

Digitized by Panjab Digital Library | www.panjabdigilib.org

ਪਹਿਚਾਨਨੇ ਵਾਲਾ ਹੈਂ ॥ ੩੨ ॥ (ਤਦੋਂ ਖੁਦਾ ਨੇ ਆਦਮ ਨੂੰ) ਕਹਿਆ ਕਿ ਹੇ ਆਦਮ ਤੂੰ ਫਰਿਸ਼ਤਿਆਂ ਨੂੰ ਏਹਨਾਂ (ਵਸਤਾਂ) ਦੇ ਨਾਮ ਦਸ ਫਿਰ ਜਦੋਂ ਆਦਮ ਨੇ ਫਰਿਸ਼ਤਿਆਂ ਨੂੰ ਓਹਨਾਂ ( ਵਸਤੂਆਂ ) ਦੇ ਨਾਮ ਦੱਸ ਦਿਤੇ ਤਦੋਂ (ਖੁਦਾ ਨੇ ਫਰਿਸ਼ਤਿਆਂ ਦੀ ਤਰਫ * ਸਮਾਹਿਤ ਹੋ ਕੇ ) ਕਹਿਆ ਕਿਉਂ ਅਸਾਂ ਨਹੀਂ ਸੀ ਕਹਿਆ ਕਿ ਅਕਾਸ ਦੀਆਂ ਅਤੇ ਧਰਤੀ ਦੀਆਂ ਸਾਰੀਆਂ ਛੁਪੀਆਂ ਹੋਈਆਂ ਵਸਤਾਂ ਸਾਨੂੰ ਮਾਲੂਮ ਹਨ ਅਰ ਜੋ ਕੁਛ ਤੁਸੀਂ ( ਹੁਣ) ਪਰਗਟ ਕਰ ਰਹੇ ਹੋ (ਉਹ) ਅਰ ਜੋ ਕੁਛ ਤੁਸੀਂ ਸਾਡੇ ਪਾਸੋਂ ਛਿਪਾਂਦੇ ਸੀ (ਓਹ) ਸਭ ਸਾਨੂੰ (ਸੂਵ)ਮਾਲੂਮ ਹੈ ॥ ੩੩ ॥ ਅਰ ਜਦੋਂ ਅਸਾਂ ਫ਼ਰਿਸ਼ਤਿਆਂ ਨੂੰ ਕਹਿਆ ਕਿ ਆਦਮ ਦੇ ਅੱਗੇ ਮੱਥਾ ਟੇਕੋ ਤਦੋਂ ਅਬਲੀਸ ਤੋਂ ਸਿਵਾ (ਸਾਰਿਆਂ ਦੇ ਸਾਰਿਆਂ) ਮੱਥਾ ਟੇਕ ਦਿਤਾ ਪਰੰਤੂ ਓਸ ਨੇ ਨਾ ਮੰਨਿਆ ਅਰ ਸ਼ੇਖੀ ਵਿਚ ਆ ਗਿਆ ਅਰ ਅਮੋੜ ਬਣ ਬੈਠਾ ॥ ੩੪ ॥ ਅਰ ਅਸਾਂ ਨੇ (ਆਦਮ ਨੂੰ) ਕਹਿਆ ਹੇ ਆਦਮ ਤੂੰ ਅਰ ਤੇਰੇ ਘਰ ਦੀ ਸੁਰਗ ਵਿਚ ਵੱਸੋ ਰੱਸੋ ਅਰ ਓਸ ਵਿਚੋਂ ਜਿਥੋਂ ਤੁਹਾਡਾ ਚਿਤ ਚਾਹੇ ਛਕੋ (ਛਕਾਓ) ਪਰੰਤੂ ਉਸ ਬ੍ਰਿਛ ਦੇ ਪਾਸ ਕਦੇ ਨਾ ਜਾਣਾ ( ਯਦੀ ਏਸ ਤਰਹਾਂ ਕਰੋਗੇ) ਤਾਂ ਤੁਸੀ (ਆਪਣਾ ਆਪੇ ਹੀ) ਨੁਕਸਾਨ ਭਰੋਗੇ ॥ ੩੫ ॥ ਬਸ ਸ਼ੈਤਾਨ ਨੇ ਓਹਨਾਂ ਨੂੰ ਓਥੋਂ (ਭਰਲਾ ਭੁਚਲੂ ਕੇ) ਪੁੱਟ ਸਿੱਟਿਆ (ਅੰਤ ਨੂੰ) ਜਿਸ (ਸਵਾਦ) ਵਿਚ ਸਨ ਉਸ ਵਿਚੋਂ ਉਨਹਾਂ ਨੂੰ ਨਿਕਸਵਾ ਦਿਤਾ ਅਰ ਅਸਾਂ ਨੇ ਹੁਕਮ ਦਿਤਾ ਤੁਸੀਂ (ਸਾਰੇ) ਉਤਰ ਜਾਵੋ ਤੁਸੀਂ ਇਕ ਦੇ ਇਕ ਵੈਰੀ ਅਤੇ ਧਰਤੀ ਉਤੇ ਤੁਹਾਡੇ ਵਾਸਤੇ ਕੁਛ (ਖਾਸ) ਸਮੇਂ ਤਕ ਰਹਿਣ ਦਾ ਠਕਾਣਾਂ (ਅਰਥਾਤ ਅਪਣੇ ਜੀਵਨ ਦੇ ਦਿਨ ਵਤੀਤ ਕਰਨ ਦੀ) ਸਮਗਰ ਹੈ ॥ ੩੬ ॥ ਫੇਰ ਆਦਮ ਨੇ ਆਪਣੇ ਪਰਵਰਦਿਗਾਰ ਪਾਸੋਂ (ਅਸਤੁਤੀ ਕਰਨ ਦੇ ਕੁਛਕ)ਪਦ ਸਿਖ ਲੀਤੇ ਅਰ(ਉਨਹਾਂ ਪਦਾਂ ਦੀ‡ਬਰਕਤ ਨਾਲ) ਖੁਦਾ ਉਨਹਾਂ ਦਾ ਪਸ਼ਚਾਤਾਪ ਪ੍ਰਵਾਨ ਕੀਤਾ,ਨਿਰਸੰਦੇਹ ਉਹੀ ਵਡਾ ਭੁਲਣਾਂ ਬਖਸ਼ਨ ਵਾਲਾ ਕਿਰਪਾਲੂ ਹੈ ॥ ੩੭ ॥ ( ਜਦੋਂ ) ਅਸਾਂ ਨੇ ਆਗਿਆ ਦਿਤੀ ਕਿ ਤੁਸੀਂ ਸਾਰਿਆਂ ਦੇ ( ਸਾਰੇ ) ਏਥੋਂ ਉਤਰ ਜਾਓ (ਤਾਂ ਸਾਥ ਹੀ ਏਹ ਭੀ ਸਮਝਾਇਆ ਗਿਆ ਸੀ ਕਿ ) ਜੇਕਰ ਤੁਸਾਂ ਲੋਗਾਂ ਪਾਸ ਸਾਡੀ ਤਰਫੋਂ ਕੋਈ ਉਪਦੇਸ਼ ਆਵੇ ਤਾਂ ( ਉਸ ਦੇ ਉਤੇ ਤੁਰਨਾ ਕਾਹੇ ਤੇ) ਜੋ ਸਾਡੇ ਉਪਦੇਸ਼ ਦੇ ਅਨੁਸਾਰ ਕਲਣੇ (ਅੰਤ ਸਮੇਂ ਨੂੰ) ਉਨਹਾਂ ਉਤੇ ਨਾਂ ( ਤਾਂ ) ਕਿਸੇ ਪ੍ਰਕਾਰ ਦਾ ਡਰ (ਪ੍ਰਾਪਤ) ਹੋਵੇਗਾ ਅਤੇ ਨਾਹੀ ਓਹ ( ਕਿਸੇ ਪ੍ਰਕਾਰ ਦੇ ) ਚਿੰਤਾਤੁਰ ਹੋਣਗੇ ॥ ੩੮ ॥ ਅਰ

*ਧਯਾਨ ਕਰਕੇ ॥

‡ਪ੍ਰਭਾਵ ਨਾਲ।

Digitized by Panjab Digital Library | www.panjabdigilib.org

ਜੋ ਲੋਗ ਆਖੇ ਨਾ ਲੱਗਣਗੇ ਅਰ ਸਾਡੀਆਂ ਨਸ਼ਾਨੀਆਂ ਨੂੰ ਝੁਠਿਆਰਨਗੇ ਵਹੀ ਨਾਰਕੀ ਹੋਵਣਗੇ ( ਅਰ ) ਓਹ ਸਦਾ (ਸਦਾ) ਨਰਕਾਂ ਵਿਚ ਹੀ ਰਹਿਣਗੇ ॥ ੩੯ ॥ ਰੁਕੂਹ ੪ ॥

ਹੇ ਬਨੀ ਅਸਰਾਈਲ ਸਾਡੇ ਵੇ ਉਪਕਾਰ ਯਾਦ ਕਰੋ ਜੋ ਅਸੀ ਤੁਹਾਡੇ ਉਤੇ ਕਰ ਬੈਠੇ ਹਾਂ ਅਰ ਤੁਸੀ ਉਸ ਪ੍ਰਤੱਗਜਾ ਨੂੰ ਪੂਰਨ ਕਰੋ ਜੋ ( ਤੁਸਾਂ ) ਸਾਡੇ ਨਾਲ ਕੀਤੀ । ਅਸੀਂ ਤੁਸਾਂ ਦੀ ਪ੍ਰਤੱਗਜਾ ਨੂੰ ਪੂਰਨ ਕਰਾਂਗੇ ਜੋ (ਅਸਾਂ) ਤੁਹਾਡੇ ਨਾਲ ਕੀਤੀ ਹੈ ਅਰ ਸਾਡੇ ਪਾਸੋਂ ਹੀ ਡਰਦੇ ਰਹ ॥ ੪੦ ॥ ਅਰ ਏਸ (ਕੁਰਾਨ) ਉਤੇ ਈਮਾਨ ਲਿਆਓ ਜੋ ਅਸਾਂ ਨੇ (ਹੁਣ) ਉਤਾਰਿਆ ਹੈ ( ਅਰ ਓਹ ) ਓਸ ( ਤੌਰਾਤ ਪੁਸਤਕ ) ਦੀ ਤਸਦੀਕ ਕਰਦਾ ਹੈ ਜੋ ਤੁਹਾਡੇ ਪਾਸ ਹੈ ਅਰ (ਸਾਰਿਆਂ ਨਾਲੋਂ) ਪਹਿਲਾਂ ਏਸ ਥੀਂ ਬੇਮੁਖ ਨਾ ਹੋਵੋ ਅਰ ਸਾਡੀਆਂ ਆਯਤਾਂ ( ਵਿਚ ਹੇਰ ਫੇਰ ਕਰਕੇ ਉਨਹਾਂ ) ਦੇ ਬਦਲੇ ਵਿਚ ਥੋੜਾ ਸਾ ਮੋਖ (ਅਰਥਾਤ ਜਗਤ ਦੇ ਲਾਭੁ) ਨਾ ਪਰਾਪਤ ਕਰੋ ਅਰ ਸਾਡੇ ਪਾਸੋਂ ਹੀ ( ਅਰਥਾਤ ਮੇਰੇ ਦੁਖ ਥੀਂ ) ਡਰਦੇ ਰਹੋ ॥ ੪੧ ॥ ਅਰ ਸੱਚ ਦਾ ਝੂਠ ਨਾਲ ਮੇਲ ਜੋਲ ਨਾ ਕਰੋ ਅਰ ਜਾਣ ਬੁਝਕੇ ਸੱਚੀ ਬਾਰਤਾ ਨੂੰ ਨਾ ਛਿਪਾਓ ॥ ੪੨ ॥ ਅਰ ਨਮਾਜ਼ ਪੜ੍ਹਿਆ ਕਰੋ ਅਰ ਜ਼ਕਾਤ ਦਿਤਾ ਕਰੋ ਅਰ ਜੋ ਪੁਰਖ (ਮੇਰੇ ਹਜ਼ੂਰ ਨਮਾਜ਼ ਪੜ੍ਹਨ ਦੇ ਵੇਲੇ) ਮੱਥਾ ਟੇਕਦੇ ਹਨ ਓਹਨਾਂ ਨਾਲ ਤੁਸੀਂ ਭੀ ਮੱਥਾ ਟੇਕਿਆ ਕਰੋ ॥ ੪੩ ॥ ਕੀ ਤੁਸੀਂ (ਹੋਰਨਾਂ) ਲੋਗਾਂ ਨੂੰ ਭਲਾਈ ਕਰਨ ਦਾ ਉਪਦੇਸ਼ ਦੇਂਦੇ ਹੋ ਅਰ ਆਪਣੀ ਖਬਰ ਨਹੀਂ ਲੈਂਦੇ ਅਜੇ ਤਾਂ ਤੁਸੀਂ (ਰੱਬੀ ਪੁਸਤਕ ਭੀ) ਪੜ੍ਹਦੇ ਰਹਿੰਦੇ ਹੋ ਕੀ ਤੁਸੀ (ਏਤਨੀ ਬਾਰਤਾ ਭੀ) ਨਹੀਂ ਜਾਣਦੇ ॥੪੪॥ ਅਰ ਦੁਖ ਦੇ (ਸਹਾਰਨ ਵਾਸਤੇ) ਸਬਰ ਅਤੇ ਨਮਾਜ਼ ਦਾ ਆਸਰਾ ਫੜੋ ਯਦਯਪਿ ਨਮਾਜ਼ ਬਿਖੜੀ ਘਾਟੀ ਹੈ ਪਰੰਤੂ ਉਨਹਾਂ ਵਾਸਤੇ ( ਨਹੀਂ ) ਜੋ ਖਾਕਸਾਰ (ਦਾਸ)ਹਨ ॥੪੫॥ (ਅਰ ਜੋ) ਏਹ (ਸੰਕਲਪ ਆਪਣੇ ਚਿਤ ਵਿਚ) ਰਖਦੇ ਹਨ ਕਿ ਓਹ ਆਦਮੀ (ਅੰਤ ਦੇ ਵੇਲੇ) ਆਪਣੇ ਪਰਵਰ-ਦਿਗਾਰ ਨਾਲ ਮਿਲਨ ਵਾਲੇ ਅਰ ਉਸਦੀ ਤਰਫ ਲੌਟ ਕੇ ਜਾਣ ਵਾਲੇ ਹਨ ॥ ੪੬ ॥ ਰੁਕੂਹ ੫ ॥

ਹੇ ਬਨੀ ਅਸਰਾਈਲ ਸਾਡੇ ਵੇ ਉਪਕਾਰ ਯਾਦ ਕਰੋ ਜੋ ਅਸੀਂ ਤੁਹਾਡੇ ਉਤੇ ( ਭੂਤਕਾਲ ਵਿਚ ) ਕਰ ਚੁਕੇ ਹਾਂ ਅਰ ਏਸ ਬਾਰਤਾ ਨੂੰ ਭੀ ਕਿ ਅਸਾਂ ਤੁਹਾਨੂੰ ਸੰਸਾਰ ਦੇ ਲੋਗਾਂ ਨਾਲੋਂ (ਹਰ ਤਰਹਾਂ ਦੀ) ਪ੍ਰਧਾਨਤਾਈ ਦਿਤੀ ਸੀ ॥ ੪੭ ॥ ਅਰ ਓਸ ਦਿਨ ਥੀ ਡਰੋ ਕਿ ਕੋਈ ਆਦਮੀ ਕਿਸੇ ਆਦਮੀ ਦੇ ਤੁਛ ਭੀ ਕੰਮ ਨਾ ਆਵੇ ਅਰ ਨਾ ਹੀ ਉਸ ਦੇ ਵੱਲੋਂ (ਕਿਸੇ ਦੀ) ਪਾਸਰਸ਼ ਮੰਨੀ ਜਾਵੇ ਅਰ ਨਾ ਹੀ ਉਸ ਦੇ ਪਾਸੋਂ ( ਕਿਸੇ ਪ੍ਰਕਾਰ ਦਾ ) ਕੋਈ ਸਫਾਰਸ਼

Digitized by Panjab Digital Library | www.panjabdigilib.org

ਪ੍ਰਵਾਨ ਹੋ ਅਰ ਨਾ ਵੀ ਕੋਈ ਬਦਲਾ ਲੀਤਾ ਜਾਵੇ ਅਰ ਨਾ ਹੀ ਲੋਗਾਂ ਨੂੰ(ਕਿਸੇ ਪਾਸਿਓਂ)ਕੁਝ ਸਹਾਇਤਾ ਪਹੁੰਚੇ ॥੪੮॥ ਅਰ (ਓਸ ਵੇਲੇ ਨੂੰ ਯਾਦ ਕਰੋ) ਜਦੋਂ ਅਸਾਂ ਤੁਹਾਨੂੰ *ਫਿਰਔਨ ਦੇ ਲੋਗਾਂ ਪਾਸੋਂ ਛੁਟਕਾਰਾ ਲੈ ਦਿਤਾ ਸੀ ਜੋਨ ਸੇ ਤੁਹਾਨੂੰ ਬੜੇ ੨ ਕਸ਼ਟ ਦੇਂਦੇ ਸਨ ਅਰ ਤੁਹਾਡਿਆਂ ਪੁੱਤਰਾਂ ਨੂੰ ਮਾਰ ਦੇਂਦੇ ਅਰ ਤੁਹਾਡੀਆਂ ਇਸਤ੍ਰੀਆਂ(ਅਰਥਾਤ ਧੀਆਂ)ਨੂੰ(ਆਪਣੀ ਟਹਿਲ ਵਾਸਤੇ) ਸਰਜੀਤ ਰਹਿਣ ਦੇਂਦੇ ਓਸ ਵਿਚ ਤੁਹਾਡੇ ਪਰਵਰਦਿਗਾਰ(ਦੀ ਤਰਫੋਂ)ਤੁਹਾਡੇ (ਸਬਰ ਦੀ) ਬੜੀ (ਭਾਰੀ) ਪ੍ਰੀਖਿਆ ਸੀ ॥ ੪੯ ॥ ਅਰ (ਓਹ ਸਮਾਂ ਭੀ ਯਾਦ ਕਰੋ ) ਜਦੋਂ ਅਸਾਂ ਨੇ ਤੁਹਾਡੀ ਖਾਤਰ †ਨਦ ਨੂੰ ਪਾੜ ਕੇ ( ਟੁਕੜੇ ੨ ਕਰ ) ਦਿਤਾ ਅਰ ਤੁਹਾਨੂੰ ਛੁਟਕਾਰੀ ਦਿਤੀ ਅਤੇ ਫਿਰਔਨ ਦਿਆਂ ਲੋਗਾਂ ਨੂੰ ਤੁਹਾਡੇ ਵੇਖਦਿਆਂ (੨) ਡਬੋ ਦਿਤਾ ॥ ੫੦ ॥ ਅਰ (ਵੋ ਸਮਾਂ ਭੀ ਯਾਦ ਕਰੋ) ਜਦੋਂ ਅਸਾਂ ਮੂਸਾ ਪਾਸੋਂ ਚਾਲੀਸ ਰਾਤ੍ਰੀਆਂ ( ਅਰਥਾਤ ਚਲੀਹੇ ) ਦੀ ਪ੍ਰਤੱਗਯਾ ਕੀਤੀ ਫੇਰ ਤੁਸੀ ਓਹਨਾਂ ਦੇ (ਗਿਆਂ) ਪਿਛੇ (ਪੂਜਾ ਕਰਨ ਵਾਸਤੇ) ਵੈੜ੍ਹਕੇ ਨੂੰ ਲੈ ਬੈਠੇ ਅਰ ਤੁਸੀ ( ਆਪ ਹੀ ) ਆਤਮਘਾਤ ਕਰ ਰਹੇ ਸੀ ॥ ੫੧ ॥ ਫੇਰ ਏਸ ਥੀਂ ਪਿਛੋਂ ਭੀ ਅਸਾਂ ਗੱਲ ਗਈ ਗਵਾਤੀ ਕਰ ਛਡੀ ਤਾ ਕਿ ਤੁਸੀ ਧੰਨਯਵਾਦ ਕਰੋ ॥ ੫੨ ॥ ਅਰ ( ਵੋ ਸਮਾਂ ਭੀ ਯਾਦ ਕਰੋ ) ਜਦੋਂ ਅਸਾਂ ਨੇ ਮੂਸਾ ਨੂੰ (ਤੋਰਾਤ) ਪੁਸਤਕ ਬਖ਼ਸ਼ੀ ਤਾ ਕਿ ਤੁਸੀ ਧਾਰਮਿਕ ਮਰਯਾਦਾ ਦਾ ਉਪਦੇਸ਼ ਪ੍ਰਾਪਤਿ ਕਰੋ ॥ ੫੩ ॥ ਅਰ ( ਵੋ ਸਮਾਂ ਭੀ ਯਾਦ ਕਰੋ ) ਜਦੋਂ ਮੂਸਾ ਨੇ ਆਪਣੀ ਵੰਸ਼ ਪਰਵਾਰ ਨੂੰ ਕਹਿਆ ਭਿਰਾਓ ! ਤੁਸਾਂ ਵੱਛੇ ਦੀ(ਪੂਜਾ) ਕਰਨ ਨਾਲ ਆਪਣੇ ਆਤਮਾਂ ਪਰ (ਬਹੁਤ ਸਾਰਾ) ਉਪਦ੍ਰਵ ਕੀਤਾ ਤਾਂ (ਹੁਣ) ਆਪਣੇ ਪਰਵਰਦਿਗਾਰ ਦੇ ਦਰਬਾਰ ਵਿਚੋਂ ਭੁਲਣਾ,ਬਖ਼ਸ਼ਾਓ ਅਰ ( ਵੋ ਏਸ ਤਰਹਾਂ ਹੈ ਕਿ ਆਪਣੇ ਆਦਮੀਆਂ ਦੇ ਹਥੋਂ ) ਆਪਣੇ ਆਪ ਦੀ ਮ੍ਰਿਤਯੂ ਕਰਾਓ ਜਿਸ ਨੇ ਤੁਹਾਨੂੰ ਪੈਦਾ ਕੀਤਾ ਹੈ ਓਸ ਦੇ ਨਗੀਚ ਤੁਹਾਡੇ ਹੱਕ ਵਿਚ ਏਹ (ਬਾਰਤਾ) ਉਤਮ ਹੈ ਫੇਰ ( ਜਦੋਂ ਤੁਹਾਡੇ ਵੱਲੋਂ ਆਗਿਆ ਦੇ ਪਾਲਨ ਦਾ ਢਗ ਪਰਤੀਤ ਹੋਇਆ ਤਾਂ ) ਰੱਬ ਨੇ ਤੁਹਾਡੀ ਤੋਬਾ ਮੰਨ ਲੀਤੀ ਨਿਰ-ਸਦੇਹ ਵੋ ਤੋਬਾ ਕਬੂਲ ਕਰਨ ਵਾਲਾ ਬੜਾ ਕ੍ਰਿਪਾਲੂ ਹੈ ॥ ੫੪ ॥ (ਅਤੇ ਵੁਹ ਸਮਾਂ ਯਾਦ ਕਰੋ ) ਜਦੋਂ ਤੁਸਾਂ ਨੇ (ਅਰਥਾਤ ਤੁਹਾਡਿਆਂ ਮਹਾਨ ਪੁਰਖਾਂ ਨੇ ਮੂਸਾ ਨੂੰ ) ਕਹਿਆ ਸੀ ਕਿ ਹੇ ਮੂਸਾ ਜਦੋਂ ਤਕ ਅਸੀ ਖੁਦਾ ਨੂੰ ਪ੍ਰਗਟ ਰੂਪ ਨਾ ਦੇਖ ਲਵੀਏ ਤਦੋਂ ਤਕ ਅਸੀ ਤੇਰਿਆਂ ਬਚਨਾਂ ਉਪਰ ਪਤੀਜਨ ਵਾਲੇ ਨਹੀਂ(ਹਾਂ)ਇਸ ਬਾਰਤਾ ਥੀਂ ਬਿਜਲੀ ਨੇ ਤੁਹਾਨੂੰ ਆਣ ਦਬਾਇਆ ਅਰ ਤੁਸੀ

*ਮਿਸਰ ਦੇ ਬਾਦਸ਼ਾਹ ਦੀ ਫਿਰਔਨ ਉਪਾਧੀ ਸੀ।

†ਨੀਲ ਨਦ।

Digitized by Panjab Digital Library | www.panjabdigilib.org

ਤਾਂ ਅਸਾਂ ਨੇਂ ਉਨਹਾਂ ਨੂੰ ਕਹਿਆ ਬਾਂਦਰ ਬਨ ਜਾਓ ( ਕਿ ਜਿਥੇ ਜਾਓ ) ਧਿਦਕਾਰੇ (ਜਾਓ)॥ ੬੫ ॥ ਬਸ ਅਸਾਂ ਨੇ ਏਸ ਵਾਰਤਾ ਨੂੰ ਉਨਹਾਂ ਲੋਗਾਂ ਦੇ ਵਾਸਤੇ ਜੋ ਏਸ (ਵਾਰਦਾਤ ਦੇ ) ਵੇਲੇ ਮੌਜੂਦ ਸਨ ਅਰ ਉਨਹਾਂ ਲੋਕਾਂ ਦੇ ਵਾਸਤੇ ਜੋ ਏਸ ( ਬ੍ਰਿਤਾਂਤ ) ਥੀਂ ਪਿੱਛੋਂ ਆਉਣ ਵਾਲੇ ਸਨ ਸਿਖਜਾ ( ਦਾ ਕਾਰਨ ) ਬਨਾਇਆ ਅਰ ਪਰਹੇਜ਼ਗਾਰਾਂ ਵਾਸਤੇ ਨਸੀਹਤ ॥ ੬੬ ॥ ਅਰ (ਵੈ, ਸਮਾਂ ਯਾਦ ਕਰੋ) ਜਦੋਂ ਮੂਸਾ ਨੇ ਆਪਣੀ ਗਜ਼ਾਤੀ ਨੂੰ ਕਹਿਆ ਕਿ ਅੱਲਾ ਤੁਹਾਨੂੰ ਹੁਕਮ ਕਰਦਾ ਹੈ ਕਿ ਇਕ ਗਊ ਹਲਾਲ ਕਰੋ ਵੈ ਲਗੇ ਕਹਿਣ ਕਿ ਤੁਸੀ ਸਾਡੇ ਨਾਲ ਮਸਕਰੀ ਕਰਦੇ ਹੋ (ਮੂਸਾ ਨੇ) ਕਹਿਆ ਰੱਬ ਨਾ ਕਰਾਏ ਕਿ ਮੈਂ ਐਸਾ ਨਾਦਾਨ ਬਣਾਂ ॥ ੬੭ ॥ ਵੈ ਬੋਲੇ ਆਪਣੇ ਪਰਵਰਦਿਗਾਰ ਪਾਸ ਸਾਡੇ ਵਾਸਤੇ ਪ੍ਰਾਰਥਨਾਂ ਕਰੋ ਕਿ ਸਾਨੂੰ ਭਲੀ ਪ੍ਰਕਾਰ ਸਮਝਾ ਦੇਵੇ ਕਿ ਓਹ ( ਗਾਂ ) ਕੈਸੀ ਹੋਵੇ ( ਮੂਸਾ ਨੇ ) ਕਹਿਆ ਖ਼ੁਦਾ ਫਰਮਾਉਂਦਾ ਹੈ ਕਿ ਓਹ ਗਾਂ ਨਾ ਤਾਂ ਬੁਢੀ ਹੋਵੇ ਅਰ ਨਾ ਹੀ ਵਛੀ ( ਅਰਥਾਤ ) ਦੋਨੂੰਆਂ ਵਿਚੋਂ ਵਿਚਲੇ ਮੇਲ ਦੀ ਹੋਵੇ ਬਸ ਤੁਹਾਨੂੰ ਜੋ ਹੁਕਮ ਦਿਤਾ ਗਿਆ ਹੈ ( ਉਸ ਦੀ ਪਾਲਨਾਂ ) ਕਰ ਛੱਡੋ ॥ ੬੮ ॥ ਵੈ ਕਹਿਣ ਲਗੇ ਆਪਣੇ ਪਰਵਰਦਿਗਾਰ ਅਗੇ ਸਾਡੇ ਵਾਸਤੇ ਬੇਨਤੀ ਕਰ ਕਿ ਸਾਨੂੰ ਭਲੀ ਤਰਾਂ ਸਮਝਾ ਦੇਵੇ ਕਿ ਉਸ ਦਾ ਰੰਗ ਕੈਸਾ ਹੈ ਤੇ(ਮੂਸਾ ਨੇ) ਕਹਿਆ ਖ਼ੁਦਾ ਕਹਿੰਦਾ ਹੈ ਓਹ ਗਾਯ ਪੀਲੇ ਰੰਗ ਦੀ ( ਅਰ ) ਓਸ ਦਾ ਰੰਗ ਐਸਾ ਗੂਰਾ ਹੋਵੇ ਕਿ ਦੇਖਣ ਵਾਲਿਆਂ ਨੂੰ ਚੰਗਾ ਲਗੇ ॥ ੬੯ ॥ ਵੈ ਬੋਲੇ ਕਿ ਆਪਣੇ ਖ਼ੁਦਾ ਨੂੰ ਸਾਡੇ ਵਾਸਤੇ ਕਹੁ ਕਿ ਵੈ ਸਾਨੂੰ ਭਲੀ ਪ੍ਰਕਾਰ ਸਮਝਾ ਦੇਵੇ ਕਿ ਵੈ ( ਹੋਰ ) ਕੈਸੀ ( ਸਿਫਤਾਂ ਰਖਦੀ) ਹੈ ਸਾਨੂੰ ਤਾਂ (ਏਸ ਰੰਗ ਦੀਆਂ ਬਹੁਤ) ਗਾਈਆਂ ਦਿਸਦੀਆਂ ਹਨ ( ਕੌਣਸੀ ਪਕੜੀਏ ਕੌਣਸੀ ਨਾ ਪਕੜੀਏ ) ਅਰ ( ਹੁਣ ਦੀ ਵੇਰੀ ) ਖ਼ੁਦਾ ਨੇ ਚਾਹਿਆ ਤਾਂ ਅਸੀ (ਓਸ ਦਾ) ਅਵਸ਼ ਠੀਕ ਪਤਾ ਲਗਾ ਲਵਾਂਗੇ ॥ ੭੦ ॥ ( ਮੂਸਾ ਨੇ ) ਕਹਿਆ ਖ਼ੁਦਾ ਫਰਮਾਉਂਦਾ ਹੈ ਕਿ ਵੁਹ ਗਊ ਨਾ ਤਾਂ ਕਮੀਰੀ (ਹਾਲੀ) ਕਿ ਹਲ ਅਗੇ ਜੋੜੀ ਹੋਈ ਹੋਵੇ ਅਰ ਨਾ ਹੀ ਪੈਲੀ ਨੂੰ ਪਾਣੀ ਪਾਂਦੀ ਹੋਵੇ ਸਹੀ ਸਾਲਮ (ਇਕ ਰੰਗ) ਉਸ ਉੱਤੇ ਕਿਸੇ ਪਰਕਾਰ ਦਾ ਦਾਗ (ੱਬ) ਨਹੀਂ ਵੈ ਬੋਲੇ (ਹਾਂ) ਹੁਣ ਤੁਸਾਂ ਠੀਕ (ਪਤਾ) ਆਂਦਾ ਹੈ ਗੱਲ ਕੀ ਉਨਹਾਂ ਨ ਗਾਂ ਹਲਾਲ ਕੀਤੀ ਅਰ ਉਨਹਾਂ ਤੇ ਉਮੇਦ ਨਹੀਂ ਸੀ ਕਿ ( ਹਲਾਲ ) ਕਰਨਗੇ ॥ ੭੧ ॥ ਰੁਕੂਹ ੮ ॥

ਅਰ ਜਦੋਂ ਤੁਸਾਂ ਇਕ ਆਦਮੀ ਨੂੰ ਮਾਰ ਸਿਟਿਆ ਅਰ (ਓਸ ਉਤੇ) ਲਗੇ ਝਗੜਾ ਕਰਨ ( ਕੋਈ ਕਿਸੇ ਨੂੰ ਮਾਰਨ ਵਾਲਾ ਦੱਸੇ ਕੋਈ ਕਿਸੇ ਨੂੰ) ਅਰ ਜੋ ਤੁਸੀ ਛਿਪਾਉਂਦੇ ਸੀ ਅੱਲਾ ਨੂੰ ਓਸ ਦਾ ਪਰਗਟ ਕਰਨਾ (ਹੀ)

Digitized by Panjab Digital Library | www.panjabdigilib.org

(ਅਭੀਸ਼ਟ) ਸੀ ॥ ੭੨ ॥ ਫੇਰ ਅਸਾਂ ਨੇ ਕਹਿਆ ਗਊ (ਦੇ ਗੋਸ਼ਤ) ਦਾ ਕੋਈ ਟੁਕੜਾ ਪ੍ਰਾਣੀ (ਦੀ ਦੇਹ) ਨੂੰ ਮਾਰੋ ਏਸੇ ਪਰਕਾਰ (ਪ੍ਰਲੇ ਨੂੰ) ਅੱਲਾ ਮੁਰਦਿਆਂ ਨੂੰ ਸਰਜੀਤ ਕਰੇਗਾ ਅਰ (ਉਹ ਦੁਨੀਆਂ ਵਿਚ) ਤੁਹਾਨੂੰ ਆਪਣੀ (ਕੁਦਰਤ ਦੀਆਂ) ਨਿਸ਼ਾਨੀਆਂ ਦਸਦਾ ਹੈ ਕੇ ਤੁਸੀਂ ਸਮਝੋਂ (ਕਿ ਪ੍ਰਲੇ ਦਾ ਹੋਣਾ ਸਚ ਹੈ) ॥ ੭੩ ॥ ਫਿਰ ਏਸ ਥੀਂ ਪਿਛੋਂ ਤੁਹਾਡੇ ਦਿਲ (ਐਸੇ) ਸਖਤ ਹੋ ਗਏ ਕਿ ਮਾਨੋ ਵੈ ਪੱਥਰ ਰੂਪ ਹਨ ਬਲਕਿ (ਓਹਨਾਂ ਨਾਲੋਂ ਭੀ) ਡਾਢਾ ਸਖਤ ਅਰ ਪੱਥਰਾਂ ਵਿਚੋਂ ਕਈਕੁ ਤਾਂ ਐਸੇ ਭੀ (ਹੁੰਦੇ) ਹਨ ਕਿ ਉਨਹਾਂ ਵਿਚੋਂ ਨਹਿਰਾਂ ਨਿਕਲਦੀਆਂ ਹਨ ਅਰ ਕਈਕ ਪੱਥਰ ਐਸੇ ਭੀ (ਹੁੰਦੇ) ਹਨ ਜੋ ਵੁਹ ਪਾਟ ਜਾਂਦੇ ਹਨ ਤਾਂ ਉਨਹਾਂ ਵਿਚੋਂ ਪਾਣੀ ਝਰਦਾ ਹੈ ਅਰ ਕਈਕ ਪੱਥਰ ਐਸੇ ਭੀ (ਹੁੰਦੇ) ਹਨ ਜੋ ਅੱਲਾ ਦੇ ਡਰ ਨਾਲ ਡਿਗ ਪੈਂਦੇ ਹਨ ਅਰ ਜੋ ਕੁਛ ਭੀ ਤੁਸੀਂ (ਲੋਗ) ਕਰ ਰਹੇ ਹੋ ਅੱਲਾ ਓਸ ਥੀਂ ਬੇ ਖਬਰ ਨਹੀਂ ॥ ੭੪ ॥ (ਮੁਸਲਮਾਨੋ!) ਕੀ ਤੁਹਾਨੂੰ ਆਸ਼ਾ ਹੈ ਕਿ (ਯਹੂਦੀ) ਤੁਹਾਡੀ ਬਾਤ ਨੂੰ ਮੰਨ ਲੈਣਗੇ ਅਰ ਏਹਨਾਂ ਦਾ ਏਹ ਹਾਲ ਹੈ ਕਿ ਏਹਨਾਂ ਵਿਚੋਂ ਕੁਛਕ ਐਸੇ ਲੋਗ ਭੀ ਤੋ ਗੁਜ਼ਰੇ ਹਨ ਕਿ ਖੁਦਾ ਦੀ ਕਲਾਮ ਸੁਣਦੇ ਸੀ ਅਰ ਫੇਰ ਉਸ ਨੂੰ ਸਮਝਿਆ ਪਿਛੋ ਜਾਣ ਬੁਝ ਕੇ ਉਸ ਦਾ ਕੁਛ ਦਾ ਕੁਛ ਕਰ ਦੇਂਦੇ ਸਨ ॥ ੭੫ ॥ ਅਰ ਜਦੋਂ ਈਮਾਨ ਵਾਲਿਆਂ ਨਾਲ ਮਿਲਦੇ ਹਨ ਤਾਂ ਕਹਿ ਦੇਂਦੇ ਹਨ ਕਿ ਅਸੀ ਭੀ ਈਮਾਨ ਲਿਆ ਚੁਕੇ ਹਾਂ ਅਰ ਨਵੇਕਲੇ ਜਦੋਂ ਇਕ ਦੂਸਰੇ ਦੇ ਪਾਸ ਹੁੰਦੇ ਹਨ ਤਾਂ ਕਹਿੰਦੇ ਹਨ ਕਿ ਜੋ ਕੁਛ (ਤੌਰਾਤ ਵਿਚ) ਖੁਦਾ ਨੇ ਤੁਹਾਡੇ ਉੱਤੇ ਪਰਗਟ ਕੀਤਾ ਹੈ ਕੀ ਤੁਸੀਂ ਮੁਸਲਮਾਨਾਂ ਨੂੰ ਇਸ ਬਾਤ ਦੀ ਖਬਰ ਕਰ ਦੇਂਦੇ ਹੋ ਕਿ (ਕਲ ਕਲੇਤ੍ਰ ਨੂੰ) ਤੁਹਾਡੇ ਪਰਵਰਦਿਗਾਰ ਦੇ ਸਨਮੁਖ ਓਸੇ ਬਾਤ ਦੀ ਸਨਦ ਪਕੜ ਕੇ ਤੁਹਾਡੇ ਨਾਲ ਝਗਰਨ ਤਾਂ ਕੀ ਤੁਸੀਂ (ਇਤਨੀ ਬਾਤ ਭੀ) ਨਹੀਂ ਸਮਝਦੇ ॥ ੭੬ ॥ (ਕਿੰਤੂ) ਕੀ ਏਹਨਾਂ ਲੋਗਾਂ ਨੂੰ ਇਤਨੀ ਬਾਰਤਾ ਮਾਲੂਮ ਨਹੀਂ ਕਿ ਜੋ ਕੁਛ ਗੁਪਤ ਕਰਦੇ ਹਨ ਅਰ ਜੋ ਕੁਛ ਪਰਗਟ ਕਰਦੇ ਹਨ ਅੱਲਾ (ਸਭ ਕੁਛ) ਜਾਣਦਾ ਹੈ ॥ ੭੭ ॥ ਅਰ ਕਈ ਉਹਨਾਂ ਵਿਚੋਂ ਅਨਪੜ ਹਨ (ਜੋ ਮੂੰਹੋਂ ਕਈ ਤਰਹਾਂ ਦੇ) ਬੁੜਬੁੜਾਨ ਥੀ ਸਿਵਾ ਪੁਸਤਕ (ਇਲਾਹੀ ਦੇ ਮਤਲਬ) ਨੂੰ (ਕੁਝ ਭੀ) ਨਹੀਂ ਸਮਝਦੇ ਅਰ ਉਹ ਕੇਵਲ ਖਾਲੀ ਢਕੋਸਲੇ ਹੀ ਮਾਰਦੇ ਹਨ (ਹੋਰ ਬਸ) ॥ ੭੮ ॥ ਫੇਰ ਅਫਸੋਸ ਉਹਨਾਂ ਲੋਗਾਂ ਪਰ ਜੋ ਆਪਣੀ ਹਥੀਂ ਤਾਂ ਕਿਤਾਬ ਲਿਖਣ ਫੇਰ (ਲੋਗਾਂ ਨੂੰ) ਕਹਿਣ ਕਿ ਖੁਦਾ ਪਾਸੋਂ (ਉਤਰੀ) ਹੈ ਤਾਂ ਤੇ ਓਸ ਦੇ ਵਸੀਲੇ ਨਾਲ ਥੋੜੇ ਸੇ

Digitized by Panjab Digital Library | www.panjabdigilib.org

ਦਮੜੇ (ਅਰਥਾਤ ਦੁਨਿਆਵੀ ਲਾਭ) ਹਾਸਲ ਕਰਨ ਫੇਰ ਅਫਸੋਸ ਹੈ ਓਹਨਾਂ ਲੋਗਾਂ ਉੱਤੇ ਕਿ (ਜੋ) ਓਹਨਾਂ ਆਪਣੀ ਹੱਥੀ ਲਿਖਿਆ ਅਰ (ਫੇਰ) ਅਫਸੋਸ ਹੈ ਉਹਨਾਂ ਉਤੇ ਕਿ ਓਹ ਐਸੀ ਕਮਾਈ ਕਰਦੇ ਹਨ ॥ ੭੯ ॥ ਅਰ ਕਹਿੰਦੇ ਹਨ ਕਿ ਗਿਣਤੀ ਦੇ ਚਾਰ ਦਿਹਾੜਿਆਂ ਦੇ ਸਿਵਾ (ਨਰਕ) ਅਗਨੀ ਸਾਨੂੰ ਸਪਰਸ਼ ਕਰੇਗੀ ਨਹੀਂ (ਹੇ ਪੈਗ਼ੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਤੁਸਾਂ ਅੱਲਾ ਪਾਸੋਂ ਕੋਈ ਪ੍ਰਤਗਜਾ ਲੈ ਲੀਤੀ ਹੈ ਅਰ ਅੱਲਾ ਆਪਣੀ ਪ੍ਰਤਗਿਯਾ ਥੀਂ ਵਿਰੁਧ ਨਹੀਂ ਕਰੇਗਾ ? ਅਥਵਾ ਬਿਨਾ ਜਾਣਿਆਂ ਬੁਝਿਆਂ ਅੱਲਾ ਉੱਤੇ ਝੂਠ ਬੋਲਦੇ ਹੋ ॥ ੮੦ ॥ ਹਾਂ ਗਲ ਤਾਂ ਇਹ ਹੈ ਕੇ ਜਿਸ ਨੇ ਬੁਰਾਈ ਕਮਾਈ ਅਰ ਆਪਣੇ ਗੁਨਾਹ ਦੇ ਫੇਰ ਵਿਚ ਆਗਿਆ ਤਾਂ ਐਸੇ ਹੀ ਲੋਗ ਨਾਰਕੀ ਹਨ ਕਿ ਵੁਹ ਸਦਾ (੨) ਨਰਕਾਂ ਵਿਚ ਹੀ ਰਹਿਣਗੇ ॥ ੮੧ ॥ ਅਰ ਜੋ ਲੋਗ ਈਮਾਨ ਲੈ ਆਏ ਅਰ ਓਹਨਾਂ ਨੇ ਨੇਕ ਕਰਮ (ਭੀ) ਕੀਤੇ ਐਸੇ ਹੀ ਲੋਗ ਸੁਰਗਵਾਸੀ ਹਨ ਕਿ ਵੈ ਸਦਾ (੨) ਸਵਰਗ ਵਿਚ ਹੀ ਰਹਿਣਗੇ ੮੨ ॥ ਰੁਕੂਹ ੯ ॥

ਅਰ (ਵੈ ਸਮਾਂ ਭੀ ਯਾਦ ਕਰੋ) ਜਦੋਂ ਅਸਾਂ ਨੇ (ਅਗਲੇ)ਬਨੀ ਇਸਰਾ-ਈਲ ( ਅਰਥਾਤ ਤੁਹਾਡਿਆਂ ਵਡਿਆਂ ) ਪਾਸੋਂ ਦ੍ਰਿੜ ਪ੍ਰਤੱਗਜਾ ਲੀਤੀ ਕਿ ਕੇਵਲ ਖੁਦਾ ਦੀ ਪੂਜਾ ਕਰਨੀ ਅਰ ਮਾਤਾ ਪਿਤਾ ਅਰ ਸੰਬੰਧੀਆਂ ਅਰ ਯਤੀਮਾਂ ਅਰ ਮੁਹਤਾਜਾਂ ਦੇ ਨਾਲ ਨੇਕ ਸਲੂਕ ਕਰਦੇ ਰੈਹਣਾਂ ਅਰ ਲੋਗਾਂ ਨਾਲ ਭੀ ਭਲੀ ਤਰਹਾਂ(*ਕੋਮਲ ਰੀਤੀਨਾਲ)ਬਾਤਕਰਨੀ ਅਰ ਨਮਾਜ਼ ਪੜ੍ਹਦੇ ਅਰ ਜ਼ਕਾਤਦੇਂਦੇ ਰਹਿਣਾ ਫੇਰ ਤੁਹਾਡੇ ਵਿਚੋਂ ਕਈ ਆਦਮੀਆਂ ਦੇ ਸਿਵਾ(ਬਾਕੀ ਸੰਪੂਰਨ) ਮਨ-ਮੁਖ ਹੋ ਗਏ ਅਰ ਤੁਸੀਂ ਬੇ ਮੁਖ ਹੋ ਜਾਨੇ ਵਾਲੇ ਹੋ ॥ ੮੩ ॥ ਅਰ (ਵੈ ਸਮਾਂ ਯਾਦ ਕਰੋ) ਜਦੋਂ ਅਸਾਂ ਤੁਹਾਡੇ (ਅਰਥਾਤ ਤੁਹਾਡਿਆਂ ਮਹਦ ਪੁਰਖਾਂ) ਪਾਸੋਂ ਦ੍ਰਿੜ ਬਚਨ ਲੀਤਾ ਕਿ ਆਪਸ ਆਪਸ ਵਿਚ ਲਹੂਓ ਲੁਹਾਣ ਨਾ ਹੋਣਾ ਅਰ ਨਾਹੀਂ ਆਪਣਿਆਂ ਸ਼ਹਿਰਾਂ ਵਿਚੋਂ ਆਪਣਿਆਂ ਲੋਗਾਂ ਨੂੰ ਹੀ ਵਿਦੇਸ਼ੀ ਕਰਨਾ ਪੁਨਃ ਤੁਸਾਂ ਨੇ ( ਅਰਥਾਤ ਤੁਹਾਡਿਆਂ ਮਹਾਨ ਪੁਰਖਾਂ ਨੇ ) ਪ੍ਰਤੱਗਜਾ ਕੀਤੀ ਅਰ ( ਹੁਣ ) ਤੁਸੀਂ ( ਵੀ ) ਪ੍ਰਤੱਗਜਾ ਕੀਤੀ ( ਇਸਦੇ ਤੁਸੀਂ ਸਾਖੀ ਹੋ ) ॥ ੮੪ ॥ ਅਰ ਫੇਰ ਓਹੋ ਹੀ ਤੁਸੀਂ ਹੋ ਕੇ ਆਪਣਿਆਂ ਨੂੰ ਉਸੀ (ਭਾਂਤ) ਮਾਰਦੇ ਅਰ ਹੋਰ ਆਪਣਿਆਂ ਵਿਚੋਂ ਕੁਛ ਲੋਗਾਂ ਦੇ ਮੁਕਾਬਲੇ ਵਿਚੋਂ ਧਿੰਙੋਜੋਰੀ ਇਕ ਦੂਸਰੇ ਦੇ ਸਹਾਇਕ ਬਨ ਕੇ ਓਹਨਾਂ ਨੂੰ ਓਹਨਾਂ ਦੇ ਸ਼ਹਿਰੋਂ ਬਾਹਰ ਨਿਕਾਸ ਦੇਂਦੇ ਹੋ ਅਰ ਓਹੋ ਹੀ ਲੋਕ ਯਦੀ ( ਭਲਾ ) ਕੈਦ ਹੋ ਕੇ ਤੁਹਾਡੇ ਪਾਸੋਂ (ਮਦਦ ਮੰਗਣ ਵਾਸਤੇ) ਆਵਣ ਤਾਂ ਤੁਸੀਂ ਚੱਟੀ

*ਅਰ ਟੀਕਾਕਾਰਾਂ ਨੇ "ਲੋਗਾਂ ਨੂੰ ਭਲਾਈ ਦੀ ਸਿਖਯਾ ਕਰਨੀ" ਏਹ ਅਰਥ ਲਿਖਿਆ ਹੈ ।

Digitized by Panjab Digital Library | www.panjabdigilib.org

ਭਰ ਕੇ ਓਹਨਾਂ ਨੂੰ ਛੁਡਾ ਦੇਂਦੇ ਹੋ ਹਾਲਾਂ ਕਿ (ਸਿਰਿਓਂ) ਓਹਨਾਂ ਦਾ ਨਿਕਾਸ ਦੇਣਾ ਹੀ ਤੁਹਾਨੂੰ ਜੋਗ ਨਹੀਂ ਸੀ ਤਾਂ ਕੀ (ਰੱਬੀ) ਪੁਸਤਕ ਦੀਆਂ ਕਈਕ ਬਾਤਾਂ ਨੂੰ ਮੰਨਦੇ ਹੋ ਅਰ ਕਈਕ ਨਹੀਂ ਮੰਨਦੇ ਤਾਂ ਜੋ ਲੋਗ ਤੁਹਾਡੇ ਵਿਚੋਂ ਐਸਾ ਕਰਨ ਓਹਨਾਂ ਦਾ ਇਸ ਥੀਂ ਸਿਵਾ ਹੋਰ ਕੀ ਪ੍ਰਤਜਾਹਾਰ ਹੋ ਸਕਦਾ ਹੈ ਕਿ ਸੰਸਾਰਕ ਜੀਵਨ ਵਿਚ (ਓਹਨਾਂ ਦੀ) *ਰੁਸਵਾਈ ਹੋਵੇ ਅਰ ਕਿਆਮਤ ਦੇ ਦਿਨ ਬਹੁਤ ਕਰੜੇ ਦੁਖ ਵਲ ਧਕੇਲੇ ਜਾਣ ਤੇਂ ਜੋ ਕੁਛ ਭੀ ਤੁਸੀਂ ਲੋਗ ਕਰਦੇ ਹੋ ਅੱਲਾ ਥੀਂ ਕੁਛ ਗੁਪਤ ਨਹੀਂ ॥ ੮੫ ॥ ਏਵਾ ਹਨ ਜਿਨਹਾਂ ਨੇ ਅੰਤ ਦੇ ਬਦਲੇ ਸੰਸਾਰਿਕ ਜੀਵਨ ਮੋਲ ਲੀਤਾ ਸੋ ਨਾਂ ਤਾਂ ਹੀ ਓਹਨਾਂ ਉੱਤੋਂ ਦੁਖ ਹੀ ਹੋਲਾ ਕੀਤਾ ਜਾਵੇਗਾ ਅਰ ਨਾ (ਕਿਸੇ ਪਾਸਿਓਂ) ਓਹਨਾਂ ਨੂੰ ਮਦਦ ਹੀ ਪ੍ਰਾਪਤਿ ਹੋਵੇਗੀ ॥ ੮੬ ॥ ਰੁਕੂਹ ੧੦ ॥

ਅਰ ਨਿਰਸੰਦੇਹ ਅਸਾਂ ਨੇ ਮੂਸਾ ਨੂੰ ਪੁਸਤਕ (ਤੌਰਾਤ) ਪਰਵਾਨ ਕੀਤੀ ਅਰ ਓਸ ਥੀਂ ਪਿਛੋਂ ਪੈਰੋ ਪੈਰ (ਹੋਰ) ਰਸੂਲ ਭੇਜੇ ਅਰ ਮਰੀਯਮ ਦੇ ਪੁਤਰ ਈਸਾ ਨੂੰ (ਭੀ) ਅਸਾਂ ਨੇ (ਖੁਲਮ) ਖੁਲ੍ਹੀਆਂ ਕਰਾਮਾਤਾਂ ਦਿਤੀਆਂ ਅਰ ਰੂਹਉਲਕੁਦਸ (ਅਰਥਾਤ ਜਬਰਾਈਲੀ) ਥੀਂ ਓਹਨਾਂ ਦੀ ਮਦਦ ਕੀਤੀ ਤਾਂ ਕੀ ਜਦੋਂ ੨ ਤੁਹਾਡੇ ਪਾਸ ਕੋਈ ਰਸੂਲ ਤੁਹਾਡਿਆਂ ਸੰਕਲਪਾਂ ਦੇ ਵਿਰੁਧ ਕੋਈ ਆਗਜਾ ਲੈਕੇ ਆਇਆ ਤੁਸੀਂ ਆਕੜ ਬੈਠੇ ਅਰ ਬਹੁਤੇਰਿਆਂ ਨੂੰ ਤੁਸਾਂ ਝੁਠਲਾਇਆ ਅਰ ਬਹੁਤੇਰਿਆਂ ਨੂੰ ਕਤਲ ਕਰਨ ਲਗੇ ॥ ੮੭ ॥ ਅਰ ਕਹਿੰਦੇ ਹਨ ਸਾਡੇ ਦਿਲ †ਗਲਾਫ ਵਿਚ ਹਨ (ਨਹੀਂ) ਪ੍ਰਤਯੁਤ ਏਹਨਾਂ ਦੇ ਕੁਫਰ ਦੇ ਕਾਰਨ ਖੁਦਾ ਨੇ ਏਹਨਾਂ ਨੂੰ ਫਿਟਕਾਰ ਦਿਤਾ ਹੈ ਫੇਰ ਥੋੜੇ ਹੀ ਈਮਾਨ ਲਿਆਉਂਦੇ ਹਨ ॥ ੮੮ ॥ ਅਰ ਜਦੋਂ ਖੁਦਾ ਵਲੋਂ ਏਹਨਾਂ ਦੇ ਪਾਸ ਪੁਸਤਕ ਆਈ (ਅਰ ਵੈ) ਓਸ (ਪੁਸਤਕ ਨੂੰ) ਜੋ ਏਹਨਾਂ ਦੇ ਪਾਸ ਹੈ ਸਚਾ(ਭੀ) ਕਰਦੀ ਹੈ ਅਰ ਏਸ ਥੀਂ ਪਹਿਲੋਂ (ਏਸੇ ਦੇ ਆਸਰੇ ਉੱਤੇ) ਮੁਨਕਰਾਂ ਦੇ ਮੁਕਾਬਲੇ ਵਿਚ ਆਪਣੀ ਜੈ ਹੋਣ ਦੇ ‡ਵਰ ਮੰਗਦੇ ਸਨ, ਤਾਂ ਜਦੋਂ ਵੁਹ ਵਸਤੂ ਜਿਸ ਨੂੰ ਜਾਣਦੇ ਬੁਝਦੇ ਸਨ ਆ ਵਿਦਮਾਨ ਹੋਈ ਤਾਂ ਲਗੇ ਓਸ ਥੀਂ ਇਨਕਾਰ ਕਰਨ, ਬਸ ਮੁਨਕਰਾਂ ਉਤੇ ਖ਼ੁਦਾ ਦੀ ਧਿਧਕਾਰ ॥ ੮੯ ॥ ਕੈਸਾ ਹੀ ਬੁਰਾ ਬਦਲਾ ਹੈ ਜਿਸ ਦੇ ਬਦਲੇ ਏਹਨਾਂ ਲੋਕਾਂ ਨੇ ( ਆਪਣੇ ਸਮੀਪ ) ਆਪਣੀਆਂ ਜਾਨਾਂ ਨੂੰ ਮੋਲ ਲੀਤਾ ਕਿ (ਖ਼ੁਦਾ ਦੀ ਦਿਤੀ ਹੋਈ ਵਸਤੂ ਥੀਂ ਮੁਨ-ਕਰ ਹੋਏ ਇਸ ਹਠ ਵਿਚ ਕਿ ) ਖ਼ੁਦਾ ਆਪਣਿਆਂ ਬੰਦਿਆਂ ਵਿਚੋਂ ਜਿਸ

*ਮੁਕਾਲਖ। †ਹਿਫ਼ਾਜ਼ਤ ਵਿਚ।

‡ਤੌਰਾਤ ਵਿਚ ਸ੍ਰੀ ਜਗਤ ਗੁਰੂ ਮੁਹੰਮਦ ਜੀ ਦੀ ਭਵਿਖਤ ਬਾਣੀ ਸੀ ਅਰ ਯਹੂਦੀ ਭੇਦ ਵਾਦੀਆਂ ਨੂੰ ਜਿੱਤਨ ਵਾਸਤੇ ਉਨਹਾਂ ਦਾ ਆਉਣਾ ਮੰਗਦੇ ਸਨ।

Digitized by Panjab Digital Library | www.panjabdigilib.org

ਉਤੇ ਚਾਹੇ ਆਪਣੀ ਕ੍ਰਿਪਾ ਨਾਲ ਦੇਵਬਾਨੀ ਉਤਾਰੇ ਮਨਮੁਖਤਾਈ ਨਾਲ ਈਸ਼੍ਵਰ ਦੀ ਉਤਾਰੀ ਹੋਈ ਪੁਸਤਕ ਵਲੋਂ ਲਗੇ ਇਨਕਾਰ ਕਰਨ, ਫਿਰ ਕਸ਼ਟ ਥੀਂ ਕਸ਼ਟ ਵਿਚ ਆ ਗਏ ਅਰ ਮੁਨਕਰਾਂ ਵਾਸਤੇ ਸ਼ਰਮਿੰਦਗੀ(ਮੂੰ ਕਾਲਖ)ਦਾ ਕਸ਼ਟ ਹੈ* ॥੯੦॥ ਅਰ ਜਦੋਂ ਏਹਨਾਂ ਨੂੰ ਕਹਿਆ ਜਾਂਦਾ ਹੈ ਕਿ (ਕੁਰਾਨ) ਜੋ ਖ਼ੁਦਾ ਨੇ ਉਤਾਰਿਆ ਹੈ ਓਸ ਉਤੇ ਈਮਾਨ ਲੈ ਆਓ ਤਾਂ ਅੱਗੋਂ ਉੱਤਰ ਦੇਂਦੇ ਹਨ ਕਿ ਅਸੀਂ ਤਾਂ ਓਸੇ ( ਕਿਤਾਬ ) ਉਤੇ ਈਮਾਨ ਧਾਰਨੇ ਹਾਂ ਜੋ ਸਾਡੇ ਉਤੇ ਉਤਰੀ ਹੈ ਭਾਵ ਇਹ ਹੈ ਕਿ ਓਸ ਥੀਂ ਸਿਵਾ ( ਦੂਸਰੀ ਪੁਸਤਕ ) ਨਹੀਂ ਮੰਨਦੇ, ਯਦਜਪਿ ਏਹ ( ਕੁਰਾਨ ) ਸੱਚਾ ਹੈ (ਅਰ) ਜੋ (ਪੁਸਤਕ) ਏਹਨਾਂ ਦੇ ਪਾਸ ਹੈ ਉਸ ਦੀ ਤਸਦੀਕ ਭੀ ਕਰਦਾ ਹੈ ( ਹੇ ਪੈਯੰਬਰ ਏਹਨਾਂ ਪਾਸੋਂ ਏਹ ਤਾਂ ) ਪੁਛੋ ਕੇ ਭਲਾ ਯਦੀ ਤੁਸੀਂ ( ਅਰਥਾਤ ਤੁਹਾਡੇ ਮਹਾਨ ਪੁਰਖ ) ਈਮਾਨ ਵਾਲੇ ਹੁੰਦੇ ਤਾਂ ਪਹਿਲੇ ( ਅਰਥਾਤ ਭੂਤ ਸਮੇਂ ਵਿਚ ) ਅੱਲਾ ਦੇ ਪੈਯਬਰਾਂ ਨੂੰ ਕਿਉਂ ਕਤਲ ਕਰਦੇ ॥ ੯੧ ॥ ਅਰ ਤੁਹਾਡੇ ਪਾਸ ਮੂਸਾ ( ਖੁੱਲ੍ਹਮ ) ਖੁੱਲ੍ਹੀਆਂ ਨਿਸ਼ਾਨੀਆਂ ਲੈਕੇ ਆਇਆ ਸੀ ਏਸ ਉੱਤੇ ਭੀ ਤੁਸੀਂ ਉਸ ਦੇ (ਤੌਰਾਤ ਲੈਣ ਵਾਸਤੇ ਤੂਰ ਉੱਤੇ ਗਿਆਂ) ਪਿਛੋਂ ਵੈੜਕੇ ਨੂੰ (ਪੂਜਾ ਵਾਸਤੇ) ਬਨਾ ਲਿਆ (ਏਸ ਤਰਹਾਂ ਕਰਨ ਨਾਲ਼) ਤੁਸੀਂ (ਆਪਣਾ ਹੀ) ਨੁਕਸਾਨ ਕਰ ਰਹੇ ਸੀ ॥ ੯੨ ॥ ਅਰ (ਵੋ ਸਮਾਂ ਯਾਦ ਕਰੋ) ਜਦੋਂ ਅਸਾਂ ਤੁਹਾਡੇ (ਅਰਥਾਤ ਤੁਹਾ-ਡਿਆਂ ਮਹਾਨ ਪੁਰਖਾਂ) ਪਾਸੋਂ ਪਰਤੱਗਜਾ ਲੀਤੀ ਅਰ (ਪ੍ਰਬਤ) ਤੂਰ ਨੂੰ ਓਠਾਕੇ ਤੁਹਾਡੇ(ਅਰਥਾਤ ਤੁਹਾਡਿਆਂ ਮਹੱਦ ਪੁਰਖਾਂ)ਉਤੇ ਉੱਚਿਆਂ ਕੀਤਾ। (ਅਰ ਹੁਕਮ ਦਿਤਾ ਕਿ ਇਹ ਕਿਤਾਬ ਤੌਰਾਤ) ਨੂੰ ਜੋ ਅਸਾਂ ਦਿਤੀ ਹੈ ਮਜ਼ਬੂਤੀ ਨਾਲ ਪਕੜੀ ਰੱਖੋ ਜੋ ਅਸਾਂ ਨੇ ਤੁਹਾਨੂੰ ਦਿਤੀ ਹੈ,(ਜੋ ਕੁਛ ਇਸ ਵਿਚ ਲਿਖਿਆ ਹੈ ਉਸ ਨੂੰ) ਸੁਣੋ (ਇਸਦੇ ਉੱਤਰ ਵਿਚ) ਓਹਨਾਂ ਲੋਗਾਂ ਨੇ ਕਹਿਆ ਕਿ ਅਸਾਂ ਸੁਣਿਆਂ ਤਾਂ ਸਹੀ ਪਰੰਤੂ ( ਏਸ ਨੂੰ ਅਸੀਂ ) ਨਾ ਮੰਨਿਆਂ ਅਰ ਓਹਨਾਂ ਨੇ ਕੁਫਰ ਦੇ ਕਾਰਣੋਂ ਬੈੜਕਾ (ਅਰਥਾਤ ਉਸ ਦੀ ਪੂਜਾ) ਉਹਨਾਂ ਦੇ ਦਿਲਾਂ ਵਿਚ ਸੰਚਰ ਗਈ ਸੀ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਯਦੀ ਤੁਸੀਂ ਧਾਰਮਿਕ ਲੋਗ ਹੋ ਤਾਂ ਤੁਹਾਡਾ ਧਰਮ ਹੀ ਤੁਹਾਨੂੰ (ਬਹੁਤ ਹੀ) ਬੁਰਾ ਉਪਦੇਸ਼ ਕਰਦਾ ਹੈ ॥ ੯੩ ॥ (ਹੇ ਪੈਯੰਬਰ ਏਹਨਾਂ ਨੂੰ) ਕਹੋ ਕਿ ਯਦੀ ਖ਼ੁਦਾ ਦੇ ਪਾਸ ਅੰਤ ਦਾ ਘਰ ਖਾਸ ਕਰਕੇ ਤੁਹਾਡੇ ਹੀ ਵਾਸਤੇ ਹੈ(ਕਿੰਤੂ)ਦੂਸਰਿਆਂ ਵਾਸਤੇ ਨਹੀਂ(ਜੇਕਰ)ਤੁਸੀਂ (ਏਸ ਪਖ ਵਿਚ) ਸਚੇ ਹੋ ਤਾਂ ਮਰਨ ਦੀ ਚਾਹਨਾ ਕਰੋ ॥ ੯੪ ॥ ਪਰੰਚ ਉਨਹਾਂ (ਮੰਦ ਕਰਮਾਂ) ਦੇ ਕਾਰਨ ਜਿਨਹਾਂ ਨੂੰ ਏਹਨਾਂ ਦਿਆਂ

---

*ਸ਼ਰਮਿੰਦਗੀ।

Digitized by Panjab Digital Library | www.panjabdigilib.org

ਹਥਾਂ ਨੇ ਪਹਿਲਾਂ ਥੀਂ ਹੀ ਭੇਜਿਆ ਹੈ ਇਹ ਕਦਾਪਿ ਮੌਤ ਦੀ ਇਛਾ ਨਹੀਂ ਕਰ ਸਕਦੇ ਅਰ ਅੱਲਾ (ਏਹਨਾਂ) ਦੁਸ਼ਟਾਂ ਨੂੰ ਭਲੀ ਭਾਂਤ ਜਾਣਦਾ ਹੈ ॥ ੯੫ ॥ ਅਰ (ਹੇ ਪੈਗੰਬਰ) ਨਿਸਚੇ ਹੀ ਤੁਸੀਂ ਦੇਖੋਗੇ ਕਿ ਇਹ ਲੋਗ ਜੀਵਣ ਉਤੇ (ਸਾਰਿਆਂ) ਲੋਗਾਂ ਨਾਲੋਂ ਬਹੁਤ ਸਾਰੇ ਰੀਝੇ ਹੋਏ ਹਨ ਏਥੋਂ ਤਕ ਕੇ ਭੇਦਵਾਦੀਆਂ ਵਿਚ ਭੀ ਇਕ ਇਕ(ਪੁਰਖ)ਇਛਾ ਕਰਦਾ ਹੈ ਕਿ ਹਾ ਦੇਵ! ਇਸਦੀ ਆਯੂ ਹਜ਼ਾਰ ਬਰਖ ਦੀ ਹੋਵੇ ਅਰ (ਹਾਲ ਇਹ ਹੈ ਕਿ) ਐਨਾਂ ਚਿਰ ਜੀਉਂਦੇ ਭੀ ਰਹੇ ਤਾਂ ਭੀ ਵਡੀ ਉਮਰ ਉਸਨੂੰ ਦੁਖ ਪਾਸੋਂ ਮੁਕਤੀ ਦੇਣ ਵਾਲੀ ਨਹੀਂ ਅਰ ਜੋ ਕੁਛ ਭੀ ਏਹ ਲੋਗ ਕਰ ਰਹੇ ਹਨ ਅੱਲਾ ਉਸ ਨੂੰ ਦੇਖ ਰਹਿਆ ਹੈ ॥ ੯੬ ॥ ਰੁਕੂਹ ੧੧ ॥

ਕਹੋ ਕਿ ਜੋ ਆਦਮੀ ਜਬਰਾਈਲ (ਫਰਿਸ਼ਤੇ) ਦਾ ਵੈਰੀ ਬਣੇ ਇਹ (ਕੁਰਾਨ) ਉਸੇ (ਫਰਿਸ਼ਤੇ) ਨੇ ਖੁਦਾ ਦੇ ਹੁਕਮ ਨਾਲ ਤੁਹਾਡੇ ਦਿਲ ਵਿਚ ਪਾਇਆ ਹੈ (ਅਰ ਕੁਰਾਨ) ਓਹਨਾਂ (ਪੁਸਤਕਾਂ) ਦੀ ਭੀ ਤਸਦੀਕ ਕਰਦਾ ਹੈ ਜੋ ਇਸਦੇ ਉਤ੍ਰਨ ਥੀਂ ਪਹਿਲਾਂ(ਵਿਦਮਾਨ)ਹਨ ਅਰ ਈਮਾਨ ਵਾਲਿਆਂ ਵਾਸਤੇ ਸਿਖਯਾ ਅਰ ਖੁਸ਼ਖਬਰੀ ਹੈ ॥੯੭॥ ਜੋ ਪੁਰਖ ਅੱਲਾ ਦਾ ਉਸ ਦਿਆਂ ਫਰਿਸ਼-ਤਿਆਂ ਦਾ ਅਰ ਉਸ ਦਿਆਂ ਰਸੂਲਾਂ ਦਾ ਅਰ ਜਬਰਾਈਲ ਦਾ ਅਰ ਮੇਕਾ-ਈਲ (ਫਰਿਸ਼ਤੇ) ਦਾ ਵੈਰੀ ਹੋਇਆ ਤਾਂ ਅੱਲਾ ਭੀ ਐਸਿਆਂ ਕਾਫਰਾਂ ਦਾ ਦੁਸ਼ਮਨ ਹੈ ॥੯੮॥ ਅਰ (ਹੇ ਪੈਗੰਬਰ) ਅਸਾਂ ਨੇ ਤੁਹਾਡੇ ਪਾਸ ਪਰਗਟ ਆ-ਯਤਾਂ ਭੇਜੀਆਂ ਹਨ ਅਰ ਏਹਨਾਂ ਪਾਸੋਂ ਇਨਕਾਰ ਨਹੀਂ ਕਰਦੇ ਪਰੰਚ ਵਹੀ ਜੋ ਬਦਕਾਰ ਹਨ ॥ ੯੯ ॥ ਕੀ ਜਦੋਂ ਕਦੇ ਕੋਈ ਪਰਤੱਗਜਾ ਕਰ ਲੈਂਦੇ ਹਨ ਤਾਂ ਏਹਨਾਂ ਵਿਚੋਂ ਕੋਈ ਨਾ ਕੋਈ ਟੋਲਾ ਉਸਨੂੰ *ਸੁਟ ਪਾਉਂਦਾ ਹੈ ਕਿੰਤੂ ਏਹਨਾਂ ਵਿਚੋਂ ਬਹੁਤ ਸਾਰੇ ਤਾਂ ਈਮਾਨ ਹੀ ਨਹੀਂ ਰਖਦੇ ॥੧੦੦॥ ਅਰ ਜਦੋਂ ਏਹਨਾਂ ਦੇ ਪਾਸ ਈਸ਼ਵਰ ਦੇ ਵਲੋਂ ਰਸੂਲ ( ਮੁਹੰਮਦ ) ਆਇਆ ( ਜੋ ) ਉਸ ਕਿਤਾਬ ਦੀ ਜੋ ਏਹਨਾਂ ( ਯਹੂਦੀਆਂ ) ਦੇ ਪਾਸ ਹੈ ਤਸਦੀਕ ਭੀ ਕਰਦਾ ਹੈ ਤਾਂ (ਏਹਨਾਂ) ਕਿਤਾਬਾਂ ਵਾਲਿਆਂ ਵਿਚੋਂ ਇਕ ਟੋਲੇ ਨੇ ਅੱਲਾ ਦੀ ਕਿਤਾਬ ( ਤੌਰਾਤ ) ਨੂੰ ( ਜਿਸ ਵਿਚ ਏਸ ਰਸੂਲ ਦੀ ਭਵਿਖਤ ਬਾਣੀ ਭੀ ਹੈ ਐਸੀ ) †ਪਿਠ ਪਿੱਛੇ ਸਿੱਟੀ ਕਿ ਮਾਨੋਂ ਓਹਨਾਂ ਨੂੰ ਕੁਛ ਖਬਰ ਹੀ ਨਹੀਂ ॥ ੧੦੧ ॥ ਉਹ ਉਸ ( ਅਟਕਲਪਚੂਆਂ ) ਪਿਛੇ ਪੜ ਗਏ ਜਿਨਹਾਂ ਨੂੰ ਸਿਲੇਮਾਨ ਦੇ ਰਾਜ ਸਮੇਂ ਵੇਲੇ ਸ਼ੈਤਾਂਨ ਪਢਿਆ (ਪਢਾਯਾ) ਕਰਦੇ ਸਨ ਸੁਲੇਮਾਨ ਨੇਂ ਕਾਫਰ ਨਹੀਂ ਸੀ ਕੀਤਾ ਕਿੰਤੂ ਕੁਫਰ (ਕੀਤਾ ਸੀ ਤਾਂ) ਸ਼ੈਤਾਨਾਂ ਨੇ ਹੀ ਕੀਤਾ ਸੀ ਕਾਹੇ ਤੇ ਵੈ ਲੋਗਾਂ ਨੂੰ ਟੂਣਾ ਟਾਮਣ ਦਸਿਆ ਕਰਦੇ ਸਨ ਅਰ ( ਇਸ ਥੀਂ ਸਿਵਾ ਉਨਹਾਂ ਗੱਲਾਂ ਵਿਚ ਰੁਝ ਗਏ ) ਜੋ ਬਾਯਬਲ ਵਿਚ ਹਾਰੂਤ ਅਰ ਮਾਰੂਤ

*ਮੰਨਦਾ ਨਹੀਂ । †ਭੁਲਾਦੀ ‡ਵਰਤ ਕੇ ।

Digitized by Panjab Digital Library | www.panjabdigilib.org

ਫਰਿਸ਼ਤਿਆ ਨੂੰ ਪਹੁੰਚਾਈਆਂ ਗਈਆਂ ਸਨ ਅਰ ਵੈ ਕਿਸੇ ਨੂੰ ਨਹੀਂ ਦਸਦੇ ਸਨ ਜਦੋਂ ਤਕ ਓਸ ਨੂੰ ਨਹੀਂ ਕਹਿ ਦੇਂਦੇ ਅਸੀਂ ਤਾਂ ਪਰੀਖਯਾ (ਦਾ ਕਾਰਨ) ਹਾਂ ਤਾਂ ਕਿਤੇ ਕਾਫਰ ਨਾ ਬਨ ਜਾਈਓ ਫੇਰ ਭੀ ਓਹਨਾਂ ਪਾਸੋਂ ਐਸੀਆਂ ਬਾਤਾਂ ਸਿਖਦੇ ਜਿਨਹਾਂ ਕਰਕੇ ਮੀਆਂ ਬੀਬੀ ਵਿਚ ਵਿਛੋੜਾ ਪਾ ਦੇਣ ਹਾਲਾਂ ਕਿ ਓਹ ਖ਼ੁਦਾ ਦੇ ਹੁਕਮ ਥੀਂ ਬਿਨਾ ਆਪਣੀਆਂ ਇਹਨਾਂ ਗਲਾਂ ਨਾਲ ਕਿਸੇ ਨੂੰ ਦੁਖ ਨਹੀਂ ਦੈ ਸਕਦੇ ਭਾਵ ਇਹ ਲੋਗ ( ਉਨਹਾਂ ਪਾਸੋਂ ) ਐਸੀਆਂ ਬਾਤਾਂ ਸਿਖਦੇ ਜਿਨਹਾਂ ਕਰਕੇ ਏਹਨਾਂ ਨੂੰ (ਹੀ ਖ਼ੁਦ) ਨੁਕਸਾਨ ਪਹੁੰਚਦਾ ਹੈ ਲਾਭ ਨਹੀਂ ਹਾਲਾਂ ਕਿ ਜਾਣ ਚੁਕੇ ਸਨ ਕਿ ਜੋ ਪੁਰਖ ਏਹਨਾਂ ਬਾਤਾਂ ਦਾ ਬਯੋਪਾਰੀ ਹੋਇਆ ਅੰਤ ਨੂੰ ਕੁਛ ਹਿਸਾ ਨਹੀਂ ਅਰ ਪਰੰਚ ਬੁਰਾ ( ਪ੍ਰਤਿਬਦਲਾ ) ਹੈ ਜਿਸ ਦੇ ਬਦਲੇ ਵਿਚ ਏਹਨਾਂ ਨੇ ਆਪਣੀਆਂ ਜਾਨਾਂ ਨੂੰ ਬੇਚਿਆ ਹੈ ਦੇਵ ਏਹਨਾਂ ਨੂੰ ( ਏਤਨੀ ) ਸਮਝ ਹੁੰਦੀ ॥ ੧੦੨ ॥ ਅਰ ਯਦੀ ਏਹ ਈਮਾਨ ਧਾਰ ਲੈਂਦੇ ਅਰ ਸੰਜਮੀ ਬਣ ਜਾਂਦੇ ਤਾਂ (ਤਾਂ) ਭਗਵਾਨ ਦੇ ਪਾਸ ਅਛਾ ਬਦਲਾ ਸੀ ਪਰੰਤੂ ਹਾਯ ਯਦੀ (ਏਹ) ਸਮਝਦੇ ॥ ੧੦੩ ॥ ਰੁਕੂਹ ੧੨॥

ਮੁਸਲਮਾਨੋ ! (ਪੈਯੰਬਰ ਨੂੰ) ਰਾਯਨਾ ਕਹਿਕੇ ਨਾ ਬੁਲਾਇਆ ਕਰੋ, ਕਿੰਤੂ ਉਨਜ਼ੁਰਨਾ ਕਹਿਆ ਕਰੋ ਅਰ (ਧਿਆਨ ਲਾਕੇ) ਸੁਣਦੇ ਰਹਿਆ ਕਰੋ ਅਰ ਮੁਨਕਰਾਂ ਵਾਸਤੇ ਭਿਆਂਨਕ ਦੁਖ ਹੈ ॥ ੧੦੪ ॥ ਕਿਤਾਬਾਂ ਵਾਲਿ- ਆਂ ਅਰ ਭੇਦ ਵਾਦੀਆਂ ਵਿਚੋਂ ਜੋ ਲੋਗ ਮੁਨਕਰ (ਇਸਲਾਮ) ਹਨ ਏਸ ਬਾਰਤਾ ਥੀਂ ਰਾਜ਼ੀ ਨਹੀਂ ਕਿ ਤੁਹਾਡੇ ਪਰਵਰਦਿਗਾਰ ਦੇ ਵਲੋਂ ਤੁਸਾਂ (ਮੁ- ਸਲਮਾਨਾਂ) ਉਤੇ ਭਲਾਈ ਉਤਾਰੀ ਜਾਵੇ ਅਰ ਅੱਲਾ ਜਿਸ ਨੂੰ ਚਾ- ਹੁੰਦਾ ਹੈ ਆਪਣੀ ਰਹਿਮਤ ਵਾਸਤੇ ਚੁਣ ਲੈਂਦਾ ਹੈ ਅਰ ਅੱਲਾ ਵਡਾ ਫਜ਼ਲ (ਕਰਨ) ਵਾਲਾ ਹੈ ॥ ੧੦੫ ॥ (ਹੇ ਪੈਯੰਬਰ) ਅਸੀਂ ਯਜੀ ਕੋਈ ਆਯਤ ਮਨ- ਸੂਖ ਕਰ ਦੇਵੀਏ ਕਿੰਵਾ (ਤੁਹਾਡੇ) ਚੇਤੇ ਥੀਂ ਭੁਲਾ ਦੇਈਏ ਤਾਂ ਉਸ ਨਾਲੋਂ ਚੰਗੀ ਕਿੰਵਾ ਵੈਸੀ ਹੀ ਉਤਾਰ (ਭੀ) ਦੇਂਦੇ ਹਾਂ, (ਹੇ ਪੈਯੰਬਰ) ਕੀ ਤੈਨੂੰ ਮਾਲੂਮ ਨਹੀਂ ਕਿ ਅੱਲਾ ਸੰਪੂਰਨ ਵਸਤਾਂ ਉਤੇ ਕਾਦਰ ਹੈ॥ ੧੦੬ ॥ ਕੀ ਤੁਹਾਨੂੰ ਮਾਲੂਮ ਨਹੀਂ ਕਿ ਅਕਾਸ ਧਰਤੀ ਦਾ ਰਾਜ ਓਸੇ ਦਾ ਹੀ ਹੈ ਅਰ ਅੱਲਾ ਥੀਂ ਸਿਵਾ ਤੁਸਾਂ ਦਾ ਨਾ ਕੋਈ ਮਿੱਤਰ ਹੈ ਨਾ ਕੋਈ ਸਹਾਇਕ ॥ ੧੦੭ ॥ (ਮੁਸਲਮਾਨੋ !) ਕੀ ਤੁਸੀਂ ਵੀ ਆਪਣੇ ਰਸੂਲ ਥੀਂ ਪ੍ਰਸ਼ਨ ਕਰਨਾ ਚਾਹੁੰਦੇ ਹ ਜਿਸ ਤਰਹਾਂ ਪਹਿਲੇ ਮੂਸਾ ਤੇ ਪ੍ਰਸ਼ਨ ਕੀਤੇ ਗਏ ਸਨ ਅਰ ਜੋ ਈਮਾਨ ਦੀ ਪ੍ਰਤਿਨਿਧੀ ਵਿਚ ਕੁਫਰ ਨੂੰ ਸ੍ਰੀਕਾਰ ਕਰੇ ਤਾਂ ਵੈ ਸੂਧੇ ਮਾਰਗੋਂ ਭੁਲ ਗਿਆ ਹੈ ॥ ੧੦੮ ॥ ( ਮੁਸਲਮਾਨੋਂ ! ) ਪੁਸਤਕ ਵਾਲਿਆਂ ਵਿਚੋਂ ਬਹੁਤ ਸਾਰਿਆਂ ਉਤੇ ਸੱਤ ਪਰਗਟ ਹੋ ਚੁਕਾ ਹੈ (ਫੇਰ ਭੀ) ਆਪਣੀ ਮਾਨਸਿਕ ਈਰਖਾ ਦੇ ਕਾਰਣ

Digitized by Panjab Digital Library | www.panjabdigilib.org

ਚਾਹੁੰਦੇ ਹਨ ਕਿ ਤੁਹਾਡੇ ਈਮਾਨ ਲੈ ਆਂਦਿਆਂ ਪਿਛੋਂ ਫੇਰ (ਕਿਸ ਤਰਹਾਂ) ਤੁਹਾਨੂੰ ਕਾਫਰ ਬਣਾ ਦੇਣ ਤਾਂ ਖਿਮਾਂ ਕਰੋ ਅਰ ਦਰਗੁਜ਼ਰ ਕਰੋ, ਤਾਵਤਕਾਲ ਕਿ ਖੁਦਾ ਦਾ ( ਕੋਈ ਹੋਰ ) ਫਰਮਾਨ ਆਵੇ, ਨਿਰਸੰਦੇਹ ਅੱਲਾ ਸੰਪੂਰਨ ਵਸਤਾਂ ਉਪਰ ਕਾਦਰ ਹੈ ॥ ੧੦੯ ॥ ਅਰ ਨਮਾਜ਼ ਪੜ੍ਹਦੇ ਅਰ ਜ਼ਕਾਤ ਦੇਂਦੇ ਰਹਿਆ ਕਰੋ ਅਰ ਜੋ ਕੁਛ ਭਲਾਈ ਆਪਣੇ ਵਾਸਤੇ ਪਹਿਲੇ ਹੀ ਭੇਜ ਦੇਵੋਗੇ ਉਸ ਨੂੰ ਖੁਦਾ ਦੇ ਪਾਸ ਪਾਵੋਗੇ, ਨਿਰ ਸੰਦੇਹ ਜੋ ਕੁਝ ਤੁਸੀਂ ਕਰਦੇ ਹੋ ਅੱਲਾ ਦੇਖ ਰਹਿਆ ਹੈ ॥ ੧੧੦ ॥ ਓਹ ਆਖਦੇ ਹਨ ਕਿ ਸਵਰਗ ਵਿਚ ਕੋਈ ਨਹੀਂ ਜਾਵੇਗਾ ਜਦੋਂ ਤਕ ਕਿ ਯਹੂਦੀ ਅਥਵਾ ਨਸਰਾਨੀ ਨਾ ਹੋ ਜਾਵੇ ਏਹ ਉਨਹਾਂ ਦੇ ( ਆਪਣੇ ) ਬਜਰਥ ਓਦੀਯਾਂ ਹਨ, ਤੂੰ ਕਹੋ ਕਿ ਯਦੀ ਸਚੇ ਹੋ ਤਾਂ ਆਪਣੀ ਯੁਕਤੀ ਪੇਸ਼ ਕਰੋ ॥ ੧੧੧ ॥ ਕਿੰਤੂ ਸਚੀ ਬਾਰਤਾ ਤਾਂ ਇਸ ਤਰਹਾਂ ਹੈ ਕਿ ਜਿਸ ਨੇ ਆਪਣਾ ਸਿਰ ਭਗਵਾਨ ਅਗੇ ਨੀਵਾਂ ਕਰ ਦਿਤਾ ਅਰ ਵੈ ਭੀ ਹੈ ਤਾਂ ਓਸ ਵਾਸਤੇ ਉਸ ਦਾ ਫਲ ਸੰਜਮੀਂ ਸ ਦੇ ਪਰਵਰਦਿਗਾਰ ਦੇ ਪਾਸ ( ਮੌਜੂਦ ) ਹੈ ਅਰ ਐਸਿਆਂ ਲੋਗਾਂ ਉਤੇ ਨਾ ਭੈ ਹੋਵੇਗਾ ਅਰ ਨਾ ਹੀਂ ਓਹ ਚਿੰਤਾਤੁਰ ਹੋਣਗੇ ॥ ੧੧੨ ॥ ਰੁਕੂਹ ੧੩ ॥

ਅਰ ਯਹੂਦੀ ਕਹਿੰਦੇ ਹਨ ਕਿ ਨਸਾਰੀਆਂ ਦਾ ਮਾਰਗ ਕੁਛ ਨਹੀਂ ਅਰ ਨਸਾਰਾ ਕਹਿੰਦੇ ਹਨ ਯਹੂਦੀਆਂ ਦਾ ਮਾਰਗ ਕੁਛ ਨਹੀਂ, ਹਾਲਾਂਕਿ ਉਹ ( ਦੋਵੇਂ ) ਕਿਤਾਬ ਦੇ ਪੜ੍ਹਨ ਵਾਲੇ ਹਨ ਉਕਤ ਰੀਤੀ ਨਾਲ ਏਸੇ ਪ੍ਰਕਾਰ ਦੀਆਂ ਬਾਤਾਂ ਉਹ ( ਅਰਥ ਦੇ ਭੇਦਵਾਦੀ ) ਭੀ ਕਹਿਆ ਕਰਦੇ ਹਨ ਜੋ ਨਹੀਂ ਜਾਨਦੇ ਤਾਂ ਜਿਸ ਬਾਰਤਾ ਪਰ ਏਹ ਲੋਗ ਝਗੜ ਰਹੇ ਹਨ ਕਿਆਮਤ ਦੇ ਦਿਨ ਅੱਲਾ ਏਹਨਾਂ ਵਿਚ ਉਸ ਦਾ ਫੈਸਲਾ ਕਰ ਦੇਵੇਗਾ ॥ ੧੧੩ ॥ ਅਰ ਓਸ ਨਾਲੋਂ ਵਧ ਕੇ ਜ਼ਾਲਮ ਕੌਣ ਜੋ ਅੱਲਾ ਦੀਆਂ ਮਸੀਤਾਂ ਵਿਚ ਰੱਬ ਦਾ ਨਾਮ ਲੈਣ ਥੀਂ ਹਟਾਵੇ ਅਰ ਉਨਹਾਂ ਦੀ ਬੇਰੌਣਕੀ ਦਾ ਅਭਲਾਖੀ ਰਹੇ ਏਹ ਲੋਕ ਆਪ ਤਾਂ ਇਸ ਲਾਇਕ ਨਹੀਂ ਕਿ ਮਸਜਦਾਂ ਵਿਚ ਆਉਣਾ ਪਾਉਣ ਪਰੰਤੂ ਡਰਦੇ ( ਹੋਇ ) ਏਹਨਾਂ ਵਾਸਤੇ ਦੁਨੀਆਂ ਵਿਚ ( ਭੀ ) ਰੁਸਵਾਈ ਹੈ ਅਰ ਏਹਨਾਂ ਵਾਸਤੇ ਅੰਤ ਨੂੰ (ਭੀ) ਵਡਾ (ਭਾਰਾ) ਦੁਖ ਹੈ ॥ ੧੧੪ ॥ ਅਰ ਅੱਲਾ ਦਾ ਹੀ ਹੈ ਪੂਰਬ ਅਰ ਪੱਛਮ, ਤਾਂ ਜਿਥੇ ਮੁਖੜਾ ਕਰ ਲਵੋ ਓਸੇ ਪਾਸੇ ਹੀ ਅੱਲਾ ਸਨਮੁਖ ਹੈ ਨਿਰਸੰਦੇਹ ਅੱਲਾ ( ਬੜੀ ) ਸਮਾਈ ਵਾਲਾ ( ਅਰ ਸਰਬ ) ਗਿਆਤਾ ਹੈ ॥ ੧੧੫ ॥ ਅਰ ਕਹਿੰਦੇ ਹਨ ਕਿ ਖੁਦਾ ਔਲਾਦ ਰਖਦਾ ਹੈ (ਹਾਲਾਂ ਕਿ) ਵਹ (ਇਸ ਬਖੇੜਿਓਂ) ਪਵਿਤ੍ਰ ਹੈ ਕਿੰਤੂ ਓਸੇ ਦਾ ਹੈ ਜੋ ਕੁਛ ਆਕਾਸ ਅਰ ਧਰਤੀ ਵਿਚ ਹੈ ( ਅਰ ) ਸਭ ਓਸੇ ਦੀ ਆਗਜਾ ਵਿਚ ਹਨ

Digitized by Panjab Digital Library | www.panjabdigilib.org

॥ ੧੧੬ ॥ ( ਇਸ ਉੱਤਮ ) ਧਰਤੀ ਆਗਾਸ ਦਾ ( ਵਹੀ ) ਕਾਰਨ ਹੈ ਅਰ ਜਦੋਂ ਕਿਸੇ ਕੰਮ ਦਾ ਕਰਨਾ ਠਾਨ ਲੈਂਦਾ ਹੈ ਤਾਂ ਫੇਰ ਓਹ ਦੇ ਵਾਸਤੇ ਕਹਿ ਦੇਂਦਾ ਹੈ ਕਿ ਹੋ ਅਰ ਵੈ ਹੋ ਜਾਂਦਾ ਹੈ ॥ ੧੧੭ ॥ ਅਰ ਜੋ ਨਹੀਂ ਜਾਣਦੇ ਕਹਿੰਦੇ ਹਨ ਕਿ ਖੁਦਾ ਸਾਡੇ ਨਾਲ ਗੱਲਾਂ ਕਿਉਂ ਨਹੀਂ ਕਰਦਾ ਕਿੰਵਾ ਸਾਡੇ ਪਾਸ ਨਿਸ਼ਾਨੀ ਕਿਉਂ ਨਹੀਂ ਭੇਜਦਾ, ਇਸ ਤਰਾਂ ਜੋ ਲੋਕ ਇਹਨਾਂ ਨਾਲੋਂ ਪਹਿਲਾਂ ਹੋ ਚੁਕੇ ਹਨ ਇਨਹਾਂ ਹੀ ਵਰਗੀਆਂ ਗੱਲਾਂ ਓਹ ਭੀ ਕਰਦੇ ਹੁੰਦੇ ਸਨ ਇਹਨਾਂ ( ਸਾਰਿਆਂ ) ਦੇ ਦਿਲ ( ਕੁਛ ) ਇਕੋ ਹੀ ਜੈਸੇ ਹਨ ਜੌਨ ਸੇ ਲੋਗ ਸ਼ਰਧਾ (ਰੂਪ ਭਲਾਈ) ਵਾਲੇ ਹਨ ਉਨਹਾਂ ਨੂੰ ਤਾਂ ਅਸੀਂ (ਆਪਣੀ) ਨਿਸ਼ਾ-ਨੀਆਂ ਭਲੀ ਤਰਹਾਂ ਦਿਖਲਾ ਚੁਕੇ ਹਾਂ ॥ ੧੧੮ ॥ ( ਬੇਸ਼ਕ ) ਅਸਾਂ ਨੇ ਤੁਹਾਨੂੰ ਸੱਚਾ ਦੀਨ ਦੇ ਕੇ ਖੁਸ਼ ਖ਼ਬਰੀ ਦੇਣ ਵਾਲਾ ਅਰ ਸਭੇ ਕਰਨੇ ਵਾਲਾ ( ਬਣਾ ) ਭੇਜਿਆ ਹੈ ਅਰ ਤੁਹਾਡੇ ਪਾਸੋਂ ਨਾਰਕੀਆਂ ਦੀ ਕੁਛ ਪੁਛ ਗਿਛ ਨਹੀਂ ਹੋਵੇਗੀ ॥੧੧੯॥ (ਅਰ ਹੇ ਪੈਯੰਬਰ) ਨਾਂ ਤਾਂ ਯਹੂਦ ਹੀ ਤੇਰੇ ਉਤੇ ਕਦੇ ਰਾਜੀ ਹੋਣਗੇ ਅਰ ਨਾ ਹੀ ਨਸਾਰਾ ਹੀ, ਜਿਤਨਾ ਚਿਰ ਤੁਸੀਂ ਉਨਹਾਂ ਦਾ ਪੰਥ (ਨਾਂ) ਧਾਰਨ ਕਰੋ, ਤੇ ਕਹੋ ਕਿ ਅੱਲਾ ਦਾ ਉਪਦੇਸ਼ ਤਾਂ ਓਹੀ ( ਅਸਲੀ ) ਉਪਦੇਸ਼ ਹੈ ਅਰ ਯਦੀ ਤੁਸੀਂ ਇਸ ਥੀਂ ਪਿਛੋਂ ਕਿ ਤੁਹਾਡੇ ਪਾਸ ਗਿਆਨ (ਅਰ-ਥਾਤ ਕੁਰਾਨ ) ਆ ਚੁਕਾ ਹੈ ਇਹਨਾਂ ਦੀ ਇੱਛਾ ਤੇ ਚਲੋ (ਫੇਰ) ਤਾਂ ਪਰਮਾਤਮਾਂ ਦੇ ( ਸਿਵਾ ) ਨਾ ਕੋਈ ਤੇਰਾ ਦੋਸਤ ਅਰ ਨਾ ਕੋਈ ਮਦਦਗਾਰ ॥ ੧੨੦ ॥ ਜਿਨਹਾਂ ਲੋਗਾਂ ਨੂੰ ਅਸਾਂ ਨੇ ਪੁਸਤਕ ਦਿਤੀ ਹੈ ਵੈ ਓਸ ਨੂੰ ਪੜ੍ਹਦੇ ਰਹਿੰਦੇ ਹਨ ਜੈਸਾ ਕਿ ਉਸ ਦੇ ਪੜ੍ਹਨੇ ਦਾ ਹੱਕ ਹੈ ( ਅਰ ) ਓਹੀ ਉਸ ਉਤੇ ਈਮਾਨ (ਭੀ) ਲਿਆਉਂਦੇ ਹਨ ਅਰ ਜੋ ਇਸ ਥੀਂ ਇਨਕਾਰ ਕਰਦੇ ਹਨ ਤਾਂ ਵਹੀ ਲੋਗ ਘਾਟੇ ਵਿਚ ਹਨ ॥ ੧੨੧ ॥ ਰੁਕੂਹ ੧੪ ॥

ਹੇ ਬਨੀ ਇਸਰਾਈਲ ਸਾਡੇ ਓਹ ਉਪਕਾਰ ਯਾਦ ਕਰੋ ਜੋ ਅਸਾਂ ਨੇ ਤੁਹਾਡੇ ਉਤੇ ਕੀਤੇ ਹਨ ਅਰ ਏਹ ਕਿ ਅਸਾਂ ਸਾਰੇ ਜਹਾਨ ਦਿਆਂ ਲੋਗਾਂ ਨਾਲੋਂ ਤੁਹਾਨੂੰ ਵਡਿਆਈ ਦਿਤੀ ॥ ੧੨੨ ॥ ਅਰ ਓਸ ਦਿਨ ( ਦੇ ਦੁਖ ) ਪਾਸੋਂ ਡਰੋ ਕਿ ਕੋਈ ਆਦਮੀ ਕਿਸੇ ਆਦਮੀ ਦੇ ਜਰਾ (ਭੀ) ਕੰਮ ਨਾ ਆਵੇ ਅਰ ਨਾ ਹੀ ਉਸ ( ਦੀ ਤਰਫ ) ਸੇ ਕੋਈ ਪ੍ਰਤਿ ਬਦਲਾ ਕਬੂਲ ਕੀਤਾ ਜਾਵੇ ਅਰ ਨਾ ( ਕਿਸੇ ਦੀ ) ਸਫਾਰਸ਼ ਹੀ ਉਸ ਨੂੰ ਗੁਣ ਕਰੇ ਅਰ ਨਾ ਹੀ ਓਹਨਾਂ ਨੂੰ ( ਕਿਸੇ ਤਰਫੋਂ ) ਮਦਦ ਹੀ ਪਰਾਪਤ ਹੋਵੇ ॥ ੧੨੩ ॥ ਅਰ ਜਦੋਂ ਇਬਰਾ-ਹੀਮ ਨੂੰ ਉਸ ਦੇ ਪਰਵਰਦਿਗਾਰ ਨੇ ਕੁਛ ਬਾਤਾਂ ਵਿਚ ਪਰੀ-ਖਿਯਾ ਲਈ ਅਰ ਓਹਨਾਂ ਨੂੰ ਉਸ ਨੇ ਪੂਰਿਆਂ ਕਰ ਦਸਿਆ (ਤਦ ਖੁਦਾ

Digitized by Panjab Digital Library | www.panjabdigilib.org

ਨੇ ਪ੍ਰਸੰਨ ਹੋਕੇ ) ਕਹਿਆ ਕਿ ਅਸੀਂ ਤੈਨੂੰ ਲੋਗਾਂ ਦਾ ਪੇਸ਼ਵਾ ਬਨਾਉਂਣ ਵਾਲੇ ਹਾਂ(ਇਬਰਾਹੀਮ ਨੇ)ਬੇਨਤੀ ਕੀਤੀ ਕਿ ਮੇਰੀ ਔਲਾਦ ਵਿਚੋਂ ? ਹੁਕਮ ਹੋਇਆ ( ਹਾਂ ਪਰੰਤੂ ) ਸਾਡੇ ( ਏਹ ) ਪਰਤਿਗਯਾ ਪਾਪੀਆਂ ਨੂੰ ਨਹੀਂ ਪਹੁੰਚਦੀ ॥ ੧੨੪ ॥ ਅਰ ਜਦੋਂ ਅਸਾਂ ਖਾਨੇ ਕਾਬੇ ਨੂੰ ਲੋਗਾਂ ਦਾ ਤੀਰਥ ( ਅਰ ਪ੍ਰਤਿਸ਼ਟਤ ਅਸਥਾਨ ) ਅਰ ਅਮਨ ਦੀ ਜਗਹਾਂ ਬਨਾਇਆ ( ਅਰ ਲੋਗਾਂ ਨੂੰ ਆਗਿਆ ਦਿਤੀ ਕਿ ) ਇਬਰਾਹੀਮ ਦੀ ( ਏਸ ) ਜਗਹਾਂ ਨੂੰ ਨਮਾਜ਼ ਦਾ ਅਸਥਾਨ ਬਨਾਓ ਅਰ ਇਬਰਾਹੀਮ ਅਰ ਇਸਮਾਈਲ ਸੇ ਪ੍ਰਤਿਗਯਾ ਕੀ ਕਿ ਸਾਡੇ ( ਏਸ ) ਘਰ ਨੂੰ ਪਰਕ੍ਰਮਾ ਕਰਨ ਵਾਲਿਆਂ ਅਰ ਮੁਜਾਵਰਾਂ ਅਰ ਰੁਕੂਹ ( ਅਰ ) ਸਜਦਾ ਕਰਨ ਵਾਲਿਆਂ ਵਾਸਤੇ ਸ਼ੁਧ ( ਪਵਿਤ੍ਰ ) ਰਖੋ ॥ ੧੨੫ ॥ ਅਰ ਜਦੋਂ ਇਬਰਾਹੀਮ ਨੇ ਪ੍ਰਾਰਥਨਾਂ ਕੀਤੀ ਕਿ ਹੇ ਮੇਰੇ ਪਰਵਰ-ਦਿਗਾਰ ਏਸ ( ਨੱਗਰ ) ਨੂੰ ਅਮਨ ਵਾਲਾ ਨੱਗਰ ਬਨਾ ਅਰ ਏਸ ਦੇ ਰਹਿਣ ਵਾਲਿਆਂ ਵਿਚੋਂ ਜੋ ਅੱਲਾ ਅਰ ਅੰਤ ਦਿਨ ਉਤੇ ਈਮਾਨ ਧਾਰ ਲੈਣ ਉਨਹਾਂ ਨੂੰ ਫਲ ਫੁਲ ਖਾਣ ਵਾਸਤੇ ਪ੍ਰਦਾਨ ਕਰ ( ਅੱਲਾ ਤਾਲਾ ਨੇ ) ਆਗਿਆ ਦਿਤੀ ਕਿ ਜੋ ਮੁਨਕਰ ਹੋਵੇਗਾ ਉਸ ਨੂੰ ਭੀ ਅਸੀਂ ਥੋੜਿਆਂ ਦਿਨਾਂ ਵਾਸਤੇ ਅਸੀਂ ( ਉਕਤ ਪਦਾਰਥਾਂ ਵਿਚੋਂ ) ਫਾਇਦਾ ਲੈਣ ਦੇਵਾਂਗੇ ਫੇਰ ( ਅੰਤ ਨੂੰ ) ਓਸ ਨੂੰ ਬਦੋ ਬਦੀ ਨਰਕ ਅਗਨੀਂ ਵਿਚ ਲਜਾ ਸਿੱਟ ਦੇਵਾਂਗੇ ਅਰ ( ਵੋਹ ) ਨਖਿੱਧ ਅਸਥਾਨ ਹੈ ॥ ੧੨੬ ॥ ਅਰ ਜਦੋਂ ਇਬਰਾਹੀਮ ਅਰ ਇਸਮਾਈਲ ( ਦੋਨੋ ) ਖਾਨੇ ਕਾਬੇ ਦੀਆਂ ਨੀਹਾਂ ਉਸਾਰ ਰਹੇ ਸਨ ( ਅਰ ਦੁਆਈਂ ਮੰਗਦੇ ਸਨ ਕਿ ) ਹੇ ਸਾਡੇ ਪਰਵਰਦਿਗਾਰ ਸਾਡੀ ( ਇਹ ਸੇਵੇ ) ਸ੍ਵੀਕਾਰ ਕਰ ਸੱਚ ਮੁਚ ਆਪ ਹੀ ( ਪ੍ਰਾਰਥਨਾਂ ਦੇ ) ਸੁਣਨੇ ਵਾਲੇ ਅਰ ਅੰਤਰ-ਜਾਮੀ ਹੋ ॥ ੧੨੭ ॥ ਅਰ ਹੇ ਸਾਡੇ ਪਾਲਕ ਸਾਨੂੰ ਆਪਣੇ (ਵਾਸਤੇ) ਮੁਸਲ-ਮਾਨ ( ਆਗਿਆ ਕਾਰੀ ) ਬਨਾ ਅਰ ਸਾਡੀ ਕੁਲ ਵਿਚ ਇਕ ਆਗਿਆਕਾਰੀ ਟੋਲਾ ( ਪੈਦਾ ਕਰ ) ਅਰ ਸਾਨੂੰ ਸਾਡੀ ਪੂਜਾ ਦਾ ਢੰਗ ਦਸ ਅਰ ਸਾਨੂੰ ਭੁਲਣਾ ਬਖਸ਼ ਦੇ ਨਿਰਸੰਦੇਹ ਤੂੰ ਹੀ ਬਖਸ਼ਨ ਵਾਲਾ ਕ੍ਰਿਪਾਲੂ ਹੈਂ ॥ ੧੨੮ ॥ ( ਅਰ ) ਹੇ ਸਾਡੇ ਪਰਵਰਦਿਗਾਰ ਏਹਨਾਂ ਵਿਚੋਂ ਹੀ ਇਕ ਰਸੂਲ ਭੇਜ ਜੋ ਏਹਨਾਂ ਨੂੰ ਤੇਰੀਆਂ ਆਯਤਾਂ ਪੜ੍ਹ ਪੜ੍ਹ ਕੇ ਸੁਣਾਵੇ ਅਰ ਏਹਨਾਂ ਨੂੰ ( ਆਸਮਾਨੀ ) ਪੁਸਤਕ ਅਰ ਅਕਲ ( ਦੀਆਂ ਗੱਲਾਂ ) ਦਸੇ ਅਰ ਏਹਨਾਂ ਦੇ ( ਅੰਤਸ਼ਕਰਣ ) ਸ਼ੁਧ ਕਰੇ ਨਿਰਸੰਦੇਹ ਤੂੰ ਹੀ ਸ਼ਕਤਸ਼ਾਲੀ ( ਅਰ ) ਯੁਕਤੀਮਾਨ ਹੈਂ ॥ ੧੨੯ ॥ ਰੁਕੂਹ ੧੫ ॥

ਹੋਰ ਕੌਣ ਹੈ ? ਜੋ ਇਬਰਾਹੀਮ ਦਿਆਂ ਤਰੀਕਿਆਂ ਥੀਂ ਇਨਕਾਰ ਕਰੇ ਪਰੰਤੂ ਵਹੀ ਜਿਸ ਦੀ ਬੁਧੀ ਭ੍ਰਿਸ਼ਟ ਹੋ ਗਈ ਹੋਵੇ ਅਰ ਨਿਰਸੰਦੇਹ

Digitized by Panjab Digital Library | www.panjabdigilib.org

ਅਸਾਂ ਨੇ ਉਨਾਂ ਨੂੰ ਸੰਸਾਰ ਵਿਚੋਂ ( ਭੀ ) ਚੁਣ ਲੀਤਾ ਅਰ ਅੰਤ ਸਮੇਂ ਨੂੰ ( ਭੀ ) ਵੈ ਭਲੇਰਿਆਂ ( ਦੇ ਝੁੰਡ ) ਵਿਚ ਹੋਣਗੇ ॥ ੧੩੦ ॥ ਜਦੋਂ ਉਨਹਾਂ ਨੂੰ ਉਨਹਾਂ ਦੇ ਪਰਵਰਦਿਗਾਰ ਨੇ ਕਹਿਆ ਕਿ ( ਸਾਡੀ ਹੀ ) ਫਰਮਾ ਬਰਦਾਰੀ ਕਰੋ (ਤਾਂ ਉਤਰ ਵਿਚ) ਬੇਨਤੀ ਕੀਤੀ ਕਿ ਮੈਂ ਸਾਰੇ ਸੰਸਾਰ ਦੇ ਪਰਵਰਦਿਗਾਰ ਦਾ ( ਅਰਥਾਤ ਤੇਰਾ ਹੀ ) ਲਾਲਾ ਗੋਲਾ ਹੋਇਆ ॥ ੧੩੧ ॥ ਅਰ (ਏਸੇ ਰੀਤ ਅਨੁਸਾਰ) ਇਬਰਾਹੀਮ ਆਪਣਿਆਂ ਬੇਟਿਆਂ ਨੂੰ ਭੀ ਵਸੀਯਤ ਕਰ ਗਏ ਅਰ ਯਾਕੂਬ ( ਭੀ ) ਕਿ (ਹੇ) ਪੁੱਤਰ ਅਲਾ ਨੇ ( ਤੁਹਾਡੇ ) ਏਸ ਦੀਨ ( ਇਸ-ਲਾਮ ) ਨੂੰ ਤੁਹਾਡੇ ਵਾਸਤੇ ਪਸੰਦ ਫਰਮਾਇਆ ਹੈ ਫੇਰ ਤੁਸਾਂ ਮੁਸਲਮਾਨ ਹੀ ਮਰਨਾ ॥ ੧੩੨ ॥ ਭਲਾ ਕੀ ਤੁਸੀਂ ( ਓਸ ਵੇਲੇ ) ਮੌਜੂਦ ਥੇ ਜਿਦੋਂ ਯਾਕੂਬ ਦੇ ਸਨਮੁਖ ਮੌਤ ਆ ਖਲੋਤੀ ( ਅਰ ) ਉਸ ਵੇਲੇ ਉਨਹਾਂ ਆਪਣਿਆਂ ਪੁੱਤਰਾਂ ਪਾਸੋਂ ਪੁਛਿਆ ਕਿ ਮੇਰੇ ( ਮਰਿਆਂ ) ਪਿਛੋਂ ਕਿਸ ਦਾ ਭਜਨ ਕਰੋਗੇ, ਉਨਹਾਂ ਨੇ ਉੱਤਰ ਦਿਤਾ ਕਿ ਆਪ ਦੇ ਮਾਬੂਦ ਅਰ ਆਪ ਦੇ ਬਾਪ ਦਾਦਾ ਇਬਰਾ-ਹੀਮ ਅਰ ਇਸਮਾਈਲ ਅਰ ਇਸਹਾਕ ਦੇ (ਪੂਜ) ਖੁਦਾ ਇਕ ਦਾ ਭਜਨ ਕਰਾਂਗੇ ਅਰ ਅਸੀਂ ਓਸ ਦੇ ਹੀ ਫਰਮਾ ਬਰਦਾਰ ਹਾਂ ॥ ੧੩੩ ॥ ਇਹ ਲੋਕ ਸਨ ਕਿ ( ਆਪਣਿਆਂ ਸਮਿਆਂ ਵਿਚ ) ਹੋ ਗੁਜਰੇ (ਹਨ) ਉਨਹਾਂ ਦਾ ਕੀਤਾ ਉਨਹਾਂ ਅਗੇ ਅਰ ਤੁਹਾਡਾ ਕੀਤਾ ਤੁਹਾਡੇ ਅਗੇ ਅਰ ਜੋ ਕੁਛ ਉਹ ਕਰ ਚੁਕੇ ਹਨ ਤੁਹਾਡੇ ਕੋਲੋਂ ਉਸ ਦੀ ਪੁੱਛ ਗਿਛ ਨਹੀਂ ਹੋਣੀ ॥ ੧੩੪ ॥ ਅਰ ( ਯਹੂਦ ਅਰ ਈਸਾਈ ਮੁਸਲਮਾਨਾਂ ਨੂੰ ) ਕਹਿੰਦੇ ਹਨ ਕਿ ਯਹੂਦੀ ਕਿੰਵਾ ਈਸਾਈ ਬਨ ਜਾਓ ਤਾਂ ਸੂਧੇ ਮਾਰਗ ਉੱਪਰ ਆ ਜਾਓ, ਕਹੋ ( ਨਹੀਂ ) ਪ੍ਰਤਯੁਤ ਅਸੀਂ ਤਾਂ ਇਬਰਾਹੀਮ ਦੇ ਤਰੀਕੇ ਉਤੇ ਹਾਂ ਓਹ ਜੋ ਇਕ ( ਖੁਦਾ ) ਦੇ ਹੋ ਰਹੇ ਸਨ ਅਰ ਓਹ ਭੇਦਵਾਦੀਆਂ ਵਿਚੋਂ ਨਹੀਂ ਸਨ ॥ ੧੩੫ ॥ ( ਮੁਸਲਮਾਨੋ ਤੁਸੀਂ ਯਹੂਦੀ ਤਥਾ ਨਸਾਰਾ ਨੂੰ ਏਹ ) ਉੱਤਰ ਦੇਵੋ ਕਿ ਅਸੀਂ ਤਾਂ ਅੱਲਾ ਉੱਤੇ ਈਮਾਨ ਧਾਰਿਆ ਹੈ ਅਰ ( ਕੁਰਾਨ ) ਜੋ ਸਾਡੇ ਉੱਤੇ ਉਤਰਿਆ ਹੈ (ਓਸ ਉੱਤੇ) ਅਰ ਜੋ ਇਬਰਾਹੀਮ ਅਰ ਇਸਮਾਈਲ ਅਰ ਇਸਹਾਕ ਅਰ ਯਾਕੂਬ ਅਰ ਬੰਸ ਯਾਕੂਬ ਉੱਤੇ ਪਰਾਪਤ ਹੋਏ ( ਉਨਹਾਂ ਉੱਤੇ ) ਅਰ ਮੂਸਾ ਅਰ ਈਸਾ ਨੂੰ ਜੋ ( ਕਤਾਬ ) ਉਤਰੀ ( ਉਸ ਉੱਤੇ ) ਅਰ ਜੋ ( ਦੂਸਰਿਆਂ ) ਪੈਯੰਬਰਾਂ ਨੂੰ ਉਨਹਾਂ ਦੇ ਪਰਵਰਦਿਗਾਰ ਪਾਸੋਂ ਮਿਲੇ। ਅਸੀਂ ਇਹਨਾਂ ( ਪੈਯੰ-ਬਰਾਂ ) ਵਿਚੋਂ ਕਿਸੇ ਇਕ ਵਿਚ ਭੀ ਦ੍ਵੈਤ ਨਹੀਂ ਕਰਦੇ ਅਰ ਅਸੀਂ ਓਸੇ ( ਇਕ ਖੁਦਾ ) ਦੇ ਆਗਿਆ ਵਰਤੀ ਹਾਂ ॥ ੧੩੬ ॥ ਯਦੀ ਤੁਹਾਡੀ ਤਰਹਾਂ ਏ ਭੀ ਉਨਹਾਂ ਵਸਤਾਂ ਉੱਤੇ ਈਮਾਨ ਧਾਰ ਲੈਣ। ਜਿਨਹਾਂ ਉੱਤੇ ਤੁਸਾਂ ਈਮਾਨ ਲੈ ਆਂਦਾ ਹੈ ਤਾਂ ਬਸ ਸਿਦੇ ਮਾਰਗ ਉੱਪਰ ਆ ਗਏ ਅਰ

Digitized by Panjab Digital Library | www.panjabdigilib.org

ਜੇਕਰ ਮੂੰਹ ਮੋੜਨ ਤਾਂ ਫੇਰ ( ਉਹ ) *ਜ਼ਿਦ ਉਤੇ ਹਨ ਤਾਂ ਏਹਨਾਂ ਦੀ (ਤਰਫ ਥੀਂ) ਖ਼ੁਦਾ ਤੁਹਾਡੇ ਵਾਸਤੇ ਕਾਫ਼ੀ ਹੈ ਅਰ ਓਹ ਸੁਣਦਾ ਅਰ ਜਾਣਦਾ ਹੈ ॥ ੧੩੭ ॥ ( ਅਸੀਂ ) ਅੱਲਾ ਦੇ ਰੰਗ ਵਿਚ ( ਰੰਗੇ ਗਏ ) ਅਰ ਅੱਲਾ ( ਦੇ ਰੰਗ ) ਨਾਲੋਂ ਹੋਰ ਕਿਸ ਦਾ ਰੰਗ ਚੰਗਾ ਹੋਵੇਗਾ ! ਅਰ ਅਸੀਂ ਤਾਂ ਓਸੇ ਦੀ ਹੀ ਭਗਤੀ ਕਰਦੇ ਹਾਂ ॥ ੧੩੮ ॥ (ਤੂੰ) ਕਿਹ ਕਿ ਕੀ ਤੁਸੀਂ ਅੱਲਾ (ਦੇ ਬਾਰੇ) ਵਿਚ ਸਾਡੇ ਨਾਲ ਝਗੜਦੇ ਹੋ ਹਾਲਾਂ ਕਿ ਸਾਡਾ ( ਭੀ ) ਵਹੀ ਪਾਲਕ ਹੈ ਅਰ ( ਵਹੀ ) ਤੁਹਾਡਾ (ਭੀ) ਪਾਲਕ ( ਹੈ ) ਸਾਡਾ ਕੀਤਾ ਸਾਡੇ ਅਗੇ ਅਰ ਤੁਹਾਡਾ ਕੀਤਾ ਤੁਹਾਡੇ ਅਗੇ ਅਰ ਅਸੀਂ ਕੇਵਲ ਓਸੇ ਦੇ ਹੀ ਸ਼ਰਧਾਲੂ ਹਾਂ ॥ ੧੩੯ ॥ ਜੋ ਤੁਸੀਂ ਕਹਿੰਦੇ ਹੋ ਕਿ ਇਬਰਾਹੀਮ ਅਰ ਇਸਮਾਈਲ ਅਰ ਇਸਹਾਕ ਅਰ ਯਾਕੂਬ ਅਰ ਯਾਕੂਬ ਦੀ ਉਲਾਦ ( ਇਹ ਲੋਗ ) ਯਹੂਦੀ ਕਿੰਵਾ ਨਸਾਰੀ ਸਨ ਤੁਸੀਂ ਪੁਛੋ ਕਿ ਤੁਸੀਂ ਬੜੇ ਗਜਾਤਗੇਯ ਹੋ ਅਥਵਾ ਖ਼ੁਦਾ ਅਰ ਉਸ ਨਾਲੋਂ ਵਧ ਕੇ ਜ਼ਾਲਮ ਕੌਣ ਹੋਵੇਗਾ ਜਿਸ ਪਾਸ ਖ਼ੁਦਾ ਵਲੋਂ ਉਗਾਹੀ ( ਹੋਵੇ ) ਅਰ ਓਹ ਉਸ ਨੂੰ ਛਿਪਾਵੇ ਅਰ ਜੋ ਕੁਛ ਭੀ ਤੁਸੀਂ ਕਰਦੇ ਹੋ ਅੱਲਾ ਓਸ ਥੀਂ ਅਗਜਾਤ ਨਹੀਂ ॥ ੧੪੦ ॥ ਏਹ ਲੋਕ ਸਨ ਕਿ ( ਆਪ-ਣਿਆਂ ਸਮਿਆਂ ਵਿਚ ) ਹੋ ਗੁਜਰੇ ਹਨ ਉਨਹਾਂ ਦਾ ਕੀਤਾ ਉਨਹਾਂ ਅਗੇ ਅਰ ਤੁਹਾਡਾ ਕੀਤਾ ਤੁਹਾਡੇ ਅਗੇ ਅਰ ਜੋ ਕੁਛ ਓਹ ਕਰ ਚੁਕੇ ਤੁਸਾਂ ਕੋਲੋਂ ਓਸ ਦੀ ਪੁੱਛ ਗਿੱਛ ਨਹੀਂ ਹੋਵੇਗੀ ॥ ੧੪੧ ॥ ਰੁਕੂਹ ੧੬ ॥

†ਸ਼ਤਾਬ ਹੀ ਮੂਰਖ ਤਾਂ ਕਹਿਣਗੇ ਹੀ ਕਿ ਮੁਸਲਮਾਨ ਜਿਸ ਕਿਬਲੇ ਉਤੇ ( ਪਹਿਲਾਂ ) ਸਨ ( ਅਰਥਾਤ ਬੈਤੁਲਮੁਕਦਸ ) ਉਸ ਵਲੋਂ ਏਹਨਾਂ ਦੇ ਮੁੜ ਜਾਨ ਦਾ ਕੀ ਕਾਰਨ ਹੋਇਆ । ਉਤਰ ਦੇ ਕਿ ਚੜਦਾ ਅਰ ਲੈਹਿੰਦਾ ਅੱਲਾ ਦਾ ਹੀ ਹੈ ਜਿਸ ਨੂੰ ਚਾਹੁੰਦਾ ਹੈ (ਦੀਨ ਦਾ) ਸਿਧਾ ਰਸਤਾ ਦਿਖਾ ਦੇਂਦਾ ਹੈ ॥ ੧੪੨ ॥ ਅਰ ਇਸ ਤਰਹਾਂ ਅਸਾਂ ਨੇ ਤੁਹਾਨੂੰ ਵਿਚਕਾਰਲੇ ਦਰਜੇ ਦੇ ਜਾਤੀ ( ਬੀ ) ਬਨਾਇਆ ਹੈ ਤਾਂ ਤੇ ਲੋਗਾਂ ਦੇ ਮੁਕਾਬਲੇ ਵਿਚ ਤੁਸੀਂ ਸਾਖੀ ਬਣੋ ਅਰ ਤੁਹਾਡੇ ਮੁਕਾਬਲੇ ਵਿਚ (ਤੁਹਾਡੇ) ਰਸੂਲ ਸਾਖੀ ਬਣਨ ਅਰ ਜਿਸ ਕਿਬਲੇ ਉਤੇ ਤੁਸੀਂ ( ਪਹਿਲਾਂ ) ਥੇ ਅਸਾਂ ਓਸ ਨੂੰ ਏਸ ਵਾਸਤੇ ਹੀ ਅਸ-ਥਾਪਿਤ ਕੀਤਾ ਸੀ, ਕਿ ( ਜਦੋਂ ਕਿਬਲਾ ਬਦਲਿਆ ਜਾਵੇ ਤਾਂ) ਅਸਾਂ ਨੂੰ ਇਹ ਮਲੂਮ ਹੋ ਜਾਏ ਕਿ ਕੌਣ ( ੨ ) ਰਸੂਲ ਦਾ ਆਗਿਆ ਕਾਰੀ ਹੋਵੇਗਾ ਅਰ ਕੌਣ ਆਪਣੀ ਪਿਛਲੀ ਪੈਰੀਂ ਫਿਰ ਜਾਏਗਾ । ਅਰ ਇਹ ਬਾਤ ਯਦੀ ਕਠਿਨ ਹੈ ਪਰੰਤੂ ਉਨਹਾਂ ਲੋਗਾਂ ਉਤੇ (ਨਹੀਂ) ਜਿਨਹਾਂ ਨੂੰ ਅੱਲਾ ਨੇ (ਸਿਰਿਸ਼ਟ ) ਸਿਖਜਾ ਦਿਤੀ ਅਰ ਖ਼ੁਦਾ ਐਸਾ ਨਹੀਂ ਕਿ ਤੁਸਾਂ ਦਾ ਧਰਮ

*ਵਿਰੋਧ । †ਸੈਯਕੂਲ ਨਾਮੀ ਦੂਸਰਾ ਪਾਰਾ ਚਲਾ ॥

Digitized by Panjab Digital Library | www.panjabdigilib.org

ਵਿਅਰਥ ਜਾਣ ਦੇਵੇ। ਖੁਦਾ ਤਾਂ ਲੋਕਾਂ ਉੱਤੇ ਬੜੀ ਕਿਰਪਾ ਰੱਖਣ ਵਾਲਾ ਕਿਰਪਾਲੂ ਹੈ ॥ ੧੪੩ ॥ (ਹੇ ਪੈਯੰਬਰ) ਤੁਸਾਂ ਦਾ ਮੂੰਹ ਫੇਰ (੨) ਕੇ ਅਸ-ਮਾਨ ਦੇ ਵਲ ਵੇਖਣਾ ਅਸੀਂ ਵੇਖ ਰਹੇ ਹਾਂ। ਸੋ ਅਸੀਂ ਜ਼ਰੂਰ ਤੁਹਾਨੂੰ ਉਸ ਕਿਬਲੇ ਦੀ ਤਰਫ ਫੇਰ ਦੇਵਾਂਗੇ ਜਿਸ ਥੀਂ ਤੁਸੀਂ ਰਾਜੀ ਹੋ, ਤਾਂ ਫੇਰ ਲੋ ਆਪਣਾ ਮੂੰਹ ਮਸਜਦ ਹਰਾਮ ਦੇ ਵਲ ਅਰ ਜਿਥੇ ਕਿਤੇ ਹੋਇਆ ਕਰੋ ਉਸੇ ਤਰਫ ਆਪਣਾ ਮੁਖੜਾ ਫੇਰੋ। ਅਰ ਜਿਨਹਾਂ ਲੋਗਾਂ ਨੂੰ ਪੁਸਤਕਾਂ ਮਿਲੀਆਂ ਹੋਈਆਂ ਹਨ ਉਨਹਾਂ ਨੂੰ ਭਲੀ ਪਰਕਾਰ ਮਾਲੂਮ ਹੈ ਕਿ ਕਿਬਲੇ ਦਾ ਫਿਰਨਾ ਸਤੁ ਹੇ (ਅਰ) ਉਹਨਾਂ ਦੇ ਪਰਵਰਦਿਗਾਰ (ਦੀ ਆਗਿਆ) ਨਾਲ ਹੈ ਅਰ ਜੋ (ਕੁਝ) ਕਰ ਰਹੇ ਹੈਂ ਖੁਦਾ ਏਹਨਾਂ ਥੀਂ ਅਗਿਆਤ ਨਹੀਂ ॥੧੪੪॥ (ਅਰ) ਜਿਨਹਾਂ ਲੋਗਾਂ ਨੂੰ ਪੁਸਤਕ ਦਿਤੀ ਗਈ ਹੈ। ਯਦਜਪਿ ਤੁਸੀਂ ਸਾਰੀਆਂ ਯੁਕਤੀਆਂ ਉਨਹਾਂ ਦੇ ਪਾਸ ਲੈ ਜਾਓ ਤਥਾਪਿ ਓਹ ਤਾਂ ਤੇਸਾਡੇ ਕਿਬਲੇ ਦੀ ਪੈਰਵੀ ਕਰਨ ਵਾਲੇ ਨਹੀਂ ਅਰ ਨਾ ਹੀ ਤੁਸੀਂ ਉਨਹਾਂ ਦੇ ਕਿਬਲੇ ਦੀ ਪੈਰਵੀ ਕਰਨ ਵਾਲੇ ਹੈਂ ਨਹੀਂ (ਅਰ ਨਾ ਤੁਸੀਂ ਅਰ ਉਨਹਾਂ ਵਿਚੋਂ ਕੋਈ (ਫਰੀਕ) ਭੀ ਦੂਸਰੇ (ਫਰੀਕ) ਦੇ ਕਿਬਲੇ ਦੀ ਪੈਰਵੀ ਕਰਨੇ ਵਾਲਾ ਨਹੀਂ ਅਰ ਯਦੀ ਤੁਸੀਂ ਉਹਨਾਂ ਦੇ ਖਾਹਸ਼ਾ ਦੀ ਪੈਰਵੀ ਕਰੋਗੇ ਪਿਛੋਂ ਇਸ ਦੇ ਕਿ ਤੁਹਾਨੂੰ ਗਿਆਨ ਪਰਾਪਤ ਹੋ ਚੁਕਾ ਤੁਸੀਂ ਭੀ ਨਾਫਰਮਾਨਾਂ ਵਿਚ ਹੋ ਜਾਓਗੇ ॥ ੧੪੫ ॥ ਜਿਨਹਾਂ ਲੋਗਾਂ ਨੂੰ ਅਸਾਂ ਪਸਤਕ ਦਿੱਤੀ ਹੈ ਵੈ ਜਿਸ ਪਰਕਾਰ ਆਪਣਿਆਂ ਪੁੱਤਰਾਂ ਨੂੰ ਜਾਣਦੇ ਹਨ ਏਸ (ਪੈਯੰਬਰ ਮੁਹੰਮਦ) ਨੂੰ ਭੀ ਜਾਣਦੇ ਹਨ ਅਰ ਉਨਹਾਂ ਵਿਚੋਂ ਕਈਕ ਲੋਗ ਪਰਤੱਖਜ ਸੱਚੀ (ਬਾਰਤਾ) ਨੂੰ ਛਿਪਾਂਦੇ ਹਨ॥੧੪੬॥ ਸਤ ਤੁਹਾਡੇ ਪਰਵਰਦਿਗਾਰ (ਦੀ) ਤਰਫ ਸੇ ਹੈ ਸੋ ਕਿਤੇ ਭ੍ਰਾਮਕ ਸੰਦੇਹ ਵਾਲਿਆਂ ਵਿਚੋਂ ਨਾ ਹੋ ਜਾਣਾਂ ॥ ੧੪੭ ॥ ਰੁਕੂਹ ੧੭ ॥

ਅਰ ਹਰ ਇਕ (ਫਰੀਕ) ਵਾਸਤੇ ਇਕ ਦਿਸ਼ਾ ਹੈ ਜਿਸ ਦਿਸ਼ਾ ਵਲ ਵੈ ਆਪਣਾ ਮੁਖੜਾ ਕਰਦਾ ਹੈ ਤਾਂ ਤੁਸੀਂ ਨੇਕੀਆਂ ਵਲ ਪ੍ਰਵਿਰਤੋ, ਤੁਸੀਂ ਕਿਤੇ ਭੀ ਹੋਵੋ ਅੱਲਾ ਤੁਹਾਨੂੰ ਸਾਰਿਆਂ ਨੂੰ ਇਕਠਾ ਕਰ ਲਵੇਗਾ, ਨਿਰਸੰਦੇਹ ਅੱਲਾ ਸੰਪੂਰਨ ਵਸਤਾਂ ਉਤੇ ਕਾਦਰ ਹੈ ॥ ੧੪੮ ॥ ਅਰ ਤੁਸੀਂ ਕੀਤਿਓਂ ਭੀ ਨਿਕਸੋ ਤਾਂ (ਜਿਥੇ ਹੋਵੋ) ਆਪਣਾ ਮੂੰਹ ਵਡਿਆਈ ਹੋਈ ਮਸਜਦ ਵਲ ਕਰ ਲੀਤਾ ਕਰੋ ਅਰ ਏਹ ਬਰਹੱਕ ਹੈ ਤੁਹਾਡੇ ਪਰਵਰਦਿਗਾਰ ਥੀਂ ਅਰ ਅੱਲਾ ਤੁਹਾਡਿਆਂ ਅਮਲਾਂ ਥੀਂ ਬੇ ਖਬਰ ਨਹੀਂ ॥ ੧੪੯ ॥ ਅਰ ਤੁਸੀ ਕਿਤਿਓਂ ਵੀ ਨਿਕਲੋ ਆਪਣਾ ਮੂੰਹ ਵਡਿਆਈ ਹੋਈ ਮਸਜਦ ਦੇ ਪਾਸੇ ਕਰ ਲੀਤਾ ਕਰੋ ਅਰ ਤੁਸੀਂ ਜਿਥੇ ਕਿਤੇ ਹੋਇਆ ਕਰੋ ਓਸ ਦੇ ਪਾਸੇ ਆਪਣਾ

Digitized by Panjab Digital Library | www.panjabdigilib.org

ਮੂੰਹ ਕਰ ਲੀਤਾ ਕਰੋ, ਪਰਯੋਜਨ ਹੈ ਕਿ ਐਸਾ ਨਾ ਹੋਵੇ ਕਿ ਤੁਹਾਡੇ ਮਨੋਣ ਦਾ ਲੋਗਾਂ ਨੂੰ ਪਰਮਾਣ ਹੱਥ ਆ ਜਾਵੇ ਪਰੰਤੂ ਇਹਨਾਂ ਵਿਚੋਂ ਜੋ ਨਾਹੱਕ ਦੀ ਹੈਂਕੜ ਕਰਦੇ ਹਨ ( ਓਹ ਤਾਂ ਤੁਹਾਨੂੰ ਇਲਜ਼ਾਮ ਦਿਤਿਆਂ ਬਗੈਰ ਰਹਿਣ ਨਹੀਂ ਲਗੇ ) ਤਾਂ ਤੁਸੀਂ ਓਹਨਾਂ ਪਾਸੋਂ ਨਾ ਡਰੋ ਅਰ ਸਾਡਾ ਡਰ ਰਖੋ ਅਰ ਪਰਯੋਜਨ ਏਹ ਹੈ ਕਿ ਅਸੀਂ ਆਪਣੀ ਨਿਆਮਤ ਤੁਹਾਡੇ ਉੱਤੇ ਪੂਰੀ ਕਰੀਏ ਸ਼ਾਇਦ ਤੁਸੀਂ ਸਿੱਧੇ ਰਸਤੇ ਆ ਲਗੋ ॥ ੧੫੦ ॥ ਜੈਸੇ ਅਸਾਂ ਨੇ ਤੁਹਾਡੇ ਪਾਸ ਤੁਹਾਡੇ ਹੀ ਵਿਚੋਂ ਕਈ ਇਕ ਰਸੂਲ ਭੇਜੇ ਜੋ ਸਾਡੀਆਂ ਆਯਤਾਂ ਤੁਹਾਨੂੰ ਪੜ੍ਹਕੇ ਸੁਣਾਉਂਦੇ ਅਰ ਤੁਹਾਡਾ ਸੁਧਾਰ ਕਰਦੇ ਅਰ ਤੁਹਾਨੂੰ ਕਿਤਾਬ ( ਅਰਥਾਤ ਕੁਰਾਨ ) ਅਰ ਅਕਲ ( ਦੀਆ ਬਾਤਾਂ ) ਸਿਖਾਉਂਦੇ ਅਰ ਤੁਹਾਨੂੰ ਓਹ ਐਸੀਆਂ (੨) ਬਾਤਾਂ ਦਸਦੇ ਜੋ ਤੁਹਾਨੂੰ ਮਾਲੂਮ ਨਹੀਂ ਸਨ ਤਾਂ ਤੁਸੀਂ ਮੇਰੀ ਯਾਦ ਵਿਚ ਲਗੇ ਰਹੋ ਮੈਂ ਤਹਾਨੂੰ ਯਾਦ ਕਰਾਂਗਾ ॥ ਅਰ ਮੇਰਾ ਧੰਨਵਾਦ ਕਰਦੇ ਰਹੋ ਅਰ ਨਾਸ਼ੁਕਰੀ ਨਾ ਕਰੋ ॥ ੧੫੧ ॥ ਰੁਕੂਹ ੧੮ ॥

ਮੁਸਲਮਾਨੋ ! ਸੰਤੋਖ ਅਰ ਨਮਾਜ਼ ਪਾਸੋਂ ਸਹਾਇਤਾ ਲਵੋ ਸੱਚ ਮੁਚ ਅੱਲਾ ਸਾਬਰਾਂ ਦਾ ਸੰਗੀ ਸਾਥੀ ਹੈ ॥ ੧੫੨ ॥ ਅਰ ਜੋ ਲੋਗ ਅੱਲਾ ਦੇ ਰਾਹ ਵਿਚ ਮਾਰੇ ਜਾਣ ਓਹਨਾਂ ਨੂੰ ਮਰਿਆਂ ਨਾ ਕਹਿਣਾ ਪ੍ਰਤਯੁਤ ਅਮਰ ਹਨ ਪਰੰਚ ( ਉਹਨਾਂ ਦੇ ਜੀਵਨ ਦੀ ਹਕੀਕਤ ) ਤੁਸੀਂ ਨਹੀਂ ਸਮਝਦੇ ॥ ੧੫੩ ॥ ਅਰ ਨਿਰਸੰਦੇਹ ਅਸੀਂ ਤੁਹਾਡੀ ਥੋੜੇ ਸੇ ਡਰ ਨਾਲ ਅਰ ਭੁਖ ਨਾਲ ਅਰ ਮਾਲ ਅਰ ਜਾਨ ਅਰ ਫਲਾਂ ਦੇ ਘਾਟੇ ਨਾਲ ਪ੍ਰੀਖਿਯਾ ਕਰਾਂਗੇ ਅਰ ( ਹੇ ਪੈਯੰਬਰ ) ਸਬਰ ਕਰਨ ਵਾਲਿਆਂ ਨੂੰ ( ਖੁਸ਼ਖਬਰੀ ਸੁਣਾ ਦਿਓ ) ॥ ੧੫੪ ॥ ਏਹ ਲੋਗ ਜਦੋਂ ਏਹਨਾਂ ਉਤੇ ਵਿਪੱਤੀ ਆ ਪਰਾਪਤ ਹੁੰਦੀ ਹੈ ਤਾਂ ਬੋਲ ਉਠਦੇ ਹਨ ਅਸੀਂ ਤਾਂ ਅੱਲਾ ਦੇ ਹੀ ਹਾਂ ਅਰ ਅਸੀਂ ਓਸੇ ਦੀ ਤਰਫ ਹੀ ਲੋਟ ਕੇ ਜਾਣ ਵਾਲੇ ਹਾਂ ॥ ੧੫੫ ॥ ਏਹ ਲੋਗ ਹਨ ਜਿਨਹਾਂ ਉੱਤੇ ਉਨਹਾਂ ਦੇ ਪਰਵਰਦਿਗਾਰ ਦੀ ਕਿਰਪਾ ਅਰ ਦਿਆਲਤਾ ਹੈ ਅਰ ਏਹੋ ਹੀ ਸਚੇ ਮਾਰਗ ਉਤੇ ਹਨ॥ ੧੫੬ ॥ ਸੱਚ ਮੁਚ ਸਫਾ ਅਰ ( ਕੋਹਿ ) ਮਰਵਾ ਖੁਦਾ ਦੀਆਂ ਅਦਬ ਵਾਲੀਆਂ ਜਗਹਾਂ ਵਿਚੋਂ ਹਨ ਤਾਂ ਜੋ ਪੁਰਖ ਖਾਨੇ ਕਾਬੇ ਦਾ ਹੱਜ ਕਿੰਬਾ *ਉਮਰਾ ਕਰੇ ਉਸ ਨੂੰ ਏਹਨਾਂ ਦੋ ਨੂਆਂ ਦੇ(ਪਰਿਕ੍ਰਮਾ) ਕਰਨ ਨਾਲ ਕੋਈ ਹਾਨੀ ਨਹੀਂ ਜੋ ਪਰਸੰਨਤਾ ਨਾਲ ਉੱਤਮ ਕੰਮ ਕਰੇ ਤਾਂ ਅੱਲਾ ਕਦਰਦਾਨ ( ਅਰ ਉਸ ਦੀ ਨੀਯਤ ਨੂੰ ) ਜਾਣਦਾ ਹੈ ॥ ॥ ੧੫੭ ॥ ਜੋ ਲੋਗ

*ਉਮਰਾ ਅਰ ਹੱਜ ਉਦ੍ਹ ਤਾਂ ਇਕੋ ਹੀ ਬਾਤ ਹੈ ਪਰੰਚ, ਉਮਰੇ ਅਰ ਹੱਜ ਦੇ ਵਿਚ ਫਰਕ ਏਹ ਹੈ ਕਿ ਹੱਜ ਖਾਸ ਦਿਨਾਂ ਵਿਚ ਹੁੰਦਾ ਹੈ ਅਰ ਉਮਰਾ ਜਦੋਂ ਜੀ ਚਾਹੇ ਜਾਏ ॥

Digitized by Panjab Digital Library | www.panjabdigilib.org

ਸਾਡੀਆਂ ਉਤਾਰੀਆਂ ਹੋਈਆਂ ਸਪਸ਼ਟ ਯੁਕਤੀਆਂ ਅਰ ਸਿਖਿਆ ਨੂੰ ਛਪਾਂਦੇ ਹਨ ਪਿਛੋਂ ਇਸਦੇ ਕਿ ਅਸੀਂ ਉਹਨਾਂ ਲੋਗਾਂ ਦੇ ਵਾਸਤੇ ਪੁਸਤਕ ਵਿਚ ਵਰ-ਣਨ ਕਰ ਚੁਕੇ ਹਾਂ ਤਾਂ ਏਹੋ ਲੋਗ ਹਨ ਜਿਨਹਾਂ ਨੂੰ ਖੁਦਾ ਲਾਨਤ ਪਾਉਂਦਾ ਹੈ ਅਰ ਸੰਪੂਰਨ ਲਾਨਤਾਂ ਪਾਉਣ ਵਾਲੇ ( ਭੀ ) ਲਾਨਤ ਪਾਉਂਦੇ ਹਨ ॥ ੧੫੮ ॥ ਪਰੰਚ ਜਿਨਹਾਂ ਨੇ ਤੋਬਾ ਕੀਤੀ ਅਰ ਸੁਧਾਰ ਕੀਤਾ ਅਰ (ਓਹਨਾਂ ਬਾਤਾਂ ਨੂੰ) ਸਪਸ਼ਟ ਵਰਣਨ ਕਰ ਦਿਤਾ ਤਾਂ ਏਹੋ ਲੋਗ ਹਨ ਜਿਨਹਾਂ ਨੂੰ ਮੈਂ ਬਖਸ਼ਦਾ ਹਾਂ ਅਰ ਮੈਂ ਤਾਂ ਬਖਸ਼ਨ ਵਾਲਾ ਵਡਾ ਮੇਹਰਬਾਨ ਹਾਂ ॥ ੧੫੯ ॥ ਜੋ ਲੋਗ ਨਨਾਕਾਰ ਕਰਦੇ ਰਹੇ, ਅਰ ਨਨਕਾਰੀ ਦੀ ਹਾਲਤ ਵਿਚ ਮਰ ਗਏ, ਏਹੋ ਹਨ ਜਿਨਹਾਂ ਨੂੰ ਖੁਦਾ ਦੀ ਲਾਨਤ ਅਰ ਫਰਿਸ਼ਤਿਆਂ ਦੀ ਅਰ ਸਭਨਾਂ ਦੀ ॥ ੧੬੦ ॥ ਅਰ ਨਿਤਜੰ ਨਿਤਜੰ ਏਸੇ ( ਤਿਰਸਕਾਰ ) ਵਿਚ ਰਹਿਣਗੇ ਨਾਂ ਤਾਂ ਏਹਨਾਂ (ਉਤੋਂ) ਦੁਖ ਹੀ ਹੌਲਾ ਹੋਵੇਗਾ ਅਰ ਨਾ ਹੀ ਏਹਨਾਂ ਨੂੰ (ਦੁਖ ਦੇ ਵਿਚੋਂ) ਮੋਹਲਤ ਹੀ ਮਿਲੇਗੀ ॥ ੧੬੧ ॥ ਅਰ (ਲੋਗੋ !) ਤੁਹਾਡਾ ਮਾਬੂਦ ਤਾਂ ਇਕੋ (ਵਹੀ) ਖੁਦਾ ਹੈ ਓਸ ਥੀਂ ਸਿਵਾ ਕੋਈ ਮਬੂਦ ਨਹੀਂ ਬੜੀ ਕਿਰਪਾ ਕਰਨੇ ਵਾਲਾ ਦਿਆਲੂ ਹੈ ॥ ੧੬੨ ॥ ਰੁਕੂਹ ੧੯ ॥

ਨਿਰਸੰਦੇਹ ਧਰਤੀ ਅਰ ਅਗਾਸ ਦੇ ਬਨਾਵਣ ਵਿਚ ਅਰ ਰਾਤ ਅਰ ਦਿਨ ਦੀ ਅਦਲਾ ਬਦਲੀ ਵਿਚ ਅਰ ਜਹਾਜ਼ਾਂ ਵਿਚ ਜੋ ਲੋਕਾਂ ਦੇ ਲਾਭਦਾਇਕ ਵਸਤਾਂ ( ਅਰਥਾਤ ਵਜਾਪਾਰੀ ਮਾਲ ) ਸਮੁੰਦਰ ਵਿਚ ਲੈ ਕੇ ਚਲਦੇ ਹਨ ਅਰ ਵਰਖਾ ਜਿਸ ਨੂੰ ਅੱਲਾ ਅਗਾਸ਼ ਥੀਂ ਕਰਦਾ ਹੈ ਫੇਰ ਓਸੇ ਕਰਕੇ ਧਰਤੀ ਨੂੰ ਓਸ ਦੇ ਮਰੇ (ਅਰਥਾਤ ਬੰਜਰ ਪੜਿਆਂ) ਪਿਛੋਂ ਫੇਰ ਸਜੀਵ ਕਰਦਾ ਹੈ ਅਰ ਹਰ ਤਰਹਾਂ ਦੇ ਜਨਾਵਰ ਜੋ ਖੁਦਾ ਨੇ ਸਾਰੀ ਧਰਤੀ ਵਿਚ ਪਸਾਰੇ ਹੋਏ ਹਨ ਅਰ ਪੌਣ ਦੇ (ਏਤਲੋਂ ਓਤਲ ਅਰ ਓਤਲੋਂ ਏਤਲ) ਫੇਰਨ ਵਿਚ ਅਰ ਮੇਘਾਂ ਵਿਚ ਜੋ (ਖੁਦਾ ਦੇ ਹੁਕਮ ਨਾਲ) ਧਰਤੀ ਅਗਾਸ਼ ਦੇ ਮੱਧ ਵਿਚ ਕਾਬੂ ਕੀਤਾ ਹੈ ਓਹਨਾਂ ਲੋਕਾਂ ਵਾਸਤੇ ਜੋ ਬੁਧੀਮਾਨ ਹਨ (ਖੁਦਾ ਦੀ ਕੁਦਰਤ ਦੀਆਂ ਬਹੁਤ ਹੀ) ਨਿਸ਼ਾ-ਨੀਆਂ ਹਨ ॥ ੧੬੩ ॥ ਅਰ ਲੋਕਾਂ ਵਿਚੋਂ ਕਈਕ ਐਸੇ ਭੀ ਹਨ ਜੋ ਅੱਲਾ ਥੀਂ ਸਿਵਾ ਸ਼ਰੀਕ ਇਸਥਿਤ ਕਰਦੇ ਹਨ (ਅਰ) ਜੈਸਾ ਪਰੇਮ ਖੁਦਾ ਨਾਲ ਰਖਣਾਂ ਚਾਹੀਦਾ ਹੈ ਵੈਸਾ ਹੀ ਪਰੇਮ ਉਨਹਾਂ ਨਾਲ ਰਖਦੇ ਹਨ ਅਰ ਜੋ ਈਮਾਨ ਵਾਲੇ ਹਨ ਉਨਹਾਂ ਨੂੰ ਤਾਂ (ਸਾਰਿਆਂ ਨਾਲੋਂ) ਵਧ ਕੇ ਰੱਬ ਦਾ ਪਰੇਮ ਹੁੰਦਾ ਹੈ ਅਰ ਜੋ ਬਾਰਤਾ (ਏਹਨਾਂ) ਜਾਲਮਾਂ ਨੂੰ ਅਜਾਬ ਦੇ ਦੇਖਣ ਨਾਲ ਸੁਝੇਗੀ,ਹਾਇ ! ਰੱਬਾ ਹੁਣੇ ਹੀ ਸੁੱਝ ਜਾਂਦੀ ਕਿ ਅੱਲਾ ਵਿਚ ਹਰ ਤਰਹਾ ਦਾ ਬਲ ਹੈ ਅਰ (ਹੋਰ) ਏਹ ਕਿ ਅੱਲਾ ਕਸ਼ਟ (ਭੀ) ਕਰੜਾ ਦੇਨ ਵਾਲਾ ਹੈ ॥

Digitized by Panjab Digital Library | www.panjabdigilib.org

॥੧੬੪॥ਜਦੋਂ ਉਹ *(ਓਹਨਾਂ)ਥੀਂ ਬੇਜ਼ਾਰ ਹੋਣਗੇ ਜਿਨਹਾਂ ਦੀ ਪੈਰਵੀ ਕੀਤੀ ਸੀ ਓਹਨਾਂ ਥੀਂ ਜੋ ਦਾਸ ਹੋਇ ਸਨ ਅਰ ਉਹ ਕਸ਼ਟ ਨੂੰ ਵੇਖਣਗੇ ਅਰ ਸਰਬ ਪਰਕਾਰ ਦੇ ਸਰਬੰਦ ਕਟ ਜਾਣਗੇ ॥ ੧੬੬ ॥ ਅਰ ( ਇਹ ) ਚੇਲੇ ਮੂੰਹ ਚੜ੍ਹ ਬੋਲਣਗੇ, ਹਾਇ ਰੱਬਾ ਸਾਨੂੰ (ਇਕ ਵੇਰੀ ਸੰਸਾਰ ਵਿਚ) ਫੇਰ ਲੋਟ ਕੇ ਜਾਣਾ ਮਿਲੇ ਤਾਂ ਜਿਸ ਤਰਹਾਂ ਏਹ (ਲੋਗ ਅਜ) ਸਾਡੇ ਪਾਸੋਂ ਮੂੰਹ ਮੋੜ ਕਰ ਬੈਠੇ ਹਨ (ਓਸੇ ਤਰਹਾਂ) ਅਸੀਂ ਭੀ (ਕਲ ਨੂੰ) ਏਹਨਾਂ ਨਾਲ ਮੂੰਹ ਮੋਟਾ ਕਰ ਬੈਠੀਏ ਏਸੇ ਤਰਹਾਂ ਅੱਲਾ ਉਨਹਾਂ ਦੇ ਕਰਤਬ ਉਨਹਾਂ ਦੇ ਅਗੇ ਲੈ ਆਵੇਗਾ ਕਿ ਉਨਹਾਂ ਨੂੰ ਅਫਸੋਸ ਦਾ ਕਾਰਣ ਦਸਣਗੇ ਅਰ (ਏਸ ਥੀਂ ਭੀ) ਉਨਹਾਂ ਨੂੰ ਨਰਕਾਂ ਥੀਂ ਨਿਕਲਨਾ ਨਹੀਂ ਹੋਵੇਗਾ ॥ ੧੬੬ ॥ ਰੁਕੂਹ ॥ ੨੦ ॥

ਲੋਗੋ ਧਰਤੀ ਉਤੇ ਜੋ ਵਸਤਾਂ ਹਲਾਲ† ਅਰ ਪਵਿਤਰ ਹਨ ਉਨਹਾਂ ਵਿਚੋਂ (ਜੋ ਵਸਤੂ ਚਾਹੋ ਬੇਖਟਕਾ) ਖਾਓ ਅਰ ਸ਼ੈਤਾਨ ਦੇ ਪੈਂਤੜਿਆਂ ਉਤੇ ਨਾ ਚਲੋ ਓਹ ਤਾਂ ਤੁਹਾਡਾ ਪ੍ਰਤੱਖ ਦੁਸ਼ਮਨ ਹੈ ॥ ੧੬੭ ॥ ਓਹ ਤਾਂ ਤੁਹਾਨੂੰ ਬੁਰਾਈ ਅਰ ਨਿਲੱਜਤਾਈ ਦੇ ਕਰਨ ਨੂੰ ਕਹੇਗਾ (ਅਰ) ਇਹ ਕਿ ਬਿਨਾਂ ਸੋਚੇ ਵਿਚਾਰੇ ਖ਼ੁਦਾ ਉਤੇ ਝੂਠ ਮੂਠ ਥਪੋ ਅਰ ਜਦੋਂ ਇਹਨਾਂ ਲੋਗਾਂ ਨੂੰ ਕਹਿਆ ਜਾਂਦਾ ਹੈ ਕਿ ਜੋ (ਹੁਕਮ) ਖ਼ੁਦਾ ਨੇ ਉਤਾਰਿਆ ਹੈ ਓਸ ਉਤੇ ਚਲੋ ਤਦੋਂ ਉੱਤਰ ਦੇਂਦੇ ਹਨ (ਨਹੀਂ ਜੀ) ਅਸੀਂ ਤਾਂ ਓਸ (ਰਹੁਰੀਤ) ਉਤੇ ਤੁਰਾਂਗੇ ਜਿਸ ਉਤੇ ਅਸਾਂ ਨੇ ਆਪਣੇ ਪਿਤਾ ਪਿਤਾਮਾ ਨੂੰ (ਤੁਰਦਿਆਂ) ਵੇਖਿਆ ਹੈ ਭਲਾ ਜੇ ਕਰਕੇ ਏਹਨਾਂ ਦੇ ਪਿਉ ਦਾਦੇ ਕੁਝ ਭੀ ਨਾ ਸਮਝਦੇ ਅਰ ਨਾ ਹੀ ਸੱਚੇ ਮਾਰਗ ਉਤੇ ਚਲਦੇ ਰਹੇ ਹੋਣ ( ਭੀ ) ਉਨਹਾਂ ਦੀ ਹੀ ਪੈਰਵੀ ਕਰਦੇ ਜਾਣਗੇ) ॥ ੧੬੮ ॥ਅਰ ਕਾਫਰਾਂ ਦਾ ਦਰਿਸ਼ਟਾਂਤ ਓਸ ਪੁਰਖ ਦੀ ਤਰਹਾਂ ਹੈ ਜੋ ਇਕ ਵਸਤੂ ਦੇ ਪਿਛੇ ਪੜਾ ਚੀਕਾਂ ਮਾਰਦਾ ਹੈ ਓਹ ਸੁਣਦੇ ਨਹੀਂ ਜੋ ਕੇਵਲ ਚੀਕਾਂ ਅਰ ਅਵਾਜ਼ਾਂ ਬੋਲੇ ਗੁੰਗੇ ਅੰਧੇ ਹਨ ਤਾਂ ਏਹ ਜਾਣਦੇ ਬੁਝਦੇ (ਕੁਛ) ਨਹੀਂ ॥ ੧੬੯ ॥ ਮੁਸਲਮਾਨੋ ! ਅਸਾਂ ਜੋ ਤੁਹਾਨੂੰ ਪਵਿਤਰ ਰਿਜਕ ਦੇ ਛਡਿਆ ਹੈ ( ਓਸ ਨੂੰ ਨਿਰਸੰਦੇਹ ) ਖਾਓ ਅਰ ਯਦੀ ਤੁਸੀਂ ਅੱਲਾ ਦੀ ਭਗਤੀ ਦਾ ਦਮ ਮਾਰਦੇ ਹੋ ਤਾਂ ਏਸ ਬਾਤ ਦਾ ਧੰਨਜਵਾਦ ਕਰੋ ਓਸ ਨੇ ਤਾਂ ਤੁਹਾਡੇ ਵਾਸਤੇ ਮੁਰਦਾਰ (ਜਾਨਵਰ) ਅਰ ਲਹੂ ਅਰ ਸੂਰ ਦਾ ਮਾਸ ਹਰਾਮ ਕੀਤਾ ਹੈ ਅਰ (ਹੋਰ) ਓਹ (ਜੀਵ) ਜਿਨਹਾਂ ਨੂੰ ਰਬ ਦੇ ਨਾਮ ਥੀਂ ਸਿਵਾ ਕਿਸੇ ਹੋਰ (ਦੀ ਭਗਤੀ) ਵਾਸਤੇ (ਹਲਾਲ ਅਰ) ਪਰਗਟ ਕੀਤਾ ਜਾਵੇ ਪਰੰਤੂ ਉਹ ਪੁਰਖ ਜੋ ਆਗਿਆ ਭੰਗ ਕਰਨ ਵਾਲਾ

*ਤੰਗ। †ਤੂਯਬ।

Digitized by Panjab Digital Library | www.panjabdigilib.org

ਅਰ ਸੀਮਾ ਉਲੰਘਣ ਕਰਨ ਵਾਲਾ ਨਾ ਹੋਵੇ ਲਾਚਾਰ ਹੋ ਜਾਵੇ ਤਾਂ ਉਸ ਨੂੰ (ਏਹਨਾਂ ਵਸਤਾਂ ਵਿਚੋਂ ਕਿਸੇ ਵਸਤ ਦੇ ਖਾ ਲੈਣ ਦਾ) ਦੋਸ਼ ਨਹੀਂ, ਨਿਰ-ਸੰਦੇਹ ਅੱਲਾ ਬਖਸ਼ਨੇ ਵਾਲਾ ਕਿਰਪਾਲੂ ਹੈ ॥ ੧੭੦ ॥ ਜੋ ਲੋਕ ਉਨਹਾਂ ਹੁਕਮਾਂ ਨੂੰ ਜੋ ਖੁਦਾ ਨੇ (ਆਪਣੀ) ਪੁਸਤਕ ਵਿਚ ਉਤਾਰੇ ਛਿਪਾਉਂਦੇ ਅਰ ਉਸ ਦੇ ਬਦਲੇ ਥੋੜਾ ਸਾ (ਦੁਨੀਆਂ ਦਾ) ਲਾਭ ਹਾਸਲ ਕਰਦੇ ਹਨ ਏਹ ਲੋਗ ਹੋਰ ਕੁਛ ਨਹੀਂ ਪਰੰਤੂ ਆਪਣਿਆਂ ਪੇਟਾਂ ਵਿਚ ਅਗ ਪਾ ਰਹੇ ਹਨ ਅਰ ਅੰਤ ਦੇ ਦਿਨ ਖੁਦਾ ਏਹਨਾਂ ਨਾਲ ਗਲ ਭੀ ਤਾਂ ਨਹੀਂ ਕਰਨੀ ਅਰ ਨਾ ਹੀ ਏਹਨਾਂ ਨੂੰ (ਪਾਪ ਮਲ ਥੀਂ) ਪਵਿਤਰ ਹੀ ਕਰੇਗਾ ਅਗ ਏਹਨਾਂ ਵਾਸਤੇ ਅਸਹਿ ਦੁਖ ਹੈ ॥ ੧੭੧ ॥ ਏਹੋ ਲੋਗ ਹਨ ਜਿਨਹਾਂ ਨੇ ਸੱਚੇ ਰਾਹ ਦੇ ਬਦਲੇ ਵਿਚ ਗੁਮਰਾਹੀ ਮੋਲ ਲੀਤੀ ਅਰ (ਰੱਬ ਦੀ) ਬਖਸ਼ਸ਼ ਦੇ ਬਦਲੇ ਦੁਖ (ਖਰੀਦਿਆ) ਸੋ ਫੇਰ ਤਾਂ ਕਿਸ ਵਸਤੂ ਨੇ ਓਹਨਾਂ ਨੂੰ ਅਗ ਤੇ ਸੰਤੋਖ ਦਿਤਾ ॥ ੧੭੨ ॥ ਪਾਦ ੧ ॥

ਏਹ ਏਸ ਵਾਸਤੇ ਕਿ ਭਗਵਾਨ ਨੇ ਹੀ ਸੱਚੀ ਕਿਤਾਬ ਉਤਾਰੀ ਹੈ ਅਰ ਜਿਨਹਾਂ ਲੋਗਾਂ ਨੇ ਓਸ ਵਿਚ *ਇਖਤਲਾਫ ਕੀਤਾ ( ਓਹ ) ਪਰਲੇ ਸਿਰੇ ਦੀ ਮੁਖਾਲਫਤ ਵਿਚ ਹਨ ॥ ੧੭੩ ॥ ਰੁਕੂਹ ੨੧ ॥

ਭਲਾਈ ਏਹੋ ਨਹੀਂ ਕਿ (ਤੁਸੀਂ) ਆਪਣਾ ਮੁਖੜਾ ਚੜ੍ਹਦੇ ਨੂੰ (ਕਰ ਲਓ) ਕਿੰਬਾ ਪਸਚਮ ਨੂੰ ਕਰ ਲਓ ਪ੍ਰਤਯੁਨ (ਅਸਲ) ਭਲਾਈ ਤਾਂ ਉਨਹਾਂ ਦੀ ਹੈ ਜੋ ਅੱਲਾ ਅਰ ਅੰਤ ਦੇ ਦਿਨ ਅਰ ਫਰਿਸ਼ਤਿਆਂ ਅਰ (ਆਸਮਾਨੀ) ਪੁਸਤਕਾਂ ਅਰ ਨਬੀਆਂ ਉਤੇ ਈਮਾਨ ਲੈ ਆਏ ਹਨ ਅਰ ਧਨ ਮਾਲ (ਪਜਾਰੇ ਹੋਣ ਕਰਕੇ ਭੀ ਅੱਲਾ ਦੇ ਪਰੇਮ ਪਿਛੇ ਸੰਬੰਧੀਆਂ ਅਰ ਮਾਂ ਮਹਿਟਰਾਂ ਅਰ ਮੁਹਤਾਜਾਂ ਅਰ ਰਾਹੀਆਂ ਅਰ ਆਸਵੰਦਾਂ ਨੂੰ ਦਿਤਾ ਅਰ (ਦਾਸਤਾਦੀ ਕੈਦ ਵਿਚੋਂ ਲੋਗਾਂ ਦੇ) ਗਰਦਨਾਂ (ਛੁਡਾਣ) ਵਾਸਤੇ (ਦਿਤਾ) ਅਰ ਨਮਾਜ ਪੜ੍ਹਦੇ ਅਰ ਜ਼ਕਾਤ ਦੇਂਦੇ ਰਹੇ ਹਨ ਅਰ ਜਦੋਂ (ਕਿਸੇ ਗੱਲ ਦਾ) ਇਕਰਾਰ ਕਰ ਲੀਤਾ ਤਾਂ ਆਪਣੇ ਬਚਨ ਦੇ ਪੂਰੇ ਅਰ ਤੰਗੀ ਤੁਰਸ਼ੀ ਵਿਚ ਅਰ ਦੁਖ ਵਿਚ ਅਰ ਅਪੜਾ ਦਪੜੀ ਦੇ ਵੇਲੇ ਸੰਤੋਖੀ ਰਹੇ, ਯਹੀ ਲੋਗ ਹਨ ਜੋ (ਇਸਲਾਮ ਦੇ ਦਾਵੇ ਵਿਚੋਂ) ਸਚੇ ਨਿਕਲੇ ਅਰ ਇਹੋ ਹੀ ਪਰਹੇਜ-ਗਾਰ ਹੈਂ ॥੧੭੪॥ ਮੁਸਲਮਾਨੋ ! (ਤੁਹਾਡੇ ਵਿਚੋਂ) ਮਾਰੇ ਗਇਆਂ ਦਾ ਬਦਲਾ (ਲੈਣਾ) ਤੁਹਾਡੇ ਉਤੇ ਫਰਜ਼ ਕੀਤਾ ਗਿਆ ਹੈ ਆਜ਼ਾਦ ਦੇ ਬਦਲੇ ਆਜ਼ਾਦ ਅਰ ਦਾਸ ਦੇ ਬਦਲੇ ਦਾਸ ਅਰ ਇਸਤਰੀ ਦੇ ਬਦਲੇ ਇਸਤਰੀ ਫੇਰ ਜਿਸ (ਕਾਤਿਲ) ਨੂੰ ਓਸ ਦੇ ਭਿਰਾ ਦੀ ਤਰਫੋਂ (ਬਦਲੇ ਦਾ) ਕੋਈ ਹਿੱਸਾ ਬਖਸ਼

*ਭੇਦ।

Digitized by Panjab Digital Library | www.panjabdigilib.org

ਦਿਤਾ ਜਾਵੇ ਤਾਂ ਉਚਿਤ ਹੈ ਕਿ ਦਸਤੂਰ ਦੇ ਅਨੁਸਾਰ ਅਰ (ਕਾਤਿਲ ਦੇ ਵਲੋਂ) ਮਕਤੂਲ ਦਿਆਂ ਵਾਰਸਾਂ ਨੂੰ ਪਰਸੰਨਤਾ ਨਾਲ (ਖ਼ੂਨ ਦੇ ਮੋਲ ਦਾ) ਦੇ ਦੇਣਾ ਏਹ (ਹੁਕਮ ਖ਼ੂਨ ਦੇ ਮੋਲ ਦਾ) ਤੁਹਾਡੇ ਪਰਵਰ-ਦਿਗਾਰ ਵਲੋਂ (ਤੁਹਾਡੇ ਵਾਸਤੇ) ਸੁਭੀਤਾ ਹੈ ਅਰ ਮੇਹਰਬਾਨੀ ਹੈ ਫੇਰ ਏਸ ਥੀਂ ਪਿਛੋਂ ਜੋ ਵਾਧਾ ਕਰੇ ਤਾਂ ਓਸ ਦੇ ਵਾਸਤੇ ਅਸਹਿ ਦੁਖ ਹੈ ॥ ੧੭੫ ॥ ਅਰ ਬੁਧੀਮਾਨੋ (ਬਦਲੇ ਦੇ ਕਾਯਦੇ) ਵਿਚ ਤੁਹਾਡਾ ਜੀਵਨ ਹੈ (ਅਰ ਏਸੇ ਵਾਸਤੇ ਜਾਰੀ ਕੀਤਾ ਗਿਆ ਹੈ) ਤਾ ਕਿ ਤੁਸੀ (ਖ਼ੂਨ ਕਰਨ ਥੀਂ) ਹਟ ਕੇ ਰਹੋ ॥ ੧੭੬ ॥ (ਮੁਸਲਮਾਨੋ !) ਤੁਹਾਨੂੰ ਆਗਿਆ ਦਿਤੀ ਜਾਂਦੀ ਕੇ ਜਦੋਂ ਤੁਹਾਡੇ ਵਿਚੋਂ ਕਿਸੇ ਦੇ ਸਾਹਮਣੇ ਕਾਲ ਆ ਜਾਵੇ (ਅਰ) ਉਹ ਕੁਛ ਮਾਲ ਛਡਣ ਵਾਲਾ ਹੋਵੇ ਤਾਂ ਮਾਤਾ ਪਿਤਾ ਅਰ ਸੰਬੰਧੀਆਂ ਵਾਸਤੇ ਯਥਾ ਯੋਗ ਵਸੀਯਤ (ਕਰਕੇ ਮਰੇ) ਜੋ (ਖ਼ੁਦਾ ਪਾਸੋਂ) ਡਰਦੇ ਹਨ(ਉਨਹਾਂ ਉਤੇ ਉਨਹਾਂ ਦੇ ਆਪਣਿਆਂ ਦਾ ਇਹ ਇਕ) ਹੱਕ ਹੈ ॥ ੧੭੭ ॥ ਫੇਰ ਜੋ ਵਸੀਅਤ ਦੇ ਸੁਣਿਆਂ ਪਿਛੋਂ ਓਸ ਨੂੰ ਹੋਰ ਦਾ ਹੋਰ ਕਰ ਦੇਵੇ ਤਾਂ ਏਸ ਦਾ ਦੋਖ ਉਨਹਾਂ ਲੋਗਾਂ ਉਤੇ ਹੀ ਹੈ ਜੋ ਵਸੀਅਤ ਵਿਚ ਹੇਰ ਫੇਰ ਕਰਨ ਬੇਸ਼ਕ ਅੱਲਾ (ਸਭਨਾਂ ਦੀਆਂ) ਸੁਣਦਾ ਗਿਣਦਾ ਅਰ ਜਾਣਦਾ ਬੁਝਦਾ ਹੈ ॥ ੧੭੮ ॥ ਅਰ ਜਿਸ ਨੂੰ ਵਸੀਯਤ ਕਰਨ ਵਾਲੇ ਵਲੋਂ (ਕਿਸੇ ਇਕ ਆਦਮੀ ਦੀ) ਤਰਫਦਾਰੀ ਕਿੰਬਾ (ਕਿਸੇ ਦੀ) ਹੱਕ ਤਲਫੀ ਦਾ ਫਿਕਰ ਹੋਇਆ ਹੋਵੇ ਵੈ ਵਾਰਸਾਂ ਵਿਚ ਮੇਲ ਕਰਾ ਦੇਵੇ ਤਾਂ ਓਸ ਦੇ ਉਤੇ ਕੋਈ ਦੋਖ ਨਹੀਂ ਨਿਰਸੰਦੇਹ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੧੭੯ ॥ ਰੁਕੂਹ ੨੨ ॥

ਮੁਸਲਮਾਨੋ ! ਜਿਸ ਤਰਹਾਂ ਤੁਹਾਡਿਆਂ ਪਹਿਲਿਆਂ ਲੋਕਾਂ ਉਪਰ ਰੋਜ਼ਾ ਰਖਣਾ ਫਰਜ ਸੀ ਤੁਸਾਂ ਉਪਰ ਭੀ ਫਰਜ ਕੀਤਾ ਗਿਆ ਤਾਂਤੇ ਤੁਸੀਂ ਪਰਹੇਜ਼ਗਾਰ ਬਣੋ ॥ ੧੮੦ ॥ (ਉਹ ਭੀ) ਗਿਣਤੀ ਦੇ ਥੋੜੇ ਜੈਸੇ ਦਿਨ (ਹਨ) ਏਸ ਥੀਂ ਭੀ ਤੁਹਾਡੇ ਵਿਚੋਂ ਜੋ ਆਦਮੀ ਰੋਗੀ ਹੋਵੇ ਅਥਵਾ ਪੈਂਡੇ ਪੜਾ ਹੋਇਆ (ਹੋਵੇ) ਤਾਂ ਦੂਸਰਿਆਂ ਦਿਨਾਂ ਵਿਚੋਂ ਗਿਣਤੀ (ਪੂਰੀ ਕਰ ਦੇਵੇ) ਅਰ ਜਿਨਹਾਂ ਨੂੰ ਪ੍ਰਸ਼ਾਦ ਦੇਣ ਦੀ ਤਾਕਤ ਹੈ ਉਨਹਾਂ ਨੂੰ (ਇਕ ਰੋਜੇ ਦਾ) ਬਦਲਾ ਇਕ ਮੁਹਤਾਜ ਨੂੰ ਪਰਸ਼ਾਦਾ ਛਕਾ ਦੇਣਾ ਹੈ ਜੋ ਆਦਮੀ ਆਪਣੀ ਪਰਸੰਨਤਾਈ ਨਾਲ ਭਲਾ ਕੰਮ ਕਰਨਾ ਚਾਹੇ ਤਾਂ ਏਹ ਓਸਦੇ ਵਾਸਤੇ ਬਹੁਤ ਹੀ ਉੱਤਮ ਹੈ ਅਰ (ਜੇ ਸਮਝੋ ਤਾਂ) ਰੋਜ਼ਾ ਰਖਣਾ ਤੁਹਾਡੇ ਵਾਸਤੇ (ਹਰ ਹਾਲ ਵਿਚ) ਚੰਗਾ ਹੈ ਯਦੀ ਤੁਸੀਂ ਸਮਝ ਰਖਦੇ ਹੋ ॥ ੧੮੧ ॥ ਅਰ (ਰੋਜਿਆਂ ਦਾ) ਮਹੀਨਾ ਰਮਜਾਨ ਦਾ ਹੈ ਜਿਸ ਦੇ ਵਿਚ ਕੁਰਾਨ ਉਤਰਿਆ (ਕੁਰਾਨ ਵਿਚ) ਲੋਗਾਂ ਦੇ ਵਾਸਤੇ ਸਿਖਸ਼ਾ ਹੈ ਅਰ (ਉਸਦੇ ਵਿਚ) ਉਪਦੇਸ਼

Digitized by Panjab Digital Library | www.panjabdigilib.org

ਦੇ ਪ੍ਰਗਟ ਹੁਕਮ ਹਨ ਉਹ ( ਸਚ ਝੂਠ ) ਦੇ ਫਰਕ ਕਰਨ ਦੀ ਵਸਤੂ ਤਾਂ ( ਮੁਸਲਮਾਨੋ ! ) ਤੁਹਾਡੇ ਵਿਚੋਂ ਜੋ ਆਦਮੀ ਇਸ ਮਹੀਨੇ ਨੂੰ ਪਾਵੇ ਤਾਂ ਉਸਨੂੰ ਜੋਗ ਹੈ ਕਿ ( ਏਸ ਮਹੀਨੇ ) ਦੇ ਰੋਜ਼ੇ ਰਖੇ ਅਰ ਜੋ ਰੋਗੀ ਹੋਵੇ ਅਥਵਾ ਮਾਰਗੀ (ਹੋਵੇ) ਤਾਂ ਦੂਸਰਿਆਂ ਦਿਨਾਂ ਵਿਚੋਂ ਗਿਨਤੀ(ਪੂਰੀ ਕਰ ਲਵੇ) ਅੱਲਾ ਤੁਹਾਡੇ ਨਾਲ ਸੁਖੇਨਤਾਈ ਕਰਨੀ ਚਾਹੁੰਦਾ ਹੈ ਅਰ ਤੁਹਾਡੇ ਨਾਲ ਸਖਤੀ ਨਹੀਂ ਕਰਨੀ ਚਾਹੁੰਦਾ ਅਰ (ਏਹ ਹੁਕਮ ਉਸ ਨੇ ਏਸ ਵਾਸਤੇ ਦਿਤੇ ਹਨ ) ਤਾਕਿ ਤੁਸੀਂ ( ਰੋਜ਼ਿਆਂ ਦੀ ) ਗਿਣਤੀ ਪੂਰੀ ਕਰ ਲਵੋ ਅਰ ਤਾਕਿ ਅੱਲਾ ਨੇ ਜੋ ਤੁਹਾਨੂੰ ਸਿਧਾ ਰਸਤਾ ਦਸ ਦਿਤਾ ਹੈ ਏਸ ( ਨਿਆਮਤ ) ਉਤੇ ਉਸ ਦੀ ਵਡਿਆਈ ਕਰੋ ਅਰ ਤਾਕਿ ਤੁਸੀਂ ( ਉਸ ਦਾ ) ਅਹਿਸਾਨ ਮੰਨੋ ॥ ੧੮੨ ॥ ਅਰ( ਹੇ ਪੈਕੰਬਰ ) ਜਦੋਂ ਸਾਡੇ ਲੋਗ ਤੁਹਾਡੇ ਪਾਸੋਂ ਸਾਡੇ ਵਲੋਂ ਪੁਛਣ ਤਾਂ(ਉਨਹਾਂ ਨੂੰ ਆਖੋ)ਅਸੀਂ(ਉਹਨਾਂ ਦੇ)ਪਾਸ ਹਾਂ ਜਦ ਕਦੀ ਕੋਈ ਸਾਨੂੰ ਪੁਕਾਰੇ ( ਉਸਦੀ ) ਪੁਕਾਰ ਦਾ ਜਵਾਬ ਦੇਂਦੇ ਹਾਂ । ਤਾਂ ਉਨਹਾਂ ਨੂੰ ਚਾਹੀਦਾ ਹੈ ਕਿ ਸਾਡਾ ਹੁਕਮ ( ਭੀ ) ਮੰਨਣ ਅਰ ਸਾਡੇ ਉਪਰ ਈਮਾਨ ਲੈ ਆਉਣ ਤਾਂ ਉਹ ਸਿਧੇ ਰਸਤੇ ਪੈ ਜਾਣ ॥੧੮੩॥ ( ਮੁਸਲਮਾਨੋ ! ) ਰੋਜ਼ਿਆਂ ਦੀਆਂ ਰਾਤ੍ਰੀਆਂ ਵਿਚ ਆਪਣੀਆਂ ਇਸਤਰੀਆਂ ਪਾਸ ਜਾਣਾ ਤੁਹਾਡੇ ਵਾਸਤੇ ਜਾਇਜ਼ ਕੀਤਾ ਗਿਆ ਹੈ ਵੈ ਤੁਹਾਡੇ ਪੋਸ਼ਾਕ ਹਨ ਅਰ ਤੁਸੀਂ ਉਨਹਾਂ ਦੀ ਪੋਸ਼ਾਕ ਹੋ ਅੱਲਾ ਨੂੰ ਤੁਹਾਡੀ ਚੋਰੀ ਮਾਲੂਮ ਹੋਗਈ ਤਾਂ ਉਸ ਨੇ ਤੁਹਾਡਾ ਕਸੂਰ ਬਖਸ਼ ਦਿਤਾ ਅਰ ਤੁਹਾਡੀ ਭੁੱਲ ਥੀਂ ਦਰ ਗੁਜ਼ਰਿਆ, ਫੇਰ ਹੁਣ ਉਨਹਾਂ ਨਾਲ ਸੇਜ ਮਾਣੋ ਅਰ ਜੋ ਖੁਦਾ ਨੇ ਤੁਹਾਡੇ ਵਾਸਤੇ ਲਿਖ ਰਖਿਆ ਹੈ ( ਔਸ ) ਉਸਨੂੰ (ਪਰਾਪਤ ਕਰਨ) ਦੀ ਇਛਾ ਕਰੋ ਅਰ ਖਾਓ ਅਰ ਪੀਓ ਏਥੋਂ ਤਕ ਕਿ (ਰਾਤ੍ਰੀ ਦੀ) ਕਾਲੀ ਧਾਰੀ ਵਿਚੋਂ ਪ੍ਰਾਤ ਸਮੇਂ ਦੀ ਸੁਪੇਦ ਧਾਰੀ ਤੁਹਾਨੂੰ ਸਾਫ ਦਿਸਣ ਲਗ ਪਵੇ ਫੇਰ ਰਾਤ੍ਰੀ ਤਕ ਰੋਜ਼ਾ ਪੂਰਾ ਕਰੋ ਅਰ (ਜਦੋਂ) ਤੁਸੀਂ ਮਸੀਤ ਵਿਚ-ਇਕਾਂਤ *ਬੈਠੇ ਹੋਵੋ ਤਾਂ (ਰਾਤਰੀ ਨੂੰ ਭੀ ) ਉਨਹਾਂ ਨਾਲ ਸੰਜੋਗ ਨਾ ਕਰੀਓ, ਏਹ ਅੱਲਾ ਦੀਆਂ (ਬੱਧੀਆਂ ਹੋਈਆਂ) ਹੱਦਾਂ ਹਨ ਤਾਂ ਉਨਹਾਂ ਦੇ ਪਾਸ ਭੀ ਨਾ ਫਟਕਣ। ਇਸ ਤਰਹਾਂ ਅੱਲਾ ਆਪਣੇ ਹੁਕਮ ਲੋਗਾਂ ਵਾਸਤੇ ( ਖੋਲ ੨ ਕੇ ) ਵਰਣਨ ਕਰਦਾ ਹੈ ਤਾਕਿ ਪਰਹੇਜ਼ਗਾਰ ਬਨ ਜਾਣ ॥ ੧੮੬ ॥ ਅਰ ਆਪਸ ਵਿਚ ਨਾਹੱਕ ( ਨਾ ਰਵਾ ) ਇਕ ਦੂਸਰੇ ਦਾ ਧਨ ਤਿੱਤਰ ਬਿੱਤਰ ਨਾ ਕਰੋ ਅਰ ਨਾ ਹੀ ਉਸਨੂੰ ਹਾਕਮਾਂ ਪਾਸ ਪਹੁੰਚਾਓ ਕਿ ਪਾਪ ਨਾਲ ਆਦਮੀਆਂ ਦੇ ਮਾਲ ਵਿਚੋਂ ਕੁਛ ਕਾਟ ਕੂਟ ਕਰ

*ਇਤਕਾਫ਼ ।

Digitized by Panjab Digital Library | www.panjabdigilib.org

ਖਾ ਜਾਓ ਅਰ ਤੁਹਾਨੂੰ ਮਾਲੂਮ ਹੈ ॥ ੧੮੫ ॥ ਰੁਕੂਹ ੨੩ ॥

(ਹੇ ਪੈਯੰਬਰ ਲੋਗ) ਤੇਰੇ ਪਾਸੋਂ ਚੰਦਰਮਾ ਦੇ ਪਰਕਰਣ ਵਿਚ ਪੁਛਦੇ ਹਨ ਤਾਂ (ਤੂੰ ਏਹਨਾਂ ਨੂੰ) ਕਹੁ ਕਿ ਚੰਦਰਮਾ ਦੇ ਨਾਲ ਲੋਕਾਂ ਦੇ (ਕਾਰ ਬਾਰ) ਅਰ ਹੱਜ ਦੇ ਸਮੇਂ ਮਾਲੂਮ ਹੁੰਦੇ ਹਨ ਏਹ ਕੁਛ ਭਲਾਈ ਨਹੀਂ ਹੈ ਕਿ ਤੁਸੀਂ ਆਪਣਿਆਂ ਘਰਾਂ ਵਿਚ ਉਨਹਾਂ ਦੇ ਪਿਛਵਾ-ੜਿਓਂ ਆ ਵੜੋ, ਪ੍ਰਤਯੁਤ ਭਲਾਈ ਤਾਂ ਓਸ ਦੀ ਹੈ ਜੋ ਸੰਜਮਤਾਈ (ਧਾਰਨ) ਕਰੇ ਅਰ ਘਰਾਂ ਵਿਚ (ਆਓ ਤਾਂ) ਉਨਹਾਂ ਦੇ *ਦਰਾਂ ਦੇ ਰਸਤੇ ਆਓ ਅਰ ਅੱਲਾ ਥੀਂ ਡਰਦੇ ਰਹੋ ਤਾ ਕਿ ਤੁਸੀਂ (ਆਪਣੀਆਂ) ਮੁਰਾਦਾਂ ਨੂੰ ਪਰਾਪਤ ਹੋਵੋ ॥ ੧੮੬ ॥ ਅਰ (ਮੁਸਲਮਾਨੋ!) ਜੋ ਤੁਹਾਡੇ ਨਾਲ ਲੜਨ ਤੁਸੀਂ ਭੀ ਅੱਲਾ ਦੇ ਰਾਹ ਵਿਚ ਉਨਹਾਂ ਨਾਲ ਲੜੋ ਅਰ ਵਧੀਕੀ ਨਾ ਕਰੀਓ ਅੱਲਾ (ਕਿਸੇ ਪਰਕਾਰ ਦੀ) ਵਧੀਕੀ ਕਰਨ ਵਾਲਿਆਂ ਨੂੰ ਪਸੰਦ ਨਹੀਂ ਕਰਦਾ ॥੧੮੭॥ ਅਰ (ਜੋ ਲੋਗ ਤੁਹਾਡੇ ਨਾਲ ਲੜਦੇ ਹਨ) ਜਿਥੇ ਕਿਤੇ ਪਾਓ ਓਨਹਾਂ ਨੂੰ ਕਤਲ ਕਰੋ ਅਰ ਜਿਥੋਂ ਉਨਹਾਂ ਨੇ ਤੁਹਾਨੂੰ ਨਿਕਾਸਿਆ ਹੈ (ਅਰਥਾਤ ਮੱਕੇ ਵਿਚੋਂ) ਤੁਸੀਂ ਭੀ ਉਨਹਾਂ ਨੂੰ (ਓਥੋਂ) ਬਾਹੁਰ ਨਿਕਾਸ ਦਿਓ ਅਰ ਫਸਾਦ (ਦਾ ਰਹਿਣਾ) ਲਹੂ ਵਗਾਣ ਨਾਲੋਂ ਭੀ ਵਧ ਕੇ ਹੈ ਅਰ ਜਿਤਨਾ ਚਿਰ ਕਾਫਰ ਅਦਬ (ਹੁਰਮਤ) ਵਾਲੀ ਮਸਜਦ (ਅਰ-ਥਾਤ ਖਾਨੇ ਕਾਬੇ) ਦੇ ਪਾਸ ਤੁਹਾਡੇ ਨਾਲ ਨਾ ਲੜਨ ਤੁਸੀਂ ਭੀ ਉਨਹਾਂ ਨਾਲ ਨਾ ਲੜੀਓ ਪਰੰਤੂ ਯਦੀ ਉਹ ਲੋਕ ਤੁਹਾਨੂੰ ਮਾਰਨ ਤਾਂ ਤੁਸੀਂ ਭੀ ਉਨਹਾਂ ਨੂੰ ਮਾਰੋ (ਐਸਿਆਂ) ਕਾਫਰਾਂ ਨੂੰ ਇਹੋ ਸਜਾ ਹੈ ॥ ੧੮੮ ॥ ਫੇਰ ਯਦੀ ਹਟ ਜਾਣ ਤਾਂ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੧੮੯ ॥ ਅਰ ਏਸ ਅਵਧਿ ਪਰਯੰਤ ਲੜੋ ਕਿ ਫਸਾਦ ਨਾ ਰਹਿ ਜਾਵੇ ਅਰ (ਇਕ) ਖੁਦਾ ਦਾ ਹੁਕਮ ਚੱਲੇ ਫੇਰ ਯਦੀ (ਫਸਾਦ ਥੀਂ) ਹਟ ਜਾਣ ਤਾਂ (ਉਨਹਾਂ ਉਤੇ ਕਿਸੇ ਪਰਕਾਰ ਦੀ ਜ਼ਿਆਦਤੀ ਨਹੀਂ ਕਰਨੀ ਚਾਹੀਦੀ ਕਾਹੇ ਤੇ ਜ਼ਿਆਦਤੀ (ਤਾਂ) ਜਾਲਮਾਂ ਥੀਂ ਸਿਵਾ ਹੋਰ ਕਿਸੇ ਉਤੇ (ਪਰਸ਼ਸਤ) ਹੀ ਨਹੀਂ ॥੧੯੦॥ ਅਦਬ (ਹੁਰਮਤ) ਵਾਲਿਆਂ ਮਹੀਨਿਆਂ ਦਾ ਪ੍ਰਤੀਨਦ ਅਦਬ (ਹੁਰਮਤ) ਵਾਲਾ ਹੀ ਮਹੀਨਾ ਹੈ ਅਰ ਅਦਬ ਦੀ (ਸੂਵ) ਵਸਤੂ ਅਦਲੇ ਦਾ ਬਦਲਾ ਹੈ ਤਾਂ ਜੋ ਤੁਹਾਡੇ ਉਤੇ (ਕਿਸੇ ਤਰਹਾਂ ਦੀ) ਜ਼ਿਆਦਤੀ ਕਰੇ ਤਾਂ ਜਿਸ ਤਰਹਾਂ ਦੀ ਵਧੀਕੀ ਉਸ ਨੇ ਤੁਹਾਡੇ ਉਪਰ ਕੀਤੀ ਹੈ ਵੈਸੀ ਹੀ ਵਧੀਕੀ ਤੁਸੀਂ ਭੀ ਉਸ ਉੱਪਰ

---

*ਅਰਬੀ ਲੋਗ ਸਫ਼ਰ ਕਰਕੇ ਆਉਂਦੇ ਹੋਏ ਘਰ ਵਿਚ ਘਰ ਦੇ ਦਰਵਾਜੇ ਰਾਹੀਂ ਨਹੀਂ ਵੜਦੇ ਸਨ ਕਿੰਬਾ ਪਛਵਾੜਿਓਂ ॥

Digitized by Panjab Digital Library | www.panjabdigilib.org

ਕਰੋ ਅਰ ( ਇਸ ਸਮੇਂ ) ਅੱਲਾ ਪਾਸੋਂ ਡਰਦੇ ਰਹੋ ਅਰ ਜਾਣੀ ਰਖੋ ਕਿ ਅੱਲਾ ਉਨਹਾਂ ਦਾ ਸੰਗੀ ਸਾਥੀ ਹੈ ਜੋ ( ਓਸ ਪਾਸੋਂ ) ਡਰਦੇ ਹਨ ॥ ੧੯੧ ॥ ਅਰ ਖੁਦਾ ਦੇ ਮਾਰਗ ਵਿਚ ਖਰਚ ਕਰੋ ਅਰ ਆਪਣੀ ਹੱਥੀਂ ਆਪਣੇ ਆਪ ਨੂੰ ਮੌਤ ਦੇ ਮੂੰਹ ਨਾ ਫਸਾਓ ਅਰ ਅਹਿਸਾਨ ਕਰੋ ਅੱਲਾ ਅਹਿਸਾਨ ਕਰਨ ਵਾਲਿਆਂ ਨੂੰ ਦੋਸਤ ਰਖਦਾ ਹੈ ॥ ੧੯੨ ॥ ਅਰ ਅੱਲਾ ਦੇ ਵਾਸਤੇ ਹੱਜ ਤਥਾ ਉਮਰ ( ਦੀ ਨੀਯਤ ਕਰ ਲੀਤੀ ਹੋਵੇ ਤਾਂ ਉਸ ) ਨੂੰ ਪੂਰਿਆਂ ਕਰੋ ਅਰ ਯਦੀ ( ਰਸਤੇ ਵਿਚ ਕਿਤੇ ) ਘੇਰੇ ਜਾਓ ਤਾਂ ਕੁਰਬਾਨੀ ( ਕਰੋ ) ਜੈਸਾ ਕੁਝ ਬਨ ਪੜੇ ਅਰ ਜਿਤਨਾ ਚਿਰ ਕੁਰਬਾਨੀ ਆਪਣੇ ਠਕਾਣੇ ਨਾ ਲਗ ਜਾਏ ਆਪਣਾ *ਸਿਰ ਨਾ ਮੁੰਡਾਓ ਅਰ ਜੋ ਤੁਹਾਡੇ ਵਿਚੋਂ ਰੋਗੀ ਹੋਵੇ ਕਿੰਬਾ ( ਕੋਈ ) ਸਿਰ ਦਾ ਰੋਗ ਹੋਵੇ ਤਾਂ (ਬਾਲ ਉਤਾਰ ਲੈਣ ਦਾ) ਬਦਲਾ ਦੇ, ਰੋਜੇ ਕਿੰਬਾ ਖਰਾਇਤ ਅਥਵਾ ਕੁਰਬਾਨੀ, ਫੇਰ ਜਦੋਂ ਤੁਸੀਂ ਅਮਨ ਪਾਓ ਤਾਂ ਜੋ ਕੋਈ ਉਮਰੇ ਨੂੰ ਹੱਜ ਨਾਲ ਮਿਲਾ ਕੇ ਲਾਭ ਉਠਾਨਾ ਚਾਹੇ ਤਾਂ ਜੈਸੀ ਕੁਛ ਬਨ ਪੜੇ ਕੁਰਬਾਨੀ ਦੇ ਅਰ ਜਿਸ ਪਾਸੋਂ ( ਕੁਰਬਾਨੀ ) ਨਾ ਬਨ ਸਕੇ ਤਾਂ ਤਿੰਨ ਰੋਜੇ ਹੱਜ ਦੇ ਦਿਨਾਂ ਵਿਚ ( ਰਖ ਲਵੇ ) ਅਰ ਸਤ ਜ ਦੋਂ (ਆਪਣਿਆਂ ਘਰਾਂ ਨੂੰ) ਮੁੜ ਕੇ ਆਓ ਏਹ ਪੂਰਾ ਦਹਾਕਾ ਹੋਇਆ, ਏਹ ( ਆਗਿਆ ) ਓਸ ਵਾਸਤੇ ਹੈ ਜਿਸ ਦਾ ਘਰ ਬੂਹਾ ਮੱਕੇ ਵਿਚ ਨਾ ਹੋਵੇ ਅਰ ਅੱਲਾ ਪਾਸੋਂ ਡਰੋ ਅਰ ਜਾਣਦੇ ਰਹੋ ਕਿ ਅੱਲਾ ਦਾ ਦੁਖ ਡਾਢਾ ਕਰੜਾ ਹੈ ॥ ੧੯੩ ॥ ਰੁਕੂਹ ੨੪ ॥

ਹੱਜ ਦੇ ( ਕੁਝ ) ਮਹੀਨੇ ( ਹਨ ਜੋ ਸਭਨਾਂ ਨੂੰ ) ਮਾਲੂਮ ਹਨ ਤਾਂ ਜੋ ਆਦਮੀ ਇਨਹਾਂ ਮਹੀਨਿਆਂ ਵਿਚ ਆਪਣੇ ਆਪ ਪਰ ਹੱਜ ਫਰਜ ਕਰ ਲੀਤਾ ਤਾਂ ਹੱਜ (ਦੇ ਦਿਨਾਂ) ਵਿਚ ਨਾ ਸ਼ਹਿਵਤ (ਕਾਮ ਵਾਸ਼ਨਾਂ) ਦੀ ਕੋਈ ਬਾਤ ( ਕਰੇ ) ਅਰ ਨਾ ਹੀ ਗੁਨਾਹ ਦੀ ਅਰ ਨਾ ਹੀ ਝਗੜਿਆਂ ਦੀ ਅਰ ਭਲਾਈ ਦਾ ਕੋਈ ਭੀ ਕੰਮ ਕਰੋ ਉਹ ਖੁਦਾ ਨੂੰ ( ਓਸੇ ਵੇਲੇ) ਖਬਰ ਹੋ ਜਾਵੇਗੀ ਅਰ ( ਹੱਜ ਉਪਰ ਜਾਣ ਥੀਂ ਪਹਿਲੇ ) ਰਾਹ ਦੇ (ਭਾੜੇ ) ਖਰਚ ਨੂੰ ਲਓ ਕਿ ਚੰਗਾ ਭਾੜਾ ਤਾਂ ਪਰਹੇਜ਼ਗਾਰੀ ਹੈ ਅਰ ਬੁਧੀਮਾਨੋ! ਅਸਾਡੇ ਪਾਸੋਂ ਡਰਦੇ ਰਹੋ ॥ ੧੯੬ ॥ ਤੁਸੀਂ ਆਪਣੇ ਪਰਵਰਦਿਗਾਰ ਦਾ ਫਜਲ ( ਅਰਥਾਤ ਵਿਜਾਪਾਰ ਨਾਲ ਕੋਈ ਧਨ ਮਾਲ ) ਦੀ ਪਰਾਪਤਿ ਕਰਨੀ ਚਾਹੋ ਤਾਂ (ਤੁਹਾਨੂੰ) ਕੋਈ ਗੁਨਾਹ ਨਹੀਂ ) ਅਰ ਫੇਰ ਜਦੋਂ ਅਰਫਾਤ ਵਲੋਂ ਫਿਰੋ ਤਾਂ ਮਸ਼ਾਰੁਲ ਹਿਰਾਮ ਵਿਚ ਇਸਥਿਤ ਹੋ ਕੇ ਖੁਦਾ ਨੂੰ ਯਾਦ ਕਰੋ ਅਰ ਉਸ ਨੂੰ ਯਾਦ ( ਭੀ ) ਕਰੋ

*ਹਜ਼ਾਮਤ, ਮੁੰਡਨ ।

Digitized by Panjab Digital Library | www.panjabdigilib.org

ਓਸ ਰੀਤੀ ਨਾਲ ਜੋ ਖ਼ੁਦਾ ਨੇ ( ਪੈਕੰਬਰ ਦਵਾਰਾ ) ਤੁਹਾਨੂੰ ਦੱਸ ਦਿਤੀ ਹੈ ਅਰ ਏਸ ਥੀਂ ਪਹਿਲਾਂ ਤਾਂ ਤੁਸੀਂ ( ਕੁਰਾਹੀਆਂ ) ਵਿਚ ਥੇ ॥ ੧੯੫ ॥ (ਫੇਰ) ਜਿਸ ਅਸਥਾਨੋਂ ( ਹੋਰ ) ਲੋਕ ਪਰਕ੍ਰਮਾ ਕਰਨ ਤੁਸੀਂ ਭੀ ਓਥੋਂ ਹੀ ਕਰੋ ਅੱਲਾ ਪਾਸੋਂ ( ਦੋਖਾਂ ਦੀ ) ਖਿਮਾ ਚਾਹੋ ਅੱਲਾ ਬਖਸ਼ਣੇ ਵਾਲਾ ਮੇਹਰ-ਬਾਨ ਹੈ ॥ ੧੯੬ ॥ ਫੇਰ ਜਦੋਂ ਹੱਜ ਦੇ ਅੰਗ ਪੂਰੇ ਕਰ ਚੁਕੋ ਤਾਂ ਜਿਸ ਪਰਕਾਰ ਤੁਸੀਂ ਆਪਣੇ ਪਿਉ ਦਾਦਿਆਂ ਦੇ ਜ਼ਿਕਰ ਵਿਚ ਲਗ ਜਾਂਦੇ ਸੀ ਓਸੇ ਪਰਕਾਰ ਪ੍ਰਤ੍ਯੁਤ ਓਸ ਥੀਂ ਭੀ ਵਧਕੇ ਖ਼ੁਦਾ ਦੀ ਯਾਦ ਵਿਚ ਲੀਨ ਹੋ ਜਾਓ ਫੇਰ ਲੋਗਾਂ ਵਿਚੋਂ ਕਈਕ ਐਸੇ ਭੀ ਹਨ ਜੋ ਕਹਿੰਦੇ ਹਨ ਕਿ ਹੇ ਸਾਡੇ ਪਰਵਰਦਿਗਾਰ (ਜੋ ਕੁਛ) ਸਾਨੂੰ (ਦੇਣਾ ਹੈ) ਸੰਸਾਰ ਵਿਚ ਹੀ ਦੇ ਦੇ, ਉਹਨਾਂ ਨੂੰ ਦੁਨੀਆਂ ਤਾਂ ਮਿਲ ਜਾਦੀਹੈ ਪਰੰਚ ਅੰਤ ਨੂੰ ਓਹਨਾਂ ਦਾ ਕੁਛ ਹਿੱਸਾ ਨਹੀਂ ਰਹਿੰਦਾ ॥੧੯੭॥ ਅਰ ਲੋਕਾਂ ਵਿਚ ਕੁਝ ਐਸੇ ਹੈਂ ਜੋ ਕਹਿੰਦਾ ਹੈ ਕਿ ਹੇ ਸਾਡੇ ਪਰਵਰਦਿਗਾਰ ਸਾਨੂੰ ਦੁਨੀਆਂ ਵਿਚ ਭੀ ਸੁਖ ਸੰਪਦਾ ਦੇਹ ਅਰ ਅੰਤ ਨੂੰ ਭੀ ਸੁਖ ਸੰਪਦਾ ਦੇਹ ਅਰ ਸਾਨੂੰ ਦੋਜਖਾਂ ਦੇ ਦੁਖਾਂ ਥੀਂ ਬਚਾ ॥ ੧੯੮ ॥ ਏਹੋ ਹਨ ( ਉਹ ਪੁਰਖ ) ਜਿਨਹਾਂ ਨੂੰ ( ਆਖਰਤ ਵਿਚ ) ਉਨਹਾਂ ਦੇ ਕੀਤੇ ਦਾ ਭਾਗ ( ਅਰ-ਥਾਤ ਫਲ ਮਿਲਦਾ ) ਹੈ ਅਰ ਅੱਲਾ ਤਾਂ ਨਿਮਖ ਵਿਚ ਹਿਸਾਬ ਕਰਨ ਵਾਲਾ ਹੈ ॥ ੧੯੯ ॥ ਅਰ ( ਏਹਨਾਂ ਥੋਹੜਿਆਂ ) ਗਿਣਤੀ ਦਿਆਂ ਦਿਨਾਂ ਵਿਚ ਖ਼ੁਦਾ ਨੂੰ ਯਾਦ ਕਰਦੇ ਰਿਹਾ ਕਰੋ, ਫੇਰ ਜੋ ਪੁਰਖ ਜਲਦੀ ਕਰੇ ਕਿ ਦੋ ( ਹੀ ) ਦਿਨਾਂ ਵਿਚ ( ਚਲਾ ਗਿਆ ) ਓਸ ਉਪਰ ( ਭੀ ) ਕੋਈ ਗੁਨਾਹ ਨਹੀਂ ਅਰ ਜੋ ਚਿਰਕਾਲ ਠਹਰਿਆ ਰਹੇ ਓਸ ਉਤੇ ( ਭੀ ) ਕੋਈ ਗੁਨਾਹ ਨਹੀਂ ( ਏਹ ਰਯਾਇਤ ) ਉਨਹਾਂ ਵਾਸਤੇ ( ਹੈ ) ਜੋ ਸੰਜਮ ਕਰਨ ਅਰ ਖ਼ੁਦਾ ਪਾਸੋਂ ਡਰਦੇ ਰਹੋ ਅਰ ਜਾਣਦੇ ਰਹੋ ਕਿ ( ਕਿਆਮਤ ਦੇ ਦਿਨ ) ਤੁਸੀਂ ( ਸੰਪੂਰਣ ) ਓਸੇ ਦੇ ਸਨਮੁਖ ਕੀਤੇ ਜਾਓਗੇ ॥ ੨੦੦ ॥ ਅਰ ( ਹੇ ਪੈਯੰਬਰ ) ਕੋਈਕ ਪੁਰਖ ਐਸਾ ਹੈ ਜਿਸ ਦੀਆਂ ਬਾਤਾਂ ਤੁਹਾਨੂੰ ਦੁਨੀਆਂ ਦੀ ਜ਼ਿੰਦਗੀ ਵਿਚ ਸੁੰਦਰ ਪਰਤੀਤ ਹੁੰਦੀਆਂ ਹਨ ਅਰ ਉਹ ਆਪਣੀ ਦਿਲੀ ਬਾਰਤਾ ਸ਼ਰਧਾ ਉਤੇ ਖ਼ੁਦਾ ਨੂੰ ਸਾਖੀ ਨਿਯਤ ਕਰਦਾ ਹੈ, ਹਾਲਾਂ ਕਿ ਉਹ (ਤੁਹਾਡੇ) (ਸਭਨਾ) ਵੈਰੀਆਂ (ਨਾਲੋਂ) ਬਹੁਤਾ ਝਗੜੈਲੂ ਹੈ ॥ ੨੦੧ ॥ ਅਰ ਜਦੋਂ (ਤੁਹਾਡੇ ਪਾਸੋਂ ) ਫਿਰ ਕੇ ਜਾਵੇ ਤਾਂ ਮੁਲਕ ਨੂੰ ਖੂੰਦ ਮਾਰੇ ਤਾਂ ਓਸ ਵਿਚ ਫਸਾਦ ਫੈਲਾਵੇ ਅਰ ਖੇਤੀ ਬਾੜੀ ਨੂੰ ਅਰ ( ਆਦਮੀਆਂ ਅਰ ਜੀਵਾਂ ਦੀ ) ਪਰਨਾਲੀ ਦਾ ਛੈ ਕਰੇ ਅਰ ਅੱਲਾ ਫਸਾਦ ਨੂੰ ਪਸੰਦ ਨਹੀਂ ਕਰਦਾ ॥ ੨੦੨ ॥ ਅਰ ਜਦੋਂ ਉਸ ਨੂੰ ਕਹਿਆ ਜਾਵੇ ਕਿ ਖ਼ੁਦਾ ਪਾਸੋਂ ਡਰੋ ਤਾਂ ਹੰਕਾਰ ਉਸ ਨੂੰ ਗੁਨਾਂਹ ਉਤੇ ਲਗਾ ਦੇਂਦਾ ਹੈ ਫੇਰ ਐਸੇ ( ਨਿਕੰਮੇ ) ਨੂੰ ( ਬਸ ) ਜਹੱਨਮ ਕਾਫੀ ਹੈ ਅਰ ਉਹ

Digitized by Panjab Digital Library | www.panjabdigilib.org

ਬਹੁਤ ਹੀ ਬੁਰਾ ਠਿਕਾਨਾ ਹੈ ॥ ੨੦੩ ॥ ਅਰ ਲੋਗਾਂ ਵਿਚੋਂ ਕਈਕ ਐਸੇ (ਭਲੇ ਪੁਰਖ) ਭੀ ਹਨ ਜੋ ਖੁਦਾ ਦੀ ਰਜਾਵੰਦੀ ਵਾਸਤੇ ਆਪਣੀ ਜਾਨ (ਤਕ ਭੀ) ਦੇ ਦੇਂਦੇ ਹਨ ਅਰ ਅੱਲਾ ਦਾਸਾਂ ਉਤੇ ਬਹੁਤ ਹੀ ਦਿਆਲੂ ਹੈ ॥ ੨੦੪ ॥ ਮੁਸਲਮਾਨੋ ! ਇਸਲਾਮ ਵਿਚ ਪੂਰੇ ਪੂਰੇ ਆ ਜਾਓ ਅਰ ਸ਼ੈਤਾਨ ਦੇ ਪੈਂਤੜਿਆਂ ਉਪਰ ਨਾ ਟੁਰੋ ਉਹ ਤੁਹਾਡਾ ਪਰਗਟ ਵੈਰੀ ਹੈ ॥ ੨੦੫ ॥ ਫੇਰ ਜਦੋਂ ਕਿ ਤੁਹਾਡੇ ਪਾਸ ਸਪਸ਼ਟ ਹੁਕਮ ਪਰਾਪਤ ਹੋ ਜਾਵੇ ਅਰ ਫੇਰ ਭੀ ਅਚਲ ਬਿਚਲ ਹੋ ਜਾਓ ਤਾਂ ਜਾਣੀ ਰਖੋ ਕਿ ਅੱਲਾ ਸ੍ਵ ਸ਼ਕਤੀ ਵਾਲਾ (ਅਰ) ਯੁਕਤੀ ਮਾਨ ਹੈ ॥ ੨੦੬ ॥ ਕੀਹ ਇਹ ਲੋਗ ਏਸ ਬਾਰਤਾ ਦੇ ਅਭਿ-ਲਾਖੀ ਹਨ ਕਿ ਅੱਲਾ ਬਦਲਾਂ ਦਾ ਛਤ੍ਰ ਛਾਈ ਅਰ ਫਰਿਸ਼ਤਿਆਂ ਨੂੰ ਨਾਲ ਲੈਕੇ ਇਨਹਾਂ ਦੇ ਪਾਸ ਆਵੇ ਅਰ ਜ ਕੁਛ ਹੋਣਾ ਹੈ ਹੋ ਜਾਵੇ (ਅਰਥਾਤ ਅੰਤ ਪਰੰਤੂ) ਸੰਪੂਰਣ ਕਾਰਜ ਅੱਲਾ ਦੇ ਹੀ ਸਪੁਰਦ ਹੈਂ॥ ੨੦੭ ॥ ਰੁਕੂਹ ੨੫ ॥

(ਹੇ ਪੈਗੰਬਰ) ਬਨੀ ਇਸਰਾਈਲ ਪਾਸੋਂ ਪੁਛੋ ਕਿ ਅਸਾਂ ਇਨਹਾਂ ਨੂੰ ਕਿਤਨੀਆਂਕੁ ਸਪਸ਼ਟ ਨਿਸ਼ਾਨੀਆਂ ਦਿਤੀਆਂ ਹਨ ਅਰ ਜਦੋਂ ਕੋਈ ਪੁਰਖ ਖੁਦਾ ਦੀ(ਓਸ)ਨਿਆਮਤ ਨੂੰ ਆਪਣੇ ਪਾਸ ਆਯਾਂ ਪਿਛੋਂ (ਉਸ ਨੂੰ)ਉਲਟ ਦੇਵੇ ਤਾਂ ਖੁਦਾ ਦੀ ਮਾਰ ਬੜੀ ਕਰੜੀ ਹੈ ॥ ੨੦੮ ॥ ਜੋ ਲੋਗ (ਸੱਚੇ ਦੀਨ ਥੀਂ) ਮੁਨਕਰ ਹਨ, ਸੰਸਾਰਕ ਜੀਵਨ ਉਨਹਾਂ ਨੂੰ ਉੱਤਮ ਕਰਕੇ ਦਿਖਾਇਆ ਗਇਆ ਹੈ ਅਰ ਮੁਸਲਮਾਨਾਂ ਦੇ ਨਾਲ ਹਾਸੀ ਮਖਲ ਕਰਦੇ ਹਨ, ਹਾਲਾਂ ਕਿ ਜੋ ਲੋਗ ਪਰਹੇਜ਼ਗਾਰ ਹਨ ਕਿਆਮਤ ਦੇ ਦਿਨ ਉਨਹਾਂ (ਕਾਫਰਾਂ) ਨਾਲੋਂ (ਕਿਤੇ) ਵਧਕੇ ਹੋਣਗੇ ਅਰ ਅੱਲਾ ਜਿਸ ਨੂੰ ਚਾਹੇ ਬੇ ਹਿਸਾਬ ਰੋਜ਼ੀ ਦੇਵੇ ॥ ੨੦੯ ॥ (ਆਦਿ ਵਿਚ ਸਾਰਿਆਂ) ਲੋਗਾਂ ਦਾ ਇਕੋ ਹੀ ਦੀਨ ਸੀ ਫੇਰ ਅੱਲਾ ਨੇ ਪੈਗੰਬਰ ਭੇਜੇ ਜੋ (ਈਮਾਨ ਵਾਲਿਆਂ ਨੂੰ) ਖੁਦਾ ਦੀ ਖੁਸ਼ਖਬਰੀ ਦੇਂਦੇ ਅਰ (ਕਾਫਰਾਂ ਨੂੰ ਇਲਾਹੀ ਅਜਾਬ ਥੀਂ) ਸਭੇ ਕਰਦੇ ਅਰ ਉਨਹਾਂ ਦੇ ਦਵਾਰਾ ਸੱਚੀਆਂ ਪੁਸਤਕਾਂ ਭੇਜੀਆਂ ਤਾਂ ਕਿ ਜਿਨਹਾਂ ਬਾਤਾਂ ਵਿਚ ਲੋਗ ਵਿਭੇਦ ਕਰ ਰਹੇ ਹਨ ਈਸ਼ਰੀ ਪੁਸਤਕ ਓਹਨਾਂ ਵਿਚ ਇਹਨਾਂ ਗਲਾਂ ਦਾ ਫੈਸਲਾ ਕਰ ਦੇਵੇ (ਅਰ) ਜਿਨਾਂ ਲੋਕਾਂ ਨੂੰ ਪੁਸਤਕ ਦਿਤੀ ਗਈ ਸੀ ਉਹੀ ਲੋਗ ਆਪਣੇ ਪਾਸ ਸਪਸ਼ਟ ਹੁਕਮ ਪਹੁੰਚਾਨ ਦੇ ਪਿਛੋਂ ਆਪਸ ਵਿਚ ਜ਼ਿਦ ਕਰਕੇ ਲਗੇ ਉਨਹਾਂ ਵਿਚ ਵਿਭੇਦ ਕਰਨ ਤਾਂ (ਅੰਤ ਨੂੰ) ਵੁਹ ਸਚਾ ਮਾਰਗ ਜਿਸ ਵਿਚ ਵੈ ਲੋਗ ਵਿਭੇਦ ਕਰ ਰਹੇ ਸੀ ਖੁਦਾ ਨੇ ਆਪਣੀ ਕਿਰਪਾ ਨਾਲ ਮੁਸਲਮਾਨਾਂ ਨੂੰ ਦਿਖਾ ਦਿਤਾ ਅਰ ਅੱਲਾ ਜਿਸ ਨੂੰ ਚਾਹੇ ਸੁਮਾਰਗ ਦਿਖਾ ਦੇਵੇ ॥੨੧੦॥ ਮੁਸਲਮਾਨੋ ! ਕੀਹ ਤੁਸੀਂ ਐਸਾ ਖਿਆਲ ਕਰਦੇ ਹੋ ਕਿ ਸਵਰਗ

Digitized by Panjab Digital Library | www.panjabdigilib.org

ਵਿਚ ਪਰਾਪਤ ਹੋ ਜਾਓਗੇ। ਅਰ ਅਜੇ ਤਾਂ ਤੁਹਾਨੂੰ ਉਨਹਾਂ ਲੋਗਾਂ ਵਰਗੀ ਦਿਸ਼ਾ ਪੇਸ਼ ਨਹੀਂ ਆਈ ਜੋ ਤੁਹਾਡੇ ਨਾਲੋਂ ਭੂਤ ਸਮੇਂ ਵਿਚ ਹੋ ਚੁਕੇ ਹਨ ਕਿ ਉਨ੍ਹਾਂ ਨੂੰ ਸਖਤੀਆਂ (ਭੀ) ਪਰਾਪਤ ਹੋਈਆਂ ਅਰ ਤਕਲੀਫਾਂ (ਭੀ ਪਰਾਪਤ ਹੋਈਆਂ) ਅਰ ਝਾੜੇ ਝੁਫਾੜੇ (ਭੀ) ਗਏ, ਏਥੋਂ ਤਕ ਕਿ ਪਯੰਬਰ ਅਰ ਈਮਾਨ ਵਾਲੇ ਜੋ ਉਨਹਾਂ ਦੇ ਸੰਗੀ ਸਾਥੀ ਸਨ, ਚੀਕ ਉਠੇ ਕਿ (ਆਖਰ) ਖੁਦਾ ਦੀ ਮਦਦ ਦਾ ਕੋਈ ਸਮਾਂ ਭੀ ਹੋ? ਸੰਭਲੋ ਸੰਭਲੋ ਅੱਲਾ ਦੀ ਮਦਦ ਸਮੀਪ ਹੈ॥੨੧੧॥(ਹੇ ਪੈਯੰਬਰ) ਤੁਹਾਡੇ ਪਾਸੋਂ (ਲੋਗ) ਪੁਛਦੇ ਹਨ ਕਿ (ਖੁਦਾ ਦੇ ਮਾਰਗ ਵਿਚ) ਕੀਹ ਖਰਚ ਕਰੀਏ ਤਾਂ (ਉਨਹਾਂ ਨੂੰ) ਕਹਿ ਦਿਓ ਕਿ (ਦਾਨ ਪ੍ਰਨਾਲੀ ਨਾਲ) ਜੋ ਕੁਛ ਭੀ ਖਰਚ ਕਰੋ ਤਾਂ (ਉਹ ਤੁਹਾਡੇ) ਮਾਤਾ ਪਿਤਾ ਦਾ ਹੱਕ ਹੈ ਅਰ ਸਮੀਪੀ ਸੰਬੰਧੀਆਂ ਦਾ ਅਰ ਮਾਂ ਮਹਿਟਰਾਂ ਦਾ ਅਰ ਲੋੜਵੰਦਾਂ ਦਾ ਅਰ ਮੁਸਾਫਰਾਂ ਦਾ ਅਰ ਤੁਸੀਂ ਕੋਈ ਭੀ ਭਲਾਈ (ਲੋਗਾਂ ਦੇ ਨਾਲ) ਕਰੋਗੇ ਤਾਂ ਅੱਲਾ ਉਸਨੂੰ ਜਾਣਦਾ ਹੈ ॥ ੨੧੨ ॥ ਤੁਹਾਡੇ ਉਤੇ ਜੁਧ ਜੰਗ ਫਰਜ ਕੀਤਾ ਗਿਆ ਅਰ ਉਹ ਤੁਹਾਨੂੰ ਨਾ ਪਸੰਦ ਭੀ ਮਾਲੂਮ ਹੋਵੇਗਾ॥੨੧੩॥ਅਰ ਅਸਚਰਜ ਨਹੀਂ ਕਿ ਇਕ ਵਸਤੂ ਤੁਹਾਨੂੰ ਬੁਰੀ ਲਗੇ ਅਰ ਉਹ ਤੁਹਾਡੇ ਲਈ ਭਲੀ ਹੋਵੇ ਅਰ ਅਸਚਰਜ ਨਹੀਂ ਕਿ ਇਕ ਵਸਤੂ ਤੁਹਾਨੂੰ ਭਲੀ ਲਗੇ ਅਰ ਤੁਹਾਡੇ ਵਾਸਤੇ ਬੁਰੀ ਹੋਵੇ ਅਰ ਅੱਲਾ ਜਾਣਦਾ ਹੈ ਅਰ ਤੁਸੀਂ ਨਹੀਂ ਜਾਣਦੇ ॥ ੨੧੪ ॥ ਰੁਕੂਹ ੨੬ ॥

ਤੁਹਾਡੇ ਪਾਸੋਂ ਪੁਛਦੇ ਹਨ ਕਿ ਹਰਾਮ ਦੇ (ਸਤਕਾਰ ਵਾਲੇ) ਮਹੀਨਿਆਂ ਵਿਚ ਲੜਨਾ ਕੈਸਾ ਹੈ (ਏਹਨਾਂ ਨੂੰ) ਸਮਝਾ ਦਿਓ ਕਿ ਅਦਬ ਵਾਲਿਆਂ (ਹਰਾਮ) ਮਹੀ-ਨਿਆਂ ਵਿਚ ਲੜਾਈ ਭੜਾਈ ਕਰਨੀ (ਬੜਾ) ਦੋਸ਼ ਹੈ ਪਰੰਤੂ ਅੱਲਾ ਦੇ ਮਾਰਗ ਥੀਂ ਰੋਕਣਾ ਅਰ ਖੁਦਾ ਨੂੰ (ਜੈਸਾ ਓਸ ਦੇ ਮੰਨਣ ਦਾ ਹੱਕ ਹੈ) ਨਾ ਮੰਨਣਾ ਅਰ ਅਦਬ ਵਾਲੀ ਮਸਜਦ (ਅਰਥਾਤ ਖਾਨੇ ਕਾਬੇ) ਵਿਚ ਨਾ ਜਾਣ ਦੇਣਾ ਅਰ (ਉਨਹਾਂ ਲੋਗਾਂ ਨੂੰ ਜੋ) ਉਸ (ਮਸਜਦ) ਵਿਚ ਰਹਿਣ ਵਾਲਿਆਂ ਨੂੰ ਏਸ ਵਿਚੋਂ ਨਿਕਾਸ ਦੇਣਾ ਅੱਲਾ ਦੇ ਸਮੀਪ (ਉਸ ਨਾਲੋਂ ਭੀ) ਬੜਾ ਪਾਪ ਹੈ ਅਰ ਬਖੇੜਾ (ਫਿਤਨਾ) ਲਹੂ ਵਟੀਵਣ ਨਾਲੋਂ ਵੀ ਮਹਾਂ (ਪਾਪ) ਹੈ ਅਰ (ਕਾਫਰ) ਸਦਾ ਤੁਹਾਡੇ ਨਾਲ ਯੁਧ ਹੀ ਕਰਦੇ ਰਹਿਣਗੇ, ਏਥੋਂ ਤਕ ਕਿ ਏਹਨਾਂ ਦਾ ਵੱਸ ਚਲੇ ਤਾਂ ਤੁਹਾਨੂੰ ਤੁਹਾਡੇ ਦੀਨ ਥੀਂ (ਭੀ) ਬੇਮੁਖ ਕਰ ਦੇਣ ਅਰ ਜੋ ਤੁਹਾਡੇ ਵਿਚੋਂ ਆਪਨੇ ਦੀਨ ਥੀਂ ਬੇਮੁਖ ਹੋਵੇਗਾ ਅਰ ਬੇਮੁਖੀ ਦੀ ਅਵਸਥਾ ਵਿਚ ਮਰ ਜਾਵੇਗਾ ਤਾਂ ਐਸਿਆਂ ਪੁਰਖਾਂ ਦਾ ਕੀਤਾ ਕਤਰਿਆ (ਕੀ) ਦੁਨੀਆਂ ਅਰ (ਕੀ) ਆਖਰਤ ਵਿਚ (ਸਭੇ) ਅਕਾਰਥ ਹੈ ਅਰ ਯਹੀ ਨਾਰਕੀ ਹਨ (ਅਰ) ਉਹ ਸਦਾ ਨਰਕਾਂ ਵਿਚ ਹੀ ਰਹਿਣਗੇ ॥ ੨੧੫ ॥ ਜੋ ਪੁਰਖ ਈਮਾਨ ਲੈ ਆਏ ਅਰ ਉਨਹਾਂ ਨੇ (ਅੱਲਾ ਦੇ ਰਾਹ ਵਿਚ) ਪ੍ਰਦੇਸੀ (ਹਿਜਰਤਾਂ) ਭੀ ਹੋਇ ਅਰ ਅੱਲਾ ਦੀ ਰਾਹ

Digitized by Panjab Digital Library | www.panjabdigilib.org

ਵਿਚ ਯੁਧ ਭੀ ਕੀਤੇ ਏਹੋ ਹਨ ਜੋ ਖ਼ੁਦਾ ਦੀ ਰਹਿਮਤ ਦੀ ਆਸ ਲਗਾਈ (ਬੈਠੇ) ਹਨ ਅਰ ਅੱਲਾ ਬਖ਼ਸ਼ਣੇ ਵਾਲਾ ਕ੍ਰਿਪਾਲੂ ਹੈ ॥ ੨੧੬ ॥ (ਹੇ ਪੈਯੰਬਰ ਲੋਗ) ਤੇਰੇ ਪਾਸੋਂ ਮਦਰਾ ਅਰ ਜੂਏ ਦੀ ਬਾਬਤ ਪੁਛਦੇ ਹਨ ਤੇ (ਇਹਨਾਂ ਲੋਗਾਂ ਨੂੰ) ਕਹਿ ਦੇ ਕਿ ਏਹਨਾਂ ਦੋਨੂਆਂ (ਵਸਤਾਂ) ਵਿਚ ਗੁਨਾਹ ਬਹੁਤ ਹੈ ਅਰ ਲੋਕਾਂ ਦਾ (ਕੁਝ) ਫਾਇਦਾ ਭੀ ਹੈ ਪਰੰਤੂ ਏਹਨਾਂ ਦੇ ਲਾਭ ਨਾਲੋਂ ਇਹਨਾਂ ਦਾ ਪਾਪ (ਅਰ ਨੁਕਸਾਨ) ਬਹੁਤ ਹੈ ਅਰ ਤੇਰੇ ਪਾਸੋਂ ਪੁਛਦੇ ਹਨ ਕਿ (ਰੱਬ ਦੇ ਪਾਸੇ) ਕਿਤਨਾ ਕੁ ਖਰਚ ਕਰੀਏ ॥੨੧੭॥ ਤਾਂ ( ਏਹਨਾਂ ਨੂੰ ) ਕਹਿ ਦਿਓ ਕਿ ਜਿਤਨਾ ( ਤੁਹਾਡੀ ਹਾਜਤ ਨਾਲੋਂ ) ਬਹੁਤਾ ਹੋਵੇ, ਏਸੇ ਪਰਕਾਰ ਅੱਲਾ ( ਆਪਣੇ ) ਹੁਕਮ ਤੁਸਾਂ ਲੋਗਾਂ ਨੂੰ ਪਰਗਟ ਕਰ ਕਰਕੇ ਦਸਦਾ ਹੈ ਤਾ ਕਿ ਤੁਸੀਂ ਦੁਨੀਆਂ ਅਰ ਆਖਰਤ ( ਦੇ ਕੰਮਾਂ ਵਿਚ ) ਵਿਚਾਰ ਕਰੋ ॥ ੨੧੮ ॥ ਅਰ ਲੋਗ ਤੇਰੇ ਪਾਸੋਂ ਮਾਂ ਮਹਿਟਰਾਂ ਦੀ ਬਾਬਤ ਪੁਛਦੇ ਹਨ ਤਾਂ (ਉਹਨਾਂ ਨੂੰ) ਕਹੋ ਕਿ ( ਜਿਸ ਗੱਲੋਂ ) ਉਹਨਾਂ (ਮਾਂ ਮਹਿਟਰਾਂ ) ਦਾ ਲਾਭ ( ਹੋਵੇ ) ਵਹੀ ਉੱਤਮ ਹੈ ॥੨੧੯॥ ਅਰ ਜੇਕਰ ਉਨਹਾਂ ਨਾਲ ਘਿਉ ਖਿਚੜੀ ਹੋ ਕੇ ਰਹੋ ਤਾਂ ( ਵੇ ਭੀ ) ਤੁਹਾਡੇ ਭ੍ਰਾਤਾ ਹੀ ਹਨ ਅਰ ਅੱਲਾ ਬਿਗਾੜਨ ਵਾਲਿਆਂ ਨੂੰ ਸਵਾਰਨ ਵਾਲਿਆਂ ਨਾਲੋਂ ( ਵਖਰਿਆਂ ) ਜਾਣਦਾ ਹੈ ਅਰ ਯਦੀ ਖੁਦਾ ਚਾਹੁੰਦਾ ਤਾਂ ਤੁਹਾਨੂੰ ਮੁਸ਼ਕਲ ਵਿਚ ਸਿਟ ਦੇਂਦਾ, ਨਿਰਸੰਦੇਹ ਅੱਲਾ ਸ਼ਕਤਸ਼ਾਲੀ ( ਅਰ ) ਯੁਕਤੀਵਾਨ ਹੈ ॥ ੨੨੦ ॥ ਅਰ ( ਹੇ ਮੁਸਲਮਾਨੋ ! ) ਭੇਦ ਵਾਦਣਾਂ ਇਸਤਰੀਆਂ ਜਿਤਨਾਂ ਚਿਰ ਈਮਾਨ ਨਾ ਧਾਰ ਲੈਣ ਉਨਹਾਂ ਨਾਲ ਨਕਾਹ ਨਾ ਕਰੋ ਅਰ ਭੇਦ ਵਾਦਣ ਇਸਤਰੀਆਂ ਭਾਵੇਂ ਕੈਸੀਆਂ ਹੀ ਤੁਹਾਨੂੰ ਭਲੀਆਂ ( ਕਿਉਂ ਨਾਂ ) ਲਗਣ ਇਸ ਨਾਲੋਂ ਮੁਸਲਮਾਨ ਲੌਂਡੀ ਚੰਗੀ ਹੈ ਅਰ ਭੇਦ ਵਾਦੀ ਪੁਰਖ ਜਿਤਨਾ ਚਿਰ ਈਮਾਨ ਨਾ ਧਾਰਨ ਆਪਣੀਆਂ ਇਸਤਰੀਆਂ ਉਨਹਾਂ ਦੇ ਨਕਾਹ ਵਿਚ ਨਾ ਦੇਓ ਅਰ( ਭਾਵੇਂ ) ਭੇਦ ਵਾਦੀ ਤੁਹਾਨੂੰ ਕੈਸਾ ਹੀ ਭਲ ( ਕਿਉਂ ਨਾ ) ਲਗੇ ਉਸ ਨਾਲੋਂ ਮੁਸਲਮਾਨ ਦਾਸ ਉੱਤਮ ਹੈ ॥੨੨੧॥ ਏਹ ਲੋਗ ( ਭੇਦ ਵਾਦੀ ਤਾਂ ) ਨਰਕਾਂ ਵਲ ਬੁਲਾ ਰਹੇ ਹਨ ਅਰ ਅੱਲਾ ਆਪਣੀ ਕਿਰਪਾ ਨਾਲ ਸੁਵਰਗ ਤਥਾ ਬਖਸ਼ਸ਼ ਦੇ ਪਾਸੇ ਬੁਲਾ ਰਿਹਾ ਹੈ ਅਰ ਆਪਣੇ ਹੁਕਮ ਲੋਕਾਂ ਨੂੰ ਖੋਹਲ ਖੋਹਲ ਕੇ ਦਸਦਾ ਹੈ ਤਾਂ ਕਿ ਉਹ ਸਿਖਿਯਾ ਪਾਵਨ ॥ ੨੨੨ ॥ ਰੁਕੂਹ ੨੭ ॥

ਅਰ (ਹੇ ਪੈਯੰਬਰ ਲੋਗ) ਤੇਰੇ ਪਾਸੋਂ ਆਰਤਵ (ਹੈਜ਼) ਦੇ ਬਾਰੇ ਵਿਚ ਪੁਛਦੇ ਹਨ ਤਾਂ (ਉਨਹਾਂ ਨੂੰ) ਸਮਝਾ ਦਿਓ ਕਿ ਓਹ ਗੰਦਗੀ ਹੈ ਤਾਂ ਆਰਤਵ ਦੇ ਦਿਨਾਂ ਵਿਚ ਇਸਤਰੀਆਂ ਪਾਸੋਂ ਵਖਰੇ ਰਹੋ ਅਤੇ ਜਦੋਂ ਤਕ ਪਵਿਤਰ ਨਾ

Digitized by Panjab Digital Library | www.panjabdigilib.org

ਹੋ ਲੈਣ ਉਨਹਾਂ ਦੇ ਪਾਸ ਨਾ ਜਾਓ ਫੇਰ ਜਦੋਂ ਇਸ਼ਨਾਨ ਪਾਣੀ ਕਰ ਲੈਣ ਤਾਂ ਜਿਧਰੋਂ ਅੱਲਾ ਨੇ ਤੁਹਾਨੂੰ ਆਗਿਜ਼ਾ ਦਿਤੀ ਹੈ ਉਨਹਾਂ ਪਾਸ ਆਓ, ਬੇਸ਼ਕ ਅੱਲਾ ਤੋਬਾ ਕਰਨ ਵਾਲਿਆਂ ਨੂੰ ਮਿਤਰ ਰਖਦਾ ਹੈ ਅਰ (ਹੋਰ) ਸਫਾਈ ਰਖਣ ਵਾਲਿਆਂ ਨੂੰ ਦੋਸਤ ਰਖਦਾ ਹੈ ॥ ੨੨੩ ॥ ਤੁਹਾਡੀਆਂ ਇਸਤਰੀਆਂ (ਮਾਨੋ) ਤੁਹਾਡੀਆਂ ਖੇਤੀਆਂ ਹਨ ਤਾਂ ਆਪਣੀ ਖੇਤੀ ਵਿਚ ਜਿਸ ਤਰਹਾਂ ਚਾਹੋ ਆਓ ਅਰ ਆਪਣੇ ਵਾਸਤੇ ਅਗੇ ਦਾ ਭੀ ਬੰਦੋਬਸਤ ਰਖੋ ਅਰ ਅੱਲਾ ਪਾਸੋਂ ਡਰੋ ਅਰ ਜਾਣਦੇ ਰਹੋ ਕਿ ਤੁਸੀਂ ਉਸ ਦੇ ਸਨਮੁਖ ਹਾਜ਼ਰ ਹੋਣਾ ਹੈ ਅਰ (ਹੇ ਪੈਯੰਬਰ) ਈਮਾਨ ਵਾਲਿਆਂ ਨੂੰ ਖੁਸ਼ਖਬਰੀ ਸੁਣਾਓ ॥ ੨੨੪ ॥ ਅਰ ਈਸ਼ਵਰ ਨੂੰ ਆਪਣੀਆਂ (ਬਿਅਰਥ) ਸੁਗੰਧਾਂ ਦਾ ਹੀਲਾ ਨਾ ਬਨਾਓ ਕਿ ਨਾ ਤਾਂ (ਭਲਾ) ਸਲੂਕ ਕਰੋ ਅਰ ਨਾ ਭਗਵਾਨ ਥੀਂ ਡਰੋ ਅਰ ਨਾ ਲੋਗਾਂ ਵਿਚ ਮੇਲ ਮਿਲਾਪ ਕਰਾਓ ਅਰ ਅੱਲਾ ਸੁਣਦਾ (ਅਰ) ਜਾਣਦਾ ਹੈ ॥ ੨੨੫ ॥ ਤੁਹਾਡੀਆਂ ਸੌਗੰਧਾਂ ਵਿਚੋਂ ਜੋ ਬਿਅਰਥ (ਸੁਗੰਧਾਂ) ਹਨ ਉਨਹਾਂ ਪਿਛੇ ਤਾਂ ਖੁਦਾ ਤੁਹਾਨੂੰ ਕੁਝ ਪਕੜਦਾ ਨਹੀਂ ਪਰੰਤੂ ਜੋ ਕੁਝ ਤੁਹਾਡੇ ਦਿਲ ਕਮਾਉਂਦੇ ਹਨ ਉਹਨਾਂ ਸੁਗੰਧਾਂ ਤੇ ਤੁਹਾਨੂੰ ਪਕੜੇਗਾ ਅਰ ਅੱਲਾ ਬਖਸ਼ਣੇ ਵਾਲਾ ਧੀਰਜੀ ਹੈ ॥ ੨੨੬ ॥ ਜੋ ਪੁਰਖ ਆਪਣੀਆਂ ਇਸਤਰੀਆਂ ਪਾਸ ਜਾਣ ਦੀ ਸੁਗੰਧ ਖਾ ਬੈਠਣ ਉਨਹਾਂ ਨੂੰ ਚਾਰ ਮਹੀਨੇ ਦੀ ਮੋਹਲਤ ਹੈ ਫੇਰ (ਇਸ ਮੁਦਤ ਵਿਚ) ਯਦੀ ਫਿਰ ਪੈਣ ਤਾਂ ਅਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੨੨੭ ॥ ਅਰ ਯਦੀ ਤਿਲਾਕ ਦਾ ਪੁਖਤਾ ਇਰਾਦਾ ਕਰ ਲੈਣ ਤਾਂ (ਭੀ) ਅਲਾ ਸੁਣਦਾ (ਅਰ) ਜਾਣਦਾ ਹੈ ॥ ੨੨੮ ॥ ਅਰ ਜਿਨਹਾਂ ਇਸਤਰੀਆਂ ਨੂੰ ਤਿਲਾਕ ਦਿਤੀ ਗਈ ਹੋਵੇ ਉਹ ਆਪਣੇ ਆਪ ਨੂੰ ਤਿੰਨ ਵੇਰੀ ਕਪੜੇ ਆਉਣ ਤਕ ਰੋਕੀ ਰਖਣ ਯਦੀ ਅੱਲਾ ਅਤੇ ਆਖਰਤ ਦੇ ਦਿਨ ਦਾ ਯਕੀਨ ਰਖਦੀਆਂ ਹਨ ਤਾਂ ਜੋ ਕੁਛ ਭੀ (ਬੱਚੇ ਦੀ ਕਿਸਮ ਦਾ) ਖੁਦਾ ਨੇ ਉਨਹਾਂ ਦੇ ਪੇਟ ਵਿਚ ਪੈਦਾ ਕਰ ਰਖਿਆ ਹੋਵੇ ਤਾਂ ਉਸ ਦਾ ਛਿਪਾਣਾ ਉਹਨਾਂ ਨੂੰ ਜੋਗ ਨਹੀਂ ਅਰ ਇਸ ਸਮੇਂ ਯਦੀ ਉਹਨਾਂ ਦੇ ਪਤੀ ਉਹਨਾਂ ਨੂੰ ਭਲੀ ਪ੍ਰਕਾਰ ਰਖਣਾ ਚਾਹੇ ਤਾਂ ਵਾਪਸ ਲੈਣ ਦੇ ਜ਼ਿਆਦਾ ਹਕਦਾਰ ਹਨ ਅਰ ਜਿਸ ਤਰਹਾਂ (ਮਰਦਾਂ ਦਾ ਹੱਕ) ਇਸਤਰੀਆਂ ਉਤੇ ਹੈ ਇਸੀ ਭਾਂਤ ਔਰਤਾਂ ਦਾ (ਹਕ ਮਰਦਾਂ ਉਤੇ) ਹੈ, ਹਾਂ ਮਰਦਾਂ ਨੂੰ ਔਰਤਾਂ ਉਤੇ ਪਰਧਾਨਤਾਈ ਹੈ ਅਰ ਪ੍ਰਮਾਤਮਾਂ ਪ੍ਰਬਲ (ਅਤ) ਯੁਕਤੀ ਮਾਨ ਹੈ ॥ ੨੨੯ ॥ ਰੁਕੂਹ ੨੮ ॥

ਤਿਲਾਕ ਦੋ ਵੇਰੀ ਹੈ ਫੇਰ (ਦੋ ਤਿਲਾਕਾਂ ਥੀਂ ਪਿੱਛੋਂ ਜਾਂ ਤਾਂ) (ਨਿਆਇ) ਸ੍ਰੇਣੀ ਅਨੁਸਾਰ ਰਖਣਾ ਅਥਵਾ ਨੇਕ ਸਲੂਕ ਦੇ ਨਾਲ ਰੁਖਸਤ ਕਰ ਦੇਣਾ ਅਰ ਜੋ ਤੁਸੀਂ ਉਨਹਾਂ ਨੂੰ ਦੇ ਚੁਕੇ ਹੋ ਉਸ ਵਿਚੋਂ ਤੁਹਾਨੂੰ ਥੋੜਾ

Digitized by Panjab Digital Library | www.panjabdigilib.org

( ਭੀ ਵਾਪਸ ) ਲੈਣਾ ਜੋਗ ਨਹੀਂ ਪਰੰਤੂ ਇਹ ਕਿ ਮੀਆਂ ਬੀਬੀ ਨੂੰ ( ਏਸ ਗੱਲ ਦਾ ) ਭੈ ਹੋਵੇ ਕਿ ਖੁਦਾ ਨੇ ਜੋ ਸੀਮਾਂ ਠਹਿਰਾ ਛੱਡੀਆਂ ਹਨ ਉਨਹਾਂ ਉਤੋਂ ਦੂਰ ਨਹੀਂ ਰਹਿ ਸਕਣਗੇ ਅਰ ਇਸਤਰੀ ( ਆਪਣਾ ਪਿੱਛਾ ਛੁਡਾਣ ਦੇ ਬਦਲੇ ) ਕੁਛ ਦੇ ਨਿਕਲੇ ਤਾਂ ਏਸ ਗੱਲੇ ਦੋਆਂ ਨੂੰ ਕੁਛ ਦੋਸ਼ ਨਹੀਂ ਇਹ ਅੱਲਾ ਦੀਆਂ ( ਬੱਧੀਆਂ ਹੋਈਆਂ) ਸੀਮਾਂ ਹਨ ਤਾਂ ਏਹਨਾਂ ਥੀਂ ( ਅਗੇ ) ਮਤ ਵਧੋ ਅਰ ਜੋ ( ਅੱਲਾ ਦੀ ਬੱਧੀ ਹੋਈ ) ਸੀਮਾਂ ਥੀਂ ਅਗੇ ਵਧ ਜਾਣ ਤਾਂ ਏਹੋ ਲੋਗ ਪਾਪੀ ਹਨ ॥ ੨੩੦ ॥ ਹੁਣ ਯਦੀ ( ਤੀਸਰੀ ਬੇਰ ) ਔਰਤ ਨੂੰ ਤਿਲਾਕ ਦਿਤੀ ਤਾਂ ਏਸ ਥੀਂ ਪਿੱਛੋਂ ਜਿਤਨਾ ਚਿਰ ਔਰਤ ਦੂਸਰੇ ਸ਼ੌਹਰ ਨਾਲ ਵਿਆਹ ਨਾ ਕਰ ਲਏ ਓਸ ਦੇ ਵਾਸਤੇ ਹਲਾਲ ਨਹੀਂ ( ਹੋ ਸਕਦੀ ) ਹਾਂ ਯਦੀ (ਦੂਸਰਾ ਪਤੀ ਸੇਜਾ ਮਾਨ ਕਰ ) ਉਸ ਨੂੰ ਤਿਲਾਕ ਦੇ ਦੇਵੇ ਤਾਂ ਦੋਨੋਂ (ਮੀਆਂ ਬੀਬੀ) ਉਤੇ ਕੁਛ ਗੁਨਾਹ ਨਹੀਂ, ਫਿਰ ਓਹ ਇਕ ਦੂਸਰੇ ਵਲ ਆ ਜਾਣ ਏਸ ਨਿਯਮ ਉਤੇ ਕਿ ਦੋਨੂਆਂ ਨੂੰ ਨਿਸਚਾ ਹੋਵੇ ਕਿ ਅੱਲਾ ਦੀ (ਬੱਧੀ ਹੋਈ) ਸੀਮਾਂ ਉਤੇ ਸਾਵਧਾਨ ਰਹਿ ਸਕਾਂਗੇ ਅਰ ਏਹ ਅੱਲਾ ਦੀਆਂ ( ਬੱਧੀਆਂ ਹੋਈਆਂ ) ਹੱਦਾਂ ਹਨ ਜਿਨਹਾਂ ਨੂੰ ਉਨਹਾਂ ਲੋਗਾਂ ਵਾਸਤੇ ਕਥਨ ਕਰਦਾ ਹੈ ਜੋ ਸਮਝਦੇ ਹਨ ॥ ੨੩੧ ॥ ਅਰ ਜਦੋਂ ਤੁਸਾਂ ਔਰਤਾਂ ਨੂੰ (ਦੋ ਵੇਰਾਂ) ਤਿਲਾਕ ਦੇ ਦਿਤੀ ਅਤੇ ਉਹਨਾਂ ਦੀ ਮੁਦਤ ਪੂਰੀ ਹੋਣ ਉਤੇ ਆਈ ਤਾਂ ਦਸਤੂਰ ਅਨੁਸਾਰ ਉਸ ਨੂੰ (ਇਸਤ੍ਰੀਪਣੇ ਵਿਚ)ਰਖ ਲਵੇ ਜਾਂ ਉਸਨੂੰ(ਤੀਜੀ ਵੇਰੀ ਤਲਾਕ ਦੇਕੇ)ਭਲੀ ਭਾਂਤ ਬਿਦਾ ਕਰ ਦਿਓ ਅਤੇ ਕਸ਼ਟ ਦੇਣ ਦੇ ਵਾਸਤੇ ਉਸ ਨੂੰ ( ਆਪਣੇ ਇਸਤ੍ਰੀ ਪਣੇ ਵਿਚ ) ਨਾ ਰਖਣਾ ਕਿ ( ਪਿੱਛੋਂ ਓਸ ਉਤੇ ) ਲਗੇ ਵਾਧਾ ਕਰਨ ਅਰ ਜੋ ਐਸੇ ਕਰੇਗਾ ਤਾਂ (ਉਹ ਕੁਛ) ਆਪਣੀ ਹੀ ਜਾਨ ਨੂੰ ਕਸ਼ਟ ਦੇਵੇਗਾ ਅਰ ਅੱਲਾ ਦੇ ਹੁਕਮਾਂ ਨੂੰ ਠੱਠਾ (ਮਖੌਲ) ਨਾ ਸਮਝੋ ਅਰ ਅੱਲਾ ਨੇ ਜੋ ਤੁਹਾਡੇ ਉਤੇ ਅਹਿਸਾਨ ਕੀਤੇ ਹਨ ਉਨਹਾਂ ਨੂੰ ਯਾਦ ਕਰੋ ਅਰ ਇਹ (ਭੀ ਯਾਦ ਕਰੋ) ਕਿ ਓਸ ਨੇ ਤੁਹਾਡੇ ਉਤੇ ਕਿਤਾਬ ਅਰ ਅਕਲ ਦੀਆਂ ਬਾਤਾਂ ਉਤਾਰੀਆਂ ਹਨ ( ਜਿਸ ਸੇ ) ਕਿ ਤੁਹਾਨੂੰ ਓਹਨਾਂ ਦਵਾਰਾ ਸੁਸਿਖਯਾ ਦੇਵੇ ਅਰ ਅੱਲਾ ਪਾਸੋਂ ਡਰਦੇ ਰਹੋ ਅਰ ਜਾਣ ਰਖੋ ਕਿ ਅੱਲਾ ਸਭ ਕੁਛ ਜਾਣਦਾ ਹੈ ॥ ੨੩੨ ॥ ਰੁਕੂਹ ੨੯ ॥ ਪਾਦ ੩ ॥

ਅਰ ਜਦੋਂ ਤੁਸੀਂ ਇਸਤਰੀਆਂ ਨੂੰ (ਤਿੰਨ ਵਾਰ) ਤਿਲਾਕ ਦੇ ਦਿਓ ਅਰ ਉਹ ਆਪਣੀ ( ਇਦਿਤ ) ਦੀ ਅਵਧੀ ਪੂਰੀ ਕਰ ਲਏ ਅਰ ਰਵਾਜ ਅਨੁਸਾਰ ਆਪਸ ਵਿਚ ਕਿਸੇ(ਪੁਖ)ਨਾਲ ਰਾਜੀ ਹੋ ਜਾਣ ਤਾਂ ਉਹਨਾਂ ਨੂੰ(ਦੂਸਰੇ) ਪਤੀਆਂ ਨਾਲ ਨਕਾਹ ਕਰਾ ਲੈਣ ਥੀਂ ਨ ਰੋਕੋ। ਏਹ ਸਿਖਯਾ ਉਸ ਨੂੰ ਦਿਤੀ ਜਾਂਦੀ ਹੈ ਜੋ ਤੁਹਾਡੇ ਵਿਚੋਂ ਅੱਲਾ ਅਰ ਅੰਤ ਦੇ ਦਿਨ ਉਤੇ ਈਮਾਨ

Digitized by Panjab Digital Library | www.panjabdigilib.org

ਰਖਦਾ ਹੋਵੇ ਇਹ ਤੁਹਾਡੇ ਵਾਸਤੇ ਬਹੁਤ ਹੀ ਪਵਿਤਰਤਾਈ ਅਰ ਵਡੀ ਸੁਧਤਾਈ ਦੀ ਬਾਰਤਾ ਹੈ ਅਰ ਅੱਲਾ ਜਾਣਦਾ ਹੈ ਅਰ ਤੁਸੀਂ ਨਹੀਂ ਜਾਣਦੇ ॥ ੨੩੩ ॥ ਅਰ ਬਚੇ ਵਾਲੀ ਇਸਤਰੀਆਂ ਆਪਣੇ ਬਾਲਕ ਨੂੰ ਪੂਰੇ ਦੋ ਬਰਸ ਦੂਧ ਪਲਾਵਣ ਜੋ ਕੋਈ ਦੁਧ ਦੀ ਮੁਦਤ ਪੂਰੀ ਕਰਨਾ ਚਾਵੇ ਅਰ ਬਚੇ ਦੇ ਬਾਪ ਉਤੇ ਉਨਹਾਂ ਤਰੀਮਤਾਂ ਦਾ ਦਸਤੂਰ ਅਨੁਸਾਰ ਅੰਨ ਬਸਤਰ ਦੇਣਾ ਹੋਗਾ (ਕਿਸੀ) ਨੂੰ ਉਸਦੀ ਸ਼ਕਤੀ ਥੀਂ ਵਧਕੇ ਤਕਲੀਫ ਨਾ ਦਿਤੀ ਜਾਵੇ, ਮਾਈ ਨੂੰ ਓਸ ਦੇ ਬਾਲਕ ਦੇ ਨਮਿਤੋਂ ਹਾਨੀ ਨਾ ਪਹੁੰਚਾਈ ਜਾਵੇ ਅਤੇ ਨਾ ਬਾਪ ਨੂੰ ਓਸ ਦੇ ਬਾਲਕ ਦੇ ਕਾਰਣੋਂ ਅਰ ਮਾਲਕ ਪਰ ਭੀ ਇਸੀ ਭਾਂਤ(ਜ਼ਿਮਾਂਵਾਰੀ ਹੈ) ਫੇਰ ਯਦੀ ( ਸਮੇਂ ਥੀਂ ਪਹਿਲਾਂ ਮਾਤਾ ਪਿਤਾ ) ਦੋਨੋਂ ਆਪਨੀ ਮਰਜ਼ੀ ਅਰ ਸਲਾਹ ਨਾਲ (ਦੁਧ) ਛੁਡਾਣ ਦੀ ਇਛਾ ਕਰਨ ਤਾਂ ਉਨਹਾਂ ਉਤੇ ਕੋਈ ਦੋਖ ਨਹੀਂ ਅਰ ਯਦੀ ਤੁਸੀਂ ਆਪਣੀ ਸੰਤਾਨ ਨੂੰ (ਕਿਸੇ ਦਾਈ ਦਾ) ਦੁਧ ਪਿਲਾਣਾ ਚਾਹੋ ਤਾਂ ਤੁਹਾਨੂੰ ਕੋਈ ਗੁਨਾਂਹ ਨਹੀਂ ਇਸ ਪਰਤੱਗਯਾ ਉਤੇ ਕਿ ਜੋ ਤੁਸਾਂ ਨੇ ਦਸਤੂਰ ਮੁਤਾਬਿਕ ਦੇਣਾ ਕੀਤਾ ਸੀ ( ਉਸ ਦੇ ) ਹਵਾਲੇ ਕਰੋ ਅਰ ਅੱਲਾ ਪਾਸੋਂ ਡਰਦੇ ਰਹਿਆ ਕਰੋ ਅਰ ਜਾਨ ਰਖੋ ਕਿ ਜੋ ਕੁਛ ਭੀ ਤੁਸੀਂ ਕਰਦੇ ਹੋ ਅੱਲਾ ਉਸ ਨੂੰ ਦੇਖ ਰਹਿਆ ਹੈ ॥ ੨੩੪ ॥ ਅਰ ਤੁਹਾਡੇ ਵਿਚੋਂ ਜੋ ਲੋਗ ਮਰ ਜਾਣ ਅਰ ਇਸਤਰੀਆਂ ਛੱਡ ਮਰਨ ਤਾਂ ( ਇਸਤਰੀਆਂ ਨੂੰ ਚਾਹੀਦਾ ਹੈ ) ਕਿ ਚਾਰ *ਮਹੀਨੇ ਦਸ ਦਿਨ ਆਪਣੇ ਆਪ ਨੂੰ ਸਾਂਭੀ ਰਖਣ ਫੇਰ ਜਦੋਂ ਆਪਣੀ ( ਇਦਿਤ ਦੀ ) ਅਵਸਥਾ ਪੂਰੀ ਹੋ ਜਾਏ ਤਾਂ ਜੋਗ ਤੌਰ ਉਤੇ ਜੋ ਕੁਛ ਆਪਣੇ ਹੱਕ ਵਿਚ ਕਰਨ ਉਸ ਦਾ ਤੁਹਾਡੇ ਉਤੇ ਕੁਛ ਦੋਸ਼ ਨਹੀਂ ਅਰ ਤੁਸੀਂ ਲੋਗ ਜੋ ਕੁਛ ( ਭੀ ) ਕਰ ਰਹੇ ਹੋ ਅੱਲਾ ਨੂੰ ਉਸ ਦੀ ਖਬਰ ਹੈ ॥ ੨੩੫ ॥ ਅਰ ਯਦੀ ਤੁਸੀਂ ਕਿਸੇ ਬਾਤ ਓਲੇ ਵਿਚ ( ਏਹਨਾਂ ) ਇਸਤਰੀਆਂ ਨੂੰ (ਪੁਨਰ) ਵਿਵਾਹ ਦਾ ਸੰਦੇਸਾ ਦਿਓ ਅਥਵਾ ਆਪਣਿਆਂ ਦਿਲਾਂ ਵਿਚ ਛਿਪਾਈ ਰਖੋ ਤਾਂ ਇਸ ਗੱਲੋਂ ( ਭੀ ) ਤੁਹਾਨੂੰ ਕੋਈ ਗੁਨਾਹ ਨਹੀਂ, ਅੱਲਾ ਨੂੰ ਮਾਲੂਮ ਹੈ ਕਿ ਤੁਸੀਂ ਏਹਨਾਂ ( ਇਸਤਰੀਆਂ ਨਾਲ ਪੁਨਰ ਵਿਵਾਹ ਦਾ) ਖਿਆਲ ਕਰੋਗੇ ਪਰੰਤੂ ਏਹਨਾਂ ਨਾਲ ( ਨਕਾਹ ਦੀ ) ਪਰਤਿਗਜਾ ਚੁਪ ਕੀਤਿਆਂ ਭੀ ਨਹੀਂ ਕਰਨੀ, ਹਾਂ ਜਾਇਜ਼ ਤੌਰ ਉਤੇ ਕੋਈ ਬਾਤ ਆਖ ਦਿਓ (ਤਾਂ ਕੋਈ ਦੋਸ਼ ਨਹੀਂ) ॥ ੨੩੬ ॥ ਅਤੇ ਜਿਤਨਾ ਚਿਰ ਨਿਯਤ ਅਵਧੀ ਅਰਥਾਤ ( ਇਦਿਤ ) ਮੁਕ ਨਾ ਜਾਵੇ ਵਿਵਾਹ (ਨਕਾਹ) ਦੀ ਪਕੀ ਬਾਰਤਾ ਨਾ ਕਰੋ ਅਰ ਯਾਦ ਰਖੋ ਕਿ ਜੋ ਕੁਛ ਤੁਹਾਡੇ ਚਿਤ ਵਿਚ ਹੈ ਅੱਲਾ ( ਉਸ ਨੂੰ ) ਜਾਣਦਾ ਹੈ ਤਾਂ ਓਸ ਦੇ ਪਾਸੋਂ

*ਏਹ ਇਦਿਤ ਦੀ ਸੀਮਾਂ ਹੈ ।

Digitized by Panjab Digital Library | www.panjabdigilib.org

ਡਰਦੇ ਰਹੋ ਅਰ ( ਇਹ ਭੀ) ਯਾਦ ਰਖੋ ਕਿ ਅੱਲਾ ਬਖਸ਼ਣੇ ਵਾਲਾ ਧੀਰਜਵਾਨ ਹੈ ॥ ੨੩੭ ॥ ਰੁਕੂਹ ੩੦ ॥

ਜੇਕਰ ਤੁਸਾਂ ਨੇ ਇਸਤ੍ਰੀਆਂ ਨੂੰ ਹਥ ਤਕ ਨਾ ਲਗਾਇਆ ਹੋਵੇ ਅਰ ਨਾ ਹੀ ਉਨਹਾਂ ਦਾ ਮਹਿਰ ਨਿਯਤ ਕੀਤਾ ਹੋਵੇ ਅਰ ਏਸ ਨਾਲੋਂ ਪਹਿਲਾਂ ਉਨਹਾਂ ਨੂੰ ਤਿਲਾਕ ਦੇ ਦਿਤੀ ਹੋਵੇ ਤਾਂ ਏਸ ਵਿਚ ਤੁਹਾਨੂੰ ਕੋਈ ਦੋਸ਼ ਨਹੀਂ ਅਰ (ਚਾਹੀਏ ਕਿ) ਧਨਾਡ ਅਰ ਗਰੀਬ ਮਨੁਸ਼ ਆਪਣੀ ਸਮਰੱਥ ਅਨੁਸਾਰ ਓਹਨਾਂ ਨੂੰ ਖਰਚ ਦੇਨ ਜੈਸਾ ਖਰਚ ਦੇਣ ਦਾ ਦਸਤੂਰ ਹੈ ਇਹ ਭਲੇ ਪੁਰਖਾਂ ਤੇ ਹੱਕ ਹੈ ॥ ੨੩੮ ॥ ਅਰ ਯਦੀ ਸੇਜ ਮਾਨਣ ਥੀਂ ਪਹਿਲਾਂ ਔਰਤ ਨੂੰ ਤਿਲਾਕ ਦੇ ਦੇਵੇ ਅਰ ਉਨਹਾਂ ਦਾ ਮਹਿਰ ਤੁਸੀਂ ਨਿਯਤ ਕਰ ਚੁਕੇ ਹੋਵੋ ਤਾਂ ਜੋ ਕੁਛ ਤੁਸਾਂ ਨੇ ਠਹਿਰਾਇਆ ਸੀ ਉਸ ਦਾ ਅਰਧ (ਦੇਣਾ ਆਵੇਗਾ ) ਯਦੀ ਉਹ (ਔਰਤਾਂ) ਜਾਂ ਉਹ (ਮਰਦ) ਜਿਸ ਦੇ ਹਥ ਵਿਵਾਹ ਗਰਾ (ਅਕਦ ਨਿਕਾਹ) ਹੈ ਬਖਸ਼ ਦੇਂ (ਅਰ ਤੁਸੀਂ ਮਰਦ ਯਦੀ ਹਕ ਮੇਹਰ ਦੇਨੇ ਤੇ ਪ੍ਰਸੰਨ ਹੋਵੋ) ਅਰ (ਅਪਣਾ ਹਕ) ਬਖਸ਼ ਦੇਵੇ ਤਾਂ ਏਹ ਪਰਹੇਜ਼ਗਾਰੀ ਦੇ ਬਹੁਤ ਹੀ ਸਮੀਪ ਹੈ ਅਰ ਆਪਸ ਵਿਚ ਦੀ ਵਡਿਆਈ ਨੂੰ ਨਾ ਭੁਲਾਓ ( ਨਿਰਸੰਦੇਹ ) ਜੋ ਕੁਛ ਭੀ ਤੁਸੀਂ ਕਰ ਰਹੇ ਹੋ ਅੱਲਾ ਉਸ ਨੂੰ ਦੇਖਦਾ ਹੈ ॥ ੨੩੯ ॥ ( ਸੰਪੂਰਨ ) ਨਮਾਜ਼ਾਂ ਦੀ ( ਆਮ ਕਰਕੇ) ਅਤੇ ਵਿਚਲੀ ਨਮਾਜ਼ ਦੀ ( ਵਿਸ਼ੇਖ ਕਰਕੇ ) ਸਵਾਧਾਨ ਰਹੋ ਅਰ (ਨਮਾਜ ਵਿਚ) ਅੱਲਾ ਦੇ ਸਨਮੁਖ ਅਦਬ ਨਾਲ ਖੜੇ ਰਹੋ ॥ ੨੪੦ ॥ ਫੇਰ ਯਦੀ ਤੁਹਾਨੂੰ (ਵੈਰੀ ਦਾ) ਭੈ ਹੋਵੇ ਤਾਂ ਪੈਦਲ ਅਥਵਾ ਅਸਵਾਰ ( ਜਿਸ ਜੁਗਤ ਵਿਚ ਹੋਵੇ ਜੈਸਾ ਅਵਸਰ ਦੇਖੋ ਨਮਾਜ਼ ਨੂੰ ਅਦਾ ਕਰ ਲਓ) ਫੇਰ ਜਦੋਂ ਤੁਸੀਂ ਤਸੱਲੀ ਵਿਚ ਹੋ ਜਾਓ ਤਾਂ ਖੁਦਾ ਨੂੰ ਯਾਦ ਕਰੋ ਜਿਸ ਭਾਂਤ ਅੱਲਾ ਨੇ ਤੁਹਾਨੂੰ ਸਿਖਜਾ ਦਿਤੀ ਹੈ ਕਿ ( ਜਿਸ ਨੂੰ) ( ਤੁਸੀਂ ) ਪਹਿਲਾਂ ਨਹੀਂ ਜਾਣਦੇ ਸੀ ਓਸੇ ਤਰੀਕ ਨਾਲ ਪ੍ਰਮਾਤਮਾਂ ਦੀ ਅਰਾਧਨਾਂ ਕਰੋ ॥ ੨੪੧ ॥ ਅਰ ਜੌਨ ਸੇ ਆਦਮੀ ਤੁਹਾਡੇ ਵਿਚੋਂ ਕਾਲ ਵਸ ਹੋ ਜਾਣ ਅਰ ਇਸਤਰੀਆਂ ਛਡ ਮਰਨ ਤਾਂ ਆਪਣੀਆਂ ਇਸਤਰੀਆਂ ਦੇ ਹੱਕ ਵਿਚ ਇਕ ਬਰਸ ਤਕ ਦੇ (ਖਰਚ ਦੇਣ) ਦੀ ਵਸੀਹਤ ਕਰ ਜਾਣ (ਅਰਥਾਤ ਰੋਟੀ ਅਰ ਘਰ ਦਾ ਖਰਚ) ਅਰ (ਘਰ ਵਿਚੋਂ) ਨਾ ਕਢਣ ਦੀ ਫੇਰ ਯਦੀ ਓਹ ਆਪਣੇ ਆਪ ਨਿਕਸ ਪੈਣ ਤਾਂ ਤੁਹਾਨੂੰ ਕੋਈ ਪਾਪ ਨਹੀਂ ਹੈ, ਜੋਗ ਗੱਲਾਂ ਵਿਚੋਂ ਜੋ ਕੁਛ ਆਪਣੇ ਹੱਕ ਵਿਚ ਕਰਨ ਅਰ ਅੱਲਾ ਸ਼ਕਤਸ਼ਾਲੀ ( ਅਰ ) ਯੁਕਤੀ ਮਾਨ ਹੈ ॥ ੨੪੨ ॥ ਅਰ ਜਿਨਹਾਂ ਔਰਤਾਂ ਨੂੰ ਤਲਾਕ ਦਿਤੀ ਜਾਵੇ ਓਸਦੇ ਨਾਲ ਦਸਤੂਰ ਅਨਸਾਰ ਸਲੂਕ ਕਰਨਾ ਜੋਗ ਹੈ (ਅਰ) ਪਰਹੇਜਗਾਰਾਂ ਉਤੇ ਲਾਜ਼ਮ ਹੈ ॥ ੨੪੩ ॥ ਏਸੇ ਤਰਹਾਂ ਅੱਲਾ

Digitized by Panjab Digital Library | www.panjabdigilib.org

ਤੁਸਾਂ ਲੋਕਾਂ (ਦੀ ਸਿਖਜਾ) ਵਾਸਤੇ ਆਪਣੀਆਂ ਹਕਮਾਵਾ ਸਪਸ਼ਟ ਵਰਣਨ ਕਰਦਾ ਹੈ ਤਾ ਕਿ ਤੁਸੀ ਸਮਝੋ ॥ ੨੪੪ ॥ ਰੁਕੂਹ ੩੧ ॥

( ਹੇ ਪੈਯੰਬਰ ) ਕੀ ਤੁਸਾਂ ਨੂੰ ਉਨਹਾਂ ( ਦੇ ਹਾਲ ) ਉਤੇ ਦ੍ਰਿਸ਼ਟੀ ਨਹੀਂ ਦਿੱਤੀ ਜੋ ਆਪਣਿਆਂ ਘਰਾਂ ਵਿਚੋਂ ਮੌਤ ਦੇ ਡਰ ਦੇ ਮਾਰੇ ਨਿਕਲ ਖੜੇ ਹੋਏ ਅਰ ਉਹ ਹਜਾਰਾਂ ਹੀ ਸਨ ਫੇਰ ਖ਼ੁਦਾ ਨੇ ਉਹਨਾਂ ਨੂੰ ਹੁਕਮ ਦਿਤਾ ਕਿ ਮਰ ਜਾਓ ( ਅਰ ਵੈ ਮਰ ਗਏ ) ਫੇਰ ( ਖ਼ੁਦਾ ਨੇ ) ਉਨਹਾਂ ਨੂੰ ਸੁਰ-ਜੀਤ ਕਰ ਦਿਤਾ ਨਿਰਸੰਦੇਹ ਅੱਲਾ ਤਾਂ ਲੋਗਾਂ ਉਪਰ ( ਬੜਾ ) ਮੇਹਰਬਾਨ ਹੈ ਪਰੰਤੂ ਅਕਸਰ ਲੋਗ ( ਉਸ ਦਾ ) ਧਨਵਾਦ ਨਹੀਂ ਕਰਦੇ ॥ ੨੪੫ ॥ ਅਰ (ਮੁਸਲਮਾਨੋਂ)ਖ਼ੁਦਾ ਦੇ ਮਾਰਗ ਵਿਚ ਲੜੋ ਅਰ ਯਾਦ ਰਖੋ ਕਿ ਅੱਲਾ(ਸਾਰਿਆਂ ਦੀਆਂ) ਸੁਣਦਾ (ਅਤੇ ਸਭ ਕੁਛ) ਜਾਣਦਾ ਹੈ ॥੨੪੬॥ਐਸਾ ਕੌਣ ਪੁਰਖ ਹੈ ਜੋ ਖ਼ੁਦਾ ਨੂੰ ਪਰਸੰਨ ਚਿਤ ਰਿਣ ( ਕਰਜ ) ਦੇਵੇ ਕਿ ਖ਼ੁਦਾ ਉਸ ਦੇ ਕਰਜ ਨੂੰ ਉਸ ਦੇ ਵਾਸਤੇ ਕਈ ਗੁਣਾਂ ਵਧਾ ਦੇਵੇਗਾ ਅਰ ਅੱਲਾ (ਲੋਕਾਂ ਨੂੰ) ਕ੍ਰਿਪਣ (ਤੰਗੀ) ਭੀ ਕਰਦਾ ਹੈ ਅਰ ਧਨਾਢਜ ਭੀ ਕਰਦਾ ਹੈ ਅਰ ਉਸੀ ਤਰਫ ਤੁਸਾਂ ( ਸਭਨਾਂ ) ਨੇ ਲੋਟ ਕੇ ਜਾਣਾ ਹੈ ॥ ੨੪੭ ॥ ਕੀ ਤੁਸਾਂ ਨੇ ਮੂਸਾ ਦੇ ਬਾਦ ਬਨੀ ਇਸਰਾਈਲ ਦੇ ਖੜਪੈਂਚਾਂ ਦੀ (ਦਿਸ਼ਾ) ਉਤੇ ਦ੍ਰਿਸ਼ਟੀ ਨਹੀਂ ਦਿਤੀ ਕਿ ਓਹਨਾਂ ਨੇ ਆਪਣੇ ਪੈਯੰਬਰ ਅਗੇ ਬੇਨਤੀ ਕੀਤੀ ਕਿ ਸਾਡੇ ਵਾਸਤੇ ਇਕ ਬਾਦਸ਼ਾਹ ਮੁਕਰਰ ਕਰ ਦੀਜੀਏ ਕਿ ਅਸੀਂ ( ਓਸਦੇ ਆਸਰੇ ) ਅੱਲਾ ਦੇ ਰਾਹ ਵਿਚ ਯੁਧ ਕਰੀਏ ( ਪੈਯੰਬਰ ਨੇ ) ਕਹਿਆ ਯਦੀ ਤੁਹਾਡੇ ਉਤੇ ਜਹਾਦ (ਜੁਧ) ਫਰਜ ਕੀਤਾ ਜਾਵੇ ਤਾਂ ਤੁਹਾਡੇ ਪਾਸੋਂ ਕੋਈ ਦੂਰ ਨਹੀਂ ਕਿ ਤੁਸੀਂ ਨਾ ਲੜੋ । ਓਹ ਬੋਲੇ ਕਿ ਅਸੀਂ ਖ਼ੁਦਾ ਦੇ ਰਾਹ ਵਿਚ ਕਿਵੇਂ ਨਹੀਂ ਲੜਾਂਗੇ ਜਦੋਂ ਅਸੀਂ ਆਪਣਿਆਂ ਘਰਾਂ ਤਥਾ ਬਾਲ ਬੱਚੇ ਵਿਚੋਂ ( ਤਾਂ ) ਕੱਢੇ ਗਏ ਹਾਂ । ਫੇਰ ਜਦੋਂ ਉਨਹਾਂ ਉਤੇ ਜਹਾਦ ਫਰਜ ਕੀਤਾ ਗਿਆ ਤਾਂ ਉਨਹਾਂ ਵਿਚੋਂ ਗਿਣਤੀ ਦਿਆਂ ਥੋਹੜਿਆਂ ਥੀਂ ਸਿਵਾ ਬਾਕੀ ਸਭ ਫਿਰਗੇ ਅਤੇ ਅੱਲਾ ਤਾਂ ਨਾ ਫਰਮਾਨਾਂ ਨੂੰ ਖ਼ੂਬ ਜਾਣਦਾ ਹੈ ॥ ੨੪੮ ॥ ਅਰ ਉਨਹਾਂ ਦੇ ਪੈਯੰਬਰ ਨੇ ਉਨਹਾਂ ਨੂੰ ਕਹਿਆ ਕਿ ਅੱਲਾ ਨੇ ( ਤੁਹਾਡੀ ਦਰਖਾਸਤ ਦੇ ਅਨੁਸਾਰ ) ਤਾਲੂਤ ਨੂੰ ਤੁਹਾਡਾ ਬਾਦਸ਼ਾਹ ਮੁਕੱਰਰ ਕੀਤਾ (ਏਸ ਗਲੋਂ) ਲਗੇ ਕਹਿਣ ਕਿ ਇਸਨੂੰ ਸਾਡੇ ਉਤੇ ਰਾਜ ਕਿਸ ਤਰਹਾਂ ਮਿਲ ਸਕਦਾ ਹੈ ਹਾਲਾਂਕੇ ਇਸ ਨਾਲੋਂ ਹਕੂਮਤ ਦੇ ਅਸੀਂ ਹੀ ਬਹੁਤੇ ਹੱਕਦਾਰ ਹਾਂ ਕਿ ਏਸਨੂੰ ਤਾਂ ਧਨ ਸੰਪਦਾ ਵਿਚ ਭੀ ਵਡਪੁਣਾ ਨਸੀਬ ਨਹੀਂ (ਪੈਯੰਬਰ ਨੇ) ਕਹਿਆ ਕਿ ਅੱਲਾ ਨੇ ਤੁਹਾਡੇ ਉਤੇ ( ਹੁਕਮ ਕਰਨੇ ਵਾਸਤੇ ) ਏਸੇ ਨੂੰ ਪਸੰਦ ਕੀਤਾ ਹੈ ਅਰ ਇਲਮ ( ਵਿਚ ) ਅਤੇ ਜਿਸਮ ਵਿਚ ਉਸਨੂੰ ( ਬੜੀ )

Digitized by Panjab Digital Library | www.panjabdigilib.org

ਬਾਹੁਲਤਾਈ ਦਿਤੀ ਹੈ ਅਤੇ ਅਲਾ ਆਪਣਾ ਮੁਲਕ ਜਿਸ ਨੂੰ ਚਾਹੇ ਦੇਵੇ ਅਰ ਅੱਲਾ ( ਬੜੀ ) ਖੁਲ ਵਾਲਾ ਅਰ ਜਾਣੂੰ ਹੈ ॥ ੨੪੯ ॥ ਅਰ ਉਨਹਾਂ ਦੇ ਪੈਯੰਬਰ ਨੇ ਉਨਹਾਂ ਨੂੰ ਕਹਿਆ ਕਿ ਉਸਦੇ ਬਾਦਸ਼ਾਹ ਹੋਨ ਦੀ ( ਅੱਲਾ ਵਲੋਂ ) ਇਹ ਨਿਸ਼ਾਨੀ ਹੈ ਕਿ ਤੁਹਾਡੇ ਪਾਸ ਸੰਦੂਕ ਆ ਜਾਵੇਗਾ ਜਿਸ ਵਿਚ ਤੁਹਾਡੇ ਪਰਵਰਦਿਗਾਰ ਦੀ ( ਭੇਜੀ ਹੋਈ ) ਸ਼ਾਂਤੀ ( ਅਰਥਾਤ ਤੌਰੇਤ ) ਹੈ ਅਰ ( ਹੋਰ ) ਮੂਸਾ ਅਰ ਹਾਰੂਨ ਜੋ ( ਯਾਦਗਾਰ ) ਛੱਡ ਗਏ ਹਨ ਉਨਹਾਂ ਦੀਆਂ ਵਧੀਆਂ ਘਟੀਆਂ ਵਸਤਾਂ ( ਭੀ ਓਸੇ ਵਿਚ ) ਹਨ ਅਰ ਫਰਿਸ਼ਤੇ ਉਸਨੂੰ ਚੁਕ ਲਿਆਉਣਗੇ ਅਰ ਉਸ ਵਿਚ ਤੁਹਾਡੇ ਵਾਸਤੇ ਨਿਸ਼ਾਨੀ ਹੈ ਯਦੀ ਤੁਸੀਂ ਈਮਾਨ ਰਖਦੇ ਹੋ ॥ ੨੫੦ ॥ ਰੁਕੂਹ ੩੨ ॥

ਫਿਰ ਜਦੋਂ ਤਾਲੂਤ ਫੌਜਾਂ ਸੰਯੁਕਤ ( ਆਪਣੇ ਅਸਥਾਨੋਂ ) ਰਵਾਨਾਂ ਹੋਇਆ ਤਾਂ ( ਉਸ ਨੇ ਆਪਣਿਆਂ ਸਹਿਕਾਰੀਆਂ ਨੂੰ ) ਕਹਿਆ ਕਿ (ਰਸਤੇ ਵਿਚ ਇਕ ਨਹਿਰ ਆਵੇਗੀ ) ਅੱਲਾ ( ਓਸ ) ਨਹਿਰ ਥੀਂ ਤੁਹਾਡੀ (ਅਰਥਾਤ ਤੁਹਾਡੇ ਸੰਤੋਖ ਦੀ ) ਪਰੀਖਿਜਾ ਕਰਨ ਵਾਲਾ ਹੈ ਤਾਂ (ਜੋ ਰਜਕੇ) ਓਹ ਦਾ ਪਾਣੀ ਪੀ ਲਵੇਗਾ ਉਹ ਸਾਡਾ ਨਹੀਂ ਅਰ ਜੋ ਉਸਨੂੰ ਨਹੀਂ ਪੀਵੇਗਾ ਉਹ ਸਾਡਾ ਹੈ ਪਰੰਤੂ ( ਹਾਂ ) ਆਪਣੇ ਹਥੋਂ ਕੋਈ ਇਕ (ਅੱਧ ) ਚੁਲੂ ਭਰ ਲਵੇ ( ਤਾਂ ਕੋਈ ਗਲ ਨਹੀਂ ) ਫੇਰ ਤਾਂ ਏਹਨਾਂ ਲੋਗਾਂ ਵਿਚੋਂ ਕੁਛਕ ਗਿਣਤੀ ਦੇ ਸਿਵਾ ਸਭਨਾਂ ਨੇ ਤਾਂ ਓਸ ( ਨਹਿਰ ) ਵਿਚੋਂ ( ਰੱਜਕੇ ) ਪਾਣੀ ਪੀ ਲੀਤਾ ਫੇਰ ਜਦੋਂ ਤਾਲੂਤ ਅਰ ਈਮਾਨ ਵਾਲੇ ਜੋ ਉਸ ਦੇ ਨਾਲ ਸਨ ਨਹਿਰੋਂ ਪਾਰ ਹੋਗਏ ਤਾਂ ਲਗੇ ਆਖਣ ਕਿ ਸਾਡੇ ਵਿਚ ਤਾਂ ਜਾਲੂਤ ਅਰ ਓਸਦੇ ਲਸ਼ਕਰ ਦੇ ਨਾਲ ਅੱਜ ਭੇੜ ਕਰਨ ਦਾ ਦਮ ਹੀ ਨਹੀਂ ( ਇਸ ਬਾਤੋਂ ) ਉਹ ਲੋਗ ਜਿਨਹਾਂ ਨੂੰ ਨਿਸਚਾ ਸੀ ਕਿ ਅਸਾਂ ਖੁਦਾ ਦੇ ਸਨਮੁਖ ਹਾਜ਼ਰ ਹੋਣਾ ਹੈ ਬੋਲ ਖਲੋਤੇ ਕਿ ਅਕਸਰ (ਐਸੇ ਹੁੰਦਾ ਹੈ ਕਿ ) ਅੱਲਾ ਦੇ ਹੁਕਮ ਨਾਲ ਥੋਹੜਾ ਟੋਲਾ ਬਹੁਤੇ ਟੋਲੇ ਉਤੇ ਗਾਲਬ ਆਗਿਆ ਹੈ ਅਰ ਅੱਲਾ ਸਬਰ ਕਰਨ ਵਾਲਿਆਂ ਦਾ (ਸੰਗੀ) ਸਾਥੀ ਹੈ ॥ ੨੫੧ ॥ ਅਰ ਜਦੋਂ ਜਾਲੂਤ ਅਰ ਓਸ ਦੀਆਂ ਫੌਜਾਂ ਦੇ ਮੁਕਾਬਲੇ ਵਿਚ ਆਏ ਤਾਂ ਬੋਲੇ ਕਿ ਹੇ ਸਾਡੇ ਪਰਵਰਦਿਗਾਰ ਸਾਨੂੰ ਸਬਰ ਪਰਵਾਨ ਕਰ ਅਰ ਸਾਡੇ ਪੈਰ ਜਮਾਈ ਰੱਖ ਅਰ ਕਾਫਰਾਂ ਦੀਆਂ ਜਮਾਤਾਂ ਉਤੇ ਸਾਨੂੰ ਫਤੇ ਦੇਹ ॥ ੨੫੨ ॥ ਫੇਰ ਏਹਨਾਂ ਲੋਕਾਂ ਨੇ ਅੱਲਾ ਦੇ ਹੁਕਮ ਨਾਲ ਵੈਰੀਆਂ ਨੂੰ ਭਜਾ ਦਿਤਾ ਅਰ ਜਾਲੂਤ ਨੂੰ ਦਾਊਦ ਨੇ ਵੱਢ ਸਿਟਿਆ ਅਰ ਉਨਹਾਂ ਨੂੰ ਖੁਦਾ ਨੇ ਰਾਜ ਪਦਵੀ ਦਿਤੀ ਅਰ ( ਪਰਬੰਧ ਕਾਰਣੀ ) ਬੁਧਿ ( ਪਰਦਾਨ ਕੀਤੀ ) ਅਰ ਜੋ ( ਇਲਮ ਤਥਾ ਹੁਨਰ ) ਓਹਨਾਂ ਦੀ ਮਰਜੀ ਵਿਚ ਆਇਆ ਉਹਨਾਂ ਨੂੰ ਸਿਖਲਾ ਦਿਤਾ ਅਰ

Digitized by Panjab Digital Library | www.panjabdigilib.org

ਯਦੀ ਅੱਲਾ ਕਈਆਂ ਪੁਰਖਾਂ ਦੇ ਵਸੀਲੇ ਨਾਲ ਕਈਆਂ ਹੋਰ ਪੁਰਖਾਂ ਨੂੰ (ਰਾਜ ਸਿੰਘਾਸਨੋ) ਨਾ ਹਟਾਵੇ ਤਾਂ ਮੁਲਕ ਦਾ ਪਰਬੰਧ ਤਿੱਤਰ ਬਿੱਤਰ ਹੋਜਾਵੇ ਪਰੰਚ ਅੱਲਾ ਦੁਨੀਆ ਦੇ ਲੋਗਾਂ ਉਪਰ (ਬਹੁਤ) ਦਿਯਾਲੂ ਹੈ ॥ ੨੫੩ ॥

( ਹੇ ਪੈਯੰਬਰ ) ਏਹ ਅੱਲਾ ਦੀਆਂ ਆਇਤਾਂ (ਸਤ) ਹਨ ਜੋ ਅਸੀਂ ਤੁਹਾਨੂੰ ਸਚਾਈ ਸੇ ਪੜ੍ਹ ੨ ਕੇ ਸੁਣਾਂਦੇ ਹਾਂ ਅਰ ਨਿਰਸੰਦੇਹ ਤੁਸੀਂ ਪੈਯੰਬਰਾਂ ਵਿਚੋਂ ਹੋ ॥ ੨੫੪ ॥ *ਏਹ ( ਜੋ) ਅਸਾਂ ਨੇ ਪੈਯੰਬਰ ( ਭੇਜੇ ਹਨ) ਏਹਨਾਂ ਨੂੰ ਕਈਆਂ ਉਤੋਂ ਕਈਆਂ ਨੂੰ ਵਡਿਆਈ ਦਿਤੀ, ਏਹਨਾਂ ਵਿਚੋਂ ਕਈਕ ਤਾਂ ਐਸੇ ਹਨ ਜਿਨਹਾਂ ਦੇ ਨਾਲ ( ਖੁਦ ) ਅੱਲਾ ਨੇ ਗੱਲਾਂ ਕੀਤੀਆਂ ਅਰ ਕਈਆਂ ਦੇ ਦਰਜੇ ਵਡੇ ਕੀਤੇ ਅਰ ਮਰੀਯਮ ਦੇ ਪੁੱਤਰ ਈਸਾ ਨੂੰ ਅਸਾਂ ਖੁਲਮਖੁਲੇ ਚਮਤਕਾਰ ਦਿਤੇ ਅਰ ਰੂਹਉਲਕੁਦਸ ( ਅਰਥਾਤ ਜਬਰਾਈਲ ) ਦਵਾਰਾ ਉਨਹਾਂ ਦੀ ਤਾਈਦ ਕੀਤੀ ਅਰ ਜੇਕਰ ਖ਼ੁਦਾ ਚਾਹੁੰਦਾ ਤਾਂ ਜੋ ਲੋਕ ਉਨਹਾਂ (ਪੈਯੰਬਰਾਂ) ਥੀਂ ਪਿਛੋਂ ਹੋਏ ਆਪਣੇ ਪਾਸ ਖੁਲਮਖੁਲੇ ਨਿਸ਼ਾਨ ਆਇਆਂ ਪਿਛੋਂ ਇਕ ਦੂਸਰੇ ਨਾਲ ਲੜਾਈ ਨਾ ਕਰਦੇ ਪਰੰਤੂ (ਤਾਂ ਭੀ) ਲੋਕਾਂ ਨੇ ਇਕ ਦੂਸਰੇ ਨਾਲ ਭੇਦ ਕੀਤੀ ਤਾਂ ਏਹਨਾਂ ਵਿਚੋਂ ਕਈਕ ਤਾਂ ਓਹ ਸਨ ਜੋ ਈਮਾਨ ਧਾਰ ਬੈਠੇ ਅਰ ਕਈਕ ਉਹ ਸਨ ਜੋ ਕਾਫਰ ਹੋ ਗਏ ਅਰ ਜੇਕਰ ਖ਼ੁਦਾ ਚਾਹੁੰਦਾ ਤਾਂ ( ਏਹ ਲੋਗ ) ਆਪਸ ਵਿਚ ਨਾ ਲੜਦੇ ਪਰੰਚ ਅੱਲਾ ਜੋ ਚਾਹੁੰਦਾ ਹੈ ਕਰਦਾ ਹੈ ॥੨੫੫॥ ਰੁਕੂਹ ੩੩ ॥

ਮੁਸਲਮਾਨੋ ! ਸਾਡੇ ਦਿਤੇ ਹੋਏ ਵਿਚੋਂ (ਕੁਛ ਭਲੇ ਪਾਸੇ)ਖਰਚ (ਭੀ) ਕਰ ਲਓ(ਪਰੰਤੂ) ਏਸ ਨਾਲੋਂ ਪਹਿਲਾਂ ਕਿ ਉਹ ਦਿਨ ਆ ਪਹੁੰਚੇ ਜਿਸ ਵਿਚ ਨਾ ਬਣਜ ਬਿਓਪਾਰ ਹੋਵੇਗਾ ਅਰ ਨਾ ਹੀ ਦੋਸਤੀ (ਤਥਾ ਮਿਤ੍ਰਤਾਈ) ਅਰ ਨਾਂ ਹੀ ਸਪਾਰਸ਼। ਅਰ ਵੁਹ ਜੋ ਕ੍ਰਿਤਘਨ ਹਨ ਓਹ ਲੋਗ ( ਕੁਝ ਅਪਣੀ ਹੀ ) ਹਾਨੀ ਕਰਦੇ ਹਨ ॥ ੨੫੬ ॥ ਅੱਲਾ (ਉਹ ਪਵਿਤ੍ਰ ਰੂਪ ਹੈ) ਕਿ ਉਸਦੇ ਸਿਵਾ ਕੋਈ ਪੂਜ ਨਹੀਂ(ਉਹ)ਸਰਜੀਵ ਚੈਤੰਨ ( ਜਗਤ ਦਾ ) ਕਰਤਾ ਧਰਤਾ ਹੈ ਨਾ ਹੀ ਉਸ ਨੂੰ ਤੰਦ੍ਰਾ ਆਉਂਦੀ ਹੈ ਅਰ ਨਾ ਹੀ ਓਸ ਨੂੰ ਨਿੰਦ੍ਰਾ ਓਸੇ ਦਾ ਹੀ ਹੈ ਜੋ ਕੁਛ ਅਗਾਸਾਂ ਵਿਚ ਹੈ ਅਰ ਜੋ ਕੁਛ ਧਰਤੀ ਉਪਰ ਹੈ ਕੌਣ ਹੈ ਜੋ ਉਸ ਦੇ ਹੁਕਮ ਥੀਂ ਬਿਨਾਂ ਓਸ ਦੀ ਜਨਾਬ ਵਿਚ (ਕਿਸੇ ਦੀ) ਸਪਾਰਸ਼ ਕਰੇ ਜੋ ਕੁਛ ਲੋਗਾਂ ਨੂੰ ਪੇਸ਼ (ਆ ਰਹਿਆ) ਹੈ (ਓਹ)ਅਰ ਜੋ ਕੁਛ ਉਨਹਾਂ ਦੇ ਪਿੱਛੇ ( ਹੋਣ ਵਾਲਾ ) ਹੈ ( ਉਹ ) ਉਸ ਨੂੰ ( ਸਭ ) ਖਬਰ ਹੈ ਅਰ ਲੋਗ ਓਸ ਦੇ ਗਿਆਨ ਵਿਚੋਂ ਕਿਸੇ ਵਸਤੂ ਉਤੇ ਪਹੁੰਚ ਨਹੀਂ ਰਖਦੇ ਪਰੰਤੂ ਜਿਤਨੀ ਓਹ ਚਾਹੇ ਓਸ ਦੇ (ਰਾਜ) ਸਿੰਘਾਸਨ ਵਿਚ ਆਗਾਸਾਂ ਤਥਾ ਧਰਤੀ ਦੀ ਸਮਾਈ

*ਤਿਲਕਰੁਸੁਲੁ ਨਾਮੀ ਤੀਸਰਾ ਪਾਰਾ ਚਲਿਆ ॥

Digitized by Panjab Digital Library | www.panjabdigilib.org

( ਪਰ ਪ੍ਰਬਲ) ਹੈ ਅਰ ਅਗਾਸ ਤਥਾ ਧਰਤੀ ਦੀ ਰੱਛਾ ਉਸਨੂੰ ਥਕਾ ਨਹੀਂ ਸਕਦੀ ਅਰ ਉਹ(ਬੜਾ)ਊਚ ਤੇ ਊਚਾ(ਅਰ)ਮੂਚ ਤੇ ਮੂਚਾ ਹੈ॥੨੫੭॥ਦੀਨ ਵਿਚ ਜਬਰਦਸਤੀ ਦਾ ( ਕੋਈ ਕੰਮ ) ਨਹੀਂ ਗੁਮਰਾਈ ਨਾਲੋਂ ਸੁਧਰ ( ਅਰਥਾਤ ਸਿਖਿਆ ਵਖਰੀ) ਪਰਗਟ ਹੋ ਚੁਕੀ ਹੈ ਤਾਂ ਜੋ ਝੂਠਿਆਂ ਮਾਬੂਦਾਂ ਨੂੰ ਨਾਂ ਮੰਨੇ ਤਥਾ ਅੱਲਾ ਉੱਤੇ ਈਮਾਨ ਲੈ ਆਇਆ ਤਾਂ ਓਸ ਨੇ ਪੱਕੀ ਡੋਰ ਪਕੜ ਛੱਡੀ ਹੈ ਜੋ ਟੁੱਟਣ ਵਾਲੀ ਨਹੀਂ ਅਰ ਅੱਲਾ ਸੁਣਦਾ ਅਰ ( ਸਭ ਕੁਛ ) ਜਾਣਦਾ ਹੈ ॥ ੨੫੮ ॥ ਅੱਲਾ ਈਮਾਨ ਵਾਲਿਆਂ ਦਾ ਮਿਤਰ ( ਤਥਾ ਮਦਦਗਾਰ ) ਹੈ ਕਿ ਉਨਹਾਂ ਨੂੰ ( ਕੁਫਰ ਦੇ ) ਅੰਧੇਰੇ ਥੀਂ ਨਿਕਾਸ ਕੇ( ਈਮਾਨ ਦੇ)ਪਰਕਾਸ਼ ਵਿਚ ਲੈ ਆਉਂਦਾ ਹੈ ਅਰ ਜੋ ਆਦਮੀ ( ਸੱਚੇ ਦੀਨ ਥੀਂ ) ਮੁਨਕਰ ਹਨ ਉਨਹਾਂ ਦੀ ਸਹਾਇਤਾ ਵਿਚ ਸ਼ੈਤਾਨ ਹੈ ਕਿ ਉਨਹਾਂ ਨੂੰ ( ਈਮਾਨ ਦੀ ) ਰਸ਼ਨੀ ਵਿਚੋਂ ਕੱਢ ਕੇ ( ਕੁਫਰ ਦੀਆਂ ) ਅੰਧੇਰਿਆਂ ਵਿਚ ਧਕੇਲੀਦੇ ਹਨ ਏਹੋ ਲੋਗ ਨਾਰਕੀ ਹਨ ( ਅਰ ) ਸਦਾ ਨਰਕਾਂ ਵਿਚ ਹੀ ਰਹਿਣਗੇ ॥ ੨੫੯ ॥ ਰੁਕੂਹ ੩੪ ॥

( ਹੇ ਪੈਯੰਬਰ ) ਕੀ ਤੂੰ ਨੇ ਓਸ ਆਦਮੀ ਦੇ ( ਹਾਲ ਉਪਰ ) ਧਿਆਨ ਨਹੀਂ ਕੀਤਾ ਜੋ ਸਿਰਫ ਏਸ ਕਾਰਨ ਥੀਂ ਕਿ ਖ਼ੁਦਾ ਨੇ ਉਸ ਨੂੰ ਰਾਜ ਦੇ ਛਡਿਆ ਸੀ ( ਸ਼ੇਖੀ ਵਿਚ ਆਕੇ ) ਇਬਰਾਹੀਮ ਨਾਲ ਓਸ ਦੇ ਪਰਵਰਦਿ-ਗਾਰ ਦੇ ਬਾਰੇ ਵਿਚ ਲਗਾ ਤਰਕਾਂ ਵਿਤਰਕਾਂ ਕਰਨ ਜਦੋਂ ਇਬਰਾਹੀਮ ਨੇ ( ਓਸ ਨੂੰ ) ਕਹਿਆ ਕਿ ਮੇਰਾ ਪਰਵਰਦਿਗਾਰ ਤਾਂ ਸੋਈ ਹੈ (ਜੋ ਲੋਕਾਂ ਨੂੰ ) ਉਤਪਤ ਅਰ ਖੈ ਕਰਦਾ ਹੈ ( ਏਸ ਗਲੋਂ ) ਉਹ ਲਗਾ ਆਖਣ ਕਿ ਮੈਂ ( ਭੀ ) ਉਤਪਤ ਅਰ ਖੈ ਕਰਦਾ ਹਾਂ ਇਬਰਾਹੀਮ ਨੇ ਕਹਿਆ ਕਿ ( ਅੱਛਾ ) ਅੱਲਾ ਤਾਂ ਸੂਰਜ ਨੂੰ ਉਗਵਣ(ਪੂਰਬ)ਵਲੋਂ ਉਦੈ ਕਰਦਾ ਹੈ ਆਪ ਓਸ ਨੂੰ ਅਥਵਣ (ਪਛਮ) ਵਲੋਂ ਉਦੈ ਕਰੇ (ਤਾਂ ਜਾਣੀਏ)ਏਸ ਗਲੋਂ ਉਹ ਕਾਫਰ ਹੱਕਾ ਬੱਕਾ ਹੋ ਕੇ ਬੈਠ ਗਿਆ ਅੱਲਾ ਹਠ ਧਰਮੀ ਲੋਗਾਂ ਨੂੰ ਉਪਦੇਸ਼ ਨਹੀਂ ਦਿੱਤਾ ਕਰਦਾ॥੨੬੦॥ ਅਥਵਾ ਓਸ ਪੁਰਖ ਦੀ ਭਾਂਤ ਜੋ ਇਕ ਨਗਰੀ ਉਪਰ ( ਦੀ ਹੋ ਕੇ ) ਲੰਘਿਆ ਅਰ ਉਹ ਨਗਰੀ(ਐਸੀ ਉੱਜੜ ਥੇਹ ਸੀ)ਕਿ ਛੱਤਾਂ ਭੀ ਢਹਿ ਢੇਰੀ ਸਨ,( ਦੇਖ ਕੇ ਹਰਾਨੀ ਨਾਲ )ਲਗੇ ਆਖਣ ਕਿ ਅੱਲਾ ਏਸ (ਨਗਰੀ) ਨੂੰ ਏਸ ਦੇ ਮਰੇ (ਅਰਥਾਤ ਐਸੀ ਉੱਜੜ ਥੇਹ) ਹੋਈ ਪਿੱਛੋਂ ਕਿਸ ਤਰਹਾਂ ਸਜੀਵ ( ਅਰਥਾਤ ਅਬਾਦ ) ਕਰੇਗਾ ਏਸ ਬਾਰਤਾ ਥੀਂ ਅੱਲਾ ਨੇ ਉਨਹਾਂ ਨੂੰ ਸੌ ਬਰਸ ਤਕ ਮਾਰੀ ਰਖਿਆ ਅਤੇ ਫੇਰ ਸਜੀਵ ਕਰ ਦਿੱਤਾ ( ਅਤੇ ) ਪੁਛਿਆ ਤੁਸੀਂ ( ਏਸ ਅਵਸਥਾ ਵਿਖੇ ) ਕਿਤਨਾਕ ਚਿਰ ਰਹੇ,ਕਹਿਆ ਇਕ ਦਿਨ ਰਿਹਿਆ ਹੋਵਾਂਗਾ ਅਥਵਾ ਇਕ ਦਿਨੋਂ ਭੀ ਘਟ ਫਰਮਾਇਆ ( ਨਹੀਂ )

Digitized by Panjab Digital Library | www.panjabdigilib.org

ਪ੍ਰਤਯੁਤ ਤੁਸੀਂ ਸੌ ਬਰਸ (ਏਸੇ ਅਵਸਥਾ ਵਿਚ) ਰਹੇ ਹੋ ਹੁਣ ਆਪਣੇ ਖਾਣ ਅਤੇ ਪੀਣ ਵਾਲੀਆਂ ਵਸਤਾਂ ਨੂੰ ਦੇਖੋ ਕੋਈ ਬਾਸੀ ਤਕ ਨਹੀਂ ਅਤੇ ਆਪਣੇ ਖੋਤੇ ਵਲ (ਭੀ) ਦੇਖੋ (ਜਿਸ ਉਪਰ ਆਪ ਆਰੂਢ ਥੇ) ਇਹ ਇਸ ਪ੍ਰਯੋਜਨ ਸੇ ਹੈ ਕਿ ਅਸੀਂ ਤੁਹਾਨੂੰ ਲੋਗਾਂ ਦੇ ਵਾਸਤੇ (ਆਪਣੀ ਸ਼ਕਤੀ ਦਾ) ਇਕ ਨਮੂਨਾ ਬਨਾਈਏ ਅਰ (ਗਧੇ ਦੀਆਂ) ਹੱਡੀਆਂ ਵਲ ਦੇਖੋ ਕਿ ਅਸੀਂ ਉਸ ਨੂੰ ਕਿਸ ਪਰਕਾਰ ਜੋੜ ਜਾੜ ਕੇ ਉਨਹਾਂ ਦਾ ਕਲਬੂਤ ਬਣਾ ਕੇ ਖੜਾ ਕਰਦੇ ਹਾਂ (ਅਰ) ਫੇਰ ਓਸ ਉਤੇ ਮਾਸ ਚੜ੍ਹਾਉਨੇ ਹਾਂ ਫੇਰ ਜਦੋਂ ਓਸ (ਬਜ਼ੁਰਗ) ਉਤੇ (ਇਹ ਸ਼ਕਤ ਇਲਾਹੀ ਦਾ ਚਮਿਤਕਾਰ) ਪਰਗਟ ਹੋਇਆ ਤਾਂ ਬੋਲ ਉਠਿਆ ਕਿ ਹੁਣ ਮੈਂ (ਪੱਕਾ) ਵਿਸ਼ਵਾਸ਼ ਕਰਦਾ ਹਾਂ ਕਿ ਅੱਲਾ ਸੰਪੂਰਨ ਵਸਤਾਂ ਉਤੇ ਕਾਦਰ ਹੈ ॥ ੨੬੧ ॥ ਅਰ ਜਦੋਂ ਇਬਰਾਹੀਮ ਨੇ ('ਖੁਦਾ ਅਗੇ) ਬੇਨਤੀ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਇਕ ਦ੍ਰਿਸ਼ਟੀ ਮੈਨੂੰ (ਭੀ ਤਾਂ) ਦਿਖਾ ਕਿ (ਤੂੰ ਕਿਯਾਮਤ ਦੇ ਦਿਨ) ਮੁਰਦਿਆਂ ਨੂੰ ਕਿਸ ਪ੍ਰਕਾਰ ਸੁਰਜੀਤ ਕਰੇਂਗਾ ? ਭਗਵਾਨ ਦੀ ਆਗਿਆ ਹੋਈ (ਅਰਥਾਤ ਖੁਦਾ ਨੇ ਫੁਰਮਾਇਆ) ਕਿ ਤੈਨੂੰ ਏਸਦਾ ਨਿਸਚਾ ਨਹੀਂ ? ਬੇਨਤੀ ਕੀਤੀ ਕਿਉਂ ਨਹੀਂ (ਈਮਾਨ ਤਾਂ ਲਾਇਆ ਹਾਂ) ਪਰੰਚ ਦਿਲੀ ਸ਼ਾਂਤੀ ਚਾਹਨਾ ਹਾਂ, ਤਾਂ ਕਹਿਆ ਕਿ (ਚੰਗਾ) ਚਾਰ ਪੰਖੀ ਲੈ ਲਓ ਅਰ ਉਨਹਾਂ ਨੂੰ ਆਪਣੇ ਪਾਸ ਬਲਾਓ (ਅਰਥਾਤ ਗਿਝਾਓ) ਫਿਰ ਹਰ ਪਰ-ਬਤ ਉਤੇ ਉਹਨਾਂ (ਦੇ ਮਾਸ) 'ਦਾ ਇਕ ਇਕ ਟੁਕੜਾ ਡਾਲਦੇ ਫੇਰ ਓਹਨਾਂ ਨੂੰ ਬੁਲਾਓ ਤਾਂ ਉਹ (ਆਪੇ ਆਪ) ਤੁਹਾਡੇ ਪਾਸ ਦੌੜੇ ਚਲੇ ਆਉਣਗੇ (ਇਹ ਨਮੂਨਾ ਮੇਰੀ ਕੁਦਰਤ ਦਾ ਦੇਖੋ) ਅਰ ਯਾਦ ਰਖੋ ਕਿ ਅੱਲਾ ਸ਼ਕਤੀ ਸ਼ਾਲੀ (ਅਰ) ਯੁਕਤੀ ਵਾਲਾ ਹੈ ॥ ੨੬੨ ॥ ਰੁਕੂਹ ॥ ੩੫ ॥

ਓਹਨਾਂ ਦਾ ਦ੍ਰਿਸ਼ਟਾਂਤ ਜੋ ਲੋਗ ਆਪਣੇ ਧਨ ਮਾਲ ਨੂੰ ਖੁਦਾ ਦੇ ਮਾਰਗ ਵਿਚ ਖਰਚ ਕਰਦੇ ਹਨ, ਓਸ ਦਾਣੇ ਦੀ ਤਰਹਾਂ ਹੈ ਕਿ ਜਿਸ ਥੀਂ ਸਤ ਸਿੱਟੇ ਪੈਦਾ ਹੋਏ ਹਰ ਸਿੱਟੇ ਵਿਚ ਸੌ ਦਾਣੇ ਅਰ ਅੱਲਾ ਜਿਸ ਨੂੰ ਚਾਹੁੰਦਾ ਹੈ ਬਰਕਤ ਦੇਂਦਾ ਹੈ ਅਰ ਅੱਲਾ (ਬੜੀ) ਖੁਲ ਡੁਲ ਵਾਲਾ (ਅਰ) ਜਾਣੀਜਾਣ ਹੈ ॥ ੨੬੩ ॥ ਜੋ ਲੋਗ ਆਪਣੇ ਧਨ ਮਾਲ ਨੂੰ ਖੁਦਾ ਦੇ ਰਾਹ ਵਿਚ ਖਰਚ ਕਰਦੇ ਹਨ ਫੇਰ ਖਰਚ ਕੀਤਿਆਂ ਪਿਛੋਂ (ਕਿਸੇ ਤਰਹਾਂ ਦਾ) ਅਹਿਸਾਨ ਨਹੀਂ ਜਿਤਾਉਂਦੇ ਅਰ ਨਾ ਹੀ (ਲੈਣ ਵਾਲਿਆਂ ਨੂੰ ਕਿਸੇ ਪਰਕਾਰ ਦਾ) ਕਸ਼ਟ ਦੇਂਦੇ ਹਨ ਉਨਹਾਂ ਨੂੰ ਉਨਹਾਂ (ਦੇ ਦਿਤੇ) ਦਾ ਪੁੰਨ (ਸਵਾਬ) ਉਨਹਾਂ ਦੇ ਪਰਵਰਦਿਗਾਰ ਪਾਸੋਂ ਮਿਲੇਗਾ ਅਰ ਨਾਂ ਤਾਂ ਉਨਹਾਂ ਨੂੰ (ਕਿਸੇ ਤਰਹਾਂ ਦਾ) ਭੈ (ਪਰਾਪਤ) ਹੋਵੇਗਾ ਅਰ ਨਾ ਹੀ ਉਹ (ਕਿਸੇ ਤਰਹਾਂ) ਖਿਨ-

Digitized by Panjab Digital Library | www.panjabdigilib.org

ਚਿਤ ਹੋਣਗੇ ॥ ੨੬੪ ॥ ਨਰਮੀ ਨਾਲ ਉੱਤਰ ਦੇ ਦੇਣਾ ਅਰ ( ਮਾਂਗਤ ਦੇ ਹਠ ਕਰਨ ਥੀਂ ) ਦਰਗੁਜਰ ਕਰਨਾ ਓਸ ਦਾਨ ਨਾਲੋਂ ਬਹੁਤ ਹੀ ਉਤਮ ਹੈ ਜਿਸ ਦੇ ( ਦਿਤਿਆਂ ) ਪਿਛੋਂ (ਭਿਖਾਰੀ ਨੂੰ ਕਿਸੇ ਤਰਹਾਂ ਦਾ) ਕਸ਼ਟ ਪਹੁੰਚੇ ਅਰ ਅੱਲਾ ਬੇ ਪਰਵਾਹ ( ਅਰ ) ਧੈਰਜੀ ਹੈ ॥ ੨੬੫ ॥ ਮੁਸਲ-ਮਾਨੋ ! ਆਪਣੇ ਦਾਨ ਦਾ ਅਹਿਸਾਨ ਜਤਾਣੇ ਅਰ ( ਭਿਖਾਰੀ ਨੂੰ ) ਕਸ਼ਟ ਦੇਣ ਥੀਂ ਓਸ ਆਦਮੀ ਦੀ ਤਰਹਾਂ ਅਕਾਰਥ ਮਤ ਕਰੋ ਜੋ ਆਪਣਾ ਮਾਲ ਲੋਗਾਂ ਦੇ ਦਿਖਾਵੇ ਵਾਸਤੇ ਖਰਚ ਕਰਦਾ ਹੈ । ਅੱਲਾ ਅਰ ਅੰਤ ਦੇ ਦਿਨ ਦਾ ਨੇਹਚਾ ਨਹੀਂ ਰਖਦਾ ਤਾਂ ਉਸ ਦੇ ( ਦਾਨ ਦਾ ) ਦ੍ਰਿਸ਼ਟਾਂਤ ਓਸ ਸਾਲ ਸਿਲਾ ਦੀ ਤਰਹਾਂ ਹੈ ਕਿ ਉਸ ਉਤੇ (ਕੁਛ) ਮਿੱਟੀ (ਪੜੀ) ਹੋਈ ਹੈ ਅਰ ਫੇਰ ਓਸ ਉਤੇ ਬਰਸੀ ਜੋਰ ਦੀ ਬਰਖਾ ਉਸ ਨੂੰ ਸਪਾਟ ਕਰਕੇ (ਵਗਾ ਕੇ) ਲੈ ਗਈ (ਇਸੀ ਭਾਂਤ ਅੰਤ ਵਿਚ) ਪਖੰਡੀਆਂ ਨੂੰ ਉਸ ਦਾਨ ਦੇ ਵਿਚੋਂ ਜੋ ਉਹਨਾਂ ਨੇ ਕੀਤਾ ਸੀ ਕੁਝ ਭੀ ਹਥ ਨਹੀਂ ਲਗੇਗਾ ਅਰ ਅੱਲਾ ਓਹਨਾਂ ਲੋਗਾਂ ਨੂੰ ਜੋ ਕਿਰਤਘਨ ਹਨ ਸਿਖਜਾ ਨਹੀਂ ਦਿਤਾ ਕਰਦਾ ॥ ੨੬੬ ॥ ਅਰ ਜੋ ਲੋਗ ਖੁਦਾ ਦੀ ਰਜਾਵੰਦੀ ਵਾਸਤੇ ਅਰ ਆਪਣੀ ਨੀਯਤ ਦ੍ਰਿੜ ਰਖ ਕੇ ਆਪਣਾ ਧਨ ਪਦਾਰਥ ਖਰਚ ਕਚਦੇ ਹਨ ਉਨਹਾਂ ਦਾ ਦ੍ਰਿਸ਼ਟਾਂਤ ਇਕ ਬਾਗ ਵਰਗਾ ਹੈ ਜੋ ਉੱਚੀ ( ਜਗਹਾ ) ਪਰ ਹੈ ਉਸ ਉਤੇ ਬਰਸੀ ਜੋਰ ਦੀ ਬਰਖਾ ਤਾਂ ਦੋ ਗੁਣਾਂ ਫਲ ਲਗਾ ਅਰ ਜੇਕਰ ਓਸ ਉਤੇ ਜੋਰ ਦੀ ਬਰਖਾ ਨਾ ( ਭੀ ) ਹੋਏ ਤਾਂ (ਓਸ ਨੂੰ) ਤ੍ਰੇਲ ਤੁਬਕੇ (ਹੀ ਪੂਰਣ ਕਰ ਦੇਂਦੀ ਹੈ ) ਅਰ ਤੁਸੀਂ ਲੋਗ ਜੋ ਕੁਛ ਭੀ ਕਰਦੇ ਹੋ ਅੱਲਾ (ਉਸ ਨੂੰ) ਦੇਖ ਰਹਿਆ ਹੈ ॥ ੨੬੭ ॥ ਭਲਾ ਤੁਹਾਡੇ ਵਿਚੋਂ ਕੋਈ ਭੀ ਏਸ ਬਾਰਤਾ ਨੂੰ ਪਸੰਦ ਕਰੇਗਾ ਕਿ ਇਸ ਦੇ ਪਾਸ ਖਜੂਰਾਂ ਅਰ ਅੰਗੂਰਾਂ ਦਾ ਇਕ ਬਾਗ ਹੋਵੇ ਉਸ ਦੇ ਹੇਠਾਂ ਨਦੀਆਂ ਲਹਿਰਾ ਰਹੀਆਂ ਹੋਣ ਅਰ ਸਰਬ ਪਰਕਾਰ ਦੇ ਫਲ ਉਸ ਨੂੰ ਓਥੇ ਪਰਾਪਤ ਹੋਣ ਅਰ ਇਹ ਪੁਰਖ ਬ੍ਰਿਧ ਹੋ ਜਾਵੇ ਅਰ ਓਸ ਦੇ ( ਨਿਕੇ ੨ ) ਨਿਰਬਲ ਬੱਚੇ ਹਨ ਹੁਣ ਓਸ ( ਬਾਗ ) ਵਲ ਚਲਿਆ ਇਕ ਵਾ ਵਰੋਲਾ ਜਿਸ ਵਿਚ ( ਭਰੀ ) ਹੋਈ ਸੀ, ਅੱਗ ਅਰ ਉਹ ( ਬਾਗ ) ਜਲ ਭੁਜਕੇ ਰਹਿ ਗਿਆ, ਇਸ ਭਾਂਤ ਅੱਲਾ ਆਪਣਿਆਂ ਹੁਕਮਾ ਨੂੰ ਖੋਲ ੨ ਕੇ ਤੁਹਾਡੇ ਵਾਸਤੇ ਵਰਨਨ ਕਰਦਾ ਹੈ ਤਾਕਿ ਤੁਸੀਂ ਚਿੰਤਾ ਕਰੋ ॥ ੨੬੮ ॥ ਰੁਕੂਹ ੨੬ ॥

ਮੁਸਲਮਾਨੋ ! ਆਪਣੀ ਕਮਾਈ ਦੀ ਸਵੱਛ ਵਸਤਾਂ ਵਿਚੋਂ ( ਪ੍ਰਮਾਤਮਾਂ ਦੇ ਮਾਰਗ ਵਿਚ ਖਰਚ ਕਰੋ ) ਅਰ ਓਹਨ੍ਹਾਂ ਵਿਚੋਂ ( ਜੋ ) ਅਸਾਂ ਨੇ ਤੁਹਾਡੇ ਵਾਸਤੇ ਪ੍ਰਿਥਵੀ ਵਿਚੋਂ ਪੈਦਾ ਕੀਤੀਆਂ ਹਨ ਖਰਚ ਕਰੋ ਅਰ ਨਕਾਰੀਆਂ ਵਸਤਾਂ ਦੇਣ ਦਾ ਧਜਾਨ ਭੀ ਨਾ ਕਰਨਾ ਕਿ ਓਸ ਵਿਚੋਂ ਖਰਚ

Digitized by Panjab Digital Library | www.panjabdigilib.org

ਕਰਨੇ ਲਗੋ, ਹਾਲਾਂ ਕਿ ਤੁਸੀਂ ਓਸ ਨੂੰ ( ਆਪ ) ਨਹੀਂ ਲੈਣਾ ਚਾਹੁੰਦੇ ਪਰੰਤੂ ਏਹ ਕਿ ਓਸ ( ਦੇ ਲੈਣ ) ਵਿਚ ਅੱਖ ਚੁਰਾਓ ਅਰ ਯਾਦ ਰਖੋ ਕਿ ਅੱਲਾ ਬੇ ਪਰਵਾਹ ( ਅਰ ) ਉਸਤਤੀ ਜੋਗ ਹੈ ॥ ੨੬੯ ॥ ਸ਼ੈਤਾਨ ਤੁਹਾਨੂੰ ਕੰਗਾਲ ਹੋ ਜਾਣ ਥੀਂ ਸਭੈ ਕਰਦਾ ਹੈ ਅਰ ਤੁਹਾਨੂੰ ਸ਼ਰਮ ਦੀ ਬਾਰਤਾ ਦਾ ਹੁਕਮ ਕਰਦਾ ਹੈ ਅਰ ਅੱਲਾ ਆਪਣੀ ਵਲੋਂ ( ਕਸੂਰਾਂ ਦੀ ) ਮਾਫੀ ਅਰ ਕਿਰਪਾ ਦੀ ਤੁਹਾਡੇ ਨਾਲ ਪ੍ਰਤਗਿਆ ਕਰਦਾ ਹੈ ਅਰ ਅੱਲਾ ( ਬੜੀ ) ਖੁਲ ਡੁਲ ਵਾਲਾ ਅਰ ਜਾਨੀ ਜਾਨ ਹੈ ॥ ੨੭੦ ॥ ਜਿਸ ਨੂੰ ਚਾਹੁੰਦਾ ਹੈ ( ਬਾਤ ਦੀ ) ਸਮਝ ਦੇਂਦਾ ਹੈ ਅਰ ਜਿਸ ਨੂੰ ( ਬਾਤ ਦੀ ) ਸਮਝ ਦਿਤੀ ਗਈ ਤਾਂ ਨਿਰਸੰਦੇਹ ਓਸ ਨੇ ਬੜੀ ਦੌਲਤ ਪਾ ਲੀਤੀ ਅਰ ਨਸੀਹਤ ਭੀ ਓਈ ਮੰਨਦੇ ਹਨ ਜੋ ਸਮਝ ਦਾਰ ਹਨ ॥ ੨੭੧ ॥ ਅਰ ਜੋ ਦਾਨ ਵੀ ਤੁਸੀਂ ( ਖੁਦਾ ਦੇ ਰਾਹ ਵਿਚ ) ਕਰੋ ਅਥਵਾ ( ਓਸ ਨਾਮ ਦੀ ) ਕੋਈ ਭੀ ਸੁਖਣਾ ਸੁਖੋ ਓਹ ਸੰਪੂਰਨ ਅੱਲਾ ਨੂੰ ਮਾਲੂਮ ਹਨ ਅਰ ਦੁਸ਼ਟਾਂ ਦੇ ਵਾਸਤੇ ਕੋਈ ਸਹਾਈ ਨਹੀਂ ॥ ੨੭੧ ॥ ਯਦੀ ਦਾਨ ( ਖੈਰਾਯਤ ) ਪ੍ਰਗਟ ਰੂਪ ਮੇਂ ਦੇਵੇ ਤਾਂ ਓਹ ਭੀ ਚੰਗਾ ਅਰ ਜੇਕਰ ਓਸ ਨੂੰ ਗੁਪਤ ਰਖੇ ਅਰ ਲੋੜ ਵਾਲਿਆਂ ਨੂੰ ਦੇਵੇ ਤਾਂ ਏਹ ਤੁਹਾਡੇ ਹੱਕ ਵਿਚ ਬਹੁਤ ਚੰਗੀ ਬਾਰਤਾ ਹੈ ਅਰ ਐਸੀ ਹੀ ਦਾਤ ਤੁਹਾਡਿਆਂ ਪਾਪਾਂ ਦਾ ਪਰਾਸ਼ਚਿਤ ਹੋਵੇਗੀ ਅਰ ਜੋ ਕੁਛ ਭੀ ਤੁਸੀਂ ਕਰਦੇ ਹੋ ਅੱਲਾ ਓਹਨਾਂ ਸਭਨਾਂ ਥੀਂ ਜਾਨੀ ਜਾਨ ਹੈ ॥ ੨੭੨ ॥ ( ਹੇ ਪੈਯੰਬਰ ! ) ਏਹਨਾਂ ਲੋਕਾਂ ਦੀ ਸਿਖਿਜ਼ਾ ਤੇਰੇ ਅਧੀਨ ਨਹੀਂ ਕਿੰਤੂ ਅੱਲਾ ਜਿਸ ਨੂੰ ਚਾਹੁੰਦਾ ਹੈ ਸਿਖਿਜ਼ਾ ਉਤੇ ਲੈ ਆਉਂਦਾ ਹੈ ਅਰ ਤੁਸੀਂ ਲੋਗ ( ਆਪਣੇ ) ਧਨ ਮਾਲ ਵਿਚੋਂ ਜੋ ਕੁਛ ਭੀ ( ਦਾਨ ਦੀ ਤਰਹਾਂ ਨਾਲ ) ਖਰਚ ਕਰੋਗੇ ਸੋ ਆਪਣੇ ਹੀ ਵਾਸਤੇ ਅਰ ਤੁਸੀਂ ਤਾਂ ਖੁਦਾ ਦੀ ਹੀ ਪਰਸੰਨਤਾਈ ਵਾਸਤੇ ਖਰਚ ਕਰਦੇ ਹੋ ਨਾ ? ਅਰ ( ਆਪਣੇ ) ਮਾਲ ਧਨ ਵਿਚੋਂ ਜੋ ਕੁਛ ਭੀ ( ਦਾਨ ਦੇ ਤੌਰ ਉੱਪਰ ) ਖਰਚ ਕਰੋਗੇ ਤੁਹਾਨੂੰ ਪੂਰਾ ਪੂਰਾ ਭਰ ਦਿਤਾ ਜਾਵੇਗਾ ਅਰ ਤੁਹਾਡਾ (ਕੁਛ) ਹੱਕ ਨਹੀਂ ਮਾਰਿਆ ਜਾਵੇਗਾ ॥ ੨੭੩ ॥ ( ਖੈਰਾਇਤ ਤਾਂ ) ਓਹਨਾਂ ਲੋੜਵੰਦਾਂ ਦਾ ਵਿਭਾਗ ਹੈ ਜੋ ਅੱਲਾ ਦੇ ਰਾਹ ਵਿਚ ਘੇਰੇ ਬੈਠੇ ਹਨ ਦੇਸ ਵਿਚ ਕਿਸੀ ਤਰਫ ਨੂੰ ( ਜਾਣਾ ਚਾਹੁਣ ਤਾਂ ) ਜਾ ਨਹੀਂ ਸਕਦੇ ਬੇਖਬਰ (ਪੁਰਖ) ਏਹਨਾਂ ਦੀ ਖੁਦਦਾਰੀ (ਦੇ ਕਾਰਨ) ਏਹਨਾਂ ਨੂੰ ਧਨਾਢਜ ਸਮਝਦਾ ਹੈ ! ਤੁਸੀਂ (ਏਹਨਾਂ ਨੂੰ ਦੇਖੋ ਤਾਂ) ਏਹਨਾਂ ਦੀ ਸ਼ਕਲ ਥੀਂ ਏਹਨਾਂ ਨੂੰ ਸਾਫ ਪਛਾਣ ਜਾਓ ਓਹ ਚੰਬੜਕੇ ਲੋਕਾਂ ਪਾਸੋਂ ਮੰਗਦੇ ਨਹੀਂ ਅਰ ਜੋ ਕੁਛ ਭੀ ਤੁਸੀਂ ਲੋਕ (ਆਪਣੇ) ਮਾਲ ਵਿਚੋਂ ਖਰਚ ਕਰੋਗੇ ਤਾਂ ਅੱਲਾ ਉਸ ਨੂੰ ਜਾਣ ਦਾ ਹੈ ॥ ੨੭੪ ॥ ਰੁਕੂਹ ੩੭ ॥ ਪਾਦ ੧ ॥

Digitized by Panjab Digital Library | www.panjabdigilib.org

ਜੋ ਲੋਗ ਰਾਤ ਅਰ ਦਿਨ ਗੁਪਤ ਅਰ ਪਰਗਟ ਆਪਣੇ ਧਨ ਮਾਲ ਨੂੰ (ਅੱਲਾ ਦੇ ਰਾਹ ਵਿਚ) ਖਰਚ ਕਰਦੇ ਹਨ ਤਾਂ ਉਨਹਾਂ ਦੇ ਪਰਵਰਦਿਗਾਰ ਦੇ ਪਾਸੋਂ ਉਨਹਾਂ ਨੂੰ ਬਦਲਾ ਮਿਲੇਗਾ ਅਰ ਉਨਹਾਂ ਨੂੰ ਨਾਂ ਭੈ (ਪਰਾਪਤ) ਹੋਵੇਗਾ ਅਰ ਨਾ ਹੀ ਉਹ(ਕਿਸੇ ਤਰਹਾਂ) ਚਿੰਤਾਤੁਰ ਹੋਣਗੇ ॥੨੭੫॥ ਅਰ ਜੋ ਲੋਗ ਬਿਆਜ ਲੈਂਦੇ ਹਨ (ਕਿਆਮਤ ਦੇ ਦਿਨ) ਖੜੇ ਨਾ ਹੋ ਸਕਣਗੇ ਪਰੰਚ (ਓਸ ਆਦਮੀ ਵਰਗਾ) ਖੜਾ ਹੋਣਾ ਜਿਸ ਨੂੰ ਸ਼ੈਤਾਨ ਨੇ (ਆਪਣੀ) ਚਪੇੜ ਨਾਲ ਸੌਦਾਈ ਕਰ ਛਡਿਆ ਹੋ ਇਸ ਵਾਸਤੇ ਕਿ ਏਹਨਾਂ ਨੇ ਆਖਿਆ ਕਿ ਜੈਸਾ ਮਾਮਲਾ ਵਣਜ ਦਾ ਵੈਸਾ ਹੀ ਮਾਮਲਾ ਵਿਆਜ ਦਾ ਹੈ ਹਾਲਾਂ ਕਿ ਵਣਜਾਂ ਨੂੰ ਤਾਂ ਅੱਲਾ ਨੇ ਹਲਾਲ ਕੀਤਾ ਹੈ ਅਰ ਬਿਆਜ ਨੂੰ ਹਰਾਮ, ਤਾਂ ਜਿਸ ਦੇ ਪਾਸ ਓਸ ਦੇ ਪਰਵਰਦਿਗਾਰ ਦੇ ਪਾਸਿਓਂ ਸਿਖਜਾ (ਦੀ ਬਾਤ) ਪਹੁੰਚੀ ਅਰ ਓਹ (ਅਗੇ ਵਾਸਤੇ) ਰਾਹ ਪੜ ਗਿਆ ਤਾਂ ਜੋ ਪਹਿਲੇ (ਲੈ ਚੁਕਾ) ਹੈ ਓਹ ਓਸਦਾ (ਹੋ ਚੁਕਾ) ਅਰ ਓਸ ਦਾ ਮਾਮਲਾ ਖੁਦਾ ਦੇ ਹਵਾਲੇ ਅਰ ਜੋ (ਵਰਜਨ ਪਿਛੋਂ) ਫੇਰ (ਭੀ ਬਿਜਾਜ) ਲਵੇ ਤਾਂ ਐਸੇ ਹੀ ਲੋਗ ਨਾਰਕੀ ਹਨ ਅਰ ਉਹ ਸਦਾ ਹੀ ਨਰਕਾਂ ਵਿਚ ਰਹਿਣਗੇ ॥ ੨੭੬ ॥ ਅੱਲਾ ਸੂਦ ਨੂੰ ਘਟਾਉਂਦਾ ਅਰ ਖੈਰਾਇਤ (ਦਾਨ) ਨੂੰ ਵਧਾਉਂਦਾ ਹੈ ਅਰ ਯਾਵਤ ਕ੍ਰਿਤਘਨ ( ਅਰ ) ਅਮੋੜ ਹਨ ਖੁਦਾ ਉਨਹਾਂ ਉਤੇ ਪ੍ਰਸੰਨ ਨਹੀਂ ॥ ੨੭੭ ॥ ਜੋ ਲੋਗ ਈਮਾਨ ਲੈ ਆਏ ਅਰ ਉਨਹਾਂ ਨੇ ਭਲੇ ਕਰਮ (ਭੀ) ਕੀਤੇ ਅਰ ਨਮਾਜ਼ ਪੜ੍ਹਦੇ (ਰਹੇ) ਅਰ ਜ਼ਕਾਤ ਦੇਂਦੇ ਰਹੇ ਉਨਹਾਂ (ਦੇ ਕੀਤੇ) ਦਾ ਫਲ ਉਨਹਾਂ ਦੇ ਪਰਵਰਦਿਗਾਰ ਪਾਸੋਂ ਉਨਹਾਂ ਨੂੰ ਮਿਲੇਗਾ ਅਰ ਓਹਨਾਂ (ਨੂੰ ਅੰਤ ਨੂੰ) ਨਾ (ਕੁਝ) ਭੈ (ਪਰਾਪਤ) ਹੋਵੇਗਾ ਅਰ ਨਾ ਹੀ ਉਹ (ਕੁਝ) ਚਿੰਤਾਤਰ ਹੋਣਗੇ ॥ ੨੭੮ ॥ ਮੁਸਲਮਾਨੋ ! ਯਦੀ ਤੁਸੀਂ ਈਮਾਨ ਵਾਲੇ ਹੋ ਤਾਂ ਅੱਲਾ ਪਾਸੋਂ ਡਰੋ ਅਰ ਜੋ ਸੂਦ (ਲੋਗਾਂ ਦੇ ਵਲ) ਬਾਕੀ ਹੈ (ਉਸ ਨੂੰ) ਛੱਡ ਦਿਓ ॥ ੨੭੯ ॥ ਅਰ ਜੇ ਕਰ (ਐਸਾ) ਨਹੀਂ ਕਰਦੇ ਤਾਂ ਅੱਲਾ ਅਰ ਉਸ ਦੇ ਰਸੂਲ ਨਾਲ ਲੜਨ ਨੂੰ ਤਿਆਰ ਬਰ ਤਿਆਰ ਰਹੋ ਅਰ ਯਦੀ ਤੋਬਾ ਕਰਦੇ ਹੋ ਤਾਂ ਅਪਨੀ ਅਸਲ ਰਕਮ ਤੁਹਾਨੂੰ (ਪਹੁੰਚਦੀ ਹੈ) ਨਾ ਤਾਂ ਤੁਸੀਂ (ਕਿਸੇ ਉਤੇ) ਕਸ਼ਟ ਕਰੋ ਅਰ ਨਾਂ ਕੋਈ ਹੀ ਤੁਹਾਡੇ ਉਤੇ ਕਸ਼ਟ ਕਰੇ ॥ ੨੮੦ ॥ ਅਰ ਜੇਕਰ (ਕੋਈ) ਨਿਰਧਨ (ਤੁਹਾਡਾ ਰਿਣੀ) ਹੋਵੇ ਤਾਂ ਸਰਧਨ ਹੋਣੇ ਤਕ ਦੀ ਮੁਹਲਤ (ਦੇਣੀ ਚਾਹੀਏ)ਅਰ ਯਦੀ ਸਮਝੋ ਤਾਂ ਤੁਹਾਡੇ ਹੱਕ ਵਿਚ ਏਹ ਬਹੁਤ ਤੀ ਉਤਮ ਹੈ ਕਿ ਓਸ ਨੂੰ (ਸਾਰਾ ਹੀ ਰਿਣ) ਬਖਸ਼ ਦਿਓ ॥੨੮੧॥ ਅਤੇ ਓਸ ਦਿਨ ਥੀਂ ਡਰੋ ਜਦੋਂ ਕਿ ਜਦੋਂ ਤੁਸੀਂ ਅੱਲਾ ਦੇ ਪਾਸ ਲੌਟਾ ਕੇ ਲੈ ਆਂਦੇ ਜਾਓਗੇ ਫੇਰ ਹਰ ਆਦਮੀ ਨੂੰ ਓਸ ਦੇ ਕੀਤੇ ਦਾ ਪੂਰਾ ੨ ਬਦਲਾ ਦਿਤਾ ਜਾਵੇਗਾ ਅਰ

Digitized by Panjab Digital Library | www.panjabdigilib.org

ਲੋਕਾਂ ਉਪਰ (ਜਿਰਾ ਭੀ) ਜ਼ੁਲਮ ਨਹੀਂ ਹੋਵੇਗਾ ॥ ੨੮੨ ॥ ਰੁਕੂਹ ॥ ੩੮ ॥

ਮੁਸਲਮਾਨੋ ! ਜਦੋਂ ਤੁਸੀਂ ਇਕ ਨੀਯਤ ਸਮੇਂ ਤਕ ਉਧਾਰ ਦਾ ਲੈਣ ਦੇਣ ਕਰੋ ਤਾਂ ਓਸ ਨੂੰ ਲਿਖ ਲੀਤਾ ਕਰੋ ਅਰ ਚਾਹੀਏ ਕਿ ਤੁਹਾਡੇ ਦਰ-ਮਿਆਨ ਕੋਈ ਲਿਖਣੇ ਵਾਲਾ ਇਨਸਾਫ ਦੇ ਨਾਲ ਲਿਖ ਦੇਵੇ ਅਰ ਲਿਖਣ ਵਾਲੇ ਨੂੰ ਚਾਹੀਏ ਕਿ ਲਿਖਣ ਥੀਂ ਇਨਕਾਰ ਨਾ ਕਰੇ ਜਿਸ ਤਰਹਾਂ ਅੱਲਾ ਨੇ ਓਸ ਨੂੰ ਸਿਖਾਇਆ ਹੈ ਸੋ ਉਹ ਲਿਖੇ ਅਰ ਜਿਸ ਜਿਸ ਦੇ ਜ਼ਿੰਮੇ ਕਰਜ਼ ਹੋ ਉਹ ਮਤਲਬ ਬੋਲਦਾ ਜਾਵੇ ਅਰ ਅੱਲਾ ਪਾਸੋਂ ਜੋ ਉਸ ਦਾ ਰੱਬ ਹੈ ਡਰੇ ਅਰ ਇਸ ਵਿਚ ਕਿਸੀ ਤਰਹਾਂ ਦੀ ਕੱਟ ਵੱਢ ਨਾ ਕਰੇ ਅਰ ਜਿਸ ਦੇ ਜ਼ਿੰਮੇ ਕਰਜ ਨਿਕਲੇਗਾ ਜੇਕਰ ਉਹ ਕਮਲਾ (ਮੂਰਖ) ਹੋਵੇ ਜਾਂ ਬ੍ਰਿਧ ਅਥਵਾ ਖ਼ੁਦ ਮਤਲਬ ਨੂੰ ਅਦਾ ਨਾ ਕਰ ਸਕਦਾ ਹੋਵੇ ਤਾਂ (ਜੋ) ਓਸ ਦਾ ਕਾਰ ਮੁਖਤਾਰ (ਹੋਵੇ ਉਹ) ਇਨਸਾਫ ਨਾਲ (ਦਸਤਾਵੇਜ਼ ਦਾ)ਮਤਲਬ ਬੋਲਦਾ ਜਾਵੇ ਅਰ ਆਪਣਿਆਂ ਲੋਗਾਂ ਵਿਚੋਂ ਜਿਨਹਾਂ ਉਤੇ ਤੁਹਾਡਾ ਨਿਸਚਾ ਹੋਵੇ ਦੋ ਆਦ-ਮੀਆਂ ਨੂੰ ਸਾਖੀ ਕਰ ਲੀਤਾ ਕਰੋ ਫੇਰ ਜੇਕਰ ਦੋ ਮਰਦ ਨਾਂ ਹੋਣ ਤਾਂ ਇਕ ਮਰਦ ਅਰ ਦੋ ਇਸਤ੍ਰੀਆਂ(ਇਸ ਵਾਸਤੇ) ਕਿ ਉਨਹਾਂ ਵਿਚੋਂ ਕੋਈ ਇਕ ਭੁਲ ਜਾਏਗੀ ਤਾਂ ਇਕ ਦੂਸਰੀ ਨੂੰ ਯਾਦ ਕਰਵਾ ਦੇਵੇਗੀ ਅਰ ਜਦੋਂ ਸਾਖੀ (ਦੇਣ ਵਾਸਤੇ)ਸਾਖੀ ਬੁਲਾਇਆ ਜਾਵੇ ਤਾਂ ਇਨਕਾਰ ਨਾਂ ਕਰੇ ਅਰ ਮਾਮਲਾ ਮਿਯਾਦੀ ਭਾਵੇਂ ਛੋਟਾ ਹੋਵੇ ਭਾਵੇਂ ਵੱਡਾ ਏਸ (ਬਾਤ) ਦੇ ਲਿਖਣ ਵਿਚ ਸੁਸਤੀ ਨਾ ਕਰੋ ਖੁਦਾ ਦੇ ਸਮੀਪ ਇਹ ਬਹੁਤ ਹੀ ਮੁਨਸਫਾਨਾਂ (ਵਿਵਹਾਰ) ਹੈ ਅਰ ਗਵਾਹੀ ਵਾਸਤੇ ਭੀ ਇਹੋ ਤਰੀਕਾ ਬਹੁਤ ਅੱਛਾ ਹੈ ਅਰ ਅਧਿਕ ਤਰ (ਕਿਯਾਸ) ਕਰਨੇ ਯੋਗ ਹੈ ਕਿ ਤੁਸੀਂ ਫੇਰ ( ਕਦੀ ਕੋ ) ਕਿਸੇ ਤਰਹਾਂ ਦਾ ਭਰਮ ਨਾ ਕਰੋ ਪਰੰਤੂ ਜੇ ਸੋਦਾ ਨਕਦ ਦੰਮਾਂ ਦਾ ਹੋਵੇ ਜਿਸ ਨੂੰ ਤੁਸੀਂ (ਹਥੋ ਹਥੀ) ਆਪਸ ਵਿਚ ਲੈਂਦੇ ਦੇਂਦੇ ਹੋ ਤਾਂ ਓਸ (ਦੀ ਦਸਤਾਵੇਜ਼) ਦੇ ਨਾ ਲਿਖਣ ਕਰਕੇ ਤੁਹਾਨੂੰ ਕੋਈ ਦੋਸ਼ ਨਹੀਂ ਅਰ (ਹਾਂ) ਜਦੋਂ (ਏਸ ਤਰਹਾਂ ਦੀ) ਖਰੀਦ ਫਰੋਖਤ ਕਰੋ ਤਦ ਤਾਂ ਸਾਖੀ ਕਰ ਲੀਤਾ ਕਰੋ ਅਰ (ਪੱਤਰ) ਲਿਖਣ ਵਾਲੇ ਨੂੰ (ਕਿਸੇ ਤਰਹਾਂ ਦਾ) ਨੁਕਸਾਨ ਨਾ ਪਹੁੰਚਾਇਆ ਜਾਵੇ ਅਰ ਨਾ ਹੀ ਸਾਖੀ ਨੂੰ ਅਰ(ਜੇਕਰ)ਏਸ ਤਰਹਾਂ ਕਰੋਗੇ ਤਾਂ ਇਹ ਤੁਸਾਂ ਵਿਚ ਖੋਟ ਹੈ ਅਰ ਅੱਲਾ ਪਾਸੋਂ ਡਰੋ ਅੱਲਾ ਤੁਹਾਨੂੰ ਸਿਖਜਾ ਦੇਂਦਾ ਹੈ ਅਰ ਅੱਲਾ ਸਭ ਕੁਛ ਜਾਣਦਾ ਹੈ ॥ ੨੮੨ ॥ ਅਰ ਜੇਕਰ ਯਾਤ੍ਰਾ ਵਿਚ ਹੋਵੇ ਅਰ ਤੁਹਾਨੂੰ ਕੋਈ ਲਿਖਣ ਵਾਲਾ ਨਾ ਮਿਲੇ ਤਾਂ ਕਬਜ਼ੇ ਵਾਲਾ ਰਹਿਨ (ਅਰਥਾਤ ਉਹ ਗਰੋ ਜਿਸ ਪਰ ਅਧਕਾਰ ਹੋ ਸਮਝ ਕਰ ਲੋ) ਫੇਰ ਜੇਕਰ ਤੁਹਾਡੇ ਵਿਚੋਂ ਇਕ ਦਾ ਦੂਸਰਾ ਇਤਬਾਰ ਕਰੇ ਤਾਂ ਜਿਸ ਉਤੇ

Digitized by Panjab Digital Library | www.panjabdigilib.org

ਇਤਬਾਰ ਕੀਤਾ ਗਿਆ ਹੈ (ਅਰਥਾਤ ਕਰਜ਼ਾ ਲੈਣ ਵਾਲਾ) ਉਸਨੂੰ ਚਾਹੀਦਾ ਹੈ ਕਿ ਰਿਣ ਦੇਣ ਵਾਲੇ ਦੀ ਅਮਾਨਤ (ਅਰਥਾਤ ਰਿਣ) ਨੂੰ (ਪੂਰਾ ਪੂਰਾ) ਦੇ ਦੇਵੇ ਅਰ ਖੁਦਾ ਪਾਸੋਂ ਡਰੇ ਜੋ ਉਸਦਾ ਪਰਵਰਦਿਗਾਰ ਹੈ ਅਰ ਉਗਾਹੀ ਨੂੰ ਨਾ ਛਿਪਾਓ ਅਰ ਜੋ ਉਸ ਨੂੰ ਛਿਪਾਵੇਗਾ ਤਾਂ ਉਹ ਦਿਲ ਦਾ ਖੋਟਾ ਹੈ ਅਰ ਜੋ ਕੁਛ (ਭੀ) ਤੁਸੀਂ ਕਰਦੇ ਹੋ ਅੱਲਾ ਨੂੰ ਸਭ ਕੁਛ ਮਾਲੂਮ ਹੈ ॥ ੨੮੩ ॥ ਰੁਕੂਹ ੩੯ ॥

ਜੋ ਕੁਛ ਅਸਮਾਨਾਂ ਵਿਚ ਅਤੇ ਧਰਤੀ ਉੱਪਰ ਹੈ (ਉਹ ਸਭ) ਅੱਲਾ ਦਾ ਹੀ ਹੈ ਅਰ ਜੋ (ਕੁਛ) ਤੁਹਾਡੇ ਦਿਲ ਵਿਚ ਹੈ ਯਦੀ ਉਸ ਨੂੰ ਪਰਗਟ ਕਰੋ ਅਥਵਾ ਓਸ ਨੂੰ ਛਿਪਾਓ ਅੱਲਾ ਤੁਹਾਡੇ ਪਾਸੋਂ ਓਸ ਦਾ ਹਿਸਾਬ ਲਵੇਗਾ ਫੇਰ ਜਿਸ ਨੂੰ ਚਾਹੇ ਬਖਸ਼ ਦੇਵੇ ਜਿਸ ਨੂੰ ਚਾਹੇ ਕਸ਼ਟ ਦੇਵੇ ਅਰ ਅੱਲਾ ਹਰ ਵਸਤੂ ਉੱਪਰ ਕਾਦਰ ਹੈ ॥ ੨੮੪ ।(ਸਾਡੇ ਇਹ) ਪੈਯੰਬਰ (ਮਹੰਮਦ) ਉਸ ਕਿਤਾਬ ਨੂੰ ਮੰਨਦੇ ਹਨ ਜੋ ਇਹਨਾਂ ਦੇ ਪਰਵਰਦਿਗਾਰ ਦੀ ਤਰਫੋਂ ਇਹਨਾਂ ਉਤੇ ਉਤਰੀ ਹੈ (ਅਰ ਪੈਯੰਬਰ ਦੇ ਸਾਥ ਦੂਸਰੇ) ਮੁਸਲਮਾਨ ਭੀ (ਇਹ ਸਾਰਿਆਂ ਦੇ) ਸਾਰੇ ਅੱਲਾ ਅਰ ਓਸ ਦੇ ਫਰਿਸ਼ਤਿਆਂ ਅਰ ਓਸ ਦੀਆਂ ਕਿਤਾਬਾਂ ਅਰ ਉਸ ਦੇ ਪੈਯੰਬਰਾਂ ਉਤੇ ਈਮਾਨ ਧਾਰਨ ਕਰ ਬੈਠੇ ਕਿ ਅਸੀਂ ਖੁਦਾ ਦੇ ਪੈਯੰਬਰਾਂ ਵਿਚੋਂ ਕਿਸੇ ਇਕ ਨੂੰ (ਭੀ) ਜੁਦਾ ਨਹੀਂ ਸਮਝਦੇ (ਕਿੰਤੂ ਸਭਨਾਂ ਨੂੰ ਮੰਨਦੇ ਹਾਂ) ਅਰ ਬੋਲ ਉਠੇ ਕਿ (ਹੇ ਸਾਡੇ ਪਰਵਰ-ਦਿਗਾਰ) ਅਸਾਂ (ਤੇਰੀ ਆਗਿਆ) ਸੁਣੀ ਅਰ ਸਵੀਕਾਰ ਕੀਤੀ ਹੇ ਸਾਡੇ ਪਰਵਰਦਿਗਾਰ (ਬਸ) ਤੇਰੀ ਹੀ ਮਗਫਿਰਤ (ਬਖਸ਼ਸ਼ ਦਰਕਾਰ ਹੈ) ਅਰ ਤੇਰੀ ਹੀ ਤਰਫ ਲੌਟਕੇ ਜਾਣਾ ਹੈ ॥ ੨੮੫ ॥ ਅੱਲਾ ਕਿਸੇ ਆਦਮੀ ਉਤੇ ਭਾਰ ਨਹੀਂ ਪਾਉਂਦਾ ਪਰੰਤੂ ਵਿਤ ਮੂਜਬ ਜਿਤਨਾ ਉਸ ਨੂੰ (ਚੁਕਣ) ਦੀ ਸਾਮਰਥ ਹੋਵੇ ਜਿਸ ਨੇ ਭਲੇ ਕਰਮ ਕੀਤੇ ਤਾਂ (ਉਨਹਾਂ ਦਾ ਫਲ ਭੀ) ਓਸੇ ਹੀ ਵਾਸਤੇ ਹੈ ਅਰ ਜਿਸ ਨੇ ਬੁਰੇ ਕਰਮ ਕੀਤੇ (ਉਨਹਾਂ ਦਾ ਵਬਾਲ) ਭੀ ਓਸੇ ਉਤੇ ਹੈ। ਹੇ ਸਾਡੇ ਪਰਵਰਦਿਗਾਰ ਜੇ ਅਸੀਂ ਭੁਲ ਗਏ ਅਥਵਾ ਚੁਕ ਗਏ ਤਾਂ ਸਾਨੂੰ (ਇਸ ਦੇ ਕਾਰਨ) ਨਾ ਪਕੜੀਓ ਅਰ ਹੇ ਸਾਡੇ ਪਰਵਰ-ਦਿਗਾਰ ਜੋ ਲੋਗ ਸਾਡੇ ਥੀਂ ਪਹਿਲੇ ਹੋ ਚੁਕੇ ਹਨ ਜਿਸ ਤਰ੍ਹਾਂ ਉਹਨਾਂ ਉਤੇ ਤੁਸਾਂ ਨੇ ਭਾਰ ਪਾਇਆ ਸੀ, ਉਤਨਾਂ ਭਾਰ ਸਾਡੇ ਉਤੇ ਨਾ ਪਾਓ ਅਰ ਹੇ ਸਾਡੇ ਪਰਵਰਦਿਗਾਰ ਇਤਨਾਂ ਭਾਰ ਜਿਸ ਦੇ(ਚੁਕਣ)ਦੀ ਸਾਡੇ ਵਿਚ ਸਾਮਰਥ ਨਹੀਂ ਸਾਡੇ ਪਾਸੋਂ ਨਾ ਚੁਕਾ ਅਰ ਸਾਡਿਆਂ ਗੁਨਾਹਾਂ ਤੋਂ ਦਰਗੁਜਰ ਅਰ ਸਾਡਿਆਂ ਪਾਪਾਂ ਥੀਂ ਖਿਮਾਂ ਅਰ ਸਾਡੇ ਉਤੇ ਕਿਰਪਾ ਕਰੋ ਤੁਸੀ ਹੀ ਸਾਡੇ ਸਹਾਈ (ਅਰ ਹਾਮੀ) ਹੋ ਤਾਂ ਉਨਹਾਂ ਲੋਗਾਂ ਦੇ ਮੁਕਾਬਲੇ ਵਿਚ ਜੋ ਕਾਫਰ ਹਨ ਸਾਡੀ

Digitized by Panjab Digital Library | www.panjabdigilib.org

ਸਹਾਇਤਾ ਕਰੋ ॥ ੨੮੬ ॥ ਰੁਕੂਹ ੪੦ ॥

# ਸੂਰਤ ਆਲ ਇਮਰਾਨ ਮਦੀਨੇ ਵਿਚ ਉਤਰੀ ਏਸ ਦੀਆਂ ਦੋ ਸੌ ਆਯਤਾਂ ਅਰ ਬੀਸ ਰੁਕੂਹ ਹਨ

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਕ੍ਰਿਪਾਲੂ ਅਰ ਦਿਆਲੂ (ਹੈ) ਅਲਿਫ ਲਾਮ ਮੀਮ ॥ ੧ ॥ ਅੱਲਾ ਹੀ (ਪੂਜਨੇ ਜੋਗ ਹੈ) ਉਸ ਥੀਂ ਸਿਵਾ ਕੋਈ ਪੂਜਨੇ ਯੋਗ ਨਹੀਂ, ਸੁਜੀਵ (ਅਰ ਸਰਬ ਦਾ) ਕਰਤਾ ਧਰਤਾ ਹੈ ॥ ੨ ॥ ਓਸੇ ਨੇ ਹੀ ਤੁਹਾਡੇ ਉਤੇ ਇਹ ਸਚੀ ਪੁਸਤਕ ਉਤਾਰੀ ਜੋ ਉਨਹਾਂ ਦੀ ਤਸਦੀਕ ਕਰ ਰਹੀ ਹੈ ਜੋ ਏਸ ਥੀਂ ਪਹਿਲਾਂ (ਉਤਰ ਚੁਕੀਆਂ) ਹਨ ਅਰ ਓਸੇ ਨੇ ਹੀ (ਏਸ ਥੀਂ) ਪਹਿਲਾਂ ਲੋਗਾਂ ਨੂੰ ਸਿਖਿਆ ਦੇਣ ਵਾਸਤੇ ਤੌਰਾਤ ਅਰ ਅੰਜੀਲ ਉਤਾਰੀ ਅਰ ਉਸੀ ਨੇ (ਉਸ ਵਸਤ ਨੂੰ ਭੀ) ਉਤਾਰਿਆ (ਜਿਸ ਸੇ ਸਚ ਝੂਠ ਵਿਚ) ਨਿਰਨੇ(ਅਰਥਾਤ ਫਕਰ ਜ਼ਾਹਰ ਹੁੰਦਾ ਹੈ)॥੩॥ ਜੋ ਲੋਗ ਖੁਦਾ ਦੀਆਂ ਆਯਤਾਂ ਥੀਂ ਮੁਨਕਰ ਹਨ ਨਿਰਸੰਦੇਹ ਉਨਹਾਂ ਨੂੰ ਸਖਤ ਦੁਖ ਹੋਵੇਗਾ ਅਰ ਅੱਲਾ (ਅਤੀ) ਬਲੀ ਅਰ ਬਦਲਾ ਲੈਣ ਵਾਲਾ ਹੈ ॥ ੪ ॥ ਅੱਲਾ ਪਾਸੋਂ ਕੋਈ ਵਸਤੂ ਗੁਪਤਨਹੀਂ(ਨਾਂ)ਧਰਤੀ ਉਪਰ ਅਰ ਨਾ ਹੀ ਅਗਾਸਾਂ ਵਿਚ ॥ ੫ ॥ ਵਹੀ ਹੈ ਜੋ ਮਾਤਾ ਦੇ ਗਰਭ ਵਿਚ ਜੈਸੀ ਚਾਹੁੰਦਾ ਹੈ ਤੁਸਾਂ ਲੋਗਾਂ ਦੀ ਸੂਰਤਾਂ ਬਣਾ ਦੇਂਦਾ ਹੈ ਓਸ ਥੀਂ ਸਿਵਾ ਕੋਈ ਮਾਬੂਦ ਨਹੀਂ ਸ਼ਕਤੀਮਾਨ ਹੈ ਯੁਕਤੀ ਵਾਲਾ ॥ ੬ ॥ ਵਹੀ (ਪਵਿਤ੍ਰ ਰੂਪ ਹੈ) ਜਿਸ ਨੇ ਤੁਹਾਡੇ ਉਤੇ ਇਹ ਪੁਸਤਕ ਉਤਾਰੀ ਜਿਸ ਵਿਚ ਕਈ ਆਯਤਾਂ ਮੁਲ (ਅਰਥਾਤ ਪਕੀਆਂ) ਹਨ ਅਰ ਵਹੀ ਪੁਸਤਕ ਦੀ ਜੜ੍ਹ ਹੈ ਅਰ (ਕਈ) ਦੂਜੀਆਂ ਹਨ ਜੋ ਮਿਲਦੀਆਂ ਜੁਲਦੀਆਂ ਹਨ ਤਾਂ ਜਿਨਹਾਂ ਲੋਗਾਂ ਦੇ ਦਿਲਾਂ ਵਿਚ ਖੋਟ ਹੈ ਉਹ ਤਾਂ ਕੁਰਾਨ ਦੀ ਓਹਨਾਂ ਹੀ ਮਿਲਦੀਆਂ ਜੁਲਦੀਆਂ ਆਇਤਾਂ ਦਾ ਪਿਛਾ ਕਰਦੇ ਹਨ ਤਾਂਕੇ ਫਸਾਦ ਪੈਦਾ ਕਰਨ ਅਰ ਤਾਂਕਿ ਉਹਨਾਂ ਦੇ ਅਸਲ ਮਤਲਬ ਦੀ ਖੋਜ ਕਢਨ ਹਾਲਾਂ ਅੱਲਾ ਦੇ ਸਿਵਾ ਉਨ੍ਹਾਂ ਦੇ ਅਸਲੀ ਪ੍ਰਯੋਜਨ ਦੀ ਕਿਸੇ ਨੂੰ ਖਬਰ ਨਹੀਂ ਅਰ ਜੋ ਲੋਗ ਬਹੁਤ ਵਿਦਵਾਨ ਹਨ ਉਹ ਤਾਂ ਏਤਨੀ ਹੀ ਕਹਿਕੇ ਚੁਪ ਕਰਜਾਂਦੇ ਹਨ ਕਿ ਇਸ ਉੱਤੇ ਸਾਡਾ ਈਮਾਨ ਹੈ(ਇਹ) ਸਭ(ਕੁਛ)ਸਾਡੇ ਪਰਵਰਦਿਗਾਰ ਦੀ ਤਰਫੋਂ ਹੈ ਅਰ (ਸਮਝਾਇਆਂ ਭੀ) ਉਹੀ ਸਮਝਦੇ ਹਨ ਜੋ ਬੁਧੀਮਾਨ ਹਨ॥੭॥(ਅਰ ਵਿਦਵਾਨ ਇਹ ਅਰਦਾਸਕਰਦੇ ਰੈਂਹਦੇ ਹਨ ਕੇ)ਹੇ ਸਾਡੇ ਪਰਵਰਦਿਗਾਰ ਸਾਨੂੰ ਸਚੇ ਮਾਰਗ ਉਪਰ ਲਾਇਆਂ ਪਿਛੋਂ ਸਾਡਿਆਂ ਦਿਲਾਂ ਨੂੰ ਡਾਵਾਂਡੋਲ ਨਾ ਕਰੋ ਅਰ ਆਪਣੀ ਸਰਕਾਰ ਵਿਚੋਂ ਸਾਨੂੰ ਰਹਿਮਤ ਬਖਸ਼,

Digitized by Panjab Digital Library | www.panjabdigilib.org

ਨਿਰਸੰਦੇਹ ਤੂੰ ਬੜਾ ਦਾਤਾਰ ਹੈਂ ॥ ੮ ॥ ਹੇ ਸਾਡੇ ਪਰਵਰਦਿਗਾਰ ਤੂੰ ਇਕ (ਨਾ ਇਕ) ਦਿਨ ਜਿਸ ਵਿਚ (ਕਿਸੀ ਤਰਹਾਂ ਦਾ) ਸੰਸਾ ਨਹੀਂ ਲੋਗਾਂ ਨੂੰ ਇਕੱਠਿਆਂ ਕਰੇਂਗਾ ਹੀ, (ਉਸ ਦਿਨ ਤੇਰੀ ਮੇਹਰ ਦੀ ਨਜ਼ਰ ਪਵੇ) ਨਿਰਸੰਸੇ ਪ੍ਰਮਾਤਮਾਂ ਪ੍ਰਤਿਗਜ਼ਾ ਭੰਗ ਨਹੀਂ ਕਰਦਾ ॥ ੯ ॥ ਰੁਕੂਹ ੧ ॥

ਜੋ ਲੋਗ (ਦੀਨ ਇਸਲਾਮ ਥੀਂ) ਮੁਨਕਰ ਹਨ ਅੱਲਾ ਦੇ ਪਾਸ ਨਾਂ ਤਾਂ ਉਨਹਾਂ ਦੇ ਧਨ ਧਾਨਜ ਹੀ ਉਨਹਾਂ ਦੇ ਕੁਛ ਕੰਮ ਆਉਣਗੇ ਅਰ ਨ ਉਨਹਾਂ ਦੀ ਔਲਾਦ ਹੀ ਏਹੇ ਹਨ, (ਜੋ) ਨਰਕ ਦਾ ਬਾਲਣ (ਹੋਣਗੇ)॥੧੦॥(ਏਹਨਾਂ ਦੀ ਭੀ ਵਹੀ) ਫਿਰਔਨ ਵਾਲਿਆਂ ਅਰ ਉਨਹਾਂ ਨਾਲੋਂ ਪਹਿਲੇ ਲੋਗਾਂ ਵਰਗੀ ਗਤ (ਹੋਣੀ ਹੈ) ਕਿ ਓਹਨਾਂ ਨੇ ਸਾਡੀਆਂ ਆਯਤਾਂ ਨੂੰ ਝੁਠਿਆਰਿਆ ਤਾਂ ਅੱਲਾ ਨੇ ਉਨਹਾਂ ਨੂੰ ਉਨਹਾਂ ਦੇ ਗੁਨਾਹਾਂ ਦੇ ਬਦਲੇ ਵਿਚ ਕਾਬੂ ਕੀਤਾ ਅਰ ਅੱਲਾ ਦੀ ਮਾਰ ਬੜੀ ਕਰੜੀ ਹੈ ॥ ੧੧ ॥ (ਹੇ ਪੈਗੰਬਰ)ਜੋ ਲੋਗ (ਦੀਨ ਇਸਲਾਮ ਥੀਂ) ਮੁਨਕਰ ਹਨ ਉਨਹਾਂ ਨੂੰ ਕਹਿ ਦੇਵੇ ਕਿ ਸਮੀਪ ਹੀ (ਮੁਸਲਮਾਨਾਂ ਦੇ ਮੁਕਾਬਲੇ ਵਿਚ) ਤੁਸੀਂ ਪਰਾਜੈ ਹੋਵੋਗੇ ਅਰ ਨਰਕ ਦੀ ਤਰਫ ਧਕੇਲੇ ਜਾਓਗੇ। ਅਰ ( ਉਹ ਕੇਸੀ ? ) ਬੁਰੀ ਸਾਮਰਾਗੀ ਹੈ ॥ ੧੨ ॥ ਉਨਹਾਂ ਦੇ ਟੋਲਿਆਂ ਵਿਚ ਤੁਹਾਡੇ ਵਾਸਤੇ ਨਿਸ਼ਾਨੀ (ਪਰਗਟ) ਹੋ ਚੁਕੀ ਹੈ ਕਿ ਜੋ ਇਕ ਦੂਸਰੇ ਦੇ ਨਾਲ ਜੁਟ ਪਏ (ਉਨਹਾਂ ਵਿਚੋਂ) ਇਕ ਟੋਲਾ ਤਾਂ ਖੁਦਾ ਦੇ ਰਾਹ ਵਿਚ ਲੜਦਾ ਸੀ ਅਰ ਦੂਸਰਾ (ਟੋਲਾ) ਮੁਨਕਰਾਂ ਦਾ ਸੀ ਜਿਨਹਾਂ ਨੂੰ ਵੇਖਣ ਵਿਚ ਮੁਸਲਮਾਨਾਂ ਦਾ ਟੋਲਾ ਆਪਣੇ ਨਾਲੋਂ ਦੂਣਾ ਨਦਰ ਆ ਰਿਹਾ ਸੀ ਅਰ ਅੱਲਾ ਆਪਣੀ ਮਦਦ ਨਾਲ ਜਿਸਦੀ ਚਾਹੁੰਦਾ ਹੈ ਸਹਾਇਤਾ ਕਰਦਾ ਹੈ, ਏਸ ਵਿਚ ਭਰਮ ਨਹੀਂ ਕਿ ਜੋ (ਦਿਲੀ) ਸਮਝ ਰਖਦੇ ਹਨ ਉਨਹਾਂ ਵਾਸਤੇ ਏਸ (ਪ੍ਰਸੰਗ) ਵਿਚ (ਬੜੀ ਸਿਖਸ਼ਾ (ਇਬਰਤ) ਹੈ ॥ ੧੩ ॥ ਲੋਗਾਂ ਨੂੰ ਪਿਆਰੀਆਂ ਵਸਤਾਂ (ਅਰਥਾਤ) ਇਸਤ੍ਰੀਆਂ ਅਰ ਬੇਟੇ ਅਰ ਸੋਨੇ ਚਾਂਦੀ ਦੇ ਵਡੇ ੨ ਢੇਰ ਅਤੇ ਚੰਗੇ ੨ ਘੋੜੇ ਅਰ ਡੰਗਰ ਅਰ ਖੇਤੀ ਦੇ ਨਾਲ ਦਿਲ ਰੀਝ ਭਲੀ ਮਾਲੂਮ ਹੁੰਦੀ ਹੈ (ਭਰ) ਏਹ (ਤਾਂ) ਦੁਨੀਆਂ ਦੀ ਜਿੰਦਗੀ ਦੇ (ਥੋੜੇ ਰੋਜ ਦੇ) ਲਾਭ ਹਨ ਅਰ (ਸਦਾ ਵਾਸਤੇ) ਸੁਭਗ ਅਸਥਾਨ ਤਾਂ ਓਸੇ ਪਰਮਾਤਮਾ ਪਾਸ ਹੈ ॥ ੧੪ ॥ (ਹੇ ਪੈਗੰਬਰ ਏਹਨਾਂ ਲੋਗਾ ਨੂੰ) ਕਹੋ ਕਿ ਮੈਂ ਤੁਸਾਨੂੰ ਏਹਨਾਂ (ਸੰਸਾਰਕ ਫਾਇਦਿਆਂ ਨਾਲੋਂ) ਬਹੁਤ ਹੀ ਚੰਗੀ ਵਸਤੂ ਦੱਸਾਂ (ਉਹ ਇਹ ਕਿ)ਜਿਨਹਾਂ ਲੋਗਾਂ ਨੇ ਪਰਹੇਜਗਾਰੀ ਧਾਰਨ ਕੀਤੀ ਉਨਹਾਂ ਵਾਸਤੇ ਉਨਹਾਂ ਦੇ ਪਰਵਰਦਿਗਾਰ ਦੇ ਪਾਸ(ਸੁਰਗ ਦੇ)ਬਾਗ ਹਨ ਜਿਨਹਾਂ ਦੇ ਹੇਠਾਂ ਨਦੀਆਂ ਵਗ ਰਹੀਆਂ ਹਨ ਅਰ ਉਨਹਾਂ ਵਿਚ ਸਦਾ ਵਾਸਤੇ ਰਹਿਣਗੇ ਅਰ (ਬਾਗਾਂ ਥੀਂ ਸਿਵਾ ਉਨਹਾਂ ਵਾਸਤੇ) ਪਾਕ ਤਥਾ ਸੁਫਰੀ ਇਸਤ੍ਰੀਆਂ ਹਨ

Digitized by Panjab Digital Library | www.panjabdigilib.org

ਅਰ (ਸਭ ਨਾਲੋਂ ਵਧਕੇ)ਖੁਦਾ ਦੀ ਪ੍ਰਸੰਨਤਾਈ (ਹੈ) ਅਰ ਅੱਲਾ ਲੋਗਾਂ (ਦੀਆਂ ਨੇਕੀਆਂ ਬਦੀਆਂ) ਨੂੰ ਦੇਖ ਰਿਹਾ ਹੈ ॥ ੧੫ ॥ ਵੈ ਲੋਗ ਜੋ ਪ੍ਰਾਰਥਨਾ ਕਰਦੇ ਹਨ ਕਿ ਹੇ ਸਾਡੇ ਪਰਵਰਦਿਗਾਰ ਅਸੀਂ ਈਮਾਨ ਲੈ ਆਏ ਹਾਂ ਤੂੰ ਸਾਨੂੰ ਸਾਡੇ ਗੁਨਾਹ ਬਖਸ਼ ਅਰ ਸਾਨੂੰ ਨਾਰਕੀ ਦੁੱਖਾਂ ਥੀਂ ਬਚਾ ॥੧੬॥ (ਜੋ) ਸਬਰ ਕਰਨ ਵਾਲੇ ਅਰ ਸੱਚ ਬੋਲਣ ਵਾਲੇ ਅਰ (ਖੁਦਾ ਦੇ) ਆਗਿਆ ਕਾਰੀ ਅਰ ਖੁਦਾ ਦੇ ਪਾਸੇ) ਖਰਚ ਕਰਨ ਵਾਲੇ ਅਰ ਪਿਛਲੀ ਰਾਤੀਂ ਇਸਤਗੁਫਾਰ (ਤਥਾ ਭਜਨ ਅਰ ਪ੍ਰਾਰਥਨਾ) ਕਰਨ ਵਾਲੇ ਹੈਂ ॥ ੧੭ ॥ (ਆਪ) ਅੱਲਾ ਇਸ ਵਾਰਤਾ ਦੀ ਗਵਾਹੀ ਦੇਂਦਾ ਹੈ ਕਿ ਉਸ ਦੇ ਸਿਵਾ ਕੋਈ ਪੂਜਨੇ ਜੋਗ ਨਹੀਂ ਅਰ ਫਰਿ-ਸ਼ਤੇ ਅਰ ਵਿਦਵਾਨ ਭੀ (ਗਵਾਹੀ ਦੇਂਦੇ ਕੇ) ਓਸੇ ਨਿਆਇਕਾਰੀ ਨੇ (ਇਸ ਬ੍ਰੈਹਮੰਡ ਨੂੰ) ਸੰਭਾਲਿਆ ਹੋਇਆ ਹੈ। ਓਸ ਦੇ ਸਿਵਾ ਕੋਈ ਪੂਜਨ ਜੋਗ ਨਹੀਂ ਅਤੇ ( ਉਹੀ ) ਬਲੀ ( ਅਰ ) ਯੁਕਤੀ ਮਾਨ ਹੈ ॥ ੧੮ ॥ (ਸੱਚਾ) ਦੀਨ ਤਾਂ ਖੁਦਾ ਦੇ ਨਜੀਕ ਏਹੋ ਇਕ ਇਸਲਾਮ ਹੈ ( ਅਰ ) ਕਿਤਾਬਾਂ ਵਾਲਿਆਂ ਨੇ ਜੋ ( ਸਚੇ ਦੀਨ ਨਾਲ ) ਵਿਰੋਧ ਕੀਤਾ ਤਾਂ ਮਲੂਮ ਹੋ ਜਾਣ ਥੀਂ ਪਿਛੋਂ ਆਪਸ ਦੀ ਜਿਦ ਨਾਲ (ਕੀਤਾ) ਅਰ ਜੋ ਆਦਮੀ ਖੁਦਾ ਦੀਆਂ ਨਸ਼ਾਨੀਆਂ ਥੀਂ ਮੁਨਕਰ ਹੋਏ ਤਾਂ ਅੱਲਾ ਜਲਦ ਹਿਸਾਬ ਲੈਣੇ ਵਾਲਾ ਹੈ ॥ ੧੯ ॥ (ਹੇ ਪੈਯੰਬਰ) ਜੇ ਕਰ ਇਸ ਪਰ ਭੀ ਤੁਹਾਡੇ ਨਾਲ ਹੁੱਜਤਾਂ ਕਰਨ ਤਾਂ (ਏਹਨਾਂ ਨੂੰ) ਕਹਿ ਦਿਓ ਮੈਂ ਅਰ ਮੇਰੇ ਪਿਛੇ ਜਲਣ ਵਾਲਿਆਂ ਨੇ ਤਾਂ ਖੁਦਾ ਅਗੇ ਆਪਣਾ ਸਿਰ ਨਿਵਾ ਦਿਤਾ ਹੈ (ਹੇ ਪੈਯੰਬਰ) ਕਿਤਾਬਾਂ ਵਾਲਿਆਂ ਨੂੰ ਅਰ (ਅਰਬ ਦੇ) ਮੂਰਖਾਂ ਨੂੰ ਕਹੋ ਕਿ ਤੁਸੀਂ ਭੀ ਈਮਾਨ ਧਾਰਦੇ ਹੋ ? (ਕਿੰਬਾ ਨਹੀਂ) ਫੇਰ ਜੇਕਰ ਇਸਲਾਮ ਲੈ ਆਣ ਤਾਂ ਨਿਰਸੰਸੇ ਸਿਧੇ ਰਾਹ ਪੜ ਗਏ। ਅਰ ਜੇਕਰ ਮੂੰਹ ਮੋੜਨ ਤਾਂ ਤੁਹਾਡੇ ਉਤੇ ਤਾਂ ( ਹੁਕਮ ਇਲਾਹੀ ਦਾ ) ਪਹੁੰਚਾ ਦੇਣਾ ਹੈ ਹੋਰ ਬਸ ਅਰ ਅੱਲਾ ਬੰਦਿਆਂ (ਦੀ ਦਿਸ਼ਾ) ਨੂੰ ਖੂਬ ਦੇਖ ਰਹਿਆ ਹੈ॥੨੦॥ ਰੁਕੂਹ ੨ ॥

ਜੋ ਲੋਗ ਅੱਲਾ ਦੀਆਂ ਆਇਤਾਂ ਥੀਂ ਇਨਕਾਰ ਕਰਦੇ ਅਰ ਅਕਾ-ਰਣ ( ਅਯੋਗ ) ਪੈਯੰਬਰਾਂ ਨੂੰ ਕਤਲ ਕਰਦੇ ਅਰ ( ਹੋਰ ) ਉਨਹਾਂ ਲੋਗਾਂ ਨੂੰ ਕਤਲ ਕਰਦੇ ਜੋ ( ਉਨਹਾਂ ਨੂੰ ) ਇਨਸਾਫ ਕਰਨ ਵਾਸਤੇ ਕਹਿੰਦੇ ਤਾਂ ( ਹੇ ਪੈਯੰਬਰ ) ਐਸਿਆਂ ਲੋਗਾਂ ਨੂੰ ਭਿਆਨਕ ਕਸ਼ਟ ਦੀ ਖੁਸ਼ਖਬਰੀ ਸੁਣਾ ਦਿਓ ॥ ੨੧ ॥ ਏਹੋ ਹਨ ਜਿਨਹਾਂ ਦਾ ਸਾਰਾ ਕੀਤਾ ਕਤਰਿਆ ਦੁਨੀਆਂ ਅਰ ਆਖਰਤ ( ਦੋਨੋਂ ) ਵਿਚ ਅਕਾਰਥ ਅਰ ਨਾ ਕੋਈ ਉਨਹਾਂ ਦਾ ਮਦਦਗਾਰ॥ ੨੨ ॥ ਕੀਹ ਤੁਸਾਂ ਉਨਹਾਂ ਉੱਪਰ ਦ੍ਰਿਸ਼ਟੀ ਨਹੀਂ ਦਿਤੀ ਜਿਨਹਾਂ ਨੂੰ ਕਿਤਾਬ ਵਿਚੋਂ ਕੁਛ ਭਾਗ ਮਿਲਿਆ ਸੀ ਉਨਹਾਂ ਨੂੰ ਪ੍ਰਮਾਤਮਾਂ ਦੀ ਪੁਸਤਕ

Digitized by Panjab Digital Library | www.panjabdigilib.org

ਤਰਫ ਬੁਲਾਇਆ ਜਾਂਦਾ ਹੈ ਤਾਕਿ ( ਉਹੀ ) ਓਨਹਾਂ ਦਾ ਝਗੜਾ ਚੁਕਾ ਦੇਵੇ ਏਸ ਬਾਤੋਂ ਭੀ ਉਨਹਾਂ ਦਾ ਇਕ ਟੋਲਾ ਮੂੰਹ ਮੋੜਕੇ ਪਿਛੇ ਹਟ ਗਿਆ ॥੨੨॥ ਏਹ ਏਸ ਕਰਕੇ (ਕਿ ਏਹਨਾਂ ਨੂੰ ਘੁਮੰਡ ਹੈ) ਕਿ ਸਾਨੂੰ ਨਰਕਾਗਨੀ ਛੁਏਗੀ ਭੀ ਤਾਂ ਬਸ ਗਿਨਤੀ ਦੇ ਚਾਰ ਦਿਹਾੜੇ ਅਰ ਜੋ ਮਨ ਵਧੀਆਂ ਇਹ ਕਰਦੇ ਰਹੇ ਹਨ ਉਸਨੇ ਹੀ ਏਹਨਾਂ ਨੂੰ ਦੀਨ ( ਵਲੋਂ ) ਭੁਲਣਾ ਕਰਵਾ ਛਡੀਆਂ ਹਨ ॥ ੨੪ ॥ ਫੇਰ ਓਸ ਦਿਨ ( ਅੰਤ ਨੂੰ ) ਜਿਸ (ਤੋਂ ਉਸ ) ਵਿਚ ਕੋਈ ਭਰਮ ਨਹੀਂ (ਇਨਾਂ ਦੀ) ਕੈਸੀ ( ਭੁਗਤ ) ਸੌਰੇਗੀ ਜਦੋਂ ਅਸੀਂ ਉਨਹਾਂ ਨੂੰ ਓਸ ਦਿਨ ਇਕਤ੍ਰ ਕਰਾਂਗੇ ਅਰ ਹਰ ਪੁਰਖ ਨੂੰ ਜੈਸਾ ਉਸ ਨੇ ਕੀਤਾ ਹੈ ਪੂਰਾ ਪੂਰਾ ਭਰ ਦਿਤਾ ਜਾਵੇਗਾ ਅਰ ਲੋਗਾਂ ਉੱਪਰ ( ਕਿਸੀ ਤਰਹਾਂ ਦਾ ) ਜੁਲਮ ਨਹੀਂ ਹੋਵੇਗਾ ॥ ੨੫ ॥ ( ਹੇ ਪੈਯੰਬਰ ) ਤੁਸੀਂ ਪ੍ਰਾਰਥਨਾ ਕਰੋ ਹੇ ਖੁਦਾ(ਸਾਰੇ)ਮੁਲਕ ਦਾ ਮਾਲਕ ਤੂੰ (ਹੀ) ਜਿ ਸਨੂੰ ਚਾਹੇਂ ਰਾਜ ਪਦਵੀ ਦੇਵੇਂ ਅਰ ਤੂੰ(ਹੀ)ਜਿਸ ਪਾਸੋਂ ਚਾਹੇਂ ਰਾਜਪਦਵੀ ਖੋਲੇਵੇਂ।ਅਰ ਤੂੰ(ਹੀ) ਜਿਸ ਨੂੰ ਚਾਹੇਂ ਵਡਿਆਈ ਦੇਵੇਂ ਅਰ ਤੂੰ ਹੀ ਜਿਸਨੂੰ ਚਾਹੇਂ ਹੀਨ ਕਰੇਂ ( ਸਭ ਤਰਹਾਂ ਦੀ)ਖੂਬੀ ਤੇਰੇ ਹੀ ਹਥਵਿਚ ਹੈ,ਨਿਰਸੰਦੇਹ ਤੂੰ ਹਰਵਸਤੂਉੱਪਰ ਕਾਦਰ ਹੈਂ ॥੨੬॥ ਤੂੰ (ਹੀ)ਰਾਤ੍ਰੀ ਨੂੰ ( ਘਟਾ ਕੇ ) ਦਿਨ ਵਿਚ ਮਿਲਾ ਦੇਂਦਾ ਹੈਂ ਅਰ ਤੂੰ ( ਹੀ ) ਦਿਨ ਨੂੰ ( ਘਟਾ ਕੇ ) ਰਾਤ੍ਰੀ ਵਿਚ ਸ਼ਾਮਲ ਕਰ ਦੇਂਦਾ ਹੈਂ ਅਰ ਤੂੰ ( ਹੀ ) ਜਢ ਥੀਂ ਜੀਵ ਅਰ ਤੂੰ ( ਹੀ ) ਜੀਵ ਥੀਂ ਜਢ ਨਿਕਾਸੇ ਅਰ ਤੂੰ ( ਹੀ ) ਜਿਸ ਨੂੰ ਚਾਹੇਂ ਬੇ ਹਿਸਾਬ ਰੋਜੀ ਦੇਵੇਂ ॥ ੨੭ ॥ ਮੁਸਲਮਾਨਾਂ ਨੂੰ ਚਾਹੀਦਾ ਹੈ ਕਿ ਈਮਾਨਦਾਰਾਂ ਨੂੰ ਛਡ ਕੇ ਮੁਨਕਰਾਂ ਨੂੰ ਆਪਣਾ ਸੱਜਨ ਨਾ ਕਰਨ ਅਰ ਜੋ ਐਸੇ ਕਰੇਗਾ ਤਾਂ ਉਸੇ ਅੱਲਾ ਸੇ ਕੋਈ ਪ੍ਰਯੋਜਨ ਨਹੀਂ ਪਰੰਚ ( ਏਸ ਯੁਕਤੀ ਨਾਲ ) ਕਿ ਕਿਸੀ ਤਰਹਾਂ ਉਨਹਾਂ ( ਦੀ ਸ਼ਰਾ-ਰਤ ) ਥੀਂ ਬਚਨਾ ਚਾਹੋ ( ਤਾਂ ਖੈਰ ) ਅਰ ਅੱਲਾ ਤੁਹਾਨੂੰ ਆਪਣੇ ( ਤੇਜ ) ਨਾਲ ਸਭੈ ਕਰਦਾ ਹੇ ਅਰ ( ਅੰਤ ਨੂੰ ) ਅੱਲਾ ਵਲ ਹੀ ਲੌਟ ਕੇ ਜਾਣਾ ਹੈ ॥ ੨੮ ॥ ( ਹੇ ਪੈਯੰਬਰ ਏਹਨਾਂ ਲੋਕਾਂ ਨੂੰ ) ਕਹਿ ਦੇਵੇ ਕਿ ਜੋ ਕੁਛ ਤੁਹਾਡਿਆਂ ਦਿਲਾਂ ਵਿਚ ਹੈ ਉਸ ਨੂੰ ਗੁਪਤ ਕਰੋ ਅਥਵਾ ਪ੍ਰਗਟ ਕਰੋ ਓਹ(ਹਰ ਹਾਲ ) ਵਿਚ ਅੱਲਾ ਨੂੰ ਤਾਂ ਮਾਲੂਮ ਹੈ ਹੀ ਅਰ ਜੋ ਕੁਛ ਅਗਾਸਾਂ ਵਿਚ ਅਰ ਜੋ ਕੁਛ ਧਰਤੀ ਵਿਚ ਹੈ ( ਉਹ ਤਾਂ ਸਭ ਨੂੰ ) ਜਾਣਦਾ ਹੈ ਅਰ ਅੱਲਾ ਹਰ ਵਸਤੂ ਉੱਪਰ ਕਾਦਰ ਹੈ ॥ ੨੯ ॥ ਜਦੋਂ ਹਰ ਏਕ ਆਦਮੀ ਜੋ ਕੁਛ ਭਲਾਈ ( ਸੰਸਾਰ ਵਿਚ ) ਕਰ ਗਿਆ ਹੈ ਉਸ ਨੂੰ ਸਨਮੁਖ ਦੇਖੇਗਾ ਅਰ ( ਏਸੇ ਤਰਹਾਂ ) ਜੋ ਕੁਛ ਬੁਰਾਈ ਕਰ ਗਿਆ ਹੈ ( ਓਸ ਨੂੰ ਭੀ ਸਨ-ਮੁਖ ਦੇਖੇਗਾ ਅਰ ) ਅਭਿਲਾਖਾ ਕਰੇਗਾ ਕਿ ਹਾਇ ਰੱਬਾ ! ਓਸ ਵਿਚ ਅਰ

Digitized by Panjab Digital Library | www.panjabdigilib.org

ਓਸ ( ਦਿਨ ) ਵਿਚ ਬਹੁਤ ਸਾਰਾ ਸਮਾਂ ਹੁੰਦਾ । ਅਰ ਅੱਲਾ ਤੁਹਾਨੂੰ ਆਪਣੇ ( ਤਪ ਤੇਜ ) ਨਾਲ ਡਰਾਉਂਦਾ ਹੈ ਅਰ ਅੱਲਾ ( ਆਪਣਿਆਂ ) ਬੰਦਿਆਂ ਉੱਤੇ ਮੇਹਰ ਰਖਦਾ ਹੈ ॥ ੩੦ ॥ ਰੁਕੂਹ ੩ ॥

ਤੁਸੀਂ ਕੇਹ ਦੇਓ ਕਿ ਜੇਕਰ ਤੁਸੀਂ ਅੱਲਾ ਨੂੰ ਮਿਤ੍ਰ ਰਖਦੇ ਹੋ ਤਾਂ ਮੇਰੇਪਿਛੇ ਲਗੋ ਕਿ ਅੱਲਾ ਤੁਹਾਡੇ ਨਾਲ ਪ੍ਰੇਮ ਕਰੇਗਾ ਅਰ ਤੁਹਾਨੂੰ ਤੁਹਾਡੇ ਗੁਨਾਹ ਬਖਸ਼ ਦੇਵੇਗਾ ਅਰ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥੩੧॥ ਕਹਿ ਦਿਓ ਕਿ ਅੱਲਾ ਅਰ ਰਸੂਲ ਦੀ ਫਰਮਾ ਬਰਦਾਰੀ ਕਰੋ ਫੇਰ ਯਦੀ ਮੂੰਹ ਫੇਰੇਂ ਤਾਂ ਅੱਲਾ ਨਾ ਫਰਮਾਨਾਂ ਨੂੰ ਪਸੰਦ ਨਹੀਂ ਕਰਦਾ ॥ ੩੨ ॥ ਅੱਲਾ ਨੇ ਜਹਾਨ ਦਿਆਂ ਲੋਕਾਂ ਉੱਪਰ ਆਦਮ ਅਰ ਨੂਹ ਅਰ ਇਬਰ੍ਾਹੀਮ ਦੇ ਬੰਸ ਅਰ ਇਮ-ਰਾਨ ਦੇ ਬੰਸ ਨੂੰ ਚੁਣ ਲੀਤਾ ਹੈ ॥੩੩॥(ਇਹ)ਔਲਾਦ ਹਨ ਇਕ ਦੂਸਰੇ ਦੀ ਅਰ ਅੱਲਾ ਸੁਣਦਾ ਅਰ ਜਾਣਦਾ ਹੈ ॥ ੩੪ ॥ ਅਰ ਜਦੋਂ ਇਮਰਾਨ ਦੀ ਇਸਤ੍ਰੀ ਨੇ (ਖੁਦਾ ਦੀ ਦਰਗਾਹ ਵਿਚ) ਬੇਨਤੀ ਕੀਤੀ ਕਿ ਹੇ ਮੇਰੇ ਪਰਵਰ-ਦਿਗਾਰ ਮੇਰੇ ਪੇਟ ਵਿਚ ਜੋ(ਬੱਚਾ) ਹੈ ਉਸ ਨੂੰ ਮੈਂ ਆਜ਼ਾਦ ਕਰਕੇ ਤੇਰੀ ਭੇਟਾ ਕਰਦੀ ਹਾਂ ਤੂੰ ਮੇਰੇ ਪਾਸੋਂ (ਏਸ ਭੇਟ) ਨੂੰ ਪ੍ਰਵਾਨ ਕਰ ਕਿ ਤੂੰ ਸੁਣਦਾ ਅਰ ਜਾਣਦਾ ਹੈਂ ॥ ੩੫ ॥ ਫੇਰ ਜਦੋਂ ਓਸ ਨੇ ਲੜਕੀ ਜੰਮੀ ਅਰ ਅੱਲਾ ਨੂੰ ਖ਼ੂਬ ਮਾਲੂਮ ਸੀ ਕਿ ਉਸਨੇ ਕਿਸ ਪਦਵੀ ਦੀ (ਬੇਟੀ) ਜਨੀ ਹੈ ਤਾਂ ਲਗੀ ਆਖਣ ਕੇ ਹੇ ਪ੍ਰਵਰਦਿਗਾਰ ਮੈਂ ਤਾਂ ਇਹ ਲੜਕੀ ਜਨੀ ਹੈ ਅਰ ਲੜਕਾ ਲੜਕੀ ਦੀ ਭਾਂਤ (ਗਿਆ ਗਵਾਤਾ) ਨਹੀਂ ਹੁੰਦਾ ਅਰ ਮੈਂ ਏਸ ਦਾ ਨਾਮ ਮਰੀਯਮ ਰਖਿਆ ਹੈ ਅਰ ਮੈਂ ਏਸ ਨੂੰ ਅਰ ਏਸ ਦੀ ਨਸਲ ਨੂੰ ਸ਼ੈਤਾਨ ਫਟਕਾਰੇ ਹੋਏ ਥੀਂ ਤੇਰੇ ਆਸਰੇ ਵਿਚ ਦੇਂਦੀ ਹਾਂ ॥ ੩੬ ॥ ਤਾਂ ਓਸ ਦੇ ਪਰਵਰਦਿਗਾਰ ਨੇ (ਉਸ ਦੀ ਭੇਟ) ਅਰਥਾਤ ਮਰੀਅਮ ਨੂੰ ਖ਼ੁਸ਼ੀ ਨਾਲ ਪ੍ਰਵਾਨ ਕਰ ਲੀਤਾ ਅਰ ਉਸਨੂੰ ਭਲੀ ਤਰਹਾਂ ਵਿਡਿਆਇਆ ਅਰ ਜਕਰੀਏ ਨੂੰ ਓਸ ਦੀ ਰਾਖੀ ਚੋਖੀ ਰਖਣ ਵਾਲਾ ਬਨਾਇਆ ਜਦੋਂ ੨ ਜਕਰੀਆ ਮਰੀਯਮ ( ਦੇ ਦੇਖਣ ਨੂੰ ਓਸ) ਦੇ ਪਾਸ ਹੁਜਰੇ ਵਿਚ ਜਾਂਦੇ ਤਾਂ ਮਰੀਅਮ ਦੇ ਪਾਸ ( ਕੁਛ ) ਭੋਜਨ ਮੌਜੂਦ ਦੇਖ ਕੇ ਪੁਛਿਆ ਕਿ ਹੇ ਮਰੀਯਮ ਇਹ ( ਭੋਜਨ ) ਤੇਰੇ ਪਾਸ ਕਿਥੋਂ (ਆਉਂਦਾ ਹੈ) ਬੋਲੀ ਖੁਦਾ ਦੇ ਪਾਸੋਂ ( ਆਉਂਦਾ ਹੈ ) ਅੱਲਾ ਜਿਸ ਨੂੰ ਚਾਹੁੰਦਾ ਹੈ ਬੇ ਹਿਸਾਬ ਰਿਜਕ ਦੇਂਦਾ ਹੈ ॥ ੩੭ ॥ ਓਸੇ ਵੇਲੇ ਜਕਰੀਯਾ ਨੇ ਆਪਣੇ ਪਰਵਰਦਿਗਾਰ ਅਗੇ ਪ੍ਰਾਰਥਨਾ ਕੀਤੀ (ਅਰ) ਕਹਿਆ ਕਿ ਹੇ ਮੇਰੇ ਪਰਵਰਦਿਗਾਰ ਆਪਣੀ ਦਰਗਾਹ ਵਿਚੋਂ ਮੈਨੂੰ (ਭੀ) ਨੇਕ ਸੰਤਾਨ ਪ੍ਰਦਾਨ ਕਰ ਕੇ ਤੂੰ(ਸਭ ਦੀਆਂ)ਅਰਜਾਂ ਸੁਣਦਾ ਹੈਂ॥੩੮॥ ਅਜੇ ਜਕਰੀਆ ਹੁਜਰੇ ਵਿਚ ਖੜਾ ਦੁਆ ਹੀ ਮੰਗਦਾ ਸੀ ਕਿ ਓਸ ਨੂੰ ਫਰਿਸ਼ਤਿਆਂ ਅਵਾਜ਼ ਦਿਤੀ, ਖੁਦਾ

Digitized by Panjab Digital Library | www.panjabdigilib.org

ਤੁਹਾਨੂੰ ਯਾਹੀਯਾ ( ਦੇ ਪੈਦਾ ਹੋਣ ) ਦੀ ਖੁਸ਼ਖਬਰੀ ਦੇਂਦਾ ਹੈ ਜੋ ਖੁਦਾ ਦਾ ਕਲਮਾਂ ( ਅਰਥਾਤ ਈਸਾ ) ਦੇ ਸਚਿਆਂ ਕਰਨ ਵਾਲਾ ਅਰ ਲੋਕਾਂ ਦਾ ਆਗੂ ਹੋਵੇਗਾ ਅਰ (ਇਸਤ੍ਰੀਓਂ ਸੇ) ਇਕਲਵਾਂਜੇ ਰਹੇਗਾ ਅਰ ਨਬੀ ਹੋਵੇਗਾ (ਭਾਵ ਅੱਲਾ ਦਿਆਂ ) ਭਲਿਆਂ ਪੁਰਖਾਂ ਵਿਚੋਂ ਹੋਵੇਗਾ ॥ ੩੯ ॥ ( ਜਕਰੀਆ ਨੇ ) ਅਰਜ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਮੇਰੇ ( ਘਰ ) ਕਿਸ ਤਰਹਾਂ ਬੱਚਾ ਪੈਦਾ ਹੋ ਸਕਦਾ ਹੈ ਅਰ ( ਮੇਰਾ ਹਾਲ ਇਹ ਹੈ ਕਿ ) ਮੇਰੈ ਉਪਰ ਬੁਢੇਪਾ ਆ ਚੁਕਾ ਹੈ ਅਰ ਮੇਰੀ ਇਸਤ੍ਰੀ ਬੰਧਜਾ ਹੈ ( ਅੱਲਾ ਨੇ ) ਕਹਿਆ ਏਸ ਤਰਹਾਂ ਅੱਲਾ ਜੋ ਚਾਹੁੰਦਾ ਹੈ ਕਰਦਾ ਹੈ ॥ ੪੦ ॥ ( ਜਕਰੀਯਾ ਨੇ ) ਅਰਜ ਕੀਤੀ ਹੇ ਮੇਰੇ ਪਰਵਰਦਿਗਾਰ ਮੇਰੇ ਵਾਸਤੇ ਕੋਈ ਨਿਸ਼ਾਨੀ ਬਖਸ਼ ( ਅੱਲਾ ਨੇ ) ਕਹਿਆ ਕਿ ਨਿਸ਼ਾਨੀ ਜੋ ਤੂੰ ਮੰਗਦਾ ਹੈਂ ਇਹ ਕਿ ਤਿੰਨਾਂ ਦਿਨਾਂ ਤਕ ਲੋਕਾਂ ਨਾਲ ਗੱਲ ਨਾ ਕਰੇ ਪਰੰਤੂ ਸੈਨਤਾਂ ਨਾਲ ਅਰ ਆਪਣੇ ਪਰਵਰਦਿਗਾਰ ਦਾ ਬਹੁਤ ਨਾਮ ਜਪਣਾ ਪ੍ਰਾਤ ਸੰਧਿਆ ਪ੍ਰਾਰਥਨਾ (ਅਸਤੁਤਿ) ਕਰਦਿਆਂ ਰਹਿਣਾ ॥ ੪੧ ॥ ਰੁਕੂਹ ੪ ॥

ਅਰ ਜਦੋਂ ਫਰਿਸ਼ਤਿਆਂ ਨੇ ( ਮਰੀਯਮ ਨੂੰ ) ਕਹਿਆ ਹੇ ਮਰੀਯਮ ਤੈਨੂੰ ਅੱਲਾ ਨੇ ਪਸੰਦ ਕੀਤਾ ਅਰ ਤੈਨੂੰ ਸੁਧ ਪਵਿਤ੍ਰ ਰਖਿਆ ਤੈਨੂੰ ਸੰਸਾਰ ਭਰ ਦੀਆਂ ਇਸਤ੍ਰੀਆਂ ਉਤੇ ਚੁਨ ਲੀਤਾ ਹੈ ॥ ੪੨ ॥ ਹੇ ਮਰੀਯਮ ( ਤੂੰ ) ਆਪਣੇ ਪਰਵਰਦਿਗਾਰ ਦੀ ਫਰਮਾ ਬਰਦਾਰੀ ਕਰਦੀ ਰਹੁ ਅਰ ਸਜਦਾ ਕੀਤਾ ਕਰ ਅਰ ਰੁਕੂਹ ਕਰਨ ਵਾਲਿਆਂ ( ਅਰਥਾਤ ਨਮਾਜੀਆਂ ) ਨਾਲ (ਤੂੰ ਭੀ) ਰੁਕੂਹ ਵਿਚ ਝੁਕਦੀ ਰਹਿਆ ਕਰ ॥ ੪੩ ॥ ਏਹ ਗੈਬ ਦੀਆਂ ਖਬਰਾਂ ਹਨ ਜੋ ਅਸੀਂ ਤੈਨੂੰ ਵਹੀ ਦੇ ਵਸੀਲੇ ਪੌਚਾਂਦੇ ਹਾਂ ਅਰ ਨਾ ਤੂੰ ਓਸ ਵੇਲੇ ਉਹਨਾਂ ਦੇ ਪਾਸ ਮੌਜੂਦ ਸੀ ਜਦੋਂ ਉਹ ਲੋਗ ਆਪਣੀ ਲੇਖਣੀ (ਨਦੀ ਵਿਚ) ਸੁਟਦੇ ਸਨ ਕਿ ਕੌਣ ਮਰੀਯਮ ਦਾ ਸਰਪ੍ਰਸਤ ਬਣੇ ਅਰ ਨਾ ਤੂੰ ਓਸ ਵੇਲੇ ਉਹਨਾਂ ਦੇ ਪਾਸ ਮੌਜੂਦ ਸੀ ਜਦੋਂ ਉਹ ਆਪਸ ਵਿਚ ਝਗੜ ਰਹੇ ਸਨ ॥ ੪੪ ॥ ਅਰ ਜਦੋਂ ਫਰਿਸ਼ਤਿਆਂ ਨੇ (ਮਰੀਯਮ ਨੂੰ) ਕਹਿਆ ਕਿ ਹੇ ਮਰੀਯਮ ਖੁਦਾ ਤੈਨੂੰ ਆਪਣੇ (ਉਸ) ਹੁਕਮ ਦੀ ਖੁਸ਼ਖਬਰੀ ਦੇਂਦਾ ਹੈ (ਅਰ) ਓਸ ਦਾ ਨਾਮ ਹੋਵੇਗਾ, ਈਸਾ ਮਸੀਹ-ਇਬਨ ਮਰਯਮ ਓਹ ਦੁਨੀਆਂ ਅਰ ਆਖਰਤ (ਦੋਨੋਂ) ਵਿਚ ਰੋਦਾਰ ਅਰ (ਖੁਦਾ ਦੇ) ਸਮੀਪ ਵਰਤੀ ਬੰਦਿਆਂ ਵਿਚੋਂ (ਹੋਵੇਗਾ) ॥ ੪੫ ॥ ਅਰ ਪੰਘੂੜੇ ਵਿਚ ਭੀ ਅਰ ਵਡਾ ਹੋ ਕੇ ਭੀ ਲੋਕਾਂ ਦੇ ਨਾਲ ਬਾਤ ਚੀਤ ਕਰੇਗਾ ਅਰ (ਵੁਹ) ਨੇਕ ਪੁਰਖਾਂ ਵਿਚੋਂ ਹੋਵੇਗਾ ॥ ੪੬ ॥ ਓਹ ਲਗੀ ਕਹਿਣ ਕਿ ਹੇ ਮੇਰੇ ਪਰਵਰਦਿਗਾਰ ( ਮੇਰੇ ਘਰ ) ਕਿਸ ਤਰਹਾਂ ਲੜਕਾ ਹੋ ਸਕਦਾ ਹੈ ਹਾਲਾਂ ਕਿ ਮੈਨੂੰ ਕਿਸੇ ਮਰਦ ਨੇ ਸਪਰਸ਼ ਤਕ ਭੀ ਨਹੀਂ ਕੀਤਾ

Digitized by Panjab Digital Library | www.panjabdigilib.org

ਫਰਮਾਇਆ ਇਸੀ ਤਰਹਾਂ ਅੱਲਾ ਜੋ ਚਾਹੁੰਦਾ ਹੈ ਪੈਦਾ ਕਰਦਾ ਹੈ ਜਦੋਂ ਉਹ ਕਿਸੇ ਕੰਮ ਦਾ ਕਰਨਾ ਅਰਾਧ ਲੈਂਦਾ ਹੈ ਤਾਂ ਬਸ ਓਸ ਨੂੰ ਕਹਿ ਦੇਂਦਾ ਹੈ ਕਿ ਹੋ ਅਰ ਉਹ ਹੋ ਜਾਂਦਾ ਹੈ ॥ ੪੭ ॥ ਅਰ ਖੁਦਾ (ਤੇਰੇ ਬੇਟੇ) ਈਸਾ ਨੂੰ ਅਸਮਾਨੀ ਕਿਤਾਬ ਅਰ ਅਕਲ ਦੀਆਂ ਬਾਤਾਂ ਅਰ ਤੋਰਾਤ ਅਰ ਅੰਜੀਲ ਸਿਖਾ ਦੇਵੇਗਾ ॥੪੮॥ ਅਰ ਪੈਗੰਬਰ ਬਨੀ ਇਸਰਾਈਲ ਦੀ ਤਰਫ(ਅਰ ਉਹ ਕਹੇਗਾ ਕਿ)ਮੈਂ ਤੁਹਾਡੇ ਪਾਸ ਤੁਹਾਡੇ ਪਰ ਪਰਵਿਦਗਾਰ ਦੇ ਵਲੋਂ ਨਿਸ਼ਾਨੀਆਂ (ਅਰਥਾਤ ਚਮਤਕਾਰ) ਲੈ ਕੇ ਆਇਆ ਹਾਂ ਕਿ ਮੈਂ ਮਿਟੀ ਥੀਂ ਤੁਹਾਡੇ ਵਾਸਤੇ ਪੰਛੀ ਦੇ ਸਰੂਪ ਵਰਗਾ (ਇਕ ਪੰਛੀ)ਬਨਾ ਕੇ ਫੇਰ ਓਸ ਵਿਚ ਮੈਂ ਫੂਕ ਮਾਰਦਾ ਹਾਂ ਅਰ ਓਹ ਖੁਦਾ ਦੀ ਆਗਿਯਾ ਨਾਲ ਉੱਡਣ ਲਗ ਪਵੇ ਅਰ ਖੁਦਾ ਦੀ ਹੀ ਆਗਿਯਾ ਨਾਲ ਜਮਾਂਦੂਰ ਅੰਧਿਆਂ ਅਰ ਕੁਸ਼ਟੀਆਂ ਨੂੰ ਚੰਗਿਆਂ ਭਲਿਆਂ ਅਰ ਮੁਰਦਿਆਂ ਨੂੰ ਜਿੰਦਿਆਂ ਕਰ ਦੇਵਾਂ ਅਰ ਜੋ ਕੁਛ ਤੁਸੀਂ ਖਾ (ਪੀ)ਕੇ ਆਓ ਓਹ ਅਰ ਜੋ ਕੁਛ ਤੁਸਾਂ ਨੇ ਆਪਣਿਆਂ ਘਰਾਂ ਵਿਚ ਸਾਂਭ ਰਖਿਆ (ਉਹ ਸਭ ਕਛ) ਤੁਹਾਨੂੰ ਦਸ ਦੇਵਾਂਗਾ ਜੇਕਰ ਤੁਹਾਡੇ ਵਿਚ ਈਮਾਨ ਹੈ ਤਾਂ ਨਿਰਸੰਦੇਹ ਏਹਨਾ ਬਾਤਾਂ ਵਿਚ ਤੁਹਾਡੇ ਵਾਸਤੇ ਨਿਸ਼ਾਨੀ ਹੈ॥੪੯॥ਅਰ(ਹਾਂ) ਤੋਰਾਤ ਜੋ ਮੇਰੇ ਸਮੇਂ ਵਿਚ ਮੌਜੂਦਾ ਹੈ ਮੈਂ ਓਸ ਦੀ ਤਸਦੀਕ ਕਰਦਾ ਹਾਂ ਅਰ ਮੈਂ ਇਸ ਵਾਸਤੇ (ਆਇਆ ਹਾਂ) ਕਿ ਕਈਕ ਵਸਤਾਂ ਜੋ ਤੁਹਾਡੇ ਉਤੇ ਹਰਾਮ ਹਨ ਤੁਹਾਡੇ ਵਾਸਤੇ ਹਲਾਲ ਕਰ ਦੇਵਾਂ ਅਰ ਮੈਂ ਤੁਹਾਡੇ ਪਰਵਰਦਿਗਾਰ ਦੀ ਤਰਫੋਂ ਨਿਸ਼ਾਨੀਆਂ ਲੈ ਕੇ ਤੁਹਾਡੇ ਪਾਸ ਆਇਆ ਹਾਂ ਤਾਂ ਖੁਦਾ ਪਾਸੋਂ ਡਰੋ ਅਰ ਮੇਰਾ ਕਹਿਣਾ ਮੰਨੋ ॥ ੫੦ ॥ ਨਿਰਸੰਸੇ ਅੱਲਾ ( ਹੀ ) ਮੇਰਾ ਅਰ ਤੁਹਾਡਾ ਪਰਵਰਦਿਗਾਰ ਹੈ ਤਾਂ ਓਸੇ ਦੀ ਪੂਜਾ ਕਰੋ ਏਹ (ਹੀ) ਸਰਲ ਮਾਰਗ ਹੈ ॥ ੫੧ ॥ ਤਾਂ ਜਦੋਂ ਈਸਾ ਨੇ ਇਨਹਾਂ ਦਾ ਇਨਕਾਰ ਦੇਖਿਆ ਤਾਂ ਬੋਲ ਉਠਿਆ ਕਿ ਕੋਈ ਹੈ ਕਿ ਅੱਲਾ ਵਲੋਂ ਹੋ ਕੇ ਮੇਰੀ ਮਦਦ ਕਰੇ ( ਇਹ ਸੁਣ ਕੇ ) ਹਵਾਰੀ ਬੋਲੇ ਕਿ ਅੱਲਾ ਦੇ ਤਰਫਦਾਰ ਅਸੀਂ ਹਾਂ ਅਸੀਂ ਅੱਲਾ ਉੱਤੇ ਈਮਾਨ ਲੈ ਆਇ ਹਾਂ ਅਰ (ਆਪ ) ਏਸ ਬਾਤ ਦੇ ਗਵਾਹ ਰਹੀਏ ਕਿ ਅਸੀਂ ਆਗਿਯਾਂ ਕਾਰੀ ਹਾਂ ॥ ੫੨ ॥ ਹੇ ਸਾਡੇ ਪਰਵਰਦਿਗਾਰ ਜੋ ਤੁਸਾਂ ਨੇ ( ਅੰਜੀਲ ) ਉਤਾਰੀ ਹੈ ਅਸੀਂ ਓਸ ਉਤੇ ਈਮਾਨ ਲੈ ਆਏ ਅਰ ਅਸਾਂ ( ਤੇਰੇ ) ਰਸੂਲ ਦੀ ਪੈਰਵੀ ਅਖਤਿਆਰ ਕਰ ਲੀਤੀ ਤਾਂ ਸਾਨੂੰ ( ਭੀ ਓਹਨਾਂ ਦੀ ) ਤਸਦੀਕ ਕਰਨ ਵਾਲਿਆਂ ਵਿਚ ਲਿਖ ਰਖ ॥੫੩॥ ਅਰ ਯਹੂਦੀਆਂ ਨੇ ( ਈਸਾ ਨਾਲ) ਛਲ ਕੀਤਾ ਅਰ ਅੱਲਾ ਨੇ (ਉਹਨਾਂ ਨਾਲ) ਯੁਕਤੀ ਵਰਤੀ ਅਰ ਯੁਕਤੀ ਵਰਤਨ ਵਾਲਿਆਂ ਵਿਚੋਂ ਅੱਲਾ ਦੀ ਯੁਕਤੀ ( ਸਾਰਿਆਂ ) ਨਾਲੋਂ ਚੰਗੀ ਹੈ ॥ ੫੪ ॥ ਰਕੂਹ ੫ ॥

Digitized by Panjab Digital Library | www.panjabdigilib.org

ਜਦੋਂ ਅੱਲਾ ਨੇ ਕਹਿਆ ਕਿ ਹੇ ਈਸਾ ਮੈਂ ਤੈਨੂੰ ( ਕਾਲ ਦਵਾਰਾ ) ਲੈਣ ਵਾਲਾ ਹਾਂ ਅਰ ਆਪਣੀ ਤਰਫ ਉਠਾਉਣ ਵਾਲਾ ਅਰ ਕਾਫਰਾਂ ਥੀਂ ਤੈਨੂੰ ਪਵਿਤਰ ਕਰਨ ਵਾਲਾ ਅਰ ਜਿਨਹਾਂ ਲੋਗਾਂ ਤੇਰੀ ਪੈਰਵੀ ਕੀਤੀ ਉਨਹਾਂ ਨੂੰ ਪ੍ਰਲੇ ਦੇ ਦਿਨ ਤਕ (ਤੇਰਿਆਂ) ਮੁਨਕਰਾਂ (ਅਰਥਾਤ ਯਹੂਦੀਆਂ) ਉੱਪਰ ਬਲੀ (ਗਾਲਬ) ਰਖਾਂਗੇ। ਫੇਰ ਤੁਸਾਂ ( ਸਾਰਿਆਂ ) ਸਾਡੀ ਹੀ ਤਰਫ ਲੋਟ ਕੇ ਆਉਣਾ ਹੈ ਤਾਂ ਜਿਨਹਾਂ ੨ ਬਾਤਾਂ ਵਿਚ ਤੁਸੀਂ ਭੇਦ ਕਰਦੇ ਸੀ ਓਸ ਵਿਚ ਤੁਸਾਂ ਦਾ ਫੈਸਲਾ ਕਰ ਦੇਵਾਂਗੇ ॥ ੫੫ ॥ ਤਾਂ ਜਿਨਹਾਂ ਨੇ ਇਨਕਾਰ ਕੀਤਾ ਓਹਨਾਂ ਨੂੰ ਤਾਂ ਦੁਨੀਆਂ ਅਰ ਆਖਰਤ (ਅੰਤ) ਵਿਚ ਬੜੀ ਕਰੜੀ ਮਾਰ ਮਾਰਾਂਗੇ ਅਰ ਓਹਨਾਂ ਦਾ ਕੋਈ ਸਹਾਈ ਨਹੀਂ ਹੋਵੇਗਾ ॥ ੫੬ ॥ ਅਰ ਜੋ ਲੋਗ ਈਮਾਨ ਲੈ ਆਏ ਅਰ ਉਨਹਾਂ ਨੇ ਭਲੇ ਕਰਮ ( ਭੀ ) ਕੀਤੇ ਤਾਂ ਖੁਦਾ ਉਨਹਾਂ ਨੂੰ ਉਨਹਾਂ ਦੇ ਪੂਰੇ ਪੂਰੇ ਫਲ ਦੇਵੇਗਾ ਅਰ ਅੱਲਾ ਬੇ ਫਰਮਾਨਾਂ ਨੂੰ ਪਸੰਦ ਨਹੀਂ ਕਰਦਾ ॥ ੫੭ ॥ ਏਹ ਜੋ ਅਸੀਂ ਤੁਹਾਨੂੰ ਆਇਤਾਂ ਪੜ੍ਹ ੨ ਕੇ ਸੁਣਾ ਰਹੇ ਹਾਂ ਜੋ ਯੁਕਤੀ ਭਰਾ ਪ੍ਰਸੰਗ ਹੈ ॥ ੫੮ ॥ ਨਿਰਸੰਦੇਹ ਈਸਾ ਦਾ ਦ੍ਰਿਸ਼ਟਾਂਤ ਈਸ਼ਵਰ ਦੇ ਸਮੀਪ ਆਦਮ ਐਸਾ ਹੈ ਕਿ ਉਸ ਨੂੰ ਖੁਦਾ ਨੇ ਮਿਟੀ ਥੀਂ ਬਨਾ ਕੇ ਹੁਕਮ ਦਿਤਾ ਕਿ ਮਨੁਸ਼ ਬਣ ਅਰ ਉਹ ਬਣ ਗਿਆ ॥ ੫੯ ॥ ਇਹ ਸਚਾਈ ਤੁਹਾਡੇ ਪਰਵਰਦਿਗਾਰ ਵਲੋਂ ਸੋ ਕਿਧਰੇ ਤੁਸੀਂ ਭੀ ਅਵਿਵਸ-ਥਾਈ ਨਾ ਹੋ ਜਾਓ ॥ ੬੦ ॥ ਫੇਰ ਜਦੋਂ ਤੁਹਾਨੂੰ ਹਕੀਕਤ ਮਾਲੂਮ ਹ ਚੁਕੀ ਓਸ ਥੀਂ ਪਿਛੋਂ ਭੀ ਤੁਹਾਡੇ ਨਾਲ ਓਹਨਾਂ ਦੇ ਬਾਰੇ ਵਿਚ ਕੋਈ ਤੁਤੂਨੀ ਛੇੜਨ ਲਗੇ ਤਾਂ ਕਹੋ ਕਿ (ਹੱਛਾ ਪਿੜ ਵਿਚ) ਨਿਕਲੋ ( ਏਧਰ ) ਅਸੀਂ ਆਪਣਿਆਂ ਪੁਤਰਾਂ ਨੂੰ ਬੁਲਾਈਏ ਅਰ (ਓਧਰ) ਤੁਸੀਂ ਆਪਣਿਆਂ ਪੁਤਰਾਂ ਨੂੰ (ਬੁਲਾਓ) ਅਰ ਅਸੀਂ ਆਪਣੀ ਇਸਤ੍ਰੀਆਂ ਅਰ ਤੁਹਾਡੀ ਇਸਤ੍ਰੀਆਂ ਅਰ ਅਪਣੇ ਆਪ ਨੂੰ ਅਰ ਤੁਹਾਨੂੰ ( ਇਕ ਜਗਹਾਂ ਇਕਤ੍ਰ ਕਰਕੇ ) ਫੇਰ ਅਸੀਂ ਪ੍ਰਮਾਤਮਾ ਦੇ ਸਨਮੁਖ ਗਿੜ ਗਿੜਾਈਏ ਅਰ ਝੂਠਿਆਂ ਉਤੇ ਖੁਦਾ ਦੀ ਫਿਟਕਾਰ ਪਾਈਏ ॥ ੬੧ ॥ ਨਿਰਸੰਦੇਹ ਇਹੋ ਬਿਆਨ ਸੱਚਾ ਹੈ ਅਰ ਅੱਲਾ ਦੇ ਸਿਵਾ ਕੋਈ ਪੂਜ ਨਹੀਂ ਨਿਰਸੰਸੇ ਅੱਲਾ ਵਹੀ ( ਸਭਨਾਂ ਨਾਲੋਂ ) ਜਬਰਦਸਤ ਅਰ ਹਿਕਮਤ ਵਾਲਾ ਹੈ ॥ ੬੨ ॥ ਫਿਰ ( ਭੀ ) ਜੇਕਰ ਓਹ ( ਲੋਗ ) ਨਸ ਉਠਣ ਤਾਂ ਅੱਲਾ ਫਸਾਦੀ ਆਦਮੀਆਂ ( ਦੇ ਹਾਲ ) ਥੀਂ ਖੂਬ ਜਾਣੂੰ ਹੈ ॥ ੬੩ ॥ ਰੁਕੂਹ ੬ ॥

ਕਹੋ ਕਿ ਹੇ ਪੁਸਤਕ ਵਾਲੋ ਆਓ ਐਸੀ ਬਾਤ ਦੀ ਤਰਫ ਜੋ ਸਾਡੇ ਤੁਹਾਡੇ ਵਿਚ ਇਕ ਜੈਸੀ ਹੈ ਕਿ ਖੁਦਾ ਥੀਂ ਸਿਵਾ ਕਿਸੀ ਦੀ ਪੂਜਾ ਨਾ ਕਰੀਏ ਅਰ ਕਿਸੇ ਵਸਤੂ ਨੂੰ ਓਸ ਦਾ ਸਾਜੀ ਨਾ ਥਾਪੀਏ ਅਰ ਅੱਲਾ ਥੀਂ

Digitized by Panjab Digital Library | www.panjabdigilib.org

ਸਿਵਾ ਸਾਡੇ ਵਿਚੋਂ ਕੋਈ ਭੀ ਕਿਸੇ ਨੂੰ ( ਆਪਣਾ ) ਰੱਬ ਨਾ ਸਮਝੇ ਫੇਰ ਜੇਕਰ ਮੂੰਹ ਮੋੜਨ ਤਾਂ (ਤੁਸੀਂ ਇਉਂ ਕਹਿ ਦਿਓ) ਕਿ ਤੁਸੀਂ ਏਸ ਬਾਤ ਦੇ ਗਵਾਹ ਰਹੋ ਕਿ ਅਸੀਂ ਤਾਂ ਮੁਸਲਮਾਨ ਹਾਂ ॥ ੬੪ ॥ ਹੇ ਪੁਸਤਕ ਵਾਲੋ ਇਬਰਾਹੀਮ ਦੇ ਬਾਰੇ ਵਿਚ ਕਿਉਂ ਝਗੜਦੇਓ ਅਰ ਤੌਰਾਤ ਤਥਾ ਅੰਜੀਲ ਤਾਂ ਓਸ ਦੇ ਪਿਛੋਂ ਉਤਰੀਆਂ ਹਨ, ਕੀ ਤੁਸੀਂ ( ਇਤਨੀ ਬਾਤ ਭੀ ) ਨਹੀਂ ਸਮਝਦੇ ॥ ੬੫ ॥ ਸੁਨੋ ਜੀ ! ਤੁਸਾਂ ਲੋਗਾਂ ਨੇ ਐਸੀਆਂ ਬਾਤਾਂ ਉਤੇ ਝਗੜਾ ਕੀਤਾ ਜਿਨਹਾਂ ਦੀ ਬਾਬਤ ਤੁਹਾਨੂੰ ਕੁਛ ਨਾ ( ਕੁਛ ) ਮਾਲੂਮ ਸੀ, ਪਰੰਚ ਜਿਸ ਦੀ ਬਾਬਤ ਤੁਹਾਨੂੰ ਖਬਰ ਨਹੀਂ ਓਸ ਉਤੇ ਤੁਸੀਂ ਕਿਉਂ ਝਗੜਾ ਕਰਦੇ ਹੋ ਅਰ ਅੱਲਾ ਜਾਣਦਾ ਹੈ ਅਰ ਤੁਸੀਂ ਨਹੀਂ ਜਾਣਦੇ ॥ ੬੬ ॥ ਇਬਰਾਹੀਮ ਨਾ ਯਹੂਦੀ ਸੀ ਅਰ ਨਾ ਹੀ ਨਸਰਾਨੀ, ਪ੍ਰਤਯੁਤ ਸਾਡੀ ਸਰਕਾਰ ਦੇ ਆਗਿਆ ਵਰਤੀ ਇਕ(ਮਹਾ) ਪੁਰਖ ਸਨ ਅਰ ਮੁਸ਼ਰਕਾਂ ਵਿਚੋਂ (ਭੀ) ਨਹੀਂ ਸਨ ॥ ੬੭ ॥ ਇਬਰਾਹੀਮ ਦੇ ਨਾਲ ਖਾਸ ਕਰ ਵਡੇ ਹੱਕਦਾਰ ਤਾਂ ਉਹ ਲੋਗ ਸਨ ਜਿਨਹਾਂ ਨੇ ਉਨਹਾਂ ਦੀ ਆਗਿਆ ਪਾਲਨ ਕੀਤੀ ਅਰ ਏਹ ਪੈਯੰਬਰ ਅਰ (ਮੁਸਲਮਾਨ) ਜੋ ਈਮਾਨ ਲਿਆਏ ਅਰ ਅੱਲਾ ਤਾਂ ਮੁਸਲਮਾਨਾਂ ਦੇ ਪੱਲੇ ਉਤੇ ਹੈ ॥ ੬੮ ॥ ਪੁਸਤਕ ਵਾਲਿਆਂ ਵਿਚੋਂ ਇਕ ਟੋਲਾ ਤਾਂ ਏਹ ਅਭਿਲਾਖ ਕਰਦਾ ਹੈ ਕਿ ਕਿਸੀ ਤਰਹਾਂ ਤੁਹਾਨੂੰ ਗੁਮਰਾਹ ਕਰੇਂ ਹਾਲਾਂ ਕਿ ਓਹ ਆਪਣੇ ਤਾਈਂ ਹੀ ਗੁਮਰਾਹ ਕਰਦੇ ਹਨ ਅਰ ਸਮਝਦੇ ਨਹੀਂ ॥ ੬੯ ॥ ਹੇ ਪੁਸਤਕ ਵਾਲੇ ਅੱਲਾ ਦੀਆਂ ਨਿਸ਼ਾਨੀਆਂ ਥੀਂ ਕਿਉਂ ਇਨਕਾਰ ਕਰਦੇ ਹੋ ਹਾਲਾਂ ਕਿ ਤੁਸੀਂ ਸਾਖੀ ਹੋ ॥ ੭੦ ॥ ਅਰ ਹੇ ਪੁਸਤਕ ਵਾਲੋ ਕਿਉਂ ਸਚ ਝੂਠ ਵਿਚ ਘੋਲਮਸੋਲਾ ਮਾਰ ਰਹੇ ਹੋ ਅਰ ਸਚ ਨੂੰ ਲੋਪ ਕਰਦੇ ਹੋ ਹਾਲਾਂ ਕਿ ਤੁਸੀਂ ਜਾਨੂੰ ਹੋ ॥ ੭੧ ॥ ਰੁਕੂਹ ੭ ॥

ਅਰ ਕਿਤਾਬ ਵਾਲਿਆਂ ਵਿਚੋਂ ਇਕ ਟੋਲਾ ਇਹ ਕਹਿੰਦਾ ਹੈ ਕਿ ਜੋ ਪੁਸਤਕ ਮੁਸਲਮਾਨਾਂ ਉਤੇ ਉਤਰੀ ਪ੍ਰਾਤ ਕਾਲ ਉਸ ਉਤੇ ਨਿਸਚਾ ਕਰੋ ਅਰ ਸੰਧਿਆਂ ਸਮੇਂ ਉਸ ਦਾ ਇਨਕਾਰ ਕਰ ਦੋ, ਸ਼ਾਇਦ ਭਲਾ ਇਸ ਕਾਰਨ ਓਹ(ਮੁਸਲਮਾਨ) ਭੀ ਬੇ ਮੁਖ ਹੋ ਜਾਣ ॥ ੭੨ ॥ ਅਰ ਜੋ ਤੁਹਾਡੇ ਦੀਨ ਦੀ ਪੈਰਵੀ ਕਰੇ ਓਸ ਦੇ ਸਿਵਾ ਦੂਸਰੇ ਦੀ ( ਬਾਰਤਾ ) ਦਾ ਨਿਸਚਾ ਨਾਂ ਕਰੋ, ਕਹੋ ਕਿ (ਯਥਾਰਥ ) ਸਿਖਜਾ ਤਾਂ ( ਵਹੀ ) ਅੱਲਾ ਦੀ ਸੁਸਿਖਜਾ ਹੈ, ਇਸ ਕਾਰਨ ਕਿ ਜੈਸਾ (ਉਤਮ ਧਰਮ)ਤੁਸਾਂ ਨੂੰ ਦਿਤਾ ਗਿਆ ਹੈ ਇਸ ਭਾਂਤ ਦਾ ਕਿਸੇ ਹੋਰ ਨੂੰ ਨਾ ਦਿਤਾ ਗਿਆ ਯਾ ਇਹ ਕਿ ਦੂਸਰੇ ਲੋਗ ਖ਼ੁਦਾ ਦੇ ਪਾਸ(ਚਲ ਕੇ) ਤੁਹਾਡੇ ਨਾਲ ਝਗੜਾ ਕਰਨ,(ਹੇ ਪੈਯੰਬਰ ਏਹਨਾਂ ਨੂੰ) ਕਹੋ ਕਿ ਵਡਪਣ ਤਾਂ ਅੱਲਾ ਦੇ ਹੀ ਹਥ ਵਿਚ ਹੈ ਜਿਸ ਨੂੰ ਚਾਹੇ ਪ੍ਰਦਾਨ

Digitized by Panjab Digital Library | www.panjabdigilib.org

ਕਰੇ ਅਰ ਅੱਲਾ ਬੜੀ ਵਿਸਤਾਰ ਵਾਲਾ ਜਾਨੀ ਜਾਨ ਹੈ॥ ੭੩ ॥ ਓਹ ਜਿਸ ਨੂੰ ਚਾਹੇ ਆਪਣੀ ਰਹਿਮਤ ਵਾਸਤੇ ਚੁਨ ਲਵੇ ਅਰ ਅੱਲਾ ਦਾ ਫ਼ਜ਼ਲ ਬੜਾ ਹੈ ॥ ੭੪ ॥ ਅਰ (ਰਬੀ) ਪੁਸਤਕਾਂ ਵਾਲਿਆਂ ਵਿਚੋਂ ਕਈ ਕੁ ਐਸੇ ਹਨ ਕਿ ਯਦੀ ਉਨਹਾਂ ਦੇ ਪਾਸ ਨਕਦ ਮਾਲ ਦਾ ਢੇਰ (ਭੀ) ਅਮਾਨਤ ਰਖਾ ਦਿਓ (ਜਦੋਂ ਮੰਗੋ) ਤੁਹਾਡੇ ਅਗੇ ਲਿਆ ਧਰਨ ਅਰ ਉਨਹਾਂ ਵਿਚੋਂ ਕਈ ਕ ਐਸੇ (ਭੀ) ਹਨ ਇਕ ਦੀਨਾਰ (ਭੀ) ਓਹਨਾਂ ਦੇ ਪਾਸ ਅਮਾਨਤ ਰਖ ਦਿਓ ਤੇ ਉਹ ਤੁਹਾਨੂੰ ਬਿਨਾਂ ਏਸ ਬਾਰਤਾ ਦੇ ਵਾਪਸ ਨਾ ਦੇਣਗੇ ਕਿ ਹਰ ਵੇਲੇ ਉਹਨਾਂ ਦੇ ਸਿਰ ਪਰ ਖੜੇ ਰਹੋ ਏਹ ਇਸ ਕਰਕੇ ਹੈ ਕਿ ਉਹ ਕੈਂਹਦੇ ਨੇ ਕਿ ( ਅਰਬ ਦੇ ) ਮੂਰਖਾਂ (ਦਾ ਹੱਕ ਮਾਰ ਲੈਣ ) ਵਿਚ ਸਾਡੇ ਪਾਸੋਂ ਕੋਈ ਪੁਛ ਗਿਛ ਨਹੀਂ ਹੋਵੇਗੀ ਅਰ (ਉਹ) ਜਾਣ ਬੁਝ ਕੇ ਅੱਲਾ ਉਪਰ ਝੂਠ ਬੋਲਦੇ ਹਨ ॥ ੭੫ ॥ ਇਹਨਾਂ ਕੋਲੋਂ ਪੁਛ ਗਿਛ ਹੋ ਅਰ ਹੋ ( ਕਾਹੇ ਤੇ ) ਜੋ ਪੁਰਖ ਆਪਣੀ ਪ੍ਰਤਗਿਆ ਪੂਰੀ ਕਰੇ ਅਰ ਬਚਦਾ ਰਹੇ ਤਾਂ ਅੱਲਾ ਬਚਨ ਵਾਲਿਆਂ (ਅਰਥਾਤ ਸੰਜਮੀ ਪੁਰਖਾਂ) ਨੂੰ ਮਿਤ੍ਰ ਰਖਦਾ ਹੈ ॥ ੭੬ ॥ ਜੋ ਲੋਗ (ਆਪਣੀ) ਪ੍ਰਤਗਿਯਾ ਦੇ ਕਾਰਨ ਜੋ ਖ਼ੁਦਾ (ਨਾਲ ਕੀਤੀ ਸੀ) ਅਰ ਆਪਣੀਆਂ ਸਪਥਾਂ ਦੀ ਪ੍ਰਤੀ ਨਿਧਿ ਵਿਚ ਤੁਛ ਰੂਪ (ਸਾਂਸਾਰਿਕ) ਪ੍ਰਤਿਨਿਧਿ ਲੈਂਦੇ ਹਨ (ਅਰ ਪਾਣੀ ਗ੍ਰਹਿਣ ਤਥਾ ਸੌਗੰਧਾਂ ਦਾ ਪਾਸ ਨਹੀਂ ਕਰਦੇ ) ਇਹੋ ਲੋਗ ਹਨ ਜਿਨਹਾਂ ਨੂੰ ਆਖਰ ਵਿਚ ਕੁਛ ਭੀ ਹਿਸਾ ਨਹੀਂ ਅਰ ਅੰਤ ਸਮੇਂ ਖ਼ੁਦਾ ਏਹਨਾਂ ਨਾਲ ਤਾਂ ਬਾਤ ਬੀ ਨਹੀਂ ਕਰੇਗਾ ਅਰ ਨਾ ਹੀ ਏਹਨਾਂ ਵਲ (ਨਜਰ ਭਰ ਕੇ) ਹੀ ਦੇਖੇ ਗਾ ਅਰ ਨਾ ਹੀ(ਦੋਖਾਂ ਦੀ ਮੈਲ ਥੀਂ)ਇਹਨਾਂ ਨੂੰ ਪਵਿਤ੍ਰ ਕਰੇਗਾ ਅਰ ਏਹਨਾਂ ਵਾਸਤੇ ਭਿਆਨਕ ਕਸ਼ਟ ਹੈ ॥ ੭੭ ॥ ਅਰ ਏਹਨਾਂ ਹੀ ( ਕਿਤਾਬਾਂ ਵਾਲਿਆਂ ) ਵਿਚੋਂ ਇਕ ਯੂਥ ਹੈ ਜੋ ਕਿਤਾਬ ਵਾਚਣ ਵੇਲੇ ਆਪਣੀ ਜਬਾਨ ਨੂੰ ਮਰੋੜ ( ਤਰੋੜ ਕੇ ਕੁਛ ਦਾ ਕੁਛ ਪੜ੍ਹ ਦੇਂਦੇ ਹਨ ) ਤਾ ਕਿ ਤੁਸੀਂ ਸਮਝੋ ਕਿ ( ਜੋ ਕੁਛ ਪੜ੍ਹ ਰਹੇ ਹਨ ) ਓਹ ਕਿਤਾਬ ਦਾ ਹੀ ਵਿਭਾਗ ਹੈ ਹਾਲਾਂ ਕਿ ਉਹ ( ਅੱਲਾ ਦੀ ) ਕਿਤਾਬ ਦਾ ਵਿਭਾਗ ਨਹੀਂ ਅਰ ਕਹਿੰਦੇ ਹਨ ਏਹ ( ਜੋ ਅਸੀਂ ਵਾਚ ਰਹੇ ਹਾਂ ) ਅੱਲਾ ਪਾਸੋਂ ( ਉਤਰਿਆ ) ਹੈ ਹਾਲਾਂ ਕਿ ਓਹ ਅੱਲਾ ਪਾਸੋਂ ਨਹੀਂ ( ਉਤਰਿਆ ) ਅਰ ਜਾਣ ਬੁਝ ਕੇ ਅੱਲਾ ਉਪਰ ਝੂਠ ਬੋਲਦੇ ਹਨ ॥ ੭੮ ॥ ਕਿਸੇ ਆਦਮੀ ਨੂੰ ਤਾਂ (ਇਹ ਬਾਤ) ਪ੍ਰਮਾਣੀਕ ਨਹੀਂ ਕਿ ਖ਼ੁਦਾ ਓਸ ਨੂੰ ( ਆਪਣੀ ) ਕਿਤਾਬ ਅਰ ਬੁਧੀ ਅਰ ਪੈਗੰਬਰੀ ਪ੍ਰਦਾਨ ਕਰੇ ਅਰ ਉਹ ਲੋਗਾਂ ਨੂੰ ਲਗੇ ਕਹਿਣ ਕਿ ਖ਼ੁਦਾ ਨੂੰ ਤਿਆਗ ਕਰਕੇ ਮੇਰੇ ਦਾਸ ਬਣੋ ਪ੍ਰਤਯੁਤ ( ਉਹ ਤਾਂ ਏਹੋ ਕਹੇ ਗਾ ਕਿ ) ਤੁਸੀਂ ਖ਼ੁਦਾ ਪ੍ਰਸਤ ਹੋ ਕੇ ਰਹੋ ਏਸ ਵਾਸਤੇ ਕਿ ਤੁਸੀਂ ਲੋਗ (ਦੂਸ-

Digitized by Panjab Digital Library | www.panjabdigilib.org

ਰਿਆਂ ) ਲੋਗਾਂ ਨੂੰ (ਰੱਬੀ) ਕਿਤਾਬ ਪੜ੍ਹਾਉਂਦੇ ਰਹੇ ਹੋ ਅਰ ਏਸ ਵਾਸਤੇ ਕਿ ਤੁਸੀਂ ( ਆਪ ਭੀ ) ਪੜਦੇ ਰਹੇ ਹੋ ॥ ੭੯ ॥ ਅਰ ਉਹ ਤੁਹਾਨੂੰ ( ਕਦਾਚਿਤ ) ਨਹੀਂ ਕਹੇਗਾ ਕਿ ਫਰਿਸ਼ਤਿਆਂ ਅਰ ਪੈਯੰਬਰਾਂ ਨੂੰ ਖ਼ੁਦਾ ਮੰਨੋ ਭਲਾ ( ਕਦੇ ਏਸ ਤਰਹਾਂ ਹੋ ਸਕਦਾ ਹੈ ) ਕਿ ਤੁਸੀਂ ਤਾਂ ਇਸਲਾਮ ਧਾਰ ਚੁਕੇ ਹੋਵੋ ਅਰ ਉਹ ਤੁਹਾਨੂੰ ਇਸ ਥੀਂ ਪਿਛੇ ਕੁਫਰ ਧਾਰਨ ਵਾਸਤੇ ਕਹੇ ॥ ੮੦ ॥ ਰੁਕੂਹ ੮ ॥

ਅਰ ਜਦੋਂ ਅੱਲਾ ਨੇ (ਸਭ) ਪੈਯੰਬਰਾਂ ਥੀਂ ਪ੍ਰਣ ਲੀਤਾ ਕਿ ਅਸੀਂ ਜੋ ਕੁਛ ਤੁਹਾਨੂੰ ( ਆਪਣੀ ) ਪੁਸਤਕ ਅਰ ਗਿਆਨ ਪ੍ਰਦਾਨ ਕੀਤਾ ( ਅਰ ) (ਫੇਰ)ਕੋਈ ਪੈਯੰਬਰ ਤੁਹਾਡੇ ਪਾਸ ਆਏ (ਅਰ) ਜੋ ਤੁਹਾਡੀ ਹੀ (ਕਿਤਾਬਾਂ) ਦੀ ਤਸਦੀਕ (ਭੀ) ਕਰੇ ਤਾਂ ਦੇਖੋ ਜਰੂਰ ਓਸ ਉਤੇ ਈਮਾਨ ਲੈ ਆਉਣਾ ਅਰ ਜਰੂਰ ਓਸ ਦੀ ਮਦਦ ਕਰਨੀ ( ਅਰ ) ਫੁਰਮਾਇਆ ਕਿ ਕਿਆ ਤੁਸਾਂ ਨੇ ਪ੍ਰਤਿਗਜ਼ਾ ਕੀਤੀ ਅਰ ਏਹਨਾਂ ਬਾਰਤਾਂ ਉੱਪਰ ਜੋ ਅਸਾਂ ਨੇ ਤੁਸਾਂ ਤੋਂ ਪ੍ਰਣ ਲੀਤਾ ਓਸ ਨੂੰ ਮੰਨਿਆਂ ? ਬੇਨਤੀ ਕੀਤੀ ਕਿ ( ਹਾਂ ) ਅਸੀਂ ਇਕਰਾਰ ਕਰਦੇ ਹਾਂ (ਖ਼ੁਦਾ ਨੇ) ਫਰਮਾਇਆ ਅਛਾ ਤਾਂ (ਅਜ ਵਾਲੀ ਪ੍ਰਤਿਗਜ਼ਾ ਦੇ) ਗਵਾਹ ਰਹੋ ਅਰ ਮੈਂ ਭੀ ਤੁਹਾਡੇ ਨਾਲ ਸਾਖੀ ( ਗਵਾਹ ) ਹਾਂ ॥ ੮੧ ॥ ਤਾਂ ਇਸ ਪਿਛੋਂ ਜੋ ਕੋਈ ਪ੍ਰਤਿਗਜ਼ਾ ਥੀਂ ਬੇ ਮੁਖ ਹੋਵੇ ਤਾਂ ਵਹੀ ਪੁਰਖ ਨਾ ਫਰਮਾਨ ਹਨ ॥੮੨॥ ਕੀ ਇਹ ਲੋਗ ਅੱਲਾ ਦੇ ਦੀਨ ਥੀਂ ਸਿਵਾ (ਕਿਸੇ ਹੋਰ ਦੀਨ) ਦੀ ਤਲਾਸ਼ ਵਿਚ ਹਨ ਹਾਲਾਂ ਕਿ ਜੋ ਆਸਮਾਨ ( ਵਿਚ ) ਤਥਾ ਧਰਤੀ ਉਪਰ ਹਨ ਚਾਰ ਨਾਚਾਰ ਓਸੇ ਦੇ ਆਗਿਆ ਕਾਰੀ ਹਨ ਅਰ ਓਸੇ ਦੇ ਹੀ ਪਾਸੇ ਸਾਰਿਆਂ ਲੋਟ ਕੇ ਜਾਣਾ ਹੈ ॥ ੮੩ ॥ ਕਹੋ ਕਿ ਅਸੀਂ ਅੱਲਾ ਉਪਰ ਈਮਾਨ ਧਾਰ ਬੈਠੇ ਅਰ ਜੋ ਕਿਤਾਬ ਸਾਡੇ ਉਪਰ ਉਤਰੀ ਹੈ ਓਸ ਉਤੇ ਅਰ ਜੋ ਪੁਸਤਕਾਂ ਇਬਰਾਹੀਮ ਅਰ ਇਸਮਾਈਲ ਅਰ ਇਸਹਾਕ ਅਰ ਯਾਕੂਬ ਅਰ ਬੰਸ ਯਾਕੂਬ ਉਤੇ ਉਤਰੀਆਂ, ਓਹਨਾਂ ਉਤੇ ਅਰ ਮੂਸਾ ਅਰ ਈਸਾ ਅਰ (ਦੂਸਰਿਆਂ)ਪੈਯੰਬਰਾਂ ਨੂੰ ਕਿ ਜੋ ਪੁਸਤਕਾਂ ਓਹਨਾਂ ਦੇ ਪਰਵਰਦਿਗਾਰ ਦੀ ਤਰਫੋਂ ਪ੍ਰਦਾਨ ਹੋਈਆਂ ਓਹਨਾਂ ਉਤੇ (ਭੀ) ਅਸੀਂ ਤਾਂ ਓਹਨਾਂ (ਪੈਯੰਬਰਾਂ) ਵਿਚੋਂ ਕਿਸੇ ਇਕ ਵਿਚ (ਭੀ) ਫਰਕ ਨਹੀਂ ਕਰਦੇ ਅਰ ਅਸੀਂ ਓਸ (ਇਕ ਖ਼ੁਦਾ) ਨੂੰ ਹੀ ਮੰਨਦੇ ਹਾਂ ॥੮੪॥ ਅਰ ਜੋ ਆਦਮੀ ਇਸਲਾਮ ਥੀਂ ਸਿਵਾ ਕਿਸੇ ਹੋਰ ਦੀਨ ਦੀ ਢੂੰਡ ਵਿਚ ਹੋਵੇ ਤਾਂ ਖ਼ੁਦਾ ਦੇ ਸਮੀਪ ਓਸ ਦਾ ਉਹ ਦੀਨ ਕਬੂਲ ਨਹੀਂ ਅਰ ਓਹ ਅੰਤਿਮ (ਦਨ) ਵਿਖੇ ਨੁਕਸਾਨ ਵਾਲਿਆਂ ਵਿਚੋਂ ਹੋਵੇਗਾ ॥ ੮੫ ॥ ਖ਼ੁਦਾ ਐਸਿਆਂ ਲੋਗਾਂ ਨੂੰ ਕਿਉਂ ਹਿਦਾਇਤ ਦੇਣ ਲਗਾ ਜੋ ਈਮਾਨ ਲੈ ਆਇਆਂ ਪਿਛੋਂ ਲਗੇ ਕੁਫਰ ਕਰਨ ਅਰ ਓਹ ਪਰਤਿਗਜ਼ਾ ਕਰ ਚੁਕੇ ਸਨ ਕਿ ( ਅੰਤ ਸਮੇਂ ਦੇ ਪੈਯੰਬਰ ਦਾ ਆਉਣਾ ) ਸਤ ਹੈ ਅਰ ਓਹਨਾਂ ਦੇ ਪਾਸ ( ਓਸ ਦੇ ) ਖੁਲਮਖੁਲੇ

Digitized by Panjab Digital Library | www.panjabdigilib.org

ਸਬੂਤ ਭੀ ਆ ਚੁਕੇ ਹਨ ਅਰ ਅੱਲਾ (ਐਸਿਆਂ) ਹਠ ਧਰਮੀ ਲੋਗਾਂ ਨੂੰ ਹਿਦਾਇਤ ਨਹੀਂ ਦਿਤਾ ਕਰਦਾ ॥ ੮੬ ॥ ਏਹਨਾਂ ਦੀ ਸਜਾ ਏਹ ਹੈ ਕਿ ਏਹਨਾਂ ਉਤੇ ਖੁਦਾ ਦੀ ਅਰ ਫਰਿਸ਼ਤਿਆਂ ਦੀ ਅਰ (ਸੰਸਾਰ ਦੇ) ਸੰਪੂਰਨ ਲੋਗਾਂ ਦੀ ਫਿਟਕਾਰ ਹੈ ॥ ੮੭ ॥ ਕਿ ਉਸੇ (ਫਿਟਕਾਰ) ਵਿਚ ਹੀ ਸਦਾ (੨) ਰਹਿਣਗੇ ਨਾ ਤਾਂ (ਅੰਤ ਵਿਚ) ਓਹਨਾਂ ਉਪਰੋਂ ਦੁਖ ਹੀ ਹਲਕਾ ਕੀਤਾ ਜਾਵੇਗਾ ਅਰ ਨਾ ਹੀ ਓਹਨਾਂ ਨੂੰ ਮੁਹਲਤ ਹੀ ਦਿਤੀ ਜਾਵੇਗੀ ॥ ੮੮ ॥ ਪਰੰਤੂ ਜਿਨਹਾਂ ਲੋਗਾਂ ਨੇ ਐਸੇ ਕੀਤਿਆਂ ਪਿਛੋਂ ਤੋਬਾ ਕੀਤੀ ਅਰ (ਆਪਣੀ ਦਸ਼ਾ ਦਾ) ਸੁਧਾਰ ਕਰ ਲੀਤਾ ਤਾਂ (ਨਿਰਸੰਦੇਹ) ਅੱਲਾ ਬਖ਼ਸ਼ਣੇ ਵਾਲਾ ਮੇਹਰਬਾਨ ਹੈ ॥ ੮੯ ॥ ਜੋ ਲੋਗ ਈਮਾਨ ਧਾਰਿਆਂ ਪਿਛੋਂ ਫਿਰ ਗਏ ਫੇਰ ਓਹਨਾਂ ਦਾ ਕੁਫਰ ਬੜਦਾ ਚਲਾ ਗਿਆ ਤਾਂ ਐਸਿਆਂ ਦੀ ਤੋਬਾ ਕਿਸੇ ਤਰਹਾਂ (ਭੀ) ਕਬੂਲ ਨਾ ਹੋਵੇਗੀ ਅਰ ਏਹੋ ਲੋਗ (ਹਨ ਜੋ ਪਰਲੇ ਦਰਜੇ ਦੇ) ਬੇ ਮੁਖ ਹਨ ॥ ੯੦ ॥ ਜੋ ਲੋਗ ਮਨਮੁਖ ਹੋਏ ਅਰ ਮਨਮੁਖਤਾਈ ਦੀ ਦਿਸ਼ਾ ਵਿਚ ਹੀ ਮਰ ਗਏ ਉਨਹਾਂ ਵਿਚੋਂ ਕਿਸੀ ਸੇ ਭੂਗੋਲ (ਰੂਪੀ ਕੁੰਭ) ਸੂਰਨ ਦਾ ਭਰਕੇ ਭੀ ਪ੍ਰਤਿਬਦਲ ਵਿਚ ਦਿਤਾ ਚਾਹੇ ਤਾਂ ਭੀ ਕਦਾਪਿ ਪ੍ਰਵਾਨ ਨਹੀਂ ਕੀਤਾ ਜਾਵੇਗਾ, ਇਹੋ ਲੋਗ ਹਨ ਜਿਨਹਾਂ ਨੂੰ (ਪ੍ਰਲੈ ਦੇ ਦਿਨ) ਮਹਾਂ ਕਸ਼ਟ ਹੋਵੇਗਾ ਅਰ (ਉਸ ਵੇਲੇ) ਏਹਨਾਂ ਦਾ ਸਹਾਇਕ ਕੋਈ ਭੀ ਨਹੀਂ ਹੋਵੇਗਾ ॥ ੯੧ ॥ ਰੁਕੂਹ ੯ ॥

*(ਲੋਗੋ)! ਜਿਤਨਾ ਚਿਰ (ਖੁਦਾ ਦੇ ਰਾਹ ਵਿਚ) ਉਹ ਵਸਤਾਂ ਨਾ ਖਰਚ ਕਰੋਗੇ ਜੋ ਤੁਹਾਨੂੰ ਪਿਆਰੀਆਂ ਹਨ (ਓਤਨਾਂ ਚਿਰ) ਭਲਾਈ ਨੂੰ ਕਦਾਪ ਨਹੀਂ ਪਹੁੰਚ ਸਕੋਗੇ ਅਰ ਕੋਈ ਭੀ ਵਸਤੂ ਖਰਚ ਕਰੋ ਅੱਲਾ ਓਸ ਨੂੰ ਜਾਂਣਦਾ ਹੈ ॥ ੯੨ ॥ ਜੋ ਵਸਤੂ ਯਾਕੂਬ ਨੇ ਆਪਣੇ ਉੱਤੇ ਹਰਾਮ ਕਰ ਲੀਤੀ ਸੀ, ਓਸਨੂੰ ਛੱਡਕੇ ਤੌਰਾਤ ਦੇ ਉਤਰਨ ਥੀਂ ਪਹਿਲਾਂ ਖਾਨ ਵਾਲੀਆਂ ਸਭ (ਜੋਗ) ਵਸਤਾਂ ਬਨੀ ਅਸਰਾਈਲ ਵਾਸਤੇ ਹਲਾਲ ਸਨ (ਹੇ ਪੈਯੰਬਰ ਏਹਨਾਂ ਯਹੂਦੀਆਂ ਨੂੰ) ਕਹੋ ਕਿ ਯਦੀ ਤੁਸੀਂ ਸੱਚੇ ਹੋ ਤਾਂ ਤੌਰਾਤ ਲੈ ਆਵੋ ਅਰ ਉਸ ਨੂੰ ਪੜ੍ਹੋ ॥ ੯੩ ॥ ਫੇਰ ਓਸ ਦੇ ਪਿਛੋਂ ਭੀ ਜੋ ਕੋਈ ਅੱਲਾ ਉੱਤੇ ਝੂਠ ਬੰਨ੍ਹੇ ਤਾਂ ਐਸੇ ਹੀ ਲੋਗ ਪਾਪੀ ਹਨ ॥ ੯੪ ॥ (ਤੁਸੀਂ) ਕਹੋ ਕਿ ਅੱਲਾ ਨੇ ਸੱਚ ਫਰਮਾਇਆ ਸੋ (ਤਾਂ ਤੁਸੀਂ) ਇਬਰਾਹੀਮ ਦੇ ਤਰੀਕੇ ਦੀ ਕੰਨੀ ਪਕੜੋ ਜੋ ਇਕ (ਖੁਦਾ) ਦਾ ਹੀ ਹੋ ਰਿਹਾ ਸੀ ਅਰ ਭੇਦ ਵਾਦੀਆਂ ਵਿਚੋਂ ਨਹੀਂ ਸੀ ॥ ੯੫ ॥ ਲੋਗਾਂ ਦੀ (ਭਜਨ ਬੰਦਗੀ) ਵਾਸਤੇ ਜੋ ਪਹਿਲਾ ਘਰ ਨਿਯਤ ਕੀਤਾ ਗਿਆ ਹੈ ਓਹ ਇਹੋ ਹੈ ਜੋ (ਸ਼ਹਿਰ) ਮੱਕੇ (ਵਿਚ) ਹੈ

*ਅਬ "ਲਨਤਨਾਲੂ" ਨਾਮੀ ਚੌਥਾ ਪਾਰਾ ਚਲਾ ॥

Digitized by Panjab Digital Library | www.panjabdigilib.org

ਬਰਕਤ ਵਾਲਾ ਅਰ ਸੰਸਾਰੀ ਲੋਗਾਂ ਵਾਸਤੇ ਸਿਖਜਾ ਦੇਣ ਦਾ ਕਾਰਣ (ਹੈ) ॥ ੯੬ ॥ ਏਸ ਵਿਚ ਬਹੁਤ ਸਾਰੀਆਂ ( ਵਡਿਆਈ ਦੀਆਂ ) ਖੁਲ ਮਖੁਲੀਆਂ ਨਿਸ਼ਾਨੀਆਂ ਹਨ ( ਓਹਨਾਂ ਵਿਚੋਂ ) ਇਬਰਾਹੀਮ ਦੇ ਖੜੇ ਹੋਣ ਦਾ ਅਸਥਾਨ ਅਰ ਜੋ ਏਸ ਘਰ ਵਿਚ ਆ ਵੜਿਆ ਸ਼ਾਂਤੀ ਨੂੰ ਪ੍ਰਾਪਤ ਹੋਗਿਆ ਅਰ ਲੋਗਾਂ ਉਪਰ ਫਰਜ ਹੈ ਕਿ ਖੁਦਾ ਦੇ ਵਾਸਤੇ "ਖਾਨੇ ਕਾਬੇ" ਦਾ ਹੱਜ ਕਰਨ ਜਿਸਨੂੰ ਓਥੋਂ ਤਕ ਪਹੁੰਚਣ ਦੀ ਸਾਮਰਥ ਹੈ ਅਰ ਜੋ ( ਸਾਮਰਥ ਰਖਕੇ ਭੀ ਨਿਆਮਤ ਦਾ ) ਧੰਨਵਾਦ ਨਾ ਕਰੇ ( ਹੱਜ ਨੂੰ ਨਾ ਜਾਵੇ ) ਤਾਂ ਅੱਲਾ ਦਨੀਆਂ ਥੀਂ ਬੇ ਪਰਵਾਹ ਹੈ ॥ ੯੭ ॥ ( ਹੇ ਪੈਗੰਬਰ ਇਹਨਾਂ ਲੋਗਾਂ ਨੂੰ) ਕਹੋ ਕਿ ਹੈ ਪੁਸਤਕ ਵਾਲੇ ਖੁਦਾ ਦੇ ਹੁਕਮ ਥੀਂ ਕਿਉਂ ਮੁਨਕਰ ਹੁੰਦੇ ਹੋ ਅਰ ਜੋ ਕੁਛ ਭੀ ਤੁਸੀਂ ਕਰ ਰਹੇ ਹੋ ਅੱਲਾ ਉਨਹਾਂ ਦਾ ਸਾਖੀ ਹੈ ॥ ੯੮ ॥ ਕਹੋ ਕਿ ਹੇ ਕਿਤਾਬਾਂ ਵਾਲਿਓ ਤੁਸੀਂ ਈਮਾਨ ਧਾਰਨ ਵਾਲਿਆਂ ਨੂੰ ਈਸ਼ਵਰ ਦੇ ਮਾਰਗ ਥੀਂ ਕਿਉਂ ਰੋਕਦੇ ਹੋ ਤੁਸੀਂ ਓਹਦੇ ਵਿਚ ਕੁਟਲਾਈਆਂ ਚਾਹੁੰਦੇ ਹੋ ਅਰ ਹਾਲਾਂ ਤੁਸੀਂ ਓਸ ਦੇ ਸਾਖੀ ਹੋ ਅਰ ਅੱਲਾ ਤੁਹਾਡੇ ਕੰਮਾਂ ਥੀਂ ਗ਼ਾਫ਼ਲ ਨਹੀਂ ॥ ੯੯ ॥ ਮੁਸਲਮਾਨੋ ! ਯਦੀ ਤੁਸੀਂ ਕਿਤਾਬਾਂ ਵਾਲਿਆਂ ਦੇ ਕਿਸੇ ਟੋਲੇ ਦਾ ਵੀ ਕਹਿਣਾਂ ਮੰਨੋਗੇ ਤਾਂ ਓਹ ਤੁਹਾਡੇ ਈਮਾਨ ਧਾਰ ਚੁਕਿਆਂ ਪਿਛੋਂ ਤੁਹਾਨੂੰ ਫੇਰ ਕਾਫਰ ਬਨਾ ਦੇਣਗੇ॥੧੦੦॥ਅਰ ਤੁਸੀਂ ਕਿਸ ਤਰਹਾਂ ਕੁਫਰ ਕਰਨ ਲਗੋਗੇ, ਹਾਲਾਂ ਕਿ ਅੱਲਾ ਦੀਆਂ ਆਇਤਾਂ ਤੁਹਾਨੂੰ ਪੜ ੨ ਕੇ ਸੁਣਾਈਆਂ ਜਾਂਦੀਆਂ ਹਨ ਅਰ ਉਸ ਦਾ ਰਸੂਲ ( ਮੁਹੰਮਦ ) ਤੁਹਾਡੇ ਵਿਚ ਵਿਦਮਾਨ ਹੈ ਜੋ ਆਦਮੀ ਅੱਲਾ ਨੂੰ ਪਕਿਆਈ ਨਾਲ ਪਕੜੀ ਰਖੇ ਤਾਂ ਓਹ ਸੂਧੇ ਮਾਰਗ ਪੜ ਗਿਆ ॥ ੧੦੧ ॥ ਰੁਕੂਹ ੧੦ ॥

ਮੁਸਲਮਾਨੋ ! ਅੱਲਾ ਪਾਸੋਂ ਡਰੋ ਜਿਸ ਤਰਹਾਂ ਦਾ ਓਸ ਪਾਸੋਂ ਡਰਨਾ ਚਾਹੀਦਾ ਹੈ ਅਰ ਇਸਲਾਮ ਉਪਰ ਹੀ ਮਰਨਾ ॥ ੧੦੨ ॥ ਅਰ ਸਾਰੇ ( ਮਿਲ ਕੇ ) ਪੁਖਤਾਈ ਨਾਲ ਅੱਲਾ ਦੀ ਰੱਸੀ ਨੂੰ ਪਕੜ ਲੋ ਅਰ ਇਕ ਦੂਸਰੇ ਨਾਲੋਂ ਅਲਗ ੨ ਨਹੀਂ ਹੋਣਾ ਅਰ ਅੱਲਾ ਦਾ ਉਹ ਅਹਿਸਾਨ ਜੋ ਤੁਹਾਡੇ ਉਤੇ ਕੀਤਾ ਯਾਦ ਕਰੋ ਜਦੋਂ ਤੁਸੀਂ ( ਇਕ ਦੂਸਰੇ ਦੇ ) ਵੈਰੀ ਸੇ ਫੇਰ ਅੱਲਾ ਨੇ ਤੁਹਾਡਿਆਂ ਦਿਲਾਂ ਵਿਚ ( ਭਗਤੀ ) ਪ੍ਰੇਮ ਪੈਦਾ ਕੀਤਾ ਅਰ ਤੁਸੀਂ ਉਸਦੀ ਕਿਰਪਾ ਨਾਲ ਭਿਰਾ ੨ ਬਨ ਗਏ ਅਰ ਤੁਸੀਂ ਅਗ ਦੇ ਟੋਇ ( ਅਰਥਾਤ ਨਰਕ ) ਦੇ ਕਿਨਾਰੇ ( ਤੇ ) ਸੀ ਫੇਰ ਉਸ ਨੇ ਤੁਹਾਨੂੰ ਓਸ ਪਾਸੋਂ ਬਚਾ ਲੀਤਾ ਏਸ ਤਰਹਾਂ ਅੱਲਾ ਆਪਣੇ ਹੁਕਮ ਤੁਹਾਨੂੰ ਸਪਸ਼ਟ ਕਰ ਕਰਕੇ ਵਰਨਣ ਕਰਦਾ ਹੈ ਤਾ ਕਿ ਤੁਸੀਂ ਸਰਲ ਮਾਰਗ ਉਪਰ ਆ

Digitized by Panjab Digital Library | www.panjabdigilib.org

ਜਾਓ ॥ ੧੦੩ ॥ ਅਰ ਤੁਹਾਡੇ ਵਿਚੋਂ ਇਕ ਐਸਾ ਜੱਥਾ ਭੀ ਹੋਣਾ ਚਾਹੀਦਾ ਹੈ ਜੋ (ਲੋਗਾਂ ਨੂੰ) ਸ਼ੁਭ ਕਾਰਜ ਦੇ ਪਾਸੇ ਸੱਦੇ ਅਰ ਸ਼ੁਭ ਕਰਮ ( ਕਰਨ ) ਨੂੰ ਕਹੇਂ ਅਰ ਅਸ਼ੁਭ ਕਰਮਾਂ ਦੇ ਕਰਨ ਥੀਂ ਹਟਕੇ ਐਸੇ ਲੋਗ ਆਪਣੀ ਮੁਰਾਦ ਨੂੰ ਪਹੁੰਚਣਗੇ ॥ ੧੦੪ ॥ ਅਰ ਓਹਨਾਂ ਜੈਸੇ ਨਾ ਬਣੋ ਜੋ ਸਾਫ ਹੁਕਮ ਪਾਨ ਥੀਂ ਪਿਛੋਂ ਵਿਛੜ ਗਏ ਅਰ ਲੱਗੇ ਆਪਸ ਵਿਚ ਇਖਤ੍ਲਾਫ ਕਰਨ ਅਰ ਇਹੋ ਹਨ ਜਿਨਹਾਂ ਨੂੰ ਅੰਤ ਵਿਚ ਅਸਹਿ ਕਸ਼ਟ ਹੋਵੇਗਾ ॥੧੦੫॥ ਜਿਸ ਦਿਨ (ਕਈ) ਮੁਖ ਸਫੈਦ ਹੋਣਗੇ ਅਰ (ਕਈਆਂ ਦੇ) ਕਾਲੇ ਤਾਂ ਜੋ ਲੋਗ ਕਾਲਿਆਂ ਮੂੰਹਾਂ ਵਾਲੇ ਹੋਣਗੇ (ਉਹਨਾਂ ਨੂੰ ਕਹਿਆ ਜਾਵੇਗਾ) ਕਿ ਤੁਸੀਂ ਈਮਾਨ ਧਾਰਕਰ ਕਾਫਰ ਹੋ ਗਏ ਸੀ (ਲੋ ਜੀ ਹੁਣ) ਆਪਨੇ ਕੁਫਰ ਦੀ ਸਜ਼ਾ ਵਿਚ ਅਸਹਿ ਕਸ਼ਟ ਦੇ (ਸਵਾਦ) ਪੜੇ ਚਖੋ ॥ ੧੦੬ ॥ ਅਰ ਜੋ ਲੋਗ ਸਫੈਦ ਮੁਖੜਿਆਂ ਵਾਲੇ ਹੋਣਗੇ (ਉਹ) ਅੱਲਾ ਦੀ ਰਹਿਮਤ (ਅਰ-ਥਾਤ ਸੂਰਗ) ਵਿਚ ਹੋਣਗੇ (ਅਰ) ਉਹ ਉਸੇ ਵਿਚ ਹੀ ਸਦੈਵ (੨) ਰਹਿਣ ਗੇ ॥ ੧੦੭ ॥ ਇਹ ਅੱਲਾ ਦੀਆਂ ਆਇਤਾਂ ਹਨ ਜੋ ਅਸੀਂ ਤੁਹਾਨੂੰ ਪੜ ੨ ਕੇ ਸੁਣਾਉਂਦੇ ਹਾਂ ਅਰ ਅੱਲਾ ਸੰਸਾਰੀ ਲੋਗਾਂ ਉਪਰ (ਕਿਸੇ ਤਰਹਾਂ ਦਾ) ਜੋਰ ਜ਼ੁਲਮ ਕਰਨਾ ਨਹੀਂ ਚਾਹੁੰਦਾ ॥ ੧੦੮ ॥

ਅਰ ਜੋ ਕੁਛ ਆਸਮਾਨਾਂ ਵਿਚ ਹੈ ਅਰ ਜੋ ਕੁਛ ਜ਼ਮੀਨ ਉਪਰ ਹੈ ਸਭ ਅੱਲਾ ਦਾ ਹੀ ਹੈ ਅਰ (ਸੰਪੂਰਣ) ਕਾਰਜਾਂ ਦੀ ਪਹੁੰਚ ਅੰਤ ਨੂੰ ਖੁਦਾ ਹੀ ਤਕ ਹੈ ॥ ੧੦੯ ॥ ਰੁਕੂਹ ੧੧ ॥

ਲੋਕਾਂ (ਦੀ ਸਿਖਿਆ) ਦੇ ਵਾਸਤੇ ਜਿਸ ਕਦਰ ਉਮਤਾ ਪੈਦਾ ਹੋਈਆਂ ਤੁਸੀਂ ਤਾਂ ਉਨ੍ਹਾਂ ਵਿਚੋਂ ਸਾਰਿਆਂ ਨਾਲੋਂ ਉਤਮ ਉਮਤ ਹੋ ਜੋ ਚੰਗੇ (ਕੰਮਾਂ ਦੇ ਕਰਨ ਨੂੰ) ਕਹਿੰਦੇ ਅਰ ਮੰਦੇ (ਕੰਮਾਂ) ਤੋਂ ਮਨਾਂ ਕਰਦੇ ਅਰ ਅੱਲਾ ਉਤੇ ਈਮਾਨ ਰਖਦੇ ਹੋ ਅਰ ਯਦੀ (ਏਸੇ ਤਰਹਾਂ) ਕਿਤਾਬਾਂ ਵਾਲੇ (ਭੀ) ਈਮਾਨ ਧਾਰ ਲੈਂਦੇ ਤਾਂ ਓਹਨਾਂ ਵਾਸਤੇ ਭਲੀ ਬਾਤ ਸੀ (ਪਰੰਤੂ) ਓਹਨਾਂ ਵਿਚੋਂ ਥੋੜੇ ਹੀ ਈਮਾਨ ਲੈ ਆਏ ਅਰ ਓਹਨਾਂ ਵਿਚੋਂ ਅਕਸਰ ਨਾ ਫਰਮਾਨ ਹਨ ॥ ੧੧੦ ॥ (ਤੁਹਾਨੂੰ ਥੋਹੜਾ ਜਿਹਾ) ਦੁਖ ਦੇਣ ਤੋਂ ਸਿਵਾ ਉਹ ਤੁਹਾਨੂੰ ਕਿਸੇ ਤਰਹਾਂ ਦਾ (ਵੱਡਾ) ਨੁਕਸਾਨ ਨਹੀਂ ਪਹੁੰਚਾ ਸਕਣਗੇ ਅਰ ਯਦੀ ਤੁਹਾਡੇ ਨਾਲ ਲੜਨਗੇ ਤਾਂ ਉਹਨਾਂ ਨੂੰ ਤੁਹਾਡੇ ਅਗੇ ਪਿਠ ਦਿਖਾਣੀ ਹੀ ਪੜੇਗੀ ਫੇਰ ਓਹਨਾਂ ਨੂੰ (ਕਿਤਿਓਂ) ਮਦਦ ਨਹੀਂ ਮਿਲੇਗੀ ॥ ੧੧੧ ॥ ਜਿਥੇ ਦੇਖੋ ਖੁਆਰੀ ਓਹਨਾਂ ਉਪਰ ਚੜੀ ਖੜੀ ਹੇ ਪਰੰਤੂ ਅੱਲਾ ਦੇ ਵਸੀਲੇ ਨਾਲ ਅਰ (ਹੋਰ) ਲੋਗਾਂ ਦੇ ਵਸੀਲੇ ਨਾਲ (ਕਿਤਿਓਂ ਓਹਨਾਂ ਨੂੰ ਪਨਾਹ ਮਿਲ ਗਈ ਤਾਂ ਓਹ ਅਲਗ ਬਾਤ ਹੈ) ਅਰ ਖੁਦਾ ਦੇ ਕਸ਼ਟ ਵਿਚ ਆਵੇੜਿਤ

Digitized by Panjab Digital Library | www.panjabdigilib.org

ਅਰ ਮੁਹਤਾਜੀ ਜੋ ਹੈ ਕਿ ਉਨਹਾਂ ਦੇ ਗਲ ਪਈ ਹੋਈ ਹੈ ਇਹ ਏਸ ਬਾਰਤਾ ਦੀ ਸਜਾ ਹੈ ਕਿ ਉਹ ਅੱਲਾ ਦੀਆਂ ਆਇਤਾਂ ਥੀਂ ਇਨਕਾਰ ਕਰਦੇ ਸਨ ਅਰ ਪੈਗੰਬਰਾਂ ਨੂੰ (ਭੀ) ਨਾਹੱਕ (ਨਾਰਵਾ) ਕਤਲ ਕੀਤਾ ਕਰਦੇ ਸਨ ਇਹ ਇਸ ਵਾਸਤੇ ਹੈ ਕਿ ਉਹਨਾਂ ਨੇ ਨਾਂ ਫਰਮਾਨੀਆਂ ਕੀਤੀਆਂ ਅਰ (ਈਸ਼੍ਵਰੀ) ਸੀਮਾ ਭੀ ਉਲੰਘ ਖਲੋਤੇ ਸਨ ॥ ੧੧੨ ॥ (ਸਭ) ਇਕੋ ਜੈਸੇ ਨਹੀਂ ਰਬੀ ਪੁਸਤਕਾਂ ਵਾਲਿਆਂ ਵਿਚੋਂ ਕੁਛ ਲੋਗ ਐਸੇ ਭੀ ਹਨ ਜੋ ਰਾਤੀਂ ਖੜੇ ਰਹਿਕੇ ਆਯਤਾਂ ਇਲਾਹੀ ਪੜਦੇ ਅਰ ਪ੍ਰਮਾਤਮਾਂ ਅਗੇ ਸਜਦਾ ਕਰਦੇ ਹਨ ॥ ੧੧੩ ॥ (ਅਰ) ਅੱਲਾ ਤਥਾ ਅੰਤਿਮ ਦਿਨ ਉਤੇ ਈਮਾਨ ਰਖਦੇ ਅਰ ਸ਼ੁਭ (ਕਰਮ ਕਰਨ) ਨੂੰ ਕਹਿੰਦੇ ਅਰ ਅਸ਼ੁਭ (ਕਰਮਾਂ) ਤੋਂ ਮਨਾਂ ਕਰਦੇ ਅਰ (ਆਪ ਭੀ) ਭਲਿਆਂ ਕਰਮਾਂ ਵਲ ਦੌੜਕੇ ਲਗਦੇ ਹਨ ਅਰ ਇਹੋ ਲੋਗ ਧਾਰਮਕ ਪੁਰਖਾਂ ਦੀ ਸ਼੍ਰੇਣੀ (ਵਿਚ)ਹਨ॥੧੧੪॥ਅਰ ਜੋ ਭਲਾਈ ਉਹ ਕਰਨਗੇ ਉਹ ਕਦਾਪਿ ਨਾਂ ਪਰਵਾਨ ਨਹੀਂ ਹੋਵੇਗੀ ਅਰ ਅੱਲਾ ਸੰਜਮ ਪੁਰਖਾ ਦੇ (ਹਾਲ) ਥੀਂ ਖੂਬ ਗਯਾਤ ਹੈ ॥ ੧੧੫ ॥ ਅਰ ਜੋ ਲੋਗ ਮੁਨਕਰ ਹਨ ਓਹਨਾਂ ਦੇ ਮਾਲ ਅਰ ਓਹਨਾਂ ਦੀ ਔਲਾਦ ਅੱਲਾ ਦੇ ਪਾਸ ਕਦਾਪਿ ਓਹਨਾਂ ਦੇ ਕੁਛ ਕੰਮ ਨਾਂ ਆਵੇਗੀ ਅਰ ਏਹੋ ਲੋਗ ਨਾਰਕੀ ਹਨ (ਅਰ) ਏਹ ਸਦੈਵ (੨) ਨਰਕਾਂ ਵਿਚ ਹੀ ਰਹਿਣਗੇ ॥ ੧੧੬ ॥ ਸੰਸਾਰਕ ਜੀਵਣ ਵਿਚ ਜੋ ਕੁਛ ਭੀ ਇਹ ਲੋਗ ਖਰਚ ਕਰਦੇ ਹਨ ਉਸ ਦਾ ਦ੍ਰਿਸ਼ਟਾਂਤ ਓਸ ਵਾਯੂ ਵਰਗਾ ਹੈ ਜਿਸ ਵਿਚ ਬਹੁਤ ਠਾਰ ਸੀ ਅਰ ਉਹ ਉਨਹਾਂ ਲੋਗਾਂ ਦੇ ਖੇਤ ਨੂੰ ਜਾ ਲਗੀ ਜਿਨਾਂ ਨੇ ਆਪਣੀਆਂ ਜਾਨਾਂ ਤੇ (ਆਪ)ਜ਼ੁਲਮ ਕਰ ਰਹੇ ਸਨ ਅਰ ਆਖਰ ਓਸ ਖੇਤ ਨੂੰ ਵੈਰਾਨ ਕਰ ਗਈ ਅਰ ਅੱਲਾ ਨੇ ਉਹਨਾਂ ਉਪਰ(ਕੁਝ)ਜ਼ੁਲਮ ਨਹੀਂ ਕੀਤਾ ਪ੍ਰਤਯੁਤ ਉਹ ਆਪਣੇ ਉਪਰ ਆਪ ਹੀ ਜ਼ੁਲਮ ਕਰ ਰਹੇ ਸਨ ॥ ੧੧੭ ॥ ਮੁਸਲਮਾਨੋ ਆਪਣੇ ਲੋਗਾਂ ਨੂੰ ਛਡਕੇ (ਵਿਰੋਧੀਆਂ ਵਿਚੋਂ) ਕਿਸੇ ਨੂੰ ਆਪਣਾ ਮਿਤ੍ਰ ਸਨੇਹੀ ਨਾ ਬਨਾਓ ਇਹ ਲੋਗ ਤੁਹਾਡੀ ਖਰਾਬੀ ਵਿਚ ਕੁਛ ਬਾਕੀ ਨਹੀਂ ਰਖਦੇ ਚਾਹੁੰਦੇ ਹਨ ਕਿ ਤੁਹਾਨੂੰ ਤਕਲੀਫ ਪਹੁੰਚੇ ਦੁਸ਼ਮਨੀ ਤਾਂ ਇਹਨਾਂ ਦੀਆਂ ਇਹਨਾਂ ਬਾਤਾਂ ਤੋਂ ਪ੍ਰਗਟ ਹੋ ਹੀ ਚੁਕੀ ਹੈ ਅਰ ਜੋ(ਗੁਸੇ ਗਿਲੇ) ਇਨਾਂ ਦੇ ਦਿਲਾਂ ਵਿਚ (ਭਰੇ ਛੁਪੇ) ਹਨ ਉਹ ਓਸ (ਨਾਲੋਂ ਭੀ) ਵਧਕੇ ਹਨ ਅਸਾਂ ਨੇ ਤੁਹਾਨੂੰ ਪਤੇ ਦੀਆਂ ਬਾਤਾਂ ਦਸ ਦਿਤੀਆਂ ਹਨ ਯਦੀ ਤੁਹਾਨੂੰ ਸੁਬੁਧਿ ਹੋ ॥ ੧੧੮ ॥ ਸਣੋ ਜੀ ! ਤੁਸੀਂ ਕੁਛ ਐਸੇ (ਸਿਧੇ ਸਾਦੇ ਸੁਭਾਉ ਦੇ) ਲੋਗ ਹੋ ਕਿ ਤੁਸੀਂ ਤਾਂ ਓਹਨਾਂ ਨਾਲ ਦੋਸਤੀ ਰਖਦੇ ਹੋ ਅਰ ਉਹ ਤੁਹਾਡੇ ਨਾਲ ਦੋਸਤੀ ਨਹੀਂ ਰਖਦੇ ਅਰ ਤੁਸੀਂ ਖੁਦਾ ਦੀਆਂ ਸਾਰੀਆਂ ਕਿਤਾਬਾਂ ਉਤੇ ਈਮਾਨ ਰਖਦੇ ਹੋ ਅਰ ਜਦੋਂ ਤੁਹਾਨੂੰ ਓਹ ਮਿਲਦੇ ਹਨ ਤਾਂ ਕਹਿੰਦੇ ਹਨ ਕਿ ਅਸੀਂ ਭੀ ਈਮਾਨ ਲੈ ਆਏ ਹਾਂ ਅਰ

Digitized by Panjab Digital Library | www.panjabdigilib.org

ਅਰ ਜਦੋਂ ਇਕਲੇ ਹੁੰਦੇ ਹਨ ਤਾਂ ਮਾਰੇ ਕ੍ਰੋਧ ਦੇ ਤੁਹਾਡੇ ਉਤੇ ਆਪਣੀਆਂ ਅੰਗਲੀਆਂ ਵੱਢ ੨ ਕੇ ਖਾਂਦੇ ਹਨ ਕਹੋ ਕਿ ਆਪਣੇ ਕ੍ਰੋਧ ਵਿਚ ( ਭੁਜ ) ਮਰੋ ਜੋ (ਤੁਹਾਡਿਆਂ) ਦਿਲਾਂ ਵਿਚ ਹੈ ਅੱਲਾ ਨੂੰ ਸਭ ਮਾਲੂਮ ਹੈ ॥ ੧੧੯ ॥ ਯਦੀ ਤੁਹਾਨੂੰ ਕੋਈ ਫਾਇਦਾ ਪਹੁੰਚੇ ਤਾਂ ਏਹਨਾਂ ਨੂੰ ਬੁਰਾ ਲਗਦਾ ਹੈ ਅਰ ਯਦੀ ਤੁਹਾਨੂੰ ਕੋਈ ਨੁਕਸਾਨ ਪਹੁੰਚੇ ਤਾਂ ਉਸ ਤੋਂ ਪ੍ਰਸੰਨ ਹੁੰਦੇ ਹਨ ਅਰ ਯਦੀ ਤੁਸੀਂ ਸਬਰ ਕਰੋ ਪ੍ਰਾਯਾ ਬਚੇ ਰਹੋ ਤਾਂ ( ਯਕੀਨ ਰਖੋ ਕਿ ) ਏਹਨਾਂ ਦੇ ਫਰੇਬ ਨਾਲ ਤੁਹਾਡਾ ਕੁਛ ਭੀ ਤਾਂ ਨਹੀਂ ਬਿਗੜੇਗਾ ਜੋ ਕੁਛ ਭੀ ਏਹ(ਲੋਗ)ਕਰ ਰਹੇ ਹਨ (ਸਭ) ਅੱਲਾ ਦੇ ਵਸ ਵਿਚ ਹੈ ॥ ੧੨੦ ॥ ਰੁਕੂਹ ੧੨ ॥

ਅਰ ਜਦੋਂ ਤੁਸੀ ਪ੍ਰਾਤਾਕਾਲ ਆਪਣੇ ਘਰੋਂ ਤੁਰੇ ( ਅਰ ) ਲਗੇ ਮੁਸਲਮਾਨਾਂ ਨੂੰ ਲੜਾਈ ਦੇ ਮੌਕਿਆ ਪਰ ਬੈਠਾਣ ਅਰ ਅੱਲਾ ਸੁਣਦਾ ਜਾਣਦਾ ਹੈ ॥ ੧੨੧ ॥ ਇਹ ਉਸ ਸਮੇਂ ਦਾ ਕਥਨ ਹੈ ਕਿ ਤੁਸਾਂ ਵਿਚੋਂ ਦੋ ਟੋਲਿਆਂ ਦੇ ਹਠ ਹਾਰ ਦੇਣਾ ਚਾਹਿਆ ਸੀ ਪਰੰਚ ( ਕਾਹੇ ਤੇ ) ਅੱਲਾ ਓਹਨਾਂ ਦੀ ਸਹਾਇਤਾ ਉਤੇ ਸੀ ਅਰ ਮੁਸਲਮਾਨਾਂ ਨੂੰ ਚਾਹੀਦਾ ਹੈ ਕਿ ਅੱਲਾ ਉੱਪਰ ਹੀ ਭਰੋਸਾ ਰਖਣ ॥ ੧੨੨ ॥ ਅਰ ਅਜੇ ਤਾਂ ਬਦਰ ਦੀ ਲੜਾਈ ਵਿਚ ਅੱਲਾ ਤੁਹਾਡੀ ਮਦਦ ਕਰ ਹੀ ਚੁਕਾ ਸੀ ਜਦੋਂ ( ਵੈਰੀਆਂ ਦੇ ਮੁਕਾਬਲੇ ਵਿਚ ) ਤੁਹਾਡਾ ਹਾਲ ਪਤਲਾ ਸੀ ਤਾਂ ਅੱਲਾ ਥੀਂ ਡਰੋ (ਤਾਂ) ਅਸੰਭਵ ਨਹੀਂ ਤੁਸੀਂ ( ਓਸ ਦੇ ਉਪਕਾਰ ਯਾਦ ਕਰਕੇ ) ਧੰਨਜਬਾਦ ਭੀ ਕਰੋ ॥ ੧੨੩ ॥ ( ਹੇ ਪੈਯੰਬਰ ) ਜਦੋਂ ਤੁਸੀਂ ਮੁਸਲਮਾਨਾਂ ਨੂੰ ਸਮਝਾ ਰਹੇ ਸੀ, ਕੀ ਤੁਹਾਨੂੰ ਏਤਨਾਂ ਕਾਫੀ ਨਹੀਂ ਕਿ ਤੁਹਾਡਾ ਪਰਵਰਦਿਗਾਰ ( ਅਸਮਾਨਾਂ ਵਿਚੋਂ ) ਤਿੰਨ ਹਜਾਰ ਫਰਿਸ਼ਤੇ ਭੇਜ ਕੇ ਤੁਹਾਡੀ ਮਦਦ ਕਰੇ ? ॥ ੧੨੪ ॥ ਬਲਕਿ ਜੇਕਰ ਤੁਸੀਂ ਸਾਬਤ ਕਦਮ ਰਹੋ ਅਰ ( ਖੁਦਾ ਅਰ ਰਸੂਲ ਦੀ ਨਾ ਫਰਮਾਨੀ ਥੀਂ ) ਬਚੋ ਅਰ ( ਦੁਸ਼ਮਨ ) ਹੁਣੇ ਹੀ ਤੁਹਾਡੇ ਉਤੇ ਚੜ ਆਉਣ ਤਾਂ ਤੁਹਾਡਾ ਪਰਵਰਦਿਗਾਦ ਪੰਜ ੫੦੦੦ ਹਜਾਰ ਫਰਿਸ਼ਤਿਆਂ ਨਾਲ ਤੁਹਾਡੀ ਮਦਦ ਕਰੇਗਾ, ਜੋ ਬੜੀ ਐਂਠ ਨਾਲ ਆ ਖੜੇ ਹੋਣਗੇ ॥ ੧੨੫ ॥

ਅਰ ਏਹ ਸਹਾਇਤਾ ਦੀ ਪ੍ਰਤਿਗਜਾ ਤਾਂ ਖੁਦਾ ਨੇ ਕੇਵਲ ਤੁਹਾਡੇ ਖੁਸ਼ੀ ਕਰਨ ਵਾਸਤੇ ਕੀਤੀ ਹੈ ਅਰ ( ਹੋਰ ) ਏਸ ਵਾਸਤੇ ( ਕੀਤੀ ਹੈ ) ਕਿ ਤੁਸਾਡਿਆਂ ਦਿਲਾਂ ਨੂੰ ਇਸ ਥੀਂ ਧੈਰਜ ਆਵੇ ਨਹੀਂ ਤਾਂ ( ਅਸਲ ) ਸਹਾ-ਇਤਾ ਤਾਂ ਈਸ਼੍ਵਰ ਦੀ ਤਰਫੋਂ ਹੈ (ਜੋ) ਅਤੀ ਬਲੀ (ਅਰ) ਯੁਕਤੀ ਵਾਲਾ ਹੈ ॥ ੧੨੬ ॥ ( ਇਹ ) ਏਸ ਵਾਸਤੇ ਕਿ ਕਾਫਰਾਂ ਨੂੰ ਕੁਝ ਨਯੂਨ ਕਰੇ ਜਾਂ ਐਸਾ ਜ਼ਲੀਲ ਕਰੇ ਕਿ (ਛਿਥੇ ਹੋ ਕੇ) ਸੱਖਮਸੱਖਣੇ ਵਾਪਸ ਚਲੇ ਜਾਣ ॥ ੧੨੭ ॥ ( ਹੇ ਪੈਯੰਦਰ ) ਤੁਹਾਡਾ ਤਾਂ ਕੁਛ ਭੀ ਇਖਤਿਆਰ ਨਹੀਂ ਚਾਹੈ ਖ਼ੁਦਾ

Digitized by Panjab Digital Library | www.panjabdigilib.org

ਉਨਹਾਂ ਉੱਤੇ ਰਹਿਮ ਕਰੇ ਅਥਵਾ ਉਨਹਾਂ ਦੀਆਂ ਵਧੀਕੀਆਂ ਉਤੇ ਓਹਨਾਂ ਨੂੰ ਸਜ਼ਾ ਦੇਵੇ ॥ ੧੨੮ ॥ ਅਰ ਜੋ ਕੁਛ ਆਸਮਾਨਾਂ ਵਿਚ ਹੈ ਅਥਵਾ ਜੋ ਕੁਛ ਜਮੀਨ ਉੱਪਰ ਹੈ ਸਭ ਅੱਲਾ ਦਾ ਹੀ ਹੈ। ਜਿਸ ਨੂੰ ਚਾਹੇ ਮਾਫ਼ ਕਰੇ ਅਰ ਜਿਸ ਨੂੰ ਚਾਹੇ ਕਸ਼ਟ ਦੇਵੇ ਅਰ ਅੱਲਾ ਬਖਸ਼ਣੇ ਵਾਲਾ ਮਿਹਰਬਾਨ ਹੈ ॥ ੧੨੯ ॥ ਰੁਕੂਹ ੧੩ ॥

ਮੁਸਲਮਾਨੋ ! ਦੂਨੇ ਉੱਤੇ ਦੂਨਾਂ ਸੂਦ ਨਾ ਖਾਓ ਅਰ ਅੱਲਾ ਪਾਸੋਂ ਡਰੋ ਅਸਚਰਜ ਨਹੀਂ ( ਕਿ ਅੰਤ ਨੂੰ ) ਤੁਸੀਂ ਮੁਰਾਦ ਪਾ ਜਾਓ ॥ ੧੩੦ ॥ ਅਰ (ਨਾਰਕੀ) ਅਗ ਪਾਸੋਂ ਡਰਦੇ ਰਹੋ ਜੋ ਕਾਫਰਾਂ ਵਾਸਤੇ ਤਿਆਰ ਬਰ ਤਿਆਰ ਹੈ ॥ ੧੩੧ ॥ ਅਰ ਅੱਲਾ ਤਥਾ ਰਸੂਲ ਦਾ ਹੁਕਮ ਮੰਨੋਂ ਅਸਚਰਜ ਨਹੀਂ ਕਿ ਤੁਹਾਡੇ ਉੱਪਰ ਰਹਿਮ ਕੀਤਾ ਜਾਵੇ ॥ ੧੩੨ ॥ ਅਰ ਆਪਣੇ ਪਰਵਰਦਿਗਾਰ ਦੀ ਬਖਸ਼ਸ਼ ਅਰ ਜਨਤ ਦੇ ਪਾਸੇ ਦੌੜੋ ਜਿਸ ਦਾ ਪਸਾਰਾ ਸਾਰੇ ਅਸਮਾਨ ਅਰ ਧਰਤੀ ਦੇ ਬਰਾਬਰ ਹੈ ਜੋ ਓਹਨਾਂ ਪਰਹੇਜ਼ਗਾਰਾਂ ਵਾਸਤੇ ਤਿਆਰ ਕੀਤਾ ਗਿਆ ਹੈ ॥ ੧੩੩ ॥ ਜੋ ਖੁਸ਼ਹਾਲੀ ਤਥਾ ਤੰਗਦਸਤੀ ਵਿਚ ਖਰਚ ਕਰਦੇ ਅਰ ਕ੍ਰੋਧ ਨੂੰ ਮਾਰਦੇ ਅਰ ਲੋਗਾਂ ( ਦੇ ਕਸੂਰਾਂ ) ਥੀਂ ਦਰ-ਗੁਜਰ ਕਰਦੇ ਹਨ ਅਰ ਨੇਕੀ ਕਰਨ ਵਾਲਿਆਂ ਨੂੰ ਅੱਲਾ ਦੋਸਤ ਰਖਦਾ ਹੈ ॥ ੧੩੪ ॥ ਅਰ ਉਹ ਲੋਗ ਜੋ ਖੁਲਾ ਪਾਪ ਕਰ ਬੈਠਨ ਅਥਵਾ ਆਪਣੇ ਹੱਕ ਵਿਚ ਜ਼ੁਲਮ ਕਰਨ ਤਾਂ ਖ਼ੁਦਾ ਨੂੰ ਯਾਦ ਕਰ ਕੇ ਆਪਣਿਆਂ ਗੁਨਾਹਾਂ ਦੀ ਮਾਫੀ ਮੰਗਣ ਲਗ ਪੈਂਦੇ ਹਨ ਅਰ ਖੁਦਾ ਦੇ ਸਿਵਾ ਗੁਨਾਹਾਂ ਕੌਣ ਬਖਸ਼ ਸਕਦਾ ਹੈ॥੩੫॥ਅਰ ਜੋ ਕੁਛ ਕੀਤਾ(ਫਿਰ) ਜਾਣ ਬੁਝ ਕੇ ਓਸ ਉਤੇ ਹਠ ਨਹੀਂ ਕਰਦੇ ਏਹੋ ਲੋਗ ਹਨ ਜਿਨਹਾਂ ਦਾ ਬਦਲਾ ਉਨਹਾਂ ਦੇ ਪਰਵਰਦਿਗਾਰ ਦੇ ਵਲੋਂ ਬਖਸ਼ਸ਼ ਹੈ ਅਰ ( ਬਖਸ਼ਸ਼ ਤੋਂ ਸਿਵਾ ਸ੍ਵਰਗਾਂ ਦੇ ) ਬਾਗ ਜਿਨਹਾਂ ਦੇ ਹੇਠਾਂ ਨਦੀਆਂ ( ਪੜੀਆਂ ) ਵਗ ਰਹੀਆਂ ਹੋਣਗੀਆਂ ( ਕਿ ਉਹ ) ਉਨਹਾਂ ਵਿਚ ਨਿਤਰਾਂ ( ਨਿਤਰਾਂ ) ਰਹਿਣਗੇ ਅਰ ( ਭਲੇ ) ਕਰਮ ਕਰਨ ਵਾਲਿਆਂ ਦੇ ਭੀ ( ਕੈਸੇ ) ਭਲੇ ਅਜਰ ਹਨ ॥ ੧੩੬ ॥ ਤੁਹਾਡੇ ਨਾਲੋਂ ਪਹਿਲਾਂ ਭੀ ( ਕਈ ) ਪ੍ਰਸੰਗ ਹੋ ਚੁਕੇ ਹਨ ਤਾਂ ਦੇਸ ਵਿਚ ਤੁਰੋ ਫਿਰੋ ਅਰ ਦੇਖੋ ਕਿ ਜਿਨਹਾਂ ਲੋਗਾਂ ਨੇ ( ਆਪਣੇ ਸਮੇਂ ਦੇ ਪੈਯੰਬਰਾਂ ਨੂੰ ) ਝੁਠਲਾਇਆ ਉਨਹਾਂ ਦਾ ਕੈਸਾ ( ਵਿਪ-ਰੀਤ ) ਫਲ ਨਿਕਸਿਆ ॥ ੧੩੭ ॥ ਏਹ ਲੋਗਾਂ ਵਾਸਤੇ ਉਪਦੇਸ਼ ਅਰ ਪਰਹੇਜ਼ਗਾਰਾਂ ਤਥਾ ਸੰਜਮੀ ਪੁਰਖਾਂ ਵਾਸਤੇ ਸਿਖਿਆ ਤਥਾ ਨਸੀਹਤ ॥੧੩੮॥ ਅਰ ਹਠ ਨਾ ਹਾਰੋ ਅਰ ਚਿੰਤਾਤੁਰ ਨਾ ਹੋਵੋ, ਅਰ ਯਦੀ ਤੁਸੀਂ ਸਚੇ ਮੁਸਲਮਾਨ ਹੋ ਤਾਂ (ਅੰਤ ਨੂੰ) ਤੁਹਾਡਾ ਹੀ ਬੋਲ ਬਾਲਾ ਹੈ ॥ ੧੩੯ ॥ ਯਦਯਪਿ ਤੁਹਾਨੂੰ ( ਏਸ ਲੜਾਈ ਵਿਚ ਪ੍ਰਾਸਤ ਹੋਣ ਦੀ ) ਘਸੀਟ ਲੱਗੀ ਹੈ ( ਤਥਾਪਿ

Digitized by Panjab Digital Library | www.panjabdigilib.org

ਛੋਟਾ ਦਿਲ ਨਾ ਕਰੋ ਕਾਹੇ ਤੇ ਬਦਰ ਦੀ ਲੜਾਈ ਵਿਚ ) ਪ੍ਰਤੀ ਪਖਸ਼ੀਆਂ ਨੂੰ ਭੀ ਏਸੇ ਤਰਹਾਂ ਦੀ ਘਸੀਟ ਲਗ ਚੁਕੀ ਹੈ ਅਰ ਇਹ ਦਿਨਾਂਦੇ ਫੇਰਹਨਜਿਨਹਾ ਨੂੰ ਅਸੀਂ ਆਦਮੀਆਂ ਦੇ ਦਰਮਿਆਨ ਫੇਰਦੇ ਰਹਿੰਦੇ ਤਾਂ ਇਸ ਵਾਸਤੇ ਕਿ ਖ਼ੁਦਾ ਨੂੰ ਮੁਸਲਮਾਨਾਂ ਦੀ ਪ੍ਰੀਖਜਾ ਅਭਿਸ੍ਰ ਸੀ ਅਰ ਤੁਹਾਡੇ ਵਿਚੋਂ ਕਈਆਂ ਨੂੰ ਸ਼ਹਾਦਤ ਦੇ ਦਰਜੇ ਦੇਨੇ ਸਨ ਨਹੀਂ ਤਾਂ ਖੁਦਾ ਜਾਲਮਾਂ ਦਾ ਮਿੱਤਰ ਨਹੀਂ ॥ ੧੪੦ ॥ ਅਰ ਹੋਰ ਇਹ ਅਭਿਸ੍ਰ ਸੀ ਕਿ ਅੱਲਾ ਮੁਸਲਮਾਨਾ ਨੂੰ ( ਭ੍ਰਮ ਦੀ ਮੈਲ ਕੁਚੈਲ ਤੋਂ) ਸ਼ੁਧ ਕਰ ਦੇਵੇ ਅਰ ਕਾਫਰਾਂ ਦਾ ਜੋਰ ਤੋੜ ਦੇਵੇ ॥ ੧੪੧ ॥ ਕੀ ਤੁਸੀਂ ਏਸ ਖਿਆਲ ਵਿਚ ਹੋ ਕਿ ਸੁਰਗਾਂ ਵਿਚ ਜਾ ਦਾਖਲ ਹੋਵੋ ਗੇ ਹਾਲਾਂ ਕਿ ਅਜੇ ਤਕ ਅੱਲਾ ਨੇ ਨਾਂ ਤਾਂ ਉਨਹਾਂ ਲੋਗਾਂ ਨੂੰ ਜਾਚਿਆ ਜੋ ਤੁਹਾਡੇ ਵਿਚੋਂ ਯੁਧ ਕਰਨ ਵਾਲੇ ਹਨ ਅਰ ਨਾਂ ਉਨਹਾਂ ਲੋਗਾਂ ਨੂੰ ਜਾਚਿਆ ਜੋ(ਲੜਾਈਵਿਚ) ਸਾਬਤ ਕਦਮ ਰਹਿੰਦੇ ਹਨ ॥ ੧੪੨ ॥ ਅਰ ਤੁਸੀਂ ਤਾਂ ਮੌਤ ਦੇ ਆਉਣ ਥੀਂ ਪਹਿਲਾਂ (ਖੁਦਾ ਦੇ ਰਾਹ ਵਿਚ) ਮਰਨ ਦੀਆਂ ਆਰਜ਼ੂਆਂ ਕੀਤਾ ਕਰਦੇ ਸੀ ਸੋ ਹੁਣ ਤਾਂ ਤੁਸਾਂ ਨੇ ਓਸ ਨੂੰ ਆਪਣੀ ਅੱਖੀਂ ਵੇਖ ਲੀਤਾ ॥ ੧੪੩ ॥ਰੁਕੂਹ ੧੪ ॥

ਅਰ ਮੁਹੰਮਦ ! ਤਾਂ ਕੇਵਲ ਇਕ ਰਸੂਲ ਹੈਂ ਅਰ ਇਨਹਾਂ ਨਾਲੋਂ ਪਹਿਲਾਂ ( ਹੋਰ ) ਭੀ ਰਸੂਲ ਹੋ ਗੁਜਰੇ ਹਨ ਫਿਰ ਕੀ ਯਦੀ ਓਹ ਮਰ ਜਾਣ ਅਥਵਾ ਮਾਰੇ ਜਾਣ ਤਾਂ ਕੀ ਤੁਸੀਂ ਆਪਣੇ ਪਿਛਲੀਂ ਪੈਰੀਂ ( ਕੁਫਰ ਵਲ ) ਫਿਰ ਜਾਓਗੇ ? ਅਰ ਜੇ ਆਪਣੇ ਪਿਛਲੀਂ ਪੈਰੀਂ ( ਕੁਫਰ ਵਲ ) ਫਿਰ ਜਾਵੋਗੇ ਓਹ ਖੁਦਾ ਦਾ ਤਾਂ ਕੁਛ ਭੀ ਨਹੀਂ ਬਿਗਾੜ ਸਕੇਗਾ ਅਰ ਜੋ ਲੋਗ ( ਇਸਲਾਮ ਦੀ ਨਿਆਮਤ ਦਾ ) ਧੰਨਜਵਾਦ ਕਰਦੇ ਹਨ ਓਹਨਾਂ ਨੂੰ ਖੁਦਾ ਸ਼ੀਘਰ ਹੀ ਬਦਲਾ ਦੇਵੇਗਾ ॥ ੧੪੪ ॥ ਅਰ ਕੋਈ ਆਦਮੀ ਬਿਨਾ ਖੁਦਾ ਦੇ ਹੁਕਮ ਥੀਂ ਮਰ ਨਹੀਂ ਸਕਦਾ ਨਿਯਤ ਸਮਾਂ ਲਿਖਿਆ ਹੋਇਆ ਹੈ ਅਰ ਜੋ ਆਦਮੀ ਦੁਨੀਆਂ ਵਿਚ ( ਆਪਣੇ ਕੀਤੇ ਦਾ ) ਫਲ ਚਾਹੁੰਦਾ ਹੈ ਅਸੀਂ ਓਸ ਦਾ ਬਦਲਾ ਏਥੇ ਹੀ ਦੇ ਦੇਂਦੇ ਹਾਂ ਅਰ ਜੋ ਅੰਤ ਨੂੰ ਬਦਲਾ ਚਾਹੁੰਦਾ ਹੈ ਅਸੀਂ ਓਸ ਨੂੰ ਓਥੇ ਹੀ ਦੇਵਾਂਗੇ ਅਰ ਜੋ ਲੋਗ ਧੰਨਜਵਾਦ ਕਰਦੇ ਹਨ ਅਸੀਂ ਉਨਹਾਂ ਨੂੰ ਝਬਦੇ ਹੀ ਬਦਲਾ ਦੇਵਾਂਗੇ ॥ ੧੪੫ ॥ ਅਰ ਬਹੁਤ ਸਾਰੇ ਪੈਯੰਬਰ ਹੋ ਗੁਜਰੇ ਹਨ ਜਿਨਹਾਂ ਦੇ ਨਾਲ ਹੋਕੇ ਬਹੁਤ ਸਾਰੇ ਅੱਲਾ ਲੋਗ ( ਦੁਸ਼ਮਨਾਂ ਨਾਲ ) ਲੜੇ ਤਾਂ ਜੋ ਆਪਤਿ ਉਨਹਾਂ ਨੂੰ ਅੱਲਾ ਦੇ ਰਸਤੇ ਵਿਚ ਪਹੁੰਚੀ ਓਸ ਦੇ ਕਾਰਣੋਂ ਨਾ ਤਾਂ ਓਹਨਾਂ ਨੇ ਹਿੰਮਤ ਹੀ ਹਾਰੀ ਅਤੇ ਨਾਂ ਹੀਂ ਥਕੇ ਅਰ ਨਾ ਹੀਂ ( ਦੁਸ਼ਮਨਾਂ ਦੇ ਅੱਗੇ ) ਦੀਨ ਤਾਈ(ਹੀ ਪਰਗਟ) ਕੀਤੀ ਅਰ ਅੱਲਾ ( ਵਿਪਤੀ ਵਿਚ ) ਸਿਥਤ ਰਹਿਣ ਵਾਲਿਆਂ ਨੂੰ ਮਿਤ੍ਰ ਰਖਦਾ ਹੈ ।੧੪੬। ਅਰ ਇਸ ਤੋਂ ਸਿਵਾ ਉਨਹਾਂ ਦੇ ਮੁਖ ਵਿਚੋਂ ਇਕ

Digitized by Panjab Digital Library | www.panjabdigilib.org

ਭੀ ਗਲ ਤਾਂ ਨਾ ਨਿਕਸੀ ਕਿ ਲਗੇ ਪ੍ਰਾਰਥਨਾਂ ਕਰਨ ਕਿ ਹੇ ਸਾਡੇ ਪਰਵਰਦਿਗਾਰ ਸਾਡੇ ਪਾਪ ਖਿਮਾ ਕਰ ਅਰ ਸਾਡੀਆਂ ਚੇਸ਼ਟਾ ਵਿਚੋਂ ਜੋ ਸਾਡੇ ਪਾਸੋਂ ਵਧੀਕੀਆਂ ਹੋ ਗਈਆਂ ਹਨ ਉਨਹਾਂ ਤੋਂ ਦਰ ਗੁਜਰ ਫਰਮਾ ਅਰ ( ਵੈਰੀਆਂ ਦੇ ਮੁਕਾਬਲੇ ਵਿਚ ) ਸਾਡੇ ਪੈਰ ਜਮਾਈ ਰਖ ਅਰ ਕਾਫਰਾਂ ਦੇ ਟੋਲੇ ਉਪਰ ਸਾਨੂੰ ਵਿਜੇਤਾ ਦੇਹ ॥ ੧੪੭ ॥ ਤਾਂ ਅੱਲਾ ਨੇ ਉਨਹਾਂ ਨੂੰ ਦੁਨੀਆਂ ਵਿਚ (ਜੋ) ਬਦਲਾ ਦਿਤਾ ( ਸੋ ਤਾਂ ਦਿਤਾ ਪਰੰਤੂ ) ਆਖਰ ਵਿਚ ਭੀ ਬਹੁਤ ਉੱਤਮ ਬਦਲਾ ਦਿਤਾ ਅਰ ਅੱਲਾ ਭਲਿਆਂ ਨਾਲ ਪ੍ਰੀਤ ਰਖਦਾ ਹੈ ॥ ੧੪੮ ॥ ਰੁਕੂਹ ੧੫ ॥

ਮੁਸਲਮਾਨੋ ! ਯਦੀ ਤੁਸੀਂ ਕਾਫਰਾਂ ਦੇ ਕਹੇ ਵਿਚ ਆ ਜਾਓ ਤਾਂ ਓਹ ਤੁਹਾਨੂੰ ਪਿਛਲੀਂ ਪੈਰੀਂ ( ਕੁਫਰ ਦੀ ਤਰਫ ਹੀ ਲੈ ਜਾਣਗੇ ) ਫੇਰ ਦੇਣਗੇ ਤਾਂ ਫੇਰ ਤੁਸੀਂ ਹੀ ਉਲਟੇ ਘਾਟੇ ਵਿਚ ਆ ਜਾਓਗੇ ॥ ੧੪੯ ॥ ਪ੍ਰਤੁਤ ਤੁਹਾਡਾ ( ਸੱਚਾ ) ਹਤੈਸ਼ੀ ਤਾਂ ਅੱਲਾ ਹੈ ਅਰ ਉਹ ਸਾਰਿਆਂ ਸਹਾਇਕਾਂ ਨਾਲੋਂ ਉਤਮ ( ਸਹਾਇਕ ) ਹੈ ੧੫੦ ॥ ਅਸੀਂ ਸ਼ੀਘਰ ਹੀ (ਤੁਹਾਡਾ) ਦਬ ਦਬਾ ਕਾਫਰਾਂ ਦੇ ਦਿਲਾਂ ਵਿਚ ਬੈਠਾ ਕੇ ਰਹਾਂਗੇ ਕਾਹੇ ਤੇਉਨਹਾਂ ਨੇ ਉਨਹਾਂ ਵਸਤਾਂ ਨੂੰ ਖ਼ੁਦਾ ਦੀਆਂ ਸਜਾਤੀ ਬਨਾਇਆ ਹੈ ਜਿਨਾਂ ਦੇ (ਸਜਾਤੀ ਹੋਣ) ਦੀ ਖੁਦਾ ਕੋਈ ਸਨਦ ਵੀ ਨਹੀਂ ਭੇਜੀ ਅਰ ( ਅੰਤ ਨੂੰ ) ਓਹਨਾਂ ਲੋਗਾਂ ਦਾ ਟਿਕਾਣਾ ਨਰਕ ਹੈ ਅਰ ਜਾਲਮਾਂ ਦਾ ਬੁਰਾ ਟਿਕਾਣਾ ਹੈ ॥ ੧੫੧ ॥ ਅਰ ( ਮੁਸਲਮਾਨੋ ) ਜਿਸ ਵੇਲੇ ਤੁਸੀਂ ਖ਼ੁਦਾ ਦੇ ਹੁਕਮ ਨਾਲ ਕਾਫਰਾਂ ਨੂੰ ਤਹਿ ਤੇਗ ਕਰ ਰਹੇ ਸੀ ( ਓਸ ਵੇਲੇ ) ਖ਼ੁਦਾ ਨੇ ਤੁਹਾਨੂੰ ਆਪਣੀ ਪ੍ਰਤਿਗਜ਼ਾ ( ਫਤੇ ) ਸੱਚੀ ਕਰ ਦਿਖਾਈ ਏਥੋਂ ਤੱਕ ਕਿ ਤੁਸਾਂ ਨੇ ਮਨਮਾਨੀ ਜੋ ਵੇਖੀ ਫਿਰ ਤੁਸਾਂ ਨਾਮਰਦੀ ਦਿਖਲਾਈ ਅਰ ( ਆਗਿਆ ਭੰਗ ਕਰਕੇ ) ਝਗੜਾ ਪਾਇਆ ਅਰ ਕਈ ਤਾਂ ਤੁਹਾਡੇ ਵਿਚੋਂ ਦੁਨੀਆਂ ਦੇ ਪਿਛੇ ਪੜ ਗਏ ਅਰ ਕਈਕ ਆਖਰਤ ਦੇ ਫਿਕਰ ਵਿਚ ਲਗੇ ਫੇਰ ਤਾਂ ਖ਼ੁਦਾ ਨੇ ਤੁਹਾਨੂੰ ਕਾਫਰਾਂ ( ਦੀ ਤਰਫੋਂ ) ਫੇਰ ਦਿਤਾ ( ਏਸ ਤੋਂ ) ਖ਼ੁਦਾ ਨੂੰ ਤੁਹਾਡੀ ਪ੍ਰੀਖਜਾ ਅਭਿਸ਼ਟ ਸੀ ਅਰ (ਫੇਰ)ਖ਼ੁਦਾ ਨੇ ਤੁਹਾਡੇ ਨਾਲ ਆਈ ਗਈ ਕਰ ਛੱਡੀ(ਅਰਥਾਤ ਦਰ ਗੁਜ਼ਰ ਕੀਤਾ)ਅਰ ਅੱਲਾ ਈਮਾਨਦਾਰੋਂ ਪਰ ਕਿਰਪਾ ਕਰਦਾ ਹੈ ॥ ੧੫੨ ॥ ( ਓਸ ਵੇਲੇ ਨੂੰ ਯਾਦ ਕਰੋ)ਜਦੋਂ ਤੁਸੀਂ (ਵਾਹੋ ਦਾਹੀ ) ਭਜੇ ਚਲੇ ਜਾਂਦੇ ਸੀ ਹਾਲਾਂ ਕਿ ਰਸੂਲ ਤੁਹਾਡੇ ਪਿਛੇ ( ਖੜੇ ) ਤੁਹਾਨੂੰ ਬੁਲਾ ਰਹੇ ਸਨ (ਪਰੰਚ) ਤੁਸੀਂ ਪਰਤ ਕੇ ਕਿਸੇ ਨੂੰ ਨਹੀਂ ਦੇਖਦੇ ਸੋ ਫੇਰ ( ਇਸ ) ਰੰਜ ਦੇ ਬਦਲੇ ਖ਼ੁਦਾ ਨੇ ਤੁਹਾਨੂੰ ( ਭਾਂਜਦਾ ) ਰੰਜ ਦਿਖਲਾਇਆ ਤਾ ਕਿ ਜਦੋਂ ਕਦੀ ਤੁਹਾਡੇ ਕੋਲੋਂ ਕੋਈ ਪਰਯੋਨ ਜਾਂਦਾ ਰਹੇ ਅਥਵਾ

Digitized by Panjab Digital Library | www.panjabdigilib.org

ਤੁਹਾਡੇ ਉਤੇ ਕੋਈ ਵਿਪਤੀ ਆ ਪਵੇ ਤਾਂ ਤੁਸੀਂ ਚੇਤਾਂਤੁਰ ਨਾ ਹੋਵੋ ਅਰ ਤੁਸੀਂ ਕਝ ਵੀ ਕਰੋ ਅੱਲਾ ਜਾਨੀ ਜਾਨ ਹੈ ॥ ੧੫੩ ॥ ਫੇਰ ਚਿੰਤਾ ਦੇ ਪਿਛੋਂ ਅੱਲਾ ਨੇ ਤੁਹਾਡੇ ਸੁਖ ਦੇ ਵਾਸਤੇ ਤੁਹਾਡੇ ਉਤੇ ਤੰਦਰਾ ( ਓਂਗ ) ਉਤਾਰੀ ਕਿ ਤੁਹਾਡੇ ਵਿਚੋਂ ਕਈਆਂ ਨੂੰ ਘੇਰ ਰਹੀ ਸੀ ਅਰ ਕਈਕ ਪੁਰਖਾਂ ਨੂੰ ਆਪਣੀਆਂ ਜਾਨਾਂ ਦੀ ਪਈ ਹੋਈ ਸੀ ਅੱਲਾ ਦੀ ਦਰਗਾਹ ਵਿਚ ਨਾਹੱਕ ( ਨਾ ਰਵਾ ) ਮੂਰਖਤਾਈ ( ਦੇ ਸਮੇਂ ) ਵਰਗੀਆਂ ਬਦਗੁਮਾਨੀਆਂ ਕਰ ਰਹੇ ਸਨ ਅਰ ਕਹਿੰਦੇ ਸਨ ਕਿ ਸਾਡੇ ਵਸਦੀ ਕੀ ਗਲ ਹੈ( ਹੇ ਪੈਯੰਬਰ ) ਏਹਨਾਂ ਨੂੰ ਕਹਿ ਦੇਵੋ ਕਿ ਸੰਪੂਰਣ ਵਿਵਹਾਰ ਅੱਲਾ ਦੇ ਹੀ ਇਖਤਿਆਰ ਵਿਚ ਹਨ ( ਹੇ ਪੈਯੰਬਰ ਜਬਾਨੀ ਸ਼ਕਾਇਤਾਂ ਤੋਂ ਸਿਵਾ ) ਏਹਨਾਂ ਦੇ ਦਿਲਾਂ ਵਿਚ ਹੋਰ ਹੋਰ ਗੱਲਾਂ ਭੀ ਛੁਪੀਆਂ ਹੋਈਆਂ ਹਨ ਜਿਨਹਾਂ ਨੂੰ ਤੁਹਾਡੇ ਅੱਗੇ ਪਰਗਟ ਨਹੀਂ ਕਰਦੇ ( ਮਨ ਹੀ ਮਨ ਵਿਚ ) ਕਹਿੰਦੇ ਹਨ ਕਿ (ਯਦੀ) ਸਾਡਾ ਕੁਛ ਭੀ ਟਾਂਗ ਲਗਦਾ ਹੁੰਦਾ ਤਾਂ ਅਸੀਂ ਏਥੇ ਮਾਰੇ ਹੀ ਨਾਂ ਜਾਂਦੇ ( ਹੇ ਪੈਯੰਬਰ ਹੋਰਨਾਂ ਲੋਗਾਂ ਨੂੰ )ਆਖ ਦੇਓ ( ਯਦੀ ) ਤੁਸੀਂ ਆਪਣਿਆਂ ਘਰਾਂ ਬਿਚ ਭੀ ਹੁੰਦੇ ਤਾਂ ਜਿਨਹਾਂ ਦੇ ਭਾਗਾਂ ਵਿਚ ਮਾਰਾ ਜਾਨਾਂ ਲਿਖਿਆ ਹੋਇਆ ਸੀ ( ਘਰਾਂ ਵਿਚੋਂ ) ਨਿਕਲ ਕੇ ( ਆਪੀਂ ਆਪਣੇ) ਕਤਲ ਦੀ ਜਗਹਾਂ ਆ ਇਕਤ੍ਰ ਹੁੰਦੇ ਕਿ ਖੁਦਾ ਨੂੰ ਅ ਇਸ਼ਟਸੀ ਕਿ ਤੁਹਾਡੇ ਅੰਤਸ਼ਕਰਨ ਦੀ ਪ੍ਰੀਖਯਾ ਕਰੇ ਅਰ ਤੁਹਾਡੇ ਦਿਲੀ ਸੰਕਲਪ ਨੂੰ ( ਅਵਿਸ਼੍ਵਾਸੀ ਦੀ ਮੈਲ ਤੋਂ ) ਸਾਫ ਕਰੇ ਅਰ ਅੱਲਾ ਸੰਪੂਰਣਾਂ ਦੇ ਦਿਲਾਂ ਦੀ ਬਾਤ ਨੂੰ ਜਾਣਦਾ ਹੈ ॥ ੧੫੪ ॥ ਜਿਸ ਦਿਨ ਦੋ ਸ਼ਰੇਣੀਆਂ ( ਆਪਸ ਵਿਚ )ਭਿੜ ਪਈਆਂ (ਸਨ) ਅਰ ਤੁਸਾਂ ( ਮੁਸਲਮਾਨਾਂ ) ਵਿਚੋਂ(ਜੋ) ਲੋਗ ਭਜ ਖੜੋਤੇ ਉਨਹਾਂ ਦੇ ਕਈਕ ਗੁਨਾਹਾਂ ਦੇ ਕਾਰਨੋਂ ਸ਼ੈਤਾਨ ਨੇ ਉਨਹਾਂ ਦੇ ਪੈਰ ( ਓਸ ਜਗਹਾਂ ਥੀਂ ) ਹਿਲਾ ਦਿਤੇ ਅਰ ਖੁਦਾ ਨੇ ਓਹਨਾਂ (ਦੇ ਕਸੂਰ ) ਨੂੰ ਬਖਸ਼ ਦਿਤਾ ਨਿਰਸੰਦੇਹ ਅੱਲਾ ਬਖਸ਼ਣੇ ਵਾਲਾ ਧੀਰਜ ਵਾਲਾ ਹੈ ॥ ੧੫੫ ॥ ਰੁਕੂਹ ੧੬ ॥

( ਮੁਸਲਮਾਨੋ ! ) ਤੁਸੀਂ ਓਹਨਾਂ ਕਾਫਰਾਂ ਵਰਗੇ ਨਾ ਬਨੋਂ ਜੋ ਓਹਨਾਂ ਦੇ ਭਰਾ ਭਾਈ ਯਾਤ੍ਰਾ ਵਿਚ ਅਥਵਾ ਯੁਧ ਕਰਨ ਗਏ ਹੋਣ ( ਅਰ ਓਥੇ ਮਰ ਜਾਣ ) ਤਾਂ ਓਹਨਾਂ ਦੇ ਵਾਸਤੇ ਆਖਦੇ ਹਨ ਕਿ ਜੇ ਸਾਡੇ ਪਾਸ ( ਟਿਕੇ ) ਰਹਿੰਦੇ ਤਾਂ ਨਾ ਮਰਦੇ ਅਰ ਨਾ ਹੀਂ ਮਾਰੇ ਜਾਂਦੇ ਤਾਂ ਅੱਲਾ ਨੇ ਓਹਨਾਂ ਲੋਗਾਂ ਦੇ ਐਸੇ ਖਿਯਾਲ ਇਸ ਕਾਰਨ ਕਰ ਦਿਤੇ ਕਿ (ਸਾਰੀ ਉਮਰ) ਓਹਨਾਂ ਦੇ ਦਿਲਾਂ ਵਿਚ ( ਏਹੋ ) ਪਸ਼ਚਾਤਾਪ ਰਹੇ । ਅਰ (ਵਾਸਤਵ ਤਾਂ)ਅੱਲਾ ਹੀ ਉਤਪਤ ਕਰਦਾ ਅਤ ਮਾਰਦਾ ਹੈ ਅਰ ਜੋ ਕੁਛ ਭੀ ਤੁਸੀਂ ਕਰਦੇ ਹੋ ਅੱਲਾ

Digitized by Panjab Digital Library | www.panjabdigilib.org

ਓਸਨੂੰ ਦੇਖ ਰਹਿਆ ਹੈ ॥੧੫੬॥ ਅਰ ਅੱਲਾ ਦੇ ਰਾਹ ਵਿਚ ਯਦੀ ਤੁਸੀਂ ਮਾਰੇ ਜਾਓ ਜਾਂ ਮਰ ਜਾਓ ਤਾਂ ਖੁਦਾ ਦੀ ਬਖਸ਼ਸ਼ ਅਰ ਮੇਹਰ ( ਜੋ ਤੁਹਾਡੇ ਉਪਰ ਹੋਵੇਗੀ ) ਓਸ ( ਮਾਲ ਤਥਾ ਦੌਲਤ ) ਨਾਲੋਂ ਜਿਸਨੂੰ ਤੁਸੀਂ ਦੁਨੀਆਂ ਵਿਚ ਜਿਮਾਂ ਕਰ ਲੈਂਦੇ ਹੋ ਕਈ ਗੁਣਾਂ ਚੰਗੀ ਹੈ ॥ ੧੫੭ ॥ ਅਰ ਤੁਸੀਂ (ਆਪਣੀ ਮੌਤ ਨਾਲ) ਮਰੋ ਅਥਵਾ ਮਾਰੇ ਜਾਓ (ਅੰਤ ਨੂੰ) ਅੱਲਾ ਦੇ ਹੀ ਪਾਸੇ ਖਿਚ ਕੇ ਬੁਲਾਏ ਜਾਓਗੇ ॥ ੧੫੮ ॥ (ਇਹ ਭੀ) ਅੱਲਾ ਦੀ ਬੜੀ ਹੀ ਕਿਰਪਾ ਹੋਈ ਕਿ ਤੁਸੀਂ ਇਹਨਾਂ ਨੂੰ ਨਰਮ ਦਿਲ ਮਿਲੇ ਹੋ ਯਦੀ ਤੁਸੀਂ ਸੁਭਾਵ ਦੇ ਸਖਤ (ਅਰ) ਕਰਖਤ ਹਿਰਦਾ ਹੁੰਦੇ ਤਾਂ ਇਹ ਲੋਗ (ਕਦੇ ਦੇ) ਤੁਹਾਡੇ ਪਾਸੋਂ ਤਿੱਤਰ ਬਿੱਤਰ ਹੋ ਗਏ ਹੁੰਦੇ (ਇਸ ਵਾਸਤੇ) ਤਾਂ ਤੁਸੀਂ ਏਹਨਾਂ ਦੇ ਔਗੁਨ ਬਖਸ਼ ਦਿਓ ਅਰ(ਖੁਦਾ ਪਾਸੋਂ)ਏਹਨਾਂ ਦੇ ਗੁਨਾਂਹ ਦੀ ਬਖਸ਼ਸ਼ ਚਾਹੋ ਅਰ ਕੰਮਾਂ ਕਾਜਾਂ ਵਿਚ ਏਹਨਾਂ ਪਾਸੋਂ ਸਲਾਹ ਮਸ਼ਵਰਾ ਲਓ ਫੇਰ(ਸਲਾਹ ਕੀਤਿਆਂ ਪਿਛੋਂ ਜੋ) ਇਕ ਬਾਤ ਤੁਹਾਡੇ ਦਿਲ ਵਿਚ ਬੈਠ ਜਾਵੇ ਤਾਂ ਭਰੋਸਾ ਖੁਦਾ ਉਤੇ ਹੀ ਰਖਣਾਂ ਜੋ ਲੋਗ(ਖੁਦਾ ਉਤੇ) ਭਰੋਸਾ ਰਖਦੇ ਹਨ ਖੁਦਾ ਉਹਨਾਂ ਨੂੰ ਮਿੱਤਰ ਰਖਦਾ ਹੈ ॥ ੧੫੯ ॥ ਯਦੀ ਖੁਦਾ ਤੁਹਾਡੀ ਸਹਾਇਤਾ ਕਰਦੇ ਤਾਂ ਫੇਰ ਕੋਈ ਭੀ ਤਹਾਡੇ ਉਤੇ ਗਾਲਿਬ ਆਉਣ ਵਾਲਾ ਨਹੀਂ ਅਰ ਯਦੀ ਉਹ ਤੁਹਾਨੂੰ ਛਡ ਬੈਠੇ ਤਾਂ ਓਸ ਦੇ (ਛਡਿਆਂ) ਪਿਛੋਂ (ਦੂਸਰਾ) ਕੌਣ ਹੈ ਜੋ ਤੁਹਾਡੀ ਮਦਦ ਵਾਸਤੇ ਖਲੋਵੇ ਅਰ ਮੁਸਲਮਾਨਾਂ ਨੂੰ ਚਾਹੀਦਾ ਹੈ ਕਿ ਅੱਲਾ ਉਪਰ ਹੀ ਭਰੋਸਾ ਰਖਣ ॥ ੧੬੦ ॥ ਅਰ ਪੈਯੰਬਰ ਦੀ (ਸ਼ਾਨ) ਤੋਂ (ਅਤੀਵ) ਦੂਰ ਹੈ ਕਿ (ਪੈਯੰਬਰ ਹੋਕੇ) ਖਯਾਨਤ ਕਰੇ ਅਰ ਜੋ ਖਯਾਨਤ (ਦੇ ਜੁਰਮ) ਨੂੰ ਅਖਤਿਆਰ ਕਰਨ ਵਾਲਾ ਹੋਵੇਗਾ ਤਾਂ ਜੋ ਵਸਤੂ ਖਯਾਨਤ ਦੀ ਹੈ ਅੰਤ ਦੇ ਦਿਨ (ਖੁਦਾਦੇ ਸਨਮੁਖ ਠੀਕ ਹੀ ਉਹੀ ਵਸਤੂ) ਓਸ ਨੂੰ ਲਿਆਵਨੀ ਪਵੇਗੀ ਫੇਰ ਜਿਸ ਨੇ ਜੈਸਾ ਕੀਤਾ ਹੈ ਓਸ ਨੂੰ ਓਸ ਦਾ ਪੂਰਾ ਪੂਰਾ ਬਦਲਾ ਦਿਤਾ ਜਾਵੇਗਾ ਅਰ ਕਿਸੇ ਉਤੇ (ਕਿਸੇਤਰਾਂ ਦਾ) ਜ਼ੁਲਮ ਨਹੀਂ ਹੋਵੇਗਾ ॥ ੧੬੧ ॥ ਭਲਾ ਜੋ ਪੁਰਖ ਅੱਲਾ ਦੀ ਮਰਜੀ ਦਾ ਦਾਸ ਹੋਵੇ ਤਾਂ ਕਿਤੇ ਓਸ ਪੁਰਖ ਵਰਗਾ ( ਕੰਮ ) ਹੋ ਸਕਦਾ ਹੈ ਜੋ ਖੁਦਾ ਦੇ ਕੇਹਰ ਵਿਚ ਆ ਗਿਆ ਹੋਵੇ ਅਰ (ਅੰਤ ਨੂੰ) ਓਸ ਦਾ ਠਿਕਾਣਾ ਨਰਕ ਹੈ ਅਰ ਉਹ (ਬਹੁਤ ਹੀ ਬੁਰਾ) ਸਥਾਨ ਹੈ ॥ ੧੬੨ ॥ ਅੱਲਾ ਦੇ ਪਾਸ ਲੋਗਾਂਦੇ(ਅਲਗ ੨) ਦਰਜੇ ਹਨ ਅਰ ਲੋਗ ਜੋ ਕੁਛ ਭੀ ਕਰ ਰਹੇ ਹਨ ਅੱਲਾ ਓਸ ਨੂੰ ਦੇਖ ਰਹਿਆ ਹੈ ॥ ੧੬੩ ॥ ਅੱਲਾ ਨੇ ਮੁਸਲਮਾਨਾਂ ਉਪਰ (ਬੜੀ ਹੀ) ਕਿਰਪਾ ਕੀਤੀ ਕਿ ਓਹਨਾਂ ਵਿਚ ਓਹਨਾਂ ਹੀ ਵਿਚੋਂ ਦਾ ਇਕ ਰਸੂਲ ਭੇਜਿਆ ਜੋ ਉਨਹਾਂ ਨੂੰ ਖੁਦਾ ਦੀਆਂ ਆਇਤਾਂ ਵਾਚ ਵਾਚ ਕੇ ਸੁਣਾਉਂਦਾ ਹੈ ਅਰ

Digitized by Panjab Digital Library | www.panjabdigilib.org

ਉਨਹਾਂ ਨੂੰ ਪਾਕ ਕਰਦਾ ਅਰ ਕਿਤਾਬ ਇਲਾਹੀ (ਅਰਥਾਤ) ਕੁਰਾਨ ਅਰ ਦਾਨਾਈ(ਦੀਆਂ ਬਾਤਾਂ)ਦੀ ਉਹਨਾਂ ਨੂੰ ਸਿਖਿਆ ਦੇਂਦਾ ਹੈ ਨਹੀਂ ਤਾਂ ਪਹਿਲਾਂ ਤਾਂ ਏਹ ਲੋਗ ਖੁਲਮਖੁਲੀ ਗੁਮਰਾਹੀ ਵਿਚ ਹੀ ਸਨ ॥ ੧੬੪ ॥ ਕੀ ਜਦੋਂ ਤੁਸਾਂ (ਮੁਸਲਮਾਨਾਂ) ਉਤੇ ਮੁਸੀਬਤ ਆਗਈ ਹਾਲਾਂ ਕਿ ਤੁਸੀਂ ਏਸ ਨਾਲੋਂ ਦੂਨੀ ਵਿਪਤੀ (ਆਪਣਿਆਂ ਵੈਰੀਆਂ) ਉਪਰ ਪਾ ਚੁਕੇ ਹੋ (ਅਰਥਾਤ ਇਹ ਮੁਸੀਬਤ ਓਸ ਨਾਲੋਂ ਅੱਧੀ ਹੈ) ਤਾਂ (ਭੀ) ਤੁਸੀਂ (ਦਿਲ ਛਡਕੇ) ਲਗੇ ਕਹਿਣ ਕਿ ਇਹ (ਆਫਤ) ਕਿਥੋਂ (ਆ ਗਈ ਹੈ ਪੈਯੰਬਰ ਇਹਨਾਂ ਲੋਗਾਂ ਨੂੰ) ਕਹੋ ਕਿ ਇਹ (ਆਫਤ ਆਈ ਤਾਂ)ਤੁਹਾਡੇ ਆਪਣੇ (ਕੀਤੇ)ਨਾਲ (ਆਈ)ਨਿਰਸੰਦੇਹ ਅੱਲਾ ਸਰਬ ਵਸਤੂਆਂ ਉਪਰ ਕਾਦਰ ਹੈ॥੧੬੫॥ਅਰ ਦੋ ਫੌਜਾਂ ਦੇ ਮੁਕਾਬਲੇ ਦੇ ਦਿਨ ਜੋ ਵਿਪਤਿ ਤੁਹਾਡੇ ਉਪਰ ਆਈ ਤਾਂ ਈਸ਼ਵਰ ਦੀ ਆਗਿਆ ਨਾਲ ਆਈ ਸੀ ਅਰ ਇਹ ਭੀ ਅਭਿਲਾਖਾ ਸੀ ਕਿ ਖੁਦਾ (ਸੱਚੇ) ਈਮਾਨ ਵਾਲਿਆਂ ਨੂੰ ਮਾਲੂਮ ਕਰ ਲਵੇ ਅਰ ਮੁਨਾਫਿਕਾਂ ( ਦੰਭੀਆਂ ) ਨੂੰ (ਭੀ) ਮਾਲੂਮ ਕਰ ਲਵੇ ॥ ੧੬੬ ॥ ਅਰ ਮੁਨਾਫਕਾਂ ਨੂੰ ਕਹਿਆ ਗਿਆ ਕਿ ਆਓ ਅੱਲਾ ਦੇ ਰਾਹ ਵਿਚ ਲੜੋ ਜਾਂ (ਓਸ ਵਾਸਤੇ ਨਾ ਲੜੋ) ਤਾਂ ਦੁਸ਼ਮਨਾ ਨੂੰ ਆਪਣੇ ਉਤੋਂ ਤਾਂ) ਹਟਾ ਦਿਓ (ਤਾਂ) ਲਗੇ ਕਹਿਣ ਕਿ ਯਦੀ ਅਸੀਂ ਸਮ-ਝਦੇ (ਕਿ ਅੱਜ) ਲੜਾਈ (ਹੋਵੇਗੀ) ਤਾਂ ਅਸੀਂ ਜ਼ਰੂਰ ਤੁਹਾਡੇ ਨਾਲ ਹੋ ਜਾਂਦੇ ਇਹ (ਲੋਗ) ਓਸ ਦਿਨ ਈਮਾਨ ਦੀ ਅਪੇਖਿਆ ਕੁਫਰ ਦੇ ਬਹੁਤ ਸਮੀਪ ਸਨ ਮੂੰਹੋਂ ਐਸੀ ਬਾਤ ਕਹਿੰਦੇ ਹਨ ਜੋ ਇਹਨਾਂ ਦੇ ਚਿਤ ਵਿਚ ਨਹੀਂ ਅਰ ਖੁਦਾ ਖੂਬ ਜਾਣਦਾ ਹੈ ਜਿਸ ਨੂੰ ਛਿਪਾਉਂਦੇ ਹਨ ॥ ੧੬੭ ॥ (ਇਹ ਵਹੀ ਲੋਗ ਹਨ) ਜੋ(ਆਪ ਤਾਂ ਮਜ਼ੇ ਨਾਲ) ਬੈਠੇ ਰਹੇ ਅਰ ਆਪਣੇ (ਸ਼ਹੀਦ) ਭਰਾਵਾਂ ਦੇ ਵਾਸਤੇ ਆਖਣ ਲਗੇ ਕਿ (ਯਦੀ) ਸਾਡੇ ਕਹੇ ਲਗਦੇ ਤਾਂ ਮਾਰੇ ਨਾ ਜਾਂਦੇ (ਹੇ ਪੈਯੰਬਰ ਇਹਨਾਂ ਲੋਗਾਂ ਨੂੰ) ਕਹੋ ਕਿ ਯਦੀ ਤੁਸੀਂ (ਆਪਣੇ ਕਥਨ ਵਿਚ) ਸਚੇ ਹੋ ਤਾਂ ਆਪਣੇ ਉਤੋਂ ਮੌਤ ਨੂੰ ਟਾਲ ਦੇਣਾ ॥ ੧੬੮ ॥ ਅਰ (ਹੇ ਪੈਯੰਬਰ) ਜੋ ਲੋਗ ਅੱਲਾ ਦੇ ਰਾਹ ਵਿਚ ਮਾਰੇ ਗਏ ਹਨ ਓਹਨਾਂ ਨੂੰ ਮਰਿਆਂ ਹੋਇਆਂ ਨਾ ਜਾਨਣਾ (ਇਹ ਮਰੇ ਹੋਏ ਨਹੀਂ ਹਨ) ਕਿੰਤੂ ਆਪਣੇ ਪਰਵਰਦਿਗਾਰ ਦੇ ਪਾਸ ਜੀਉਂਦੇ (ਜਾਗਦੇ) ਹਨ ਏਹਨਾਂ ਨੂੰ ਰੋਜ਼ੀ(ਭੋਜਨ)ਮਿਲਦਾ ਹੈ ॥੧੬੯॥ (ਅਰ) ਜੋ ਕੁਛ ਅੱਲਾ ਨੇ ਆਪਣੇ ਫਜ਼ਲ ਨਾਲ ਓਹਨਾਂ ਨੂੰ ਦੇ ਰਖਿਆ ਹੈ ਓਸ ਵਿਚ ਮਗਨ ਹਨ ਅਰ ਜੋ ਲੋਗ ਏਹਨਾ ਦੇ ਪਿਛੋਂ ( ਜੀਉਂਦੇ ਰਹੇ ਅਰ ) ਅਜੇ ਏਹਨਾਂ ਵਿਚ ਆਕੇ ਰਲੇ ਨਹੀਂ ਓਹਨਾਂ ਦੀ ਨਿਸਬਤ ( ਇਹ ਖਿਆਲ ਕਰਕੇ ) ਖੁਸ਼ੀਆਂ ਮਨਾਉਂਦੇ ਹਨ ਕਿ ( ਇਹ ਭੀ ਸ਼ਹੀਦ ਹੋਣ ਤਾਂ ਸਾਡੀ ਤਰਹਾਂ ) ਏਹਨਾਂ ਉਤੇ ( ਭੀ ) ਨਾ ( ਕਿਸੇ ਤਰਹਾਂ ਦਾ ) ਭੈ ( ਪਰਾਪਤ )

Digitized by Panjab Digital Library | www.panjabdigilib.org

ਵੇਹੋ ਅਰ ਨਾ ਹੀ (ਕਿਸੇ ਪਰਕਾਰ) ਚਿੰਤਾਤੁਰ ਹੋਣ ॥ ੧੭੦ ॥ ਅੱਲਾ ਦੀਆਂ ਨਿਆਮਤਾਂ ਅਰ ( ਓਸ ਦੇ ) ਫਜ਼ਲ ਦੀਆਂ ਖੁਸ਼ੀਆਂ ਮਨਾ ਰਹੇ ਹਨ ਅਰ ਇਸ ਦੀ (ਭੀ) ਕਿ ਅੱਲਾ ਈਮਾਨ ਵਾਲਿਆਂ ਦੇ ਪੁੰਨ( ਸਵਾਬ ) ਨੂੰ ਵਿਅਰਥ ਨਹੀਂ ਜਾਣ ਦੇਂਦਾ ॥ ੧੭੧ ॥ ਰੁਕੂਹ ੧੭ ॥

ਜੋ ਲੋਕ ( ਲੜਾਈ ਵਿਚ ) ਘਾਉ ਖਾਧਿਆਂ ਪਿਛੋਂ ਖੁਦਾ ਅਰ ਓਸ ਦੇ ਰਸੂਲ ਦੀ ਆਗਿਆ ਪਰਵਾਨ ਕਰਕੇ ਚਲ ਖਲਤੇ ਐਸਿਆਂ ਨੇਕਾਂ ਅਰ ਸੰਜਮੀ ਪੁਰਖਾਂ ਦੇ ਵਾਸਤੇ ਬੜੇ ਅਜਰ ਹਨ ॥ ੧੭੨ ॥ ( ਏਹ ) ਓਹ ਲੋਗ ( ਹਨ ) ਜਿਨਹਾਂ ਨੂੰ ਲੋਗਾਂ ਨੇ ( ਆ ਕੇ ) ਖਬਰ ਦਿਤੀ ਕਿ (ਮੁਖਾਲਿਫ) ਲੋਗਾਂ ਨੇ ਤੁਹਾਡੇ ( ਨਾਲ ਲੜਨ ) ਵਾਸਤੇ ਬੜੀ ਭੀੜ ਇਕਤ੍ਰ ਕੀਤੀ ਹੈ ਜ਼ਰਾ ਓਹਨਾਂ ਪਾਸੋਂ ਡਰਦਿਆਂ ਰਹਿਣਾ ਇਸ ਨਾਲ ਉਨਹਾਂ ਦੇ ਨਿਸਚੇ ਹੋਰ ਬਹੁਤ ( ਪੁਖਤੇ ) ਹੋ ਗਏ ਅਰ ਬੋਲ ਉਠੇ ਕਿ ਸਾਨੂੰ ਅੱਲਾ ਹੀ ਬਸ ਹੈ ਅਰ ਉਹ ਬੜਾ ਕਰਨ ਕਾਰਨ ਹੈ ॥ ੧੭੩ ॥ ( ਗਲ ਕੀ ਇਹ ਲੋਕ ਯੁਧ ਵਾਸਤੇ ਗੈ ਲੜਾਈ ਤਾਂ ਹੋਈ ਨਾਂ ) ਸਗਮਾ ਇਹ ਲੋਗ ਅੱਲਾ ਦੀਆਂ ਨਿਆਮਤਾਂ ਅਰ ( ਓਸ ਦੇ ) ਫਜਲ ਨਾਲ ਲਦੇ ਮੁਦੇ ( ਘਰਾਂ ਨੂੰ ) ਵਾਪਸ ਆ ਗਏ ( ਅਰ ) ਓਹਨਾਂ ਨੂੰ ( ਕਿਸੇ ਤਰਹਾਂ ਦੀ ) ਆਪਤਿ ਨਾ ਪਰਾਪਤ ਹੋਈ ਅਰ ਅੱਲਾ ਦੀ ਮਰਜੀ ਉਤੇ ਕਾਰ ਬੰਦ ਹੋਏ ਅਰ ਅੱਲਾ ਦਾ ਫਜਲ ਬੜਾ ਹੈ ॥ ੧੭੪ ॥ ਏਹ ਬਸ ਇਕ ਸ਼ੈਤਾਨ ਸੀ ਜੋ ( ਤੁਸਾਂ ਮੁਸਲਮਾਨਾਂ ਨੂੰ ) ਆਪਣਿਆਂ ਮਿੱਤਰਾਂ ਦਾ ਭੈ ਦਿਖਲਾਉਂਦਾ ਸੀ ਤਾਂ ਤੁਸੀਂ ਓਹਨਾਂ ਪਾਸੋਂ ( ਜ਼ਰਾ ਭੀ ) ਨਾ ਡਰਨਾ ਅਰ (ਯਦੀ ਸਚੇ) ਮੁਸਲਮਾਨ ਹੋ ਤਾਂ ਸਾਡਾ ਹੀ ਡਰ ਰਖਣਾ ॥ ੧੭੫ ॥ ਅਰ ( ਹੇ ਪੈਯੰਬਰ ) ਜੋ ਲੋਗ ਕੁਫਰ ਦੀ (ਵਿਸਤ੍ਰਿਤੀ) ਵਾਸਤੇ (ਪਏ) ਭੱਜੇ ੨ ਫਿਰਦੇ ਹਨ ਤੁਸਾਂ ਉਨ੍ਹਾਂ ਲੋਗਾਂ ਦੇ ਕਾਰਣੇਂ ਚਿੰਤਾਤੁਰ ਨਾ ਹੋਣਾ (ਕਾਹੇ ਤੇ) ਏਹ ਲੋਗ ਖੁਦਾ ਦਾ ਤਾਂ ਕੁਛ ਭੀ ਨਹੀਂ ਵਿਗਾੜ ਸਕਦੇ (ਪ੍ਰਤਯੁਤ) ਖੁਦਾ ਚਾਹੁੰਦਾ ਹੈ ਕਿ ਆਖਰਤ ਦੇ (ਸਵਾਬ) ਵਿਚੋ ਏਹਨਾਂ ਨੂੰ ਕੁਝ ਭਾਗ ਨਾਂ ਦੇ ਅਰ ਇਨ੍ਹਾਂ ਨੂੰ ਬੜਾ ਦੁਖ ਹੋਣਾ ਹੈ ॥ ੧੭੬ ॥ ਜਿਨ੍ਹਾਂ ਲੋਗਾਂ ਨੇ ਈਮਾਨ ਦੇ ਕੇ ਕੁਫਰ ਮੁਲ ਲੀਤਾ ਖੁਦਾ ਨੂੰ ਤਾਂ ਹਰਗਿਜ਼ ਕਿਸੇ ਤਰਹਾਂ ਦਾ ਨੁਕਸਾਨ ਪਹੁੰਚਾ ਨਹੀਂ ਸਕਣਗੇ ਪ੍ਰਤਯੁਤ ਏਹਨਾਂ ਨੂੰ ਹੀ ਦਰਦਨਾਕ ਦੁਖ ਹੋਵੇਗਾ ॥੧੭੭॥ ਅਰ ਕਾਫਰ ( ਮੁਨਕਰ ) ਏਸ ਗੁਮਾਨ ਵਿਚ ਨਾ ਰਹਿਣ ਕਿ ਅਸੀਂ ਜੋ ਏਹਨਾਂ ਨੂੰ ਢਿਲ ਦੇ ਰਹੇ ਹਾਂ ਏਹ ਕੁਛ ਏਹਨਾਂ ਦੇ ਹੱਕ ਵਿਚ ਬੇਹਤਰ ਹੈ ( ਨਹੀਂ ) ਅਸੀਂ ਤਾਂ ਏਹਨਾਂ ਨੂੰ ਕੇਵਲ ਇਸ ਵਾਸਤੇ ਢਿਲ ਦੇ ਰਹੇ ਹਾਂ ਕਿ ਤਾਂ ਹੋਰ ਗੁਨਾਹ ਇਕੱਤਰ ਕਰ ਲੈਣ ਅਰ ( ਅੰਤ ਨੂੰ ) ਏਹਨਾਂ ਤਾਈਂ ਰਸਵਾਈ ਦਾ ਕਸ਼ਟ ਹੈ ॥ ੧੭੮ ॥ ਅੱਲਾ ਐਸਾ ਨਹੀਂ ਕਿ ਜਿਸ ਹਾਲ

Digitized by Panjab Digital Library | www.panjabdigilib.org

ਵਿਚ ਤੁਸੀਂ ਹੋਵੋ ਓਸੇ ਹਾਲ ਉਤੇ ਮੋਮਨਾਂ ਨੂੰ ਰਹਿਣ ਦੇਵੇ ਜਦੋਂ ਤਕ ਕਿ ਓਹ ਮਾੜੇ ਨੂੰ ਚੰਗੇ ਨਾਲੋਂ ਵਖਰਾ ਨਾ ਕਰ ਲਵੇ ਅਰ ਅੱਲਾ ਐਸਾ ਭੀ ਨਹੀਂ ਕਿ ਤੁਹਾਨੂੰ ਗ਼ੈਬ ਦੀਆਂ ਗੱਲਾਂ ਦਸ ਦੇਵੇ ਹਾਂ ਅੱਲਾ ਆਪਣਿਆਂ ਰਸੂਲਾਂ ਵਿਚੋਂ ਜਿਸ ਨੂੰ ਚਾਹੁੰਦਾ ਹੈ ਚੁਣ ਲੈਂਦਾ ਹੈ ( ਅਰ ਓਹਨਾਂ ਨੂੰ ਯਥਾ ਯੋਗ ਦਸ ਭੀ ਦੇਂਦਾ ਹੈ ) ਤਾਂ ਅੱਲਾ ਅਰ ਉਸ ਦੇ ਰਸੂਲਾਂ ਉਪਰ ਈਮਾਨ ਲੈ ਆਓ ਅਰ ਯਦੀ ਈਮਾਨ ਲੈ ਆਓਗੇ ਅਰ ( ਦ੍ਵੈਤ ਥੀਂ ) ਬਚਦੇ ਰਹੋਗੇ ਤਾਂ ਤੁਹਾਨੂੰ ਬੜਾ ਅਜਰ ਮਿਲੇਗਾ ॥ ੧੭੯ ॥ ਅਰ ਜਿਨਹਾਂ ਲੋਗਾਂ ਨੂੰ ਖੁਦਾ ਨੇ ਆਪਣੇ ਫਜਲ ਤਥਾ (ਕਿਰਪਾ) ਨਾਲ ( ਕੁਛ ) ਦਿਤਾ ਹੈ ਅਰ ਉਹ ( ਖੁਦਾ ਦੇ ਮਾਰਗ ਵਿਚ ) ਉਸ ਦੇ ( ਖਰਚ ਕਰਨ ) ਵਿਚ ਕੰਜੂਸੀ ਕਰਦੇ ਹਨ ਉਹ ਏਸ (ਕੰਜੂਸੀ) ਨੂੰ ਆਪਣੇ ਹੱਕ ਵਿਚ ਚੰਗਾ ਨਾਂ ਸਮਝਣ ਪ੍ਰਤਯੁਤ ਓਹ ਓਹਨਾਂ ਦੇ ਹੱਕ ਵਿਚ ਮਾੜਾ ਹੈ ਜਿਸ ( ਮਾਲ ) ਦਾ ਬੁਖਲ ਕਰਦੇ ਹਨ ਨਗੀਚ ਹੀ ਪ੍ਰਲੈ ਦੇ ਦਿਨ ਓਸ ਦਾ ਜੰਜੀਰ ਬਣਾ ਕੇ ਉਹਨਾਂ ਦੇ ਗਲੇ ਪਹਿਰਾਇਆ ਜਾਵੇਗਾ ਅਰ ਆਗਾਸ ਤਥਾ ਜਮੀਨ ਦਾ ਸਵਾਮੀ ਅੱਲਾ ਹੀ ਹੈ ਅਰ ਜੋ (ਕੁਝ ਭੀ) ਕਰ ਰਹੇ ਹੋ ਅੱਲਾ ਉਸ ਨੂੰ ਜਾਣਦਾ ਹੈ ॥ ੧੮੦ ॥ ਰੁਕੂਹ ੧੮ ॥

ਜੋ ਲੋਗ ਅੱਲਾ ਨੂੰ ਕੰਗਾਲ ਅਰ ਆਪਣੇ ਆਪ ਨੂੰ ਧਨਾਢ ਦਸਦੇ ਹਨ ਓਹਨਾਂ ਦੀ ( ਏਹ ) ਬਕਵਾਸ ਅੱਲਾ ਨੇ ਸੁਣੀ ਇਹ ਲੋਕ ਜੋ ਨਬੀਆਂ ਦਾ ਅਯੋਗ ਕਤਲ ਕਰਦੇ ਆਇ ਹਨ ਇਸ ਦੇ ਨਾਲ ਅਸੀਂ ਇਹਨਾਂ ਦੀ ਇਸ ਬਕਵਾਸ ਨੂੰ ਵੀ ਲਿਖ ਲੈਂਦੇ ਹਾਂ ਅਰ ਇਹਨਾਂ ਦਾ ਉਤ੍ਰ ਸਾਡੀ ਵਲੋਂ ਇਹ ਹੋਵੇਗਾ ਕਿ ਜ਼ਲਨ ਦਾ ਕਸ਼ਟ ਚਖੋ ॥ ੧੮੧ ॥ ਏਹ ਉਨਹਾਂ ਹੀ ਕਰਮਾਂ ਦਾ ਫਲ ਹੈ ਜਿਨਹਾਂ ਨੂੰ ਤੁਸਾਂ ਪਹਿਲਾਂ ਤੋਂ ਹੀ ਆਪਣੇ ਹਥੋਂ ਭੇਜਿਆ ਹੈ ਨਹੀਂ ਤਾਂ ਅੱਲਾ ਤਾਂ ਆਪਣਿਆਂ ਬੰਦਿਆਂ ਉਤੇ ਕਿਸੇ ਤਰਹਾਂ ਦਾ ਜੁਲਮ ਨਹੀਂ ਕਰਦਾ ॥ ੧੮੨ ॥ ਓਹ (ਲੋਗ) ਜੋ ਕਹਿੰਦੇ ਹਨ ਕਿ ਅੱਲਾ ਨੇ ਸਾਨੂੰ ਕਹਿ ਛਡਿਆ ਹੈ ਕਿ ਯਾਵਤ ਕਾਲ ਪਰਯੰਤ ਕੋਈ ਪੈਯੰਬਰ ਸਾਨੂੰ ਨਜਰ ਨਿਯਾਜ਼ (ਤਥਾ ਭੇਂਟ ਅਰ ਬਲ ਦਾਨ ਦਾ ਚਮਤਕਾਰ) ਨਾ ਦਸੇ ਕਿ ਓਸ ਨੂੰ ਅਗਨੀ ਭਛਨ ਕਰ ਜਾਵੇ ਤਦੋਂ ਤਕ ਅਸੀਂ ਓਸ ਉਤੇ ਈਮਾਨ ਨਾ ਲਾਏਂ ? (ਤੁਸੀਂ) ਕਹੋ ਕਿ ਮੇਰੇ ਥੀਂ ਪਹਿਲਾਂ ( ਕਿਤਨੇ ) ਪੈਯੰਬਰ ਤੁਹਾਡੇ ਪਾਸ ਖੁਲਮ ਖੁਲੀਆਂ ਨਿਸ਼ਾਨੀਆਂ ਲੈ ਕੇ ਆਏ ਅਰ ਜਿਸ ( ਨਿਸ਼ਾਨੀ ) ਦੀ ਤੁਸੀਂ (ਹੁਣ) ਫਰਮਾਇ ਕਰਦੇ ਹੋ ( ਓਸ ਨੂੰ ਭੀ ਲੈਕੇ ਆਏ ) ਤਾਂ ਯਦੀ ਤੁਸੀਂ ( ਆਪਣੇ ਪਖ ਦੇ ) ਸੱਚੇ ਹੋ ਤਾਂ ਫੇਰ ਤੁਸਾਂ ਨੇ ਓਹਨਾਂ ਨੂੰ ਕਿਸ ਵਾਸਤੇ ਕਤਲ ਕੀਤਾ ॥ ੧੮੩ ॥ ਏਸ ਬਾਤੋਂ ਭੀ ਜੇਕਰ ਉਹ ਤੁਹਾਨੂੰ ਝੂਠਿਆਂ ਕਰਦੇ ਚਲੇ ਜਾਣ ਤਾਂ ਤੇ ਤੁਸਾਂ ਨਾਲੋਂ ਪਹਿਲੇ ( ਕਿਤਨੇ )

Digitized by Panjab Digital Library | www.panjabdigilib.org

ਪੈਗੰਬਰ ਖੁਲਮਖੁਲੇ ਮੋਜਜ਼ੇ ( ਚਮਤਕਾਰ ) ਤਥਾ ਸਾਹਾਇਫ ਅਰ ਨੂਰਾਨੀ ਕਿਤਾਬਾਂ ( ਭੀ ਲੈ ਕੇ ਆਏ ) ਫੇਰ ਵੀ ਲੋਗਾਂ ਨੇ ਓਹਨਾਂ ਨੂੰ ਝੁਠਲਾਯਾ ॥ ੧੮੪ ॥ ਹਰ ਪੁਰਖ ਮੌਤ ( ਦਾ ਸਵਾਦ ) ਚਖਣ ਵਾਲੇ ਹੈ ਅਰ ਤੁਹਾਨੂੰ ਪੂਰਾ ਪੂਰਾ ਬਦਲਾ ਤਾਂ ਪ੍ਰਲੈ ਦੇ ਦਿਨ ਹੀ ਦਿਤਾ ਜਾਵੇਗਾ ਤਾਂ ਜੋ ਆਦਮੀ ਨਰਕਾਂ ਗਨੀ ਥੀਂ ਪਰੇ ਹਟਾਇਆ ਗਿਆ ਅਰ ਓਸ ਨੂੰ ਸਵਰਗ ਵਿਚ ਜਗਹਾ ਦਿਤੀ ਗਈ ਤਾਂ ਉਸ ਨੇ ( ਮਨ ਬਾਂਛਤ ) ਮੁਰਾਦ ਪਾ ਲੀਤੀ ਅਰ ਸਾਂਸਾਰਿਕ ਜੀਵਨ ਤਾਂ ਸਿਰਫ ਧੋਖੇ ਦੀ ਪੂੰਜੀ ਹੈ ॥ ੧੮੫ ॥ ਤੁਹਾਡੇ ਧਨ ਮਾਲ ਦਾ ਅਰ ਤੁਹਾਡੀਆਂ ਜਾਨਾਂ (ਦੇ ਨੁਕਸਾਨ) ਵਿਚ ਅਵਸ਼ ਤੁਹਾਡੀ ਪ੍ਰੀਖਯਾ ਕੀਤੀ ਜਾਵੇਗੀ ਅਰ ਜਿਨਾਂ ਲੋਕਾਂ ਨੂੰ ਤੁਹਾਡੇ ਨਾਲੋਂ ਪਹਿਲਾਂ ਪੁਸਤਕ ਦਿਤੀ ਗਈ ਹੈ ( ਅਰਥਾਤ ਯਹੂਦ ਅਰ ਨਸਾਰਾ ) ਥੀਂ ਅਰ ਭੇਦ ਵਾਦੀਆਂ ਥੀਂ ਬਹੁਤ ਸਾਰੀਆਂ ਦੁਖ ਦੀਆਂ ਬਾਤਾਂ (ਭੀ) ਜਰੂਰ ਸੁਣੋਗੇ ਅਰਯਦੀ ਸਬਰ ਕੀਤੀ ਰਖੋ ਅਤੇ ਪਰਹੇਜਗਾਰ ਰਹੋ ਤਾਂ ਨਿਰਸੰਦੇਹਏਹ ਹਿੰਮਤ ਦਾ ਕੰਮ ਹੈ ॥ ੧੮੬ ॥ ਅਰ ਜਦੋਂ ਖੁਦਾ ਨੇ ਪੁਸਤਕ ਵਾਲਿਆਂ ਪਾਸੋਂ ਪਰਤਿਗਯਾ ਲੀਤੀ ਕਿ (ਤੁਸੀਂ ਏਸ ਪੁਸਤਕ ਦਾ ) ਲੋਗਾਂ ਨੂੰ ਅਰਥ ਸਾਫ ੨ ਵਰਨਨ ਕਰ ਦੇਣਾ ਅਰ ਏਸ ਨੂੰ ਛਿਪਾਣਾ ਨਹੀਂ ਪਰੰਚ ਓਹਨਾਂ ਨੇ ਏਸ (ਬਚਨ ਨੂੰ) ਆਪਣੀ ਪਿਠ ਪਿਛੇ ਸਿਟ ਛਡਿਆ ਅਰ ਓਸ ਦੀ ਪ੍ਰਤਿਨਿਧਿ ਵਿਚ ਥੋੜੇ ਜੈਸੇ ਦਾਮ ਹਾਸਿਲ ਕੀਤੇ ਸੋ ( ਕੈਸੀ ) ਬੁਰੀ ( ਵਸਤੂ) ਇਹਨਾਂ ਨੇ ਖਰੀਦੀ ॥ ੧੮੭ ॥ ਅਰ ਜੋ ਆਪਣੇ ਕੀਤੇ ਉਤੇ ਰਾਜੀ ਹੁੰਦੇ ਅਰ ਕੀਤਾ ( ਤਾਂ ਕੁਝ) ਨਹੀਂ ਅਰ ਏਸ ਥੀਂ ਅਭਿਲਾਖਾ ਕਰਦੇ ਹਨ ਕਿ ਉਹਨਾਂ ਦੀ ਉਸਤੁਤਿ ਹੋਵੇ (ਤਾਂ)ਐਸਿਆਂ ਲੋਗਾਂ ਦੀ ਨਿਸਬਤ ਕਦਾਪਿ ਧਿਆਨ ਨਾ ਕਰਨਾ ਕਿ ਏਹ ਲੋਗ ਦੁਖਾਂ ਥੀਂ ਬਚੇ ਰਹਿਣਗੇ ਪ੍ਰਤ੍ਯੁਤ ਓਹਨਾਂ ਵਾਸਤੇ ਦਰਦਨਾਕ ਦੁਖ ਹੈ ॥ ੧੮੮ ॥ ਅਰ ਅਸਮਾਨਾਂ ਤਥਾ ਧਰਤੀ ਦਾ ਅਧਿਕਾਰ ਅੱਲਾ ਨੂੰ ਹੀ ਹੈ ਅਰ ਅੱਲਾ ਸੰਪੂਰਣ ਵਸਤਾਂ ਉਪਰ ਕਾਦਰ ਹੈ ॥ ੧੮੯ ॥ ਰੁਕੂਹ ੧੯ ॥

(ਨਿਰਸੰਦੇਹ) ਆਸਮਾਨ ਤਥਾ ਜਮੀਨ ਦੀ ਬਨਾਵਟ ਤਥਾ ਅਹਿਨਿਸ ਦੇ ਹੇਰ ਫੇਰ ਵਿਚ ਬੁਧੀ ਸ਼ਾਲੀ ( ਪੁਰਖਾਂ ਦੇ ) ਵਾਸਤੇ ਨਿਸ਼ਾਨੀਆਂ ਹੈਂ ॥ ੧੯੦ ॥ ਜੋ ਉਠਦੇ ਤਥਾ ਬੈਠਦੇ ਤਥਾ ਪਏ ਖੁਦਾ ਨੂੰ ਯਾਦ ਕਰਦੇ ਹਨ ਅਰ ਆਕਾਸ਼ ਤਥਾ ਧਰਤੀ ਦੀ ਬਨਾਵਟ ਵਿਚ ਫਿਕਰ ਕਰਦੇ ਹਨ ਕਿ ਹੇ ਸਾਡੇ ਪਰਵਰਦਿਗਾਰ ਤੂਨੇ ਏਸ ( ਸੰਸਾਰ ਚਕ੍ਰ ) ਨੂੰ ਨਿਸ਼ ਪਰਯੋਜਨ ( ਤਾਂ ) ਨਾਹੀ ਬਨਾਇਆ (ਕਾਹੇ ਤੇ) ਤੇਰਾ ਸ੍ਵਰੂਪ ( ਨਿਸ ਪ੍ਰਯੋਜਨ ਵਿਵਹਾਰ ਕਰਨ ਥੀਂ) ਪਵਿਤ੍ਰ ਹੈ ਤਾਂ (ਹੇ ਸਾਡੇ ਪਰਵਰਦਿਗਾਰ) ਸਾਡੀ ਨਾਰਕੀ ਦੁਖਾਂ ਤੋਂ ਰਕਛਾ ਕਰੀਓ ॥ ੧੯੧ ॥ ਹੇ ਸਾਡੇ ਪਰਵਰਦਿਗਾਰ ਜਿਸ ਨੂੰ ਤੂੰਨੇ ਨਰਕਾਂ

Digitized by Panjab Digital Library | www.panjabdigilib.org

ਵਿਚ ਸਿਟਿਆ ਓਸ ਨੂੰ ਖ਼ੁਆਰ ਕੀਤਾ ਅਰ ( ਓਥੇ ) ਪਾਪੀਆਂ ਦਾ ਕੋਈ ਭੀ ਸਹਾਇਕ ਨਹੀਂ ॥ ੧੯੨ ॥ ਹੇ ਸਾਡੇ ਪਰਵਦਿਗਾਰ ਅਸਾਂ ਨੇ ਇਕ ਮੁਨਾਦੀ ਕਰਨ ਵਾਲੇ (ਅਰਥਾਤ ਪੈਯੰਬਰ) ਨੂੰ ਸੁਨਿਆ ਕਿ ਈਮਾਨ ਦੀ ਮੁਨਾਦੀ ( ਢੰਢੋਰਾ ) ਦੇ ਰਹੇ ਸੀ ਕਿ ਆਪਣੇ ਪਰਵਰਦਿਗਾਰ ਉਪਰ ਈਮਾਨ ਲਾਓ ਤਾਂ ਅਸਾਂ ਈਮਾਨ ਧਾਰ ਲੀਤਾ ਤਾਂ ਹੇ ਸਾਡੇ ਪਰਵਰਦਿਗਾਰ ਸਾਨੂੰ ਸਾਡੇ ਕਸੂਰ ਮਾਫ ਕਰ ਅਰ ਸਾਡੇ (ਤੋਂ)ਸਾਡੇ ਗੁਨਾਹ ਦੂਰ ਕਰ ਅਰ ਧਾਰਮਿਕ ਪੁਰਖਾਂ ਦੀ ਸੰਗਤ ਵਿਚ ਸਾਨੂੰ ( ਭੀ ) ਮ੍ਰਿਤਯੂ ਦੇ ॥ ੧੯੩ ॥ ਅਰ ਹੇ ਸਾਡੇ ਪਰਵਰਦਿਗਾਰ ਜੈਸੀਆਂ ਜੈਸੀਆਂ ( ਨਿਆਮਤਾਂ ਦੀਆਂ ) ਪ੍ਰਤਗਯਾ ਆਪਣੇ ਰਸੂਲਾਂ ਦੁਵਾਰਾ ਸਾਨੂੰ ਦਸੀਆਂ ਹਨ ਸਾਡੇ ਨਸੀਬ ਕਰ ਅਰ ਕਿਆਮਤ ਦੇ ਦਿਨ ਸਾਨੂੰ ਜ਼ਲੀਲ ਨਾ ਕਰਨਾ ਨਿਰਸੰਦੇਹ ਆਪ(ਕਦਾਪਿ ਭੀ) ਪਰਤਿਗਜਾ ਭੰਗ ਨਹੀਂ ਕਰਦੇ ॥ ੧੯੪ ॥ ਤਾਂ ਉਨਹਾਂ ਦੇ ਪਰਵਰਦਿਗਾਰ ਨੇ ਉਹਨਾਂ ਦੀ ਪ੍ਰਾਰਥਨਾਂ ਕਬੂਲ ਕਰ ਲੀਤੀ (ਅਰ ਕਹਿਆ) ਅਸੀਂ ਤੁਹਾਡੇ ਵਿਚੋਂ ਕਿਸੇ (ਭਲੇ) ਕਰਮ ਕਰਨ ਵਾਲੇ ਦੇ ਕਰਮ ਨੂੰ ਅਕਾਰਥ ਨਹੀਂ ਜਾਣ ਦੇਂਦੇ ਪੁਰਖ ਹੋਵੇ ਕਿੰਵਾ ਇਸਤ੍ਰੀ (ਕਾਹੇ ਤੇ) ਤੁਸੀਂ ਸਾਰੇ ਇਕ ਦੂਸਰੇ ਦੀ ਜਿਨਸ ਹੋ ਤਾਂ ਜਿਨਹਾਂ ਲੋਗਾਂ ਨੇ ਸਾਡੇ ਵਾਸਤੇ ( ਆਪਣੇ ) ਦੇਸ ਛਡੇ ਅਰ ਆਪਣਿਆਂ ਘਰਾਂ ਵਿਚੋਂ ਨਿਕਾਲੇ ਅਰ ਸਤਾਏ ਗਏ ਅਰ ਲੜੇ ਅਰ ਮਾਰੇ ਗਏ ਅਸੀਂ ਉਨਹਾਂ ਦੀਆਂ ਭੁਲਣਾਂ ਨੂੰ ਉਨਹਾਂ ਤੋਂ ਅਵਸ਼ ਮਿਟਾ ਦੇਵਾਂਗੇ ਅਰ ਉਨਹਾਂ ਨੂੰ ਐਸਿਆਂ ਬਾਗਾਂ ਵਿਚ (ਲੈ ਜਾਕੇ) ਦਾਖਲ ਕਰਾਂਗੇ ਜਿਨਹਾਂ ਦੇ ਹੇਠਾਂ ਨਹਿਰਾਂ (ਪੜੀਆਂ) ਵਗ ਰਹੀਆਂ ਹੋਣਗੀਆਂ ਅੱਲਾ ਦੇ ਪਾਸ (ਏਹਨਾਂ ਦਾ) ਬਦਲਾ (ਹੈ) ਅਰ ਚੰਗਾ ਬਦਲਾ ਤਾਂ ਅੱਲਾ ਦੇ ਹੀ ਪਾਸ ਹੈ॥੧੯੫॥ (ਹੇ ਪੈਯੰ-ਬਰ) ਸ਼ਹਿਰਾਂ ਵਿਚ ਕਾਫਰਾਂ ਦਾ ਤੁਰਨਾ, ਫਿਰਨਾ ਤੁਹਾਨੂੰ (ਕਿਸ ਤਰਹਾ ਦੇ) ਭੁਲੇਖੇ ਵਿਚ ਨਾ ਪਾਵੇ ॥ ੧੯੬ ॥ (ਏਹ) ਥੋੜੇ ਜੈਸੇ ਫਾਇਦੇ ਹਨ ਫੇਰ ( ਆਖਰਕਾਰ ) ਏਹਨਾਂ (ਕਾਫਰਾਂ) ਦਾ ਠਿਕਾਣਾ ਨਰਕ ਹੈ ਅਰ ਉਹ (ਬਹੁਤ ਹੀ) ਬੁਰਾ ਅਸਥਾਨ ਹੈ ॥ ੧੯੭ ॥ ਪਰੰਚ ਜੋ ਲੋਗ ਆਪਣੇ ਪਰ-ਵਰਦਿਗਾਰ ਪਾਸੋਂ ਡਰਦੇ ਹਨ ( ਅੰਤਮ ਦਿਨ ਵਿਚ) ਉਹਨਾਂ ਵਾਸਤੇ ਬਾਗ ਹਨ ਜਿਨਹਾਂ ਦੇ ਹੇਠਾਂ ਨਹਿਰਾਂ ਵਗ ਰਹੀਆਂ ਹੋਣਗੀਆਂ (ਅਰ ਉਹ) ਉਨਹਾਂ ਵਿਚ ਨਿਤਰਾਂ ( ੨ ) ਰਹਿਣਗੇ ਅੱਲਾ ਦੇ ਪਾਸ (ਇਹ ਓਹਨਾਂ ਦੀ) ਪਾਹੁਣਚਾਰੀ(ਹੋਵੇਗੀ)ਅਰ ਜੋ ਖੁਦਾ ਦੇ ਪਾਸ ਹੈ ਧਾਰਮਿਕ ਪੁਰਖਾਂ ਦੇ ਹੱਕ ਵਿਚ ਕਈ ਗੁਣਾਂ ਬੇਹਤਰ ਹੈ ॥ ੧੯੮ ॥ ਅਰ ਕਿਤਾਬਾਂ ਵਾਲਿਆਂ ਵਿਚੋਂ ਬੇਸ਼ਕ ਕੁਛਕ ਲੋਗ ਐਸੇ ( ਭੀ ) ਹਨ ਜੋ ਖੁਦਾ ਉਤੇ ਈਮਾਨ ਰਖਦੇ ਹਨ ਅਰ ਜੋ ਪੁਸਤਕ ਤੁਸਾਂ (ਮੁਸਲਮਾਨਾਂ) ਉਤੇ ਉਤਰੀ ਹੈ ਅਰ ਜੋ ਉਨਹਾਂ ਉਤੇ ਉਤਰੀ ਹੈ

Digitized by Panjab Digital Library | www.panjabdigilib.org

ਉਹਨਾਂ ਉਪਰ(ਭੀ)ਧਰਮ ਦਾਰਦੇ ਹਨ ਅਰ ਪ੍ਰਮਾਤਮਾਂ ਅਗੇ ਝੁਕੇ ਰਹਿੰਦੇ ਹਨ ਅਰ ਅੱਲਾ ਦੀਆਂ ਆਇਤਾਂ ਦੇ ਪ੍ਰਤਜਾਹਾਰ ਵਿਚ ਥੋੜੇ ਦਾਮ ਨਹੀਂ ਲੈਂਦੇ ਇਹ ਵਹੀ ਲੋਗ ਹਨ ਜਿਨਹਾਂ ਦੇ ਅਜ਼ਰ ਉਨਹਾਂ ਦੇ ਪਰਵਰਦਿਗਾਰ ਦੇ ਪਾਸ ਹਨ (ਨਿਰਸੰਦੇਹ ਅੱਲਾ) ਜਲਦੀ ਹਿਸਾਬ ਕਰਨੇ ਵਾਲਾ ਹੈ॥੧੯੯॥ ਮੁਸਲਮਾਨੋ! ਧੀਰਜ ਕਰੋ ਅਰ ਇਕ ਦੂਜੇ ਨੂੰ ਧੀਰਜ ਦੀ ਸਿਖਿਆ ਦੇਂਦੇ ਰਹੋ ਅਰ ਆਪਸ ਵਿਚ ਮਿਲ ਗਿਲ ਕੇ ਰਹੋ ਅਰ ਪ੍ਰਮਾਤਮਾਂ ਥੀਂ ਡਰੋ ਤਾਂ ਤੁਸੀ ਮਨੋਰਥ ਨੂੰ ਪਾਉ ॥ ੨੦੦ ॥ ਰੁਕੂਹ ੨੦ ।

# ਸੂਰਤਨਿਸਾਇ ਮਦੀਨੇਵਿਚ ਉਤਰੀ ਅਰ ਏਸ ਦੀਆਂ ਇਕ ਸੌ ਸਤੱਤ੍ਰ ਆਯਤਾਂ ਅਰ ਚੌਬੀਸ ਰੁਕੂਹ ਹਨ ॥

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ ਅਰ ਕਿਰਪਾਲੂ(ਹੈ) ॥੧॥ ਲੋਗੋ ਆਪਣੇ ਪਰਵਰਦਿਗਾਰ ਪਾਸੋਂ ਡਰੋ ਜਿਸ ਨੇ ਤੁਹਾਨੂੰ ਏਕ ਤਨ (ਅਰਥਾਤ ਆਦਮ) ਥੀਂ ਪੈਦਾ ਕੀਤਾ ਅਰ (ਏਹ ਇਸ ਤਰਹਾਂ) ਕਿ ਓਸ ਵਿਚੋਂ ਓਸ ਦੀ ਤੀਵੀਂ (ਹੱਵਾ) ਨੂੰ ਪੈਦਾ ਕੀਤਾ ਅਰ ਉਨਹਾਂ ਦੋਆਂ (ਮੀਆਂ ਬੀਬੀ) ਥੋਂ ਬਹੁਤ ਸਾਰੇ ਮਰਦ (ਤਥਾ) ਔਰਤਾਂ (ਦੁਨੀਆਂ ਵਿਚ) ਪਸਾਰ ਦਿਤੀਆਂ ਅਰ ਜਿਸ ਖੁਦਾ ਦੇ ਨਾਮ ਦਾ ਤੁਸੀਂ ਵਾਸਤਾ ਪਾਕੇ ਸਵਾਲ ਕਰਦੇ ਹੋ ਓਸ ਦਾ ਅਤੇ ਸੰਬੰਧੀਆਂ ਦਾ ਅੰਗ ਕਰਨਾ ਦ੍ਰਿਸ਼ਟੀ ਗੋਚਰ ਰਖੋ (ਕਾਹੇ ਤੇ) ਅੱਲਾ ਤੁਹਾਡੇ ਹਾਲ ਦਾ ਰਖਵਾਲਾ ਹੈ ॥ ੨ ॥ ਅਰ ਯਤੀਮਾਂ ਦੇ ਮਾਲ ਉਨਹਾਂ ਦੇ ਹਵਾਲੇ ਕਰੋ ਅਰ ਪਵਿਤ੍ਰ ਮਾਲ ਦੀ ਪ੍ਰਤਿਨਿਧ ਵਿਚ ਹਰਾਮ ਦਾ ਮਾਲ ਨਾ ਲਓ ਅਰ ਉਨਹਾਂ ਦੇ ਮਾਲ ਨੂੰ ਆਪਣੇ ਮਾਲ ਨਾਲ ਮਿਲਾ ਕੇ ਖੋਹਾ ਮਾਹੀ ਨਾਂ ਕਰੋ (ਕਾਹੇ ਤੇ) ਏਹ (ਬਹੁਤ ਹੀ) ਬੜਾ ਗਨਾਹ ਹੈ ॥ ੩ ॥ ਅਰ ਯਦੀ ਤੁਹਾਨੂੰ ਏਸ ਬਾਤ ਦਾ ਸੰਭ੍ਰਮ ਹੋਵੇ ਕਿ ਮਹਿਟ੍ਰ ਲੜਕੀਆਂ ਵਿਚ ਇਨਸਾਫ ਕਾਇਮ ਨਾ ਰਖ ਸਕੋਗੇ ਤਾਂ ਆਪਣੀ ਮਰਜੀ ਨਾਲ ਦੋ ਦੋ ਅਰ ਤੀਨ ਤੀਨ ਅਰ ਚਾਰ ਚਾਰ ਇਸਤਰੀਆਂ ਨਾਲ ਨਕਾਹ ਕਰ ਲਵੋ ਪਰੰਚ ਯਦੀ ਤੁਹਾਨੂੰ ਏਸ ਬਾਤ ਦਾ ਸੰਸਾ ਹੋਵੇ ਕਿ (ਬਹੁਤੀਆਂ ਨਾਰੀਆਂ ਵਿਚ) ਬਰਾਬਰੀ (ਨਾਲ ਵਰਤਾਓ) ਨਾ ਕਰ ਸਕਾਂਗੇ ਤਾਂ (ਏਸ ਸੂਰਤ ਵਿਚ) ਇਕ ਹੀ (ਇਸਤ੍ਰੀ ਵਿਵਾਹ ਲੈਣੀ) ਅਥਵਾ ਜੋ(ਦਾਸੀ) ਤੁਹਾਡੇ ਅਧਿਕਾਰ ਵਿਚ ਹੋਵੇ ਇਹ ਇਸ ਯੁਕਤ ਥੀ ਸਮੀਪ ਹੈ ਕਿ ਤੁਸੀਂ ਬੇਇਨਸਾਫੀ ਨਾ ਕਰੋਗੇ॥ ੪ ॥ ਅਰ ਔਰਤਾਂ ਨੂੰ ਉਨਹਾਂ ਦੇ ਮਹਿਰ ਖ਼ੁਸ਼ ਦਿਲੀ ਨਾਲ ਦੇ ਦੇਵੋ ਫੇਰ ਯਦੀ ਉਹ ਪਰਸੰਨਤਾ ਯੁਕਤ ਓਸ ਵਿਚੋਂ ਤੁਹਾਨੂੰ ਕੁਛ ਛੱਡ ਦੇਣ ਤਾਂ ਓਸ ਨੂੰ ਰਚਦਾ ਪਚਦਾ (ਸਮਝਕੇ ਮਜੇ ਨਾਲ) ਖਾਓ

Digitized by Panjab Digital Library | www.panjabdigilib.org

(ਪੀਓ) ॥ ੫ ॥ ਅਰ ਧਨ ਮਾਲ ਜਿਸ ਨੂੰ ਖੁਦਾ ਨੇ ਤੁਹਾਡੇ ਵਾਸਤੇ (ਇਕ ਪ੍ਰਕਾਰ ਦਾ) ਸਹਾਰਾ ਬਨਾਇਆ ਹੈ ਮੂਰਖਾਂ ਨੂੰ ਨਾ ਦਿਓ ਹਾਂ ਉਨਹਾਂ ਵਿਚੋਂ ਉਨਹਾਂ ਦੇ ਖਾਨ ਪਹਿਰਾਨ ਵਿਚ ਖਰਚ ਕਰੋ ਅਰ ਉਨਹਾਂ ਨੂੰ ਨਿਮ੍ਰਤਾ ਨਾਲ ਸਮਝਾ ਦਿਓ ॥ ੬ ॥ ਅਰ ਮਹਿਟਰਾਂ ਨੂੰ ਕੰਮ ਧੰਧੇ ਵਿਚ ਲਗਾਈ ਰਖੋ ਇਤਨਾ ਚਿਰ ਕਿ ਨਕਾਹ (ਦੀ ਅਵਸਥਾ) ਤਕ ਪਹੁੰਚ ਜਾਏਂ ਉਸ ਵੇਲੇ ਜੇਕਰ ਉਨਹਾਂ ਵਿਚ ਯੋਗਤਾ ਦੇਖੋ ਤਾਂ ਓਹਨਾਂ ਦਾ ਧਨ ਮਾਲ ਓਹਨਾਂ ਦੇ ਹਵਾਲੇ ਕਰ ਦਿਓ ਅਰ ਐਸਾ ਨਾ ਕਰਨਾ ਕਿ ਉਹਨਾਂ ਦੇ ਵਡੇ ਹੋਣ ਦੇ ਨਾਲ ਫਜ਼ੂਲ ਖਰਚੀ ਕਰਕੇ ਜਲਦੀ ੨ ਓਹਨਾਂ ਦੇ ਮਾਲ ਨੂੰ ਹੜਪੂ ਕਰ ਜਾਓ ਅਰ ਜੋ (ਵਲੀ ਸਰਪਰਸਤ) ਧਨਾਢ ਹੋਵੇ ਓਸ ਨੂੰ ਬਚਿਆਂ ਰਹਿਣਾ ਚਾਹੀਦਾ ਹੈ ਅਰ ਜੋ ਲੋੜਵੰਦ ਹੋਵੇ, ਉਹ ਮੁਨਾਸਿਬ ਤੌਰ ਥੀਂ ਖਾਏ ਤਾਂ (ਕੋਈ ਡਰ ਨਹੀਂ) ਅਰ ਜਦੋਂ ਉਹਨਾਂ ਦਾ ਧਨ ਮਾਲ ਓਹਨਾਂ ਦੇ ਹਵਾਲੇ ਕਰਨ ਲੱਗੋ ਤਾਂ (ਲੋਕਾਂ ਨੂੰ) ਉਹਨਾਂ ਤੇ ਸਾਖੀ ਠਹਿਰਾ ਲੋ ਵਾਸਤਵ ਵਿਚ ਤਾਂ ਹਿਸਾਬ ਲੈਣ ਵਾਸਤੇ ਅੱਲਾ ਹੀ ਪੂਰਣ ਹੈ ॥੭॥ ਮਾਤਾ ਪਿਤਾ ਅਰ ਸੰਬੰਧੀਆਂ ਦੇ ਤਰਕੇ ਵਿਚ ਥੋੜਾ ਹੈ ਜਾਂ ਬਹੁਤ ਮਰਦਾਂ ਦਾ ਹਿੱਸਾ ਹੈ ਅਰ(ਐਸਾ ਹੀ)ਮਾਤਾ ਪਿਤਾ ਸੰਬੰਧੀਆਂ ਦੇ ਤਰਕੇ ਵਿਚ (ਜੋ ਛਡ ਮਰਨ) ਇਸਤ੍ਰੀਆਂ ਦਾ ਭੀ ਹਿੱਸਾ ਹੈ (ਅਰ ਏਹ) ਵਿਭਾਗ ਨਿਯਤ ਕੀਤਾ ਹੋਇਆ ਹੈ ॥ ੮ ॥ ਅਰ ਜਦੋਂ (ਤਰਕੇ) ਦੇ ਵਿਭਾਗ ਦੇ ਸਮੇਂ ਸੰਬੰਧੀ ਅਰ ਅਨਾਥ ਬਾਲਕ ਅਤੇ ਮਸਕੀਨ ਮੌਜੂਦ ਹੋਣ ਤਾਂ ਓਸ ਵਿਚੋਂ ਉਨਹਾਂ ਨੂੰ ਭੀ ਕੁਛ ਦੇ ਦਿਤਾ ਕਰੋ ਅਰ ਉਹਨਾਂ ਨੂੰ ਕੋਮਲਤਾਈ ਨਾਲ ਸਮਝਾ ਦਿਓ ॥ ੯ ॥ ਅਰ ਹਕਦਾਰ ਦਿਆਂ ਮਾਲਕਾਂ ਨੂੰ ਡਰਨਾ ਚਾਹੀਦਾ ਹੈ ਕਿ ਜੇਕਰ ਉਹ (ਆਪ ਮਰਿਆਂ)ਪਿਛੇ ਨਿਰਬਲ ਔਲਾਦ ਛੜ ਜਾਂਦੇ ਤਾਂ(ਕੀ) ਓਹਨਾਂ ਉਪਰ ਉਹਨਾਂ ਨੂੰ ਤਰਸ(ਨਾ)ਆਉਂਣਾ ਚਾਹੀਏ ਕਿ (ਗਰੀਬਾਂ ਨਾਲ ਸਖਤੀ ਕਰਨ ਵਿਚ)ਅੱਲਾ ਪਾਸੋਂ ਡਰਨ ਅਰ(ਉਹਨਾਂ ਨਾਲ) ਭਲੀ ਤੁਰਾਂ ਬਾਰਤਾ ਕਰਨ ॥ ੧੦ ॥ ਜੋ ਲੋਗ ਨਾਹਕ (ਨਾਰਵਾ) ਅਨਾਥਾਂ ਦਾ ਮਾਲ ਖੁਰਦ ਬੁਰਦ ਕਰਦੇ ਹਨ ਓਹ ਆਪਣੇ ਉਦਰ ਵਿਚ ਬਸ ਅੰਗਾਰੇ ਭਰ ਰਹੇ ਹਨ ਅਰ ਜਲਦੀ ਹੀ ਨਾਰਕੀ ਹੋਣਗੇ ॥ ੧੧ ॥ ਰੁਕੂਹ ੧ ॥

( ਮੁਸਲਮਾਨੋ ! ) ਤੁਹਾਡੀ ਅੰਸ਼ (ਦੇ ਵਿਭਾਗ ਪਰਕਰਣ) ਵਿਚ ਅੱਲਾ ਤੁਹਾਨੂੰ ਕਹਿ ਦੇਂਦਾ ਹੈ ਕਿ ਲੜਕੇ ਨੂੰ ਦੋ ਲੜਕੀਆਂ ਦੇ ਸਮਾਨ ਭਾਗ (ਦਿਤਾ ਕਰੋ) ਫੇਰ ਯਦੀ ਲੜਕੀਆਂ ਦੋ (ਅਥਵਾ) ਦੋ ਥੀਂ ਅਧਿਕ ਹੋਣ ਤਾਂ ਤਰਕੇ ਵਿਚ ਓਹਨਾਂ ਦਾ (ਹਿੱਸਾ) ਦੋ ਤਿਹਾਈ ਅਰ ਯਦੀ ਇਕ ਹੀ ਹੋਵੇ ਤਾਂ ਉਸ ਨੂੰ ਅੱਧਾ ਅਰ ਮ੍ਰਿਤਕ ਦੇ ਮਾਤਾ ਪਿਤਾ ਨੂੰ (ਅਰਥਤ।)

Digitized by Panjab Digital Library | www.panjabdigilib.org

ਦੋਆਂ ਵਿਚੋਂ ਹਰ ਇਕ ਨੂੰ ਤਰਕੇ ਦਾ ਛੇਵਾਂ ਹਿਸਾ ਓਸ ਸੂਰਤ ਵਿਚ ਕਿ ਮ੍ਰਿਤਕ ਦੀ ਔਲਾਦ ਹੋਵੇ ਅਰ ਯਦੀ ਓਸ ਦੀ ਔਲਾਦ ਨਾ ਹੋਵੇ ਅਰ ਓਸ ਦੇ ਵਾਰਸ (ਸਿਰਫ) ਮਾਤਾ ਪਿਤਾ ਹੀ ਹੋਣ ਤਾਂ ਓਸ ਦੀ ਮਾਤਾ ਦਾ ਤੀਸਰਾ ਵਿਭਾਗ ਪਰੰਤੂ ਯਦੀ (ਮਾਤਾ ਪਿਤਾ ਥੀਂ ਭਿੰਨ) ਮ੍ਰਿਤਕ ਦੇ (ਇਕ ਥੀਂ ਅਦਕ) ਭਾਈ ਹੋਣ ਤਾਂ ਮਾਤਾ ਦਾ ਛਟਵਾਂ ਵਿਭਾਗ (ਪਰੰਤੂ ਏਹ ਵਿਭਾਗ) ਮ੍ਰਿਤਕ ਦੀ ਵਸੀਅਤ ਅਤੇ ਰਿਣ ਦੇ (ਉਤਾਰਨ) ਪਿਛੋਂ (ਦਿਤੇ ਜਾਣ) ਤੁਸੀਂ ਆਪਣੇ ਪਿਤਾ (ਪਿਤਾਮਾ) ਅਰ ਬੇਟੇ (ਤਥਾ ਪੋਤ੍ਰੇ ਅਰਥਾਤ ਸ਼ਾਖਾ ਨੂੰ) ਨਹੀਂ ਜਾਣ ਸਕਦੇ ਕਿ ਲਾਭ ਪਹੁੰਚਾਵਣ ਦੇ ਇਤਬਾਰ ਨਾਲ ਏਹਨਾਂ ਵਿਚੋਂ ਕੌਨ ਸਾ ਤੁਸਾਂ ਨਾਲੋਂ ਬਹੁਤ ਸਮੀਪੀ ਹੈ ਹਿਸਿਆਂ ਦਾ ਨਿਯਤ ਕਰਨਾ ਅੱਲਾ ਦਾ ਠਹਿਰਾਇਆ ਹੋਇਆ ਹੈ ਅਰ ਨਿਰਸੰਦੇਹ ਅੱਲਾ (ਸਭ ਕੁਛ) ਜਾਣਦਾ ਅਰ ਯੁਕਤੀ ਮਾਨ ਹੈ ॥ ੧੨ ॥ ਅਰ ਜੋ (ਤਰਕਾ) ਤੁਹਾਡੀਆਂ ਇਸਤ੍ਰੀਆਂ ਛਡ ਮਰਨ ਯਦੀ ਓਹਨਾਂ ਦੇ ਅੰਸਾ ਨਹੀਂ ਤਾਂ ਓਹਨਾਂ ਦੇ ਤਰਕੇ ਵਿਚ ਤੁਹਾਡਾ ਅਧਾ ਅਰ ਯਦੀ ਉਨਹਾਂ ਦੇ ਅੰਸਾ ਹੈ ਤਾਂ ਓਹਨਾਂ ਦੇ ਤਰਕੇ ਵਿਚ ਤੁਹਡਾ ਚੌਥਾ (ਪਰੰਤੂ) ਓਹਨਾਂ ਦੀ ਵਸੀਅਤ ਤਥਾ ਰਿਣ ਦੇ (ਅੱਧਾ) ਕਰਨ ਥੀਂ ਪਿਛੋਂ ਅਰ (ਯਦੀ) ਤੁਸੀਂ ਕੁਛ (ਤਰਕਾ) ਛਡ ਮਰੋ ਅਰ ਤੁਹਾਡੀ ਕੁਛ ਔਲਾਦ ਨਾ ਹੋਵੇ ਤਾਂ ਇਸਤ੍ਰੀਆਂ ਦਾ ਚੌਥਾ (ਹਿਸਾ) ਅਰ ਯਦੀ ਤੁਹਾਡੀ ਔਲਾਦ ਹੋਵੇ ਤਾਂ ਤੁਹਾਡੇ ਤਰਕੇ ਵਿਚੋਂ ਇਸਤ੍ਰੀਆਂ ਦਾ ਅਠਵਾਂ (ਹਿਸਾ) (ਅਰ ਇਹ ਹਿਸੇ ਭੀ) ਤੁਹਾਡੀ ਵਸੀਅਤ ਦੀ ਅਰ ਰਿਣ ਦੇ (ਅਦਾ) ਕੀਤਿਆਂ ਪਿਛੋਂ (ਦਿਤੇ ਜਾਣ) ਅਰ ਯਦੀ ਕਿਸੀ ਇਸਤ੍ਰੀ ਤਥਾ ਪੁਰਖ ਦੀ ਮੀਰਾਸ ਹੋਵੇ ਅਰ ਉ. ਦੇ ਪਿਤਾ ਪੂਤ (ਅਰਥਾਤ ਅਸਲ ਤਥਾ ਸ਼ਾਖ) ਨਾ ਹੋਵੇ ਅਰ (ਦੂਸਰੀ ਮਾਤਾ ਸੇ) ਓਸ ਦੇ ਭਾਈ ਤਥਾ ਭੈਣਾਂ ਹੋਣ ਤਾਂ ਇਹਨਾਂ ਵਿਚੋਂ ਹਰ ਇਕ ਦਾ ਛੇਵਾਂ (ਹਿਸਾ) ਅਰ ਯਦੀ ਇਕ ਤੋਂ ਬਹੁਤ ਹੋਣ ਤਾਂ ਇਕ ਤਿਹਾਈ ਵਿਚ ਸਾਰੇ ਸ਼ਰੀਕ (ਇਹ ਹਿਸੇ ਭੀ) ਮ੍ਰਿਤਕ ਦੀ ਵਸੀਅਤ (ਦੀ ਤਾਮੀਲ) ਅਰ ਰਿਣ ਦਿਤਿਆਂ ਪਿਛੋਂ (ਦਿਤੇ ਜਾਣ) ਇਸ ਨਿਯਮ ਪਿਛੇ ਕਿ ਮ੍ਰਿਤਕ ਨੇ (ਹੋਰਨਾਂ ਦੀ) ਹਾਨੀ ਨਾ ਕੀਤਾ ਹੋਵੇ (ਇਹ) ਹੁਕਮ ਇਲਾਹੀ ਹੈ ਅਰ ਅੱਲਾ (ਸਭ ਕੁਛ) ਜਾਣਦਾ ਅਰ ਸਹਾਰਦਾ ਹੈ ॥ ੧੩ ॥ ਇਹ ਅੱਲਾ ਦੀਆਂ (ਬਧੀਆਂ ਹੋਈਆਂ) ਸੀਮਾਂ ਹਨ ਅਰ ਜੋ ਅੱਲਾ ਅਰ ਓਸ ਦੇ ਰਸੂਲ ਦੇ ਹੁਕਮ ਉਤੇ ਚਲੇਗਾ (ਅੰਤ ਨੂੰ) ਅੱਲਾ ਓਸ ਤਾਈਂ ਐਸਿਆਂ ਬਾਗਾਂ ਦੇ ਵਿਚ (ਲੇ ਜਾ) ਦਾਖਲ ਕਰੇਗਾ ਜਿਨ੍ਹਾਂ ਦੇ ਹੇਠਾਂ ਨਹਿਰਾਂ ਵਗਰਹੀਆਂ ਹੋਣਗੀਆਂ (ਅਰ ਉਹ) ਓਹਨਾਂ ਵਿਚ ਸਦੈਵ (ਸਦੈਵ) ਰਹਿਣਗੇ ਅਰ ਏਹ ਬਹੁਤ ਹੀ ਸਫਲਤਾ ਹੈ ॥ ੧੪ ॥ ਅਰ ਜੋ ਅੱਲਾ ਅਰ ਉਸ ਦੇ ਰਸੂਲ

Digitized by Panjab Digital Library | www.panjabdigilib.org

ਦੀ ਆਗਿਆ ਵਿਭੰਗ ਕਰੇ ਅਰ ਅੱਲਾ ਦੀਆਂ (ਬਧੀਆਂ ਹੋਈਆਂ) ਸੀਮਾਂ ਨੂੰ ਉਲੰਘਣ ਕਰ ਚਲੇ (ਤਾਂ ਅੱਲਾ) ਓਸ ਨੂੰ ਨਰਕਾਂ ਵਿਚ (ਜਾ) ਸਿਟੇਗਾ (ਅਰ ਉਹ) ਓਸ ਵਿਚ ਸਦੈਵ (੨) ਰਹੇਗਾ ਅਰ ਓਸ ਨੂੰ ਜ਼ਿੱਲਤ ਦੀ ਮਾਰ ਮਾਰੀ ਜਾਵੇਗੀ ॥ ੧੫ ॥ ਰੁਕੂਹ ੨ ॥

ਅਰ (ਮੁਸਲਮਾਨੋ) ਤੁਹਾਡੀਆਂ ਇਸਤ੍ਰੀਆਂ ਵਿਖਜ ਜੌਨਸੀਆਂ ਇਸਤ੍ਰੀਆਂ ਵਿਭਚਾਰਨਾ ਹੋਣ ਤਾ ਇਹਨਾ ਦੇ (ਵਿਭਚਾਰ) ਉਤੇ ਆਪ-ਣਿਆਂ ਲੋਗਾਂ ਵਿਚੋਂ ਚਾਰ ਦੀ ਗਵਾਹੀ ਲਓ ਬਸ ਜੇਕਰ ਗਵਾਹ (ਉਸ ਦੀ ਬਦਕਾਰੀ ਦੀ) ਤਸਦੀਕ ਕਰਨ ਤਾਂ (ਦੰਡ ਦੇ ਤੌਰ ਉਤੇ) ਉਹਨਾਂ (ਇਸਤ੍ਰੀਆਂ) ਨੂੰ ਘਰਾਂ ਵਿਚ ਬੰਦ ਰਖੋ ਏਥੋਂ ਤਕ ਕਿ ਮੌਤ ਓਹਨਾਂ ਦਾ ਘਾੜ੍ਹਾ ਘੜ ਛਡੇ ਅਥਵਾ ਅੱਲਾ ਓਹਨਾਂ ਵਾਸਤੇ ਕੋਈ (ਹੋਰ) ਮਾਰਗ ਨਿਕਾਸ ਦੇਵੇ ॥ ੧੬ ॥ ਅਰ ਜੋ ਦੋ ਆਦਮੀ ਤੁਹਾਡੇ ਵਿਚੋਂ ਬਦਕਾਰੀ ਦੇ ਕਰਨ ਵਾਲੇ ਹੋਣ ਤਾਂ ਓਹਨਾਂ ਨੂੰ ਮਾਰੋ ਕੁਟੋ ਫੇਰ ਯਦੀ ਤੋਬਾ ਕਰਨ ਅਰ ਆਪਣੀ ਦਸ਼ਾ ਦਾ ਸੁਧਾਰ ਕਰ ਲੈਣ ਤਾਂ ਓਹਨਾਂ ਦਾ ਧਿਆਨ ਛਡ ਦਿਓ ਕਾਹੇ ਤੇ ਅੱਲਾ ਵਡਾ ਤੋਬਾ ਕਬੂਲ ਕਰਨ ਵਾਲਾ ਮੇਹਰਬਾਨ ਹੈ ॥ ੧੭ ॥ ਅੱਲਾ ਤੋਬਾ (ਤਾਂ) ਕਬੂਲ ਕਰਦਾ ਹੀ ਹੈ (ਪਰੰਚ) ਓਹਨਾਂ ਹੀ ਲੋਗਾਂ ਦੀ ਜੋ ਮੂਰਖ ਪੁਣੇ ਵਿਚ ਕੁਈ ਬੁਰੀ ਹਰਕਤ ਕਰ ਬੈਠਣ ਅਰ ਪੁਨਃ ਜਲਦੀ ਨਾਲ ਤੋਬਾ ਕਰ ਲੈਣ ਤਾਂ ਅੱਲਾ ਵੀ ਐਸਿਆਂ ਹੀ ਲੋਗਾਂ ਦੀ ਤੋਬਾ ਪਰਵਾਨ ਕਰਦਾ ਹੈ ਅਰ ਅੱਲਾ (ਸਭ ਦੀ ਦਸ਼ਾ) ਜਾਣਦਾ (ਅਰ) ਯੁਕਤੀ ਦਾਤਾ ਹੈ ॥ ੧੮ ॥ ਅਰ ਓਹਨਾਂ ਲੋਗਾਂ ਦੀ ਤੋਬਾ ਕਬੂਲ ਨਹੀਂ ਜੋ ਨਖਿਧ ਕਰਮ ਕਰਦੇ ਰਹੇ ਹਨ ਏਥੋਂ ਤਕ ਕਿ ਓਹਨਾਂ ਵਿਚੋਂ ਜਦੋਂ ਕਿਸੇ ਨੂੰ ਕਾਲ ਨੇ ਆਕੇ ਗ੍ਰਸਿਆ ਤਾਂ ਲਗੇ ਕਹਿਣ ਕਿ ਹੁਣ ਮੇਰੀ ਤੋਬਾ ਅਰ (ਏਸੇ ਤਰਹਾਂ) ਓਹਨਾਂ ਦੀ(ਤੋਬਾ) ਭੀ (ਪ੍ਰਵਾਨ) ਨਹੀਂ ਜੋ ਕਾਫਰ ਹੀ ਮਰ ਗਏ ਏਹੋ ਲੋਗ ਹਨ ਜਿਨਹਾਂ ਵਾਸਤੇ ਅਸਾਂ ਅਸਹਿ ਦੁਖ ਤਿਆਰ ਕਰ ਛਡਿਆ ਹੈ ॥ ੧੯ ॥ ਮੁਸਲਮਾਨੋਂ ਤੁਹਾਨੂੰ ਯੋਗ ਨਹੀਂ ਕਿ*ਇਸਤ੍ਰੀਆਂ ਨੂੰ ਮੀਰਾਸ ਸਮਝਕੇ ਬਦੋ ਬਦੀ ਉਹਨਾਂ ਉਤੇ ਆਪਣਾ ਕਬਜ਼ਾ ਕਰ ਲਓ ਅਰ ਜੋ ਕੁਛ ਤੁਸਾਂ ਨੇ ਓਹਨਾਂ ਨੂੰ ਦਿਤਾ ਹੈ ਉਸ ਵਿਚੋਂ ਕੁਝ ਖੁਹ ਖਸੋਟ ਲੈਣ ਦੀ ਨੀਅਤ ਨਾਲ ਓਹਨਾਂ ਨੂੰ (ਘਰਾਂ ਵਿਚ) ਬੰਦ ਨਾਂ ਰਖੋ (ਕੇ ਦੂਸਰੇ ਨਾਲ ਵਿਵਾਹ ਨਾ ਕਰ ਸਕਨ) ਹਾਂ ਓਹਨਾਂ ਤੋਂ ਕੋਈ ਪਰਤੱਖ ਬਦਕਾਰੀ ਹੋ ਜਾਵੇ (ਤਾਂ ਕਾਰਾਗਾਰ ਵਿਚ ਰੱਖਣ ਦਾ

*ਅਰਬ ਵਿਚ ਰਵਾਜ ਸੀ ਕਿ ਜਦੋਂ ਕੋਈ ਮਰ ਜਾਂਦਾ ਤਾਂ ਪਿਛੋਂ ਉਸ ਦੀ ਇਸਤ੍ਰੀ ਭੀ ਓਸਦੀ ਜਾਇਦਾਦ ਸਮਝਕੇ ਹੀ ਸਾਂਭ ਲੈਂਦੇ ਏਥੋਂ ਤੱਕ ਕਿ ਮਾਤ੍ਰ ਮਾਂ ਨੂੰ ਭੀ ਸਾਂਭ ਲੈਂਦੇ ਅਤੇ ਵਿਭਚਾਰ ਕਰਦੇ ।

Digitized by Panjab Digital Library | www.panjabdigilib.org

ਕੋਈ ਡਰ ਨਹੀਂ) ਅਰ ਇਸਤ੍ਰੀਆਂ ਨਾਲ ਮੋਹ ਪਿਆਰ ਨਾਲ ਬੈਠੋ ਉਠੋ ਅਰ (ਫਿਰ ਯਦੀ) ਤੁਹਾਨੂੰ ਇਸਤ੍ਰੀ ਨਾ ਪਸੰਦ ਹੋਵੇ ਤਾਂ ਕੋਈ ਅਸੰਭਵ ਨਹੀਂ ਕਿ ਤੁਹਾਨੂੰ ਇਕ ਵਸਤੂ ਨਾ ਪਸੰਦ ਹੋਵੇ ਅਰ ਅੱਲਾ ਓਸ ਵਿਚ ਤੁਹਾਨੂੰ ਬਹੁਤ ਸਾਰੀ ਖੈਰ (ਤਥਾ ਬਰਕਤ) ਦੇਵੇ ॥ ੨੦ ॥ ਅਰ ਯਦੀ ਤੁਹਾਡਾ ਚਿਤ ਇਕ ਇਸਤ੍ਰੀ ਨੂੰ ਬਦਲਕੇ ਉਹ ਦੀ ਜਗਾ ਦੂਸਰੀ ਇਸਤ੍ਰੀ ਨੂੰ ਕਰ ਲੈਣ ਦਾ ਤਾਂ ਯਦਜਪੀ ਤੁਸਾਂ ਪਹਿਲੀ ਇਸਤਰੀ ਨੂੰ ਢੇਰਾਂ ਦੇ ਢੇਰ ਧਨ ਮਾਲ ਦੇ ਦਿਤਾ ਹੋਵੇ ਫਿਰ ਵੀ ਓਸ ਵਿਚੋਂ ਕੁਛ ਭੀ (ਵਾਪਸ) ਨਾ ਲੈਣਾ ਕੀ ਤੁਸੀਂ ਕਿਸੇ ਤਰਹਾਂ ਦਾ ਬੋਹਤਾਨ ਲਗਾਕੇ ਅਰ ਖੁਲੀ ਬੇਢੰਗੀ (ਕੋਝੀ) ਬਾਤ ਕਰਕੇ ਅਪਣਾ ਦਿਤਾ ਹੋਇਆ ਲੈਂਦੇ ਹੋ ॥ ੨੧ ॥ (ਭਲਾ) ਦਿਤਾ ਹੋਇਆ ਕਿਸ ਤਰਹਾਂ (ਵਾਪਸ) ਲੈ ਲਓਗੇ ਹਾਲਾਂਕਿ ਤੁਸੀਂ ਆਪਸ ਵਿਚ ਸਪਰਸ਼ ਹੋ ਚੁਕੇ ਹੋ ਅਰ ਇਸਤਰੀਆਂ (ਨਕਾਹ ਦੇ ਵੇਲੇ ਮਹਿਰ ਤਥਾ ਘਰ ਦੇ ਖਰਚ ਦੀ) ਤੁਹਾਡੇ ਪਾਸੋਂ ਸਤ ਪ੍ਰਤਗਜਾ ਲੈ ਚੁਕੀਆਂ ਹਨ ॥ ੨੨ ॥ ਅਰ ਜਿਨਹਾਂ ਇਸਤਰੀਆਂ ਨਾਲ ਤੁਹਾਡੇ ਪਿਤਾ ਨੇ ਨਕਾਹ ਕੀਤਾ ਹੋਵੇ ਤੁਸਾਂ ਓਹਨਾਂ ਨਾਲ ਨਕਾਹ ਨਾ ਕਰਨਾ ਪਰੰਚ ਜੋ ਹੋ ਚੁਕਾ ਏਹ ਬਹੁਤ ਬੇ ਹਯਾਈ ਅਤੇ ਕਹਿਰ ਦੀ ਗਲ ਸੀ ਅਰ ਬਹੁਤ ਹੀ ਬੁਰਾ ਦਸਤੂਰ ਸੀ ॥ ੨੩ ॥ ਰੁਕੂਹ ੩॥

( ਮੁਸਲਮਾਨੋ ) ਤੁਹਾਡੇ ਉਤੇ ਤੁਹਾਡੀਆਂ ਮਾਈਆਂ ਅਰ ਤੁਹਾਡੀਆਂ ਬੇਟੀਆਂ ਅਰ ਤੁਹਾਡੀਆਂ ਬਹਿਣਾਂ ਅਰ ਤੁਹਾਡੀਆਂ ਫੁਫੀਆਂ ਅਰ ਤੁਹਾਡੀਆਂ ਮਾਸੀਆਂ ਅਰ ਭਤੀਜੀਆਂ ਤਥਾ ਭਾਨਜੀਆਂ ਅਰ ਤੁਹਾਡੀ ਦਾਈਆਂ ( ਉਪਮਾਤਾ) ਜਿਨਾਂ ਨੇ ਤੁਹਾਨੂੰ ਦੁਧ ਪਿਲਾਇਆ ਅਰ ਤੁਹਾਡੀਆਂ ਦੁਧ ਸ਼ਰੀਕਾਂ ਭੈਣਾਂ ਅਰ ਤੁਹਾਡੀਆਂ ਸਸਾਂ (ਏਹ ਸਭ) ਤੁਹਾਡੇ ਉਤੇ ਹਰਾਮ ਹਨ ਅਰ ਜਿਨਹਾਂ ਇਸਤਰੀਆਂ ਨਾਲ ਤੁਸੀਂ ਰਮਣ ਕਰ ਚੁਕੇ ਹੋ ਓਹਨਾਂ ਦੇ ਪਿਛ ਲਗ ਲੜਕੀਆਂ ਜੋ ( ਪ੍ਰਾਯਾ ) ਤੁਹਾਡੀ ਗੋਦੀਆਂ ਵਿਚ ਪਰਵਰਸ਼ ਪਾਂਦੀਆਂ ਹਨ ਪਰੰਚ ਯਦੀ ਏਹਨਾਂ ਇਸਤਰੀਆਂ ਨਾਲ ਤੁਸਾਂ ਸੇਜਾ ਨਾਂ ਮਾਣੀ ਹੋਵੇ ਤਾਂ ( ਪਿਛ ਲਗ ਲੜਕੀਆਂ ਨਾਲ ਨਕਾਹ ਕਰਨਾ ) ਤੁਸਾਂ ਉਤੇ ਕੁਝ ਪਾਪ ਨਹੀਂ ਅਰ ( ਤੁਹਾਡੀਆਂ ਨੋਹਾਂ ਅਰਥਾਤ ) ਤੁਹਾਡੇ (ਆਪਣੇ) ਸਕੇ ਪੁਤਰਾਂ ਦੀਆਂ ਇਸਤਰੀਆਂ ( ਭੀ ਤੁਹਾਡੇ ਉਤੇ ਹਰਾਮ ਹਨ) ਅਰ ਦੋ ਸਹੋਦਰ ਭੈਣਾਂ ਦਾ ਇਕ ਸਾਥ ( ਨਿਕਾਹ ਵਿਚ ) ਰਖਣਾ ( ਭੀ ਤੁਹਾਡੇ ਉਤੇ ਹਰਾਮ ਹੈ ) ਪਰੰਚ ਜੋ ਹੋਚੁਕਾ ( ਸੋ ਹੋ ਚੁਕਾ) ਨਿਰਸੰਦੇਹ ਅੱਲਾ ਮਾਫ ਕਰਨੇ ਵਾਲਾ ਮੇਹਰਬਾਨ ਹੈ ॥੨੪॥ *ਅਰ ਪਤੀ ਵਾਲੀਆਂ ਇਸਤਰੀਆਂ

*ਪੰਜਵਾਂ ਪਾਰਾ "ਵਲ ਮੁਹਸਨਾਤ ਨਾਮੀ" ਚਲਿਆ ।

Digitized by Panjab Digital Library | www.panjabdigilib.org

ਕੋ ਵਿਵਾਹ ਵਿਚ ਲਾਨਾ ਭੀ ਹਰਾਮ ਹੈ ਪਰੰਤੂ ਉਹ ਜੋ ( ਕਾਫਰਾਂ ਦੀ ਲੜਾਈ ਵਿਚ ਕੈਦ ਹੋਕੇ) ਤੁਹਾਡੇ ਹਥਾਂ ਦੇ ਅਧੀਨ ਹੋਗਈਆਂ ਹਨ (ਇਹ) ਹੁਕਮ ਖੁਦਾ ਦੀ ਲੇਖਣੀ ਦੁਆਰਾ ਲਿਖ ਦਿਤਾ ਅਰ ( ਜੋ ਇਸਤਰੀਆਂ ਤੁਹਾਡੇ ਉਤੇ ਹਰਾਮ ਕੀਤੀਆਂ ਗਈਆਂ) ਉਨਹਾਂ ਤੋਂ ਸਿਵਾ ( ਹੋਰ ਸਾਰੀਆਂ) ਤੁਹਾਡੇ ਵਾਸਤੇ ਹਲਾਲ ਹਨ ਪਰੰਤੂ ਕਾਮਬਾਸ਼ਨਾ ਦੇ ਵਾਸਤੇ ਨਹੀਂ ਪਰੰਚ ਕੈਦ (ਨਕਾਹ) ਵਿਚ ਲੈ ਆਉਣ ਦੇ ਪ੍ਰਯੋਜਨ ਨਾਲ ਧਨ ( ਹੱਕ ਮੇਹਰ) ਦੇ ਬਦਲੇ ਨਕਾਹ ਕਰਨਾ ਚਾਹੇ ਫੇਰ ਜਿਨਹਾਂ ਇਸਤਰੀਆਂ ਨਾਲ ਤੁਸਾਂ ( ਕਾਮ ਕ੍ਰੀੜਾ ਵਿਖਜ ) ਰਸ ਲੀਤਾ ਹੋਵੇ ਤਾਂ ਉਨਹਾਂ ਨਾਲ ਜੋ ਮਹਿਰ ਤੁਸਾਂ ਧਾਰਿਆ ਹੋਵੇ ਉਨਹਾਂ ਨੂੰ ਦੇ ਦਿਓ ਅਰ ਨਿਯਤ ਕੀਤਿਆਂ ਪਿਛੋਂ ( ਮਿਹਰ ਦੇ ਨਯੂਨਾਧਿਕ ਕਰਨ ਵਿਚ ) ਆਪਸ ਮੇਂ ( ਕਿਸ ਬਾਰਤਾ ਪਰ)ਰਾਜੀ ਹੋਂਜਾਓ ਤਾਂ ਤੁਹਾਡੇ ਵਾਸਤੇ ਏਸ ਬਾਤ ਦਾ ਕੋਈ ਦੋਖ ਨਹੀਂ ਅੱਲਾ (ਸੰਪੂਰਣਾਂ ਦੇ ਹਾਲ ਥੀਂ) ਗਿਯਾਤ ਹੈ ਅਰ ( ਸੰਪੂਰਣ ਵਿਵਹਾਰ ) ਯੁਕਤਿ ਅਨਸਾਰ ਕਰਚਾ ਹੈ ॥ ੨੫ ॥ ਅਰ ਤੁਹਾਡੇ ਵਿਚੋਂ ਜਿਸਨੂੰ ਮੁਸਲਮਾਨ ਇਸਤਰੀਆਂ ਨਾਲ ਨਕਾਹ ਕਰਨ ਦੀ ਸਮਰਥ ਨਾਂ ਹੋਵੇ ਤਾਂ ਖ਼ੈਰ ਦਾਸੀਆਂ (ਹੀ) ਜੋ ਤੁਸਾਂ ਮੁਸਲਮਾਨਾਂ ਦੇ ਕਬਜ਼ੇ ਵਿਚ ਆ ਜਾਣ ( ਨਕਾਹ ਕਰ ਲੋ ) ਇਸ ਨਿਯਮ ਪਰ ਕਿ ਉਹ ਈਮਾਨ ਰਖਦੀਆਂ ਹੋਣ ਅਰ ਅੱਲਾ ਤੁਹਾਡੇ ਈਮਾਨ ਨੂੰ ਖ਼ੂਬ ਜਾਣਦਾ ਹੈ (ਮਾਨੁਖ ਜੋਨੀ ਹੋਣ ਕਰਕੇ) ਤੁਸੀਂ ਇਕ ਦੂਸਰੇ ਦੇ ਸਹਿਜਾਤੀ ਹੋ ਫਿਰ ਲੌਂਡੀ ਵਾਲਿਆਂ ਦੀ ਸੰਮਤੀ ਨਾਲ ਓਹਨਾਂ ਨਾਲ ਨਕਾਹ ਕਰ ਲਓ ਅਰ ਰੀਤ ਅਨਸਾਰ ਉਨ੍ਹਾਂ ਦਾ ਮਹਿਰ ਉਨ੍ਹਾਂ ਦੇ ਹਵਾਲੇ ਕਰ ਦਿਓ ਪਰੰਚ ਸ਼ਰਤ ਇਹ ਹੈ ਕੇ ( ਨਕਾਹ ਦੀ ) ਸੀਮਾਂ ਵਿਖੇ ਲਿਆਂਦੀਆਂ ਜਾਨ ਨਾਂ ਵਿਭਚਾਰਣੀਆਂ ਅਰ ਗੁਪਤ ਯਾਰ ਰੱਖਣ ਵਾਲੀਆਂ ਫੇਰ ਯਦੀ ( ਨਕਾਹ ਦੀ ) ਕੈਦ ਵਿਖਯ ਆਇਆਂ ਪਿਛੋਂ ਕੋਈ ਨਿਲੱਜਤਾਈ ਦਾ ਵਿਵਿਹਾਰ ਕਰਨ ਤਾਂ ਜੋ ਦੰਡ ਤੀਵੀਂ ਨੂੰ ਸੀ ਓਸ ਨਾਲੋਂ ਅੱਧਾ ਲੌਂਡੀ ਨੂੰ। ਲੌਂਡੀ ਨਾਲ ਨਕਾਹ ਕਰਨ ਦੀ ਆਗਿਆ ਉਸੀ ਨੂੰ ਹੈ ਜਿਸ ਨੂੰ ਤੁਹਾਡੇ ਵਿਚੋਂ ਗੁਨਾਹ ( ਕਰ ਬੈਠਣ ) ਦਾ ਖੌਫ ਹੋਵੇ ਅਰ ਸਬਰ ਕਰੇ ਤਾਂ ਤੁਹਾਡੇ ਹੱਕ ਵਿੱਚ ਬਹੁਤ ਉੱਤਮ ਹੈ ਅਰ ਅੱਲਾ ਮਾਫ ਕਰਨੇ ਵਾਲਾ ਮਿਹਰਬਾਨ ਹੈ ॥ ੨੬ ॥ ਰੁਕੂਹ ੪ ॥

ਅੱਲਾ ਚਾਹੁੰਦਾ ਹੈ ਕਿ ਜੋ ਤੁਹਾਡੇ ਨਾਲੋਂ ਪ੍ਰਿਥਮ ( ਹੋ ਚੁਕੇ ਹਨ ) ਉਨ੍ਹਾਂ ਦੇ ਮਾਰਗ ਤੁਹਾਡੇ ਅੱਗੇ ਵਸਤਾ ਪੂਰਵਕ ਵਰਣਨ ਕਰੇ ਅਰ ਤੁਹਾਨੂੰ ਉਨਹਾਂ ਰਸਤਿਆਂ ਦਾ ਰਾਹੀ ਕਰੇ ਅਰ ਤੁਹਾਡੇ ਓਪਰ ਖਛਿਮਾ ਕਰੇ ਅਰ ਅੱਲਾ ( ਸਭ ਕੁਛ ) ਜਾਣਦਾ ਹੈ ਅਰ ਹਿਕਮਤ ਵਾਲਾ ਹੈ ॥ ੨੭ ॥ ਅਰ ਅੱਲਾ ਚਾਹੁੰਦਾ ਹੈ ਕਿ ਤੁਹਾਡੇ ਉੱਪਰ ਮਿਹਰ ਦੀ

Digitized by Panjab Digital Library | www.panjabdigilib.org

ਦ੍ਰਿਸ਼ਟੀ ਰਖੇ ਅਰ ਜੋ ਲੋਗ ਇੰਦਰੀ ਵਾਸਨਾਂ ਦੇ ਪਿਛੇ ਪੜੇ ਹੋਏ ਹਨ ਓਹਨਾਂ ਦਾ ਪ੍ਰਯੋਜਨ ਇਹ ਹੈ ਕੇ ਤੁਸੀਂ (ਕੁਮਾਰਗੀ ਹੋਕਰ) ਦੂਰ ਦੁਰੇਡੇ ਹੋ ਜਾਉ॥੨੮॥ ਅੱਲਾ ਚਾਹੁੰਦਾ ਹੈ ਕਿ ਤੁਹਾਡੇ ਉਪਰੋਂ ( ਭਾਰ ) ਹੌਲਾ ਕਰੇ ਕਾਹੇ ਤੇ ਇਨਸਾਨ (ਸੁਭਾਓ ਦਾ) ਕਮਜੋਰ ਪੈਦਾ ਕੀਤਾ ਗਿਆ ਹੈ ॥ ੨੯ ॥ ਮੁਸਲਮਾਨੋ ! ਨਾਹੱਕ ( ਨਾਰਵਾ ) ਇਕ ਦੂਸਰੇ ਦਾ ਮਾਲ ਅੱਗੇ ਪਿਛੇ ਨਾ ਕੀਤਾ ਕਰੋ ਹਾਂ ਆਪਸ ਵਿਚ ਰਾਜੀਨਾਵੇਂ ਨਾਲ ਵਿਆਪਾਰ ( ਤਾਂ ਅਜੋਗ ਨਹੀਂ ) ਅਰ ( ਆਪ ) ਆਤਮ ਘਾਤੀ ਨਾ ਬਣੋ ਅੱਲਾ ਤੁਹਾਡੇ ਉਪਰ ਮਿਹਰਬਾਨ ਹੈ ॥ ੩੦ ॥ ਅਰ ਜੋ ਜੋਰ ਜੁਲਮ ਨਾਲ ਐਸਾ ( ਕੰਮ ) ਕਰੇਗਾ ( ਅਰਥਾਤ ਪਰ ਧਨ ਖਾ ਜਾਵੇਗਾ ਤਾਂ) ਅਸੀਂ ਓਸ ਨੂੰ ਅਗਨੀ ਵਿਚ ( ਲੈ ਜਾਕੇ ) ਸਿਟ ਦੇਵਾਂਗੇ ਅਰ ਇਹ ਅੱਲਾ ਦੇ ਪਾਸ ( ਇਕ ) ਸੁਖੈਨ ( ਜੈਸੀ ਵਾਰਤਾ ) ਹੈ ॥ ੩੧ ॥ ਜਿਨਾਂ ਵਿਹਾਰਾਂ ਦੇ ਕਰਨ ਥੀਂ ਤੁਹਾਨੂੰ ਹਟਕਿਆ ਜਾਂਦਾ ਹੈ ਯਦੀ ਤੁਸੀਂ ਉਨਹਾਂ ਵਿਚੋਂ ਵਡਿਆਂ ੨ ਗੁਨਾਹਾਂ ਥੀਂ ਬਚੇ ਰਹੋਗੇ ਤਾਂ ਅਸੀਂ ਤੁਹਾਡੇ ( ਨਿਕੇ ੨ ) ਦੋਸ਼ ਮਿਟਾ ਦੇਵਾਂਗੇ । ਅਰ ਤੁਹਾਨੂੰ ਲੈਜਾਕੇ ਸਤਕਾਰ ਵਾਲੇ ਅਸਥਾਨ ਵਿਚ ਅਸਥਾਪਨ ਕਰਾਂਗੇ ॥ ੩੨ ॥ ਅਰ ਖੁਦਾ ਨੇ ਜੋ ਤੁਹਾਨੂੰ ਇਕ ਦੂਸਰੇ ਉਪਰ ਵਡਿਆਈ ਦੇ ਛਡੀ ਹੈ ਓਸ ਦਾ ਕੁਛ ਅਰਮਾਨ ਨਾ ਕਰੋ ਮਰਦਾਂ ਨੇ ਯਥਾ ਕਰਮ ਕੀਤੇ ਹੋਣਗੇ ਉਨਹਾਂ ਨੂੰ ਉਨਹਾਂ ਦਾ ਹਿਸਾ ਅਰ ਇਸਤ੍ਰੀਆਂ ਨੇ ਜੈਸੇ ਕਰਮ ਕੀਤੇ ਹੋਣਗੇ ਉਨਹਾਂ ਨੂੰ ਉਨਹਾਂ ਦਾ ਹਿਸਾ ਅਰ(ਸਰਬਦਾ ਕਾਲ) ਅੱਲਾ ਪਾਸੋਂ ਓਸ ਦਾ ਫਜ਼ਲ ਮੰਗਦੇ ਰਹੋ ਅੱਲਾ ਹਰ ਵਸਤੂ ਨੂੰ ਜਾਂਣਦਾ ਹੈ ॥ ੩੩ ॥ ਅਰ ਜੋ (ਤਰਕਾ) ਮਾਤਾ ਪਿਤਾ ਤਥਾ ਸੰਬੰਧੀ ਛੱਡ ਮਰਨ ਤਾਂ ਅਸਾਂ ਨੇ ਹਰ ਏਕ (ਮਰਨ ਵਾਲੇ ਦੀ ਮਾਲਕੀ) ਦੇ ਹੱਕ ਦਾਰ ਨਿਯਤ ਕਰ ਦਿਤੇ ਹਨ ਅਰ ਜਿਨਹਾਂ ਲੋਗਾਂ ਦੇ ਨਾਲ ਤੁਹਾਡੀ ਪਰਤਿਗਆ ਹੈ ਤਾਂ (ਆਪਣੇ ਆਪ) ਕੁਛ ਹਿਸਾ ਉਨਹਾਂ ਨੂੰ ਭੀ ਦੇ ਦਿਓ ਹਰ ਏਕ ਵਸਤੂ ਅੱਲਾ ਦੀ ਦਰਿਸ਼ਟੀ ਗੋਚਰ ਹੈ ॥ ੩੪ ॥ ਰੁਕੂਹ ੫ ॥

ਆਦਮੀ ਇਸਤਰੀਆਂ ਤੇ ਬਲੀ (ਅਰਥਾਤ ਸਿਰ ਧਰੇ ਹਨ) ਇਸ ਕਾਰਣ ਕਿ ਭਗਵਾਨ ਨੇ ਇਕ ਨੂੰ ਇਕ ਉਤੇ ਵਡਿਆਈ ਦਿਤੀ ਹੈ ਅਰ ਇਹ ਕਾਰਣ ਭੀ ਹੈ ਕਿ ਮਰਦਾਂ ਨੇ (ਇਸਤਰੀਆਂ ਉਪਰ) ਆਪਣਾ ਮਾਲ ਖਰਚ ਕੀਤਾ ਹੈ ਤਾਂ ਜੋ ਨੇਕ (ਇਸਤਰੀਆਂ) ਹਨ (ਪਤੀਆਂ ਦਾ) ਕਹਿਣਾ ਮੰਨਦੀਆਂ ਹਨ (ਅਰ) ਖੁਦਾ ਦੀ ਕਿਰਪਾ ਨਾਲ (ਉਹਨਾਂ ਦੀ) ਪਿੱਠ ਪਿਛੇ ਹਿਫਾਜ਼ਤ ਰਖਦੀਆਂ ਹਨ ਅਰ ਤੁਹਾਨੂੰ ਜਿਨਹਾਂ ਬੀਬੀਆਂ ਦੇ ਸਿਰ ਚੜ੍ਹ ਆਉਣ ਦਾ ਸੰਦੇਹ ਹੋਵੇ ਤਾਂ (ਪਹਿਲੀ ਬਾਰ) ਉਹਨਾਂ ਨੂੰ ਸਮਝਾ ਦਿਓ ਫਿਰ ਉਨਹਾਂ ਨਾਲ ਰਮਣ ਕਰਨਾ ਛਡ ਦੇਵੇ ਅਰ (ਏਸ ਯੁਕਤੀ

Digitized by Panjab Digital Library | www.panjabdigilib.org

ਨਾਲ ਭੀ ਨਾ ਮੰਨਣ) ਤਾਂ ਓਹਨਾਂ ਨਾਲ ਮਾਰ ਕੁਟਾਈ ਦਾ ਵਿਵਿਹਾਰ ਕਰੋ ਫੇਰ ਯਦੀ ਤੁਹਾਡੇ ਅਨੁਸਾਰ ਹੋ ਜਾਣ ਤਾਂ ਤੁਸੀਂ ਭੀ ਉਨਹਾਂ ਪਰ (ਨਾਹੱਕ) ਦੇ ਅਵਗੁਣ ਨਾ ਢੂੰਡਦੇ ਫਿਰੋ ਅੱਲਾ ਉੱਚ ਤੇ ਉੱਚਾ ਹੈ ॥ ੩੫ ॥ ਅਤੇ ਯਦੀ ਤੁਹਾਨੂੰ ਦੰਪਤੀ ਵਿਖਜ ਖਟਪਟ ਦਾ ਸੰਭ੍ਰਮ ਹੋਵੇ ਤਾਂ ਇਕ ਪੈਂਚ ਆਦਮੀ ਦੇ ਟਬਰ ਵਿਚੋਂ ਮੁਕਰਰ ਕਰ ਲਓ ਅਰ ਇਕ ਪੈਂਚ ਇਸਤਰੀ ਦੇ ਟੱਬਰ ਵਿਚੋਂ ਯਦੀ ਪੈਂਚਾਂ ਦਾ (ਦਿਲੀ) ਇਰਾਦਾ (ਮੀਆਂ ਬੀਬੀ ਵਿਖਜ) ਸਫਾਈ (ਕਰਾ ਦੇਣ) ਦਾ ਹੋਵੇਗਾ ਤਾਂ ਅੱਲਾ (ਉਹਨਾਂ ਦੇ ਸਮਝਾਉਣ ਬੁਝਾਉਣ ਦਵਾਰਾ) ਦੋਆਂ ਵਿਚ ਮਿਲਾਪ ਪੈਦਾ ਕਰ ਦੇਵੇਗਾ (ਅੱਲਾ ਸਭਨਾਂ ਦੇ ਮਾਨਸਿਕ ਸੰਕਲਪਾਂ ਤੋਂ ਗਿਆਤ ਹੈ) ਅਰ ਜਾਨੀ ਜਾਨ ਹੈ ॥ ੩੬ ॥ ਅਰ ਅੱਲਾ ਦੀ ਪੂਜਾ ਕਰੋ ਅਰ ਓਸ ਦੇ ਨਾਲ ਕਿਸੇ ਵਸਤੂ ਨੂੰ ਸਾਂਝੀ ਨਾ ਠਹਿਰਾਓ ਮਾਤਾ ਪਿਤਾ ਅਰ ਸਮੀਪੀ (ਸੰਬੰਧੀ) ਅਰ ਯਤੀਮ ਅਰ ਮੁਹਤਾਜ ਅਰ ਸਮੀਪ ਵਰਤੀ ਪੜੋਸੀ ਅਰ ਪਰਦੇਸੀ ਪੜੋਸੀਆਂ ਨੂੰ ਅਰ ਪਾਸ ਬੈਠਣ ਵਾਲਿਆਂ ਨੂੰ ਤਥਾ ਮੁਸਾਫਰਾਂ ਨੂੰ ਅਰ ਜੋ (ਦਾਸ ਦਾਸੀਆਂ) ਤੁਹਾਡੇ ਵਸ ਵਿਚ ਹਨ ਏਹਨਾਂ (ਸਾਰਿਆਂ) ਨਾਲ ਸਲੂਕ ਕਰਦੇ ਰਹੋ ਅੱਲਾ ਕਿਸੀ ਗਪੀ ਤਥਾ ਅਭਮਾਨੀ ਨੂੰ ਮਿਤ੍ਰ ਨਹੀਂ ਰਖਦਾ ॥ ੩੭ ॥ ਉਹ ਆਪ ਤਾਂ ਬੁਖਲ ਕਰਨ (ਸੋ ਕਰਨ) ਦੂਸਰਿਆਂ ਲੋਗਾਂ ਨੂੰ ਭੀ ਬੁਖਲ ਕਰਨ ਦੀ ਸਲਾਹ ਦੇਂਦੇ ਅਰ ਅੱਲਾ ਨੇ ਆਪਣੇ ਫਜਲ ਨਾਲ ਓਹਨਾਂ ਨੂੰ ਜੋ ਕੁਛ ਦੇ ਰਖਿਆ ਹੈ ਓਸ ਨੂੰ ਛਿਪਾਣ ਅਰ ਅਸਾਂ ਨੇ ਓਹਨਾਂ ਲੋਗਾਂ ਦੇ ਵਾਸਤੇ ਜੋ (ਸਾਡੀਆਂ ਨਿਆਮਤਾਂ) ਦੀ ਨਾ ਸ਼ੁਕਰੀ ਕਰਨ ਜ਼ਿਲਤ ਦਾ ਕਸ਼ਟ ਤਿਆਰ ਕਰ ਰਖਿਆ ਹੈ ॥ ੩੮ ਅਰ ਮਾਲ ਖਰਚ ਕਰਨ ਤਾਂ ਲੋਗਾਂ ਦੇ ਵਿਖਾਵੇ ਵਾਸਤੇ ਅਰ ਅੱਲਾ ਅਰ ਪ੍ਰਲੈ ਦੇ ਦਿਨ ਉਤੇ ਈਮਾਨ ਨਹੀਂ ਰਖਦੇ ਅਰ ਸ਼ੈਤਾਨ ਜਿਸ ਦਾ ਸਾਥੀ ਹੋਵੇ ਤਾਂ ਵੈ (ਬਹੁਤ ਹੀ) ਬੁਰਾ ਸਾਥੀ ਹੈ ॥ ੩੯ ॥ ਅਰ ਯਦੀ (ਇਹ ਲੋਗ) ਅੱਲਾ ਅਰ ਅੰਤਿਮ ਦਿਨ ਉਪਰ ਈਮਾਨ ਲੈ ਆਉਂਦੇ ਅਰ ਜੋ ਕੁਛ ਖੁਦਾ ਨੇ ਏਹਨਾਂ ਨੂੰ ਦੇ ਰਖਿਆ ਸੀ ਓਸ ਨੂੰ (ਸੁਧ ਚਿਤ ਨਾਲ ਖੁਦਾ ਦੇ ਰਾਹ ਵਿਚ) ਖਰਚ ਕਰਦੇ ਤਾਂ ਏਹਨਾਂ ਦਾ ਕੀ ਬਿਗੜਦਾ ਸੀ ਅਰ ਅੱਲਾ ਤਾਂ ਏਹਨਾਂ (ਦੇ ਹਾਲ) ਤੋਂ ਗਿਆਤ ਹੀ ਹੈ ॥ ੪੦ ॥ ਅੱਲਾ (ਕਿਸੇ ਉਪਰ) ਰਤੀ ਭਰ ਭੀ ਜ਼ੁਲਮ ਨਹੀਂ ਕਰਦਾ ਪ੍ਰਤਯੁਤ (ਰਨਕ) ਨੇਕੀ (ਭੀ ਕੀਤੀ) ਹੋਵੇ ਤਾਂ ਓਸ ਨੂੰ ਦੂਨੀ ਕਰ ਦਿਖਾਉਂਦਾ ਹੈ ਅਰ ਆਪਣੇ ਪਾਸੋਂ ਬਹੁਤ ਸਵਾਬ ਪਰਦਾਨ ਕਰ ਦੇਂਦਾ ਹੈ॥ ੪੧ ॥ ਭਲਾ ਭਾਈ ਤਾਂ (ਓਸ ਸਮੇਂ) ਕੀ ਹਾਲ ਹੋਣਾ ਹੈ ਜਦੋਂ ਅਸੀਂ ਹਰ ਊਮਤ ਦੇ ਗਵਾਹ ਬੁਲਾਵਾਂਗੇ

Digitized by Panjab Digital Library | www.panjabdigilib.org

ਅਰ ਹੇ (ਪੈਗੰਬਰ) ਅਸੀਂ ਤੁਹਾਨੂੰ ਇਨ੍ਹਾਂ ਉਪਰ (ਅਰਥਾਤ ਆਪਣੀ ਸੰਪ੍ਰਦਾਯ ਦੇ)ਗਵਾਹ ਲਵਾਂਗੇ ॥ ੪੨ ॥ ਓਸ ਦਿਨ ਕਾਫਰ ਅਰ ਰਸੂਲ ਦੀ ਆਗਜ਼ਾ ਭੰਗ ਕਰਨ ਵਾਲੇ ਕਲਪਨਾ ਕਰਨਗੇ ਕਿ ਹਾਇ ਰੱਬਾ ! (ਪ੍ਰਿਥਵੀ ਵਿਚ ਗਡਕੇ) ਕੋਈ ਉਹਨਾਂ ਉਪਰੋਂ ਮਟੀ ਬਰਾਬਰ ਕਰ ਦੇ ਅਰ(ਉਸ ਦਿਨ ਏਹ ਲੋਗ)ਖੁਦਾ ਪਾਸੋਂ ਕੋਈ ਬਾਤ ਭੀ ਗੁਪਤ ਨਹੀਂ ਰਖ ਸੱਕਣਗੇ ॥ ੪੩ ॥ ਰੁਕੂਹ ੬ ॥

ਮੁਸਲਮਾਨੋਂ ! ਜਦੋਂ ਤੁਸੀਂ ਮਦੋਨ ਮੱਤ (ਨਸ਼ਾ ਦੀ ਹਾਲਤ ਵਿਚ) ਹੋਵੇ ਤਾਂ ਨਮਾਜ ਦੇ ਪਾਸ ਭੀ ਨਾ ਜਾਣਾਂ ਏਥੋਂ ਤਕ ਕਿ ਸਮਝਨੇ ਲਗੋ ਕਿ ਕੀ ਆਖਦੇ ਹੋ ਅਰ (ਏਸੇ ਤਰਾਂ ਹੀ) ਅਸ਼ਨਾਨ ਦੀ ਲੋੜ ਹੋਵੇ ਤਾਂ ਭੀ ਨਮਾਜ ਦੇ ਪਾਸ ਮਤ ਜਾਓ ਏਥੋਂ ਤਕ ਕਿ ਇਸ਼ਨਾਨ ਕਰ ਲਓ ਹਾਂ (ਪੈਂਡੇ ਦੀ ਦਿਸ਼ਾ ਵਿਚ ) ਮਾਰਗੀ ਹੋਵੇ (ਤਾਂ ਖੈਰ ) ਅਰ ਯਦੀ ਤੁਸੀਂ ਬੀਮਾਰ ਹੋਵੋ ਅਥਵਾ ਮਾਰਗੀ ਹੋਵੋ ਯਾ ਤੁਹਾਡੇ ਵਿਚੋਂ ਕੋਈ ਸੋਚ (ਫਿਰ ਕੇ ) ਆਵੇ ਅਥਵਾ ਇਸਤ੍ਰੀ ਨਾਲ ਸੰਭੋਗ ਕੀਤਾ ਹੋਵੇ ਅਰ ਤੁਹਾਨੂੰ ਜਲ ਨਾਂ ਮਿਲੇ ਤਾਂ ਪਵਿਤ੍ਰ ਮ੍ਰਿਤਕਾ ਲੈ ਕੇ ਤਯਮਮ ਅਰਥਾਤ ਮੂੰਹ ਹੱਥ ਦਾ ਮਸਾ ਕਰ ਲਓ ਅੱਲਾ ਦਰਗੁਜਰ ਕਰਨੇ ਵਾਲਾ (ਅਰ) ਬਖਸ਼ਨੇ ਵਾਲਾ ਹੈ ॥੪੪॥ ( ਹੇ ਪੈਗੰਬਰ ) ਕੀ ਤੁਸਾਂ ਨੇ ਓਹਨਾਂ ਲੋਕਾਂ ( ਦੇ ਬਿਰਤਾਂਤ ) ਉਤੇ ਦ੍ਰਿਸ਼ਟੀ ਨਹੀਂ ਦਿੱਤੀ ਜਿਨ੍ਹਾਂ ਨੂੰ ( ਆਸਮਾਨੀ ) ਪੁਸਤਕ ਵਿਚੋਂ ਹਿੱਸਾ ਦਿਤਾ ਗਿਆ ਸੀ ਉਹ ( ਓਸ ਦੇ ਹੁੰਦਿਆਂ ਸੁੰਦਿਆਂ ਭੀ ) ਗੁਮਰਾਹੀ ਅਖਤਿਆਰ ਕਰਨ ਲੱਗੇ ਅਰ ਚਾਹੁੰਦੇ ਹਨ ਕਿ ਤੁਸੀਂ ( ਮੁਸਲਮਾਨ ) ਭੀ ਕੁਮਾਰਗੀ ਹੋ ਜਾਓ ॥ ੪੫ ॥ ਅਰ ਅੱਲਾ ਤੁਹਾਡਿਆਂ ਵੈਰੀਆਂ ਨੂੰ ਖੂਬ ਜਾਣਦਾ ਹੈ ਅਰ ਅੱਲਾ ਮਦਦਗਾਰ ਬੱਸ ਹੈ ਅਰ ਅੱਲਾ ਮਿਤ੍ਰ ਬਸ ਹੈ ॥ ੪੬ ॥ ( ਹੇ ਪੈਗੰਬਰ ) ਯਹੂਦੀਆਂ ਵਿਚੋਂ (ਕਈ ਕੁ ਆਦਮੀ ਐਸੇ ਭੀ)ਹਨ ਜੋ ਸ਼ਬਦਾਂ ਨੂੰ ਓਹਨਾਂ ਦੀ ਜਗਹਾ(ਅਰਥਾਤ ਅਸਲੀ ਅਰਥਾਂ)ਥੀ ਫੇਰ ਦੇਂਦੇ ਹਨ ਅਰ ਆਖਦੇ ਹਨ ਕੇ ਤੇਰਾ ਬਚਨ ਸੁਨਿਆ (ਅਸਾਂ ਨੇ)ਅਰ ਤੇਰਾ ਹੁਕਮ ਨਾ ਮੰਨਿਆਂ(ਅਸਾਂ ਨੇ)ਅਰ ਸੁਣਕੇ ਨਾਂ ਸੁਣਾਇਆ ਜਾਏ ਤੂੰ(ਅਰਥਾਤ ਤੇਰੀ ਕੋਈ ਨਾ ਸੁਣੇ)ਅਰ ਆਪਣੀ ਜੀਵਾਂ ਨੂੰ ਮਰੋੜ ਕੇ ਅਰ ਦੀਨ ਵਿਚ ਤਾਨੇ ਮਾਰਕੇ "ਰਾਇਨਾਂ" ਆਖਦੇ ਹਨ ਅਰ ਯਦੀ ਓਹ ਆਖਦੇ ਸੁਨਾ ਅਸਾਂ ਨੇ ਅਰ ਮੰਨਿਆਂ ਅਸਾਂ ਨੇ ਅਰ ਤੁਸੀਂ ਸੁਨੋਂ ਅਰ ਸਾਡੇ ਤੇ ਨਜਰ ਕਰੋ* ਤਾਂ ਉਨਹਾਂ ਦੇ ਹੱਕ ਵਿਚ ਭਲੀ ਬਾਤ ਹੁੰਦੀ ਅਰ ਬਾਤ ਭੀ ਸਿੱਧੀ ( ਸਾਦੀ ) ਹੁੰਦੀ ਪਰੰਚ ਉਨਹਾਂ ਉੱਪਰ ਤਾਂ ਉਨਹਾਂ ਦੇ

*ਏਸ ਤਰਹਾਂ ਬੁਲਾਣ ਕਰਕੇ ਪੈਕੰਬਰ ਦਾ ਅਦਬ ਭੀ ਹੁੰਦਾ ਸੀ ਅਰ ਬੇ ਅਦਬੀ ਭੀ । ਕਿਉਂ ਜੋ ਇਹ ਲਫਜ ਦੋ ਦੋ ਅਰਥ ਰਖਦੇ ਹਨ ਜਿਸ ਤਰਹਾਂ ਆਪ ਬੜੇ ਦੇਵਤਾ ਹੈਂ । ਦੇਵਤਾ ਪਰਤਾਪ ਵਾਲੇ ਅਥਵਾ ਮੂਰਖ ॥

Digitized by Panjab Digital Library | www.panjabdigilib.org

ਕੁਫਰ ਦੇ ਸਬਬੋਂ ਖੁਦਾ ਦੀ ਫਿਟਕਾਰ ਹੈ ਇਵੇਂ ਉਨਹਾਂ ਵਿਚੋਂ ( ਬਹੁਤ ਹੀ ) ਥੋਹੜੇ ( ਆਦਮੀ ) ਈਮਾਨ ਧਾਰਦੇ ਹਨ ॥ ੪੭ ॥ ਹੇ ਪੁਸਤਕ ਵਾਲੇ ( ਕੁਰਾਨ ) ਜੋ ਅਸਾਂ ਨੇ ਓਤਾਰਿਆ ਹੈ ਉਹ ਉਸ ( ਕਿਤਾਬ ) ਦੀ ਜੋ ਤੁਹਾਡੇ ਪਾਸ ਹੈ ਤਸਦੀਕ ਭੀ ਕਰਦਾ ਹੈ ਕਿ ਏਸ ਉਪਰ ਈਮਾਨ ਲੈ ਆਓ ( ਪਰੰਚ ) ਏਸ ਥੀਂ ਪਹਿਲਾਂ ਕਿ ( ਲੋਗਾਂ ਦੇ ) ਮੂੰਹ ਵਿਗਾੜਕੇ ਅਸੀਂ ਉਲਟਾਕੇ ਓਹਨਾਂ ਦੀ ਪਿਠ ਦੇ ਵਲ ਫੇਰ ਦੇਈਏ ਕਿੰਵਾ ਜਿਸ ਤਰਹਾਂ ਅਸਾਂ ਨੇ "ਅਸਹਾਬਿ ਸਬਤ" ਨੂੰ ਫਿਟਕਾਰ ਦਿਤਾ ਸੀ ਓਸੇ ਪਰਕਾਰ ਏਹਨਾਂ ਨੂੰ ਭੀ ਫਿਟਕਾਰ ਦੇਈਏ ਅਰ ਜੋ ਖੁਦਾ ਨੂੰ ਅਭੀਸ਼ਟ ਹੈ ਓਹ ਤਾਂ ਹੋ ਕੇ ਹੀ ਹਟੇਗਾ ॥ ੪੮ ॥ ਅੱਲਾ ਤਾਂ ਏਸ ( ਅਵਗਜਾ ) ਨੂੰ ਖਿਮਾ ਕਰਨ ਵਾਲਾ ਹੈ ਹੀ ਨਹੀਂ ਕਿ ਓਸ ਦੇ ਨਾਲ ( ਕਿਸੇ ਨੂੰ ) ਸ਼ਰੀਕ ਕੀਤਾ ਜਾਵੇ ਹਾਂ ਏਸ ਥੀਂ ਸਿਵਾ ਜੋ ਗੁਨਾਹ ਜਿਸ ਨੂੰ ਚਾਹੇ ਮਾਫ ਕਰ ਦੇਵੇ ਅਰ ਜਿਸਨੇ ( ਕਿਸੇ ਨੂੰ ) ਖੁਦਾ ਦੀ ਸਜਾਤੀ ਨਿਯਤ ਕੀਤਾ ਤਾਂ ਓਸ ਨੇ ( ਖੁਦਾ ਉਪਰ ਉਪਦ੍ਰਵ ) ਕੀਤਾ ( ਜੋ ਬਹੁਤ ਹੀ ) ਬੜਾ ਉਪਦ੍ਰਵ ( ਹੈ ) ॥ ੪੯ ॥ ਕੀ ਤੁਸਾਂ ਨੇ ਉਨਹਾਂ (ਦੇ ਹਾਲ) ਉਪਰ ਦਰਿਸ਼ਟੀ ਨਹੀਂ ਦਿਤੀ ਜੋ ਆਪ ਬਹੁਤ ਉੱਤਮ ਬਣਦੇ ਹਨ ( ਭਲਾ ਆਪਣੇ ਆਪ ਬਣਿਆਂ ਕੀ ਹੋ ਜਾਂਦਾ ਹੈ ) ਪ੍ਰਤਯੁਤ ਅੱਲਾ ਜਿਸਨੂੰ ਚਾਹੇ ਉਤਮ ਬਣਾਂ ਦੇਂਦਾ ਹੈ ਅਰ ( ਖੁਦਾ ਦੇ ਪਾਸ ) ਕਿਸੇ ਉਪਰ ਜੁਲਮ ਤਾਂ ਰਤੀ ਭਰ ਭੀ ਨਹੀਂ ਹੋਵੇਗਾ ॥ ੫੦ ॥ ਵੇਖੋ ( ਤਾਂ ਸਹੀ ) ਇਹ ਲੋਗ ਅੱਲਾ ਉਪਰ ਕੈਸੇ (੨) ਝੂਠ ਥਪ ਰਹੇ ਹਨ ਅਰ ਪ੍ਰਤੱਛ ਪਾਪਾਂ ਵਾਸਤੇ ਤਾਂ ਬਸ ਏਹੋ ਹੀ ਕਾਫੀ ਹੈ ॥ ੫੧ ॥ ਰੁਕੂਹ ੭ ॥

ਕੀ ਤੁਸਾਂ ਨੇ ਉਨਹਾਂ ਲੋਗਾਂ ( ਦੇ ਬਿਰਤਾਂਤ ) ਉਪਰ ਦਰਿਸ਼ਟੀ ਨਹੀਂ ਦਿਤੀ ਜਿਨਹਾਂ ਨੂੰ ( ਆਸਮਾਨੀ ) ਪੁਸਤਕ ਦਾ ਭਾਗ ਦਿੰਤਾ ਗਿਆ ਸੀ ਅਰ ਉਹ ਲਗੇ ਬੁਤਾਂ ਤਥਾ ਸ਼ੈਤਾਨ ਦੀ ਮਾਲਾ ਜਪਨੇ ਅਰ ( ਹੋਰ ) ਭੇਦ ਵਾਦੀਆਂ ਦੀ ਨਿਸਬਤ ਕਹਿਣਾ ਕਿ ਮੁਸਲਮਾਨਾਂ ਨਾਲੋਂ ਤਾਂ ਏਹੋ ਲੋਗ ਬਹੁਤ ਸੂਧੇ ਮਾਰਗ ਉਪਰ ਹਨ ॥ ੫੨ ॥ ( ਹੇ ਪੈਗੰਬਰ ) ਇਹੋ ਲੋਗ ਹਨ ਜਿਨਹਾਂ ਨੂੰ ਅੱਲਾ ਨੇ ਫਿਟਕਾਰ ਦਿਤਾ ਹੈ ਅਰ ਜਿਨਹਾਂ ਨੂੰ ਅੱਲਾ ਫਿਟ-ਕਾਰੇ ਸੰਭਵ ਨਹੀਂ ਕਿ ਤੁਸੀਂ ਕਿਸੇ ਨੂੰ ਓਸ ਦਾ ਸਹਾਇਕ ਪਾਓ ॥ ੫੩ ॥ ਆਯਾ ਏਹਨਾਂ ਦੇ ਪਾਸ ਕੋਈ ਰਾਜ ਕਾਜ ਦਾ ਵਿਭਾਗ ਹੈ ਅਰ ਏਸ ਕਾਰਨ ਲੋਗਾਂ ਨੂੰ ਤਿਲ ਭਰ ਭੀ ( ਓਸ ਵਿਚੋਂ ) ਦੇਣਾ ਨਹੀਂ ਚਾਹੁੰਦੇ ॥੫੪॥ ਅਥਵਾ ਖੁਦਾ ਨੇ ਜੋ ਆਪਣੀ ਕ੍ਰਿਪਾ ਨਾਲ ਲੋਕਾਂ ਨੂੰ ਨਿਆਮਤ (ਕੁਰਾਨ) ਪਰਦਾਨ ਕੀਤਾ ਹੈ ਓਸ ਉਤੋਂ ਜਲਦੇ ਭੁਜਦੇ ਹਨ ਸੋ ਇਬਰਾਹੀਮ ਦੀ ਵੰਸ ਦਿਆਂ ( ਲੋਗਾਂ ਨੂੰ ) ਅਸਾਂ ਨੇ ਕਿਤਾਬ ਦਿਤੀ ਅਰ ਵਿਦਿਯਾ ( ਦਿੱਤੀ ) ਅਰ

Digitized by Panjab Digital Library | www.panjabdigilib.org

ਉਨਹਾਂ ਨੂੰ ਬੜਾ ਭਾਰਾ ਰਾਜ ( ਭੀ ) ਦਿਤਾ ॥ ੫੫ ॥ ਫੇਰ ( ਇਨਹਾਂ) ਲੋਗਾਂ ਵਿਚੋਂ ਕੋਈ ਤਾਂ ਓਸ (ਪੁਸਤਕ) ਉੱਪਰ ਈਮਾਨ ਲੈ ਆਇਆ ਅਰ ਕੋਈ ਹਟ ਰਿਹਾ ( ਅਰ ਜੋ ਹਟ ਰਹਿਆ ਓਸ ਦੇ ਵਾਸਤੇ ) ਦਗਦਗਾਂਦੀ ਹੋਈ ਨਰਕਾਗਨੀ ਦੀ ( ਸਜਾ ) ਬਸ ਕਰਦੀ ਹੈ ॥ ੫੬ ॥ ਜਿਨਹਾਂ ਲੋਗਾਂ ਨੇ ਸਾਡੀਆਂ ਆਇਤਾਂ ਤੋਂ ਇਨਕਾਰ ਕੀਤਾ ਅਸੀਂ ਉਨਹਾਂ ਨੂੰ ( ਪ੍ਰਲੈ ਦੇ ਦਿਨ ) ਦੋਜ਼ਖ ਵਿਚ ( ਲੈ ਜਾਕੇ ) ਦਾਖਲ ਕਰਾਂਗੇ ਜਦੋਂ ਉਨਹਾਂ ਦੀਆਂ ਖਲੜੀਆਂ ਗਲ ਸੜ ਜਾਣਗੀਆਂ ਤਾਂ ਅਸੀਂ ਏਸ ਪਰਯੋਜਨ ਤੇ ਕਿ ਉਹ ਅਜਾਬ ( ਦਾ ਮਜਾ ਚੰਗੀ ਤਰਹਾਂ ) ਚੱਖਣ, ਗਲੀਆਂ ਹੋਈਆਂ ਖਲੜੀਆਂ ਦੀ ਜਗਹਾ ਉਨਹਾਂ ਦੀਆਂ ਹੋਰ ਖਲੜੀਆਂ ਉਤਪਤ ਕਰ ਦੇਵਾਂਗੇ ਨਿਰਸੰਦੇਹ ਅੱਲਾ ( ਬੜਾ ) ਸ਼ਕਤੀਮਾਨ ਤਥਾ ਯੁਕਤੀਮਾਨ ਹੈ ॥ ੫੭ ॥ ਪਾਦ ੧ ॥

ਅਰ ਜੋ ਲੋਗ ਈਮਾਨ ਧਾਰ ਬੈਠੇ ਅਰ ਉਨਹਾਂ ਨੇ ਭਲੇ ਕਰਮ ( ਭੀ ) ਕੀਤੇ ਅਸੀਂ ਉਨਹਾਂ ਨੂੰ ਸ਼ੀਗਰ ਹੀ ( ਸਵਰਗ ਦਿਆਂ ) ਐਸਿਆਂ ਬਾਗਾਂ ਵਿਚ ( ਲਜਾ ਕੇ ) ਦਾਖਲ ਕਰਾਂਗੇ ਜਿਨਹਾਂ ਦੇ ਹੇਠਾਂ ਨਦੀਆਂ (ਪਈਆਂ) ਵਗ ਰਹੀਆਂ ਹੋਨਗੀਆਂ ਅਰ (ਉਹ) ਓਹਨਾਂ ਵਿਚ ਸਦਾ ਸਦਾ ਰਹਿਣਗੇ ਓਹਨਾਂ ( ਬਾਗਾਂ ਵਿਚ ) ਓਹਨਾਂ ਦੇ ਵਾਸਤੇ ਸਾਫ ਸੁਥਰੀ ਇਸਤਰੀਆਂ (ਭੀ) ਹੋਣਗੀਆਂ ਅਰ ਅਸੀਂ ਓਹਨਾਂ ਨੂੰ ਸੰਘਨੀ ਛਾਇਆ ਹੇਠ ਲਜਾ ਕੇ ਰਖਾਂਗੇ ॥ ੫੮ ॥ ( ਮੁਸਲਮਾਨੋ ! ) ਅੱਲਾ ਤੁਹਾਨੂੰ ਹੁਕਮ ਦੇਂਦਾ ਹੈ ਕਿ ਅਮਾਨਤਾਂ ( ਰਖਣ ) ਵਾਲਿਆਂ ਦੀਆਂ ਅਮਾਨਤਾਂ ( ਜਦੋਂ ਮੰਗਣ ) ਓਹਨਾਂ ਦੇ ਹਵਾਲੇ ਕਰ ਦਿਤਾ ਕਰੋ ਅਰ ਜਦੋਂ ਲੋਗਾਂ ਦੇ ਆਪਸ ਵਿਚ ਦੇ ਝਗੜਿਆਂ ਦਾ ਫੈਸਲਾ ਕਰਨ ਲੱਗੋ ਤਾਂ ਇਨਸਾਫ ਦੇ ਨਾਲ ਫੈਸਲਾ ਕਰੋ ਅੱਲਾ ਜੋ ਤੁਹਾਨੂੰ ਸਿਖਯਾ ਦੇਂਦਾ ਹੈ ( ਤੁਹਾਡੇ ਹੱਕ ਵਿਚ) ਬਹੁਤ ਉਤਮ ਹੈ ਏਸ ਵਿਚ ਭਰਮ ਨਹੀਂ ਕਿ ਅੱਲਾ ( ਸਭਨਾਂ ਦੀਆਂ ) ਸੁਣਦਾ ਅਰ (ਸਭ ਕੁਛ ) ਦੇਖਦਾ ਹੈ ॥ ੫੯ ॥ ਮੁਸਲਮਾਨੋ ! ਅੱਲਾ ਦਾ ਹੁਕਮ ਮਨੋਂ ਅਰ ਰਸੂਲ ਦਾ ਹੁਕਮ ਮਨੋਂ ਅਰ ਜੋ ਤੁਹਾਡੇ ਵਿਚੋਂ ਰਾਜ ਪੁਰਖ ਹਨ ( ਓਹਨਾਂ ਦੀ ਭੀ ਆਗਿਆ ਪਾਲਨ ਕਰੋ ) ਫੇਰ ਯਦੀ ਕਿਸੇ ਕੰਮ ਵਿਚ ਤੁਸੀਂ ( ਤਥਾ ਸਮੇਂ ਦਾ ਹਾਕਿਮ ) ਆਪਸ ਵਿਚ ਝਗੜ ਪਵੇ ਤਾਂ ਅੱਲਾ ਤਥਾ ਰਸੂਲ ਦੀ ਤਰਫ ਲੈ ਜਾਓ ਯਦੀ ਤੁਸੀਂ ਅੱਲਾ ਅਰ ਅੰਤਮ ਦਿਨ ਉਪਰ ਈਮਾਨ ਰਖਦੇ ਹੋ ਕੇ ਏਹ ( ਤੁਹਾਡੇ ਹੱਕ ਵਿਚ ) ਉੱਤਮ ਹੈ ਅਰ ਅੰਤ ਦੀ ਦਰਿਸ਼ਟੀ ਦਵਾਰਾ ਭੀ (ਇਹੋ ਹੀ ਤਰੀਕਾ) ਅੱਛਾ ਹੈ ॥ ੬੦ ॥ ਰੁਕੂਹ ੮ ॥

ਕੀ ਤੁਸਾਂ ਨੇ ਓਹਨਾਂ ਉਪਰ ਦਰਿਸ਼ਟੀ ਨਹੀਂ ਦਿਤੀ ਜੋ ( ਮੂਹੋਂ ਤਾਂ

Digitized by Panjab Digital Library | www.panjabdigilib.org

ਏਹ ) ਕਹਿੰਦੇ ਹਨ ਕਿ ਜੋ ਕਲਾਮ ਤੁਹਾਡੇ ਉਪਰ ਉਤਾਰਿਆ ਗਿਆ ਹੈ ਅਰ ਉਨਹਾਂ ( ਆਸਮਾਨੀ ਕਿਤਾਬਾਂ ) ਉਪਰ ਭੀ ਜੋ ਤੁਹਾਡੇ ਨਾਲੋਂ ਪਹਿਲਾਂ ਉਤਾਰੀਆਂ ਗਈਆਂ ਹਨ ਅਸੀਂ ਓਹਨਾਂ ਨੂੰ ਮੰਨਦੇ ਹਾਂ ( ਅਰ ) ਚਾਹੁੰਦੇ ਏਹ ਹਨ ਕਿ ਆਪਣਾ ਮੁਕਦਮਾ ਇਕ ਬੁਰੇ ( ਆਦਮੀ ਕਾਬ ਬਿਨ ਅਸ਼ਰਫ ਯਹੂਦੀ ) ਦੇ ਪਾਸ ਲੈ ਜਾਈਏ ਹਾਲਾਂ ਕਿ ਉਨਹਾਂ ਨੂੰ ਹੁਕਮ ਦਿਤਾ ਗਿਆ ਹੈ ਕਿ ਓਸ ਦੀ ਬਾਤ ਨਾ ਮੰਨੋ ਅਰ ਸ਼ੈਤਾਨ ਚਾਹੁੰਦਾ ਹੈ ਕਿ ਓਹਨਾਂ ਨੂੰ ਭਟਕਾ ਕੇ ( ਸਚੇ ਮਾਰਗੋਂ ) ਦੂਰ ਦੁਰਾਡਾ ਲੈ ਜਾਏ ॥ ੬੧ ॥ ਅਰ ਜਦੋਂ ਉਨਹਾਂ ਨੂੰ ਕਹਿਆ ਜਾਂਦਾ ਹੈ ਕਿ ਆਓ ਅੱਲਾ ਨੇ ਜੋ (ਆਗਿਆ) ਦਿਤੀ ਹੈ ਓਸ ਦੀ ਤਰਫ ਅਰ ਰਸੂਲ ਦੀ ਤਰਫ ਤਾਂ ਤੁਸੀਂ ( ਏਹਨਾਂ ) ਮੁਨਾਫਿਕਾਂ ( ਦੰਬੀਆਂ ) ਨੂੰ ਦੇਖਦੇ ਹੋ ਕਿ ਓਹ ਤੁਹਾਡੇ ਪਾਸ ਆਉਣ ਤੋਂ ਰੁਕਦੇ ਹਨ ॥ ੬੨ ॥ ਤਾਂ ( ਓਸ ਵੇਲੇ ਏਹਨਾਂ ਦੀ ) ਕੈਸੀ ਕੁ (ਖੁਆਰੀ ਹੋਵੇਗੀ) ਜਦੋਂ ਏਹਨਾਂ ਦੀ ਆਪਣੀ ਹੀ ਕਰਤੂਤ ਦੇ ਕਾਰਨ ਏਹਨਾਂ ਉਪਰ ਕੋਈ ਵਿਪਤੀ ਆ ਪਵੇ ਤਾਂ ਤੁਹਾਡੇ ਪਾਸ ਸੁਗੰਧਾਂ ਖਾਂਦੇ ਹੋਏ ( ਭਜੇ ) ਆਉਣ ਕਿ ਖੁਦਾ ਦੀ ਸੌਗੰਧ ਸਾਡੀ ਗਰਜ ਤਾਂ ਸਲੂਕ ਤਥਾ ਮੇਲ ਮਿਲਾਪ ਦੀ ਸੀ॥੬੩॥ ਏਹ ਐਸੇ ( ਫਸਾਦੀ ) ਹੈਂ ਕਿ ਇਨਹਾਂ ਦੇ ਦਿਲਾਂ ਵਿਚ ਹੈ ਖੁਦਾ ਨੂੰ ਹੀ ( ਭਲੀ ) ਤਰਹਾਂ ਮਾਲੂਮ ਹੈ ਤਾਂ ਏਹਨਾਂ ਦੇ ਪਿਛੇ ਨਾ ਪਓ ਅਰ ਇਹਨਾਂ ਨੂੰ ਸਿਖਯਾ ਦਿਓ ਅਰ ਏਹਨਾਂ ਨਾਲ ਐਸੀਆਂ ਬਾਤਾਂ ਕਰੋ ਕਿ ਜੋ ਭਲੀ ਭਾਂਤ ਏਹਨਾਂ ਦੇ ਅੰਦਰੀ ਬੈਠ ਜਾਣ॥੬੪॥ ਅਰ ਜੋ ਰਸੂਲ ਅਸਾਂ ਨੇ ਭੇਜਿਆ ਓਸ ਦੇ ਭੇਜਣ ਕਰਕੇ (ਸਦਾ ਹੀ) ਸਾਡਾ ਏਹ ਅਭਿਪ੍ਰਾਯ (ਮਤਲਬ) ਰਹਿਆ ਹੈ ਕਿ ਅੱਲਾ ਦੇ ਹੁਕਮ ਨਾਲ ਓਹਨਾਂ ਦਾ ਕਿਹਾ ਮਨਿਆ ਜਾਵੇ ਅਰ (ਪੈਯੰਬਰ) ਜਦੋਂ ਏਹਨਾਂ ਲੋਗਾਂ ਨੇ (ਤੇਰਾ ਹੁਕਮ ਉਲੰਘਨ ਕਰਕੇ) ਆਪਣੇ ਉਪਰ ਆਪ ਹੀ ਉਪਦ੍ਰਵ ਕੀਤਾ ਸੀ ਯਦੀ (ਓਸ ਸਮਯ ਏਹ ਲੋਗ) ਤੇਰੇ ਪਾਸ ਆਉਂਦੇ ਅਰ ਖੁਦਾ ਪਾਸੋਂ ਮਾਫੀ ਮੰਗਦੇ ਅਰ ਰਸੂਲ ( ਅਰਥਾਤ ਤੁਸਾਂ ਨੂੰ ਭੀ ) ਏਹਨਾਂ ਦੀ ਮਾਫੀ ਅਭੀਸ਼ਟ ਹੁੰਦੀ ਤਾਂ (ਏਹ ਲੋਗ) ਵੇਖ ਲੈਂਦੇ ਕਿ ਅੱਲਾ ਝੜਾ ਹੀ ਤੋਬਾ ਕਬੂਲ ਕਰਨੇ ਵਾਲਾ ਮੇਹਰਬਾਨ ਹੈ ॥ ੬੫ ॥ ਬਸ (ਹੇ ਪੈਯੰਬਰ) ਤੇਰੇ (ਹੀ) ਪਰ-ਵਰਦਿਗਾਰ ਦੀ (ਅਰਥਾਤ ਸਾਨੂੰ ਆਪਣੀ ਹੀ) ਸਪੱਥ ਹੈ ਕਿ ਯਾਵਤਕਾਲ ਏਹ ਲੋਗ ਆਪਸ ਵਿਚ ਦੇ ਝਗੜੇ ਤੁਹਾਡੇ ਪਾਸੋਂ ਫੈਸਲਾ ਨਾ ਕਰਾਉਣ ਅਰ (ਕੇਵਲ ਫੈਸਲਾ ਹੀ ਨਹੀਂ ਪ੍ਰਤਯੁਤ) ਜੋ ਕੁਛ ਤੁਸੀਂ ਫੈਸਲਾ ਕਰ ਦਿਓ ਓਸ ਥੀਂ ਕਿਸੇ ਤਰਹਾਂ ਰੁਸ਼ਟ ਭੀ ਨਾ ਹੋਣ ਪ੍ਰਤਯੁਤ (ਤਨ ਮਨ ਕਰਕੇ ਓਸ ਨੂੰ) ਸ੍ਵੀਕਾਰ ਕਰ ਲੈਣ (ਭਾਵ ਯਾਵਤ ਕਾਲ ਏਹ ਸਭ ਕੁਛ ਨਾ ਕਰਨ ਤਾਵਤਕਾਲ ਏਹਨਾਂ ਨੂੰ ਈਮਾਨ ਪਾਸੋਂ ਲਾਭ

Digitized by Panjab Digital Library | www.panjabdigilib.org

ਨਹੀਂ) ॥ ੬੬ ॥ ਅਰ ਯਦੀ ਅਸੀਂ ਏਹਨਾਂ ਨੂੰ ਹੁਕਮ ਦੇਂਦੇ ਕਿ ਆਪਣੇ ਆਪ ਮਾਰ ਸਿਟੋ ਅਥਵਾ ਘਰ ਬਾਰ ਛੱਡ ਛਡਾ ਕੇ (ਵਿਦੇਸ ਨਿਕਸ) ਜਾਓ ਤਾਂ ਏਹਨਾਂ ਵਿਚੋਂ ਥੋੜੇ ਪੁਰਖਾਂ ਤੋਂ ਸਿਵਾ (ਬਹੁਤੇਰੇ ਸਾਡੀ) ਏਸ (ਹੁਕਮ) ਦਾ ਪਾਲਨਾ ਨਾ ਕਰਦੇ ਅਰ ਜੋ ਕੁਛ ਇਨਹਾਂ ਨੂੰ ਸਮਝਾਇਆ ਬੁਝਾਇਆ ਜਾਂਦਾ ਯਦੀ ਓਸ ਦੀ ਪਾਲਨਾ ਕਰਦੇ ਤਾਂ ਏਹਨਾਂ ਵਾਸਤੇ ਚੰਗਾ ਹੁੰਦਾ ਅਰ ਏਸੇ ਨਮਿਤ ਦ੍ਵਾਰਾ (ਦੀਨ ਉਪਰ ਭੀ) ਦ੍ਰਿੜਤਾ ਨਾਲ ਲਗੇ ਰਹਿੰਦੇ ॥ ੬੭ ॥ ਅਰ ਏਸ ਗਲੋਂ ਅਸੀਂ ਜ਼ਰੂਰ ਹੀ ਏਹਨਾਂ ਨੂੰ ਆਪਣੀ ਤਰਫੋਂ ਬਹੁਤ (ਉਤਮ) ਬਦਲਾ ਦੇਂਦੇ ਅਰ ਏਹਨਾਂ ਨੂੰ ਸਚੇ ਮਾਰਗ ਵੱਲ (ਭੀ) ਜਰੂਰ ਲਗਾ ਦੇਂਦੇ ॥ ੬੮,੬੯ ॥ ਅਰ ਜੋ ਅੱਲਾ ਅਰ ਰਸੂਲ ਦੀ ਆਗਿਆ ਪਾਲੇ ਸੋ ਐਸੇ ਲੋਗ ਹੀ (ਸ੍ਵਰਗ ਵਿਚ) ਉਨਹਾਂ (ਆਗਿਆ ਪਾਲਕ ਪੁਰਖਾਂ) ਦੇ ਨਾਲ ਹੋਣਗੇ ਜਿਨਹਾਂ ਉਪਰ ਅੱਲਾ ਨੇ (ਵਡੇ ੨) ਉਪਕਾਰ ਕੀਤੇ ਅਰਥਾਤ ਨਬੀ ਅਰ ਸਦੀਕ ਅਰ ਸ਼ਹੀਦ ਅਰ (ਦੂਸਰੇ) ਭਲੇ ਪੁਰਖ ਅਰ ਏਹ ਪੁਰਖ (ਕਿਆ ਹੀ ਚੰਗੇ) ਸਾਥੀ ਹਨ ॥ ੭੦ ॥ ਏਹ ਅੱਲਾ ਦੀ ਕਿਰਪਾ ਹੈ ਅਰ ਅੱਲਾ ਦਾ ਹੀ ਜਾਨਣਾ ਅਲੰਰੂਪ (ਅਰਥਾਤ ਬਸ ਕਰਦਾ) ਹੈ ॥ ੭੧ ॥ ਰੁਕੂਹ ੯ ॥

ਮੁਸਲਮਾਨੋ ਆਪਣੀ ਸਾਵਧਾਨੀ ਰਖੋ ਅਰ ਜਥੇ ਬਨ ਕੇ ਨਿਕਲਿਆ ਕਰੋ ਪ੍ਰਤਯੁਤ (ਸਾਰਿਆਂ ਦੇ ਸਾਰੇ) ਇਕ ਸਾਥ ਨਿਕਲ ਖਲੋਯਾ ਕਰੋ ॥ ੭੨ ॥ ਅਰ ਤੁਹਾਡੇ ਵਿਚੋਂ ਕੋਈ ੨ ਐਸਾ ਭੀ ਹੈ ਕਿ ਉਹ ਅਵਸ਼ ਪਿਛੇ ਹਟਿਆ ਰਵੇਗਾ ਫੇਰ ਯਦੀ ਤੁਹਾਡੇ ਉਪਰ(ਕੋਈ)ਵਿਪਤੀ ਆ ਪਵੇ ਤਾਂ ਕਹਿਣ ਲਗੇ ਕਿ ਖੁਦਾ ਨੇ ਮੇਰੇ ਉਪਰ (ਬਹੁਤ ਹੀ) ਉਪਕਾਰ ਕੀਤਾ ਹੈ ਕਿ ਮੈਂ ਏਹਨਾਂ (ਮੁਸਲਮਾਨਾਂ) ਦੇ ਨਾਲ ਮੌਜੂਦ ਨਹੀਂ ਸਾਂ ॥ ੭੩ ॥ ਅਰ ਯਦੀ ਤੁਹਾਡੇ ਉਪਰ ਖੁਦਾ ਦਾ ਫਜਲ ਹੋਵੇ ਤਾਂ (ਜਾਨੀ ਦੁਸ਼ਮਨਾਂ ਦੀ ਤਰਹਾਂ ਕਿ) ਮਾਨੋਂ ਤੁਸਾਂ ਵਿਚ ਅਰ ਓਸ ਵਿਚ (ਕਿਸੇ ਤਰਹਾਂ ਦਾ) ਮੋਹ (ਪਿਆਰ) ਹੈ ਈ ਨਹੀਂ ਕਹਿਣ ਲਗ ਪਵੇ ਕਿ ਹੇ ਦੇਵ (ਮੈਂ ਭੀ) ਏਹਨਾਂ ਦੇ ਨਾਲ ਹੁੰਦਾ ਤਾਂ ਮੈਨੂੰ (ਭੀ) ਬੜੀ ਸਫਲਤਾ ਪਰਾਪਤ ਹੁੰਦੀ ॥ ੭੪ ॥ ਸੋ ਜੋ ਲੋਗ ਅੰਤਮ ਦੀ ਪ੍ਰਤੀਨਿਧਿ ਵਿਚ ਸਾਂਸਾਰਿਕ ਜੀਵਣ ਦੇ ਛੱਡਣ ਨੂੰ ਤਿਆਰ ਹਨ ਉਨਹਾਂ ਨੂੰ ਚਾਹੀਦਾ ਹੈ ਕਿ ਰੱਬ ਦੇ ਰਾਹ ਵਿਚ (ਵੈਰੀਆਂ ਨਾਲ) ਲੜਨ ਅਰ ਜੋ ਰੱਬ ਦੇ ਰਾਹ ਵਿਚ (ਵੈਰੀਆਂ ਨਾਲ) ਲੜੇ ਅਰ ਫੇਰ ਮਾਰਿਆ ਜਾਵੇ ਅਥਵਾ ਸ਼ਕਤੀ ਪਾਵੇ ਤਾਂ (ਅੰਤ ਦੇ ਦਿਨ) ਅਸੀਂ ਓਸ ਨੂੰ ਬਹੁਤ ਪ੍ਰਤਿਬਦਲਾ ਦੇਵਾਂਗੇ ॥ ੭੫ ॥ ਅਰ (ਮੁਸਲਮਾਨੋ !) ਤੁਹਾਨੂੰ ਕੀ ਹੋ ਗਿਆ ਹੈ ਕਿ (ਤਸੀਂ) ਅੱਲਾ ਦੇ ਰਾਹ ਵਿਚ ਅਰ ਉਨਹਾਂ ਪਰਾਧੀਨ ਪੁਰਖ

Digitized by Panjab Digital Library | www.panjabdigilib.org

ਇਸਤਰੀਆਂ ਬਾਲਕਾਂ ਦੇ ਵਾਸਤੇ ਦੁਸ਼ਮਨਾਂ ਨਾਲ ਨਹੀਂ ਲੜਦੇ ਜੋ (ਘਗਰਾ ਕੇ ਖੁਦਾ ਪਾਸੋਂ) ਦੁਆ ਮੰਗ ਰਹੇ ਹਨ ਕਿ ਹੇ ਸਾਡੇ ਪਰ-ਵਰਦਿਗਾਰ ਸਾਨੂੰ ਏਸ ਨਗਰੋਂ (ਅਰਥਾਤ ਮੱਕੇ) ਥੀਂ (ਕਿਤੇ) ਨਿਸਤਾਰਾ ਦੇਹ ਏਥੋਂ ਦੇ ਵਸਨੀਕ ਸਾਡੇ ਉਪਰ ਉਪਦ੍ਰਵ ਕਰ ਰਹੇ ਹਨ ਅਰ (ਆਪ ਹੀ) ਆਪਣੇ ਵਲੋਂ ਕਿਸੇ ਨੂੰ ਸਾਡਾ ਹਾਮੀ ਬਣਾ ਅਰ (ਆਪ ਹੀ) ਆਪਣੇ ਵਲੋਂ ਕਿਸੇ ਨੂੰ ਸਾਡਾ ਸਹਾਇਕ ਬਣਾ ॥ ੭੬ ॥ ਜੋ ਈਮਾਨ ਰਖਦੇ ਹਨ ਓਹ ਤਾਂ ਅੱਲਾ ਦੇ ਮਾਰਗ ਵਿਚ ਲੜਦੇ ਹਨ ਅਰ ਜੋ (ਦੀਨ ਇਸਲਾਮ ਤੋਂ) ਮੁਨਕਰ ਹਨ ਉਹ ਸ਼ੈਤਾਨ ਦੇ ਰਾਹ ਵਿਚ ਲੜਦੇ ਹਨ ਤਾਂ (ਮੁਤਲਮਾਨੋ !) ਤੁਸੀਂ ਸ਼ੈਤਾਨ ਦੇ ਪੱਖਪਾਤੀਆਂ ਨਾਲ ਲੜੋ (ਨਿਰਸੰਦੇਹ) ਸ਼ੈਤਾਨ ਦੀਆਂ ਤਦਬੀਰਾਂ (ਸਭ) ਭੁਗੀਆਂ ਹਨ ॥ ੭੭ ॥ ਰੁਕੂਹ ੧੦ ॥

ਕੀ ਤੁਸਾਂ ਨੇ ਓਹਨਾਂ ਪੁਰਖਾਂ ਦੀ ਦਿਸ਼ਾ ਪਰ ਦ੍ਰਿਸ਼ਟੀ ਨਹੀਂ ਪਸਾਰੀ ਕਿ ਜਿਨਹਾਂ ਨੂੰ ਹੁਕਮ ਦਿਤਾ ਗਿਆ ਹੈ ਕਿ ( ਹਾਲੀ ਤੁਸੀਂ ) ਆਪਣਿਆਂ ਹੱਥਾਂ ਨੂੰ ਰੋਕੀ ਰਖੋ ਅਰ ਨਮਾਜ ਪੜ੍ਹਦੇ ਰਹੋ ਅਰ ( ਦਸਵੰਧ ) ਜ਼ਕਾਤ ਦੇਂਦੇ ਰਹੋ ਫੇਰ ਜਦੋਂ ਏਹਨਾਂ ( ਲੋਗਾਂ ) ਉਪਰ (ਧਰਮ) ਯੁਧ ਨਿਯਤ ਹੋਇਆ ਤਾਂ ਇਕ ਪੱਖ ਤਾਂ ਉਨਹਾਂ ਵਿਚੋਂ (ਐਸਾ ਥੋਥਾ ਨਿਕਸਿਆ ਕਿ ) ਲਗਾ ਲੋਗਾਂ ਪਾਸੋਂ ਡਰਨ ਜਿਸ ਤਰਹਾਂ ਕੋਈ ਖੁਦਾ ਪਾਸੋਂ ਡਰਦਾ ਹੈ ਪ੍ਰਤਯੁਤ ( ਇਸ ਤੋਂ ) ਵੀ ਵਧ ਕੇ ਅਰ ( ਘਬਰਾ ਕੇ ਖੁਦਾ ਨੂੰ ਲੱਗੇ ) ਕਹਿਣ ਕਿ ਹੇ ਸਾਡੇ ਪਰਵਰਦਿਗਾਰ ਤੂਨੇ ਸਾਡੇ ਉਪਰ ਜਹਾਦ ਕਿਸ ਵਾਸਤੇ ਫਰਜ ਕਰ ਦਿਤਾ ਸਾਨੂੰ ਥੋਹੜਿਆਂ ਦਿਨਾਂ ਦੀ ਅਵਧੀ ਹੋਰ ਕਿਉਂ ਨਹੀਂ ਦਿਤੀ ਤੁਸੀਂ ਕਹੋ ਕਿ ਸੰਸਾਰਕ ਫਾਇਦੇ (ਬਹੁਤ ਹੀ) ਨਯੂਨ ਹਨ ਅਰ ਜੋ ਪੁਰਖ (ਖੁਦਾ ਦਾ) ਡਰ ਰਖੇ ਓਸ ਦੇ ਵਾਸਤੇ ਅੰਤਮ ( ਸਾਂਸਾਰਿਕ ਫਾਇਦਿਆਂ ਨਾਲੋਂ ) ਉਤਮ ਹੈ ਅਰ (ਓਥੇ) ਤੁਸਾਂ ਲੋਗਾਂ ਵਿਚੋਂ ਕਿਸੇ ਦੀ ਰਤੀ ਭਰ ਭੀ ਪਹਿਮਾਨਗੀ ਨਹੀਂ ਹੋਵੇਗੀ ॥ ੭੮ ॥ ( ਲੋਗੋ ! ) ਤੁਸੀਂ ਕਿਥਾਈਂ ਭੀ ਹੋਵੋ ਕਾਲ ਤਾਂ ਤੁਹਾਨੂੰ ਅਵਸ਼ ਗ੍ਰਸੇਗਾ ਭਾਵੇਂ ਪੱਕੇ ਪੀਡੇ ਗੁੰਮਜਾਂ ਵਿਚ ਹੀ ਹੋਵੋ ਅਰ ( ਯਦੀ ) ਏਹਨਾਂ ਨੂੰ ਕੁਛ ਭਲਾਈ ਪਰਾਪਤ ਹੋ ਜਾਂਦੀ ਹੈ ਤਾਂ ਕਹਿਣ ਲਗ ਪੈਂਦੇ ਹਨ ਕਿ ਇਹ ਖੁਦਾ ਦੀ ਤਰਫੋਂ ਹੈ ਯਦੀ ਏਹਨਾਂ ਨੂੰ ਕੋਈ ਹਾਨੀ ਪਰਾਪਤ ਹੁੰਦੀ ਹੈ ਤਾਂ ਕਹਿਣ ਲਗ ਪੈਂਦੇ ਹਨ ਕਿ ( ਹੇ ਪੈਯੰਬਰ ) ਇਹ ਤੇਰੀ ਤਰਫੋਂ ਹੈ (ਭਾਵ ਤੇਰੇ ਕਰਕੇ ਹੈ ਸੋ ਤੁਸੀਂ) ਇਨਹਾਂ ਨੂੰ ਕਹਿਦੇਓ ਕਿ (ਲਾਭ ਹੋਵੇ ਅਥਵਾ ਹਾਨੀ ਹੋਵੇ) ਸਬ ਪਰਮੇਸ਼ੁਰ ਦੇ ਪਾਸਿਓਂ ਹੈ ਤਾਂ ਇਨਹਾਂ ਲੋਗਾਂ ਦਾ ਕੀ ਹਾਲ ਹੈ ਕਿ ਬਾਰਤਾ ਨਹੀਂ ਸਮਝਦੇ ॥ ੭੯ ॥ ਤੁਹਾਨੂੰ ਜੋ ਕੋਈ ਲਾਭ ਹੋਵੇ ਤਾਂ (ਸਮਝੋ ਕਿ) ਅੱਲਾ ਵਲੋਂ ਹੈ ਅਰ ( ਯਦੀ ) ਤੁਹਾਨੂੰ ਕੋਈ ਅਲਾਭ ਹੋਵੇ

Digitized by Panjab Digital Library | www.panjabdigilib.org

ਤਾਂ ( ਜਾਣੋਂ ਕਿ ) ਤੁਹਾਡੇ ਅੰਤਹ ਕਰਣ ਦੇ ਤਰਫੋਂ ਹੈ ਅਰ ਅਸਾਂ ਨੇ ਤੁਹਾਨੂੰ ਲੋਗਾਂ ਤਾਈਂ ਸੁਨੇਹਾ ਦੇਣ ਵਾਲਾ ( ਬਨਾ ਕੇ ) ਭੇਜਿਆ ਹੈ ( ਅਰ ਤੇਹਾਡੇ ਪੈਯੰਬਰ ਹੋਣ ਉਪਰ ) ਖੁਦਾ ਦੀ ਹੀ ਗਵਾਹੀ ਕਾਫੀ ਹੈ ॥ ੮੦ ॥ ਜਿਸ ਨੇ ਰਸੂਲ ਦੀ ਆਗਿਆ ਮੰਨੀ ਓਸ ਨੇ ਰੱਬ ਦੀ ਆਗਿਆ ਮੰਨੀ ਅਰ ਜੋ ਬੇ ਮੁਖ ਹੋ ਗਿਆ ਤਾਂ ਅਸਾਂ ਨੇ ਤੈਨੂੰ ਕੋਈ ਉਨਹਾਂ ਲੋਗਾਂ ਦਾ ਰਾਖਾ (ਬਣਾ ਕੇ) ਨਹੀਂ ਭੇਜਿਆ ॥ ੮੧ ॥ ਅਰ ( ਇਹ ਲੋਗ ਮੂਹੋਂ ਕਹਿਣ ਨੂੰ ਤਾਂ ) ਕਹਿੰਦੇ ਹਨ ( ਕਿ ਜੋ ਤੁਸੀਂ ਕਹਿੰਦੇ ਹੋ ) ਅਸੀਂ ਮੰਨਦੇ ਹਾਂ ਪਰੰਚ ਜਦੋਂ ਤੁਹਾਡੇ ਪਾਸੋਂ ( ਉਠ ਕੇ ) ਬਾਹਰ ਜਾਂਦੇ ਹਨ ਤਾਂ ਇਨਹਾਂ ਵਿਚੋਂ ਕਈਕ ਲੋਗ ਰਾਤੀਂ ( ਬੈਠ ੨ ਕੇ ) ਆਪਣੇ ਕਥਨ ਤੋਂ ਬੇ ਮੁਖ ਹੋ ( ਹੋਰ ਹੋਰ ) ਮਸ਼ਵਰੇ ਕਰਦੇ ਹਨ ਅਰ ਜੋ ਜੋ ਗੋਂਦਾਂ ਰਾਤ ਨੂੰ (ਬੈਠਕੇ) ਗੁੰਦ ਦੇ ਹਨ ਅਲਾ (ਦਾ ਫਰਿਸ਼ਤਾ) ਸਭ ਲਿਖਦਾ ਜਾਂਦਾ ਹੈ ਤਾਂ ਏਹਨਾਂ (ਦੇ ਮਸ਼ਵਰਿਆਂ) ਦੀ ਕੁਝ ਪ੍ਰਵਾਹ ਨਾ ਕਰੇ ਅਰ ਅੱਲਾ ਉਪਰ ਭਰੋਸਾ ਰਖੇ ਅਰ ਅੱਲਾ ਹੀ ਕਰਨ ਕਾਰਨ ਬਸ ਹੈ ॥ ੮੨ ॥ ਤਾਂ ਕੀ ਇਹ ਲੋਗ ਕੁਰਾਨ ( ਦੇ ਮਤਲਬ ) ਵਿਚ ਦੀਰਘ ਦਰਿਸ਼ਟੀ ਨਹੀਂ ਕਰਦੇ ਅਰ ਯਦੀ ( ਕੁਰਾਨ ) ਖੁਦਾ ਤੋਂ ਸਿਵਾ (ਕਿਸੇ ਹੋਰ) ਦੇ ਪਾਸੋਂ (ਆਇਆ) ਹੁੰਦਾ ਤਾਂ ਜਰੂਰ ਓਸ ਵਿਚ ਬਹੁਤ ਸਾਰੇ ਭੇਦ (ਇਖ਼ਤਲਾਫ)ਹੁੰਦੇ ॥੮੩॥ ਅਰ ਜਦੋਂ ਏਹਨਾਂ ਦੇ ਪਾਸ ਅਮਨ ਦੀ ਜਾਂ ਖੌਫ ਦੀ ਕੋਈ ਖਬਰ ਆਉਂਦੀ ਹੈ ਤਾਂ ਓਸ ਨੂੰ ( ਸਭਨਾਂ ਵਿਚ ) ਉਡਾ ਦੇਂਦੇ ਹਨ ਅਰ ਜੇਕਰ ਓਸ (ਖਬਰ) ਦੇ ਬਾਰੇ ਵਿਰ ਰਸੂਲ ਦੀ ਤਰਫ ਅਰ ਉਨਹਾਂ ਲੋਗਾਂ ਦੀ ਤਰਫ ਰਜੂ ਕਰਦੇ(ਲੈ ਜਾਂਦੇ)ਜੋ ਉਨਹਾਂ ਵਿਚੋਂ ਰਾਜ ਪੁਰਖ ਹਨ ਤਾਂ ਪੈਕੰਬਰ ਅਰ ਰਾਜ ਪੁਰਖਾਂ ਵਿਚੋਂ ਜੋ ਲੋਗ ਖੋਜ ਨਕਾਲਨ ਵਾਲੇ ਹਨ ਇਸ ( ਬਾਤ ਦੀ ਅਸਲੀਅਤ ਅਰਥਾਤ ਸਿਧਾਂਤ )ਨੂੰ ਮਾਲੂਮ ਕਰ ਲੈਂਦੇ ਅਰ(ਮੁਸਲਮਾਨੋ! ) ਯਦੀ ਪੁਹਾਡੇ ਉਪਰ ਅੱਲਾ ਦਾ ਫਜ਼ਲ ਅਰ ਓਸ ਦੀ ਮੇਹਰ ਨਾਂ ਹੁੰਦੀ ਤਾਂ ਥੋਹੜੇ ਜੈਸੇ ਆਦਮੀਆਂ ਤੋਂ ਸਿਵਾ ਤੁਸੀਂ ( ਸਾਰਿਆਂ ਦੇ ਸਾਰੇ) ਸ਼ੈਤਾਨ ਦੇ ਪਿਛੇ ਲਗ ਗਏ ਹੁੰਦੇ ॥ ੮੪ ॥ ਤਾਂ ( ਹੇ ਪੈਯੰਬਰ ) ਤੁਸੀਂ ਰੱਬ ਦੇ ਰਾਹ ਵਿਚ ( ਦੁਸ਼ਮਨਾਂ ਨਾਲ ) ਲੜੋ ਤੁਸਾਂ ਉਪਰ ਆਪਣੇ ਆਪ ਦੇ ਸਿਵਾ (ਹੋਰ) ਕਿਸੇ ਦੀ ਜ਼ਿਮਾਵਾਰੀ ਨਹੀਂ ਅਰ ਮੁਸਲਮਾਨ ਨੂੰ(ਭੀ ਲੜਾਈ ਦੇ ਵਾਸਤੇ)ਉਦਿਤ ਕਰੋ ਅਸੰਭਵ ਨਹੀਂ ਕਿ ਅੱਲਾ ਕਾਫਰਾਂ ਦੇ ਜੋਰ ਨੂੰ ਰੋਕ ਦੇਵੇ ਅਰ ਅੱਲਾ ਦੀ ਸ਼ਕਤੀ (ਸਭਨਾ ਨਾਲੋਂ ) ਵਧਕੇ ਬਲਵਾਨ ਅਰ ਓਸ ਦਾ ਡੰਡ ( ਸਭ ਨਾਲੌਂ ) ਵਧਕੇ ਭਯੰਕਰ ਹੈ ॥ ੮੫ ॥ ਜੋ ਆਦਮੀ ਭਲੀ ( ਬਾਤ ਦੀ) ਸਫਾਰਸ਼ ਕਰੇ ( ਅੰਤ ਦੇ ਦਿਨ ) ਓਸ ਭਲੀ ਬਾਤ ਦੇ (ਪ੍ਰਤਿਬਦਲ)ਵਿਚੋਂ ਓਸ ਨੂੰ ਭੀ ਹਿੱਸਾ ਮਿਲੇਗਾ ਅਰ ਜੋ ਬੁਰੀ ( ਬਾਤ ਦੀ ) ਸਫਾਰਸ਼ ਕਰੇ ਓਸਦੀ ( ਖਰਾਬੀ ) ਵਿਚ

Digitized by Panjab Digital Library | www.panjabdigilib.org

ਉਹ ਭੀ ਸਾਥੀ ਹੋਵੇਗਾ ਅਰ ਅੱਲਾ ਸੰਪੂਰਨ ਵਸਤਾਂ ਉਪਰ ਸ਼ਾਸਕ ਹੈ॥੮੬॥ ਅਰ ਮੁਸਲਮਾਨੋ ! )ਜਦੋਂ ਤੁਹਾਨੂੰ ਕਿਸੇ ਤਰਹਾਂ ਸਲਾਮ ਕੀਤਾ ਜਾਵੇ ਤਾਂ ਤੁਸੀਂ (ਓਸ ਦੇ ਉਤਰ ਵਿਚ) ਓਸ ਨਾਲੋਂ ਉਤਮ (ਰੀਤੀ) ਨਾਲ ਸਲਾਮ ਕਰੋ ਅਥਵਾ ( ਘਟ ਤੋਂ ਘਟ ) ਓਸੇ ਤਰਹਾਂ ਉਤਰ ਦਿਓ ਅੱਲਾ ਸੰਪੂਰਨ ਵਸਤਾਂ ਦਾ ਹਿਸਾਬ ਲੈਣ ਵਾਲਾ ਹੈ ॥ ੮੭ ॥ ਅੱਲ਼ਾ ਓਸਦੇ ਸਿਵਾ ਕੋਈ ਪੂਜਨੇ ਜੋਗ ਨਹੀਂ ਹੈ ਏਸ ਵਿਚ ( ਕਿੰਚਦ ਭੀ ) ਭਰਮ ਨਹੀਂ ਕਿ ਅੰਤ ਦੇ ਦਿਨ ਓਹ ਤੁਸਾਂ (ਸਾਰਿਆਂ) ਨੂੰ ਜ਼ਰੂਰ ਇਕਤਰ ਕਰ ਲਵੇਗਾ ਅਰ ਅੱਲਾ ਨਾਲੋਂ ਵਧ ਕੇ ਕਿਸ ਦੀ ਬਾਤ ਸੱਚੀ ( ਹੋ ਸਕਦੀ ) ਹੈ ॥ ੮੮ ॥ ਰੁਕੂਹ ੧੧ ॥

ਸੋ ( ਮੁਸਲਮਾਨੋ ! ) ਤੁਹਾਡੀ ਕੀ ਦਿਸ਼ਾ ਹੈ ਕਿ ਦੰਬੀਆਂ ਦੇ ਬਾਰੇ ਵਿਚ ਦੋ ਵਿਭਾਗ ਹੋ ਰਹੇ ਹੋ ਅਜੇ ਤਾਂ ਅੱਲਾ ਨੇ ਉਨਹਾਂ ਦੀਆਂ ਕਰਤੂਤਾਂ ਦੀ ਸਜ਼ਾ ਵਿਚ ਉਨਹਾਂ ਨੂੰ ਉਲਟ ਦਿਤਾ ਹੈ (ਜਿਸ ਕਰਕੇ ਉਹ ਬੇਮੁਖਹੋਗਏ) ਕੀ ਤੁਸੀਂ ਇਹ ਚਾਹੁੰਦੇ ਹੋ ਕਿ ਜਿਸ ਨੂੰ ਖੁਦਾ ਨੇ ਗੁਮਰਾਹ ਕਰ ਦਿਤਾ ਉਸ ਨੂੰ ਸਚੇ ਰਸਤੇ ਉਪਰ ਲੈ ਆਓ ਅਰ ਜਿਸ ਨੂੰ ਅੱਲਾ ਗੁਮਰਾਹ ਕਰੇ ਅਸੰਭਵ ਹੈ ਕਿ ਤੁਹਾਡੇ ਵਿਚੋਂ ਕੋਈ ਓਸ ਦੇ ਵਾਸਤੇ ਰਸਤਾ ਨਿਕਾਸ ਸਕੇ ॥ ੮੯ ॥ ਏਹਨਾਂ ( ਮੁਨਾਫਿਕਾਂ ) ਦੀ ਰੁਚੀ ਇਹ ਹੈ ਕਿ ਜਿਸ ਤਰਹਾਂ ਆਪ ਕਾਫਰ ਹੋ ਗਏ ਹਨ ਓਸੇ ਤਰਹਾਂ ਤੁਸੀਂ ਭੀ ਕੁਫਰ ਕਰਨ ਲਗੋ ( ਅਰ ਓਹ ) ਅਰ ਤੁਸੀਂ ( ਸੰਪੂਰਣ ) ਇਕ ਹੀ ਤਰਹਾਂ ਦੇ ਹੋ ਜਾਓ ਤਾਂ ਤਦੋਂ ਤਕ ( ਇਹ ਲੋਗ) ਖੁਦਾ ਦੇ ਮਾਰਗ ਵਿਚ ਹਿਜਰਤ ਨਾ ਕਰ ਆਉਣ ਏਹਨਾਂ ਵਿਚੋਂ ( ਕਿਸੇ ਨੂੰ ਆਪਣਾ ) ਦੋਸਤ ਨਾ ਬਨਾਉਣਾ ਫੇਰ ਯਦੀ ( ਹਿਜਰਤ ਥੀਂ ) ਮੂੰਹ ਫੇਰਨ ਤਾਂ ਉਨਹਾਂ ਨੂੰ ਪਕੜੋ ਅਰ ਜਿਥੇ ਮਿਲਨ ਉਨਹਾਂ ਨੂੰ ਕਤਲ ਕਰ ਸਿੱਟੋ ਅਰ ਏਹਨਾਂ ਵਿਚੋਂ ( ਕਿਸੇ ਨੂੰ ਆਪਣਾ ) ਦੋਸਤ ਮਦਦਗਾਰ ਨਾ ਬਨਾਉਣਾ ॥ ੯੦ ॥ ਪਰੰਚ ਜੋ ਲੋਗ ਐਸੀਆਂ ਜਾਤਾਂ ਦੇ ਨਾਲ ਜਾ ਮਿਲੇ ਹੋਣ ਕਿ ਤੁਸਾਂ ਵਿਚ ਅਰ ਉਨਹਾਂ ਵਿਚ(ਸੁਲਾਹ ਦੀ)ਪਰਤਿਗਜਾ ਹੋ ਚੁਕੀ ਹੈ ਜਾਂ ਤੁਹਾਡੇ ਨਾਲ ਲੜਨ ਥੀਂ ਅਥਵਾ ਆਪਣੀ ਜਾਤੀ ਦੇ ਨਾਲ ਲੜਨ ਥੀਂ ਤੰਗ ਦਿਲ ਹੋਕੇ ਤੁਹਾਡੇ ਪਾਸ ਆ ਜਾਣ ਤਾਂ ( ਐਸਿਆਂ ਲੋਗਾਂ ਦੇ ਨਾਲ ਮੇਲ ਜੋਲ ਰਖਣ ਦਾ ਕੋਈ ਡਰ ਨਹੀਂ ) ਅਰ ਯਦੀ ਖੁਦਾ ਚਾਹੁੰਦਾ ਤਾਂ ਇਨਹਾਂ ( ਲੋਗਾਂ ) ਨੂੰ ਤੁਹਾਡੇ ਉਤੇ ਸ਼ਕਤੀ ਦੇਂਦਾ ਤਾਂ ਇਹ ਤੁਹਾਡੇ ਨਾਲ ਲੜਦੇ ਪਰ ਲੜਦੇ ਫੇਰ ਯਦੀ ( ਇਹ ਲੋਕ ) ਇਕ ਤਰਫ ਹੋ ਜਾਣ ਅਰ ਤੁਹਾਡੇ ਨਾਲ ਨਾ ਲੜਨ ਅਰ ਤੁਹਾਡੀ ਤਰਫ ਸਮਸਜਾ ਦਾ ( ਸੰਦੇਸਾ ) ਭੇਜਣ ਤਾਂ ਐਸਿਆਂ ਲੋਗਾਂ ਉਪਰ ( ਹਥ ਵਲਛਾ ਕਰਨ ਦਾ ) ਤੁਹਾਡੇ ਵਾਸਤੇ ਅੱਲ਼ਾ ਨੇ ਕੋਈ ਰਸਤਾ ਨਹੀਂ ਰਖਿਆ ॥ ੯੧ ॥ ਕੁਛ ਹੋਰ ਲੋਗ ਤਸੀਂ

Digitized by Panjab Digital Library | www.panjabdigilib.org

ਐਸੇ ਭੀ ਪਾਉਗੇ ਜੋ ਤੁਹਾਡੇ ਨਾਲੋਂ (ਭੀ) ਅਮਨ ਵਿਚ ਰਹਿਣ ਚਾਹੰਦੇ ਹਨ ਅਰ ਆਪਣੀ ਜਾਤ ਦੇ ਲੋਕਾਂ ਥੀਂ (ਭੀ) ਅਮਨ ਵਿਚ ਰਹਿਣਾ ਚਾਹੁੰਦੇ ਹਨ ਪਰੰਚ (ਹਾਲ ਇਹ ਹੈ ਕਿ) ਜਦੋਂ ਕਦੀ ਉਨਹਾਂ ਨੂੰ ਕੋਈ ਫਸਾਦ ਦੇ ਪਾਸੇ ਪਰਤਾ ਕੇ ਲੈ ਜਾਵੇ ਤਾਂ ਮੂਧੜੇ ਮੂੰਹ ਓਸ ਵਿਚ ਜਾ ਡਿਗਣ ਨੂੰ ਮੌਜੂਦ ਹਨ ਸੋ (ਐਸੇ ਲੋਗ) ਯਦੀ ਤੁਹਾਡੇ ਪਾਸੋਂ ਇਕ ਲਾਂਬੇ ਨਾਂ ਰਹਿਣ ਅਰ ਨਾਂ ਹੀ ਤੁਹਾਡੀ ਤਰਫ ਸਮਸਤਾ ਦਾ (ਸੰਦੇਸਾ) ਭੇਜਣ ਅਰ ਨਾ ਹੀ (ਲੜਾਈ ਭੜਾਈ ਤੋਂ) ਆਪਣਾ ਹਥ ਰੋਕਣ ਤਾਂ ਉਨਹਾਂ ਨੂੰ ਪਕੜੋ ਅਰ ਜਿਥੇ ਮਿਲਨ ਕਤਲ ਕਰੋ ਅਰ ਇਹੋ ਲੋਗ ਹਨ ਜਿਨਹਾਂ ਦੇ ਮੁਕਾਬਲੇ ਵਿਚ ਅਸਾਂ ਨੇ ਤੁਹਾਡੇ ਵਾਸਤੇ ਸਪਸ਼ਟ ਬਲ ਪਰਵਾਨ ਕੀਤਾ ਹੈ॥੯੨॥ ਰੁਕੂਹ੧੨॥

ਅਰ ਕਿਸੇ ਮੁਸਲਮਾਨ ਨੂੰ ਜੋਗ ਨਹੀਂ ਕਿ ਕਿਸੇ ਮੁਸਲਮਾਨ ਨੂੰ ਕਤਲ ਕਰੇ ਯਦੀਚ ਭੁਲ ਭੁਲੇਖੇ ਅਰ ਜੇ ਮੁਸਲਮਾਨ ਨੂੰ ਭੁਲ ਭੁਲੇਖੇ (ਭੀ) ਮਾਰ ਦੇਵੇ ਤਾਂ ਇਕ ਮੁਸਲਮਾਨ ਬਰਦਾ ਆਜ਼ਾਦ ਕਰ ਦੇਵੇ ਅਰ ਮਕਤੂਲ ਦਿਆਂ ਵਾਰਸਾਂ ਨੂੰ ਖ਼ੂਨ ਦਾ ਬਦਲਾ ਦੇ ਦੇਵੇ (ਓਹ ਵਖਰਾ) ਪਰੰਚ ਇਹ ਕਿ (ਮਕਤੂਲ ਦੇ ਵਾਰਸ) ਖ਼ੂਨ ਦੀ ਮਾਫੀ ਕਰ ਦੇਣ ਫੇਰ ਯਦੀ ਮਕਤੂਲ ਉਨਾਂ ਲੋਗਾਂ ਵਿਚੋਂ ਹੋਵੇ ਜੋ ਤੁਸਾਂ ਮੁਸਲਮਾਨਾਂ ਦੇ ਦੁਸ਼ਮਨ ਹਨ ਅਰ ਓਹ ਆਪ ਮੁਸਲਮਾਨ ਹੋਵੇ ਤਾਂ ਇਕ ਮੁਸਲਮਾਨ ਬਰਦੇ ਨੂੰ ਆਜ਼ਾਦ ਕਰ ਦੇਣਾ ਹੋਵੇਗਾ ਅਰ ਯਦੀ (ਮਕਤੂਲ) ਉਨਹਾਂ ਲੋਗਾਂ ਵਿਚੌਂ ਹੋਵੇ ਜਿਨਹਾਂਵਿਚ ਅਰ ਤੁਹਾਡੇ ਵਿਚ (ਸੁਲਾ ਦੀ) ਪਰਤਗਿਆ ਹੈ ਤਾਂ (ਕਾਤਿਲ ਨੂੰ ਚਾਹੀਦਾ ਹੈ ਕਿ) ਮਕਤੂਲ ਦਿਆਂ ਵਾਰਸਾਂ ਨੂੰ ਖ਼ੂਨ ਦਾ ਬਦਲਾ ਦੇਵੇ ਅਰ (ਇਸ ਤੋਂ ਸਿਵਾ) ਇਕ ਮੁਸਲਮਾਨ ਬਰਦਾ (ਭੀ) ਖਲਾਸ ਕਰ ਦੇਵੇ ਅਰ ਜਿਸ ਵਿਚ (ਇਕ ਬਰਦਾ ਮੁਸਲਮਾਨ ਖਲਾਸ ਕਰਨ ਦਾ) ਬਲ ਨਾ ਹੋਵੇ ਤਾਂ ਵਿਵਧਾਨ ਰਹਿਤ(ਅਰਥਾਤ ਇਕ ਟਕ)ਦੋ ਮਹੀਨਿਆਂ ਦੇ ਰੋਜੇ ਰਖੇ ਕਿ ਇਹ ਤੋਬਾ ਦੀ ਰੀਤੀ ਅੱਲਾ ਦੀ ਨਿਰਮਾਣ ਕੀਤੀ ਹੋਈਹੈ ਅਰ ਅੱਲਾ ਜਾਂਨੀ ਜਾਨ ਅਰ ਯੁਕਤੀ ਮਾਨ ਹੈ॥੯੩॥ ਅਰ ਜੋ ਮੁਸਲਮਾਨ ਨੂੰ ਜਾਣ ਬੁਝ ਕੇ ਮਾਰ ਸਿਟੇ ਤਾਂ ਓਸ ਦੀ ਸਜ਼ਾ ਦੋਜ਼ਖ ਹੈ ਜਿਸ ਵਿਚ ਓਹ (ਨਿਤਰਾਂ ੨) ਰਹੇਗਾ ਉਸ ਉਪਰ ਅੱਲਾ ਦੀ ਕਰੋਪੀ (ਪਰਾਪਤ) ਹੋਵੇਗੀ ਅਰ ਉਸ ਉਪਰ ਖ਼ੁਦਾ ਦੀ ਫਿਟਕਾਰ ਪਵੇਗੀ ਅਰ ਅੱਲਾ ਨੇ ਓਸ ਦੇ ਵਾਸਤੇ ਵਡਾ (ਭਾਰਾ) ਦੁਖ ਤਿਆਰ ਕਰ ਰਖਿਆ ਹੈ ॥ ੯੪ ॥ ਮੁਸਲਮਾਨੋ ! ਜਦੋਂ ਤੁਸੀਂ ਰਬ ਦੇ ਰਾਹ ਵਿਚ (ਯੁਧ ਕਰਨ ਵਾਸਤੇ) ਬਾਹਰ ਨਿਕਲੋ ਤਾਂ (ਜਿਨਹਾਂ ਲੋਗਾਂ ਉਪਰ ਚੜ੍ਹਕੇ ਜਾਓ ਉਨਹਾਂ ਦਾ ਹਾਲ) ਭਲੀ ਤਰਹਾਂ ਨਿਸਚੇ ਕਰ ਲੀਤਾ ਕਰੋ ਅਰ ਜੋ ਪੁਰਖ ਤੁਹਾਡੇ ਨਾਲ ਸਲਾਮ ਅਲੈਕ ਕਰੇ ਉਸ ਨੂੰ

Digitized by Panjab Digital Library | www.panjabdigilib.org

ਇਹ ਨਾ ਕਹੋ ਕਿ ਤੂੰ ਮੁਸਲਮਾਨ ਨਹੀਂ ( ਅਰ ਇਸ ਕਹਿਣ ਦਵਾਰਾ ) ਤੁਹਾਡਾ ਇਹ ਅਭਿਪ੍ਰਾਯ ਹੋਵੇ ਸੰਸਾਰਕ ਜੀਵਨ ਦਾ ਸਾਜੋ ਸਾਮਾਨ ( ਤਾ ਕਿ ਓਸ ਨੂੰ ਵੈਰੀ ਠਹਿਰਾ ਕੇ ਲੁਟ ਪੁਟ ਲਈਏ ) ਖੁਦਾ ਦੇ ਪਾਸ ( ਤੁਹਾਡੇ ਵਾਸਤੇ ) ਬਹੁਤੇਰੀਆਂ ( ਜੋਗ ) ਗਨੀਮਤਾਂ ( ਤਿਆਰ ਹਨ ) ਪਹਿਲੇ ਤੁਸੀਂ ਭੀ ਤਾਂ ਏਸੇ ਤਰਹਾਂ ( ਖੁਲ ਕੇ ਇਸਲਾਮ ਪੁਣਾ ਪਰਗਟ ਕਰਦੇ ਹੋਏ ਸਭੇ ) ਹੁੰਦੇ ਸੀ ਫੇਰ ਅੱਲਾ ਨੇ ਤੁਹਾਡੇ ਉਪਰ ਆਪਣਾ ਫਜਲ ਕੀਤਾ ਕਿ ( ਖੁਲਮਖੁਲਾ ਇਸਲਾਮ ਦਾ ਇਜ਼ਹਾਰ ਕਰਨ ਲਗੇ ) ਤਾਂ ਭਲੀ ਤਰਹਾਂ ਨਿਸਚੇ ਕਰ ਲੀਤਾ ਕਰੋ ਅੱਲਾ ਤੁਹਾਡਿਆਂ ਕੰਮਾਂ ਦਾ ਜਾਣੂ ਹੈ॥੯੪॥ ਜਿਨਹਾਂ ਮੁਸਲਮਾਨਾਂ ਨੂੰ (ਕਿਸੇ ਤਰਹਾਂ ਦਾ ਉਜ਼ਰ (ਬਹਾਨਾਂ) ਨਹੀਂ ਅਰ ਉਹ ( ਜਹਾਦ ਤੋਂ ) ਬੈਠ ਰਹੇ ਇਹ ਉਨਹਾਂ ਲੋਗਾਂ ਦੇ ਬਰਾਬਰ ਨਹੀਂ ( ਹੋ ਸਕਦੇ ) ਜੋ ਆਪਣੀ ਜਾਨ ਮਾਲ ਨਾਲ ਖੁਦਾ ਦੇ ਰਾਹ ਵਿਚ ਯੁਧ ਕਰ ਰਹੇ ਹਨ ਅੱਲਾ ਨੇ ਜਾਨ ਮਾਲ ਨਾਲ ਜਹਾਦ ਕਰਨ ਵਾਲਿਆਂ ਨੂੰ ਬੈਠ ਰਹਿਣ ਵਾਲਿਆਂ ਨਾਲੋਂ ਦਰਜੇ ਦੀ ਅਪੇਖਿਆ ਦਵਾਰਾ ਬੜੀ ਵਡਿਆਈ ਦਿਤੀ ਹੈ ਅਰ ( ਏਸੇ ਤਰਹਾਂ ) ਖੁਦਾ ਦੀ ਭਲੀ ਪਰਤਗਿਆ ਤਾਂ ਸਾਰਿਆਂ ਹੀ ( ਮੁਸਲਮਾਨਾਂ ) ਨਾਲ ਹੈ ਅਰ ਅੱਲਾ ਨੇ ਬਹੁਤ ਸਵਾਬ ਦੀ ਸੰਭਾ-ਵਨਾ ਦਵਾਰਾ ਜੰਗ ਕਰਨ ਵਾਲਿਆਂ ਨੂੰ ਬੈਠ ਰਹਿਣ ਵਾਲਿਆਂ ਉਪਰ ਬੜੀ ਉਤਮਤਾਈ ਦਿਤੀ ਹੈ ॥ ੯੬ ॥ ( ਇਹ ) ਖੁਦਾ ਦੀ ਤਰਫੋਂ ਦਰਜੇ ਹਨ ਅਰ ਉਸਦੀ ਬਖਸ਼ਸ਼ ਤਥਾ ਕਿਰਪਾ ਹੈ ਅਰ ਅੱਲਾ ਬਖਸ਼ਣੇ ਵਾਲਾ ਮੇਹਰ-ਬਾਨ ਹੈ ॥ ੯੭ ॥ ਰੁਕੂਹ ੧੩ ॥

ਜੋ ਲੋਗ ਆਪਣੇ ਉਪਰ ਆਪ ਜੁਲਮ ਕਰ ਰਹੇ ਹਨ ਫਰਿ-ਸ਼ਤੇ ਉਨਹਾਂ ਦੀ ਜਾਨ ਕਡਣ ਦੇ ਪਿਛੋਂ ਉਨਹਾਂ ਪਾਸੋਂ ਪੁਛਦੇ ਹਨ ਕਿ ਤੁਸੀਂ ਕੀ ਕਰਦੇ ਰਹੇ ਸੋ ਤਾਂ ਉਹ ਉਤਰ ਵਿਚ ਕਹਿੰਦੇ ਹਨ ਕਿ ਅਸੀਂ ਤਾਂ ( ਉਥੇ ) ਬੇਵਸ ਥੇ (ਇਸ ਬਾਤੋਂ ਫਰਿਸ਼ਤੇ ਉਨਹਾਂ ਨੂੰ) ਕਹਿੰਦੇ ਹਨ ਕਿ ਕੀ ਅੱਲਾ ਦੀ ( ਐਡੀ ਲੰਬੀ ਚੌੜੀ ) ਪ੍ਰਿਥਵੀ ਵਿਸਤਾਰ ਨਹੀਂ ਰਖਦੀ ਸੀ ਕਿ ਤੁਸੀਂ ਉਸ ਵਿਚ ( ਕਿਸੇ ਪਾਸੇ ਨੂੰ ) ਪਰਦੇਸੀ ਬਨ ਕੇ ਚਲੇ ਜਾਂਦੇ ਭਾਵ ਇਹ ਉਹ ਲੋਗ ਹਨ ਜਿਨਹਾਂ ਦਾ ਅਸਥਾਨ ਨਰਕ ਹੈ ਅਰ ਉਹ ਵਡਾ ਮੰਦ ਅਸਥਾਨ ਹੈ ॥ ੯੮ ॥ ਪਰੰਚ ( ਹਾਂ ) ਜੋ ਪੁਰਖ ਇਸਤ੍ਰੀਆਂ ਅਰ ਬੱਚੇ ਏਥੋਂ ਤਕ ਪਰਾਧੀਨ ਹਨ ਕਿ ਉਨਹਾਂ ਪਾਸੋਂ ਕੋਈ ਹੀਲਾ ਨਹੀਂ ਹੋ ਸਕਦਾ ਅਰ ਨਾ ਹੀ ਉਨਹਾਂ ਨੂੰ ( ਬਾਹਰ ਜਾਣਦਾ ) ਕੋਈ ਰਸਤਾ ਹੀ ਭਾਸਤਾ ਹੈ ॥ ੯੯ ॥ ਤਾਂ ਸੰਭਾਵਨਾ ਹੈ ਕਿ ਅੱਲਾ ਐਸੇ ਲੋਗਾਂ ਨੂੰ ਬਖਸ਼ ਦੇਵੇ ਅਰ ਅੱਲਾ ਬਖਸ਼ਣ ਜੋਗ (ਅਰ) ਖਿਸ਼ਿਮਾ ਕਰਨੇ ਵਾਲਾ ਹੈ ॥ ੧੦੦ ॥ ਅਰ

Digitized by Panjab Digital Library | www.panjabdigilib.org

ਜੋ ਆਦਮੀ ਰੱਬ ਦੇ ਰਾਹ ( ਅਰਥਾਤ ਖ਼ੁਦਾ ਦੇ ਵਾਸਤੇ ) ਪਰਦੇਸੀ ਹੋ ਜਾਵੇ ਗਾ ਤਾਂ ਪ੍ਰਿਥਵੀ ( ਮਾਤ੍ਰ ) ਉਤੇ ਉਸਨੂੰ ( ਰਹਿਣ ਬਹਿਣ ਵਾਸਤੇ ) ਵਾਫਰ ਜਗਹਾਂ ਅਰ ( ਸਬ ਤਰਹਾਂ ਦੀ ) ਖੁਲ ਡੁਲ ਮਿਲੇਗੀ ਅਰ ਜੋ ਪੁਰਖ ਆਪਣਿਆਂ ਘਰਾਂ ਤੋਂ ਅੱਲਾ ਤਥਾ ਓਸ ਦੇ ਰਸੂਲ ਦੀ ਤਰਫ ਰਾਹੀ ਬਣ ਕੇ ਨਿਕਲੇ ਅਰ ਫੇਰ ਉਸਦੀ ਮੌਤ ਆ ਜਾਵੇ ਤਾਂ ਉਸ ਦਾ ਅਜਰ ਅੱਲਾ ਦੇ ਜਿੰਮੇ ਸਾਬਤ ਹੋ ਚੁਕਾ ਅਰ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੧੦੧ ॥

॥ ਰੁਕੂਹ ੧੪ ॥

ਅਰ ( ਮੁਸਲਮਾਨੋ ! ) ਜਦੋਂ ਤੁਸੀਂ (ਧਰਮ ਜੁਧ ਵਾਸਤੇ) ਕਿਸੀ ਤਰਫ ਨੂੰ ਜਾਓ ਅਰ ਤੁਹਾਨੂੰ ਭੈ ਹੋਵੇ ਕਿ ( ਨਿਤਨੇਮ ਵਿਚ ਕਿਤੇ ) ਕਾਫਰ ਤੁਹਾਡੇ ਨਾਲ ( ਲੜਾਈ ਦੀ ) ਛੇੜ ਛਾੜ ( ਨਾ ) ਕਰਨੇ ਲਗ ਪੈਣ ਤਾਂ ਤੁਹਾਨੂੰ ਕੋਈ ਦੋਸ਼ ਨਹੀਂ ਕਿ ਨਮਾਜ਼ ( ਨਿਤਨੇਮ ) ਵਿਚੋਂ (ਕੁਛ)ਹਿੱਸਾ ਘੱਟ ਦਿੱਤਾ ਕਰੋ, ਸੱਚ ਮੁਚ ! ਕਾਫਰ ਤਾਂ ਤੁਹਾਡੇ ਪਰਗਟ ਵੈਰੀ ਹਨ ॥ ੧੦੨ ॥ ਅਰ ( ਪੈਯੰਬਰ ) ਜਦੋਂ ਤੁਸੀਂ ਮੁਸਲਮਾਨਾਂ ਦੇ ਨਾਲ ਹੋਵੋ ਅਰ ਉਨਹਾਂ ਨੂੰ ਨਮਾਜ ਪੜ੍ਹਾਣ ਲੱਗੋ ਤਾਂ ਮੁਸਲਮਾਨਾਂ ਦੀ ਇਕ ਸ਼੍ਰੇਣੀ ਹਥਿਆਰ ਬੰਦ ਤੁਹਾਡੇ ਨਾਲ ਖੜਾ ਹੋਵੇ ਫੇਰ ਜਦੋਂ ਸਜਦਾ ਕਰ ਚੁਕਣ ਤਾਂ ਪਿਛੇ ਹੋ ਜਾਣ ਅਰ ਦੂਸਰਾ ਟੋਲਾ ਜੋ ( ਹੁਣ ਤਕ ) ਨਮਾਜ ਵਿਚ ਸ਼ਰੀਕ ਨਹੀਂ ਹੋਇਆ ਆਕੇ ਤੁਹਾਡੇ ਨਾਲ ਨਮਾਜ ਵਿਚ ਸ਼ਰੀਕ ਹੋ ਕੇ ਚੌਕਸਾਈ ( ਰੱਖਣ ) ਅਰ ਆਪਣੇ ਹਥਿਆਰ ( ਹੱਥਾਂ ਵਿਚ) ਰਖਣ ਕਾਫਰਾਂ ਦੀ ਤਾਂ (ਇਹ) ਇੱਛਾ ਹੈ ਕਿ ਤੁਸੀਂ ਆਪਣੇ ਹਥਿ-ਯਾਰਾਂ ਅਰ (ਜੰਗ ਦੇ) ਸਾਜੋ ਸਾਮਾਨ ਤੋਂ ਆਲਸੀ ਹੋ ਜਾਓ ਤਾਂ ਇਕ ਵਾਰੀ ਹੀ ਤੁਹਾਡੇ ਉਪਰ ਟੁਟ ਪੈਣ। ਅਰ ਯਦੀ ਤੁਸਾਂ ਲੋਗਾਂ ਨੂੰ ਬਾਰਸ਼ ਦੀ ਕੋਈ ਤਕ-ਲੀਫ ਹੋਵੇ ਅਥਵਾ ਤੁਸੀ ਬੀਮਾਰ ਹੋਵੋ ਤਾਂ ਆਪਣੇ ਹਥਿਆਰ ਉਤਾਰ ਰਖਣ ਵਿਚ(ਭੀ)ਤੁਸਾਂ ਪਰ ਕੋਈ ਦੋਖ ਨਹੀਂ ਹਾਂ ਆਪਣੀਸਾਵਧਾਨੀਰਖੋ (ਨਿਰਸੰਦੇਹ) ਅੱਲਾ ਨੇ ਕਾਫਰਾਂ ਵਾਸਤੇ ਬੇਇਜਤੀ ਦਾ ਦੁਖ ਤਿਆਰ ਕਰ ਛਡਿਆ ਹੈ ॥ ੧੦੩ ॥ ਫੇਰ ਜਦੋਂ ਤੁਸੀਂ ਨਮਾਜ਼ ਪੂਰੀ ਕਰ ਚੁਕੋ ਤਾਂ (ਓਸ ਦੇ ਪਿਛੋਂ) ਊਠਤ ਬੈਠਤ ਸੋਵਤ ਅੱਲਾ ਦੀ ਬੰਦਗੀ ਵਿਚ ਲਗੇ ਰਹੋ ਫੇਰ ਜਦੋਂ ਤੁਸੀਂ (ਵੈਰੀਆਂ ਵਲੋਂ) ਨਚਿੰਤ ਹੋ ਜਾਓ ਤਾਂ (ਪੂਰੀ) ਨਮਾਜ਼ ਪੜ੍ਹੋ ਕਾਹੇ ਤੇ ਮੁਸਲਮਾਨਾਂ ਉਤੇ ਨਮਾਜ਼ ਸਮੇਂ ਅਨੁਸਾਰ ਫਰਜ਼ ਹੈ ॥ ੧੦੪ ॥ ਅਰ ਲੋਗਾਂ (ਅਰਥਾਤ ਵੈਰੀਆਂ) ਦੇ ਪਿਛਾ ਕਰਨ ਵਿਚ ਹੱਠ ਨਾ ਹਾਰੋ ਯਦੀ (ਲੜਾਈ ਵਿਚ) ਤੁਹਾਨੂੰ ਤਕਲੀਫ ਪਹੁੰਚਦੀ ਹੈ ਤਾਂ ਜਿਸ ਤਰਹਾਂ ਤੁਹਾਨੂੰ ਤਕਲੀਫ ਪਹੁੰਚਦੀ ਹੈ (ਉਸੇ ਤਰਹਾਂ) ਉਨਹਾਂ ਨੂੰ ਭੀ ਤਕਲੀਫ ਪਹੁੰਚਦੀ ਹੈ

Digitized by Panjab Digital Library | www.panjabdigilib.org

ਅਰ ਤੁਹਾਨੂੰ ਖੁਦਾ ਪਾਸੋਂ ਓਹ ੨ ਉਮੈਦਾਂ ਹਨ ਜੋ ਉਨਹਾਂ ਨੂੰ ਨਹੀਂ ਅਰ ਅੱਲਾ (ਸਾਰਿਆਂ ਦੇ ਹਾਲ ਥੀਂ) ਗਿਆਤ ਅਰ ਯੁਕਤੀਮਾਨ ਹੈ ॥ ੧੦੫ ॥ ਰੁਕੂਹ ੧੫ ॥

(ਹੇ ਪੈਯੰਬਰ) ਅਸਾਂ ਨੇ (ਜੋ) ਸਚੀ ਪੁਸਤਕ ਤੁਹਾਡੇ ਉਪਰ ਉਤਾਰੀ ਹੈ (ਤਾਂ ਏਸ ਵਾਸਤੇ) ਕਿ ਜਿਸ ਤਰਹਾਂ ਤੁਹਾਨੂੰ ਖੁਦਾ ਨੇ ਦਸ ਦਿਤਾ ਹੈ ਓਸ ਦੇ ਅਨੁਸਾਰ ਲੋਗਾਂ ਦੇ ਆਪਸ ਵਿਚ ਨਿਆਇ ਕਰੋ ਅਰ ਦਗੇ ਬਾਜ਼ਾਂ ਦੇ ਪਖ ਪਾਤੀ ਨਾ ਬਣੋ ॥ ੧੦੬ ॥ ਅਰ ਅੱਲਾ ਪਾਸੋਂ (ਭੁਲ ਚੁਕ ਦੀ) ਬਖਸ਼ਸ ਮੰਗੋ ਕਿ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੧੦੭ ॥ ਅਰ ਜੋ ਲੋਗ ਆਪਣੇ ਆਪ ਨੂੰ ਦਗਾ ਦੇ ਰਹੇ ਹਨ ਐਸਿਆਂ ਦੇ ਪਖਪਾਤੀ ਹੋਕੇ (ਲੋਗਾਂ ਨਾਲ) ਝਗੜਾ ਨਾ ਕਰੋ ਕਾਹੇ ਤੇ ਦਗੇ ਬਾਜ਼ ਖਤਾ ਕਾਰ ਆਦਮੀ ਨੂੰ ਖੁਦਾ ਪਸੰਦ ਨਹੀਂ ਕਰਦਾ ॥ ੧੦੮ ॥ (ਇਹ ਐਸੇ ਮੂਰਖ ਹਨ) ਕਿ ਲੋਗਾਂ ਪਾਸੋਂ ਤਾਂ ਪਰਦਾ ਕਰਦੇ ਹਨ ਅਰ ਖੁਦਾ ਪਾਸੋਂ ਪਰਦਾ ਨਹੀਂ ਕਰਦੇ ਹਾਲਾਂ ਕਿ ਜਦੋਂ ਰਾਤ੍ਰੀਆਂ ਨੂੰ (ਬੈਠ ੨ ਕਰ) ਉਹਨਾਂ ਬਾਤਾਂ ਦੇ ਮਸ਼ਵਰੇ ਕਰਦੇ ਹਨ ਜਿਨਹਾਂ ਉਤੇ ਖੁਦਾ ਪ੍ਰਸੰਨ ਨਹੀਂ ਤਾਂ ਖੁਦਾ ਉਨਹਾਂ ਦੇ ਨਾਲ (ਮੌਜੂਦ) ਹੁੰਦਾ ਹੈ ਅਰ ਜੋ ਕੁਛ (ਏਹ) ਕਰਦੇ ਹਨ (ਸਭ) ਖੁਦਾ ਦੇ (ਇਲਮ ਰੂਪੀ) ਘੇਰੇ ਵਿਚ ਹੈ ॥ ੧੦੯ ॥ ਸੁਣੋ ! ਤੁਸਾਂ ਨੇ ਸਾਂਸਾਰਿਕ ਜੀਵਣ ਵਿਚ ਉਨਹਾਂ ਦੇ ਪਾਸੇ ਹੋਕੇ ਵਾਦਵਿਵਾਦ ਕੀਤੀ ਤਾਂ ਅੰਤ ਦੇ ਦਿਨ ਉਨਹਾਂ ਦੇ (ਪਾਸਿਓਂ) ਅੱਲਾ ਦੇ ਨਾਲ ਕੌਣ ਵਾਦ-ਵਿਵਾਦ ਕਰੇਗਾ ਯਾ ਕੌਣ ਉਨਹਾਂ ਦਾ ਵਕੀਲ ਬਣੇਗਾ ॥ ੧੧੦ ॥ ਅਰ ਜੋ ਆਦਮੀ ਕੋਈ ਬੁਰਾ ਕੰਮ ਕਰੇ ਜਾਂ ਆਪ ਆਪਣੇ ਆਤਮਾ ਉਪਰ ਜ਼ੁਲਮ ਕਰੇ ਫੇਰ ਅੱਲਾ ਪਾਸੋਂ (ਆਪਣਾ ਅਵਗੁਣ) ਬਖਸ਼ਾਏ ਤਾਂ ਪਾਵੇਗਾ ਕਿ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੧੧੧ ॥ ਅਰ ਜੋ ਆਦਮੀ ਕੋਈ ਬਦੀ ਦਾ ਕਰਮ ਕਰਦਾ ਹੈ ਤਾਂ ਉਹ ਉਸ ਦੇ ਨਾਲ ਆਪਣੀ ਹੀ (ਕੁਛ) ਖਰਾਬੀ ਕਰਦਾ ਹੈ ਅਰ ਅੱਲਾ ਤਾਂ (ਸੰਪੂਰਨਾਂ ਦਾ ਬ੍ਰਿਤਾਂਤ) ਜਾਣਦਾ ਹੈ ਅਰ ਯੁਕਤੀਮਾਨ ਹੈ ॥ ੧੧੨ ॥ ਅਰ ਜੋ ਆਦਮੀ ਕੋਈ ਗੁਨਾਹ ਅਥਵਾ ਪਾਪ ਕਮਾਵੇ ਫੇਰ ਉਹ ਆਪਣੇ ਕਸੂਰ ਨੂੰ ਕਿਸੇ ਬੇਗੁਨਾਹ ਦੇ ਸਿਰ ਥਪ ਦੇਵੇ ਤਾਂ ਉਸ ਨੇ ਪਰਗਟ ਬਹੁਤਾਨ ਅਰ ਗੁਨਾਹ ਨੂੰ ਚੁਕਿਆ ॥ ੧੧੩ ॥ ਰੁਕੂਹ ੧੬ ॥

ਅਰ ਯਦੀ ਤੁਹਾਡੇ ਉਪਰ ਅੱਲਾ ਦਾ ਫਜਲ ਅਰ ਉਸ ਦੀ ਮੇਹਰ ਨਾ ਹੁੰਦੀ ਤਾਂ ਉਨਹਾਂ ਵਿਚੋਂ ਇਕ ਟੋਲਾ ਤੁਹਾਨੂੰ ਭੁਚਲਾ ਦੇਣ ਦਾ ਇਰਾਦਾ ਕਰ ਹੀ ਚੁਕਿਆ ਸੀ ਅਰ ਏਹ ਲੋਗ ਬਸ ਆਪਣੇ ਆਪ ਨੂੰ ਹੀ ਗੁਮਰਾਹ

Digitized by Panjab Digital Library | www.panjabdigilib.org

ਕਰ ਰਹੇ ਹਨ ਅਰ ਤੁਹਾਨੂੰ (ਏਹ ਲੋਗ) ਕੁਛ ਭੀ ਨੁਕਸਾਨ ਤਾਂ ਨਹੀਂ ਪਹੁੰਚਾ ਸਕਦੇ ਕਾਹੇ ਤੇ ਅੱਲਾ ਨੇ ਤੁਹਾਡੇ ਉਤੇ ਪੁਸਤਕ ਉਤਾਰੀ ਹੈ ਅਰ (ਉੱਤਮ) ਬੁਧਿ (ਪ੍ਰਦਾਨ ਕੀਤੀ ਹੈ) ਅਰ ਤੁਹਾਨੂੰ ਐਸੀਆਂ ਬਾਤਾਂ ਸਿਖਾ ਦਿਤੀਆਂ ਹਨ ਜੋ (ਪਹਿਲਾਂ) ਤੁਹਾਨੂੰ ਮਲੂਮ ਨਹੀਂ ਸਨ ਅਰ ਤੁਹਾਡੇ ਤੇ ਅੱਲਾ ਦਾ ਵਡਾ ਫਜਲ ਹੈ ॥ ੧੧੪ ॥ ਇਨਹਾਂ ਲੋਗਾਂ ਦੇ ਅਕਸਰ ਆਪਸ ਦੀ ਕਾਨਾਂ ਫੂਸੀਆਂ ਵਿਚ ( ਅਰਥਾਤ ਖੁਫੀਆ ਮਸ਼ਵਰੋਂ ) ਨੇਕੀਆਂ ਦਾ (ਤਾਂ ਨਾਮ ਭੀ) ਨਹੀਂ ਪਰੰਚ (ਹਾਂ) ਜੋ ਖੈਰਾਇਤ ਯਾ (ਕਿਸੇ ਹੋਰ) ਨੇਕ ਕੰਮ ਯਾਂ ਲੋਕਾਂ ਵਿਚ ਮੇਲ ਮਿਲਾਪ ਦੀ ਸਲਾਹ ਦੇਵੇ ਅਰ ਜੋ ਖੁਦਾ ਦੀ ਖੁਸ਼ਨੂਦੀ ਹਾਸਲ ਕਰਨ ਵਾਸਤੇ ਐਸੇ (ਨੇਕ) ਕੰਮ ਕਰੇਗਾ ਤਾਂ ਅਸੀਂ ਓਸ ਨੂੰ ਬੜਾ ਸਵਾਬ ਦੇਵਾਂਗੇ ॥ ੧੧੫ ॥ ਅਰ ਜੋ ਆਦਮੀ ਸਚੇ ਮਾਰਗ ਦੇ ਪ੍ਰਗਟ ਹੋਇਆਂ ਪਿਛੋਂ ਰਸੂਲ ਥੀਂ ਇਕਲ-ਵਾਂਜੇ ਰਹੇ ਅਰ ਮੁਸਲਮਾਨਾਂ ਦੇ ਰਸਤੇ ਦੇ ਸਿਵਾ (ਦੂਸਰੇ ਰਸਤੇ) ਪੜ ਜਾਏ ਤਾਂ ਜੋ (ਰਸਤਾ) ਉਸ ਨੇ ਇਖਤਿਆਰ ਕਰ ਲੀਤਾ ਹੈ ਅਸੀਂ ਉਸਨੂੰ ਓਸ ਰਸਤੇ ਚਲਾਈ ਜਾਵਾਂਗੇ ਅਰ ਓਸ ਨੂੰ ਨਰਕ ਵਿਚ ਦਾਖਲ ਕਰਾਂਗੇ ਅਰ ਉਹ ਵਡੀ ਬੁਰੀ ਜਗਹਾਂ ਹੈ ॥ ੧੧੬ ॥ ਰੁਕੂਹੁ ੧੭ ॥

ਅੱਲਾ ਇਹ (ਗੁਨਾਹ) ਤਾਂ ਬਖਸ਼ਦਾ ਨਹੀਂ ਕਿ ਉਸ ਦੇ ਨਾਲ (ਕਿਸੇ ਨੂੰ) ਸ਼ਰੀਕ ਬਣਾਇਆ ਜਾਵੇ ਅਰ ਇਸ ਤੋਂ ਸਿਵਾ (ਜੋ ਗੁਨਾਹ ਹੈ) ਜਿਸ ਨੂੰ ਚਾਹੇ ਮਾਫ ਕਰੇ ਅਰ ਜਿਸ ਨੇ ਅੱਲਾ ਦੇ ਸਾਥ ਸ਼ਰੀਕ ਕੀਤਾ ਓਹ (ਸਚੇ ਮਾਰਗੋਂ ਬਹੁਤ) ਦੂਰ ਭਟਕ ਗਿਆ ॥ ੧੧੭ ॥ (ਇਹ ਭੇਦ ਵਾਦੀ) ਖੁਦਾ ਤੋਂ ਸਿਵਾ ਤਾਂ ਬਸ ਇਸਤਰੀਆਂ ਨੂੰ ਹੀ ਪੁਕਾਰਦੇ ਹਨ ਅਰਥਾਤ ਬਸ ਓਸ ਅਮੋੜ ਸ਼ੈਤਾਨ ਨੂੰ ਪੁਕਾਰਦੇ ਹਨ ॥ ੧੧੮ ॥ ਜਿਸ ਨੂੰ ਖੁਦਾ ਨੇ ਫਿਟਕਾਰ ਦਿੱਤਾ ਅਰ ਉਹ ਲੱਗਾ ਕਹਿਣ ਕਿ ਮੈਂ ਤਾਂ ਤੇਰਿਆਂ ਬੰਦਿਆਂ ਵਿਚੋਂ ਇਕ ਮੁਕਰਰ ਹਿਸਾ(ਨੀਅਤ ਭਾਗ)ਅਵਸ਼ ਲੈ ਲੀਤਾ ਕਰਾਂਗਾ॥੧੧੯॥ ਅਰ ਉਹਨਾਂ ਨੂੰ ਜਰੂਰ (ਹੀ)ਬਹਿਕਾਵਾਂਗਾ ਅਰ ਉਨਹਾਂ ਨੂੰ ਮਨੋਂ ਕਾਮਨਾ ਵੀ ਜ਼ਰੂਰ ਦੇਵਾਂਗਾ ! ਅਰ ਉਨਹਾਂ ਨੂੰ ਸਮਝਾ ਦੇਵਾਂਗਾ ਤਾਂ ਉਹ ਚੋਖੁਰੇ ਜਾਨਵਰਾਂ ਦੇ ਕੰਨ ( ਭੀ ) ਅਵਸ਼ ਚੀਰਿਆ ਕਰਨਗੇ ਅਰ ਮੈਂ ਉਨਹਾਂ ਨੂੰ ਸਮਝਾ ਦੇਵਾਂਗਾ ਤਾਂ ਉਹ ਖੁਦਾ ਦੀਆਂ ਸਰਿਸ਼ਟੀਆਂ ਨੂੰ (ਭੀ)ਜਰੂਰ ਬਦਲਿਆ ਕਰਨਗੇ ਅਰ ਜੋ ਆਦਮੀ ਖੁਦਾ ਤੋਂ ਸਿਵਾ ਸ਼ੈਤਾਨ ਨੂੰ ਮਿੱਤਰ ਬਣਾਵੇ ਤਾਂ ਓਹ ਦਿਨ ਦੀਵੀਂ ਘਾਟੇ ਵਿਚ ਆ ਗਿਆ ॥ ੧੨੦ ॥ (ਸ਼ੈਤਾਨ) ਉਨਹਾਂ ਨਾਲ ਪਰਤਿੱਗਯਾ ਕਰਦਾ ਅਰ ਉਨਹਾਂ ਨੂੰ ਉਮੈਦਾਂ ਦੇਂਦਾ ਹੈ ਅਰ ਸ਼ੈਤਾਨ ਉਨਹਾਂ ਨਾਲ ਜੋ ( ਕੁਛ ਭੀ ) ਪਰਤਿੱਗਯਾ ਕਰਦਾ ਹੈ ਤਾਂ ਨਿਰਾ

Digitized by Panjab Digital Library | www.panjabdigilib.org

ਧੋਖਾ ( ਹੀ ਧੋਖਾ ) ਹੈ ॥ ੧੨੧ ॥ ਇਹ ਹਨ ਜਿਨਹਾਂ ਦਾ ( ਅੰਤਿਮ ) ਅਸਥਾਨ ਦੋਜ਼ਖ ਹੈ ਅਰ ਓਥੋਂ ਕਿਤੇ ਭੱਜ ਨਾ ਸਕਣਗੇ ॥ ੧੨੨ ॥ ਅਰ ਜੋ ਲੋਗ ਈਮਾਨ ਲੈ ਆਏ ਅਰ ਉਨਹਾਂ ਨੇ ਭਲੇ ਕਰਮ ( ਭੀ ) ਕੀਤੇ ਅਸੀਂ ਸੀਘਰ ਹੀ ਉਨਹਾਂ ਨੂੰ ਐਸਿਆਂ ਬਾਗਾਂ ਵਿਚ (ਲੈ ਜਾਕੇ ) ਦਾਖਲ ਕਰਾਂਗੇ ਜਿਨਹਾਂ ਦੇ ਹੇਠਾਂ ਨਹਿਰਾਂ ਲਹਿਰਾ ਰਹੀਆਂ ਹੋਣਗੀਆਂ ( ਅਰ ਉਹ ) ਉਨਹਾਂ ਵਿਚ ਸਦਾ ਕਾਲ ਹੀ ਰਹਿਣਗੇ ( ਉਨਹਾਂ ਦੇ ਨਾਲ ਏਹ) ਅੱਲਾ ਦੀ ਪੱਕੀ ਪਰਤਿੱਗਯਾ ਹੈ ਅਰ ਅੱਲਾ ਨਾਲੋਂ ਵਧ ਕੇ ਬਚਨ ਦਾ ਪੂਰਾ ( ਹੋਰ ) ਕੌਣ (ਹੈ) ॥ ੧੨੩ ॥ ਅੰਤ ਦੀ ਸਫਲਤਾ ਨਾਹੀਂ ਤੁਹਾਡੀਆਂ ਵਾਸ਼ਨਾ ਉੱਤੇ ਹੈ ਹੋਰ ਨਾਹੀਂ ਅਹਿਲ ਕਿਤਾਬੀ (ਪੁਸਤਕ ਵਾਲਿਆਂ) ਦੀਆਂ ਵਾਸ਼ਨਾ ਉੱਤੇ ( ਪਰੰਤੂ ਕਰਮਾਂ ਤੇ ਨਬੇੜਾ ਹੈ ਤਾਂ ) ਜੋ ਆਦਮੀ ਮੰਦ ਕਰਮ ਕਰੇਗਾ ਓਸ ਦੀ ਸਜਾ ਪਾਵੇਗਾ ਅਰ ਖ਼ੁਦਾ ਦੇ ਸਿਵਾ ਉਸਨੂੰ ਨਾ ( ਤਾਂ ) ਕੋਈ ਹਿਮਾਇਤੀ ( ਹੀ ) ਮਿਲੇਗਾ ਅਰ ਨਾ ਮਦਦਗਾਰ ॥ ॥੧੨੪॥ ਅਰ ਇਸਤਰੀ ਹੋਵੇ ਅਥਵਾ ਮਰਦ ਅਰ ਜਿਸ ਨੇ ਸ਼ੁਭ ਕਰਮ ਕੀਤੇ ਅਰ ਓਹ ਈਮਾਨ ਭੀ ਰਖਦਾ ਹੋਵੇ ਤਾਂ ਇਨਹਾਂ ਉਪਮਾਨਾਂ ਵਾਲੇ ਆਦਮੀ ਸ੍ਵਰਗ ਵਿਚ ( ਜਾ ) ਦਾਖਲ ਹੋਣਗੇ ਅਰ ਤਿਲ ਪਰਮਾਣ ਭੀ ਉਨਹਾਂ ਦੀ ਪਿਹਮਾਨਗੀ ਨਾ ਹੋਵੇਗੀ ॥ ੧੨੫ ॥ ਅਰ ਓਸ ਆਦਮੀ ਨਾਲੋਂ ਕਿਸ ਦਾ ਦੀਨ ਚੰਗਾ ਹੈ ਜਿਸ ਨੇ ਅੱਲਾ ਦੇ ਅੱਗੇ ਆਪਣਾ ਸਿਰ (ਨੀਚਾ) ਕਰ ਛੱਡਿਆ ਹੈ ਅਰ ਉਹ ਸ਼ੁਭਕਰਮੀ ਭੀ ਹੈ ਅਰ ਇਬਰਾਹੀਮ ਦੇ ਪੰਥ ਉਤੇ ਚਲਦਾ ਹੈ ( ਅਰ ਓਹ ) ਇਕ ਹੀ ਖ਼ੁਦਾ ਦੇ ਹੋ ਰਹੇ ਸਨ ਇਬਰਾਹੀਮ ਨੂੰ ਅੱਲਾ ਨੇ ਆਪਣਾ ਮਿੱਤਰ ਨਿਯਤ ਕੀਤਾ ਸੀ ॥ ੧੨੬ ॥ ਅਰ ਅੱਲਾ ਦਾ ਹੀ ਹੈ ਜੋ ਕੁਛ ਆਸਮਾਨਾਂ ਵਿਚ ਹੈ ਅਰ ਜੋ ਕੁਛ ਧਰਤੀ ਉਪਰ ਹੈ ਅਰ ਸੰਪੂਰਨ ਵਸਤਾਂ ਅੱਲਾ ਦੀ (ਹੀ) ਆਗਿਆ(ਅਰਥਾਤ ਘੇਰੇ) ਵਿਚ ਹੈ ॥੧੨੭॥ ਰੁਕੂਹ ੧੮ ॥

ਅਰ (ਉਹ) ਤੁਹਾਡੇ ਪਾਸੋਂ ਇਸਤਰੀਆਂ ਦੀ ਬਾਬਤ ਆਗਿਆ ਪੁਛਦੇ ਹਨ ਤਾਂ (ਤੁਸੀਂ ਓਹਨਾਂ ਨੂੰ) ਸਮਝਾ ਦਿਓ ਕਿ ਅੱਲਾ ਤੁਹਾਨੂੰ ਓਹਨਾਂ ਦੇ ਬਾਰੇ ਵਿਚ ਆਗਿਆ ਦੇਂਦਾ ਹੈ ਅਰ ਕੁਰਾਨ ਵਿਚ ਜੋ ( ਆਗਿਆ ) ਤੁਹਾਨੂੰ ਦਿਤੀ ਗਈ ਹੈ ਸੋ ਉਹ ਓਹਨਾਂ ਮਾਂ ਮਹਿਟਰ ਔਰਤਾਂ ਦੇ ਪ੍ਰਕਰਣ ਵਿਚ ਹੈ ਜਿਨਹਾਂ ਨੂੰ ਤੁਸੀਂ (ਓਹਨਾਂ ਦਾ ) ਹੱਕ ਜੋ ਓਹਨਾਂ ਵਾਸਤੇ ਨਿਯਤ ਕੀਤਾ ਗਿਆ ਹੈ ਨਹੀਂ ਦੇਂਦੇ ਅਰ ਓਹਨਾਂ ਦੇ ਨਾਲ ਨਕਾਹ ਕਰਨ ਦੀ ਰੁਚੀ ਕਰੋ ਅਰ ਹੋਰ ( ਖ਼ੁਦਾ ) ਪ੍ਰਾਧੀਨ ਬਾਲਕਾਂ ਦੇ ਪ੍ਰਸੰਗ ਵਿਚ ( ਭੀ ਆਗਿਆ ਦੇਂਦਾ ਹੈ ) ਅਰ ( ਵਿਸ਼ੇਸ਼ ਕਰਕੇ ) ਏਹ ਕਿ ਮਾਂ ਮਹਿਟਰਾਂ ਦੇ ਹੱਕ ਵਿਚ(ਰਾਜਨੀਤੀ) ਨਿਆਂ ਨੂੰ ਅੱਖੀਆਂ ਅੱਗੇ ਰਖੋ ਅਰ (ਮਾਂ ਮਹਿਟਰਾਂ ਦੇ ਨਾਲ ) ਕਿਸੇ

Digitized by Panjab Digital Library | www.panjabdigilib.org

ਪ੍ਰਕਾਰ ਦੀ ਭੀ ਪਰਉਪਕਾਰਤਾ ਕਰੋਗੇ ਤਾਂ ਅੱਲਾ ਉਸ ਨੂੰ ਜਾਣਦਾ ਹੈ ॥੧੨੮॥ ਅਰ ਯਦੀਚ ਕਿਸੇ ਇਸਤ੍ਰੀ ਨੂੰ ਆਪਣੇ ਪਤੀ ਦੀ ਤਰਫੋਂ ਵਧੀਕੀ ਜਾਂ ਅਪਰੀਤੀ ਦਾ ਭੈ ਹੋਵੇ ਤਾਂ (ਮੀਆਂ ਬੀਬੀ) ਦੋਨੋਂ (ਵਿਚ ਕਿਸੇ) ਉਤੇ ਕੋਈ ਪਾਪ ਨਹੀਂ ਕਿ (ਆਪਣੇ ਸੁਧਾਰ ਦੀ ਕੋਈ ਬਾਤ ਠਹਿਰਾ ਕੇ) ਆਪਸ ਵਿਚ ਸੁਲਾ ਕਰ ਲੈਨ ਅਰ ਸੁਲਾ (ਸਰਬ ਤਰਹਾਂ) ਅਛੀ ਹੈ ਅਰ (ਬੋਹੜਾ ਬਹੁਤਾ) ਬੁਖਲ ਤਾਂ ਸਾਰਿਆਂ ਦੀ ਸ੍ਰਿਸ਼ਟੀ ਵਿਚ ਹੁੰਦਾ ਹੈ ਅਰ ਯਦੀ ਤੁਸੀਂ (ਨੇਕ ਬ੍ਰਤਾਓ) ਕਰੋ ਅਰ (ਕਸ਼ਟ ਦੇਣ ਥੀਂ) ਬਚੇ ਰਹੋ ਤਾਂ ਖੁਦਾ ਤੁਹਾਡੇ ਕਰਮਾਂ ਤੋਂ ਗਜਾਤ ਹੈ ॥ ੧੨੯ ॥ ਅਰ ਤੁਸੀਂ (ਆਪਣੀ ਤਰਫੋਂ) ਕਿਤਨਾ ਚਾਹੋ ਪਰੰਚ ਏਹ ਤੁਹਾਡੇ ਪਾਸੋਂ ਹੋ ਨਹੀਂ ਸਕੇਗਾ ਕਿ ਇਸਤਰੀਆਂ ਵਿਚ (ਪੂਰਣ) ਸਮਤਾਈ ਕਰ ਸਕੋ ਤਾ ਨਿਰਾ ਪੁਰਾ (ਇਕਦੇ ਪਾਸੇ) ਨਾ ਉਲਟ ਪਓ ਕਿ ਦੂਸਰੀ ਨੂੰ (ਏਸ ਤਰਹਾਂ) ਛਡ ਬੈਠੋ ਕਿ ਮਾਨੋ (ਟੰਗਣੇ ਉਪਰ) ਲਟਕ ਰਹੀ ਹੈ ਅਰ ਯਦੀ (ਆਪਸ ਵਿਚ) ਸਮਸਜਾ ਕਰ ਲਵੋ ਅਰ (ਇਕ ਦੂਸਰੇ ਉੱਪਰ ਵਧੀਕੀ ਕਰਨ ਤੋਂ) ਬਚੇ ਰਹੋ ਤਾਂ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੧੩੦ ॥ ਯਦੀਚ (ਦੋਨੋਂ) ਅਲਗ ਅਲਗ ਹੋ ਜਾਣ ਤਾਂ ਅੱਲਾ ਆਪਣਿਆਂ (ਗੁਪਤ) ਖਜ਼ਾਨਿਆਂ ਵਿਚੋਂ ਦੋਆਂ ਦੇ ਹੱਥ ਤਰ ਕਰ ਦੇਵੇਗਾ ਅਰ ਅੱਲਾ ਦੇ ਪਾਸ (ਬਹੁਤ) ਸਮਾਈ ਹੈ (ਅਰ) ਯੁਕਤੀ ਮਾਨ ਹੈ ॥ ੧੩੧ ॥ ਅਰ ਜੋ ਕੁਛ ਆਸਮਾਨਾਂ ਵਿਚ ਹੈ ਅਰ ਜੋ ਕੁਛ ਧਰਤੀ ਉੱਪਰ ਹੈ (ਸਭ) ਅੱਲਾ ਹੀ ਦਾ ਹੈ ਅਰ ਜਿਨਹਾਂ ਲੋਗਾਂ ਨੂੰ ਤੁਹਾਡੇ ਨਾਲੋਂ ਪਹਿਲਾਂ ਕਿਤਾਬ ਮਿਲੀ ਸੀ ਓਹਨਾਂ ਨੂੰ ਅਰ ਤੁਹਾਨੂੰ ਅਸਾਂ ਨੇ ਕਰੜਾਈ ਨਾਲ ਕੈਹ ਦਿਤਾ ਹੈ ਕਿ ਅੱਲਾ (ਦੀ ਕ੍ਰੋਪੀ) ਪਾਸੋਂ ਭੈ ਕਰਦੇ ਰਹੋ ਅਰ ਯਦੀ ਹੁਕਮ ਅਦੂਲੀ ਕਰੋਗੇ ਤਾਂ ਜੋ ਕੁਛ ਆਸਮਾਨਾਂ ਵਿਚ ਹੈ ਅਰ ਜੋ ਕੁਛ ਧਰਤੀ ਉਪਰ ਹੈ (ਸਭ) ਅੱਲਾ ਹੀ ਦਾ ਹੈ ਅਰ ਅੱਲਾ ਬੇ ਪਰਵਾਹ ਹੈ ਅਰ ਸਾਰੀਆਂ ਸਿਫਤਾਂ ਦਾ ਧਨੀ ਹੈ ॥ ੧੩੨ ॥ ਅਰ ਅੱਲਾ ਹੀ ਦਾ ਜੋ ਕੁਝ ਆਸਮਾਨਾਂ ਵਿਚ ਅਰ ਜੋ ਕੁਛ ਧਰਤੀ ਉੱਪਰ ਹੈ ਅਰ ਅੱਲਾ ਹੀ (ਸਰਬ) ਕਰਨ ਕਾਰਣ ਬਸ ਹੈ ॥ ੧੩੩ ॥ ਲੋਗੋ ! ਯਦੀ ਉਸ ਦੀ ਇਛਾ ਹੋਵੇ ਤਾਂ ਤੁਹਾਨੂੰ (ਸੰਸਾਰ ਵਿਚੋਂ) ਚੁਕ ਕੇ ਦੂਸਰਿਆਂ ਨੂੰ ਲਿਆ ਵਸਾਵੇ ਅਰ ਅੱਲਾ ਐਸੇ ਕਰਨ ਨੂੰ ਸਮਰਥ ਹੈ ॥ ੧੩੪ ॥ ਜਿਸ ਨੂੰ (ਆਪਣੇ ਕਰਮਾਂ ਦਾ) ਫਲ ਸੰਸਾਰ ਵਿਚ ਦਰਕਾਰ ਹੋਵੇ ਤਾਂ ਅੱਲਾ ਦੇ ਪਾਸ ਦੁਨੀਆਂ ਤਥਾ ਆਖਰਤ (ਦੋਨੋਂ) ਦੇ ਫਲ (ਮੌਜੂਦ) ਹਨ ਅਰ ਅੱਲਾ (ਸਭਨਾਂ ਦੀਆਂ) ਸੁਣਦਾ (ਅਰ ਸਭ ਦਾ ਹਾਲ) ਦੇਖਦਾ ਹੈ ॥ ੧੩੫ ॥ ਰੁਕੂਹ ੧੯ ॥

ਮੁਸਲਮਾਨੋ ! ਪਕਿਆਈ ਨਾਲ ਨੀਤੀ ਉਪਰ ਦ੍ਰਿੜ (ਕ਼ਾਇਮ) ਰਹੋ

Digitized by Panjab Digital Library | www.panjabdigilib.org

(ਅਰ) ਖੁਦਾ ਦੇ ਵਾਸਤੇ ਉਗਾਹੀ ਦਿਓ ਭਾਵੇਂ (ਇਹ ਉਗਾਹੀ) ਤੁਹਾਡੇ ਆਪਣੇ ਅਥਵਾ ਮਾਤਾ ਪਿਤਾ ਅਰ ਸੰਬੰਧੀਆਂ ਦੇ ਪਰਤੀ ਕੋਲ ਹੋਵੇ ਯਦੀ ਕੋਈ ਧਨੀ ਅਥਵਾ ਨ੍ਰਿਧਨ ਹੀ ਹੈ ਤਾਂ ਅੱਲਾ ਵਧਕੇ ਓਹਨਾਂ ਤੇ ਕ੍ਰਿਪਾ ਦ੍ਰਿਸ਼ਟੀ ਕਰਨ ਵਾਲਾ ਹੈ ਤਾਂ ਤੁਸੀਂ (ਆਪਣੀ) ਮਨੋ ਕਾਮਨਾਂ ਦੀ ਪੈਰਵੀ ਨਾ ਕਰੋ ਕਿ ਲਗੋ ਸਤ ਥੀਂ ਮੂੰਹ ਮੋੜਨ ਅਰ ਯਦੀ ਜਬਾਨ ਨੂੰ ਮਲ ਕੇ ਗਵਾਹੀ ਦਿਓਗੇ ਅਥਵਾ (ਮੁਢੋਂ ਹੀ ਗਵਾਹੀ ਦੇਣ ਵਿਚ) ਪਾਸਾ ਮਰੋੜੋਗੇ ਤਾਂ (ਜੈਸਾ ਕਰੋਗੇ ਵੈਸਾ ਭਰੋਗੇ ਕਿਉਂਕਿ)ਜੋ ਕੁਛ ਤੁਸੀਂ ਕਰ ਰਹੇ ਹੋ ਅੱਲਾ ਓਸ ਤੋਂ ਗਿਆਤ ਹੈ ॥ ੧੩੬ ॥ ਮੁਸਲਮਾਨੋ ! ਅੱਲਾ ਪਰ ਈਮਾਨ ਲੈ ਆਓ ਅਤੇ ਓਸ ਦੇ ਰਸੂਲ ਉੱਤੇ ਅਰ ਓਸ ਦੀ ਕਿਤਾਬ ਉੱਤੇ ਜੋ ਓਸ ਨੇ ਆਪਣੇ ਰਸੂਲ (ਮੁਹੰਮਦ) ਪਰ ਉਤਾਰੀ ਹੈ ਅਰ ਉਹਨਾਂ ਕਿਤਾਬਾਂ ਉੱਪਰ ਜੋ (ਕੁਰਾਨ ਥੀਂ) ਪਹਿਲਾਂ (ਦੂਸਰਿਆਂ ਪੈਗੰਬਰਾਂ ਉਪਰ) ਉਤਾਰੀਆਂ ਅਰ ਜੋ ਆਦਮੀ ਅੱਲਾ ਦਾ ਮੁਨਕਰ ਹੋਵੇ ਅਰ ਉਸ ਦੇ ਫਰਿਸ਼ਤਿਆਂ ਦਾ ਅਰ ਉਸ ਦੀਆਂ ਕਿਤਾਬਾਂ ਦਾ ਅਰ ਉਸਦਿਆਂ ਰਸੂਲਾਂ ਦਾ ਅਰ ਅੰਤਿਮ ਦਿਨ ਦਾ ਤਾਂ ਉਹ (ਸੱਚੇ ਮਾਰਗੋਂ) ਬਹੁਤ ਹੀ ਦੂਰ ਭਟਕ ਗਿਆ ॥ ੧੩੭ ॥ ਨਿਰਸੰਦੇਹ ਜੋ ਲੋਗ ਇਸਲਾਮ ਧਾਰ ਕੇ ਫਿਰ ਬੇ ਮੁਖ ਹੋ ਗਏ ਫਿਰ ਇਸਲਾਮ ਲੈ ਆਏ ਫੇਰ ਬੇ ਮੁਖ ਹੋ ਬੈਠੇ (ਬੇਮੁਖ ਹੋਗਿਆਂ) ਪਿਛੋਂ ਕੁਫਰ ਵਿਚ ਵਾਧਾ ਕਰਦੇ ਗਏ ਤਾਂ ਖੁਦਾ ਨਾ ਤਾਂ ਉਨਹਾਂ ਨੂੰ ਬਖਸ਼ੇਗਾ ਅਰ ਨਾ ਉਨਹਾਂ ਨੂੰ (ਸੱਚਾ) ਮਾਰਗ ਹੀ ਦੱਸੇਗਾ ॥ ੧੩੮ ॥ ਮਨਾਫਕਾਂ ਨੂੰ ਖੁਸ਼ਖਬਰੀ ਸੁਣਾ ਦਿਓ ਕਿ ਉਨਹਾਂ ਨੂੰ ਭਯੰਕਰ ਦੁਖ ਹੋਣਾ ਹੈ ॥ ੧੩੯ ॥ ਕਿ ਇਹ ਲੋਗ (ਜੋ) ਮੁਸਲਮਾਨਾਂ ਨੂੰ ਛੱਡ ਕੇ ਕਾਫਰਾਂ ਨੂੰ ਮਿੱਤਰ ਧਾਰਦੇ (ਫਿਰਦੇ) ਹਨ ਕੀ ਕਾਫਰਾਂ ਦੇ ਪਾਸੋਂ (ਆਪਣੀ) ਇਜ਼ਤ (ਵਧਾਣੀ) ਚਾਂਹਦੇ ਹਨ ? ਸੋ ਇੱਜਤਾਂ ਤਾਂ ਸਾਰੀਆਂ ਅੱਲਾ ਹੀ ਦੀਆਂ ਹਨ ॥ ੧੪੦ ॥ ਹਾਲਾਂ ਕੇ ਅੱਲਾ ਤੁਸਾਂ (ਮੁਸਲਮਾਨਾਂ) ਉਪਰ (ਆਪਣੀ) ਪੁਸਤਕ (ਅਰਥਾਤ ਕੁਰਾਨ) ਵਿਚ ਏਹ (ਹੁਕਮ) ਉਤਾਰ ਚੁਕਾ ਹੈ ਕਿ ਜਦੋਂ ਤੁਸੀਂ ਆਪਣਿਆਂ (ਕੰਨਾਂ ਨਾਲ) ਸੁਣ ਲਵੇ ਕਿ ਅੱਲਾ ਦੀਆਂ ਆਇਤਾਂ ਤੋਂ ਇਨਕਾਰ ਕੀਤਾ ਜਾਂਦਾ ਹੈ ਅਰ ਉਨਹਾਂ ਨੂੰ ਹਾਸਾ ਮਖੌਲ ਕੀਤਾ ਜਾਂਦਾ ਹੈ ਤਾਂ ਐਸਿਆਂ ਲੋਗਾਂ ਦੇ ਪਾਸ ਨਾ ਬੈਠੋ ਏਥੋਂ ਤਕ ਕਿ ਕਿਸੇ ਹੋਰ ਬਾਤ ਵਿਚ ਲਗ ਪੈਣ ਨਹੀਂ ਤਾਂ ਏਸ ਸੂਰਤ ਵਿਚ ਤੁਸੀਂ ਭੀ ਉਨਹਾਂ ਵਰਗੇ (ਕਾਫਰ) ਹੋ ਜਾਓਗੇ ਨਿਰਸੰਦੇਹ ਅੱਲਾ ਮੁਨਾਫਿਕਾਂ ਅਰ ਕਾਫਰਾਂ ਸਭਨਾਂ ਨੂੰ ਨਰਕ ਵਿਚ (ਇਕੋ ਜਗਹ) ਇਕੱਠਿਆਂ ਕਰਕੇ ਛੱਡੇਗਾ ॥੧੪੧। ਕਿ ਏਹ (ਦੰਬੀ ਅਜੇ) ਤੁਹਾਨੂੰ ਤਕਦੇ ਰਹਿੰਦੇ ਹਨ ਤਾਂ ਯਦੀ (ਰੱਬ ਵੱਲੋਂ)

Digitized by Panjab Digital Library | www.panjabdigilib.org

ਤੁਹਾਡੀ ਜਿੱਤ ਹੋ ਗਈ ਤਾਂ ( ਤੁਹਾਨੂੰ ) ਕਹਿਣ ਲਗਦੇ ਹਨ ( ਕਿਉਂ ਜੀ ) ਕੀ ਅਸੀਂ ਤੁਹਾਡੇ ਨਾਲ ਨਹੀਂ ਸੇ ਯਦੀਚ ਕਾਫਰਾਂ ਨੂੰ ਜਿੱਤ ਹੋ ਗਈ ਤਾਂ ਕਾਫਰਾਂ ਨੂੰ ਕਹਿਣ ਲਗਦੇ ਹਨ ਕਿ ਕੀ ਅਸੀਂ ਤੁਹਾਡੇ ਪਰ ਗਾਲਿਬ ਨਹੀਂ ਸੇ ਆ ਗਏ। ਅਰ ਤੁਹਾਨੂੰ ਮੁਸਲਮਾਨਾਂ ( ਦੇ ਹੱਥੋਂ ) ਨਹੀਂ ਬਚਾ-ਇਆ ? ਤਾਂ ਅੱਲਾ ਤੁਹਾਡੇ ਵਿਚ ਪ੍ਰਲੈ ਦੇ ਦਿਨ ਫੈਸਲਾ ਕਰ ਦੇਵੇਗਾ ਅਰ ਖੁਦਾ ਕਾਫਰਾਂ ਨੂੰ ਮੁਸਲਮਾਨਾਂ ਉੱਤੇ ਸ੍ਰਿਸ਼ਟ ਰਹਿਣ ਦਾ ਕਦਾਪਿ ਅਵਿਕਾਸ਼ ਨਹੀਂ ਦੇਵੇਗਾ ॥੧੪੨॥ ਰੁਕੂਹ ੨੦ ॥

ਮੁਨਾਫਿਕ ਖੁਦਾ ਨੂੰ ਧੋਖਾ ਦੇਂਦੇ ਹਨ ਕਿੰਤੂ ( ਹਕੀਕਤ ਵਿਚ ) ਖੁਦਾ ਉਨਹਾਂ ਨੂੰ ਹੀ ਧੋਖਾ ਦੇਂਦਾ ਹੈ ਇਹ ਜਦੋਂ ਨਮਾਜ ਦੇ ਵਾਸਤੇ ਖੜੇ ਹੁੰਦੇ ਹਨ ਤਾਂ ਦਿਲਿਦ੍ਰੀ ਹੋਏ ਖੜੇ ਹੁੰਦੇ ਹਨ ( ਉਪਰੋਂ ) ਲੋਗਾਂ ਨੂੰ ਦਸਦੇ ਹਨ ਅਰ ( ਦਿਲੋਂ ) ਅੱਲਾ ਨੂੰ ਯਾਦ ਨਹੀਂ ਕਰਦੇ ਭਰ ਕੁਛ ਐਵੇਂ ਕਿਵੇਂ ਦੇ ॥੧੪੩॥ ਕੁਫਰ ਅਰ ਈਮਾਨ ਦੇ ਵਿਚ ਪੜੇ ਲਟਕ ਰਹੇ ਹਨ ਨਾ ਹੀਂ ਤਾਂ ਏਹਨਾਂ ( ਮੁਸਲਮਾਨਾਂ ) ਦੇ ਪਾਸੇ ਅਰ ਨਾ ਹੀਂ ਉਨਹਾਂ ( ਕਾਫਰਾਂ ) ਦੇ ਪਾਸੇ ਅਰ ਜਿਸ ਨੂੰ ਅੱਲਾ ਭਟਕਾਵੇ ਤਾਂ ਹੋ ਨਹੀਂ ਸਕਦਾ ਕਿ ਤੁਸੀਂ ਉਨਹਾਂ ਵਾਸਤੇ ਸੁਮਾਰਗ ਢੂੰਡ ਨਿਕਾਲੋ ॥ ੧੪੪ ॥ ਮੁਸਲਮਾਨੋਂ ! ਮੁਸਲਮਾਨਾਂ ਨੂੰ ਛੱਡ ਕੇ ਕਾਫਰਾਂ ਨੂੰ ਮਿੱਤਰ ਨਾ ਬਣਾਓ ਕੀ ਤੁਸੀਂ ਏਹ ਚਾਹੁੰਦੇ ਹੋ ਕਿ ਖੁਦਾ ਦਾ ਇਲਜ਼ਾਮ ਪਰਤੱਖ ਆਪਣੇ ਉਤੇ ਪਰਾਪਤ ਕਰੋ ॥ ੧੪੫ ॥ ਕੋਈ ਭਰਮ ਨਹੀਂ ਕਿ ਮੁਨਾਫਿਕ ਨਰਕਾਂ ਦੇ ਸਭਨਾਂ ਨਾਲੋਂ ਨੀਚੇ ਵਾਲੇ ਵਿਭਾਗ ਵਿਚ ਹੋਣਗੇ ਅਰ (ਹੇ ਪੈਯੰਬਰ ਓਥੇ ) ਤੁਸੀਂ ਕਿਸੇ ਨੂੰ ਭੀ ਏਹਨਾਂ ਦਾ ਸਹਾਇਕ ਨਹੀਂ ਦੇਖੋਗੇ ॥ ੧੪੬ ॥ ਪਰੰਚ ( ਏਹਨਾਂ ਵਿਚੋਂ ) ਜਿਨਹਾਂ ਲੋਗਾਂ ਨੇ ਤੋਬਾ ਕੀਤੀ ਅਰ ਆਪਣੀ ਵਿਵਸਥਾ ਸੁਧਾਰ ਲੀਤੀ ਅਰ ਅੱਲਾ ਦਾ ਆਸਰਾ ਧਾਰਿਆ ਅਰ ਆਪਣੇ ਦੀਨ ਨੂੰ ਖੁਦਾ ਦੇ ਵਾਸਤੇ ਖਾਲਸ ਕਰ ਲੀਤਾ ਤਾਂ ਏਹ ਲੋਗ ਮੁਸ-ਲਮਾਨਾਂ ਦੇ ਨਾਲ ਹੋਣਗੇ ਅਰ ਅੱਲਾ ਮੁਸਲਮਾਨਾਂ ਨੂੰ (ਅੰਤ ਵਿਚ) ਵੱਡੇ(ਤੋਂ ਵੱਡੇ ਉੱਤਮ) ਫਲ ਦੇਵੇਗਾ ॥ ੧੪੭ ॥ ਯਦੀ ਤੁਸੀਂ ਲੋਗ ( ਖੁਦਾ ਦਾ) ਧੰਨਵਾਦ ਕਰੋ ਅਰ ( ਉਸ ਉੱਤੇ ) ਈਮਾਨ ਧਾਰੋ ਤਾਂ ਖੁਦਾ ਨੇ ਤੁਹਾਨੂੰ ਦੁਖ ਦੇਕੇ ਕੀ ਕਰਨਾ ਹੈ ਪ੍ਰਤਯੁਤ ਖੁਦਾ ਤਾਂ ( ਧੰਨਵਾਦ ਕਰਨ ਵਾਲਿਆਂ ਦਾ) ਕਦਰ ਦਾਨ ( ਅਰ ਉਨਹਾਂ ਦੇ ਹਾਲ ਤੋਂ ) ਗਯਾਤ ਹੈ॥ ੧੪੮ ॥ *ਅੱਲਾ ਨੂੰ ਪਸੰਦ ਨਹੀਂ ਕਿ ਕੋਈ ( ਕਿਸੇ ਨੂੰ ) ਮੂੰਹ ਪਾੜਕੇ ਬੁਰਾ ਬੋਲੇ ਪਰੰਚ ਜਿਸ ਪਰ ਜੋਰ ਜੁਲਮ ਹੋਇਆ ਹੋਵੇ ਅਰ ਅੱਲਾ ਸੁਣਦਾ ਅਰ

*ਹੁਣ "ਲਾ ਯੁ ਹਿ ਬੁ ਲਾ" ਨਾਮੀ ਛੇਵਾਂ ਪਾਰਾ ਚਲਾ।

Digitized by Panjab Digital Library | www.panjabdigilib.org

ਜਾਣਦਾ ਹੈ ॥ ੧੪੯ ॥ (ਯਦੀ) ਭਲਾਈ ਖੁਲਮਖੁਲੀ ਕਰੋ ਅਥਵਾ ਛਿਪਾ ਕੇ ਕਰੋ ਅਥਵਾ ਬੁਰਾਈਓਂ ਦਰਗੁਜਰ ਕਰੋ ਤਾਂ ਅੱਲਾ ਭੀ ਸਾਮਰਥ ਦੇ ਹੁੰਦਿਆਂ ਸੁੰਦਿਆਂ ਦਰਗੁਜਰ ਕਰਦਾ ਹੈ ॥ ੧੫੦ ॥ ਜੋ ਲੋਗ ਅੱਲਾ ਅਰ ਉਸ ਦੇ ਰਸੂਲ ਤੋਂ ਬੇ ਮੁਖ ਹਨ ਅਰ ਅੱਲਾ ਅਰ ਉਸ ਦਿਆਂ ਰਸੂਲਾਂ ਵਿਚ ਜੁਦਾਈ ਪਾਉਣੀ ਚਾਹੁੰਦੇ ਹਨ ਅਰ ਕਹਿੰਦੇ ਹਨ ਕਿ ਅਸੀਂ ਕਈਕ (ਪੈਯੰਬਰਾਂ) ਨੂੰ ਮੰਨਦੇ ਹਾਂ ਅਰ ਕਈਆਂਕ ਨੂੰ ਨਹੀਂ ਮੰਨਦੇ ਅਰ ਚਾਹੁੰਦੇ ਹਨ ਕਿ (ਪੈਯੰਬਰਾਂ ਵਿਚ ਵੇਰਵਾ ਕਰਕੇ) ਕੁਫਰ ਅਰ ਈਮਾਨ ਦੇ ਅੰਦਰ ੨ (ਕੋਈ ਦੂਸਰਾ) ਰਸਤਾ ਅਖਤਿਆਰ ਕਰੀਏ ॥ ੧੫੧ ॥ ਤਾਂ ਐਸੇ ਲੋਗ ਸਚ ਮੁਚ ਕਾਫਰ ਹਨ ਅਰ ਕਾਫਰਾਂ ਦੇ ਵਾਸਤੇ ਅਸਾਂ ਨੇ ਖੁਆਰੀ ਦਾ ਕਸ਼ਟ ਤਿਆਰ ਕਰ ਰਖਿਆ ਹੈ ॥ ੧੫੨ ॥ ਅਰ ਜੋ ਲੋਗ ਅੱਲਾ ਅਰ ਉਸ ਦੇ ਰਸੂਲਾਂ ਪਰ ਈਮਾਨ ਲੈ ਆਏ ਅਰ ਉਹਨਾਂ ਵਿਚੋਂ ਕਿਸੇ ਇਕ ਨੂੰ ਦੂਸਰੇ ਨਾਲੋਂ ਵਖਰਾ ਨਾ ਸਮਝਾ ਤਾਂ ਐਸੇ ਵੀ ਲੋਗ ਹਨ ਜਿਨ੍ਹਾਂ ਨੂੰ ਅੱਲਾ (ਅੰਤ ਵਿਚ) ਉਹਨਾਂ ਦਾ ਬਦਲਾ ਦੇਵੇਗਾ ਅਰ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੧੫੩ ॥ ਰੁਕੂਹ ੨੧ ॥

(ਹੇ ਪੈਯੰਬਰ) ਪੁਸਤਕ ਵਾਲੇ (ਅਰਥਾਤ ਯਹੂਦ ਜੋ) ਤੁਹਾਡੇ ਅੱਗੇ ਦਰਖਾਸਤ ਕਰਦੇ ਹਨ ਕਿ ਤੁਸੀਂ ਉਨਹਾਂ ਉਤੇ ਕੋਈ ਪੁਸਤਕ ਅਕਾਸ ਵਿਚੋਂ (ਲਿਆ) ਉਤਾਰੋ, ਮੂਸਾ ਦੇ ਨਾਲ ਏਸ ਨਾਲੋਂ ਭੀ ਵਧ ਕੇ ਦਰਖਾਸਤ ਕਰ ਚੁਕੇ ਹਨ ਕਿ ਲੱਗੇ ਕਹਿਣ ਕਿ ਸਾਨੂੰ ਅੱਲਾ ਪ੍ਰਗਟ ਦਿਖਾਓ ਫਿਰ ਉਨ੍ਹਾਂ ਨੂੰ ਉਨ੍ਹਾਂ ਦੀਆਂ ਸ਼ਰਾਰਤਾਂ ਦੇ ਕਾਰਨ ਬਿਜਲੀ ਨੇ ਆ ਦਬਾਇਆ ਫਿਰ ਏਸ ਬਾਤ ਦੇ ਪਿਛੋਂ ਭੀ ਭਾਵੇਂ ਉਨ੍ਹਾਂ ਨੂੰ (ਪ੍ਰਗਟ) ਚਮਤਕਾਰ ਪ੍ਰਾਪਤ ਹੋ ਚੁਕੇ ਸਨ (ਪੂਜਾ ਵਾਸਤੇ) ਵੱਛੇ ਨੂੰ ਲੈ ਬੈਠੇ ਫੇਰ ਅਸਾਂ ਨੇ (ਉਨ੍ਹਾਂ ਦੀ) ਇਸ (ਅਵਗਿਆ) ਦੇ ਤਰਫ ਭੀ ਦ੍ਰਿਸ਼ਟੀ ਨਾ ਕੀਤੀ (ਅਰ ਉਨਹਾਂ ਦੀ ਤੋਬਾ ਕਬੂਲ ਕਰ ਲੀਤੀ) ਅਰ ਮੂਸਾ ਨੂੰ ਅਸਾਂ ਨੇ ਖੁਲਮਖੁਲਾ ਗਲਬਾ ਦਿਤਾ ॥ ੧੫੪ ॥ ਅਰ ਉਨਹਾਂ (ਲੋਗਾਂ) ਪਾਸੋਂ ਸੱਤ ਪਰਤੱਗਿਆ ਲੈਣ ਵਾਸਤੇ ਅਸਾਂ ਨੇ ਤੂਰ (ਪਰਬਤ) ਨੂੰ ਉਨਹਾਂ ਦੇ ਉੱਪਰ ਉਠਾਇਆ ਅਰ (ਹੋਰ) ਅਸਾਂ ਉਨਹਾਂ ਨੂੰ ਆਗਿਆ ਦਿਤੀ ਕਿ (ਸ਼ਹਿਰ ਦੇ) ਦਰਵਾਜੇ ਵਿਚ ਸਜਦਾ ਕਰਕੇ (ਮਥਾ ਟੇਕ ਕੇ) ਅੰਦਰ ਵੜਨਾ ਅਰ ਅਸਾਂ ਉਨਹਾਂ ਨੂੰ (ਏਹ ਭੀ) ਆਗਿਆ ਦਿਤੀ ਕਿ ਛਨੀਵਾਰ (ਸਾਡੀ ਆਗਿਆ) ਨਾ ਭੰਗ ਕਰਨੀ ਅਰ ਅਸਾਂ ਨੇਂ ਉਨਹਾਂ ਪਾਸੋਂ ਪੱਕਾ ਬਚਨ ਲੀਤਾ ॥ ੧੫੫ ॥ ਫੇਰ ਉਨਹਾਂ ਦੀ ਪਰਤਗਿਆ ਵਿਨਸ਼ਟ ਹੋਣ ਦੇ ਸਬਬੋਂ ਅਰ ਈਸ਼੍ਵਰੀ ਆਗਿਆ ਦੇ ਨਾ ਮੰਨਣ ਦੇ ਸਬਬੋਂ (ਅਰ ਕੁਰੀਤੀ ਨਾਲ) ਪੈਯੰਬਰਾਂ ਨੂੰ ਕਤਲ ਕਰਨ ਦੇ ਸਬਬੋਂ ਅਰ ਉਨਹਾਂ

Digitized by Panjab Digital Library | www.panjabdigilib.org

ਦੇ ਏਸ ਕਹਿਣ ਦੇ ਕਾਰਨ ਕਿ ਸਾਡੇ ਦਿਲਾਂ ਤੇ ਪਰਦੇ ਪਏ ਹੋਏ ਹਨ ਪ੍ਰਤਯੁਤ ਉਨਹਾਂ ਦੇ ਕੁਫਰ ਦੇ ਸਬਬੋਂ ਖ਼ੁਦਾ ਨੇ ਉਨਹਾਂ (ਦਿਆਂ ਦਿਲਾਂ) ਪਰ ਮੋਹਰ ਲਗਾ ਦਿਤੀ ਹੈ ਬਸ ਸਿਵਾ ਥੋਹੜੇ ਸੇ ਗਿਣਤੀ ਦੇ ਆਦਮੀਆਂ ਦੇ (ਅਕਸਰ) ਈਮਾਨ ਨਹੀਂ ਧਾਰਦੇ ॥ ੧੫੬ ॥ ਅਰ ਉਨਹਾਂ ਦੇ ਕੁਫਰ ਦੇ ਸਬਬੋਂ ਅਰ ਮਰੀਯਮ ਦੀ ਨਿਸਬਤ (ਪ੍ਰਾਇਆ) ਕਰੜਿਆਂ ਬਹਿਤਾਨ ਤੋਲਣ ਦੇ ਕਾਰਣ ॥ ੧੫੭ ॥ ਅਰ ਉਨਹਾਂ ਦੇ ਇਸ ਕਹਿਣ ਦੇ ਕਾਰਨ ਕਿ ਅਸੀਂ ਮਰੀਯਮ ਦੇ ਬੇਟੇ ਈਸਾ ਮਸੀਹ ਨੂੰ ਜੋ ਖ਼ੁਦਾ ਦਾ ਰਸੂਲ (ਹੋਣ ਦਾ ਦਾਵਾ ਕਰਦਾ ਸੀ) ਕਤਲ ਕਰ ਦਿਤਾ ਅਰ (ਵਾਸਤਵਿਕ ਬਾਤ) ਇਹ ਹੈ ਕਿ)ਨਾ ਹੀ ਤਾਂ ਓਹਨਾ ਨੇ ਉਸ ਨੂੰ ਕਤਲ ਕੀਤਾ ਅਰ ਨਾ ਹੀ ਓਹਨਾਂ ਨੂੰ ਸੂਲੀ ਚੜ੍ਹਾਇਆ ਪਰੰਚ ਉਨਹਾਂ ਨੂੰ ਐਸੇ ਪਰਤੀਤ ਹੋਇਆ ਅਰ ਜੋ ਲੋਗ ਇਸ ਵਿਚ ਭੇਦ ਕਰਦੇ ਹਨ ਤਾਂ ਏਸ ਮਾਮਲੇ ਵਿਚ (ਇਹ ਲੋਗ ਨਿਰੇਪੁਰੇ ਹੀ) ਭਰਮ ਵਿਚ ਪਏ ਹੋਏ ਹਨ ਇਹਨਾਂ ਨੂੰ (ਵਾਸ-ਵਿਕ) ਖਬਰ ਤਾਂ ਹੈ ਨਹੀਂ ਪਰੰਚ ਕੇਵਲ ਅਟਕਲ ਪਚੂ ਦੇ ਪਿਛੇ ਭੱਜੇ ਜਾ ਰਹੇ ਹਨ ਅਰ ਸਚ ਮੁਚ ਈਸਾ ਨੂੰ(ਲੋਗਾਂ ਨੇ)ਕਤਲ ਨਹੀਂ ਕੀਤਾ॥੧੫੮॥ ਪ੍ਰਤਯੁਤ ਅੱਲਾ ਨੇ ਓਸਨੂੰ ਆਪਣੇ ਤਰਫ ਚੁਕ ਲੀਤਾ(ਅਰਥਾਤ ਉਹਦੀ ਪਦਵੀ ਉੱਚੀ ਕਰ ਦਿਤੀ)ਅਰ ਅੱਲਾ ਜ਼ਬਰਦਸਤ(ਅਰ)ਯੁਕਤੀ ਵਾਲਾਹੈ॥੧੫੯॥ਅਰ ਜਿਤਨੇ ਕਿਤਾਬਾਂ ਵਾਲੇ ਹਨ ਅਵਸ਼ ਉਨਹਾਂ ਦੇ ਮਰਨ ਥੀਂ ਪਹਿਲਾਂ ਸਾਰਿਆਂ ਦੇ ਸਾਰੇ ਉਨਹਾਂ ਪਰ(ਮੁਸਲਮਾਨਾਂ ਵਰਗਾ)ਈਮਾਨ ਲੈ ਆਵਣਗੇ ਅਰ ਅੰਤਿਮ ਦਿਨ ਓਹ ਇਹਨਾਂ ਦੇ ਉਲਟ ਵਿਚ ਗਵਾਹੀ ਦੇਣਗੇ ॥੧੬੦॥ ਗਲ ਕਾਹਦੀ ਯਹੂਦੀਆਂ ਦੀਆਂ (ਇਹਨਾਂ) ਸ਼ਰਾਰਤਾਂ ਦੇ ਸਬਬੋਂ ਅਸਾਂ ਨੇ (ਬਾਜ) ਪਵਿਤਰ ਵਸਤਾਂ ਜੋ ਉਨਹਾਂ ਵਾਸਤੇ ਹਲਾਲ ਸਨ ਉਹਨਾਂ ਵਾਸਤੇ ਹਰਾਮ ਕਰ ਦਿਤੀਆਂ ਅਰ ਉਹ ਏਸ ਨਮਿਤ ਕਰਕੇ ਕਿ ਅਕਸਰ ਰੱਬ ਦੇ ਰਾਹੋਂ ਲੋਗਾਂ ਨੂੰ ਰੋਕਦੇ ਸਨ ॥ ੧੬੧ ॥ ਅਰ (ਹੋਰ) ਇਸ ਕਰਕੇ ਕਿ ਬਾਰ ਬਾਰ ਉਹਨਾਂ ਨੂੰ ਬਿਆਜ ਤੋਂ ਹਟਾਇਆ ਗਿਆ ਸੀ ਫੇਰ ਵੀ ਬਿਆਜ ਲੈਂਦੇ ਸਨ ਅਰ (ਹੋਰ) ਏਸ ਸਬਬੋਂ ਕਿ ਲੋਗਾਂ ਦੇ ਮਾਲ ਨਾਹੱਕ ਅਗੇ ਪਿਛੇ ਕਰਦੇ ਸਨ ਅਰ ਇਹਨਾਂ ਵਿਚੋਂ ਜੋ ਲੋਗ (ਖ਼ੁਦਾ ਦਾ ਹੁਕਮ) ਨਹੀਂ ਮੰਨਦੇ ਉਹਨਾਂ ਵਾਸਤੇ ਅਸਾਂ ਭਿਆਨਕ ਦੁਖ ਤਿਆਰ ਕਰ ਛਡਿਆ ਹੈ ॥ ੧੬੨ ॥ ਪਰੰਚ (ਹੇ ਪੈਯੰਬਰ) ਉਨਹਾਂ ਵਿਚੋਂ ਜੋ ਵਿਦ-ਵਾਨ ਹਨ (ਉਹ) ਅਰ ਮੁਸਲਮਾਨ (ਇਹ ਦੋਨੋਂ ਦਲਤਾਂ) ਓਸ (ਪੁਸਤਕ) ਉਤੇ ਜੋ ਤੁਹਾਡੇ ਪਰ ਉਤਰੀ ਹੈ ਅਰ ਉਹਨਾਂ (ਕਿਤਾਬਾਂ) ਪਰ ਜੋ ਤੁਸਾਂ ਨਾਲੋਂ ਪਹਿਲਾਂ (ਦੂਸਰਿਆਂ ਪੈਯੰਬਰਾਂ ਪਰ) ਉਤਾਰੀਆਂ ਹਨ (ਸੰਪੂਰਨਾਂ ਪਰ)

Digitized by Panjab Digital Library | www.panjabdigilib.org

ਈਮਾਨ ਲੈ, ਆਉਂਦੇ ਅਰ ਨਮਾਜ਼ ਪੜ੍ਹਦੇ ਅਰ ਜ਼ਕਾਤ ਦੇਂਦੇ ਅਰ ਅੱਲਾ ਅਰ ਅੰਤਿਮ ਦਿਨ ਦਾ ਨਿਸਚਾ ਰਖਦੇ ਹਨ ਇਹੋ ਲੋਕ ਹਨ ਜਿਨਹਾਂ ਨੂੰ ਅਸੀ ਸ਼ੀਘਰ ਹੀ ਬੜਾ ਫਲ ਦੇਵਾਂਗੇ ॥ ੧੬੩ ॥ ਰੁਕੂਹ ੨੨ ॥

(ਹੇ ਪੈਯੰਬਰ) ਅਸਾਂ ਤੇਰੀ ਤਰਫ (ਉਸੀ ਤਰਹਾਂ) ਵਹੀ ਭੇਜੀ ਹੈ ਜਿਸ ਤਰ੍ਹਾਂ ਅਸਾਂ ਨੂਹ ਅਰ ਉਹਨਾਂ ਦੇ ਪਿਛੋਂ (ਹੋਰ) ਨਬੀਆਂ ਅਰ ਇਬ-ਰਾਹੀਮ ਅਰ ਇਸਮਾਈਲ ਅਰ ਇਸਹਾਕ ਅਰ ਯਾਕੂਬ ਅਰ ਉਸਦੀ ਔਲਾਦਿ—ਅਰ ਈਸਾ ਅਰ ਅਯੂਬ ਅਰ ਯੂਨਸ ਅਰ ਹਾਰੂਨ ਅਰ ਸਿਲੇਮਾਨ ਦੀ ਤਰਫ(ਵਹੀ)ਭੇਜੀ ਸੀ ਅਰ ਅਸਾਂ ਨੇ ਦਾਊਦ ਨੂੰ ਜ਼ੰਬੂਰ ਦਿਤਾ ਸੀ॥੧੬੪॥ ਅਰ (ਅਸੀਂ) ਕਿਤਨੇ ਪੈਯੰਬਰ (ਭੇਜ ਚੁਕੇ ਹਾਂ) ਜਿਨਹਾਂ ਦਾ ਹਾਲ ਅਸੀਂ (ਇਸ ਥੀਂ) ਪਹਿਲਾਂ ਤੇਰੇ ਪਾਸ ਵਰਣਨ ਕਰ ਚੁਕੇ ਹਾਂ ਅਰ ਕਿਤਨੇ ਪੈਯੰਬਰ (ਹੋਰ) ਹਨ ਜਿਨਹਾਂ ਦਾ ਬ੍ਰਿਤਾਂਤ ਅਸਾਂ ਤੇਰੇ ਅੱਗੇ (ਹੁਣ ਤਕ) ਵਰਨਨ ਨਹੀਂ ਕੀਤਾ ਅਰ ਅੱਲਾ ਨੇ ਮੂਸੇ ਨਾਲ (ਤਾਂ) ਬਾਤਾਂ ਚੀਤਾਂ (ਭੀ) ਕੀਤੀਆਂ ॥ ੧੬੫ ॥ (ਇਹ) ਪੈਯੰਬਰ ਖੁਸ਼ਖਬਰੀ ਦੇਣ ਵਾਲੇ ਅਰ ਡਰਾਣ ਵਾਲੇ(ਸਨ)ਤਾਂਕਿ ਪੈਯੰਬਰਾਂ ਦੇ (ਆਏ) ਪਿਛੋਂ ਲੋਗਾਂ ਨੂੰ ਖੁਦਾ ਪਰ (ਕਿਸੀ ਤਰਹਾਂ ਦਾ) ਦੋਖ ਆਰੋਪਣ (ਕਰਨ ਦਾ ਅਵਿਕਾਸ਼ ਬਾਕੀ) ਨਾ ਰਹੇ ਅਰ ਖੁਦਾ ਗਾਲਿਬ (ਅਰ) ਹਿਕਮਤ ਵਾਲਾ ਹੈ ॥ ੧੬੬ ॥ ਪਰੰਤੂ ਜੋ ਕੁਛ ਖੁਦਾ ਨੇ ਤੁਹਾਡੀ ਤਰਫ ਉਤਾਰਿਆ ਹੈ ਅੱਲਾ ਗਵਾਹੀ ਦੇਂਦਾ ਹੈ ਕਿ ਸਮਝ ਕਰ ਉਸ ਨੂੰ ਉਤਾਰਿਆ ਹੈ ਅਰ (ਕਿੰਤੂ) ਫਰਿਸ਼ਤੇ (ਭੀ ਏਸ ਦੀ) ਗਵਾਹੀ ਭਰਦੇ ਹਨ ਅਰ ਗਵਾਹੀ ਵਾਸਤੇ ਤਾਂ (ਇਕ)ਅੱਲਾ ਹੀ ਬਹੁਤ ਹੈ ॥ ੧੬੭ ॥ ਨਿਰਸੰਦੇਹ ਜਿਨਹਾਂ ਲੋਗਾਂ ਨੇ ਨਨਾਕਾਰ ਕੀਤਾ ਅਰ ਖੁਦਾ ਦੇ ਮਾਰਗੋਂ ਰੁਕੇ ਰਹੇ ਉਹ (ਸਚੇ ਮਾਰਗੋਂ) ਬਹੁਤ ਦੂਰ ਦੁਰਾਡੇ ਚਲੇ ਗਏ ॥ ੧੬੮ ॥ ਜੋ ਲੋਗ ਕੁਫਰ ਤਥਾ (ਕੁਫਰ ਦੇ ਨਾਲ) ਜੁਲਮ ਭੀ ਕਰਦੇ ਰਹੇ ਏਹਨਾਂ ਨੂੰ ਨਾ ਤਾਂ ਖੁਦਾ ਖਿਮਾ ਹੀ ਕਰੇਗਾ ਅਰ ਨਾ ਏਹਨਾਂ ਨੂੰ (ਸੱਚਾ ਮਾਰਗ) ਹੀ ਦਸੇਗਾ ॥ ੧੧੯ ॥ ਕਿੰਤੂ (ਏਹਨਾਂ ਨੂੰ) ਨਰਕ ਦਾ ਹੀ ਰਸਤਾ (ਦਸੇਗਾ) ਜਿਸ ਵਿਚ ਨਿਤਰਾਂ ੨ ਹੀ ਰਹਿਣਗੇ ਅਰ ਅੱਲਾ ਦੇ ਸਮੀਪ ਏਹ (ਇਕ) ਸੁਖੇਨ (ਜੈਸੀ ਬਾਰਤਾ) ਹੈ ॥ ੧੭੦ ॥ ਲੋਗੋ ! (ਇਹ) ਰਸੂਲ ਤੁਹਾਡੇ ਪਾਸ ਤੁਹਾਡੇ ਪਰਵਰਦਿਗਾਰ ਦੀ ਤਰਫੋਂ ਸੱਚਾ (ਦੀਨ) ਲੈਕੇ ਆਇਆ ਹੈ ਬਸ ਨਿਸਚਾ ਕਰੋ ਕਿ ਤੁਹਾਡੇ ਵਾਸਤੇ ਭਲੀ ਬਾਤ ਹੈ ਅਰ ਯਦੀ ਨਿਸਚਾ ਨਹੀਂ ਕਰੋਗੇ ਤਾਂ ਅੱਲਾ(ਨਿਰੇਛਤ ਹੈ ਉਸੇ ਦਾ) ਹੀ ਹੈ ਜੋ ਕੁਛ ਅਸਮਾਨਾਂ ਵਿਚ ਹੈ ਅਰ ਜੋ ਕੁਛ ਧਰਤੀ ਪਰ ਹੈ ਅਰ ਅੱਲਾ (ਸਾਰਿਆਂ ਦੇ ਹਾਲ ਥੀਂ) ਜਾਨੀ ਜਾਨ ਅਰ ਯੁਕਤੀ ਮਾਨ ਹੈ ॥ ੧੭੧ ॥ ਹੇ ਕਿਤਾਬ ਵਾਲਿਓ ਆਪਣੇ

Digitized by Panjab Digital Library | www.panjabdigilib.org

ਦੀਨ ਵਿਖੇ ਸੀਮਾ ( ਅਰਥਾਤ ਹਦ ) ਨੂੰ ਉਲੰਘਨ ਨਾ ਕਰੋ ਅਰ ਖੁਦਾ ਦੀ ਨਿਸਬਤ ਕੇਵਲ ਸਚ ਬਾਰਤਾ ਬੋਲੋ, ਮਰੀਯਮ ਦਾ ਪੁਤਰ ਈਸਾ ਮਸੀਹ ਬਸ ਅੱਲਾ ਦਾ ( ਇਕ ) ਰਸੂਲ ਹੈ ਅਰ ਖੁਦਾ ਦਾ ਹੁਕਮ ਜੋ ਓਸਨੇ ਮਰੀਯਮ ਦੀ ਤਰਫ ਆਖ ਭੇਜਿਆ ਸੀ ਕਿ (ਪਤੀ ਵਿਹੀਨਾ ਹੀ ਸਗਰਭਤਾ ਹੋ ਜਾ ਅਰ ਉਹ ਹੋਗਈ) ਅਰ (ਉਹ ਇਕ) ਰੂਹ (ਸੀ) ਤਾਂ ਅੱਲਾ ਅਰ ਓਸ ਦੇ ਰਸੂਲਾਂ ਉਪਰ ਨਿਸਚਾ ਕਰੋ ਅਰ ਤਿੰਨ (ਖ਼ੁਦਾ) ਨਾ ਆਖੋ (ਏਸ ਥੀਂ) ਮੁੜ ਜਾਓ ਕਿ(ਇਹ) ਤੁਹਾਡੇ ਹੱਕ ਵਿਚ ਭਲੀ ਬਾਤ ਹੈ ਬਸ ਹੀ) ਇਕ ਪੂਜਜ ਹੈ ਉਹ ਏਸ (ਬਾਤ) ਥੀਂ ਨਿਰਲੇਪ ਹੈ ਕਿ ਓਸ ਦੇ (ਘਰ) ਕੁਛ ਔਲਾਦ ਹੋਵੇ ਉਸੀ ਦਾ ਹੈ ਜੋ ਕੁਛ ਆਸਮਾਨਾਂ ਵਿਚ ਹੈ ਅਰ ਜੋ ਕੁਛ ਧਰਤੀ ਪਰ ਹੈ ਬਸ ਅੱਲਾ(ਸਭਨਾਂ ਦਾ)ਕਰੌਨ ਕਾਰਨ ਹੈ॥੧੭੨॥ਰੁਕੂਹ॥੨੩॥

ਮਸੀਹ ਨੂੰ ਖੁਦਾ ਦਾ ਬੰਦਾ ਹੋਣ ਕਰਕੇ (ਹਰਗਿਜ਼ ਕਦੇ ਭੀ) ਲੱਜਾ ਨਹੀਂ ਅਰ ਨਾ ਫਰਿਸ਼ਤਿਆਂ ਨੂੰ ਜੋ (ਖੁਦਾ ਦੇ) ਸਮੀਪੀ ਹਨ ਅਰ ਜੋ ਖੁਦਾ ਦਾ ਬੰਦਾ ਹੋਣ ਵਿਖੇ ਲੱਜਾ ਕਰੇ ਅਰ ਘਮੰਡ ਕਰੇ ਤਾਂ ਸ਼ੀਘਰ ਹੀ ਖੁਦਾ ਏਹਨਾਂ ਸਾਰਿਆਂ ਨੂੰ ਆਪਣੇ ਪਾਸ ਖਿਚ ਲੇਵੇਗਾ ॥ ੧੭੩ ॥ ਫੇਰ ਜੋ ਲੋਗ ਨਿਸਚਾ ਰਖਦੇ ਅਰ ਸ਼ੁਭ ਕਰਮ ਕਰਦੇ ਸਨ ਖੁਦਾ ਓਹਨਾਂ ਨੂੰ ਓਹਨਾਂ ਦੇ (ਕੀਤੇ) ਦਾ ਪੂਰਾ (੨) (ਫਲ) ਦੇਵੇਗਾ ਅਰ ਆਪਣੀ ਕ੍ਰਿਪਾ ਨਾਲ (ਕੁਛ ਹੋਰ) ਭੀ ਵਧੇਰਾ ਦੇਵੇਗਾ ਅਰ ਜੋ ਲੋਗ (ਬੰਦਾ ਬਣਨ ਥੀਂ) ਲੱਜਾ ਕਰਦੇ ਅਰ ਵਡਿਆਈ ਨੂੰ ਚਾਹੁੰਦੇ ਸਨ ਖੁਦਾ ਓਹਨਾਂ ਨੂੰ ਭਿਆਨਕ ਦੁਖ ਦਵਾਰਾ ਡੰਡ ਦੇਗਾ ॥ ੧੭੪ ॥ ਅਰ ਖ਼ੁਦਾ ਤੋਂ ਸਿਵਾ ਓਹਨਾਂ ਨੂੰ ਨਾਂ ਕੋਈ ਮਿਤ੍ਰ ਮਿਲੇਗਾ ਅਰ ਨਾ ਮਦਦਗਾਰ ॥ ੧੭੫ ॥ ਲੋਗੋ ! ਤੁਹਾਡੇ ਪਾਸ ਤੁਹਾਡੇ ਪਰ-ਵਰਦਿਗਾਰ ਦੀ ਤਰਫੋਂ ਹੁੱਜਤ ਆ ਚੁਕੀ ਅਰ ਅਸੀਂ ਤੁਹਾਡੀ ਤਰਫ ਜਗਮਗਾ ਕਰਦਾ ਹੋਇਆ ਨੂਰ (ਉਪਦੇਸ਼ ਅਰਥਾਤ ਕੁਰਾਨ) ਭੇਜ ਚੁਕੇ ਹਾਂ ॥ ੧੭੬ ॥ ਸੋ ਜਿਨਹਾਂ ਲੋਗਾਂ ਨੇ ਖੁਦਾ ਪਰ ਨਿਸਚਾ ਕੀਤਾ ਅਰ ਓਹਨਾਂ ਨੇ ਓਸੇ ਦਾ ਆਸਰਾ ਲੀਤਾ ਤਾਂ ਅੱਲਾ (ਭੀ) ਓਹਨਾਂ ਨੂੰ ਸੀਘਰ ਹੀ ਆਪਣੀ ਦਿਆਲਤਾ (ਦੀ ਛਾਇਆ) ਅਰ ਖਿਮਾਂ (ਦੇ ਆਸਰੇ) ਵਿਚ ਕਰ ਲੇਵੇਗਾ ਅਰ ਓਹਨਾਂ ਨੂੰ ਆਪਣੇ ਤਕ (ਪਹੁੰਚਣ) ਦਾ ਸਰਲ ਮਾਰਗ ਭੀ ਦਸ ਦੇਵੇਗਾ ॥ ੧੭੭ ॥ (ਹੇ ਪੈਗੰਬਰ ਲੋਗ) ਤੇਰੇ ਪਾਸੋਂ ਫਤਵਾ ਮੰਗਦੇ ਹਨ ਤਾਂ (ਏਹਨਾਂ ਲੋਗਾਂ ਨੂੰ) ਕਹਿ ਦਿਓ ਕਿ ਅੱਲਾ ਔਤਰ ਨਖਤ੍ਰ ਦੇ ਬਾਰੇ ਵਿਚ ਤੁਹਾਨੂੰ ਹੁਕਮ ਦੇਂਦਾ ਹੈ ਕਿ ਯਦੀ ਕੋਈ ਐਸਾ ਆਦਮੀ ਮਰ ਜਾਵੇ ਅਰ ਓਸ ਦੇ ਔਸ ਨਾ ਹੋਵੇ (ਅਰ ਨਾ ਪਿਤਾ ਪਿਤਾਮਾ ਸੋ ਐਸੇ ਆਦਮੀ ਨੂੰ ਕਲਾਲਹਿ ਕਹਿੰਦੇ ਹਨ) ਅਹ ਓਸ ਦੀ (ਕੇਵਲ ਇਕ ਹੀ) ਭੈਣ ਹੋਵੇ ਤਾਂ ਭੈਣ ਨੂੰ ਓਸਦੇ

Digitized by Panjab Digital Library | www.panjabdigilib.org

ਤਰਕੇ ਦਾ ਅਧਾ ਅਰ ਇਹ (ਭਾਈ) ਬੀ ਓਸ ਭੈਣ ਦੇ ਤਰਕੇ ਦਾ ਵਾਰਸ ਹੈ ਯਦੀ ਓਸ ਦੀ ਅੰਸ ਨਾ ਹੋਵੇ ਫੇਰ ਯਦੀ ਭੈਣਾਂ ਦੋ ਹੋਣ ਤਾਂ ਉਸਨੂੰ ਓਸ ਦੇ ਤਰਕੇ ਵਿਚੋਂ ਦੋ ਤਿਹਾਈਆਂ ਅਰ ਯਦੀ ਭਿਰਾ ਭੈਣਾਂ ( ਰਲੇ ਮਿਲੇ ਹੋਏ ) ਹੋਣ (ਕੁਛ) ਆਦਮੀ ਅਰ (ਕੁਛ) ਜਨਾਨੀਆਂ ਤਾਂ ਮਰਦ ਦਾ ਭਾਗ ਦੋ ਇਸਤ੍ਰੀਆਂ ਦੇ ਬਰਾਬਰ ਹੈ ਤੁਸਾਂ ਲੋਗਾਂ ਦੇ ਭਟਕਣ ਦੇ ਸਬਬੋਂ ਅੱਲਾ ਤੁਹਾਡੇ ਵਾਸਤੇ ਵਿਸਤਾਰ ਪੂਰਵਕ ਵਰਣਨ ਕਰਦਾ ਹੈ ਅਰ ਅੱਲਾ ਸਭ ਕੁਛ ਜਾਣਦਾ ਹੈ ।।ਰੁਕੂਹ ੨੪ ।।

## ਸੂਰਤ ਅਲਮਾ ਯਦਹ ਮਦੀਨੇ ਵਿਚ ਉਤਰੀ ਅਰ ਏਸਦੀਆਂ ਇਕ ਸੌ ਬੀਸਆਯਤਾਂਅਰਸੋਲਾਂਰੁਕੂਹਹਨ।।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ਅਰ ਕ੍ਰਿਪਾਲੂ ਹੈ ॥ ੧ ॥ ਮੁਸਲਮਾਨੋ ! ( ਆਪਣੀ ) ਪਰਤਿੱਗਯਾ ਨੂੰ ਪਾਲੋ ਚੁਪਾਏ ਪਸ਼ੂ ਤੁਹਾਡੇ ਵਾਸਤੇ ਹਲਾਲ ਕਰ ਦਿਤੇ ਗਏ ਹਨ ਪਰੰਤੂ ਓਹ ਜੋ ਤੁਹਾਨੂੰ ਪੜ੍ਹਕੇ ਸੁਣਾਏ ( ਦਸੇ ) ਜਾਣਗੇ ਪਰੰਤੂ ਜਦੋਂ ਤੁਸੀਂ ਇਹਰਾਮ ਦੀ ਹਾਲਤ ਵਿਚ ਹੋਵੋ ਤਦੋਂ ਸ਼ਕਾਰ ਨੂੰ ਹਲਾਲ ਨ ਸਮਝ ਬੈਠਣਾ ਨਿਰਸੰਸ ਖੁਦਾ ਜੈਸਾ ਚਾਹੀਦਾ ਹੈ ਹੁਕਮ ਦੇਂਦਾ ਹੈ ॥ ੨ ॥ ਮੁਸਲਮਾਨੋ ! ਖੁਦਾ ਦੇ ( ਨਿਯਤ ਕੀਤੇ ਹੋਏ ਧਾਰਮਿਕ) ਆਦਾਬ ਦੇ ਅਰਕਾਨਾਂ ਅਰ ਹੁਰਮਤ ਵਾਲੇ ਮਹੀਨੇ ਦੀ ਅਰ ( ਹੱਜ ਦੀ ) ਕੁਰਬਾਨੀ ਦੀ ਅਰ ਨਾਂ ਓਹਨਾਂ) (ਜੀਵਾਂ) ਦੀ ਜਿਨਹਾਂ ਦੇ ਗਲਾਂ ਵਿਚ ਪਟੇ ਪਏ ਹੋਣ ਅਰ ਓਹਨਾਂ ਲੋਗਾਂ ਦੀ ਜੋ ਇੱਜ਼ਤ ਵਾਲੇ ਘਰ ( ਅਰਥਾਤ ਖਾਨੇ ਕਾਬੇ ਦੀ ਜ਼ਿਆਰਤ ) ਨੂੰ ਜਾ ਰਹੇ ਹੋਣ ਬੇ ਹੁਰਮਤੀ ਨਾ ਕਰੋ ( ਬੇ ਅਦਬੀ ਨਾ ਕਰੋ ) ਕਿ (ਓਹ ਤਾਂ) ਆਪਣੇ ਪਰਵਰਦਿਗਾਰ ਦੀ ਬਰਕਤ ਅਰ (ਵਿਸ਼ੇਸ਼ ਕਰਕੇ ਓਸ ਦੀ) ਰਜ਼ਾਮੰਦੀ ਦੇ ਤਲਬਗਾਰ ਹੈਂ ਅਰ ਜਦੋਂ ਇਹਰਾਮ ਤੋਂ ਬਾਹਰ ਆ ਜਾਓ ਤਾਂ ਸ਼ਕਾਰ ਕਰੋ ਅਰ ਕਈਕੁ ਲੋਗਾਂ ਨੇ ਜੋ ਤੁਹਾਨੂੰ ਹੁਰਮਤ (ਤਥਾ ਇੱਜ਼ਤ) ਵਾਲੀ ਮਸਜਦ (ਅਰਥਾਤ ਖਾਨੇ ਕਾਬੇ ਜਾਣ ਥੀਂ ) ਰੋਕਿਆ ਸੀ ਏਹੋ ਵੈਰ ਤੁਹਾਨੂੰ ( ਓਹਨਾਂ ਪਰ ਕਿਸੇ ਤਰਹਾਂ ਦੀ ) ਵਧੀਕੀ ਕਰਨ ਦਾ ਕਾਰਨ ਨਾ ਹੋਵੇ ਅਰ ਨੇਕੀ ਅਰ ਪਰਹੇਜ਼ਗਾਰੀ ( ਦੇ ਕੰਮਾਂ) ਵਿਚ ਇਕ ਦੂਸਰੇ ਦੇ ਮਦਦਗਾਰ ਹੋ ਜਾਇਆ ਕਰੋ ਅਰ ਗੁਨਾਹ ਅਰ ਵਧੀਕੀ ( ਦੇ ਕੰਮਾਂ ) ਵਿਚ ਇਕ ਦੂਸਰੇ ਦੇ ਮਦਦ-ਗਾਰ ਨਾ ਬਨੋ ਅਰ ਅੱਲਾ ਪਾਸੋਂ ਡਰੋ ਕਾਹੇ ਤੇ ਅੱਲਾ ਕਠਨ ਕਸ਼ਟ ਦੇਣੇ ਵਾਲਾ ਹੈ ॥ ੩ ॥

ਮੁਰਦਾ (ਜੀਵ) ਅਰ ਲਹੂ ਅਰ ਸੂਰ ਦਾ ਮਾਸ ਅਰ ਜੋ (ਜੀਵ) ਖੁਦਾ

Digitized by Panjab Digital Library | www.panjabdigilib.org

ਤੋਂ ਸਿਵਾ ਕਿਸੇ ਹੋਰ ਦੇ ਨਾਮ ਪਰ ਸੰਕਲਪ ਕੀਤਾ ਗਿਆ ਹੋਵੇ ਅਰ ਜੋ ਗਲਾ ਘੁਟਣ ਨਾਲ ਮਰ ਗਿਆ ਹੋਵੇ ਅਰ ਜੋ ਸੱਟ ਨਾਲ ਮਰ ਗਿਆ ਹੋਵੇ ਅਰ ਜੋ ਉਪਰੋਂ ਡਿਗਕੇ ਮਰ ਗਿਆ ਹੋਵੇ ਅਰ ਜੋ ਸਿੰਙ ਲਗਕੇ ਮਰ ਗਿਆ ਹੋਵੇ ਇਹ ਸਾਰੀਆਂ ਵਸਤਾਂ ਤੁਹਾਡੇ ਉਤੇ ਹਰਾਮ ਕੀਤੀਆਂ ਗਈਆਂ ਹਨ ਅਰ ਦਰਿੰਦਿਆਂ ਦਾ ਖਾਧਾ ਹੋਇਆ ਪਰੰਚ ਜਿਸਨੂੰ ਤੁਸੀਂ ( ਮਰਨ ਥੀਂ ਪਹਿਲਾਂ ੨ ) ਹਲਾਲ ਕਰ ਲਵੋ (ਤਾਂ ਉਹ ਹਰਾਮ ਨਹੀਂ) ਅਰ (ਹੋਰ)ਜੋ ਕਿਸੇ ਅਸਥਾਨ ਪਰ(ਚੜ੍ਹਾਵਾ ਚੜ੍ਹਾਕੇ ਜ਼ਿਬਾ ਕੀਤਾ ਗਿਆ ਹੋਵੇ) ਇਹ (ਭੀ ਹਰਾਮ ਹੈ ਅਰ ਏਹ ਭੀ ਮਨਾ ਹੈ) ਕਿ ਤੀਰਾਂ (ਦੇ ਪਾਸਿਆਂ ਨਾਲ) ਆਪਸ ਵਿਚ ਵਿਭਾਗ ਕਰ ਲਓ ਅਰ ਇਹ ( ਗੁਨਾਹ ਦੀ ਬਾਤ ) ਹੈ ਕਾਫਰ (ਹੁਣ ) ਤੁਹਾਡੇ ਦੀਨ ਦੀ ਤਰਫੋਂ ਨਾ ਉਮੈਦ ਹੋ ਗਏ ਤਾਂ ਉਨਹਾਂ ਪਾਸੋਂ ਨਾ ਡਰੋ ਅਰ ਸਾਡੇ ਪਾਸੋਂ ਹੀ ਡਰੋ ਹੁਣ ਅਸੀਂ ਤੁਹਾਡੇ ਦੀਨ ਨੂੰ ਤੁਹਾਡੇ ਵਾਸਤੇ ਸੰਪੂਰਨ ਕਰ ਚੁਕੇ ਅਰ ਅਸਾਂ ਤੁਹਾਡੇ ਪਰ ਆਪਣੇ ਉਪਕਾਰ ਪੂਰੇ ਕਰ ਦਿਤੇ ਅਰ ਅਸਾਂ ਤੁਹਾਡੇ ਵਾਸਤੇ (ਏਸੇ) ਦੀਨ ਇਸਲਾਮ ਨੂੰ ਪਸੰਦ ਕੀਤਾ ਫੇਰ ਜਦੋਂ ਭੁਖ ਨਾਲ ਬੇਵਸੇ ਹੋ ਜਾਉ ਅਰ ਗੁਨਾਂਹ ਦੇ ਪਾਸੇ ਓਸ ਦਾ ਝੁਕਾ ਨਾ ਹੋਵੇ(ਅਰ ਉਹ ਮਜਬੂਰੀ ਕੋਈ ਹਰਾਮ ਵਸਤੂ ਖਾ ਬੈਠੇ) ਤਾਂ ਨਿਰਸੰਸਾ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥੪॥ (ਹੇ ਪੈਗੰਬਰ ਲੋਗ) ਤੇਹਾਡੇ ਪਾਸੋਂ ਪਛਦੇ ਹਨ ਕਿ ਕੌਨਸੀ ੨ ਵਸਤੂ ਉਨਹਾਂ ਵਾਸਤੇ ਹਲਾਲ ਕੀਤੀ ਗਈ ਹੈ ਸੋ ਤੁਸੀਂ ਉਨਹਾਂ ਨੂੰ ਸਮਝਾ ਦਿਓ ਕਿ (ਖਾਣ ਦੀਆਂ) ਸੁਥਰੀਆਂ ਵਸਤਾਂ ( ਸਾਰੀਆਂ ) ਤੁਹਾਡੇ ਵਾਸਤੇ ਹਲਾਲ ਕੀਤੀਆਂ ਗਈਆਂ ਹਨ ਅਰ ਸ਼ਕਾਰੀ ਜਾਨਵਰ ਜੋ ਤੁਸਾਂ ਸ਼ਕਾਰ ਦੇ ਵਾਸਤੇ ਗਜਾ ਰਖੇ ਹੋਣ (ਅਰ ਸ਼ਕਾਰ ਦੀ ਰੀਤੀ) ਜੈਸੀ ਤੁਹਾਨੂੰ ਖੁਦਾ ਨੇ ਸਿਖਲਾ ਛੱਡੀ ਹੈ ਵੈਸੀ ਹੀ ਤੁਸਾਂ ਉਨਹਾਂ ਨੂੰ ਸਿਖਲਾ ਦਿਤੀ ਹੋਵੇ ਤਾਂ(ਏਹ ਸ਼ਕਾਰੀ ਜਾਨਵਰ)ਜੋ(ਸ਼ਿਕਾਰ) ਤੁਹਾਡੇ ਵਾਸਤੇ ਫੜ ਰੱਖਣ ਤਾਂ ਓਸ ਨੂੰ ਛਕ ਜਾਓ ਪਰੰਚ(ਏਤਨਾ ਸੰਭਾਲਾ ਰੱਖੋ)ਕਿ ਸ਼ਕਾਰੀ ਜਾਨਵਰ ਨੂੰ ਛਡਨ ਸਮੇਂ ਓਸ ਉੱਤੇ ਅੱਲਾ ਦਾ ਨਾਮ ਲੋ ਅਰ ਅੱਲਾ ਪਾਸੋਂ ਡਰਦੇ ਰਹੋ ਨਿਰਸੰਦੇਹ ਖੁਦਾ ਅੱਖ ਦੇ ਪਲਕਾਰੇ ਵਿਚ ਹਿਸਾਬ ਲਵੇਗਾ॥੫॥ਅੱਜ(ਸਾਰੀਆਂ) ਪਵਿੱਤ੍ਰ ਵਸਤਾਂ ਤੁਹਾਡੇ ਪਰ ਹਲਾਲ ਕੀਤੀਆਂ ਗਈਆਂ ਅਰ ਕਿਤਾਬਾਂ ਵਾਲਿਆਂ ਦਾ ਭੋਜਨ (ਜਿਸ ਨਿਯਮ ਪਰ ਕਿ ਤੁਹਾਡੇ ਭੀ ਪਰਚਲਿਤ ਹੋਵੇ) ਤੁਹਾਡੇ ਵਾਸਤੇ ਹਲਾਲ ਹੈ ਅਰ ਤੁਹਾਡਾ ਖਾਣਾ ਉਨਹਾਂ ਵਾਸਤੇ ਹਲਾਲ ਹੈ ਅਰ ਮੁਸਲਮਾਨ ਬਿਆਹਤਾ ਇਸਤ੍ਰੀਆਂ ਅਰ ਕਿਤਾਬਾਂ ਵਾਲਿਆਂ ਦੀ ਪਾਕ ਦਾਮਨ ਇਸਤ੍ਰੀਆਂ ਭੀ ਤੁਹਾਡੇ ਵਾਸਤੇ ਹਲਾਲ ਹਨ ਏਸ ਸ਼ਰਤ ਪਰ ਕਿ ਓਹਨਾਂ ਦੇ ਮਹਿਰ ਓਹਨਾਂ ਦੇ ਹਵਾਲੇ ਕਰੋ (ਅਰ) ਤੁਸੀਂ ਪਵਿੱਤ੍ਰ

Digitized by Panjab Digital Library | www.panjabdigilib.org

ਰਹਿਣੇ ਵਾਲੇ ਹੋਵੇ ਨਾ ਮਸਤੀ ਨਿਕਾਲਨੇ ਵਾਲੇ ਅਰ ਨਾ ਚੋਰੀ ਛਪੀ ਯਾਰਾਨੇ ਲਗਾਨੇ ਵਾਲੇ ਅਰ ਜੋ ਇਹਨਾਂ ਈਮਾਨ ਦੀਆਂ (ਬਾਤਾਂ) ਨੂੰ ਨਾ ਮੰਨੇ ਤਾਂ ਓਸ ਦਾ ਕੀਤਾ (ਕਤਰਿਆ ਸਭ) ਅਕਾਰਥ ਅਰ ਅੰਤ ਨੂੰ (ਭੀ) ਓਹ ਘਾਟੇ ਵਾਲਿਆਂ ਵਿਚ ਹੀ ਹੋਵੇਗਾ ॥ ੬ ॥ ਰੁਕੂਹ ੧ ॥

ਮੁਸਲਮਾਨੋ ! ਜਦੋਂ ਨਮਾਜ਼ ਦੇ ਵਾਸਤੇ ਤਿਆਰ ਹੋ ਤਾਂ ਆਪਣੇ ਮੂੰਹ ਧੋ ਲੀਤਾ ਕਰੋ ਅਰ ਅਰਕਾਂ ਤਕ ਆਪਣੇ ਹਥ ਅਰ ਆਪਣੇ ਸਿਰ ਦਾ ਮਸਾ ਕਰ ਲੀਤਾ ਕਰੋ ਅਰ ਗਿਟਿਆਂ ਤਕ ਆਪਣੇ ਪੈਰ ਭੀ (ਧੋ ਲੀਤਾ ਕਰੋ)ਅਰ ਯਦੀਚ ਤੁਹਾਨੂੰ ਇਸ਼ਨਾਨ ਦੀ ਅਵਸ਼ਕਤਾ ਹੋਵੇ ਤਾਂ (ਇਸ਼ਨਾਨ ਕਰਕੇ) ਭਲੀ ਪ੍ਰਕਾਰ ਸ਼ੁਧ ਪਵਿੱਤ੍ਰ ਹੋ ਜਾਓ ਅਰ ਯਦੀਚ ਤੁਸੀਂ ਬੀਮਾਰ ਹੋਵੋ ਅਥਵਾ ਮਾਰਗੀ ਹੋਵੋ ਜਾਂ ਤੁਹਾਡੇ ਵਿਚੋਂ ਕੋਈ ਜੰਗਲ (ਪਾਖਾਨੇ) ਹੋਕੇ ਆਇਆ ਹੋਵੇ ਅਥਵਾ ਤੁਸਾਂ ਇਸਤ੍ਰੀ ਸਪਰਸ਼ ਕੀਤਾ ਹੋਵੇ ਅਰ ਤੁਹਾਨੂੰ ਜਲ ਨਾ ਮਿਲੇ ਤਾਂ ਸੁਥਰੀ ਮਿਟੀ ਲੈਕੇ ਓਸ ਦੇ ਸਾਥ ਤਯਮਮ ਅਰਥਾਤ ਆਪਣੇ ਮੂੰਹ ਅਰ ਹੱਥਾਂ ਦਾ ਮਸਾ ਕਰ ਲਵੋ (ਅਰ) ਅੱਲਾ ਤੁਹਾਡੇ ਪਰ ਕਿਸੀ ਪ੍ਰਕਾਰ ਦੀ ਤੰਗੀ ਕਰਨੀ ਨਹੀਂ ਚਾਹੁੰਦਾ ਕਿੰਤੂ ਤੁਹਾਨੂੰ ਸੁਧ ਪਵਿੱਤਰ ਰਖਣਾ ਚਾਹੁੰਦਾ ਹੈ ਅਰ (ਹੋਰ) ਇਹ (ਚਾਹੁੰਦਾ ਹੈ) ਕਿ ਤੁਹਾਡੇ ਪਰ ਆਪਣਾ ਉਪਕਾਰ ਪੂਰਣ ਕਰੇ ਤਾਂ ਕਿ ਤੁਸੀਂ (ਓਸ ਦਾ) ਧੰਨਵਾਦ ਕਰੋ ॥ ੭ ॥ ਅਰ ਅੱਲਾ ਨੇ ਜੋ ਤੁਹਾਡੇ ਪਰ ਉਪਕਾਰ ਕੀਤੇ ਹਨ ਉਨਹਾਂ ਨੂੰ ਯਾਦ ਕਰੋ ਅਰ ਓਸ ਦੇ ਪਰਤਿੱਗਜ਼ਾ ਨੂੰ (ਭੀ ਯਾਦ ਕਰੋ) ਜਿਸ (ਦੇ ਪੂਰਾ ਕਰਨ) ਦੀ ਪਰਤਿੱਗਿਜ਼ਾ ਓਸ ਨੇ ਤੁਹਾਡੇ ਪਾਸੋਂ ਪੱਕੀ (ਪੁਖਤੀ) ਲੈ ਲੀਤੀ ਹੈ ਕਿ ਜਦੋਂ ਤੁਸਾਂ ਨੇ ਕਹਿਆ ਕਿ (ਪਰਵਰਦਿਗਾਰ) ਅਸਾਂ (ਤੇਰਾ ਹੁਕਮ) ਸੁਣਿਆਂ ਅਰ ਕਬੂਲ ਕੀਤਾ ਅਰ ਖ਼ੁਦਾ ਥੀਂ ਡਰਦੇ ਰਹੋ ਕਾਹੇ ਤੇ ਅੱਲਾ ਰਿਦੇ ਦੀਆਂ ਬਾਤਾਂ ਜਾਣਦਾ ਹੈ ॥ ੮ ॥ ਮੁਸਲਮਾਨੋਂ ਖ਼ੁਦਾ ਦੇ ਵਾਸਤੇ ਨੀਤੀ ਨਾਲ ਗਵਾਹੀ ਦੇਣ ਨੂੰ ਉਦਿਤ ਰਹੋ ਅਰ ਲੋਗਾਂ ਦੀ ਦ੍ਵੈਖ ਤੁਹਾਨੂੰ ਏਸ ਜੁਰਮ ਦੇ (ਕਰਨ) ਦਾ ਕਾਰਨ ਨਾ ਹੋਵੇ ਕਿ ਨੀਤੀ ਨੂੰ ਨਾ ਵਰਤੋ (ਅਥਵਾ ਇਨਸਾਫ ਨਾ ਕੀਤਾ ਕਰੋ) ਕਿਉਂਕਿ ਇਨਸਾਫ ਪਰਹੇਜ਼ਗਾਰੀ ਵਾਸਤੇ ਅਧਿਕ ਸਮੀਪ ਹੈਅਰ ਅੱਲਾ ਦੇ ਪਾਸੋਂ ਡਰਦੇ ਰਹੋ ਕਾਹੇ ਤੇ ਜੋ ਕੁਛ ਤੁਸੀਂ ਕਰ ਰਹੇ ਹੋ ਅੱਲਾ ਓਸ ਥੀਂ ਗਿਆਤ ਹੈ ॥ ੯ ॥ ਜੋ ਲੋਗ ਈਮਾਨ ਲੈ ਆਏ ਅਰ (ਸਾਥ ਹੀ) ਓਹਨਾਂ ਨੇ ਸ਼ੁਭ ਕਰਮ (ਭੀ) ਕੀਤੇ ਅੱਲਾ ਦੀ ਉਨਹਾਂ ਨਾਲ ਪਰਤੱਗਜ਼ਾ ਹੈ ਕਿ (ਅੰਤ ਨੂੰ) ਉਨਹਾਂ ਵਾਸਤੇ ਬਖਸ਼ਸ਼ ਅਰ ਬੜਾ ਸਵਾਬ (ਫਲ) ਹੈ ॥੧੦॥ ਅਰ ਜਿਨਹਾਂ ਲੋਗਾਂ ਨੇ (ਸਚੇ ਦੀਨ ਦੇ ਕਬੂਲ ਕਰਨ ਥੀਂ) ਨਨਾਕਾਰ ਕੀਤਾ ਅਰ ਸਾਡੀਆਂ ਆਇਤਾਂ ਨੂੰ ਝੂਠਿਆਰਿਆ ਓਹ ਨਾਰਕੀ ਹਨ॥੧੧॥ ਮੁਸਲਮਾਨੋ ! ਅੱਲਾ ਨੇ

Digitized by Panjab Digital Library | www.panjabdigilib.org

ਜੋ ਤੁਹਾਡੇ ਪਰ ਉਪਕਾਰ ਕੀਤੇ ਹਨ (ਓਹਨਾਂ ਨੂੰ) ਯਾਦ ਕਰੋ ਕਿ ਜਦੋਂ ਕੁਛ ਲੋਗਾਂ ਨੇ ਤੁਹਾਡੇ ਪਰ ਹਥ ਵਲਛਾ ਕਰਨ ਦਾ ਪਰਯਤਨ ਕੀਤਾ ਤਾਂ ਖੁਦਾ ਨੇ ਤੁਹਾਡੇ ਵਲੋਂ ਉਨਹਾਂ ਦੇ ਹਥਾਂ ਨੂੰ ਰੋਕ ਦਿਤਾ ਅਰ ਅੱਲਾ ਪਾਸੋਂ ਡਰਦੇ ਰਹੋ ਅਰ ਮੁਸਲਮਾਨਾਂ ਨੂੰ ਚਾਹੀਏ ਕਿ ਅੱਲਾ ਹੀ ਪਰ ਭਰੋਸਾ ਰਖਣ ॥ ੧੨ ॥ ਰੁਕੂਹ ੨ ॥

ਅਰ ਅੱਲਾ (ਪ੍ਰਿਥਮ ਭੀ) ਬਨੀ ਇਸਰਾਈਲ ਪਾਸੋਂ ਪਰਤਿਗਿਆ ਲੈ ਚੁਕਾ ਹੈ ਅਰ ਅਸਾਂ (ਅਰਥਾਤ ਅੱਲਾ ਨੇ) ਉਨਹਾਂ ਵਿਚ ਦੇ ਹੀ ਬਾਰਾਂ ਸਰਦਾਰ (ਉਨਹਾਂ ਪਰ) ਪ੍ਰਤਿਸ਼ਟਤ ਕੀਤੇ ਅਰ ਅੱਲਾ ਨੇ ਕਹਿਆ ਕਿ ਅਸੀਂ ਤੁਹਾਡੇ ਸੰਗੀ ਸਾਥੀ ਹਾਂ ਯਦੀਚ ਤੁਸੀਂ ਨਮਾਜ਼ ਪੜਦੇ ਅਰ ਜ਼ਕਾਤ ਦੇਂਦੇ ਅਰ ਸਾਡਿਆਂ ਪੈਗੰਬਰਾਂ ਪਰ ਈਮਾਨ ਲੈ ਆਉਂਦੇ ਅਰ ਉਨਹਾਂ ਦੀ ਮਦਦ ਕਰਦੇ ਅਰ ਖੁਸ਼ ੨ (ਖੁਲੇ) ਦਿਲ ਨਾਲ ਖੁਦਾ ਨੂੰ ਰਿਣ ਦੇਂਦੇ ਰਹੋਗੇ ਤਾਂ ਅਸੀਂ ਅਵਸ਼ ਤੁਹਾਡੇ ਗੁਨਾਹ ਤੁਹਾਡੇ ਉਤੋਂ ਦੂਰ ਕਰ ਦੇਵਾਂਗੇ ਅਰ ਤੁਹਾਨੂੰ ਅਵਸ਼ (ਸਵਰਗ ਦੇ) ਐਸਿਆਂ ਬਾਗਾਂ ਵਿਚ (ਲੈ ਜਾਕੇ) ਪਰਵੇਸ਼ ਕਰਾਵਾਂਗੇ ਜਿਨਹਾਂ ਦੇ ਹੇਠਾਂ ਨਦੀਆਂ (ਪੜੀਆਂ) ਵਗਦੀਆਂ ਹੋਣਗੀਆਂ ਏਸ ਥੀਂ ਪਿਛੋਂ ਜੋ ਤੁਹਾਡੇ ਵਿਚੋਂ ਇਨਕਾਰ ਕਰੇਗਾ ਤਾਂ ਸਚ ਮੁਚ ਓਹ ਸਰਲ ਮਾਰਗ ਥੀਂ ਥਿੜਕ ਗਿਆ ॥ ੧੩ ॥ ਬਸ ਉਨਹਾਂ ਹੀ ਲੋਗਾਂ ਨੂੰ ਆਪਣੀ ਪਰਤਿੱਗਜਾ ਤੋੜਨ ਦੇ ਕਾਰਨ ਅਸਾਂ ਉਨਹਾਂ ਨੂੰ ਫਿਟਕਾਰ ਦਿਤਾ ਅਰ ਉਨਹਾਂ ਦੇ ਦਿਲਾਂ ਨੂੰ ਕਠੋਰ ਕਰ ਦਿਤਾ ਕਿ (ਓਹ) ਸ਼ਬਦਾਂ (ਲਫਜ਼ਾਂ) ਨੂੰ ਉਨਹਾਂ ਦੇ ਅਸਥਾਨੋਂ ਉਲਟੇ ਕਰਦੇ ਹਨ ਅਰ ਉਨਹਾਂ ਨੂੰ ਜੋ ਉਪਦੇਸ਼ ਦਿਤਾ ਗਿਆ ਸੀ ਓਸ ਵਿਚੋਂ ਇਕ ( ਬੜਾ) ਹਿਸਾ ਵਿਸਾਰ ਬੈਠੇ ਅਰ ਓਹਨਾਂ ਵਿਚੋਂ ਥੋੜਿਆਂ ਆਦਮੀਆਂ ਤੋਂ ਸਿਵਾ ਸਾਰਿਆਂ ਦੀ (ਕਿਸੇ ਨਾਂ ਕਿਸੇ) ਚੋਰੀ ਦੀ ਖਬਰ ਤੁਹਾਨੂੰ ਹੁੰਦੀ ਰਹਿੰਦੀ ਹੈ ਤਾਂ ਏਹਨਾਂ ਲੋਗਾਂ ਦੇ ਕਸੂਰ ਮਾਫ ਕਰੋ ਅਰ ( ਏਹਨਾਂ ਥੀਂ ) ਦਰ ਗੁਜਰ ਕਰੋ ਕਾਹੇ ਤੇ ਅਲਾ ਉਪਕਾਰੀਆਂ ਦਾ ਮਿੱਤਰ ਹੈ ॥ ੧੪ ॥ ਅਰ ਜੋ ਲੋਗ ਆਪਣੇ ਆਪਨੂੰ ਨਸਾਰਾ ਮੰਨਦੇ ਹਨ ( ਏਸੇ ਤਰਹਾਂ ) ਅਸਾਂ ਓਹਨਾਂ ਪਾਸੋਂ (ਭੀ) ਪ੍ਰਤਗਿਯਾ ਲੀਤੀ ਸੀ ਤਾਂ ਜੋ ਕੁਛ ਓਹਨਾਂ ਨੂੰ ਉਪਦੇਸ਼ ਦਿਤਾ ਗਿਆ ਸੀ ( ਓਹ ਭੀ ) ਓਸ ਵਿਚੋਂ (ਇਕ) ਹਿਸਾ ਭੁਲਾ ਬੈਠੇ ਤਾਂ ( ਓਸਦੇ ਦੋਸ਼ ਵਿਚ ) ਅਸਾਂ ਓਹਨਾਂ ਵਿਚ ਦਵੈਤ ਅਰ ਕ੍ਰੋਧ ( ਦੀ ਅਗਨੀ ਨੂੰ ) ਅੰਤ ਦੇ ਦਿਨਾਂ ਤਕ ਦਗਾ ਦਿਤਾ ਅਰ ਅੰਤ ਨੂੰ ਖੁਦਾ ਉਨਹਾਂ ਨੂੰ ਦਸ ਦੇਵੇਗਾ ਕਿ ਕੀ ਕਰਦੇ ਰਹੇ ॥ ੧੫ ॥ ਹੇ ਕਿਤਾਬ ਵਾਲਿਓ ਤੁਹਾਡੇ ਪਾਸ ਸਾਡਾ ਰਸੂਲ ( ਮੁਹੰਮਦ ) ਆ ਚੁਕਾ ਹੈ ਅਰ ਰਬੀ ਪੁਸਤਕ ਵਿਚੋਂ ਜੋ ਕੁਛ ਤਸੀਂ ਛਿਪਾਂਦੇ ਰਹੇ ਹੋ ਓਹ ਓਸ ਵਿਚੋਂ ਬਹੁਤ ਕੁਛ ਤੁਹਾਡੇ ਪਾਸ

Digitized by Panjab Digital Library | www.panjabdigilib.org

ਸਾਫ ੨ ਵਰਣਨ ਕਰਦਾ ਹੈ ਅਰ ਬਹੁਤ ( ਬਾਤਾਂ ਐਸੀਆਂ ਭੀ ਹਨ ਜਿਨਹਾਂ ) ਪਾਸੋਂ ( ਅਖੀਂ ਵੇਖ ਕੇ ) ਚਿਸ਼ਮ ਪੋਸੀ (ਆਈ ਗਈ ਕਰਦਾ) ਹੈ ( ਭਾਵਾਰਥ ਕਿ ) ਖੁਦਾ ਦੀ ਤਰਫੋਂ ਤੁਹਾਡੇ ਪਾਸ ਪਰਕਾਸ਼ ( ਸਿਖਯਾ ) ਅਰ ਪਰਗਟ ਪੁਸਤਕ (ਕੁਰਾਨ)ਆਚੁਕੀ ਹੈ ॥੧੬॥ ਜੋ ਲੋਗ ਖੁਦਾ ਦੀ ਕ੍ਰਿਪਾਲਤਾ ਦੇ ਤਲਬਗਾਰ ਹਨ ( ਉਨਹਾਂ ਨੂੰ ) ਅੱਲਾ ਕੁਰਾਨ ਦਵਾਰਾ ਸੁਖ ਦਾ ਮਾਰਗ ਦਸਦਾ ਹੈ ਅਰ ਆਪਣੀ ਕਿਰਪਾ ਦਵਾਰਾ ਉਨਹਾਂ ਨੂੰ ( ਕੁਫਰ ਦੇ ) ਅੰਧਕਾਰ ਥੀਂ ਨਿਕਾਸ ਕੇ (ਈਮਾਨ ਦੇ) ਚਾਂਦਨੇ ਵਿਚ ਲੈ ਆਉਂਦਾ ( ਹੈ ) ਅਰ ਓਹਨਾਂ ਨੂੰ ਸਚਾ ਮਾਰਗ ਦਸ ਦੇਂਦਾ (ਹੈ)॥੧੭॥ਜੋ ਲੋਗ ਕਹਿੰਦੇ ਹਨ ਕਿ ਮਰੀਯਮ ਦਾ ਪੁਤਰ ਮਸੀਹ ਓਹੋ ਹੀ ਖੁਦਾ ਹੈ ਕੋਈ ਭ੍ਰਮ ਨਹੀਂ ਕਿ ਏਹ ਕਾਫਰ ਹੋਗਏ ਕਹੋ ( ਕਿ ) ਯਦੀ ਅੱਲਾ ਮਰੀਯਮ ਦੇ ਪੁਤਰ ਮਸੀਹ ਨੂੰ ਅਰ ਓਸਦੀ ਮਾਈ ਨੂੰ ਹੋਰ ਜਿਤਨੇਕੁ ਆਦਮੀ ਧਰਤੀ ਪਰ ਹਨ ਸਭਨਾਂ ਨੂੰ ਹਲਾਕ ਕਰ ਦੇਣਾ ਚਾਹੇ ਤਾਂ ਐਸਾ ਕੌਣ ਹੈ ਜੋ ਉਸਦੀ ਇਛਾ ਨੂੰ ਰੋਕ ਸਕੇ ਅਰ ਆਗਾਸ ਤਥਾ ਧਰਤੀ ਅਰ ਜੋ ਕੁਛ ਆਕਾਸ ਅਰ ਧਰਤੀ ਦੇ ਮਧਯ ਮੇਂ ਹੈ ਸਾਰਿਆਂ ਪਰ ਅੱਲਾ ਹੀ ਦੀ ਹਕੂਮਤ ਹੈ ਜੋ ਚਾਹੁੰਦਾ ਹੈ ਉਤਪਤ ਕਰ ਦੇਂਦਾ ਹੈ ਅਰ ਅੱਲਾ ਸੰਪੂਰਨ ਵਸਤਾਂ ਪਰ ਕਾਦਰ ਹੈ ॥ ੧੮ । ਅਰ ਯਹੂਦ ਤਥਾ ਨਸਾਰਾ ਕਹਿੰਦੇ ਹਨ ਕਿ ਅਸੀਂ ਅੱਲਾ ਦੇ ਪੁਤਰ ਤਥਾ ਪਿਆਰੇ ਹਾਂ ( ਹੇ ਪੈਯੰਬਰ ਏਹਨਾਂ ਨੂੰ ) ਕਹੋ ( ਕਿ ਯਦੀ ਤੁਸੀਂ ਅੱਲਾ ਦੇ ਪੁੱਤਰ ਤਥਾ ਪਿਆਰੇ ਹੁੰਦੇ) ਤਾਂ ਓਹ ਤੁਹਾਡੇ ਗੁਨਾਹਾਂ ਦੇ ਪ੍ਰਤਿਕਾਰ ਵਿਚ ਤੁਹਾਨੂੰ ਸਜਾ ਕਿਉਂ ਦੇਂਦਾ ਹੈ ( ਤਾਂ ਨਹੀਂ) ਤੁਸੀਂ ਪੁਰਖ ਹੋ ਅਰ ਉਸੇ ਦੀ ਉਤਪਤੀ ਵਿਚੋਂ ਹੋ ਖੁਦਾ ਜਿਸਨੂੰ ਚਾਹੇ ਮਾਫ ਕਰੇ ਅਰ ਜਿਸਨੂੰ ਚਾਹੇ ਆਜ਼ਾਬ ਦੇ ਅਰ ਆਗਾਸ ਤਥਾ ਧਰਤੀ ਅਰ ਜੋ ਕੁਛ ਧਰਤੀ ਤਥਾ ਆਗਾਸ ਦੇ ਮਧਯ ਮੇਂ ਹੈ ਸੰਪੂਰਣ ਅੱਲਾ ਦੇ ਹੀ ਅਧਿ-ਕਾਰ ਵਿਚ ਹੈ ਅਰ (ਸਾਰਿਆਂ ਨੇ) ਓਸੇ ਦੀ ਤਰਫ ਹੀ ( ਲੋਟ ਕੇ ) ਜਾਣਾ ਹੈ ॥ ੧੯ ॥ ਹੇ ਪੁਸਤਕਾਂ ਵਾਲਿਓ ਜਦੋਂ ਬਹੁਤ ਕਾਲ ਤਕ ਰਸੂਲ ਨਾ ਆਏ ਤਾਂ ਸਾਡਾ ( ਏਹ ) ਰਸੂਲ ( ਮੁਹੰਮਦ ) ਤੁਹਾਡੇ ਪਾਸ ਆਇਆ ਜੋ ਤੁਹਾਡੇ ਪਾਸ ਸਪਸ਼ਟ ਕਰਕੇ ਵਰਨਣ ਕਰਦਾ ਹੈ ਅਰ ( ਜੋ ਐਸਾ ਨਾ ਹੋਵੇ ਕਿ ਕਲ ਕਲੋਤਰ ਨੂੰ ) ਤੁਸੀਂ ਕਹਿਣ ਲਗੋ ਕਿ ਸਾਡੇ ਪਾਸ ਨਾ ਤਾਂ ਕੋਈ ਖੁਸ਼ ਖਬਰੀ ਸੁਨਾਨ ਵਾਲਾ ਆਇਆ ਅਰ ਨਾ ਹੀਂ ( ਦੁਖਾਂ ਤੋਂ ) ਡਰਾਣੇ ਵਾਲਾ ਤਾਂ ਹੁਣ ਤਾਂ ਤੁਹਡੇ ਪਾਸ ਖੁਸ਼ ਖਬਰੀ ਸੁਨਾਣ ਵਾਲਾ ਅਰ ਡਰਾਣ ਵਾਲਾ ਆ ਚੁਕਿਆ ਹੈ ਅਰ ਅੱਲਾ ਸੰਪੂਰਣ ਵਸਤਾਂ ਪਰ ਕ਼ਾਦਰ ਹੈ ॥ ੨੦ ॥ ਰੁਕੂਹ ੩ ॥

ਅਰ ਜਦੋਂ ਮੂਸਾ ਨੇ ਆਪਣੀ ਜਾਤੀ ਨੂੰ ਕਿਹਾ ਕਿ ਕਿ ਭਾਈਓ ! ਅੱਲਾ

Digitized by Panjab Digital Library | www.panjabdigilib.org

ਨੇ ਜੋ ਤੁਹਾਡੇ ਪਰ ਉਪਕਾਰ ਕੀਤੇ ਹਨ ਓਹਨਾਂ ਨੂੰ ਯਾਦ ਕਰੋ ਕਿ ਓਸ ਨੇ ਤੁਹਾਡੇ ਵਿਚ ਹੀ ( ਬਹੁਤ ਸਾਰੇ ) ਪੈਗੰਬਰ ਬਨਾਏ ਅਰ ਤੁਹਾਨੂੰ ਪਾਦਸ਼ਾਹ (ਭੀ) ਬਨਾਇਆ ਅਰ ਤੁਹਾਨੂੰ ਉਹ ੨ ਪਦਾਰਥ ਦਿਤੇ ਜੋ ਸੰਸਾਰ ਭਰਦੇ ਲੋਗਾਂ ਵਿਚੋਂ ਕਿਸੇ ਨੂੰ ਨਹੀਂ ਦਿਤੇ ॥ ੨੧ ॥ ਭਿਰਾਓ ( ਸ਼ਾਂਮ ) ਦਾ ਪਵਿੱਤਰ ਦੇਸ਼ ਜੋ ਪਰਮੇਸ਼ੁਰ ਨੇ ਤੁਹਾਡੇ ਭਾਗਾਂ ਵਿਚ ਲਿਖ ਦਿਤਾ ਹੈ ਚਲ ਕੇ ਓਸ ਵਿਚ ਪਰਵੇਸ਼ ਕਰੋ ਅਰ (ਵੈਰੀਆਂ ਦੇ ਸਾਥ ਜੁਧ ਜੰਗ ਵਿਖੇ) ਪਿਠ ਨਾ ਦੇਣੀ ਤਾਂ ਤੁਸੀਂ ਘਾਟੇ ਵਿਚ ਆ ਜਾਓਗੇ ॥ ੨੨ ॥ ਉਹ ਲੋਗ ਲਗੇ ਕਹਿਣ ਕਿ ਹੇ ਮੂਸਾ ਓਸ ਦੇਸ ਵਿਖੇ ਤਾਂ ਅਤੀ ਬਲਵਾਨ ਲੋਗ (ਵਸਦੇ) ਹਨ ਅਰ ਜਦੋਂ ਤਕ ਓਹ ਓਥੋਂ ਨਾ ਨਿਕਸ ਜਾਣ ਅਸੀਂ ਤਾਂ ਓਸ (ਦੇਸ) ਵਿਖਜ ਪੈਰ ਪਾਂਦੇ ਨਹੀਂ ਹਾਂ(ਓਹ ਲੋਗ) ਓਸ ਵਿਚੋਂ ਨਿਕਸ ਜਾਣ ਤਾਂ ਅਸੀਂ ਅਵਸ਼ ਜਾ ਵੜਾਂਗੇ ॥ ੨੫ ॥ (ਖੁਦਾ ਦਾ) ਭੈ ਮਨਨ ਵਾਲਿਆਂ ਵਿਚੋਂ ਦੋ ਆਦਮੀ (ਯੂਸ਼ ਅਰ ਕਾਲਬ) ਥੇ ਕਿ ਓਹਨਾਂ ਪਰ ਖੁਦਾ ਨੇ (ਆਪਣੀ) ਕ੍ਰਿਪਾ ਕੀਤੀ (ਅਰ) ਉਹ ਕਹਿਣ ਲਗ ਪੜੇ (ਕਿ ਤੁਸੀਂ ਬਲਾਤਕਾਰ) ਓਹਨਾਂ ਪਰ (ਚੜ੍ਹਾਈ ਕਰ ਕੇ) ਦਰਵਾਜਿਆਂ ਵਿਚ ਜਾ ਵੜੋ ਜਦੋਂ ਤੁਸੀਂ ਦਰਵਾਜਿਆਂ ਦੇ ਅੰਦਰ ਜਾ ਵੜੇ ਤਾਂ ਨਿਰਸੰਦੇਹ ਤੁਹਾਡੀ ਵਿਜੈ ਹੈ ਯਦੀ ਤੁਸੀਂ ਈਮਾਨ ਰਖਦੇ ਹੋ ਤਾਂ ਅੱਲਾ ਪਰ ਹੀ ਭਰੋਸਾ ਰਖੋ ॥ ੨੩ ॥ ਉਹ ਕਹਿਣ ਲਗੇ ਹੇ ਮੂਸਾ ਜਦ ਤਕ ਓਸ ਵਿਚ ਵੈਰੀ ਹਨ ਅਸੀਂ ਕਦਾਪਿ ਓਸ ਵਿਚ ਪੈਰ ਨਹੀਂ ਪਾਵਾਂਗੇ ਹਾਂ ਤੂੰ ਅਰ ਤੇਰਾ ਖੁਦਾ (ਦੋਨੋਂ) ਜਾਓ ਅਰ (ਓਹਨਾਂ ਲੋਗਾਂ ਨਾਲ) ਲੜੋ ਅਸੀਂ ਤਾਂ ਏਥੇ ਹੀ ਬੈਠੇ ਹਾਂ ॥ ੨੪ ॥ (ਏਸ ਬਾਤ ਥੀਂ) ਮੂਸਾ ਨੇ ਅਰਜੋਈ ਕੀਤੀ ਕੇ ਹੇ ਮੇਰੇ ਪਰਵਰਦਿਗਾਰ ਕੇਵਲ ਮੈਂ ਆਪਣੀ ਜਾਨ ਤਥਾ ਮੇਰਾ ਭਿਰਾ (ਹਾਰੂਨ) ਦੇ ਸਿਵਾ ਹੋਰ ਕੋਈ ਮੇਰੇ ਵਸ ਵਿਚ ਨਹੀਂ ਤੂੰ ਸਾਡੇ ਵਿਚ ਅਰ ਓਹਨਾਂ ਫਾਸਕਾਂ (ਖੋਟਿਆਂ) ਵਿਚ ਵਿਭੇਦ ਕਰਦੇ ॥ ੨੫ ॥ (ਏਸ ਬਾਤ ਥੀਂ) ਅੱਲਾ ਨੇ ਕਹਿਆ ਚੰਗਾ (ਭਾਈ) ਤਾਂ ਓਹ ਮੁਲਕ ਚਾਲੀ ਬਰਸਾਂ ਤਕ ਉਨਹਾਂ ਦੇ ਭਾਗਾਂ ਵਿਚ ਨਾ ਹੋਵੇਗਾ (ਮਿਸਰ ਦੇ) ਜੰਗਲ ਵਿਚ ਭੰਭਲ ਭੂਸੇ ਖਾਂਦੇ ਫਿਰਨਗੇ ਤਾਂ ਤੁਸਾਂ ਆਗਿਆ ਭੰਗੀ ਲੋਗਾਂ ਦੀ ਦਸ਼ਾ ਪਰ ਕੁਛ ਅਫਸੋਸ ਨਾ ਕਰਨਾ ॥ ੨੬ ॥ ਰੁਕੂਹ ੪ ॥

ਪਰ (ਹੇ ਪੈਗੰਬਰ) ਏਹਨਾਂ ਲੋਗਾਂ ਨੂੰ ਆਦਮ ਦੇ ਦੋ ਪੁੱਤਰਾਂ (ਹਾਬਿਲ ਤਥਾ ਕਾਬੀਲ) ਦੀ ਸਚੀ ਕਥਾ ਪੜ ਕੇ ਸੁਣਾਓ ਕਿ ਜਦੋਂ ਦੋਆਂ ਨੇ (ਖੁਦਾ ਦੀ ਜਨਾਬ ਵਿਚ) ਭੇਟਾ ਚੜ੍ਹਾਈਆਂ ਕਿ ਓਹਨਾਂ ਵਿਚੋਂ ਇਕ ਦੀ ਸਵੀਕਾਰ ਹੋਈ ਅਰ ਦੂਸਰੇ ਦੀ ਸ੍ਵੀਕਾਰ ਨਾਂ ਹੋਈ ਤਾਂ (ਕਾਬੀਲ ਦ੍ਵੈਖ ਦਾ ਮਾਰਿਆ ਹੋਇਆ ਭਿਰਾ ਨੂੰ) ਕਹਿਣ ਲਗਾ ਕਿ ਮੈਂ ਸਚ ਮੁਚ ਤੈਨੂੰ ਕਤਲ

Digitized by Panjab Digital Library | www.panjabdigilib.org

ਕਰ ਕੇ ਛਡਾਂਗਾ ਓਸ ਨੇ ਉਤਰ ਦਿਤਾ ਕਿ ਅੱਲਾ ਤਾਂ ਕੇਵਲ ਧਾਰਮਿਕ ਪੁਰਖਾਂ ਦੀ (ਭੇਟਾ ਹੀ) ਸਵੀਕਾਰ ਕਰਦਾ ਹੈ ॥ ੨੭ ॥ ਜੇਕਰ ਤੂੰ ਮੇਰੇ ਕਤਲ ਦੇ ਸੰਕਲਪ ਨਾਲ ਮੇਰੇ ਪਰ ਵਾਰ ਕਰੇਂਗਾ ਤਾਂ ਮੈਂ ਤੈਨੂੰ ਕਤਲ ਕਰ ਦੇਣ ਵਾਸਤੇ ਆਪਣਾ ਵਾਰ ਕਰਨ ਵਾਲਾ ਨਹੀਂ ਕਾਹੇ ਤੇ ਮੈਂ ਤਾਂ ਅੱਲਾ ਸਰਵ ਸੰਸਾਰ ਦੇ ਪ੍ਰਿਤਪਾਲਕ ਪਾਸੋਂ ਡਰਦਾ ਹਾਂ॥੨੮॥ ਮੇਰਾ ਤਾਂ ਇਹ ਸੰਕਲਪ ਹੈ ਕਿ ਤੂੰ ਮੇਰਾ ਅਰ ਆਪਣਾ(ਦੋਨੋਂ ਦਾ) ਗੁਨਾਹ ਇਕਤ੍ਰ ਕਰੇਂ ਅਰ ਨਰਕਾਂ ਵਿਚ ਜਾ ਪੜੇਂ ਅਰ ਜ਼ਾਲਮਾਂ ਦੀ ਇਹੋ ਹੀ ਸਜਾ ਹੈ ॥ ੨੯ ॥ ਏਸ ਬਾਤ ਥੀਂ ਭੀ ਓਸ ਦੇ ਅੰਤਹਕਰਣ ਨੇ ਓਸ ਨੂੰ ਆਪਣੇ ਭਿਰਾ ਦੇ ਮਾਰ ਸੁਟਣ ਪਰ ਹੀ ਪਰੇਰਿਆ (ਗਲ ਕਾਹਦੀ) ਅੰਤ ਨੂੰ ਓਸ ਨੂੰ ਮਾਰ ਸਿਟਿਆ ਅਰ (ਆਪ ਹੀ) ਘਾਟੇ ਵਿਚ ਆ ਗਿਆ ॥ ੩੦ ॥ ਏਸ (ਬਾਤ) ਦੇ ਪਸ਼ਚਾਤ ਅੱਲਾ ਨੇ ਇਕ ਕਾਂ ਭੇਜਿਆ ਓਹ ਧਰਤੀ ਨੂੰ ਪੁਟਣ ਲਗਾ ਤਾਂ ਕਿ ਓਸ ਨੂੰ (ਅਰਥਾਤ ਕਾਬੀਲ ਨੂੰ) ਦਸੇ ਕਿ ਓਸ ਨੂੰ (ਅਰ-ਥਾਤ ਆਪਣੇ ਭਿਰਾ ਦੀ ਲੋਥ ਨੂੰ) ਕਿਸ ਤਰਹਾਂ ਛਿਪਾਏ (ਤਦੋਂ) ਓਹ ਬੋਲ ਪਇਆ ਹਾਏ ਮੇਰੀ ਕਿਸਮਤ ਕੀ ਮੈਂ (ਐਸਾ) ਗਇਆ ਗਵਾਤਾ ਹੋਗਿਆ ਕਿ (ਜਿੰਦ ਨੂੰ ਖਾਣਾ) ਇਸ ਕਾਂ ਵਰਗਾ ਹੀ ਹੁੰਦਾ ਤਾਂ ਆਪਣੇ ਭਿਰਾ ਦੀ (ਲੋਥ) ਨੂੰ ਤਾਂ ਛਿਪਾ ਦੇਂਦਾ ਮੁਕਦੀ ਗਲ ਕੀ ਕਿ ਓਹ ਪਛਤਾਇਆ ॥ ੩੧ ॥ ਏਸ ਹੀ ਕਾਰਨੋਂ ਅਸਾਂ ਨੇ ਬਨੀ ਅਸਰਾਈਲ ਨੂੰ ਲਿਖਿਆ ਹੋਇਆ ਹੁਕਮ ਦਿਤਾ ਕਿ ਜੋ ਕੋਈ ਜਾਨ ਦੇ ਬਦਲੇ ਨਹੀਂ ਅਰ ਦੇਸ ਵਿਚ ਉਪਦ੍ਰਵ ਫੈਲਾਨ ਦੀ ਸਜਾ ਦੇ ਬਦਲੇ ਨਹੀਂ (ਕਿੰਤੂ ਐਸੇ ਹੀ) ਕਿਸੇ ਨੂੰ ਮਾਰ ਸਿਟੇ ਤਾਂ ਮਾਨੋਂ ਓਸ ਨੇ ਸੰਪੂਰਣ ਆਦਮੀਆਂ ਨੂੰ ਮਾਰ ਸਿਟਿਆ ਅਰ ਜਿਸਨੇ ਮਰਦੇ ਨੂੰ ਬਚਾ ਲੀਤਾ ਤਾਂ ਮਾਨੋ ਓਸਨੇ ਸੰਪੂਰਣ ਆਦਮੀਆਂ ਨੂੰ ਬਚਾ ਲੀਤਾ ਅਰ ਬਨੀ ਇਸਰਾਈਲ ਦੇ ਪਾਸ ਸਾਡੇ ਰਸੂਲ ਖੁਲਮਖੁਲੇ ਹੁਕਮ ਲੈ ਕੇ ਆ ਭੀ ਚੁਕੇ ਹਨ ਫਿਰ ਏਸ ਦੇ ਪਿਛੋਂ (ਭੀ) ਏਹਨਾਂ ਵਿਚੋਂ ਬਹੁਤ ਸਾਰੇ (ਲੋਗ) ਦੇਸ ਵਿਚ ਵਧੀਕੀਆਂ ਕਰਦੇ ਫਿਰਦੇ ਹਨ ॥ ੩੨ ॥ ਜੋ ਲੋਗ ਅੱਲਾ ਅਰ ਓਸ ਦੇ ਰਸੂਲ ਨਾਲ ਲੜਦੇ ਅਰ ਫਸਾਦ (ਫੈਲਾਣ) ਦੀ ਇਛਾ ਨਾਲ ਦੇਸ ਵਿਚ ਪੜੇ ਭਜੇ ਫਿਰਦੇ ਹਨ ਓਹਨਾਂ ਦੀ ਸਜਾ ਤਾਂ ਬਸ ਏਹੋ ਹੈ ਕਿ ਕਤਲ ਕਰ ਦਿਤੇ ਜਾਣ ਅਥਵਾ ਓਹਨਾਂ ਨੂੰ ਸੂਲੀ ਦਿਤਾ ਜਾਵੇ ਜਾਂ ਓਹਨਾਂ ਦੇ ਹਸਤ ਪਾਦ ਪੁਠੇ (*ਸਿਧੇ) ਕਰਕੇ ਵਢ ਦਿਤੇ ਜਾਣ ਕਿੰਚ ਓਹਨਾਂ ਨੂੰ ਦੇਸ ਨਿਕਾਲਾ ਦਿਤਾ ਜਾਵੇ ਏਹ ਤਾਂ ਜਗਤ ਵਿਚ ਓਹਨਾਂ ਦੀ ਖੁਆਰੀ ਹੋਈ ਅਰ ( ਇਸ ਥੀਂ ਸਿਵਾ ) ਅੰਤ ਨੂੰ ਓਹਨਾਂ ਵਾਸਤੇ ਬੜਾ

*ਜਿਸ ਤਰਹਾਂ ਸੱਜਾ ਹੱਥ ਤੇ ਖੱਬਾ ਪੈਰ।

Digitized by Panjab Digital Library | www.panjabdigilib.org

ਦੁਖ ( ਤਿਆਰ ) ਹੈ ॥ ੩੩ ॥ ਪਰੰਚ ਜੋ ਲੋਗ ਇਸ ਥੀਂ ਪਹਿਲਾਂ ਕਿ ਤੁਸੀਂ ਓਹਨਾਂ ਪਰ ਅਧਿਕਾਰ ਪਾਓ ਤੋਬਾ ਕਰ ਲੈਣ ਤਾਂ ਜਾਣਦੇ ਰਹੋ ਕਿ ਅੱਲਾ ( ਲੋਗਾਂ ਦੇ ਕਸੂਰ ) ਮਾਫ ਕਰਨੇ ਵਾਲਾ ਕ੍ਰਿਪਾਲੂ ਹੈ ॥ ੩੪ ॥

ਰੁਕੂਹ ॥ ੫ ॥

ਮੁਸਲਮਾਨੋ ! ਅੱਲਾ ਪਾਸੋਂ ਡਰਦੇ ਰਹੋ ਅਰ (ਹੋਰ) ਓਸ ਦੇ ਪਾਸ (ਪਹੁੰਚਣ) ਦੇ ਕਾਰਣ ਦੀ ਤਲਾਸ਼ ਕਰਦੇ ਰਹੋ ਅਰ ਓਸ ਦੇ ਰਾਹ ਵਿਚ ਯੁਧ ਕਰੋ ਤਾਂ ਕਿ ਤੁਸੀਂ ਸਫਲਤਾ ਪਾਓ ॥ ੩੫ ॥ ਜਿਨਹਾਂ ਲੋਗਾਂ ਨੇ ਕੁਫਰ ( ਅਖਤਿਆਰ ) ਕੀਤਾ ਯਦੀ ਉਨਹਾਂ ਦੇ ਪਾਸੇ ਉਹ ਸਾਰਾ ( ਮਾਲ ਅਸਬਾਬ ਭੀ ) ਹੋਵੇ ਜੋ ਧਰਤੀ ਪਰ ਹੈ ਅਰ ਉਤਨਾ ਹੀ ਓਸ ਦੇ ਸਾਥ ਹੋਰ ਭੀ ਤਾਂ ਤੇ ਪ੍ਰਲੈ ਦੇ ਦਿਨ ਵਾਲੇ ਦੁਖ ਦੇ ਬਦਲੇ ਵਿਚ ਉਸ ਨੂੰ ਦੇ ਦੇਣ (ਤਾਂਭੀ ਇਹ ਬਦਲ) ਉਨਹਾਂ ਪਾਸੋਂ ਸਵੀਕਾਰ ਨਹੀਂ ਕੀਤਾ ਜਾਵੇਗਾ ਅਰ ਉਨਹਾਂ ਵਾਸਤੇ ਭਿਆਣਕ ਦੁਖ ਤਿਆਰ ਖੜਾ ਹੈ॥੩੬॥ ਅਭਿਲਾਖਾ ਕਰਨਗੇ ਕਿ (ਨਰਕ)ਅਗਨੀ ਵਿਚੋਂ ਭਜ ਕੇ ਨਿਕਸ ਜਾਈਏ ਪਰੰਚ ਵੈ ਓਥੋਂ ਨਿਕਸ ਨਹੀਂ ਸਕਣਗੇ ਅਰ ਉਨਹਾਂ ਵਾਸਤੇ ਦੁਖ ਹੈ ਜੋ ( ਉਨਹਾਂ ਦੀ ਜਾਨ ਦਾ ) ਲਾਗੂ (ਹੋ ਜਾਵੇਗਾ )॥ ੩੭ ॥ ਆਦਮੀ ਚੋਰੀ ਕਰੇ ਅਥਵਾ ਇਸਤ੍ਰੀ ਚੋਰੀ ਕਰੇ ਤਾਂ ਉਨਹਾਂ ਦੀ ( ਏਸ ) ਕਰਤੂਤ ਦੇ ਬਦਲੇ ਵਿਚ ਦੋਨੋਂ ਦੇ ਹਥ ਵਢ ਸਿਟੋ ( ਏਹ ) ਸਜਾ (ਉਨਹਾਂ ਦੇ ਹੱਕ ਵਿਚ) ਖੁਦਾ ਦੀ ਤਰਫੋਂ (ਇਸਥਿਤ) ਹੈ ਅਰ ਅੱਲਾ ਜ਼ਬਰਦਸਤ ਅਰ ਯੁਕਤੀਮਾਨ ਹੈ ॥ ੩੮ ॥ ਤਾਂ ਜੋ ਆਪਣੇ ਕਸੂਰ ਪਿਛੋਂ ਤੋਬਾ ਕਰ ਲਵੇ ਅਰ (ਆਪਣੀ ਆਦਤ ) ਸੁਧਾਰ ਲਵੇ ਤਾਂ ਅੱਲਾ ਉਸ ਦੀ ਤੋਬਾ ਕਬੂਲ ਕਰ ਲੈਂਦਾ ਹੈ ਕਾਹੇ ਤੇ ਅੱਲਾ (ਆਦਮੀਆਂ ਦੇ ਗੁਨਾਹ) ਬਖਸ਼ਣੇ ਵਾਲਾ ਮੇਹਰਬਾਨ ਹੈ ॥ ੩੯ ॥ ਕੀ ਤੈਨੂੰ ਖਬਰ ਨਹੀਂ ਕਿ ਧਰਤੀ ਤਥਾ ਆਗਾਸ ਵਿਚ ਅੱਲਾ ਹੀ ਦੀ ਸ਼ਾਸਨਾ ਹੈ ਜਿਸ ਨੂੰ ਚਾਹੇ ਕਸ਼ਟ ਦੇਵੇ ਜਿਸ ਨੂੰ ਚਾਹੇ ਮਾਫ ਕਰ ਦੇਵੇ ਅਰ ਅੱਲਾ ਸੰਪੂਰਣ ਵਸਤਾਂ ਪਰ ਕਾਦਰ ਹੈ ॥ ੪੦ ॥ ਹੇ ਪੈਯੰਬਰ ਜੋ ਲੋਗ ਕੁਫਰ ਪਰ ਢੈਂਦੇ ਹਨ ਅਰ ਮੂੰਹੋਂ ਕਹਿੰਦੇ ਹਨ ਕਿ ਅਸੀਂ ਈਮਾਨ ਲੈ ਆਏ (ਅਰਥਾਤ ਢੰਬੀ)ਅਰ ਓਹਨਾਂ ਦੇ ਦਿਲ ਦੀਨ ਇਸਲਾਮ ਨੂੰ ਨਹੀਂ ਮੰਨਦੇ (ਉਨਹਾਂ ਕਰਕੇ) ਤੁਸੀਂ ਖਿਨਚਿਤ ਨਾ ਹੋਵੋ ਅਰ ਓਹਨਾਂ ਵਿਚੋਂ ਜੋ ਯਹੂਦੀ ਹਨ ਝਠ ਮੂਠ ਗਲਾਂ ਦੀਆਂ ਕਨਸੋਆਂ ਲੈਂਦੇ ਫਿਰਦੇ ਹਨ ਅਰ ਕਨਸੋਆਂ ( ਭੀ ) ਲੈਂਦੇ ਫਿਰਦੇ ਹਨ ਤਾਂ (ਹੋਰਨਾਂ (੨) ਲੋਗਾਂ ਦੇ ਵਾਸਤੇ ਜੋ ( ਅਦਯੋਪਿ ) ਤੁਹਾਡੇ ਪਾਸ( ਤਕ) ਭੀ ਨਹੀਂ ਆਏ ਇਲਫ਼ਾਜ਼ (ਸ਼ਬਦਾਂ) ਨੂੰ ਓਹਨਾਂ ਦੇ ਟਿਕਾਣੇ ਤੋਂ ਬੇ ਟਿਕਾਣੇ ਕਰਦੇ ਹਨ ( ਅਰ ਲੋਗਾਂ ਨੂੰ )

Digitized by Panjab Digital Library | www.panjabdigilib.org

ਕਹਿੰਦੇ ਹਨ ਕਿ ਯਦੀ (ਮੁਹੰਮਦ ਦੀ ਤਰਫੋਂ) ਤੁਹਾਨੂੰ ਏਹੋ (ਹੁਕਮ) ਦਿਤਾ ਜਾਵੇ ਤਾਂ ਉਸ ਨੂੰ (ਮਨਜ਼ੂਰ ਕਰ) ਲੈਣਾ ਅਰ ਯਦੀ ਤੁਹਾਨੂੰ ਏਹ ਹੁਕਮ ਨਾ ਦਿਤਾ ਜਾਵੇ ਤਾਂ ਮੰਨਣ ਥੀਂ ਬਚਨਾਂ ਅੱਲਾ ਜਿਸ ਨੂੰ (ਕੁਮਾਰਗੀ) ਦੀ ਵਿਪਤਾ ਵਿਚ ਰੱਖਣਾ ਚਾਹੇ ਤਾਂ ਓਸ ਦੇ ਵਾਸਤੇ ਖ਼ੁਦਾ ਪਰ ਤੁਹਾਡਾ ਕੋਈ ਭੀ ਜ਼ੋਰ ਨਹੀਂ ਚਲ ਸਕਦਾ ਏਹ ਉਹ ਲੋਗ ਹਨ ਕਿ ਖ਼ੁਦਾ ਭੀ ਜਿਨਹਾਂ ਦੇ ਦਿਲਾਂ ਨੂੰ ਪਵਿਤ੍ਰ ਕਰਨਾ ਨਹੀਂ ਚਾਹੁੰਦਾ ਏਹਨਾਂ ਲੋਗਾਂ ਦੀ ਦੁਨੀਆਂ ਵਿਚ (ਭੀ) ਬੇਇਜ਼ਤੀ ਹੈ ਅਰ ਅੰਤ ਨੂੰ (ਭੀ) ਏਹਨਾਂ ਵਾਸਤੇ ਭਿਆਨਕ ਦੁਖ ਹੈ ॥ ੪੧ ॥ (ਏਹ ਲੋਗ) ਝੂਠੀਆਂ ਮੂਠੀਆਂ ਬਾਤਾਂ ਦੀਆਂ ਕਨਸੋਆਂ ਲੈਂਦੇ ਫਿਰਦੇ ਹਨ (ਅਰ) ਹਰਾਮ ਦਾ ਮਾਲ ਚਟਮ ਕਰੀ ਚਲੇ ਜਾਂਦੇ ਹਨ (ਹੇ ਪੈਗੰਬਰ) ਯਦੀ ਏਹ ਤੁਹਾਡੇ ਪਾਸ ਆਉਣ ਤਾਂ ਤੁਹਾਨੂੰ (ਅਖ਼ਤਿਆਰ ਹੈ ਕਿ) ਏਹਨਾਂ ਵਿਚ ਫੈਸਲਾ ਕਰੋ ਅਥਵਾ ਏਹਨਾਂ ਥੀਂ ਕੰਨੀ ਕਤਰੀ ਰੱਖੋ ਅਰ ਯਦੀ ਤੁਸੀਂ ਏਹਨਾਂ ਥੀਂ ਕੰਨੀ ਕਤਰੀ ਰੱਖੋਗੇ ਤਾਂ ਏਹ ਤੁਹਾਨੂੰ ਕਿਸੇ ਤਰਹਾਂ ਦਾ ਭੀ ਨੁਕਸਾਨ ਨਹੀਂ ਪਹੁੰਚਾ ਸਕਣਗੇ ਅਰ ਯਦੀ ਫੈਸਲਾ ਕਰੋ ਤਾਂ ਏਹਨਾਂ ਵਿਚ ਇਨਸਾਫ ਦੇ ਨਾਲ ਫੈਸਲਾ ਕਰੀਓ ਕਾਹੇ ਤੇ ਅੱਲਾ ਨਿਆਇਕਾਰੀਆਂ ਨੂੰ ਮਿੱਤਰ ਰਖਦਾ ਹੈ ॥ ੪੨ ॥ ਅਰ (ਏਹ ਲੋਗ) ਤੁਹਾਡੇ ਪਾਸ ਝਗੜਿਆਂ ਨੂੰ ਫੈਸਲਿਆਂ ਵਾਸਤੇ ਕਿਉਂ ਲੈ ਆਉਂਦੇ ਹਨ ਜਦੋਂ ਕਿ ਇਨਹਾਂ ਦੇ ਪਾਸ ਖ਼ੁਦ ਤੌਰਾਤ ਹੈ ? (ਅਰ) ਓਸ ਵਿਚ ਖ਼ੁਦਾ ਦਾ ਹੁਕਮ ਭੀ (ਮੌਜੂਦ) ਹੈ ਫੇਰ ਏਸ ਦੇ ਪਿੱਛੋਂ ਮਨਮੁਖਤਾਈ ਕਰਦੇ ਹਨ ਅਰ ਏਹਨਾਂ ਨੂੰ ਈਮਾਨ ਹੀ ਨਹੀਂ ॥ ੪੩ ॥ ਰੁਕੂਹ ੬ ॥

(ਨਿਰਸੰਦੇਹ) ਅਸਾਂ ਨੇ (ਹੀ) ਤੌਰਾਤ ਉਤਾਰੀ ਜਿਸ ਵਿਚ ਸਿਖਿਆ ਅਰ ਨੂਰ ਹੈ (ਖ਼ੁਦਾ ਦੇ) ਆਗਯਾਕਾਰੀ ਨਬੀ ਓਸ ਦੇ ਅਨੁਸਾਰ ਯਹੂਦੀਆਂ ਨੂੰ ਹੁਕਮ ਦੇਂਦੇ ਚਲੇ ਆਏ ਹਨ ਅਰ (ਉਸੇ ਵਾਂਗੂ) ਈਸ਼ਵਰ ਪੁਜਾਰੀ ਅਰ ਵਿਦਵਾਨ (ਭੀ ਆਗਿਆ ਦੇਂਦੇ ਆਏ ਹਨ) ਕਾਹੇ ਤੇ (ਓਹ) ਅੱਲਾ ਦੀ ਕਿਤਾਬ ਦੇ ਰਾਖੇ ਨੀਅਤ ਕੀਤੇ ਗਏ ਸਨ ਅਰ ਓਸ ਉੱਤੇ ਸਾਖੀ ਭੀ ਠਹਿਰਾਏ ਗਏ ਸਨ ਤਾਂ (ਹੇ ਪਰਚਲਿਤ ਸਮੇਂ ਦੇ ਯਹੂਦੀਓ) ਲੋਗਾਂ ਪਾਸੋਂ ਨਾ ਡਰੋ ਅਰ ਸਾਡਾ ਹੀ ਡਰ ਮੰਨੋਂ ਅਰ ਸਾਡੀਆਂ ਆਇਤਾਂ ਦੇ ਪ੍ਰਤਿ ਬਦਲ ਵਿਚ (ਸੰਸਾਰਿਕ) ਤੁਛ ਲਾਭ ਨਾ ਲਵੇ ਅਰ ਜੋ ਖ਼ੁਦਾ ਦੀ ਉਤਾਰੀ ਹੋਈ (ਪੁਸਤਕ) ਦੇ ਅਨੁਸਾਰ ਆਗਿਆ ਨਾ ਦੇਵੇ ਤਾਂ ਏਹੋ ਹੀ (ਲੋਗ) ਕਾਫਰ ਹਨ ॥ ੪੪ ॥ ਅਰ ਅਸਾਂ ਨੇ ਤੌਰਾਤ ਵਿਚ ਯਹੂਦੀਆਂ ਨੂੰ ਲਿਖਿਆ ਹੋਇਆ ਹੁਕਮ ਦਿਤਾ ਸੀ ਕਿ ਜਾਨ ਦੇ ਬਦਲੇ ਜਾਨ ਅਰ ਅੱਖ ਦੇ ਬਦਲੇ ਅੱਖ, ਅਰ ਨੱਕ ਦੇ ਬਦਲੇ ਨੱਕ, ਅਰ ਕੰਨ ਦੇ ਬਦਲੇ ਕੰਨ, ਅਰ ਦੰਦ ਦੇ ਬਦਲੇ

Digitized by Panjab Digital Library | www.panjabdigilib.org

ਦੰਦ, ਅਰ ਘਾਓ ਦਾ ਬਦਲਾ ( ਵੈਸਾ ਹੀ ਘਾਓ ) ਫੇਰ ਜੋ ( ਮਜ਼ਲੂਮ ) ਬਦਲਾ ਮਾਫ ਕਰ ਦੇਵੇ ਤਾਂ ਓਹ ਉਸ ਦਾ ਪ੍ਰਾਸ਼ਚਿਤ ( ਕੁਫਾਰਾ ) ਹੋਵੇਗਾ ਅਰ ਜੋ ਖੁਦਾ ਦੀ ਉਤਾਰੀ ਹੋਈ ( ਕਿਤਾਬ ) ਦੇ ਅਨੁਸਾਰ ਆਗਿਆ ਨਾ ਦੇਵੇ ਤਾਂ ਵਹੀ ਲੋਗ ਪਾਪੀ ਹਨ।। ੪੫ ॥ ਅਰ ਪਿੱਛੋਂ ਦੀ ਏਹਨਾਂ ਹੀ (ਪੈਯੰਬਰਾਂ) ਦੇ ਪਿੱਛੇ ਪਿੱਛੇ ਅਸਾਂ ਨੇ ਮਰੀਯਮ ਦੇ ਪੁੱਤਰ ਈਸੇ ਨੂੰ ਤੋਰਿਆ ਕਿ ਓਹ ਤੌਰਾਤ ਦੀ ਜੋ ਓਸ ਦੇ (ਸਮੇਂ ਵਿਚ) ਪਹਿਲਾਂ ਤੋਂ ਹੀ ਮੌਜੂਦ ਸੀ ਤਸਦੀਕ ਕਰਦੇ ਸਨ ਅਰ ਉਸਨੂੰ ਅਸਾਂ ਨੇ ਅੰਜੀਲ (ਭੀ) ਦਿਤੀ ਜਿਸ ਵਿਚ ਸੂਝ ਅਰ ਨੂਰ (ਮੌਜੂਦ) ਸੀ ਅਰ ਤੌਰਾਤ ਜੋ ਏਸ ਦੇ ( ਉਤਰਨ ਦੇ ਸਮੇਂ ਥੀਂ ) ਪੈਹਿਲਾਂ (ਮੌਜੂਦ) ਸੀ (ਓਸ ਦੀ) ਤਸਦੀਕ ਵੀ ਕਰਦੀ ਹੈ ਅਰ (ਆਪ ਭੀ) ਪਰਹੇਜ਼ਗਾਰਾਂ ਵਾਸਤੇ ਹਦਾਇਤ ਅਰ ਉਪਦੇਸ਼ ਹੈ ॥ ੪੬ ॥ ਅਰ ਅੰਜੀਲ ਵਾਲਿਆਂ ਨੂੰ ਚਾਹੀਦਾ (ਸੀ) ਕਿ ਜੋ (ਹੁਕਮ) ਖੁਦਾ ਨੇ ਓਸ ਵਿਚ ਉਤਾਰੇ ਹਨ ਓਹਨਾਂ ਦੇ ਅਨੁਸਾਰ ਹੁਕਮ ਦਿਤਾ ਕਰਨ ਅਰ ਜੋ ( ਖੁਦਾ ਦੇ ) ਉਤਾਰੇ ਹੋਏ ( ਹੁਕਮਾਂ ) ਅਨੁਸਾਰ ਹੁਕਮ ਨਾ ਦੇਵੇ ਤਾਂ ਏਹੋ ਲੋਗ ਨਾ ਫਰਮਾਨ ਹਨ ॥ ੪੭ ॥ ਅਰ ( ਹੇ ਪੈਯੰਬਰ ) ਅਸਾਂ ਨੇ ਤੁਹਾਡੀ ਤਰਫ ( ਭੀ ) ਸੱਚੀ ਪੁਸਤਕ ਉਤਾਰੀ ਕਿ ਜੋ ਕਿਤਾਬਾਂ ਏਸ ਦੇ (ਉਤਰਨ ਦੇ ਵੇਲੇ ਤੋਂ) ਪਹਿਲਾਂ ਭੀ ਹਨ ਉਨਹਾਂ ਦੀ ਤਸਦੀਕ ਕਰਦੀ ਹੈ ਅਰ ਉਨਹਾਂ ਦੀ ਰਖਸ਼ਕ ( ਭੀ ) ਹੈ ਤਾਂ ਜੋ ਕੁਛ ਖੁਦਾ ਨੇ ( ਤੁਹਾਡੇ ਤੇ ) ਉਤਾਰਿਆ ਹੈ ਤੁਸੀਂ ( ਭੀ ) ਓਸੇ ਦੇ ਅਨੁਸਾਰ ਏਹਨਾਂ ਲੋਗਾਂ ਵਿਚ ਹੁਕਮ ਦਿਓ ਅਰ ਜੋ ਹੱਕ ਬਾਤ ਤੁਹਾਨੂੰ (ਖੁਦਾ ਦੀ ਤਰਫੋਂ) ਪਹੁੰਚੀ ਹੈ ਉਸਨੂੰ ਛੱਡਕੇ ਏਨਹਾਂ ਦੀਆਂ ਕਲਪਨਾ ਦੇ ਪਿਛੇ ਨਾ ਲੱਗੋ ਅਸਾਂ ਨੇ ( ਸਮੇਂ ਸਮੇਂ ਸਿਰ ) ਤੁਹਾਡੇ ਵਿਚੋਂ ਹਰ ਇਕ ( ਟੋਲੇ ) ਦੇ ਵਾਸਤੇ ਇਕ ਸ਼ਰੀਯਤ ਨੀਯਤ ਕੀਤੀ ਅਰ ਤਰੀਕਾ (ਭੀ) ਅਰ ਯਦੀ ਅੱਲਾ ਚਾਹੁੰਦਾ ਤਾਂ ਤੁਹਾਨੂੰ ਸਭਨਾਂ ਨੂੰ ਇਕ ਹੀ ( ਦੀਨ ਦੀ ) ਉਮਤ ਕਰਦਾ ਪਰੰਚ ਏਹ ਸੰਕਲਪ ਹੈ ਕਿ ਜੋ ਹੁਕਮ ਤੁਹਾਨੂੰ ਦਿੱਤੇ ਉਨਹਾਂ ਵਿਚ ਤੁਹਾਡੀ ਪ੍ਰੀਖਿਆ ਕਰੇ ਤਾਂ ਤੁਸੀਂ ਨੇਕੀਆਂ ਵਲ ਦੌੜੋ ( ਕਾਹੇ ਤੇ ) ਤੁਸਾਂ ਸਭਨਾਂ ਨੇ ਅੱਲਾ ਦੀ ਤਰਫ ਹੀ ਲੋਟਕੇ ਜਾਣਾ ਹੈ ਤਾਂ ਜਿਨਹਾਂ ੨ ਬਾਤਾਂ ਵਿਚ ਤੁਸੀਂ ( ਸੰਸਾਰ ਵਿਚ ) ਵਿਭੇਦ ਕਰਦੇ ਰਹੇ ਹੋ ਓਹ ਤੁਹਾਨੂੰ ਪਰਗਟ ਕਰ ਦੇਵੇਗਾ ॥ ੪੮ ॥ ਅਰ ਜੋ ( ਪੁਸਤਕ ) ਖੁਦਾ ਨੇ ਤੁਹਾਡੇ ਪਰ ਉਤਾਰੀ ਹੈ ਓਸੇ ਦੇ ਹੀ ਅਨੁਸਾਰ ਏਹਨਾਂ ਲੋਗਾਂ ਨੂੰ ਹੁਕਮ ਦਿਓ ਅਰ ਏਨਹਾਂ ਦੇ ਸੰਕਲਪਾਂ ਦੇ ਪਿਛੇ ਨਾਂ ਲਗੋ ਅਰ ਏਨਹਾਂ ਥੀਂ ਸਭੀਤ ਰਹੋ ਕਿ ਜੋ ( ਪੁਸਤਕ ) ਖੁਦਾ ਨੇ ਤੁਹਾਡੇ ਪਰ ਉਤਾਰੀ ਹੈ ( ਐਸਾ ਨਾ ਹੋਵੇ ) ਕਿ ਉਸਦੇ ਕਿਸੇ ਹੁਕਮ ਥੀਂ ਏਹ ਲੋਗ ਤੁਹਾਨੂੰ

Digitized by Panjab Digital Library | www.panjabdigilib.org

ਝਟਕਾ ਦੇਣ ਫੇਰ ਯਦੀ (ਏਹ ਲੋਗ ਤੁਹਾਡੇ ਕਹੇ) ਨਾਂ ਲੱਗਣ ਤਾਂ ਚੇਤਾ ਰੱਖਣਾ ਕਿ ਖ਼ੁਦਾ ਨੂੰ ਹੀ ਮਨਜ਼ੂਰ ਹੈ ਕਿ ਏਨਹਾਂ ਦੇ ਕਈਕ ਗੁਨਾਹਾਂ ਦੇ ਸਬੱਬੋਂ ਏਹਨਾਂ ਉਤੇ ਕੋਈ ਮੁਸੀਬਤ ਲਿਆ ਪ੍ਰਾਪਤਿ ਕਰੇ ਅਰ ਨਿਰਸੰਦੇਹ ਬਹੁਤ ਸਾਰੇ ਲੋਗ ਨਾ ਫਰਮਾਨ ਹਨ ॥ ੪੯ ॥ ਕੀ ਮੂਰਖਤਾਈ(ਸਮੇਂ)ਦੇ ਹੁਕਮ ਚਾਹੁੰਦੇ ਹਨ ਅਰ ਜੋ ਲੋਗ ਭਰੋਸੇ ਵਾਲੇ ਹਨ ਉਨਹਾਂ ਵਾਸਤੇ ਅੱਲਾ ਨਾਲੋਂ ਸੂਛ ਹੁਕਮ ਦੇਣ ਵਾਲਾ (ਹੋਰ) ਕੌਣ ਹੋ ਸਕਦਾ ਹੈ ? ॥ ੫੦ ॥ ਰੁਕੂਹ ੭ ॥

ਮੁਸਲਮਾਨੋ ! ਯਹੂਦ ਅਰ ਨਸਾਰਾ ਨੂੰ ਮਿਤ੍ਰ ਨਾ ਬਣਾਓ ਏਹ ਇਕ ਦੂਜੇ ਦੇ ਮਿਤ੍ਰ ਹਨ ਅਰ ਤੁਹਾਡੇ ਵਿਚੋਂ ਕੋਈ ਏਨਹਾਂ ਨੂੰ ਮਿਤ੍ਰ ਬਣਾ-ਵੇਗਾ ਜਾਂ ਨਿਸਚਿੰਤ ਉਹ (ਭੀ) ਏਹਨਾਂ ਵਿਚੋਂ ਦਾ ਹੀ(ਇਕ) ਹੈ ਕਾਹੇ ਤੇ ਖ਼ੁਦਾ ਐਸਿਆਂ ਜ਼ਾਲਮ ਲੋਗਾਂ ਨੂੰ ਸੱਚਾ ਮਾਰਗ ਨਹੀਂ ਦੱਸਿਆ ਕਰਦਾ ॥ ੫੧ ॥ ਤਾਂ (ਹੇ ਪੈਯੰਬਰ) ਜਿਨਹਾਂ ਲੋਗਾਂ ਦੇ ਦਿਲਾਂ ਵਿਚ ( ਬੇਈਮਾਨੀ ਦਾ ) ਰੋਗ ਹੈ ਤੁਸੀਂ ਉਨਹਾਂ ਨੂੰ ਦੇਖੋਗੇ ਕਿ ਇਨਹਾਂ ਵਿਚ ਜਲਦੀ ਕਰਦੇ ਅਰ ਕਹਿੰਦੇ ਹਨ ਕਿ ਸਾਨੂੰ ਤਾਂ ਏਸ ਬਾਤ ਥੀਂ ਡਰ ਆਉਂਦਾ ਹੈ ਕਿ ਕਿਤੇ (ਐਸਾ ਨਾ ਹੋਵੇ ਕਿ ਅਸੀਂ ਬੈਠੇ ਸੁਤੇ) ਕਿਸੇ ਦੁਖ ਚਕਰ ਵਿਚ ਆ ਜਾਈਏ ਸੋ ਕੋਈ ਦਿਨ (ਆ) ਜਾਂਦਾ ਹੈ ਕਿ (ਅੱਲਾ ਮੁਸਲਮਾਨਾਂ ਨੂੰ) ਕੋਈ ਵਿਜੈਤਾ ਅਥਵਾ ਕੋਈ (ਹੋਰ) ਬਾਰਤਾ ਆਪਣੀ ਤਰਫੋਂ ਅੱਗੇ ਲੈ ਆਵੇਗਾ ਤਾਂ (ਓਸ ਵੇਲੇ) ਇਹ ਦੰਬੀ ਓਸ (ਬਦਗੁਮਾਨੀ) ਪਰ ਜੋ ਆਪਣਿਆਂ ਦਿਲਾਂ ਵਿਚ ਛਿਪਾਂਦੇ ਸਨ ਸ਼ਰਮਿੰਦੇ ਹੋਣਗੇ ॥ ੫੨ ॥ ਅਰ ਮੁਸਲਮਾਨ (ਆਪਸ ਵਿਚ) ਕਹਿਣਗੇ ਕਿ ਕੀ ਇਹ ਓਹੋ ਲੋਗ ਹਨ ਜੋ (ਬਾਹਰੋਂ ਤਾਂ) ਵੱਡੇ ਜ਼ੋਰ ਨਾਲ ਅੱਲਾ ਦੀਆਂ ਕਸਮਾਂ ਕਰਦੇ (ਅਰ ਸਾਨੂੰ ਕਹਿੰਦੇ) ਸਨ ਕਿ ਅਸੀਂ ਤੁਹਾਡੇ ਸੰਗੀ ਹਾਂ (ਅਰ ਅੰਦਰੋ ਅੰਦਰ ਯਹੂਦ ਦੀ ਸਹਾਇਤਾ ਦਾ ਪਰਾਮਰਸ਼ ਕਰਦੇ ਸਨ ਤਾਂ) ਏਹਨਾਂ ਦਾ ਸਾਰਾ ਕੀਤਾ ਕਤਰਿਆ ਅਕਾਰਥ ਹੋਇਆ ਅਰ (ਉਕਾ) ਨੁਕਸਾਨ ਵਿਚ ਆ ਗਏ ॥ ੫੩ ॥

ਮੁਸਲਮਾਨੋ! ਤੁਹਾਡੇ ਵਿਚੋਂ ਕੋਈ ਆਪਣੇ ਦੀਨ(ਇਸਲਾਮ)ਦੀ ਤਰਫੋਂ ਬੇਮੁਖ ਹੋ ਜਾਵੇ ਤਾਂ ਖ਼ੁਦਾ (ਉਸਦੇ ਬਦਲੇ ਵਿਚ) ਇਕ ਕੌਮ ਨੂੰ ਲਿਆਵੇਗਾ ਜਿਨਹਾਂ ਨੂੰ ਉਹ ਮਿਤ੍ਰ ਰਖਦਾ ਹੋਵੇਗਾ ਅਰ ਉਹ ਓਸ ਨੂੰ ਸੱਜਣ ਰਖਦੇ ਹੋਣਗੇ ਮੁਸਲਮਾਨ ਦੇ ਨਾਲ ਕੋਮਲ ਕਾਫਰਾਂ ਦੇ ਨਾਲ ਕਰੜੇ ਅੱਲਾ ਦੇ ਰਸਤੇ ਵਿਚ ਆਪਣੀਆਂ ਜਾਨਾਂ ਲੜਾ ਦੇਣਗੇ ਅਰ ਕਿਸੇ ਮੁਲਾਮਤ ਕਰਨ ਵਾਲੇ ਦੀ ਮੁਲਾਮਤ ਦਾ (ਕੁਛ) ਭੈ ਨਹੀਂ ਰਖਣਗੇ ਇਹ (ਭੀ) ਖ਼ੁਦਾ ਦੀ (ਇਕ) ਕਿਰਪਾ ਹੈ ਜਿਸ ਨੂੰ ਚਾਹੇ ਦੇਵੇ ਅਰ ਅੱਲਾ ਖੁਲ ਡੁਲ ਵਾਲਾ (ਅਰ) ਗਿਆਤ੍ਰ ਹੈ ॥ ੫੪ ॥ (ਮੁਸਲਮਾਨੋ !) ਬਸ ਤੁਹਾਡੇ ਤਾਂ ਏਹੋ ਹੀ

Digitized by Panjab Digital Library | www.panjabdigilib.org

ਮਿਤ੍ਰ ਹਨ ਅੱਲਾ ਅਰ ਅੱਲਾ ਦਾ ਰਸੂਲ ਅਰ ਮੁਸਲਮਾਨ ਜੋ ਨਮਾਜ਼ ਪੜ੍ਹਦੇ ਅਰ ਜ਼ਕਾਤ ਦੇਂਦੇ ਅਰ ਉਹ (ਹਰ ਵੇਲੇ ਖੁਦਾ ਦੇ ਅੱਗੇ) ਝੁਕੇ ਰਹਿੰਦੇ ਹਨ ॥ ੫੫ ॥ ਅਰ ਜੋ ਅੱਲਾ ਅਰ ਅੱਲਾ ਦੇ ਰਸੂਲ ਅਰ ਮੁਸ-ਲਮਾਨਾਂ ਦਾ ਦੋਸਤ ਹੋਕੇ ਰਹੇਗਾ (ਉਹ ਅਲਾ ਵਾਲਾ ਹੈ ਅਰ) ਅਲਾ ਵਾਲਿਆਂ ਦਾ ਹੀ ਬੋਲ ਬਾਲਾ ਹੈ ॥ ੫੬ ॥ ਰੁਕੂਹ ੮ ॥

ਮੁਸਲਮਾਨੋਂ ! ਜਿਨਹਾਂ ਨੇ ਤੁਹਾਡੇ ਦੀਨ ਨੂੰ ਠਠਾ ਮਖੌਲ ਬਣਾ ਰਖਿਆ ਹੈ ਜਿਨਹਾਂ ਨੂੰ ਤੁਹਾਡੇ ਨਾਲੋਂ ਪ੍ਰਿਥਮ ਕਿਤਾਬ ਦਿਤੀ ਜਾ ਚੁਕੀ ਹੈ ਅਰ ਭੇਦ ਵਾਦੀਆਂ ਨੂੰ (ਆਪਣੇ) ਸੱਜਣ ਨਾ ਬਨਾਉ ਅਰ ਯਦੀ ਤੁਸੀਂ ਸੱਚੇ ਮੁਸਲਮਾਨ ਹੋ ਤਾਂ ਖੁਦਾ ਪਾਸੋਂ ਡਰਦੇ ਰਹੋ ॥ ੫੭ ॥ ਅਰ ਜਦੋਂ ਤੁਸੀਂ (ਬਾਂਗਾਂ ਦੇ ਕੇ ਲੋਗਾਂ ਨੂੰ) ਨਿਮਾਜ਼ ਵਾਸਤੇ ਬੁਲਾਂਦੇ ਹੋ ਤਾਂ ਇਹ ਲੋਕ ਨਮਾਜ਼ ਨੂੰ ਠਠਾ ਮਖੌਲ ਕਰਦੇ ਹਨ ਅਰ ਏਹ (ਏਹਨਾਂ ਪਾਸੋਂ)ਏਸ ਵਾਸਤੇ(ਪਰਗਟ ਹੁੰਦਾ)ਹੈ ਕਿ ਏਹ ਐਸੇ(ਮੂਰਖ)ਲੋਗ ਹਨ ਕਿ ਨਹੀਂ ਸਮਝਦੇ ॥੫੮॥ ਤਾਂ ਕਹੋ ਕਿ ਹੇ ਕਿਤਾਬ ਵਾਲਿਓ ਕੀ ਤੁਸੀਂ ਇਸ ਵਾਸਤੇ ਸਾਡੇ ਨਾਲ ਵੈਰ ਕਰਦੇ ਹੋ ਕਿ ਅਸੀਂ ਅੱਲਾ ਪਰ ਅਰ ਜੋ(ਕੁਰਾਨ)ਸਾਡੀ ਤਰਫ ਉਤਰਿਆ ਹੈ ਓਸ ਪਰ ਅਰ ਜੋ (ਪੁਸਤਕਾਂ ਇਸ ਤੋਂ ਪਹਿਲਾਂ) ਉਤਰ ਚੁਕੀਆਂ ਹਨ ਓਹਨਾਂ ਪਰ ਨਿਸਚਾ ਕਰ ਬੈਠੇ ਹਾਂ ? ਅਰ ਏਹ ਭੀ ਕਿ ਤੁਹਾਡੇ ਵਿਚੋਂ ਕਈਕੁ ਨਾਫਰਮਾਨ ਹਨ ॥ ੫੯॥ (ਹੇ ਪੈਯੰਬਰ ਇਹਨਾਂ ਲੋਗਾਂ ਨੂੰ) ਕਹੋ ਕਿ ਭਲਾ ਮੈਂ ਤੁਹਾਨੂੰ ਦਸਾਂ ਕਿ ਖੁਦਾ ਦੇ ਸਮੀਪ ਇਹਨਾਂ (ਖ਼ਿਯਾਲੀ)ਭੈੜਿਆਂਨਾਲੋਂ ਵਧਕੇ ਭੈੜੇ ਕੌਣ ਹਨ ਤਾਂ ਓਹ ਜਿਨ੍ਹਾਂ ਪਰ ਖੁਦਾ ਨੇ ਲਾਣਤ ਪਾਈ ਅਰ ਓਹਨਾਂ ਪਰ ਆਪਣਾ ਕੈਹਰ ਪ੍ਰਾਪਤ ਕੀਤਾ ਅਰ ਕਈਆਂ ਨੂੰ ਬੰਦਰ ਅਰ ਸੂਰ ਬਨਾ ਦਿਤਾ ਅਰ ਓਹ ਸ਼ੈਤਾਨ ਨੂੰ ਪੂਜਨੇ ਲਗੇ ਤਾਂ ਏਹ ਲੋਗ ਦਰਜੇ ਵਿਚ ਬਹੁਤ ਬੁਰੇ ਅਰ ਸਚੇ ਮਾਰਗੋਂ ਬਹੁਤ (ਦੂਰ ਦੁਰਾਡੇ) ਭਟਕੇ ਹੋਏ ॥ ੬੦ ॥ ਅਰ ਜਦੋਂ (ਇਹ ਲੋਗ) ਤੁਹਾਡੇ ਪਾਸ ਆਉਂਦੇ ਹਨ ਤਾਂ ਕਹਿੰਦੇ ਹਨ ਅਸਾਂ ਭਰੋਸਾ ਧਾਰ ਲੀਤਾ ਹਾਲਾਂ ਕਿ ਕੁਫਰ ਨੂੰ ਹੀ ਸਾਥ ਲੇ ਕੇ ਆਏ ਸਨ ਅਰ ਉਹ ਕੁਫਰ ਹੀ ਸਾਥ ਲੈਕੇ ਚਲੇ ਭੀ ਗਏ ਅਰ ਜੋ (ਦ੍ਵੈਤ) ਛਿਪਾਈ ਹੋਈ ਸੀ ਅੱਲਾ ਉਸ ਨੂੰ ਖੂਬ ਜਾਣਦਾ ਹੈ ॥ ੬੧ ॥ ਅਰ ਤੁਸੀਂ ਏਹਨਾਂ ਵਿਚੋਂ ਬਹੁਤ ਸਾਰਿਆਂ ਨੂੰ ਵੇਖੋਗੇ ਕਿ ਗੁਨਾਹ ਅਰ ਪਾਪ ਅਰ ਹਰਾਮ ਦਾ ਮਾਲ ਗੜੱਪੂ ਕਰਨ ਉਤੇ ਡਿਗ ਪੈਂਦੇ ਹਨ ਕਿੰਤੂ ਬਹੁਤ ਹੀ ਬੁਰੇ (ਕੰਮ) ਹਨ ਜੋ (ਏਹ ਲੋਗ) ਕਰਦੇ ਰਹੇ ਹਨ ॥ ੬੨ ॥ ਏਹਨਾਂ ਨੂੰ ਏਹਨਾਂ ਦੇ ਸੰਤ (ਅਰਥਾਤ ਗੁਰੂ) ਅਰ ਵਿਦਵਾਨ ਝੂਠ ਬੋਲਣ ਅਰ ਹਰਾਮ ਖਾਣ ਤੋਂ ਕਿਉਂ ਨਹੀਂ ਰੋਕਦੇ ਕੈਸੇ ਬੁਰੇ ਕਰਮ ਹਨ ਜੋ ਉਹ

Digitized by Panjab Digital Library | www.panjabdigilib.org

ਕਰ ਰਹੇ ਹਨ ॥ ੬੩ ॥ ਅਰ ਯਹੂਦੀ ਆਖਦੇ ਹਨ ਕਿ ਖੁਦਾ ਦਾ ਹਥ (ਏਹਨਾਂ ਦਿਨਾਂ ਵਿਚ) ਤੰਗ ਹੈ ਸੋ ਏਹਨਾਂ ਦੇ ਹੀ ਹਥ ਤੰਗ ਹੋ ਜਾਣ ਅਰ ਏਹਨਾਂ ਦੇ (ਏਸ ਮੰਦ) ਸੰਭਾਖਣ ਪਰ (ਅੱਲਾ ਦੀ) ਫਿਟਕਾਰ (ਕਿੰਤੂ ਸਦਾ ਹੀ) ਓਸ ਦੇ (ਪ੍ਰਮਾਤਮਾਂ ਦੇ) ਦੋਵੇਂ ਹਥ ਖੁਲੇ ਹਨ ਜਿਸ ਤਰਾਂ ਚਾਹੁੰਦਾ ਹੈ (ਉਸੇ ਤਰਾਂ)ਖਰਚ ਕਰਦਾ ਹੈ ਅਰ (ਨਿਰਸੰਦੇਹ) ਜੋ ਤੁਹਾਡੇ ਪਰਵਰਦਿਗਾਰਦੀਤਰਫੋਂ ਤੁਹਾਡੇ ਪਰ ਉਤ੍ਰਿਆ ਹੈ ਅਵਸ਼ ਏਨ੍ਹਾਂ ਵਿਚੋਂ ਬਹੁਤ ਸਾਰਿਆਂ ਦੀ ਆਪ-ਹੁਦਰੀ ਅਰ ਕੁਫਰ ਨੂੰ ਵਧੇਰਾ ਕਰੇਗਾ ਅਰ (ਐਸੇ ਹੀ ਈਰਖਾ ਦਾ ਡੰਡ ਹੈ ਕਿ)ਅਸਾਂ ਨੇ ਏਹਨਾਂ ਦੇ ਮਧਜ ਮੇਂ ਵੈਰ ਅਰ ਈਰਖਾ ਪਾ ਦਿਤੀ ਹੈ(ਕਿ ਉਹ) ਆਖਰ (ਦੀਆਂ ਫੂੜੀਆਂ ਸਮੇਟਣ) ਤਕ(ਨਿਕਲਨ ਵਾਲੇ ਨਹੀਂ)ਅਰ ਜਦੋਂ ੨ ਲੜਾਈ ਦਾ ਭਾਂਬੜ ਬਾਲਦੇ ਹਨ ਅੱਲਾ ਉਸ ਨੂੰ ਪ੍ਰਸ਼ਾਂਤ ਕਰ ਦੇਂਦਾ ਹੈ ਅਰ ਮੁਲਕ ਵਿਚ ਫਸਾਦ ਫਲੋਂਦੇ ਫਿਰਦੇ ਹਨ ਅਰ ਅੱਲਾ ਅਪ੍ਰਾਦੀਆਂ ਨੂੰ ਮਿੱਤਰ ਨਹੀਂ ਕਰਦਾ ॥ ੬੪ ॥ ਅਰ ਯਦੀ ਪੁਸਤਕਾਂ ਵਾਲੇ ਭਰੋਸਾ ਕਰ ਲੈਂਦੇ ਅਰ (ਖੁਦਾ ਪਾਸੋਂ) ਡਰਦੇ ਤਾਂ ਅਸੀਂ ਏਹਨਾਂ (ਉਤੋਂ) ਏਹਨਾਂ ਦੇ ਗੁਨਾਹ ਜਰੂਰ ਉਤਾਰ ਦੇਂਦੇ ਅਰ ਏਹਨਾਂ ਨੂੰ (ਸਵਰਗ ਦੇ) ਬਾਗਾਂ ਵਿਚ (ਭੀ) ਅਵਸ਼ ਹੀ (ਲੈ ਜਾਕੇ) ਦਾਖਲ ਕਰਦੇ ਜਿਸ ਵਿਚ ( ਸ੍ਰਵ ) ਪਦਾਰਥ ਹੈਂ ॥੬੫॥ ਅਰ ਯਦੀ ਏਹ ਤੌਰਾਤ ਅਰ ਅੰਜੀਲ ਅਰ ਉਨਹਾਂ ਨੂੰ ਜੋ ਏਹਨਾਂ ਉਤੇ ਏਹਨਾਂ ਦੇ ਪਰਵਰਦਿਗਾਰ ਦੀ ਤਰਫੋਂ ਉਤਰੇ ਹਨ ਕਾਇਮ ਰਖਦੇ ਤਾਂ ਅਵਸ਼ ਆਪਣੇ ਉਪਰ(ਆਕਾਸ਼ ਥੀਂ) ਅਰ ਆਪਣੇ ਪੈਰਾਂ ਦੇ ਹੇਠ ( ਧਰਤੀ ਥੀਂ ) ਛਕਦੇ ਛਕਾਉਂਦੇ ਏਹਨਾਂ ਵਿਚੋਂ ਕੁਝ ਲੋਗ ਨੀਤੀ ਪਰ (ਮਿਆਨਾ ਰਵੀਪ੍ਰ ) ਹੈ ਅਰ ਏਹਨਾਂ ਵਿਚੋਂ ਅਕਸਰ ਤਾਂ ਬੁਰੇ ਕਰਮ ਕਰ ਰਹੇ ਹਨ ॥ ੬੬ ॥ ਰੁਕੂਹ ੯ ॥

ਹੇ ਪੈਯੰਬਰ ਜੋ ਤੁਹਾਡੇ ਉਤੇ ਤੁਹਾਡੇ ਪਰਵਰਦਿਗਾਰ ਦੀ ਤਰਫੋਂ ਪ੍ਰਾਪਤਿ ਹੋਇਆ ਹੈ ( ਲੋਕਾਂ ਨੂੰ ) ਪਹੁੰਚਾ ਦਿਓ ਅਰ ਯਦੀਚ ਤੁਸਾਂ ( ਐਸੇ ) ਨਾ ਕੀਤਾ ਤਾਂ ( ਸਮਝਿਆ ਜਾਵੇਗਾ ) ਕਿ ਤੁਸਾਂ ਈਸ਼੍ਵਰ ਦਾ ਸੰਦੇਸਾ (ਲੋਗਾਂ ਨੂੰ) ਨਹੀਂ ਪੁਚਾਇਆ ਅਰ ਅੱਲਾ ਤੁਹਾਨੂੰ ਲੋਗਾਂ ( ਦੀ ਸ਼ਰਾਰਤ ) ਥੀਂ ਰੱਖਜਾ ਵਿਚ ਰਖੇਗਾ ਕਾਹੇ ਤੇ ਅੱਲਾ ਓਹਨਾਂ ਲੋਗਾਂ ਨੂੰ ਜੋ ਕੁਫਰ ਕਰਦੇ ਹਨ ਸਿਖਸ਼ਾ ਨਹੀਂ ਦੇਂਦਾ ॥ ੬੭ ॥ (ਹੇ ਪੈਯੰਬਰ) ਤੁਸੀ ਆਖੋ (ਹੇ) ਕਿਤਾਬ ਵਾਲੋ ਜਦੋਂ ਤਕ ਤੁਸੀਂ ਤੌਰਾਤ ਅਰ ਅੰਜੀਲ ਅਰ ਜੋ ਤੁਹਾਡੇ ਪਰਵਰਦਿਗਾਰ ਦੀ ਤਰਫੋਂ ਤੁਹਾਡੇ ਪਰ ਨਾਜ਼ਲ ਹੋਏ ਹਨ ਉਸ ਪਰ ਕਾਇਮ ਨਾ ਹੋ ਜਾਓ ਤੁਹਾਨੂੰ ਕੁਝ ਲਾਭ ਨਹੀਂ ਅਰ (ਹੇ ਪੈਯੰਬਰ) ਜੋ ਕੁਛ ਤੁਹਾਡੇ ਰੱਬ ਥੀਂ ਤੁਹਾਡੀ ਤਰਫ ਓਤਰਿਆ ਹੈ ਇਹ ਤਾਂਏਹਨਾਂ ਵਿਚੋਂਬਹੁਤ ਸਾਰਿਆਂ ਦੀ ਮਨਮੁਖਤਾਈ ਅਰ ਹੋਰ ਉਨ੍ਹਾਂ ਦੇ ਕੁਫਰ ਹੀ ਵਧਾਏਗਾ ਸੋ ਏਹਨਾਂ ਲੋਗਾਂ(ਦੇ ਹਾਲ)ਪਰ ਜੋ ਕਾਫਰ ਹਨ

Digitized by Panjab Digital Library | www.panjabdigilib.org

ਤੁਸੀਂ ਅਫਸੋਸ ਨਾ ਕਰੋ ॥੬੮॥ ਨਿਰਸੰਦੇਹ ਜੋ ਮੁਸਲਮਾਨ ਅਰ ਯਹੂਦੀ ਅਰ ਸਾਬੀ ਅਰ ਨਸਾਰਾ ( ਏਹਨਾਂ ਵਿਚੋਂ ) ਜੋ ਕੋਈ ਅੱਲਾ ਅਰ ਅੰਤਿਮ ਦਿਨ ਪਰ ਈਮਾਨ ਲੈ ਆਵੇ ਅਰ ਨੇਕ ਅਮਲ ( ਭੀ ) ਕਰੇ ਤਾਂ ਐਸਿਆਂ ਲੋਗਾਂ ਪਰ ਨਾਂ (ਕਿਸੀ ਤਰਹਾਂ ਦਾ) ਭੈ( ਪ੍ਰਾਪਤ ) ਹੋਵੇਗਾ ਅਰ ਨਾ ਹੀ ਓਹ (ਕਿਸੀ ਤਰਹਾ) ਖਿੰਨਚਿਤ ਹੋਣਗੇ ॥ ੬੯ ॥ ਅਸੀਂ ਬਨੀ ਇਸਰਾਈਲ ( ਯਹੂਦੀਆਂ ) ਥੀਂ ਪ੍ਰਤਿੱਗਜ਼ਾ ਲੀਤੀ ਅਰ ਏਹਨਾਂ ਦੇ ਪਾਸ ਰਸੂਲ ਭੀ ਭੇਜੇ (ਪਰੰਚ) ਜਦੋਂ ਕਦੇ ਕੋਈ ਰਸੂਲ ਏਹਨਾਂ ਦੇ ਪਾਸ ਐਸੇ ਹੁਕਮ ਲੈ ਕੇ ਆਇਆ ਜਿਨਹਾਂ ਨੂੰ ਏਹਨਾਂ ਦੇ ਦਿਲ ਨਹੀਂ ਚਾਹੁੰਦੇ ਸਨ ਤਾਂ (ਇਹਨਾਂ ਨੇ) ਕਿਤਨਿਆਂ ਨੂੰ ਝੁਠਿਆਰਿਆ ਅਰ ਕਿਤਨਿਆਂ ਨੂੰ ਲਗੇ ਕਤਲ ਕਰਨੇ ॥ ੭੦ ॥ ਅਰ ਸਮਝ ਬੈਠੇ ਕਿ ਕੋਈ ਖਰਾਬੀ ਨਾ ਹੋਵੇਗੀ ਸੋ ਅੰਧੇ ਤਥਾ ਬੋਲੇ ਹੋ ਗਏ ਫਿਰ ਈਸ਼ਵਰ ਨੇਂ ਓਹਨਾਂ ਦੀ ਤੋਬਾ ਪ੍ਰਵਾਨ ਕੀਤੀ ਪਰੰਚ ਫੇਰ ਵੀ ਏਹਨਾਂ ਵਿਚੋਂ ਬਹੁਤ ਸਾਰੇ ਲੋਗ ਅੰਧੇ ਬਹਿਰੇ ਹੋਗਏ ਅਰ ਜੋ ਕੁਝ ਇਹ ਕਰ ਰਹੇ ਹਨ ਅੱਲਾ ਓਹਨਾਂ (ਦੇ ਕੰਮ )ਨੂੰ ਦੇਖਦਾ ਹੈ ॥ ੭੧ ॥ ਜੋ ਲੋਗ ਕਹਿੰਦੇ ਹਨ ਕਿ ਖ਼ੁਦਾ ਤਾਂ ਏਹੋ ਮਰੀਯਮ ਦਾ ਪੁਤ੍ਰ ਮਸੀਹ ਹੈ ਨਿਰਸੰਦੇਹ ਇਹ ਲੋਗ ਕਾਫਰ ਹੋਗਏ ਅਰ ਮਸੀਹਾ ਤਾਂ ਸਮਝਾਇਆ ਕਰਦਾ ਸੀ ਕਿ ਐ ਬਨੀ ਇਸਰਾਈਲ ਅੱਲਾ ਦੀ ( ਹੀ ) ਪੂਜਾ ਕਰੋ ਕਿ ਓਹ ਮੇਰਾ ਅਰ ਤੁਹਾਡਾ ( ਭੀ ) ਪਰਵਰਦਿਗਾਰ ਹੈ ਇਸ ਵਿਚ ਸ਼ਕ ਨਹੀਂ ਜਿਸ ਨੇ ਅੱਲਾ ਦੇ ਨਾਲ ( ਕਿਸੇ ਨੂੰ ਭੀ )ਸ਼ਰੀਕ ਠਹਿਰਾਇਆ ਤਾਂ ਅੱਲਾ ਵਲੋਂ ਸਵ-ਰਗ ਓਸ ਤੇ ਹਰਾਮ ਹੋਚੁਕਾ ਅਰ ਓਸਦਾ ਠਿਕਾਣਾ ਨਰਕ ਹੈ ਅਰ (ਐਸਿਆਂ) ਪਾਪੀਆਂ ਦਾ ਕੋਈ ਭੀ ਮਦਦਗਾਰ ਨਹੀਂ ॥੭੨॥ ਜੋ ਲੋਗ ਕਹਿੰਦੇ ਹਨ ਕਿ ਖ਼ੁਦਾ ਤਾਂ ਏਹਨਾਂ ਤਿੰਨਾਂ ਵਿਚੋਂ ਦਾ ( ਇਕ ) ਤੀਸਰਾ ਨਿਰਸੰਦੇਹ ( ਓਹ ) ਕਾਫਰ ਹੋ ਗਏ ਹੈਂ ਹਾਲਾਂ ਕਿ ਇਕ ੧ਓ ਤੋਂ ਸਿਵਾ ਹੋਰ ਕੋਈ ਮਾਬੂਦ (ਅਰਥਾਤ ਪੂਜ) ਨਹੀਂ ਅਰ ਜੈਸੀਆਂ ੨ ਬਾਰਤਾਂ ਏ ਲੋਕ ਕਹਿੰਦੇ ਹਨ ਯਦੀ ਕਹਿਣ ਤੋਂ ਬਾਜ ਨਾ ਆਉਣਗੇ ਤਾਂ ਜੋ ਲੋਗ ਏਹਨਾਂ ਵਿਚੋਂ ਕੁਫਰ ਕਰਦੇ ਰਹਿਣਗੇ ਓਹਨਾਂ ਪਰ ਭਿਆਣਕ ਆਸਹਿ ਕਸ਼ਟ ਪਰਾਪਤ ਹੋਵੇਗਾ॥੭੩॥ਤਾਂ ਓਹ ਕਿਉਂ ਨਹੀਂ ਖੁਦਾ ਅਗੇ ਤੋਬਾ ਕਰਦੇ ਅਰ ਬਖਸ਼ਸ਼ ਮੰਗਦੇ ਹਾਲਾਂ ਕਿ ਅੱਲਾ ਬਖਸ਼ਣੇ ਵਾਲਾ ਮੇਹਰ-ਬਨ ਹੈ ॥ ੭੪ ॥ ਮਰੀਯਮ ਦੇ ਪੁਤ੍ਰ ਮਸੀਹ ਤਾਂ ਇਕ ਰਸੂਲ ਹੈਂ ਏਸ ਨਾਲੋਂ ਪਹਿਲੇ ਭੀ ( ਬਹੁਤ ) ਰਸੂਲ ਹੋਚੁਕੇ ਹਨ ਅਰ ਏਹਨਾਂ ਦੀ ਮਾਈ (ਇਕ) ਸਚੀ (ਬੰਦੀ) ਸੀ (ਦੂਸਰਿਆਂ ਆਦਮੀਆਂ ਦੀ ਤਰਹਾਂ ਏਹ) ਦੋਨੋਂ (ਮਾਂ ਪੁਤ੍ਰ) ਪ੍ਰਸਾਦਾ ਛਕਦੇ ਸਨ ਦੇਖ ਤਾਂ ਸਹੀ ਅਸੀਂ ਓਨਹਾਂ

Digitized by Panjab Digital Library | www.panjabdigilib.org

ਵਾਸਤੇ ਆਪਣੀਆਂ ਕੋਟੀਆਂ ਕਿਸ ਤਰਹਾਂ ਵਿਸਤਾਰ ਪੂਰਬਕ ਵਰਨਨ ਕਰਦੇ ਹਾਂ (ਅਰ) ਫੇਰ ਦੇਖੋ ਖਾਂ ਏਹ ਲੋਗ ਕਿਧਰ ਨੂੰ ਉਲਟੇ ਭਟਕੇ ਹੋਏ ਚਲੇ ਜਾ ਰਹੇ ਹਨ ॥ ੭੫ ॥ (ਤੁਸੀਂ ਏਹਨਾਂ ਲੋਗਾਂ ਨੂੰ) ਕਹੋ ਕਿ ਕੀ ਤੁਸੀਂ ਖੁਦਾ ਥੀਂ ਸਿਵਾ ਐਸੀਆਂ ਵਸਤੂਆਂ ਦੀ ਪੂਜਾ ਕਰਦੇ ਹੋ ਜਿਨਹਾਂ ਦੇ ਵਸ ਵਿਚ ਤੁਹਾਡੀ ਹਾਨ ਲਾਭ (ਕੁਛ ਭੀ) ਨਹੀਂ ਅਰ ਅੱਲਾ ਹੀ ਹੈ ਜੋ ਸ੍ਰੋਤਾ ਅਰ ਜਾਣੂ ਹੈ ॥ ੭੬ ॥ (ਏਹਨਾਂ ਲੋਗਾਂ ਨੂੰ) ਕਹੋ ਕਿ ਹੇ ਕਿਤਾਬਾਂ ਵਾਲਿਓ ਆਪਣੇ ਦੀਨ ਵਿਚ ਨਾਹੱਕ (ਨਾਰਵਾ) ਵਾਧੇ ਨਾਂ ਕਰੋ ਅਰ ਨਾਂ ਓਹਨਾਂ ਲੋਗਾਂ ਦੀਆਂ ਖਾਹਿਸ਼ਾਂ ਪਰ ਚਲੋ ਜੋ (ਤੁਹਾਡੇ ਨਾਲੋਂ) ਪਹਿਲੇ ਗੁਮਰਾਹ ਹੋ ਚੁਕੇ ਹਨ ਅਰ ਬਹੁਤ ਸਾਰਿਆਂ ਨੂੰ ਗੁਮਰਾਹ ਕਰ ਚੁਕੇ ਹਨ ਅਰ ਸੂਧੇ ਮਾਰਗੋਂ ਭਟਕ ਗਏ ਹਨ ॥ ੭੭ ॥ ਰੁਕੂਹ ੧੦ ॥

ਬਨੀ ਅਸਰਾਈਲ ਵਿਚੋਂ ਜਿਨਹਾਂ ਲੋਗਾਂ ਨੇ ਕੁਫਰ ਕੀਤਾ ਉਨਹਾਂ ਪਰ ਦਾਊਦ ਅਰ ਮਰੀਯਮ ਦੇ ਪੁਤਰ ਈਸਾ ਦੀ ਦੁਆ (ਸ੍ਰਾਪ) ਨਾਲ ਫਿਟਕਾਰ ਹੋਈ ਏਹ (ਫਿਟਕਾਰ ਓਹਨਾਂ ਪਰ) ਏਸ ਕਰਕੇ ਪੜੀ ਕਿ ਨਾ ਫੁਰਮਾਨੀ ਕਰਦੇ ਸਨ ਅਰ (ਈਸ਼ਵਰ) ਸੀਮਾਂ ਉਲੰਘਣ ਕਰਦੇ ਜਾਂਦੇ ਸਨ ॥ ੭੮ ॥ (ਅਰ) ਜੋ ਮੰਦ ਕਰਮ (ਇਕ ਵੇਰੀ) ਕਰ ਬੈਠਦੇ ਸਨ ਓਸ ਪਾਸੋਂ ਹਟਦੇ ਨਾਂ ਸੀ ਪ੍ਰਤੀਉਤ (ਬਹੁਤ ਹੀ) ਬੁਰੇ ਕੰਮ ਸਨ ਜੋ (ਉਹ ਲੋਗ) ਕੀਤਾ ਕਰਦੇ ਸਨ ॥ ੭੯ ॥ ਤੁਸੀਂ ਏਹਨਾਂ (ਯਹੂ-ਦੀਆਂ) ਵਿਚੋਂ ਬਹੁਤਿਆਂ ਨੂੰ ਦੇਖੋਗੇ ਕਿ ਭੇਦ ਵਾਦੀਆਂ ਨਾਲ ਦੋਸਤੀ ਰਖਦੇ ਹਨ ਨਿਰਸੰਦੇਹ ਏਹਨਾਂ ਨੇ ਆਪਣੇ ਵਾਸਤੇ (ਬਹੁਤ ਹੀ) ਬੁਰੀ ਵਸਤੂ ਅਗੇ ਘਲੀ ਹੈ ਕਿ ਖੁਦਾ ਓਹਨਾਂ ਦੇ ਨਾਲ ਨਰਾਜ਼ ਹੋਇਆ ਅਰ ਏਹ ਨਿਤਰੇ ੨ (ਨਰਕਾਂ ਦੇ) ਦੇ ਦੁਖ ਵਿਚ ਹੀ ਰਹਿਣਗੇ ॥ ੮੦ ॥ ਅਰ ਯਦੀ (ਏਹ) ਅੱਲਾ ਅਰ (ਆਪਣੇ) ਪੈਯੰਬਰ (ਅਰਥਾਤ ਮੂਸਾ ਪਰ) ਅਰ ਜੋ ਓਸ (ਪੈਯੰਬਰ) ਪਰ ਪੁਸਤਕ ਨਾਜ਼ਲ ਹੋਈ ਉਸ ਪਰ ਭਰੋਸਾ ਰਖਦੇ ਹੁੰਦੇ ਤਾਂ ਭੇਦ ਵਾਦੀਆਂ ਨੂੰ ਮਿਤਰ ਨਾ ਕਰਦੇ ਪਰੰਤੂ ਏਹਨਾਂ ਵਿਚੋਂ ਬਹੁਤ ਸਾਰੇ ਨਾਂ ਫਰਮਾਨ ਹਨ॥੮੧॥ (ਹੇ ਪੈਯੰਬਰ) ਮੁਸਲਮਾਨਾਂ ਦੇ ਨਾਲ ਦੁਸ਼ਮਨੀ (ਵਿਰੋਧਤਾ) ਦੀ ਅਪੇਖਿਆ ਦਵਾਰਾ ਯਹੂਦ ਅਰ ਭੇਦ ਵਾਦੀਆਂ ਨੂੰ ਤੁਸੀਂ ਸਭਨਾਂ ਲੋਗਾਂ ਨਾਲੋਂ ਵਡੇ ਸਖਤ ਪਾਓਗੇ ਅਰ ਮੁਸਲਮਾਨਾਂ ਦੇ ਨਾਲ ਮਿਤ੍ਰਤਾ ਦੀ ਅਪੇਖਿਆ ਵਿਚ ਸਾਰਿਆਂ ਲੋਗਾਂ ਵਿਚੋਂ ਓਹਨਾਂ ਨੂੰ ਅਤੀ ਸਮੀਪ ਪਾਓਗੇ ਜੋ ਕਹਿੰਦੇ ਹਨ ਕਿ ਅਸੀਂ ਨਸਾਰਾ ਹਾਂ (ਨਸਾਰਾ ਦਾ ਇਤਨਾ ਝੁਕਾ) ਏਹ ਇਸ ਵਾਸਤੇ ਹੈ ਕਿ ਏਹਨਾਂ ਵਿਚ ਪੰਡਿਤ ਅਰ ਸੰਤ ਹਨ ਅਰ (ਹੋਰ) ਇਹ ਕਿ ਏਹ ਲੋਗ ਹੰਕਾਰ

Digitized by Panjab Digital Library | www.panjabdigilib.org

ਨਹੀਂ ਕਰਦੇ ॥ ੮੨ ॥ *ਅਰ ਜਦੋਂ (ਕੁਰਾਨ) ਸੁਣਦੇ ਹਨ ਜੋ ਰਸੂਲ (ਮੁਹੰਮਦ) ਪਰ ਉਤ੍ਰਿਆ ਹੋਇਆ ਹੈ ਤਾਂ ਤੁਸੀਂ ਓਹਨਾਂ ਦੀਆਂ ਅੱਖੀਆਂ ਨੂੰ ਦੇਖ ਦੇ ਹੋ, ਕਿ ਓਹਨਾਂ ਵਿਚੋਂ ਅਥਰੂ ਵਗ ਰਹੇ ਹਨ ਇਸ ਕਾਰਨ ਕਿ ਉਨਹਾਂ ਨੇ ਸੱਤ ਨੂੰ ਪਛਾਣ ਲੀਤਾ ਪ੍ਰਾਰਥਨਾ ਕਰਨ ਲਗਦੇ ਹਨ ਕਿ ਹੇ ਸ਼ਾਡੇ ਪਰਵ-ਰਦਿਗਾਰ ਅਸੀਂ ਤਾਂ ਨਿਹਚਾ ਧਾਰ ਬੈਠੇ ਤਾਂ ਸਾਨੂੰ ਗੁਵਾਹਾਂ (ਮੰਨਣ ਵਾਲਿ-ਆਂ) ਵਿਚ ਲਿਖ ਲੈ ॥ ੮੩ ॥ ਅਰ ਕੀ ਅਸੀਂ (ਪਾਗਲ ਹੋ ਗਏ) ਕਿ ਅੱਲਾ ਪਰ ਅਰ ਜੋ ਸਚੀ ਬਾਤ ਸਾਡੇ ਪਾਸ ਆਈ ਹੈ ਓਸ ਪਰ ਤਾਂ ਭਰੋਸਾ ਨਾ ਕਰੀਏ ਅਰ ਆਸ ਇਹ ਰਖੀਏ ਕਿ ਸਾਡਾ ਪਰਵਰਦਿਗਾਰ ਸਾਨੂੰ ਨੇਕ ਪੁਰਖਾਂ ਦੇ ਨਾਲ(ਸਵਰਗ ਵਿਚ ਜਾ)ਦਾਖਲ ਕਰੇਗਾ॥੮੪॥ਤਾਂ ਏਹਨਾਂ ਦੇ ਏਸ ਕਹਿਣ ਦੇ ਪ੍ਰਤਿਨਿਧ ਵਿਚ ਖੁਦਾ ਏਹਨਾਂ ਨੂੰ ਐਸੇ (ਸਵਰਗੀ) ਬਾਗ ਪ੍ਰਵਾਨ ਕੀਤੇ ਜਿਨਹਾਂ ਦੇ ਨੀਚੇ ਨਹਿਰਾਂ ਪਈਆਂ ਵਗ ਰਹੀਆਂ ਹਨ (ਅਰ ਇਹ) ਓਹਨਾਂ ਵਿਚ ਸਦਾ ਕਾਲ ਹੀ ਰਹਿਣਗੇ ਅਰ ਸੁਧ ਚਿਤ ਦਿਲ ਨਾਲ ਨੇਕੀ ਕਰਨ ਵਾਲਿਆਂ ਦਾ ਇਹੀ ਬਦਲਾ ਹੈ ॥ ੮੫ ॥ ਅਰ ਜਿਨਹਾਂ ਲੋਗਾਂ ਨੇ ਨ ਮੰਨਿਆ ਅਰ ਸਾਡੀਆਂ ਆਇਤਾਂ ਨੂੰ ਝੂਠੀਆਂ ਜਾਤਾ ਏਹੋ ਹੀ ਨਾਰਕੀ ਹਨ ॥ ੮੬ ॥ ਰੁਕੂਹ ੧੧ ॥

ਮੁਸਲਮਾਨੋ! ਖੁਦਾ ਨੇ ਜੋ ਸ਼ੁਧ ਵਸਤਾਂ ਤੁਹਾਡੇ ਵਾਸਤੇ ਹਲਾਲ ਕਰ ਦਿਤੀਆਂ ਹਨ ਉਨਹਾਂ ਨੂੰ (ਆਪਣੇ ਪਰ) ਹਰਾਮ ਨਾ ਕਰੋ ਅਰ (ਈਸ਼ਰੀ) ਸੀਮਾ (ਭੀ) ਨਾ ਉਲੰਘਨਾ ਕਰੋ ਕਾਹੇ ਤੇ ਅੱਲਾ ਸੀਮਾਂ ਉਲੰਘਨ ਵਾਲਿਆਂ ਨੂੰ ਮਿੱਤਰ ਨਹੀਂ ਰਖਦਾ ॥ ੮੭ ॥ ਅਰ ਖੁਦਾ ਨੇ ਜੋ ਤੁਹਾਨੂੰ ਹਲਾਲ ਸੁਥਰੀ ਰੋਜ਼ੀ ਦਿਤੀ ਹੈ ਓਸਦੇ (ਨਿਰਸੰਸ) ਗਫੇ ਲਗਾਓ ਅਰ ਜਿਸ ਖੁਦਾ ਪਰ ਤੁਹਾਡਾ ਈਮਾਨ ਹੈ ਓਸ ਪਾਸੋਂ ਡਰਦੇ ਰਹੋ ॥ ੮੮ ॥ ਤੁਹਾਡੀਆਂ ਸੌਗੰਧਾਂ ਵਿਚੋਂ ਜੋ ਵਿਅਰਥ ਸੌਗੰਧਾਂ ਹਨ ਓਹਨਾਂ ਪਰ ਤਾਂ ਖੁਦਾ ਤੁਹਾਡੇ ਪਾਸੋਂ (ਕੁਛ) ਪਕੜ ਕਰਦਾ ਨਹੀਂ ਹਾਂ ਪੱਕੀ ਸੌਗੰਧ ਦੀ ਖੁਦਾ ਤੁਹਾਡੇ ਪਾਸੋਂ ਪਕੜ ਕਰੇਗਾ ਤਾਂ ਏਸ (ਪੱਕੀ ਸੌਗੰਧ ਦੇ ਤੋੜਨ) ਦਾ ਪ੍ਰਾਸ਼ਚਿਤ ਦਸ ਮਸਕੀਨਾਂ ਨੂੰ ਵਿਚਕਾਰਲੇ ਦਰਜੇ ਦਾ ਭੋਜਨ ਛਕਾ ਦੇਣਾ ਹੈ ਜਿਸ ਤਰਹਾਂ ਦਾ ਤੁਸੀਂ ਆਪਣੇ ਬਾਲ ਬੱਚੇ ਨੂੰ ਛਕਾਇਆ ਕਰਦੇ ਹੋ ਅਥਵਾ ਓਹਨਾਂ (ਦਸ ਮਸਕੀਨਾਂ) ਨੂੰ ਪੋਸ਼ਾਕ ਬਣਾ ਦੇਣੀ ਜਾਂ ਇਕ ਬਰਦਾ(ਦਾਸ)ਖੁੱਲ੍ਹਾ ਛਡ ਦੇਣਾ ਅਰ ਜਿਸ ਪਾਸੋਂ(ਬਰਦਾ)ਨਾ ਹੋ ਸਕੇ(ਤਾਂ) ਤਿੰਨਾਂ ਦਿਨਾਂ ਦੇ ਰੋਜੇ ਏਹ ਤੁਹਾਡੀਆਂ ਸੌਗੰਧਾਂ ਦਾ ਪ੍ਰਾਸ਼ਚਿਤ ਹੈ ਜਦੋਂ ਤੁਸੀਂ

*ਹੁਣ "ਵਾਇਜ਼ਾ ਸਮੇਊ" ਨਾਮੀ ਸਤਵਾਂ ਪਾਰਾ ਚਲਿਆ।

Digitized by Panjab Digital Library | www.panjabdigilib.org

ਸੌਗੰਧ(ਤਾਂ)ਖਾ ਲਵੇ ਅਰ(ਉਸਤੇ ਪੂਰੇ ਨਾਂ ਉਤਰੁ)ਆਪਣੀਆਂ ਸੌਗੰਧਾਂ ਦੀ(ਪੂਰਾ ਕਰਨ ਦੀ)ਏਹਤਿਆਤ(ਖਬਰਦਾਰੀ)ਰਖੋ ਏਸੇ ਤਰਹਾਂ ਅੱਲਾ ਆਪਣੇ ਹੁਕਮ ਤੁਹਾਨੂੰ ਖੋਹਲ ੨ ਕੇ ਦਸਦਾ ਹੈ ਤਾਂ ਕਿ ਤੁਸੀਂ(ਉਸ ਦਾ)ਧੰਨਜਬਾਦ ਕਰੋ॥੮੯॥ ਮੁਸਲਮਾਨੋ!ਸ਼ਰਾਬ ਅਰ ਜੂਆ ਅਰ ਬੁਤ ਅਰ ਪਾਸੇ ਤਾ(ਸਬ)ਅਪਵਿਤ੍ਰ ਸ਼ੈਤਾਨ ਦਾ ਕੰਮ ਹੈ ਤਾਂ ਏਸ ਪਾਸੋਂ ਬਚੇ ਰਹੋ ਤਾਂ ਕਿ ਤੁਸੀਂ ਸਫਲਤਾ ਪਾਓ ॥੯੦॥ ਸ਼ੈਤਾਨ ਤਾਂ ਬਸ ਏਹੋ ਹੀ ਚਾਹੁੰਦਾ ਹੈ ਕਿ ਸ਼ਰਾਬ ਅਰ ਜੂਏ ਦੇ ਸਬਬੋਂ ਤੁਹਾਡੀ ਆਪਸ ਵਿਚ ਦੁਸ਼ਮਨੀ ਅਰ ਈਰਖਾ ਪਾ ਦੇਵੇ ਅਰ ਤੁਹਾਨੂੰ ਅੱਲਾ ਦੀ ਯਾਦਗੀਰੀ ਅਰ ਨਮਾਜ ਤੋਂ ਬਾਜ ਰਖੇ ਤਾਂ ਕੀ(ਹੁਣ ਵੀ)ਤੁਸੀਂ ਬਾਜ ਆਜਾਓਗੇ (ਜਾਂ ਨਹੀਂ) ॥੯੧॥ ਅਰ ਅੱਲਾ ਅਰ ਰਸੂਲ ਦੀ ਆਗਿਜਾ ਮੰਨੋ ਅਰ ( ਨਾਫਰਮਾਨੀ ਤੋਂ ) ਬਚਦੇ ਰਹੋ ਅਦਜਾਪਿ ਤੁਸੀਂ ( ਖੁਦਾ ਦੇ ਹੁਕਮ ਤੋਂ ) ਬੇ ਮੁਖ ਹੋ ਜਾਓਗੇ ਤਾਂ ਯਾਦ ਰਖੋ ਕਿ ਸਾਡੇ ਰਸੂਲ ਦੇ ਜਿੰਮੇ ਤਾਂ ਸਪਸ਼ਟ ਤੌਰ ਪਹੁੰਚਾ ਦੇਣਾ ਹੈ ਹੋਰ ਬਸ ॥ ੯੨ ॥ ਜੋ ਲੋਗ ਈਮਾਨ ਲੈ ਆਏ ਅਰ ਉਹਨਾਂ ਨੇ ਭਲੇ ਕਰਮ ਭੀ ਕੀਤੇ ਤਾਂ ਜੋ ਕੁਛ ( ਮਨਾਹੀ ਥੀਂ ਪਹਿਲੇ ) ਖਾ ਪੀ ਚੁਕੇ ਓਸ ਦਵਾਰਾ ਓਹਨਾਂ ਪਰ ( ਕਿਸੀ ਤਰਹਾਂ ਦਾ ) ਦੋਸ਼ ਨਹੀਂ ਜਦੋਂ ਕਿ ਓਹਨਾਂ ਨੇ ਪਰਹੇਜ ਕੀਤਾ ਅਰ ਈਮਾਨ ਲੈ ਆਏ ਅਰ ਭਲੇ ਕੰਮ (ਬੀ) ਕੀਤੇ ਅਰ ਫਿਰ ਡਰੇ ਅਰ ਈਮਾਨ ਲੇ ਆਏ ਫੇਰ ਡਰੇ ਅਰ ਭਲੇ (ਕਰਮ) ਕਰਨ ਲਗੇ ਅਰ ਅੱਲਾ ਸ਼ੁਧ ਚਿਤ ਨਾਲ ਭਲੇ ਕਰਮ ਕਰਨ ਵਾਲਿਆਂ ਨੂੰ ਮਿਤ੍ਰ ਰਖਦਾ ਹੈ ॥ ੯੩ ॥ ਰੁਕੂਹ ੧੨ ॥

ਮੁਸਲਮਾਨੋ ! ਇਕ ਜ਼ਰਾ ਸੀ ਗਲ ਅਰਥਾਤ ਸ਼ਿਕਾਰ ਥੀਂ ਜਿਥੋਂ ਤਕ ਤੁਹਾਡੇ ਹਥ ਤਥਾ ਨੇਜ਼ੇ ਪਹੁੰਚ ਸਕਣ ਪ੍ਰਮਾਤਮਾਂ ਅਵਸ਼ ਹੀ ਤੁਹਾਡੀ ਪ੍ਰੀਖਜਾ ਕਰੇਗਾ ਤਾਂ ਕਿ ਅੱਲਾ ਮਾਲੂਮ ਕਰੇ ਕਿ ਕੌਣ ਓਸ ਪਾਸੋਂ ਬਿਨਾਂ ਦੇਖਿਆਂ ਡਰਦਾ ਹੈ ਫੇਰ ਜਿਸ ਨੇ ਇਸ ਦੇ ਪਿਛੋਂ ਵਧੀਕੀ ਕੀਤੀ ਤਾਂ ਓਸ ਦੇ ਵਾਸਤੇ ਭਿਆਨਕ ਦਖ ਹੈ ॥ ੯੪ ॥ ਮੁਸਲਮਾਨੋ ! ਜਦੋਂ ਤੁਸੀਂ ਅਹਿਰਾਮ ਦੀ ਹਾਲਤ ਵਿਚ ਹੋਵੇ ਸ਼ਕਾਰ ਨਾ ਮਾਰੋ ਅਰ ਯਦੀ ਕੋਈ ਤੁਹਾਡੇ ਵਿਚੋਂ ਜਾਣ ਬੁਝਕੇ ਸ਼ਕਾਰ ਮਾਰੇਗਾ ਤਾਂ ਜੈਸਿਆਂ ਜਾਨਵਰਾਂ ਨੂੰ) ਮਾਰੇਗਾ ਓਸ ਦੇ ਬਦਲੇ ਚੁਪਾਇਆਂ ਵਿਚੋਂ ਓਸ ਦੇ ਨਾਲ ਮਿਲਦਾ ਜੁਲਦਾ ( ਜਾਨਵਰ ) ਜੋ ਤੁਹਾਡੇ ਵਿਚੋਂ ਦੋ ਮੁਨਸਿਫ ਨਿਯਤ ਕਰ ਦੇਣ (ਉਸ ਨੂੰ) ਦੇਣਾ ਪੜੇਗਾ (ਅਰ ਇਹ)ਭੇਟ ਕਾਬਾ ਵਿਚ ਪਹੁੰਚਾਈ ਜਾਏ ਅਥਵਾ ਪ੍ਰਾਸ਼ਚਿਤ ( ਅਰਥਾਤ ਓਸ ਦੇ ਮੋਖ ਵਿਚ ) ਮੁਹਤਾਜਾਂ ਦਾ ਪ੍ਰਸ਼ਾਦ ਕਿੰਵਾ ਓਸ ਦੇ ਗਿਣਤੀ ਅਨੁਸਾਰ ਰੋਜੇ ਰਖੇ ਤਾਂ ਕਿ ਆਪਣੇ ਕੀਤੇ ਦਾ ਸਵਾਦ ਚਖੇ ਜੋ ਹੋ ਚੁਕਾ ਉਸ ਤੋਂ ਤਾਂ ਖੁਦਾ ਨੇ ਦਰਗੁਜ਼ਰ ਕੀਤਾ ਅਰ ਯਦੀ ਫੇਰ ( ਐਸਾ ਵਿਵਹਾਰ )

Digitized by Panjab Digital Library | www.panjabdigilib.org

ਕਰੇਗਾ ਤਾਂ ਅੱਲਾ ਉਸ ਪਾਸੋਂ ਬਦਲਾ ਲਵੇਗਾ ਅਰ ਅੱਲਾ ਜ਼ਬਰਦਸਤ ਬਦਲਾ ਲੈਣ ਵਾਲਾ (ਭੀ) ਹੈ॥੯੫॥ ਦਰਿਆਈ ਸ਼ਿਕਾਰ ਅਰ ਖਾਣਾ ਦੀਆਂ ਦਰਿਆਈ ਵਸਤੂ ਤੁਹਾਡੇ ਵਾਸਤੇ ਹਲਾਲ ਹੈਂ ਤਾਂ ਕਿ ਤੁਹਾਨੂੰ ਅਰ ਦੂਸਰੇ ਮੁਸਾਫਰਾਂ ਨੂੰ (ਲਾਭ ਹੋ) ਅਰ ਜੰਗਲ ਦਾ ਸ਼ਿਕਾਰ ਜਦੋਂ ਤਕ ਤੁਸੀਂ ਅਹਿਰਾਮ ਵਿਚ ਰਹੋ ਤੁਹਾਡੇ ਵਾਸਤੇ ਹਰਾਮ ਹੈ ਅਰ ਅੱਲਾ ਪਾਸੋਂ ਡਰਦੇ ਰਹੋ ਜਿਸ ਦੀ ਤਰਫ ਤੁਸਾਂ ਅਕੱਠੇ ਹੋ ਕੇ ਜਾਣਾ ਹੈ ॥ ੯੬ ॥ ਖੁਦਾ ਨੇ ਕਾਬੇ ਨੂੰ ਕਿ ਉਹ (ਪ੍ਰਮਾਤਮਾਂ ਦਾ) ਸ਼੍ਰੋਮਨੀ ਦਵਾਰ(ਮੁਅਜ਼ਜ਼ ਘਰ)ਹੈ ਲੋਕਾਂ ਦੇ ਵਾਸਤੇ ਪ੍ਰਬੰਧ ਦਾ ਕਾਰਨ ਨਿਯਤ ਕੀਤਾ ਹੈ ਅਰ ਹੁਰਮਤ ਸ਼੍ਰੋਮਨੀ ਵਾਲਿਆਂ ਮਹੀਨਿਆਂ ਨੂੰ ਅਰ ਕੁਰਬਾਨੀ (ਦੇ ਜਾਨਵਰਾਂ) ਨੂੰ ਜਿਨਹਾਂ ( ਨੂੰ ਪਹਿਚਾਨ ਵਾਸਤੇ ਗਲ ਵਿਚ) ਪਟਾ ਬੰਨ ਦੇਂਦੇ ਹਨ ਏਹ ਏਸ ਵਾਸਤੇ ਕਿ ਤੁਹਾਨੂੰ ਯਾਦ ਰਹੇ ਕਿ ਜੋ ਕੁਛ ਆਸਮਾਨਾਂ ਵਿਚ ਤਥਾ ਜੋ ਕੁਛ ਧਰਤੀ ਪਰ ਹੈ ਅੱਲਾ ( ਸਭ ) ਜਾਣਦਾ ਹੈ ਅਰ ਏਹ ਕਿ ਭਗਵਾਨ ਹਰ ਚੀਜ ਥੀਂ ਬਾਗਜਾਤ ਹੈ ॥ ੯੭ ॥ ਜਾਣਦੇ ਰਹੋ ਕਿ ਅੱਲਾ ਦਾ ਅਜਾਬ (ਭੀ ਬੜਾ) ਕਰੜਾ ਹੈ ਅਰ ਏਹ ਭੀ ਕਿ ਅੱਲਾ ਬਖਸ਼ਣੇ ਵਾਲਾ ਮਿਹਰਬਾਨ ਹੈ ॥ ੯੮ ॥ ਪੈਯੰਬਰ ਦੇ ਜਿੰਮੇ ਤਾਂ ਕੇਵਲ (ਖੁਦਾ ਦੇ ਹੁਕਮ ਦਾ ) ਪਹੁੰਚਾ ਦੇਣਾ ਹੈ ਹੋਰ ਬਸ ਅਰ ਜੋ ਕੁਛ ਤੁਸੀਂ ਲੋਗ ਜ਼ਾਹਰ ਵਿਚ ਕਰਦੇ ਹੋ ਅਰ ਜੋ ਛਿਪਾ ਕੇ ਕਰਦੇ ਹੋ ਅੱਲਾ ਸਭ ਕੁਛ ਜਾਣਦਾ ਹੈ ॥ ੯੯ ॥ ਕਹੋ ਕਿ ਕੋਥਰੀ (ਅਰਥਾਤ ਹਰਾਮ) ਅਰ ਸੁਥਰੀ (ਅਰਥਾਤ ਹਲਾਲ ਵਸਤਾਂ ਧਰਜੇ ਵਿਚ) ਬਰਾਬਰ ਨਹੀਂ ਹੋ ਸਕਦੀਆਂ ਯਦਪਿ ਗੰਦੀ ਵਸਤੂ ਦੀ ਬਹੁਤਾਇਤ ਤੁਹਾਨੂੰ ਭਲੀ (ਹੀ ਕਿਉਂ ਨਾਂ ਲਗੇ ਤਾਂ ਹੇ ਬੁਧਿਵਾਨੋ ਖੁਦਾ ਪਾਸੋਂ ਡਰਦੇ ਰਹੋ ਤਾਂ ਤੇ ਤੁਸੀਂ ਸਫਲਤਾ ਪਾਓ ॥ ੧੦੦ ॥ ਰੁਕੂਹ ੧੩ ॥

ਮੁਸਲਮਾਨੋਂ ! ਬਹੁਤ (ਨਿਨਿਵੇਂ ਲੈ ਕੇ) ਬਾਤਾਂ ਨਾ ਪੁਛਿਆ ਕਰੋ ਕਿ ਯਦੀ ਤੁਹਾਡੇ ਅਗੇ ਪ੍ਰਗਟ ਕੀਤੀਆਂ ਜਾਣ ਤਾਂ ਤੁਹਾਨੂੰ ਬੁਰੀਆਂ ਲਗਨ ਅਰ ਐਸੇ ਸਮੇਂ ਵਿਚ ਕੇ ਕੁਰਾਨ ਉਤਰ ਰਹਿਆ ਹੈ ਬਾਤਾਂ ਦੀ(ਬਹੁਤ)ਪੁਛਗਿਛ ਕਰੋਗੇ ਤਾਂ ਤੁਹਾਡੇ ਅਗੇ ਪ੍ਰਗਟ ( ਭੀ ) ਕੀਤੀਆਂ ਜਾਣਗੀਆਂ ( ਫਿਰ ਤੁਹਾਨੂੰ ਬੁਰਾ ਲਗੇਗਾ ਹੁਣ ਤਾਂ ) ਅੱਲਾ ਨੇ ਏਸ ਥੀਂ ਦਰਗੁਜਰ ਕੀਤੀ ਅਰ ਅੱਲਾ ਬਖਸ਼ਣੇ ਵਾਲਾ ਧੀਰਜਵਾਨ ਹੈ ॥੧੦੧॥ ਤੁਹਾਡੇ ਨਾਲੋਂ ਪਹਿਲੇ ਭੀ ਲੋਗਾਂ ਨੇ ਐਸੀਆਂ ਹੀ ਬਾਤਾਂ ਪੁਛੀਆਂ ਸਨ, ਫੇਰ ਓਹਨਾਂ ਥੀਂ ਮੁਨਕਰ ਹੋ ਗਏ ॥ ੧੦੨ ॥ (ਨਾਂ ਤਾਂ) ਬਹੀਰਾ ਅਰ ਨਾ ਸਾਯਬਾ ਅਰ ਨਾ ਵਸੀਲਾ ਅਰ ਨਾਂ ਹਾਮ (ਏਹਨਾਂ ਵਿਚੋਂ) ਕੋਈ ਵਸਤੂ ਖੁਦਾ ਨੇ ਪਰਿਮਾਣਿਤ ਨਹੀ ਕੀਤੀ ਕਿੰਤੂ ਕਾਫਰ ਅੱਲਾ ਪਰ ਝੂਠ ਥਪਦੇ ਹਨ ਅਰ ਏਹਨਾਂ (ਵਿਚੋਂ)

Digitized by Panjab Digital Library | www.panjabdigilib.org

ਅਕਸਰ ਬੁਧੀ ਨਹੀਂ ਰਖਦੇ ॥ ੧੦੩ ॥ ਅਰ ਜਦੋਂ (ਏਹਨਾਂ ਲੋਗਾਂ ਨੂੰ) ਕਹਿਆ ਜਾਂਦਾ ਹੈ ਕਿ ਜੋ ਅੱਲਾ ਨੇ ਉਤਾਰਿਆ ਹੈ ਉਸਦੀ ਤਰਫ ਅਰ ਰਸੂਲ ਦੀ ਤਰਫ ਚਲੋ (ਤਾਂ) ਕਹਿੰਦੇ ਹਨ ਕਿ ਜਿਸ (ਤਰੀਕੇ) ਪਰ ਅਸਾਂ ਆਪਣੇ ਪਿਤਾਮਾ ਨੂੰ ਪਾਇਆ ਹੈ (ਉਹੀ) ਸਾਡੇ ਵਾਸਤੇ ਬਸ ਕਰਦਾ ਹੈ ਕੀ ਭਾਵੇਂ ਏਹਨਾਂ ਦੇ ਪਿਤਾ (ਪਿਤਾਮਾ) ਕੁਛ ਨਾ ਜਾਣਦੇ ਅਰ ਨਾ ਹੀਂ ਸਚੇ ਮਾਰਗ ਪਰ ਖੜੋਤੇ ਹੋਣ ॥ ੧੦੪ ॥ ਮੁਸਲਮਾਨੋ ! ਤੁਸੀਂ ਆਪਣੀ ਰਾਖੀ ਰਖੋ ਜਦ ਤੁਸੀਂ ਸਰਲ ਮਾਰਗ ਪਰ ਹੋਵੋ ਤਾਂ ਕੋਈ ਕੁਮਾਰਗੀ ਪੁਰਖ ਤੁਹਾਡਾ(ਕੁਝ ਭੀ)ਨਹੀਂ ਬਿਗਾੜ ਸਕਦਾ ਤੁਸਾਂ ਸਾਰਿਆਂਨੇ ਖੁਦਾ ਦੀ ਹੀ ਤਰਫ ਪਰਤਕੇ ਜਾਣਾ ਹੈ ਤਾਂ ਜੋ ਕੁਛ(ਸੰਸਾਰ ਵਿਚ)ਕਰਦੇ ਰਹੇ ਹੋ(ਸੋ ਉਹ)ਤੁਹਾਨੂੰ ਦਸ ਦੇਵੇਗਾ ॥ ੧੦੫ ॥ ਮੁਸਲਮਾਨੋ ! ਜਦੋਂ ਤੁਹਾਡੇ ਵਿਚੋਂ ਕਿਸੇ ਦੇ ਸਨਮੁਖ ਮੌਤ ਆ ਵਿਦਮਾਨ ਹੋਵੇ ਤਾਂ ਵਸੀਅਤ ਦੇ ਵੇਲੇ ਤੁਹਾਡੇ ਵਿਚ ਗਵਾਹੀ ਦੋ ਪ੍ਰਧਾਨ (ਪੁਰਖਾਂ) ਦੀ ਹੋਵੇ ਅਥਵਾ ਯਦੀਚ ਤੁਸੀਂ ਯਾਤ੍ਰੂ ਕਰੋ ਅਰ (ਸਫਰ ਦੀ ਹਾਲਤ ਵਿਚ) ਤੁਹਾਡੇ ਪਰ ਮੌਤ ਦੀ ਮੁਸੀਬਤ ਆ ਪੜੇ (ਅਰ ਮੁਸਲਮਾਨ ਗਵਾਹ ਨਾ ਮਿਲੇ) ਤਾਂ ਤੁਸੀਂ ਮੁਸਲਮਾਨਾਂ ਤੋਂ ਸਿਵਾ ਦੋ (ਗਵਾਹ ਓਪਰੇ ਹੀ ਸਹੀ ਫੇਰ) ਯਦੀ ਤੁਹਾਨੂੰ (ਓਹਨਾਂ ਦੇ ਸਤਯ ਸੰਭਾਖਣ ਵਿਖਯ) ਭਰਮ ਹੋਵੇ ਤਾਂ ਉਨਹਾਂ ਦੋਹਾਂ ਨੂੰ (ਅਸਰ) ਦੀ ਨਮਾਜ ਦੇ ਪਿਛੋਂ ਰੋਕ ਲਓ ਫਿਰ ਓਹ ਦੋਵੇਂ ਅੱਲਾ ਦੀ ਸੌਗੰਧ ਕਰਨ (ਅਰ ਕਹਿਣ) ਕਿ ਸਾਨੂੰ ਸਤਯ ਸੰਭਾਖਣ ਦਾ ਪ੍ਰਤਿ ਬਦਲਾ ਲੈਣਾ ਅਭੀ-ਸ਼ਟ ਨਹੀਂ ਭਾਵੇਂ ਵੋ ਪੁਰਖ (ਜਿਸ ਦੇ ਹੱਕ ਵਿਚ ਅਸੀਂ ਗਵਾਹੀ ਦੇਈਏ ਸਾਡਾ) ਸਮੀਪੀ (ਹੀ ਕਿਉਂ ਨਾ) ਹੋਵੇ ਅਰ ਅਸੀਂ ਖੁਦਾ ਲਗਦੀ ਗਵਾਹੀ ਛਿਪਾ ਨਹੀਂ ਰੱਖਾਂਗੇ ਨਹੀਂ ਤਾਂ ਬੇਸ਼ਕ ਅਸੀਂ (ਖੁਦਾ ਦੇ) ਗੁਨਾਂਹਗਾਰ ॥ ੧੦੬॥ ਫੇਰ ਯਦੀ (ਗਵਾਹੀ ਦੇ ਦਿਤਿਆਂ ਪਿਛੋਂ) ਪ੍ਰਤੀਤ ਹੋ ਜਾਵੇ ਕਿ ਦੋਨੋਂ (ਗਵਾਹ) ਪਾਪੀ ਹੋ ਕਰ(ਸਤ ਨੂੰ ਦਬਾਗੇ) ਤਾਂ ਏਹਨਾਂ ਦੀ ਜਗਹਾਂ ਦੂਸਰੇ ਦੋ (ਗਵਾਹ) ਉਨਹਾਂ ਲੋਗਾਂ ਵਿਚੋਂ (ਗਵਾਹੀ ਦੇਣ ਵਾਸਤੇ) ਖੜੇ ਹੋ ਜਾਣ ਜਿਨਹਾਂ ਦਾ ਹੱਕ (ਏਨਹਾਂ ਦੋਹਾਂ ਗਵਾਹਾਂ ਵਿਚੋਂ ਹਰੇਕ ਨੇ) ਦਬਾਨਾ ਚਾਹਿਆ ਸੀ (ਅਰ ਏਹ ਨਵੇਂ ਗਵਾਹ ਮਜਲੂਮ ਦੀ ਤਰਫ ਦੇ) ਸਮੀਪੀ ਸਾਕ (ਹੋਣ) ਫੇਰ (ਏਹ ਦੋਵੇਂ ਨਵੇਂ ਗਵਾਹ) ਰੱਬ ਦੀ ਕਸਮ ਕਰਨ ਕਿ ਪਹਿਲਿਆਂ ਦੋਹਾਂ ਗਵਾਹਾਂ ਦੀ ਗਵਾਹੀ ਪਾਸੋਂ ਸਾਡੀ ਗਵਾਹੀ ਬਹੁਤ ਉਤਮ ਹੈ ਅਰ ਅਸਾਂ (ਗਵਾਹੀ ਦੇਣ ਵਿਚ ਕਿਸੇ ਤਰਹਾਂ ਦੀ) ਵਧੀਕੀ ਨਹੀਂ ਕੀਤੀ ਨਹੀਂ ਤਾਂ ਅਸੀਂ ਨਿਰਸੰਸ ਜ਼ਾਲਿਮ ਹਾਂ ॥ ੧੦੭ ॥ ਇਸ ਪ੍ਰਕਾਰ ਦੀ ਸੁਗੰਦ ਇਸ ਥੀਂ ਜ਼ਿਆਦਾ ਸਮੀਪ ਹੈ ਕਿ ਉਹ ਸਤ ਸਤ ਗਵਾਹੀ ਦੇਂ ਅਥਵਾ ( ਇਸ ਬਾਤ ਥੀਂ ) ਡਰਨਗੇ

Digitized by Panjab Digital Library | www.panjabdigilib.org

ਕਿ ਪਹਿਲਿਆਂ ਦੀ ਸੌਗੰਧ ਦੇ ਪਿਛੋਂ ਏਹਨਾਂਦੀ ਸੌਗੰਧ (ਵੀ) ਰੱਦੀ ਨਾ ਜਾਵੇ ਅਰ ਅੱਲਾ ਪਾਸੋਂ ਡਰਦੇ ਰਹੋ ਅਰ ਸੁਣੋ ਅਰ ਅੱਲਾ ਆਗਜਾ ਉਲੰਘੀ ਪੁਰਖਾਂ ਨੂੰ ਸੱਚਾ ਮਾਰਗ ਨਹੀਂ ਦਸਦਾ ॥ ੧੦੮ ॥ ਰੁਕੂਹ ੧੪ ॥

ਜਿਸ ਦਿਨ ਕਿ ਅੱਲਾ (ਸਰਬ) ਪੈਗੰਬਰਾਂ ਨੂੰ ਏਕਤ੍ਰ ਕਰਕੇ ਉਨਹਾਂ ਥੀਂ (ਇਉਂ) ਪੁਛੇਗਾ, ਕਿ ਤੁਹਾਨੂੰ (ਆਪਣੀਆਂ ਉਮਤਾਂ ਦੀ ਤਰਫੋਂ) ਕੀ ਜਵਾਬ ਮਿਲਿਆ ? ਉਹ ਕਹਿਣਗੇ ਕਿ ਸਾਨੂੰ ਕੋਈ ਖਬਰ ਨਹੀਂ ਗੈਬ ਦੀਆਂ ਬਾਤਾਂ ਤੂੰ ਹੀ ਭਲੀ ਤਰਹਾਂ ਜਾਣਦਾ ਹੈਂ ॥੧੦੯॥ ਜਦੋਂ ਅੱਲਾ ਹੁਕਮ ਕਰੇਗਾ ਕਿ ਹੇ ਮਰੀਯਮ ਦੇ ਪੁਤ੍ਰ ਈਸਾ ਅਸਾਂ ਤੇਰੇ ਪਰ ਅਰ ਤੇਰੀ ਮਾਤਾ ਪਰ ਜੋ ਜੋ ਉਪਕਾਰ ਕੀਤੇ ਹਨ (ਉਨਹਾਂ ਨੂੰ)ਸਮਰਣ ਕਰੋ ਜਦੋਂ ਕਿ ਅਸਾਂ ਰੂਹਉਲ ਕਦਸ (ਪਵਿੱਤ੍ਰ ਆਤਮਾਂ)ਦਵਾਰਾ ਤੁਹਾਡੀ ਮਦਦ ਕੀਤੀ। (ਇਕ ! ਦੂਸਰੀ ਏਹ ਕਿ ਜਦੋਂ ਤੁਸੀਂ ਨਿਰੇ ਪੁਰੇ ਬਾਲਕ ਸੀ ਅਰ ) ਪਾਲਨੇ ਵਿਚ ( ਬਿਰਾਜੇ ਹੋਏ ਪੜੇ ਝੂਟਦੇ ਸੀ। ਓਸ ਆਯੁਖਾ ਵਿਚ ) ਅਰ ਬੜੇ ਹੋਕੇ ਤੁਸੀਂ ( ਦੋਨੋਂ ਹਾਲਤਾਂ ਵਿਚ ) ਲੋਗਾਂ ਨਾਲ (ਇਕ ਜੈਸੀਆਂ) ਬਾਤਾਂ ਕਰਦੇ ਸੀ ਅਰ ਜਦੋਂ ਕਿ ਅਸਾਂ ਤੁਹਾਨੂੰ ਲਿਖਣਾ ਸਿਖਾਇਆ ਅਰ ਬਦਮਤਾ ( ਦੀਆਂ ਬਾਤਾਂ ) ਅਰ ਤੌਰਾਤ, ਅਰ ਅੰਜੀਲ ਸਿਖਾਈ ਸੀ ਅਰ ਜਦੋਂ ਕਿ ਤੁਸੀਂ ਸਾਡੇ ਹੁਕਮ ਨਾਲ ਪਰਿੰਦੇ ਦੇ ਰੂਪ ਦੀ ਇਕ ਮਿਟੀ ਦੀ ਮੂਰਤੀ ਬਣਾਉਂਦੇ ਫੇਰ ਓਸ ਵਿਚ ਫੂਕ ਮਾਰ ਦੇਂਦੇ ਤਾਂ ਓਹ ਸਾਡੇ ਹੁਕਮ ਨਾਲ ਪਰਿੰਦਾ ਹੋ ਜਾਂਦਾ ਅਰ ਜਦ ਕਿ ਤੁਸੀ ਜਮਾਂਦਰੂ ਅੰਧੇ ਅਰ ਕੁਸ਼ਟੀ ਨੂੰ ਸਾਡੇ ਹੁਕਮ ਨਾਲ ਨਿਰੋਗ ਕਰ ਦੇਂਦੇ ! ਅਰ ਜਦ ਕਿ ਤੁਸੀਂ ਸਾਡੇ ਹੁਕਮ ਨਾਲ ਮੁਰਦਿਆਂ ਨੂੰ ( ਸੁਰਜੀਤ ਕਰਕੇ ) ਖੜਾ ਕਰ ਦੇਂਦੇ, ਅਰ ਜਦ ਕਿ ਅਸਾਂ ਬਨੀ ਅਸਰਾਈਲ ਨੂੰ ਤੁਹਾਡੇ ( ਪਰ ਹਥ ਵਲਛਾ ਕਰਨ ) ਤੋਂ ਰੋਕਿਆ, ਕਿ ਜਿਸ ਵੇਲੇ ਤੁਸੀਂ ਓਹਨਾਂ ਪਾਸ ਸਿਧੀਆਂ ਲੈਕੇ ਆਇ ਤਾਂ ਓਹਨਾਂ ਵਿਚੋਂ ਜੋ ਲੋਗ ( ਤੁਹਾਡੀ ਰਸਾਲਤ ) ਦੇ ਮੁਨਕਰ ਸਨ ( ਸਿਧੀਆਂ ਦੇਖ ਕੇ ) ਲਗੇ ਕਹਿਣ ਕਿ ਇਹ ਤਾਂ ਖੁਲਮ ਗੁਲਾ ਇੰਦਰ ਜਾਲ ਹੈ ਹੋਰ ਬਸ ॥ ੧੧੦ ॥ ਅਰ ਜਦੋਂ ਅਸਾਂ ਹਵਾਰੀਆਂ ਨੂੰ ਅਕਾਸ਼ ਬਾਣੀ ਘੱਲੀ ਕਿ ਸਾਡੇ ਉਤੇ ਅਰ ਸਾਡੇ ਰਸੂਲ ਪਰ ਈਮਾਨ ਲੇ ਆਓ ਤਾਂ ਓਹਨਾਂ ਨੇ ਕਹਿਆ ਅਸੀਂ ਈਮਾਨ ਲੈ ਆਏ ਅਰ ( ਹੇ ਖੁਦਾ ) ਤੂੰ ਏਸ ਬਾਤ ਦਾ ਗਵਾਹ ਰਹੁ ਕਿ ਅਸੀਂ ਦਾਸ ਹਾਂ ॥੧੧੧॥ਜਦੋਂ ਹੁਵਾਰੀਆਂ ਨੇ ਬੇਨਤੀ ਕੀਤੀ, ਕਿ ਹੇ ਮਰੀਯਮ ਦੇ ਪੁਤ੍ਰ ਈਸਾ, ਕੀ ਤੇਰੇ ਪਰਵਰਦਿਗਾਰ ਪਾਸੋਂ ਹੋ ਸਕੇਗਾ ਕਿ ਸਾਡੇ ਵਾਸਤੇ ਅਗਾਸ ਵਿਚੋਂ(ਭੋਜਨ ਦਾ) ਇਕ (ਪਰੋਸਿਆ ਹੋਇਆ)ਥਾਲ ਉਤਾਰੇਂ(ਈਸਾ ਨੇ)ਕਹਿਆ ਖੁਦਾ ਪਾਸੋਂ ਡਰੋ ਯਦੀ ਤੁਸੀਂ ਈਮਾਨ ਵਾਲੇ ਹੋ ॥

Digitized by Panjab Digital Library | www.panjabdigilib.org

੧੧੨ ॥ ਓਹ ਲਗੇ ਕਹਿਣ ਕਿ ਸਾਡੀ ਅਭਿਲਾਖਾ ਹੈ ਕਿ ਓਸ ( ਥਾਲ ) ਵਿਚੋਂ ( ਅੰਮ੍ਰਿਤ ਸਮਝਕੇ ) ਕੁਝ ਛਕੀਏ ( ਦੂਸਰੇ ) ਸਾਡੇ ਦਿਲ ਸ਼ਾਂਤ ਹੋ ਜਾਣ ਅਰ ਅਸੀਂ ਸਿੱਧ ਕਰ ਲਵੀਏ ਕਿ ਨਿਰਸੰਦੇਹ ਆਪ ਨੇ ਸਾਡੇ ਅਗੇ ( ਰਸਾਲਤ ਦਾ ) ਦਾਵਾ ਸੱਚਾ ਕੀਤਾ ਸੀ ਅਰ ਅਸੀਂ ਏਸ ਤੇ ਗਵਾਹ ਰਹੀਏ ॥ ੧੧੩ ॥

ਇਸ ਤੇ ਈਸੇ ਪੁਤ੍ਰ ਮਰੀਯਮ ਨੇ ਪ੍ਰਾਰਥਨਾ ਕੀਤੀ ਕਿ ਹੇ ਅੱਲਾ ਹੇ ਸਾਡੇ ਪਰਵਰਦਿਗਾਰ ਸਾਡੇ ਪਰ ਅਸਮਾਨ ਥੀਂ (ਪਰਸ਼ਾਦ ਦਾ) ਇਕ ਥਾਲ ਉਤਾਰ (ਅਰ) ਥਾਲ ਦਾ ( ਉਤਾਰਨਾ ) ਸਾਡੇ ਵਾਸਤੇ ਅਰਥਾਤ ਸਾਡਿਆਂ ਅਗਲਿਆਂ ਪਿਛਲਿਆਂ (ਸਭਨਾਂ) ਦੇ ਵਾਸਤੇ ਈਦ ਹੋ ਅਰ (ਏਹ) ਤੇਰੀ ਤਰਫੋਂ ( ਸਾਡੇ ਹੱਕ ਵਿਚ ਤੇਰੀ ਕੁਦਰਤ ਦੀ ਇਕ ) ਨਿਸ਼ਾਨੀ ( ਹੋਵੇ ) ਅਰ ਸਾਨੂੰ ਰੋਜੀ ਦੇਹ ਅਰ ਤੂੰ ਸਭ ਰੋਜੀ ਦੇਣ ਵਾਲਿਆਂ ਵਿਚੋਂ ਬਹੁਤ ਉੱਤਮ ( ਰੋਜੀ ਦੇਣ ਵਾਲਾ ) ਹੈਂ ॥ ੧੧੪ ॥ ਅੱਲਾ ਨੇ ਆਗਿਆ ਦਿਤੀ ਨਿਰਸੰਦੇਹ ਅਸੀਂ ਉਹ ਖਾਨੇ ਤੁਸਾਂ ਲੋਗਾਂ ਪਰ ਉਤਾਰਾਂਗੇ। ਤਾਂ ਜੋ ਆਦਮੀ ਫੇਰ ਭੀ ਤੁਹਾਡੇ ਵਿਚੋਂ (ਸਾਡੀ ਖੁਦਾਈ ਥੀਂ) ਨਨਾਕਾਰ ਕਰਦਾ ਰਹੇਗਾ ਤਾਂ ਅਸੀਂ ਉਸ ਨੂੰ ( ਐਸੇ ) ਕਰੜੇ ਦੁਖ ਦੀ ਸਜਾ ਦੇਵਾਂਗੇ ਕਿ ਸੰਸਾਰ ਭਰ ਵਿਚ ਕਿਸੇ ਨੂੰ ਭੀ ਵੈਸੀ ਸਜਾ ਨਹੀਂ ਦੇਵਾਂਗੇ ॥ ੧੧੫। । ਰੁਕੂਹ ੧੫ ॥

ਅਰ ਜਦੋਂ(ਪ੍ਰਲੇ ਦੇ ਦਿਨ)ਈਸ਼ਵਰ ਕਹੇਗਾ ਕਿ ਐ ਈਸਾ ਮਰੀਯਮ ਦੇ ਪੁਤ੍ਰ ਕੀ ਤੂੰ ਲੋਗਾਂ ਨੂੰ ਏਹ ਬਾਰਤਾ ਕਹੀ ਸੀ ਕਿ ਖੁਦਾ ਤੋਂ ਭਿੰਨ ਮੈਨੂੰ ਅਰ ਮੇਰੀ ਮਾਈ ਨੂੰ ਭੀ(ਈਸ਼ਵਰ ਥੀਂ ਅਲਗ)ਦੋ ਖੁਦਾ ਮੰਨੋ(ਈਸਾ) ਪ੍ਰਾਰਥਨਾ ਕਰੇਗਾ ਕਿ ( ਹੇ ਪਰਵਰਦਿਗਾਰ ) ਤੇਰਾ ਪਵਿਤ੍ਰ ਰੂਪ ਹੈ ਮੇਰੇ ਪਾਸੋਂ ਇਹ ਕਿਸ ਤਰਹਾਂ ਹੋ ਸਕਦਾ ਹੈ ਕਿ ਮੈਂ (ਤੇਰੇ ਪ੍ਰਤਾਪ ਵਿਚ) ਐਸੀ ਬਾਰਤਾ ਕਹਾਂ ਜਿਸ ਦੇ ਕਹਿਣ ਦਾ ਮੈਨੂੰ ਕੋਈ ਹੱਕ ਨਹੀਂ। ਯਦੀ ਮੈਂ ਐਸੇ ਕਹਿਆ ਹੋਵੇਗਾ ਤਾਂ ਮੇਰਾ ਕਹਿਣਾ ਤੁਹਾਨੂੰ ਅਵਸ਼ ਮਾਲੂਮ ਹੋਵੇਗਾ ਕਾਹੇ ਤੇ ਤੂੰ(ਤਾਂ)ਮੇਰੇ ਰਿਦੇ ਦੀਆਂ ਬਾਤਾਂ (ਭੀ) ਜਾਣਦਾ ਹੈਂ ਅਰ ਮੈਂ ਤੇਰੇ ਦਿਲ ਦੀ ਬਾਤ ਨਹੀਂ ਜਾਣਦਾ। ਗੁਪਤ ਬਾਤਾਂ ਤੂੰ ਹੀ ਭਲੀ ਤਰਹਾਂ ਜਾਣਦਾ ਹੈਂ ॥ ੧੧੬ ॥ ਤੁਸਾਂ ਨੇ ਜੋ ਮੈਨੂੰ ਹੁਕਮ ਦਿਤਾ ਸੀ ! ਬਸ ਓਹੀ ਮੈਂ ਏਹਨਾਂ ਲੋਗਾਂ ਨੂੰ ਕਹਿ ਸੁਣਾਇਆ ਸੀ ਕਿ ਅੱਲਾ ਜੋ ਮੇਰਾ ਅਰ ਤੁਹਾਡਾ (ਸੰਪੂਰਨਾਂ ਦਾ) ਪਰਵਰਦਿਗਾਰ ਹੈ ਓਸੇ ਦਾ ਭਜਨ ਕਰੋ। ਅਰ ਜਿਤਨਾ ਚਿਰ ਮੈਂ ਏਹਨਾਂ ਲੋਗਾਂ ਵਿਚ ( ਮੌਜੂਦ ) ਰਹਿਆ ਮੈਂ ਏਹਨਾਂ ( ਦੇ ਹਾਲ ) ਦਾ ਰਾਖਾ ਰਹਿਆ। ਫੇਰ ਜਦੋਂ ਤੁਸਾਂ ਨੇ ਮੈਨੂੰ ( ਕਾਲ ਦਵਾਰਾ ਸੰਸਾਰ ਵਿਚੋਂ ) ਚੁਕ ਲੀਤਾ ਤਾਂ ਤੂੰ ਹੀ ਏਹਨਾਂ ਦਾ ਰਛਕ ਸੈਂ ਅਰ ਤੂੰ ਸੰਪੂਰਨ ਵਸਤਾਂ ਦਾ ਸਾਖੀ ਹੈਂ ॥ ੧੧੭ ॥ ਯਦੀ ਤੂੰ ਏਹਨਾਂ

Digitized by Panjab Digital Library | www.panjabdigilib.org

ਨੂੰ ਕਸ਼ਟ ਦੇਵੇਂ ( ਤਾਂ ਤੈਨੂੰ ਅਖਤਿਆਰ ਹੈ ) ਇਹ ਤੇਰੇ ਬੰਦੇ ਹਨ ਅਰ ਯਦੀ ਆਪ ਏਹਨਾਂ ਨੂੰ ਮਾਫ ਕਰੇ ਤਾਂ ਨਿਰਸੰਦੇਹ ਤੂੰ (ਹੀ ਸੰਪੂਰਨਾਂ ਪਰ) ਬਲਵਾਨ ( ਅਰ ) ਹਿਕਮਤ ਵਾਲਾ ਹੈਂ ॥ ੧੧੮ ॥ ਈਸ਼ਵਰ ਕਰੇਗਾ ਕਿ ਏਹੋ ਹੀ ( ਅਜ ਦਾ ) ਦਿਨ ਹੈ ਕਿ ਸਤ ਪੁਰਖਾਂ ਨੂੰ ਏਹਨਾਂ ਦਾ ਸਤ ਕੰਮ ਆਵੇਗਾ ਏਹਨਾਂ ਦੇ ਵਾਸਤੇ ਬਾਗ ਹੈ ਜਿਨਹਾਂ ਦੇ ਹੇਠਾਂ ਨਦੀਆਂ ਪਈਆਂ ਵਗ ਰਹੀਆਂ ਹਨ ( ਅਰ ਓਹ ) ਓਹਨਾਂ ਵਿਚ ਸਦਾ ੨ ਰਹਿਣਗੇ ਅੱਲਾ ਓਹਨਾਂ ਨਾਲ ਖੁਸ਼ ਅਰ ਉਹ ਅੱਲਾ ਨਾਲ ਖੁਸ਼ ( ਹੋਣਗੇ ) ਏਹ ਬੜੀ ਸਫਲਤਾ ਹੈ ॥ ੧੧੯ ॥ ਅਗਾਸ ਤਥਾ ਧਰਤੀ ਅਰ ਜੋ ਕੁਛ ਆਗਾਸ ਤਥਾ ਧਰਤੀ ਦੇ ਮਧਜ ਮੇਂ ਹੈ ਸਭਨਾਂ ਪਰ ਅੱਲਾ ਦੀ ਹੀ ਹਕੂਮਤ ਹੈ ਅਰ ਉਹ ਸੰਪੂਰਨ ਵਸਤਾਂ ਪਰ ਕਾਦਰ ਹੈ ॥ ੧੨੦ ॥ ਰੁਕੂਹ ੧੬ ॥

## ਸੂਰਤ ਇਨਆਮ ਮੱਕੇ ਵਿਚ ਉਤਰੀ ਏਸ ਦੀਆਂ ਇਕ ਸੌ ਪੈਂਠ ਅਥਵਾ ਇਕ ਸੌ ਛਿਆਠ ਆਯਤਾਂ ਅਰ ਬੀਸ ਰੁਕੂਹ ਹਨ ॥

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕ੍ਰਿਪਾਲੂ ਹੈ ਸਭ ਤਰਹਾਂ ਦੀਆਂ ਮਹਿਮਾਏਂ ਅੱਲਾ ਨੂੰ ਹੀ (ਪ੍ਰਾਪਤ) ਹਨ ਜਿਸਨੇ ਆਗਾਸ ਨੂੰ ਅਰ ਧਰਤੀ ਨੂੰ ਉਤਪਤ ਕੀਤਾ ਅਰ ਅੰਧਕਾਰਾਂ ਨੂੰ ਅਰ (ਹੋਰ) ਪਰਕਾਸ਼ ਨੂੰ ਬਣਾਇਆ ਅਧਜਾਪਿ ਕਾਫਰ (ਖੁਦਾ ਥੀਂ ਸਿਵਾ ਹੋਰ ੨ ਵਸਤਾਂ ਨੂੰ) ਆਪਣੇ ਪਰਵਰਦਿਗਾਰ ਦੇ ਨਾਲ ਬਰਾਬਰੀ ਦੇ ਦਰਜੇ ਵਿਚ ਰਖਦੇ ਹਨ ॥ ੧ ॥ ਓਹੋ ਹੀ ਹੈ ਜਿਸਨੇ ਤੁਸਾਂ(ਲੋਗਾਂ)ਨੂੰ ਮਿਟੀ ਥੀਂ ਉਤਪਤ ਕੀਤਾ ਫੇਰ (ਹਰ ਏਕ ਦੇ ਵਾਸਤੇ ਜੀਵਣ ਦੀ ) ਇਕ ਅਵਧੀ ਨਿਯਤ ਕੀਤੀ ਅਰ ਇਕ ਅਵਧੀ (ਪ੍ਰਲੈ ਦੀ ਹੈ ਜਿਸ ਦਾ ਸਮਾਂ) ਓਸ ਦੇ ਸਮੀਪ ਥਾਪਿਆ ਹੋਇਆ ਹੈ ਫੇਰ ਭੀ ਤੁਸੀਂ (ਲੋਗ ਓਸ ਦੀ ਖੁਦਾਈ ਵਿਚ) ਭਰਮ ਕਰਦੇ ਹੋ ॥ ੨ ॥ ਅਰ ( ਕੀ ) ਆਸਮਾਨਾਂ ਵਿਚ ਅਰ(ਕੀ)ਧਰਤੀ ਪਰ ਵਹੀ ਅੱਲਾ ਹੈ (ਜੋ ਕੁਛ)ਤੁਸੀਂ (ਲੋਗ) ਗੁਪਤ (ਕਰਕੇ ਕਹਿੰਦੇ ਹੋ ਉਹ)ਅਰ (ਜੋ ਕੁਛ) ਪਰਗਟ (ਕਰਕੇ ਕਹਿੰਦੇ ਹੋ)ਉਹ ਓਸ ਨੂੰ (ਸਭ) ਮਾਲੂਮ ਹੈ ਅਰ ਜੋ ਕੁਛ ਤੁਸੀਂ ਕਰਦੇ ਹੋ ( ਉਹ ਭੀ ਸਭ ਕੁਛ) ਓਸ ਨੂੰ ਮਾਲੂਮ ਹੈ ॥ ੩ ॥ ਅਰ ਏਹਨਾਂ ਦੇ ਪਰਵਰਦਿਗਾਰ ਦੇ ( ਇਕ ਹੋਣ ਦੀਆਂ) ਕੋਟੀਆਂ ਨਾਲ ਕੋਈ ਕੋਟੀ ਏਹਨਾਂ ਲੋਗਾਂ ਦੇ ਸਨਮੁਖ ਪੇਸ਼ ਨਹੀਂ ਹੁੰਦੀ ਫੇਰ ਭੀ ਓਸ ਪਾਸੋਂ ਬੇਮੁਖੀ ਹੀ ਕਰਦੇ ਹਨ ॥ ੪ ॥ ਕਿੰਤੂ ਜਦੋਂ ਸਤ (ਕੁਰਾਨ ਭੀ) ਏਹਨਾਂ ਦੇ ਪਾਸ ਆਇਆ ਓਸਨੂੰ ਭੀ ਜੁਠਲਾ ਚੁਕੇ ਤਾਂ ਏਹ ਲੋਗ ਜਿਸ ਚੀਜ਼ ਨੂੰ ਹਾਸੀ ਦਾਸ ਪਦ ਠਹਿਰਾ ਰਹੇ ਹਨ ਓਸਦਾ

Digitized by Panjab Digital Library | www.panjabdigilib.org

ਪ੍ਰਭਾਵ ਏਹਨਾਂ ਨੂੰ ਅਗੇ ਚਲਕੇ ਪਰਤੀਤ ਹੋ ਜਾਵੇਗਾ ॥ ੫ ॥ ਕੀ ਉਕਤ ਪੁਰਖਾਂ ਨੇ (ਏਸ ਬਾਤ ਪਰ) ਦ੍ਰਿਸ਼ਟੀ ਨਹੀਂ ਦਿਤੀ ਕਿ ਅਸਾਂ ਏਹਨਾਂ ਨਾਲੋਂ ਪਹਿਲੇ ਕਿਤਨੀਆਂ ਸੰਪ੍ਰਦਾਵਾਂ ਨੂੰ ਨਿਸ਼ਟ ਕੀਤਾ ਜਿਨਹਾਂ ਦੀ ਅਸਾਂ ਨੇ ਦੇਸ ਵਿਚ ਐਸੀ (ਮਜਬੂਤ) ਜੜ ਲਗਾਈ ਸੀ ਕਿ (ਹੇ ਮੁਨਕਰੋ) ਅਜੇ ਤਕ ਤੁਹਾਡੀ ਭੀ ਐਸੀ ਜੜ ਨਹੀਂ ਲਾਈ ਅਸਾਂ (ਪਾਣੀ ਦੀ) ਓਹਨਾਂ ਪਰ ਮੂਸਲਾ ਧਾਰ ਬਰਖਾ ਕੀਤੀ ਅਰ ਓਹਨਾਂ ਦੇ ਹੇਠਾਂ ਨਦੀਆਂ ਵਗਾ ਦਿਤੀਆਂ ਫੇਰ ਅਸਾਂ ਓਹਨਾਂ ਦੇ ਗੁਨਾਹਾਂ ਦੀ ਸਜਾ ਵਿਚ ਓਹਨਾਂ ਨੂੰ ਨਿਸ਼ਟ ਕਰ ਦਿਤਾ ਅਰ ਓਹਨਾਂ ਦੇ( ਮਾਰਿਆਂ ਪਿਛੋਂ ) ਹੋਰ ਉਮਤਾਂ ਨਿਕਾਸ ਦਿਖਲਾਈਆਂ ॥੬॥ (ਅਰ) ਯਦੀ ਅਸੀਂ ਕਾਗਜ਼ਾਂ ਪਰ (ਲਿਖੀ ਲਿਖਾਈ) ਪੁਸਤਕ (ਭੀ) ਤੁਹਾਡੇ ਪਰ ਉਤਾਰਦੇ ਅਰ ਏਹ ਲੋਗ ਓਸ ਨੂੰ ਆਪਣਿਆਂ ਕਰਾਂ ਸਰਾਂ ਨਾਲ ਸਪਰਸ਼ (ਭੀ) ਕਰ ਲੈਂਦੇ ਤਾਂ ਭੀ ਜੋ ਲੋਗ ਮੁਨਕਰ ਹਨ ਏਹੋ ਬਾਤ ਕਹਿੰਦੇ ਕਿ ਇਹ ਤਾਂ ਖੁਲਾ ਇੰਦਰ ਜਾਲ ਹੈ॥੭॥ ਅਰ ਕਾਫਰ ਕਹਿੰਦੇ ਹਨ ਕਿ ਇਸ ਪਰ ਕੋਈ ਫਰਿਸ਼ਤਾ ਕਿਉਂ ਨਹੀਂ ਨਾਜ਼ਲ ਹੋਇਆ ਅਰ ਯਦੀ ਅਸੀਂ ਫਰਿਸ਼ਤੇ ਨੂੰ ਘਲਦੇ ਤਾਂ ਰਾਰ ਹੀ ਚੁਕ ਗਈ ਸੀ ਤਾਂ ਫੇਰ ਏਹਨਾਂ ਨੂੰ ( ਕਿਸੇ ਤ੍ਰਰਹਾਂ ਦੀ ) ਅਵਧੀ ( ਭੀ ) ਨਾ ਮਿਲ ਦੀ ॥ ੮ ॥ ਅਰ ਯਦੀ ਅਸੀਂ ( ਰਸੂਲ ਦਾ ਮਦਦਗਾਰ ) ਕੋਈ ਫਰਿਸ਼ਤਾ ਕਰਦੇ ਤਾਂ ਓਸ ਨੂੰ ਭੀ ਆਦਮੀ ਬਣਾਉਂਦੇ ਅਰ ਜੋ ਭਰਮ (ਇਹ ਲੋਗ ਹੁਣ) ਕਰ ਰਹੇ ਹਨ ਓਹੀ ਭ੍ਰਰਮ ਅਸੀਂ (ਓਸ ਸਮੇਂ ਭੀ) ਏਹਨਾਂ ਦੇ ਦਿਲਾਂ ਪਰ ਪਾ ਦੇਂਦੇ ॥ ੯ ॥ ਅਰ ਹੇ (ਪੈਯੰਬਰ) ਤੁਹਾਡੇ ਨਾਲੋਂ ਪਹਿਲੇ ਭੀ ਪੈਯੰਬਰ ਨਾਲ ਠਠਾ ਮਖੌਲ ਕੀਤਾ ਗਇਆ ਹੈ ਤਾਂ ਜਿਨਹਾਂ ਲੋਗਾਂ ਨੇ ਉਨਹਾਂ ਨਾਲ ਹਾਂਸੀ ਕੀਤੀ ਸੀ ਉਹ (ਕਸ਼ਟ) ਜਿਸ ਦਾ ਉਹ ਠਠਾ ਕੀਤਾ ਕਰਦੇ ਸਨ ਉਹਨਾਂ ਤੇ ਆ ਪ੍ਰਾਪਤ ਹੋਇਆ ॥ ੧੦ ॥ਰੁਕੂਹ ੧॥

(ਇਹਨਾਂ ਨੂੰ)ਕਹੋ ਕਿ ਦੇਸ ਵਿਚ ਚਲੋ ਫਿਰੋ ਫਿਰ ਦੇਖੋ ਕਿ(ਪੈਯੰਬਰਾਂ ਨੂੰ)ਅਲੀਕ ਨਿਸਚੇ ਕਰਨ ਵਾਲਿਆਂ ਦਾ ਕੈਸਾ ਅੰਜਾਮ ਹੋਇਆ॥੧੧॥(ਏਹਨਾਂ ਲੋਗਾਂ ਨੂੰ)ਪੁਛੋ ਕਿ ਜੋ ਕੁਛ ਆਕਾਸ ਅਰ ਧਰਤੀ ਦੇ ਮਧਜ ਵਿਚ ਹੈ(ਏਹ ਸੰਪੂਰਣ ਬ੍ਰਹਮੰਡ) ਕਿਸ ਦਾ ਹੈ (ਤੁਸੀਂ) ਕਹਿੰਦੇ ਕਿ ਏਹ (ਸੰਪੂਰਨ ਪਦਾਰਥ)ਅੱਲਾ ਦੇ ਹੀ ਹੈਂ (ਓਸ ਨੇ) ਸ੍ਵਯੰ ਕ੍ਰਿਪਾ ਕਰਨ ਦਾ ਸੰਕਲਪ ਕਰ ਲੀਤਾ ਹੈ ਅਰ ਉਹ ਪ੍ਰਲੈ ਦੇ ਦਿਨ ਤਕ ਜਿਸ ਦੇ ਆਉਣ ਵਿਚ ਕਿੰਚਤ ਸੰਦੇਹ ਨਹੀਂ ਤੁਸਾਂ (ਸਾਰਿਆਂ) ਨੂੰ ਅਵਸ਼ ਏਕੱਤਰ ਕਰੇਗਾ ਜੋ ਲੋਗ ਸ੍ਵਯੰ ਆਪਣਾ ਨੁਕਸਾਨ ਕਰਦੇ ਹਨ ਉਹ ਤਾਂ ਈਮਾਨ ਨਹੀਂ ਲੈ ਆਵਣਗੇ ॥ ੧੨ ॥ ਅਰ ਉਸੀ (ਖੁਦਾ) ਦਾ ਹੈ ਜੋ ਕੁਛ ਰਾਤ੍ਰੀ ਅਰ ਦਿਨ ਵਿਚ (ਸੰਪੂਰਨ ਬ੍ਰਹਮਾਂਡ ਮੇਂ) ਨਿਵਾਸ ਕਰਦਾ ਹੈ

Digitized by Panjab Digital Library | www.panjabdigilib.org

ਅਰ ਉਹ (ਸਾਰਿਆਂ ਦੀ)ਸੁਣਦਾ ਅਰ (ਸਬ ਕੁਛ) ਜਾਣਦਾ ਹੈ॥੧੩॥ (ਤੁਸੀਂ) ਪੁਛੋ ਕਿ ਖੁਦਾ ਜੋ ਆਕਾਸ਼ ਧਰਤੀ ਦਾ ਉਤਪਤ ਕਰਨੇ ਵਾਲਾ ਹੈ ਕੀ ਓਸ ਥੀਂ ਸਿਵਾ (ਕਿਸੇ ਹੋਰ ਨੂੰ ਮੈਂ ਆਪਣਾ) ਕਾਰ ਸਾਜ ਨਿਯਤ ਕਰਾਂ ? ਅਰ ਉਹ ਤਾਂ (ਸਾਰਿਆਂ ਦਾ)ਅੰਨ ਦਾਤਾ ਹੈ ਅਰ ਓਸ ਦਾ ਕੋਈ ਅੰਨ ਪ੍ਰਦਾਤਾ ਨਹੀਂ ਕਹਿਦੋ ਕਿ ਮੈਨੂੰ ਤਾਂ ਏਹ ਹੁਕਮ ਮਿਲਿਆ ਹੈ ਕਿ ਸਾਰਿਆਂ ਤੋਂ ਪਹਿਲੇ ਮੈਂ (ਹੀ ਇਕ ਖੁਦਾ ਦਾ ਬੰਦਾ) ਫਰਮਾਂ ਬਰਦਾਰ ਬਣਾ ਅਰ ਖਬਰਦਾਰ ਮੁਸ਼ਿਰਕਾਂ ਵਿਚ ਨਾ ਹੋਣਾ ॥ ੧੪ ॥ ਤੁਸੀਂ ਕਹੋ ਕਿ ਯਦੀ ਮੈਂ ਆਪਣੇ ਪਰਵਰਦਿਗਾਰ ਦੀ ਨਾ ਫਰਮਾਨੀ ਕਰਾਂ ਤਾਂ ਮੈਨੂੰ (ਕਿਆਮਤ ਦੇ) ਸਖਤ ਦਿਨ ਦੇ ਦੁਖ ਪਾਸੋਂ ਭੈ ਆਉਂਦਾ ਹੈ ॥ ੧੫ ॥ ਓਸ ਦਿਨ ਜਿਸ (ਦੇ ਸਿਰੋਂ) ਬਲਾ ਟਲ ਗਈ ਤਾਂ ਓਸ ਪਰ ਖਦਾ ਨੇ(ਬਹੁਤ)ਰਹਿਮ ਕੀਤਾ ਅਰ ਏਹ ਦਿਨਦੀਵੀਂ ਰਿਧੀ ਸਿਧੀ ਹੈ ॥ ੧੬ ॥ ਅਰ (ਹੇ ਆਦਮੀ) ਯਦੀਚ ਅੱਲਾ ਤੇਰੇ ਤਾਂਈਂ (ਕਿਸੀ ਤਰਹਾਂ ਦੀ) ਤਕਲੀਫ ਦੇਵੇ ਤਾਂ ਓਸ ਤੋਂ ਸਿਵਾ ਓਸ (ਤਕਲੀਫ) ਦੇ ਦੂਰ ਕਰਨ ਵਾਲਾ ਹੋਰ ਦੂਸਰਾ ਕੋਈ ਨਹੀਂ ਅਰ ਯਦੀ ਤੈਨੂੰ (ਕਿਸੇ ਤਰਹਾਂ ਦਾ) ਫਾਇਦਾ ਪਹੁੰਚਾਵੇ ਤਾਂ ਉਹ ਸੰਪੂਰਨ ਵਸਤਾਂ ਪਰ ਕਾਦਰ ਹੈ ॥ ੧੭ ॥ ਅਰ ਉਹੀ ਆਪਣਿਆਂ ਬੰਦਿਆਂ ਪਰ ਬਲੀ ਹੈ ਅਰ ਵਹੀ ਯੁਕਤੀ ਵਾਲਾ ਅਰ ਜਾਨੀ ਜਾਨ ਹੈ ॥ ੧੮ ॥ (ਤੁਸੀਂ ਏਹਨਾਂ ਲੋਗਾਂ ਨੂੰ) ਪੁਛੋ ਕਿ ਗਵਾਹੀ ਦੇ ਇਤਬਾਰ ਨਾਲ ਵਡਾ (ਮੋਤਬਿਰ ਗਵਾਹ) ਕੌਣ ਹੈ?(ਤੁਸੀ ਸੁਧੇ ਹੀ ਏਹਨਾਂ ਨੂੰ ਕਹਿਦੋ ਕੇ ਮੇਰੇ ਅਰ ਤੁਹਾਡੇ ਮਧਜ ਵਿਚ (ਬੜਾ ਮੋਹਤਬਿਰ) ਗਵਾਹ ਖੁਦਾ ਹੈ ਅਰ ਏਹ ਕੁਰਾਨ ਮੇਰੀ ਤਰਫ ਇਸੀ ਕਰਕੇ ਵਹੀ ਕੀਤਾ ਗਿਆ ਹੈ ਕਿ ਏਸਦੇ ਦੁਵਾਰਾ ਤੁਹਾਨੂੰ ਹੋਰ ਜਿਸਨੂੰ (ਏਸ ਦੀ ਖਬਰ) ਪਹੁੰਚੇ (ਓਸ ਨੂੰ ਖੁਦਾ ਦੇ ਅਜਾਬ ਤੋਂ) ਡਰਾਵਾਂ ਕੀ ਤੁਸੀਂ ਪਕੇ ਬਨ ਕੇ ਏਸ ਬਾਤ ਦੀ ਗਵਾਹੀ ਦੇਂਦੇ ਹੋ ਕਿ ਅੱਲਾ ਦੇ ਸਾਥ ਦੂਸਰੇ ਮਾਬੂਦ ਭੀ ਹਨ (ਹੇ ਪੈਯੰਬਰ ਤੁਸੀਂ ਏਹਨਾਂ ਨੂੰ) ਕਹੋ ਕਿ (ਮੈਂ ਤਾਂ ਏਸ ਬਾਤ ਦੀ) ਗਵਾਹੀ ਦੇਂਦਾ ਨਹੀਂ (ਤੁਸੀਂ ਏਹਨਾਂ ਲੋਗਾਂ ਨੂੰ) ਕਹੋ ਕਿ ਉਹ ਤਾਂ ਸਿਰਫ ਇਕ ਮਾਬੂਦ ਹੈ ਹੋਰ ਬਸ ਅਰ ਜਿਨਹਾਂ ਵਸਤਾਂ ਨੂੰ ਤੁਸੀਂ ਖੁਦਾ ਦੀਆਂ ਸਜਾਤੀ ਨਿਯਤ ਕਰਦੇ ਹੋ ਮੈਂ (ਤਾਂ) ਓਹਨਾਂ ਦਾ ਰਵਾਦਾਰ ਨਹੀਂ ॥ ੧੯ ॥ ਜਿਨਹਾਂ ਲੋਗਾਂ ਨੂੰ ਅਸਾਂ ਕਿਤਾਬ ਦਿਤੀ ਹੈ ਉਹ ਤਾਂ ਜਿਸ ਤਰਹਾਂ ਆਪਣਿਆਂ ਪੁਤਰਾਂ ਨੂੰ ਜਾਣਦੇ ਹਨ ਇਸੀ ਤਰਹਾਂ (ਸਾਡੇ) ਏਸ ਪੈਯੰਬਰ ਨੂੰ ਭੀ ਜਾਣਦੇ ਹਨ ( ਪਰੰਚ ) ਜੋ (ਆਪਣੀ ਹਥੀਂ) ਆਪਣਾ ਨੁਕਸਾਨ ਕਰ ਰਹੇ ਹਨ ਉਹ ਤਾਂ ਕਿਸੀ ਤਰਹਾਂ ਭਰੋਸਾ ਕਰਨ ਵਾਲੇ ਹੈ ਨਹੀਂ ॥ ੨੦ ॥ ਰੁਕੂਹ ੨ ॥

ਅਰ ਜੋ ਪੁਰਖ ਖੁਦਾ ਪਰ ਝੂਠ ਥਪੇ ਕਿੰਵਾ ਓਸ ਦੀਆਂ ਆਇਤਾਂ

Digitized by Panjab Digital Library | www.panjabdigilib.org

ਨੂੰ ਅਲੀਕ ਨਿਯਤ ਕਰੇ ਓਸ ਨਾਲੋਂ ਵਧੇਰਾ ਜਾਲਮ ਕੌਣ ? (ਅਰ) ਜਾਲਮਾਂ ਨੂੰ ਕਿਸੀ ਤਰਹਾਂ ਫਲਾਹ ਨਹੀਂ ਹੋਣੀ ॥ ੨੧ ॥ ਅਰ ਜਦੋਂ ਅਸੀਂ ਏਹਨਾਂ ਸਾਰਿਆਂ ਨੂੰ (ਆਪਣੇ ਸਨਮੁਖ) ਇਕਤ੍ਰ ਕਰਾਂਗੇ ਫੇਰ ਉਹਨਾਂ ਲੋਗਾਂ ਪਾਸੋਂ ਜੋ ( ਸਾਡੇ ਸਾਥ ਦੂਸਰਿਆਂ ਮਾਬੂਦਾਂ ਨੂੰ ) ਸ਼ਰੀਕ ਕਰਦੇ ਸਨ ਪੁਛਾਂਗੇ ਕਿ ਕਿਥੇ ਹਨ ਤੁਹਾਡੇ (ਨਿਯਤ ਕੀਤੇ ਹੋਏ) ਉਹ ਸ਼ਰੀਕ ਜਿਨਹਾਂ ਨੂੰ ਤੁਸੀਂ (ਖੁਦਾ ਦੇ ਸ਼ਰੀਕ) ਸਮਝਦੇ ਸੀ ॥੨੨॥ਫੇਰ ਏਸ ਥੀਂ ਵਧਕੇ ਏਹਨਾਂ ਦਾ ਹੋਰ ਝੂਠ ਕੀ ਹੋਵੇਗਾ ਕਿ ਕਹਿਣਗੇ ਸਾਨੂੰ ਖੁਦਾ ਦੀ ਕਸਮ ਜੋ ਸਾਡਾ ਪਰਵਰ-ਦਿਗਾਰ ਹੈ ਕਿ ਅਸੀਂ ਤਾਂ (ਕਿਸੀ ਨੂੰ ਓਸ ਦਾ) ਸ਼ਰੀਕ ਨਹੀਂ ਬਣਾਉਂਦੇ ਸੀ ॥੨੩॥ਦੇਖੋ ਤਾਂ ਸਹੀ (ਏਹ ਲੋਗ)ਕਿਸ ਤਰਹਾਂ ਆਪਣੇ ਪਰ ਆਪ ਝੂਠ ਬੋਲਣ ਲਗੇ ਅਰ ਏਹਨਾਂ ਦੀਆਂ ਝੂਠੀਆਂ ਬਾਤਾਂ ਬਣਾਈਆਂ ਹੋਈਆਂ (ਸਾਰੀਆਂ ਦੀਆਂ ਸਾਰੀਆਂ) ਇਹਨਾਂ ਤੋਂ ਗਈਆਂ ਗਵਾਤੀਆਂ ਹੋ ਗਈਆਂ॥੨੪॥ਅਰ(ਕਈਕ) ਏਹਨਾਂ ਵਿਚੋਂ ਐਸੇ ਭੀ ਹਨ ਕਿ ਤੇਰੀਆਂ (ਬਾਤਾਂ ਦੀ) ਤਰਫ ਕੰਨ ਧਰਦੇ ਹਨ। ਅਰ ਏਹਨਾਂ ਦੇ ਦਿਲਾਂ ਪਰ ਅਸਾਂ (ਗਫਲਤ ਅਰ ਹਠ ਧਰਮੀ ਦੇ) ਪਰਦੇ ਪਾ ਦਿਤੇ ਹਨ ਅਰ ਏਹਨਾਂ ਦੇ ਕੰਨਾਂ ਵਿਚ ਡਾਟ ਤਾਂ ਤੇ ਤੁਹਾਡੀਆਂ ਗਲਾਂ ਨਾ ਸਮਝ ਸਕਣ ਅਰ ਯਦੀ ਇਹ (ਸਾਂਸਾਰਿਕ) ਸਾਰੀਆਂ ਨਿਸ਼ਾ-ਨੀਆਂ (ਅਰਥਾਤ ਚਮਤਕਾਰ) ਭੀ ਦੇਖ ਲੈਣ ਤਾਂ ਭੀ ਭਰੋਸਾ ਕਰਨ ਵਾਲੇ ਨਹੀਂ (ਏਹਨਾਂ ਦੀਆਂ ਹਠ ਧਰਮੀਆਂ ਤਾਂ) ਏਥੋਂ ਤਕ (ਵਧੀਆਂ ਹੋਈਆਂ ਹਨ) ਕਿ ਜਦੋਂ ਤੇਰੇ ਪਾਸ ਝਗੜਦੇ ਹੋਏ ਆਉਂਦੇ ਹਨ ਤਾਂ (ਇਹ) ਕਾਫਰ ਬੋਲ ਉਠਦੇ ਹਨ ਕਿੰਤੂ ਕੁਰਾਨ(ਵਿਚ)ਤਾਂ ਸਿਰਫ ਪੁਰਾਣੀਆਂ ਕਹਾਣੀਆਂ (ਹੀ ਕਹਾਣੀਆਂ) ਹਨ ॥ ੨੫ ॥ ਅਰ ਏਹ ਲੋਗ (ਕੁਰਾਨ ਦੇ ਸ੍ਰਵਣ ਤੋਂ) ਦੂਸਰਿਆਂ ਨੂੰ ਮਨਾ ਕਰਦੇ ਹਨ ਅਰ(ਸ੍ਵਯੰਭੀ)ਉਸ ਪਾਸੋਂ ਭਜਦੇ ਹਨ ਅਰ(ਐਸੀਆਂ ਤਤੂਨੀਆਂ ਤੋਂ) ਕੇਵਲ ਆਪਣੀ ਹੀ ਆਤਮਕਘਾਤਤਾ ਤੇ ਤਿਆਰ ਹਨ ਅਰ(ਧੂਰਤਤਾ ਇਹ ਹੈ ਕਿ ਏਸ ਰਹੱਸ ਨੂੰ) ਨਹੀਂ ਸਮਝਦੇ ॥੨੬॥ ਅਰ ਹਾ ਦੇਵ ! ਤੂੰ ( ਏਹਨਾਂ ਨੂੰ ) ਐਸੀ ਦਸ਼ਾ ਵਿਚ ਦੇਖੇਂ ਕਿ ਨਰਕਾਂ ਪਰ (ਲਿਆ ਕੇ) ਖੜੇ ਕੀਤੇ ਜਾਣ ਅਰ (ਓਸ ਨੂੰ ਦੇਖ ਕੇ) ਕਹਿਣ ਲਗਣ ਕਿ ਹਾ ਦੇਵ ਅਸੀਂ (ਪੁਨਰ ਦੁਨੀਆਂ ਵਿਚ) ਵਾਪਸ ਕੀਤੇ ਜਾਈਏ ਅਰ ਆਪਣੇ ਪਰਵਰਦਿਗਾਰ ਦੀਆਂ ਆਇਤਾਂ ਨੂੰ ਮਿਥਿਆ ਨਾ ਸਮਝੀਏ ਅਰ ਭਰੋਸੇ ਵਾਲਿਆਂ ਵਿਚੋਂ ਹੋਈਏ॥੨੭॥(ਫਿਰ ਵੀ ਇਹਨਾਂ ਦੀ ਇਹ ਪਸ਼ੇਮਾਨੀ ਦਿਲੋਂ ਨਹੀਂ)ਕਿੰਤੂ ਜਿਸ(ਬੇਈਮਾਨੀਨੂੰ)ਪਹਿਲਾਂ ਗੁਪਤ ਰਖਦੇ ਸਨ ਹੁਣ ਏਹਨਾਂ ਦੇ ਅਗੇ ਆਈ (ਉਸਨੂੰ ਵੇਖਕੇ ਲਗੇ ਹਥ ਮਲਨ) ਅਰ ਯਦੀ (ਸੰਸਾਰ ਵਿਖਜ) ਵਾਪਸ ਭੇਜੇ ਜਾਣ ਤਾਂ ਜਿਸ ਵਸਤੂ ਤੋਂ ਏਹਨਾਂ ਨੂੰ ਵਿਵਰਜਿਤ ਕੀਤਾ ਗਇਆ ਹੈ ਓਸ ਨੂੰ ਪੁਨਰ ਕਰਨ ਅਰ

Digitized by Panjab Digital Library | www.panjabdigilib.org

ਕਰਨ ਕੁਝ ਭਰਮ ਨਹੀਂ ਕਿ ਇਹ ਮਿਥਿਆਵਾਦੀ ਹਨ ॥੨੮॥ ਅਰ ਕਹਿੰਦੇ ਹਨ ਕਿ ਇਹ ਜੋ ਸਾਡਾ ਸਾਂਸਾਰਿਕ ਜੀਵਨ ਹੈ ਇਸ ਥੀਂ ਅਲਗ ਹੋਰ ਕਿਸੇ ਤਰ੍ਹਾਂ ਦਾ ਜੀਵਨ ਨਹੀਂ ਅਰ ਇਹ (ਬਾਤ) ਮਿਥਿਆ ਹੈ ਕਿ ਅਸੀਂ ਮਰਿਆਂ ਪਿਛੋਂ ਸੁਰਜੀਤ ਕੀਤੇ ਜਾਵਾਂਗੇ॥੨੯॥ਅਰ ਹੇ ਦਿਓ ਤੁਸੀਂ(ਏਹਨਾਂ ਨੂੰ ਓਸ ਸਮੇਂ) ਦੇਖੋ ਜਿਸ ਸਮੇਂ ਇਹ ਆਪਣੇ ਪਰਵਰਦਿਗਾਰ ਦੇ ਅਭਿਮੁਖ ਇਸਥਿਤ ਕੀਤੇ ਜਾਣਗੇ(ਅਰ ਉਹ ਏਹਨਾਂ ਪਾਸੋਂ)ਪੁਛੇਗਾ ਕੀ ਕਿਆ ਇਹ ਸਹੀ ਨਹੀਂ? ਉਹ ਉੱਤਰ ਦੇਣਗੇ ਕਿ ਸਾਨੂੰ ਆਪਣੇ ਪਰਵਰਦਿਗਾਰ ਦੀ ਕਸਮ ਠੀਕ(ਸਚ ਤਾਂ ਹੈ ਏਸ ਪਰ ਖੁਦਾ)ਕਹੇਗਾ ਕਿ ਤੁਸੀਂ ਜੋ(ਸੰਸਾਰ ਵਿਚ ਏਸ ਜੀਵਨ ਦਾ)ਨਨਾਕਾਰ ਕਰਦੇ ਰਹੇ(ਹੁਣ)ਓਸ ਦੀ ਪ੍ਰਤਿ ਨਿਧਿ ਵਿਚ ਦੁਖ(ਦਾ ਰਸ)ਚਖੋ॥੩੦॥ਰਕੂਹ੩॥

ਜਿਨਹਾਂ ਲੋਗਾਂ ਨੇ (ਅੰਤ ਦੇ ਦਿਨ) ਅੱਲਾ ਦੇ ਸਨਮੁਖ ਹਾਜਰ ਹੋਣ ਨੂੰ ਮਿਥਿਆ ਠਹਿਰਾਇਆ ਨਿਰਸੰਦੇਹ ਉਹ ਲੋਗ (ਬੜੀ ਭਾਰੀ) ਹਾਨੀ ਵਿਚ ਰਹੇ ਇਹਨਾਂ ਦਾ ਇਨਕਾਰ ਏਥੋਂ ਤਕ ਜਦੋਂ ਸੀਘਰ ਹੀ ਕਿਆਮਤ ਏਹਨਾਂ (ਦੇ ਸਿਰ) ਪਰ ਆ ਖੜੀ ਹੋਵੇਗੀ ਤਾਂ ਚਿਚਲਾ ਉੱਠਣਗੇ ਹਾਇ ਧਿਕਾਰ ਸਾਡੀ ਸੁਸਤੀ ਪਰ ਜੋ ਕਿਆਮਤ ਦੇ ਪ੍ਰਕਰਣ ਵਿਖਜ ਸਾਥੋਂ ਹੋਈ ਅਰ ਆਪਣੀਆਂ ( ਅਵਗੁਣਾ ਦਾ ) ਬੋਜਾ ਆਪਣੀਆਂ ਪਿੱਠਾਂ ਪਰ ਚਾਏ ਹੋਏ ਹੋਣਗੇ ਅਨਮਾਨ ਕਰੋ ( ਕੈਸਾ ਹੀ ) ਬੁਰਾ ( ਬੋਝ ) ਹੈ ਜਿਸਨੂੰ ਇਹ ਲੋਗ ਚੁਕੀ ( ਚੁਕੀ ਫਿਰਦੇ) ਹੋਨਗੇ ॥ ੩੧ ॥ ਅਰ ਇਹ ਸਾਂਸਾਰਿਕ ਜੀਵਨ ਤਾਂ ਨਿਰਾ ਖੇਲ ਤਮਾਸ਼ਾ ਹੈ ਅਰ ਨਿਰਸੰਸ ਜੋ ਲੋਗ ਪਰਹੇਜਗਾਰ ਹਨ ਓਹਨਾਂ ਵਾਸਤੇ ਆਖਰਤ ਦਾ ਨਿਵਾਸ ਅਸਥਾਨ ਕਈ ਗੁਣਾਂ ਚੰਗਾ ਹੈ ਕੀ ਤੁਸੀਂ ਲੋਗ ( ਏਤਨੀ ਬਾਤ ਭੀ ) ਨਹੀਂ ਸਮਝਦੇ ॥ ੩੨ ॥ ਹੇ (ਪੈਯੰਬਰ) ਅਸਾਂ ਏਸ ਬਾਤ ਨੂੰ ਸਮਝ ਬੈਠੇ ਹਾਂ ਕਿ ਇਹ ਲੋਗ ਜੈਸੀਆਂ ਜਸੀਆਂ ਬਾਤਾਂ (ਤੁਹਾਨੂੰ) ਕਹਿੰਦੇ ਹਨ ਨਿਰਸੰਦੇਹ ਤੁਹਾਨੂੰ ਚਿੰਤਾਤਰ ਕਰਦੀਆਂ ਹਨ ਇਹ ਤੁਹਾਨੂੰ ਹੀ ਨਹੀਂ ਮਿਥਿਆ ਕਲਪਦੇ ਕਿੰਤੂ (ਇਹ)ਜਾਲਮ ਅਸਲ ਵਿਚ ਅੱਲਾ ਦੀਆਂ ਆਇਤਾਂ ਦਾ ਇਨਕਾਰ ਕਰਦੇ ਹਨ ॥੩੩॥ਅਰ ਤੁਹਾਡੇ ਨਾਲੋਂ ਪਹਿਲੇ ਭੀ ਰਸੂਲ ਮਿਥਿਆ ਕਲਪੇ ਗਏ ਹਨ ਤਾਂ ਉਹਨਾਂ ਨੇ ਲੋਗਾਂ ਦੇ ਮਿਥਿਆ ਨਿਰਧਾਰਣ ਪਰ ਅਰ ਓਹਨਾਂ ਦੇ ਕਸ਼ਟ ਦੇਣ ਪਰ ਸੰਤੋਖ ਕੀਤੀ ਏਥੋਂ ਤਕ ਕਿ ਸਾਡੀ ਸਹਾਇਤਾ ਓਹਨਾਂ ਦੇ ਪਾਸ ਆ ਪਹੁੰਚੀ ਅਰ ਕੋਈ ਖੁਦਾ ਦੀਆਂ ਬਾਤਾਂ ਨੂੰ ਬਦਲਣ ਵਾਲਾ ਨਹੀਂ ਅਰ ( ਨਿਰਸੰਦੇਹ ) ਪੈਯੰਬਰਾਂ ਦੇ ਜੀਵਨ ਬ੍ਰਿਤਾਂਤ ਤਾਂ ਤੁਹਾਡੇ ਪਾਸ ਪਹੁੰਚ ਹੀ ਚੁਕੇ ਹਨ ॥ ੩੪ ॥ਯਦੀਚਏਹਨਾਂ (ਬੇ ਮੁਖਾਂ) ਦੀ ਬੇਮੁਖਤਾਈ ਤੁਹਾਨੂੰ ਬੋਜਲ ਗੁਜਰਦੀ ਹੈ ਅਰ ਤੁਸਾਂ ਪਾਸੋਂ ਹੋ ਸਕੇ ਕਿ ਧਰਤੀ ਦੇ ਅੰਦਰੇ (ਅੰਦਰ ਕੋਈ) ਗੁਫਾ ਭਾਲੇਂ ਅਥਵਾ ਅਗਾਸ ਵਿਚ

Digitized by Panjab Digital Library | www.panjabdigilib.org

ਕੋਈ ਪੌੜੀ ( ਲਗਾ ਕੇ ਅਰ ) ਕੋਈ ਮੋਜਜ਼ਾ (ਏਹਨਾਂ ਨੂੰ) ਲਿਆਕੇ ਦਿਖਲਾਵੇ (ਤਾਂ ਆਪਣੀ ਤਰਫੋਂ ਕਰ ਦੇਖੇ ਪਰੰਤੂ ਹੋਣਾ ਹਾਣਾ ਕੁਝ ਨਹੀਂ) ਅਰ ਯਦੀ ਅੱਲਾ ਨੂੰ ਮਨਜੂਰ ਹੁੰਦਾ ਤਾਂ ਏਹਨਾਂ (ਸਾਰਿਆਂ) ਨੂੰ ਸਚੇ ਮਾਰਗ ਪਰ ਇਕਤ੍ਰ ਕਰ ਦੇਂਦਾ ਤਾਂ ਦੇਖਣਾ ਤੁਸਾਂ ਕਿਤੇ ਮੂਰਖਾਂ ਵਿਚ ਨਾ (ਰਲ) ਜਾਣਾ॥੩੫॥ (ਤੁਹਾਡਾ ਉਪਦੇਸ਼ ਤਾਂ) ਵਹੀ ਮੰਨਦੇ ਹਨ ਜੋ ( ਰਿਦੇ ਦੇ ਕੰਨਾਂ ਨਾਲ ) ਸੁਣਦੇ ਹਨ ( ਅਰ ਇਹ ਕਾਫਰ ਤਾਂ ਮਾਨੋ) ਮੁਰਦੇ (ਹਨ) ਏਹਨਾਂ ਨੂੰ ਖੁਦਾ (ਕਿਆਮਤ ਦੇ ਦਿਨ) ਸਿਰ-ਜੀਤ ਕਰ ਲਵੇਗਾ ਫੇਰ ਓਸ ਦੀ ਤਰਫ ਲੁਟਾਏ ਜਾਣਗੇ ॥ ੩੬ ॥ ਅਰ (ਕਾਫਰ) ਕਹਿੰਦੇ ਹਨ ਕਿ ਇਸ (ਰਸਾਲਤ ਦੇ ਮੁਦਈ) ਦੇ ਪਰਵਰ-ਦਿਗਾਰ ਦੀ ਤਰਫੋਂ ਕੋਈ ਲਿੰਗ ( ਅਰਥਾਤ ਮੋਜਜ਼ਾ ਜਿਸ ਤਰਹਾਂ ਦਾ ਸਾਨੂੰ ਅਭੀਸ਼ਟ ਹੈ ) ਕਿਉਂ ਨਹੀਂ ਉਤਰਿਆ (ਹੇ ਪੈਯੰਬਰ ਤੁਸੀਂ ਏਸ ਦੇ ਪ੍ਰਤੀ ਉਤਰ ਵਿਚ ) ਕਹੋ ਕਿ ਅੱਲਾ ਲਿੰਗ (ਨਸ਼ਾਨ ਅਰਥਾਤ ਫਰਮਾਇਸ਼ੀ ਮੋਜਜ਼ਿਆਂ ) ਦੇ ਉਤਾਰਨ ਪਰ (ਭੀ) ਕਾਦਰ ਹੈ ਪਰੰਚ ਏਹਨਾਂ ਵਿਚੋਂ ਬਹੁਤੇਰੇ (ਖੁਦਾਈ ਭੇਦਾਂ ਨੂੰ) ਨਹੀਂ ਜਾਣਦੇ॥੩੭॥ ਅਰ ਜਿਤਨੇ ਜਾਨਵਰ ਧਰਤੀ ਵਿਚ (ਤੁਰਦੇ ਫਿਰਦੇ ) ਹਨ ਅਰ ਜਿੰਨੇ ਪੰਖੀ ਆਪਣਿਆਂ ਦੋ ਪਰਾਂ ਨਾਲ ਉਡਦੇ ਫਿਰਦੇ ਹਨ ਏਹ ਸਾਰੇ ਭੀ ਤੁਹਾਡੀ ਤਰਹਾਂ ਦੀ ਮਖਲੂਕਾਤ ਹੈ ਅਸਾਂ ਕਿਤਾਬ ਵਿੱਚ (ਲਿਖਣ ਤੋਂ) ਕੋਈ ਚੀਜ਼ ਛਡ ਨਹੀਂ ਦਿਤੀ ਓਹ ਆਪਣੇ ਪਰਵਰਦਿਗਾਰ ਦੇ ਹਜ਼ੂਰ ਹਾਜ਼ਰ ਕੀਤੇ ਜਾਣਗੇ ॥ ੩੮ ॥ ਅਰ ਜੋ ਲੋਗ ਸਾਡੀਆਂ ਆਇਤਾਂ ਨੂੰ ਅਲੀਕੀ ਕਰਦੇ ਹਨ ਓਹ ਅੰਧੇਰੇ ਵਿਚ ਬੋਲੇ ਤਥਾ ਗੁੰਗੇ ( ਹੁੰਦੇ ਹਨ ) ਖੁਦਾ ਜਿਸ ਨੂੰ ਚਾਹੇ ਓਸ ਨੂੰ ਗੁਮਰਾਹ ਕਰ ਦੇਵੇ ਅਰ ਜਿਸ ਨੂੰ ਚਾਹੇ ਓਸ ਨੂੰ ਸਚੇ ਮਾਰਗ ਪਾ ਦੇਵੇ ॥੩੯॥ (ਤੁਸੀਂ) ਕਹੋ ਕਿ ਭਲਾ ਦੇਖੋ ਤਾਂ ਸਹੀ ਯਦੀ ਖੁਦਾ ਦਾ ਕਸ਼ਟ ਤੁਹਾਡੇ ਸਨਮੁਖ ਆ ਇਸਥਿਤ ਹੋਵੇ ਅਥਵਾ (ਸੰਭਾਵਨਾ ਕਰੋ ਕਿ ਇਸੀ ਛਿਨ ਮੇਂ) ਕਿਆਮਤ ਤੁਹਾਡੇ ਸਨਮੁਖ ਆ ਇਸਥਿਤ ਹੋਵੇ ਤਾਂ ਯਦੀ ਤੁਸੀਂ (ਆਪਣੇ ਭੇਦ ਪਖ ਮੇਂ) ਸਚੇ ਹੋ ਤਾਂ (ਕੀ ਓਸ ਵੇਲੇ ਭੀ) ਖੁਦਾ ਤੋਂ ਸਿਵਾ ( ਦੂਸਰਿਆਂ ਮਾਬੂਦਾਂ ) ਨੂੰ ਪੁਕਾਰਨ ਲਗੋਗੇ ॥ ੪੦ ॥ ਕਿੰਤੂ ਓਸੇ (ਇਕ ਖੁਦਾ ) ਨੂੰ ਹੀ ਪੁਕਾਰੋਗੇ ਤਾਂ ਜਿਸ ( ਬਲਾ ਦੇ ਦੂਰ ਕਰਨ ) ਵਾਸਤੇ (ਓਸ ਨੂੰ) ਪੁਕਾਰੋਗੇ ਯਦੀ ਓਸ ਦੀ ਮਰਜ਼ੀ ਵਿਚ ਆਵੇਗਾ ਤਾਂ ਓਸ ਨੂੰ ਦੂਰ ਕਰ ਦੇਵੇਗਾ ਅਰ ਜਿਨਹਾਂ ( ਮਾਬੂਦਾਂ ਨੂੰ ) ਤੁਸੀ ਖੁਦਾ ਦੇ ਸਜਾਤੀ ਨਿਯਤ ਕਰਦੇ ਹੋ (ਓਸ ਵੇਲੇ ਸਭ ) ਭੁਲ ਜਾਣਗੇ ॥ ੪੧ ॥ ਰੁਕੂਹ ੪ ॥

ਅਰ ਤੁਹਾਡੇ ਨਾਲੋਂ ਪਹਿਲੇ ਜੋ ਉਮਤਾਂ ਹੋ ਚੁਕੀਆਂ ਹਨ ਅਸਾਂ ਓਹਨਾਂ ਦੀ ਤਰਫ ਭੀ ( ਪੈਯੰਬਰ ) ਭੇਜੇ ਹਨ ਪੁਨਰ ( ਜਦੋਂ ਓਹਨਾਂ ਨੇ ਪੈਯੰਬਰ ਦੇ ਉਪਦੇਸ਼ਾਂ ਨੂੰ ਨਾ ਧਾਰਿਆ ਤਾਂ) ਅਸਾਂ ਓਹਨਾਂ ਨੂੰ ਸਖਤੀ ਤਥਾ ਤਕਲੀਫ ਵਿਚ

Digitized by Panjab Digital Library | www.panjabdigilib.org

ਫੜਿਆ ਤਾਂ ਕਿ ਉਹ (ਸਾਡੇ ਸਨਮੁਖ) ਗਿੜ ਗਿੜਾ ਜਾਣ ॥ ੪੨ ॥ ਤਾਂ ਜਦੋਂ ਓਹਨਾਂ ਪਰ ਸਾਡਾ ਅਜ਼ਾਬ ਆਇਆ ਸੀ ਤਾਂ ਕਿਉਂ ਨਹੀਂ ਗਿੜ ਗਿੜਾਇ ਪਰੰਚ ਓਹਨਾਂ ਦੇ ਦਿਲ ਪੱਥਰ ਹੋ ਗਏ ਸਨ ਅਰ ਜੋ ਕਰਦੇ ਸਨ ਸ਼ੈਤਾਨ ਨੇ ਓਹਨਾਂ (ਦੀ ਦ੍ਰਿਸ਼ਟੀ ਅਗੇ ਓਸ) ਨੂੰ ਸੁੰਦਰ ਕਰ ਦਿਖਲਾਇਆ ਸੀ ॥ ੪੩ ॥ ਪੁਨਰ ਜਿਸ ਥੀਂ ਓਹਨਾਂ ਨੂੰ ਖ਼ਬਰਦਾਰ ਕੀਤਾ ਗਿਆ ਸੀ ਜਦੋਂ (ਓਸ ਨੂੰ) ਭੁਲਾ ਭੁਲਾ ਬੈਠੇ (ਤਾਂ) ਅਸਾਂ (ਭੀ) ਓਹਨਾਂ ਪਰ ਸਭ ਤਰਹਾਂ ਦੇ (ਸਾਂਸਾਰਿਕ) ਪਦਾਰਥਾਂ ਦੇ ਦਰਵਾਜ਼ੇ ਖੋਹਲ ਦਿਤੇ ਏਥੋਂ ਤਕ ਕਿ ਜੋ ਪਦਾਰਥ ਓਹਨਾਂ ਨੂੰ ਦਿਤੇ ਗਏ ਸਨ ਜਿਦੋਂ ਓਹਨਾਂ ਨੂੰ ਪਾਕੇ ਪ੍ਰਸੰਨ ਹੋਏ ਤਾਂ ਅਚਾਨ ਚਕ ਹੀ ਅਸਾਂ ਓਹਨਾਂ ਨੂੰ (ਦੁਖ ਵਿਚ) ਆ ਪਕੜਿਆ ਅਰ ਦੁਖ ਦਾ ਆਉਣਾ ਹੀ ਸੀ ਕਿ ਉਹ ਨਿਰਾਸ ਹੋਕੇ ਬੈਠ ਗਏ ॥ ੪੪ ॥ ਅਰ ਜ਼ਾਲਮ ਲੋਗਾਂ ਦੀ ਜੜ ਵਢੀ ਗਈ ਅਰ ਖ਼ੁਦਾ ਦਾ ਧੰਨਵਾਦ ਹੈ ਜੋ ਸੰਸਾਰ ਭਰ ਦਾ ਸ੍ਵਾਮੀ ਹੈ ॥ ੪੫ ॥ ਤੁਸੀਂ ਏਹਨਾਂ ਲੋਗਾਂ ਪਾਸੋਂ ਪੁਛੋ ਕਿ ਭਲਾ ਦੇਖੋ ਤਾਂ ਸਹੀ ਯਦੀ ਖ਼ੁਦਾ ਤੁਹਾਡੇ ਕੰਨ ਅਰ ਨੇਤਰ ਖੋਹ ਲਵੇ ਅਰ ਤੁਹਾਡਿਆਂ ਦਿਲਾਂ ਪਰ ਮੁਹਰਾਂ ਲਗਾ ਦੇਵੇ ਤਾਂ ਖ਼ੁਦਾ ਤੋਂ ਸਿਵਾ ਹੋਰ ਕੋਈ ਮਾਬੂਦ ਹੈ ? ਕਿ ਇਹ ਪਦਾਰਥ ਤੁਹਾਨੂੰ ਲਿਆ ਦੇਵੇ । ਦੇਖ ਤਾਂ ਸਹੀ ਕਿਸਤਰਹਾਂ ਅਸੀਂ (ਆਪਣੀ ਕੁਦਰਤ ਦੀਆਂ) ਦਲੀਲਾਂ ਨਾਨਾ ਪ੍ਰਕਾਰ ਸੇ ਵਰਣਨ ਕਰਦੇ ਹਾਂ ਅਦਯਪਿ ਭੀ ਇਹ ਲੋਗ ਮੂੰਹ ਮੋੜੀ ਤੁਰੀ ਜਾਂਦੇ ਹਨ ॥ ੪੬ ॥ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਪੁਛੋ ਕਿ ਭਲਾ ਦੇਖੋ ਤਾਂ ਸਹੀ ਯਦੀ ਖ਼ੁਦਾਈ ਕਸ਼ਟ ਅਚਾਨਕ ਕਿੰਵਾ ਜਿਤਾ ਕੇ ਤੁਹਾਡੇ ਪਰ ਆ ਪੜੇ ਤਾਂ ਕੀ ਨਾਫਰਮਾਨ ਲੋਗਾਂ ਤੋਂ ਸਿਵਾ (ਕੋਈ ਹੋਰ ਭੀ) ਮਾਰਿਆ ਜਾਵੇਗਾ ? ॥ ੪੭ ॥ ਅਰ ਪੈਯੰਬਰਾਂ ਨੂੰ ਅਸੀਂ ਕੇਵਲ ਏਸੇ ਸੰਕਲਪ ਪਰ ਭੇਜਦੇ ਹਾਂ ਕਿ (ਭਲਿਆਂ ਨੂੰ ਖ਼ੁਦਾ ਦੀ) ਖੁਸ਼ ਖਬਰੀ ਸੁਨਾਉਣ ਅਰ (ਬਦਾਂ ਨੂੰ ਕਸ਼ਟ ਤੋਂ) ਸਭੈ ਕਰਨ ਤਾਂ ਜੋ ਈਮਾਨ ਲੈ ਆਇਆ ਅਰ ਓਸ ਨੇ (ਆਪਣੀ ਹਾਲਤ) ਸੁਧਾਰ ਲੀਤੀ ਤਾਂ ਐਸਿਆਂ ਲੋਗਾਂ ਪਰ (ਅੰਤ ਦੇ ਦਿਨ) ਨਾ (ਕਿਸੇ ਤਰਹਾਂ ਦਾ) ਡਰ ਹੋਵੇਗਾ ਅਰ ਨਾ ਹੀ ਉਹ ਕਿਸੇ ਤਰਹਾਂ ਚਿੰਤਾਤਰ ਹੋਣਗੇ ॥ ੪੮ ॥ ਅਰ ਜਿਨਹਾਂ ਲੋਗਾਂ ਨੇ ਸਾਡੀਆਂ ਆਇਤਾਂ ਨੂੰ ਮਿਥਿਆ ਬਣਾਇਆ ਓਹਨਾਂ ਨੂੰ ਹੁਕਮ ਅਦੂਲੀ ਦੀ ਸਜਾ ਵਿਚ (ਸਾਡਾ) ਅਜ਼ਾਬ ਹੋ (ਕੇ ਹੀ ਰਹੇ)ਗਾ ॥ ੪੯ ॥ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਮੈਂ ਤੁਹਾਨੂੰ ਨਹੀਂ ਕਹਿੰਦਾ ਕਿ ਮੇਰੇ ਪਾਸ ਖ਼ੁਦਾ ਦੀ (ਸਰਕਾਰ) ਦੇ ਖਜ਼ਾਨੇ ਹਨ ਅਰ ਨਾਂ ਮੈਂ ਗੁਪਤ ਜਾਣਦਾ ਹਾਂ ਅਰ ਨਾ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਮੈਂ ਫਰਿਸ਼ਤਾ ਹਾਂ ਮੈਂ ਤਾਂ ਬਸ ਓਸੇ (ਹੁਕਮ ਪਰ) ਚਲਦਾ ਹਾਂ ਜੋ ਮੇਰੀ ਤਰਫ ਵਹੀ

Digitized by Panjab Digital Library | www.panjabdigilib.org

ਕੀਤਾ ਜਾਂਦਾ ਹੈ । ( ਹੇ ਪੈਯੰਬਰ ਏਹਨਾਂ ਲੋਗਾਂ ਪਾਸੋਂ) ਪੁਛੋ ਕਿ ਭਲਾ ਅੰਧਾ ਅਰ ਸੁਜਾਖਾ (ਦੋਵੇਂ) ਇਕ ਸਮਾਨ ਹੋ ਸਕਦੇ ਹਨ ਕੀ ਤੁਸੀਂ (ਏਤਨੀ ਬਾਤ ਭੀ) ਨਹੀਂ ਸੋਚ ਸਕਦੇ ॥ ੫੦ ॥ ਰੁਕੂਹ ॥੫ ॥

ਅਰ ਹੇ (ਪੈਯੰਬਰ) ਕੁਰਾਨ ਦੇ ਵਸੀਲੇ ਦੁਾਰਾ ਓਹਨਾਂ ਲੋਗਾਂ ਨੂੰ (ਖੁਦਾ ਦੇ ਅਜਾਬ ਥੀਂ) ਡਰਾਓ ਜੋ ਏਸ ਬਾਤ ਦਾ ਭੁਯੇ ਰਖਦੇ ਹਨ (ਕਿ ਪ੍ਰਲੈ ਦੇ ਦਿਨ) ਆਪਣੇ ਪਰਵਰਦਿਗਾਰ ਦੇ ਸਨਮੁਖ ਲਿਆ ਕੇ ਹਾਜਰ ਕੀਤੇ ਜਾਣਗੇ (ਅਰ ਓਸ ਵੇਲੇ)ਖੁਦਾ ਤੋਂ ਸਿਵਾ ਨਾ ਕੋਈ ਉਹਨਾਂ ਦਾ ਮਿਤ੍ਰ ਹੋਵੇਗਾ ਅਰ ਨਾ ਸਪਾਰਸ ਕਰਨੇ ਵਾਲਾ ਅਸੰਭਵ ਨਹੀਂ ਕਿ ਏਹ ਲੋਗ (ਤੁਹਾਡੇ ਸਭੇ ਕਰਨ ਕਰਕੇ) ਪਰਹੇਜ ਗਾਰੀ ਅਖਤਿਆਰ ਕਰਨ ॥ ੫੧ ॥ ਅਰ ( ਹੇ ਪੈਯੰਬਰ ) ਜੋ ਲੋਗ ਪ੍ਰਾਤ ਸੰਧਿਆ ਪਰਵਰਦਿਗਾਰ ਦੇ ( ਦਰਸ਼ਨ ) ਅਭਿਲਾਸ਼ੀ ਹੋਕਰ ਓਸ ਪਾਸੋਂ ਅਸੀਸਾਂ ਮੰਗਦੇ ਹਨ ਓਹਨਾਂ ਨੂੰ (ਆਪਣੇ ਪਾਸੋਂ)ਨਾ ਕਡੋ ਓਹਨਾਂ ਦੇ ਹਿਸਾਬ ਵਿਚ ਤੁਹਾਡਾ ਕੋਈ ਦਖਲ ਨਹੀਂ ਅਰ ਨਾ ਤੁਹਾਡੇ ਹਸਾਬ ਵਿਚ ਕੁਝ ਓਹਨਾਂ ਦਾ ਦਖਲ ਹੈ (ਕਿ ਪੁਛ ਪੁਛਾ ਦੇ ਭਯ ਨਾਲ) ਲਗੋ ਉਹਨਾਂ ਨੂੰ ਧਕੇ ਦੇਣ (ਐਸੀ ਕਰੋਗੇ ) ਤਾਂ ਤੁਸੀਂ ਜ਼ਾਲਮਾਂ ਦੀ ਗਣਨਾਂ ਵਿਚ ਆ ਜਾਓਗੇ ॥ ੫੨ ॥ ਅਰ ਇਸ ਭਾਂਤ ਅਸਾਂ ਕਈਆਂ ਕੁ ਲੋਗਾਂ ਨੂੰ ਕਈਆਂਕੁ ਨਾਲ ਅਜ਼ਮਾਇਆ ਤਾਂ ਕਿ (ਮਕਦੂਰ ਵਾਲੇ ਗਰੀਬਾਂ ਨੂੰ ਦੇਖ ਕੇ) ਕਹਿਣ ਲਗਣ ਕਿ ਕੀ ਇਹੋ (ਜ਼ਲੀਲ) ਲੋਗ ਹਨ ਜਿਨਹਾਂ ਪਰ ਅੱਲਾ ਨੇ ਸਾਡੇ ਵਿਚੋਂ (ਇਸਲਾਮ ਦੀ ਤੌਫੀਕ ਦੇ ਕੇ) ਆਪਣਾ ਫਜ਼ਲ ਕੀਤਾ ਹੈ ਕੀ ਅੱਲਾ ਸ਼ੁਕਰ ਗੁਜ਼ਾਰ ਬੰਦਿਆਂ (ਦੇ ਹਾਲ) ਤੋਂ ਬਖੂਬੀ ਵਾਕਿਫ ਨਹੀਂ ? ॥ ੫੩ ॥ (ਅਰ ਹੇ ਪੈਯੰ-ਬਰ) ਜੋ ਲੋਗ ਸਾਡੀਆਂ ਆਇਤਾਂ ਪਰ ਭਰੋਸਾ ਕਰ ਲੈਂਦੇ ਹਨ ਜਦੋਂ ਤੁਹਾਡੇ ਪਾਸ ਆਇਆ ਕਰਨ ਤਾਂ (ਤੁਸੀਂ ਓਹਨਾਂ ਨੂੰ) ਕਹੋ ਕਿ (ਖੁਦਾ ਦੀ ਤਰਫੋਂ) ਤੁਹਾਨੂੰ ਸਲਾਮਤੀ (ਦੀ ਖੁਸ਼ ਖਬਰੀ) ਹੋਵੇ (ਅਰ) ਤੁਹਾਡੇ ਪਰ-ਵਰਦਿਗਾਰ ਨੇ ਮੇਹਰਬਾਨੀ ਕਰਨੀ ਆਪਣੇ ਪਰ ਲਾਜ਼ਮ ਕਰ ਲੀਤੀ ਹੈ ਕਿ ਜੋ ਕੋਈ ਤੁਹਾਡੇ ਵਿਚੋਂ ਭੁਲ ਭੁਲੇਖੇ ਕੋਈ ਅਵਗੁਣ ਕਰ ਬੈਠੇ ਅਰ ਪੁਨਰ ਕੀਤਿਆਂ ਪਿਛੋਂ ਤੋਬਾ ਤਬਾ (ਆਪਣੀ ਬਿਵਸਥਾ ਦਾ) ਸੁਧਾਰ ਕਰ ਲਵੇ ਤਾਂ (ਖੁਦਾ ਓਸ ਨੂੰ ਬਖਸ਼ ਦੇਵੇਗਾ ਕਿਉਂਕਿ) ਓਹ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੫੪ ॥ ਅਰ ਇਸੀ ਤਰਹਾਂ ਅਸੀਂ (ਆਪਣੀਆਂ) ਆਇਤਾਂ ਨੂੰ ਪ੍ਰਗਟ ਕਰਕੇ ਵਰਨਣ ਕਰਦੇ ਹਾਂ (ਤਾ ਕਿ ਲੋਗ ਸਮਝ ਜਾਣ) ਅਰ ਤਾਂ ਕਿ ਸਦੋਖੀਆਂ ਦਾ ਮਾਰਗ ਸਭਨਾਂ ਪਰ ਵਿਦਤ ਹੋ ਜਾਵੇ ॥ ੫੫ ॥ ਰੁਕੂਹ ੬ ॥

(ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹਿ ਦੇਵੋ ਕਿ ਮੈਨੂੰ ਏਸ

Digitized by Panjab Digital Library | www.panjabdigilib.org

ਬਾਤ ਦੀ ਰੋਕ ਹੈ ਕਿ ਮੈਂ ਓਹਨਾਂ (ਮਾਬੂਦਾਂ) ਦੀ ਪੂਜਾ ਕਰਾਂ ਜਿਨਹਾਂ ਨੂੰ ਤੁਸੀਂ ਖੁਦਾ ਥੀਂ ਸਿਵਾ ਬੁਲਾਉਂਦੇ ਹੋ (ਏਹਨਾਂ ਲੋਗਾਂ ਨੂੰ) ਕਹੋ ਕਿ ਮੈਂ ਤੁਹਾਡੀਆਂ ਸੰਕਲਪਾਂ ਪਰ ਤਾਂ ਚਲਦਾ ਨਹੀਂ (ਯਦੀ) ਚਲਾਂ ਤਾਂ ਗੁਮਰਾਹ ਹੋ ਚੁਕਾ ਅਰ ਓਹਨਾਂ ਲੋਗਾਂ ਵਿਚ ਨਾ ਰਹਿਆ ਜੋ ਸਚੇ ਮਾਰਗ ਪਰ ਹਨ ॥ ੫੬ ॥ (ਏਹਨਾਂ ਲੋਗਾਂ ਨੂੰ) ਕਹੋ ਕਿ ਮੈਂ ਤਾਂ ਆਪਣੇ ਪਰਵਰਦਿ-ਗਾਰ ਦੇ ਸਾਫ ਮਾਰਗ ਪਰ ਅਰ ਤੁਸੀਂ ਓਸ ਨੂੰ ਮਿਥਜਾ ਕਹਿੰਦੇ ਹੋ ਜਿਸ (ਅਜਾਬ) ਦੀ ਤੁਸੀਂ ਜਲਦੀ ਕਰ ਰਹੇ ਹੋ ਉਹ ਮੇਰੇ ਪਾਸ (ਅਰਥਾਤ ਮੇਰੇ ਅਧੀਨ) ਤਾਂ ਹੈ ਨਹੀਂ ਅਰ ਅੱਲਾ ਦੇ ਸਿਵਾ ਹੋਰ ਕਿਸੇ ਦਾ ਅਧਿਕਾਰ ਨਹੀਂ ਉਹ ਸੱਤਜ (੨ ਬਾਰਤਾ) ਕਥਨ ਕਰਦਾ ਹੈ ਅਰ ਉਹ ਸੰਪੂਰਨ ਫੈਸਲਾ ਕਰਨ ਵਾਲਿਆਂ ਵਿਚੋਂ ਉਤਮ (ਫੈਸਲਾ ਕਰਨ ਵਾਲਾ) ਹੈ ॥ ੫੭ ॥ (ਇਹਨਾਂ ਲੋਗਾਂ ਨੂੰ)ਕਹੋ ਕਿ ਜਿਸ (ਅਜਾਬ) ਦੀ ਤੁਸੀਂ ਜਲਦੀ ਕਰ ਰਹੇ ਹੋ ਯਦੀ ਮੇਰੇ ਪਾਸ (ਅਰਥਾਤ ਮੇਰੇ ਅਧੀਨ) ਹੁੰਦਾ ਤਾਂ ਮੇਰੇ ਅਰ ਤੁਹਾਡੇ ਮਧਜ ਵਿਚ (ਜੋ) ਝਗੜਾ (ਉਪਸਥਿਤ ਹੈ ਚਰੋਕਨਾ) ਚੁਕ ਗਿਆ ਹੁੰਦਾ ਅਰ ਅੱਲਾ ਜ਼ਾਲਮ ਲੋਗਾਂ (ਦੇ ਹਾਲ) ਤੋਂ ਭਲੀ ਭਾਂਤ ਗਜਾਤ ਹੈ ॥ ੫੮ ॥ ਅਰ ਓਸੇ ਦੇ ਅਧੀਨ ਗੈਬ ਦੀਆਂ ਕੁੰਜੀਆਂ ਹਨ ਜਿਨਹਾਂ ਨੂੰ ਓਸ ਦੇ ਸਿਵਾ ਕੋਈ ਨਹੀਂ ਜਾਣਦਾ ਅਰ ਜੋ ਕਛ ਜਲ ਤਥਾ ਥਲ ਮੇਂ ਹੈ (ਉਸ ਨੂੰ ਭੀ ਉਹੀ) ਜਾਣਦਾ ਹੈ ਅਰ ਕੋਈ ਪਤ੍ਰ ਮਾਤ੍ਰ ਨਹੀਂ ਗਿਰ ਸਕਦਾ ਪਰੰਚ ਉਸ ਨੂੰ ਉਹ ਮਾਲੂਮ ਰਹਿੰਦਾ ਹੈ ਅਰ ਧਰਤੀ ਦੇ ਅੰਧੇਰਿਆਂ ਵਿਚ ਜੋ ਜੋ ਦਾਣਾ ਹੋਵੇ ਅਰ (ਦੁਨੀਆਂ ਦੀਆਂ) ਤਰ ਖੁਸ਼ਕ(ਚੀਜ਼ਾਂ ਸਾਰੀਆਂ ਦੀਆਂ ਸਾਰੀਆਂ)ਪ੍ਰਗਟ ਪੁਸਤਕ ਵਿਖ੍ਯ(ਲਿਖੀਆਂ ਹੋਈਆਂ ਵਿਦਮਾਨ) ਹਨ ॥ ੫੯ ॥ ਅਰ ਵਹੀ ਹੈ ਜੋ ਰਾਤ੍ਰੀ ਸਮੇਂ (ਨੀਂਦ ਵਿਚ ਇਕ ਤਰਹਾਂ ਨਾਲ) ਤੁਹਾਡੀਆਂ ਰੂਹਾਂ ਕਬਜ਼ ਕਰ ਲੈਂਦਾ ਹੈ ਅਰ ਜੋ ਕੁਛ ਤੁਸਾਂ ਦਿਨੇ ਕੀਤਾ ਸੀ (ਓਹ ਉਸ ਨੂੰ ਭੀ) ਜਾਣਦਾ ਹੈ ਪੁਨਰ ਦਿਨ ਦੇ ਵੇਲੇ ਤੁਹਾਨੂੰ ਉਠਾ ਖੜਾ ਕਰਦਾ ਹੈ ਤਾਂ ਕਿ ਨੀਅਤ ਸਮਾਂ ਪੂਰਾ ਹੋ ਜਾਏ ਫੇਰ (ਅੰਤ ਨੂੰ) ਤੁਸਾਂ ਸਾਰਿਆਂ ਉਸੇ ਦੀ ਤਰਫ ਲੌਟ ਕੇ ਜਾਣਾ ਹੈ ਪੁਨਰ (ਉਸ ਸਮੇਂ) ਜੋ ਕੁਛ ਤੁਸੀਂ (ਦੁਨੀਆਂ ਵਿਖੇ) ਕਰਦੇ ਰਹੇ ਹੋ ਉਹ ਤੁਹਾਨੂੰ ਓਸ ਥੀਂ ਗਿਆਤ ਕਰੇਗਾ ॥ ੬੦ ॥ ਰੁਕੂਹ ੭ ॥

ਅਰ ਵਹੀ ਆਪਣਿਆਂ ਬੰਦਿਆਂ ਪਰ ਬਲੀ ਹੈ ਅਰ ਤੁਸਾਂ ਲੋਗਾਂ ਪਰ ਨਿਗਾਹਬਾਨ(ਫਰਿਸ਼ਤੇ)ਭੇਜਦਾ ਹੈ ਏਥੋਂ ਤਕ ਕਿ ਜਦੋਂ ਤੁਹਾਡੇ ਵਿਚੋਂ ਕਿਸੇ ਦੀ ਮੌਤ ਆਉਂਦੀ ਹੈ ਤਾਂ ਸਾਡੇ ਭੇਜੇਹੋਏ ਫਰਿਸ਼ਤੇ ਉਸਦੀ ਆਤਮਾ ਅਪਨੇ ਵਸ ਵਿਚ ਕਰ ਲੈਂਦੇ ਹਨ ਅਰ ਉਹ(ਹੁਕਮ ਦੀ ਤਾਮੀਲ ਵਿਚ)ਕਿਸੇ ਤਰਾਂ ਦੀ ਢਿਲ ਮਠ ਨਹੀਂ ਕਰਦੇ॥੬੧॥ਪੁਨਰ(ਏਸੇਤਰਹਾਂ ਸਾਰੇ ਲੋਗ)ਖੁਦਾ ਦੀ ਤਰਫ ਜੋ ਓਹਨਾਂ ਦਾ

Digitized by Panjab Digital Library | www.panjabdigilib.org

ਸਚਾ ਕਾਰਸਾਜ ਹੈ ਵਾਪਸ ਬੁਲਾਏ ਜਾਂਦੇ ਹਨ, ਸੁਣੋ ! ਕਿ ਓਸੇ ਦਾ ਹੁਕਮ (ਚਲਦਾ) ਹੈ ਅਰ ਉਹ ਸਾਰਿਆਂ ਨਾਲੋਂ ਬਹੁਤ ਜਲਦ ਹਿਸਾਬ ਲੈਣ ਵਾਲਾ ਹੈ ॥ ੬੨ ॥ (ਹੇ ਪੈਯੰਬਰ ਏਹਨਾਂ ਲੋਗਾਂ ਪਾਸੋਂ) ਪੁਛੋ ਕਿ ਤੁਹਾਨੂੰ ਜਲ ਤਥਾ ਥਲ ਦੇ ਅੰਧੇਰਿਆਂ ਵਿਚੋਂ ਕੌਣ ਮੁਕਤੀ ਦੇਂਦਾ ਹੈ ਕਿ ਤੁਸੀਂ (ਐਸੇ ਸਮੇਂ ਵਿਚ) ਨਰਮ ਥੀਂ ਨਰਮ ਹੋ ਕਰ ਚੁਪ ਗੁਪ ਉਸ ਪਾਸੋਂ ਅਸੀਸਾਂ ਮੰਗਦੇ ਹੋ (ਅਰ ਬਚਨ ਕਰਦੇ ਹੋ ਕਿ) ਯਦੀ ਖੁਦਾ ਸਾਨੂੰ ਏਸ (ਦਿਸ਼ਾ) ਤੋਂ ਮੁਕਤਿ ਦੇਵੇ ਤਾਂ ਅਸੀਂ ਅਵਸ਼ ਹੀ ਓਸਦੇ ਕ੍ਰਿਤੱਗਯ ਲੋਗਾਂ ਵਿਚੋਂ ਹੋਕੇ ਰਹਾਂਗੇ ॥ ੬੩ ॥ ਕਹੋ ਕਿ ਏਹਨਾਂ (ਅੰਧੇਰਿਆਂ) ਵਿੱਚੋਂ ਅਰ ਸਰਬ ਤਰਹਾਂ ਦੀ ਸਖਤੀ ਵਿਚੋਂ ਖੁਦਾ ਹੀ ਤੁਹਾਨੂੰ ਮੁਕਤਿ ਦੇਂਦਾ ਹੈ ਅਦਯਪਿ ਤੁਸੀਂ (ਖੁਦਾ ਦੇ) ਸਜਾਤੀ ਇਸਥਿਤ ਕਰਦੇ ਹੋ ॥ ੬੪ ॥ (ਹੇ ਪੈਯੰਬਰ ਏਹਨਾਂ ਨੂੰ) ਕਹੋ ਕਿ ਉਹੀ (ਖੁਦਾ) ਏਸ ਬਾਤ ਪਰ ਸਾਮਰਥ ਹੈ ਕਿ ਤੁਹਾਡੇ ਉਪਰੋਂ ਕਿੰਵਾ ਨੀਚਿਓਂ ਕੋਈ ਕਸ਼ਟ ਤੁਹਾਡੇ ਵਾਸਤੇ ਨਿਕਾਸ ਧਰੇ ਅਥਵਾ ਤੁਹਾਨੂੰ ਜੂਥ ਜੂਥ ਕਰਕੇ (ਇਕ ਦੂਸਰੇ ਦੇ ਸਾਥ) ਲੜਾ ਭੜਾ ਮਾਰੇ ਅਰ ਤੁਹਾਡੇ ਵਿਚੋਂ ਕਈਆਂ ਨੂੰ ਕਈਆਂ ਦੀ ਲੜਾਈ ਦਾ ਸਵਾਦ ਚਖਾਵੇ (ਹੇ ਪੈਯੰਬਰ) ਦੇਖ ਤਾਂ ਸਹੀ ਅਸੀਂ (ਆਪਣੀਆਂ) ਆਇਤਾਂ ਨੂੰ ਕਿਸ (ਕਿਸ) ਤਰਹਾਂ ਪੁਨਰ ਪੁਨਰ ਵਰਣਨ ਕਰਦੇ ਹਾਂ ਤਾਂ ਕਿ ਇਹ ਲੋਗ ਸਮਝੋਂ ॥ ੬੫ ॥ ਅਰ ਕੁਰਾਨ ਨੂੰ ਤੁਹਾਡੀ ਜ਼ਾਤੀ ਨੇ ਮਿਥਿਆ ਠਹਿਰਾਇਆ ਹਾਲਾਂ ਕਿ ਓਹ ਸਚੀ (ਪੁਸਤਕ) ਹੈ (ਹੇ ਪੈਯੰਬਰ ਏਨ੍ਹਾਂ ਲੋਗਾਂ ਨੂੰ) ਕਹੋ ਕਿ ਮੈਂ ਤੁਹਾਡੇ ਪਰ (ਕੋਈ ਰਖਵਾਲੇ ਦੀ ਤਰ੍ਹਾਂ) ਰਖਵਾਲਾ ਨਹੀਂ ॥੬੬॥ ਹਰੇਕ ਬਾਰਤਾ ਵਾਸਤੇ ਇਕ ਸਮਾ ਨਿਯਤ ਹੈ ਕਿੰਤੂ ਸਮੀਪ (ਮੇਰਾ ਸਚ) ਤੁਹਾਨੂੰ ਮਾਲੂਮ ਹੋ ਜਾਵੇਗਾ ॥ ੬੭ ॥ ਅਰ ਜਦੋਂ ਐਸੇ ਲੋਗ (ਕਿਤੇ) ਤੁਹਾਡੀ ਨਜ਼ਰੀ ਆ ਜਾਣ ਤਾਂ ਜੋ ਸਾਡੀਆਂ ਆਇਤਾਂ ਨੂੰ ਠਠਾ ਮਖੌਲ ਕਰ ਰਹੇ ਹੋਣ ਤਾਂ ਓਹਨਾਂ (ਦੇ ਪਾਸੋਂ) ਖਿਸਕ ਜਾਓ ਏਥੋਂ ਤਕ ਕਿ ਸਾਡੀਆਂ ਆਇਤਾਂ ਤੋਂ ਸਿਵਾ (ਦੂਸਰੀਆਂ ਦੂਸਰੀਆਂ) ਬਾਤਾਂ ਵਿਚ ਲਗ ਜਾਣ ਅਰ ਯਦੀ ਸ਼ੈਤਾਨ (ਸਾਡੀ ਏਹ ਸਿਖ ਮਤ) ਤੁਹਾਨੂੰ ਵਿਸਮਰਣ ਕਰਾ ਦੇਵੇ ਤਾਂ ਸਮਰਣ ਆਇਆਂ ਪਿਛੋਂ (ਐਸਿਆਂ) ਜ਼ਾਲਮ ਲੋਗਾਂ ਪਾਸ ਕਦਾਪਿ ਨਹੀਂ ਬੈਠਣਾ ॥੬੮॥ (ਯਦਯਪਿ) ਪਰਹੇਜ਼ਗਾਰਾਂ ਪਰ ਐਸੇ (ਵਾਹੀ ਤਬਾਹੀ) ਲੋਗਾਂ ਦੇ (ਕਰਤਬਾਂ ਦੇ) ਹਿਸਾਬ ਦੀ ਕਿਸੇ ਤਰਹਾਂ ਦੀ ਜ਼ਿੰਮੇਵਾਰੀ ਨਹੀਂ ਪਰੰਤੂ (ਤਾਂ ਭੀ ਏਹਨਾਂ ਨੂੰ) ਸੁਮਤ ਦੇਣੀ (ਸ਼ਾਇਦ) ਇਹ ਪਰਹੇਜ਼ਗਾਰੀ ਅਖਤਿਆਰ ਕਰ ਲੈਣ ॥ ੬੯ ॥ ਅਰ ਜਿਨਹਾਂ ਨੇ ਆਪਣੇ ਦੀਨ ਨੂੰ ਹਾਸਾ ਠਠਾ ਬਣਾ ਲੀਤਾ ਹੈ ਅਰ (ਸਾਂਸਾਰਿਕ) ਜੀਵਨ ਨੇ ਓਹਨਾਂ ਨੂੰ ਧੋਖੇ ਵਿਚ ਲਗਾ ਰਖਿਆ ਹੈ ਐਸਿਆਂ ਲੋਗਾਂ ਨੂੰ (ਓਹਨਾਂ ਦੇ ਹਾਲ ਪਰ ਹੀ) ਰਹਿਣ ਦਿਓ ਅਰ (ਸਮੇਂ

Digitized by Panjab Digital Library | www.panjabdigilib.org

ਸਿਰ) ਕੁਰਾਨ ਦ੍ਵਾਰਾ (ਉਨਹਾਂ ਨੂੰ) ਸਿਖਿਆ ਦੇਂਦੇ ਰਹੋ ਕਿ ਕਿਤੇ (ਐਸਾ ਨਾ ਹੋਵੇ) ਕਿ ਕੋਈ ਆਦਮੀ ( ਕਿਆਮਤ ਨੂੰ ) ਆਪਣੀਆਂ ਕਰਤੂਤਾਂ ਦੇ ਬਦਲੇ ਆਫਤ ਵਿਚ ਫਸੇ ਕਿ (ਉਸ ਵੇਲੇ) ਖੁਦਾ ਤੋਂ ਸਿਵਾ ਨਾ ਤਾਂ ਕੋਈ ਓਸਦਾ ਸੰਗੀ ਸਾਥੀ ਹੋਵੇਗਾ ਅਰ ਨਾਂ ਸਪਾਰਸ਼ੀ ਅਰ(ਜਿਤਨੇ)ਪ੍ਰਤਿਬਦਲ(ਸੰਭਵ ਹਨ) ਭਾਵੇਂ ਵੈ ਸਾਰਿਆਂ ਦੇ ਸਾਰੇ ਹੀ ਦੇਵੇ ਤਾਂ ਭੀ ( ਕੋਈ ਪ੍ਰਤਿਨਿਧਿ ) ਓਸ ਪਾਸੋਂ ਨਾਂ ਲੀਤੀ ਜਾਇ ਯਹੀ ਉਹ ਲੋਗ ਹਨ ਜੋ ਆਪਣੀਆਂ ਕਰਤੂਤਾਂ ਦੇ ਸਬਬ ਆਫਤ ਵਿਚ ਆਵੇਢਿਤ ਹੋਏ ਏਹਨਾਂ ਨੂੰ ਇਹਨਾਂ ਦੇ ਕੁਫਰ ਦੇ ਸਬਬੋਂ ਪੀਣ ਵਾਸਤੇ ਸੰਤਪਤ ਪਾਣੀ (ਮਿਲੇਗਾ) ਅਰ ਦੁਖ ਦੇਣ ਵਾਲਾ ਕਸ਼ਟ ਹੋਗਾ ॥ ੭੦ ॥ ਰੁਕੂਹ ੮ ॥

( ਹੇ ਪੈਯੰਬਰ ਏਹਨਾਂ ਲੋਗਾਂ ਪਾਸੋਂ ) ਪੁਛੋ ਕੀ ( ਤੁਸੀਂ ਏਹ ਚਾਹੁੰਦੇ ਹੋ ਕਿ) ਅਸੀਂ ( ਮੁਸਲਮਾਨ ) ਖੁਦਾ ਨੂੰ ਛਡ ਕੇ ਓਹਨਾਂ (ਕੂੜਿਆਂ ਮਾਬੂਦਾਂ) ਨੂੰ (ਆਪਣੀ ਮਦਦ ਦੇ ਵਾਸਤੇ) ਬੁਲਾਈਏ ਜੋ ਨਾਂ ਤਾਂ ਸਾਡੇ ਪਰ ਕੋਈ ਉਪਕਾਰ ਕਰ ਸਕਦੇ ਹਨ ਅਰ ਨਾ ਅਨੋਪਕਾਰ ਕਰ ਸਕਦੇ ਹਨ ਅਰ ਜਦੋਂ ਅੱਲਾ ਸਾਨੂ ਸਰਲ ਮਾਰਗ ਦਖਾ ਚੁਕਾ ਤਾਂ ਕੀ ਅਸੀਂ ਪੁਨਰ ਭੀ ਪਿਛਲੀ ਪੈਰੀਂ (ਕੁਫਰ ਦੀ ਤਰਫ) ਫਿਰ ਜਾਈਏ (ਅਰ ਸਾਡੀ ਓਹ ਦਸ਼ਾ ਹੋਵੇ) ਜੈਸੇ ਕਿਸੇ ਆਦਮੀ ਨੂੰ ਭੂਤ ਪ੍ਰੇਤ ਬਹਿਕਾ ਕੇ ਲੈ ਜਾਣ (ਅਰ) ਬੀਯਾਬਾਨ ਉਜਾੜ ਵਿਚ ( ਚੁਤਰਫੀ ) ਹੱਕਾ ਬੱਕਾ ( ਹੋਇਆ ਭੰਭਲ ਭੂਸੇ ਖਾਂਦਾ ਫਿਰੇ ) ਓਸ ਦੇ ਕੁਝ ਸਾਥੀ ਹਨ (ਅਰ) ਓਹ ਉਸਨੂੰ ਸਿਧੇ ਰਸਤੇ ਦੀ ਤਰਫ ਬੁਲਾ ਰਹੇ ਹਨ ਕਿ (ਏਧਰ) ਸਾਡੀ ਤਰਫ ਆ ਕਹੋ ਕਿ ਅੱਲਾ ਦਾ (ਬਤਲਾਯ ਹੋਇਆ) ਜੋ ਮਾਰਗ ਵਹੀ ਸੂਧਾ ਮਾਰਗ ਹੈ ਅਰ ਅਸਾਂ (ਮੁਸਲਮਾਨਾਂ) ਨੂੰ (ਤਾਂ ਏਹ ) ਸੁਸਿਖਜਾ ਮਿਲੀ ਹੈ ਕਿ ਅਸੀਂ ਅੱਲਾ ਸੰਸਾਰਾਂ ਦੇ ਪ੍ਰਿਤ ਪਾਲਕ ਦੇ ਦਾਸ ਹੋ ਕੇ ਰਹੀਏ ॥ ੭੧ ॥ ਅਰ ( ਓਸੇ ਨੇ ਸਾਨੂੰ ਕਹਿ ਦਿਤਾ ਹੈ ) ਕਿ ਨਮਾਜ਼ ਪੜ੍ਹਦੇ ਅਰ ਖੁਦਾ ਪਾਸੋਂ ਡਰਦੇ ਰਹੋ ਅਰ ਵਹੀ (ਸ੍ਵਸ਼ਕਤੀ ਮਾਨ) ਹੈ ਜਿਸ ਦੇ ਹਜੂਰ ( ਤੁਸੀਂ ਸਾਰੇ ਲੋਗ ਕਿਆਮਤ ਦੇ ਦਿਨ ) ਹਾਜਰ ਕੀਤੇ ਜਾਓਗੇ ॥ ੭੨ ॥ ਅਰ ਵਹੀ ਹੈ ਜਿਸ ਨੇ ਯੁਕਤੀ ਸੇ ਅਗਾਸ ਤਥਾ ਧਰਤੀ ( ਨੂੰ ਠੀਕ ੨ ) ਉਤਪਤ ਕੀਤਾ ਅਰ ਜਿਸ ਦਿਨ ( ਕਿਆਮਤ ਦੀ ਨਿਸਬਤ ) ਆਗਿਆ ਕਰੇਗਾ ਕਿ ਹੋ ਬਸ ਓਹ ( ਸ਼ੀਘ੍ਰ ) ਉਤਪਤ ਹੋ ਜਾਵੇਗੀ ॥ ੭੩ ॥

ਓਸ ਦਾ ਬਚਨ ਸਤਜ ਹੈ ਅਰ ਉਸੀ ਦਾ ਸ਼ਾਸਨ ਹੋਗਾ ਜਿਸਦਿਨ ਨਰ ਸਿੰਘਾ ਬਜਾਇਆ ਜਾਵੇਗਾ (ਓਹ) ਗੁਪਤ ਪ੍ਰਗਟ (ਸਭ) ਦਾ ਜਾਨਣੇ ਵਾਲਾ ਹੈ ਵਹੀ ਤਦਬੀਰਾਂ ਦਾ ਸਾਹਿਬ ਅਰ ( ਸੰਪੂਰਣ ਵਸਤਾਂ ਤੋਂ ) ਜਾਨੂੰ ਹੈ ॥ ੭੪ ॥

Digitized by Panjab Digital Library | www.panjabdigilib.org

ਅਰ ਜਦੋਂ ਇਬਰਾਹੀਮ ਨੇ ਆਪਣੇ ਪਿਤਾ ਆਜਰ ਨੂੰ ਕਹਿਆ ਕੀ ਤੁਸੀਂ ਬੁਤਾਂ ਨੂੰ ਮਾਬੂਦ ਮੰਨਦੇ ਹੋ ? ਮੈਂ ਤੁਹਾਨੂੰ ਅਰ ਤੁਹਾਡੀ ਜਾਤੀ ਨੂੰ ਪ੍ਰਗਟ ਕਮਾਰਗੀ ਵਿਚ ( ਫਾਥਾ ) ਦੇਖਦਾ ਹਾਂ ॥ ੭੫ ॥ ਅਰ ਉਸੀ ਤਰਹਾਂ ਅਸੀਂ ਇਬਰਾਹੀਮ ਨੂੰ ਧਰਤੀ ਅਗਾਸ ਦਾ ਇੰਤਜ਼ਾਮ ਦਿਖਲਾਣ ਲਗੇ ਤਾਂ ਕਿ ਉਹ (ਪੱਕੇ) ਭਰੋਸੇ ਵਾਲਿਆਂ ਵਿਚੋਂ ਹੋ ਜਾਵੇ॥੭੬॥ ਤਾਂ ਜਦੋਂ ਉਨ੍ਹਾਂ ਪਰ ਰਾਤ੍ਰੀ ਆ ਪੜੀ ਤਾਂ ਉਸ ਨੂੰ ਇਕ ਸਤਾਰਾ ਨਜ਼ਰ ਆਇਆ ( ਅਰ ਓਸਨੂੰ ਦੇਖ ਕੇ ) ਲਗੇ ਕਹਿਣ ਕਿ ਏਹੋ ਮੇਰਾ ਪਰਵਰਦਿਗਾਰ ਹੈ ਪੁਨਰ ਜਦੋਂ ਉਹ ਅਸਤ ਹੋ ਗਿਆ ਤਾਂ ਬੋਲੇ ਅਸਤ ਹੋ ਜਾਣ ਵਾਲੀਆਂ ਵਸਤਾਂ ਨੂੰ ਤਾਂ ਮੈਂ ਪਸੰਦ ਨਹੀਂ ਕਰਦਾ ( ਕਿ ਖੁਦਾ ਮੰਨ ਬੈਠਾਂ ) ॥ ੭੭ ॥ ਫੇਰ ਜਦੋਂ ਚੰਦ ਨੂੰ ਦੇਖਿਆ ਕਿ ਪੜਾ ਪ੍ਰਕਾਸ਼ ਰਹਿਆ ਹੈ ਤਾਂ ਲਗੇ ਕਹਿਣ ਕਿ ਏਹੋ ਮੇਰਾ ਪਰਵਰਦਿਗਾਰ ਹੈ ਪੁਨਰ ਜਦੋਂ ( ਉਹ ਭੀ ) ਅਸਤ ਹੋ ਗਿਆ ਤਾਂ ਬੋਲੇ ਯਦੀ ਮੇਰਾ ਪਰਵਰਦਿਗਾਰ ਮੈਨੂੰ ਸਚਾ ਮਾਰਗ ਨਹੀਂ ਦਸੇਗਾ ਤਾਂ ਨਿਰਸੰਦੇਹ ਮੈਂ (ਭੀ) ਗੁਮਰਾਹਾਂ ਵਿਚੋਂ ਹੋ ਜਾਵਾਂਗਾ ॥ ੭੮ ॥ ਪੁਨਰ ਜਦੋਂ ਸੂਰਜ ਨੂੰ ਦੇਖਿਆ ਕਿ ਪੜਾ ਪ੍ਰਕਾਸ਼ ਰਹਿਆ ਹੈ ਤਾਂ ਲਗੇ ਕਹਿਣ ਕਿ ਏਹੋ ਮੇਰਾ ਪਰਵਰਦਿਗਾਰ ਹੈ ਕਿ ਏਹ (ਸਾਰਿਆਂ ਨਾਲੋਂ ) ਬੜਾ ਹੈ ਪੁਨਰ ਜਦੋਂ (ਓਹ ਭੀ) ਲੁਪਤ ਹੋ ਗਿਆ ਤਾਂ ( ਆਪਣੀ ਬੰਸ ਸੇ ਮੁਖਾਤਿਬ ਹੋ ) ਕੇ ਬੋਲੇ ਕਿ ਭਿਰਾਓ ! ਜਿਨਹਾਂ ਚੀਜ਼ਾਂ ਨੂੰ ਤੁਸੀਂ ( ਖੁਦਾ ਦਾ ) ਸਜਾਤੀ ਮੰਨਦੇ ਹੋ ਮੈਂ ਤਾਂ ਏਹਨਾਂ ਤੋਂ ( ਬਹੁਤ ) ਅਸੰਗ ਹਾਂ ॥ ੭੯ ॥ ਮੈਂ ਤਾਂ ਇਕ ਦਾ ਹੀ ਹੋ ਕੇ ਆਪਣਾ ਸੰਕਲਪ ਉਸੀ ( ਪਵਿਤ੍ਰ ਰੂਪ ) ਦੀ ਤਰਫ ਕਰ ਲੀਤਾ ਹੈ ਜਿਸ ਨੇ ਅਕਾਸ਼ ਅਰ ਧਰਤੀ ਨੂੰ ਬਨਾਇਆ ਅਰ ਮੈਂ ਤਾਂ ਮੁਸ਼ਰਿਕਾਂ ਵਿਚੋਂ ਨਹੀਂ ਹਾਂ ॥ ੮੦ ॥ ਅਰ ਉਸ ਦੀ ਉਮਤ ਦੇ ਲੋਗ ਲਗੇ ਓਸ ਨਾਲ ( ਏਸ ਬਾਤ ਥੀਂ ) ਬਾਦ ਬਿਬਾਦ ਕਰਨ ( ਤਾਂ ਇਬਰਾਹੀਮ ਨੇ ) ਕਹਿਆ ਕੀ ਤੁਸੀਂ ਖੁਦਾ ਦੇ ( ਇਕ ) ਹੋਣ ਵਿਚ ਮੇਰੇ ਨਾਲ ਝਗੜਦੇ ਹੋ ? ਹਾਲਾਂ ਕਿ ਉਹ ਤਾਂ ਮੈਨੂੰ ਆਪਣੇ ( ਇਕ ਹੋਣ ਦਾ ) ਸਿਧਾ ਰਸਤਾ ਦਿਖਲਾ ਚੁਕਾ ਹੈ ਅਰ ਜਿਨਹਾਂ ( ਬੁਤਾਂ ) ਨੂੰ ਤੁਸੀਂ ਉਸ ਦੇ ਸਜਾਤੀ ਨਿਯਤ ਕਰਦੇ ਹੋ ਮੈਂ ਤਾਂ ਓਹਨਾਂ ਪਾਸੋਂ ਕੋਈ ਡਰਦਾ ( ਡੁਰਦਾ ) ਹੈ ਨਹੀਂ ਪਰੰਤੂ ਹਾਂ ( ਜੋ ਮੇਰਾ ਪਰਵਰਦਿਗਾਰ ਹੈ (ਮੇਰੀ) ਕੁਛ (ਹਾਨੀ ਕਰਨੀ) ਚਾਹੇ ( ਤਾਂ ਉਸ ਦੀ ਇੱਛਾ ) ਮੇਰਾ ਪਰਵਰਦਿਗਾਰ ਤਾਂ ਗਿਆਨ ਦੀ ਤਰਫੋਂ ਸੰਪੂਰਣਾਂ ਵਸਤਾਂ ਪਰ ਬਰਾਜ-ਮਾਨ ਹੈ ਕੀ ਤੁਸੀਂ (ਏਸ ਬਾਤ ਦਾ) ਧਿਆਨ ਨਹੀਂ ਕਰਦੇ ? ॥ ੮੧ ॥ ਅਰ ਜਿਨਹਾਂ ਵਸਤਾਂ ਨੂੰ ਤੁਸੀਂ (ਖੁਦਾ ਦੀਆਂ) ਸਜਾਤੀ ਬਣਾਉਂਦੇ ਹੋ ਮੈਂ ਓਹਨਾਂ ਪਾਸੋਂ ਕਿਸ ਵਾਸਤੇ ਡਰਨ ਲੱਗਾਂ ਜਦੋਂ ਕਿ ਤੁਸੀਂ ਏਸ ਬਾਤ ਥੀਂ

Digitized by Panjab Digital Library | www.panjabdigilib.org

ਸਬੀਤ ਨਹੀਂ ਹੁੰਦੇ ਕਿ ਤੁਸਾਂ ਨੇ ਖੁਦਾ ਦੇ ਸਾਥ ਐਸੀਆਂ ਵਸਤਾਂ ਨੂੰ ਖੁਦਾ ਦਾ ਸ਼ਰੀਕ ਬਣਾਇਆ ਜਿਨਹਾਂ ਦੇ ਮਾਬੂਦ (ਹੋਣ ਦੀ) ਡਿਗਰੀ ਖੁਦਾ ਨੇ ਤੁਹਾਡੇ ਵਾਸਤੇ ਨਹੀਂ ਦਿਤੀ ਤਾਂ (ਅਸਾਂ ਦੋਹਾਂ) ਪਖਾਂ ਵਿਚੋਂ ਕੌਣ ਸਾ (ਪਖ) ਅਮਨ (ਤਥਾ ਸ਼ਾਂਤੀ ਨਾਲ ਰਹਿਣ) ਦਾ ਵਧੀਕ ਹੱਕਦਾਰ ਹੈ ਯਦੀ ਤੁਸੀਂ ਬਧੀਮਾਨ ਹੋ ॥ ੮੨ ॥ ਜਿਨਹਾਂ ਲੋਗਾਂ ਨੇ (ਖੁਦਾ ਪਰ) ਭਰੋਸਾ ਕੀਤਾ ਅਰ ਓਹਨਾਂ ਨੇ ਆਪਣੇ ਧਰਮ ਵਿਚ ਪਾਪ ਨਾ ਮਿਲਾਇਆ ਇਹੋ ਹੀ ਲੋਗ ਸ਼ਾਂਤੀਵਾਨ ਅਰ ਸਚੇ ਮਾਰਗ ਪਰ ਹਨ ॥ ੮੩ ॥ ਰੁਕੂਹ ੯ ॥

ਅਰ ਇਹ ਸਾਡੀ (ਨਿਰਣੀਤ) ਯੁਕਤੀ ਸੀ ਜੋ ਅਸਾਂ ਨੇ ਇਬਰਾਹੀਮ ਨੂੰ ਓਸ ਦੀ ਜ਼ਾਤੀ ਦੇ ਖੰਡਨ ਮੰਡਨ ਕਰਨ ਵਾਸਤੇ ਦਸੀ ਸੀ ਅਸੀਂ ਜਿਸ ਦੀ ਚਾਹੁੰਦੇ ਹਾਂ (ਓਸੇ ਦੀ) ਹੀ ਪਦਵੀ ਉੱਚੀ ਕਰ ਦੇਂਦੇ ਹਾਂ ਨਿਰਸੰਦੇਹ ਤੁਹਾਡਾ ਪਰਵਰਦਿਗਾਰ ਯੁਕਤੀ ਵਾਲਾ ਅਰ (ਸਭ ਕੁਛ) ਜਾਣਦਾ ਹੈ ॥ ੮੪ ॥ ਅਰ ਅਸਾਂ ਨੇ ਇਬਰਾਹੀਮ ਨੂੰ ਇਸਹਾਕ ਅਰ ਯਾਕੂਬ ਪ੍ਰਦਾਨ ਕੀਤੇ ਏਹਨਾਂ ਸਾ-ਰਿਆਂ ਨੂੰ ਅਸਾਂ ਸਚਾ ਮਾਰਗ ਦਸਿਆ ਅਰ (ਏਹਨਾਂ ਨਾਲੋਂ) ਪਹਿਲੇ ਨੂਹ ਨੂੰ ਭੀ ਅਸਾਂ ਸਚਾ ਮਾਰਗ ਦਸਿਆ ਅਰ ਏਹਨਾਂ ਦੀ ਹੀ ਨਸਲ ਵਿਚੋਂ ਦਾਊਦ ਅਰ ਸਿਲੇਮਾਨ ਅਰ ਅਯੂਬ ਅਰ ਯੂਸਫ ਅਰ ਮੂਸਾ ਤਥਾ ਹਾਰੂਨ (ਸਾਰਿਆਂ)ਨੂੰ(ਅਸਾਂ ਸਾਰਿਆਂ ਨੂੰ ਸਚਾ ਮਾਰਗ ਦਸਿਆ)ਅਰ ਸਾਫ ਦਿਲ ਨਾਲ ਸੁਭ ਕਰਮ ਕਰਨ ਵਾਲਿਆਂ ਨੂੰ ਅਸੀਂ ਏਸੇ ਤਰਹਾਂ ਬਦਲਾ ਦਿਤਾ ਕਰਦੇ ਹਾਂ ॥ ੮੫ ॥ ਅਰ ਜ਼ਕਰੀਆ ਤਥਾ ਯਾਹੀਯਾ ਅਰ ਈਸਾ ਅਰ ਇਲਯਾਸ ਨੂੰ (ਕਿ ਏਹ) (ਸਾਰੇ ਸਾਡਿਆਂ) ਭਲਿਆਂ ਲੋਗਾਂ ਵਿਚੋਂ ਹਨ ॥ ੮੬ ॥ ਅਰ ਇਸਮਾਈਲ ਅਰ ਯਸਆ ਅਰ ਯੂਨਸ ਅਰ ਲੂਤ ਅਰ ਸਾਰਿਆਂ ਨੂੰ ਸੰਸਾਰੀ ਲੋਗਾਂ ਪਰ (ਅਤਿ) ਉੱਤਮਤਾਈ ਦਿਤੀ ॥੮੭॥ (ਅਰ ਕੇਵਲ ਏਹਨਾਂ ਨੂੰ ਹੀ ਨਹੀਂ ਪ੍ਰਤਯੁਤ) ਏਹਨਾਂ ਦੇ ਵਡਿਆਂ ਨੂੰ ਅਰ ਏਹਨਾਂ ਦੀ ਉਲਾਦ ਨੂੰ ਅਰ ਏਹਨਾਂ ਦੇ ਸੰਬੰਧੀਆਂ ਵਿਚੋਂ (ਹੋਰ ਬਹੁਤ ਸਾਰਿਆਂ ਨੂੰ) ਅਰ ਏਹਨਾਂ ਲੋਗਾਂ ਨੂੰ ਅਸਾਂ (ਆਪਣਿਆਂ ਦਾਸਾਂ ਵਿਚੋਂ) ਚੁਣ ਲੀਤਾ ਅਰ ਏਹਨਾਂ ਨੂੰ (ਧਰਮ ਦਾ) ਸੂਧਾ ਮਾਰਗ ਦਸਿਆ ॥ ੮੮ ॥ ਏਹ ਹੈ ਅੱਲਾ ਦਾ ਰਾਹ ਦਸਣਾ ਆਪਣਿਆਂ ਸੇਵਕਾਂ ਵਿਚੋਂ ਜਿਸ ਨੂੰ ਚਾਹੇ ਉਕਤ ਪ੍ਰਕਾਰ ਦੀ ਸਿਖਿਆ ਦੇਵੇ ਅਰ ਯਦੀ ਏਹ (ਪੈਯੰਬਰ) ਸ਼ਿਰਕ ਕਰਦੇ ਹੁੰਦੇ ਤਾਂ ਏਹਨਾਂ ਦਾ ਕੀਤਾ ਕਤਰਿਆ (ਸਭ) ਨਿਸਫਲ ਹੋ ਜਾਂਦਾ ॥ ੮੯ ॥ (ਏਹ ਪੈਯੰਬਰ) ਉਹ ਲੋਗ ਸਨ ਜਿਨਹਾਂ ਨੂੰ ਅਸਾਂ ਪੁਸਤਕ ਪ੍ਰਦਾਨ ਕੀਤੀ ਅਰ ਰਾਜ (ਭੀ ਪ੍ਰਧਾਨ ਕੀਤਾ) ਅਰ ਪੈਯੰਬਰੀ (ਭੀ ਦਿਤੀ) ਤਾਂ ਯਦੀ ਏਹ (ਮੱਕੇ ਦੇ ਕਾਫਰ) ਏਹਨਾਂ (ਨਿਆਮਤਾਂ) ਦੀ ਕਦਰ ਨਾ (ਭੀ) ਕਰਨ

Digitized by Panjab Digital Library | www.panjabdigilib.org

(ਤਾਂ ਕੋਈ ਪਰਵਾਹ ਨਹੀਂ) ਅਸਾਂ ਨੇ ਏਹਨਾਂ (ਨਿਆਮਤਾਂ) ਪਰ ਏਹਨਾਂ ਨਾਲੋਂ (ਉੱਤਮ) ਲੋਗ ਅਰਥਾਤ ਮੁਸਲਮਾਨਾਂ ਨੂੰ ਅਧਿਕਾਰ ਦੇ ਦਿਤਾ ਹੈ ਜੋ (ਏਹਨਾਂ ਕਾਫਰਾਂ ਦੀ ਤਰਹਾਂ) ਏਹਨਾਂ (ਨਿਆਮਤਾਂ) ਦੇ ਨਾਂ ਕਦਰਦਾਨ ਨਹੀਂ ਹਨ ॥ ੯੦ ॥ ਏਹ ਓਹ ਲੋਗ ਸਨ ਜਿਨਹਾਂ ਨੂੰ ਅੱਲਾ ਨੇ ਸਿਧਾ ਮਾਰਗ ਬਤਾਇਆ ਤਾਂ (ਹੇ ਪੈਗੰਬਰ) ਓਹਨਾਂ ਦੇ ਹੀ ਤਰੀਕੇ ਦੀ ਪੈਰਵੀ ਕਰੋ (ਤੁਸੀਂ ਏਹਨਾਂ ਲੋਗਾਂ ਨੂੰ) ਕਹਿ ਦਿਓ ਕਿ ਮੈਂ ਕੁਰਾਨ ( ਦੇ ਸੁਣਾਉਣ ) ਪਰ ਤੁਹਾਡੇ ਪਾਸੋਂ ਕੋਈ ਮਜ਼ਦੂਰੀ (ਤਾਂ) ਨਹੀਂ ਮੰਗਦਾ ਇਹ ਕੁਰਾਨ ਤਾਂ ਸੰਸਾਰ ਦੇ ਲੋਗਾਂ ਵਾਸਤੇ (ਕੇਵਲ) ਸਿਖਿਆ ਹੈ ਅਰ ਬਸ ॥ ੯੧ ॥ ਰੁਕੂਹ ੧੦ ॥

ਅਰ ( ਯਹੂਦ ਨੇ ) ਜਿਸ ਤਰਹਾਂ ਦੀ ਅੱਲਾ ਦੀ ਕਦਰ ਕਰਨੀ ਚਾਹੀਦੀ ਸੀ ਇਸ ਤਰਹਾਂ ਦੀ ਓਸ ਦੀ ਕਦਰ ਨਾ ਜਾਤੀ ( ਹਠ ਨਾਲ ) ਲਗੇ ਆਖਣ ਕਿ ਖੁਦਾ ਨੇ ਕਿਸੇ ਪੁਰਸ਼ ਪਰ (ਕਿਤਾਬ ਦੀ ਕਿਸਮ ਵਿਚੋਂ) ਕੋਈ ਵਸਤੂ ਨਹੀਂ ਉਤਾਰੀ (ਤੁਸੀਂ) ਏਹਨਾਂ ਲੋਗਾਂ ਪਾਸੋਂ ਪੁਛੋ ਕਿ(ਭਲਾ)ਓਹ ਪੁਸਤੱਕ (ਤੌਰਾਤ) ਜਿਸ ਨੂੰ ਮੂਸਾ ਲੈਕੇ ਆਇਆ ਸੀ ਉਹ ਕਿਸ ਨੇ ਉਤਾਰੀ ਸੀ(ਅਰ ਉਹ)ਲੋਗਾਂ ਦੇ ਵਾਸਤੇ ਨੂਰ ਅਰ ਸਿਖਿਆ ਹੈ ਤੁਸਾਂ ਨੇ ਓਸਦੇ (ਅਲਗ ੨) ਵਰਕ ਕਰ ਛਡੇ ਹਨ (ਓਹਨਾਂ ਵਿਚੋਂ ਜੋ ਤੁਹਾਡੇ ਮਤਲਬ ਦੇ ਹਨ) ਓਹਨਾਂ ਨੂੰ (ਲੋਗਾਂ ਅਗੇ) ਜ਼ਾਹਰ ਕਰਦੇ ਹੋ ਅਰ ਬਹੁਤ ਸਾਰੇ (ਜੋ ਤੁਹਾਡੇ ਸੰਕਲਪ ਦੇ ਵਿਰੁਧ ਹਨ ਉਨਹਾਂ ਨੂੰ ਲੋਗਾਂ ਪਾਸੋਂ) ਛਿਪਾਉਂਦੇ ਹੋ ਅਰ (ਓਸੇ ਕਿਤਾਬ ਦੇ ਦੁਆਰਾ ਤੁਹਾਨੂੰ ਉਹ (ਬਾਤਾਂ)ਸਿਖਾਈਆਂ ਗਈਆਂ ਜਿਨਹਾਂ ਨੂੰ ਤੁਸੀਂ ਨਹੀਂ ਜਾਣਦੇ ਸੀ ਅਰ ਨਾ ਤੁਹਾਡੇ ਵਡ(ਵਡੇਰੇ ਤੁਸੀਂ ਏਹਨਾਂ ਨੂੰ)ਕਹੁ(ਕਿ ਓਹ ਪੁਸਤਕ)ਅੱਲਾ ਨੇ ਹੀ (ਉਤਾਰੀ ਸੀ) ਫੇਰ ਏਹਨਾਂ ਨੂੰ ਪੇ ਝਖ ਮਾਰਨ ਦਿਓ ਕਿ ਆਪਣੀ ਬਕ ਬਕ ਵਿਚ ਪੈ ਖੇਡਣ ॥ ੯੨ ॥ ਅਰ ਇਹ ਪੁਸਤਕ (ਕੁਰਾਨ) ਹੈ ਜਿਸ ਨੂੰ ਅਸਾਂ ਉਤਾਰਿਆ ਹੈ ਬਰਕਤ ਵਾਲੀ (ਪੁਸਤਕ ਹੈ ਅਰ)ਜੋ(ਪੁਸਤਕਾਂ) ਏਸ (ਦੇ ਆਵਣ ਦੇ ਸਮੇਂ) ਤੋਂ ਪਹਿਲਾਂ (ਦੀਆਂ ਵਿਦਮਾਨ) ਹਨ ਓਹਨਾਂ ਦੀ ਤਸਦੀਕ (ਭੀ) ਕਰਦੀ ਹੈ (ਅਸਾਂ ਏਸ ਨੂੰ ਏਸ ਕਰਕੇ ਉਤਾਰਿਆ ਹੈ) ਤਾ ਕਿ ਤੁਸਾਂ ਮਕੇ (ਵਾਲਿਆਂ) ਨੂੰ ਅਰ ਜੋ ਲੋਗ ਓਸ ਦੇ ਇਰਦ ਗਿਰਦ ਵਸਦੇ ਹਨ ਓਹਨਾਂ ਨੂੰ (ਖੁਦਾ ਦੇ ਆਜ਼ਾਬ ਤੋਂ) ਡਰਾਓ ਅਰ ਜੋ ਲੋਗ ਆਖਰਤ ਦਾ ਨਿਸਚਾ ਰਖਦੇ ਹਨ ਓਹ ਤਾਂ (ਜਲਦ ਹੀ) ਇਸ ਪਰ ਨਿਸਚਾ ਲੈ ਆਉਂਦੇ ਹਨ ਅਰ ਉਹ ਆਪਣੀ ਨਮਾਜ਼ ਦੀ (ਭੀ) ਖਬਰ ਰਖਦੇ ਹਨ ॥੯੩॥ ਅਰ ਓਸ ਨਾਲੋਂ ਵਧ ਕੇ ਪਾਪੀ ( ਹੋਰ ) ਕੌਣ ਹੋਵੇਗਾ ਜੋ ਅੱਲਾ ਪਰ ਝੂਠ ਥਪੇ ਅਥਵਾ ਦਾਵਾ ਕਰੇ ਕਿ ਮੇਰੇ ਪਾਸ ਵਹੀ ( ਅਕਾਸ ਬਾਣੀ ) ਆਈ ਹੈ, ਭਾਵੇਂ ਓਸਦੇ ਪਾਸ ਕੋਈ ਭੀ ਵਹੀ ਨਾ ਆਈ ਹੋਵੇ

Digitized by Panjab Digital Library | www.panjabdigilib.org

(ਉਸਤੋਂ ਵਧਕੇ ਪਾਪੀ ਕੌਣ)ਜੋ ਦਾਵਾ ਕਰੇ ਕਿ(ਕੁਰਾਨ)ਜਿਸਨੂੰ ਅੱਲਾ ਨੇ ਉਤਾ-ਰਿਆ ਹੈ(ਕਹੋ ਤਾਂ)ਮੈਂ ਵੀ ਐਸਾ ਮੈਂ ਵੀ ਉਤਾਰ ਦੇਵਾਂ ਅਰ ਭਗਵਾਨ ਕਰੇ ਕਿ ਤੁਸੀਂ(ਏਹਨਾਂ) ਦੁਸ਼ਟਾਂ ਨੂੰ ਓਸ ਵੇਲੇ ਦੇਖੋ ਕਿ ਮੌਤ ਦੀ ਬੇਹੋਸ਼ੀ ਵਿਚ (ਪੜੇ)ਹੋਏ ਹਨ ਅਰ ਫਰਿਸ਼ਤੇ (ਓਹਨਾਂ ਦੀ ਜਾਨ ਨਿਕਾਸਨ ਵਾਸਤੇ ਏਹਨਾਂ ਪਰ ਤਰਹਾਂ ੨ ਦੇ) ਹਥ ਵਲਛੇ ਕਰ ਰਹੇ ਹਨ ( ਅਰ ਕਹਿੰਦੇ ਜਾਂਦੇ ਹਨ ) ਕਿ ਆਪਣੀਆਂ ਜਾਨਾਂ ਨਿਕਾਲੋ ਹੁਣ ਤੁਹਾਨੂੰ ਖੁਵਾਰੀ ਦੇ ਦੁਖ ਦਾ ਕਸ਼ਟ ਦਿਤਾ ਜਾਵੇਗਾ ਏਸ ਵਾਸਤੇ ਕਿ ਤੁਸੀਂ ਖੁਦਾ ਪਰ ਅਯੋਗ ਝੂਠ ਬੋਲਦੇ ਅਰ ਉਸ ਦੀਆਂ ਆਇਤਾਂ ( ਨੂੰ ਸ੍ਰਵਣ ਕਰ ਕੇ ਉਨਹਾਂ ) ਅੱਗੇ ਤਾਂਗੜਦੇ ਸੀ ॥੯੪॥ ਅਰ ਤੁਸੀਂ ਸਾਡੇ ਪਾਸ ਇਕ ਇਕ ਕਰਕੇ ਆਏ ਅਰ ਜਿਸ ਪਰਕਾਰ ਪ੍ਰਥਮ ਬਾਰ ਤੁਹਾਨੂੰ ਉਤਪਤ ਕੀਤਾ ਸੀ ਅਰ ਜੋ ਕੁਛ ( ਸਾਮੱਗਰੀ ) ਅਸਾਂ ਤੁਹਾਨੂੰ ( ਦੁਨੀਆਂ ਵਿਚ ) ਦਿਤੀ ਸੀ ( ਉਹ ਸੰਪੂਰਨ ) ਆਪਣੀ ਪਿਠ ਪਿਛੇ ਛਡ ਆਏ ਅਰ ਤੁਹਾਡੀ ਸਪਾਰਸ਼ ਕਰਨ ਵਾਲਿਆਂ ਨੂੰ ਅਸੀਂ ਤੁਹਾਡੇ ਸਾਥ (ਕਿਤੇ) ਨਹੀਂ ਦੇਖਦੇ ਜਿਨਹਾਂ ਨੂੰ ਤੁਸੀਂ ਸਮਝਦੇ ਸੀ ਕਿ ਉਹ ਤਾਂ ਤੁਹਾਡੇ ਸਜਾਤੀ ਹਨ ਹੁਣ ਤੁਹਾਡੇ ਆਪਣੇ ਜੋੜ ( ਸਾਰਿਆਂ ਦੇ ਸਾਰੇ ) ਟੁਟ (ਫੁਟ) ਗਏ ਅਰ ਜੋ ਦਾਵੇ ਤੁਸੀਂ ਕੀਤਾ ਕਰਦੇ ਸੀ ( ਸਾਰੇ ਹੀ ) ਤੁਹਾਥੋਂ ਘਟੇ ਕੌਡੀਆਂ ਹੋ ਗਏ ॥ ੯੫ ॥ ਰੁਕੂਹ ੧੧ ॥

ਨਿਰਸੰਦੇਹ ਖੁਦਾ ਹੀ (ਉਸ) ਦਾਣੇ ਦਾ ਅਰ ਗੁਠਲੀ ਦਾ ਪਾੜਨ ਵਾਲਾ ਹੈ (ਵੁਹੀ) ਸਰਜੀਵਾਂ ਨੂੰ ਅਜੀਵਾਂ ਵਿਚੋਂ ਕਢਦਾ ਹੈ ਅਰ ( ਵੁਹੀ ) ਸਜੀਵਾਂ ਵਿਚੋਂ ਅਜੀਵਾਂ ਨੂੰ ਨਿਕਾਸਨ ਵਾਲਾ ਹੈ ਇਹੋ ਤਾਂ ਖੁਦਾ ਹੈ ਫੇਰ ਤੁਸੀਂ ਕਿਧਰ ਬਹਿ ਕੇ ਹੋਏ ਚਲੇ ਜਾਂਦੇ ਹੋ ॥ ੯੬ ॥ ਓਸੇ ਦੇ ਕੀਤੇ ਵਿਚੋਂ ਪ੍ਰਾਂਤ ਸਮੇਂ ਪਹੁ ਪਾਟਦੀ ਹੈ ਅਰ ਉਸੇ ਨੇ ਸੁਖ ਵਾਸਤੇ ਰਾਤ੍ਰੀ (ਅਰ)ਸੂਰਜ ਤਥਾ ਚੰਦ੍ਰ ਨੂੰ ਹਿਸਾਬ ਦੇ ਵਾਸਤੇ ਬਨਾਯਾ ਹੈ ਇਹ(ਉਸੇ)ਸ਼ਕਤਸ਼ਾਲੀ ਬੁਧੀਮਾਨ(ਖੁਦਾ) ਦੇ ਬਣਾਏ ਹੋਏ ਅੰਦਾਜੇ ਹਨ ॥ ੯੭ ॥ ਅਰ ਓਹੋ ਹੀ ਹੈ ਜਿਸ ਨੇ ਤੁਹਾਡੇ ਵਾਸਤੇ ਤਾਰਾਗਣ ਬਨਾਏ ਤਾਂ ਕਿ ਜਲ ਥਲ ਦੇ ਅੰਧੇਰਿਆਂ ਵਿਖਜ ਓਹਨਾਂ ( ਦਿਆਂ ਪਤਿਆਂ ) ਪਰ ਚਲੋ ਜੋ ਬੁਧੀ ਵਾਨ ਹਨ ਉਨਹਾਂ ਵਾਸਤੇ ਤਾਂ ( ਅਸਾਂ ਨੇ ਆਪਣੀ ਕੁਦ-ਰਤ ਦੀਆਂ)ਨਿਸ਼ਾਨੀਆਂ ਬਹੁ ਵਿਸਤਾਰ ਪੂਰਵਕ ਵਰਣਨ ਕਰ ਦਿਤੀਆਂ ਹਨ ॥ ੯੮ ॥ ਅਰ ਵਹੀ ਹੈ ਜਿਸ ਨੇ ਤੁਸਾਂ ( ਸਾਰਿਆਂ ) ਨੂੰ ( ਇਕ ) ਏਕੱਲੇ (ਆਦਮ) ਥੀਂ ਉਤਪਤ ਕੀਤਾ ਫੇਰ (ਹਰ ਇਕ ਵਾਸਤੇ) ਇਕ ਸਮਾਂ ਨੀਯਤ ਹੈ ਅਰ ( ਮਰਿਆਂ ਪਿਛੋਂ ) ਸਪੁਰਦ ਹੋਣ ਦਾ ਸਥਾਨ ਹੈ। ਸਮਝਣ ਵਾਲਿਆਂ ਵਾਸਤੇ ਤਾਂ ਅਸੀਂ(ਆਪਣੀ ਕੁਦਰਤ ਦੀਆਂ)ਨਿਸ਼ਾਨੀਆਂ ਭਲੀ(ਭਾਂਤ)ਵਿਸਤਾਰ ਪੂਰਵਕ ਵਰਤਣ ਕਰ ਚੁਕੇ ਹਾਂ ॥ ੯੯ ॥ ਅਰ ਵਹੀ ਹੈ ਜਿਸਨੇ ਆਗਾਸ

Digitized by Panjab Digital Library | www.panjabdigilib.org

ਵਿਚੋਂ ਬਰਖਾ ਕੀਤੀ ਫੇਰ (ਬਰਖਾ ਕੀਤਿਆਂ ਪਿਛੋਂ) ਅਸਾਂ ( ਹੀ ) ਉਸ ਵਿਚੋਂ ਹਰ ਪ੍ਰਕਾਰ ( ਦੀ ਅੰਗੂਰੀ ਦੇ ) ਅੰਕੁਰ ਨਿਕਾਸੇ ਪੁਨਰ ਅੰਕੁਰਾਂ ਵਿਚੋਂ ਅਸਾਂ ਹੀ ਹਰੀ ੨ ਸ਼ਾਖਾਂ ਕਢ ਦਿਖਲਾਈਆਂ ਕਿ ਉਨਹਾਂ ਵਿਚੋਂ ਅਸੀਂ ਗੁੰਦੇ ਹੋਏ ਦਾਣੇ ਨਿਕਾਸਦੇ ਹਾਂ ਅਰ ਖਜੂਰ ਦਿਆਂ ਗਭਿਆਂ ਵਿਚੋਂ ਗੁਛੇ ਜੋ(ਭਾਰ ਦੇ ਮਾਰੇ ਹੋਏ) ਪੜੇ ਝੁਕ ਰਹੇ ਹਨ ਅਰ ਅੰਗੂਰ ਦੇ ਬਾਗ ਅਰ ਜੈਤੂਨ ਅਰ ਅਨਾਰ ( ਇਕ ਦੂਸਰੇ ਨਾਲ ) ਰਲਦੇ ਮਿਲਦੇ ਅਰ ( ਸ੍ਵਾਦ ਦ੍ਵਾਰਾ ) ਰਲਦੇ ਮਿਲਦੇ ਨਹੀਂ ( ਏਹਨਾਂ ਵਿਚੋਂ ਸਾਰੀਆਂ ਵਸਤਾਂ ) ਜਦੋਂ ਪਕਦੀਆਂ ਹਨ ਤਾਂ ਉਸਦਾ ਫਲ ਅਰ ਫਲ ਦਾ ਪਕਣਾ ( ਇਕ ਦੇਖਣ ਵਾਲਾ ਹੈ ਏਸ ਨੂੰ ਸੂਖਸ਼ਮ ਦ੍ਰਿਸ਼ਟੀ ਦ੍ਵਾਰਾ) ਦੇਖੋ ਨਿਰਸੰਦੇਹ ਜੋ ਲੋਗ (ਖੁਦਾ ਪਰ) ਭਰੋਸਾ ਰਖਦੇ ਹਨ ਓਹਨਾਂ ਵਾਸਤੇ ਇਹਨਾਂ ( ਵਸਤਾਂ ) ਵਿਚ (ਖੁਦਾ ਦੀ ਕੁਦਰਤ ਦੀਆਂ) ਨਿਸ਼ਾਨੀਆਂ (ਬਹੁਤ ਸਾਰੀਆਂ ਵਿਦਮਾਨ) ਹਨ॥ ੧੦੦ ॥ ਅਰ ਭੇਦ ਵਾਦੀਆਂ ਨੇ ਜਿੰਨਾਤ ਨੂੰ ਖੁਦਾ ਦਾ ਸ਼ਰੀਕ ਬਣਾਕੇ ਖੜਾ ਕੀਤਾ ਹਾਲਾਂ ਕਿ ਖ਼ੁਦਾ ਨੇ ਹੀ ਜਿੰਨਾਤ ਨੂੰ ਪੈਦਾ ਕੀਤਾ ਅਰ ਏਹਨਾਂ ਲੋਗਾਂ ਨੇ ਜਾਣਿਆਂ ਬੁਝਿਆਂ ਥੀਂ ਬਿਨਾ ਹੀ ਖੁਦਾ ਵਾਸਤੇ ਪੁੱਤ੍ਰ ਤਥਾ ਪੁੱਤ੍ਰੀਆਂ ਭੀ(ਆਪਣੀ ਤਰਫੋਂ ) ਘੜ ਲੀਤੀਆਂ ( ਖ਼ੁਦਾ ਦੀ ਨਿਸਬਤ ) ਜੈਸੀਆਂ ੨ ਬਾਤਾਂ ਏਹ ਲੋਗ ਕਥਨ ਕਰਦੇ ਹਨ ਉਹ ਉਨਹਾਂ ਥੀਂ ਨਿਰਲੇਪ ਅਰ ਊਚ ਤੇ ਊਂਚਾ ਹੈ॥ ੧੦੧ ॥ ਰੁਕੂਹ ੧੨ ॥

(ਉਹੀ ਇਸ) ਅਗਾਸ ਧਰਤ ਦਾ ਸਿਰਜਨਹਾਰ ਹੈ ਅਰ ਉਸਦੇ ਅੰਸ ਕਿਸ ਵਾਸਤੇ ਹੋਣ ਲਗੀ ਜਦ ਕਿ ਕਦੀ ਉਸਦੀ ਇਸਤ੍ਰੀ ਹੀ ਨਹੀਂ ਅਰ ਉਸੀ ਨੇ ਹੀ ਹਰ ਵਸਤੂ ਨੂੰ ਉਤਪਤ ਕੀਤਾ ਅਹ ਵਹੀ ਸੰਪੂਰਨ ਵਸਤਾਂ (ਦੇ ਹਾਲ) ਤੋਂ ਗਜਾਤ ਹੈ ॥੧੦੨॥ (ਲੋਗੋ) ਏਹੋ ਅੱਲਾ ਤੁਹਾਡਾ ਪਰਵਰ-ਦਿਗਾਰ ਹੈ ਉਸਤੋਂ ਸਿਵਾ (ਹੋਰ)ਕੋਈ ਪੂਜ ਨਹੀਂ (ਵਹੀ) ਸੰਪੂਰਣ ਵਸਤਾਂ ਦਾ ਪੈਦਾ ਕਰਨ ਵਾਲਾ ਹੈ ਤਾਂ ਉਸੇ ਦੀ ਪੂਜਾ ਕਰੋ ਅਰ ਵਹੀ ਹਰ ਵਸਤੂ ਦਾ ਰੱਖਛਕ ਹੈ ॥੧੦੩॥(ਲੌਕਿਕ) ਦ੍ਰਿਸ਼ਟੀਆਂ ਤਾਂ ਓਸਨੂੰ ਦੇਖ ਨਹੀਂ ਸਕਦੀਆਂ ਅਰ (ਲੌਕਿਕ) ਦ੍ਰਿਸ਼ਟੀਆਂ ਨੂੰ ਓਹ ਭਲੀ ਤਰਹਾਂ ਜਾਣਦਾ ਹੈ ਅਰ ਉਹ ਬਹੁਤ ਬੜਾ ਸੂਖਜਮ ਦ੍ਰਿਸ਼ਟਾ ਸਾਗਿਆਤ ਹੈ॥੧੦੪॥ (ਲੋਗੋ)ਤੁਹਾਡੇ ਪਰਵਰਦਿਗਾਰ ਦੀ ਤਰਫੋਂ ਦਿਲ ਦੀਆਂ ਅਖਾਂ ਤਾਂ ਤੁਹਾਡੇ ਸਮੀਪ ਆ ਹੀ ਚੁਕੀਆਂਹਨ ਪੁਨਰ (ਹੁਣ)ਜੋ ਦੇਖੇ (ਤਥਾ ਜੋ ਸੁਣੇ ਸਮਝੇ)ਤਾਂ(ਉਸਦਾ ਗੁਣ)ਉਸ ਦੀ ਜਾਤ ਨੂੰ ਹੈ ਅਰ ਜੋ(ਜਾਨ ਬੁਝ ਕੇ)ਅੰਧਾ ਹੋ ਜਾਵੇ ਤਾਂ(ਉਸਦਾ ਔਗੁਣ ਭੀ)ਉਸੀ ਦੇ ਆਤਮਾ ਪਰ ਹੈ ਮੈਂ ਤੁਹਾਡੇ ਲੋਗਾਂ ਦਾ ਕੋਈ ਸੰਰਖਜਕ ਤਾਂ ਹਾਂ ਨਹੀਂ ॥ ੧੦੫॥ ਅਰ ਉਸੀ ਤਰਹਾਂ ਅਸੀਂ (ਆਪਣੀਆਂ) ਆਇਤਾਂ ( ਅਲਗ ੨ ) ਫੇਰ ੨ ਕਰਕੇ ਵਰਣਨ

Digitized by Panjab Digital Library | www.panjabdigilib.org

ਕਰਦੇ ਹਾਂ ਅਰ ਇਹ ਇਸ ਵਾਸਤੇ ਕਿ ਉਹਨਾਂਨੂੰ ਮੰਨਣਾ ਪਵੇ ਕੇ ਤੁਸਾਂ ਨੇ(ਉਹਨਾਂ ਨੂੰ ਕੁਰਾਨ) ਪੜ ਕਰ ਸੁਨਾਇਆ ਅਰ ਇਸ ਵਾਸਤੇ ਕਿ ਅਸੀਂ ਸਮਝ ਵਾਲਿਆਂ ਵਾਸਤੇ ਅਸੀਂ ਭਲੀਭਾਂਤ ਵਰਣਨ ਕਰੀਏ ॥੧੦੬॥ (ਹੇ ਪੈਯੰਬਰ) ਤੁਸੀਂ ਓਸੇਵਹੀ (ਆਕਾਸ਼ ਬਾਨੀ) ਪਰ ਚਲੋ ਜੋ ਤੁਹਾਡੇ ਰਬ ਪਾਸੋਂ ਤੁਹਾਨੂੰ ਆਈ ਖੁਦਾ ਤੋਂ ਸਿਵਾ ਕੋਈ ਪੂਜਨੇ ਜੋਗ ਨਹੀਂ ਅਰ ਮਸ਼ਰਕਾਂ ਪਾਸੋਂ ਕੰਨੀ ਕਤਰੀ ਰਖੋ ॥ ੧੦੭ ॥ ਅਰ ਯਦੀ ਖੁਦਾ ਦੀ ਇੱਛਾ ਹੁੰਦੀ ਤਾਂ ਏਹ ਸ਼ਰਕ ਨਾ ਕਰਦੇ ਅਰ ਅਸਾਂ ਤੁਹਾਨੂੰ ਏਹਨਾਂ ਪਰ ਕੋਈ ਮੁਹਾਫਿਜ਼ ਤਾਂ (ਮੁਕਰਰ) ਕੀਤਾ ਨਹੀਂ ਅਰ ਨਾ ਤੁਸੀਂ ਏਹਨਾਂ ਪਰ ਦਾਰੋਗੇ ਹੋ॥ ੧੦੮ ॥ ਅਰ(ਮੁਸਲਮਾਨੋ) ਜੋ ਲੋਗ ਖੁਦਾਤੋਂ ਸਿਵਾ (ਦੂਸਰਿਆਂ ੨ ਮਾਬੂਦਾਂ ਦੀ ਪੂਜਾ ਕਰਦੇਅਰਥਾਤ) ਪੁਕਾਰਦੇਹਨ ਓਹਨਾਂ ਨੂੰ ਬੁਰਾ ਨਾ ਬੋਲੋ ਕਿ ਏਹ ਲੋਗ (ਭੀ) ਮੂਰਖਤਾ ਕਰਕੇ ਬਿਅਰਥ (ਅਯੋਗ) ਖੁਦਾ ਨੂੰ ਬੁਰਾ ਬੋਲ ਬੈਠਣਗੇ ਐਸੇ ਹੀ ਅਸਾਂ ਹਰ ਸ੍ਰੇਣੀ ਦੇ ਕਰਮ ਓਹਨਾਂ ਨੂੰ ਉਤਮ ਕਰਕੇ ਦਿਖਾਏ ਹਨ ਪੁਨਰ (ਅੰਤ ਨੂੰ) ਇਹਨਾਂ ਸਾਰਿਆਂ ਨੇ ਆਪਣੇ ਪਰਵਰਦਿਗਾਰ ਦੀ ਤਰਫ ਪਰਤਕੇ ਜਾਣਾ ਹੈ ਤਾਂ ਜੈਸੇ ੨ ਕਰਮ (ਸੰਸਾਰ ਵਿਚ) ਕਰ ਰਹੇ ਸਨ ( ਖੁਦਾ ਓਹਨਾਂ ਦਾ ਬੁਰਾ ਭਲਾ ) ਉਹਨਾਂ ਨੂੰ ਦਸ ਦੇਵੇਗਾ ॥ ੧੦੯ ॥ ਅਰ (ਮਕੇ ਦੇ ਕਾਫਰ) ਅੱਲਾ ਦੀਆਂ ਸਖਤ ਕਸਮਾਂ ਖਾ ਖਾ ਕੇ (ਮੁਸਲਮਾਨਾਂ) ਨੂੰ ਕਹਿੰਦੇ ਹਨ ਯਦੀ (ਓਹਨਾਂ ਦੇ ਕਹੇ ਅਨੁਸਾਰ) ਕੋਈ ਚਮਤਕਾਰ ਉਹਨਾਂ ਦੇ ਸਾਹਮਣੇ ਆਵੇ ਤਾਂ ਉਹ ਜਰੂਰ ਓਸ ਪਰ ਭਰੋਸਾ ਲੈ ਆਉਣ ਗੇ(ਹੇ ਪੈਯੰਬਰ)ਤੁਸੀਂ ਸਮਝਾ ਦਿਓ ਕਿ ਚਿਮਤਕਾਰ ਤਾਂ ਅੱਲਾ ਹੀ ਦੇ ਪਾਸ ਹਨ (ਅਰਥਾਤ ਓਸੇ ਦੇ ਵਸ ਵਿਚ ਹਨ)ਅਰ ਮੁਸਲਮਾਨੋ! ਤੁਸੀਂ ਲੋਗ ਕੀ ਜਾਣੋ ਏਹ ਲੋਗ ਤਾਂ ਮੋਜਜ਼ੇ (ਚਿਮਤਕਾਰ) ਆਇਆਂ ਹੋਇਆਂ ਭੀ ਨਿਸਚਾ ਨਹੀਂ ਕਰਨਗੇ ॥ ੧੧੦ ॥ ਅਰ ਅਸਾਂ ਏਹਨਾਂ ਦੇ ਦਿਲਾਂ ਅਰ ਏਹਨਾਂ ਦੀਆਂ ਅਖੀਆਂ ਨੂੰ ਉਲਟ ਦੇਵਾਂਗੇ (ਤਾਂ ਇਹ ਚਿਮਤਕਾਰ ਦੇਖ ਕਰ ਬੀ ਈਮਾਨ ਨਹੀਂ ਲਿਆਵਣਗੇ) ਜਿਸ ਪ੍ਰਕਾਰ ਪ੍ਰਿਥਮ ਬਾਰ ਕੁਰਾਨ ਪਰ ਈਮਾਨ ਨਹੀਂ ਲਾਏ ਅਰ ਅਸੀਂ ਏਹਨਾਂ ਨੂੰ ਏਹਨਾਂ ਦੀ ਮੂੰਹ ਜ਼ੋਰੀ (ਹਾਲਤ) ਵਿਚ ਹੀ ਰਹਿਣ ਦੇਵਾਂਗੇ ਕਿ ਪੜੇ ਭੰਭਲ ਭੂਸੇ ਖਾਂਦੇ ਫਿਰਨ ॥ ੧੧੧ ॥ ਰਕੂਹ ੧੩ ॥

*ਅਰ ਯਦੀ ਅਸੀਂ (ਆਕਾਸ਼ ਥੋਂ) ਏਹਨਾਂ ਪਰ ਫਰਿਸ਼ਤਿਆਂ ਨੂੰ ਭੀ ਉਤਾਰਦੇ ਅਰ ਮੁਰਦੇ ਭੀ ਏਹਨਾਂ ਨਾਲ ਬਾਤਾਂ (ਚੀਤਾਂ) ਕਰਦੇ ਅਰ ਜਿਤਨੀਆਂ ਵਸਤਾਂ (ਏਹਨਾਂ ਦੀ ਦ੍ਰਿਸ਼ਟੀ ਤੋਂ ਅਗੋਚਰ) ਹਨ ( ਓਹਨਾਂ ਸਾਰਿਆਂ ਨੂੰ ਭੀ ) ਏਹਨਾਂ ਦੇ ਸਨਮੁਖ ਲਿਆ ਇਸਥਿਤ ਕਰਦੇ ਤਾਂ ਭੀ ਤਾਂ ਈਸ਼੍ਵਰ ਇਛਾ ਬਿਨਾਂ (ਕਦਾਪਿ) ਈਮਾਨ ਨਾ ਲੈ ਆਉਂਦੇ ਪਰੰਚ ਏਹਨਾਂ ਵਿਚੋਂ ਪ੍ਰਾਯਾ (ਈਸ਼੍ਵਰੀ

*ਅਬ "ਵਲੌਂ ਅਨਨਾ" ਨਾਮੀ ਅਠਵਾਂ ਪਾਰਾ ਚਲਾ ।

Digitized by Panjab Digital Library | www.panjabdigilib.org

ਇਛਾ ਨੂੰ) ਨਹੀਂ ਸਮਝਦੇ ॥ ੧੧੨ ॥ ਅਰ ਇਸੀ ਭਾਂਤ ਅਸਾਂ ਦੁਸ਼ਟ ਆਦਮੀਆਂ ਨੂੰ ਅਰ ਜਿਨਹਾਂ ਨੂੰ (ਪੈਯੰਬਰਾਂ ਦੇ ਸਬਰ ਦੀ ਪ੍ਰੀਖਿਆ ਕਰਨ ਵਾਸਤੇ) ਹਰੇਕ ਨਬੀ ਦਾ ਦੁਸ਼ਮਨ ਬਣਾ ਦਿੱਤਾ ਸੀ ਕਿ ਧੋਖਾ ਦੇਣ ਦੀ ਅਭਿਲਾਖਾ ਨਾਲ ਇਕ ਦੇ ਕੰਨ ਵਿਚ ਦੂਸਰਾ ਮੋਮੋ ਠਗਣੀਆਂ ਬਾਤਾਂ ਫੂਕਦਾ ਰਹਿੰਦਾ ਸੀ ਅਰ ਯਦੀਚ ਤੁਹਾਡਾ ਪਰਵਰਦਿਗਾਰ ਚਾਹੁੰਦਾ ਤਾਂ ਇਹ ਲੋਗ ਐਸੀਆਂਹਰਕਤਾਂ ਨਾ ਕਰਦੇ ਤੂੰ ਇਨਹਾਂਨੂੰ(ਅਰ)ਇਹਨਾਂ ਦਿਆਂ ਝੂਠਾਂ ਨੂੰ(ਪ੍ਰਮਾਤਮਾਂ ਪਰ)ਛਡ ਦੇਓ ॥੧੧੩॥ਅਰ ਇਸ ਕਾਰਨ ਕਿ ਜੋ ਲੋਗ ਆਖ਼ੁਤ ਦੇ ਦਿਨ ਦਾ ਭ੍ਰੋਸਾ ਨਹੀਂ ਰਖਦੇ ਉਨ੍ਹਾਂਦੇ ਹਿਰਦੇ ਓਹਨਾਂ ਦੀਆਂ ਗਲਾਂ ਦੀ ਤਰਫ ਝੁਕਨ ਅਰ ਉਹ ਲੋਗ ਇਨਾਂ ਦੀਆਂ ਬਾਤਾਂ ਨੂੰ ਪਸੰਦ ਕਰਨ ਅਰ ਤਾ ਕਿ ਜੋ ਮੰਦਕਰਮ ਏਹ (ਆਪ) ਕਰਦੇ ਹਨ ਓਹ(ਭੀ) ਕੀਤਾ ਕਰਨ॥੧੧੪॥ ਕੀ ਮੈਂ(ਆਪਣੇ ਅਰ ਤੁਹਾਡੇ ਮਧਜ ਮੇਂ) ਖੁਦਾ ਥੀਂ ਭਿੰਨ ਕੋਈ ਹੋਰ ਪੈਂਚ ਤਲਾਸ਼ ਕਰਾਂ ਹਾਲਾਂ ਕਿ ਉਹੀ (ਪਵਿਤ੍ਰ ਰੂਪ) ਹੈ ਜਿਸ ਨੇ ਤੁਸਾਂ ਦੀ ਤਰਫ ( ਇਹ ) ਕਿਤਾਬ ਭੇਜੀ ਜਿਸ ਵਿਚ ( ਹਰ ਪ੍ਰਕਾਰ ਦਾ ) ਵਿਵਰਣ ( ਵਿਸਤ੍ਰਿਤ ) ਹੈ ਅਰ ਉਹ ਲੋਗ ਜਿਨਹਾਂ ਨੂੰ ਅਸਾਂ ਨੇ (ਤੁਹਾਡੇ ਨਾਲੋਂ ਪਹਿਲੇ) ਪੁਸਤਕ ਪ੍ਰਧਾਨ ਕੀਤੀ ਹੈ ਏਸ ਬਾਤ ਨੂੰ (ਭੀ ਭਲੀ ਤਰਹਾਂ) ਜਾਣਦੇ ਹਨ ਕਿ ਅਸਲ ਵਿਚ ਕੁਰਾਨ (ਭੀ) ਤੁਹਾਡੇ ਪਰਵਰਦਿਗਾਰ ਦੀ ਤਰਫੋਂ ਉਤਾਰਿਆ ਗਿਆ ਹੈ ਤਾਂ (ਹੇ ਪੈਯੰਬਰ !) ਤੁਸਾਂ ਕਿਤੇ ਭ੍ਰਮਿਕ ਬੁਧੀ ਪੁਰਖਾਂ ਵਿਚੋਂ ਨਾ ਹੋ ਜਾਣਾਂ ॥ ੧੧੫ ॥ ਅਰ ਤੁਹਾਡੇ ਪਰਵਰਦਿਗਾਰ ਦੀ ਆਗਿਆ ਸਚਾਈ ਅਰ ਇਨਸਾਫ ਨਾਲ ਪੂਰੀ ਹੋਈ ਕੋਈ ਐਸਾ ( ਅੜਬੰਗ ) ਨਹੀਂ ਕਿ ਓਸ ਦੇ ਕਿਸੇ ਹੁਕਮ ਨੂੰ ਟਾਲ ਦੇਵੇ ਅਰ ਵਹੀ ਸੁਣਦਾ ਅਰ ਬਾਗਿਆਤ ਹੈ ॥੧੧੬॥ ( ਅਰ ਹੇ ਪੈਯੰਬਰ ) ਬਹੁਤ ਲੋਗ ਤਾਂ ਦੁਨੀਆਂ ਵਿਚ ਐਸੇ ਹਨ ਯਦੀ ਓਹਨਾਂ ਦੇ ਕਹੇ ਪਰ ਤੁਰੋ ਤਾਂ ਤੁਹਾਨੂੰ ਸਚੇ ਮਾਰਗੋਂ ਭਟਕਾ ਕੇ ਛਡਣ ਏਹ ਤਾਂ ਕੇਵਲ ਆਪਣੀਆਂ ਉਕਤੀਆਂ ਯੁਕਤੀਆਂ ਪਰ ਤੁਰਦੇ ਹਨ ਅਰ ਕੇਵਲ ਅਟਕਲ ਪਚੂ ਪੜੇ ਮਾਰਦੇ ਹਨ ॥ ੧੧੭ ॥ ਜੋ ਲੋਗ ਰਬ ਦੇ ਰਾਹੋਂ ਭਟਕੇ ਹੋਏ ਹਨ ਨਿਰਸੰਦੇਹ ਤੁਹਾਡਾ ਪਰਵਰਦਿਗਾਰ ਹੀ ਓਹਨਾਂ ਨੂੰ ਭਲੀ ਤਰਹਾਂ ਜਾਣਦਾ ਹੈ ਅਰ ਜੋ ਸਚੇ ਮਾਰਗ ਪਰ ਹਨ ਓਹਨਾਂ ਨੂੰ ਭੀ ਉਹੀ ਭਲੀ ਤਰਹਾਂ ਜਾਣਦਾ ਹੈ ॥ ੧੧੮ ॥ ਬਸ ਯਦੀ ਤੁਸਾਂ ਲੋਗਾਂ ਨੂੰ ਉਸ ਦੇ ਹੁਕਮ ਦਾ ਨਿਸਚਾ ਹੈ ਤਾਂ ਜਿਸ ਪਰ ਅੱਲਾ ਦਾ ਨਾਮ ਲੀਤਾ ਗਿਆ ਹੋਵੇ ਓਸ ਵਿਚੋਂ ਖਾਓ ॥ ੧੧੯ ॥ ਅਰ ਜਿਸ (ਜ਼ਬੀਹਾ) ਪਰ ਖੁਦਾ ਦਾ ਨਾਮ ਲੀਤਾ ਗਿਆ ਹੋਵੇ ਓਸ ਵਿਚੋਂ ਤੁਹਾਡੇ ਨਾ ਖਾਣ ਦਾ ਕੀ ਕਾਰਨ ? ਹਾਲਾਂ ਕਿ ਜੋ ਵਸਤਾਂ ਖੁਦਾ ਨੇ ਤੁਹਾਡੇ ਪਰ ਹਰਾਮ ਕਰ ਦਿਤੀਆਂ

Digitized by Panjab Digital Library | www.panjabdigilib.org

ਹਨ ਉਸਨੇ ਵਿਸਤਾਰ ਪੂਰਵਕ ਤੁਹਾਡੇ ਅਗੇ ਵਰਣਨ ਕਰ ਦਿਤੀਆਂ ਹਨ(ਅਰ ਓਹਨਾਂ ਵਿਚ ਮੁਰਦਾ ਜਾਨਵਰ ਦਾਖਲ ਹੈ) ਹਾਂ ਉਹ ਵਸਤੂ (ਕਿ ਹਰਾਮ ਤਾਂ ਹੈ ਪਰੰਚ ਭੁਖ ਦੇ ਕਾਰਨ) ਤੁਸੀਂ ਓਸ (ਦੇ ਖਾਣ) ਪਰ ਬੇਵਸ ਹੋ ਜਾਓ (ਤਾਂ ਉਹ ਭੀ ਹਰਾਮ ਨਹੀਂ) ਅਰ ਬਹੁਤ ਆਦਮੀ ਬਿਨਾ ਵਿਚਾਰੇ ਆਪਣੀ ਆਪਣੀ ਇਛਾਨੁਸਾਰ (ਲੋਗਾਂ ਨੂੰ) ਭੁਚਲਾਂਦੇ ਰਹਿੰਦੇ ਹਨ ਜੋ ਲੋਗ (ਸੁਧਾਰਮਿਕੀ) ਸੀਮਾਂ ਤੋਂ ਬਾਹਰ ਹੋ ਜਾਂਦੇ ਹਨ ਤੁਹਾਡਾ ਪਰਵਰਦਿਗਾਰ ਹੀ ਓਹਨਾਂ (ਦੇ ਹਾਲ) ਤੋਂ ਭਲੀ ਤਰਹਾਂ ਵਾਕਿਫ ਹੈ ॥ ੧੨੦ ॥ ਅਰ ਪ੍ਰਗਟ ਅਰ ਗੁਪਤ (ਸਬ) ਪਾਪਾਂ ਨੂੰ ਛਡ ਦਿਓ ਜੋ ਲੋਗ ਗੁਨਾਹਾਂ ਨੂੰ ਬਟੋਰਦੇ ਹਨ ਉਨਹਾਂ ਨੂੰ ਆਪਣੀਆਂ ਕਰਤੂਤਾਂ ਦਾ ਬਦਲਾ ਜਲਦ ਮਿਲ ਜਾਵੇਗਾ ॥੧੨੧॥ ਅਰ ਜਿਸ (ਜ਼ਬੀਹਾ ਅਰਥਾਤ ਕੁਠੇ) ਪਰ ਖੁਦਾ ਦਾ ਨਾਮ ਨਾ ਲੀਤਾ ਗਿਆ ਹੋਵੇ ਓਸ ਵਿਚੋਂ ਨਾ ਖਾਓ ਉਸ ਵਿਚੋਂ ਖਾਣਾ ਪ੍ਰਤਕਸ਼ ਆਗਿਆ ਭੰਗ ਕਰਨਾ ਹੈ ਅਰ ਸ਼ੈਤਾਨ ਤਾਂ ਆਪਣੇ ਵਰਗਿਆਂ ਲੋਗਾਂ ਦੇ ਦਿਲਾਂ ਵਿਚ ਵਿਸਵਿਸੇ ਹੀ ਉਤਪਤ ਕਰਦਾ ਰਹਿੰਦਾ ਹੈ ਤਾ ਕਿ ਤੁਹਾਡੇ ਨਾਲ ਕੁਟਲਾਈ ਕਰੇਂ ਯਦੀਚ ਤੁਸਾਂ ਉਹਨਾਂ ਦਾ ਕਹਿਣਾ ਮੰਨ ਲੀਤਾ ਤਾਂ ਨਿਰਸੰਦੇਹ ਤੁਸੀਂ (ਭੀ) ਮਸ਼ਰਕ ਹੋ ਜਾਓਗੇ ॥ ੧੨੨ ॥ ਰਕੂਹ ੧੪ ॥ ਕੀ (ਇਕ ਆਦਮੀ) ਜੋ (ਪ੍ਰਿਥਮ) ਮੁਰਦਾ ਸੀ ਪੁਨਰ ਅਸਾਂ ਓਸਵਿਚਪ੍ਰਾਣ ਪਾਏ ਅਰ ਓਸ ਨੂੰ ਇਕ ਨੂਰ ਬਖਸ਼ਿਆ ਜਿਸ ਨੂੰ ਲੈਕੇ ਉਹ ਲੋਗਾਂ ਵਿਚ (ਭਲੀ ਤਰਹਾਂ) ਤੁਰਦਾ ਫਿਰਦਾ ਹੈ (ਕੀ) ਓਹ ਉਸ ਵਰਗਾ ਹੋ ਸਕਦਾ ਹੈ ਜਿਸ ਦਾ ਇਹ ਹਾਲ ਹੈ ਕਿ ਅੰਧਕਾਰਾਂ ਵਿਚ (ਘੇਰਿਆ ਹੋਇਆ ਹੋਇਆ) ਹੈ ਉਥੋਂ ਨਿਕਸ ਨਹੀਂ ਸਕਦਾ ਇਸੀ ਤਰਹਾਂ (ਏਹਨਾਂ) ਕਾਫਰਾਂ ਨੂੰ ਜੋ ਕੁਛ ਭੀ ਕਰ ਰਹੇ ਹਨ ਭਲਾ (ਹੀ ਭਲਾ) ਦਿਸ ਦਾ ਹੈ ॥੧੨੩॥ ਅਰ ਇਸੀ ਤਰਹਾਂਅਸਾਂ ਨੇ ਹਰ ਨਗਰ ਵਿਚ ਵਡੇ ਵਡੇ (ਕੁਕਰਮੀ) ਲੋਗ ਪੈਦਾ ਕੀਤੇ ਤਾਕਿ ਓਹਨਾਂ ਵਿਚ ਕੁਕਰਮ ਕਰਨ ਅਰ ਜਿਤਨੇ ਇਹ ਮੰਦ ਕਰਮ ਕਰਦੇ ਹਨ ਆਪਣੇ ਵਾਸਤੇ ਹੀ ਕਰਦੇ ਹਨ ਅਰ (ਅਰ ਇਸ ਦੀ ਹਕੀਕਤ ਨੂੰ) ਨਹੀਂ ਸਮਝਦੇ ॥੧੨੪॥ ਅਰ ਜਦੋਂ ਏਹਨਾਂ ਦੇ ਪਾਸ ਕੋਈ (ਕੁਰਾਨ ਦੀ) ਆਇਤ ਆਉਂਦੀ ਹੈ ਤਾਂ ਕਹਿੰਦੇ ਹਨ ਕਿ ਜੈਸੀ (ਨਬਬਵਤ) ਖੁਦਾ ਦੇ ਪੈਯੰਬਰਾਂ ਨੂੰਦਿਤੀਗਈ ਹੈ ਜਦੋਂ ਤਕ ਸਾਨੂੰ (ਭੀ ਉਸੀ ਭਾਂਤ ਦੀ ਨਬਬਵਤ)ਸਾਨੂੰ ਨਾ ਦਿਤੀ ਜਾਵੇ ਅਸੀਂ ਤਾਂ ਈਮਾਨ ਧਾਰਨ ਵਾਲੇ ਹਾਂ ਨਹੀਂ (ਸੋ) ਖੁਦਾ ਜਿਸ ਜਗਹਾ ਆਪਣੀ ਪੈਯੰਬਰੀ (ਦੀਇਮਾਨਤ ਸਪੁਰਦ)ਕਰਦਾਹੈ ਓਹ (ਉਸਨੂੰ ਭੀ) ਭਲੀ ਤਰਹਾਂ ਜਾਣਦਾ ਹੈਜੋ ਲੋਗ ਕੁਕਰਮੀ ਹਨ ਸਮੀਪ ਹੀ ਓਹਨਾਂ ਨੂੰ ਓਹਨਾਂ ਦੀਆਂ ਤਿਤ੍ਰ ਤੇਜੀਆਂ ਦੇ ਪ੍ਰਤਿ ਬਦਲ ਵਿਚ ਖੁਦਾ ਦੇ ਪਾਸੋਂ ਸਖਤ ਕਸ਼ਟ ਹੋਵੇਗਾ ॥ ੧੨੫ ॥ ਤਾਂ ਜਿਸ

Digitized by Panjab Digital Library | www.panjabdigilib.org

ਆਦਮੀ ਨੂੰ ਖ਼ੁਦਾ ਚਾਹੁੰਦਾ ਹੈ ਕਿ ਉਸ ਨੂੰ ਸਤ ਮਾਰਗ ਦਿਖਾਵਾਂ ਉਸ ਦੇ ਸੀਨੇ ਨੂੰ ਇਸਲਾਮ ਦੀ (ਕਬੂਲੀ) ਵਾਸਤੇ ਵਿਸਤ੍ਰਿਤ ਕਰ ਦੇਂਦਾ ਹੈ ਅਰ ਜਿਸ ਆਦਮੀ ਨੂੰ ਚਾਹੁੰਦਾ ਹੈ ਕਿ ਉਸ ਨੂੰ ਗੁਮਰਾਹ ਕਰਾਂ ਓਸ ਦੇ ਦਿਲ ਨੂੰ ਸੰਕੁਚਿਤ (ਅਰ) ਅਵਿਸਤ੍ਰਿਤ ਕਰ ਦੇਂਦਾ ਹੈ ਮਾਨੋ ਉਸ ਨੂੰ ਅਗਾਸ ਵਿਚ ਚੜਨਾ ਪੜਦਾ ਹੈ ਜੋ ਲੋਗ ਭਰੋਸਾ ਨਹੀਂ ਕਰਦੇ ਉਨਹਾਂ ਪਰ ਏਸੇ ਤਰਹਾਂ ਅੱਲਾ ਦੀ ਫਿਟਕ ਪੈ ਜਾਂਦੀ ਹੈ ॥ ੧੨੬ ॥ ਅਰ (ਹੇ (ਪੈਗੰ-ਬਰ) ਏਹ ( ਦੀਨ ਇਸਲਾਮ ਹੀ ) ਤੁਹਾਡੇ ਪਰਵਰਦਿਗਾਰ ਦਾ ਸਿਧਾ ਮਾਰਗ ਹੈ ਜੋ ਲੋਗ ਚਿੰਤਾ ( ਤਥਾ ਫਿਕਰ ) ਕਰਦੇ ਹਨ ਉਨਹਾਂ ਵਾਸਤੇ ਤਾਂ ਅਸੀਂ (ਆਪਣੀਆਂ) ਆਇਤਾਂ ਵਿਸਤਾਰ ਪੂਰਵਕ ਵਰਣਨ ਕਰ ਬੈਠੇ ਹਾਂ ॥ ੧੨੭ ॥ ਉਨਹਾਂ ਦੇ ਪਰਵਰਦਿਗਾਰ ਦੇ ਪਾਸ ਉਨਹਾਂ ਦੇ ਵਾਸਤੇ ਸੁਖ (ਆਨੰਦ) ਦਾ ਘਰ ਹੈ ਅਰ ( ਸੰਸਾਰ ਵਿਚ ) ਜੋ (ਸ਼ੁਭ) ਕਰਮ ਕਰਦੇ ਰਹੇ ਉਨਹਾਂ ਦੇ ਪ੍ਰਤਿ ਬਦਲੇ ਵਿਚ ਵਹੀ ਉਨਹਾਂ ਦਾ ਮਿਤ੍ਰ ਹੋਗਾ ॥ ੧੨੮ ॥ ਅਰ ਜਿਸ ਦਿਨ ਖ਼ੁਦਾ ਸੰਪੂਰਨ ( ਲੋਗਾਂ ) ਨੂੰ (ਆਪਣੇ ਸਨਮੁਖ) ਇਕਤ੍ਰ ਕਰੇਗਾ ( ਅਰ ਸ਼ੈਤਾਨਾਂ ਦੀ ਤਰਫ ਮੁਖਾਤਿਬ ਹੋਕੇ ਕਹੇਗਾ ਕਿ ) ਐ ਜਿਨਾਤ ਦੇ ਜੂਥ ਬਨੀ ਆਦਮ ਵਿਚੋਂ ਤਾਂ ਤੁਸਾਂ ਬਹੁਤ ਵਡਾ ਟੋਲਾ ਆਪਨੀ ਤਰਫ ਕਰ ਲੀਤਾ ਅਰ (ਜੋ ਲੋਗ) ਬਨੀ ਆਦਮ ਵਿਚੋਂ ਸ਼ੈਤਾਨ ਦੇ ਦੋਸਤ (ਬਣੇ ਹੋਏ ਸਨ ਉਹ) ਕਹਿਣਗੇ ਕਿ ਹੇ ਸਾਡੇ ਪਰਵਰਦਿਗਾਰ (ਸੰਸਾਰ ਵਿਚ)ਅਸੀਂ ਇਕ ਦੂਸਰੇ ਪਾਸੋਂ ਲਾਭ ਲੈਂਦੇ ਰਹੇ ਅਰ ( ਅਮਲਾਂ ਦੇ ਨਤੀਜੇ ਭੁਗਤਣ ਦਾ ) ਸਮਾ ਜੋ ਆਪਨੇ ਸਾਡੇ ਵਾਸਤੇ ਮੁਕਰਰ ਕੀਤਾ ਸੀ ਅਸੀਂ ਆਪਣੀ ਉਸ ਪ੍ਰਤ-ਗਿਆ (ਦੀ ਮੰਜ਼ਲ) ਤਕ ਪ੍ਰਾਪਤ ਹੋਗਏ ( ਭਗਵਾਨ ) ਆਗਿਆ ਕਰੇਗਾ ਤੁਸਾਂ (ਸਾਰਿਆਂ ਦਾ) ਠਿਕਾਣਾ ਦੋਜ਼ਖ ਕਿ ਉਸ ਵਿਚ ਹੀ ਸਦਾ ਵਾਸਤੇ ਰਹੋਗੇ ਅਗੇ ਖ਼ੁਦਾ ਦੀ ਮਰਜੀ ਨਿਰਸੰਦੇਹ ਤੁਹਾਡਾ ਪਰਵਰਦਿਗਾਰ ਯੁਕਤੀ ਦਾਤਾ (ਅਰ ਸਾਰਿਆਂ ਦੇ ਹਾਲ ਤੋਂ) ਬਾਗਿਆਤ ਹੈ ॥ ੧੨੯ ॥ ਅਰ ਇਸੀ ਤਰਹਾਂ ਅਸਾਂ ਨੇ ਕਈਕੁ (ਦੂਸਰਿਆਂ) ਪਾਪੀਆਂ ਨੂੰ ਕਈਆਂ ਦੇ ਸਾਥ ਮਿਲਾ ਦੇਵਾਂਗੇ (ਉਨਹਾਂ ਦੀ) ਓਸ ( ਕਰਤੂਤ ) ਦਾ ਬਦਲਾ ਜੋ ( ਸੰਸਾਰ ਵਿਚ ) ਕਰਦੇ ਰਹੇ ਹਨ ॥੧੩੦॥ ਰੁਕੂਹ ੧੫ ॥

ਹੇ ਜਿੰਨਾਂ ਤਥਾ ਆਦਮੀਆਂ ਦੇ ਟੋਲੇ ਕੀ ਤੁਹਾਡੇ ਪਾਸ ਤੁਹਾਡੇ ਮਧਯ ਵਰਤੀ ਪੈਗੰਬਰ ਨਹੀਂ ਆਏ ? ਕਿ ਤੁਹਾਡੇ ਪਾਸ ਸਾਡੇ ਹੁਕਮ ਦਾ ਵਰਣਨ ਕਰੇਂ ਅਰ ਤੁਹਾਡੇ ਏਸ (ਕਿਆਮਤ) ਦੇ ਦਿਨ ਦੇ ਪੇਸ਼ ਆਉਣ ਤੋਂ ਤੁਹਾਨੂੰ ਸਭੇ ਕਰੇਂ ਉਹ ਬੇਨਤੀ ਕਰਨਗੇ ਅਸੀਂ ਆਪਣੇ ਪਰ ਆਪ ਹੀ ਗਵਾਹੀ ਦੇਂਦੇ ਹਾਂ ਅਰ( ਅਸਲ ਵਿਚ ) ਸਾਂਸਾਰਿਕ ਜੀਵਨ ਨੇ ਉਨਹਾਂ ਨੂੰ ਧੋਖੇ ਵਿਚ

Digitized by Panjab Digital Library | www.panjabdigilib.org

ਰਖਿਆ ਅਰ ( ਹੁਣ ) ਉਨਹਾਂ ਨੇ ਆਪ ਹੀ ਆਪਣੇ ਪਰ ਗਵਾਹੀ ਦਿਤੀ ਕਿ ਨਿਰਸੰਦੇਹ ਉਹ ਕਾਫਰ ਸਨ ॥੧੩੧॥ (ਇਹ ਪੈਯੰਬਰਾਂ ਨੂੰ) ਭੇਜ ਕਰ ਕੋਟੀ (ਹੁਜਤ)ਦਾ ਪੂਰਾ ਕਰਨਾਂ ਏਸ ਭਾਵ ਪਰ ਹੈ ਕਿ ਤੁਹਾਡਾ ਪਰਵਰਦਿਗਾਰ ਨਗਰੀਆਂ ਨੂੰ ਪਾਪਾਂ ਦੇ ਕਾਰਨ ਨਸ਼ਟ ਨਹੀਂ ਕਰਦਾ ਕਿ(ਜਦੋਂ ਤਕ)ਓਥੋਂ ਦੇ ਰਹਿਣ ਵਾਲੇ(ਖੁਦਾ ਦੇ ਸੰਕਲਪ ਤੋਂ)ਬੇ ਖਬਰ ਹੋਣ॥੧੩੨॥ਅਰ ਜੈਸੇ੨ਕਰਮ ਕੀਤੇ ਹਨ ਉਨਹਾਂ ਹੀ (ਕਰਮਾ) ਅਨੁਸਾਰ ਸਾਰਿਆਂ(ਲੋਗਾਂ) ਦੇ ਦਰਜੇ ਹੋਣਗੇ ਅਰ ਜੋ ਕੁਛ ( ਲੋਗ ਦੁਨੀਆਂ ਵਿਚ ) ਕਰ ਰਹੇ ਹਨ ਤੁਹਾਡਾ ਪਰਵਰਦਿਗਾਰ ਓਸ ਤੋਂ ਅਗਿਆਤ ਨਹੀਂ ॥੧੩੩॥ ਅਰ ( ਹੋਰ ) ਤੁਹਾਡਾ ਪਰਵਰਦਿਗਾਰ ਬੇ ਨਿਆਜ ( ਅਰ ) ਰਹਿਮ ਵਾਲਾ ਹੈ ਯਦੀ ਇਛਾ ਕਰੇ ਤਾਂ ਤੁਸਾਂ (ਸਾਰਿਆਂ) ਨੂੰ (ਸੰਸਾਰ ਵਿਚੋਂ ਚੁਕ ਕੇ) ਲੈ ਜਾਵੇ ਅਰ ਤੁਹਾਡੇ ਪਿਛੋਂ ਜਿਸਨੂੰ ਚਾਹੇ ਤੁਹਾਡਾ ਅਸਥਾਨ ਧਾਰੀ ਬਨਾਵੇ ਜਿਸ ਤਰਹਾਂ ਦੂਸਰਿਆਂ ਲੋਗਾਂ ਦੀਆਂ ਕੁਲਾਂ ਵਿਚੋਂ (ਅੰਤ ਨੂੰ) ਤੁਹਾਡੇ ਤਾਈਂ ਉਤਪਤ ਕਰ ਹੀ ਚੁਕਾ ਹੈ ॥੧੩੪॥ ਜਿਸ ( ਦਿਨ ) ਦਾ ਤੁਹਾਡੇ ਸਾਥ ਬਚਨ ਕੀਤਾ ਜਾਂਦਾ ਹੈ ਕੋਈਸੰਸਾ ਨਹੀਂ ਕਿ ਉਹ ਜਰੂਰ ਆਉਣ ਵਾਲਾ ਹੈ ਅਰ ਤੁਸੀਂ (ਖੁਦਾ ਨੂੰ ਇਸ ਬਾਤ ਪਰ)ਅਕੁੰਠਿਤ (ਮਜਬੂਰ) ਨਹੀਂ ਕਰ ਸਕਦੇ ॥ ੧੩੫ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਭਰਾਓ ਤੁਸੀਂ ਆਪਣੀ ਜਗਹਾਂ ਅਮਲ ਕਰੋ ਮੈਂ ( ਆਪਣੀ ਜਗਹਾਂ ) ਅਮਲ ਕਰ ਰਹਿਆ ਹਾਂ ਪੁਨਰ ਅਗੇ ਚਲਕੇ ਤੁਹਾਨੂੰ ਪ੍ਰਤੀਤ ਹੋ ਜਾਵੇਗਾ ਕਿ ਅੰਤ ਨੂੰ ਕੌਣ ਚੰਗਾ ਰਿਹਿਆ (ਪਰੰਚ ਹਾਂ) ਏਸ ਵਿਚ ਤਾਂ ਕੋਈ ਭੀ ਭ੍ਰਮ ਨਹੀਂ ਕਿ ਦੁਸ਼ਟ ਤਾਂ ਕਿਸੀ ਤਰਹਾਂ ਸਫਲਤਾ ਨਹੀਂ ਪਾਉਨ ਜੋਗੇ ॥ ੧੩੬ ॥ ਅਰ (ਇਹ ਕਾਫਰ) ਖੁਦਾ ਦੀ ਉਤਪਤ ਕੀਤੀ ਹੋਈ ਖੇਤੀ ( ਅਰ ਉਸੇ ਦੇ ਉਤਪਤ ਕੀਤੇ ਹੋਏ ) ਚੌਪਾਇਆਂ ਵਿਚੋਂ ਅੱਲਾ ਦਾ ਭੀ ਇਕ ਭਾਗ ਨਿਯਤ ਕਰਦੇ ਹਨ ਤਾਂ ਆਪਣੇ ਸੰਕਲਪਾਨੁਸਾਰ ਕਹਿੰਦੇ(ਕੀ)ਹਨ ਕਿ ਏਤਨਾਂ ਤਾਂ ਖੁਦਾ ਦਾ ਅਰ ਏਤਨਾਂ ਸਾਡੇ ਸਜਾਤੀਆਂ ਦਾ ( ਅਰਥਾਤ ਓਹਨਾਂ ਮਬੂਦਾ ਦਾ ਜਿਨਹਾਂ ਨੂੰ ਅਸਾਂ ਖੁਦਾ ਦੇ ਸ਼ਰੀਕ ਮੰਨ ਰਖਿਆ ਹੈ) ਫਿਰ ਜੋ (ਭਾਗ) ਉਨਹਾਂ ਦੇ(ਨਿਯਤ ਕੀਤੇ ਹੋਏ ) ਸਜਾਤੀਆਂ ਦਾ ਹੁੰਦਾ ਹੈ ਓਹ ਤਾਂ ਅੱਲਾ ਦੀ ਤਰਫ ਪ੍ਰਾਪਤਿ ਹੁੰਦਾ ਨਹੀਂ ਅਰ ਜੋ ( ਭਾਗ ) ਅੱਲਾ ਦਾ ਹੁੰਦਾ ਹੈ ਓਹ ਉਨਹਾਂ ਦੇ ( ਨਿਯਤ ਕੀਤੇ ਹੋਏ)ਸਜਾਤੀਆਂ ਨੂੰ ਪਹੁੰਚ ਜਾਂਦਾ ਹੈ (ਕੈਸਾ ਹੀ ਬੁਰਿਆਂ ਤੋਂ)ਬੁਰਾ ਹੁਕਮ (ਵੰਡ) ਦਾ ਹੈ ਜੋ (ਇਹ ਲੋਗ) ਲਗਾਉਂਦੇ ਹਨ ॥ ੧੩੭ ॥ ਅਰ ਏਸੇ ਤਰਹਾਂ ਬਥੇਰੇ ਮੁਸ਼ਰਕਾਂ ਨੂੰ ਉਨਹਾਂ ਦੇ(ਬਣਾਏ ਹੋਏ)ਸਜਾਤੀਆਂਨੇ ਉਨਹਾਂ ਦੇ ਆਪਣੇ ਪੁਤ੍ਰ ਮਾਰ ਸੁਟਣ ਨੂੰ (ਉਨ੍ਹਾਂ ਦੀਆਂ ਨਜਰਾਂ ਵਿਚ) ਉੱਤਮ ਕਰ ਦਿਖਾਯਾ ਹੈ ਤਾ ਕਿ ( ਅੰਤ ਨੂੰ ) ਉਨਹਾਂ ਤਾਈਂ ( ਸਦਾ ਦੀ ) ਮੌਤ ਵਿਚ ਪਾ ਦੇਈਏ

Digitized by Panjab Digital Library | www.panjabdigilib.org

ਅਰ ਤਾ ਕਿ ਉਨਹਾਂ ਦੇ ਦੀਨ ਨੂੰ ਉਨਹਾਂ ਪਰ ਭਰਮੀਂ ਕਰ ਦੇਈਏ ਅਰ(ਯਦੀ) ਖੁਦਾ ਚਾਹੁੰਦਾ ਤਾਂ ਏਹ (ਮੁਸ਼ਰਕ) ਲੋਗ ਐਸੀ(ਬੇਰਹਿਮੀ ਦਾ ਕੰਮ) ਨਾ ਕਰਦੇ ਤਾਂ (ਹੇ ਪੈਯੰਬਰ ) ਏਨਹਾਂ ਨੂੰ ਅਰ ਏਨਹਾਂ ਦੇ ਝੂਠ ਬਪਨ ਨੂੰ (ਅੱਲਾ ਪਰ) ਛਡ ਦਿਓ ॥ ੧੩੮ ॥ ਅਰ (ਇਹ ਲੋਗ ਏਹ ਭੀ ) ਆਖਿਆ ਕਰਦੇ ਹਨ ਕਿ (ਸਾਡਿਆਂ ਚਾਰਪਾਇਆਂ ਅਰ ਖੇਤੀਆਂ ਵਿਚੋਂ) ਅਮੁਕ ਚੌਪਾਇ ਅਰ (ਅਮੁਕ) ਖੇਤੀ ਅਛੂਤੀਆਂ (ਵਸਤਾਂ) ਹਨ ਕਿ ਏਹਨਾਂ ਨੂੰ ਓਹਨਾਂ ਆਦਮੀਆਂ ਤੋਂ ਸਿਵਾ ਜਿਨ੍ਹਾਂ ਨੂੰ ਅਸੀਂ ਆਪਣਿਆਂ ਖਿਆਲਾਂਨੁਸਾਰ ਚਾਹੀਏ ਦੂਸਰਾ ਨਹੀਂ ਖਾ ਸਕਦਾ ਅਰ(ਕੁਛ)ਚਾਰ ਪਾਏ(ਐਸੇ ਹਨ)ਕਿ ਓਹਨਾਂ ਦੀ ਪ੍ਰਿਠ(ਪਰ ਆਰੂਢ ਹੋਣਾ ਅਥਵਾ ਲਾਦਨਾਂ) ਮਨਾਂ ਹੈ ਅਰ ਕੁਛ ਚਾਰ ਪਾਏ (ਐਸੇ) ਹਨ ਜਿਨਹਾਂ (ਨੂੰ ਜ਼ਿਬਾ ਕਰਨ ਦੇ ਵੇਲੇ ਓਨਹਾਂ) ਪਰ ਅੱਲਾ ਦਾ ਨਾਮ ਨਹੀਂ ਲੈਂਦੇ (ਅਰ) ਖੁਦਾ ਪਰ ਝੂਠ ਘੜਦੇ ਹਨ (ਸੋ) ਜੈਸੇ ੨ ਝੂਠ ਇਹ ਲੋਗ ਬੋਲਦੇ ਹਨ ਬਲਾਤਕਾਰ ਹੀ ਖੁਦਾ ਏਹਨਾਂ ਨੂੰ ਓਹਨਾਂ ਦੀ ਸਜਾ ਦੇ ਦੇਵੇਗਾ ॥ ੧੩੯ ॥ ਅਰ (ਏਹ ਭੀ) ਕਹਿੰਦੇ ਹਨ ਕਿ (ਅਸਾਂ ਨੇ ਜੋ ਬੁਤਾਂ ਦੇ ਨੌਂਗੇ ਦੇ ਚੁਪਾਇ ਛਡ ਰਖੇ ਹਨ ) ਏਹਨਾਂ ਚਤੁਸਪਾਦਿਆਂ ਦੇ ਉਦਰ ਵਿਚੋਂ ਜੋ ( ਬਚਾ ਨਿਕਲੇ) ਅਰ ਉਸ ਵਿਚ ਜਾਨ ਹੋਵੇ ਉਹ ਨਿਰਾ ਅਸਾਂ ਮਰਦਾਂ ਦੇ (ਖਾਣ ਵਾਸਤੇ) ਹੈ ਅਰ ਸਾਡੀਆਂ ਤੀਵੀਆਂ ਪਰ (ਓਸ ਦਾ ਖਾਣਾ) ਹਰਾਮ ਹੈ ਅਰ ਯਦੀ ਮੁਰਦਾ ਹੋਵੇ ਤਾਂ ਪੁਰਖ ਇਸਤ੍ਰੀ (ਸਾਰੇ ਹੀ) ਓਸ (ਦੇ ਖਾਣ) ਵਿਚ ਸ਼ਾਮਿਲ ( ਸੋ ) ਖੁਦਾ ਏਹਨਾਂ ਨੂੰ ਏਹਨਾਂ ਦੀਆਂ ਬਾਤਾਂ ਦਾ ਦੰਡ ਸ਼ੀਘਰ ਹੀ ਦੇਵੇਗਾ ਨਿਰਸੰਦੇਹ ਉਹ ਯੁਕਤੀਮਾਨ ਅਰ ਗਿਆਨਵਾਨ ਹੈ ॥ ੧੪੦ ॥ ਨਿਰਸੰਦੇਹ ਉਹ ਲੋਗ (ਬਹੁਤ ਹੀ) ਘਾਟੇ ਵਿਚ ਹਨ ਜਿਨਹਾਂ ਨੇ ਕੁਬੁਧ (ਤਥਾ) ਅਖਾੜ ਭੂਤਪੁਣੇ ਨਾਲ ਆਪਣਿਆਂ ਬਚਿਆਂ ਨੂੰ ਮਾਰ ਸੁਟਿਆ ਅਰ ਅੱਲਾ ਨੇ ਜੋ ਰੋਜੀ ਉਨਹਾਂ ਨੂੰ ਦਿਤੀ ਸੀ ਖੁਦਾ ਪਰ ਝੂਠੇ ਝੂਠ ਬੰਨ੍ਹ ਕੇ ਓਸ ਨੂੰ (ਆਪਣੇ ਪਰ) ਹਰਾਮ ਕਰ ਲੀਤਾ ਨਿਰਸੰਦੇਹ ਇਹ ਲੋਗ (ਸਚੇ ਮਾਰਗੋਂ) ਭੁਲੀ ਪੜ ਗਏ ਅਰ ਸਤ ਮਾਰਗ ਪਰ ਆਨੇ ਵਾਲੇ ਸਨ ਭੀ ਨਹੀਂ ॥ ੧੪੧ ॥ ਰੁਕੂਹ ੧੬ ॥ ਪਾਦ ੧ ॥

ਅਰ ਅੱਲਾ ਉਹ ਹੈ ਜਿਸ ਨੇ ਬਾਗੀਚੇ ਪੈਦਾ ਕੀਤੇ(ਕਈਕਤਾਂ ਛਪਰਾਂਪਰ) ਚੜ੍ਹਾਏ ਹੋਏ ਅਰ (ਕਈ) ਨਹੀਂ ਚੜ੍ਹਾਏ ਹੋਏ ਅਰ ਖਜੀ ਦੇ ਬ੍ਰਿਛ ਅਰ ਖੇਤੀ ਜਿਨਹਾਂ ਦੇ ਫਲ ਅਲਗ (੨ ਤਰਹਾਂ ਦੇ) ਹੁੰਦੇ ਧਨ ਅਰ ਜੈਤੂਨ ਤਥਾ ਅਨਾਰ (ਕਿ ਕਈਕੁ ਤਾਂ ਸੂਰਤ ਸ਼ਕਲ ਸਵਾਦ ਵਿਚ) ਇਕ ਦੂਸਰੇ ਨਾਲ ਚਲਦੇ ਮਿਲਦੇ ਹਨ ਅਰ (ਕਈਕੁ) ਨਹੀਂ (ਭੀ) ਮਿਲਦੇ ਜੁਲਦੇ । ਇਹ ਸਾਰੀਆਂ ਚੀਜਾਂ ਜਦੋਂ ਫਲਨ ਏਨ੍ਹਾਂ ਦੇ ਫਲ ਖਾਓ ਅਰ (ਏਨ੍ਹਾਂ ਨਿਆਮਤਾਂ ਦੇ ਧੰਨਵਾਦ

Digitized by Panjab Digital Library | www.panjabdigilib.org

ਵਿਚ) ਏਹਨਾਂ ਦੇ ਵਢਣ (ਤੋੜਨ) ਦੇ ਦਿਨ ਅਲਾ ਦਾ ਹੱਕ ਦਿਓ ਅਰ ਫਜ਼ੂਲ ਖਰਚੀ ਨਾ ਕਰੋ ਕਾਹੇ ਤੇ ਫਜ਼ੂਲ ਖਰਚੀ ਕਰਨ ਵਾਲਿਆਂ ਨੂੰ ਖ਼ੁਦਾ ਪਸੰਦ ਨਹੀਂ ਕਰਦਾ ॥ ੧੪੨ ॥ ਅਰ (ਉਸੀ ਖ਼ੁਦਾ ਨੇ ) ਚੌਪਾਇਆਂ ਵਿਚੋਂ (ਕਈਕੁ ਉਚਿਆਂ ਕੱਦਾਂ ਵਾਲੇ ) ਭਾਰ ਚੁਕਣ ਵਾਲੇ ( ਉਤਪਤ ਕੀਤੇ ) ਅਰ ਕਈਕੁ ਧਰਤੀ ਨਾਲ ਲਗੇ ਹੋਏ।ਖ਼ੁਦਾ ਨੇ ਜੋ ਰੋਜੀ ਤੁਸਾਂ ਨੂੰ ਦਿਤੀ ਹੈ ਉਸ ਵਿਚੋਂ ਖਾਓ ਅਰ ਸ਼ੈਤਾਨ ਦੇ ਪਿਛੇ ਨਾ ਚਲੋ ਕਾਹੇ ਤੇ ਉਹ ਤੁਹਾਡਾ ਖੁਲਮਖੁਲਾ ਵੈਰੀ ਹੈ ॥ ੧੪੩ ॥ (ਖ਼ੁਦਾ ਨੇ ਇਹ ਚਤੁਸਪਾਦੀ ਨਰ ਮਾਦਾ ਅੱਠ) ਪ੍ਰਕਾਰ (ਦੇ ਉਤਪਨ ਕੀਤੇ ਹਨ) ਭੇਡਾਂ ਵਿਚੋਂ (ਨਰ ਮਾਦਾ) ਦੋ ਅਰ ਬਕਰੀਆਂ ਵਿਚੋਂ (ਨਰ ਮਾਦਾ) ਦੋ (ਹੁਣ ਐ ਪੈਯੰਬਰ ਇਨ੍ਹਾਂ ਲੋਗਾਂ ਪਾਸੋਂ) ਪੁਛੋ ਕੀ ਖ਼ੁਦਾ ਨੇ ਦੋ ਨਰਾਂ ਨੂੰ ਹਰਾਮ ਕਰ ਦਿਤਾ ਹੈ ਕਿੰਵਾ ਦੋ ਮਦੀਨਾਂ ਨੂੰ ਅਥਵਾ ਉਹ(ਬਚੇ) ਜਿਨਾਂ ਨੂੰ (ਇਨਹਾਂ) ਦੋ ਮਦੀਨਾਂ ਦੇ ਪੇਟ ਆਪਣੇ ਅੰਦਰ ਲੀਤੇ ਹੋਏ ਹਨ ਯਦੀ ਤੁਸੀਂ (ਆਪਣੇ ਪਖ ਵਿਚ) ਸਚੇ ਹੋ ਤਾਂ ਮੈਨੂੰ (ਏਸ ਦੀ) ਸਨਦ ਦਸੋ ॥੧੪੪॥ ਅਰ ਊਠਾਂ (ਵਿਚੋਂ ਨਰ ਮਾਦਾ) ਦੋ ਅਰ ਗਊ (ਵਿਚੋਂ ਨਰ ਮਾਦਾ) ਦੋ (ਹੁਣ ਹੇ ਪੈਯੰਬਰ ਏਹਨਾਂ ਲੋਗਾਂ ਪਾਸੋਂ) ਪੁਛੋ ਕਿ (ਊਠ ਤਥਾ ਗਊਆਂ) ਦੇ ਦੋ ਨਰਾਂ ਨੂੰ ਹਰਾਮ ਕਰ ਦਿਤਾ ਯਾ ਦੋ ਮਦੀਨਾਂ ਨੂੰ ਅਥਵਾ ਉਹ (ਬਚਾ) ਜਿਹੜਾ (ਇਨਹਾਂ) ਦੋ ਮਦੀਨਾਂ ਦੇ ਪੇਟ ਆਪਣੇ ਅੰਦਰ ਲੀਤੇ ਹੋਏ ਹਨ ਅਥਵਾ ਜਿਸ ਵੇਲੇ ਖ਼ੁਦਾ ਨੇ ਤੁਹਾਨੂੰ ਇਨਹਾਂ ਵਸਤਾਂ ਦੇ (ਹਰਾਮ ਕਰ ਦੇਣ ਦਾ ) ਹੁਕਮ ਦਿਤਾ ਸੀ ਉਸ ਵੇਲੇ ਤੁਸੀਂ (ਖ਼ੁਦ) ਮੌਜੂਦ ਸੇ ਤਾਂ ਉਸ ਆਦਮੀ ਨਾਲੋਂ ਵਧ ਕੇ ਪਾਪੀ ( ਹੋਰ ) ਕੌਣ ਹੋਵੇਗਾ ਜੋ ਲੋਗਾਂ ਦੇ ਰਾਹ ਭੁਲਾਵਨ ਵਾਸਤੇ ਬਗੈਰ ਗਿਆਨ ਦੇ ਖ਼ੁਦਾ ਪਰ ਝੂਠ ਥਪਦਾ ਹੈ ਨਿਰਸੰਦੇਹ ਖ਼ੁਦਾ ਅਮੋੜ ਆਦਮੀਆਂ ਨੂੰ ਸਿਖਿਆ ਨਹੀਂ ਦੇਂਦਾ ॥ ੧੪੫ ॥ ਰੁਕੂਹ ੧੭ ॥

( ਹੇ ਪੈਯੰਬਰ ਇਨਹਾਂ ਲੋਗਾਂ ਨੂੰ ) ਕਹੋ ਕਿ ਕੋਈ ਖਾਣ ਵਾਲਾ ( ਇਨਹਾਂ ਚੀਜ਼ਾਂ ਵਿਚੋਂ ਜਿਨਹਾਂ ਨੂੰ ਤੁਸੀਂ ਹਰਾਮ ਕਹਿੰਦੇ ਹੋ)ਕੁਛ ਖਾ ਲਵੇ ਤਾਂ ਮੇਰੀ ਤੇਰਫ ਜੋ ਵਹੀ ਆਈ ਹੈ ਉਸ ਵਿਚ ਤਾਂ ਮੈਂ ਉਸ ਪਰ ਕੋਈ ਵਸਤੂ ਹਰਾਮ ਨਹੀਂ ਦੇਖਦਾ ਪਰੰਤੂ ਇਹ ਕਿ ਉਹ ਚੀਜ਼ ਮੁਰਦਾ ਹੋਵੇ ਕਿੰਵਾ ਵਗਿਆ ਹੋਇਆ ਲਹੂ ਅਥਵਾ ਸੂਰ ਦਾ ਮਾਸ ਕਿ ਇਹ ਵਸਤਾਂ ਨਿਰਸੰਦੇਹ ਅਪਵਿਤ੍ਰ ਹਨ ਅਥਵਾ(ਉਹ ਜੀਵ)ਕਿ ਨਾ ਫਰਮਾਨੀ ਦਾ ਕਾਰਣ ਹੋਵੇ ਕਿ ਖ਼ੁਦਾ ਤੋਂ ਸਿਵਾ ਕਿਸੇ ਦੂਸਰੇ ਦੇ ਵਾਸਤੇ(ਕੋਹਿਆ ਅਰ) ਨਾਮ ਧਰਿਆ ਗਿਆ ਹੋਵੇ ਅਦਜਪਿ ਜੋ ਆਦਮੀ (ਭੁਖ ਨਾਲ) ਪੀੜਤ (ਹੋਵੇ ਅਰ) ਨਾ ਫਰ-ਮਾਨੀ ਦਾ ਸੰਕਲਪ ਨਾ ਰਖਦਾ ਹੋਵੇ ਅਰ ਨਾ (ਜ਼ਰੂਰਤ ਦੀ ਸੀਮਾਂ ਨੂੰ) ਉਲੰਘਣ ਕਰਨ ਵਾਲਾ ਹੋਵੇ (ਉਹ ਇਨਹਾਂ ਅਪਵਿਤ੍ਰ ਵਸਤਾਂ ਵਿਚੋਂ ਕੁਛ

Digitized by Panjab Digital Library | www.panjabdigilib.org

ਛਕ ਛਕਾ ਲਵੇ) ਤਾਂ (ਹੇ ਪੈਯੰਬਰ) ਤੁਹਾਡਾ ਪਰਵਰਦਿਗਾਰ ਨਿਰਸੰਦੇਹ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੧੪੬ ॥ ਅਰ ਯਹੂਦੀਆਂ ਪਰ ਅਸਾਂ ਸਾਰਿਆਂ ਨਖੀ ਜੀਵਾਂ ਨੂੰ ਹਰਾਮ ਕਰ ਦਿਤਾ ਸੀ ਅਰ (ਪੁਨਰ) ਅਸਾਂ ਗ-ਊਆਂ ਅਰ ਬਕਰੀਆਂ ਵਿਚੋਂ ਉਨਾਂ ਦੋਹਾਂ ਦੀ ਚਰਬੀ ਨੂੰ ਉਨਹਾਂ ਪਰ ਹਰਾਮ ਕਰ ਦਿਤਾ ਸੀ ਪਰੰਚ ਉਹ (ਚਰਬੀ)ਜੋ ਉਨਹਾਂ ਦੀ ਪਿਠ ਪਰ ਲਗੀ ਹੋਈ ਹੋਵੇ ਅਥਵਾ ਆਂਦ੍ਰਾਂ ਨਾਲ ਕਿੰਵਾ ਹਡੀਆਂ ਨਾਲ ਮਿਲੀ ਹੋਈ ਹੋਵੇ (ਉਹ ਹਲਾਲ ਸੀ ਇਸ ਨਿਯਮ ਦੇ ਤ੍ਰਨ ਕਰਕੇ) ਇਹ ਅਸਾਂ ਓਹਨਾਂ ਨੂੰ ਉਨਹਾਂ ਦੇ ਅਮੋੜਪਣੇ ਦੀ ਸਜਾ ਦਿਤੀ ਸੀ ਅਰ ਅਸੀਂ ਨਿਰਸੰਦੇਹ ਸਚ ਕਥਨ ਕਰਦੇ ਹਾਂ ॥੧੪੭॥ (ਹੇ ਪੈਯੰਬਰ) ਪੁਨਰ ਯਦੀ ਇਹ ਲੋਗ ਤੁਹਾਨੂੰ ਝੁਠਿਆਂ ਕਰਨ ਤਾਂ (ਇਨਹਾਂ ਨੂੰ) ਕਹੋ ਕਿ ਤੁਹਾਡਾ ਪਰਵਰਦਿਗਾਰ ਮਹਾਂ ਦਿਆਲੂ ਹੈ ਅਰ (ਇਸੀ ਕਾਰਨ ਵਰਤਮਾਨ ਸਮੇਂ ਤਕ ਉਸਦਾ ਕਸ਼ਟ ਤੁਹਾਡੇ ਉਪਰ ਨਹੀਂ ਉਤਰਿਆ ਭਰ) ਪਾਪੀਆਂ ਤੋਂ ਉਸਦਾ ਕਸ਼ਟ ਟਲ ਨਹੀਂ ਸਕਦਾ ॥ ੧੪੮॥ (ਹੁਣ)ਮੁਸ਼ਰਿਕ ਕਹਿਣਗੇ ਕਿ ਯਦੀ ਖੁਦਾ ਚਾਹੁੰਦਾ ਤਾਂ ਅਸੀਂ ਸ਼ਿਰਕ ਨਾ ਕਰਦੇ ਅਰ ਨਾ ਸਾਡੇ ਪਿਤਾ (ਪਿਤਾਮਾ ਇਸ ਤਰਹਾਂ ਕਰਦੇ) ਅਰ ਨਾ ਅਸੀਂ ਕਿਸੇ (ਹਲਾਲ) ਵਸਤੂ ਨੂੰ (ਸ੍ਵਯੰ ਹੀ ਆਪਣੇ ਪਰ) ਹਰਾਮ ਕਰ ਲੈਂਦੇ ਇਸੇ ਤਰਹਾਂ ਜੋ ਲੋਗ ਇਨ੍ਹਾਂ ਨਾਲੋਂ ਪਹਿਲੇ ਹੋ ਚੁਕੇ ਹਨ (ਪੈਯੰਬਰਾਂ ਨੂੰ) ਝੁਠਿਆਂ ਕਰਦੇ ਰਹੇ ਇਥੋਂ ਤਕ ਕਿ (ਅੰਤ ਨੂੰ) ਸਾਡੇ ਦੁਖ ਦਾ ਸਵਾਦ ਚਖਿਆ (ਕਿ ਚਖਿਆ) (ਹੇ ਪੈਯੰਬਰ ਇਨਹਾਂ ਲੋਗਾਂ ਪਾਸੋਂ)ਪੁਛੋ ਕਿਆ ਯਾ ਤੁਹਾਡੇ ਪਾਸ ਕੋਈ (ਪੁਸਤਕੀ) ਪ੍ਰਮਾਣ ਭੀ ਹੈ ਕਿ ਓਸਨੂੰ ਸਾਡੇ ( ਦਿਖਲਾਣ ) ਵਾਸਤੇ ਕਢੋ (ਅਰ ਲੈ ਆਓ ਪ੍ਰਮਾਣ ਤਾਂ ਤੁਹਾਡੇ ਪਾਸ ਹੈ ਈ ਨਹੀਂ) ਕੇਵਲ ਵਹਿਮਾਂ ਪਰ ਹੀ ਚਲਦੇ ਅਰ ਨਿਰੀਆਂ ਅਟਕਲਾਂ ਹੀ ਦੌੜਾਂਦੇ ਹੋ ॥ ੧੪੯॥ ਤੁਸੀਂ ਇਨ੍ਹਾਂ ਨੂੰ ਕਹੋ ਕਿ (ਤੁਸੀਂ ਪ੍ਰਾਸਤ ਹੋਏ)ਅਰ ਅੱਲਾ ਦੀ ਕੋਟੀ (ਤੁਹਾਡੇ ਪਰ)ਪ੍ਰਬਲ ਆਈ ਫੇਰ ਯਦੀ ਵਹੀ ਚਾਹੁੰਦਾ ਤਾਂ ਤੁਹਾਨੂੰ ਸਾਰਿਆਂ ਨੂੰ ( ਸਚੇ ਦੀਨ ਦਾ ) ਰਸਤਾ ਦਸ ਦੇਂਦਾ ॥੧੫੦॥ (ਹੇ ਪੈਯੰਬਰ ਇਨਹਾਂ ਲੋਗਾਂ ਨੂੰ)ਕਹੋ ਕਿ ਆਪਣਿਆਂ ਗਵਾਹਾਂ ਨੂੰ ਲਿਆਕੇ ਹਾਜਰ ਕਰੋ ਜੋ ਇਸ ਬਾਤ ਦੀ ਗਵਾਹੀ ਦੇਣ ਕਿ ( ਇਹ ਵਸਤਾਂ ) ਅੱਲਾ ਨੇ ਇਹਨਾਂ ਨੂੰ ਹਰਾਮ ਕੀਤਾ ਹੈ ਬਸ ਯਦੀ (ਓਹ ਗਵਾਹ ਲੈ ਆਉਣ ਅਰ ਗਵਾਹ ਉਨਹਾਂ ਦੇ ਪਖ) ਦੀ ਹੀ ਗਵਾਹੀ ਭੀ ਦੇਣ ਤਾਂ ਤੁਸਾਂ ਉਨਹਾਂ ਦੇ ਸਾਥ ਹੋਕੇ ਉਨਹਾਂ ਦੀ ਹੀ ਨਾ ਕਹਿਣਾ ਅਰ ਨਾਂ ਓਹਨਾਂ ਦਿਆਂ ਮਾਨਸਿਕ ਸੰਕਲਪਨਾਂ ਪਰ ਚਲਨਾ ਜਿਨਹਾਂ ਨੇ ਸਾਡੀਆਂ ਆਇਤਾਂ ਨੂੰ ਮਿਥਿਆ ਕੀਤਾ ਅਰ ਜੋ ਅੰਤਿਮ ਦਿਨ ਦਾ ਭਰੋਸਾ ਨਹੀਂ ਕਰਦੇ ਅਰ ਉਹ (ਦੂਸਰਿਆਂ ਮਾਬੂਦਾਂ ਨੂੰ) ਆਪਣੇ ਪਰਵਰਦਿਗਾਰ ਦੇ ਬਰਾਬਰ ਸਮਝਦੇ ਹਨ ॥੧੫੧॥

Digitized by Panjab Digital Library | www.panjabdigilib.org

ਰੁਕੂਹ ੧੮ ॥

(ਹੇ ਪੈਯੰਬਰ ਇਨਹਾਂ ਲੋਗਾਂ ਨੂੰ) ਕਹੋ ਕਿ (ਇਧਰ) ਆਓ ਮੈਂ ਤੁਹਾਨੂੰ ਓਹ ਵਸਤਾਂ ਪੜ੍ਹਕੇ ਸੁਣਾਵਾਂ ਜੋ ਤੁਹਾਡੇ ਪਰਵਰਦਿਗਾਰ ਨੇ ਤੁਹਾਡੇ ਵਾਸਤੇ ਹਰਾਮ ਕੀਤੀਆਂਹਨ(ਉਹ)ਇਹ ਕਿ ਕਿਸੇ ਚੀਜ ਨੂੰ ਖੁਦਾ ਦੀ ਸਜਾਤਣ ਨਾ ਬਨਾਓ ਅਰ ਮਾਤ ਪਿਤਾ ਸੇ (ਨੇਕ) ਬਰਤਾਓ ਕਰੋ ਅਰ ਕ੍ਰਿਪਣਤਾ (ਦੇ ਭੈ) ਨਾਲ ਆਪਣਿਆਂ ਬਚਿਆਂ ਨੂੰ ਕਤਲ ਨਾ ਕਰੋ (ਕਾਹੇ ਤੇ) ਅਸੀਂ (ਹੀ) ਤੁਹਾਨੂੰ (ਭੀ) ਰਿਜਕ ਦੇਂਦੇ ਹਾਂ ਅਰ ਉਨਹਾਂ ਨੂੰ (ਭੀ) ਅਰ ਬੇਹਯਾਈ ਦੀਆਂ ਬਾਤਾਂ ਜੋ ਪ੍ਰਗਟ ਹੋਣ ਅਥਵਾ ਗੁਪਤ ਹੋਣ ਉਨਹਾਂ ਵਿਚੋਂ ਕਿਸੇ ਦੇ ਪਾਸ ਦੀ ਵੀ ਨਾ ਨਿਕਸਣਾ ਅਰ ਜਾਨ ਜਿਸ (ਦੇ ਮਾਰਨ) ਨੂੰ ਅੱਲਾ ਨੇ ਹਰਾਮ ਕਰ ਦਿਤਾ ਹੈ (ਉਸ ਨੂੰ) ਮਾਰ ਨਾ ਸਿਟਣਾ ਪਰੰਚ ਸੱਚ ਉਤੇ ਇਹ ਹਨ ਓਹ ਬਾਤਾਂ ਜਿਨਹਾਂ ਦਾ ਹੁਕਮ ਤੁਹਾਨੂੰ ਖੁਦਾ ਨੇ ਦਿਤਾ ਹੈ ਤਾਕਿ ਤੁਸੀਂ (ਸੰਸਾਰ ਵਿਚ ਰਹਿਣ ਦਾ ਮਾਰਗ)ਸਮਝੋ॥੧੫੨॥ਅਰ ਮਾਂ ਮਹਿਟਰ ਦੇ ਧਨ ਦੇ ਪਾਸ (ਭੀ) ਨਾ ਜਾਣਾ ਪਰੰਤੂ ਐਸੇ ਤੌਰ ਪਰ ਕੇ (ਉਸ ਦੇ ਹੱਕ ਵਿਚ) ਉੱਤਮ ਹੋਵੇ ਇਥੋਂ ਤਕ ਕਿ ਉਹ ਆਪਣੀ ਯੁਵਾ (ਅਵਸਥਾ ਤਕ) ਪਹੁੰਚ ਜਾਵੇ ਅਰ ਨੀਤੀ ਅਨੁਸਾਰ ਪੂਰਾ ਪੂਰਾ ਮਾਪ ਕਰੋ (ਅਰ ਪੂਰਾ ੨ ) ਤੋਲ ਅਸੀਂ ਕਿਸੇ ਆਦਮੀ ਪਰ ਉਸਦੇ ਵਿਤ ਨਾਲੋਂ ਵਧਕੇ ਭਾਰ ਨਹੀਂ ਪਾਉਂਦੇ ਜਦੋਂ ਬਾਤ ਕਰੋ ਤਾਂ ਭਾਵੇਂ (ਇਕ ਪਾਸੇ ਵਾਲਾ) ਆਪਣਾ ਨੇੜ ਵਰਤੀ ਹੀ(ਕਿਉਂ ਨਾ) ਹੋਵੇ ਨੀਤੀ (ਦਾ ਪਖ) ਕਰਨਾ ਅਰ ਅੱਲਾ ਦੇ (ਨਾਲ ਜੋ) ਪ੍ਰਤਿਗਯਾ (ਕਰ ਬੈਠੇ ਹੋ ਓਸ ਨੂੰ) ਪੂਰਨ ਕਰੋ ਇਹ ਹਨ ਉਹ ਬਾਤਾਂ ਜਿਨਹਾਂ ਦਾ ਖੁਦਾ ਨੇ ਤੁਹਾਨੂੰ ਹੁਕਮ ਦਿਤਾ ਹੈ ਕਿ ਤੁਸੀਂ ਨਸੀਹਤ ਪਕੜੋ ॥ ੧੫੩ ॥ ਅਰ (ਉਸ ਨੇ) ਇਹ (ਭੀ ਆਗਿਆ ਦਿਤੀ ਹੈ) ਕਿ ਇਹੋ ਸਾਡਾ ਸਿਧਾ ਮਾਰਗ ਹੈ ਤਾਂ ਇਸੇ ਪਰ ਚਲੇ ਜਾਓ ਅਰ (ਦੂਸਰੀ) ਰਾਹੀਂ ਨ ਪੜ ਜਾਣਾ ਕਿ ਇਹ ਤੁਹਾਨੂੰ ਖੁਦਾ ਦੇ ਮਾਰਗੋਂ (ਭੁਲਾ ਕੇ) ਤਿੱਤਰ ਬਿੱਤਰ ਕਰ ਦੇਣਗੇ (ਭਾਵ) ਇਹ (ਸਾਰੀਆਂ ਉਹ ਬਾਤਾਂ) ਹਨ ਜਿਨਹਾਂ ਦਾ ਖੁਦਾ ਨੇ ਤੁਹਾਨੂੰ ਹੁਕਮ ਦਿਤਾ ਹੈ ਤਾ ਕਿ ਤੁਸੀਂ ਪਰਹੇਜ਼ਗਾਰ ਬਣ ਜਾਓ ॥ ੧੫੪ ॥ ਪੁਨਰ ਅਸਾਂ ਮੂਸਾ ਨੂੰ (ਤੌਰਾਤ) ਪੁਸਤਕ ਪ੍ਰਦਾਨ ਕੀਤੀ ਜਿਸ ਦ੍ਵਾਰਾ ਨੇਕੋਂ ਪਰ (ਸਾਡੀ) ਨਿਆਮਤ ਪੂਰੀ ਹੋਈ ਅਰ ਓਸ ਵਿਚ ਸਾਰੀਆਂ ਬਾਤਾਂ ਦੇ ਹੁਕਮ ਵਿਸਤਾਰ ਪੂਰਬਕ ਮੌਜੂਦ ਹਨ ਅਰ (ਲੋਗਾਂ ਵਾਸਤੇ) ਸਿਖਿਆ ਅਰ ਰਹਿਮਤ ਹੈ ਤਾਂ ਕਿ ਲੋਗ (ਉਸ ਨੂੰ ਪੜ੍ਹ ਸੁਣ ਕੇ) ਆਪਣੇ ਪਰਵਰਦਿਗਾਰ ਨਾਲ ਮਿਲਣ ਦਾ ਨਿਸਚਾ ਕਰਨ ॥ ੧੫੫ ॥ ਰੁਕੂਹ ॥ ੧੯ ॥

ਅਰ ਕਿਤਾਬ (ਅਰਥਾਤ ਕੁਰਾਨ) ਏਸ ਨੂੰ (ਭੀ) ਅਸਾਂ ਹੀ ਨੇ

Digitized by Panjab Digital Library | www.panjabdigilib.org

ਉਤਾਰਿਆ ਹੈ ਬਰਕਤ ਵਾਲੀ ( ਕਿਤਾਬ ) ਹੈ ਤਾਂ ਏਸੇ (ਦੀ ਆਗਿਆ) ਪਰ ਚਲੋ ਅਰ (ਖੁਦਾ ਪਾਸੋਂ) ਡਰਦੇ ਰਹੋ ਅਸੰਭਵ ਨਹੀਂ ਕਿ ਤੁਹਾਡੇ ਪਰ ਰਹਿਮ ਕੀਤਾ ਜਾਵੇ ॥ ੧੫੬ ॥ (ਏਹ ਪੁਸਤਕ ਅਸਾਂ ਇਸ ਵਾਸਤੇ ਉਤਾਰੀ ਹੈ) ਕਿ(ਐਸਾ ਨਾ ਹੋਵੇ ਕਿ ਕਲ ਕਲੋਤਰ ਨੂੰ)ਕਿਤੇ ਇਹ ਕਹਿ ਬੈਠੋ ਕਿ ਸਾਡੇ ਨਾਲੋਂ ਪਹਿਲੇ (ਯਹੂਦਾ ਨਸਾਰਾ) ਬਸ ਦੋਹੀ ਟੋਲਿਆਂ ਪਰ ਕਿਤਾਬ ਉਤਰੀ ਸੀ ਅਰ ਅਸੀਂ ਤਾਂ ਉਸਦੇ ਪਠਿਨ ਪਾਠਨ ਤੋਂ ਬਿਲਕੁਲ ਬੇਖਬਰ ਸੇ ॥ ੧੫੭ ॥ ਕਿੰਵਾ ਇਹ ਢੁਚਰ ਡਾਉਣ ਲਗੋ ਕਿ ਯਦੀ ਸਾਡੇ ਪਰ ਕਤਾਬ ਉਤਰੀ ਹੁੰਦੀ ਤਾਂ ਅਸੀਂ ਜ਼ਰੂਰ ਇਹਨਾਂ (ਯਹੂਦ ਅਰ ਨਸਾਰਾਂ) ਨਾਲੋਂ ਕਈ ਗੁਣਾ ਵਧ ਕੇ ਸੂਧੇ ਮਾਰਗ ਪਰ ਹੁੰਦੇ ਤਾਂ ਹੁਣ ਤੁਹਾਡੇ ਪਰਵਰਦਿਗਾਰ ਦੀ ਤਰਫੋਂ ਤੁਹਾਡੇ ਪਾਸ ਕੋਟੀ ਤਥਾ ਸਿਖਿਆ ਅਰ ਕ੍ਰਿਪਾਲਤਾ (ਸੰਪੂਰਨ ਵਸਤਾਂ) ਤਾਂ ਆ ਚੁਕੀਆਂ ਹਨ ਤਾਂ ਉਸ ਨਾਲੋਂ ਵਧ ਕੇ ਪਾਪੀ (ਦੋਤ) ਕੌਣ ਹੋਵੇਗਾ ਜੋ ਅੱਲਾ ਦੀਆਂ ਆਇਤਾਂ ਨੂੰ ਮਿਥਿਆ ਨਿਰਧਾਰਣ ਕਰੇ ਅਰ ਓਹਨਾਂ ਥੀਂ ਕੰਨੀ ਕਤਰਾਏ ਜੋ ਲੋਗ ਸਾਡੀਆਂ ਆਇਤਾਂ ਥੀਂ ਕੰਨੀ ਕਤਰਦੇ ਹਨ ਅਸੀਂ ਜਲਦੀ ਹੀ ਉਨਹਾਂ ਨੂੰ ਕੰਨੀਂ ਕਤਰਨ ਦੇ ਬਦਲੇ ਬੁਰੇ ਕਸ਼ਟ ਦਾ ਡੰਡ ਦੇਵਾਂਗੇ॥੧੫੮॥ ਕੀ ਇਹ ਲੋਗ ਏਸੇ ਹੀ ਬਾਤ ਦੇ ਪ੍ਰਤੀਖਜਤ ਵਾਨ ਹਨ ਕਿ ਫਰਿਸ਼ਤੇ ਏਹਨਾਂ ਦੇ ਪਾਸ ਆ ਪ੍ਰਾਪਤਿ ਹੋਣ ਅਥਵਾ ਤੁਹਾਡਾ ਪਰਵਰਦਿਗਾਰ(ਆਪ) ਏਹਨਾਂ ਦੇ ਪਾਸ ਆਵੇ ਕਿੰਵਾ ਤੁਹਾਡੇ ਪਰਵਰਦਿਗਾਰ ਦੇ ਕਈਕ ਚਿੰਨ੍ਹ ਪ੍ਰਗਟ ਹੋਣ ਸੋ ਜਿਸ ਦਿਨ ਤੁਹਾਡੇ ਪਰਵਰਦਿਗਾਰ ਦੇ ਕਈਕ ਚਿੰਨ੍ਹ ਪ੍ਰਗਟ ਹੋਣ ਤਾਂ ਜੋ ਆਦਮੀ ਏਸ ਥੀਂ ਪਹਿਲਾਂ ਈਮਾਨ ਨਹੀਂ ਲਿਆਇਆ ਕਿੰਵਾ ਆਪਣੇ (ਈਮਾਨ ਦੀ) ਹਾਲਤ ਵਿਚ ਓਸ ਨੇ ਨੇਕ ਕੰਮ ਨਹੀਂ ਕੀਤੇ ਹੁਣ ਓਸ ਦਾ ਈਮਾਨ ਧਾਰਨ ਕਰਨਾ ਉਸ ਨੂੰ ਕੁਛ ਭੀ ਲਾਭਦਾਇਕ ਨਹੀਂ ਹੋਵੇਗਾ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ (ਯਦੀ ਤੁਸੀਂ ਏਸੇ ਬਾਤ ਦੇ ਪ੍ਰਤੀਖਜਤਵਾਨ ਹੋ ਤਾਂ ਚੰਗਾ ਉਡੀਕ ਕਰੋ ਅਸੀਂ (ਮੁਸਲਮਾਨ) ਭੀ ਉਡੀਕਦੇ ਹਾਂ ॥ ੧੫੯ ॥ ਜਿਨਹਾਂ ਲੋਗਾਂ ਨੇ ਆਪਣੇ ਦੀਨ ਵਿਚ ਦੂਜੈਗੀਆਂ ਪਾਈਆਂ ਅਰ ਕਈ ਫਿਰਕੇ ਬਣ ਗਏ ਤੁਹਾਨੂੰ ਉਨਹਾਂ (ਦੇ ਝਗੜੇ) ਨਾਲ ਕੋਈ ਪ੍ਰਯੋਜਨ ਨਹੀਂ ਉਨਹਾਂ ਦਾ ਮਾਮਲਾ ਬਸ ਖੁਦਾ ਦੇ ਹਵਾਲੇ ਫੇਰ ਜੋ ਕੁਛ (ਸੰਸਾਰ ਵਿਚ) ਕੀਤਾ ਕਰਦੇ ਸਨ (ਉਸ ਦਾ ਨੇਕ ਬਦ) ਉਨਹਾਂ ਨੂੰ ਦਸ ਦੇਵੇਗਾ ॥ ੧੬੦ ॥ ਜੋ ਆਦਮੀ ਨੇਕੀ ਲੈ ਕੇ ਆਵੇਗਾ ਤਾਂ ਉਸ ਦਾ ਦਸ ਗੁਣਾ ਉਸ ਨੂੰ (ਫਲ) ਮਿਲੇਗਾ ਅਰ ਜੋ ਬਦੀ ਲੈਕੇ ਆਵੇਗਾ ਤਾਂ ਬਸ ਉਤਨੀ ਹੀ ਸਜਾ ਭੋਗੇਗਾ ਅਰ ਲੋਗਾਂ ਪਰ (ਕਿਸੇ ਤਰਹਾਂ ਦਾ) ਕਸ਼ਟ ਨਹੀਂ ਕੀਤਾ ਜਾਵੇਗਾ ॥ ੧੬੧ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੁ ਕਿ ਮੈਨੂੰ ਤਾਂ ਮੇਰੇ

Digitized by Panjab Digital Library | www.panjabdigilib.org

ਪਰਵਰਦਿਗਾਰ ਨੇ ਸਰਲ ਮਾਰਗ ਦਿਖਾ ਦਿਤਾ ਹੈ ਕਿ ਓਹੀ ਠੀਕ ਦੀਨ ਹੈ (ਅਰਥਾਤ) ਇਬਰਾਹੀਮ ਦਾ ਮਾਰਗ ਕਿ ਉਹ ਇਕ ਹੀ (ਖ਼ੁਦਾ) ਦੇ ਹੋ ਰਹੇ ਸਨ ਅਰ ਮੁਸ਼ਰਿਕਾਂ ਵਿਚੋਂ ਨਹੀਂ ਸਨ ॥ ੧੬੨ ॥ (ਹੇ ਪੈਯੰਬਰ ਇਹਨਾਂ ਲੋਗਾਂ ਨੂੰ) ਕਹੋ ਕਿ ਮੇਰੀ ਨਮਾਜ ਅਰ ਮੇਰੀ ਸਰਵ ਪੂਜਾ ਅਰ ਮੇਰਾ ਜੀਉਣਾ ਅਰ ਮਰਨਾਂ (ਸਭ) ਅੱਲਾ ਦੇ ਵਾਸਤੇ ਹੈ ਜੋ ਸਾਰੇ ਸੰਸਾਰ ਦਾ ਪਰਵਰਦਿਗਾਰ ਹੈ ॥ ੧੬੩ ॥ (ਅਰ ਉਸ ਦਾ) ਕੋਈ ਸਜਾਤੀ ਨਹੀਂ ਅਰ ਮੈਨੂੰ ਐਸਾ ਹੀ ਹੁਕਮ ਦਿਤਾ ਗਇਆ ਹੈ ਅਰ ਮੈਂ ਉਸ ਦੇ ਫਰਮਾ ਬਰਦਾਰਾਂ ਵਿਚੋਂ ਪਹਿਲਾ (ਫਰਮਾਂ ਬਰਦਾਰ) ਹਾਂ ॥ ੧੬੪ ॥ (ਹੇ ਪੈਯੰਬਰ ਇਹਨਾਂ ਪਾਸੋਂ) ਪੁਛੋ ਕਿ ਕੀ ( ਤੁਹਾਡੀ ਇਹ ਰੁਚੀ ਹੈ ) ਕਿ ਮੈਂ ਖ਼ੁਦਾ ਥੀਂ ਭਿੰਨ ( ਦੂਸਰਾ ) ਪਰਵਰ-ਦਿਗਾਰ ਤਲਾਸ਼ ਕਰਾਂ ਹਾਲਾਂ ਕਿ ਵਹੀ ਸੰਪੂਰਣ ਵਸਤਾਂ ਦਾ ਪਰਵਰ-ਦਿਗਾਰ ਹੈ ਅਰ ਜੋ ਆਦਮੀ ਕੋਈ ਮੰਦ ਕਰਮ ਕਰਦਾ ਹੈ ਤਾਂ (ਉਸਦਾ ਉਪ-ਦ੍ਰਵ) ਉਸੇ ਪਰ (ਹੀ ਪੜੇਗਾ) ਅਰ ਕੋਈ ਆਦਮੀ ਕਿਸੇ ਦੂਸਰੇ (ਦੇ ਅਵਗੁਣਾ) ਦੀ ਗਠੜੀ (ਆਪਣੇ ਪਰ) ਨਹੀਂ ਚੁਕੇਗਾ ਫਿਰ ਤੁਸਾਂ (ਸਾਰਿਆਂ) ਨੇ ਆਪਣੇ ਪਰਵਰਦਿਗਾਰ ਦੀ ਤਰਫ ਲੌਟ ਕੇ ਜਾਣਾ ਹੈ ( ਜਦੋਂ ਓਸ ਦੇ ਸਨਮੁਖ (ਵਿਦਮਾਨ ਹੋਵੇਗੇ) ਤਾਂ (ਸੰਸਾਰ ਵਿਚ) ਜਿਨਹਾਂ (ਜਿਨਹਾਂ ਬਾਤਾਂ)ਵਿਚ ਵਿਭੇਦ ਕਰਦੇ ਰਹੇ ਹੋ ਓਹ ( ਸੰਪੂਰਣ ) ਤੁਹਾਨੂੰ ਦਸ ਦੇਵੇਗਾ ॥ ੧੬੫ ॥ ਅਰ ਓਹੀ (ਸਰਵ ਸ਼ਕਤੀਮਾਨ) ਹੈ ਜਿਸ ਨੇ ਪ੍ਰਿਥਵੀ ਪਰ ਤੁਹਾਨੂੰ(ਆਪਣਾ)ਨਾਇਬ ਬਣਾਇਆ ਹੈ ਅਰ ਤੁਹਾਡੇ ਵਿਚੋਂ ( ਬਲ ਤਥਾ ਰਾਜ ਦੀ ਸੰਭਾ-ਵਨ ਦ੍ਵਾਰਾ ) ਕਈਆ ਨੂੰ ਕਈਆਂ ਪਤ ਦਰਜਿਆਂ ਵਿਚ ਬਡਾਈ ਦਿਤੀ ਤਾਂ ਕਿ ਜੋ ਪਦਾਰਥ ਤੁਹਾਨੂੰ ਦਿਤੇ ਹਨ ਉਹਨਾਂ ਦ੍ਵਾਰਾ ਤੁਹਾਡੀ (ਸ਼ੁਕਰ ਗੁਜ਼ਾਰੀ ਅਰ ਫਰਮਾ ਬਰਦਾਰੀ ਦੀ ) ਪ੍ਰੀਖਿਆ ਕਰੇਂ ਨਿਰਸੰਦੇਹ ਤੁਹਾਡਾ ਪਰਵਰਦਿਗਾਰ ਸੀਘਰ ਸਜਾ ਦੇਣ ਵਾਲਾ ਹੈ ਅਰ ਏਸ (ਬਾਤ) ਵਿਚ (ਭੀ) ਭਰਮ ਨਹੀਂ ਕਿ ਉਹ ਬਖਸ਼ਣੇ ਵਾਲਾ ਮੇਹਰਬਾਨ (ਭੀ) ਹੈ ॥ ੧੬੬ ॥ ਰੁਕੂਹ ॥ ੨੦ ॥

## ਸੂਰਤ ਇਰਾਫ ਮੱਕੇ ਵਿਚ ਉਤਰੀ ਅਰ ਏਸ ਦੀਆਂ ਦੋ ਸੌ ਛੇ ਆਯਤਾਂ ਅਰ ਚੌਬੀਸ ਰੁਕੂਹ ਹਨ ॥

ਆਰੰਭ ਅੱਲਾ ਦੇ ਨਾਮ ਨਾਲ (ਜੋ) ਬਹੁਤ ਰਹਿਮ ਵਾਲਾ ਮੇਹਰਬਾਨ (ਹੈ) ॥ ਅਲਫ ਲਾਮ ਮੀਮ ਸ੍ਵਾਦ ॥੧॥ (ਇਹ) ਪੁਸਤਕ ਤੁਸਾਂ ਪਰ ਇਸ ਭਾਵ ਨੂੰ ( ਦਰਿਸ਼ਟੀ ਗੋਚਰ ਰਖਕੇ ) ਉਤਾਰੀ ਗਈ ਹੈ ਕਿ ਇਸ ਦੇ ਦ੍ਵਾਰਾ

Digitized by Panjab Digital Library | www.panjabdigilib.org

ਤੇਰਾ ਦਿਲ ਤੰਗ ਨਾ ਹੋਵੇ ਅਰ ਇਸ ਥੀਂ ਕਾਫਰਾਂ ਨੂੰ ਖੁਦਾ ਦੇ ਭੈ ਥੀਂ ਸਭੈ ਕਰੋ ਅਰ ਈਮਾਨ ਵਾਲਿਆਂ ਨੂੰ ਨਸੀਹਤ ਹੋ ॥ ੨ ॥ ( ਇਹ ਕੁਰਾਨ ) ਜੋ ਤੁਹਾਡੇ ਪਰਵਰਦਿਗਾਰ ਦੀ ਤਰਫੋਂ ਤੁਸਾਂ ਪਰ ਉਤਰਿਆ ਹੈ ਇਸੇ ਦੀ (ਸਿਖਿਆ) ਪਰ ਤੁਰੇ ਜਾਓ ਅਰ ਖੁਦਾ ਥੀਂ ਸਿਵਾ (ਆਪਣੇ ਰਚੇ ਹੋਏ ) ਕਾਰ-ਸਾਜਾਂ ( ਅਰਥਾਤ ਮਾਬੂਦਾਂ ) ਦੀ ਪੈਰਵੀ ਨਾ ਕਰੋ ( ਪਰੰਚ ) ਤੁਸੀਂ ਲੋਗ ਡੂੰਘੀ ਬਿਚਾਰ ਨੂੰ ਘਟ ਵਰਤਦੇ ਹੋ ॥ ੩ ॥ ਅਰ ਕਈਕ ਗ੍ਰਾਮ ਹਨ ਜਿਨਹਾਂ ਨੂੰ ਅਸਾਂ ਨੇ ਖਦੇੜ ਕੇ ਮਾਰਿਆ ਸੋ ਰਾਤੋ ਰਾਤ ਅਥਵਾ ਦੁਪਹਿਰ (ਦੇ ਸਮੇਂ) ਜਦੋਂ ਉਹ ਸੌਂ ਰਹੇ ਸਨ ਸਾਡਾ ਕਸ਼ਟ ਉਨਹਾਂ ਤੇ ਆ ਗਇਆ ॥ ੪ ॥ ਸੋ ਜਿਸ ਸਮੇਂ ਸਾਡਾ ਕਸ਼ਟ ਉਨਹਾਂ ਪਰ ਆ ਪ੍ਰਾਪਤ ਹੋਇਆ ਤਾਂ ਉਹ ਇਸ ਬਾਤ ਦੇ ਸਿਵਾ ਹੋਰ ਕੁਛ ਨਾ ਕਹਿ ਸਕੇ ਕਿ ਮੂੰਹ ਚੜ੍ਹ ਬੋਲੇ ਕਿ ਅਸੀਂ ਹੀ ਪਾਪੀ ਸਾਂ ॥ ੫ ॥ ਤਾਂ ਜਿਨਹਾਂ ਲੋਗਾਂ ਦੀ ਤਰਫ ਪੈਯੰਬਰ ਭੇਜੇ ਗਏ ਸਨ ਅਸੀਂ ਉਨਹਾਂ ਪਾਸੋਂ ਜਰੂਰ ਪੁਛਕੇ ਛਡਾਂਗੇ ਅਰ ਖ਼ੁਦ ਰਸੂਲਾਂ ਪਾਸੋਂ (ਭੀ) ਪੁਛਾਂਗੇ ॥ ੬ ॥ ਫਿਰ ਅਸਲ ਜੋ ਸਾਨੂੰ ਗਿਆਤ ਹੈ ਅਸੀਂ (ਉਸ ਨੂੰ ਭੀ) ਉਨਹਾਂ ਅੱਗੇ ਜਰੂਰ ਹੀ ਦਸ ਕੇ ਛਡਾਂਗੇ ਅਰ ਅਸੀਂ (ਉਨਹਾਂ ਦੇ ਕਰਨ ਦੇ ਵੇਲੇ ਉਨਹਾਂ ਪਾਸੋਂ) ਕਿਤੇ ਲੋਪ ਤਾਂ (ਹੋਈ) ਨਹੀਂ ਗਏ ਸਾਂ ॥ ੭ ॥ (ਅਰ ਕਰਮਾਂ ਦੀ ) ਤੋਲ (ਪੜਤਾਲ ਤਾਂ) ਓਸ ਦਿਨ ਚੰਗੀ (ਰੀਤੀ ਨਾਲ) ਹੋਵੇਗੀ ਤਾਂ ਜਿਨਹਾਂ ਦੇ ਸੁਕਰਮਾਂ ਦਾ (ਮਾਨ) ਤੋਲ ਭਾਰੀ ਹੋਵੇਗਾ ਵਹੀ ਲੋਗ ਪੂਰਣਾਭਿਲਾਖੀ ਹੋਣਗੇ ॥ ੮ ॥ ਅਰ ਜਿਨਹਾਂ ਦੇ ਕਰਮਾਂ ਦਾ ਤੋਲ (ਮਾਨ) ਹੌਲਾ ਹੋਵੇਗਾ ਇਹੋ ਹੀ ਉਹ ਲੋਗ ਹੋਣਗੇ ਜਿਨਹਾਂ ਨੇ ਇਸ ਕਾਰਨ ਆਪ ਆਪਣਾ ਨੁਕਸਾਨ ਕੀਤਾ ਕਿ ਸਾਡੀਆਂ ਆਇਤਾਂ ਦੀਆਂ ਨਾਫਰਮਾਨੀਆਂ ਕਰਦੇ ਸਨ ॥ ੯ ॥ ਅਰ ਅਸਾਂ ਤੁਹਾਨੂੰ ਧਰਤੀ ਪਰ (ਰਹਿਣ ਵਾਸਤੇ) ਅਸਥਾਨ ਦਿਤਾ ਅਰ ਓਸੇ ਪਰ ਤੁਹਾਡੇ ਵਾਸਤੇ ਜਿੰਦਗੀ ਦੇ ਸਾਮਾਨ ਇਕਤ੍ਰ ਕੀਤੇ ਸੋ ਤੁਸੀਂ ਬਹੁਤ ਹੀ ਘਟ ਧੰਨਜਬਾਦ ਕਰਦੇ ਹੋ ॥ ੧੦ ॥ ਰੁਕੂਹ ੧ ॥

ਅਰ ਅਸਾਂ ਹੀ ਤੁਹਾਨੂੰ ਉਤਪਤ ਕੀਤਾ ਅਰ ਫੇਰ ਤੁਹਾਡੀ ਸੂਰਤ ਬਣਾਈ ਪੁਨਰ ਅਸਾਂ ਫਰਿਸ਼ਤਿਆਂ ਨੂੰ ਆਗਿਆ ਦਿਤੀ ਕਿ ਆਦਮ ਅਗੇ ਝੁਕ ਜਾਓ ਤਾਂ (ਸਾਰੇ) ਝੁਕ ਗਏ ਪਰੰਚ ਇਬਲੀਸ ਕਿ ਉਹ ਝੁਕਣ ਵਾਲਿਆਂ ਵਿਚ ਨਾ (ਮਿਲਿਆ) ॥ ੧੧ ॥ (ਖੁਦਾ ਨੇ ਇਬਲੀਸ ਪਾਸੋਂ) ਪੁਛਿਆ ਕਿ ਜਦੋਂ ਅਸਾਂ ਤੈਨੂੰ ਆਗਿਆ ਦਿਤੀ ਤਾਂ (ਆਦਮ ਦੇ ਅਗੇ) ਨਿਵਣ ਥੀਂ ਤੈਨੂੰ ਕਿਸ ਵਸਤ ਨੇ ਰੋਕਿਆ (ਉਹ) ਬੋਲਿਆ ਮੈਂ ਇਸ ਨਾਲੋਂ ਉੱਤਮ ਹਾਂ (ਕਾਹੇ ਤੇ) ਮੈਨੂੰ ਆਪਨੇ ਅਗਨੀ ਥੀਂ ਪੈਦਾ ਕੀਤਾ ਅਰ ਇਸ ਨੂੰ ਮਿਟੀ ਥੀਂ

Digitized by Panjab Digital Library | www.panjabdigilib.org

ਪੈਦਾ ਕੀਤਾ॥ ੧੨ ॥ (ਇਸ ਪਰ ਖੁਦਾ) ਨੇ ਕਹਿਆ (ਕਿ ਤੈਨੂੰ ਏਹ ਅਹੰਕਾਰ) ਹੈ ਤੂੰ ਸਵਰਗੋਂ ਹੇਠਾਂ ਉਤਰ ਕਾਹੇ ਤੇ ਕਿ ਤੂੰ ਇਸ ਜੋਗ ਹੈ ਈ ਨਹੀਂ ਕਿ ਇਥੇ (ਰਹਿ ਕੇ) ਅਹੰਕਾਰ ਬੋਲਿਆ ਕਰੇਂ ਤੂੰ(ਇਥੋਂ ਬਾਹਰ) ਨਿਕਲ ਕਿ ਤੂੰ ਕਮੀਨਾਂ ਵਿਚੋਂ ਹੈਂ ॥੧੩॥ ਉਹ ਲਗਾ ਤਰਲੇ ਕਰਨ ਕਿ ਜਿਸ ਦਿਨ (ਸਾਰੇ) ਲੋਗ (ਦੂਜੀ ਵੇਰੀ ਸਰਜੀਤ ਕਰ) ਉਠਾਕੇ ਖੜੇ ਕੀਤੇ ਜਾਣਗੇ ਉਸ ਦਿਨ ਤਕਦੀ ਮੈਨੂੰ ਅਵਧੀ ਦਿਤੀ ਜਾਵੇ ॥ ੧੪ ॥ ਆਗਿਆ ਹੋਈ (ਚੰਗਾ) ਤੈਨੂੰ ਅਵਧੀ ਦਿਤੀ ਗਈ ॥ ੧੫ ॥ (ਤਦ ਸ਼ੈਤਾਨ) ਬੋਲਿਆ ਕਿ ਜਿਸ ਤਰਹਾਂ ਤੂੰ ਮੇਰਾ ਰਾਹ ਮਾਰਿਆ ਹੈ ਮੈਂ ਭੀ ਤੇਰੇ ਸੁਮਾਰਗ ਪਰ ਆਦਮ ਜ਼ਾਦ ਦੀ ਤਾਕ ਵਿਚ ਜਾ ਬੈਠਾਂਗਾ ॥ ੧੬ ॥ ਪੁਨਰ ਏਹਨਾਂ ਦੇ ਅਗੋਂ ਦੀ ਅਰ ਏਹਨਾਂ ਦੇ ਪਿਛੋਂ ਦੀ ਅਰ ਏਹਨਾਂ ਦੀ ਸਜੀ ਤਰਫੋਂ ਅਰ ਏਹਨਾਂ ਦੀ ਖਬੀ ਤਰਫੋਂ ਆਵਾਂਗਾ ਅਰ ਤੂੰ ਅਕਸਰ ਬਨੀਆਦਮ ਨੂੰ (ਆਪਣਾ) ਸ਼ੁਕਰ ਗੁਜ਼ਾਰ ਨਹੀਂ ਪਾਵੇਂਗਾ ॥ ੧੭ ॥ ਫਰਮਾਇਆ ਕਿ ਇਥੋਂ ਨਿਕਲ ( ਕੇ ਬਾਹਰ ਹੋ ਅਰ ਤੂੰ) ਖੁਆਰ (ਅਰ ਦਰਗਾਹ ਦਾ) ਧਕਿਆ ਹੋਇਆ ਹੈਂ । ਬਨੀ ਆਦਮ ਵਿਚੋਂ ਜੋ ਤੇਰੀ ਆਗਿਆ ਮੰਨੇਗਾ ਤਾਂ ਨਿਰਸੰਦੇਹ ਅਸੀਂ ( ਤੇਰੇ ਨਾਲ ਅਰ ਓਹਨਾਂ ਨਾਲ ਅਰਥਾਤ ) ਤੁਸਾਂ ਸਾਰਿਆਂ ਨਾਲ ਨਰਕ ਪੂਰਣ ਕਰ ਦੇਵਾਂਗੇ ॥ ੧੮ ॥ ਅਰ ਹੇ ਆਦਮ ਤੂੰ ਅਰ ਤੇਰੀ ਘਰ ਦੀ ਸੂਰਗ ਵਿਚ ਰਹੋ ਅਰ ਜਿਥੋਂ ਚਾਹੋ ਛਕੋ ਛਕਾਓ ਪਰੰਚ ਇਸ ਬ੍ਰਿਛ ਦੇ ਪਾਸ ਦੀ (ਭੀ) ਨਾ ਲੰਘਣਾ । (ਐਸਾ ਕਰੋਗੇ) ਤਾਂ ਤੁਸੀਂ ਪਾਪੀਆਂ ਵਿਚੋਂ ਹੋ ਜਾਓਗੇ ॥ ੧੯ ॥ ਪੁਨਰ ਸ਼ੈਤਾਨ ਨੇ ਦੋਨੋਂ (ਮੀਆਂ ਬੀਬੀ) ਨੂੰ ਬਹਿਕਾ ਲੀਤਾ ਤਾ ਕਿ ਓਹਨਾਂ ਦੇ ਪਰਦਾ ਕਰਨ ਦੀਆਂ ਵਸਤਾਂ ਜੋ ਉਹਨਾਂ (ਦੀ ਦ੍ਰਿਸ਼ਟੀ) ਤੋਂ ਅਗੋਚਰ ਸਨ ਉਹਨਾਂ ਨੂੰ ਖੋਲ੍ਹ ਕੇ ਦਿਖਾਵੇ ਅਰ (ਉਹਨਾਂ ਦੋਹਨਾਂ ਨੂੰ) ਲਗਾ ਕਹਿਣ ਕਿ ਤੁਹਾਡੇ ਪਰਵਰ-ਦਿਗਾਰ ਨੇ ਜੋ ਏਸ ਰੁਖ ( ਦੇ ਫਲ ਖਾਣ ) ਥੀਂ ਤੁਹਾਨੂੰ ਰੋਕ ਦਿਤਾ ਹੈ ਤਾਂ ਹੋਵੇ ਨਾ ਹੋਵੇ ਇਸ ਦਾ ਇਹੋ ਕਾਰਣ ਹੈ ਕਿ ਕਿਤੇ ( ਐਸਾ ਨਾ ਹੋਵੇ ) ਤੁਸੀਂ ਦੋਨੋਂ ਫਰਿਸ਼ਤੇ ਬਣ ਜਾਓ ਅਥਵਾ ਦੋਨੋਂ ਸਦਾ ਵਾਸਤੇ ( ਸੁਰਜੀਤ ) ਹੋ ਜਾਓ ॥ ੨੦ ॥ ਅਰ ਉਨਹਾਂ ਅਗੇ ਸੁਗੰਧਾਂ ਕਰ ਕਰਕੇ ਕਹਿਣ ਲਗਾ ਕਿ ਨਿਰਸੰਦੇਹ ਮੈਂ ਤੁਹਾਡਾ ਖੈਰ ਖਾਹ ਹਾਂ ॥ ੨੧ ॥ ਭਾਵ ਧੋਖੇ ਨਾਲ ਓਹਨਾਂ ਨੂੰ ( ਮਨਾ ਕੀਤੇ ਗਏ ਦਰਖਤ ਦੇ ਖਾਣ ਦੀ ਤਰਫ ) ਪ੍ਰੇਰ ਲੀਤਾ ਤਾਂ ਜਦੋਂ ਹੀ ਓਹਨਾਂ ਨੇ ਬਰਿਛ (ਦੇ ਫਲ ਨੂੰ) ਚਖਿਆ ਤਾਂ ਦੋਨਾਂ ਦੀਆਂ ਪਰਦਾ ਕਰਨ ਵਾਲੀਆਂ ਵਸਤਾਂ ਓਹਨਾਂ ਨੂੰ ਦਿਸਣ ਲਗੀਆਂ ਅਰ ਲਗੇ ਬਾਗ ਦੇ ਪਤ੍ਰਾਂ ਨੂੰ ਆਪਣੇ ਪਰ ਚਮੋੜਨ ਅਰ ਓਹਨਾਂ ਦੇ ਪਰਵਰਦਿਗਾਰ ਨੇ ਉਨਹਾਂ ਨੂੰ ਤਾੜਨਾ ਕੀਤੀ ਕਿ ਅਸਾਂ ਤੁਹਾਨੂੰ ਏਸ ਬ੍ਰਿਛ ( ਦੇ ਫਲ ਖਾਣ ) ਦੀ

Digitized by Panjab Digital Library | www.panjabdigilib.org

ਮਨਾਹੀ ਨਹੀਂ ਸੀ ਕੀਤੀ ? ਅਰ ( ਕੀ ) ਤੁਹਾਨੂੰ ਨਹੀਂ ਕਹਿਆ ਸੀ ਕਿ ਸ਼ੈਤਾਨ ਤੁਹਾਡਾ ਖੁਲਮਖੁਲਾ ਦੁਸ਼ਮਨ ਹੈ॥ ੨੨ ॥ (ਇਹ) ਦੋਨੋਂ ਲਗੇ ਕਹਿਣ ਕਿ ਹੇ ਸਾਡੇ ਪਰਵਰਦਿਗਾਰ ਅਸਾਂ ਆਪਣੀ ਆਤਮਾਂ ਨੂੰ ਆਪ ਵਿਨਸ਼ਟ ਕੀਤਾ ਅਰ ਯਦੀ ਤੂੰ ਸਾਨੂੰ ਮਾਫ ਨਹੀਂ ਕਰੇਂਗਾ ਅਰ ਸਾਡੇ ਪਰ ਕਿਰਪਾ ਨਹੀਂ ਕਰੇਂਗਾ ਤਾਂ ਅਸੀਂ ਬਿਲਕੁਲ ਬਰਬਾਦ ਹੋ ਜਾਵਾਂਗੇ ॥ ੨੩ ॥ ( ਇਸ ਪਰ ਖੁਦਾ ਨੇ) ਕਹਿਆ ਕਿ ( ਤੁਸੀਂ ਦੰਪਤੀ) ਹੇਠਾਂ ਉਤਰ ਜਾਓ ਤੁਹਾਡੇ ਵਿਚੋਂ ਇਕ ਦਾ ਦੁਸ਼ਮਨ ਦੂਸਰਾ ਅਰ ਤੁਸਾਂ ( ਬਨੀ ਆਦਮ ) ਨੂੰ ਇਕ ਖਾਸ ਸਮੇਂ ਤਕ ਧਰਤੀ ਪਰ ਰਹਿਣੇ ਦਾ ਅਸਥਾਨ ਅਰ ਜ਼ਿੰਦਗੀ ਦਾ ਸਾਮਾਨ ਹੈ ॥੨੪ ॥ ( ਖੁਦਾ ਨੇ ਇਹ ਭੀ ) ਕਹਿਆ ਕਿ ਧਰਤੀ ਪਰ ਹੀ ਜੀਵਨ ਬਸਰ ਕਰੋਗੇ ਅਰ ਓਸੇ ਪਰ ਮਰੋਗੇ ਅਰ ਓਸੇ ਵਿਚੋਂ (ਪ੍ਰਲੇ ਦੇ ਦਿਨ) ਨਕਾਲ ਖੜੇ ਕੀਤੇ ਜਾਓਗੇ ॥ ੨੫ ॥ ਰੁਕੂਹ ੨ ॥

ਹੇ ਬਨੀ ਆਦਮ ਅਸਾਂ ਤੁਹਾਡੇ ਵਾਸਤੇ ਐਸੀ ਪੁਸ਼ਾਕ ਉਤਾਰੀ ਹੈ ਜੋ ਤੁਹਾਡੇ ਪਰਦੇ ਦੀਆਂ ਵਸਤਾਂ ਨੂੰ ਛਿਪਾਵੇ ਅਰ ਸੁਹਪਣ(ਭੀ ਹੋ)ਅਰ ਪਰਹੇਜ਼-ਗਾਰੀ ਦਾ ਲਿਬਾਸ ਇਹ ਅਤਿ ਉੱਤਮ ਹੈ ਇਹ ਖੁਦਾ ਦੀ (ਕੁਦਰਤ ਦੀਆਂ) ਨਿਸ਼ਾਨੀਆਂ ( ਵਿਚੋਂ ) ਹੈ ਤਾਂ ਕਿ ਲੋਗ ( ਏਸ ) ਬਾਤ ਦਾ ਪਰਾਮਰਸ਼ ਕਰਨ ॥ ੨੬ ॥ ਹੇ ਬਨੀ ਆਦਮ ( ਕਿਤੇ ) ਸ਼ੈਤਾਨ ਤੁਹਾਨੂੰ (ਖੁਦਾ ਦੇ ਰਾਹੋਂ) ਭਟਕਾ ਨਾ ਦੇਵੇ ਜਿਸ ਤਰਹਾਂ ਕਿ ਉਸ ਨੇ ਤੁਹਾਡੇ ਮਾਤਾ ਪਿਤਾ (ਆਦਮ ਤਥਾ ਹਵਾ) ਨੂੰ ਸੁਰਗ ਵਿਚੋਂ ਕਢਵਾਇਆ ਓਹਨਾਂ ਦਾ ( ਸਵਾਰਗੀ) ਲਿਬਾਸ ਲਗਾ ਓਹਨਾਂ ਪਾਸੋਂ ਉਤਰਵਾਣ ਤਾਂ ਕਿ ਓਹਨਾਂ ਦੇ ਪਰਦਾ ਕਰਨ ਦੀਆਂ ਵਸਤਾਂ ਓਹਨਾਂ ਪਰ ਪਰਗਟ ਕਰ ਦੇਵੇ ਸ਼ੈਤਾਨ ਅਰ ਉਸ ਦੀ ਔਲਾਦ ਤੁਹਾਨੂੰ ( ਓਸ ਤਰਫੋਂ ) ਦੇਖਦੀ ਰਹਿੰਦੀ ਹੈ ਜਿਸ ਤਰਫੋਂ ਤੁਸੀਂ ਓਹਨਾਂ ਨੂੰ ਨਹੀਂ ਦੇਖਦੇ ਅਸਾਂ ਸ਼ੈਤਾਨ ਨੂੰ ਉਨਹਾਂ ਲੋਗਾਂ ਦਾ ਹੀ ਯਾਰ ਬਣਾਇਆ ਹੈ ਜੋ ਧਰਮ ਨਹੀਂ ਧਾਰਦੇ ॥ ੨੭ ॥ ਅਰ ਜਦੋਂ ਕਿਸੇ ਅਯੋਗ ਹਰਕਤ ਦੀ ਦਲੇਰੀ ਕਰਦੇ ਹਨ ਤਾਂ ਕਹਿੰਦੇ ਹਨ ਕਿ ਅਸਾਂ ਆਪਣਿਆਂ ਵਡਿਆਂ ਨੂੰ ਏਸੇ ਮਾਰਗ) ਪਰ ਚਲਦਿਆਂ ਦੇਖਿਆ ਹੈ ਅਰ ਅੱਲਾ ਨੇ ਸਾਨੂੰ ਇਸ ਦੀ ਆਗਿਆ ਦਿਤੀ ਹੈ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਅੱਲਾ ਤਾਂ ਅਯੋਗ ਵਿਵਹਾਰ ਦੀ ਆਗਿਆ ਦੇਂਦਾ ਨਹੀਂ ਕੀ ਤੁਸੀਂ ਲੋਗ ਨਾਦਾਨੀ ਨਾਲ ਪਰਮਾਤਮਾ ਤੇ ਝੂਠ ਬੋਲਦੇ ਹੋ ? ॥ ੨੮ ॥ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਮੇਰੇ ਪਰਵਰਦਿਗਾਰ ਨੇ ਤਾਂ (ਸਦਾ) ਸ਼ੁਭ (ਤਥਾ ਉੱਤਮ ਵਿਵਹਾਰ ਦੀ) ਆਗਿਆ ਦਿਤੀ ਹੈ ਅਰ (ਆਗਿਯਾ ਕਿ) ਸਭਨਾਂ ਨਿਮਾਜ਼ਾਂ ਦੇ ਵੇਲੇ (ਤੁਸੀਂ ਖੁਦਾ ਦੀ ਤਰਫ) ਧਿਆਨ ਰਖੋ ਅਰ ਕੇਵਲ

Digitized by Panjab Digital Library | www.panjabdigilib.org

ਉਸੇ ਦੀ ਪੂਜਾ ਦ੍ਰਿਸ਼ਟੀ ਗੋਚਰ ਰਖਕੇ ਉਸੇ ਨੂੰ ਪੁਕਾਰੋ ਜਿਸ ਪ੍ਰਕਾਰ (ਉਸ ਨੇ) ਤੁਹਾਨੂੰ ਪਹਿਲੇ (ਉਤਪਨ) ਕੀਤਾ ਸੀ (ਉਸੀ ਭਾਂਤ ਤੁਸੀਂ) ਦੂਜੀ ਵੇਰੀ ਭੀ (ਉਤਪਤ) ਕੀਤੇ ਜਾਓਗੇ ॥ ੨੯ ॥ ਉਸਨੇ ਇਕ ਧਿਰ ਨੂੰ ਸਿਖਿਆ ਦਿਤੀ ਅਰ ਇਕ ਧਿਰ ਹੈ ਕਿ ਗੁਮਰਾਹੀ ਉਨਹਾਂ ਦੇ (ਸਿਰ) ਤੇ ਚੜ੍ਹ ਬੈਠੀ ਹੋਈ ਹੈ ਏਹਨਾਂ ਲੋਗਾਂ ਨੇ ਖੁਦਾ ਨੂੰ ਛਡਕੇ ਸ਼ੈਤਾਨ ਨੂੰ (ਆਪਣਾ) ਮਿੱਤਰ ਬਣਾਇਆ ਅਰ (ਸਾਥ ਹੀ ਏਹ ਭੀ) ਸਮਝਦੇ ਹਨ ਕਿ ਉਹ ਸਚੇ ਮਾਰਗ ਪਰ ਹਨ ॥੩੦॥ ਹੇ ਬਨੀ ਆਦਮ ਹਰ ਨਿਮਾਜ ਦੇ ਵੇਲੇ (ਵਸਤ੍ਰਾਦਿ) ਕਰਕੇ ਆਪਣੇ ਆਪਨੂੰ ਸ਼ਿੰਗਾਰਤ ਕਰ ਲੀਤਾ ਕਰੋ ਅਰ ਖਾਓ ਅਰ ਪੀਓ ਅਰ ਫਜ਼ੂਲ ਖਰਚੀਆਂ ਨਾਂ ਕੀਤਾ ਕਰੋ ਕਾਹੇ ਤੇ (ਖੁਦਾ) ਫਜ਼ੂਲ ਖਰਚ ਕਰਨ ਵਾਲਿਆਂ ਨੂੰ ਮਿਤ੍ਰ ਨਹੀਂ ਜਾਣਦਾ ॥ ੩੧ ॥ ਰੁਕੂਹ ੩ ॥

(ਤੁਸੀਂ) ਪੁਛੋ ਕਿ ਅੱਲਾ ਨੇ ਜੋ ਸੁਹੱਪਣ (ਦੇ ਸਾਮਾਨ) ਅਰ ਛਕਣ ਛਕਾਣ ਵਾਲੀਆਂ ਸੁਥਰੀਆਂ ਵਸਤਾਂ ਆਪਣਿਆਂ ਬੰਦਿਆਂ ਵਾਸਤੇ ਪੈਦਾ ਕੀਤੀਆਂ ਹਨ (ਇਨਹਾਂ ਨੂੰ) ਕਿਸ ਨੇ ਹਰਾਮ ਕੀਤਾ ਹੈ (ਤੁਸੀਂ ਹੀ ਏਹਨਾਂ ਨੂੰ) ਸਮਝਾ ਦਿਓ ਕਿ ਇਹ ਵਸਤਾਂ ਸੰਸਾਰ ਵਿਚ ਈਮਾਨ ਵਾਲਿਆਂ ਵਾਸਤੇ ਹੈਂ ਅਰ ਪ੍ਰਲੈ ਦੇ ਦਿਨ ਤਾਂ ਕੇਵਲ ਓਹਨਾਂ ਵਾਸਤੇ ਹੀ ਹੋ ਜਾਣਗੀਆਂ ਇਸੀ ਤਰਹਾਂ ਅਸੀਂ (ਆਪਣੇ) ਹੁਕਮ ਉਨਹਾਂ ਲੋਗਾਂ ਵਾਸਤੇ ਜੋ ਸਮਝਦਾਰ ਹਨ ਵਿਸਤਾਰ ਨਾਲ ਵਰਣਨ ਕਰਦੇ ਹਾਂ ॥ ੩੨ ॥ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਮੇਰੇ ਪਰਵਰਦਿਗਾਰ ਨੇ ਤਾਂ ਕੇਵਲ ਬੇ ਹਯਾਈ ਦੇ ਕੰਮਾਂ ਨੂੰ ਮਨਾਂ ਕੀਤਾ ਹੈ ਓਹ (ਭਾਵੇਂ) ਪ੍ਰਗਟ ਹੋਣ ਤਾਂ ਅਰ ਗੁਪਤ ਹੋਣ ਤਾਂ ਅਰ ਗੁਨਾਹ ਨੂੰ ਅਰ ਨਾ ਹੱਕ (ਨਾਰਵਾ ਕਿਸੇ ਪਰ) ਵਧੀਕੀ ਕਰਨ ਨੂੰ ਅਰ ਏਸ ਬਾਤ ਨੂੰ ਕਿ ਤੁਸੀਂ ਕਿਸੇ ਨੂੰ ਖੁਦਾ ਦਾ ਸਜਾਤੀ ਨਿਰਧਾਰਣ ਕਰੋ ਕਿ ਜਿਸ ਦੀ ਉਸ ਨੇ ਕੋਈ ਸਨਦ ਨਹੀਂ ਭੇਜੀ ਅਰ ਇਹ ਕਿ ਤੁਸੀਂ ਖੁਦਾ ਉਤੇ ਉਹ ਗਲਾਂ ਘੜੋ ਜਿਸ ਦਾ ਤੁਹਾਨੂੰ ਗਿਆਨ ਨਹੀਂ ॥ ੩੩ ॥ ਹਰ ਇਕ ਜਾਤੀ ਦੇ ਵਾਸਤੇ ਇਕ (ਨਿਰਣੀਤ) ਸਮਾ ਹੈ ਫਿਰ ਜਦੋਂ ਉਨਹਾਂ ਦਾ ਸਮਾ ਆ ਪਹੁੰਚਦਾ ਹੈ ਤਾਂ (ਓਸ ਥੀਂ) ਨਾ ਇਕ ਘੜੀ ਪਿਛੇ ਰਹਿ ਸਕਦੇ ਹਨ ਅਰ ਨਾ (ਹੀ ਇਕ ਘੜੀ) ਅਗੇ ਵਧ ਸਕਦੇ ਹਨ ॥ ੩੪ ॥ ਹੇ ਬਨੀ ਆਦਮ ਜਦੋਂ ਕਦੀ ਤੁਹਾਡੇ ਵਿਚੋਂ ਹੀ (ਸਾਡੇ) ਪੈਯੰਬਰ ਤੁਹਾਡੇ ਪਾਸ ਪਹੁੰਚਣ (ਅਰ) ਸਾਡੇ ਹੁਕਮ ਤੁਹਾਨੂੰ ਪੜ੍ਹ ੨ ਕੇ ਸੁਣਾਉਣ ਤਾਂ ਜੋ ਕੋਈ ਭਲਾ ਬਣਿਆ ਅਰ ਸੁਧਾਰ ਕੀਤਾ ਨਾ ਤਾਂ ਉਨਹਾਂ ਪਰ ਕਿਸੀ ਤਰਹਾਂ ਦਾ ਭੈ ਪ੍ਰਾਪਤ ਹੋਵੇਗਾ ਅਰ ਨਾਂ ਓਹ ਕਿਸੀ ਤਰਹਾਂ ਚਿੰਤਾਤਰ ਹੋਣਗੇ ॥ ੩੫ ॥ ਅਰ ਜਿਨਹਾਂ ਨੇ ਸਾਡੀਆਂ ਆਇਤਾਂ ਨੂੰ ਝੂਠਿਆਂ ਕਰਿਆ ਅਰ ਉਨਹਾਂ ਥੀਂ ਆਕੜ ਬੈਠਣਗੇ ਉਹੀ ਨਾਰਕੀ ਹੋਣ

Digitized by Panjab Digital Library | www.panjabdigilib.org

ਗੇ ਕਿ ਉਹ ਨਰਕਾਂ ਵਿਚ ਸਦਾ ੨ ਵਾਸਤੇ ਰਹਿਣਗੇ ॥ ੩੬ ॥ ਤਾਂ ਉਨਹਾਂ ਨਾਲੋਂ ਵਧ ਕੇ ਹਤਿਆਰਾ (ਹੋਰ) ਕੌਣ ਹੋਵੇਗਾ ਜੋ ਖੁਦਾ ਪਰ ਝੂਠੇ ਝੂਠ ਬਹੁ-ਤਾਨ ਬੰਨ੍ਹੇ ਅਥਵਾ ਓਸ ਦੀਆਂ ਆਇਤਾਂ ਨੂੰ ਅਲੀਕ ਕਰੇ ਇਹੋ ਲੋਗ ਆਪਣਾ ਵਿਭਾਗ ਤਕਦੀਰੀ ਲਿਖੇ ਵਿਚੋਂ ਪਾਵਣਗੇ ਇਥੋਂ ਤਕ ਕਿ ਜਦੋਂ ਸਾਡੇ ਫਰਿ-ਸ਼ਤੇ ਉਨਹਾਂ ਦੀ ਆਤਮਾਂ ਨੂੰ ਕਢਣ ਵਾਸਤੇ ਉਨਹਾਂ ਦੇ ਸਨਮੁਖ ਆ ਵਿਦ-ਮਾਨ ਹੋਣਗੇ ਤਾਂ (ਉਨ੍ਹਾਂ ਪਾਸੋਂ) ਪੁਛਣਗੇ ਕਿ ਹੁਣ ਓਹ ਕਿਥੇ ਹਨ ਜਿਨ੍ਹਾਂ ਨੂੰ ਤੁਸੀਂ ਖੁਦਾ ਥੀਂ ਸਿਵਾ (ਵਿਵਹਾਰ ਸਿਧੀ ਵਾਸਤੇ) ਬੁਲਾਇਆ ਕਰਦੇ ਸੀ ਤਾਂ ਓਹ ਕਹਿਣਗੇ ਕਿ ਉਹ ਤਾਂ ਸਾਡੇ ਪਾਸੋਂ ਗਾਯਬ(ਗੁਲਾ)ਹੋ ਗਏ ਅਰ ਆਪਣੇ ਪਰ ਆਪ ਗਵਾਹੀ ਦੇਣਗੇਕਿ ਨਿਰਸੰਦੇਹ ਉਹਕਾਫਰ ਸਨ॥੩੭॥ (ਏਸ ਬਾਤੋਂ ਖੁਦਾ ਉਹਨਾਂ ਨੂੰ) ਹੁਕਮ ਦੇਵੇਗਾ ਕਿ ਹੋਰ ਕਾਫਰ ਸਜਾਤੀਆਂ ਜੋ ਜਿੰਨਾਂ ਤਥਾ ਆਦਮੀ ਦੀ ਕਿਸਮ ਵਿਚੋਂ ਜੋ ਤੁਹਾਡੇ ਨਾਲੋਂ ਪਹਿਲੇ ਹੋ ਚੁਕੀਆਂ ਹਨ ਉਨਹਾਂ ਨਾਲ (ਮਿਲ ਕੇ ਤੁਸੀਂ ਭੀ) ਨਰਕਾਂ ਵਿਚ ਜਾ ਪ੍ਰਵੇਸ਼ ਕਰੋ ਜਦੋਂ ਇਕ ਉਮਤ ਨਰਕਾਂ ਵਿਚ ਜਾਵੇਗੀ ਤਾਂ ਆਪਣੇ ਸਾਥੀਆਂ (ਅਰਥਾਤ ਦੂਸਰੀ ਉਮਤ) ਪਰ ਫਟਕਾਰ ਕਰੇਗੀ ਏਥੋਂ ਤਕ ਕਿ ਜਦੋਂ ਸਾਰਿਆਂ ਦੇ ਸਾਰੇ ਨਰਕਾਂ ਵਿਚ ਇਕਤ੍ਰ ਹੋਣਗੇ ਤਾਂ ਏਹਨਾਂ ਵਿਚੋਂ ਪਿਛਲੀ ਉਮਤ ਆਪਣੇ ਨਾਲੋਂ ਪਹਿਲੀ ਉਮਤ ਦੇ ਹੱਕ ਵਿਚ ਬਦ ਅਸੀਸਾਂ ਦੇਵੇਗੀ ਕਿ ਹੇ ਸਾਡੇ ਪਰਵਰਦਿਗਾਰ ਏਹਨਾਂ ਹੀ ਲੋਗਾਂ ਨੇ ਸਾਨੂੰ ਗੁਮਰਾਹ ਕੀਤ ਤਾਂ ਤੇ ਏਹਨਾਂ ਨੂੰ ਨਰਕ ਦਾ ਦੋਹਰਾ ਦੁਖ ਦੇ (ਏਸ ਬਾਤ ਪਰ ਭਗਵਾਨ) ਆਗਿਆ ਕਰੇਗਾ ਕਿ (ਤੁਹਾਡੇ ਵਿਚੋਂ) ਹਰੇਕ (ਯੂਥ) ਨੂੰ ਦੋਹਰਾ (ਦੁਖ) ਪਰੰਤੂ ਤੁਹਾਨੂੰ ( ਏਸ ਦਾ ਕਾਰਣ ) ਮਾਲੂਮ ਨਹੀਂ ॥੩੮॥ ਅਰ ( ਇਹ ਸੁਣਕੇ ) ਉਨਹਾਂ ਵਿਚੋਂ ਦੇ ਪਹਿਲੇ ਲੋਗ ਪਿਛਲਿਆਂ ਲੋਗਾਂ ਨੂੰ ਕਹਿਣਗੇ ਕਿ ਹੁਣ ਤਾਂ ਤੁਹਾਨੂੰ ਸਾਡੇ ਪਰ ਕਿਸੇ ਤਰਹਾਂ ਦੀ ਵਧੀਕੀ ਨਾ ਰਹੀ ਸੋ (ਤੁਸੀਂ ਭੀ) ਆਪਣੇ ਕੀਤੇ ਦੀ ਸਜਾ ਵਿਚ ਕਸ਼ਟ ( ਦੇ ਸਵਾਦ) ਪੜੇ ਚਖੋ ॥ ੩੯ ॥ ਰੁਕੂਹ ੪ ।

ਨਿਰਸੰਦੇਹ ਜਿਨਹਾਂ ਨੇ ਸਾਡੀਆਂ ਆਇਤਾਂ ਨੂੰ ਮਿਥਜਾ ਪਰਿਮਾਣਿਤ ਕੀਤਾ ਅਰ ਓਹਨਾਂ ਅਗੇ ਆਕੜ ਬੈਠੇ ਨਾ ਹੀ ਤਾਂ ਉਨਹਾਂ ਵਾਸਤੇ ਅਗਾਸ ਦੇ ਦਰ-ਵਾਜੇ ਖੋਹਲੇ ਜਾਵਣਗੇ ਅਰ ਨਾ ਹੀ ਸਵਰਗ ਵਿਚ ( ਹੀ ) ਜਾਣਾ ਪਾਉਣਗੇ ਇਥੋਂ ਤਕ ਕਿ ਊਠ ਸੂਈ ਦੇ ਨੱਕੇ ਵਿਚ (ਹੋਕੇ ਨਾਂ) ਲੰਘ ਜਾਵੇ ਅਰ ਦੋਸੀਆਂ ਨੂੰ ਅਸੀਂ ਐਸੀ ਹੀ ਸਜਾ ਦਿਤਾ ਕਰਦੇ ਹਾਂ ॥ ੪੦ ॥ ਕਿ ਉਨਹਾਂ ਵਾਸਤੇ ਅਗ ਦਾ ਵਿਛਾਵਣਾ ਹੋਵੇਗਾ ਅਰ ਉਨਹਾਂ ਦੇ ਉਤੇ ਵਾਸਤੇ ( ਵੀ ਅਗ ਦੀ ਹੀ ) ਰਜਾਈ ਅਰ ਅਮੋੜ ਲੋਗਾਂ ਨੂੰ ਅਸੀਂ ਐਸੀ ਹੀ ਸਜਾ ਦਿਤਾ ਕਰਦੇ ਹਾਂ ॥ ੪੧ ॥ ਅਰ ਜੋ ਲੋਗ ਈਮਾਨ ਧਾਰ ਬੈਠੇ ਅਰ ਉਨਹਾਂ ਨੇ ਸ਼ੁਭ

Digitized by Panjab Digital Library | www.panjabdigilib.org

ਕਰਮ ( ਭੀ ) ਕੀਤੇ ( ਅਰ ) ਅਸੀਂ ਤਾਂ ਕਿਸੇ ਆਦਮੀ ਪਰ ਉਸ ਦੀ ਸਾਮ-ਰਥ ਤੋਂ ਵਧਕੇ ਭਾਰ ਪਾਇਆ ਹੀ ਨਹੀਂ ਕਰਦੇ ਇਹੋ ਲੋਗ ਸਵਰਗੀ ਹੋਣਗੇ ਕਿ ਓਹ ਉਸ ਵਿਚ ਨਿਤਰਾਂ ੨ ਰਹਿਣਗੇ ॥ ੪੨ ॥ ਅਰ ਜੋ ਕੁਛ ਓਹਨਾਂ ਦੇ ਦਿਲਾਂ ਵਿਚ ( ਇਕ ਦੂਸਰੇ ਨਾਲ ) ਗੁਸਾ ਹੋਵੇਗਾ ( ਓਸਨੂੰ ਭੀ) ਅਸੀਂ ਨਿਕਾਸ ਦੇਵਾਂਗੇ ਓਹਨਾਂ ਦੇ ਹੇਠਾਂ ਨਹਿਰਾਂ ( ਪੜੀਆਂ ) ਚਲ ਰਹੀਆਂ ਹੋਣਗੀਆਂ ਅਰ ਬੋਲ ਉੱਠਣਗੇ ਕਿ ਖੁਦਾ ਦਾ ਧੰਨਵਾਦ ਹੈ ਜਿਸਨੇ ਸਾਨੂੰ ਏਸ (ਸੂਰਗ ਵਿਚ ਆਉਣ)ਦਾ ਮਾਰਗ ਦਿਖਲਾਯਾ ਅਰ ਯਦੀ ਖੁਦਾ ਸਾਨੂੰਸਿਖਿਆ ਨਾ ਦੇਂਦਾ ਤਾਂ ਅਸੀਂ (ਕਿਸੀ ਤਰਹਾਂ ਭੀ ਸੂਰਗ ਦਾ ) ਰਸਤਾ ( ਢੂੰਡਿਆ ) ਨਾ ਪਾਉਂਦੇ ਨਿਰਸੰਦੇਹ ਸਾਡੇ ਪਰਵਰਦਿਗਾਰ ਦੇ ਰਸੂਲ ਸਚਾ ( ਦੀਨ ) ਲੈਕੇ ਆਏ ਸਨ ਅਰ ਏਹਨਾਂ ਲੋਗਾਂ ਨੂੰ ਪੁਕਾਰ ਕੇ ਕਹਿ ਦਿਤਾ ਜਾਵੇਗਾ ਕਿ ਇਹੋ ਹੀ ਸਵਰਗ ਹੈ ਜਿਸਦੇ ਤੁਸੀਂ ਆਪਣੇ ਕਰਮਾਂ ਦੇ ਫਲ ਵਿਚ ਮਾਲਕ ਕੀਤੇ ਗਏ ਹੋ ਜਿਸਨੂੰ ਤੁਸੀਂ ( ਦੁਨੀਆਂ ਵਿਚ ) ਕਰਦੇ ਸੀ ॥ ੪੩ ॥

ਅਰ ਜੰਨਤੀ ਲੋਗ ਨਾਰਕੀਆਂ ਨੂੰ ਪੁਕਾਰਨ ਗੇ ( ਅਰ ਪੁਛਣਗੇ ) ਕਿ ਸਾਡੇ ਪਰਵਰਦਿਗਾਰ ਨੇ ਜੋ ਸਾਡੇ ਨਾਲ ਪ੍ਰਤਗਿਆ ਕੀਤੀ ਸੀ ਅਸਾਂ ਨੇ ਤਾਂ ( ਓਸ ਨੂੰ ) ਸਤਜ ਪਾਇਆ ਤਾਂ ਕੀ ਤੁਹਾਡੇ ਪਰਵਰਦਿਗਾਰ ਨੇ (ਤੁਹਾਡੇ ਨਾਲ)ਜੋ ਪ੍ਰਤਗਿਆ ਕੀਤੀ ਸੀ ਤੁਸਾਂ(ਭੀ ਉਸ ਨੂੰ)ਸਤਜਵਾਦੀਪਾਯਾ? ਓਹ ਕਹਿਣਗੇ ਹਾਂ ਇਤਨੇ ਵਿਚ ( ਇਕ ) ਪੁਕਾਰਨੇ ਵਾਲਾ ਉਨਹਾਂ ਵਿਚ ਪੁਕਾਰ ਉਠੇਗਾ ਕਿ ਜ਼ਾਲਮਾਂ ਪਰ ਖੁਦਾ ਦੀ ਫਿਟਕਾਰ ॥੪੪॥ ਜੋ ਅੱਲਾ ਦੇ ਮਾਰ੍ਗੋਂ ( ਲੋਕਾਂ ਨੂੰ ) ਰੋਕਦੇ ਅਰ ( ਲੋਗਾਂ ਦੇ ਦਿਲਾਂ ਵਿਚ ਭ੍ਰਮ ਪਾ ਕੇ) ਓਸ ਵਿਚ ਕਜੀ ਉਤਪਤ ਕਰਨੀ ਚਾਹੁੰਦੇ ਅਰ ਉਹ ਆਖਰਤ ਥੀਂ ( ਭੀ ) ਇਨਾ ਕਾਰ ਹੀ ਕਰਦੇ ਸਨ ॥ ੪੫ ॥ ਅਰ ਸਵਾਰਗੀਆਂ ਅਰ ਦੋਜਖੀਆਂ ਦੇ ਮਦ ਵਿਚ ਇਕ ਆੜ ( ਅਰਥਾਤ ਪਰਦਾ ) ਹੋਵੇਗਾ ਅਰ (ਉਸ ਦਾ ਨਾਮ ਇਰਾਫ) ਅਰ (ਉਸ) ਇਰਾਫ਼ ਪਰ ਕੁਝ ਲੋਗ ਹੋਣਗੇ ਜੋ ਦੋਆਂ ਨੂੰ ਓਹਨਾਂ ਦੀਆਂ ਸੂਰਤਾਂ ਵਿਚੋਂ ਪ੍ਰੀਖਯਾ ਕਰ ਲੈਣਗੇ ਅਰ ਸਵਾਰਗੀਆਂ ਨੂੰ ਪੁਕਾਰ ਕੇ ਸਲਾਮਾਂ ਅਲੈਕ ਕਰਨਗੇ ( ਓਹ ਆਪ ਅਜੇ ) ਸਵਰਗ ਵਿਚ ਨਹੀਂ ਗਏ ਪਰੰਤੂ ਉਹ (ਸਵਰਗ ਵਿਚ ਜਾਣ ਦੀ) ਆਸ਼ਾ ਕਰ ਰਹੇ ਹਨ ॥ ੪੬ ॥ ਅਰ ਜਦੋਂ ਓਹਨਾਂ ਦੀ ਨਜਰ ਨਾਰਕੀਆਂ ਦੀ ਤਰਫ ਜਾ ਪੜੇਗੀ ਤਾਂ ( ਓਹਨਾਂ ਦੀਆਂ ਖਰਾਬੀਆਂ ਦੇਖ ਕੇ ਖੁਦਾ ਪਾਸੋਂ ) ਦੁਆ ਮੰਗਨ ਲਗਣਗੇ ਕਿ ਹੇ ਸਾਡੇ ਪਰਵਰਦਿਗਾਰ ( ਏਹਨਾਂ ) ਜ਼ਾਲਿਮ ਲੋਗਾਂ ਦੇ ਨਾਲ ਸਾਡਾ ( ਮਿਲਾਪ ) ਨ ਕੀਜੀਓ ॥ ੪੭ ॥ ਰੁਕੂਹ ੫ ॥

ਅਰ ਅਰਾਫ ਵਾਲੇ ਕੁਛਕ (ਨਾਰਕੀ) ਲੋਗਾਂ ਨੂੰ ਜਿਨਹਾਂ ਨੂੰ ਓਹਨਾਂ

Digitized by Panjab Digital Library | www.panjabdigilib.org

ਦੀਆਂ ਸੂਰਤਾਂ ਥੀਂ ਪ੍ਰੀਖਯਾ ਕਰਦੇ ਹੋਣਗੇ ਪੁਕਾਰ ਕੇ ਕਹਿਣਗੇ ਕਿ ਨਾ (ਤਾਂ) ਤੁਹਾਡੇ ਜਥੇ ਹੀ ਤੁਹਾਡੇ ਕਿਸੇ ਕੰਮ ਆਏ ਅਰ(ਨਾ ਤੁਹਾਡੀਆਂ)ਸ਼ੇਖੀਆਂ (ਹੀ) ਜੋ ਤੁਸੀਂ (ਸੰਸਾਰ ਵਿਚ) ਮਾਰਿਆ ਕਰਦੇ ਸੀ ॥ ੪੮ ॥ ( ਕਿ ) ਕੀ ਇਹੋ ਹੀ (ਸਵਰਗੀ) ਲੋਗ ਹਨ ਜਿਨਹਾਂ ਦੀ ਨਿਸਬਤ ਤੁਸੀਂ ਸੋਗੰਧਾਂ ਕਰ ਕਰਕੇ ਕਿਹਾ ਕਰਦੇ ਸੀ ਕਿ ਅੱਲਾ ਏਹਨਾਂ ਪਰ ( ਆਪਣੀ) ਰਹਿਮਤ ਨਹੀਂ ਕਰੇਗਾ (ਅਰ ਏਹਨਾਂ ਨੂੰ ਹੁਕਮ ਮਿਲ ਗਿਆ) ਕਿ ਸਵਰਗ ਵਿਚ ਚਲੇ ਜਾਓ (ਇਥੇ) ਤੁਹਾਡੇ ਪਰ ਨਾ (ਤਾਂ ਕਿਸੀ ਤਰਹਾਂ ਦਾ)ਭੈ ਹੋਵੇਗਾ ਅਰ ਨਾ ਹੀਂ ਤੁਸੀਂ(ਕਿਸੀ ਤਰ੍ਹਾਂ) ਚਿੰਤਾਤੁਰ ਹੋਵੋਗੇ ॥ ੪੯ ॥ ਅਰ ਨਾਰਕੀ ਪੁਕਾਰ ੨ ਕੇ ਸਵਾਰਗੀਆ ਨੂੰ ਕਹਿਣਗੇ ਕਿ ਸਾਡੇ ਪਰ ਤਨੀਸਾ ਪਾਣੀ ਹੀ ਡੋਹਲ ਦਿਓ ਕਿੰਵਾ ਤੁਹਾਨੂੰ ਜੋ ਖੁਦਾ ਨੇ(ਖੁਲ ਭੁਲਾ)ਭੋਜਨ ਦਿਤਾ ਓਸ ਵਿਚੋਂ ਸਾਨੂੰ (ਭੀ ਕੁਛ)ਦੇ ਦਿਓ ਓਹ ਕਹਿਣਗੇ ਕਿ ਖੁਦਾ ਨੇ ਸਵਰਗੀ ਅੰਨ ਜਲ ਕਾਫਰਾਂ ਪਰ ਹਰਾਮ ਕਰ ਦਿਤਾ ਹੈ ॥ ੫੦ ॥ ਕਿ ਇਹਨਾਂ ਲੋਗਾਂ ਨੇ ਆਪਣੇ ਦੀਨ ਨੂੰ ਹਾਸਾ ਅਰ ਮਖੌਲ ਬਨਾ ਰਖਿਆ ਸੀ ਅਰ ਸਾਂਸਾਰਿਕ ਜੀਵਨ ਏਹਨਾਂ ਨੂੰ ਧੋਖੇ ਵਿਚ ਪਾਈ ਬੈਠਾ ਸੀ ਤਾਂ ਅੱਜ ਅਸੀਂ ਇਨਹਾਂ ਨੂੰ ( ਜਾਣ ਬੁਝ ਕੇ ) ਭੁਲਾ ਦੇਵਾਂਗੇ ਜੈਸੇ ਕਿ ਇਹ ਲੋਗ ( ਸੰਸਾਰ ਵਿਚ ) ਆਪਣੇ ਏਸ ਦਿਨ ਦੇ ਪੇਸ਼ ਆਉਣ ਨੂੰ ਭੁਲੇ ਅਰ ਸਾਡੀਆਂ ਆਇਤਾਂ ਥੀਂ ਇਨਕਾਰ ਕਰਦੇ ਰਹੇ ॥ ੫੧ ॥ ਅਰ ਅਸਾਂ ਤਾਂ ਏਹਨਾਂ ( ਮਕੇ ਦਿਆਂ ਕਾਫਰਾਂ ਨੂੰ ) ਕਿਤਾਬ (ਕੁਰਾਨ) ਪਹੁੰਚਾ ਦਿਤੀ (ਜਿਸ ਨੂੰ) ਅਸਾਂ ਗਿਆਨ ਨਾਲ ਵਿਸਤਾਰ ਪੂਰਵਕ ਵਰਣਨ ਕੀਤਾ ( ਅਰ ਓਹ ) ਈਮਾਨ ਵਾਲਿਆਂ ਦੇ ਹੱਕ ਵਿਚ ਸਿਖਯਾ ਅਰ ਕਿਰਪਾਲਤਾ ਹੈ ॥੫੨॥ ਕੀ ਇਹ (ਮਕੇ ਵਾਲੇ) ਇਸ ਉਡੀਕ ਵਿਚ ਹਨ(ਕਿ ਓਸ ਦਾ ਫਲ ਪਰਗਟ ਹੋ ਸੋ) ਜਿਸ ਦਿਨ ਓਸ ਦਾ ਫਲ (ਪਰਗਟ) ਹੋਵੇਗਾ ਤਾਂ ਜੋ ( ਆਦਮੀ ) ਉਸ ਨੂੰ ਪਹਿਲਾਂ ਤੋਂ ਭੁਲਾਈ (ਬੈਠੇ) ਸਨ ਓਹ ਇਕ-ਰਾਰ ਕਰ ਲੈਣਗੇ ਕਿ ਨਿਰਸੰਦੇਹ ਸਾਡੇ ਪਰਵਰਦਿਗਾਰ ਦੇ ਪੈਗੰਬਰ ਸਚੀ ਬਾਤ ਲੈਕੇ ਆਏ ਸਨ ਤਾਂ ਕੀ ਸਾਡੇ ਕੋਈ ਸਪਾਰਸ਼ੀ ਭੀ ਹਨ ਤਾਕਿ(ਅਜ) ਸਾਡੀ ਸਫਾਰਸ਼ ਕਰਨ ਕਿੰਵਾ ਸਾਨੂੰ ( ਸੰਸਾਰ ਵਿਚ ) ਫੇਰ ਭੇਜ ਦਿਤਾ ਜਾਵੇ ਤਾਂ ਜੈਸੇ ਕਰਮ ਅਸੀਂ ( ਪਹਿਲੇ ) ਕਰਦੇ ਹੁੰਦੇ ਸੀ ਓਹਨਾਂ ਤੋਂ ਸਿਵਾ ( ਭਲੇ ਕਰਮ) ਕਰੀਏ ਨਿਰਸੰਦੇਹ ਏਹਨਾਂ ਲੋਗਾਂ ਨੇ ਆਪ ਹੀ ਆਪਣਾ ਨੁਕਸਾਨ ਕੀਤਾ ਅਰ ਜੋ ਝੂਠ ਥਪਿਆ ਕਰਦੇ ਸਨ ਓਹ ਏਹਨਾਂ ਪਾਸੋਂ ਗਿਆ ਗੁਜਰਿਆ ਹੋ ਗਿਆ ॥ ੫੩ ॥ ਰੁਕੂਹ ੬ ॥

ਨਿਰਸੰਦੇਹ ਤੁਹਾਡਾ ਪਰਵਰਦਿਗਾਰ (ਓਹੀ) ਅੱਲਾ ਹੈ ਜਿਸਨੇ ਛਿਆਂ ਦਿਨਾਂ ਵਿਚ ਆਗਾਸ ਧਰਤੀ ਨੂੰ ਉਤਪਤ ਕੀਤਾ ਪੁਨਰ ਅਰਸ਼ ਪਰ ਜਾ

Digitized by Panjab Digital Library | www.panjabdigilib.org

ਬਿਰਾਜਿਆ ਵਹੀ ਰਾਤ੍ਰੀ ਨੂੰ ਦਿਨ ਦਾ ਢਕਣਾ ਬਣਾਉਂਦਾ ਹੈ(ਮਾਨੋਂ)ਰਾਤ ਦਿਨ ਦੇ ਪਿਛੇ ਸ਼ਤਾਬੀ ੨ ਚਲੀ ਆਉਂਦੀ ਹੈ ਅਰ ਉਸ ਨੇ ਸੂਰਜ ਤਥਾ ਚੰਦ੍ਰ ਅਰ ਨਖਤ੍ਰਾਂ ਨੂੰ ਉਤਪਤ ਕੀਤਾ ਕਿ ਇਹ ਸਾਰੇ ਈਸ਼ਵਰੀ ਆਗਯਾ ਵਿਚ ਹਨ (ਲੋਗੋ) ਯਾਦ ਰਖੋ ਕਿ ਖੁਦਾ ਦੀ ਹੀ ਉਤਪਤੀ ਹੈ ਅਰ ( ਖੁਦਾ ਦਾ ਹੀ ) ਹੁਕਮ ਅੱਲਾ ਜੋ ਸਾਰੇ ਸੰਸਾਰ ਦਾ ਪਾਲਕ ਹੈ ਅਰ ( ਬਹੁਤ ਵਡੀ ) ਬਰਕਤ ਵਾਲਾ ਹੈ ॥੫੪॥ ( ਲੋਗੋ ) ਆਪਣੇ ਪਰਵਰਦਿਗਾਰ ਪਾਸੋਂ ਗਿੜ ਗਿੜਾਕੇ ਅਰ ਚੁਪ (ਚਾਪ) ਪ੍ਰਾਰਥਨਾ ਕਰਦੇ ਰਹੋ (ਕਾਹੇ ਤੇ) ਓਹ (ਬੰਦਗੀ ਦੀ) ਸੀਮਾਂ ਤੋਂ ਬਾਹਰ ਕਦਮ ਰਖਣ ਵਾਲਿਆ ਨੂੰ ਮਿੱਤਰ ਨਹੀਂ ਰਖਦਾ ॥ ੫੫ ॥ ਅਰ ਦੇਸ ਦਾ ( ਪਰਬੰਧ ) ਦਰੁਸਤ ਹੋਇਆਂ ਪਿਛੋਂ ਉਸ ਵਿਚ ਫਸਾਦ ਨਾ ਫੈਲਾਓ ਅਰ (ਕਸ਼ਟ ਦੇ ) ਭੈ ਅਰ (ਫਜਲ ਦੀ) ਉਮੈਦ ਪਰ ਪ੍ਰਮਾਤਮਾਂ ਥੀਂ ਦੁਆਵਾਂ ਮੰਗਦੇ ਰਹੋ (ਕਾਹੇ ਤੇ) ਖੁਦਾ ਦੀ ਰਹਿਮਤ ਸੁਧ ਮਨ ਰਖਣ ਵਾਲਿਆਂ ਪਾਸੋਂ ( ਬਹੁਤ ਹੀ) ਨਗੀਚ ਹੈ ॥ ੫੬ ॥ ਅਰ ਵਹੀ ਹੈ ਕਿ ਰਹਿਮਤ (ਦੀ ਵਰਖਾ ਥੀਂ) ਅਗੇ ਅਗੇ ਪਵਨ ਨੂੰ ਭੇਜਦਾ ਹੈ ਕਿ (ਲੋਕਾਂ ਨੂੰ ਬਰਖਾ ਦੀ) ਖੁਸ਼ਖ਼ਬਰੀ ਪਹੁੰਚਾ ਦੇ ਇਥੋਂ ਤਕ ਕਿ ਜਦੋਂ (ਵਾਯੂ) ਭਾਰੀ ਮੇਘਾਂ ਨੂੰ ਲੈ ਉਡਦੀ ਹੈ ਤਾਂ ਅਸੀਂ ਕਿਸੇ ਨਗਰੀ ਦੀ ਤਰਫ ਜੋ (ਢਹਿ ਢੇਰੀ ਹੋ ਜਾਣ ਦੇ ਕਾਰਣ ਮਾਨੋ) ਮੂਈ ਪੜੀ ਸੀ ਮੇਘਾਂ ਨੂੰ ਭੇਜ ਦੇਂਦੇ ਹਾ ਪੁਨਰ (ਓਥੇ)ਮੇਘਾਂ ਵਿਚੋਂ ਜਲ ਬਰਸਾਉਂਦੇ ਹਾਂ ਪੁਨਰ ਜਲ ਨਾਲ ਸਰਬ ਤਰਹਾਂ ਦੇ ਫਲ ( ਧਰਤੀ ਵਿਚੋਂ ) ਨਿਕਾਸਦੇ ਹਾਂ ਐਸੇ ਹੀ ਅਸੀਂ (ਪ੍ਰਲੇ ਦੇ ਦਿਨ ) ਮੁਰਦਿਆਂ ਨੂੰ ਨਿਕਾਸ ਕੇ ਖੜੇ ਕਰ ਦੇਵਾਂਗੇ ਤਾਂ ਤੁਸੀਂ ਏਹਨਾਂ ਬਾਤਾਂ ਵਿਚ ਦ੍ਰਿਸ਼ਟੀ ਕਰੋ ॥ ੫੭ ॥ ਅਰ ਜੋ ਨਗਰ ( ਐਸਾ ਹੈ ਕਿ ਉਸ ਦੀ ਧਰਤੀ) ਉਤਮ ਹੈ ਉਸ ਦੇ ਪਰਵਰਦਿਗਾਰ ਦੇ ਹੁਕਮ ਨਾਲ ਉਸ ਦੀ ਪੈਦਾਵਾਰ (ਭੀ ਉੱਤਮ ਹੀ) ਨਿਕਸਦੀ ਹੈ ਅਰ ਜੋ (ਨਗਰੀ ਐਸੀ ਹੈ ਕਿ ਓਸ ਦੀ ਧਰਤੀ ) ਨਕੰਮੀ ਹੈ ਅਰ ਉਸਦੀ ਪੈਦਾਵਾਰ ( ਭੀ ) ਨਾਕਸ ਹੀ ਹੁੰਦੀ ਹੈ ਇਸੀ ਤਰਹਾਂ ਅਸੀਂ ( ਆਪਣੀ ਕੁਦਰਤ ਦੀ ) ਯੁਕਤੀਆਂ ਤਰਹਾਂ ਤਰਹਾਂ ਨਾਲ ਓਹਨਾਂ ਲੋਗਾਂ ਦੇ ਵਾਸਤੇ ਵਰਣਨ ਕਰਦੇ ਹਾਂ ਜਿਨਹਾਂ ਦਾ ਸੁਭਾਓ ਧਨਵਾਦੀ ਹੈ ॥ ੫੮ ॥ ਰੁਕੂਹ ੭ ॥

ਨਿਰਸੰਦੇਹ ਅਸਾਂ ਨੇ ਹੀ ਨੂਹ ਨੂੰ ਉਸਦੀ ਜਾਤੀ ਦੇ ਪਾਸ(ਪੈਯੰਬਰ ਬਣਾ ਕੇ) ਭੇਜਿਆ ਤਾਂ ਉਸਨੇ (ਲੋਗਾਂ ਨੂੰ ਜਾ ਕੇ) ਸਿਖਯਾ ਦਿਤੀ ਕਿ ਭਿਰਾਓ ਅੱਲਾ ਦੀ (ਹੀ) ਪੂਜਾ ਕਰੋ (ਕਾਹੇ ਤੇ) ਓਸ ਦੇ ਸਿਵਾ ਤੁਹਾਡਾ ਕੋਈ ਪੂਜ ਨਹੀਂ ਮੈਨੂੰ ਤੁਹਾਡੀ ਨਿਸਬਤ (ਪ੍ਰਲੇ ਦੇ) ਬੜੇ (ਭਿਯਾਨਕ) ਦਿਨ ਦੇ ਦੁਖ ਦਾ (ਸਖਤ) ਭੈ ਹੈ ॥ ੫੯ ॥ ਓਹ ਲੋਗ ਜੋ ਓਸ ਦੀ ਜਾਤੀ ਵਿਚ ਮਾਨ ਧਾਰੀ ਸਨ ਲਗੇ ਕਹਿਣ ਕਿ ਸਾਡੇ ਲੇਖੇ ਤਾਂ ਤੁਸੀਂ ਪ੍ਰਤੱਖਯ ਕੁਮਾਰਗੀ ਵਿਚ ( ਪੜੇ ) ਹੋਏ ਹੋ

Digitized by Panjab Digital Library | www.panjabdigilib.org

॥ ੬੦ ॥ (ਇਸ ਤੇ ਨੂਹ ਨੇ) ਕਹਿਆ ਭਿਰਾਓ! ਮੇਰੇ ਵਿਚ ਤਾਂ ਗੁਮਰਾਹੀ (ਦੀ ਕੋਈ ਬਾਤ)ਹੈ ਨਹੀਂ ਪ੍ਰਤਯੁਤ ਮੈਂ ਤਾਂ ਦੁਨੀਆਂ ਦੇ ਪਰਵਰਦਿਗਾਰ ਦਾ ਭੇਜਿਆ ਹੋਇਆ ਹਾਂ ॥ ੬੧ ॥ ਤੁਹਾਨੂੰ ਆਪਣੇ ਪਰਵਰਦਿਗਾਰ ਦੇ ਹੁਕਮ ਪਹੁੰਚਾਂਦਾ ਹਾਂ ਅਰ ਤੁਹਾਡੇ ਹਕ ਵਿਚ ਨੇਕ ਸੰਕਲਪਨਾਂ ਕਰਦਾ ਹਾਂ ਅਰ ਮੈਂ ਅੱਲਾ (ਦੇ ਦਸਣ) ਦ੍ਵਾਰਾ ਐਸੀਆਂ (ਐਸੀਆਂ) ਬਾਤਾਂ ਜਾਣਦਾ ਹਾਂ ਕਿ ਜਿਨਹਾਂ ਨੂੰ ਤੁਸੀਂ ਨਹੀਂ ਜਾਣਦੇ॥੬੨॥ ਕੀ ਤੁਸੀਂ ਏਸ ਬਾਤ ਥੀਂ ਅਸਚਰਜ ਹੁੰਦੇ ਹੋ ਕਿ ਤੁਹਾਡੇ ਵਿਚੋਂ ਹੀ ਇਕ ਆਦਮੀ ਦ੍ਵਾਰਾ ਤੁਹਾਡੇ ਪਰਵਰਦਿਗਾਰ ਦਾ ਹੁਕਮ ਤੁਹਾਨੂੰ ਪ੍ਰਾਪਤ ਹੋਇਆ ਤਾਂ ਕਿ ਓਹ ਤੁਹਾਨੂੰ (ਖੁਦਾ ਦੇ ਕਸ਼ਟ ਤੋਂ) ਡਰਾਵੇ ਅਰ ਤਾਂ ਤੁਸੀਂ (ਖੁਦਾ ਦੇ ਕਰੋਧ ਥੀਂ) ਬਚੋ ਅਰ ਤਾਂ ਤੁਹਾਡੇ ਪਰ ਰਹਿਮ ਕੀਤਾ ਜਾਵੇ ॥ ੬੩ ॥ ਇਹ ਹੁੰਦਿਆਂ ਸੁੰਦਿਆਂ ਲੋਗਾਂ ਨੇ ਓਹਨਾਂ ਨੂੰ ਅਲੀਕ ਕੀਤਾ ਤਾਂ ਅਸਾਂ ਨੂਹ ਨੂੰ ਅਰ ਓਹਨਾਂ ਦੇ ਸਾਥੀਆਂ ਨੂੰ ਜੋ ਨਵਕਾ ਵਿਚ ਉਹਨਾਂ ਦੇ ਨਾਲ (ਸਵਾਰ) ਸਨ (ਤੁਫਾਨ ਤੋਂ) ਮੁਕਤਿ ਦਿਤੀ ਅਰ ਜਿਨਹਾਂ ਲੋਗਾਂ ਨੇ ਸਾਡੀਆਂ ਆਇਤਾਂ ਨੂੰ ਅਲੀਕ ਕੀਤਾ ਸੀ (ਉਨਹਾਂ ਨੂੰ ) ਅਸਾਂ ਗਰਕ ਕ ਰ ਦਿਤਾ (ਕਾਹੇ ਤੇ) ਉਹ ਲੋਗ (ਕੁਫਰ ਦੇ ਸਬਬੋਂ) ਅੰਧੇ (ਹੋ ਰਹੇ) ਸਨ ॥ ੬੪ ॥ ਰੁਕੂਹ ੮ ॥

ਅਰ (ਅਸਾਂ ਹੀ) ਆਦਿ (ਦੀ ਕੌਮ) ਦੀ ਤਰਫ ਉਨ੍ਹਾਂ ਦੇ ਭਿਰਾ ਹੂਦ ਨੂੰ (ਪੈਗੰਬਰ ਬਨਾ ਕੇ ਭੇਜਿਆ) ਉਨ੍ਹਾਂ ਨੇ (ਲੋਗਾਂ ਨੂੰ) ਆਖਿਆ ਭਰਾਓ ! ਅੱਲਾ ਦੀ (ਹੀ) ਪੂਜਾ ਕਰੋ(ਕਾਹੇ ਤੇ) ਉਸ ਦੇ ਸਿਵਾ ਤੁਹਾਡਾ (ਹੋਰ) ਕੋਈ ਪੂਜ ਨਹੀਂ ਤਾਂ ਕੀ ਤੁਸੀਂ ਨਹੀਂ ਡਰਦੇ ॥੬੫॥ (ਇਸ ਬਾਤ ਥੀਂ) ਓਨਹਾਂ ਦੀ ਕੌਮ ਵਿਚ ਜੋ ਲੋਗ ਮਾਨਧਾਰੀ (ਅਰ) ਮੁਨਕਰ ਸ਼ਨ ਲਗੇ ਕਹਿਣ ਕਿ ਅਸੀਂ ਤਾਂ ਨਿਰ-ਸੰਦੇਹ ਤੈਨੂੰ ਮੂਰਖ ਪੁਣੇ ਵਿਚ ਦੇਖਦੇ ਹਾਂ ਅਰ ਨਿਰਸੰਦੇਹ ਅਸੀਂ ਤੈਨੂੰ ਝੂਠਾ (ਭੀ) ਸਮਝਦੇ ਹਾਂ ॥ ੬੬ ॥ (ਹੂਦ ਨੇ) ਕਹਿਆ ਭਿਰਾਓ ਮੇਰੇ ਵਿਚ ਮੂਰਖ ਪੁਣੇ (ਦੀ ਤਾਂ ਕੋਈ ਬਾਤ ਹੈ) ਨਹੀਂ ਪ੍ਰਤਯੁਤ ਮੈਂ ਤਾਂ ਸੰਸਾਰ ਦੇ ਪ੍ਰਿਤਪਾਲਕ ਦਾ ਭੇਜਿਆ ਹੋਇਆ ਹਾਂ ॥ ੬੭ ॥ ਤੁਹਾਨੂੰ ਆਪਣੇ ਪਰਵਰਦਿਗਾਰ ਦੇ ਹੁਕਮ ਪਹੁੰਚਾਉਂਦਾ ਹਾਂ ਅਰ ਮੈਂ ਤੁਹਾਡਾ ਸਚਾ ਖੈਰਖਾਹ ਹਾਂ॥੬੮॥ਕੀ ਤੁਸੀਂ ਏਸ ਬਾਤ ਥੀਂ ਵਿਸਮਯ (ਤਾਅਜਬ) ਹੁੰਦੇ ਹੋ ਕਿ ਤੁਹਾਡੇ ਹੀ ਵਿਚੋਂ ਦੇ ਇਕ ਦੇ (ਅਰਥਾਤ ਮੇਰੇ) ਦਵਾਰਾ ਤੁਹਾਡੇ ਪਰਵਰਦਿਗਾਰ ਦੀ ਸਿਖਿਸ਼ਾ ਤੁਹਾਨੂੰ ਪਹੁੰਚੀ ਤਾਂ ਕਿ ਓਹ ਤੁਹਾਨੂੰ (ਖੁਦਾ ਦੇ ਕਸ਼ਟ ਪਾਸੋਂ) ਸਭੈ ਕਰੇ ਅਰ ਓਹ (ਸਮਾ) ਯਾਦ ਕਰੋ ਜਦੋਂ ਉਸ ਨੇ ਤੁਹਾਨੂੰ ਨੂਹ ਦੀ ਜ਼ਾਤੀ ਦੇ ਪਿਛੋਂ (ਓਹਨਾਂ ਦੇ) ਅਸਥਾਨ ਧਾਰੀ ਬਣਾਇਆ ਅਰ ਉਤਪਤੀ ਦਾ ਵਿਸਤਾਰ (ਭੀ) ਤੁਹਾਨੂੰ (ਹੋਰਨਾਂ ਨਾਲੋਂ) ਵਧੇਰਾ ਦਿਤਾ ਤਾਂ ਅੱਲਾ ਦੀਆਂ ਨਿਆਮਤਾਂ ਨੂੰ

Digitized by Panjab Digital Library | www.panjabdigilib.org

ਯਾਦ ਕਰੋ ਤਾਂ ਤੇ ਤੁਹਾਡੀ ਕਲਿਆਨ ਹੋ ॥ ੬੯ ॥ ਆਖਣ ਲਗੇ ਕੀ ਤੂੰ ਏਸ ਇਛਾ ਨਾਲ ਸਾਡੇ ਪਾਸ ਆਇਆ ਹੈਂ ਕਿ ਅਸੀਂ ਇਕਲੇ ਇਕ ਖੁਦਾ ਦੀ ਹੀ ਇਬਾਦਤ ਕਰਨ ਲਗੀਏ ਅਰ ਜਿਨਹਾਂ ਮਾਬੂਦਾਂ ਨੂੰ ਸਾਡੇ ਵਡੇ ਪੂਜਦੇ ਰਹੇ (ਓਹਨਾਂ ਸਾਰਿਆਂ ਨੂੰ) ਛਡ ਬੈਠੀਏ ਬਸ ਯਦੀ ਸਚੇ ਹੋ ਤਾਂ ਜਿਸ (ਕਸ਼ਟ) ਦਾ ਸਾਨੂੰ ਡਰਾਵਾ ਦੇਂਦੇ ਹੋ ਸਾਡੇ ਪਰ ਲਿਆ ਪ੍ਰਾਪਤ ਕਰੋ ॥ ੭੦ ॥ (ਹੂਦ) ਉਵਾਚ–ਕਿ ਤੁਹਾਡੇ ਅੱਲਾ ਦੀ ਕਰੋਪੀ ਅਰ ਕ੍ਰੋਧ ਤੁਸਾਂ ਤੇ ਪ੍ਰਾਪਤ ਹੋ ਗਿਆ ਕੀ ਤੁਸੀਂ ਮੇਰੇ ਨਾਲ (ਬੁਤਾਂ ਦੇ) ਨਾਮਾਂ (ਦੇ ਪਰਸੰਗ) ਵਿਚ ਝਗੜਦਿਓ ਜਿਨਾਂ ਦੇ ਤੁਸਾਂ ਅਰ ਤੁਹਾਡਿਆਂ ਵਡਿਆਂ ਨੇ ਨਾਮ ਰਖ ਛਡੇ ਹਨ (ਅਰ) ਅੱਲਾ ਨੇ ਉਨਹਾਂ ਦੀ ਕੋਈ ਸਨਦ ਨਹੀਂ ਉਤਾਰੀ (ਭਲਾ) ਤਾਂ ਤੁਸੀ ਭੀ ਕਸ਼ਟ ਦੀ ਪ੍ਰਤੀਖਿਆ ਕਰੋ ਮੈਂ ਭੀ ਤੁਹਾਡੇ ਨਾਲ ਪ੍ਰਤੀ-ਖਤ ਵਾਨ ਹੁੰਦਾ ਹਾਂ ॥ ੭੧ ॥ ਅੰਤ ਨੂੰ ਅਸਾਂ ਆਪਣੀ ਰਹਿਮਤ ਨਾਲ ਹੂਦ ਨੂੰ ਅਰ ਓਹਨਾਂ ਲੋਗਾਂ ਨੂੰ ਜੋ ਉਸ ਦੇ ਸਹਿਜੋਗੀ ਸਨ ਬਚਾ ਲੀਤਾ ਅਰ ਜੋ ਲੋਗ ਸਾਡੀਆਂ ਆਇਤਾਂ ਨੂੰ ਝੂਠਿਆਰਦੇ ਸਨ ਓਹਨਾ ਦੀ ਜੜ੍ਹ ਪੁਟ(ਕੇ ਸਿਟ) ਦਿਤਾ ਅਰ ਉਹ ਮੰਨਨ ਵਾਲੇ ਸਨ ਭੀ ਨਹੀਂ ॥ ੭੨ ॥ ਰੁਕੂਹ ੯॥

ਅਰ (ਅਸਾਂ ਹੀ ਕੌਮ) ਸਮੂਦ ਦੇ ਭਿਰਾ ਸਾਲਿਆ ਨੂੰ ਓਹਨਾਂ ਦੀ ਤਰਫ (ਪੈਗੰਬਰ ਬਣਾਕੇ ਭੇਜਿਆ) ਸਾਲਿਆ ਨੇ (ਲੋਗਾਂ ਨੂੰ ਜਾਕੇ) ਸਿਖਿਆ ਦਿਤੀ ਕਿ ਭਿਰਾਓ ਖੁਦਾ ਦੀ ਹੀ ਪੂਜਾ ਕਰੋ (ਕਾਹੇ ਤੇ) ਓਸ ਦੇ ਸਿਵਾ ਤੁਹਾਡਾ (ਹੋਰ) ਕੋਈ ਪੂਜ ਨਹੀਂ ਤੁਹਾਡੇ ਪਰਵਰਦਿਗਾਰ ਦੀ ਤਰਫੋ ਤੁਹਾਡੇ ਪਾਸ ਇਕ ਪ੍ਰਗਟ ਦਲੀਲ ਆ ਚੁਕੀ ਕਿ ਇਹ ਖੁਦਾ ਦੀ (ਭੇਜੀ ਹੋਈ) ਉਠਨੀ ਤੁਹਾਡੇ ਵਾਸਤੇ ਇਕ ਚਿਮਤਕਾਰ ਹੈ ਤਾਂ ਏਸ ਨੂੰ ਖੁਲ-ਮਖੁਲੀ ਛਡ ਦਿਓ ਕਿ ਖੁਦਾ ਦੀ ਧਰਤੀ ਪਰ (ਜਿਥੇ ਚਾਹੇ) ਚੁਗੇ ਅਰ ਕਿਸੀ ਤਰਾਂ ਦੀ ਬੁਰੀ ਨੀਅਤ ਨਾਲ ਇਸ ਨੂੰ ਸਪਰਸ਼ ਭੀ ਨਾ ਕਰਨਾ (ਨਹੀਂ) ਤਾਂ ਤੁਹਾਨੂੰ ਦਰਦਨਾਕ ਦੁਖ ਆ ਘੇਰੇਗਾ ॥ ੭੩॥ ਅਰ (ਓਹ ਸਮਾਂ) ਯਾਦ ਕਰੋ ਜਦੋਂ ਓਸ ਨੇ ਤੁਹਾਨੂੰ ਆਦ (ਦੀ ਜ਼ਾਤੀ) ਦੇ ਪਿਛੋਂ (ਓਹਨਾਂ ਦੇ) ਗੱਦੀ ਨਸ਼ੀਨ ਬਨਾਇਆ ਅਰ ਹੋਰ ਤੁਹਾਨੂੰ ਧਰਤੀ ਪਰ ਇਸ ਤਰਹਾਂ ਵਸਾਇਆ ਸਜਾਇਆ ਕਿ ਤੁਸੀਂ ਮੈਦਾਨ ਵਿਚ ਤਾਂ ਮੰਦਰ ਉਸਾਰਦੇ ਅਰ ਪਰਬਤਾਂ ਨੂੰ ਘੜ ਕੇ ਘਰ ਬਨਾਉਂਦੇ ਤਾਂ ਤੇ ਅੱਲਾ ਦਿਆਂ (ਏਹਨਾਂ) ਪਦਾਰਥਾਂ ਨੂੰ ਯਾਦ ਕਰੋ ਅਰ ਮੁਲਕ ਵਿਚ ਉਪਦ੍ਰਵ ਨਾ ਫੈਲਾਂਦੇ ਫਿਰੋ ॥ ੭੪ ॥ ਸਾਲਿਆ ਦੀ ਕੌਮ ਵਿਚ ਜੋ ਆਦਮੀ ਮਾਨਧਾਰੀ ਅਰ ਬੜੇ ਸਨ ਗਰੀਬ ਲੋਗਾਂ ਨਾਲ, ਜੋ ਓਹਨਾਂ ਵਿਚੋਂ ਈਮਾਨ ਲੈ ਆਏ ਸਨ ਲਗੇ ਪੁਛਨ ਕੀ ਤੁਹਾਨੂੰ (ਸਚਮੁਚ) ਮਾਲੂਮ ਹੈ ਕਿ ਸਾਲਿਆ (ਅਸਲ ਵਿਚ)

Digitized by Panjab Digital Library | www.panjabdigilib.org

ਖੁਦਾ ਦਾ ਰਸੂਲ ਹੈ ? ਓਹਨਾਂ ਨੇ ਉੱਤਰ ਦਿਤਾ ਕਿ (ਭਗਵਾਨ ਨੇ) ਜੋ ਆਗਿਆ ਉਸ ਨੂੰ ਦੇ ਕੇ ਸਾਡੀ ਤਰਫ ਭੇਜਿਆ ਗਿਆ ਹੈ ਸਾਡਾ ਤਾਂ ਓਸ ਪਰ ਨਿਸਚਾ ਹੈ ॥ ੭੫ ॥ (ਇਸ ਤੇ) ਘਮੰਡੀ ਲੋਕਾਂ ਨੇ ਆਖਿਆ ਕਿ ਜਿਸ ਚੀਜ਼ ਪਰ ਤੁਸੀਂ ਈਮਾਨ ਲੇ ਆਏ ਓ ਅਸੀਂ ਤਾਂ ਓਸ ਥੀਂ ਮੁਨਕਰ ਹਾਂ ॥ ੭੬ ॥ ਗਲ ਕਾਹਦੀ ਉਹਨਾਂ ਨੇ ਉਠਣੀ ਨੂੰ ਵਢ ਸਿਟਿਆ ਅਰ ਆਪਣੇ ਪਰਵਰਦਿਗਾਰ ਦੇ ਹੁਕਮ ਥੀਂ ਅਮੋੜਪੁਣਾ ਕੀਤਾ ਅਰ ਕਹਿਆ ਕਿ ਹੇ ਸਾਲਿਹਾ ਜਿਸ (ਦੁਖ) ਦਾ ਤੂੰ ਸਾਨੂੰ ਡਰਾਵਾ ਦੇਂਦਾ ਹੈਂ ਯਦੀ ਤੂੰ ( ਸਚ ) ਹੀ ਪੈਯੰਬਰ ਹੈਂ ਤਾਂ ( ਓਸ ਨੂੰ ) ਸਾਡੇ ਪਰ ਲਾ ਨਾਜ਼ਲ ਕਰ ॥ ੭੭ ॥ ਬਸ ਓਹਨਾਂ ਨੂੰ ਭੂਚਾਲ ਨੇ ਆ ਘੇਰਿਆ ਅਰ ਓਹ ਪਰਭਾਤ ਨੂੰ ਆਪਣਿਆਂ ਘਰਾਂ ਵਿਚ ਓਂਦੇ ਪਏ ਰਹਿ ਗਏ ॥ ੭੮ ॥ ਤਾਂ ਸਾਲਿਆ ਨੇ ਓਹਨਾਂ ਪਾਸੋਂ ਮੂੰਹ ਮੋੜ ਲੀਤਾ ਅਰ ( ਓਹਨਾਂ ਨੂੰ ਸੰਬੋਧਨ ਕਰਕੇ ) ਕਹਿਆ ਕਿ ਭਿਰਾਓ ! ਮੈਂ ਤਾਂ ਆਪਣੇ ਪਰਵਰਦਿਗਾਰ ਦੇ ਹੁਕਮ ਤੁਹਾਨੂੰ ਪਹੁੰਚਾ ਦਿਤੇ ਸਨ ਅਰ ਤੁਹਾਨੂੰ ਉਪਦੇਸ਼ ਕੀਤਾ ਸੀ ਪਰੰਤੂ ਤੁਸੀਂ ਖੈਰਖਾਹਾਂ ਨੂੰ ਭੀ ( ਆਪਣਾ ) ਮਿਤਰ ਨਹੀਂ ਸਮਝਦੇ ਸੀ ॥ ੭੯ ॥ ਅਰ ਲੂਤ ਨੇ ਜਦੋਂ ਆਪਣੀ ਕੌਮ ਨੂੰ ( ਜਾਕੇ ) ਕਹਿਆ ਕੀ ਤੁਸੀਂ ਲੋਗ ਐਸੀ ਬੇ ਹਯਾਈ ਕਰਦੇ ਹੋ ਕਿ ਸੰਸਾਰ ਭਰ ਵਿਚ ਤੁਹਾਡੇ ਨਾਲੋਂ ਪਹਿਲੇ ਕਿਸੇ ਨੇ ਐਸੀ ਬੇ ਹਯਾਈ ਨਹੀਂ ਕੀਤੀ ॥ ੮੦ ॥ ਕੀ ਤੁਸੀਂ ਇਸਤ੍ਰੀਆਂ ਨੂੰ ਛਡ ਕੇ ਭੋਗ ਬਿਲਾਸ ਵਾਸਤੇ ਆਦਮੀਆਂ ਪਰ ਮੋਹਿਤ ਹੁੰਦੇ ਹੋ ਪਰੰਤੂ ਤੁਸੀਂ ਲੋਗ ਕੁਛ ਹੋ ਹੀ ( ਲਠੋਂ ) ਪਾਰ ਗਏ ਹੋਏ ॥ ੮੧ ॥ ਅਰ ਲੂਤ ਦੀ ਕੌਮ ਦਾ ਤਾਂ ਜਵਾਬ ਬਸ ਏਹੋ ਹੀ ਸੀ ਕਿ ਲਗੇ ਕਹਿਣ ਕਿ ਏਹਨਾਂ ਲੋਗਾਂ ਨੂੰ ਆਂਪਣੇ ਨਗਰੋਂ ਬਾਹਰ ਨਿਕਾਸ ਦੋ ( ਕਾਹੇ ਤੇ ) ਇਹ ਐਸੇ ਲੋਗ ਹਨ ਜੋ ਸੁਧ ਪਵਿਤ੍ਰ ਬਣਨਾ ਚਾਹੁੰਦੇ ਹਨ॥ ੮੨ ॥ ਫੇਰ ਅਸਾਂ ਲੂਤ ਅਰ ਓਸ ਦੇ ਘਰ ਵਾਲਿਆਂ ਨੂੰ (ਦੁਖਾਂ ਥੀਂ) ਮੁਕਤਿ ਦਿਤੀ ਪਰੰਤੂ ਓਸ ਦੀ ਇਕ ਇਸਤ੍ਰੀ (ਰਹਿ ਗਈ) ਕਿ ਓਹ ਪਿਛੇ ਰਹਿਣ ਵਾਲਿਆਂ ਵਿਚੋਂ ਸੀ॥੮੩॥ ਅਰ ਅਸਾਂ ਨੇ ਏਹਨਾਂ ਪਰ (ਪਥਰਾਂ ਦੀ) ਬਰਖਾ ਕੀਤੀ ਤਾਂ ( ਤਨੀਸੀ ) ਦ੍ਰਿਸ਼ਟੀ ਦਿਓ ਕਿ ਪਾਪੀਆਂ ਦਾ ਕੀ ਅੰਜਾਮ ਹੋਇਆ ॥ ੮੪ ॥ ਰੁਕੂਹ ੧੦ ॥

ਅਰ (ਅਸਾਂ ਹੀ) ਮਦਯਨ (ਵਾਲਿਆਂ) ਦੀ ਤਰਫ ਓਸ ਦੇ ਭਿਰਾ ਸ਼ੁਐਬ ਨੂੰ ( ਪੈਯੰਬਰ ਬਨਾਕੇ ਭੇਜਿਆ ) ਓਹਨਾਂ ਨੇ ( ਲੋਗਾਂ ਨੂੰ ਜਾਕੇ ) ਸਿਖਿਆ ਦਿਤੀ ਕਿ ਭਿਰਾਓ ! ਅੱਲਾ ਦੀ ( ਹੀ ) ਪੂਜਾ ਕਰੋ ( ਕਾਹੇ ਤੇ ) ਓਸ ਦੇ ਸਿਵਾ ਤੁਹਾਡਾ (ਹੋਰ) ਕੋਈ ਪੂਜ ਨਹੀਂ ਤੁਹਾਡੇ ਪਰਵਰਦਿਗਾਰ ਦੀ ਤਰਫੋਂ ਤੁਹਾਡੇ ਪਾਸ ਪਰਗਟ ਦਲੀਲ ਤਾਂ ਆ ਹੀ ਚੁਕੀ ਹੈ ਤਾਂ ਤੇ ਪ੍ਰਮਾਨ (ਮਾਪ) ਅਰ ਮਾਨ (ਤੋਲ) ਪੂਰਾ ਕੀਤਾ ਕਰੋ, ਅਰ ਲੋਗਾਂ ਨੂੰ ਓਹਨਾਂ ਦੀਆਂ ਵਸਤਾਂ (ਜੋ ਮੋਲ ਲੈਂਦੇ ਹਨ)

Digitized by Panjab Digital Library | www.panjabdigilib.org

ਘਟ ਨਾ ਦਿਤਾ ਕਰੋ ਅਰ ਦੇਸ ਵਿਚ ਉਸਦਾ (ਪ੍ਰਬੰਧ) ਠੀਕ ਹੋਇਆਂ ਪਿਛੋਂ ਫਸਾਦ ਨਾ ਕਰੋ ਯਦੀ ਤੁਸੀਂ ਈਮਾਨ ਦਾਰੀ ਹੋ ਤਾਂ ਇਹ (ਰੀਤੀ ਸੁਵਿਵਹਾਰ ਦੀ ਜੋ ਮੈਂ ਤੁਹਾਨੂੰ ਪੜ੍ਹਾ ਰਹਿਆ ਹਾਂ) ਤੁਹਾਡੇ ਵਾਸਤੇ ਅਤਯੁਤਮ ਹੈ ॥੮੫॥ਅਰ ਤੁਸੀਂ ਜੋ ਹਰ ਏਕ ਮਾਰਗ ਪਰ (ਇਸਥਿਤ ਹੋਕੇ) ਉਸ ਪੁਰਖ ਨੂੰ ਜੋ ਪ੍ਰਮਾਤਮਾ ਤੇ ਈਮਾਨ ਲੈ ਆਉਂਦਾ ਹੈ ਸਭੈ ਕਰਦੇ ਅਰ ਖੁਦਾ ਦੇ ਮਾਰਗ ਪਰ ਪਰਵਿਰਤ ਹੋਣ ਤੋਂ ਰੋਕਦੇ ਅਰ ਉਸਵਿਚ ਦੋਸ ਢੂੰਡਦੇ ਹੋ ਹਣ(ਇਸ ਪਰਕਾਰ)ਨਾਂ ਬੈਠਿਆ ਕਰੋ ਅਰ (ਅੱਲਾ ਦਾ ਉਹ ਉਪਕਾਰ) ਯਾਦ ਕਰੋ ਕਿ ਜਦੋਂ ਤੁਸੀਂ(ਗਿਣਤੀਵਿਚ) ਨੂਨ ਸੇ ਫੇਰ ਖੁਦਾ ਨੇ ਤੁਹਾਡਾ ਬੜਾ (ਟੋਲਾ) ਬਣਾ ਦਿਤਾ ਅਰ ਇਸ ਬਾਤ ਪਰ ਭੀ ਦ੍ਰਿਸ਼ਟੀ ਕਰੋ ਕਿ ਫਸਾਦੀਆਂ ਦਾ ਅੰਜਾਮ ਕਿਸਤਰਹਾਂ ਦਾ ਹੋਯਾ ॥ ੮੬ ॥ ਅਰ ਜਿਸ(ਸਿਖਿਯਾ)ਦਵਾਰਾ ਮੈਂ ਤੁਮਾਰੀ ਤਰਫ ਭੇਜਿਆ ਗਿਆ ਹਾਂ ਯਦੀ ਤਸਾਂ ਲੋਗਾਂ ਵਿਚੋਂ ਇਕ ਯੂਥ ਨੇ ਮੇਰੀ ਰਸਾਲਤ ਨੂੰ ਪਰਵਾਨ ਕਰ ਲਿਆ ਹੈ ਅਰ ਇਕ ਟੋਲੇ ਨੇ ਨਿਸਚਾ ਨਹੀਂ ਕੀਤਾ ਤਾਂ ਤੁਸੀਂ ਸੰਤੋਖ ਨਾਲ ਬੈਠੇ ਰਹੋ ਇਥੋਂ ਤਕ ਕਿ ਅੱਲਾ ਸਾਡੇ (ਤੁਹਾਡੇ) ਵਿਚ ਫੈਸਲਾ ਕਰ ਦੇਵੇ ਅਰ ਓਹ ਸਾਰਿਆਂ ਫੈਸਲਾ ਕਰਨ ਵਾਲਿਆਂ ਵਿਚੋਂ ਉਤਮ (ਫ਼ੈਸਲਾ ਕਰਨੇ ਵਾਲਾ) ਹੈ ॥ ੮੭ ॥ *(ਏਸ ਗਲੋਂ) ਸ਼ੁਐਬ ਦੀ ਕੌਮ ਵਿਚ ਜੋ ਲੋਗ ਮਾਨਧਾਰੀ (ਅਰ ਆਪਣੇ ਸਾਂਸਾਰਿਕ ਵਿਵਹਾਰ ਪਰ) ਅਹੰਕਾਰੀ ਸਨ ਕਹਿਣ ਲਗੇ ਕਿ ਹੇ ਸ਼ੁਐਬ ਜਾਤਾਂ ਤੁਸੀਂ ਸਾਡੇ ਪੰਥ ਵਿਚ ਲੌਟ ਆਓ ਨਹੀਂ ਤਾਂ ਅਸੀਂ ਤੈਨੂੰ ਅਰ ਜੋ ਤੇਰੇ ਸਾਥ ਈਮਾਨ ਲੈ ਆਏ ਹਨ ਓਹਨਾਂ ਨੂੰ ਆਪਣੇ ਨਗਰ ਵਿਚੋਂ ਕਢ ਦੇਵਾਂਗੇ ਸ਼ੁਐਬ ਨੇ ਕਹਿਆ ਕਿਉਂ ਜੀ ਯਦੀਚ ਅਸੀਂ (ਤੁਹਾਡੇ ਦੀਨ ਥੀਂ ਗਿਲਾਨੀ) ਕਰਦੇ ਹੋਈਏ (ਤਦ ਫੇਰ ਭੀ ਜੋਰ ਧਿਙਾਣੇ ਤੁਹਾਡੇ ਪੰਥ ਵਿਚ ਆ ਮਿਲੀਏ) ॥੮੮॥ ਜਿਸ ਹਾਲ ਵਿਚ ਕਿ ਖੁਦਾ ਨੇ ਸਾਨੂੰ ਤੁਹਾਡੇ (ਮੰਦ) ਪੰਥ ਤੋਂ ਮੁਕਤ ਦਿਤੀ ਯਦੀਚ ਇਸ ਦੇ ਪਿਛੋਂ ਅਸੀਂ ਤੁਹਾਡੇ ਦੀਨ ਵਿਚ ਲੌਟ ਆਈਏ ਤਾਂ ਨਿਰਸੰਦੇਹ ਅਸਾਂ ਅੱਲਾ ਪਰ ਝੂਠੇ ਝੂਠ ਥਪਿਆ ਅਰ ਸਾਡੇ ਪਾਸੋਂ ਤਾਂ ਇਹ ਹੋ ਨਹੀਂ ਸਕਦਾ ਕਿ ਤੁਹਾਡੇ ਦੀਨ ਦੀ ਤਰਫ ਲੌਟ ਆਈਏ ਪਰੰਤੂ ਇਹ ਕਿ ਖੁਦਾ ਜੋ ਸਾਡਾ ਪਰਵਰ-ਦਿਗਾਰ ਹੈ ਓਸ ਦੀ ਰੁਚੀ ਹੋਵੇ (ਤਾਂ ਸਾਡਾ ਕੋਈ ਹਠ ਨਹੀਂ) ਸਾਡੇ ਪਰਵਰ-ਦਾਗਾਰ ਨੇ ਵਿਦਿਆ ਦਵਾਰਾ ਸੰਪੂਰਣ ਵਸਤਾਂ ਨੂੰ ਅਵੇਢਿਆ ਹੋਇਆ ਹੈ ਸਿਡਾ ਨਿਸਚਾ ਅੱਲਾ ਪਰ ਹੀ ਹੈ। ਹੇ ਸਾਡੇ ਪਰਵਰਦਿਗਾਰ ਸਾਡੇ ਵਿਚ ਕਿੰਵਾ ਸਾਡੀ ਜਾਤੀ ਵਿਚ (ਜੋ ਝਗੜਾ ਪਰਗਟ ਹੋਇਆ ਹੈ ਆਪ ਹੀ ਓਸ ਦਾ) ਸਚਾ ਸਚਾ ਨਿਬੇੜਾ ਕਰ ਅਰ ਤੂੰ ਸੰਪੂਰਣ ਨਿਬੇੜਾ ਕਰਨ

*ਹੁਣ ਕਾਲਲ ਮਲਾ" ਨਾਮੀ ਨਾਵਾਂ ਪਾਰਾ ਚਲਾ ॥

Digitized by Panjab Digital Library | www.panjabdigilib.org

ਵਾਲਿਆਂ ਵਿਚੋਂ ਉੱਤਮ (ਨਿਬੇੜਾ ਕਰਨ ਵਾਲਾ) ਹੈਂ ॥ ੮੯ ॥ ਅਰ ਸ਼ੁਐਬ ਦੀ ਜਾਤੀ ਦੇ ਮਾਨਧਾਰੀ (ਓਸ ਦੀ ਰਸਾਲਤ ਤੋਂ) ਮੁਨਕਰ ਸਨ ਓਹਨਾਂ ਨੇ (ਆਪਸ ਵਿਚ) ਕਹਿਆ ਕਿ ਯਦੀਚ ਤੁਸਾਂ ਸ਼ੁਐਬ ਦੇ ਕੈਹਣੇ ਤੇ ਚਲੇ ਤਾਂ ਏਮ ਬਾਤ ਥੀਂ ਨਿਰਸੰਸ ਰਹਿਣਾ ਕਿ ਫੇਰ ਤਾਂ ਤੁਸੀ ਉੱਜੜ ਪਜੜ ਗਏ ॥ ੯੦ ॥ ਗਲ ਕਾਹਦੀ ਏਹਨਾਂ ਲੋਗਾਂ ਨੂੰ ਭੂਕੰਪ ਨੇ ਆ ਘੇਰਿਆ ਅਰ ਪਰਭਾਤ ਆਪਣਿਆਂ ਘਰਾਂ ਵਿਚ ਓਂਦੇ ਮੂੰਹ ਮਰੇ ਪਏ ਸਨ ॥ ੯੧ ॥ ਜਿਨਹਾਂ ਲੋਗਾਂ ਨੇ ਸ਼ੁਐਬ ਨੂੰ ਝੂਠਿਆਂ ਕੀਤਾ (ਐਸੇ ਮਿਟੇ) ਕਿ ਮਾਨੋ ਓਹਨਾਂ ਨਗਰਾਂ ਵਿਚ ਕਦੇ ਵਸੇ ਹੀ ਨਹੀਂ ਸਨ ਜਿਨਹਾਂ ਲੋਗਾਂ ਨੇ ਸ਼ੁਐਬ ਨੂੰ ਝੂਠਿਆਂ ਕੀਤਾ ਉਹੀ ਬਰਬਾਦ ਹੋਏ ॥ ੯੨ ॥ ਤਾਂ ਸ਼ੁਐਬ ਓਹਨਾਂ ਪਾਸੋਂ ਹਟ ਗਏ ਅਰ ਕਿਹਾ ਕਿ ਭਿਰਾਓ ਮੈਂ ਤੁਹਾਨੂੰ ਆਪਣੇ ਪਰਵਰਦਿਗਾਰ ਦੇ ਹੁਕਮ ਪਹੁੰਚਾ ਹੀ ਦਿਤੇ ਸਨ ਅਰ ਤੁਹਾਡੀ ਸ਼ੁਭਚਿੰਤਕਤਾ ਕਰਦਾ ਰਹਿਆ ਫਿਰ (ਹੁਣ) ਮੈਂ ਨਾ ਮੰਨਨ ਵਾਲਿਆਂ ਤੇ ਕੀ ਅਫਸੋਸ ਕਰਾਂ ॥ ੯੩ ॥ ਰੁਕੂਹ ੧੧ ॥

ਅਰ ਜਿਸ ਨਗਰੀ ਵਿਚ ਅਸਾਂ ਪੈਯੰਬਰ ਭੇਜਿਆ (ਉਹਨਾ ਨੇ ਨਾਂ ਮੰਨਿਆਂ ਤਾਂ ਇਹੋ ਹੋਇਆ ਕਿ) ਓਸ ਦੇ ਰਹਿਣ ਵਾਲਿਆਂ ਨੂੰ ਅਸਾਂ ਸਖਤੀ ਅਰ ਤੰਗੀ ਵਿਚ ਮੁਬਤਲਾ ਕੀਤਾ ਤਾਂ ਕਿ ਏਹ ਲੋਗ (ਸਾਡੇ ਅਗੇ) ਨਮ੍ਰੀਭੂਤ ਹੋਣ (ਗਿੜਗਿੜਾਈਂ) ॥੯੪॥ ਫੇਰ ਅਸਾਂ ਸਖਤੀ ਦੀ ਜਗਾ ਅਸਾਨੀ ਨੂੰ ਬਦਲਿਆ ਇਥੋਂ ਤਕ ਕਿ ਭਲੀ ਤਰਹਾਂ ਫਲੇ ਫੁਲੇ ਅਰ ਲਗੇ ਕਹਿਣ ਕਿ ਇਸ ਤਰਹਾਂ ਦੀਆਂ ਸਖਤੀਆਂ ਅਰ ਖੁਸ਼ੀਆਂ ਤਾਂ ਸਾਡਿਆਂ ਵਡ ਵਡੇਰਿਆਂ ਨੂੰ ਭੀ ਹੋ ਚੁਕੀਆਂ ਹਨ ਤਾਂ ਅਸਾਂ ਓਹਨਾਂ ਨੂੰ ਸਹਿਸਾ (ਅਜਾਬ ਵਿਚ) ਧਰ ਦਬਾਇਆ ਅਰ ਓਹ (ਏਸ ਥੀਂ) ਬੇਖਬਰ ਸਨ ॥ ੯੫ ॥ ਅਰ (ਯਦੀਚ ਏਹਨਾਂ) ਬਸਤੀਆਂ ਵਾਲੇ (ਖੁਦਾ ਪਰ) ਭਰੋਸਾ ਰਖਦੇ ਅਰ ਪਰਹੇਜ਼ਗਾਰੀ (ਦਾ ਮਾਰਗ ਅਖ-ਤਿਆਰ) ਕਰਦੇ ਤਾਂ ਅਸੀਂ (ਜਰੂਰ) ਧਰਤ ਅਗਾਸ ਦੀਆਂ ਰਿਧੀਆਂ ਸਿਧੀਆਂ (ਦੇ ਕਿਵਾੜਾਂ) ਨੂੰ ਓਹਨਾਂ ਵਾਸਤੇ ਖੋਹਲ ਦੇਂਦੇ ਪਰੰਤੂ ਓਹਨਾਂ ਲੋਗਾਂ ਨੇ (ਸਾਡਿਆਂ ਪੈਯੰਬਰਾਂ ਨੂੰ) ਝੁਠਲਾਇਆ ਤਾਂ (ਓਹਨਾਂ ਦੀਆਂ) ਕਰਤੂਤਾਂ ਦੀ ਸਜ਼ਾ ਵਿਚ ਜੋ ਓਹ ਕਰਦੇ ਸਨ ਅਸਾਂ ਉਨਹਾਂ ਨੂੰ (ਅਜ਼ਾਬ ਵਿਚ ਧਰ) ਦਬਾਇਆ ॥ ੯੬ ॥ ਤਾਂ ਕੀ (ਤੁਹਾਡੀਆਂ ਏਹਨਾਂ) ਬਸਤੀਆਂ ਦੇ ਰਹਿਣ ਵਾਲੇ ਇਸ ਬਾਤ ਥੀਂ ਨਿਡਰ ਹਨ ਕਿ ਓਹਨਾਂ ਪਰ ਸਾਡਾ ਦੁਖ ਰਾਤੋ ਰਾਤ ਆ ਪਰਾਪਤ ਹੋਵੇ ਅਰ ਉਹ ਸੁਤੇ ਪਏ ਹੋਣ ॥ ੯੭ ॥ ਕਿੰਵਾ (ਤੁਹਾਡੇ ਏਹਨਾਂ) ਬਸਤੀਆਂ ਦੇ ਰਹਿਣ ਵਾਲੇ ਏਸ ਗਲੋਂ ਨਿਡਰ ਹਨ ਕਿ ਓਹਨਾਂ ਪਰ ਸਾਡਾ ਅਜਾਬ ਦਿਨਦੀਵੀਂ ਆ ਪਰਾਪਤ ਹੋਵੇ ਅਰ ਓਹ ਖੇਡਣ ਮਲਣ

Digitized by Panjab Digital Library | www.panjabdigilib.org

ਵਿਚ (ਲੀਨ) ਹੋਣ ॥ ੯੮ ॥ ਤਾਂ ਕੀ ਅੱਲਾ ਦੀ ਯੁਕਤੀ ਥੀਂ ਨਿਡਰ ਹੋ ਗਏ ਹਨ ਸੋ ਅੱਲਾ ਦੀ ਯੁਕਤੀਂ ਥੀਂ ਤਾਂ ਵਹੀ ਲੋਗ ਨਿਡਰ ਹੁੰਦੇ ਹਨ ਜੋ ਬਰਬਾਦ ਹੋਣ ਵਾਲੇ ਹਨ ॥ ੯੯ ॥ ਰੁਕੂਹ ੧੨ ॥

ਜੋ ਲੋਕ ਧਰਤੀ ਤੇ ਰਹਿਣ ਵਾਲਿਆਂ ਦੇ (ਮਰਿਆਂ) ਪਿਛੋਂ ਧਰਤੀ ਦੇ ਮਾਲਕ ਹੁੰਦੇ ਹਨ ਕੀ ਇਸ ਬਾਰਤਾ ਥੀਂ ਭੀ ਉਨ੍ਹਾਂ ਨੂੰ ਸਿਖ਼ਸ਼ਾ ਨਾ ਹੋਈ ਕਿ ਯਦੀਚ ਅਸੀਂ ਚਾਹੀਏ ਤਾਂ ਏਹਨਾਂ ਦੇ ਗੁਨਾਹਾਂ ਦੀ ਪ੍ਰਤਿਨਿਧ ਵਿਚ ਏਹਨਾਂ ਪਰ ( ਭੀ ) ਵਿਪਤੀ ਲਿਆ ਪਰਾਪਤ ਕਰੀਏ ਅਰ ਅਸੀਂ ਏਹਨਾਂ ਦੇ ਦਿਲਾਂ ਪਰ ਮੋਹਰ ਲਾ ਦੇਈਏ ਤਾਂ ਇਹ ਸੁਨਣ (ਹੀ) ਨਾ ॥ ੧੦੦ ॥ ਇਹ ਥੋੜੀ ਬਸਤੀਆਂ ਹਨ ਜਿਨਹਾਂ ਦੀ ਵਿਥਿਆ ਅਸੀਂ ਤੁਹਾਨੂੰ ਸੁਣਾਉਂਦੇ ਹਾਂ ਅਰ ਏਹਨਾਂ ਦੇ ਪੈਯੰਬਰ ਇਹਨਾਂ ਲੋਗਾਂ ਦੀ ਤਰਫ ਮੋਜਜ਼ੇ ਲੈਕੇ ਭੀ ਆਏ ਪਰੰਚ ਏਹ ਲੋਗ ( ਇਸ ਸ੍ਰਿਸ਼ਟ ਦੇਹੀ ) ਨਾਂ ਸੀ ਜਿਸ ਵਸਤੂ ਨੂੰ ਓਹ ਪਹਿਲੇ ਝੁਠਲਾ ਚੁਕੇ ਉਸ ਉਤੇ ਈਮਾਨ ਲੈ ਆਉਂਦੇ ਕਾਫਰਾਂ ਦੇ ਦਿਲਾਂ ਪਰ ਖੁਦਾ ਇਸੀ ਤਰਹਾਂ ਮੋਹਰਾਂ ਲਗਾ ਦੇਂਦਾ ਹੈ ॥੧੦੧॥ ਅਰ ਅਸਾਂ ਤਾਂ ਏਹਨਾਂ ਵਿਚੋਂ ਅਕਸਰ ਲੋਗਾਂ ਵਿਚ (ਉਕੀ) ਬਚਨ ਦੀ ਪੁਖਤਾਈ ਨਹੀਂ ਪਾਈ ਅਰ ਅਸਾਂ ਤਾਂ ਏਹਨਾਂ ਵਿਚੋਂ ਅਕਸਰ (ਲੋਗਾਂ) ਨੂੰ ਨਾ ਫਰਮਾਨ ਹੀ ਦੇਖਿਆ ਹੈ ॥ ੧੦੨ ॥ ਫੇਰ ਓਹਨਾਂ ਦੇ ਪਸ਼ਚਾਤ ਅਸਾਂ ਮੂਸਾ ਨੂੰ ਚਮਤਕਾਰ ਦੇ ਕੇ ਫਿਰਔਨ ਅਰ ਉਸ ਦੇ ਸਭਾ ਸਦਾਂ ਦੀ ਤਰਫ ਭੇਜਿਆ ਤਾਂ ਇਨਹਾਂ ਲੋਗਾਂ ਨੇ ਮੋਜਜ਼ਿਆਂ ਦੇ ਸਾਥ ਗੁਸਤਾਖੀਆਂ ਕੀਤੀਆਂ (ਤਾਂ ਤਨੀਕ ਦੀਰਘ ਦ੍ਰਿਸ਼ਟਾ ਹੋ ਕੇ) ਦੇਖਨਾ ਕਿ ਫਸਾਦੀਆਂ ਦਾ ਅੰਤ ਨੂੰ ਕੀ ਹਾਲ ਹੋਇਆ ॥ ੧੦੩ ॥ ਅਰ ਮੂਸਾ ਨੇ (ਫਿਰਔਨ ਨੂੰ ਸੰਬੋਧਨ ਕਰਕੇ ) ਕਹਿਆ ਕਿ ਹੇ ਫਿਰਔਨ ਮੈਂ ਸੰਸਾਰ ਦੇ ਪਰਵਰਦਿਗਾਰ (ਦੀ ਤਰਫੋਂ)ਭੇਜਿਆ ਹੋਇਆ(ਆਯਾ) ਹਾਂ ॥੧੦੪॥ ਜੋਗ ਹੈ ਕਿ ਸਚ ਥੀਂ ਸਿਵਾ ਈਸ਼ਵਰ ਦੀ ਤਰਫ ਕੋਈ ਬਾਤ ਭੀ ਮਨਸੂਬ ਨਾ ਕਰੂੰ ਨਿਰਸੰਦੇਹ ਮੈਂ ਤੁਹਾਡੇ ਪਾਸ ਤੁਹਾਡੇ ਪਰਵਰਦਿਗਾਰ ( ਦੀ ਤਰਫੋਂ ) ਨਿਸ਼ਾਨੀਆਂ ਲੈ ਕੇ ਆਇਆ ਹਾਂ ਤਾਂ ( ਹੇ ਫਿਰਔਨ ) ਬਨੀ ਇਸਰਾਈਲ ਨੂੰ ਮੇਰੇ ਸਾਥ ਕਰ ਦੇ ॥੧੦੫॥ (ਫਿਰਔਨ) ਨੇ ਕਹਿਆ ਯਦੀ ਤੂੰ ( ਸਚਮੁਚ ) ਕੋਈ ਨਿਸ਼ਾਨੀ ਲੈ ਕੇ ਆਇਆ ਹੈਂ (ਅਰ ਆਪਣੇ ਪਖ ਦਾ) ਸਚਾ ਹੈਂ ਤਾਂ ਉਹ (ਚਮਤਕਾਰ)ਲਿਆਕੇ ਦਿਖਲਾ॥੧੦੬॥ਇਸ ਬਾਤ ਪਰ ਮੂਸਾ ਨੇ ਆਪਣੀ ਲਾਠੀ ਸਿਟ ਦਿਤੀ ਤਾਂ ਕੀ ਦੇਖਦੇ ਹਨ ਕਿ ਉਹ ਪ੍ਰਤਖਜ ਇਕ ਅਜਗਰ (ਵਡਾ ਸਪ) ਹੈ ॥੧੦੭॥ ਅਰ ਆਪਣਾ ਹਥ (ਬਾਹਰ) ਕਢਿਆ ਤਾਂ ਕੀ ਦੇਖਦੇ ਹਨ ਕਿ ਓਹ ਦੇਖਨ ਵਾਲਿਆਂ ਦੇ ਸਨਮੁਖ ਸਫੇਦ ਥਾ ॥ ੧੦੮ ॥ ਰਕੂਹ ॥ ੧੩ ॥

Digitized by Panjab Digital Library | www.panjabdigilib.org

(ਇਸਥੀਂ) ਫਿਰਔਨ ਦੇ ਲੋਗਾਂ ਵਿਚੋਂ ਜੋ (ਉਸ ਦੇ) ਸਭਾਸਦ ਸਨ ਲਗੇ ਕਹਿਣ ਕਿ ਇਹ ਤਾਂ ਬੜਾ ਭਾਰਾ ਇੰਦਰਜਾਲੀ ਹੈ ॥ ੧੦੯ ॥ ਸੰਭਾਂਵਨਾ ਹੈ ਕਿ ਤੁਹਾਨੂੰ (ਸਾਰਿਆਂ) ਨੂੰ ਤੁਹਾਡੇ ਦੇਸ ਵਿਚੋਂ ਬਾਹਰ ਕੱਢ ਦੇ ਤਾਂ (ਹੁਣ ਤੁਸੀਂ ਲੋਗ) ਕੀ ਸਲਾਹ ਦੇਂਦੇ ਹੋ ॥੧੧੦॥ (ਅੰਤ ਨੂੰ) ਸਾਰਿਆਂ ਨੇ ਸਮਸਜਾ ਕਰਕੇ(ਫਿਰਔਨ ਨੂੰ)ਕਹਿਆ ਕਿ ਮੂਸਾ ਅਰ ਉਸ ਦੇ ਭਿਰਾ ਹਾਰੂਨ ਦੇ ਮਾਮਲੇ ਨੂੰ ਇਸ ਸਮੇਂ ਤਕ ਢਿਲ ਦਿਓ ਆਸ ਪਾਸ ਦੇ ਨਗਰਾਂ ਵਿਚ ਕੁਛ ਹਰਕਾਰੇ ਭੇਜੋ ॥ ੧੧੧ ॥ ਕਿ ਸੰਪੂਰਨ ਮਾਹਰ ਜਾਦੂਗਰਾਂ ਨੂੰ ( ਏਕਤ੍ਰ ਕਰਕੇ) ਆਪ ਦੇ ਸਨਮੁਖ ਹਾਜ਼ਰ ਕਰਨ ॥੧੧੨॥ ਗਲ ਕਾਹਦੀ ਕੇ ਜਾਦੂਗਰ ਫਿਰਾਊਨ ਦੇ ਪਾਸ ਪ੍ਰਾਪਤਿ ਹੋਏ ( ਅਰ ) ਲਗੇ ਕਹਿਣ ਕਿ ਜੇਕਰ ਅਸੀਂ ( ਮੂਸਾ ਨੂੰ ) ਪਰਾਜੈ ਕਰ ਲਈਏ ਤਾਂ ਸਾਨੂੰ ( ਸਰਕਾਰੋਂ ਬੜਾ ) ਇਨਾਮ ਮਿਲਨਾ ਚਾਹੀਦਾ ਹੈ ॥ ੧੧੩ ॥ (ਫਿਰਔਨ ਨੇ ) ਕਹਿਆ ਹੱਛਾ ਭਾਈ ਹੱਛਾ ਅਰ ( ਨਾ ਖਾਲੀ ਇਨਾਮ ਪ੍ਰਤੁਤ ) ਨਿਸਚੇ ਤੁਸੀਂ (ਰਾਜ ਦਰਬਾਰ ਦੇ ) ਸਮੀਪੀਆਂ ਵਿਚੋਂ (ਭੀ) ਨਿਯਤ ਕੀਤੇ ਜਾਓਗੇ ॥੧੧੪ ॥ (ਏਸ ਗਲੋਂ ) ਜਾਦੂਗਰਾਂ ਨੇ (ਮੂਸਾ ਨੂੰ) ਕਹਿਆ ਕਿ ਹੇ ਮੂਸਾ ਯਾ ਤਾਂ ਤੂੰ (ਆਪਣੀ ਸੋਟੀ ਪਹਿਲਾਂ) ਸੁਟ ਅਰ ਯਦੀ(ਕਹੇ ਤਾਂ)ਅਸੀਂ ਹੀ ਸਿਟ ਦੇਈਏ ॥ ੧੧੫ ॥ (ਮੂਸਾ ਨੇ) ਕਹਿਆ (ਚੰਗਾ ਪਹਿਲਾਂ) ਤੁਸੀਂ (ਹੀ) ਸਿਟੋ ਤਾਂ ਜਦੋਂ ਉਨਹਾਂ ਨੇ ਸਿਟ ਦਿਤੀਆਂ ਤਾਂ ਜਾਦੂ ਦੇ ਜੋਰ ਨਾਲ ਲੋਗਾਂ ਦੀ ਦ੍ਰਿਸ਼ਟੀ ਦਾ ਨਿਰੋਧ ਕਰ ਦਿਤਾ ਅਰ ਓਹਨਾਂ (ਸਾਰਿਆਂ) ਨੂੰ ਦਹਿਸ਼ਤ(ਭੈ)ਵਿਚ ਪਾ ਦਿਤਾ ਅਰ (ਬਹੁਤ) ਵਡਾ ਜਾਦੂ ( ਬਣਾ ਕੇ ) ਲਿਆਇਆ ॥੧੧੬ ॥ ਅਰ (ਉਸ ਵੇਲੇ ) ਅਸਾਂ ਨੇ ਮੂਸਾ ਦੀ ਤਰਫ ਵਹੀ ਭੇਜੀ ਕਿ ਤੁਸੀਂ ਭੀ ਆਪਣੀ ਲਾਠੀ ਨੂੰ ਸਿਟ ਦਿਓ (ਮੂਸਾ ਨੇ ਸੋਟੀ ਸਿਟ ਦਿਤੀ) ਤਾਂ ਕੀ ਦੇਖਦੇ ਹਨ ਕਿ ਜਾਦੂਗਰਾਂ ਨੇ ਜੋ ਝੂਠ ਮੂਠ ( ਦੇ ਸਪਾਂ ਦਾ ਪੁਤਲ ) ਬਣਾ ਕੇ ਖੜਾ ਕੀਤਾ ਸੀ ਲਾਠੀ ਹੜੱਪ ਕਰਦੀ ਜਾਂਦੀ ਸੀ ॥ ੧੧੭ ॥ ਬਸ (ਜੋ) ਸਚੀ ਬਾਤ (ਸੀ ਸਾਰਿਆਂ ਨੂੰ) ਪਰਤੀਤ ਹੋ ਗਈ ਅਰ ਜੋ ਕੁਛ ਜਾਦੂਗਰਾਂ ਨੇ ਕੀਤਾ ਸੀ ਮਿਟੀ ਮਿਲ ਗਿਆ ॥ ੧੧੮ ॥ ਪੁਨਰ ਫਿਰੌਨ ਅਰ ਉਸਦੇ ਲੋਗ ਉਸ ਅਖਾੜੇ ਵਿਚ ਪਰਾਜੇ ਅਰ ਜ਼ਲੀਲ (ਕਮੀਨੇ) ਹੋ ਗਏ ॥ ੧੧੯ ॥ ਅਰ ਜਾਦੂਗਰ ਮਥਾ ਟੇਕਨ ਲਗ ਪਏ॥੧੨੦॥ (ਅਰ) ਬੋਲ ਉਠੇ ਕਿ ਅਸੀਂ ਤਾਂ ਜਗਦ ਪਾਲਕ ਪਰ ਨਿਸਚਾ ਲੈ ਆਏ ॥੧੨੧॥ ਜੋ ਮੂਸਾ ਅਰ ਹਾਰੂਨ ਦਾ ਪਰਵਰਦਿਗਾਰ ਹੈ ॥ ੧੨੨ ॥ ਫਿਰਔਨ ਬੋਲਿਆ (ਕੀ) ਏਸ ਥੀਂ ਪਹਿਲੇ ਕਿ ਮੈਂ ਤੁਹਾਨੂੰ ਆਗਿਆ ਦੇਵਾਂ ਤੁਸੀਂ ਮੂਸਾ ਦੇ ਖੁਦਾ ਪਰ ਈਮਾਨ ਲੈ ਆਏ ਹੋ ਨਾਂ ਇਹ ਤੁਹਾਡਾ ਪ੍ਰਪੰਚ ਹੈ ਕਿ (ਆਪਸ ਵਿਚ ਸਮਸਿਆ ਕਰਕੇ) ਤੁਸੀਂ(ਏਸ)ਸ਼ਹਿਰ ਵਿਚ (ਆਕੇ)ਏਹ ਦੰਭ ਪਸਾਰਿਆ

Digitized by Panjab Digital Library | www.panjabdigilib.org

ਹੈ ਤਾਂ ਕਿ ਏਥੋਂ ਲੋਗਾਂ ਨੂੰ ਇਸ ਨਗਰ ਵਿਚੋਂ ਕਢ ਦਿਓ ਸੋਹੁਣੇ ਤੁਹਾਨੂੰ ਪਰਤੀਤ ਹੋ ਜਾਵੇਗਾ॥੧੨੩॥ਮੈਂ ਤੁਹਾਡੇ ਹਥ ਪੈਰ(ਸਿਧੇ)ਪੁਠੇ ਵਢਵਾ ਦੇਵਾਂਗਾ ਪੁਨਰ ਤੁਸਾਂ ਸਾਰਿਆਂ ਨੂੰ ਸੂਲੀ ਪਰ ਚੜ੍ਹਾਵਾਂਗਾ॥੧੨੪॥ਉਹ ਲਗੇ ਕਹਿਣ ਕਿ ਅਸਾਂ ਤਾਂ (ਮਰ ਕੇ) ਆਪਣੇ ਪਰਵਰਦਿਗਾਰ ਦੀ ਤਰਫ ਪਰਤ ਕੇ ਜਾਣਾ ਈ ਹੈ ॥ ੧੨੫ ॥ ਅਰ ਤੂੰ ਸਾਡੇ ਵਿਚ ਦੋਸ਼ ਹੀ ਕੀ ਪਾਇਆ ਹੈ ਇਹੋ ਨਾਂ ਕਿ ਜਦੋਂ ਸਾਡੇ ਪਰਵਰਦਿਗਾਰ ਤੇ ਚਮਤਕਾਰ ਸਾਡੇ ਸਨਮੁਖ ਪਰਗਟ ਹੋਏ ਤਾਂ ਅਸੀਂ ਉਨਹਾਂ ਪਰ ਭਰੋਸਾ ਕਰ ਬੈਠੇ ? (ਅਰ ਸਾਡੀ ਇਹ ਪ੍ਰਾਰਥਨਾ ਹੈ) ਕਿ ਹੇ ਸਾਡੇ ਪਰਵਰਦਿਗਾਰਸਾਡੇ ਪਰ ਸੰਤੋਖ (ਦੀਆਂ ਪਖਾਲਾਂ) ਉਡੀਲਦੇਅਰਆਪਣੇ ਦਾਸ ਭਾਵ ਵਿਚ(ਹੀ) ਸਾਨੂੰ (ਸੰਸਾਰ) ਵਿਚੋਂ ਚੁਕ ਲੈ ॥ ੧੨੬ ॥ ਰੁਕੂਹ ੧੪ ॥

ਅਰ ਫਿਰਔਨ ਦੇ ਲੋਗਾਂ ਵਿਚੋਂ ਸਰਦਾਰਾਂ ਨੇ (ਫਿਰਔਨ ਨੂੰ) ਕਹਿਆ ਕਿ ਕੀ ਆਪ ਮੂਸਾ ਨੂੰ ਅਰ ਉਸ ਦੀ ਜਾਤੀ (ਦੇ ਲੋਗਾਂ) ਨੂੰ (ਏਸੇ ਤਰਹਾਂ) ਰਹਿਣ ਦਿਓਗੇ ਕਿ ਦੇਸ ਵਿਚ ਉਪੱਦਰ ਕਰਦੇ ਫਿਰਨ ਅਰ ਉਹ ਆਪ ਦੇ ਸਾਥ ਅਰ ਆਪ ਦੇ (ਬਣਾਏ ਹੋਏ) ਬੁਤਾਂ ਨਾਲ ਅਮੇੜਤਾਈ ਕਰਦਾ ਰਹੇ (ਫਿਰਾਉਣ) ਬੋਲਿਆ ਹੁਣ ਅਸੀਂ ਏਹਨਾਂ ਦੇ ਪੁਤ੍ਰਾਂ ਨੂੰ (ਢੂੰਡ ੨ ਕੇ) ਮਾਰ ਦੇਵਾਂਗੇ ਅਰ ਇਹਨਾਂ ਦੀਆਂ ਔਰਤਾਂ (ਅਰਥਾਤ ਧੀਆਂ) ਨੂੰ ਆਪਣੀ ਸੇਵਾ ਵਾਸਤੇ ਜੀਉਂਦੀਆਂ ਰਖਾਂਗੇ ਅਰ ਅਸੀਂ ਇਹਨਾਂ ਤੇ (ਸਰਬ ਤਰਹਾਂ) ਕਰਕੇ ਬਲੀ ਹਾਂ ॥ ੧੨੭ ॥ (ਇਹ ਸੁਣ ਕੇ) ਮੂਸਾ ਨੇ ਆਪਣੀ ਜਾਤੀ (ਦੇ ਲੋਗਾਂ) ਨੂੰ ਕਹਿਆ (ਤੁਸੀਂ) ਅੱਲਾ ਪਾਸੋਂ ਸਹਾਇਤਾ ਮੰਗੋ ਅਰ ਸਬਰ ਕਰੀ ਰਖੋ ਦੇਸ ਤਾਂ ਸੰਪੂਰਨ ਅੱਲਾ ਦਾ ਹੀ ਹੈ ਆਪਣਿਆਂ ਬੰਦਿਆਂ ਵਿਚੋਂ ਜਿਸ ਨੂੰ ਚਾਹੁੰਦਾ ਹੈ ਉਸ ਦਾ ਮਾਲਕ ਬਣਾ ਦੇਂਦਾ ਹੈ ਅਰ ਅੰਤ ਨੂੰ (ਕਲਿਆਣ) ਤਾਂ ਸੰਜਮੀ (ਪੁਰਖਾਂ) ਦੀ (ਹੀ) ਹੈ ॥੧੨੮ ॥ ਉਹ ਲਗੇ ਕਹਿਣ ਕਿ ਤੁਹਾਡੇ ਆਉਣ ਥੀਂ ਪਹਿਲਾਂ ਅਰ ਤੁਹਾਡੇ ਆਉਣ ਤੋਂ ਪਿਛੋਂ ਸਾਨੂੰ ਤਾਂ ਦੁਖ (ਹੀ ਦੁਖ) ਪਰਾ-ਪਤ ਹੋਂਦੇ ਰਹੇ ਹਨ (ਮੂਸਾ ਨੇ) ਕਹਿਆ ਹੁਣ ਉਹ ਸਮਾ ਨਗੀਚਆ ਪਹੁੰਚਾ ਹੈ ਕਿ ਤੁਹਾਡਾ ਪਰਵਰਦਿਗਾਰ ਤੁਹਾਡੇ ਵੈਰੀ ਨੂੰ ਮਾਰ ਕੇ ਤੁਹਾਨੂੰ ਦੇਸ ਵਿਚ (ਉਸ ਦਾ) ਅਸਥਾਨਧਾਰੀ ਬਣਾ ਦੇਵੇ ਫੇਰ ਦੇਖੀਏ ਕਿ ਤੁਸੀਂ ਕੈਸਾ ਵਰਤਾਓ ਕਰਦੇ ਹੋ ॥ ੧੨੯ ॥ ਰੁਕੂਹ ੧੫ ॥

ਅਰ ਅਸਾਂ ਤਾਂ ਫਿਰਾਉਨ ਦਿਆਂ ਲੋਗਾਂ ਨੂੰ ਬਰਸਾਂ ਦੀਆਂ ਖੁਸ਼ਕ ਸਾਲੀਆਂ ਅਰ ਅਨੋਤਪਤੀਆਂ (ਦੇ ਦੁਖ) ਵਿਚ (ਭੀ) ਆਵੇਂਢਤ ਕੀਤਾ ਤਾ ਕਿ ਉਹ ਲੋਕ ਸਿਖਸ਼ ਗ੍ਰਹਿਣ ਕਰਨ ॥੧੩੦॥ ਤਾਂ ਜਦੋਂ ਉਨਹਾਂ ਨੂੰ ਕੋਈ ਭਲਾਈ ਪਰਾਪਤ ਹੁੰਦੀ ਤਾਂ ਕਹਿੰਦੇ ਇਹ ਸਾਡੇ ਵਾਸਤੇ ਹੈ ਅਰ ਯਦੀਚ ਉਨਹਾਂ ਪਰ ਕੋਈਭਲਾਈ ਪ੍ਰਾਪਤ ਹੁੰਦੀ ਤਾਂ ਕਹਿੰਦੇ ਏਹ ਸਾਡੇ ਵਾਸਤੇ ਹੈ ਅਰ ਯਦੀਚ ਉਹਨਾਂ ਪਰ ਕੋਈ

Digitized by Panjab Digital Library | www.panjabdigilib.org

ਵਿਪਤੀ ਆਉਂਦੀ ਤਾਂ ਮੂਸਾ ਅਰ ਉਸ ਦੇ ਸਾਥੀਆਂ ਦੀ ਨਹੂਸਤ ਸਮਝਦੇ ਸੁਣੋ ਜੀ ਉਨਹਾਂ ਦੀ ਨਹੂਸਤ ਤਾਂ ਬਸ ਖੁਦਾ ਦੇ ਪਾਸ ਥੀ ਪ੍ਰੰਤੂ ਉਨਹਾਂ ਵਿਚੋਂ ਕਈ-ਆਂਕ ਨੂੰ (ਏਹ ਬ੍ਰਿਤਾਂਤ) ਮਲੂਮ ਨਹੀਂ ਸੀ ॥ ੧੩੧ ॥ ਅਰ ਫਿਰਾਊਨ ਦੇ ਲੋਗਾਂ ਨੇ ਮੂਸਾ ਨੂੰ) ਕਹਿਆ ਤੁਸੀਂ ਕੋਈ ਭੀ ਨਿਸ਼ਾਨੀ ਸਾਡੇ ਸਨਮੁਖ ਲੈ ਆਓ ਕਿ ਉਸ ਦੇ ਦਵਾਰਾ ਤੁਸੀਂ ਸਾਡੇ ਪਰ ਆਪਣਾ ਟੂਣਾ ਟਾਮਣ ਚਲਾਓ ਤਾਂ ਅਸੀਂ ਤਾਂ ਤੁਸਾਂ ਪਰ (ਕਿਸੀ ਤਰਹਾਂ) ਭਰੋਸਾ ਕਰਨ ਵਾਲੇ ਹੈਂ ਨਹੀਂ॥੧੩੨॥ ਪੁਨਰ ਅਸਾਂ ਉਹਨਾਂ ਪਰ ਤੁਫਾਨ ਭੇਜਿਆ ਅਰ (ਹੋਰ) ਟਿਡੀਆਂ ਅਰ ਜੂਆਂ ਅਰ ਡਡੂ ਅਰ ਲੋਹੂ ਕਿ ਏਹ ਸੰਪੂਰਨ ਵਖੋ ਵਖਰੇ ਮੋਜਜ਼ੇ (ਨਸ਼ਾਨੀਆਂ) ਸਨ ਅਦਯਪਿ ਉਹ ਲੋਗ ਤਾਂਗੜੇ ਹੀ ਰਹੇ ਅਰ ਉਹ (ਪੁਜ ਕੇ) ਨਾਫਰਮਾਨ ਸਨ ॥ ੧੩੩ ॥ ਅਰ ਜਦੋਂ ੨ ਉਨਹਾਂ ਪਰ ਵਿਪੱਤੀ ਪ੍ਰਾਪਤ ਹੁੰਦੀ (ਤਾਂ) ਕਹਿੰਦੇ ਹੇ ਮੂਸਾ ਤੇਰੇ ਨਾਲ ਜੋ ਖੁਦਾ ਨੇ (ਦੁਆ ਕਬੂਲ ਕਰਨ ਦੀ) ਪ੍ਰਤਿੱਗਜਾ ਕੀਤੀ ਸੀ ਉਸ ਦੇ ਸਹਾਰੇ ਨਾਲ ਆਪਣੇ ਪਰਵਰਦਿਗਾਰ ਅਗੇ ਸਾਡੇ ਵਾਸਤੇ ਪ੍ਰਾਰਥਨਾ ਕਰ (ਅਰ) ਯਦੀਚ ਤੂੰ ਸਾਡੇ ਉਪਰੋਂ (ਏਹ) ਕਸ਼ਟ ਨਿਬ੍ਰਿਤ ਕਰ ਦਿਤਾ ਤਾਂ ਅਸੀਂ ਅਵਸ਼ ਤੇਰੇ ਪਰ ਭਰੋਸਾ ਕਰ ਲਵਾਂਗੇ ਅਰ ਬਨੀ ਇਸਰਾਈਲ ਨੂੰ ਵੀ ਅਵਸ਼ ਤੁਹਾਡੇ ਸਾਥ ਭੇਜ ਦੇਵਾਂਗੇ ॥ ੧੩੪ ॥ ਪੁਨਰ ਜਦੋਂ ਅਸੀਂ ਇਕ ਨੀਯਤ ਸਮੇਂ ਵਾਸਤੇ ਜਿਸ ਤਕ ਉਹਨਾਂ ਨੂੰ ਪਹੁੰਚਨਾ ਸੀ ਕਸ਼ਟ ਨੂੰ ਉਨਹਾਂ ਉਤੋਂ ਟਾਲ ਦੇਂਦੇ ਤਾਂ ਓਹ ਬਲਾਤਕਾਰ ਹੀ ਪ੍ਰਤੱਗਜਾ ਭੰਗ ਕਰਨ ਲਗ ਪੈਂਦੇ ॥ ੧੩੫ ॥ (ਤਦ) ਅੰਤ ਨੂੰ ਅਸਾਂ ਓਹਨਾਂ ਪਾਸੋਂ ਬਦਲਾ ਲੀਤਾ ਅਰ ਉਨ੍ਹਾਂ ਨੂੰ ਸਾਗਰ ਵਿਚ ਡੋਬ ਦਿਤਾ ਇਸ ਕਾਰਨ ਕਿ ਉਹ ਸਾਡੀਆਂ ਆਇਤਾਂ ਨੂੰ ਅਲੀਕ ਕਰਦੇ ਅਰ ਉਨਹਾਂ ਥੀਂ ਬੇਪ੍ਰਵਾਹ ਰਹਿੰਦੇ ਸਨ ॥ ੧੩੬ ॥ ਅਰ (ਸ਼ਾਮ ਦੇਸ ਦੀ) ਧਰਤੀ ਜਿਸ ਵਿਚ ਅਸਾਂ (ਧਨਾਢਯ ਹੋਣ ਦੀ) ਬਰਕਤ ਦਿਤੀ ਸੀ (ਅੰਤ) ਅਸਾਂ ਓਹਨਾਂ ਲੋਗਾਂ ਨੂੰ ਉਸਦੇ ਪੂਰਬ ਅਰ ਪਛਮ ਦੇ ਅਧਪਤੀ (ਮਾਲਕ) ਕਰ ਦਿਤੇ ਜੋ ਫਿਰਔਨ ਦੇ ਪਾਸ ਨ੍ਰਿਬਲ ਸਮਝੇ ਜਾਂਦੇ ਸਨ ਅਰ ਬਨੀ ਇਸਰਾਈਲ ਨੇ (ਫਰਉਨ ਦੀ ਸਖ-ਤੀਆਂ ਉਤੇ) ਸੰਤੋਖ ਕੀਤਾ ਇਸ ਕਾਰਨ ਤੁਹਾਡੇ ਪਰਵਰਦਿਗਾਰ ਦੀ ਸ਼ੁਭ ਪ੍ਰਤੱ-ਗਜਾ (ਜੋ ਉਸਨੇ) ਬਨੀ ਇਸਰਾਈਲ (ਨਾਲ ਕੀਤੀ ਸੀ ਉਨਹਾਂ) ਦੇ ਹੱਕ ਵਿਚ ਸੰਪੂਰਨ ਹੋਈ ਅਰ ਜੋ (ਕਸ਼ਟ) ਫਿਰਊਨ ਅਰ ਉਸ ਦੀ ਜਾਤੀ (ਦੇ ਲੋਗ ਬਨੀ ਇਸਰਾਈਲ ਦੇ ਸਾਥ) ਕਰਦੇ ਅਰ (ਬੜੀਆਂ ੨) ਉਚੀਆਂ ਇਮਾਰਤਾਂ (ਉਨਹਾਂ ਪਾਸੋਂ ਬਿਗਾਰ ਵਿਚ) ਬਨਵਾਉਂਦੇ ਸਨ ( ਉਸ ਸਾਰੇ ਅਡੰਬਰ ਨੂੰ ) ਅਸਾਂ ਤਿੱਤ੍ਰ ਬਿੱਤ੍ਰ ਕਰ ਦਿਤਾ ॥ ੧੩੭ ॥

ਅਰ ਅਸਾਂ ਨੇ ਬਨੀ ਇਸਰਾਈਲ ਨੂੰ ਸਮੁੰਦਰੋਂ ਪਾਰ ਪਹੁੰਚਾ ਦਿਤਾ ਤਾਂ ਉਹ ਐਸਿਆਂ ਲੋਗਾਂ ਦੇ ਉਪਰੋਂ ਦੀ ਹੋਕੇ ਲੰਘੇ ਜੋ ਆਪਣਿਆਂ ਬੁਤਾਂ

Digitized by Panjab Digital Library | www.panjabdigilib.org

ਦੀ (ਪੂਜਾ ਵਿਚ) ਬੈਠੇ ਸਨ (ਉਨਹਾਂ ਨੂੰ ਦੇਖ ਕੇ ਬਨੀ ਇਸਰਾਈਲ) ਬੋਲੇ ਕਿ ਹੇ ਮੂਸਾ ਜਿਸ ਤਰਹਾਂ ਦੇ ਏਹਨਾਂ ਲੋਗਾਂ ਦੇ ਪਾਸ ਬੁਤ ਹਨ (ਏਸੇ ਤਰਹਾਂ) ਦਾ ਇਕ ਬੁਤ ਸਾਨੂੰ ਭੀ ਬਨਾ ਦੇਉ ( ਮੂਸਾ ਨੇ ) ਬਚਨ ਕੀਤਾ ਤੁਸੀਂ ਮੂਰਖ ਲੋਗ ਹੋ ॥ ੧੩੮ ॥ (ਅਰ) ਏਹ (ਬੁਤ ਪ੍ਰਸਤ) ਲੋਗ ਜਿਸ (ਦੀਨ) ਵਿਚ ਹਨ ਓਹ ਵਿਨਸ਼ਟ ਹੋਣ ਵਾਲਾ ਹੈ ਅਰ ਜੋ ਕਰਮ ਇਹ ਲੋਗ ਕਰਦੇ ਰਹੇ ਹਨ (ਸਾਰੇ ਹੀ) ਅਲੀਕ ਹਨ ॥ ੧੩੯ ॥ ਕਹਿਆ ਕੀ ( ਤੁਹਾਡੀ ਇਛਾ ਹੈ ) ਕਿ ਖੁਦਾ ਥੀਂ ਅਤਿਰਿਕਤ ਕੋਈ (ਹੋਰ) ਪੂਜ ਤੁਹਾਡੇ ਵਾਸਤੇ ਢੂੰਡਾਂ ਹਾਲਾਂ ਕਿ ਓਸ ਨੇ ਤੁਹਾਨੂੰ ਸੰਸਾਰ ਭਰ ਦੇ ਲੋਗਾਂ ਨਾਲੋਂ ਉੱਤਮਤਾਈ ਦਿਤੀ ਹੈ ॥ ੧੪੦ ॥ ਅਰ ( ਹੇ ਬਨੀ ਇਸਰਾਈਲ ਉਹ ਸਮਾਂ ਯਾਦ ਕਰੋ ) ਜਦੋਂ ਅਸਾਂ ਤੁਹਾਨੂੰ ਫਿਰਉਨ ਦੇ ਲੋਗਾਂ ਪਾਸੋਂ ਮੁਕਤਿ ਦਿਤੀ ਕਿ ਉਹ ਲੋਗ ਤੁਹਾਨੂੰ ( ਬਹੁਤ ਹੀ ) ਬੁਰਾ ਕਸ਼ਟ ਦੇਂਦੇ ਸਨ ਤੁਹਾਡੇ ਪੁਤਰਾਂ ਨੂੰ ( ਢੂੰਡ ੨ ਕੇ ) ਮਾਰਦੇ ਸਨ ਅਤੇ ਹੋਰ ਤੁਹਾਡੀਆਂ ਔਰਤਾਂ ( ਅਰਥਾਤ ਧੀਆਂ ) ਨੂੰ ( ਆਪਣੀ ਸੇਵਾ ਵਾਸਤੇ ) ਸਰਜੀਤ ਰਖਦੇ ਅਰ ਏਸ ਬਾਤ ਥੀਂ ( ਤੁਹਾਡੇ ਸਬਰ ਦੀ ) ਬਹੁਤ ( ਕਰੜੀ ) ਪ੍ਰੀਖਿਆ ਸੀ ( ਜੋ ) ਤੁਹਾਡੇ ਪਰਮੇਸ਼ਰ ( ਦੀ ਤਰਫੋਂ ਹੋ ਰਹੀ ) ਸੀ ॥ ੧੪੧ ॥ ਰੁਕੂਹ ੧੬ ॥

ਅਰ ਅਸਾਂ ਨੇ ਮੂਸਾ ਨਾਲ ਤੀ ਰਾਤਾਂ ਦੀ ਪ੍ਰਤਿਗਜਾ ਕੀਤੀ ਅਰ ਅਸਾਂ ਦਸ ( ਰਾਤਾਂ ਹੋਰ ) ਵਧਾਕੇ ਏਹਨਾਂ ਤੀਆਂ ਨੂੰ ਪੂਰਾ ( ਚਾਲੀ ) ਕੀਤਾ ਅਰ ਅਮੂਨਾ ਪ੍ਰਕਾਰੇਣ ਮੂਸਾ ਦੇ ਪਰਵਰਦਿਗਾਰ ਦੀ ਚਾਲੀਸ ਰਾਤ੍ਰੀ ਦੀ ਪ੍ਰਤਿਗਜਾ ਪੂਰਣ ਹੋਈ ਅਰ ਮੂਸਾ ਆਪਣੇ ਭਰਤਾ ਹਾਰੂਨ ਨੂੰ ਕਹਿ ਗਿਆ ਕਿ ਮੇਰੀ ਜਾਤੀ ( ਦੇ ਲੋਗਾਂ ) ਵਿਚ ਮੇਰੀ ਜਗਹਾਂ ਕੰਮ ਕਰਦਿਆਂ ਰਹਿਣਾਂ ਅਰ (ਓਹਨਾਂ ਵਿਚ) ਮੇਲ ਮਿਲਾਪ (ਕਾਇਮ) ਰਖਣਾ ਅਰ ਫਸਾਦੀਆਂ ਦੇ ਰਾਹ ਨਾਂ ਪੈ ਜਾਣਾ ॥੧੪੨॥ ਅਰ ਜਦੋਂ ਮੂਸਾ ਸਾਡੇ ਨੀਅਤ ਸਮੇਂ ਪਰ ਪਹੁੰਚਾ ਅਰ ਓਸ ਦਾ ਪਰਵਰਦਿਗਾਰ ਉਸ ਨਾਲ ਲਗਾ ਬਚਨ ਬਿਲਾਸ ਕਰਨ ਤਾਂ (ਮੂਸਾ ਨੇ) ਬੇਨਤੀ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਤੂੰ (ਆਪਣਾ ਆਪ) ਮੈਨੂੰ ਦਿਖਲਾ ਕਿ ਮੈਂ ਇਕ ਵੇਰੀ ਤੈਨੂੰ ਅਖ ਭਰ ਕੇ ਦੇਖਾਂ (ਖੁਦਾ ਨੇ)ਆਗਿਆ ਕੀਤੀ ਤੂੰ ਮੈਨੂੰ ਕਦਾਪਿ ਨਹੀਂ ਦੇਖ ਸਕੇਂਗਾ ਪਰੰਤੂ ਹਾਂ (ਏਸ) ਪਰਬਤ ਪਰ ਦਰਿਸ਼ਟੀ ਕਰੋ ਹੋਰ ਯਦੀਚ ( ਏਹ ਪਹਾੜ ) ਆਪਣੇ ਅਸਥਾਨ ਪਰ ਇਸ-ਥਤ ਰਹਿਆ ਤਾਂ (ਜਾਣੀ ਕਿ) ਤੂੰ (ਭੀ) ਸਾਡਾ ਦਰਸ਼ਨ ਕਰ ਸਕੇਂਗਾ ਪੁਨਰ ਜਦੋਂ ਓਹਨਾਂ ਦਾ ਪਰਵਰਦਿਗਾਰ ਪਹਾੜ ਪਰ ਪ੍ਰਕਾਸ਼ਮਾਨ ਹੋਇਆ ਤਾਂ ਓਸ ਨੂੰ ਚਕਨਾਚੂਰ ਕਰ ਦਿਤਾ ਅਰ ਮੂਸਾ ਵਿਮੂਰਛਨਾ ਖਾ ਕੇ ਡਿਗ ਪਿਆ ਪੁਨਰ ਜਦੋਂ ਹੋਸ਼ ਵਿਚ ਆਇਆ ਤਾਂ ਬੋਲ ਉਠਿਆ ਕਿ ( ਹੇ ਪਰਵਰ-

Digitized by Panjab Digital Library | www.panjabdigilib.org

ਦਿਗਾਰ ) ਤੇਰਾ ਪਵਿੱਤ੍ਰ ਰੂਪ ਹੈ ਅਰ ਮੈਂ ਤੇਰੀ ਦਰਗਾਹ ਵਿਚ ਤੋਬਾ ਕਰਦਾ ਹਾਂ ਅਰ ( ਤੇਰੇ ਪਰ ) ਭਰੋਸਾ ਕਰਨ ਵਾਲਿਆਂ ਵਿਚੋਂ ਪਹਿਲਾ (ਭਰੋਸਾ ਕਰਨ ਵਾਲਾ ਆਦਮੀ) ਮੈਂ ਹਾਂ ॥ ੧੪੩ ॥ (ਖੁਦਾ ਨੇ) ਕਹਿਆ ਕਿ ਹੇ ਮੂਸਾ ਅਸਾਂ ਤੈਨੂੰ ਆਪਣੀ ਪੈਗੰਬਰੀ ਅਰ ਹਮ-ਕਲਾਮੀ ਨਾਲ (ਅਨਜਾਨਜ) ਲੋਗਾਂ ਨਾਲੋਂ ਵਾਧਾ ਪ੍ਰਦਾਨ ਕੀਤਾ ਤਾਂ ਜੋ ( ਕੁਝ ) ਅਸਾ ਤੈਨੂੰ ਬਖਸ਼ਿਆ ਹੈ ਇਸ ਨੂੰ ਲੈ ਅਰ ਧੰਨਯਵਾਦ ਕਰਦਾ ਰਹੋ ॥ ੧੪੪ ॥ ਅਰ ਅਸਾਂ ਤਖਤੀਆਂ ਪਰ ਮੂਸਾ ਦੇ ਵਾਸਤੇ ਹਰ ਪਰਕਾਰ ਦਾ ਉਪਦੇਸ਼ ਅਰ ਹਰ ਵਸਤੂ ਵਿਸਤਾਰ ਪੂਰਵਕ ਲਿਖ ਦਿਤੀ ਸੀ ਕਿ ਤੂੰ ਇਸ ਨੂੰ ( ਭਲੀ ਤਰਹਾਂ ) ਪੁਖਤਾਈ ਸਾਥ ਗ੍ਰਹਿਣ ਕਰ ਅਰ ਆਪਣੀ ਜਾਤੀ (ਦੇ ਲੋਗਾਂ)ਨੂੰ(ਭੀ) ਆਗਿਆ ਕਰ ਕਿ ਇਸ ਪੁਸਤਕ ਦੀਆਂ ਮਨੋਹਰ ੨ ਬਾਤਾਂ ਨੂੰ ਪੱਲੇ ਬੰਨ੍ਹੀ ਰਖਣ (ਅਰ ਉਨ੍ਹਾਂ ਨੂੰ ਏਹ ਸਮਝਾ ਦੇਹ ਕਿ) ਅਸੀਂ ਸ਼ੀਗਰ ਹੀ ਤੁਹਾਨੂੰ ਆਗਿਆ ਉਲੰਘੀ ਲੋਗਾਂ ਦੇ ਘਰ ਬੀ ਦਿਖਲਾ ਦੇਵਾਂਗੇ ॥ ੧੪੫॥ (ਅਰ) ਜੋ ਲੋਗ ਨਿਰਾਰਥ ( ਅਯੋਗਜ ) ਦੇਸ ਵਿਚ ਆਕੜੇ ( ਪੜੇ ) ਫਿਰਦੇ ਹਨ ਅਸੀਂ ਉਨਹਾਂ ਨੂੰ ਆਪਣੀ ਆਗਿਆ ਤੋਂ ਬੇਮੁਖ ਕਰੀ ਰਖਾਂਗੇ ਅਰ ਯਦੀਚ ਸੰਪੂਰਣ ਮੋਜਜ਼ੇ ਭੀ ਦੇਖ ਲੈਣ ਤਾਂ ਭੀ ਉਨਹਾਂ ਪਰ ਨਿਸਚਾ ਨਾ ਕਰਨ ਅਰ ਯਦੀ ਸੂਧਾ ਰਸਤਾ ਦੇਖ ਲੈਣ ਤਦ ਭੀ ਉਸ ਨੂੰ ( ਆਪਣਾ ) ਮਾਰਗ ਨਾ ਬਨਾਉਣ ਅਰ ਯਦੀ ਗੁਮਰਾਹੀ ਦਾ ਰਸਤਾ ਦੇਖ ਲੈਣ ਤਾਂ ਉਸ ਨੂੰ ( ਆਪਣਾ ) ਮਾਰਗ ਬਨਾ ਲੈਣ ਏਹ ਕੁਟਿਲ ਬੰਦੀ ਓਹਨਾਂ ਵਿਚ ਏਸ ਬਾਤੋਂ ਉਪਪਤ ਹੋਈ ਕਿ ਉਨਹਾਂ ਨੇ ਸਾਡੀਆਂ ਆਇਤਾਂ ਨੂੰ ਅਲੀਕ ਸਮਝਿਆ ਅਰ ਓਹਨਾਂ ਪਾਸੋਂ ਗਾਫਲ ਰਹੇ ॥੧੪੬ ॥ ਅਰ ਜਿਨਹਾਂ ਲੋਗਾਂ ਨੇ ਸਾਡੀਆਂ ਆਇਤਾਂ ਨੂੰ ਅਰ ਅੰਤਿਮ (ਦਿਨ) ਸਮੀਪ ਆਉਣ ਨੂੰ ਅਸ੍ਵੀਕਾਰ ਕੀਤਾ ਓਹਨਾਂ ਦਾ ਕੀਤਾ ਕਤਰਿਆ ਸੰਪੂਰਨ ਅਕਾਰਥ ਏਹ ਸਜਾ ਉਨਹਾਂ ਨੂੰ ਉਨਹਾਂ ਦੇ ਹੀ (ਨਖਿਧ) ਕਰਮਾਂ ਦੀ ਦਿਤੀ ਜਾਵੇਗੀ ਜੋ (ਸੰਸਾਰ ਵਿਚ) ਕਰਦੇ ਸਨ ॥ ੧੪੭ ॥ ਰੁਕੂਹ ੧੭ ॥

ਅਰ ਮੂਸਾ ਦੇ (ਪਰਬਤ ਤੂਰ ਦੇ ਗਿਆ) ਪਿਛੋਂ ਉਸ ਜਾਤੀ (ਦੇ ਲੋਗਾਂ) ਨੇ ਆਪਣੇ ਅਭੂਖਣ ਸੇ ਇਕ ਬੇੜਕਾ ਬਣਾ ਕੇ ਖੜਾ ਕਰ ਦਿਤਾ ਕਿ ਉਹ ਇਕ (ਜੜ) ਸਰੀਰ ਸੀ ਜਿਸ ਦੀ ਬੋਲੀ ਭੀ (ਬੇੜਕਿਆਂ ਵਰਗੀ) ਸੀ ਕਿ (ਮੂਰਖਾਂ ਨੇ) ਏਤਨੀ ਬਾਤ ਭੀ ਨਾ ਦੇਖੀ ਕਿ ਓਹ ਏਹਨਾਂ ਨਾਲ ਗੱਲ ਬਾਤ ਭੀ ਤਾਂ ਨਹੀਂ ਕਰ ਸਕਦਾ ਅਰ ਨਾ ਏਹਨਾਂ ਨੂੰ (ਦੀਨ ਦਾ ਕੋਈ) ਮਾਰਗ ਦਿਖਾ ਸਕਦਾ ਹੈ (ਗਲ ਕਾਦੀ) ਏਹ ਲੋਗ ਬੇੜਕੇ ਨੂੰ (ਪੂਜਾ ਵਾਸਤੇ) ਲੈ ਬੈਠੇ ਅਰ ਓਹ ਪਾਪ ਕਰ ਰਹੇ ਸਨ ॥ ੧੪੮ ॥ ਅਰ ਜਦੋਂ ਉਹਨਾਂ ਦਾ ਕੀਤਾ ਓਹਨਾਂ ਦੇ ਅਗੇ

Digitized by Panjab Digital Library | www.panjabdigilib.org

ਆਇਆ ਅਰ ਓਹਨਾਂ ਨੇ ਆਪਣੇ ਆਪ ਨੂੰ (ਸਚੇ ਮਾਰਗੋਂ) ਕੁਮਾਰਗੀ ਪਾਯਾ ਤਾਂ ਲਗੇ ਕਹਿਣ ਕਿ ਯਦੀ ਸਾਡਾ ਪਰਵਰਦਿਗਾਰ ਸਾਡੇ ਪਰ ਰਹਿਮ ਨਾਂ ਕਰੇਗਾ ਅਰ ਸਾਡੇ ਕਸੂਰ ਮਾਫ ਨ ਕਰੇਗਾ ਤਾਂ ਨਿਰਸੰਦੇਹ ਅਸੀਂ ਘਾਟੇ ਵਿਚ ਆ ਜਾਵਾਂਗੇ ॥ ੧੪੯ ॥ ਅਰ ਜਦੋਂ ਮੂਸਾ ਆਪਣੀ ਜਾਤੀ ਦੀ ਤਰਫ ਕ੍ਰੋਪ ਤਥਾ ਅਫਸੋਸ ਵਿਚ ਭਰਪੂਰ ਹੋਏ ਪਰਤੇ ਤਾਂ ਬੋਲੇ ਕਿ ਮੇਰੇ (ਗਇਆਂ) ਪਿਛੋਂ ਤੁਸਾਂ ਇਹ (ਬਹੁਤ ਹੀ) ਬੁਰੀ ਗਲ ਕੀਤੀ ਕੀ ਤੁਸੀਂ ਆਪਣੇ ਪਰਵਰ-ਦਿਗਾਰ ਦੀ ਆਗਿਆ ਦੇ ਉਡੀਕਵਾਨ ਨਾ ਰਹੇ ਕਿ ਇਹ ਬਲਾਤਕਾਰੀ ਕਰ ਬੈਠੇ ਅਰ ਮੂਸਾ ਨੇ ਕ੍ਰੋਧ ਨਾਲ ਤਖਤੀਆਂ ਨੂੰ ਸਿਟ ਦਿਤਾ ਅਰ ਆਪਣੇ ਭਾਈ (ਹਾਰੂਨ) ਦੇ ਸਿਰ ਨੂੰ ਪਕੜ ਕੇ ਲਗੇ ਆਪਣੀ ਤਰਫ ਖਿਚਣ (ਏਸ ਬਾਤ ਥੀਂ ਹਾਰੂਨ) ਬੋਲਿਆ ਹੇ ਮੇਰੇ ਮਾਂ ਜਾਏ (ਭ੍ਰਾਤਾ) ਲੋਗਾਂ ਨੇ ਮੈਨੂੰ ਨਿਤਾਣਿਆਂ ਸਮ-ਝਿਆ ਅਰ ਮੈਨੂੰ ਮਾਰ ਸਿਟਣ ਤੇ ਤਿਆਰ ਸਨ ਤਾਂ ਵੈਰੀਆਂ ਨੂੰ ਮੇਰੇ ਪਰ ਹਾਸੀ ਦਾ ਅਵਿਕਾਸ਼ ਨ ਦੇਹ ਅਰ ਮੈਨੂੰ (ਭੀ ਇਹਨਾਂ) ਦੁਸ਼ਟ ਪੁਰਖਾਂ ਦੇ ਨਾਲ ਨਾ ਮਿਲਾ ॥ ੧੫੦ ॥ (ਮੂਸਾ ਨੇ) ਕਹਿਆ ਕਿ ਹੇ ਮੇਰੇ ਪਰਵਰਦਿਗਾਰ ਮੇਰੇ ਅਰ ਮੇਰੇ ਸਹੋਦਰ ਦੇ ਅਵਗੁਣ ਬਖਸ਼ ਅਰ ਸਾਨੂੰ (ਦੋਨੋਂ) ਨੂੰ ਆਪਣੀ ਦਇ-ਆਲਤਾ (ਦੀ ਛਾਉਂ ਹੇਠ) ਕਰ ਲੈ ਅਰ ਤੂੰ ਸਾਰਿਆਂ ਦਿਆਲੂਆਂ ਵਿਚੋਂ ਪਰਮ ਦਿਆਲੂ ਹੈਂ ॥ ੧੫੧ ॥ ਰੁਕੂਹ ੧੮ ॥

ਜੋ ਲੋਗ ਵੈੜਕਾ ਲੈ ਬੈਠੇ ਸ਼ਤਾਬ ਹੀ ਓਹਨਾਂ ਪਰ ਉਹਨਾਂ ਦੇ ਪਰਵਰ-ਦਿਗਾਰ ਦਾ ਗਜ਼ਬ ਪ੍ਰਾਪਤਿ ਹੋਵੇਗਾ ਅਰ ਸੰਸਾਰਿਕ ਜੀਵਨ ਵਿਚ ਬਿਪਤੀ ਅਰ ਝੂਠ ਗੋਂਦਨ ਵਾਲਿਆਂ ਨੂੰ ਅਸੀਂ ਇਸੀ ਤਰਹਾਂ ਹੀ ਕਸ਼ਟ ਦੇਂਦੇ ਹੁੰਦੇ ਹਾਂ ॥ ੧੫੨ ॥ ਅਰ ਜਿਨਾਂ ਲੋਗਾਂ ਨੇ ਮੰਦ ਕਰਮ ਕੀਤੇ ਅਰ ਫਿਰ ਓਸ ਦੇ ਪਿਛੋਂ ਤੋਬਾ ਕੀਤੀ ਅਰ ਈਮਾਨ ਲੈ ਆਏ ਤਾਂ ਨਿਰਸੰਦੇਹ ਤੁਹਾਡਾ ਪਰਵਰਦਿਗਾਰ ਤੋਬਾ ਕਰਨ ਥੀਂ ਪਿਛੋਂ ਸੰਭਾਵਤਾ ਬਖਸ਼ਣੇ ਵਾਲਾ ਦਿਆਲੂ ਹੈ ॥ ੧੫੩ ॥ ਅਰ ਜਦੋਂ ਮੂਸੇ ਦੀ ਕ੍ਰੋਧਾਗਨਿ ਪਰ ਸ਼ਾਂਤਿ ਹੋਈ ਤਾਂ ਓਸ ਨੇ ਤਖਤੀਆਂ ਨੂੰ ਚੁਕ ਲੀਤਾ ਅਰ ਤੁਰੇਤ ਦੇ ਨੁਸਖੇ ਵਿਚ ਓਹਨਾਂ ਲੋਗਾਂ ਵਾਸਤੇ ਜੋ ਆਪਣੇ ਪਰਵਰ-ਦਿਗਾਰ ਪਾਸੋਂ ਡਰਦੇ ਹਨ (ਪੂਰੀ) ਸਿਖਿਆ ਅਰ (ਵਧ ਕੇ) ਕ੍ਰਿਪਾਲਤਾ ਹੈ ॥ ੧੫੪ ॥ ਅਰ ਮੂਸਾ ਨੇ ਸਾਡੀ ਪ੍ਰਤੱਗਜਾ (ਪਰ ਲੈ) ਆਉਣ ਵਾਸਤੇ ਆਪਣੀ ਜਾਤੀ ਵਿਚੋਂ ਸੱਤਰ ਆਦਮੀ ਚੁਣੇਂ ਪੁਨਰ ਜਦੋਂ ਉਹਨਾਂ ਨੂੰ ਭੋਂਚਾਲ ਨੇ ਆਨ ਘੇਰਿਆ ਤਾਂ (ਮੂਸਾ ਨੇ) ਬੇਨਤੀ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਯਦੀ ਤੂੰ ਚਾਹੇਂ ਤਾਂ ਮੇਰੇ ਸਾਥ ਹੀ ਏਹਨਾਂ ਲੋਗਾਂ ਨੂੰ ਪਹਿਲੇ ਹੀ ਮਾਰ ਸਿਟਦੋਂ ਕੀ ਤੂੰ ਸਾਡੇ ਕੁਝਕੁ ਮੂਰਖਾਂ ਦੇ ਕਰਮਾਂ ਥੀਂ ਹੁਣ ਸਾਨੂੰ ਮਾਰਦਾ ਹੈਂ ? ਏਹ ਸਾਰੇ ਤੇਰੇ ਹੀ ਚਮਤਕਾਰੇ ਹਨ ਏਹਨਾਂ (ਚਮਤਕਾਰਾਂ) ਸਾਥ ਤੂੰ ਜਿਸ ਨੂੰ

Digitized by Panjab Digital Library | www.panjabdigilib.org

ਚਾਹੇਂ ਗੁਮਰਾਹ ਕਰੇਂ ਅਰ ਜਿਸ ਨੂੰ ਚਾਹੇਂ ਸਿਖਿਆ ਦੇਵੇਂ ਤੂੰ ਹੀ ਸਾਡਾ ਕਰਨ ਕਾਰਨ ਹੈਂ ਤੂੰ ਸਾਡੇ ਅਵਗਨ ਬਖਸ਼ ਅਰ ਸਾਡੇ ਪਰ ਰਹਿਮ ਕਰ ਅਰ ਤੂੰ ਸਾਰਿਆਂ ਬਖਸ਼ਣੇ ਵਾਲਿਆਂ ਵਿਚੋਂ ਉੱਤਮ( ਬਖਸ਼ਣੇ ਵਾਲਾ) ਹੈਂ ॥੧੫੫॥ਅਰ ਇਸ ਜਹਾਨ ਅਰ ਅੰਤ (ਆਖਰਤ) ਦੀ ਉੱਤਮਤਾਈ ਸਾਡੇ ਨਾਮ ਪਰ ਲਿਖਦੇ ਅਸੀਂ ਤੇਰੀ ਹੀ ਤਰਫ ਰੁਜੂ ਹੋਏ ( ਮੁੜਕੇ ਆਇ ) ( ਖੁਦਾ ਨੇ ) ਕ਼ਹਿਆ ਕਿ ਸਾਡਾ ਜੋ ਕਸ਼ਟ ਹੈ ਓਸ ਨੂੰ ਅਸੀਂ ਜਿਸ ਪਰ ਚਾਹੁੰਦੇ ਹਾਂ ਪ੍ਰਾਪਤ ਕਰ ਦੇਂਦੇ ਹਾਂ ਅਰ ਸਾਡੀ ਜੋ ਰਹਿਮਤ ਹੈ ਓਹ ਸਾਰੀਆਂ ਵਸਤਾਂ ਨੂੰ ਘੇਰਨ ਵਾਲੀ ਹੈ ਤਾਂ ਅਸੀਂ ਓਸ ਨੂੰ ( ਖਾਸ ਕਰਕੇ ) ਓਹਨਾਂ ਲੋਗਾਂ ਦੇ ਨਾਮ ਲਿਖ ਲਵਾਂਗੇ ਜੋ ਪਰਹੇਜਗਾਰੀ ਅਖਤਿਆਰ ਕਰਨਗੇ ਅਰ ਜ਼ਕਾਤ ਦੇਣਗੇ ਅਰ ਜੋ ਸਾਡੀਆਂ ਆਇਤਾਂ ਪਰ ਨਿਸਚਾ ਲੈ ਆਉਣਗੇ ॥ ੧੫੬ ॥ ਜੋ (ਸਾਡੇ ਇਸ) ਰਸੂਲ ਨਬੀ ਓਮੀ (ਮਹੰਮਦ) ਦੀ ਆਗਿਆ ਪਾਲਦੇ ਹਨ ਜਿਨਹਾਂ ਦੀ (ਖੁਸ਼ਖਬਰੀ) ਨੂੰ ਆਪਣੇ ਪਾਸ ਤੌਰਾਤ ਅਰ ਅੰਜੀਲ ਵਿਚ ਲਿਖਿਆ ਹੋਇਆ ਦੇਖਦੇ ਹਨ ਓਹ ਓਹਨਾਂ ਨੂੰ ਸ਼ੁਭ ਕਰਮ (ਕਰਨ) ਨੂੰ ਕਹਿੰਦੇ ਅਰ ਅਸ਼ੁਭ ਕਰਮਾਂ ਤੋਂ ਓਹਨਾਂ ਨੂੰ ਮਨਾਂ ਕਰਦੇ ਹਨ ਅਰ ਸੁਥਰੀ ਵਸਤੂਆਂ ਨੂੰ ਉਹਨਾਂ ਵਾਸਤੇ ਹਲਾਲ ਠਹਿਰਾਉਂਦਾ ਹੈ ਅਰ ਬੁਰੀ ਵਸਤੂ ਓਹਨਾਂ ਉਤੇ ਹਰਾਮ ਕਰਦੇ ਹਨ ਅਰ ਓਹਨਾਂ ਥੀਂ ਉਤੇ ਉਹਨਾਂ ਦੇ ਬੋਝ ਅਰ ਜੰਜਾਲ ਏਹਨਾਂ ਉਤੋਂ ਦੂਰ ਕਰਦੇ ਹਨ ਜੋ ਉਹਨਾਂ ਉਤੇ ਪਏ ਹੋਏ ਸਨ ਤਾਂ ਲੋਗ ਇਹਨਾਂ ਤੇ ਈਮਾਨ ਲੈ ਆਏ ਅਰ ਏਹਨਾਂ ਦੀ ਪਏ ਹੋਏ ਸਨ ਤਾਂ ਜੋ ਲੋਗ ਇਹਨਾਂ ਤੇ ਈਮਾਨ ਲੈ ਆਏ ਅਰ ਏਹਨਾਂ ਦੀ ਹਿਮਾਇਤ ਕੀਤੀ ਅਰ ਇਹਨਾਂ ਨੂੰ ਮਦਦ ਦਿਤੀ ਅਰ ਜੋ ਸਿਖਿਆ ਰੂਪੀ ਨੂਰ (ਅਰਥਾਤ ਕੁਰਾਨ) ਇਹਨਾਂ ਦੀ ਤਰਫ ਭੇਜਿਆ ਗਇਆ ਹੈ ਓਸ ਦੇ ਪਿਛੇ ਲਗ ਪੜੇ ਇਹੋ ਲੋਗ ਸਫਲਤਾ ਪਾਨੇ ਵਾਲੇ ਹਨ ॥ ੧੫੭ ॥ ਰੁਕੂਹ ੧੯ ॥

(ਤੁਸੀਂ) ਕਹੁ ਕਿ ਲੋਗੋ ! ਮੈਂ ਤੁਸਾਂ ਸਾਰਿਆਂ ਦੀ ਤਰਫ (ਓਸ) ਖੁਦਾ ਦਾ ਭੇਜਿਆ ਹੋਇਆ (ਆਇਆ) ਹਾਂ ਕਿ ਆਕਾਸ਼ ਧਰਤਵਿਚ (ਸਾਰੇ ਹੀ)ਓਸ ਦਾ ਰਾਜ ਹੈ ਓਸ ਤੋਂ ਸਿਵਾ ਕੋਈ ਪੂਜ ਨਹੀਂ (ਵਹੀ) ਉਤਪਤਿ ਕਰਦਾ ਅਰ ਵਹੀ ਖੈ ਕਰਦਾ ਹੈ ਤਾਂ (ਲੋਗੋ !) ਅੱਲਾ ਪਰ ਈਮਾਨ ਲੈ ਆਓ ਅਰ ਓਸਦੇ ਰਸੂਲ ਨਬੀ ਓਮੀ ਪਰ(ਭੀ) ਕਿ (ਓਹ ਆਪ ਵੀ)ਅਲਾ ਅਰ ਓਸਦੀਆਂ ਕਿਤਾਬਾਂ ਪਰ ਭਰੋਸਾ ਰਖਦੇ ਹੈਂ ਅਰ ਓਸੇ ਦੀ ਹੀ ਆਗਿਆ ਪਾਲਨ ਕਰੋ ਤਾਂ ਕਿ ਤੁਸੀਂ ਸੁਮਾਰਗ ਪਰ ਆ ਜਾਓ ॥ ੧੫੮ ॥ ਅਰ ਮੂਸਾ ਦੀ ਜ਼ਾਤੀ ਵਿਚ ਕਈਕੁ ਲੋਗ ( ਐਸੇ ਭੀ ) ਹਨ ਜੋ ਯਥਾਰਥ ਵਾਰਤਾ ਦੀ ਸਿਖਿਆ ਅਰ ਯਥਾਰਥ ਦੇ ਹੀ ਅਨੁਸਾਰ ( ਲੋਗਾਂ ਦੇ ਵਿਹਾਰਾਂ ਵਿਚ )

Digitized by Panjab Digital Library | www.panjabdigilib.org

ਨਿਆਓਂ ( ਭੀ ) ਕਰਦੇ ਹਨ ॥ ੧੫੮ ॥ ਅਰ ਅਸਾਂ ਬਨੀ ਇਸਰਾਈਲ ਨੂੰ ਦਵਾਦਸ਼ ਵਿਭਾਗਾਂ ਵਿਚ ਵੰਡਿਆ (ਜੋ ਵਡੇ ੨ ਜਥੇ ਸਨ) ਅਰ ਜਦੋਂ ਮੂਸਾ ਪਾਸੋਂ ਓਸਦੀ ਜਾਤੀ (ਦੇ ਲੋਗਾਂ) ਨੇ (ਪੀਣ ਵਾਸਤੇ) ਪਾਣੀ ਮੰਗਿਆ ਤਾਂ ਅਸਾਂ ਮੂਸਾ ਦੀ ਤਰਫ ਵਹੀ ਕੀਤੀ ਕਿ ਆਪਣਾ ਸੋਟਾ ਏਸ ਪੱਥਰ ਤੇ ਮਾਰੋ ਸੋਟੇ ਦਾ ਮਾਰਨਾ ਸੀ ਕੇ ਪੱਥਰ ਵਿਚੋਂ ਦ੍ਵਾਦਸ਼ ਚਸ਼ਮੇ ਫੁਟ ਨਿਕਲੇ (ਅਰ) ਹਰ ਇਕ ਕਬੀਲੇ ਨੇ ਆਪੋ ਆਪਣਾ ਘਾਟ ਮਾਲੂਮ ਕਰ ਲੀਤਾ ਅਰ ਅਸਾਂ ਨੇ ਬਨੀ ਇਸਰਾਈਲ ਪਰ ਮੇਘਾਂ ਦੀ ਛਾਇਆ ਕੀਤੀ ਅਰ ਓਹਨਾਂ ਪਰ 'ਮਨ' ਤਥਾ 'ਸਲਵਾ' ਉਤਾਰਿਆ (ਅਰ ਆਗਿਆ ਦਿਤੀ) ਕਿ ਇਹ ਸੂਛ ਭੋਜਨ ਜੋ ਅਸਾਂ ਤੁਹਾਨੂੰ ਬਖਸ਼ਿਆ ਹੈ ਛਕੋ ਅਰ ਓਹਨਾਂ ਨੇ ਸਾਡਾ ਕੋਈ ਨੁਕਸਾਨ ਨਹੀਂ ਕੀਤਾ ਕਿੰਤੂ ਆਪਣਾ ਹੀ ਨੁਕਸਾਨ ਕਰਦੇ ਸਨ ॥ ੧੬੦ ॥ ਅਰ ਜਦੋਂ ਇਨਹਾਂ (ਬਨੀ ਇਸਰਾਈਲ) ਨੂੰ ਆਗਿਆ ਦਿਤੀ ਗਈ ਕਿ ਇਸ ਨਗਰੀ ਵਿਚ ਚਲਕੇ ਵਸੋ ਰਸੋ ਅਰ ਇਸ ਦੀ ( ਪੈਦਾ ਵਾਰ ) ਵਿਚੋਂ ਜਿਥੋਂ ਤੁਹਾਡਾ ਦਿਲ ਚਾਹੇ ਛਕੋ ਛਕਾਓ ਅਰ ਮੂੰਹੋਂ ਹਿਤਾਤਨ ਕਹੋ ਅਰ ਦਰਵਾਜੇ ਵਿਚ ਮਥਾ ਟੇਕ ਕੇ ਪ੍ਰਵੇਸ਼ ਕਰਨਾ ( ਯਦੀ ਇਸ ਤਰਹਾਂ ਕਰੋਗੇ ) ਤਾਂ ਅਸੀਂ ਤੁਹਾਡੇ ਕਸੂਰ ਬਖਸ਼ ਦੇਵਾਂਗੇ (ਅਰ) ਜੋ ਲੋਗ ਸ਼ੁਧ ਹਿਰਦੇ ਨਾਲ ਸਾਡੀ ਆਗਿਆ ਨੂੰ ਪਾਲਨਗੇ ਅਸੀਂ ਉਹਨਾਂ ਨੂੰ (ਆਪਣੀ ਤਰਫੋਂ ਕੁਛ) ਅਧਿਕ ਭੀ ਦੇਵਾਂਗੇ ॥ ੧੬੧ ॥ ਤਾਂ ਜੋ ਲੋਗ ਉਹਨਾਂ ਵਿਚੋਂ ਦੁਸ਼ਟ ਸਨ ਓਹ ਪ੍ਰਾਰਥਨਾ ਜੋ ਓਹਨਾਂ ਨੂੰ ਸਿਖਲਾਈ ਗਈ ਸੀ ਬਦਲ ਕਰ ਕੁਝ ਹੋਰ ਕਹਿਨੇ ਲਗੇ ਤਾਂ ਅਸਾਂ ਓਹਨਾਂ ਦੀਆਂ ਕੁਟਲਤਾਈਆਂ ਦੇ ਬਦਲੇ ਵਿਚ ਆਗਾਸ ਤੋਂ ਓਹਨਾਂ ਪਰ ਕਸ਼ਟ ਪ੍ਰਾਪਤਿ ਕੀਤਾ ॥ ੧੬੨ ॥ ਰੁਕੂਹ ੨੦ ॥

ਅਰ ਯਹੂਦ ਪਾਸੋਂ ਓਸ ਨਗਰ ਦਾ ਬ੍ਰਿਤਾਂਤ ਤਾਂ ਪੁਛੋ ਜੋ ਦਰਿਆ ਦੇ ਕਿਨਾਰੇ ਇਸਥਿਤ ਸੀ ਜਦੋਂ (ਏਹਨਾਂ ਦੇ ਵਡੇ) ਲਗੇ ਸਬਤ (ਅਰਥਾਤ ਛਨੀਛਰ) ਨੂੰ ਵਧੀਕੀਆਂ ਕਰਨ ਕਿ ਜਦੋਂ ਓਹਨਾਂ ਦੇ ਸਬਤ ਦਾ ਦਿਨ ਹੁੰਦਾ ਤਾਂ ਮਛੀਆਂ ਪਾਣੀ ਪਰ ਓਹਨਾਂ ਦੇ ਸਨਮੁਖ ਆਕਰ ਤਰਦੀਆਂ ਸਨ ਅਰ ਜਦੋਂ ਓਹਨਾਂ ਦੇ ਸਬਤ ਦਾ ਦਿਨ ਨਾ ਹੁੰਦਾ ਤਾਂ ਮਛਲੀਆਂ ਓਹਨਾਂ ਦੇ ਪਾਸ ਭੀ ਨ ਆਕੇ ਫਟਕਦੀਆਂ ਇਸ ਤਰਹਾਂ ਅਸੀਂ ਉਹਨਾਂ (ਲੋਗਾਂ) ਦੀ ਪ੍ਰੀਖਿਆ ਕੀਤੀ ਇਸ ਵਾਸਤੇ ਕਿ ਉਹ ਲੋਗ ਫਾਸਕ (ਅਰਥਾਤ) ਆਗਿਆ ਭੰਗੀ ਸਨ ॥ ੧੬੩ ॥ ਅਰ ਜਦੋਂ ਏਹਨਾਂ ਵਿਚੋਂ ਕਈਆਂ ਕ ਲੋਗਾਂ ਨੇ ਕਿਹਾ ਕਿ ਤੁਸੀਂ ਕਿਉਂ (ਐਸੇ ਲੋਗਾਂ ਨੂੰ) ਸਿਖਿਆ ਦੇਂਦੇ ਹੋ ਕਿ ਜਿਨਹਾਂ ਲੋਗਾਂ ਨੂੰ ਖੁਦਾ ਨਸ਼ਟ ਕਰਨਾ ਅਥਵਾ ਭਿਆਨਕ ਕਸ਼ਟ ਵਿਚ ਆਵੇਢਿਤ ਕਰਨਾ ਚਾਹਿੰਦਾ ਹੈ ਓਹਨਾਂ ਨੇ ਉੱਤਰ ਦਿਤਾ ਕਿ ( ਅਸੀਂ ਤਾਂ ) ਤੁਹਾਡੇ ਪਰਵਰਦਿਗਾਰ ਦੇ ਦਰ-

Digitized by Panjab Digital Library | www.panjabdigilib.org

ਬਾਰ ਵਿਚ (ਆਪਣੇ ਉਪਰੋਂ) ਹਟਰ ਹਟਾਣ ਦੀ ਇਛਾ ਕਰਕੇ (ਸਿਖਿਆ ਦੇਂਦੇ ਹਾਂ) ਅਰ ਕਿ ਸ਼ਾਇਦ ਇਹ ਲੋਗ ਬਾਜ਼ ਆ ਜਾਣ ॥੧੬੪॥ ਤਾਂ ਜਦੋਂ (ਇਹਨਾਂ ਆਗਿਆ ਭੰਗੀ ਲੋਗਾਂ ਨੇ) ਉਹ ਸਿਖਿਆ ਜੋ ਇਹਨਾਂ ਨੂੰ ਦਿਤੀਆਂ ਗਈਆਂ ਸਨ ਵਿਸਮਰਣ ਕਰ ਦਿਤੀਆਂ ਤਾਂ ਅਸਾਂ ਖੋਟੇ ਕਰਮਾਂ ਥੀਂ ਮਨਾਂ ਕਰਨ ਵਾਲਿਆਂ ਨੂੰ ਤਾਂ ਬਚਾ ਲੀਤਾ ਅਰ ਜ਼ਾਲਮਾਂ ਨੂੰ ਭਿਆਨਕ ਦੁਖ ਵਿਚ ਘੇਰ ਲੀਤਾ ਇਸ ਵਾਸਤੇ ਕਿ ਉਹ ਬੇ ਫਰਮਾਨ ਸਨ ॥ ੧੬੫ ॥ ਪੁਨਰ ਜਦੋਂ ਮਨਾ ਕੀਤੇ ਹੋਇਆਂ ਕੰਮਾਂ ਥੀਂ ਸੀਮਾਂ ਉਲੰਘ ਗਏ ਤਾਂ ਅਸਾਂ ਉਨਹਾਂ ਨੂੰ ਹੁਕਮ ਦਿਤਾ ਕਿ ਫਟਕਾਰੇ ਹੋਏ ਬਾਂਦਰ ਬਨ ਜਾਓ ॥ ੧੬੬ ॥ ਅਰ (ਸਮਰਣ ਕਰੋ) ਜਦੋਂ ਤੁਹਾਡੇ ਪਰਵਰਦਿਗਾਰ ਨੇ (ਬਨੀ ਇਸਰਾਈਲ ਨੂੰ ) ਜਿਤਾ ਦਿਤਾ ਸੀ ਉਹ ਜਰੂਰ ਉਨਹਾਂ ਪਰ ਪ੍ਰਲੇ ਦੇ ਦਿਨ ਤਕ ਐਸੇ ਹਾਕਮ ਮੁਕਰਰ ਰਖੇਗਾ ਜੋ ਉਨਹਾਂ ਨੂੰ ਕਰੜੇ (੨) ਦੁਖ ਦੇਂਦੇ ਰਹਿਣਗੇ ਨਿਰਸੰਦੇਹ ਤੁਹਾਡਾ ਪਰਵਰਦਿਗਾਰ ਪ੍ਰਤਯੁਤ ਸਜਾ ਭੀ ਅਤੀਵ ਸ਼ੀਘ੍ਰ ਦੇਂਦਾ ਹੈ ਅਰ ਨਿਰਸੰਦੇਹ ਓਹ ਬਖਸ਼ਣੇ ਵਾਲਾ ਮੇਹਰਬਾਨ ਭੀ ਹੈ ॥੧੬੭॥ ਅਰ ਅਸਾਂ ਨੇ ਬਨੀ ਅਸਰਾਈਲ ਨੂੰ ਯੂਥ ਯੂਥ ਕਰਕੇ ਦੇਸ (ਦੀਆਂ ਦਿਸਾਓਂ) ਵਿਚ ਖਿਲਾਰ ਦਿਤਾ (ਸੋ)ਉਹਨਾਂ ਵਿਚੋਂ ਕਈਕੁ ਤਾਂ ਭਲੇ ਲੋਗ ਸਨ ਅਰ ਕਈਕੁ ਭਲੇ ਨਹੀਂ ਸਨ ਅਰ ਅਸਾਂ ਨੇ ਉਹਨਾਂ ਦੀ ਸੁਖ ਤਥਾ ਦੁਖ (ਦੋਨੋਂ ਤਰਹਾਂ) ਕਰਕੇ ਪ੍ਰੀਖਯਾ ਲੀਤੀ ਤਾਂ ਕਿ ਇਹ ( ਸਾਡੀ ਤਰਫ ) ਮੁੜ ਔਣ ॥੧੬੮ ॥ ਪੁਨਰ ਓਹਨਾਂ ਦੇ ਪਿਛੋਂ ਐਸੇ ਨਾਖਲਫ (ਕਪੂਤ ਉਨਹਾਂ) ਦੇ ਅਸਥਾਨਧਾਰੀ ਹੋਏ ਕਿ ਪੁਸਤਕ ਦੇ ਮਾਲਕ ( ਤਾਂ ) ਬਨੇ ( ਪਰੰਤੂ ) ਇਸ ਕਮੀਨੀ ਦੁਨੀਆਂ ਦੀ ਕੋਈ ਵਸਤੂ ਮਿਲੇ ਤਾਂ ਲੈ ਲੈਂਦੇ ਅਰ ਆਖਦੇ ਹਨ ਕਿ ਇਹ ਅਵਗੁਣ ਤਾਂ ਸਾਡਾ ਮਾਫ ਹੋ ਜਾਵੇਗਾ ਅਰ ਯਦੀ ਅਮੁਨਾ ਪ੍ਰਕਾਰਿਣ ਕੋਈ ਸਾਂਸਾਰਿਕ ਪਦਾਰਥ (ਪੁਨਰ) ਇਨਹਾਂ ਦੇ ਸਨਮੁਖ ਆ ਜਾਵੇ ਤਾਂ ਉਸਨੂੰ (ਭੀ) ਲੈਕੇ ਹੀ ਰਹਿਣ ਕੀ ਏਹਨਾਂ ਲੋਗਾਂ ਨਾਲ ਉਹ ਪ੍ਰਤਗਿਆ ਜੋ ਕਿਤਾਬ (ਤੌਰਾਤ) ਵਿਚ ਲਿਖੀ ਹੋਈ ਹੈ ਲੀਤੀ ਨਹੀਂ ਗਈ ਸੀ ਕਿ ਸਚੀ ਬਾਤ ਤੋਂ ਸਿਵਾ ਦੂਸਰੀ ਬਾਰਤਾ ਖੁਦਾ ਦੀ ਤਰਫ ਮਨਸੂਬ ਨਹੀਂ ਕਰਾਂਗੇ ਅਰ ਜੋ ਕੁਛ ਉਸ (ਕਿਤਾਬ) ਵਿਚ ਹੈ ਉਹਨਾਂ ਨੇ ਉਸ ਨੂੰ ਪੜ੍ਹ ਲੀਤਾ ਅਰ ਜੋ ਲੋਗ ਸੰਜਮੀ ਹਨ ਅੰਤ ਦਾ ਘਰ੍ਹ ਉਹਨਾਂ ਦੇ ਭਾਗਾਂ ਵਿਚ (ਇਸ ਸਾਂਸਾਰਿਕ ਪਦਾਰਥਾਂ ਨਾਲੋਂ) ਕਈ ਗੁਣਾਂ ਉੱਤਮ ਹੈ ਕੀ ਤੁਸੀ (ਇਤਨੀ ਬਾਤ ਭੀ) ਨਹੀਂ ਸਮਝਦੇ ॥ ੧੬੯ ॥ ਅਰ ਜੋ ਲੋਗ ਕਿਤਾਬ ਨੂੰ ਕਰੜਾਈ ਨਾਲ ਪਕੜੀ ਬੈਠੇ ਹਨ ਅਰ ਨਮਾਜ਼ ਪੜ੍ਹਦੇ ਹਨ ਤਾਂ ਅਸੀਂ ਐਸਿਆਂ ਸੁਕਰਮੀਆਂ ਦੇ ਫਲ ਨੂੰ ਵਿਅਰਥ ਨਹੀਂ ਹੋਣ ਦੇਵਾਂਗੇ ॥ ੧੭੦ ॥ ਅਰ ਜਦੋਂ ਅਸਾਂ ਇਹਨਾਂ (ਦੇ

Digitized by Panjab Digital Library | www.panjabdigilib.org

ਵਡਿਆਂ) ਤੇ ਪਰਬਤ ਨੂੰ ਇਸ ਭਾਂਤ ਲਿਆ ਇਸਥਿਤ ਕੀਤਾ ਕਿ ਮਾਨੋ ਉਹ ਸਾਇਬਾਨ ਸੀ ਅਰ ਸਮਝ ਗਏ ਕਿ ਇਹ (ਪਰਬਤ) ਉਨਹਾਂ ਪਰ ਹੁਣੇ ਹੀ ਡਿਗਾ (ਕਿ ਡਿਗਾ ਅਰ ਅਸਾਂ ਆਗਿਆ ਦਿਤੀ ਕਿ ਇਹ ਕਿਤਾਬ ਤੌਰੇਤ) ਜੋ ਅਸਾਂ ਤੁਹਾਨੂੰ ਪ੍ਰਦਾਨ ਕੀਤੀ ਹੈ (ਇਸਨੂੰ) ਭਲੀ ਤਰਹਾਂ ਪਕੜੀ ਰਖਣਾ ਅਰ ਜੋ ਕੁਛ ਇਸ ਵਿਚ (ਲਿਖਿਆ) ਹੋਇਆ ਹੈ ਉਸਨੂੰ ਯਾਦ ਰਖਣਾ ਕਿ ਸ਼ਾਇਦ ਤੁਸੀਂ ਸੰਜਮੀ ਬਣ ਜਾਓ ॥ ੧੭੧ ॥ ਰੁਕੂਹ ੨੧ ॥

ਅਰ ਜਦੋਂ ਤੁਹਾਡੇ ਪਰਵਰਦਿਗਾਰ ਨੇ ਬਨੀ ਆਦਮ ਪਾਸੋਂ ਅਰਥਾਤ ਉਨਹਾਂ ਦੀਆਂ ਪਿਠਾਂ ਵਿਚੋਂ ਉਨਹਾਂ ਦੀਆਂ ਨਸਲਾਂ ਨੂੰ ਉਤਪਤ ਕੀਤਾ ਅਰ ਉਨਹਾਂ ਦੀ ਜਾਨਾਂ ਉਪਰ (ਖੁਦ) ਉਹਨਾਂ ਨੂੰ ਹੀ ਗਵਾਹ ਬਣਾਇਆ ਕੀ ਮੈਂ ਤੁਹਾਡਾ ਪਰਵਰਦਿਗਾਰ ਨਹੀਂ ਹਾਂ ? ਸਾਰੇ ਹੀ ਬੋਲੇ ਹਾਂ ਹੈਂ ਅਸੀਂ (ਏਸ ਬਾਤ ਦੇ) ਗਵਾਹ ਹਾਂ (ਅਰ ਇਹ ਇਸ ਭਾਵ ਪਰ ਕਿ ਐਸਾ ਨ੍ਹਾ ਹੋਵੇ) ਕਿਤੇ ਤੁਸੀਂ ਪ੍ਰਲੇ ਦੇ ਦਿਨ ਕਹਿਣ ਲਗੋ ਕਿ ਅਸੀਂ ਤਾਂ ਏਸ ਬਾਤ ਥੀਂ ਅਗਿਆਤ ਹੀ ਰਹੇ ॥ ੧੭੨ ॥ ਅਥਵਾ ਕਹਿਣ ਲਗੇ ਕਿ ਸ਼ਿਰਕ ਆਦ ਵਿਚ ਤਾਂ ਸਾਡਿਆਂ ਵਡਿਆਂ ਨੇ ਹੀ ਕੀਤਾ ਅਰ ਅਸੀਂ ਉਨਹਾਂ ਦੀ ਹੀ ਉਲਾਦ ਸੇ (ਕਿ) ਉਹਨਾਂ ਦੇ ਪਿਛੋਂ (ਜਗਤ ਵਿਚ ਆਏ) ਕੀ ਤੂੰ ਸਾਨੂੰ ਉਹਨਾਂ ਲੋਗਾਂ ਦੀ ਅਵਗਿਆ ਦੇ ਕਾਰਨ ਮਾਰਦਾ ਹੈਂ ਜਿਨਾਂ ਨੇ(ਪਹਿਲਾਂ)ਭੁਲ ਕਤੀ॥੧੭੩॥ ਅਰ ਇਸ ਪ੍ਰਕਾਰੇਣ (ਅਸੀਂ) ਆਪਣੀਆਂ ਆਇਤਾਂ ਨੂੰ ਵਿਸਤਾਰ ਪੂਰਵਕ ਵਰਣਨ ਕਰਦੇ ਹਾਂ ਤਾਂ ਕਿ ਇਹ ਲੋਗ (ਸਾਡੀ ਤਰਫ) ਫਿਰ ਔਣ ॥ ੧੭੪ ॥ ਅਰ (ਤੁਸੀਂ) ਏਹਨਾਂ ਲੋਗਾਂ ਨੂੰ ਉਸ ਆਦਮੀ ਦਾ ਹਾਲ ਪੜ੍ਹਕੇ ਸੁਣਾਓ ਜਿਸ ਨੂੰ ਅਸਾਂ ਆਪਣੀਆਂ ਸ਼ਕਤੀਆਂ ਦਿਤੀਆਂ ਸਨ ਪੁਨਃ ਉਸ ਨੇ ਉਹ ਕੁੰਜ ਉਤਾਰ ਦਿਤੀ ਤਾਂ ਸ਼ੈਤਾਨ ਉਸਦੇ ਪਿਛੇ ਪੜ ਗਿਆ ( ਅਰ ਉਸਨੂੰ ਭਟਕਾਇਆ ) ਤਾਂ ਉਹ ਕੁਪੰਥੀਆਂ ਵਿਚ ਜਾ ਮਿਲਿਆ ॥੧੭੫॥ਅਰ ਯਦੀ ਅਸੀਂਚਾਹੁੰਦੇ ਤਾਂ ਉਹਨਾਂ (ਹੀ ਸਿਧੀਆਂ) ਦੇ ਬਲ ਨਾਲ ਉਸ ਦਾ ਬੜਾ ਪ੍ਰਤਾਪ ਕਰਦੇ ਪਰੰਚ ਉਸਨੇ ਹੇਠਾਂ ਹੀ ਡਿਗਣਾਂ ਚਾਹਿਆ ਅਰ ਆਪਣੀ ਮਾਨਸਿਕ ਸੰਕਲਪਾਂ ਪਿਛੇ ਲਗ ਪਇਆ ਤਾਂ ਉਸ ਦੀ ਬਾਤ (ਦ੍ਰਿਸ਼ਟਾਂਤ)ਕੁਤੇ ਦੀ ਬਾਂਤ ਦੇ ਸਮਾਨ ਹੋ ਗਈ ਕਿ ਯਦੀਚ ਕੁਤੇ ਪਰ ਬੋਝ ਲਾਦੋਂ ਤਾਂ ਉਹ ਹ੍ਹਾਂਪਦਾ ਹੈ ਅਰ ਯਦੀ ਉਸ ਨੂੰ (ਉਸ ਦੇ ਹਾਲ ਪਰ) ਛਡੀ ਰਖੀਏ ਤਾਂ ਭੀ ਜ਼ਬਾਨ ਬਾਹਰ ਕਢੀ ਰਖੇਗਾ ਤਾਂ ਏਹੋ ਈ ਦ੍ਰਿਸ਼ਟਾਂਤ ਉਨ੍ਹਾਂ ਲੋਗਾਂ ਦਾ ਹੈ ਜਿਨ੍ਹਾਂ ਨੇ ਸਾਡੀਆਂ ਆਇਤਾਂ ਨੂੰ ਅਲੀਕ ਕੀਤਾ ਤਾਂ (ਤੁਸੀਂ) ਇਹ ਕਥਾ ( ਏਹਨਾਂ ਲੋਗਾਂ ਅਗੇ ) ਵਰਣਨ ਕਰੋ ਤਾਂ ਕਿ ਇਹ ਲੋਗ ਵਿਚਾਰ ਕਰਨ ॥ ੧੭੬ ॥ ਜਿਨਹਾਂ ਲੋਗਾਂ ਨੇ ਸਾਡੀਆਂ ਆਇਤਾਂ ਨੂੰ ਮਿਥਿਆ ਠਹਿਰਾਇਆ ਉਨਹਾਂ ਦੀ ( ਭੀ ਕੈਸੀ ਹੀ ) ਮਲਨੀ

Digitized by Panjab Digital Library | www.panjabdigilib.org

ਦਸ਼ਾ ਹੈ ਅਰ ਉਹ ਕੁਛ ਆਪਣਾ ਹੀ ਬਿਗਾੜ ਰਹੇ ਹਨ ॥ ੧੭੭ ॥ ਸੂਧੇ ਮਾਰਗ ਪਰ ਤਾਂ ਵਹੀ ਹਨ ਜਿਨਹਾਂ ਨੂੰ ਖੁਦਾ ਸਿਖਿਆ ਦੇਵੇ ਅਰ ਜਿਨਹਾਂ ਨੂੰ ਉਹ ਕੁਮਾਰਗੀ ਕਰ ਦੇਵੇ ਤਾਂ ਵਹੀ ਲੋਗ ਹਾਨੀ ਵਿਚ ਹਨ ॥ ੧੭੮ ॥ ਅਰ ਅਸਾਂ ਬਹੁਤ ਭੂਤ, (ਜਿੰਨ) ਅਰ ਇਨਸਾਨ ਨਰਕਾਂ ਵਾਸਤੇ ਹੀ ਉਤਪਤ ਕੀਤੇ ਹਨ ਉਨਹਾਂ ਦੇ ਦਿਲ ਤਾਂ ਹਨ (ਪਰੰਚ )ਉਨਹਾਂ ਪਾਸੋਂ ਬਿਚਾਰਦਾ ਕੰਮ ਨਹੀਂ ਲੈਂਦੇ ਅਰ ਉਨਹਾਂ ਦੇ ਨੇਤ੍ਰ ਭੀ ਹਨ ( ਪਰੰਤੂ ) ਉਨਹਾਂ ਪਾਸੋਂ ਦੇਖਣ ਦਾ ਕੰਮ ਨਹੀਂ ਲੈਂਦੇ (ਅਤਏਵ) ਉਹਨਾਂ ਦੇ ਕੰਨ ਭੀ ਹਨ (ਪਰੰਤੂ) ਉਨਹਾਂ ਪਾਸੋਂ ਸ੍ਰੋਤ ਦਾ ਕੰਮ ਨਹੀਂ ਲੈਂਦੇ (ਭਾਵ) ਏਹ ਲੋਗ ਪਸ਼ੂਆਂ ਦੀ ਭਾਂਤ ਹਨ ਪ੍ਰਤਯੁਤ ਉਹਨਾਂ ਨਾਲੋਂ ਭੀ ਗਏ ਗਵਾਤੇ ਹੋਏ ਇਹੋ ਹੀ (ਲੋਗ) ਹਨ ਜੋ (ਦੀਨ ਥੀਂ ਅਤੀਵ) ਅਗਿਆਤ ਹਨ ॥ ੧੭੯ ॥ ਅਰ ਅੱਲਾ ਦੇ (ਸਾਰੇ ਹੀ) ਨਾਮ ਭਲੇ ਹਨ ਤਾਂ ਉਸ ਦੇ ਨਾਮ ਉਚਾਰਣ ਕਰਕੇ ਉਸ ਨੂੰ (ਜਿਸ ਨਾਮ ਨਾਲ ਚਾਹੋ) ਉਚਾਰਣ ਕਰੋ ਅਰ ਜੋ ਲੋਗ ਉਸ ਦੇ ਨਾਮਾਂ ਵਿਚ ਕੁਫਰ ਕਰਦੇ ਹਨ ਉਨਹਾਂ ਨੂੰ (ਉਨਹਾਂ ਦੇ ਹੀ ਹਾਲ ਪਰ) ਛੋਡ ਦਿਓ ਕੋਈ ਦਿਨ ਆ ਜਾਵੇਗਾ ਕਿ ਉਹ ਆਪਣੇ ਕੀਤੇ ਦਾ ਫਲ ਪਾ ਲੈਣਗੇ ॥ ੧੮੦ ॥ ਅਰ ਸਾਡੀ ਸ੍ਰਿਸ਼ਟੀ ਵਿਚ ਐਸੇ ਲੋਗ ਭੀ ਹਨ ਜੋ ਸਚੀ ਬਾਤ ਦੀ ਸਿਖਿਆ ਅਰ ਉਸ ਦੇ ਅਨੁਸਾਰ (ਲੋਗਾਂ ਦੇ ਵਿਵਹਾਰਾਂ ਵਿਚ) ਨਿਆਉ ਭੀ ਕਰਦੇ ਹਨ॥ ੧੮੧॥ ਰੁਕੂਹ ੨੨ ॥

ਅਰ ਜਿਨਾਂ ਲੋਗਾਂ ਨੇ ਸਾਡੀਆਂ ਆਇਤਾਂ ਨੂੰ ਮਿਥਿਆ ਨਿਰਧਾਰਨ ਕੀਤਾ ਅਸੀਂ ਉਨਹਾਂ ਨੂੰ ਸਨੇ ੨ (ਨਰਕਾਂ ਦੀ ਤਰਫ ਘਸੀਟਕੇ) ਲੈ ਜਾਵਾਂਗੇ ਇਸ ਤਰਹਾਂ ਕਿ ਉਨਹਾਂ ਨੂੰ ਖਬਰ ਬੀ ਨਾ ਹੋ ॥੧੮੨॥ ਅਰ ਅਸੀਂ ਓਨ੍ਹਾਂ ਨੂੰ (ਸੰਸਾਰ ਵਿਚ)ਅਵਿਕਾਸ਼ ਦੇਂਦੇ ਹਾਂ ਸਾਡਾ ਦਾਓ ਨਿਰਸੰਦੇਹ ਬੜਾ ਪਕਾ(ਦਾਓ) ਹੈ ॥ ੧੮੩ ॥ ਕੀ ਏਹਨਾਂ ਲੋਗਾਂ ਨੇ ਖਿਆਲ ਨਹੀਂ ਕੀਤਾ ਕਿ ਏਹਨਾਂ ਦੇ ਸਾਹਿਬ ਨੂੰ ( ਅਰਥਾਤ ਸਾਡੇ ਏਸ ਪੈਯੰਬਰ ਮੁਹੰਮਦ ਨੂੰ ) ਕਿਸੇ ਤਰਹਾਂ ਦਾ ਉਨਮਾਦ ਤਾਂ ਹੈ ਨਹੀਂ ਓਹ ਤਾਂ ਖੁਲਮਖੁਲਾ (ਲੋਗਾਂ ਨੂੰ ਖੁਦਾ ਦੇ ਕਸ਼ਟ ਪਾਸੋਂ) ਸਭੇ ਕਰਨੇ ਵਾਲੇ ਹੈਂ ਹੋਰ ਬਸ ॥ ੧੮੪ ॥ ਕੀ ਏਹਨਾਂ ਲੋਗਾਂ ਨੇ ਧਰਤ ਅਗਾਸ ਦਾ ਪ੍ਰਬੰਧ ਅਰ ਖੁਦਾ ਦੀ ਪੈਦਾ ਕੀਤੀ ਹੋਈ ਕਿਸੇ ਵਸਤੂ ਪਰ ਭੀ ਦ੍ਰਿਸ਼ਟੀ ਨਹੀਂ ਦਿਤੀ ਅਰ ਨਾ ਹੀਂ ਏਸ ਬਾਤ ਪਰ ਕਿ ਅਸਚਰਜ ਨਹੀਂ ਕਿ ਏਹਨਾਂ ਦਾ ਕਾਲ ਸਮਾਂ ਸਮੀਪ ਹੀ ਆਣ ਪ੍ਰਾਪਤਿ ਹੋਇਆ ਹੋਵੇ ਤਾਂ ਹੁਣ ਇਤਨਾ ਸਮਝੋਣ ਦੇ ਪਿਛੋਂ ਹੋਰ ਕੌਣ ਸੀ ਬਾਤ ਹੈ ਜਿਸ ਨੂੰ ਸੁਣ ਕੇ ਈਮਾਨ ਲੈ ਆਉਣਗੇ ॥ ੧੮੫ ॥ ਜਿਸਨੂੰ ਖੁਦਾ ਕੁਰਾਹੀਆ ਕਰੇ ਤਾਂ ਫੇਰ ਕੋਈ ਭੀ ਉਸਦਾ ਰਾਹ ਦਿਖਲਾਣ ਵਾਲਾ ਹੈ ਨਹੀਂ ਅਰ ਖੁਦਾ ਹੀ ਏਹਨਾਂ

Digitized by Panjab Digital Library | www.panjabdigilib.org

(ਕਾਫਰਾਂ) ਨੂੰ (ਏਹਨਾਂ ਦੇ ਹਾਲ ਪਰ) ਛਡੀ ਬੈਠਾ ਹੈ ਕਿ ਆਪਣੀ ਅਮੋੜਤਾਈ ਵਿਚ ਪੜੇ ਭਟਕਿਆ ਫਿਰਨ ॥ ੧੮੬ ॥ (ਲੋਗ) ਤੁਹਾਡੇ ਪਾਸੋਂ ਪ੍ਰਲੈ ਦੇ ਬਾਰੇ ਵਿਚ ਪੁਛਦੇ ਹਨ ਕਿ ਕਿਤੇ ਉਸਦੀ ਭੀ ਤਲਬੇੜੀ ਹੈ ? ਤੁਸੀਂ (ਏਹਨਾਂ ਨੂੰ) ਜਵਾਬ ਦੇਓ ਕਿ ਉਸ ਦਾ ਗਿਆਨ ਤਾਂ ਕੇਵਲ ਮੇਰੇ ਪਰਵਰਦਿਗਾਰ ਨੂੰ ਹੀ ਹੈ ਬਸ ਉਹੀ ਉਸਨੂੰ ਉਸ ਦੇ (ਨਿਯਤ)ਸਮੇਂ ਪਰ ਲਿਆ ਪ੍ਰਗਟ ਕਰੇਗਾ ਉਹ ਇਕ ਵਡਾ ਭਾਰੀ ਹਾਦਸਾ (ਹੋਣੀ) ਹੈ (ਜ) ਧਰਤ ਅਗਾਸ ਵਿਚ (ਵਿਦਮਾਨ ਹੋਵੇਗਾ) ਪ੍ਰਲੈ ਤਾਂ ਬਸ ਅਕਸਮਾਤ ਹੀ ਤੁਸਾਂ ਲੋਗਾਂ ਦੇ ਸਨਮੁਖ ਆ ਵਿਦਮਾਨ ਹੋਵੇਗੀ ( ਹੇ ਪੈਯੰਬਰ ) ਏਹ ਲੋਗ ਤੁਹਾਡੇ ਪਾਸੋਂ ( ਪ੍ਰਲੈ ਦਾ ਬ੍ਰਿਤਾਂਤ ਇਸ ਤਰਹਾਂ ਹਠ ਨਾਲ)ਪੁਛਦੇ ਹਨ ਮਾਨੋ ਤੁਸੀਂ ਉਸ ਦੀ ਭਾਲ ਵਿਚ ਲਗ ਰਹੇ ਹੋ (ਅਰ ਤੁਹਾਨੂੰ ਉਸਦਾ ਸਮਾਂ ਮਾਲੂਮ ਹੈ) ( ਤਾਂ ਏਹਨਾਂ ਨੂੰ ) ਕਹੁ ਕਿ ਪ੍ਰਲੈ ਦਾ ਗਿਆਨ ਬਸ ਖੁਦਾ ਨੂੰ ਹੀ ਹੈ ਪਰੰਚ ਬਹੁਤ ਲੋਗ ਨਹੀਂ ਸਮਝਦੇ ॥ ੧੮੭ ॥ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੁ ਕਿ ਮੇਰੀ ਆਪਣੀ ਹਾਨ ਲਾਭ ਭੀ ਮੇਰੇ ਅਧੀਨ ਨਹੀਂ ਪਰੰਤੂ ਜੋ ਖੁਦਾ ਚਾਹੁੰਦਾ ਹੈ ਅਰ ਯਦੀਚ ਮੈਂ ਭਵਿਖਤ ਜਾਣਦਾ ਹੁੰਦਾ ਤਾਂ ਆਪਣਾ ਬਹੁਤ ਸਾਰਾ ਫਾਇਦਾ ਕਰ ਲੈਂਦਾ ਅਰ ਮੈਨੂੰ (ਕਿਸੀ ਤਰਹਾਂ ਦਾ) ਵਿਘਨ ਨਾ ਪਹੁੰਚਦਾ ਮੈਂ ਤਾਂ ਉਨਹਾਂ ਲੋਗਾਂ ਨੂੰ ਜੋ ਭਰੋਸਾ ਕਰਨਾ ਚਾਹੁੰਦੇ ਹਨ ( ਨਾਰਕੀ ) ਭੈ ਅਰ ( ਸ੍ਵਾਰਗੀ ) ਖੁਸ਼ਖਬਰੀ ਸੁਨਾਣ ਵਾਲਾ ਹਾਂ ਹੋਰ ਬਸ ॥ ੧੮੮ ॥ ਰੁਕੂਹ ੨੩ ॥

ਵਹੀ ( ਸਰਵ ਸ਼ਕਤੀਮਾਨ ) ਹੈ ਜਿਸ ਨੇ ਤੁਹਾਨੂੰ ਇਕ ( ਆਦਮ ) ਦੇ ਸਰੀਰ ਤੋਂ ਉਤਪਤ ਕੀਤਾ ਅਰ ਉਸੇ ਥੀਂ ਉਸ ਦਾ ਜੋੜਾ ਬਨਾਇਆ ਤਾਂ ਕਿ ਉਹ ਉਸ ਥੀਂ ਆਰਾਮ ਪਾਵੇ ਫੇਰ ਜਦੋਂ ਉਸ ਨੇ ਸੇਜ ਮਾਨੀ ਤਾਂ ਉਹ ਗਰਭਵਤੀ ਹੋਈ (ਪ੍ਰਿਥਮ) ਗਰਭ ਦਾ ਬੋਝ ਹੌਲਾ ਸੀ ਫੇਰ ਉਹ ਉਸ ਗਰਭ ਨੂੰ ਲਈ ਫਿਰੀ ਅਤਏਵ ਜਦੋਂ (ਗਰਭ ਦੇ ਸਬਬੋਂ ਇਸਤ੍ਰੀ ਅਧਿਕ) ਗਰਵੀ ਹੋ ਗਈ ਤਾਂ (ਦੰਪਤੀ) ਦੋਨੋਂ (ਮਿਲਕੇ) ਖੁਦਾ ਅਗੇ ਕਿ (ਵਹੀ) ਉਹਨਾਂ ਦਾ ਪਰਵਰਦਿਗਾਰ ਹੈ ਬੇਨਤੀ ਕੀਤੀ ਕਿ (ਹੇ ਖੁਦਾ) ਯਦੀਚ ਤੂੰ ਸਾਨੂੰ ਪੂਰਨ ਪੁਤ੍ਰ ਪ੍ਰਧਾਨ ਕਰੇਂਗਾ ਤਾਂ ਅਸੀਂ ਤੇਰਾ ਬੜਾ ਉਪਕਾਰ ਮੰਨਾਂਗੇ ॥ ੧੮੯ ॥ ਪੁਨਰ ਜਦੋਂ ਖੁਦਾ ਉਨਹਾਂ ਨੂੰ ਪੂਰਣ (ਜੀਉਂਦਾ ਜਾਗਦਾ) ਬੱਚਾ ਪ੍ਰਦਾਨ ਕਰਦਾ ਹੈ ਤਾਂ ਉਸ (ਔਲਾਦ) ਵਿਚ ਜੋ ਖੁਦਾ ਨੇ ਉਨਹਾਂ ਨੂੰ ਪ੍ਰਦਾਨ ਕੀਤੀ ਸੀ ਖੁਦਾ ਦੇ ਸਜਾਤੀ ਨਿਯਤ ਕਰਨ ਲਗਦੇ ਹਨ ਸੋ ਉਨ੍ਹਾਂ ਦੇ ਸ਼ਿਰਕ ਨਾਲੋਂ ਖੁਦਾ ਦਾ ਪ੍ਰਤਾਪ ਬਹੁਤ ਹੀ ਉਚਾ ਹੈ ॥ ੧੯੦ ॥ ਕੀ ਉਹ ਐਸੇ (ਕਲਪਿਤ ਮਾਬੂਦਾਂ ਅਰਥਾਤ ਬੁਤਾਂ) ਨੂੰ (ਖੁਦਾ ਦੇ) ਸ਼ਰੀਕ ਇਸਥਿਤ ਕਰਦੇ ਹਨ ਜੋ ਕਿਸੇ ਚੀਜ ਨੂੰ ਉਤਪਤ ਨਹੀਂ ਕਰ ਸਕਦੇ ਅਰ ਉਹ ਸ੍ਵਯੰ (ਖੁਦਾ ਦੇ)

Digitized by Panjab Digital Library | www.panjabdigilib.org

ਉਤਪਤ ਕੀਤੇ ਹੋਏ ਹਨ ॥ ੧੯੧ ॥ ਅਰ ਨਾ ਹੀ ਇਹਨਾ (ਸ਼ਿਰਕ ਕਰਨ ਵਾਲਿਆਂ) ਦੀ ਮਦਦ ਕਰਨ ਦਾ ਬਲ ਹੀ ਰਖਦੇ ਹਨ ਅਰ ਨਾ ਆਪ ਆਪਣੀ ਮਦਦ ਕਰ ਸਕਦੇ ਹਨ ॥ ੧੯੨ ॥ ਅਰ ਯਦੀ ਤੁਸੀਂ ਉਹਨਾਂ ਨੂੰ ਸਚੇ ਮਾਰਗ ਦੀ ਤਰਫ ਬੁਲਾਓ ਤਾਂ (ਬੇ ਜਾਨ ਹੋਣ ਦੇ ਸਬਬੋਂ) ਤੁਹਾਡੀ ਸਿਖਿਆ ਪਰ ਨਾ ਤੁਰ ਸਕਣ ਭਾਵੇਂ ਤੁਸੀ ਉਨਹਾਂ ਨੂੰ ਬੁਲਾਉ ਅਥਵਾ ਚੁਪ ਰਹੁ (ਦੋਵੇਂ ਬਾਤਾਂ) ਤੁਹਾਡੇ ਵਾਸਤੇ ਸਮਾਨ ਹੀ ਹਨ ॥ ੧੯੩ ॥ (ਹੇ ਮੁਸ਼ਰਿਕੋ ਤੁਸੀਂ) ਖੁਦਾ ਤੋਂ ਸਿਵਾ ਜਿਨਹਾਂ ਲੋਗਾਂ ਨੂੰ (ਆਪਣੀ ਸਹਾਇਤਾ ਵਾਸਤੇ) ਬੁਲਾ-ਉਂਦੇ ਹੋ (ਉਹ ਭੀ) ਤੁਹਾਡੇ ਵਰਗੇ ਆਦਮੀ ਹਨ ਤਾਂ ਉਨਹਾਂ ਨੂੰ ਬੁਲਾ ਦੇਖੋ ਪੁਨਰ ਯਦੀਚ ਤੁਸੀਂ (ਦਵੈਤ ਪਖਯ ਵਿਚ) ਸਚੇ ਹੋ ਤਾਂ ਉਹ ਤੁਹਾਡੀ ਪੁਕਾਰ ਪਰ ਪਹੁੰਚਣ ॥ ੧੯੪ ॥ ਕੀ ਉਹਨਾ ਦੇ ਐਸੇ ਪੈਰ ਹਨ ? ਜਿਨਹਾਂ ਨਾਲ ਤੁਰਦੇ ਹਨ । ਕਿੰਵਾ ਉਨਹਾਂ ਦੇ ਐਸੇ ਹਥ ਹਨ ? ਜਿਨਹਾਂ ਨਾਲ (ਵਸਤਾਂ ਨੂੰ) ਪਕੜਦੇ ਹਨ ? ਅਥਵਾ ਉਨਹਾਂ ਦੀਆਂ ਐਸੀਆਂ ਅੱਖੀਆਂ ਹਨ ? ਜਿਨਹਾਂ ਸਾਥ ਦੇਖਦੇ ਹਨ ਕਿੰਵਾ ਉਨਹਾਂ ਦੇ ਐਸੇ ਕੰਨ ਹਨ ? ਜਿਨਹਾਂ ਨਾਲ ਸ੍ਰਵਣ ਕਰਦੇ ਹਨ (ਹੇ ਪੈਯੰਬਰ ਇਹਨਾਂ ਲੋਗਾਂ ਨੂੰ) ਕਹੋ ਕਿ ਆਪਣੇ (ਕਲਪਤਿ) ਸਜਾਤੀਆਂ ਨੂੰ (ਆਪਣੀ ਸਹਾਇਤਾ ਵਾਸਤੇ) ਬੁਲਾ ਲਵੋ ਪੁਨਰ (ਸਾਰੇ ਹੀ ਇਕੱਤ੍ਰ ਹੋ ਕੇ) ਮੇਰੇ ਪਰ ਆਪਣਾ ਘਾਤ ਕਰੋ (ਅਰ ਮੈਨੂੰ ਤਨੀਸਾ ਭੀ) ਅਵਕਾਸ਼ ਨਾ ਦਿਓ ॥ ੧੯੫ ॥ ਅੱਲਾ ਜਿਸ ਨੇ ਏਸ ਪੁਸਤਕ ਅਰਥਾਤ ਕੁਰਾਨ) ਨੂੰ ਉਤਾਰਿਆ ਹੈ ਵੁਹੀ ਮੇਰਾ ਕਰਨ ਕਾਰਨ ਹੈ ਅਰ ਵੁਹੀ (ਸੰਪੂਰਣ) ਭਲੇ ਪੁਰਖਾਂ ਦੀ (ਮਦਦ ਅਰ) ਸਹਾਇਤਾ ਕਰਦਾ ਹੈ॥ ੧੯੬ ॥ ਅਰ ਓਸ ਤੋਂ ਸਿਵਾ ਜਿਨਹਾਂ (ਮਾਬੂਦਾਂ) ਨੂੰ ਤੁਸੀਂ (ਆਪਣੀ ਮਦਦ ਵਾਸਤੇ) ਬੁਲਾਉਂਦੇ ਹੋ ਨਾ ਉਹ ਤੁਹਾਡੀ ਮਦਦ ਨੂੰ ਸਮਰਥ ਹਨ ਅਰ ਨਾ ਸਵਯੰ ਹੀ ਆਪਣੀ ਮਦਦ ਕਰ ਸਕਦੇ ਹਨ ॥ ੧੯੭ ॥ ਅਰ ਯਦੀਚ ਤੁਸੀਂ ਉਨਹਾਂ ਨੂੰ ਸਚੇ ਮਾਰਗ ਦੀ ਤਰਫ ਬੁਲਾਉ ਤਾਂ ਨਾ ਸੁਣਨ ਅਰ ਦੇਖਣ ਵਿਚ ਤਾਂ ਉਹ ਤੁਹਾਨੂੰ ਐਸੇ ਪ੍ਰਤੀਤ ਹੁੰਦੇ ਹਨ ਕਿ (ਮਾਨੋ) ਉਹ ਤੇਰੀ ਤਰਫ ਤਕ ਰਹੇ ਹਨ ਹਾਲਾਂ ਕਿ ਉਹ ਦੇਖਦੇ (ਦਿਖਾਂਦੇ ਭਸ ਭੀ) ਨਹੀਂ ॥ ੧੯੮ ॥ ਖਿਮਾਂ ( ਦਾ ਤਰੀਕਾ ) ਅਖਤਿਆਰ ਕਰੋ ਅਰ (ਲੋਗਾਂ ਨੂੰ) ਸ਼ੁਭ ਕਰਮ ਦਾ ਉਪਦੇਸ਼ ਕਰੋ ਅਰ ਮੂਰਖਾਂ ਦੀ ਤਰਫੋਂ ਕਿਨਾਰਾ ਕਰੀ ਰਖੋ ॥ ੧੯੯ ॥ ਅਰ ਯਦੀਚ ਸ਼ੈਤਾਨ ਦੇ ਕੁਤਕੁਤੀਆਂ ਕਵਣ ਕਾਰਣ ਤੁਸੀ ਵਸ ਵਸੇ ਵਿਚ ਪਵੋ ਤਾਂ ਖੁਦਾ ਪਾਸੋਂ ਓਟ ਮੰਗ ਲੀਤਾ ਕਰੋ (ਕਿਉਂਕਿ) ਉਹ ਸੁਣਦਾ ਅਰ(ਸਭ ਕੁਛ) ਜਾਣਦਾ ਹੈ ॥ ੨੦੦ ॥ ਜੋ ਲੋਗ ਸੰਜਮੀ ਹਨ ਜਦੋਂ ਕਦੀ ਸ਼ੈਤਾਨ ਦੀ ਤਰਫ ਦਾ ਸੰਕਲਪ ਕੋਈ ਉਨਹਾਂ ਨੂੰ ਸਪਰਸ਼ ਭੀ ਕਰ ਜਾਂਦਾ ਹੈ ਤਾਂ ਓਹ

Digitized by Panjab Digital Library | www.panjabdigilib.org

ਵੌਂਕ ਉਠਦੇ ਹਨ (ਅਰ) ਉਸੈ ਹੀ ਵੇਲੇ ਸਾਵਧਾਨ ਹੋ ਜਾਂਦੇ ਹਨ ॥ ੨੦੧ ॥ ਅਰ ਇਹਨਾਂ (ਕਾਫਰਾਂ) ਦੇ ਭਿਰਾ (ਸ਼ੈਤਾਨ) ਇਹਨਾਂ ਨੂੰ ਕੁਮਾਰਗ ਦੀ ਤਰਫ ਘਸੀਟੀ ਲਈ ਤੁਰੇ ਜਾਂਦੇ ਹਨ ਪੁਨਰ (ਇਹਨਾਂ ਦਾ ਸਤਿਆਨਾਸ ਕਰਨ ਵਿਚ) ਆਲਸ ਨਹੀਂ ਕਰਦੇ ॥ ੨੦੨ ॥ ਅਰ (ਹੇ ਪੈਯੰਬਰ) ਜਦੋਂ ਤੁਸੀ ਇਹਨਾਂ ਲੋਗਾਂ ਦੇ ਪਾਸ ਕੋਈ ਆਇਤ ਨਹੀਂ ਲੈ ਆਉਂਦੇ ਤਾਂ (ਆਪਣੇ ਮਿਥਿਆ ਸੰਸਕਾਰਾਂ ਦੇ ਅਨੁਸਾਰ) ਕਹਿੰਦੇ ਹਨ ਕਿ ਤੁਸਾਂ ਇਸ ਨੂੰ (ਭੀ ਆਪਣੀ ਤਰਫੋਂ) ਕਿਉਂ ਨਹੀਂ ਬਨਾ ਲੀਤਾ ਤੁਸੀ (ਇਨਹਾਂ ਨੂੰ) ਕਹੋ ਕਿ ਮੈਂ ਤਾਂ ਜੋ ਕੁਛ ਮੇਰੇ ਪਰਵਰਦਿਗਾਰ ਦੀ ਤਰਫੋਂ ਮੇਰੀ ਤਰਫ ਵਹੀ ਕੀਤਾ ਜਾਂਦਾ ਹੈ ਉਸੀ ਪਰ ਤੁਰਦਾ ਹਾਂ ਇਹ (ਕੁਰਾਨ) ਸੋਚ ਸਮਝ ਦੀਆਂ ਬਾਤਾਂ ਹਨ ਜੋ ਤੁਹਾਡੇ ਪਰਵਰਦਿਗਾਰ ਦੀ ਤਰਫੋਂ (ਉਤਰੀਆਂ ਹਨ) ਅਰ ਜੋ ਲੋਗ ( ਏਸ ਪਰ ) ਭਰੋਸਾ ਰਖਦੇ ਹਨ ਓਹਨਾਂ ਵਾਸਤੇ ਸਿਖਿਆ ਅਰ ਰਹਿਮਤ ਹੈ ॥ ੨੦੩ ॥ ਅਰ ਜਦੋਂ ਕੁਰਾਨ ਵਾਚਿਆ ਜਾਇਆ ਕਰੇ ਓਸ ਨੂੰ ਕੰਨ ਧਰਕੇ ਸੁਣੋ ਅਰ ਚੁਪ ਰਹੋ ਅਸਚਰਜ ਨਹੀਂ ( ਕਿ ਏਸ ਦੇ ਪ੍ਰਤਾਪ ਨਾਲ ) ਤੁਹਾਡੇ ਪਰ ਰਹਿਮ ਕੀਤਾ ਜਾਵੇ ॥ ੨੦੪ ॥ ਅਰ ਆਪਣੇ ਅੰਦਰ ਦੀਨਤਾ ਭਾਵ ਕਰਕੇ ਅਰ ਡਰ ( ਡਰ ) ਕੇ ਅਰ ( ਬਹੁਤ ) ਉਚੀ ਬਾਣੀ ਨਾਲ ਨਹੀਂ (ਕਿੰਤੂ ਮੱਧਮਾ ਬਾਣੀ ਨਾਲ) ਸਾਯੰ ਪ੍ਰਾਤ ਆਪਣੇ ਪਰਵਰਦਿਗਾਰ ਦਾ ਚਿੰਤਨ ਕਰਦੇ ਰਹੁ ਅਰ ( ਉਸਦੇ ਚਿੰਤਨ ਥੀਂ ) ਅਚੇਤ ਨਾ ਰਹੁ ॥ ੨੦੫ ॥ ਜੋ ( ਫਰਿਸ਼ਤੇ ) ਤੇਰੇ ਪਰਵਰਦਿਗਾਰ ਦੇ ਸਮੀਪੀ ਹਨ ਉਸ ਦੇ ਸਮਰਣ ਥੀਂ ਸਰਤਾਬੀ ਨਹੀਂ ਕਰਦੇ ਅਰ ਉਸੇ ਦੀ ਪ੍ਰਾਰਥਨਾ (ਤਥਾ ਉਸਤੁਤੀ) ਅਰ ਉਸੇ ਦੇ ਅਗੇ ਨਮਸਕਾਰਾਂ ਕਰਦੇ ਰਹਿੰਦੇ ਹਨ ॥ ੨੦੬ ॥ ਰੁਕੂਹ ੨੪ ॥ ਪਾਦ ੩ ॥

## ਸੂਰਤ ਅਨਫਾਲ ਮਦੀਨੇ ਵਿਚ ਉਤਰੀ ਏਸ ਦੀਆਂ ਪੰਝੱਤਰ ਆਯਤਾਂ ਅਰ ਦਸ ਰੁਕੂਹ ਹਨ ॥

(ਆਰੰਭ)ਅੱਲਾ ਦੇ ਨਾਮ ਨਾਲ( ਜੋ )ਅਤੀ ਦਿਆਲੂ (ਅਰ) ਕਿਰਪਾਲੂ (ਹੇ) ਤੁਹਾਡੇ ਪਾਸੋਂ ਲੁਟ ਦੇ ਮਾਲ ਦਾ ਹੁਕਮ ਪੁਛਦੇ ਹਨ (ਤੁਸੀਂ ਇਹਨਾਂ ਨੂੰ ) ਕਹਿ ਦੇਓ ਕਿ ਲੁਟਦਾ ਮਾਲ ਤਾਂ ਅੱਲਾ ਤਥਾ ਰਸੂਲ ਦਾ ਹੈ ਸੋ ਤੁਸੀਂ ਖੁਦਾ ( ਦੇ ਗਜ਼ਬ ) ਪਾਸੋਂ ਡਰੋ ਅਰ ਆਪਸ ਵਿਚ ਦਾ ਵਿਵਹਾਰ ਠੀਕ ਰਖੋ ਅਰ ਯਦੀ ਤੁਸੀਂ (ਸਚੇ) ਮੁਸਲਮਾਨ ਹੋ ਤਾਂ ਅੱਲਾ ਅਰ ਓਸਦੇ ਰਸੂਲ ਦੀ ਆਗਿਆ ਪਾਲਨ ਕਰੋ ॥ ੧ ॥ ( ਸਚੇ ) ਮੁਸਲਮਾਨ ਤਾਂ ਬਸ ਓਹੀ ਹਨ ਕਿ ਜਦੋਂ ਖੁਦਾ ਦਾ ਨਾਮ ਲੀਤਾ ਜਾਂਦਾ ਹੈ ਤਾਂ ਉਹਨਾਂ ਦੇ ਦਿਲ ਹਿਲ

Digitized by Panjab Digital Library | www.panjabdigilib.org

ਜਾਂਦੇ ਹਨ ਅਰ ਜਦੋਂ ਅੱਲਾ ਦੀਆਂ ਆਇਤਾਂ ਏਹਨਾਂ ਨੂੰ ਪੜ੍ਹ ਕੇ ਸੁਣਾ-ਈਆਂ ਜਾਂਦੀਆਂ ਹਨ ਤਾਂ ਉਹ ਉਹਨਾਂ ਦੇ ਈਮਾਨ ਨੂੰ ਹੋਰ ਭੀ ਅਧਿਕ ਕਰ ਦੇਂਦੀਆਂ ਹਨ ਅਰ ( ਉਹ ) ਆਪਣੇ ਪਰਵਰਦਿਗਾਰ ਪਰ ਹੀ ਭਰੋਸਾ ਰਖਦੇ ਹਨ ॥ ੨ ॥ ਜੋ ਨਮਾਜ ਪੜ੍ਹਦੇ ਅਰ ਅਸਾਂ ਜੋ ਉਨਹਾਂ ਨੂੰ ਰੋਜ਼ੀ ਦਿਤੀ ਹੈ ਉਸ ਵਿਚੋਂ ( ਖੁਦਾ ਦੇ ਰਾਹ ਵਿਚ ) ਖਰਚ ਕਰਦੇ ਹਨ ॥ ੩ ॥ ਇਹੋ ਸਚੇ ਭਰਸੇ ਵਾਲੇ ਹਨ ਏਹਨਾਂ ਦੇ ਵਾਸਤੇ ਇਨਹਾਂ ਦੇ ਪਰਵਰਦਿਗਾਰ ਦੇ ਪਾਸ ਦਰਜੇ ਹਨ ਅਰ (ਗੁਨਾਹਾਂ ਦੀ)ਮਾਫੀ ਅਰ ਇਜ਼ਤ(ਤਥਾ ਆਬਰੂ) ਦੀ ਰੋਜ਼ੀ ॥ ੪ ॥ ਜਿਸ ਪ੍ਰਕਾਰ ਕਿ ਤੁਹਾਨੂੰ ਤੁਹਾਡੇ ਪਰਵਰਦਿਗਾਰ ਨੇ ਸਚਾਈ ਦਵਾਰਾ ਤੁਹਾਨੂੰ ਤੁਹਾਡੇ ਘਰੋਂ ਨਿਕਲਨ ਵਾਸਤੇ ਉਦਤ ਕੀਤਾ ਅਰ ਮੁਸਲ-ਮਾਨਾਂ ਦਾ ਇਕ ਯੂਥ (ਤੁਹਾਡੇ ਨਿਕਸ ਖੜੇ ਹੋਣ ਪਰ ਉਸ ਵੇਲੇ ਭੀ) ਅਪ੍ਰਸੰਨ ਸੀ ॥੫॥ ਕਿ ਉਹ ਲੋਗ ( ਸਚੀ ਬਾਤ ) ਪ੍ਰਗਟ ਹੋਇਆਂ ਪਸਚਾਤ ਲਗੇ ਤੁਹਾਡੇ ਸਾਥ ਸੱਚੀ ਬਾਤ ਪਰ ਵਿਵਾਦ ਕਰਨ (ਕਿ) ਮਾਨੋਂ ਉਹਨਾਂ ਨੂੰ (ਜੋਰ ਧਿਙਾਂਣੇ) ਕਾਲ ਦੀ ਤਰਫ ਧਕੇਲਿਆ ਜਾਂਦਾ ਹੈ ਅਰ ਉਹ ( ਕਾਲ ਨੂੰ ਅੱਖੀਆਂ ) ਨਾਲ ਦੇਖਦੇ ਹਨ ॥ ੬ ॥ ( ਅਰ ਮੁਸਲਮਾਨੋ ! )ਜਦੋਂ ਖੁਦਾ ਤੁਹਾਡੇ ਸਾਥ ਪ੍ਰਤਗਿਆ ਕਰਦਾ ਸੀ ਕਿ ਦੋ ਟੋਲਿਆਂ ਵਿਚੋਂ (ਕੋਈ) ਇਕ ਤੁਹਾਡੇ ਹਥ ਆਜਾਵੇਗਾ ਅਰ ਤੁਹਾਡੀ ਅਭਿਲਾਖਾ ਸੀ ਕਿ ਜਿਸ ਵਿਚ (ਯੁਧ ਦਾ) ਬਲ ਨਹੀਂ ਉਹ ਤੁਹਾਡੇ ਹਥ ਆ ਜਾਵੇ ਅਰ ਅੱਲਾ ਦੀ ਇਹ ਰੁਚੀ ਸੀ ਕਿ ਆਪਣੇ ਹੁਕਮ ਸਾਥ ਸਚੇ ( ਦੀਨ ) ਨੂੰ ਇਸਥਿਤ ਕਰੇ ਅਰ ਕਾਫਰਾਂ ਦੀ ਜੜ ਮੂਲ ਪੁਟ ਸਿਟੇ ॥ ੭ ॥ ਤਾਂ ਕਿ ਸਚੇ ਨੂੰ ਸਚਾ ਝੂਠੇ ਨੂੰ ਝੂਠਾ ਕਰ ਦਿਖਾਵੇ ਯਦਜਪਿ ਕਾਫਰਾਂ ਨੂੰ ਬੁਰਾ ਹੀ ( ਕਿਉਂ ਨਾਂ ) ਲਗੇ ॥ ੮ ॥ ਏਹ ਉਹ ਸਮਾਂ ਸੀ ਕਿ ਤੁਸੀਂ (ਮੁਸਲਮਾਨ) ਆਪਣੇ ਪਰਵਰਦਿਗਾਰ ਦੇ ਅਗੇ ਫਰਿਆਦ ਕਰਦੇ ਸੀ ਤਾਂ ਉਸ ਨੇ ਤੁਹਾਡੀ ਸੁਣ ਲੀਤੀ (ਆਗਿਆ ਕੀਤੀ) ਕਿ ਅਸੀਂ ਲਗਾਤਾਰ (ਇਕ) ਹਜਾਰ ਫਰਿਸ਼ਤਿਆਂ ਦਵਾਰਾ ਤੁਹਾਡੀ ਮਦਦ ਕਰਾਂਗੇ ॥ ੯ ॥ ਅਰ ਇਹ ਫਰਿਸ਼ਤਿਆਂ ਦੀ ਸਹਾਇਤਾ ਜੋ ਖੁਦਾ ਨੇ ਕੀਤੀ ਤਾਂ ਕੇਵਲ (ਤੁਹਾਡੇ) ਪ੍ਰਸੰਨ ਕਰਨ ਵਾਸਤੇ (ਕੀਤੀ) ਅਰ ਤਾ ਕਿ (ਉਸ ਦਵਾਰਾ) ਤੁਹਾਡੇ ਦਿਲ ਸ਼ਾਂਤੀ ਵਿਚ ਹੋਜਾਣ ਵਸਤੁਤਾ ਪਰਾਜੈਤਾ ਤਾਂ ਅੱਲਾ ਹੀ ਦੀ ਤਰਫੋਂ ਹੈ ਨਿਰਸੰਦੇਹ ਅੱਲਾ ਵਿਜੇਈ ਅਰ ਯੁਕਤੀਮਾਨ ਹੈ ॥ ੧੦ ॥ ਰੁਕੂਹ ੧ ॥

ਇਹ ਉਹ ਸਮਾਂ ਸੀ ਕਿ ਪ੍ਰਮਾਤਮਾਂ ਆਪਣੀ ਓਰਸੋਂ(ਤੁਸਾਂ ਮੁਸਲਮਾਨਾਂ ਦੇ) ਸੁਖ ( ਵਾਸਤੇ ) ਊਂਗ ਨੂੰ ਤੁਸਾਂ ਪਰ ਪ੍ਰਾਪਤਿ ਕਰ ਰਹਿਆ ਸੀ ਅਰ ਅਕਾਸ਼ ਥੀਂ ਤੁਸਾਂ ਪਰ ਬਰਖਾ ਕਰ ਰਹਿਆ ਸੀ ਤਾ ਕਿ ਉਸ ਦਵਾਰਾ ਤੁਹਾਨੂੰ ਪਵਿਤ੍ਰ ਕਰੇ ਅਰ ਸ਼ੈਤਾਨੀ ਦੁਰਗੰਧੀ ਨੂੰ ਤੁਹਾਡੇ ਉਰੋਂਪ

Digitized by Panjab Digital Library | www.panjabdigilib.org

ਦੂਰ ਕਰ ਦੇਵੇ ਅਰ ਤਾ ਕਿ ਤੁਹਾਡੇ ਦਿਲਾਂ ਨੂੰ ਧਰਾਸ ਦੇਵੇ ਅਰ ਉਸੇ ( ਪਾਣੀ ) ਦਵਾਰਾ ( ਯੁਧ ਭੂਮੀ ਵਿਚ ) ਤੁਹਾਡੇ ਪੈਰ ਜਮਾਈ ਰਖੇ ॥ ੧੧ ॥ ਜਦੋਂ ਤੁਹਾਡਾ ਪਰਵਰਦਿਗਾਰ ਫਰਿਸ਼ਤਿਆਂ ਨੂੰ ਵਹੀ ਦੁਵਾਰਾ (ਆਗਿਆ ਦੇ) ਰਿਹਾ ਸੀ ਕਿ ਅਸੀਂ ਤੁਹਾਡੇ ਸਾਥ ਹਾਂ ਤਾਂ ਤੁਸੀਂ ਮੁਸਲਮਾਨਾਂ (ਦੇ ਪੈਰਾਂ) ਨੂੰ ਜਮਾਈ ਰਖੋ ਅਸੀਂ ਸਮੀਪ ਹੀ ਕਾਫਰਾਂ ਦੇ ਦਿਲਾਂ ਵਿਚ ਭੈ ਡਾਲ ਦੇਵਾਂਗੇ (ਚੰਗਾ) ਤਾਂ ਲਗੋ (ਉਹਨਾਂ ਕਾਫਰਾਂ ਦੀ) ਧੌਣਾਂ ਤੇ ਅਰ ਲਗੋ ਇਹਨਾਂ ਦੇ ਜੋੜ ਜੋੜ ਉਤੇ ॥ ੧੨ ॥ ਇਹ ਇਸ ਬਾਤ ਦੀ ਸਜਾ ਹੈ ਕਿ ਉਨਹਾਂ ਨੇ ਅੱਲਾ ਅਰ ਉਸ ਦੇ ਰਸੂਲ ਦੀ ਵਿਰੋਧਤਾ ਕੀਤੀ ਅਰ ਜੋ ਅੱਲਾ ਅਰ ਉਸਦੇ ਰਸੂਲ ਦੀ ਮੁਖਾਲਫਤ ਕਰੇਗਾ ਤਾਂ (ਉਸ ਨੂੰ ਐਸਾ ਹੀ ਕਸ਼ਟ ਮਿਲੇਗਾ ਕਿਉਂ ਕਿ) ਅੱਲਾ ਦੀ ਮਾਰ ਬੜੀ ਕਰੜੀ ਹੈ ॥੧੩॥ (ਕਾਫਰੋ ਤੁਹਾਨੂੰ) ਇਹੋ ਹੀ (ਕਸ਼ਟ) ਹੈ ਤਾਂ (ਜਰਾ) ਏਸ ਦਾ ਰਸ ਚਖੋ ਅਰ (ਯਾਦ ਰਖੋ) ਕਿ (ਆਖਰਕਾਰ) ਕਾਫਰਾਂ ਤਾਈਂ ਨਾਰਕੀ ਦੁਖ(ਭੀ) ਹੋਵੇਗਾ ॥੧੪॥ ਮੁਸਲਮਾਨੋ! ਜਦੋਂ ਕਾਫਰਾਂ ਦੇ ਸਾਥ ਤੁਹਾਡੇ ਦਲ ਦੀ ਮੁਠ ਭੇੜ ਹੋ ਜਾਵੇ ਤਾਂ ਉਨਹਾਂ ਨੂੰ (ਕਦਾਪਿ) ਪਿਠ ਨਾ ਦੇਣੀ ॥੧੫॥ ਅਰ ਜੋ ਆਦਮੀ ਐਸੇ ਸਮੇਂ ਕਾਫਰਾਂ ਨੂੰ ਆਪਣੀ ਪਿਠ ਦੇਵੇਗਾ ਸਿਵਾਏ ਇਸਦੇ ਕਿ ਜੋ ਯੁਧ ਹੁਨਰ ਦਵਾਰਾ ਹੋਇਆ ਯੁਧ ਵਾਸਤੇ ਪਰਤਨੇ ਵਾਲਾ ਹੋਵੇ ਅਥਵਾ ਆਪਣੇ ਦਿਲ ਵਿਚ ਆਕਰ ਮਿਲਨ ਵਾਲਾ ( ਨਹੀਂ ਤਾਂ ) ਉਹ ਖੁਦਾ ਦੇ ਗਜ਼ਬ ਵਿਚ ਆ ਗਇਆ ਅਰ(ਅੰਤ ਨੂੰ)ਉਸਦਾ ਨਰਕੀਂ ਨਿਵਾਸ ਹੋਵੇਗਾ ਅਰ ਉਹ(ਬਹੁਤ ਹੀ)ਬੁਰੀ ਜਗਹ ਹੈ॥੧੬॥ ਤਾਂ(ਮੁਸਲਮਾਨੋ)ਕਾਫਰਾਂ ਨੂੰ ਤੁਸਾਂ ਕਤਲ ਨਹੀਂ ਕੀਤਾ ਕਿੰਤੂ ਉਹਨਾਂ ਨੂੰ ਅੱਲਾ ਨੇ ਕਤਲ ਕੀਤਾ ਹੈ ਅਰ(ਹੇ ਪੈਗੰਬਰ)ਜਦੋਂ ਤੁਸਾਂ ਤੀਰ ਚਲਾਏ ਤਾਂ ਤੁਸਾਂ ਤੀਰ ਨਹੀਂ ਚਲਾਏ ਕਿੰਤੂ ਅੱਲਾ ਨੇ ਤੀਰਚਲਾਏ ਤਾਂ ਕਿ ਮੁਸਲਮਾਨਾਂ ਨੂੰ ਆਪਣੀ ਵਲੋਂ ਚੰਗਾ ਇਨਆਮ ਬਖਸ਼ੇ ਨਿਰਸੰਦੇਹ ਅੱਲਾ ਸੁਣਦਾ(ਅਰ)ਜਾਣਦਾ ਹੈ ॥੧੭॥ ਇਹ ਬਾਰਤਾ(ਭਲੀ ਭਾਂਤ ਸੁਣ ਰਖੋ)ਅਰ(ਜਾਣ ਲਓ ਕਿ)ਖੁਦਾ ਨੂੰ ਕਾਫਰਾਂ ਦੀਆਂ ਉਕਤੀਆਂ ਯੁਕ-ਤੀਆਂ ਦਾ ਨਿਰਸ ਕਰਨਾ ਅਭੀਸ਼ਟ ਹੈ ॥ ੧੮ ॥ (ਹੇ ਮੱਕਾ ਨਿਵਾਸੀ ਜਨੋ) ਤੁਸੀ ਜੋ ਵਜੈਤਾ ਮੰਗਦੇ ਸੀ (ਕਿ ਜੋ ਸਚੇ ਮਾਰਗ ਪਰ ਹੈ ਉਸ ਦੀ ਵਿਜੈਤਾ ਹੋਵੇ) ਤਾਂ ਲੋ ਵਿਜੈਤਾ (ਭੀ) ਤੁਹਾਡੇ ਸਨਮੁਖ ਆ ਵਿਦਮਾਨ ਹੋਈ ਅਰ ਯਦੀ (ਅਗੇ ਵਾਸਤੇ ਇਸਲਾਮ ਦੀ ਮੁਖਾਲਫਤ ਥੀਂ) ਹਟੇ ਰਹੋਗੇ ਤਾਂ ਏਹ ਤੁਹਾਡੇ ਵਾਸਤੇ ਚੰਗਾ ਹੋਵੇਗਾ ਅਰ ਯਦੀ ਪੁਨਰ (ਇਸਲਾਮ ਸਾਥ ਦ੍ਵੈਤ ਭਾਵ ਵਾਸਤੇ) ਆਓਗੇ ਤਾਂ ਅਸੀਂ ਭੀ ਪੁਨਰ ਮੁਸਲਮਾਨਾਂ ਦੀ ਸਹਾਇਤਾ ਵਾਸਤੇ ਆਵਾਂਗੇ ਅਰ ਤੁਹਾਡਾ ਟੋਲਾ ਕਿਤਨਾ ਹੀ ਵਡਾ (ਕਿਉਂ ਨਾ) ਹੋਵੇ ਤੁਹਾਡੇ ਕਿਸੇ ਵੀ ਕੰਮ ਨਹੀਂ ਆਵੇਗਾ ਅਰ ਇਹ

Digitized by Panjab Digital Library | www.panjabdigilib.org

(ਭੀ ਯਾਦ ਰਖੋ) ਕਿ ਅੱਲਾ ਮੁਸਲਮਾਨਾਂ ਦਾ ਸੰਗੀ ਹੈ ॥ ੧੯ ॥ ਰੁਕੂ ੨ ॥

ਮੁਸਲਮਾਨੋ ! ਅੱਲਾ ਅਰ ਉਸ ਦੇ ਰਸੂਲ ਦਾ ਹੁਕਮ ਮੰਨੋ ਅਰ ਓਸ (ਦੇ ਹੁਕਮ) ਥੀਂ ਸਿਰ ਨਾ ਫੇਰੋ ਅਰ (ਸਾਡੀ ਆਗਿਆ ਤਾਂ) ਤੁਸਾਂ ਸੁਣ ਹੀ ਰਹੇ ਹੋ ॥ ੨੦ ॥ ਅਰ ਉਹਨਾਂ ਲੋਗਾਂ ਵਰਗੇ ਨਾ ਬਣੋ ਜਿਹਨਾਂ ਨੇ (ਮੂੰਹੋਂ ਤਾਂ ਕਹਿ ਦਿਤਾ ਕਿ ਅਸਾਂ ਸੁਣਿਆਂ ਹਾਲਾਂ ਕਿ ਉਹ ਸੁਣਦੇ (ਸੁਣਾਉਂਦੇ ਤਾਂ ਭਸ ਭੀ) ਨਹੀਂ ॥ ੨੧ ॥ ਅੱਲਾ ਦੇ ਸਮੀਪ (ਇਹ ਕਾਫਰ) ਡੰਗਰਾਂ ਨਾਲੋਂ ਬੁਰੇ ਹਨ ਜੋ ਬੋਲੇ ਗੁੰਗੇ (ਕੁਛ ਭੀ) ਨਹੀਂ ਸਮਝੇ ॥ ੨੨ ॥ ਅਰ ਯਦੀ ਅੱਲਾ ਇਹਨਾਂ ਵਿਚ (ਕੁਛ ਭੀ) ਭਲਾਈ ਵੇਖਦਾ ਤਾਂ ਇਹਨਾਂ ਨੂੰ ਸ੍ਰਵਣ ਦੀ ਸਮਰਥ ਭੀ ਅਵਸ਼ ਬਖਸ਼ਦਾ ਯਦੀ ਏਹਨਾਂਨੂੰਖੁਦਾ ਸ੍ਰਵਣ ਦੀ ਸਮਰਥ ਭੀ ਦੇਂਦਾ ਤਾਂ ਭੀ ਇਹ ਨਿਰਣੀਤ ਬਾਤ ਹੈ ਕਿ ਇਹ ਲੋਗ ਮੂੰਹ ਮੋੜ ੨ ਕੇ ਪਿਛਾਂ ਨੂੰ ਹੀ ਭਜਦੇ॥੨੩॥ਮੁਸਲਮਾਨੋ ! ਜਦੋਂ (ਇਹ ਸਾਡਾ) ਰਸੂਲ (ਮੁਹੰਮਦ) ਤੁਹਾਨੂੰ ਐਸੇ ਦੀਨ ਦੀ ਤਰਫ ਬੁਲਾਂਦਾ ਹੈ ਜੋ ਤੁਹਾਡੇ ਵਿਚ ਨਵੀਂ ਆਤਮਾ ਪ੍ਰਦਾਨ ਕਰਦਾ ਹੈ ਤਾਂ ਤੁਸੀਂ ਅੱਲਾ ਅਰ ਰਸੂਲ ਦੀ ਆਗਿਆ ਮੰਨੋ ਅਰ ਜਾਣੋ ਕਿ ਅੱਲਾ ਆਦਮੀ ਅਰ ਉਸ ਦੇ ਦਿਲ (ਦੇ ਸੰਕਲਪ) ਵਿਚ ਵਿਵਧਾਨ ਆ ਜਾਂਦਾ ਹੈ ਅਰ ਇਹ ਕਿ ਅੰਤ ਨੂੰ ਤੁਸੀਂ (ਸਾਰੇ) ਓਸੇ ਦੇ ਸਨਮੁਖ ਹਾਜਰ ਕੀਤੇ ਜਾਓਗੇ॥੨੪॥ ਅਰਉਸ ਵਿਪਤੀ ਤੋਂ ਸਭੋ ਰਹੋ ਜੋ ਖਾਸਕਰ ਉਨ੍ਹਾਂ ਲੋਗਾਂ ਪਰ ਹੀ ਪ੍ਰਾਪਤ ਨਹੀਂ ਹੋਵੇਗੀ ਜਿਨ੍ਹਾਂਨੇ ਤੁਹਾਡੇ ਵਿਚੋਂ ਮਨੁਖਤਾਈ ਕੀਤੀਹੈ(ਕਿੰਤੂ ਸਾਰੇ ਹੀ ਉਸਦੀ ਸਟ ਵਿਚ ਆ ਜਾਓਗੇ) ਅਰ ਸਮਝੀ ਰਖੋ ਕਿ ਅੱਲਾ ਦੀ ਮਾਰ ਬੜੀ ਕਰੜੀ ਹੈ ॥੨੫॥ ਅਰ (ਉਹ ਵੇਲਾ) ਯਾਦ ਕਰੋ ਜਦੋਂ ਤੁਸੀ (ਮੁਸਲਮਾਨ ਮੱਕੇ) ਦੀ ਧਰਤੀ ਵਿਚ ਥੋੜੇ ਜੇਸੇ ਸੀ (ਅਰ) ਨਿਰਬਲ ਸਮਝੇ ਜਾਂਦੇ ਸੀ (ਅਰ) ਏਸ ਬਾਤ ਥੀਂ ਡਰਦੇ ਸੀ ਕਿ ਲੋਗ ਤੁਹਾਨੂੰ ਜ਼ਬਰਦਸਤੀ ਪਕੜ ਕੇ (ਕਿਸੀ ਤਰਫ) ਉਡਾ (ਨਾ) ਲੇ ਜਾਣ ਪੁਨਰ ਖੁਦਾ ਨੇ ਤੁਹਾਨੂੰ (ਮਦੀਨੇ ਵਿਚ) ਅਸਥਾਨ ਦਿਤਾ ਅਰ ਆਪਣੀ ਸਹਾਇਤਾ ਦ੍ਵਾਰਾ ਤੁਹਾਡੀ ਮਦਦ ਕੀਤੀ ਅਰ ਉੱਤਮ ੨ ਵਸਤਾਂ ਤੁਹਾਨੂੰ ਖਾਣ ਨੂੰ ਦਿਤੀਆਂ (ਇਹ ਸਾਰੇ ਹੀ ਉਪਕਾਰ) ਇਸ ਵਾਸਤੇ ਕਿ ਤੁਸੀਂ ਧੰਨਵਾਦ ਕਰੋ ॥ ੨੬ ॥ ਮੁਸਲਮਾਨੋ ! ਅੱਲਾ ਅਰ ਰਸੂਲ ਦੀ ( ਅਮਾਨਤ ਵਿਚ ) ਖਿਆਨਤ ( ਪਿਹਮਾਨਗੀ ) ਨਾ ਕਰੋ ਅਰ ਨਾ ਆਪਣੀ ਇਮਾਨਤ ਵਿਚ ਖ਼ਿਆਨਤ ਕਰੋ ਅਰ ਤੁਸੀਂ ਤਾਂ ਵਾਕਿਫ ਹੋ ॥ ੨੭ ॥ ਅਰ ਸਮਝੀ ਰਖੋ ਕਿ ਤੁਹਾਡਾ ਮਾਲ ਅਰ ਤੁਹਾਡਾ ਪਰਿਵਾਰ ਬਸ ( ਸੰਸਾਰਿਕ ) ਜੰਜਾਲ ਹਨ ਅਰ ਹੋਰ ਇਹ ਕਿ ਅੱਲਾ ਪਾਸ ( ਧਾਰਮਿਕ ਲੋਗਾਂ ਵਾਸਤੇ ) ਬੜਾ ਫਲ ( ਮੌਜੂਦ ) ਹੈ ॥ ੨੮ ॥ ਰੁਕੂਹ ੩ ॥

ਮੁਸਲਮਾਨੋ ਯਦੀ ਤੁਸੀਂ ਖੁਦਾ ਪਾਸੋਂ ਡਰਦੇ ਰਹੋਗੇ ਤਾਂ ਉਹ ਤੁਹਾਡੇ

Digitized by Panjab Digital Library | www.panjabdigilib.org

ਵਾਸਤੇ ਇਕ ਵਾਧਾ ਪੈਦਾ ਕਰੇਗਾ ਅਰ ਤੁਹਾਡੇ ਗੁਨਾਹ ਤੁਹਾਡੇ ਉਪਰੋਂ ਦੂਰ ਕਰ ਦੇਵੇਗਾ ਅਰ ( ਅੰਤ ਨੂੰ ) ਤੁਹਾਨੂੰ ਬਖਸ਼ ( ਭੀ ) ਦੇਵੇਗਾ ਅਰ ਅੱਲਾ ਬੜਾ ਫਜ਼ਲ ( ਕਰਨੇ ) ਵਾਲਾ ਹੈ ॥ ੨੯ ॥ ਅਰ ( ਹੇ ਪੈਗੰਬਰ ਉਹ ਸਮਾਂ ਯਾਦ ਕਰੋ ) ਜਦੋਂ ਕਾਫਰ ਤੁਹਾਡੇ ਤੇ ਦਾਉ ( ਘਾਉ ) ਕਰਨਾ ਚਾਹੁੰਦੇ ਸਨ ਕਿ ਤੁਹਾਨੂੰ ਬੰਦ ਕਰ ਰੱਖਣ ਅਥਵਾ ਤੁਹਾਨੂੰ ਵੱਢ ਸਿਟਣ ਕਿੰਵਾ ਤੁਹਾਨੂੰ ਬਨਬਾਸ ਦੇ ਦੇਣ ਅਰ ( ਬ੍ਰਿਤਾਂਤ ਇਹ ਸੀ ਕਿ ) ਕਾਫਰ ( ਆਪਣਾ ) ਦਾਓ ਕਪਟ ਬਣਾ ਰਹੇ ਸਨ ਅਰ ਅੱਲਾ ( ਆਪਣਾ ) ਦਾਉ ਕਰ ਰਹਿਆ ਸੀ ਅਰ ਅੱਲਾ ਸਾਰਿਆਂ ਯੁਕਤੀ ਕਾਰਾਂ ਵਿਚੋਂ ਉੱਤਮ (ਯੁਕਤੀ ਮਾਨ) ਹੈ ॥ ੩੦ ॥ ਅਰ ਜਦੋਂ ਸਾਡੀਆਂ ਆਇਤਾਂ ਏਹਨਾਂ ਕਾਫਰਾਂ ਨੂੰ ਵਾਚ੨ ਕੇ ਸੁਣਾਈਆਂ ਜਾਂਦੀਆਂ ਹਨ ਤਾਂ ਕਹਿੰਦੇ ਹਨ ( ਭਲਾ ਜੀ ਭਲਾ ) ਅਸਾਂ ਸੁਣ ( ਤਾਂ ) ਲੀਤਾ ਯਦੀ ਅਸੀਂ ਚਾਹੀਏ ਤਾਂ ਅਸੀਂ ਵੀ ਐਸਾ ਹੀ ( ਕੁਰਾਨ ) ਕਹਿ ਲਈਏ ਏਹ ਤਾਂ ਪੁਰਾਤਨ ਪੁਰਖਾਂ ਦੀਆਂ ਕਥਾ ਕਹਾਣੀਆਂ ਹਨ ਹੋਰ ਬਸ ॥੩੧॥ ਅਰ(ਓਹ ਸਮਾਂ ਯਾਦ ਕਰੋ)ਜਦੋਂ ਏਹਨਾਂ ਕਾਫਰਾਂ ਨੇ ਬੇਨਤੀ ਕੀਤੀ ਕਿ ਹੇ ਅੱਲਾ ਯਦੀ ਇਹ ( ਦੀਨ ਇਸ-ਲਾਮ ) ਹੀ ਸਚਾ ( ਦੀਨ ) ਹੈ (ਅਰ) ਤੇਰੀ ਤਰਫੋਂ (ਉਤਰਿਆ ਹੈ) ਤਾਂ ਸਾਡੇ ਪਰ ਆਗਾਸ ਥੀਂ ਪਥਰਾਂ ਦੀ ਵਰਖਾ ਕਰ ਅਥਵਾ ਸਾਡੇ ਪਰ ( ਕੋਈ ਹੋਰ ) ਭਿਆਣਕ ਦੁਖ ਆਣ ਪ੍ਰਾਪਤਿ ਕਰ ॥ ੩੨ ॥ ਅਰ ਖੁਦਾ ਕਦਾਪਿ ਇਨਹਾਂ ਨੂੰ ( ਐਸਾ ) ਕਸ਼ਟ ਨਾ ਦੇਂਦਾ ਕਿ ਜਦ ਤੁਸੀਂ ਏਹਨਾਂ ਲੋਗਾਂ ਵਿਚ ਵਿਦਮਾਨ ਥੇ ਅਰ ਅੱਲਾ ਉਨਹਾਂ ਨੂੰ ਕਸ਼ਟ ਨਾ ਦੇਂਦਾ ਜਦੋਂ ਕਿ ਉਹ ਗੁਨਾਹਾਂ ਦੀ ਮਾਫੀ (ਖੁਦਾ ਪਾਸੋਂ) ਮੰਗਦੇ ਹੋਣ ॥੩੩॥ ਅਰ ਕਿਸ ਤਰਹਾਂ ਅੱਲਾ ਇਹਨਾਂ ਨੂੰ ਕਸ਼ਟ ਨਾ ਦੇਵੇਗਾ ਕਿ ਜਦੋਂ ਇਹ ਤਾਂ ਹਰਾਮ ਮਸਜਦ (ਅਰਥਾਤ ਖਾਨੇ ਕਾਬੇ ) ਦੇ ਜਾਣ ਤੋਂ ਲੋਗਾਂ ( ਮੁਸਲਮਾਨਾਂ ) ਨੂੰ ਰੋਕਣ ਯਦਜਪਿ ਏਹ (ਉਸ ਦੇ) ਪੂਜਾਰੀ ( ਮਤਵਲੀ ) ਨਹੀਂ ਉਸ ਦੇ ( ਪੁਜਾਰੀ ) ਤਾਂ ਬਸ ਪਰਹੇਜ਼ਗਾਰ ਲੋਗ ਹਨ ਪਰੰਚ ਏਹਨਾਂ ( ਕਾਫਰਾਂ ) ਵਿਚੋਂ ਅਕਸਰ ( ਏਸ ਬਾਤ ਨੂੰ ) ਨਹੀਂ ਸਮਝਦੇ ॥ ੩੪ ॥ ਅਰ ਖਾਨੇ ਕਾਬੇ ਦੇ ਪਾਸ ਸੀਟੀਆਂ ਅਰ ਤਾਲੀਆਂ ( ਤੋੜੀਆਂ ) ਬਜਾਣ ਤੋਂ ਸਿਵਾ ਏਹਨਾਂ ਦੀ ਨਮਾਜ਼ ਹੀ ਕੀ ਸੀ ਤਾਂ ਤੇ ( ਹੇ ਕਾਫਰੋ ! ) ਜੈਸਾ ਤੁਸੀਂ ਕੁਫਰ ਕਰਦੇ ਰਹੇ ਓ ਹੁਣ ਉਸ ਦੀ ਪ੍ਰਤਿਨਿਧਿ ਵਿਚ ਦੁਖਾਂ ( ਦਾ ਭੀ ਰਸ ) ਚਖੋ ॥ ੩੫ ॥ ਨਿਰਸੰਦੇਹ ਇਹ ਕਾਫਰ ਆਪਣਾ ਮਾਲ ( ਏਸ ਵਾਸਤੇ ) ਖਰਚ ਕਰਦੇ ਰਹਿੰਦੇ ਹਨ ਤਾਂ ਕਿ (ਲੋਗਾਂ ਨੂੰ) ਖੁਦਾ ਦੇ ਰਾਹੋਂ ਰੋਕਣ ਸੋ ( ਏਹ ਲੋਗ ਤਾਂ ) ਮਾਲ ਨੂੰ ( ਉਕਤ ਰੀਤੀ ਨਾਲ ) ਖਰਚ ਕਰਦੇ ਹੀ ਰਹਿਣਗੇ ( ਪਰੰਚ ) ਪੁਨਰ ( ਅੰਤ ਨੂੰ ਵਹੀ ਧਨ ) ਮਾਲ ਏਹਨਾਂ ਦੇ ਹੱਕ ਵਿਚ ਪਛਤਾਵੇ ਦਾ ( ਕਾਰਣ ) ਹੋਵੇਗਾ ਪੁਨਰ ਪਰਾਜਈ ਹੋਣ ਅਰ ਕਾਫਰ ਨਰਕਾਂ ਦੀ ਤਰਫ

Digitized by Panjab Digital Library | www.panjabdigilib.org

ਧਕੇਲੇ ਜਾਣਗੇ ॥ ੩੬ ॥ ਤਾਂ ਕਿ ਅੱਲਾ ਅਸ਼ੁਧ ( ਲੋਗਾਂ ) ਨੂੰ ਸ਼ੁਧ ( ਲੋਗਾਂ ) ਥੀਂ ਭਿੰਨ ਕਰੇ ਅਰ ਅਸ਼ੁਧ ( ਲੋਗਾਂ ) ਨੂੰ ਇਕ ਦੂਸਰੇ ਪਰ ਧਰ ਕੇ ਉਹਨਾਂ ਸਾਰਿਆਂ ਦਾ ( ਇਕ ) ਢੇਰ ਬਣਾਵੇ ਪੁਨਰ ਉਸ (ਢੇਰ ਦੇ ਢੇਰ ) ਨੂੰ ਨਰਕਾਂ ਵਿਚ ਸਿਟ ਦੇਵੇ ਇਹੋ ਹੀ ਲੋਗ ਹਨ ਜੋ ਘਾਟੇ ਵਿਚ ਰਹੇ ॥ ੩੭ ॥ ਰੁਕੂਹ ੪ ॥

ਕਾਫਰਾਂ ਨੂੰ ਕਹੋ ਕਿ ਯਦੀ ਹਟ ਜਾਣ ਤਾਂ ਉਹਨਾਂ ਦੇ ਪਿਛਲੇ ਕਸੂਰ ਮਾਫ ਕਰ ਦਿਤੇ ਜਾਣਗੇ ਅਰ ਯਦੀ ਪੁਨਰ ( ਸ਼ਰਾਰਤ ) ਕਰਨਗੇ ਤਾਂ ਅਗਲਿਆਂ ਲੋਗਾਂ ਦੀ ਰੀਤ ਪੈ ਚੁਕੀ ਹੈ ( ਵਹੀ ਦਸ਼ਾ ਏਹਨਾਂ ਦੀ ਵੀ ਹੋਣੀ ਹੈ ) ॥ ੩੮ ॥ ਅਰ ( ਮੁਸਲਮਾਨੋ ) ਕਾਫਰਾਂ ਨਾਲ ਲੜਦੇ ਰਹੋ ਏਥੋਂ ਤਕ ਕਿ ਫਸਾਦ ( ਦਾ ਤਰੰਡ ਮੂੰਡ ਬਾਕੀ ) ਨਾ ਰਹੇ ਅਰ ਸਾਰੇ ਖੁਦਾ ਦੀ ਹੀ ਦੁਹਾਈ ਫਿਰੇ ਫੇਰ ਯਦੀ ( ਇਹ ਲੋਗ ਫਸਾਦ ਥੀਂ ) ਹਟ ਜਾਣ ਤਾਂ ਜੋ ਕੁਛ ਏਹ ਲੋਗ ਕਰਨਗੇ ਅੱਲਾ ਉਸ ਨੂੰ ਵੇਖ ਰਹਿਆ ਹੈ ॥ ੩੯ ॥ ਅਰ ਯਦੀ ਇਹ ਬੇਮੁਖ ਹੋਣ ਤਾਂ ( ਮੁਸਲ-ਮਾਨੋ ਤੁਸੀਂ ) ਯਾਦ ਰਖੋ ਕਿ ਅੱਲਾ ਤੁਹਾਡਾ ਸਹਾਇਕ ਹੈ ( ਅਰ ਕੈਸਾ ਹੀ ) ਅੱਛਾ ਸਰਣਾਗਤ ਪਾਲੀ ਅਰ (ਕੈਸਾ ਹੀ ) ਚੰਗਾ ਸਹਾਇਕ ਹੈ ॥ ੪੦ ॥ *ਅਰ ਸਮਝੀ ਰਖੋ ਕਿ ਜੋ ਵਸਤੂ ਤੁਸੀਂ ( ਯੁਧ ਵਿਚੋਂ ) ਲੁਟਕੇ ਲੈ ਆਓ ਉਸ ਦਾ ਪੰਜਵਾਂ ਹਿਸਾ ਖੁਦਾ ਦਾ ਅਰ ਰਸੂਲ ਦਾ ਅਰ ( ਉਸ ਦੇ ) ਸਮੀਪੀਆਂ ਦਾ ਅਰ ਮਹਿਟਰਾਂ ਦਾ ਅਰ ਗਰੀਬਾਂ ਦਾ ਅਰ ਬਿਦੇਸੀਆਂ ਦਾ ਯਦੀ ਤੁਸੀਂ ਖੁਦਾ ਦਾ ਅਰ ਉਸਦੀ (ਗੁਪਤ ਸਹਾਇਤਾ) ਦਾ ਨਿਸਚਾ ਰਖਦੇ ਓ ਜੋ ਅਸਾਂ ਫੈਸਲੇ ਦੇ ਦਿਨ ਜਿਸ ਦਿਨ ਦੋ ਲਸ਼ਕਰ ਇਕ ਦੂਸਰੇ ਸਾਥ ਜੁਟ ਪਏ ਸਨ ਅਪਣੇ ਬੰਦੇ ਉਤੇ ਉਤਾਰੀ ਸੀ ਅਰ ਅੱਲਾ ਸੰਪੂਰਨ ਵਸਤਾਂ ਪਰ ਕਾਦਰ ਹੈ ॥ ੪੧ ॥ ਜਦੋਂ ਤੁਸੀਂ(ਮੁਸਲਮਾਨ)ਯੁਧ ਭੂਮੀ ਵਿਚ ਉਰਲੇ ਕਿਨਾਰੇ ਸੀ ਅਰ ਕਾਫਰ ਪਰਲੇ ਕਿਨਾਰੇ ਪਰ ਅਰ ਕਾਫਲਾ ਸਵਾਰ(ਨਦੀ ਦੇ ਕਿਨਾਰੇ) ਤੁਹਾਡੇ ਨਾਲ ਨੀਚੇ ਦੇ ਪਾਸੇ ਨੂੰ(ਹਟਿਆ ਹੋਇਆ)ਅਰ ਯਦੀ ਤੁਸਾਂ(ਦੋਨੋਂ ਦਲਾਂ) ਨੇ(ਪਹਿਲਾਂ ਤੋਂ)ਹੀ ਆਪਸ ਵਿਚ ਪ੍ਰਤੱਗਜ਼ਾ ਕੀਤੀ ਹੁੰਦੀ ਤਾਂ ਤੁਹਾਨੂੰ ਅਵਸ ਪ੍ਰਤੱਗਜ਼ਾ ਭੰਗ ਕਰਨੀ ਪੈਂਦੀ ਪਰ ਪੈਂਦੀ ਪਰੰਤੂ ਈਸ਼ਵਰ ਨੇ ਨੀਯਤ ਕਾਰਜ (ਮੁਕਰਰਾ ਕੰਮ ਜੋ ਉਸਨੂੰ)ਕਰਨਾ ਅਭੀਸ਼ਟ ਸੀ ਉਸਨੂੰ ਪੂਰਾ ਕਰ ਦਿਖਾਇ ਤਾਕਿ ਜੋ ਆਦਮੀ ਮਰ ਜਾਣ ਵਾਲਾ ਹੈ ਓਹ ਕੋਟੀ ਹੋ ਚੁਕੀ ਪਿਛੋਂ ਮਰ ਜਾਏ ਅਰ ਜੋ ਜੀਉਂਦਾ ਰਹਿਣ ਵਾਲਾ ਹੈ ਉਹ ਭੀ ਕੋਟੀ ਹੋ ਚੁਕੀ ਪਿਛੋਂ ਜੀਉਂਦਾ ਰਹੇ ਅਰ ਅੱਲਾ ਅਵਸ਼ ਸੁਣਦਾ ਅਰ ਜਾਣਦਾ ਹੈ ॥ ੪੨ ॥ (ਹੇ ਪੈਯੰਬਰ) ਜਦੋਂ ਕਿ ਖੁਦਾ ਨੇ ਤੁਹਾਨੂੰ ਸੁਪਨੇ ਵਿਚ ਕਾਫਰ ਨਿਊਨ

*ਅਬ "ਵਾਲਮੂ" ਨਾਮੀ ਦਸਮ ਪਾਰਾ ਚਲਾ।

Digitized by Panjab Digital Library | www.panjabdigilib.org

ਕਰ ਦਿਖਲਾਏ ਯਦੀ ਉਹ (ਕਾਫਰ) ਤੁਹਾਨੂੰ ਵਧੇਰੇ ਕਰਕੇ ਦਿਖਲਾ ਦੇਂਦਾ ਤਾਂ ਤੁਸੀਂ ਅਵਸ਼ ਢੇਰੀ ਢਾਹ ਬੈਠਦੇ ਅਰ ਲੜਾਈ ਦੇ ਪ੍ਰਕਰਣ ਵਿਚ ਭੀ ਆਪਸ ਵਿਚ ਝਗੜਨ ਲਗ ਪੈਂਦੇ ਪਰੰਚ ਖੁਦਾ ਨੇ (ਤੁਹਾਨੂੰ ਕਾਇਰਪੁਣੇ ਥੀਂ) ਬਚਾਯਾ ਨਿਰਸੰਦੇਹ ਓਹ (ਲੋਗਾਂ ਦੇ) ਹ੍ਰਿਦਯ ਗਤ ਸੰਕਲਪਾਂ ਥੀਂ ਗਿਆਤ ਹੈ ॥ ੪੩ ॥ ਅਰ ਜਦੋਂ ਤੁਸੀਂ (ਦੋਨੋਂ ਦਲ) ਇਕ ਦੂਸਰੇ ਨਾਲ ਜੁਟ ਪਏ ਕਾਫਰਾਂ ਨੂੰ ਤੁਸਾਂ ਮੁਸਲਮਾਨਾਂ ਦੀ ਦ੍ਰਿਸ਼ਟੀ ਅਗੇ ਥੋਹੜਿਆਂ ਕਰ ਦਿਖਲਾਯਾ ਅਰ ਉਹਨਾਂ ਦੀ ਦ੍ਰਿਸ਼ਟੀ ਵਿਚ ਤੁਹਾਨੂੰ ਥੋਹੜਾ ਕਰ ਦਿਖਲਾਇਆ ਤਾ ਕਿ ਖੁਦਾ ਨੂੰ ਜੋ ਕੁਛ ਕਰਨਾ ਅਭੀਸ਼ਟ ਸੀ (ਉਸ ਨੂੰ) ਪੂਰਾ ਕਰ ਦਿਖ-ਲਾਵੇ ਅਰ ਅੰਤ ਨੂੰ ਸੰਪੂਰਣ ਕਰਮ ਤਾਂ ਅੱਲਾ ਦੀ ਤਰਫ ਹੀ ਫਿਰਦੇ ਹਨ ॥ ੪੪ ॥ ਰੁਕੂਹ ॥ ੫ ॥

ਮੁਸਲਮਾਨੋ ! ਜਦੋਂ (ਕਾਫਰਾਂ ਦੀ) ਕਿਸੇ ਫ਼ੌਜ ਨਾਲ ਤੁਹਾਡੀ ਮੁਠ ਭੇੜ ਹੋ ਜਾਇਆ ਕਰੇ ਤਾਂ ਪੈਰ ਜਮਾਈ ਰਖੋ ਅਰ ਬਹੁਤ ਕਰਕੇ ਅੱਲਾ ਨੂੰ ਯਾਦ ਕਰੋ ਤਾ ਕਿ (ਅੰਤ ਨੂੰ) ਤੁਸੀਂ ਸਫਲਤਾ ਪਾਓ ॥ ੪੫ ॥ ਅਰ ਅੱਲਾ ਤਥਾ ਉਸ ਦੇ ਰਸੂਲ ਦਾ ਹੁਕਮ ਮੰਨੋ ਅਰ ਆਪਸ ਵਿਚ ਬਿਬਾਦ ਨਾ ਕਰੋ ਕਿ (ਆਪਸ ਵਿਚ ਬਿਬਾਦ ਕਰਨ ਕਰਕੇ ਤੁਸੀਂ) ਨ੍ਰਿਬਲ ਹੋ ਜਾਓਗੇ ਅਰ ਤੁਹਾਡੀ ਹਵਾ ਜਾਂਦੀ ਰਹੇਗੀ ਅਰ (ਲੜਾਈ ਦੀਆਂ ਤਕਲੀਫਾਂ ਪਰ) ਸਬਰ ਕਰੋ ਨਿਰਸੰਦੇਹ ਅੱਲਾ ਸੰਤੋਖੀਆਂ ਦਾ ਸਾਥੀ ਹੈ ॥ ੪੬ ॥ ਅਰ ਉਹਨਾਂ (ਕਾਫਰਾਂ) ਵਰਗੇ ਨਾ ਬਨੋ ਜੋ ਅਹੰਕਾਰ ਦੇ ਲਦੇ ਮੁਦੇ ਹੋਏ ਹੋਰਨਾਂ ਨੂੰ ਦੁਖਾਉਣ ਵਾਸਤੇ ਆਪਣੇ ਘਰੋਂ ਨਿਕਲ ਤੁਰੇ ਅਰ (ਕੰਮ ਇਹ ਹਨ ਕਿ ਲੋਗਾਂ ਨੂੰ) ਖੁਦਾ ਦੇ ਰਾਹੋਂ ਰੋਕ ਦੇ ਹਨ ਅਰ ਜੋ ਕੁਛ ਭੀ ਏਹ ਲੋਗ ਕਰਦੇ ਹਨ ਅੱਲਾ ਦੇ ਅਪਾਰ (ਗਿਆਨ) ਵਿਚ ਆਵੇਸ਼ਿਤ ਹੈ ॥ ੪੭ ॥ ਅਰ ਜਦੋਂ ਸ਼ੈਤਾਨ ਨੇ ਓਹਨਾਂ (ਕਾਫਰਾਂ) ਦੀਆਂ ਕਰਤੂਤਾਂ ਨੂੰ ਉੱਤਮ ਕਰ ਦਿਖਲਾਇਆ ਅਰ (ਓਹਨਾਂ ਨੂੰ) ਕਹਿਆ ਕਿ ਅਜ ਲੋਗਾਂ ਵਿਚ ਕੋਈ ਐਸਾ (ਸੂਰਮਾ) ਹੈ ਨਹੀਂ ਜੋ ਤੁਸਾਂ ਪਰ ਪਰਾਜਈ ਹੋ ਸਕੇ ਅਰ ਮੈਂ ਤੁਹਾਡਾ ਸਹਾਇਕ ਹਾਂ ਪੁਨਰ ਜਦੋਂ ਦੋਵੇਂ ਫੌਜਾਂ ਆਹਮੋ ਸਾਹਮਣੀਆਂ ਆਈਆਂ (ਤਾਂ ਸ਼ੈਤਾਨ) ਆਪਣੇ ਪਿਛਲੀਂ ਪੈਰੀਂ ਮੁੜ ਟੁਰਿਆ ਅਰ ਲਗਾ ਕਹਿਣ ਕਿ ਮੈਨੂੰ ਤੁਹਾਡੇ ਨਾਲ ਕੋਈ ਕੰਮ ਨਹੀਂ ਮੈਂ ਓਹ ਵਸਤਾਂ ਦੇਖ ਰਹਿਆ ਹਾਂ ਜੋ ਤੁਹਾਨੂੰ ਨਹੀਂ ਦਿਸਦੀਆਂ (ਅਰਥਾਤ ਫਰਿਸ਼ਤੇ) ਮੈਂ ਤਾਂ ਅੱਲਾ ਪਾਸੋਂ ਡਰਦਾ ਹਾਂ ਅਰ ਅੱਲਾ ਦੀ ਮਾਰ ਬੜੀ ਕਰੜੀ ਹੈ ॥ ੪੮ ॥ ਰੁਕੂਹ ੬ ॥

ਜਦੋਂ ਮੁਨਾਫਿਕ (ਦੰਭੀ) ਅਰ ਜਿਨਹਾਂ ਲੋਗਾਂ ਦੇ ਦਿਲਾਂ ਵਿਚ (ਕੁਫਰ ਦਾ) ਰੋਗ ਸੀ ਕਹਿੰਦੇ ਸਨ ਕਿ ਏਹਨਾਂ (ਮੁਸਲਮਾਨਾਂ) ਨੂੰ ਤਾਂ ਏਹਨਾਂ ਦੇ ਪੰਥ

Digitized by Panjab Digital Library | www.panjabdigilib.org

ਨੇ ਅਹੰਕਾਰੀ ਬਣਾ ਛਡਿਆ ਹੈ ਅਰ ਜੋ ਖ਼ੁਦਾ ਪਰ ਭਰੋਸਾ ਰਖੇਗਾ ਤਾਂ ਅੱਲਾ ਜ਼ਬਰਦਸਤ ਅਰ ਹਿਕਮਤ ਵਾਲਾ ਹੈ ॥ ੪੯ ॥ ਅਰ ਹਾਇ ਰੱਬਾ ਤੁਸੀਂ (ਉਸ ਸਮੇਂ ਕਾਫ਼ਰਾਂ ਦੀ ਦਸ਼ਾ) ਦੇਖੋ ਜਦੋਂ ਕਿ ਫ਼ਰਿਸ਼ਤੇ (ਏਹਨਾਂ) ਕਾਫ਼ਰਾਂ ਦੀਆਂ ਰੂਹਾਂ ਅਕੱਠਤ ਕਰ ਰਹੇ ਹਨ (ਅਰ) ਏਹਨਾਂ ਦੇ ਮੂੰਹਾਂ ਅਰ ਪਿਠਾਂ ਪਰ ਮਾਰਦੇ ਜਾਂਦੇ ਹਨ ਅਰ (ਕਹਿੰਦੇ ਜਾਂਦੇ ਹਨ ਕਿ ਲਓ ਭਾਈ) ਨਾਰਕੀ ਦੁਖ ਦੇ ਸੁਆਦ ਚੱਖੋ॥੫੦॥(ਕਾਫ਼ਰੋ! ਇਹ ਸਖ਼ਤੀ) ਇਹ ਤੁਹਾਡੇ ਉਹਨਾਂ (ਅਸ਼ੁਭ ਕਰਮਾਂ) ਦਾ ਫਲ ਹੈ ਜੋ ਤੁਸਾਂ ਆਪਣੀ ਹਥੀਂ ਪਹਿਲੋਂ ਥੀਂ ਗਲੇ ਹਨ ਅਰ ਇਸ ਕਾਰਨ ਕਿ ਖ਼ੁਦਾ ਤਾਂ ਕਦਾਪਿ (ਆਪਣਿਆਂ) ਬੰਦਿਆਂ ਪਰ ਜ਼ੁਲਮ ਨਹੀਂ ਕਰਦਾ ॥੫੧॥ ਫ਼ਿਰਾਊਨ ਦੀ ਜਾਤੀ ਅਰ ਓਹਨਾਂ ਦੇ ਅਗਲਿਆਂ ਦੀ ਰੀਤ (ਤਰੀਕ) ਦੇ ਭਾਵ ਜਿਨਹਾਂ ਨੇ ਖ਼ੁਦਾ ਦੀਆਂ ਆਇਤਾਂ ਥੀਂ ਇਨਕਾਰ ਕੀਤਾ ਤਾਂ ਖ਼ੁਦਾ ਨੇ ਉਹਨਾਂ ਦੇ ਗੁਨਾਹਾਂ ਦੇ ਬਦਲੇ ਉਨਹਾਂ ਨੂੰ ਧਰ ਦਬਾਇਆ ਨਿਰਸੰਦੇਹ ਅੱਲਾ ਜ਼ਬਰਦਸਤ ਹੈ (ਅਰ) ਉਸ ਦੀ ਮਾਰ ਬੜੀ ਸਖ਼ਤ ਹੈ॥੫੨॥ ਇਹ (ਸਜ਼ਾ ਉਨਹਾਂ ਲੋਗਾਂ ਨੂੰ) ਏਸ ਨਮਿਤ ਕਰਕੇ (ਦਿਤੀ ਗਈ) ਕਿ ਜੋ ਨਿਆਮਤ ਖ਼ੁਦਾ ਨੇ ਕਿਸੀ ਕੌਮ ਨੂੰ ਦਿਤੀ ਹੋਵੇ ਬਦਲਾ ਨਹੀਂ ਕਰਦਾ ਯਾਵਤ ਕਾਲ ਪ੍ਰਯੰਤ ਉਹ ਲੋਗ ਸ੍ਵਯੰ ਆਪਣੀ ਦਿਸ਼ਾ ਨੂੰ ਨਾ ਬਦਲਣ ਅਰ ਨਿਰਸੰਦੇਹ ਅੱਲਾ ਸੁਣਦਾ ਅਰ ਜਾਣਦਾ ਹੈ ॥ ੫੩ ॥ (ਕਾਫ਼ਰੋ! ਤੁਹਾਡੀ ਹੀ ਵਹੀ ਗਤ ਹੋਈ) ਜੈਸੀ ਗਤ ਫ਼ਿਰਊਨ ਦੀ ਜਾਤੀ ਅਰ ਉਨਹਾਂ ਲੋਗਾਂ ਦੀ ਹੋਈ ਜੋ ਉਨਹਾਂ ਨਾਲੋਂ ਪਹਿਲਾਂ ਸਨ ਕਿ ਉਹਨਾਂ ਨੇ ਆਪਣੇ ਪਰਵਰਦਿਗਾਰ ਦੀਆਂ ਆਇਤਾਂ ਨੂੰ ਝੂਠਿਆਂ ਠਹਿਰਾਇਆ ਤਾਂ ਅਸਾਂ ਉਹਨਾਂ ਨੂੰ ਉਹਨਾਂ ਦੇ ਗੁਨਾਹਾਂ ਦੇ ਬਦਲੇ ਰਿਵਾਣ (ਹਲਾਕ ਕਰ) ਕੇ ਮਾਰਿਆ ਅਰ ਫ਼ਿਰਾਊਨ ਦੇ ਲੋਗਾਂ ਨੂੰ ਗਰਕ ਕਰ ਦਿਤਾ ਅਰ (ਇਹ) ਸਾਰਿਆਂ (ਦੇ ਸਾਰੇ ਬੜੇ) ਪਾਪੀ ਸਨ ॥ ੫੪ ॥ ਅੱਲਾ ਦੇ ਸਮੀਪ ਉਹ ਲੋਗ ਪਸ਼ੂਆਂ ਨਾਲੋਂ ਭੀ ਨਫ਼ਿਟ ਹਨ ਜੋ ਕੁਫ਼ਰ ਕਰਦੇ ਹਨ ( ਅਰ ) ਓਹ ਕਿਸੀ ਪਰਕਾਰ ਭਰੋਸਾ ਕਰਨ ਵਾਲੇ ਨਹੀਂ ॥੫੫॥ ਜਿਨਹਾਂ ਨਾਲ ਤੁਸਾਂ (ਸੁਲਹਾ ਦੀ) ਪ੍ਰਤਗਿਆ ਕੀਤੀ ਪੁਨਰ ਆਪਣੇ ਬਚਨ (ਪੈਮਾਨ) ਨੂੰ ਹਰ ਵੇਰੀ ਤੋੜਦੇ ਅਰ ਓਹ ਨਹੀਂ ਡਰਦੇ ॥ ੫੬ ॥ ਤਾਂ ਯਦੀ ਤੁਸੀਂ ਉਨਹਾਂ ਨੂੰ ਲੜਾਈ ਵਿਚ (ਵਿਦਮਾਨ) ਵੇਖੋ ਤਾਂ ਉਹਨਾਂ ਪਰ ਐਸਾ ਜ਼ੋਰ ਪਾਓ ਕਿ ਜੋ ਲੋਗ ਉਹਨਾਂ ਦੀ ਪਿਠ ਪਿਛੇ ਹਨ ਇਹਨਾਂ ਨੂੰ ਭਜਦੇ ਦੇਖ ਕੇ ਉਹਨਾਂ ਨੂੰ ਭੀ ਭਜਨਾਂ ਹੀ ਪਵੇ ਭਲਾ ਇਹ ਇਬਰਤ (ਸਿਖਿਆ) ਪਕੜਨ ॥ ੫੭ ॥ ਅਰ ਯਦੀ ਤੁਹਾਨੂੰ ਕਿਸੇ ਜਾਤੀ ਦੀ ਤਰਫ਼ੋਂ ਦਗੇ ਦਾ ਭ੍ਰਮ ਹੋਵੇ ਤਾਂ (ਓਹਨਾਂ ਦੀ ਪ੍ਰਤਗਿਆ ਨੂੰ) ਪ੍ਰਤ੍ਯੁਤ ਬਰਾਬਰੀ ਦੀ ਦਿਸ਼ਾ ਵਿਚ ਓਹਨਾਂ ਦੀ ਤਰਫ਼ ਹੀ ਸੁਟ ਛਡੋ ਨਿਰਸੰਦੇਹ ਅੱਲਾ ਕਪਟੀਆਂ ਨੂੰ ਮਿੱਤਰ ਨਹੀਂ ਰਖਦਾ ॥ ੫੮ ॥ ਰੁਕੂਹ ੭ ॥

Digitized by Panjab Digital Library | www.panjabdigilib.org

ਅਰ ਕਾਫ਼ਰ ਏਹ ਨਾ ਸਮਝਣ ਕਿ ( ਸਾਡੇ ਵਸ ਵਿਚੋਂ) ਨਿਕਲ ਗਏ ਓਹ ਕਦਾਪਿ (ਸਾਨੂੰ) ਪਰਾਜੇ ਨਹੀਂ ਕਰ ਸਕਦੇ ॥ ੫੯ ॥ ਅਰ (ਮੁਸਲਮਾਨੋ ! ਸੂਰਬੀਰਤਾ ਦੇ) ਬਲ ਨਾਲ ਅਰ ਘੋੜਿਆਂ ਦੇ ਬੰਨ੍ਹੀ ਰਖਣ ਨਾਲ ਜਹਾਂ ਤਕ ਹੋ ਸਕੇ ਤੁਸੀਂ ਕਾਫ਼ਰਾਂ ( ਨਾਲ ਯੁਧ ਕਰਨ ) ਵਾਸਤੇ ਸਾਜੋ ਸਾਮਾਨ ਤਿਆਰ ਕਰੀ ਰਖੋ ਐਸੇ ਕਰਨ ਕਰਕੇ ਅੱਲਾ ਦੇ ਵੈਰੀਆਂ ਪਰ ਅਰ ਆਪਣਿਆਂ ਵੈਰੀਆਂ ਪਰ ਆਪਣੀ ਧਾਂਕ ਪਾਈ ਰਖੋਗੇ ਅਰ ( ਹੋਰ ) ਉਨਹਾਂ ਤੋਂ ਸਿਵਾ ਦੂਸਰਿਆਂ ਨੂੰ ਭੀ ਜਿਨਹਾਂ ਨੂੰ ਤੁਸੀਂ ਨਹੀਂ ਜਾਣਦੇ (ਅਰ) ਅੱਲਾ ਉਹਨਾਂ ( ਦੇ ਹਾਲ ) ਤੋਂ ( ਭਲੀ ਤਰਹਾਂ ) ਵਾਕਿਫ਼ ਹੈ ਅਰ ਖੁਦਾ ਦੇ ਰਾਹ ਪਰ ਜੋ ਕੁਛ ਭੀ ਖ਼ਰਚ ਕਰੋਗੇ ਉਹ ਤੁਹਾਨੂੰ ਪੂਰੇ ਪੂਰ ਭਰ ਦਿਤਾ ਜਾਵੇਗਾ ਅਰ ਤੁਹਾਡੇ ਪਰ (ਕਸੀ ਭਾਂਤ ਵੀ) ਜੁਲਮ ਨਹੀਂ ਹੋਵੇਗਾ ॥ ੬੦ ॥ ਅਰ ਯਦੀ (ਕਾਫ਼ਰ) ਸੁਲਾ ਵਲ ਝੁਕਣ ਤਾਂ ਤੁਸੀਂ ਭੀ ਸੁਲਾ ਵਲ ਝੁਕੋ ਅਰ ਅੱਲਾ ਪਰ ਭਰੋਸਾ ਰਖੋ ਕਿਉਂਕਿ ਉਹੀ ਸੁਣਦਾ ਅਰ ਜਾਣਦਾ ਹੈ॥ ੬੧ ॥ ਅਰ ਯਦੀ ਓਹਨਾਂ ਦਾ ਇਰਾਦਾ ਤੁਹਾਨੂੰ ਫ਼ਰੇਬ ( ਛਲ ) ਦੇਣ ਦਾ ਹੋਵੇਗਾ ਤਾਂ ਅੱਲਾ ਤੁਹਾਨੂੰ ਪੂਰਨ ਕਰਦਾ ਹੈ ਉਸੇ ਨੇ ਆਪਣੀ ਮਦਦ ਦਵਾਰਾ ਅਤੇ ਮੁਸਲਮਾਨਾਂ ਦਵਾਰਾ ਤੁਹਾਨੂੰ ਬਲ ਦਿਤਾ ॥ ੬੨ ॥ ਅਰ (ਮੁਸਲਮਾਨਾਂ) ਦੇ ਦਿਲਾਂ ਵਿਚ ਇਕ ਦੂਜੇ ਦੀ ਪ੍ਰੀਤੀ ਉਤਪਤ ਕਰ ਦਿਤੀ ਯਦੀ ਤੁਸੀਂ ਸੰਸਾਰ ਭਰ ਦੀਆਂ ਸਾਰੀਆਂ ਨਿਧੀਆਂ ਖਰਚ ਕਰ ਦੇਂਦੇ ਤਦ ਵੀ ਇਹਨਾਂ ਦੇ ਦਿਲਾਂ ਵਿਚ ਪ੍ਰੀਤੀ ਨਾ ਉਤਪਤ ਕਰ ਸਕਦੋਂ ਪਰੰਤੂ (ਓਹ ਤਾਂ) ਅੱਲਾ (ਹੀ ਸੀ ਜਿਸ) ਨੇ ਇਹਨਾਂ ਲੋਗਾਂ ਵਿਚ ਪ੍ਰੇਮ ਉਤਪਤ ਕਰ ਦਿਤਾ ਨਿਰਸੰਦੇਹ ਓਹ ਜ਼ਬਰਦਸਤ ( ਅਰ ) ਤਦਬੀਰਾਂ ਦਾ ਸਾਹਿਬ ਹੈ ॥ ੬੩ ॥ ਹੇ ਪੈਯੰਬਰ ਤੈਨੂੰ ਅੱਲਾ ਕਾਫੀ ਹੈ ਅਰ ਮੁਸਲਮਾਨ ਜੋ ਤੁਹਾਡੇ ਹੁਕਮ ਦੇ ਅਨੁਗਾਮੀ ਹਨ ਬਸ ਹਨ ॥ ੬੪ ॥ ਰੁਕੂਹ ॥ ੮ ॥

ਹੇ ਪੈਯੰਬਰ ਮੁਸਲਮਾਨਾਂ ਨੂੰ ਯੁਧ ਕਰਨ ਪਰ ਉਤੇਜਿਤ ਕਰੋ ਕਿ ਯਦੀ ਤੁਸੀ ( ਮੁਸਲਮਾਨਾਂ ) ਵਿਚੋਂ ਸਾਬਤ ਕਦਮ ਰਹਿਣ ਵਾਲੇ ਬੀਸ ਭੀ ਹੋਣਗੇ (ਤਾਂ ਉਹ) ਦੋ ਸੌ (ਕਾਫ਼ਰਾਂ) ਪਰ ਵਿਜਈ ਰਹਿਣਗੇ ਯਦੀ ਤੁਸਾਂ (ਮੁਸਲਮਾਨਾਂ) ਵਿਚੋਂ ( ਐਸੇ ) ਸੌ ਹੋਣਗੇ ਤਾਂ ਹਜ਼ਾਰ ਕਾਫ਼ਰਾਂ ਪਰ ਵਿਜਈ ਹੋਣਗੇ ਕਿਉਂ ਕਿ ਇਹ ( ਕਾਫ਼ਰ ) ਐਸੇ ਹਨ ਜੋ (ਅੰਤ ਦੇ ਫਲ ਨੂੰ) ਸਮਝਦੇ ਨਹੀਂ ॥੬੫॥ ( ਮੁਸਲਮਾਨੋ ! ) ਹੁਣ ਖੁਦਾ ਨੇ ਤੁਹਾਡੇ ਉਤੋਂ (ਆਪਣੀ ਆਗਿਆ ਦੀ ਗਠੜੀ) ਹੌਲੀ ਕਰ ਦਿਤੀ ਹੈ ਅਰ ਉਸ ਨੇ ਦੇਖਿਆ ਕਿ ਤੁਹਾਡੇ ਵਿਚ ( ਅਜੇ ) ਕਮਜ਼ੋਰੀ ਹੈ ਤਾਂ ਜੇਕਰ ਤੁਹਾਡੇ ਵਿਚੋਂ ਸਾਬਤ ਕਦਮ ਰਹਿਣ ਵਾਲੇ ਸੌ ਹੋਣਗੇ (ਤਾਂ ਉਹ) ਦੋ ਸੌ ( ਕਾਫ਼ਰਾਂ ) ਪਰ

Digitized by Panjab Digital Library | www.panjabdigilib.org

ਵਿਜੈਈ ਰਹਿਣਗੇ ਅਰ ਯਦੀ ਤੁਹਾਡੇ ਵਿਚੋਂ ( ਐਸੇ ਇਕ ) ਹਜਾਰ ਹੋਣਗੇ ( ਤਾਂ ਉਹ ) ਖ਼ੁਦਾ ਦੀ ਆਗਿਆ ਨਾਲ ਦੋ ਹਜ਼ਾਰ ( ਕਾਫ਼ਰਾਂ ) ਪਰ ਵਿਜੈਈ ਹੋਣਗੇ ਅਰ ਅੱਲਾ ਉਹਨਾਂ ਲੋਗਾਂ ਦਾ ਸਾਥੀ ਹੈ ਜੋ (ਲੜਾਈ ਦੀਆਂ ਤਕਲੀਫਾਂ ਵਿਚ) ਸਬਰ ਕਰਦੇ ਹਨ ॥੬੬॥ ਨਬੀ ਨੂੰ ਜੋਗ ਨਹੀਂ ਕਿ ਉਸ ਦੇ ਪਾਸ ਕੈਦੀ (ਬੰਦੀਵਾਨ) ਆਵਣ ਜਦੋਂ ਤਕ ਕਿ ਧਰਤੀ ਵਿਚ (ਕਾਫਰਾਂ ਨੂੰ) ਭਲੀ ਭਾਂਤ ਮਾਰ ਧਾੜ ਨਾਲੇ ਮੁਸਲਮਾਨੋਂ ਤੁਸੀਂ ਤਾਂ ਸੰਸਾਰੀ ਪਦਾਰਥਾਂ ਦੇ ਚਾਹੀ ਹੋ ਅਰ ਅੱਲਾ (ਤੁਹਾਨੂੰ) ਅੰਤ (ਦੇ ਪਦਾਰਥ) ਦੇਣੇ ਚਾਹੁੰਦਾ ਹੈ ਅਰ ਅੱਲਾ ਜ਼ਬਰਦਸਤ (ਅਰ) ਹਿਕਮਤ ਵਾਲਾ ਹੈ ॥ ੬੭ ॥ ਯਦੀ ਖ਼ੁਦਾ (ਦੀ ਤਰਫੋਂ) ਪਹਿਲਾਂ ਤੋਂ ਹੀ ਖੁਦਾਈ ਲਿਖਤ (ਪਰਾਪਤਿ) ਨਾ ਹੋਈ ਹੁੰਦੀ ਤਾਂ ਜੋ ਕੁਛ ਤੁਸਾਂ (ਬਦਰ ਦੇ ਕੈਦੀਆਂ ਪਾਸੋਂ ਉਨਹਾਂ ਨੂੰ ਛੋ ਦੇਣ ਦੇ ਬਦਲੇ ਵਿਚ) ਲੀਤਾ ਹੈ (ਇਸ ਕਸੂਰ ਦੀ ਸਜਾ) ਵਿਚ ਜਰੂਰ ਤੁਹਾਡੇ ਪਰ ਬੜਾ ਹੀ ਦੁਖ ਪਰਾਪਤ ਹੁੰਦਾ ॥ ੬੮ ॥ ਤਾਂ (ਖੈਰ) ਜੋ ਕੁਛ ਤੁਹਾਨੂੰ ਗਨੀਮਤ ਦਵਾਰਾ ਹਥ ਲਗਾ ਹੈ ਉਸ ਨੂੰ ਹਲਾਲ ਤੈਯੱਬ (ਪਵਿਤਰ) ਸਮਝ ਕਰ ਖਾਓ ਅਰ ਅੱਲਾ ਪਾਸੋਂ ਡਰਦੇ ਰਹੋ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੬੯ ॥ ਰੁਕੂਹ ੯ ॥

ਹੇ ਪੈਯੰਬਰ ( ਬਦਰ ) ਦੇ ਕੈਦੀ ਜੁ ਤੁਸਾਂ ਮੁਸਲਮਾਨਾਂ ਦੇ ਅਧਿਕਾਰ ਵਿਚ ਹਨ ਉਨਹਾਂ ਨੂੰ ਸਮਝਾ ਦਿਓ ਕਿ ਯਦੀ ਅੱਲਾ ਦੇਖੇਗਾ ਕਿ ਤੁਹਾਡੇ ਦਿਲਾਂ ਵਿਚ ਨੇਕੀ ਹੈ ਤਾਂ ਜੋ ( ਮਾਲ ) ਤੁਹਾਡੇ ਪਾਸੋਂ ਖੋਇਆ ਗਿਆ ਹੈ ਉਸ ਨਾਲੋਂ ਉੱਤਮ ਤੁਹਾਨੂੰ ਪ੍ਰਦਾਨ ਕਰ ਦੇਵੇਗਾ ਅਰ ਤੁਹਾਡੇ ਕਸੂਰ ਭੀ ਮਾਫ ਕਰੇਗਾ ਅਰ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੭੦ ॥ ਅਰ ਯਦੀ ਇਹ ਲੋਗ ਤੁਹਾਡੇ ਸਾਥ ਕਪਟ ਕੀਤਾ ਚਾਹੁਣਗੇ ਤਾਂ ਪਹਿਲੇ ਭੀ ਅੱਲਾ ਨਾਲ ਦਗਾ ਕਰ ਚੁਕੇ ਹਨ ਤਾਂ (ਉਸਦੀ ਸਜਾ ਵਿਚ) ਉਸ ਨੇ ਏਹਨਾਂ ਨੂੰ (ਤੁਹਾਡੇ ਹੱਥੀਂ) ਪਕੜਾ ਦਿਤਾ ਅਰ ਅੱਲਾ (ਸੰਪੂਰਨਾਂ ਦੇ ਹਾਲ ਤੋਂ)ਗਿਆਤ (ਅਰ) ਸਾਹਿਬ ਤਦਬੀਰ ਹੈ ॥ ੭੧ ॥ ਜੋ ਲੋਗ ਈਮਾਨ ਲੈ ਆਏ ਉਨਹਾਂ ਨੇ ਹਿਜਰਤਾਂ ਕੀਤੀਆਂ (ਘਰ ਬੂਹੇ ਛਡੇ) ਅਰ ਅੱਲਾਦੇ ਰਾਹ ਵਿਚ ਤਨ ਮਨ ਧਨ ਸਾਥ ਯੁਧ ਕੀਤੇ ਅਰ ਜਿਨਹਾਂ ਲੋਗਾਂ ਨੇ (ਹਿਜਰਤ ਕਰਨ ਵਾਲਿਆਂ ਨੂੰ) ਅਸਥਾਨ ਦਿਤੇ ਅਰ (ਉਨਹਾਂ ਦੀ)ਪਿਠ ਭਰੀ ਏਹੋ ਲੋਗ ਇਕ ਦੂਸਰੇ ਦੇ ਮਿਤ੍ਰ ਹਨ ਅਰ ਜੋ ਲੋਗ ਈਮਾਨ ਤਾਂ ਲੇ ਆਏ ਅਰ ਹਿਜਰਤ ਨਹੀਂ ਕੀਤੀ ਤਾਂ ਤੁਸਾਂ ਮੁਸਲਮਾਨਾਂ ਨੂੰ ਉਨਹਾਂ ਦੀ ਮਿਤ੍ਰਤਾਈ ਨਾਲ ਕੋਈ ਲਹਿਣੀ ਦੇਣੀ ਨਹੀਂ ਤਾਵਤਕਾਲ ਪ੍ਰਯੰਤ ਕਿ ਹਿਜਰਤ ਕਰਕੇ ਤੁਹਾਡੇ ਵਿਚ ( ਨਾ ) ਆ ਮਿਲਣ ਹਾਂ ਯਦੀ ਦੀਨ (ਦੇ ਬਾਰੇ) ਵਿਚ ਤੁਹਾਡੇ ਪਾਸੋਂ ਮਦਦ ਦੇ ਅਭਿਲਾਖੀ ਹੋਣ ਤਾਂ ਤੁਹਾਨੂੰ ਉਨਹਾਂ ਦੀ ਮਦਦ ਕਰਨੀ ਜੋਗ ਹੈ ਪਰੰਤੂ ਉਸ

Digitized by Panjab Digital Library | www.panjabdigilib.org

ਜਾਤੀ ਦੇ ਮੁਕਾਬਲੇ ਵਿਚ ਨਹੀਂ ਕਿ ਤੁਹਾਡੇ ਵਿਚ ਅਰ ਉਨਹਾਂ ਵਿਚ (ਸੁਲਾ ਦਾ) ਅਹਿਦ (ਪ੍ਰਤਿਗਿਜਾ) ਹੋਵੇ ਅਰ ਜੋ ਕੁਛ ਭੀ ਤੁਸੀਂ ਕਰਦੇ ਹੋ ਅੱਲਾ ਉਸ ਨੂੰ ਦੇਖ ਰਹਿਆ ਹੈ ॥ ੭੨ ॥ ਅਰ ਕਾਫਰ (ਭੀ) ਇਕ ਦੂਸਰੇ ਦੇ ਦੋਸਤ (ਹਨ) ਅਰ ਯਦੀ ਤੁਸੀਂ ਇਸ ਭਾਂਤ (ਆਪਸ ਵਿਚ ਮਿਤ੍ਰਤਾਈ) ਨਾ ਕਰੋਗੇ ਤਾਂ ਦੇਸ ਵਿਚ ਉਪੱਦਰ ਫੈਲ ਜਾਵੇਗਾ ਅਰ ਵਡਾ ਫਸਾਦ ( ਮਚੇਗਾ ) ॥ ੭੩ ॥ ਅਰ ਜੋ ਲੋਗ ਈਮਾਨ ਲੈ ਆਏ ਅਰ ਓਹਨਾਂ ਨੇ ਹਿਜਰਤ ਕੀਤੀ ਅਰ ਅੱਲਾ ਦੇ ਰਾਹ ਵਿਚ ਯੁਧ ਭੀ ਕੀਤੇ ਅਰ ਜਿਨਹਾਂ ਲੋਗਾਂ ਨੇ ( ਮੁਹਾਜਰਾਂ ਨੂੰ ) ਅਸ-ਥਾਨ ਦਿਤਾ ਅਰ ( ਉਨਹਾਂ ਦੀ ) ਮਦਦ ਕੀਤੀ ਇਹੋ ਹੀ ਪੱਕੇ ਮੁਸਲਮਾਨ ਹਨ ਏਹਨਾ ਵਾਸਤੇ ( ਗੁਨਾਹਾਂ ਦੀ ) ਮਾਫੀ ਹੈ ਤਥਾ ਇਜ਼ਤ ਦੀ ਰੋਜੀ ॥ ੭੪ ॥ ਅਰ ਜੋ ਲੋਗ ਪਿਛੋਂ ਈਮਾਨ ਲੈ ਆਏ ਅਰ ਓਹਨਾਂ ਨੇ ਹਿਜ-ਰਤ ਕੀਤੀ ਅਰ ਤੁਸਾਂ ਮੁਸਲਮਾਨਾਂ ਦੇ ਸਾਥ ਹੋ ਕੇ ਯੁਧ ਭੀ ਕੀਤੇ ਤਾਂ ਉਹ ਤੁਹਾਡੇ ਵਿਚ ਹੀ ਪ੍ਰਵਿਸ਼ਟ ਹਨ ਅਰ ਈਸ਼ਵਰੀ ਪੁਸਤਕ ਵਿਚ ਸੰਬੰਧੀ ਇਕ ਦੂਸਰੇ ਦੇ ਜ਼ਿਆਦਾ ਹੱਕਦਾਰ ਹਨ ਨਿਰਸੰਦੇਹ ਅੱਲਾ ਸੰਪੂਰਨ ਵਸਤਾਂ ਤੋਂ ਗਿਆਤ ਹੈ ॥ ੭੫ ॥ ਰੁਕੂਹ ੧੦ ॥ ਪਾਦ ੧ ॥

# ਸੂਰਤ ਤੌਬਾ ਮਦੀਨੇ ਵਿਚ ਉਤਰੀ ਅਰ ਇਸ ਦੀਆਂ ਇਕ ਸੌ ਉਨੱਤੀ ਆਯਤਾਂ ਅਰ ਸੋਲਾਂ ਰੁਕੂਹ ਹਨ।

ਜਿਨ੍ਹਾਂ ਭੇਦ ਵਾਦੀਆਂ ਦੇ ਸਾਥ ਤੁਸਾਂ (ਮੁਸਲਮਾਨਾਂ) ਨੇ (ਸੁਲਹਾ ਦਾ) ਅਹਿਦ (ਪ੍ਰਤਗਿਜਾ) ਕਰ ਰਖਿਆ ਸੀ (ਹੁਣ) ਅੱਲਾ ਅਰ ਰਸੂਲ ਦੀ ਤਰਫੋਂ ਉਨ੍ਹਾਂ ਨੂੰ ਸਪਸ਼ਟ ਜਵਾਬ ਹੈ ॥ ੧ ॥ ਤਾਂ ( ਤੇ ਹੇ ਦ੍ਵੈਤ ਵਾਦੀਓ ! ਅਮਨ ਦੇ ) ਚਾਰ ਮਹੀਨੇ (੧–ਜ਼ੀਕਾਦ ੨–ਜ਼ਿਲਹਜ ੩–ਮੁਹਰਮ ੪–ਰੱਜਬ) ਦੇਸ ਵਿਚ ਤੁਰੋ ਫਿਰੋ ਅਰ ਸਮਝੀ ਰਖੋ ਕਿ ਤੁਸੀਂ ਅੱਲਾ ਨੂੰ (ਕਿਸੀ ਪ੍ਰਕਾਰ ਭੀ) ਪਰਾਜੈ ਨਹੀਂ ਕਰ ਸਕੋਗੇ ਅਰ (ਅੰਤ ਨੂੰ) ਅੱਲਾ ਕਾਫਰਾਂ ਨੂੰ (ਮੁਸਲਮਾਨਾਂ ਦੇ ਹਥੋਂ ਸੰਸਾਰ ਵਿਚ ) ਬੇਪਤ ਕਰਨ ਵਾਲਾ ਹੈ ॥ ੨ ॥ ਅਰ ਹੱਜ ਅਕਬਰ ਦੇ ਦਿਨ ਅੱਲਾ ਅਰ ਉਸ ਦੇ ਰਸੂਲ ਦੀ ਤਰਫੋਂ ਲੋਗਾਂ ਨੂੰ ( ਖਬਰਦਾਰ ਕਰਨ ਵਾਸਤੇ ਆਮ ) ਮੁਨਾਦੀ ਕੀਤੀ ਜਾਂਦੀ ਹੈ ਕਿ ਅੱਲਾ ਅਰ ਉਸਦਾ ਰਸੂਲ ਦਵੈਤ ਵਾਦੀਆਂ ਵਲੋਂ ਹੱਥ ਧੋ ਬੈਠੇ ਹਨ ਪਰ ਜੇਕਰ ਤੁਸੀਂ ਤੋਬਾ ਕਰੋ ਤਾਂ ਇਹ ਤੁਹਾਡੇ ਵਾਸਤੇ ਭਲਾ ਹੈ ਅਰ ਯਦੀ (ਅਦਯਪਿ ਖੁਦਾ ਅਰ ਰਸੂਲ ਤੋਂ) ਬੇ ਮੁਖ ਰਹੇ ਤਾਂ ਸਮਝੀ ਰਖੋ ਕਿ ਤੁਸੀਂ ਅੱਲਾ ਨੂੰ ( ਕਿਸੀ ਤਰਹਾਂ ) ਪਰਾਜੈ ਨਹੀਂ ਕਰ ਸਕੋਗੇ ਅਰ ( ਹੇ ਪੈਯੰਬਰ ) ਕਾਫਰਾਂ ਨੂੰ ਭਿਆਨਕ ਦੁਖ ਦੀ ਖੁਸ਼ਖਬਰੀ ਸੁਣਾ ਦਿਓ ॥ ੩ ॥ ਹਾਂ ਭੇਦਵਾਦੀਆਂ ਵਿਚੋਂ ਜਿਨਹਾਂ ਨਾਲ ਤੁਸਾਂ

Digitized by Panjab Digital Library | www.panjabdigilib.org

(ਮੁਸਲਮਾਨਾਂ) ਨੇ (ਸੁਲਾਹ ਦਾ) ਅਹਿਦ (ਪ੍ਰਤਿਗਜ੍ਹਾ) ਕਰ ਰਖਿਆ ਸੀ ਪੁਨਰ ਓਹਨਾਂ ਨੇ ( ਅਹਿਦ ਦੇ ਪੂਰਾ ਕਰਨ ਵਿਚ ) ਤਹਾਡੇ ਸਾਥ ਕਿਸੀ ਤਰਹਾਂ ਦੀ ਕਮੀ ਨਹੀਂ ਕੀਤੀ ਅਰ ਨਾ ਤੁਹਾਡੇ ਮੁਕਾਬਲੇ ਵਿਚ ਕਿਸੇ ਦੀ ਸਹਾਇਤਾ ਕੀਤੀ ਓਹ ਵਖਰੇ ਹਨ ਓਹਨਾਂ ਦੇ ਸਾਥ ਜੋ ਸੰਧੀ ਪੱਤ੍ਰ ਹੈ ਉਸ ਨੂੰ ਓਸ ਸਮੇਂ ਤਕ ਜੋ ਓਹਨਾਂ ਨਾਲ ਨਿਯਤ ਕੀਤਾ ਸੀ ਪੂਰਾ ਕਰੋ ਕਿਉਂਕਿ ਅੱਲਾ ਉਨਹਾਂ ਲੋਗਾਂ ਨੂੰ ਜੋ ਡਰਦੇ ਹਨ ਦੋਸਤ ਰਖਦਾ ਹੈ ॥੪॥ ਪੁਨਰ ਜਦੋਂ ਹੁਰਮਤ (ਤਥਾ ਅਦਬ) ਦੇ ਮਹੀਨੇ ਨਿਕਸ ਜਾਣ ਤਾਂ ਭੇਦ ਵਾਦੀਆਂ ਨੂੰ ਜਿਥੇ ਦੇਖੋ ਕਤਲ ਕਰੋ ਅਰ ਉਨਹਾਂ ਨੂੰ ਪਕੜੋ ਅਰ ਉਹਨਾਂ ਦਾ ਮੁਹਾਸਰਾ (ਘੇਰਾ) ਕਰੋ ਅਰ ਸੰਪੂਰਨ ਘਾਤਾਂ ਦੀ ਜਗਹਾਂ ਓਹਨਾਂ ਦੀ ਤਾੜ ਵਿਚ ਬੈਠੋ ਪੁਨਰ ਯਦੀ ਉਹ ਲੋਗ ਤੋਬਾ ਕਰਨ ਅਰ ਨਮਾਜ਼ ਪੜ੍ਹਨ ਅਰ ਜ਼ਕਾਤ ਦੇਨ ਤਾਂ ਉਨਹਾਂ ਦਾ ਰਾਸਤਾ ਛੱਡ ਦਿਓ ਕਾਹੇ ਤੇ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੫ ॥ ਅਰ (ਹੇ ਪੈਯੰਬਰ) ਦ੍ਵੈਤ ਵਾਦੀਆਂ ਵਿਚੋਂ ਯਦੀ ਕੋਈ ਆਦਮੀ (ਤੁਹਾਡੇ) ਪਾਸੋਂ ਰਖਿਆ ਦਾ ਅਭਿਲਾਖੀ ਹੋਵੇ ਤਾਂ ( ਉਸ ਦੀ ) ਰਖਿਆ ਕਰੋ ਇਥੋਂ ਤਕ ਕਿ ਉਹ ਖੁਦਾ ਦੀ ਕਲਾਮ ਨੂੰ ਸੁਣ ਲੈ ਪੁਨਰ ਉਸਨੂੰ ਓਸ ਦੇ ਅਮਨ ਦੀ ਜਗਹਾਂ ਵਾਪਸ ਭੇਜ ਦਿਓ ਇਹ ਇਸ ਨਮਿਤ ਕਰਕੇ ਹੈ ਕਿ ਇਹ ਲੋਗ ( ਇਸਲਾਮ ਦੀ ਹਕੀਕਤ ਥੀਂ) ਵਾਕਿਫ ਨਹੀਂ ॥ ੬ ॥ ਰੁਕੂਹ ੧ ॥

ਅੱਲਾ ਦੇ ਸਮੀਪ ਅਰ ਉਸਦੇ ਰਸੂਲ ਦੇ ਸਮੀਪ ਭੇਦ ਵਾਦੀਆਂ ਦੀ ਸਮਸਿਆ ( ਪੱਤ੍ਰ ) ਕਿਸ ਤਰਹਾਂ ਇਤਬਾਰ ਜੋਗ ਹੋ ਸਕਦਾ ਹੈ ਪਰੰਚ ਜਿਨ੍ਹਾਂ ਲੋਗਾਂ ਦੀ ਸਾਥ ਤੁਸਾਂ (ਮੁਸਲਮਾਨਾਂ) ਨੇ ਹਰਾਮ ਮਸਜਦਿ ਦੇ ਸਮੀਪ(ਹੁਦੈਬੀਆ ਵਿਚ ਸਮਸਿਆ ਦਾ) ਅਹਿਦ (ਪ੍ਰਤਿਗਜ੍ਹਾ) ਕੀਤਾ ਸੀ ਤਾਂ ਯਾਵਤ ਕਾਲ ਪ੍ਰਯੰਤ ਓਹ ਲੋਗ ਤੁਹਾਡੇ ਸਾਥ ਸਿਧੇ ਰਹਿਣ ਤੁਸੀਂ ਭੀ ਉਨਹਾਂ ਸਾਥ ਸੁਧੇ ਰਹੋ ਕਾਹੇ ਤੇ ਅੱਲਾ ਓਹਨਾਂ ਲੋਗਾਂ ਨੂੰ ਜੋ ( ਬਦ ਅਹਿਦੀ ) ਪਾਸੋਂ ਬਚਦੇ ਹਨ ਦੋਸਤ ਰਖਦਾ ਹੈ ॥ ੭ ॥ (ਦ੍ਵੈਤ ਵਾਦੀਆਂ ਦਾ) ਅਹਿਦ ਕਿਸ ਤਰਹਾਂ ( ਰਹਿ ਸਕਦਾ ਹੈ) ਅਰ ਯਦੀਚ (ਏਹ ਲੋਗ) ਤੁਸਾਂ (ਮੁਸਲਮਾਨਾਂ) ਪਰ ਜੋਰ ਪਾ ਜਾਣ ਤਾਂ ਤੁਹਾਡੇ ਬਾਰੇ ਵਿਚ ਨਾ ਹੀ ਸਮੀਪ ਹੋਣ ਦਾ ਪਾਸ ਰਖਣ ਅਰ ਨਾਹੀਂ ਅਹਿਦ (ਪ੍ਰਤਿਗਜ੍ਹਾ) ਦਾ ( ਓਹ ) ਆਪਣੀਆਂ ਗਲਾਂ ਨਾਲ ਤਾਂ ਤੁਹਾਨੂੰ ਪ੍ਰਸੰਨ ਕਰ ਦੇਂਦੇ ਹਨ ਅਰ ਇਨ੍ਹਾਂ ਦੇ ਹਿਰਦੇ ਇਨਕਾਰ ਕਰਦੇ ਹਨ ਅਰ ਉਨ੍ਹਾਂ ਵਿਚੋਂ ਬਹੁਤੇ ਬਦਕਾਰ ਹਨ ॥ ੮ ॥ ਏਹ ਲੋਗ ਖੁਦਾ ਦੀਆਂ ਆਇਤਾਂ ਦੇ ਪ੍ਰਤੀਬਦਲ ਵਿਚ ਥੋੜਾ ਜੈਸਾ ਲਾਭ ਹਾਸਲ ਕਰਕੇ ਲਗੇ ਰੱਬ ਦੀ ਰਾਹੋਂ ਰੋਕਨੇ(ਕਿਹੋ ਜਹੀਆਂ) ਬੁਰੀਆਂ ਹਰਕਤਾਂ ਹਨ ਜੋ ਏਹ ਲੋਗ ਕਰ ਰਹੇ ਹਨ ॥੯॥ ਕਿਸੇ ਮੁਸਲਮਾਨ ਦੇ ਬਾਰੇ ਵਿਚ ਨਾ ਤਾਂ ਸਮੀਪਪੁਣੇ ਦਾ ਪਾਸ ਦ੍ਰਿਸ਼ਟੀ ਗੋਚਰ ਰਖਦੇ ਹਨ ਅਰ ਨਾ ਪ੍ਰਤਗਿਆ ਦਾ

Digitized by Panjab Digital Library | www.panjabdigilib.org

ਇਹੋ ਹੀ ਲੋਗ ਵਧੀਕੀ ਤੇ ਹਨ ॥ ੧੦ ॥ ਸੋ ਯਦੀ ਏਹ ਲੋਗ (ਕੁਫਰ ਤਥਾ ਸ਼ਿਰਕ ਥੀਂ) ਤੋਬਾ ਕਰਨ ਅਰ ਨਮਾਜ ਪੜ੍ਹਨ ਤਥਾ ਜ਼ਕਾਤ ਦੇਣ ਤਾਂ ਤੁਹਾਡੇ ਦੀਨੀ ਭਿਰਾ ਹਨ ਅਰ ਜੋ ਲੋਗ ਵਿਚਾਰ ਵਾਨ ਹਨ ਉਨਹਾਂ ਵਾਸਤੇ ਅਸੀਂ ਆਪਣੀਆਂ ਆਇਤਾਂ ਨੂੰ ਵਿਸਤੀਰਨ ਕਰਕੇ ਵਰਨਣ ਕਰਦੇ ਹਾਂ ॥੧੧॥ ਹੋਰ ਯਦੀ ਇਹ ਲੋਗ ਪ੍ਰਤਗਯਾ ਕਰ ਲੀਤਿਆਂ ਪਿਛੋਂ ਆਪਣੀਆਂ ਕਸਮਾਂ ਨੂੰ ਛੋੜ ਬੈਠਣ ਅਰ ਤੁਹਾਡੇ ਦੀਨ ਵਿਚ ਤਰਕ ਫਰਕ ਕਰਨ ਤਾਂ (ਏਹਨਾਂ) ਕੁਫਰ ਦੇ ਆਗੂਆ ਦੀਆਂ ਕਸਮਾਂ ਕੁਛ ਭੀ ( ਇਤਬਾਰ ਦੇ ਯੋਗ ) ਨਹੀਂ ਇਨਹਾਂ ਨਾਲ ( ਖ਼ੂਬ ) ਰਣ ਮੰਡੋ ਤਾਕਿ ਇਹ ਲੋਗ (ਆਪਣੀਆਂ ਸ਼ਰਾਰਤਾਂ ਤੋਂ) ਟਲ ਜਾਣ ॥ ੧੨ ॥ (ਮੁਸਲਮਾਨੋਂ) ਕੀ ਤੁਸੀਂ ਏਹਨਾਂ ਲੋਗਾਂ ਨਾਲ ਨਾ ਲੜੋਗੇ ਜਿਨਹਾਂ ਨੇ ਆਪਣੀਆਂ ਸਵਾਂ ਸੁਗੰਧਾਂ ਨੂੰ ਤੋੜ ਸਿਟਿਆ ਅਰ ਰਸੂਲ ਦੇ ਨਿਕਾਸ ਦੇਣ ਦਾ ਇਰਾਦਾ ਕੀਤਾ ਅਰ ਤੁਹਾਡੇ ਸਾਥ (ਛੇੜ ਖਾਨੀ ਭੀ) ਪਹਿਲੇ ਏਹਨਾਂ ਨੇ ਹੀ ਆਰੰਭ ਕੀਤੀ ਕੀ ਤੁਸੀਂ ਏਹਨਾਂ ਲੋਗਾਂ ਪਾਸੋਂ ਡਰਦੇ ਹੋ ਬਸ ਜੇਕਰ ਤੁਸੀਂ ਈਮਾਨ ਦਾਰੀ ਹੋ ਤਾਂ (ਇਨਹਾਂ ਨਾਲੋਂ) ਕਈ ਗੁਣਾਂ ਵਧਕੇ ਖੁਦਾ ਹੱਕ ਦਾਰ ਹੈ ਕਿ ਤੁਸੀਂ ਉਸ ਪਾਸੋਂ ਡਰੋ ॥ ੧੩ ॥ ਏਹਨਾਂ ਲੋਗਾਂ ਸਾਥ ਲੜੋ ਖੁਦਾ ਤੁਹਾਡੇ ਹੀ ਹਥੋਂ ਇਨਹਾਂ ਨੂੰ ਸਜਾ ਦੇਵੇਗਾ ਅਰ ਏਹਨਾਂ ਨੂੰ ਰੁਸਵਾ ਕਰੇਗਾ ਅਰ ਇਨਹਾਂ ਪਰ ਤੁਹਾਨੂੰ ਵਿਜੈਤਾ ਦੇਵੇਗਾ ਅਰ ਮੁਸਲਮਾਨਾਂ ਦੀਆਂ ਛਾਤੀਆਂ ਨੂੰ ਸੀਤਲ ਕਰੇਗਾ॥੧੪॥ਅਰ ਮੁਸਲਮਾਨਾਂ ਦੇ ਦਿਲਾਂ ਦਾ ਕਰੋਧ ਦੂਰ ਕਰੇਗਾ ਅਰ ਅੱਲਾ ਜਿਸਦੀ ਚਾਹੇ ਤੋਬਾ ਪ੍ਰਵਾਨ ਕਰੇ ਅਰ ਅੱਲਾ ਜਾਨਣ ਹਾਰ ਅਰ ਹਿਕਮਤ ਵਾਲਾ ਹੈ ॥੧੫॥ (ਮੁਸਲਮਾਨੋ) ਕੀ ਤੁਸਾਂ ਐਸੇ ਸਮਝ ਰਖਿਆ ਹੈ ਕਿ (ਸਸਤੇ) ਛੁਟ ਜਾਓਗੇ ਅਰ ਅਜੇ ਅੱਲਾ ਨੇ ਓਹਨਾਂ ਲੋਗਾਂ ਨੂੰ (ਭਲੀ ਤਰਹਾਂ ਠੋਕ ਬਜਾ ਕੇ) ਦੇਖਿਆ ਤਕ (ਭੀ) ਨਹੀਂ ਕਿ ਕੋਣ ਤੁਹਾਡੇ ਵਿਚੋਂ ਯੁਧ ਕਰਦੇ ਅਰ ਅੱਲਾ ਉਸ ਦਾ, ਰਸੂਲ ਅਰ ਮੁਸਲਮਾਨਾ ਨੂੰ ਛਡਕੇ ਕਿਸੇ ਨੂੰ ਆਪਣਾ ਮਿੱਤਰ ਨਹੀਂ ਰਖਦੇ ਅਰ ਜੋ ਕੁਝ ਭੀ ਤੁਸੀਂ ਕਰ ਰਹੇ ਹੋ ਅੱਲਾ ਨੂੰ ਤੁਹਾਡੇ (ਸਾਰਿਆਂ ਕਰਮਾਂ) ਦੀ ਖਬਰ ਹੈ ॥ ੧੬ ॥ ਰੁਕੂਹ ੨ ॥

ਭੇਦ ਵਾਦੀਆਂ ਨੂੰ ਕੋਈ ਹਕ ਨਹੀਂ ਕਿ ਆਪਣੀਆਂ ਜਾਨਾਂ ਉਤੇ ਕੁਫਰ ਦੀ ਗਵਾਹੀ ਦੇਂਦੇ ਹੋਏ ਅੱਲਾ ਦੀਆਂ ਮਸਜਦਾਂ ਆਬਾਦ ਰਖਣ ਅਰ ਇਹੋ ਲੋਗ ਹਨ ਜਿਨਹਾਂ ਦਾ ਕੀਤਾ ਕਤਰਿਆ ਸਭ ਅਕਾਰਥ ਹੋਇਆ ਅਰ ਇਹੋ ਹੀ ਲੋਗ ਜੋ ਸਦਾ ੨ ਨਰਕਾਂ ਵਿਚ ਰਹਿਣ ਵਾਲੇ ਹਨ ॥ ੧੭ ॥ (ਵਸਤੁਤਾ ਤਾਂ) ਅੱਲਾ ਦੀਆਂ ਮਸਜਦਾਂ ਨੂੰ ਵਹੀ ਆਬਾਦ ਰਖਦਾ ਹੈ ਜੋ ਅੱਲਾ ਅਰ ਪ੍ਰਲੋ ਦੇ ਦਿਨ ਪਰ ਭਰੋਸਾ ਲੇ ਆਇਆ ਅਰ ਨਮਾਜ਼ ਪੜ੍ਹਦਾ ਅਰ ਜ਼ਕਾਤ ਦੇਂਦਾ ਰਿਹਾ ਅਰ ਜਿਸ ਨੇ ਖੁਦਾ ਤੋਂ ਸਿਵਾ ਕਿਸੇ ਦਾ ਡਰ ਨਾ ਮੰਨਿਆਂ ਤਾਂ ਐਸਿਆਂ

Digitized by Panjab Digital Library | www.panjabdigilib.org

ਲੋਗਾਂ ਦੀ ਨਿਸਬਤ ਅਨੁਮਾਨ ਕੀਤਾ ਜਾਂਦਾ ਹੈ ਕਿ (ਅੰਤ ਨੂੰ) ਓਹਨਾਂ ਲੋਗਾਂ ਵਿਚ (ਜਾ ਪਰਾਪਤ) ਹੋਣਗੇ ਜੋ ਸਿਖਿਆ ਪਾ ਗਏ ॥ ੧੮ ॥ ਕੀ ਤੁਸਾਂ ਲੋਗਾਂ ਨੇ ਹਾਜੀਆਂ ਨੂੰ ਪਾਣੀ ਪਿਲਾਣ ਅਰ (ਅਦਬ ਤਥਾ) ਹੁਰਮਤ ਵਾਲੀ ਮਸਜਦ ਦੇ ਆਬਾਦ ਰਖਣ ਨੂੰ ਓਸ ਆਦਮੀ ਦੀ ਟਹਿਲ ਜੈਸਾ ਸਮਝ ਲੀਤਾ ਜੋ ਅੱਲਾ ਅਰ ਅੰਤ ਦੇ ਦਿਨ ਪਰ ਨਿਸਚਾ ਕਰਦਾ ਅਰ ਅੱਲਾ ਦੇ ਰਾਹ ਪੁਰ ਯੁਧ ਕਰਦਾ ਹੈ ਅੱਲਾ ਦੇ ਸਮੀਪ ਤਾਂ (ਇਹ ਲੋਗ ਇਕ ਦੂਸਰੇ ਦੇ) ਸਮਾਨ ਨਹੀਂ ਅਰ ਅੱਲਾ ਪਾਪੀਆਂ ਨੂੰ ਸਚਾ ਮਾਰਗ ਨਹੀਂ ਦਸਿਆ ਕਰਦਾ ॥ ੧੯ ॥ ਜੋ ਲੋਗ ਈਮਾਨ ਲੈ ਆਏ ਅਰ (ਦੀਨ ਵਾਸਤੇ) ਓਹਨਾਂ ਨੇ ਹਿਜਰਤ ਕੀਤੀ ਅਰ ਆਪਣੇ ਤਨ ਮਨ ਧਨ ਕਰਕੇ ਅੱਲਾ ਦੇ ਰਾਹ ਵਿਚ ਯੁਧ ਕੀਤੇ (ਇਹ ਲੋਗ) ਅੱਲਾ ਦੇ ਪਾਸ ਦਰਜੇ ਵਿਚ ਕਈ ਗੁਣਾਂ ਵਧ ਕੇ ਹਨ ਅਰ ਇਹੋ ਹਨ ਜੋ ਕ੍ਰਿਤਜ ੨ ਹੋ ਜਾਣ ਵਾਲੇ ਹਨ ॥ ੨੦ ॥ ਇਹਨਾਂ ਦਾ ਪਰਵਰਦਿਗਾਰ ਇਹਨਾਂ ਨੂੰ ਆਪਣੀ ਕਿਰਪਾ ਅਰ ਪ੍ਰਸੰਨਤਾਈ ਅਰ ਐਸਿਆਂ ਬਾਗਾਂ (ਵਿਚ ਰਹਿਣ) ਦੀ ਖੁਸ਼ਖਬਰੀ ਦੇਂਦਾ ਹੈ ਜਿਨਹਾਂ ਵਿਚ ਇਹਨਾਂ ਨੂੰ ਸਥਾਈ ਸੁਖ ਪਰਾਪਤ ਹੋਵੇਗਾ ॥ ੨੧ ॥ (ਅਰ ਇਹ ਲੋਗ) ਓਹਨਾਂ ਬਾਗਾਂ ਵਿਚ ਨਿਤਰਾਂ ੨ ਰਹਿਣ ਬਹਿਣਗੇ ਨਿਰਸੰਦੇਹ ਅੱਲਾ ਦੇ ਪਾਸ ਪੁੰਨਜ (ਦਾ) ਬੜਾ (ਜਖੀਰਾ ਵਿਦਮਾਨ)ਹੈ ॥ ੨੨ ॥ ਮੁਸਲਮਾਨੋ ਯਦੀ ਤੁਹਾਡੇ ਬਾਪ ਅਤੇ ਤੁਹਾਡੇ ਭਿਰਾ ਈਮਾਨ ਦੇ ਮੁਕਾਬਲੇ ਵਿਚ ਕੁਫਰ ਨੂੰ ਪਿਆਰਿਆਂ ਰਖਣ ਤਾਂਓਹਨਾਂ ਨੂੰ(ਆਪਣੇ) ਪਿਆਰੇ ਨਾ ਬਨਾਉ ਅਰ ਜੋ ਤੁਹਾਡੇ ਵਿਚੋਂ ਐਸੇ (ਪਿਤਾ ਭਿਰਾ) ਨਾਲ ਦੋਸਤੀ (ਦਾ ਵਿਹਾਰ) ਰਖੇਗਾ ਤਾਂ ਇਹੋ ਹੀ ਲੋਗਨਾਫਰ-ਮਾਨ ਹਨ ॥੨੩॥ ਸਮਝਾਦਿਓ ਕਿ ਯਦੀ ਤੁਹਾਡੇ ਪਿਤਾ ਅਰ ਤੁਹਾਡੇ ਪੁਤ੍ਰ ਅਰ ਤੁਹਾਡੇ ਭਰਾਤਾ ਅਰ ਤੁਹਾਡੀਆਂ ਤ੍ਰੀਮਤਾਂ ਅਰ ਤੁਹਾਡੇ ਕੁਟੰਬ ਦਾਰ ਅਰ ਧਨਜੋ ਤੁਸਾਂ ਏਕਤ੍ਰ ਕੀਤਾ ਹੈ ਅਰ ਸੌਦਾਗਰੀ ਜਿਸ ਦੇ ਮੰਦਾ ਪੜ ਜਾਣ ਦਾ ਤੁਹਾਨੂੰ ਅੰਦੇਸ਼ਾ ਹੋਵੇ ਅਰ ਮਕਾਨ ਜਿਨ੍ਹਾਂ ਵਿਚ ਤੁਸੀਂ ਪ੍ਰਸੰਨ ਹੋ (ਯਦੀਚ ਇਹਵਸਤਾਂ) ਅੱਲਾ ਅਰ ਉਸ ਦੇ ਰਸੂਲ ਅਰ ਅੱਲਾ ਦੇ ਰਾਹ ਵਿਚ ਜਹਾਦ ਕਰਨ ਨਾਲੋਂ ਤੁਹਾਨੂੰ ਅਧਿਕ ਪਿਆਰੇ ਹੋਣ ਤਾਂ (ਤਨੀਸੀ)ਧੀਰਜ ਕਰੋ ਇਥੋਂ ਤਕ ਕਿ ਜੋ ਕੁਛ ਖੁਦਾ ਨੇ ਕਰਨਾ ਹੈ (ਓਹ ਤੁਹਾਡੇ ਸਨਮੁਖ ਲਿਆ) ਇਸਥਿਤ ਕਰੇ ਅਰ ਅੱਲਾ ਆਗਿਆ ਭੰਗੀ ਲੋਗਾਂ ਨੂੰ ਸੁਸਿਖਿਆ ਨਹੀਂ ਦਿਤਾ ਕਰਦਾ ॥੨੪॥ ਰਕੂਹ੩ ॥

(ਮੁਸਲਮਾਨੋ ! ) ਅੱਲਾ ਕਈ ਵਾਰ ਤੁਹਾਡੀ ਮਦਦ ਕਰ ਚੁਕਾ ਹੈ ਅਰ ਹੁਨੈਨ ਦੇ ਦਿਨ ਜਦੋਂ ਕਿ ਤੁਹਾਡੇ ਬਾਹੁਲਤਾਈ ਨੇ ਤੁਹਾਨੂੰ ਉਨਮਤ (ਘੁਮੰਡੀ)ਕਰ ਦਿਤਾ ਸੀ (ਕਿ ਅਸੀਂ ਵਧੇਰੇ ਹਾਂ) ਤਾਂ ਓਹ ਵਧੀਕੀ ਤੁਹਾਡੇ ਕਿਸੇ ਭੀ ਕੰਮ ਨਾ ਆਈ ਅਰ (ਐਤਨੀ ਬੜੀ) ਵਿਸਤ੍ਰਿਤ ਧਰਤੀ ਦੇ ਹੁੰਦਿਆਂ

Digitized by Panjab Digital Library | www.panjabdigilib.org

ਸੌਂਦਿਆਂ ਲਗੀ ਤੁਹਾਨੂੰ ਤੰਗ ਕਰਨ ਅਤਏਵ ਤੁਸੀਂ ਪਿਠ ਦੇਕੇ ਭਗੌੜੇ ਹੋ ਗਏ ॥ ੨੫ ॥ ਪੁਨਰ ਖੁਦਾ ਨੇ ਆਪਣੇ ਰਸੂਲ ਪਰ ਅਰ (ਹੋਰ) ਮੁਸਲਮਾਨਾਂ ਪਰ ਆਪਣੀ (ਤਰਫੋਂ) ਧੀਰਜ ਪ੍ਰਾਪਤਿ ਕੀਤੀ ਅਰ (ਤੁਹਾਡੀ ਸਹਾਇਤਾ ਵਾਸਤੇ) ਐਸਿਆਂ (ਫਰਿਸ਼ਤਿਆਂ) ਦੇ ਦਲ ਭੇਜੇ ਜੋ ਤੁਹਾਡੀ ਦ੍ਰਿਸ਼ਟੀ ਥੀਂ ਅਗੋਚਰ ਸਨ ਅਰ (ਅੰਤ) ਕਾਫਰਾਂ ਨੂੰ ਕਰੜੀ ਮਾਰ ਮਾਰੀ ਅਰ ਕਾਫਰਾਂ ਨੂੰ ਇਹੋ ਸਜ਼ਾ ਹੈ ॥ ੨੬ ॥ ਪੁਨਰ ਏਸ ਥੀਂ ਪਸਚਾਤ ਖੁਦਾ ਜਿਸ ਨੂੰ ਚਾਹੇ ਤੌਬਾ ਨਸੀਬ ਕਰੇ ਅਰ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੨੭ ॥ ਮੁਸਲਮਾਨੋ ! ਦਵੈਤਵਾਦੀ ਤਾਂ (ਵਾਸਤ੍ਵਿਕ ਹੀ) ਭ੍ਰਸ਼ਟ ਹਨ ਤਾਂ ਇਸ ਬਰਸ ਦੇ ਪਿਛੋਂ (ਅਦਬ ਤਥਾ) ਹਰਮਤ ਵਾਲੀ ਮਸਜਦ ਦੇ ਪਾਸ ਭੀ ਨਾ ਫਟਕਣੇ ਪਾਉਣ ਅਰ ਯਦੀ (ਓਹਨਾਂ ਦੇ ਨਾਲ ਲੈਣ ਦੇਣ ਬੰਦ ਹੋ ਜਾਏ ਤਾਂ ) ਤੁਹਾਨੂੰ ਕੰਗਾਲੀ ਦਾ ਭੈ ਹੋਵੇ ਤਾਂ ਖੁਦਾ ( ਪਰ ਭਰੋਸਾ ਰਖੋ ਓਹ ) ਚਾਹੇਗਾ ਤਾਂ ਤੁਹਾਨੂੰ ਆਪਣੇ ਫ਼ਜ਼ਲ ਸਾਥ ਰਾਓ ਕਰ ਦੇਵੇਗਾ ਨਿਰਸੰਦੇਹ ਖੁਦਾ(ਸਾਰਿਆਂ ਦੀਆਂ ਨੀਯਤਾਂ ਨੂੰ)ਜਾਣਦਾ (ਅਰ) ਹਿਕਮਤ ਵਾਲਾ ਹੈ ॥ ੨੮ ॥ ਅਰ ਕਿਤਾਬਾਂ ਵਾਲੇ ਜੋ ਨਾ ਖੁਦਾ ਨੂੰ ਮੰਨਦੇ ਹਨ ( ਜੈਸਾ ਕਿ ਮੰਨਣਾ ਯੋਗ ਹੈ ) ਅਰ ਨਾਂ ਅੰਤ ਦੇ ਦਿਨ ਨੂੰ ਅਰ ਨਾ ਅੱਲਾ ਅਰ ਓਸਦੇ ਰਸੂਲ ਦੀਆਂ ਹਰਾਮ ਕੀਤੀਆਂ ਹੋਈਆਂ ਵਸਤਾਂ ਨੂੰ ਹਰਾਮ ਸਮਝਦੇ ਹਨ ਅਰ ਨਾ ਸਚੇ ਦੀਨ ਨੂੰ ਮੰਨਦੇ ਹਨ ( ਤਾਂ ਮੁਸਲਮਾਨੋਂ ) ਏਹਨਾਂ ਲੋਗਾਂ ਸਾਥ ਯੁਧ ਕਰੋ ਏਥੋਂ ਤਕ ਕਿ ਜ਼ਲੀਲ (ਕਮੀਨੇ)ਹੋ ਕੇ (ਆਪਣੀ) ਹਥੀਂ ਜਜ਼ੀਆ ਦੇਣ॥੨੯॥ਰੁਕੂਹ ੪॥

ਅਰ ਯਹੂਦੀ ਕਹਿੰਦੇ ਹਨ ਕਿ ਉਜ਼ੈਰ ਅੱਲਾ ਦੇ ਬੇਟੇ ਹਨ ਅਰ ਨਸਾਰਾ ਕਹਿੰਦੇ ਹਨ ਕਿ ਮਸੀਹ ਅੱਲਾ ਦੇ ਬੇਟੇ ਹਨ ਇਹ ਇਹਨਾਂ ਦੇ ਮੂੰਹ ਦੀਆਂ ਬਾਤਾਂ ਹਨ ਲਗੇ ਉਨਹਾਂ ਹੀ ਕਾਫਰਾਂ ਦੀ ਤਰਹਾਂ ਬਾਤਾਂ ਕਰਨ ਜੋ ਇਹਨਾਂ ਨਾਲੋਂ ਭੂਤ ( ਸਮੇਂ ਵਿਚ ਹੋਏ ) ਹਨ ਖੁਦਾ ਇਨਹਾਂ ਨੂੰ ਗਾਰਤ ਕਰੇ ( ਦੇਖੋ ਖਾਂ ) ਕਿਸ ਤਰਫ ਨੂੰ ਪੜੇ ਭਟਕੇ ਫਿਰਦੇ ਹਨ ॥ ੩੦ ॥ ਇਨਹਾਂ ਲੋਗਾਂ ਨੇ ਅੱਲਾ ਨੂੰ ਛਡ ਕੇ ਆਪਣੇ ਵਿਦਵਾਨ ਅਰ ਆਪਣੇ ਸੰਤੋਂ ਅਰ ਮਸੀਹ ਮਰੀਯਮ ਦੇ ਪੁਤ੍ਰ ਨੂੰ ਖੁਦਾ ਬਣਾ ਕੇ ਖੜਾ ਕੀਤਾ ਹਾਲਾਂ ਕਿ ( ਸਾਡੀ ਤਰਫੋਂ ) ਏਹਨਾਂ ਨੂੰ ਭੀ ਹੁਕਮ ਦਿਤਾ ਗਿਆ ਸੀ ਕਿ ਇਕ ਹੀ ਖੁਦਾ ਦੀ ਪੂਜਾ ਕਰਦਿਆਂ ਰਹਿਣਾਂ ਉਸ ਦੇ ਸਿਵਾ ( ਹੋਰ ) ਕੋਈ ( ਪੂਜ ) ਨਹੀਂ ਓਹ ਇਹਨਾਂ ਦੇ ਦਵੈਤਪੁਣੇ ਥੀਂ ਪਵਿਤ੍ਰ ਹੈ ॥ ੩੧ ॥ ਇਛਾ ਕਰਦੇ ਹਨ ਕਿ ਖੁਦਾ ਦਾ ਨੂਰ ( ਅਰਥਾਤ ਦੀਨ ਨੂੰ ) ਮੂੰਹ ਨਾਲ ( ਖੁਤਕਾਰ ਕਰਕੇ ) ਬੁਝਾ ਦੇਣ ਅਰ ਖੁਦਾ ਨੂੰ ਅਭੀਸ਼ਟ ਹੈ ਕਿ ਸਰਬ ਤਰਹਾਂ ਆਪਣੇ ਨੂਰ ( ਦੀ ਰੋਸ਼ਨੀ ) ਨੂੰ ਪੂਰਾ ਕਰਕੇ ਹਟੇ ਯਦਯਪਿ ਕਾਫਰਾਂ ਨੂੰ ਬੁਰਾ (ਹੀ ਕਿਉਂ ਨਾ)

Digitized by Panjab Digital Library | www.panjabdigilib.org

ਲਗੇ ॥ ੩੨ ॥ ਵਹੀ ( ਪਵਿਤ੍ਰ ਰੂਪ ਹੈ ) ਜਿਸ ਨੇ ਆਪਣੇ ਰਸੂਲ ਨੂੰ ਸਿਖਿਆ ਤਥਾ ਸਚਾ ਦੀਨ ਦੇਕਰ ਭੇਜਿਆ ਤਾਂ ਕਿ ਉਸ ਨੂੰ ਸਾਰਿਆਂ ਦੀਨਾਂ ਪਰ ਮੁਕਟਮਣੀ ਕਰੇ ਯਦਜਪਿ ਭੇਦ ਵਾਦੀਆਂ ਨੂੰ ਬੁਰਾ (ਹੀ ਕਿਉਂ ਨਾ) ਲਗੇ ॥ ੩੩ ॥ ਮੁਸਲਮਾਨੋ ! ( ਕਿਤਾਬਾਂ ਵਾਲੇ ) ਵਿਦਵਾਨਾਂ ਅਰ ਸੰਤਾਂ ਵਿਚੋਂ ਬਹੁਤੇ ਲੋਗਾਂ ਦੇ ਧਨ ਮਾਲ ਨਾਹਕ ( ਨਾ ਰਵਾ ) ਡਕਾਰ ਜਾਂਦੇ ਹਨ ਅਰ ਰੱਬ ਦੇ ਰਾਹੋਂ ( ਲੋਗਾਂ ਨੂੰ ) ਰੋਕਦੇ ਹਨ ਅਰ ਜੋ ਲੋਗ ਸੋਨਾ ਤਥਾ ਚਾਂਦੀ ਇਕਤ੍ਰ ਕਰਦੇ ਰਹਿੰਦੇ ਅਰ ਉਸ ਨੂੰ ਖੁਦਾ ਦੇ ਰਾਹ ਪਰ ਖਰਚ ਨਹੀਂ ਕਰਦੇ ਤਾਂ ( ਹੇ ਪੈਯੰਬਰ ) ਓਹਨਾਂ ਨੂੰ (ਪ੍ਰਲੋ ਦੇ ਦਿਨ ) ਭਿਆਨਕ ਦੁਖ ਦੀ ਖੁਸ਼ਖਬਰੀ ਸੁਣਾ ਦੇ ॥ ੩੪ ॥ ਜਦੋਂ ਕਿ ਉਸ ( ਸੋਨੇ ਚਾਂਦੀ ) ਨੂੰ ਨਾਰਕੀ ਅਗਨੀ ਵਿਚ ( ਰਖ ਕੇ ) ਸੰਤਪਤ ਕੀਤਾ ਜਾਵੇਗਾ ਪੁਨਰ ਉਸ ਦੇ ਸਾਥ ਉਨਹਾਂ ਦੇ ਮੱਥੇ ਅਰ ਓਹਨਾਂ ਦੀਆਂ ਵੱਖੀਆਂ ਅਰ ਓਹਨਾਂ ਦੀਆਂ ਪਿਠਾਂ ਦਾਗੀਆਂ ਜਾਣਗੀਆਂ ( ਅਰ ਉਨਹਾਂ ਨੂੰ ਕਹਿਆ ਜਾਵੇਗਾ ਕਿ ) ਇਹੋ ਹੀ ਹੈ ਜੋ ਤੁਸਾਂ (ਸੰਸਾਰ ਵਿਚ) ਆਪਣੇ ਵਾਸਤੇ ਇਕਤ੍ਰ ਕੀਤਾ ਸੀ ਤਾਂ ( ਅਜ ) ਆਪਣੇ ਇਕਤ੍ਰ ਕੀਤੇ ਦਾ ਰਸ ਚਖੋ॥ ੩੫॥ ਜਿਸ ਦਿਨ ਤੋਂ ਖੁਦਾਨੇ ਧਰਤ ਅਗਾਸ ਉਤਪਤ ਕੀਤੇ ਹਨ ( ਤਦ ਤੋਂ ਹੀ ) ਖੁਦਾ ਦੇ ਸਮੀਪ ਮਹੀਨਿਆਂ ਦੀ ਗਣਨਾ ਰਬੀ ਪੁਸਤਕ ਵਿਚ ਦਵਾਦਸ਼ ਮਹੀਨੇ (ਲਿਖੀ ਤੁਰੀ ਆਉਂਦੀ) ਹੈ ਜਿਨਹਾਂ ਵਿਚੋਂ ਚਾਰ (ਮਹੀਨੇ) ਅਦਬ ਦੇ ਹਨ ਦੀਨ (ਦਾ) ਸੂਧਾ (ਰਸਤਾ) ਤਾਂ ਇਹੋ ਹੈ ਤਾਂ ਤੁਸੀਂ (ਮੁਸਲਮਾਨੋ) ਏਹਨਾਂ ( ਅਮਨ ਤਥਾ ਅਦਬ ਦਿਆਂ ਚਾਰ ਮਹੀਨਿਆਂ ) ਵਿਚ ਆਪਣੇ ਉਪਰ ਕਸ਼ਟ ਨਾ ਕਰਨਾ ਅਰ ਤੁਸੀਂ ਮੁਸਲਮਾਨ ਸ੍ਰਵ ਦਵੈਤ ਵਾਦੀਆਂ ਸਾਥ ( ਇਕਤ੍ਰ ) ਹੋ ਕਰ ਲੜੋ ਜਿਸ ਤਰਹਾਂ ਓਹ ਤੁਹਾਡੇ ਸਾਥ ਲੜਦੇ ਹਨ ਅਰ ਯਾਦ ਰਖੋ ਕਿ ਅੱਲਾ ( ਵਧੀਕੀ ਥੀਂ ) ਬਚਨੇ ਵਾਲਿਆਂ ਦਾ ਸਾਥੀ ਹੈ ॥ ੩੬ ॥ ਮਹੀਨਿਆਂ ਦਾ ਵਧਾ ਦੇਣਾ ਭੀ ਇਕ ਅਧਿਕ ਕੁਫਰ ਹੈ ਜਿਸ ਕਰਕੇ ਕਾਫਰ (ਦੀਨ ਦੇ ਰਾਹੋਂ) ਕੁਰਾਹੀ ਹੁੰਦੇ ਰਹਿੰਦੇ ਹਨ (ਕਿ) ਇਕ ਬਰਸ ਇਕ ਮਹੀਨੇ ਨੂੰ ਹਲਾਲ ਸਮਝ ਲੈਂਦੇ ਹਨ ਅਰ ਓਸੇ ਨੂੰ ਦੂਸਰੇ ਬਰਸ ਹਰਾਮ ( ਏਸ ਬਾਤ ਵਿਚ ਓਹਨਾਂ ਦਾ ਇਹ ਅਭਿਪ੍ਰਾਯ ਹੁੰਦਾ ਹੈ ) ਕਿ ਅੱਲਾ ਨੇ ਜੋ ( ਚਾਰ ਮਹੀਨੇ ) ਹਰਾਮ ਕੀਤੇ ਹਨ ( ਆਪਣੀ ਗਿਣਤੀ ਨੂੰ ) ਓਸ ਗਿਣਤੀ ਨਾਲ ਪੂਰਾ ਕਰੀਏ ਅੱਲਾ ਦੇ ਹਰਾਮ ਕੀਤੇ ਹੋਏ ( ਮਹੀਨਿਆਂ ) ਨੂੰ ਹਲਾਲ ਕਰ ਲਈਏ ਏਹਨਾਂ ਦੀਆਂ ਬਦ ਕਿਰਦਾਰੀਆਂ ਏਹਨਾਂ ਨੂੰ ਭਲੀਆਂ ਕਰਕੇ ਦਿਖਾਈਆਂ ਗਈਆਂ ਹਨ ਅਰ ਅੱਲਾ ਓਹਨਾਂ ਲੋਗਾਂ ਨੂੰ ਜੋ ਕੁਫਰ ਕਰਦੇ ਹਨ ਸਿਖਿਆ ਦਾ (ਬਲ) ਨਹੀਂ ਦਿਤਾ ਕਰਦਾ ॥ ੩੭ ॥ ਰੁਕੂਹ ੫ ॥

ਮੁਸਲਮਾਨੋ ! ਤੁਹਾਨੂੰ ਕੀ ਹੋ ਗਿਆ ਹੈ ਕਿ ਜਦੋਂ ਤੁਹਾਨੂੰ ਕਹਿਆ

Digitized by Panjab Digital Library | www.panjabdigilib.org

ਜਾਂਦਾ ਹੈ ਕਿ ਖੁਦਾ ਦੇ ਰਾਹ ਵਿਚ (ਲੜਨ ਵਾਸਤੇ) ਨਿਕਲੋ ਤਾਂ ਤੁਸੀਂ ਧਰਤੀ ਉੱਤੇ ਢੇਰ ਹੁੰਦੇ ਜਾਂਦੇ ਹੋ ਕੀ ਆਖਰ ਦੇ ਬਦਲੇ ਸੰਸਾਰਿਕ ਜੀਵਨ ਪਰ ਪਰਸੰਨ ਹੋ ਬੈਠੇ ਹੋ (ਕਾਹੇ ਤੇ) ਅੰਤ ਦਿਆਂ (ਫਾਇਦਿਆਂ ਦੇ) ਮੁਕਾਬਲੇ ਵਿਚ ਸੰਸਾਰਿਕ ਜੀਵਨ ਦੇ ਲਾਭ ਅਤੀਵ ਨਿਰਮੂਲਕ ਹਨ ॥ ੩੮ ॥ ਯਦੀ ਤੁਸੀਂ ( ਬੁਲਾਇ ਜਾਣੇ ਪਰ ਭੀ ਖੁਦਾ ਦੇ ਰਾਹ ਪਰ ਲੜਨ ਵਾਸਤੇ ) ਨਾ ਨਿਕਸੋਗੇ ਤਾਂ ਖੁਦਾ ਤੁਹਾਨੂੰ ਬੜੀ ਬੁਰੀ ਮਾਰੇ ਮਾਰੇਗਾ ਅਰ ਤੁਹਾਡੀ ਪ੍ਰਤਿਨਿਧ ਵਿਚ ਦੂਸਰੇ ਲੋਗ ( ਰਸੂਲ ਦੀ ਸਹਾਇਤਾ ਨੂੰ ) ਲਿਆ ਅਸ-ਥਿਤ ਕਰੇਗਾ ਅਰ ਤੁਸੀਂ ਓਸ ਦਾ ਕੁਛ ਭੀ ਨਹੀਂ ਬਿਗਾੜ ਸਕੋਗੇ ਅਰ ਅੱਲਾ ਸੰਪੂਰਣ ਵਸਤਾਂ ਪਰ ਸ਼ਕਤੀਵਾਨ ਹੈ ॥ ੩੯ ॥ ਯਦੀਚ ਤੁਸੀਂ ਰਸੂਲ ਦੀ ਮਦਦ ਨਾ ਭੀ ਕਰੋ ( ਤਾਂ ਕੋਈ ਹਾਨੀ ਦੀ ਬਾਤ ਨਹੀਂ ਅਰ) ਖ਼ੁਦਾ ਨੇ ਆਪਣੇ ਰਸੂਲ ਦੀ ਸਹਾਇਤਾ ਓਸ ਵੇਲੇ ਭੀ ਕੀਤੀ ਸੀ ਜਦੋਂ ਕਾਫਰਾਂ ਨੇ ਓਸ ਨੂੰ (ਐਸਾ ਨਿਹਥਾ ਕਰਕੇ ਘਰੋਂ) ਕੱਢ ਕੇ ਬਾਹਰ ਕੀਤਾ (ਕਿ ਖਾਲੀ ਦੋ ਆਦਮੀ ਅਰ ) ਦੋਨੋਂ ਵਿਚੋਂ ਦੂਸਰੇ ( ਪੈਯੰਬਰ ) ਓਸ ਵੇਲੇ ਏਹ ਦੋਨੋਂ ( ਸੋਰ ਦੀ ) ਕੰਦ੍ਰਾ ਵਿਚ ਸਨ ( ਅਰ ) ਓਸ ਸਮੇਂ ( ਪੈਯੰਬਰ ) ਆਪਣੇ (ਦੂਸਰੇ) ਸਾਥੀ (ਅਬੂਬਕਰ) ਨੂੰ ਸਮਝਾ ਰਹਿਆ ਸੀ ਕਿ (ਕੁਛ) ਚਿੰਤਾ ਫਿਕਰ ਨਾ ਕਰ ਨਿਰਸੰਦੇਹ ਅੱਲਾ ਸਾਡਾ ਸੰਗੀ ਹੈ ਪੁਨਰ ਅੱਲਾ ਨੇ ( ਆਪਣੇ ਪੈਯੰਬਰ) ਪਰ ਆਪਣੀ (ਤਰਫੋਂ) ਧੀਰਜ ਬਖਸ਼ੀ ਓਹਨਾਂ ਨੂੰ (ਫਰਿਸ਼ਤਿਆਂ ਦੀਆਂ) ਐਸੀਆਂ ਫੌਜਾਂ ਸਾਥ ਜਿਨਹਾਂ ਨੂੰ ਤੁਸੀਂ ਲੋਗ ਨਾ ਦੇਖ ਸਕੇ ਸਹਾ-ਇਤਾ ਦਿਤੀ ਅਰ ਕਾਫਰਾਂ ਦੀ ਬਾਤ ਨੂੰ ਹੇਠੀ ਦੇ ਦਿਤੀ ਅਰ ( ਸਦਾ ) ਅੱਲਾ ਦਾ ਹੀ ਬੋਲ ਬਾਲਾ ਹੈ ਅਰ ਅੱਲਾ ਬਲਵਾਨ ਤਥਾ ਯੁਕਤੀ ਮਾਨ ਹੈ ॥ ੪੦ ॥ ਮੁਸਲਮਾਨੋ ! ਹੋਲੇ ('ਅਰਥਾਤ ਅਸ਼ਸਤ੍ਰੀ ਹੋਵੋ ਤਾਂ) ਹੋਰ ਭਰੇਰੇ ( ਅਰਥਾਤ ਸਨੱਧ ਬੱਧ ਹੋਵੇ ਤਾਂ ਰਬ ਦੇ ਰਾਹ ਵਿਚ ਲੜਨ ਵਾਸਤੇ ਰਸੂਲ ਦੇ ਬੁਲਾਵਨ ਕਰਕੇ ) ਨਿਕਸ ਖੜੇ ਹੋਇਆ ਕਰੋ ਅਰ ਆਪਣੇ ਤਨ ਧਨ ਸਾਥ ਖੁਦਾ ਦੇ ਮਾਰਗ ਵਿਚ ਯਧ ਕਰੋ ਯਦੀ ਤੁਸੀਂ ( ਯੁਧ ਦੇ ਗੁਣਾਵਗੁਣਾ ਨੂੰ ) ਜਾਣਦੇ ਹੋ ਤਾਂ ਇਹ ਤੁਹਾਡੇ ਹੱਕ ਵਿਚ (ਅਤੀ) ਉੱਤਮ ਹੈ ॥ ੪੧ ॥ ਯਦੀ ਲਾਭ ਹਥੋਂ ਹਥੀਂ ਹੁੰਦਾ ਅਰ ਮਾਰਗੀ ਭੀ ਵਿਚਕਾਰਲੇ ਦਰਜੇ ਦਾ ( ਹੁੰਦਾ ) ਤਾਂ (ਏਹ ਸ਼ੀਘਰ ਹੀ) ਤੁਹਾਡੇ ਸਾਥ ਹੋ ਲੈਂਦੇ। ਪਰੰਤੂ ਏਹਨਾਂ ਨੂੰ ਮੁਸਾਫਰਤ ਦੁਰਾਡੀ ਮਾਲੂਮ ਹੋਈ ( ਯਦੀ ਤੁਸੀਂ ਪਿਛੇ ਰਹਿਣ ਦਾ ਕਾਰਣ ਪੁਛੋਗੇ ਤਾਂ ਇਹ) ਖੁਦਾ ਦੀਆਂ ਸੋਗੰਧਾਂ ਖਾ ਖਾਕੇ ਕਹਿਣਗੇ ਕਿ ਯਦੀ ਸਾਡੇ ਪਾਸੋਂ ਬਨ ਪੜਦਾ ਤਾਂ ਅਸੀਂ ਜਰੂਰ ਤੁਹਾਡੇ ਨਾਲ ਨਿਕਲ ਖੜੇ ਹੁੰਦੇ ਏਹ ਲੋਗ ( ਝੂਠੀਆਂ ਸੋਗੰਧਾਂ ਖਾ ਖਾ ਕੇ ਆਖਰਤ ਦੇ ਦੁਖ

Digitized by Panjab Digital Library | www.panjabdigilib.org

ਦੀ ਅਪੇਖਿਆ ਸਾਥ ) ਆਪਣੇ ਆਪ ਨੂੰ ਮੌਤ ਦੇ ਮੂੰਹ ਫੰਸਾ ਰਹੇ ਹਨ ਅਰ ਅੱਲਾ ਨੂੰ ਮਾਲੂਮ ਹੈ ਕਿ ਇਹ ਲੋਗ ਅਵਸ਼ ਮਿਥਿਆ ਵਾਦੀ ਹਨ ॥੪੨॥ ਰੁਕੂਹ ੬ ॥

ਖੁਦਾ ਤੁਹਾਡਾ ਕਸੂਰ ਮਾਫ ਕਰੇ ਤੁਸਾਂ ਏਹਨਾਂ ਨੂੰ ( ਪਿਛੇ ਰਹਿਣ ਦੀ ) ਆਗਿਆ ਹੀ ਕਿਉਂ ਦਿਤੀ ਓਸ ਸਮੇਂ ਤਕ (ਉਡੀਕਿਆ ਹੁੰਦਾ) ਕਿ ਤੁਹਾਡੇ ਪਰ ਸਚੇ ( ਅਲਗ ) ਪ੍ਰਗਟ ਹੋ ਜਾਂਦੇ ਅਰ ਝੂਠਿਆਂ ਨੂੰ ( ਅਲਗ ) ਮਾਲੂਮ ਕਰ ਲੈਂਦੇ ॥ ੪੩ ॥ ਜੋ ਲੋਗ ਖੁਦਾ ਅਰ ਦਿਨ ਕਿਆਮਤ ਦਾ ਨਿਸਚਾ ਰਖਦੇ ਹਨ ਓਹ ਤਾਂ ਤੇਰੇ ਪਾਸੋਂ ਏਸ ਬਾਤ ਦੀ ਵਿਦਾਇਗੀ ਮੰਗਦੇ ਨਹੀਂ ਕਿ ਆਪਣੇ ਤਨ, ਧਨ ਸਾਥ ਯੁਧ ਵਿਚ ਸਹਿਕਾਰੀ ਨਾ ਹੋਵਣ ਅਰ ਅੱਲਾ ਪਰਹੇਜ਼ਗਾਰਾਂ ਨੂੰ ਭਲੀ ਭਾਂਤ ਜਾਣਦਾ ਹੈ ॥ ੪੪ ॥ ( ਪਿਛੇ ਰਹਿ ਜਾਣ ਵਾਸਤੇ ) ਤੇਰੇ ਪਾਸੋਂ ਆਗਿਆ ਦੇ ਅਭਲਾਸ਼ੀ ਉਹੀ ਲੋਗ ਹੁੰਦੇ ਹਨ ਜੋ ਅੱਲਾ ਦਾ ਅਰ ਅੰਤਮ ਦਿਨ ਦਾ ਭਰੋਸਾ ਨਹੀਂ ਰਖਦੇ ਅਰ ਉਨਹਾਂ ਦੇ ਦਿਲ ਭ੍ਰਮ ਵਿਚ ਪੜੇ ਹੋਏ ਹਨ ਤਾਂ ਉਹ ਆਪਣੀ ਭ੍ਰਾਮਰੀ ( ਦਸ਼ਾ ) ਵਿਚ ਹੈਰਾਨ ਹਨ (ਕਿ ਕੀ ਕਰੀਏ ਕੀ ਨਾ ਕਰੀਏ ) ॥੪੫॥ ਅਰ ਯਦੀ ਏਹ ਲੋਗ ( ਦਿਲ ਵਿਚ ਘਰੋਂ) ਨਿਕਸਣ ਦਾ ਇਰਾਦਾ ਰਖਦੇ ਹੁੰਦੇ ਤਾਂ ਓਸ ਵਾਸਤੇ ਕੋਈ ਪ੍ਰਬੰਧ ਕਰਦੇ ਪਰ ਕਰਦੇ ਪਰੰਚ ਅੱਲਾ ਨੂੰ ਏਹਨਾਂ ਦਾ ਆਪਣੇ ਥਾਓਂ ਹਿਲਣਾ ਹੀ ਨਾ ਪਸੰਦ ਹੋਇਆ ਤਾਂ ਉਸ ਨੇ ਏਹਨਾਂ ਨੂੰ ਆਲਸੀ ਬਣਾ ਦਿਤਾ ( ਮਾਨੋਂ ਏਹਨਾਂ ਨੂੰ ) ਕਹਿਆ ਗਇਆ ਕਿ ਜਿਥੇ ਹੋਰ ( ਥਕੇ ਮਾਂਦੇ ) ਬੈਠੇ ਹੋਏ ਹਨ ਤੁਸੀਂ ਭੀ ਓਹਨਾਂ ਦੇ ਸਾਥ ਬੈਠੇ ਰਹੋ ॥ ੪੬ ॥ ਯਦੀ ਏਹ ਲੋਗ ਤੁਸਾਂ (ਮੁਸਲਮਾਨਾ) ਵਿਚ ( ਰਲ ਕੇ) ਨਿਕਲਦੇ ਭੀ ਤਾਂ ਬਸ ਤੁਹਾਡੇ ਵਿਚ ਹੋਰ ਵਧੇਰੀਆਂ ਖਰਾਬੀਆਂ ਹੀ ਪਾ ਦੇਂਦੇ ਅਰ ਤੁਹਾਡੇ ਵਿਚ ਫਸਾਦ ਫੈਲਾ ਦੇਣ ਦੀ ਇਛਾ ਨਾਲ ਤੁਹਾਡੇ ਮਧ੍ਯ ਵਿਚ (ਇਤਾਂ ਉਤਾਂ) ਪਏ ਦੌੜੀ ਫਿਰਦੇ । ( ਸੋ ਅਲਗ ) ਅਰ ਤੁਹਾਡੇ ਵਿਚ ਕਈਕੁ ਲੋਗ ਐਸੇ ਭੀ ਹਨ ਜੋ ਉਨਹਾਂ ਦੀ ਸੁਣ ਲੈਂਦੇ ਹਨ ਅਰ ਅਲਾ ਅਖਾੜ ਭੂਤੀਆਂ ਨੂੰ ਭਲੀ ਤਰਹਾਂ ਜਾਣਦਾ ਹੈ ॥੪੭॥(ਹੇ ਪੈਯੰਬਰ) ਓਹਨਾਂ ਨੇ ਪਹਿਲੇ ਭੀ ਫਸਾਦ ਪਾ ਦੇਣਾ ਚਾਹਿਆ ਅਰ ਤੁਹਾਡੇ (ਵਿਗਾੜ) ਵਾਸਤੇ ਤਦਬੀਰਾਂ ਦੀ ਉਲਟ ਪਲਟ ਕਰਦੇ ਰਹੇ ਏਥੋਂ ਤਕ ਕਿ ਖੁਦਾਈ ਮਦਦ ਦੀ ਸਚੀ ਪ੍ਰਤੱਗਿਆ ਆ ਪਹੁੰਚੀ ਅਰ ਖੁਦਾ ਦੀ ਆਗਿਆ ਆ ਪਰਗਟ ਹੋਈ ਅਰ ਓਹਨਾਂ ਨੂੰ ਨਾਗਵਾਰ (ਅਪ੍ਰਸੰਨ) ਹੀ ਗੁਜਰਿਆ ॥੪੮॥ ਅਰ ਓਹਨਾਂ ਵਿਚੋਂ ਉਹ ਪੁਰਖ ਹੈ ਜੋ (ਤੁਹਾਡੇ ਅਗੇ) ਦਰਖਾਸਤ ਕਰਦਾ ਹੈ ਕਿ ਮੈਨੂੰ ਰਹਿ ਜਾਣ ਦੀ ਆਗਿਆ ਦੀਜੀਏ ਅਰ ਮੈਨੂੰ ਬਲਾ ਵਿਚ ਨਾ ਫਸਾ- ਵਾਇਏ। ਸੁਣੀਏ ਜੀ ! ਏਹ ਲੋਗ (ਆਪ) ਬਲਾ ਵਿਚ ਆ ਡਿਗੇ ਹਨ ਅਰ

Digitized by Panjab Digital Library | www.panjabdigilib.org

ਨਿਰਸੰਦੇਹ ਨਰਕ (ਸੰਪੂਰਨ) ਕਾਫਰਾਂ ਨੂੰ ਘੇਰੀ ਬੈਠਾ ਹੈ ॥ ੪੯ ॥ (ਹੇ ਪੈਯੰਬਰ) ਯਦੀ ਤੁਹਾਨੂੰ ਕੋਈ ਸੁਭੀਤਾ (ਭਲਾਈ) ਪਰਾਪਤ ਹੋ ਜਾਵੇ ਤਾਂ ਇਹਨਾਂ (ਮੁਨਾਫਕਾਂ) ਨੂੰ ਬੁਰੀ ਲਗਦੀ ਹੈ ਅਰ ਯਦੀ ਤੁਹਾਨੂੰ ਕੋਈ ਕੁਭੀਤਾ (ਵਿਪਤ) ਪਰਾਪਤ ਹੋ ਜਾਵੇ ਤਾਂ ਕਹਿਣ ਲਗ ਪੈਂਦੇ ਹਨ ਕਿ (ਏਸੇ ਭਾਵ ਪਰ) ਅਸਾਂ ਪਹਿਲਾਂ ਤੋਂ ਹੀ ਆਪਣਾ ਕੰਮ (ਠੀਕ ਠਾਕ) ਕਰ ਲੀਤਾ ਸੀ ਅਰ (ਏਹ ਕਹਿ ਕੇ) ਖੁਸ਼ ਖੁਸ਼ (ਤੁਹਾਡੇ ਪਾਸੋਂ ਉਠ ਕੇ) ਪਿਛਾਹਾਂ ਨੂੰ ਮੁੜ ਜਾਂਦੇ ਹਨ॥੫੦॥ (ਤੁਸੀਂ ਏਹਨਾਂ ਲੋਗਾਂ ਨੂੰ) ਕਹੋ ਕਿ ਜੋ ਕੁਝ ਖੁਦਾ ਨੇ ਸਾਡੇ ਵਾਸਤੇ ਲਿਖ ਰਖਿਆ ਹੈ ਓਸ ਤੋਂ ਸਿਵਾ (ਕੋਈ ਹੋਰ) ਵਿਪਤੀ ਤਾਂ ਸਾਨੂੰ ਪ੍ਰਾਪਤ ਨਹੀਂ ਹੋ ਸਕਦੀ ਉਹੀ ਸਾਡਾ ਕਰਨ ਕਾਰਨ ਹੈ ਅਰ ਮੁਸਲ-ਮਾਨਾਂ ਨੂੰ ਚਾਹੀਦਾ ਹੈ ਕਿ ਬਸ ਅੱਲਾ ਪਰ ਹੀ ਭਰੋਸਾ ਰਖਣ ॥ ੫੧ ॥ (ਏਹਨਾਂ ਨੂੰ) ਕਹੋ ਕਿ ਤੁਸੀਂ ਸਾਡੇ ਹਕ ਵਿਚ ਭੀ ਆਸ਼ਾ ਰਖਦੇ ਹੋ ਕਿ ਦੋ ਭਲਾ-ਈਆਂ ਵਿਚੋਂ ਇਕ ਹੋ ਅਰ ਅਸੀਂ ਤੁਹਾਡੇ ਹਕ ਵਿਚ ਇਸ ਬਾਤ ਦੇ ਉਡੀਕਵਾਨ ਹਾਂ ਕਿ ਖੁਦਾ ਤੁਹਾਡੇ ਪਰ ਆਪਣੀ ਤਰਫੋਂ ਕੁਝ ਕਸ਼ਟ ਪ੍ਰਾਪਤ ਕਰੇ ਕਿੰਵਾ ਸਾਡਿਆਂ ਹਥਾਂ ਦਵਾਰਾ (ਤੁਹਾਨੂੰ ਕੋਈ ਸਜ਼ਾ ਪ੍ਰਾਪਤ ਕਰੇ) ਤਾਂ (ਭਲਾ) ਤੁਸੀਂ (ਭੀ) ਉਡੀਕ ਰਖੋ ਅਸੀਂ (ਭੀ) ਤੁਹਾਡੇ ਸਾਥ ਹੀ ਉਡੀਕਵਾਨ ਹਾਂ ॥ ੫੨ ॥ (ਇਹਨਾਂ ਲੋਗਾਂ ਨੂੰ) ਕਹੋ ਕਿ ਤੁਸੀਂ ਖੁਸ਼ਦਿਲੀ ਸਾਥ ਖਰਚ ਕਰਿਆ ਕਰੋ ਅਥਵਾ ਬੇ ਦਿਲੀ ਸਾਥ ਤੁਹਾਡੀ ਖੈਰਾਤ ਤਾਂ (ਖੁਦਾ ਦੇ ਪਾਸ) ਕਿਸੀ ਤਰਹਾਂ ਮਨਜ਼ੂਰ ਹੋਣੀ ਨਹੀਂ ਕਿਉਂਕਿ ਤੁਸੀਂ ਨਾ ਫੁਰਮਾਨ ਲੋਗ ਹੋ ॥ ੫੩ ॥ ਅਰ ਇਹਨਾਂ ਦਾ ਦਿਤਾ ਇਸ ਕਾਰਨ ਪ੍ਰਵਾਨ ਨਹੀਂ ਹੁੰਦਾ ਕਿ ਓਹ ਅੱਲਾ ਅਰ ਉਸ ਦੇ ਰਸੂਲ ਦੇ ਆਗਿਆ ਭੰਗ ਹਨ ਅਰ ਨਮਾਜ਼ ਪੜ੍ਹਨ ਆਉਂਦੇ ਹਨ ਤਾਂ ਬਸ ਅਲਸਾਏ ਹੋਏ ਅਰ (ਖੁਦਾ ਦੇ ਰਾਹ ਵਿਚ) ਖਰਚ ਕਰਦੇ ਹਨ ਤਾਂ ਬਸ ਕਪਟ ਨਾਲ ॥ ੫੪ ॥ ਤਾਂ (ਹੇ ਪੈਯੰਬਰ) ਨਾਂ ਤਾਂ ਏਹਨਾਂ ਦਾ ਧਨ ਪਦਾਰਥ ਤੁਹਾਡੇ ਵਾਸਤੇ ਅਚੰਭਾ ਰੂਪ ਹੋਂ ਅਰ ਨਾਂ ਏਹਨਾਂ ਦੀ ਅੰਸ (ਕਿ ਫੇਰ ਖੁਦਾ ਨੇ ਏਹਨਾਂ ਨੂੰ ਦੁਨੀਆਂ ਦੀਆਂ ਖੁਲਾਂ ਕਿਉਂ ਦੇ ਰਖੀਆਂ ਹਨ ਇਹ ਖੁਲਾਂ ਨਹੀਂ ਕਿੰਤੂ) ਖੁਦਾ ਦਾ ਸੰਕਲਪ ਹੈ ਕਿ ਸੰਸਾ-ਰਿਕ ਜੀਵਨ ਨਾਲ ਇਹਨਾਂ ਨੂੰ ਮਾਲ ਤਥਾ ਔਲਾਦ ਦੇ ਦੁਵਾਰਾ ਦੁਖਾਂ ਵਿਚ ਹੀ ਘੇਰੀ ਰਖੇ (ਇਥੋਂ ਤਕ ਕਿ) ਇਹਨਾਂ ਦੀ ਜਾਨ ਨਿਕਸ ਜਾਏ ਅਰ (ਓਸ ਸਮੇਂ ਭੀ) ਇਹ ਕਾਫਰ (ਹੀ) ਹੋਣ ॥ ੫੫ ॥ ਅਰ (ਮੁਸਲਮਾਨੋਂ ! ਇਹ ਮੁਨਾਫਕ ਤੁਹਾਡੇ ਸਾਹਮਣੇ) ਸੌਗੰਧਾਂ ਖਾਂਦੇ ਹਨ ਕਿ ਓਹ ਭੀ ਤੁਹਾਡੇ ਵਿਚੋਂ ਹੀ ਹਨ ਹਾਲਾਂ ਕਿ ਓਹ ਤੁਹਾਡੇ ਵਿਚੋਂ ਹੈਨ ਨਹੀਂ ਕਿੰਤੂ ਓਹ ਕਾਇਰ ਲੋਗ ਹਨ ॥ ੫੬ ॥ ਯਦੀ ਕਿਸੀ ਤਰਫੋਂ ਆਸਰਾ ਮਿਲੇ ਅਥਵਾ (ਛਿਪ

Digitized by Panjab Digital Library | www.panjabdigilib.org

ਜਾਣ ਵਾਸਤੇ) ਕੰਦਰਾ ਕਿੰਵਾ ਸਿਰਲੁਕਾਈ ਵਾਸਤੇ (ਕੋਈ ਹੋਰ) ਅਸਥਾਨ ਤਾਂ ਰਸੇ ਤੁੜਾ ੨ ਕੇ ਓਸੇ ਤਰਫ ਦੌੜ ਪੈਣ ॥ ੫੭ ॥ ਅਰ ਏਹਨਾਂ ਵਿਚ ਕਈ ਲੋਕ ਐਸੇ ਭੀ ਹਨ ਜੋ (ਲੋਗਾਂ ਦੇ) ਖੈਰਾਇਤੀ (ਮਾਲਾਂ ਦੀ ਤਕਸੀਮ) ਵਿਚ ਤੁਹਾਡੇ ਪਰ (ਬੇਇਨਸਾਫੀ ਦੀ ਤੁਹਮਤ) ਲਗਾਉਂਦੇ ਹਨ ਪੁਨਰ ਯਦੀ ਇਹਨਾਂ ਨੂੰ ਉਸ ਵਿਚੋਂ (ਇਹਨਾਂ ਦੀ ਇਛਾਨੁਸਾਰ) ਦਿਤਾ ਜਾਵੇ ਤਾਂ (ਬਸ)ਉਹ ਰਾਜ਼ੀ ਰਹਿੰਦੇ ਹਨ ਅਰ ਜੇਕਰ ਇਨਹਾਂ ਨੂੰ ਓਸ ਵਿਚੋਂ (ਇਨਹਾਂ ਦੀ ਇਛਾਨੁਸਾਰ) ਨਾ ਦਿਤਾ ਜਾਵੇ ਤਾਂ ਬਸ ਉਹ ਸ਼ੀਘਰ ਹੀ ਬਿਗੜ ਖੜੇ ਹੁੰਦੇ ਹਨ ॥ ੫੮ ॥ ਅਰ ਜੋ ਖੁਦਾ ਨੇ ਅਰ ਉਸ ਦੇ ਰਸੂਲ ਨੇ ਇਹਨਾਂ ਨੂੰ ਦਿਤਾ ਸੀ ਜੇਕਰ ਇਹ ਉਸ ਨੂੰ ਖੁਸ਼ੀ ਖੁਸ਼ੀ ਲੈ ਲੇਂਦੇ ਅਰ ਕਹਿੰਦੇ ਕਿ ਸਾਨੂੰ ਅੱਲਾ ਨਿਰਭਰ ਕਰਦਾ ਹੈ (ਅਰ ਹੁਣ ਨਾ ਦਿਤਾ ਤਾਂ ਕੀ ਹੋਇਆ) ਅਗੇ ਨੂੰ ਆਪਣੀ ਕ੍ਰਿਪਾ ਸਾਥ ਅੱਲਾ ਅਰ ਉਸਦਾ ਰਸੂਲ ਸਾਨੂੰ (ਬਹੁਤ ਕੁਛ) ਦੇਵੇਗਾ ਅਸੀਂ ਤਾਂ ਅੱਲਾ ਸਾਥ ਹੀ ਲਿਵ ਲਗਾਈ ਬੈਠੇ ਹਾਂ (ਤਾਂ ਇਹ ਇਹਨਾਂ ਵਾਸਤੇ ਕੈਸੀ ਹੀ ਭਲੀ ਬਾਤ ਹੁੰਦੀ ) ॥ ੫੯ ॥ ਰੁਕੂਹ ੭ ॥

ਦਾਨ (ਦੇ ਪਦਾਰਥ ਦਾ ਹਕ) ਬਸ ਫਕੀਰਾਂ ਦਾ ਹੀ ਹੈ ਅਰ ਮੁਹ-ਤਾਜਾਂ ਦਾ ਅਰ ਓਹਨਾਂ ਕੰਮ ਕਰਨ ਵਾਲਿਆਂ ਦਾ ਜੋ ਖੈਰਾਇਤ (ਦਾ ਮਾਲ ਵਸੂਲ ਕਰਨ) ਪਰ(ਮੁਕਰਰ)ਹਨ ਅਰ ਉਨਹਾਂ ਲੋਗਾਂ ਦਾ ਜਿਨਾਂ ਦੇ ਦਿਲਾਂ ਦਾ ਪਰਚਾਉਣਾ ਅਭੀਸ਼ਟ ਹੈ ਅਰ (ਹੋਰ ਕੈਦੀ ਗੁਲਾਮਾ ਦੀ) ਗਰਦਨ (ਨੂੰ ਕੈਦ ਵਿਚੋਂ ਛੁਡਾਣ) ਵਾਸਤੇ ਅਰ ਕਰਜ਼ਾ ਦਾਰਾਂ ਦੇ ਕਰਜੇ ਵਿਚੋਂ ਅਰ (ਹੋਰ) ਖੁਦਾਈ ਮਾਰਗ ( ਯੋਧਿਆਂ ਦੇ ਸ਼ਸਤ੍ਰ ਬਸਤ੍ਰਾਦਿ ) ਵਾਸਤੇ ਅਰ ਰਾਹੀਆਂ ( ਦੇ ਰਾਹ ਦੇ ਖਰਚ ) ਵਿਚ (ਏਹ ਹਕੂਕ) ਅੱਲਾ ਦੇ ਨਿਯਤ ਕੀਤੇ ਹੋਏ (ਹਨ) ਅਰ ਅੱਲਾ ਜਾਣੀ ਜਾਣ ( ਅਰ ) ਯੁਕਤੀਮਾਨ ਹੈ ॥ ੬੦ ॥ ( ਅਰ ਏਹਨਾਂ ਮੁਨਾਫਕਾ ) ਵਿਚੋਂ ( ਕਈਕੁ) ਐਸ ਭੀ ਹਨ ਜੋ ਪੈਯੰਬਰਾਂ ਨੂੰ ਦੁਖ ਦੇਂਦੇ ਅਰ ਕਹਿੰਦੇ ਹਨ ਕਿ ਏਹ ਪੁਰਖ ਕੰਨਾਂ ( ਦਾ ਬੜਾ ਕੱਚਾ ) ਹੈ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ( ਕੰਨਾਂ ਦਾ ਕੱਚਾ ਹੈ ਤਾਂ ਓਸਦੇ ਕੰਨਾਂ ਦਾ ਕੱਚਾ ਹੋਣਾ) ਤੁਹਾਡੀ ਭਲਾਈ ਦਾ ( ਕਾਰਨ ) ਹੈ ਉਹ ਅੱਲਾ ਦਾ ਨਿਸਚਾ ਰਖਦਾ ਹੈ ਅਰ ਮੁਸਲਮਾਨਾਂ (ਦੀ ਬਾਤ) ਦਾ ਭੀ ਨਿਸਚਾ ਰਖਦਾ ਹੈ ਅਰ ਜੋ ਲੋਗ ਤੁਹਾਡੇ ਵਿਚੋਂ ਈਮਾਨ ਲੈ ਆਏ ਹਨ ਓਹਨਾਂ ਵਾਸਤੇ ( ਸਿਰ ਤੋਂ ਲੈਕੇ ਪੈਰਾਂ ਤਕ ) ਰਹਿਮਤ ਹੈ ਅਰ ਜੋ ਲੋਗ ਅੱਲਾ ਦੇ ਰਸੂਲ ਨੂੰ ਦੁਖ ਦੇਂਦੇ ਹਨ ਉਨਹਾਂ ਨੂੰ ( ਪ੍ਰਲੈ ਦੇ ਦਿਨ ) ਭਿਆਨਕ ਕਸ਼ਟ ਹੋਵੇਗਾ ॥੬੧॥(ਮੁਸਲਮਾਨੋਂ ਇਹ ਲੋਗ) ਤੁਹਾਡੇ ਸਨਮੁਖ ਖੁਦਾ ਦੀਆਂ ਸੌਗੰਧਾਂ ਖਾਂਦੇ ਹਨ ਤਾ ਕਿ ਤੁਹਾਨੂੰ ਪਰਸੰਨ ਕਰ ਲੈਣ ਹਾਲਾਂ ਕਿ ਅੱਲਾ ਅਰ ਉਸ ਦਾ ਰਸੂਲ ਵਧੇਰਾ ਹੱਕ ਰਖਦੇ ਹੈਂ ਕਿ ਇਹ

Digitized by Panjab Digital Library | www.panjabdigilib.org

ਲੋਗ ਸਚੇ ਮੁਸਲਮਾਨ ਹਨ ਤਾਂ ਅੱਲਾ ਰਸੂਲ ਨੂੰ ਪ੍ਰਸੰਨ ਕਰੇਂ ॥ ੬੨ ॥

ਕੀ ਏਹਨਾਂ ਨੇ ਅਜੇਤਕ ਏਤਨੀ ਬਾਤ ਭੀ ਨਹੀਂ ਸਮਝੀ ਜੋ ਅੱਲਾ ਅਰ ਉਸ ਦੇ ਰਸੂਲ ਦੀ ਮੁਖਾਲਫਤ ਕਰਦਾ ਹੈ ਤਾਂ ਓਸਦੇ ਵਾਸਤੇ ਨਰਕਾਗਨੀ (ਤਿਆਰ ਹੈ) ਜਿਸ ਵਿਚ ਓਹ ਨਿਤਰਾਂ ੨ ਰਹੇਗਾ (ਅਰ) ਇਹ ਬੜੀ ਹੀ ਮੁਕਾਲਖ (ਦੀ ਬਾਤ) ਹੈ॥੬੩॥ਮੁਨਾਫਿਕ (ਏਸ ਬਾਤ ਥੀਂ ਭੀ) ਡਰਦੇ ਹਨ ਕਿ (ਰਬ ਨ ਕਰੇ) ਖੁਦਾ ਦੀ ਤਰਫੋਂ ਮੁਸਲਮਾਨਾਂ ਪਰ (ਪੈਗੰਬਰ ਦਵਾਰਾ) ਐਸੀ ਸੂਰਤ ਪਰਾਪਤ ਹੋਵੇ ਕਿ ਜੋ ਕੁਛ ਏਹਨਾਂ ਦੇ ਦਿਲਾਂ ਵਿਚ ਹੈ ਮੁਸਲਮਾਨਾਂ ਨੂੰ ਦਸ ਪਾ ਦੇਵੇ ( ਹੇ ਪੈਗੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ( ਅਛਾ ) ਹਸੋ ਜਿਸ ਗੁਲੋਂ ਤੁਸੀਂ ਡਰਦੇ ਹੋ ਉਸ ਨੂੰ ਤਾਂ ਖੁਦਾ ਪ੍ਰਗਟ ਕਰਕੇ ਹੀ ਰਹੇਗਾ ॥ ੬੪ ॥ ਅਰ ਯਦੀ ਤੁਸੀਂ ਏਹਨਾਂ ਲੋਗਾਂ ਪਾਸੋਂ ਪੁਛੋ (ਕਿ ਇਹ ਕੀ ਹਰਕਤ ਸੀ) ਤਾਂ ਓਹ ਬੀਸ ਬਿਸਵੇ ਏਹੀ ਉੱਤਰ ਦੇਣਗੇ ਕਿ ਅਸੀਂ ਤਾਂ ਐਸੇ ਹੀ ਗਲਾਂ ਬਾਤਾਂ ਅਰ ਹਾਸਾ ਮਖੌਲ ਕਰਦੇ ਸਾਂ ( ਹੇ ਪੈਗੰਬਰ ਏਹਨਾਂ ਨੂੰ ) ਕਹੋ ਕਿ ਤੁਸਾਂ ਖੁਦਾ ਦੇ ਸਾਥ ਹੀ ਹਾਸੀ ਕਰਨੀ ਸੀ ਅਰ ਓਸੇ ਦੀਆਂ ਆ-ਇਤਾਂ ਅਰ ਓਸੇ ਦੇ ਰਸੂਲ ਸਾਥ ॥ ੬੫ ॥ ਬਾਤੇਂ ਨਾ ਬਨਾਉ ! ਸਚ ਤਾਂ ਇਹ ਹੈ ਕਿ ਤੁਸੀ ਈਮਾਨ ਧਾਰਕੇ ਪਿਛੋਂ ਕਾਫਰ ਹੋ ਗਏ ਯਦੀ ਅਸੀਂ ਤੁਹਾਡੇ ਵਿਚੋਂ ਕਈਆਂ ਦਾ ਕਸੂਰ ਮਾਫ ਭੀ ਕਰ ਦੇਈਏ ਤਾਂ ਅਸੀਂ ਦੂਸਰਿਆਂ ਨੂੰ ਜਰੂਰ ਸਜਾ ਦੇਵਾਂਗੇ ਕਿ (ਅਸਲ ਵਿਚ) ਉਹੋ ਹੀ ਕਸੂਰਵਾਰ ਹਨ ॥ ੬੬ ॥ਰੁਕੂਹ੮॥

ਮੁਨਾਫਿਕ(ਦੰਬੀ)ਪੁਰਖ ਅਰ ਮੁਨਾਫਿਕ ਇਸਤ੍ਰੀਆਂ ਇਕ ਦਾ ਸਜਾਤੀ ਦੂਸਰਾ ਬੁਰੇ ਕੰਮ ( ਕਰਨ ) ਦੀ ( ਲੋਗਾਂ ਨੂੰ ) ਸਲਾਹ ਦੇਣ ਅਰ ਭਲੇ ਕਰਮ ( ਕਰਨ ਥੀਂ ) ਮਨਾਹੀ ਕਰਨ ਅਰ ( ਰਬ ਦੇ ਰਾਹ ਵਿਚ ਖਰਚ ਕਰਨ ਦਾ ਸਮਾਂ ਆ ਜਾਵੇ ਤਾਂ) ਆਪਣੀਆਂ ਮੁਠੀ ਮੀਟ ਬੈਠਣ ਇਹਨਾਂ ਲੋਗਾਂ ਨੇ ਅੱਲਾ ਨੂੰ ਭੁਲਾ ਦਿਤਾ ਤਾਂ (ਉਸ ਦੇ ਬਦਲੇ ਵਿਚ ਮਾਨੋਂ) ਅੱਲਾ ਨੇ ਭੀ ਉਨ੍ਹਾਂ ਨੂੰ ਭੁਲਾ ਦਿਤਾ ਕੋਈ ਭ੍ਰਮ ਨਹੀਂ ਕਿ ਮੁਨਾਫਿਕ ਬੜੇਹੀ ਅਮੋੜ ਹਨ ॥੬੭॥ ਮੁਨਾਫਿਕ ਪੁਰਖ ਅਰ ਮੁਨਾਫਿਕ ਤੀਵੀਆਂ ਅਰ ਕਾਫਰਾਂ ਦੇ ਭਾਗਾਂ ਵਿਚ ਖੁਦਾ ਨੇ ਨਰਕਾਗਨੀ ਦੀ ਪ੍ਰਤਗਿਆ ਨੀਯਤ ਕਰ ਲੀਤੀ ਹੈ ਕਿ ਉਹ ਲੋਗ ਨਿਤਰਾਂ ੨ ਓਸੇ ਵਿਖਜ ਹੀ ਰਹਿਣਗੇ ( ਅਰ ) ਉਹੀ ਉਹਨਾਂ ਨੂੰ ਨਿਰਭਰ ਕਰਨੇ ਯੋਗਯ ਹੈ ਅਰ ਖੁਦਾ ਨੇ ਏਹਨਾਂ ਨੂੰ ਫਿਟਕਾਰ ਦਿਤਾ ਹੈ ਏਨ੍ਹਾਂ ਵਾਸਤੇ ਹਮੇਸ਼ਾਂ ਦਾ ਦੁਖ ਹੈ ॥ ੬੮ ॥ ਕਿ ਜਿਸ ਤਰਹਾਂ ਤੁਹਾਡੇ ਨਾਲੋਂ ਤੁਹਾਡੇ ਪਹਿਲੇ ਬਹੁਤ ਵਧੀਕ ਬਲੀ ਸਨ ਅਰ ਧਨ ਪਦਾਰਥ ਤਥਾ ਮਾਲ ਅੰਸ ਭੀ (ਤੁਹਾਡੇ ਨਾਲੋਂ) ਅਧਿਕ ਰਖਦੇ ਸਨ ਤਾਂ ਓਹ ਆਪਣੇ ਹਿਸੇ ਦੇ (ਸਾਂਸਾਰਿਕ) ਫਾਇਦੇ ਭੋਗ ਗਏ ਸੋ ਤੁਸਾਂ ਭੀ ਆਪਣੇ ਹਿਸੇ ਦੇ(ਸਾਂਸਾਰਿਕ)ਲਾਭ ਲੈ ਲੀਤੇ ਅਰ ਜਿਸ

Digitized by Panjab Digital Library | www.panjabdigilib.org

ਤਰਹਾਂ ਤੁਹਾਡੇ ਨਾਲੋਂ ਪਹਿਲਿਆਂ ਨੇ ਆਪਣੇ ਹਿਸੇ ਦੇ (ਸਾਂਸਾਰਿਕ) ਫਾਇਦੇ ਲੀਤੇ ਸਨ ਅਰ ਜੈਸੀਆਂ ਬਾਤਾਂ ਓਹ ਲੋਗ ਕਰਿਆ ਕਰਦੇ ਸਨ ਲਗੇ ਤੁਸੀਂ ਭੀ ਵੈਸੀਆਂ ਹੀ ਬਾਤਾਂ ਕਰਨ ਇਹੋ ਹੀ (ਓਹ) ਲੋਗ (ਸਨ ਕਿ) ਸੰਸਾਰ ਵਿਚ ਅਰ ਅੰਤ ਨੂੰ ਉਨਹਾਂ ਦਾ ਕੀਤਾ ਕਤਰਿਆ (ਸਾਰਾ) ਅਕਾਰਥ ਹੋਇਆ ਅਰ ਇਹੋ ਹੀ ਹਾਨੀ ਵਿਚ ਵੀ ਰਹੇ ॥ ੬੯ ॥ ਕੀ ਏਹਨਾਂ (ਮੁਨਾਫਿਕਾਂ) ਨੂੰ ਓਹਨਾਂ ਲੋਗਾਂ ਦੀ ਖਬਰ ਨਹੀਂ ਮਿਲੀ ਜੋ ਏਹਨਾਂ ਨਾਲੋਂ ਭੂਤ ਸਮੇਂ ਵਿਚ ਹੋ ਚੁਕੇ ਹਨ (ਅਰਥਾਤ) ਨੂਹ ਦੀ ਕੌਮ ਅਰ ਆਦ ਅਰ ਸਮੂਦ ਅਰ ਇਬਰਾਹੀਮ ਦੀ ਕੌਮ ਅਰ ਮਦੀਨ ਦੇ ਲੋਗ ਅਰ ਅਪੁਠੀਆਂ ਹੋਈਆਂ ੨ ਵਸਤੀਆਂ (ਅਰਥਾਤ ਲੂਤ ਦੀ ਕੌਮ ਦੇ ਪਿੰਡਾਂ) ਦੇ ਵਸਣ ਵਾਲੇ ਇਹਨਾਂ (ਸਾਰਿਆਂ) ਦੇ ਪੈਗੰਬਰ ਏਹਨਾਂ ਦੇ ਪਾਸ ਖੁਲੇ ਡੁਲੇ ਚਮਿਤ-ਕਾਰੇ ਲੈ ਕੇ ਆਏ ਸੋ ਖੁਦਾ ਤਾਂ ਇਹਨਾਂ ਪਰ ਕਿਸ ਵਾਸਤੇ ਜ਼ੁਲਮ ਕਰਨ ਲਗਾ ਸੀ ਕਿੰਤੂ ਇਹ ਲੋਗ (ਖੁਦਾ ਦੀ ਆਗਿਆ ਟਾਲ ਕੇ) ਆਪ ਆਪਣੇ ਪਰ ਜ਼ੁਲਮ ਕਰਦੇ ਸਨ ॥ ੭੦ ॥ ਅਰ ਮੁਸਲਮਾਨ ਪੁਰਖ ਅਰ ਮੁਸਲਮਾਨ ਇਸਤ੍ਰੀਆਂ ਇਕ ਦੇ ਮਿਤ੍ਰ ਦੂਸਰੇ ਕਿ (ਲੋਗਾਂ ਨੂੰ) ਭਲੇ ਕਰਮ ਕਰਨ ਦੀ ਸਿਖਿਆ ਦੇਂਦੇ ਅਰ ਨਖਿਧ (ਕਰਮ) ਕਰਨ ਥੀਂ ਰੋਕਦੇ ਅਰ ਨਮਾਜ਼ ਪੜ੍ਹਦੇ ਅਰ ਜ਼ਕਾਤ ਦੇਂਦੇ ਅਰ ਅੱਲਾ ਤਥਾ ਉਸਦੇ ਰਸੂਲ ਦੇ ਹੁਕਮ ਪਰ ਚਲਦੇ ਹਨ ਇਹੋ ਹੀ ਲੋਗ ਹਨ ਜਿਨਹਾਂ (ਦੇ ਹਾਲ) ਪਰ ਪ੍ਰਮਾਤਮਾਂ ਸਮੀਪ ਦਯਾ ਕਰੇਗਾ ਨਿਰਸੰਦੇਹ ਅੱਲਾ ਜ਼ਬਰਦਸਤ (ਅਰ) ਸਾਇਬ ਤਦਬੀਰ ਹੈ ॥ ੭੧ ॥ ਭਰੋਸੇ ਵਾਲੇ ਪੁਰਖ ਅਰ ਭਰੋਸੇ ਵਾਲੀਆਂ ਇਸਤ੍ਰੀਆਂ ਸਾਥ ਅੱਲਾ ਨੇ (ਸਵਰਗ ਦੇ) ਬਾਗਾਂ ਦੀ ਪ੍ਰਤਿਗਿਆ ਕਰ ਲੀਤੀ ਹੈ ਜਿਨਹਾਂ ਦੇ ਨੀਚੇ ਨਹਿਰਾਂ ਪਈਆਂ ਚਲ ਰਹੀਆਂ ਹੋਣਗੀਆਂ (ਅਰ ਉਹ) ਉਨਹਾਂ ਵਿਚ ਨਿਤਰਾਂ ੨ ਰਹਿਣਗੇ ਅਰ (ਹੋਰ ਅੱਲਾ ਨੇ ਓਹਨਾਂ ਦੇ ਸਾਥ) ਨਿਤਰਾ ਸਵਰਗ ਵਿਚ ਉਤਮ ੨ ਮੰਦਰਾਂ ਦੀ (ਪ੍ਰਤਿਗਿਆ ਕਰ ਲੀਤੀ ਹੈ) ਅਰ ਖੁਦਾ ਦੀ ਪ੍ਰਸੰਨਤਾਈ (ਜੋ ਇਹਨਾਂ ਸਾਥ ਹੋਵੇਗੀ ਉਹ ਇਹਨਾਂ ਸੰਪੂਰਨ ਪਦਾਰਥਾਂ ਨਾਲੋਂ) ਵਧਕੇ ਇਹੋ ਹੀ (ਬਹੁਤ) ਬੜੀ ਸਫਲਤਾ ਹੈ ॥ ੭੨ ॥ ਰੁਕੂਹ ੯ ॥

ਹੇ ਨਬੀ ਕਾਫਰਾਂ ਅਰ ਮੁਨਾਫਿਕਾਂ ਦੇ ਨਾਲ ਯੁਧ ਕਰੋ ਅਰ ਇਹਨਾਂ ਪਰ ਸਖਤੀ ਕਰੋ (ਕਿ ਇਹ ਏਸੇ ਵਾਹੇ ਜੋਗੇ ਹਨ) ਅਰ ਇਹਨਾਂ ਦਾ ਨਿਵਾਸ ਅਸਥਾਨ ਨਰਕ ਹੈ ਅਤ ਓਹ (ਬਹੁਤ ਹੀ) ਮੰਦ ਅਸਥਾਨ ਹੈ ॥ ੭੩ ॥ (ਇਹ ਮੁਨਾਫਿਕ) ਅੱਲਾ ਦੀਆਂ ਸੌਗੰਦਾਂ ਖਾਂਦੇ ਹਨ ਕਿ ਅਸਾਂ ਤਾਂ ਇਹ (ਬੇਢੰਗੀ) ਬਾਤ ਨਹੀਂ ਕਹੀ ਹਾਲਾਂ ਕਿ ਜ਼ਰੂਰ ਓਹਨਾਂ ਨੇ ਕੁਫਰ ਦਾ ਕਲਮਾਂ ਕਹਿਆ ਅਰ ਇਸਲਾਮ ਧਾਰਨ ਕਰਕੇ ਪਿਛੋਂ ਕਾਫਰ

Digitized by Panjab Digital Library | www.panjabdigilib.org

ਹੋ ਗਏ ਅਰ (ਪੈਯੰਬਰ ਦਾ) ਮਾਨ ਭੰਗ ਕਰਨਾ ਚਾਹਿਆ ਜਿਸ ਪਰ ਇਹਨਾਂ ਨੂੰ ਪਹੁੰਚ ਨਾ ਹੋਈ ਅਰ ਇਹ ਲੋਗ ਕਿਸ ਬਾਤ ਪਰ ਵਿਗੜੇ ਏਸ ਉਤੇ ਕਿ ਆਪਣੀ ਕਿਰਪਾ ਨਾਲ ਅੱਲਾ ਨੇ ਅਰ ਓਸ ਦੇ ਰਸੂਲ ਨੇ ਇਹਨਾਂ ਨੂੰ ਮਾਲਦਾਰ ਕਰ ਦਿਤਾ ਸੋ ਇਹ ਲੋਗ ਜੇਕਰ ਹੁਣ ਵੀ ਤੌਬਾ ਕਰਨ ਤਾਂ ਇਹਨਾਂ ਵਾਸਤੇ ਭਲੀ ਬਾਤ ਹੈ ਅਰ ਯਦੀਚ ਨਾ ਮੰਨਣ ਤਾਂ ਅੱਲਾ ਇਹਨਾਂ ਨੂੰ ਸੰਸਾਰ ਵਿਚ ਤਥਾ ਅੰਤ ਨੂੰ (ਬੜਾ) ਭਿਆਣਕ ਦੁਖ ਦੇਵੇਗਾ ਅਰ ਸਾਰੇ ਸੰਸਾਰ ਪਰ ਨਾ ਕੋਈ ਇਹਨਾਂ ਦਾ ਹਾਮੀ ਹੋਵੇਗਾ ਅਰ ਨਾ ਕੋਈ ਮਦਦਗਾਰ ॥ ੭੪ ॥ ਅਰ ਇਹਨਾਂ (ਮੁਨਾਫਿਕਾਂ) ਵਿਚੋਂ ਕਈਕੁ ਲੋਗ ਐਸੇ ਭੀ ਹਨ ਜਿਨਹਾਂ ਨੇ ਖੁਦਾ ਦੇ ਸਾਥ ਪ੍ਰਤਿਗਿਆ ਕੀਤੀ ਸੀ ਕਿ ਯਦੀ ਓਹ ਆਪਣੇ ਫਜ਼ਲ ਨਾਲ ਸਾਨੂੰ (ਧਨ ਮਾਲ) ਦੇਵੇਗਾ ਤਾਂ ਅਸੀਂ ਜ਼ਰੂਰ ਦਾਨ ਕੀਤਾ ਕਰਾਂਗੇ ਅਰ ਜ਼ਰੂਰ ਹੀ ਧਾਰਮਿਕ ਪੁਰਖ ਹੋਕੇ ਰਹਾਂਗੇ ॥੭੫॥ ਪੁਨਰ ਜਦੋਂ ਖੁਦਾ ਨੇ ਉਹਨਾਂ ਨੂੰ ਆਪਣੇ ਫਜ਼ਲ ਨਾਲ (ਧਨ) ਪ੍ਰਦਾਨ ਕੀਤਾ ਤਾਂ ਲਗੇ ਓਸ ਵਿਚੋਂ ਬੁਖਲ ਕਰਨ ਅਰ ਮਨਮੁਖਤਾਈ ਕਰਕੇ (ਆਪਣੇ ਬਚਨ ਤੋਂ) ਬੇ ਮੁਖ ਹੋ ਗਏ ॥ ੭੬ ॥ ਤਾਂ ਫਲ ਇਹ ਨਿਕਸਿਆ ਕਿ ਓਸ ਦਿਨ ਤਕ ਕਿ ਇਹ ਖੁਦਾ ਸਾਥ ਮਿਲਣਗੇ (ਅਰਥਾਤ ਕਿਆਮਤ ਦੇ ਦਿਨ ਤਕ) ਖੁਦਾ ਨੇ ਉਹਨਾਂ ਦੇ ਦਿਲਾਂ ਵਿਚ ਨਫਾਕ ਪੈਦਾ ਕਰ ਦਿਤਾ ਇਸ ਵਾਸਤੇ ਕਿ ਓਹਨਾਂ ਨੇ ਜੋ ਖੁਦਾ ਸਾਥ ਪ੍ਰਤਗਿਆ ਕੀਤੀ ਸੀ ਉਸ ਨੂੰ ਪੂਰਿਆਂ ਨਾ ਕੀਤਾ ਅਰ (ਹੋਰ) ਏਸ ਵਾਸਤੇ ਕਿ ਕੂੜ ਮਾਰਿਆ ਕਰਦੇ ਸਨ ॥ ੭੭ ॥ ਕੀ ਉਹਨਾਂ ਨੇ ਇਤਨਾ ਭੀ ਨਾ ਸਮਝਿਆ ਕਿ ਅੱਲਾ ਇਹਨਾਂ ਦਿਆਂ ਭੇਦਾਂ ਨੂੰ ਅਰ ਇਹਨਾਂ ਦੀਆਂ ਸਰਗੋਸ਼ੀਆਂ ਨੂੰ ਜਾਣਦਾ ਹੈ ਅਰ ਇਹ ਕਿ ਅੱਲਾ ਗੁਪਤ ਬਾਤਾਂ ਨੂੰ ਭੀ ਭਲੀ ਤਰਹਾਂ ਜਾਣਦਾ ਹੈ ॥੭੮॥ ਇਹ ਹੀ ਤਾਂ ਹਨ ਕਿ ਮੁਸਲਮਾਨਾਂ ਵਿਚ ਜੋ ਲੋਗ (ਸਾਮਰਥ ਹਨ ਅਰ) ਪ੍ਰਸੰਨਤਾ ਪੂਰ-ਵਕ ਦਾਨ ਕਰਦੇ ਹਨ ਓਹਨਾਂ ਪਰ (ਪਾਖੰਡੀ ਹੋਣ ਦਾ) ਦੋਖ ਆਰੋਪਣ ਕਰਦੇ ਹਨ ਅਰ ਜੋ ਲੋਗ ਆਪਣੀ ਘਾਲ (ਦੀ ਕਮਾਈ) ਦੇ ਸਿਵਾ ਸਮਰਥ ਨਹੀਂ ਰਖਦੇ ਓਹਨਾਂ ਪਰ (ਨਾ ਹੱਕ ਦੀ ਸ਼ੇਖੀ ਦਾ) ਐਬ ਲਗਾਉਂਦੇ ਹਨ ਭਾਵਾਰਥ ਓਹਨਾਂ (ਸਾਰਿਆਂ) ਪਰ ਹੱਸਦੇ ਹਨ ਸੋ ਅੱਲਾ ਇਨ੍ਹਾਂ ਮਨਾਫਿਕਾਂ ਪਰ ਹਸਦਾ ਹੈ ਅਰ ਇਨਾਂ ਵਾਸਤੇ ਭਿਆਣਕ ਦੁਖ(ਤਿਆਰ)ਹੈ ॥੭੯॥(ਹੇ ਪੈਯੰਬਰ) ਤੁਸੀਂ ਇਨ੍ਹਾਂ ਦੇ ਹੱਕ ਵਿਚ ਬਖਸ਼ਸ਼ ਦੀ ਦੁਆ ਕਰੋ ਯਾ ਨਾਂ ਕਰੋ ਯਦੀ ਤੁਸੀਂ ਸੱਤਰ ਬਾਰ ਭੀ ਇਹਨਾਂ ਵਾਸਤੇ ਬਖਸ਼ਸ਼ ਦੀ ਦੁਆ ਕਰੋਗੇ ਤਾਂ ਖੁਦਾ ਕਦਾਪਿ ਇਹਨਾਂ ਦੀ ਭੁਲਣਾ ਨਹੀਂ ਬਖਸ਼ੇਗਾ ਇਹ ਇਹਨਾਂ ਦੇ ਏਸ ਕਰਮ ਦਾ ਦੰਡ ਹੈ ਕਿ ਇਹਨਾਂ ਨੇ ਅੱਲਾ ਅਰ ਓਸ ਦੇ ਰਸੂਲ ਸਾਥ ਕੁਫਰ ਕੀਤਾ

Digitized by Panjab Digital Library | www.panjabdigilib.org

ਅਰ ਅੱਲਾ (ਐਸਿਆਂ) ਧੂਰਤ ਲੋਗਾਂ ਨੂੰ ਸਿਖਿਆ ਦੀ (ਸਾਮਰਥ) ਨਹੀਂ ਪਰਦਾਨ ਕਰਦਾ ॥ ੮੦ ॥ ਰੁਕੂਹ ੧੦ ॥

ਜੋ ਰਸੂਲ ਖੁਦਾ ਥੀਂ ਅਲਗ ਹੋਕਰ ਪਿਛੇ ਬੈਠ ਰਹਿਣ ਵਾਲੇ ਖੁਸ਼ ਹੋਏ ਹਨ ਅਰ ਰਬ ਦੇ ਰਾਹ ਵਿਚ ਆਪਣੀ ਜਾਨ ਮਾਲ ਸਾਥ ਜਹਾਦ (ਯੁਧ) ਕਰਨਾ ਓਹਨਾਂ ਨੂੰ ਨਾ ਪਸੰਦ ਹੋਇਆ ਅਰ (ਲੋਗਾਂ ਨੂੰ ਭੀ) ਸਮਝਾਉਣ ਲਗੇ ਕਿ (ਐਸੀ) ਗਰਮੀ ਵਿਚ (ਘਰਾਂ ਥੀਂ) ਨਾ ਨਿਕਸਣਾ। ਏਹਨਾਂ ਲੋਗਾਂ ਨੂੰ ਕਹੁ ਕਿ ਗਰਮੀ ਤਾਂ ਨਰਕਾਗਨੀ ਦੀ ਬਹੁਤ ਕਰੜੀ ਹੈ ਹਾ ਦੇਵ ਏਹਨਾਂ ਨੂੰ (ਇਤਨੀ) ਸਮਝ ਹੁੰਦੀ ॥ ੮੧ ॥ ਸੋ ਇਹ ਲੋਗ ਹਸਣਗੇ ਥੋਹੜਾ ਅਰ ਰੋਣਗੇ ਬਹੁਤ (ਅਰ ਏਹ) ਓਹਨਾਂ ਕਰਮਾਂ ਦਾ ਬਦਲਾ (ਹੋਵੇਗਾ) ਜੋ (ਸੰਸਾਰ ਵਿਚ) ਕੀਤਾ ਕਰਦੇ ਸਨ ॥ ੮੨ ॥ ਤਾਂ ਯਦੀ ਖੁਦਾ ਤੁਹਾਨੂੰ ਏਹਨਾਂ ਦੰਬੀਆਂ ਦੇ ਕਿਸੇ ਟੋਲੇ ਦੀ ਤਰਫ ਪਰਤਾ ਕੇ ਲੈ ਜਾਵੇ ਅਰ (ਫੇਰ ਇਹ ਲੋਗ ਯੁਧ ਵਾਸਤੇ ਨਿਗਸਣ ਦੀ) ਤੁਸਾਂ ਪਾਸੋਂ ਆਗਿਆ ਪੁਛਣ ਤਾਂ ਤੁਸੀ (ਓਸ ਵੇਲੇ ਏਹਨਾਂ ਨੂੰ) ਕਹਿ ਦੇਣਾ ਕਿ ਤੁਸੀਂ ਨਾ ਤਾਂ ਕਦੀ ਮੇਰੇ ਸਾਥ ( ਯੁਧ ਵਾਸਤੇ ) ਨਿਕਸੋਗੇ ਅਰ ਨਾਂ ਮੇਰੇ ਸਾਥ ਹੋਕੇ ਕਿਸੇ ਦੁਸ਼ਮਨ ਨਾਲ ਲੜੋਗੇ( ਕਿਉਂਕਿ ) ਤੁਸੀਂ ਪਹਿਲੀ ਵੇਰੀ ( ਘਰਾਂ ਵਿਚ ) ਬੈਠਣ ਨਾਲ ਪਰਸੰਨ ਹੋਏ ਹੁਣ ਭੀ ਫਾਡੀਆਂ ਦੇ ਸਾਥ ( ਘਰਾਂ ਵਿਚ ) ਬੈਠੇ ਰਹੋ॥੮੩॥ ਅਰ ਜੇਕਰ ਏਹਨਾਂ ਵਿਚੋਂ ਕੋਈ ਮਰ ਜਾਵੇ ਤਾਂ ਤੁਸਾਂ ਓਸ (ਦੇ ਜਨਾਜ਼ੇ) ਪਰ ਕਦਾਪਿ ਨਮਾਜ ਨਾ ਪੜਨੀ ਅਰ ਨਾ ਉਸ ਦੀ ਕਬਰ ਪਰ (ਜਾ ਕੇ) ਖੜਿਆਂ ਹੋਣਾ ( ਕਿਉਂ ਕਿ ) ਓਹਨਾਂ ਨੇ ਅੱਲਾ ਅਰ ਉਸ ਦੇ ਰਸੂਲ ਦੇ ਸਾਥ ਕੁਫਰ ਕੀਤਾ ਅਰ ਇਹ ਸਰ-ਕਸ਼ੀ ਦੀ ਦਸ਼ਾ ਵਿਚ ਹੀ ਮਰ ਗਏ ॥ ੮੪ ॥ ਅਰ ਏਹਨਾਂ ਦਾ ਧਨ ਪਦਾਰਥ ਅਰ ਕੁਟੰਬ ਤੁਹਾਡੇ ਵਾਸਤੇ ਅਚੰਭਾ ਨਾ ਗੁਜਰੇ ਬਸ ਖੁਦਾ ਦਾ ਸੰਕਲਪ ਹੈ ਕਿ ਧਨ ਤਥਾ ਕੁਟੰਬ ਦੇ ਕਾਰਣ ਏਹਨਾਂ ਨੂੰ ਸੰਸਾਰ ਵਿਚ ਦੁਖਾਂ ਵਿਚ ਆਵੇਢਿਤ ਰਖੇ ਅਰ ( ਜਦੋਂ ) ਏਹਨਾਂ ਦੇ ਪ੍ਰਾਣ ਨਿਕਸ ਜਾਣ ਅਰ ਏਹ ( ਓਸ ਵੇਲੇ ਭੀ ) ਕਾਫਰ ਹੀ ਹੋਣ ॥੮੫॥ ਅਰ ਜਦੋਂ ਕੋਈ ਸੂਰਤ ਉਤਾਰੀ ਜਾਂਦੀ ਹੈ ( ਅਰ ਓਸ ਵਿਚ ਹੁਕਮ ਹੁੰਦਾ ਹੈ ) ਕਿ ਅੱਲਾ ਪਰ ਭਰੋਸਾ ਕਰੋ ਅਰ ਓਸ ਦੇ ਰਸੂਲ ਦੇ ਸਾਥ ਹੋ ਕੇ ਯੁਧ ਕਰੋ ਤਾਂ ( ਜੋ ) ਇਨਹਾਂ ਵਿਚੋਂ ਸਾਮਰਥਵਾਨ ( ਹਨ ਓਹੀ ) ਤੇਰੇ ਪਾਸੋਂ ਆਗਿਆ ਮੰਗਣ ਲਗਦੇ ਹਨ ਅਰ ਕਹਿੰਦੇ ਹਨ ਕਿ ਸਾਨੂੰ ( ਏਥੇ ਹੀ ) ਛਡ ਦਿਓ ਕਿ ( ਦੂਸ-ਰਿਆਂ ) ਬੈਠਣ ਵਾਲਿਆਂ ਸਾਥ ਅਸੀਂ ਭੀ ( ਘਰਾਂ ਵਿਚ ਬੈਠੇ ) ਰਹੀਏ ॥ ੮੬ ॥ ਏਹਨਾਂ ਨੂੰ ਜਨਾਨੀਆਂ ਦੇ ਸਾਥ ਜੋ ਪਿਛੇ (ਘਰਾਂ ਵਿਚ ਬੈਠੀਆਂ) ਰਹਿੰਦੀਆਂ ਹਨ (ਪਿਛੇ ਬੈਠ ) ਰਹਿਣਾ ਪਸੰਦ ਆਇਆ ਅਰ ਏਹਨਾਂ ਦੇ

Digitized by Panjab Digital Library | www.panjabdigilib.org

ਦਿਲਾਂ ਪਰ ਮੋਹਰ ਲਗਾ ਦਿਤੀ ਗਈ ਤਾਂ ਏਹ ਲੋਗ (ਯੁਧ ਦੇ ਪਰਾ-ਮਰਸ਼ਾਂ ਨੂੰ ਕੁਛ) ਨਹੀਂ ਸਮਝਦੇ ॥ ੮੭ ॥ ਪਰੰਤੂ ਰਸੂਲ ਅਰ ਜੋ ਉਹਨਾਂ ਦੇ ਸਾਥ (ਅੱਲਾ ਪਰ) ਭਰੋਸਾ ਲੈ ਆਏ ਹਨ (ਏਹਨਾਂ ਸਾਰਿਆਂ ਨੇ) ਆਪਣੀ ਜਾਨ ਮਾਲ ਸਾਥ(ਖੁਦਾ ਦੇ ਰਾਹ ਵਿਚ)ਯੁਧ ਕੀਤੇ ਇਹੋ ਹੀ ਲੋਗ ਹਨ ਜਿਹਨਾਂ ਵਾਸਤੇ(ਅੰਤ ਦੀਆਂ)ਭਲਾਈਆਂ ਹਨ ਅਰ(ਅੰਤ ਨੂੰ)ਇਹੋ ਹੀ ਸਫਲਤਾ ਪਾਉਣ ਵਾਲੇ ਹਨ ॥ ੮੮ ॥ ਏਹਨਾਂ ਵਾਸਤੇ ਅੱਲਾ ਨੇ (ਸਵਰਗ ਦੇ) ਬਾਗ ਤਿਆਰ ਕਰ ਰਖੇ ਹਨ ਜਿਨਹਾਂ ਦੇ ਨੀਚੇ ਨਹਿਰਾਂ (ਪੜੀਆਂ) ਵਗਦੀਆਂ ਹੋਣਗੀਆਂ (ਅਰ ਇਹ) ਉਹਨਾਂ ਵਿਚ ਸਦਾ ਵਾਸਤੇ ਰਹਿਣਗੇ (ਅਰ) ਇਹੋ ਹੀ ਅਧਿਕ ਸਫਲਤਾ ਹੈ ॥ ੮੯ ॥ ਰੁਕੂਹ ॥ ੧੧ ॥

ਅਰ ਪੇਂਡੂਆਂ ਵਿਚੋਂ (ਭੀ ਕੁਛ) ਬਹਾਨੇ ਬਾਜ਼ (ਤੁਹਾਡੇ ਪਾਸ ) ਉਜਰ ਕਰਦੇ(ਚੁਚਰ ਡਾਂਹਦੇ)ਹੋਏ ਆਏ ਤਾ ਕਿ ਓਹਨਾਂ ਨੂੰ(ਭੀ ਪਿਛੇ ਰਹਿ ਜਾਣ ਦੀ) ਆਗਿਆ ਦਿਤੀ ਜਾਵੇ ਅਰ ਜਿਨਹਾਂ ਲੋਗਾਂ ਨੇ ਅੱਲਾ ਅਰ ਉਸ ਦੇ ਰਸੂਲ ਨਾਲ ਕੂੜ ਬੋਲਿਆ ਸੀ ਓਹ (ਘਰ ਹੀ) ਬੈਠੇ ਰਹੇ ਏਹਨਾਂ ਵਿਚੋਂ ਜਿਨਹਾਂ ਨੇ ਕੁਫਰ ਕੀਤਾ ਉਨਹਾਂ ਨੂੰ ਸਮੀਪ ਭਿਆਣਕ ਦੁਖ ਪ੍ਰਾਪਤ ਹੋਵੇਗਾ ॥ ੯੦ ॥ ਅਸਮਰਥਾਂ ਨੂੰ ਕੋਈ ਦੋਖ ਨਹੀਂ ਅਰ ਨਾ ਹੀ ਰੋਗੀਆਂ ਨੂੰ ਅਰ ਨਾ ਉਨਹਾਂ ਲੋਗਾਂ ਨੂੰ ਜਿਨਹਾਂ ਪਾਸ ਖਰਚ ਨਹੀਂ ਜੇਕਰ(ਉਹ)ਅੱਲਾ ਅਰ ਉਸ ਦੇ ਰਸੂਲ ਦੀ ਖੈਰਖਾਹੀ ਵਿਚ ਲਗੇ ਹਨ ( ਏਹਨਾਂ ) ਸੁਕਰਮੀਆਂ ਪਰ ਕੋਈ ਦੋਖ ਨਹੀਂ ਅਰ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੯੧ ॥ ਅਰ ਨਾਂ ਓਹਨਾਂ ਲੋਗਾਂ ਪਰ ( ਕਿਸੀ ਤਰਹਾਂ ਦਾ ਦੋਖ ਹੈ ) ਕਿ ਜਿਸ ਸਮੇਂ ਓਹ ਤੁਹਾਡੇ ਪਾਸ (ਦਰਖਾਸਤ ਲੈ ਕੇ) ਆਏ ਕਿ ਤੁਸੀਂ ਏਹਨਾਂ ਵਾਸਤੇ ਸਵਾਰੀਆਂ ਪੈਦਾ ਕਰ ਦਿਓ ਤਾਂ ਤੁਸਾਂ (ਓਹਨਾਂ ਨੂੰ) ਉੱਤਰ ਦਿਤਾ ਕਿ ਮੇਰੇ ਪਾਸ ਤਾਂ ਕੋਈ (ਸਵਾਰੀ) ਹੈ ਨਹੀਂ ਕਿ ਤੁਹਾਨੂੰ ਉਸ ਪਰ ਆਰੂਢ ਕਰਾ ਦੇਵਾਂ ( ਏਹ ਸੁਣਕੇ ਓਹ ਲੋਗ ਆਪੇ ਆਪਣੀ ਥਾਈਂ) ਪਰਤ ਗਏ ਅਰ ਖਰਚ ਨਾ ਮਿਲਣ ਦੇ ਗਮ ਕਰਕੇ ਓਹਨਾਂ ਦੀਆਂ ਅਖੀਆਂ ਵਿਚ ਨੀਰ ਭਰ ਆਏ ਸਨ ॥ ੯੨ ॥ ਦੋਖ ਤਾਂ (ਕੇਵਲ) ਓਹਨਾਂ ਹੀ ਲੋਗਾਂ ਪਰ ਹੈ ਜੋ ਧਨ ਪਾਤ੍ਰ ਹੁੰਦਿਆਂ ਸੁੰਦਿਆਂ ਤੁਹਾਡੇ ਪਾਸੋਂ (ਪਿਛੇ ਰਹਿ ਜਾਣ ਦੀ) ਆਗਿਆ ਚਾਹੁੰਦੇ ਹਨ ਏਹਨਾਂ ਨੂੰ ਇਸਤ੍ਰੀਆਂ ਦੇ ਸਾਥ ਜੋ (ਪ੍ਰਾਯਾ) ਪਿਛੇ (ਘਰਾਂ ਵਿਚ ਬੈਠੀਆਂ) ਰਹਿੰਦੀਆਂ ਹਨ (ਪਿਛੇ ਬੈਠ) ਰਹਿਣਾ ਪਸੰਦ ਆਇਆ ਅਰ ਅੱਲਾ ਨੇ ਏਹਨਾਂ ਲੋਗਾਂ ਦੇ ਦਿਲਾਂ ਪਰ ਮੋਹਰ ਲਗਾ ਦਿਤੀ ਹੈ ਤਾਂ ਹੀ ਏਹ(ਲੋਗ ਯੁਧ ਦਿਆਂ ਪਰਾਮਰਸ਼ਾਂ ਨੂੰ) ਨਹੀਂ ਸਮਝਦੇ ॥ ੯੩ ॥ * (ਮੁਸਲਮਾਨੋਂ) ਜਦੋਂ ਤੁਸੀਂ (ਯੁਧ ਥੀਂ

*ਹੁਣ ਯਾਤ ਜ਼ਿਰੂਨਾਂ ਨਾਮੀ ਗਿਆਰਵਾਂ ਪਾਰਾ ਚਲਾ।

Digitized by Panjab Digital Library | www.panjabdigilib.org

ਪਰਤ ਕੇ) ਮੁਨਾਫਿਕਾਂ ਦੇ ਪਾਸ ਜਾਓਗੇ ਤਾਂ (ਇਹ ਲੋਗ) ਤੁਹਾਡੇ ਸਾਹਮਣੇ (ਵਿਵਧ) ਪਰਕਾਰ ਦੇ ਬਹਾਨੇ ਪੇਸ਼ ਕਰਨਗੇ ਤਾਂ (ਇਨਹਾਂ ਨੂੰ) ਕਹਿ ਦੇਣਾ ਕਿ ਗੱਪਾਂ ਨਾ ਛਡੋ ਅਸੀਂ (ਮੁਸਲਮਾਨ) ਕਿਸੀ ਤਰਹਾਂ ਭੀ ਤੁਹਾਡਾ ਇਤਬਾਰ ਕਰਨ ਵਾਲੇ ਨਹੀਂ ਅੱਲਾ ਤੁਹਾਡੇ (ਸੰਪੂਰਣ) ਬਿਰਤਾਂਤ ਸਾਨੂੰ ਦਸ ਬੈਠਾ ਹੈ ਅਰ ਅਜੇ ਤਾਂ ਅੱਲਾ ਅਰ ਉਸ ਦਾ ਰਸੂਲ ਤੁਹਾਡਿਆਂ ਕਿਰਦਾਰਾਂ ਨੂੰ ਦੇਖਣਗੇ ਪੁਨਰ (ਅੰਤ ਨੂੰ) ਤੁਸੀਂ ਓਸੇ ਦੀ ਤਰਫ ਲੋਟਾਇ ਜਾਓਗੇ ਜੋ ਗੁਪਤ ਪ੍ਰਗਟ (ਦੋਨੋਂ) ਨੂੰ ਜਾਣਦਾ ਹੈ ਫੇਰ ਜੋ ਕੁਛ ਤੁਸੀਂ (ਸੰਸਾਰ ਵਿਚ) ਕਰਦੇ ਰਹੇ ਹੋ (ਓਹ ਸਭ ਕੁਛ) ਤੁਹਾਨੂੰ ਦਸ ਦੇਵੇਗਾ ॥ ੯੪ ॥ (ਮੁਸਲਮਾਨੋ) ਜਦੋਂ ਤੁਸੀਂ (ਯੁਧ ਵਿਚੋਂ) ਪਰਤ ਕੇ ਇਨਹਾਂ ਦੇ ਪਾਸ ਵਾਪਸ ਜਾਓਗੇ ਤਾਂ ਇਹ ਲੋਗ ਜ਼ਰੂਰ ਤੁਹਾਡੇ ਅਗੇ ਖੁਦਾ ਦੀਆਂ ਸਪਤਾਂ ਖਾਣਗੇ ਤਾ ਕਿ ਤੁਸੀਂ ਏਹਨਾਂ ਸਾਥ ਗਈ ਗੁਜਰੀ ਕਰ ਛਡੋ ਤਾਂ ਤੁਸਾਂ ਇਹਨਾਂ ਨੂੰ ਮੂੰਹ ਨ ਲਗਾਉਣਾ ਕਿਉਂਕਿ ਇਹ ਲੋਗ ਗੰਦੇ ਹਨ (ਅੰਤਿਮ ਅਸਥਾਨ) ਇਨ੍ਹਾਂ ਦਾ ਨਰਕ ਹੈ (ਅਰ ਇਹ) ਓਸਦਾ ਬਦਲਾ (ਹੋਵੇਗਾ) ਜੋ ਕਰਦੇ ਸਨ ॥ ੯੫ ॥ ਇਹ (ਲੋਗ) ਤੁਹਾਡੇ ਅਗੇ ਸੌਗੰਧਾਂ ਕਰਨਗੇ ਤਾ ਕਿ ਤੁਸੀਂ ਓਹਨਾਂ ਨਾਲ ਰਾਜੀ ਹੋ ਜਾਓ ਸੋ ਜੇਕਰ ਤੁਸੀਂ ਏਹਨਾਂ ਨਾਲ ਰਾਜੀ (ਭੀ) ਹੋ ਜਾਓ ਤਾਂ ਅੱਲਾ ਏਹਨਾਂ ਨਾ ਫਰਮਾਨ ਲੋਗਾਂ ਪਰ ਰਾਜੀ ਹੋਣ ਵਾਲਾ ਨਹੀਂ ॥ ੯੬ ॥ ਗ੍ਰਾਮੀਣ ਲੋਗ ਕੁਫਰ ਤਥਾ ਨਫਾਕ ਵਿਚ ਬੜੇ ਕਰੜੇ ਹਨ ਅਰ ਖੁਦਾ ਨੇ ਜੋ ਆਪਣੇ ਰਸੂਲ ਪਰ ਪੁਸਤਕ ਉਤਾਰੀ ਹੈ ਉਸ ਦੇ ਹੁਕਮ ਜਾਣਨ ਬੁਝਣ ਦੇ ਜੋਗ ਨਹੀਂ ਅਰ ਅੱਲਾ ਜਾਣੀ ਜਾਣ ਤਥਾ ਹਿਕਮਤ ਵਾਲਾ ਹੈ ॥ ੯੭ ॥ ਅਰ ਗ੍ਰਾਮੀਣਾਂ ਵਿਚੋਂ ਕੁਛ ਲੋਗ (ਐਸੇ ਭੀ) ਹਨ ਕਿ ਉਨ੍ਹਾਂ ਨੂੰ ਰੱਬ ਦੇ ਰਾਹ ਵਿਚ ਜੋ ਖਰਚ ਕਰਨਾ ਪੜਤਾ ਹੈ ਉਸ ਨੂੰ (ਨਾਹੱਕ ਦੀ) ਚੱਟੀ ਸਮਝਦੇ ਹਨ ਅਰ ਤੁਸਾਂ ਮੁਸਲਮਾਨਾਂ ਵਾਸਤੇ (ਜ਼ਮਾਨੇ ਦੀਆਂ) ਘੁੰਮਣ ਘੇਰੀਆਂ ਦੇ ਉਡੀਕਵਾਨ ਹਨ (ਸੋ) ਏਹਨਾਂ ਪਰ ਹੀ (ਸਮੇਂ ਦੀ) ਭੈੜੀ ਗਰਦਸ਼ (ਦਾ ਅਸਰ) ਪੜੇ ਅਰ ਅੱਲਾ ਸੁਣਦਾ (ਅਰ) ਜਾਣਦਾ ਹੈ ॥ ੯੮ ॥ ਅਰ ਪੇਂਡੂਆਂ ਵਿਚੋਂ ਕੁਛ ਐਸੇ ਭੀ ਹਨ ਜੋ ਅੱਲਾ ਦਾ ਅਰ ਕਿਆਮਤ ਦੇ ਦਿਨ ਦਾ ਭਰੋਸਾ ਰਖਦੇ ਅਰ ਜੋ ਕੁਛ (ਰੱਬ ਦੇ ਰਾਹ ਵਿਚ) ਖਰਚ ਕਰਦੇ ਹਨ ਉਸ ਨੂੰ ਖੁਦਾ ਦੀ ਦਰਗਾਹ ਵਿਚ ਨੇੜੇ ਹੋਣ ਦਾ ਅਰ ਰਸੂਲ ਦੀਆਂ ਅਸੀਸਾਂ ਦਾ ਕਾਰਣ ਸਮਝੇ ਹਨ ਸੋ ਸੁਣ ਛਡੋ ਕਿ ਅਸਲ ਵਿਚ ਓਹ (ਖਰਚ ਕਰਨਾ) ਓਹਨਾਂ ਵਾਸਤੇ ਸਮੀਪ ਹੋਣ ਦਾ (ਸਾਧਨ) ਹੈ ਕਿ ਜਰੂਰ ਅੱਲਾ ਓਹਨਾਂ ਨੂੰ ਆਪਣੀ ਰਹਿਮਤ ਵਿਚ ਲੈ ਲਵੇਗਾ ਨਿਰਸੰਦੇਹ ਅੱਲਾ ਬਖਸ਼ਣੇ ਵਾਲਾ ਮਿਹਰਵਾਨ ਹੈ॥੯੯॥ਰੁਕੂਹ੧੨॥

Digitized by Panjab Digital Library | www.panjabdigilib.org

ਅਰ ਹਿਜਰਤ ਕਰਨ ਵਾਲਿਆਂ ਅਰ ਅਨੁਸਾਰ (ਮਦਦ ਦੇਣ ਵਾਲਿਆਂ) ਵਿਚੋਂ ਜਿਨਹਾਂ ਲੋਗਾਂ ਨੇ (ਇਸਲਾਮ ਦੇ ਕਬੂਲ ਕਰਨ ਵਿਚ) ਪਹਿਲ ਕੀਤੀ (ਅਰ) ਸਾਰਿਆਂ ਨਾਲੋਂ ਪਹਿਲ਼ਾਂ (ਭਰੋਸਾ ਕਰ ਬੈਠੇ) ਅਰ (ਹੋਰ) ਓਹ ਲੋਗ ਜੋ ਇਹਨਾਂ ਥੀਂ ਪਿਛੋਂ ਸ਼ੁਧ ਚਿਤ ਨਾਲ ਈਮਾਨ ਵਿਚ ਪ੍ਰਾਪਤ ਹੋਏ ਖ਼ੁਦਾ ਓਹਨਾਂ ਨਾਲ ਪ੍ਰਸੰਨ ਅਰ ਓ ਖ਼ੁਦਾ ਸਾਥ ਪ੍ਰਸੰਨ ਅਰ ਖ਼ੁਦਾ ਨੇ ਓਹਨਾਂ ਵਾਸਤੇ (ਸਵਰਗਾਂ ਦੇ ਐਸੇ) ਬਾਗ ਬਣਾ ਰਖੇ ਹਨ ਜਿਨਹਾਂ ਦੇ ਨੀਚੇ ਨਹਿਰਾਂ (ਪੜੀਆਂ) ਵਗ ਰਹੀਆਂ ਹੋਣਗੀਆਂ (ਅਰ ਇਹ) ਉਹਨਾਂ ਵਿਚ ਸਦਾ ਵਾਸਤੇ ਰਹਿਣਗੇ (ਅਰ) ਇਹੋ ਹੀ ਬੜੀ ਸਫਲਤਾ ਹੈ ॥੧੦੦॥ ਅਰ (ਮੁਸਲਮਾਨੋ !) ਤੁਹਾਡੇ ਇਰਦ ਗਿਰਦ ਦੇ ਗ੍ਰਾਮੀਣਾਂ ਵਿਚੋਂ (ਕਈਕ) ਮੁਨਾਫਿਕ ਹਨ ਅਰ ਕਈਕੁ ਮਦੀਨੇ ਦੇ ਰਹਿਣ ਵਾਲਿਆਂ ਵਿਚੋਂ (ਭੀ) ਜੋ ਨਿਫਾਕ ਪਰ ਅੜੇ ਬੈਠੇ ਹਨ ਤੁਸੀਂ ਇਨਹਾਂ ਨੂੰ ਨਹੀਂ ਜਾਣਦੇ ਅਸੀਂ ਏਹਨਾਂ ਨੂੰ (ਭਲੀ ਤਰਹਾਂ) ਜਾਣਦੇ ਹਾਂ ਸੋ ਅਜੇ ਤਾਂ ਅਸੀਂ ਏਹਨਾਂ ਨੂੰ (ਸੰਸਾਰ ਵਿਚ) ਦੋਹਰੀ ਸੌੜ ਚਾੜ੍ਹਾਂਗੇ ਅਰ ਫੇਰ ਅੰਤ ਨੂੰ (ਕਿਆਮਤ ਦੇ ਦਿਨ) ਬੜੇ ਭਿਆ-ਨਕ) ਦੁਖ ਦੀ ਤਰਫ ਭੇਜੇ ਜਾਣਗੇ ॥ ੧੦੧ ॥ ਅਰ (ਕੁਛ) ਹੋਰ ਲੋਗ ਹਨ ਜਿਨਹਾਂ ਨੇ ਆਪਣੀ ਅਵੱਗਜਾ ਦਾ ਇਕਰਾਰ ਕੀਤਾ (ਅਰ ਏਹਨਾਂ ਨੇ) ਮਿਲੇ ਜੁਲੇ ਕਰਮ ਕੀਤੇ ( ਕੁਝ ) ਭਲੇ ਅਰ ਕੁਝ ਬੁਰੇ ਸੋ ਅਸੰਭਵ ਨਹੀਂ ਕਿ ਅੱਲਾ ਏਹਨਾਂ ਦੀ ( ਭੀ ) ਭੁਲਣਾ ਬਖਸ਼ ਦੇ ਕਿਉਂਕਿ ਅੱਲਾ ਬਖਸ਼ਣੇ ਵਾਲਾ ਮਿਹਰਬਾਨ ਹੈ ॥ ੧੦੨ ॥ ਇਨਹਾਂ ਦੇ ਮਾਲ ਵਿਚੋਂ ਜ਼ਕਾਤ ਲੈ ਲੀਤਾ ਕਰੋ ਕੇ ਜ਼ਕਾਤ ਦੇ ਕ੍ਬੂਲ ਕਰਨ ਵਿਚ ਤੁਸੀਂ ਏਹਨਾਂ ਨੂੰ (ਗੁਨਾਹਾਂ ਥੀਂ) ਸੁਧ ਪਵਿਤ੍ਰ ਕਰਦੇ ਹੋ ਅਰ ਏਹਨਾਂ ਨੂੰ ਖੈਰ ਦੀ ਅਸੀਸ ਕਰੋ ਕਿਉਂਕਿ ਤੁਹਾਡੀ ਦੁਆ ਏਹਨਾਂ ਨੂੰ ਧੈਰਜਤਾਈ (ਦਾ ਕਾਰਣ ਹੁੰਦੀ) ਹੈ ਅਰ ਅੱਲਾ ( ਸਭਨਾਂ ਦੀਆਂ ) ਸੁਣਦਾ ( ਅਰ ਸਭ ਕੁਛ ) ਜਾਣਦਾ ਹੈ ॥ ੧੦੩ ॥ ਕੀ ਏਹਨਾਂ ਲੋਗਾਂ ਨੂੰ ਏਸ ਬਾਤ ਦੀ ਖਬਰ ਨਹੀਂ ਕਿ ਅੱਲਾ ਹੀ ਆਪਣਿਆਂ ਬੰਦਿਆਂ ਦੀ ਤੌਬਾ ਕਬੂਲ ਕਰਦਾ ਹੈ ਅਰ ਵਹੀ ਪੁੰਨ (ਦਾ ਪਦਾਰਥ) ਲੈਂਦਾ ਅਰ ਅੱਲਾ ਹੀ ਬੜਾ ਤੌਬਾ ਕਬੂਲ ਕਰਨੇ ਵਾਲਾ ਮੇਹਰਬਾਨ ਹੈ ॥ ੧੦੪ ॥ (ਏਹਨਾਂ ਨੂੰ) ਸਮਝਾ ਦਿਓ ਕਿ ਤੁਸੀਂ (ਆ-ਪਣੀ ਜਗਹਾ) ਕਰਮ ਕਰਦੇ ਰਹੋ ਸੋ ਅਜੇ ਤਾਂ ਅੱਲਾ ਤੁਹਾਡਿਆਂ ਕਰਮਾਂ ਨੂੰ ਦੇਖੇਗਾ ਅਰ ਅੱਲਾ ਦਾਂ ਰਸੂਲ ਅਰ ਮੁਸਲਮਾਨ ( ਭੀ ਦੇਖਣਗੇ ) ਅਰ ਅਵਸ਼ ਤੁਸੀਂ ਓਸ ( ਕਾਦਰ ਮੁਤਲਿਕ ) ਦੀ ਤਰਫ ਲੌਟਾਏ ਜਾਓਗੇ ਜੋ ਗੁਪਤ ਪ੍ਰਗਟ ( ਸਭ ਕੁਛ ) ਜਾਣਦਾ ਹੈ ਪੁਨਰ ਜੋ ਕੁਛ ਤੁਸੀਂ ( ਸੰਸਾਰ ਵਿਚ ) ਕਰਦੇ ਰਹੇ ਹੋ ਓਹ ਤੁਹਾਨੂੰ ( ਓਸ ਦੀ ਹਕੀਕਤ ) ਤੋਂ ਵਾਕਿਫ ਕਰ ਦੇਵੇਗਾ ॥ ੧੦੫ ॥

Digitized by Panjab Digital Library | www.panjabdigilib.org

ਅਰ ( ਕੁਛ ) ਹੋਰ ਲੋਗ ਹਨ ਕਿ ਖੁਦਾ ਦੀ ਆਗਿਆ ਦੇ ਉਡੀਕ ਵਿਚ ਉਹਨਾਂ ਦਾ ਮਾਮਲਾ ਢਿਲ ਵਿਚ ਹੈ ( ਉਸ ਨੂੰ ਅਖਤਿਆਰ ਹੈ ) ਕਿ ਅਥਵਾ ਓਹਨਾਂ ਨੂੰ ਦੁਖ ਦੇਵੇ ਕਿੰਵਾ ਓਹਨਾਂ ਦੀ ਤੌਬਾ ਕਬੂਲ ਕਰ ਲਵੇ ਅਰ ਅੱਲਾ ਜਾਨਣੇ ਵਾਲਾ ਹਿਕਮਤ ਵਾਲਾ ਹੈ ॥ ੧੦੬ ॥ ਅਰ ਜਿਨਹਾਂ ਨੇ ਏਸ ਇਛਾ ਸਾਥ ਇਕ ਮਸਜਦ ਬਣਾ ਖੜੀ ਕੀਤੀ ਕਿ (ਮੁਸਲਮਾਨਾਂ ਨੂੰ) ਨੁਕਸਾਨ ਪਹੁੰ-ਚਾਈਏ ਅਰ (ਖੁਦਾ ਤਥਾ ਰਸੂਲ ਦੇ ਸਾਥ) ਕੁਫਰ ਕਰਨ ਅਰ ਮੁਸਲਮਾਨਾਂ ਵਿਚ ਦਵੈਤ ਪਾ ਦੇਣ ਅਰ ਉਹਨਾਂ ਲੋਗਾਂ ਨੂੰ ਆਸਰਾ ਦੇਣ ਜੋ ਅੱਲਾ ਅਰ ਉਸਦੇ ਰਸੂਲ ਸਾਥ ਪਹਿਲੇ ਲੜ ਚੁਕੇ ਹਨ ਅਰ ( ਪੁਛਿਆ ਜਾਵੇਗਾ ਤਾਂ ) ਸੌਗੰਧਾਂ ਕਰਨ ਲਗ ਪੈਣਗੇ ਕਿ ਅਸਾਂ ਤਾਂ ਭਲਾਈ ਤੋਂ ਸਿਵਾ ਹੋਰ ਕਿਸੇ ਤਰਹਾਂ ਦਾ ਸੰਕਲਪ ਨਹੀਂ ਕੀਤਾ ਅਰ ਅੱਲਾ ਗਵਾਹੀ ਦੇਂਦਾ ਹੈ ਕਿ ਏਹ ਕੂੜੇ ਹਨ ॥ ੧੦੭ ॥ ( ਸੋ ਹੇ ਪੈਯੰਬਰ ) ਤੁਸਾਂ ਓਸ ਮਸਜਦ ਵਿਚ ਕਦਾਪਿ ( ਜਾ ਕੇ ) ਭੀ ਨਾ ਖੜਿਆਂ ਹੋਣਾ ਹਾਂ ਓਹ ਮਸਜਦ ਜਿਸਦੀ ਸੀਮਾਂ ਆਦ ਕਾਲ ਤੋਂ ਸੰਜਮਤਾਈ ਪਰ ਰਖੀ ਗਈ ਨਿਰਸੰਦੇਹ ਉਸ ਦਾ ਹੱਕ ਹੈ ਕਿ ਤੁਸੀਂ ਓਸ ਵਿਚ ਖੜੇ ਹੋ(ਕਿਉਂਕਿ)ਓਸ ਵਿਚ ਐਸੇ ਲੋਗ ਹਨ ਜੋ ਭਲੀ ਤਰਹਾਂ ਪਾਕ ਸਾਫ ਰਹਿਨ ਨੂੰ ਪਸੰਦ ਕਰਦੇ ਹਨ ਅਰ ਅੱਲਾ ਭਲੀ ਤਰਾਂ ਸਾਫ ਸੁਥਰਿਆਂ ਰਹਿਣ ਵਾਲਿਆਂ ਨੂੰ ਪਸੰਦ ਕਰਦਾ ਹੈ ॥੧੦੮॥ ਭਲਾ ਜੋ ਆਦਮੀ ਖੁਦਾ ਦੇ ਖੌਫ ਅਰ ਉਸਦੀ ਪ੍ਰਸੰਨਤਾਈ ਪਰ ਆਪਨੀ ਇਮਾਰਤ ਦੀ ਸੀਮਾ ਰਖੇ ਓਹ ਚੰਗਾ ਕਿੰਵਾ ਓਹ ਜੋ ਢਾਹੇ ਵਾਲੀ ਖਾਈ ਦੇ ਕਿਨਾਰੇ ਪਰ ਆਪਣੀ ਇਮਾਰਤ ਦੀ ਨੀਂਵ ਰਖੇ ਪੁਨਰ ਓਹ ( ਇਮਾਰਤ ਘੜੱਮ ਨਾਲ ) ਓਸ ਨੂੰ ਨਰਕਾਗਣੀ ਵਿਚ ਜਾ ਸੁਟੇ ਅਰ ਅੱਲਾ ਦੁਸ਼ਟ ਪੁਰਖਾਂ ਨੂੰ ਸਿ-ਖਿਆ ਨਹੀਂ ਦਿਤਾ ਕਰਦਾ ॥ ੧੦੯ ॥ ਇਹ ਇਮਾਰਤ ਜੋ ਇਨਹਾਂ ਲੋਗਾਂ ਨੇ ਬਣਾਈ ਹੈ ਇਸ ਕਾਰਨ ਏਹਨਾਂ ਲੋਗਾਂ ਦੇ ਦਿਲਾਂ ਵਿਚ ਤੌਖਲਾ ਪਾਈ ਰਖੇਗੀ ਇਥੋਂ ਤਕ ਕਿ ਏਹਨਾਂ ਲੋਕਾਂ ਦੇ ਦਿਲ ਟੋਟੇ ਟੋਟੇ ਨਾ ਹੋ ਜਾਣ ਅਰ ਅੱਲਾ ( ਸਾਰਿਆਂ ਦੇ ਬਿਰਤਾਂਤ ) ਜਾਨਣੇ ਵਾਲਾ ( ਅਰ ) ਸਾਹਿਬ ਤਦਬੀਰ ਹੈ ॥ ੧੧੦ ॥ ਰੁਕੂਹ ੧੩ ॥

ਅੱਲਾ ਨੇ ਮੁਸਲਮਾਨਾਂ ਪਾਸੋਂ ਓਹਨਾਂ ਦੀਆਂ ਜਾਨਾਂ ਅਰ ਓਹਨਾਂ ਦੇ ਮਾਲ(ਇਸ ਪ੍ਰਤਗਿਯਾ ਪਰ) ਮੋਲ ਲੈ ਲੀਤੇ ਹਨ ਕਿ ਓਹਨਾਂ ਦੇ ਬਦਲੇ ਓਹਨਾਂ ਨੂੰ ਸਵਰਗ ( ਦੇਵੇਗਾ ਏਹ ਲੋਗ ) ਅੱਲਾ ਦੇ ਰਾਹ ਵਿਚ ਲੜਦੇ ਹਨ ਅਰ ( ਵੈਰੀਆਂ ) ਨੂੰ ਮਾਰਦੇ ਅਰ ( ਆਪ ਭੀ ) ਮਾਰੇ ਜਾਂਦੇ ਹਨ ਏਹ ਖੁਦਾ ਦਾ ਪੱਕਾ ਬਚਨ ਹੈ ਜਿਸ ਦਾ ਪੂਰਾ ਕਰਨਾ ਉਸਨੇ ਆਪਣੇ ਪਰ ਲਾਜ਼ਿਮ ਕਰ ਲੀਤਾ ਹੈ ( ਅਰ ਇਹ ਬਚਨ ) ਤੌਰਾਤ ਅਰ ਅੰਜੀਲ ਅਰ ਕੁਰਆਨ

Digitized by Panjab Digital Library | www.panjabdigilib.org

(ਸੰਪੂਰਨਾਂ) ਵਿਚ (ਲਿਖਆ ਹੋਇਆ ਹੈ) ਅਰ ਖੁਦਾ ਨਾਲੋਂ ਵਧ ਕੇ ਆਪਣੇ ਬਚਨ ਦਾ ਪੱਕਾ ਹੋਰ ਕੌਣ ਹੋ ਸਕਦਾ ਹੈ ਤਾਂ ਮੁਸਲਮਾਨੋ ! ਆਪਣੇ ( ਇਸ ) ਵਿਉਪਾਰ ਦੀ ਜੋ ਤੁਸਾਂ ਖੁਦਾ ਦੇ ਨਾਲ ਕੀਤਾ ਹੈ ਖੁਸ਼ੀਆਂ ਕਰੋ ਅਰ ਏਹ (ਵਿਵਹਾਰ ਜੋ ਤੁਸਾਂ ਖੁਦਾ ਨਾਲ ਕੀਤਾ ਹੈ ਏਸ ਕਰਕੇ ਤੁਹਾਡੀ) ਬੜੀ ਕਾਮਯਾਬੀ ਹੈ ॥ ੧੧੧ ॥ ( ਏਹੋ ਹੀ ) ਤੌਬਾ ਕਰਨ ਵਾਲੇ, ਇਬਾਦਤ ਕਰਨ ਵਾਲੇ, ( ਖੁਦਾ ਦੀ ) ਉਸਤਤੀ ਕਰਨ ਵਾਲੇ, ( ਰੱਬ ਦੇ ਰਾਹ ਵਿਚ ) ਯਾਤ੍ਰਾ ਕਰਨ ਵਾਲੇ, ਰੁਕੂਹ ਕਰਨ ਵਾਲੇ, ਸਜਦਾ ਕਰਨ ਵਾਲੇ, ( ਲੋਗਾਂ ਨੂੰ ) ਸ਼ੁਭ ਕੰਮ ਦੀ ਸਲਾਹ ਦੇਣ ਵਾਲੇ ਅਰ ਨਖਿਧ ਕਰਮਾਂ ਥੀਂ ਰੋਕਣੇ ਵਾਲੇ ਅਰ ਅੱਲਾ ਨੇ ਜੋ ਸੀਮਾਂ ਬੰਨ੍ਹ ਰੱਖੀਆਂ ਹਨ ਓਹਨਾਂ ਦੀ ਰਾਖੀ ਰੱਖਣ ਵਾਲੇ (ਐਸਿਆਂ) ਮੁਸਲਮਾਨਾਂ ਨੂੰ ਖੁਸ਼ਖਬਰੀ ਸੁਣਾ ਦਿਓ ॥ ੧੧੨ ॥ ਪੈਯੰਬਰ ਅਰ ਮੁਸਲਮਾਨਾਂ ਨੂੰ ਸੰਭਨੀਕ ਨਹੀਂ ਕਿ ਭੇਦਵਾਦੀਆਂ ਦੀ ਬਖਸ਼ਿਸ਼ ਵਾਸਤੇ ਦੁਆ ਮੰਗਿਆ ਕਰਨ ਜਦੋਂ ਮਾਲੂਮ ਹੋ ਗਿਆ ਕਿ ਉਹ ਨਾਰਕੀ ਹਨ ਭਾਵੇਂ ਤੀਕਨ ਓਹ (ਓਹਨਾਂ) ਦੇ ਸੰਬੰਧੀ (ਹੀ ਕਿਉਂ ਨਾ) ਹੋਣ ॥ ੧੧੩ ॥ ਅਰ ( ਉਹ ਜੋ ) ਇਬਰਾਹੀਮ ਨੇ ਆਪਣੇ ਪਿਤਾ ਵਾਸਤੇ ਮਗਫਿਰਤ ਦੀ ਦੁਆ ਮੰਗੀ ਸੀ ਸੋ (ਉਹ) ਇਕ ਪ੍ਰਤਿਗਿਆ (ਦੇ ਕਾਰਣ ਮੰਗੀ ਸੀ) ਜੋ ਇਬਰਾਹੀਮ ਨੇ ਆਪਣੇ ਪਿਤਾ ਸਾਥ ਕਰ ਲੀਤੀ ਸੀ ਪੁਨਰ ਉਹਨਾਂ ਨੂੰ ਭੀ ਜਦੋਂ ਪ੍ਰਤੀਤ ਹੋ ਗਇਆ ਕਿ ਇਹ ਖੁਦਾ ਦਾ ਵੈਰੀ ਹੈ ਤਾਂ ਪਿਤਾ ਪਾਸੋਂ (ਸਾਫ) ਹਥ ਧੋ ਬੈਠੇ ਨਿਰਸੰਦੇਹ ਇਬਰਾਹੀਮ ਬੜਾ ਨਰਮ ਦਿਲ ਅਰ ਬੁਰਦਬਾਰ ਸੀ॥੧੧੪॥ ਅਰ ਅੱਲਾ ਦੇ ਪਰਤਾਬ ਥੀਂ ਦੂਰ ਹੈ ਕਿ ਇਕ ਕੌਮ ਨੂੰ ਸਿਖਿਆ ਦਿਤਿਆਂ ਪਿਛੋਂ ਕੁਮਾਰਗੀ ਇਸਥਿਤ ਕਰੇ ਜਿਤਨਾ ਚਿਰ ਓਹਨਾਂ ਨੂੰ ਓਹ ਵਸਤਾਂ ਨਾਂ ਦਸ ਦੇਵੇ ਜਿਨਹਾਂ ਪਾਸੋਂ ਉਹ ਬਚਦੇ ਰਹਿਣ ਨਿਰਸੰਦੇਹ ਅੱਲਾ ਸੰਪੂਰਣ ਵਸਤਾਂ ਤੋਂ ਗਿਆਤ ਹੈ॥੧੧੫॥ ਨਿਰਸੰਦੇਹ ਧਰਤੀ ਅਗਾਸ ਦਾ ਰਾਜਜ ਅੱਲਾ ਦਾ ਹੈ ਹੀ ( ਵਹੀ ) ਓਪਤ ਕਰਦਾ ਹੈ ਅਰ ( ਵਹੀ ) ਪਰਲੋ ਕਰਦਾ ਹੈ ਅਰ ਅੱਲਾ ਤੋਂ ਸਿਵਾ ਨਾ ਤਾਂ ਕੋਈ ਤੁਹਾਡਾ ਹਾਮੀ ਹੈ ਅਰ ਨਾ ਹੀ ਮਦਦਗਾਰ ॥ ੧੧੬ ॥ ਅਵਸ਼ ਖੁਦਾ ਨੇ ਪੈਯੰਬਰ ਪਰ ਬੜੀ ਕਿਰਪਾ ਕੀਤੀ ਅਰ (ਹੋਰ) ਮਹਾਜਰਾਂ ਅਰ ਅਨਸਾਰਾ ਪਰ ਜਿਹਨਾਂ ਨੇ ਤੰਗੀ ਦੇ ਵੇਲੇ ਪੈਯੰਬਰ ਦਾ ਸਾਥ ਦਿਤਾ ਜਦੋਂ ਕਿ ਇਨਹਾਂ ਵਿਚੋਂ ਕਈਆਂ ਕੁ ਦੇ ਦਿਲ ਡੋਲ ਚਲੇ ਸਨ ਪੁਨਰ ਅੱਲਾ ਨੇ ਏਹਨਾਂ ਪਰ ( ਭੀ ) ਆਪਣਾ ਫਜ਼ਲ ਕੀਤਾ ਏਸ ਵਿਚ ਭ੍ਰਮ ਨਹੀਂ ਕਿ ਖੁਦਾ ਏਹਨਾਂ ਸਾਰਿਆਂ ਪਰ ਅਤੀ ਕ੍ਰਿਪਾਲੂ ( ਅਰ ਏਹਨਾਂ ਦੇ ਹਾਲ ਪਰ ਆਪਣੀ ) ਦਇਆ ਰਖਦਾ ਹੈ ॥ ੧੧੭ ॥ ਅਰ ( ਅਮੁਨਾ ਪ੍ਰਕਾਰੇਣ ) ਉਹਨਾਂ ਤਿੰਨਾਂ (ਪੁਰਖਾਂ) ਪਰ ਭੀ ਜਿਨਾਂ ਨੂੰ ਢਿਲ ਦਿਤੀ

Digitized by Panjab Digital Library | www.panjabdigilib.org

ਗਈ ਸੀ, ਇਥੋਂ ਤਕ ਕਿ ਜਦੋਂ ਧਰਤੀ ਵਿਸਤਾਰ ਵਾਲੀ ਹੋਣ ਕਰਕੇ ਭੀ ਉਨਹਾਂ ਪਰ ਸੰਕੁਚਿਤ ਹੋਣ ਲਗੀ ਅਰ ਉਹ ਆਪਣੀ ਜਾਨ ਥੀਂ ਭੀ ਤੰਗ ਆ ਗਏ ਅਰ ਸਮਝ ਚੁਕੇ ਕਿ ਖੁਦਾ ( ਦੀ ਪਕੜ ) ਪਾਸੋਂ ਉਸ ਤੋਂ ਸਿਵਾ ਹੋਰ ਕਿਤੇ ਆਸਰਾ ਨਹੀਂ, ਅਤਏਵ ਖੁਦਾ ਨੇ ਓਹਨਾਂ ਦੀ ਤੌਬਾ ਕਬੂਲ ਕਰ ਲੀਤੀ ਤਾਂ ਉਹ ਤੌਬਾ ਕੀਤੀ ਰੇਣ ਨਿਰਸੰਦੇਹ ਅੱਲਾ ਬੜਾ ਹੀ ਤੌਬਾ ਕਬੂਲ ਕਰਨੇ ਵਾਲਾ ਮਿਹਰਬਾਨ ਹੈ ॥ ੧੧੮ ॥ ਰੁਕੂਹ ੧੪ ॥

ਮੁਸਲਮਾਨੋ ! ਖੁਦਾ ( ਦੇ ਗਜ਼ਬ ਥੀਂ ) ਡਰੋ ਅਰ ਸੱਚ ਬੋਲਣ ਵਾ-ਲਿਆਂ ਦੇ ਸਹਿਜੋਗੀ ਹੋਵੋ ॥ ੧੧੯ ॥ ਮਦੀਨੇ ਦੇ ਰਹਿਣ ਵਾਲੇ ਅਰ ਏਹਨਾਂ ਦੇ ਲਾਂਭੇ ਚਾਂਭੇ ਦੇ ਗ੍ਰਾਮੀਣਾਂ ਨੂੰ ਯੋਗ ਨਹੀਂ ਸੀ ਕਿ ਖੁਦਾ ਦੇ ਰਸੂਲ (ਦੇ ਸਹਿ-ਜੋਗ ) ਤੋਂ ਪਿਛੇ ਰਹਿ ਜਾਣ ਅਰ ਨਾ ਹੀ ਏਹ ( ਜੋਗ ਸੀ ) ਕਿ ਰਸੂਲ ਦੇ ਪ੍ਰਾਣਾਂ ਵਲ ਧਿਆਨ ਨਾ ਕਰਕੇ ਆਪਣਿਆਂ ਪ੍ਰਾਣਾਂ ਦੇ ਸੰਸੇ ਵਿਚ ਲਗ ਜਾਣ ਇਹ ਇਸ ਵਾਸਤੇ ਕਿ ਏਹਨਾਂ ( ਯੁਧ ਕਰਨ ਵਾਲਿਆਂ ) ਨੂੰ ਰੱਬ ਦੇ ਰਾਹ ਵਿਚ ਤ੍ਰਿਖਾ ਅਰ ਪ੍ਰਯਤਨ ਅਰ ਭੁਖ ਦੀ ਤਕਲੀਫ ਪਹੁੰਚਦੀ ਹੈ ਤਾਂ ਅਰ ਜਿਨਹਾਂ ਅਸਥਾਨਾਂ ਪਰ ਉਨਹਾਂ ਦੇ ਚਲਨ ਕਰਕੇ ਕਾਫਰ ਕੁੜ੍ਹਦੇ ਹਨ ਓਥੇ ਚਲਦੇ ਹਨ ਅਰ ਵੈਰੀਆਂ ਪਾਸੋਂ ਜੋ(ਕਦੀ)ਕੁਛ ਮਿਲ ਮਲਾ ਜਾਂਦਾ ਹੈ ਤਾਂ ਹਰਹਰਕਰਮ ਦੇ ਬਦਲੇ (ਖੁਦਾ ਦੇ ਪਾਸ) ਏਹਨਾਂ ਦਾ ਨੇਕ ਕਰਮ ਲਿਖਿਆ ਜਾਂਦਾ ਹੈ, ਨਿਰ-ਸੰਦੇਹ ਅੱਲਾ ਸਾਫ ਦਿਲੀ ਨਾਲ ( ਇਸਲਾਮ ਦੀ ਸੇਵਾ ਕਰਨ ) ਵਾਲਿਆਂ ਦੇ ਅਜਰ ਨੂੰ ਅਨਰਥ ਨਹੀਂ ਹੋਣ ਦਿਤਾ ਕਰਦਾ ॥ ੧੨੦ ॥ ਅਰ ( ਇਸੀ ਭਾਂਤ ) ਨਯੂਨ ਅਥਵਾ ਅਧਿਕ ਜੋ ਕੁਛ ( ਰੱਬ ਦੇ ਰਾਹ ਵਿਚ ) ਖਰਚ ਕਰਦੇ ਹਨ ਅਰ ਜੋ ਮੈਦਾਨ ਉਹਨਾਂ ਨੂੰ ਉਲੰਘਣ ਕਰਨੇ ਪੈਂਦੇ ਹਨ ਇਹ ਸਭ ( ਇਨਹਾਂ ਦੇ ਇਮਾਲਨਾਮੇ ਪਰ ) ਏਹਨਾਂ ਦੇ ਨਾਮ ਲਿਖਿਆ ਜਾਂਦਾ ਹੈ ਤਾ ਕਿ ਅੱਲਾ ਏਹਨਾਂ ਨੂੰ ਏਹਨਾਂ ਦੇ ਕਰਮਾਂ ਦਾ ਉੱਤਮ ਤੋਂ ਉੱਤਮ ਫਲ ਪ੍ਰਦਾਨ ਕਰੇ ॥ ੧੨੧ ॥ ਅਰ ( ਇਹ ਭੀ ) ਯੋਗ ਨਹੀਂ ਕਿ ਸਾਰਿਆਂ ਦੇ ਸਾਰੇ ਮੁਸਲਮਾਨ ( ਆਪੋ ਆਪਣਿਆਂ ਘਰਾਂ ਵਿਚੋਂ ) ਨਿਕਸ ਖੜੇ ਹੋਣ ਅਰ ਐਸੇ ਕਿਉਂ ਨਾ ਕੀਤਾ ਕਿ ਓਹਨਾਂ ਦੀ ਹਰ ਇਕ ਸ਼ਰੇਣੀ ਵਿਚੋਂ ਕੁਛਕ ਲੋਗ ( ਆਪਣਿਆਂ ਘਰਾਂ ਵਿਚੋਂ ) ਨਿਕਸੇ ਹੁੰਦੇ ਕਿ ਦੀਨ ਦੀ ਸਮਝ ਉਤਪਤ ਕਰਦੇ ਅਰ ਜਦੋਂ ( ਸਿਖ ਸਮਝ ਕੇ ) ਆਪਣੀ ਜਾਤੀ ਵਿਚ ਵਾਪਸ ਜਾਂਦੇ ਤਾਂ ਉਨਹਾਂ ਨੂੰ ( ਖੁਦਾ ਦੀ ਨਾ ਫਰਮਾਨੀ ਤੋਂ ) ਡਰਾਂਦੇ ਤਾ ਕਿ ਓਹ ਲੋਗ ( ਭੀ ਬੁਰਿਆਂ ਕੰਮਾਂ ਥੀਂ ) ਬਚਨ ॥ ੧੨੨ ॥ ਰੁਕੂਹ ੧੫ ॥

ਮੁਸਲਮਾਨੋ ! ਆਪਣੇ ਸਮੀਪੀ ਵਰਤੀ ਕਾਫਰਾਂ ਸਾਥ ਲੜੋ ਅਰ

Digitized by Panjab Digital Library | www.panjabdigilib.org

ਚਾਹੀਏ ਕਿ ਤੁਹਾਡੇ ਵਿਚ ਸਖ਼ਤਾਈ ਪਰਤੀਤ ਕਰਨ (ਅਰ ਕਿਸੇ ਪਰ ਨਿਰਾਪਰਾਧ ਵਧੀਕੀ ਨਾ ਕਰੋ) ਅਰ ਯਾਦ ਰਖੋ ਕਿ ਅੱਲਾ ਓਹਨਾਂ ਲੋਗਾਂ ਦਾ ਸਹਿਜੋਗੀ ਹੈ ਜੋ (ਵਧੀਕੀ ਕਰਨ ਥੀਂ) ਬਚਦੇ ਹਨ ॥ ੧੨੩ ॥

ਅਰ ਜਿਸ ਵੇਲੇ ਕੋਈ ਸੂਰਤ ਨਾਜ਼ਲ ਕੀਤੀ ਜਾਂਦੀ ਹੈ ਤਾਂ ਮੁਨਾ-ਫਿਕਾਂ ਵਿਚੋਂ ਕਈਕੁ ਲੋਗ (ਇਕ ਦੂਸਰੇ ਨੂੰ) ਪੁਛਣ ਲਗਦੇ ਹਨ ਭਲਾ ਇਸ (ਸੂਰਤ) ਨੇ ਤੁਹਾਡੇ ਵਿਚੋਂ ਕਿਸਦਾ ਨਿਸਚਾ ਵਧਾਇਆ ਹੈ ਸੋ ਜੋ (ਪਹਿਲਾਂ ਥੀਂ) ਹੀ ਭਰੋਸੇ ਵਾਲੇ ਹਨ ਇਸ (ਸੂਰਤ) ਨੇ ਉਨਹਾਂ ਦਾ ਤਾਂ ਭਰੋਸਾ ਬੜਾ ਦਿਤਾ ਅਰ ਓਹ ( ਆਪਣੀ ੨ ਥਾਈਂ ) ਖੁਸ਼ੀਆਂ ਮਨਾ ਰਹੇ ਹਨ ॥ ੧੨੪ ॥ ਅਰ ਜਿਨਹਾਂ ਲੋਗਾਂ ਦੇ ਦਿਲਾਂ ਵਿਚ (ਨਫਾਕ ਦਾ) ਰੋਗ ਹੈ ਤਾਂ ਇਸ (ਸੂਰਤ) ਨੇ ਉਨਾਂ ਦੀ (ਪਿਛਲੀ) ਪਲੀਤੀ ਨਾਲੋਂ ਇਕ ਹੋਰ ਪਲੀਤੀ ਵਧਾ ਦਿਤੀ ਅਰ ਇਹ ਲੋਗ ਕੁਫਰ ਦੀ ਦਸ਼ਾ ਵਿਚ ਹੀ ਮਰ ਗਏ ॥ ੧੨੫ ॥ ਕੀ ਇਹ ਲੋਗ (ਇਤਨੀ ਬਾਤ ਭੀ) ਨਹੀਂ ਦੇਖਦੇ ਕਿ ਓਹ ਹਰ ਬਰਸ ਇਕ ਵਾਰ ਅਥਵਾ ਦੋ ਵਾਰ ਦੁਖਾਂ ਵਿਚ ਆਵੇਢਿਤ ਹੁੰਦੇ ਰਹਿੰਦੇ ਹਨ ਅਜੇ ਭੀ ਨਾ ਤਾਂ ਤੌਬਾ ਹੀ ਕਰਦੇ ਹਨ ਅਰ ਨਾ ਹੀ ਸਿਖ-ਮਤ ਲੈਂਦੇ ਹਨ ॥ ੧੨੬ ॥ ਅਰ ਜਦੋਂ ਕੋਈ ਸੂਰਤ ਨਾਜ਼ਲ ਕੀਤੀ ਜਾਂਦੀ ਹੈ ਤਾਂ ਉਨਹਾਂ ਵਿਚੋਂ ਇਕ ਦੂਸਰੇ ਵਲ ਦੇਖਣ ਲਗ ਜਾਂਦਾ ਹੈ ਪੁਨਰ (ਇਹ ਸੰਭਾਖਣ ਕਰਕੇ ਕਿ) ਕਿਤੇ ਤੁਹਾਨੂੰ ਕੋਈ ਦੇਖਦਾ ਤਾਂ ਨਹੀਂ (ਉਠ ਕੇ) ਤੁਰ ਪੈਂਦੇ ਹਨ (ਇਹ ਲੋਗ ਪੈਗੰਬਰ ਦੀ ਸਭਾ ਵਿਚੋਂ ਕੀ ਫਿਰੇ ਕਿੰਤੂ) ਅੱਲਾ ਨੇ ਇਹਨਾਂ ਦੇ ਦਿਲਾਂ ਨੂੰ (ਸਚੇ ਦੀਨ ਦੀ ਤਰਫੋਂ) ਫੇਰ ਦਿਤਾ ਇਸ ਵਾਸਤੇ ਕਿ ਇਹ ਐਸੇ ਲੋਗ ਹਨ ਕਿ ਇਹਨਾਂ ਨੂੰ ਉਕੀ ਸਮਝ (ਹੀ) ਨਹੀਂ ॥ ੧੨੭ ॥ (ਲੋਗੋ !) ਤੁਹਾਡੇ ਪਾਸ ਤੁਹਾਡੇ ਵਿਚੋਂ ਹੀ ਇਕ ਰਸੂਲ ਆਏ ਹਨ ਤੁਹਾਡੀ ਤਕਲੀਫ ਇਹਨਾਂ ਪਰ ਔਖੀ ਗੁਜ਼ਰਦੀ ਹੈ (ਅਰ) ਇਹਨਾਂ ਨੂੰ ਤੁਹਾਡੀ ਭਲਾਈ ਦਾ ਹਾਉਕਾ ਹੈ ਅਰ ਮੁਸਲਮਾਨਾਂ ਪਰ ਅਧਿਕ ਤਰ ਦਿਆਲੂ (ਅਰ) ਮੇਹਰਬਾਨ ਹੈਂ ॥ ੧੨੮ ॥ ਅਦ੍ਯਪਿ ਇਹ ਲੋਗ ਅਮੋੜਤਾਈ ਕਰਨ ਤਾਂ (ਇਹਨਾਂ ਨੂੰ ਸਾਫ) ਕਹਿ ਦਿਓ ਕਿ ਸਾਨੂੰ ਖੁਦਾ ਨਿਰਭਰ ਕਰਦਾ ਹੈ ਓਸ ਤੋਂ ਸਿਵਾ ਕੋਈ ਪੂਜ੍ਯ ਨਹੀਂ ਮੈਂ ਉਸੀ ਪਰ ਭਰੋਸਾ ਰਖਦਾ ਹਾਂ ਅਰ ਅਰਸ਼ ਜੋ (ਮਖਲੂਕਾਤ ਵਿਚ ਸਾਰਿਆਂ ਨਾਲੋਂ) ਵਡਾ ਹੈ ਉਸ ਦਾ ਭੀ ਉਹੀ ਸਵਾਮੀ ਹੈ ॥ ੧੨੯ ॥ ਰੁਕੂਹ ॥ ੧੬ ॥

Digitized by Panjab Digital Library | www.panjabdigilib.org

# ਸੂਰਤ ਯੂਨਸ ਮੱਕੇ ਵਿਚ ਉਤਰੀ ਇਸ ਦੀ ਇਕ ਸੌ ਨੌਂ ਆਯਤਾਂ ਅਰ ਗਿਆਰਾਂ ਰੁਕੂਹ ਹਨ ।

(ਆਰੰਭ) ਅੱਲਾ ਦੇ ਨਾਮ ਨਾਲ਼ (ਜੋ) ਅਤੀ ਦਿਆਲੂ (ਅਰ) ਕ੍ਰਿਪਾਲੂ (ਹੈ) ਅਲਫ-ਲਾਮ ਰ੍ਾ ਇਹ ਐਸੀ ਪੁਸਤਕ ਦੀਆਂ ਆਇਤਾਂ ਹਨ ਜਿਸ ਵਿਚ (ਅਧਿਕ ਤਰ) ਬਦਮਤਾਂ ਦੀਆਂ ਬਾਤਾਂ ਹਨ ॥ ੧ ॥ ਕੀ ਲੋਗਾਂ ਨੂੰ ਇਸ ਬਾਤ ਥੀਂ ਅਚੰਭਾ ਗੁਜਰਿਆ ਕਿ ਅਸਾਂ ਨੇ ਉਹਨਾਂ ਵਿਚੋਂ ਹੀ ਇਕ ਆਦਮੀ ਦੀ ਤਰਫ ਇਸ ਬਾਤ ਦੀ ਵਹੀ ਕੀਤੀ ਕਿ ਲੋਗਾਂ ਨੂੰ (ਰਬ ਦੇ ਕਸ਼ਟ ਥੀਂ) ਸਭੈ ਕਰੋ ਅਰ ਭਰੋਸੇ ਵਾਲਿਆਂ ਨੂੰ ਖੁਸ਼ਖਬਰੀ ਸੁਣਾ ਦਿਓ ਕਿ ਓਹਨਾਂ ਦੇ ਪਰਵਰਦਿਗਾਰ ਦੀ ਬਾਰਗਾਹ ਵਿਚ ਉਨਹਾਂ ਦਾ ਬੜਾ ਦਰਜਾ ਹੈ ਕਾਫਰ (ਤਾਂ ਇਤਨੇ ਵਿਸਮਿਤ ਹੋਏ ਕਿ) ਲਗੇ ਕਹਿਣ ਕਿ ਜਾਣੇ ਰਬ ਇਹ (ਪੁਰਖ) ਪ੍ਰਤੱਛ ਤਾਂਤ੍ਰਕੀ ਹੈ ॥ ੨ ॥ (ਲੋਗੋ) ਤੁਹਾਡਾ ਪਰਵਰਦਿਗਾਰ ਵਹੀ ਅੱਲਾ ਹੈ ਜਿਸ ਨੇ ਛੇ ਦਿਨ ਵਿਚ ਧਰਤੀ ਅਗਾਸ ਉਤਪਤ ਕੀਤਾ ਪੁਨਰ ਅਰਸ਼ ਪਰ ਜਾ ਬਿਰਾਜਿਆ (ਕਿ ਉਥੋਂ ਹੀ) ਸਭ ਤਰਹਾਂ ਦਾ ਪ੍ਰਬੰਧ ਕਰ ਰਹਿਆ ਹੈ (ਇਸ ਦੀ ਸਰਕਾਰ ਵਿਚ) ਕੋਈ (ਕਿਸੇ ਦਾ) ਸਫਾਰਸ਼ੀ ਨਹੀਂ (ਹੋ ਸਕਦਾ) ਪਰੰਤੂ (ਹਾਂ) ਉਸ ਦੀ ਆਗਿਆ ਹੋਇਆਂ ਪਿਛੋਂ (ਲੋਗੋ) ਇਹੋ ਅੱਲਾ ਹੀ ਤੁਹਾਡਾ ਪਰਵਰਦਿਗਾਰ ਹੈ ਤਾਂ ਉਸੀ ਦੀ ਪੂਜਾ ਕਰੋ ਕੀ ਤੁਸੀਂ ਵਿਚਾਰ ਨਹੀਂ ਕਰਦੇ ॥ ੩ ॥ ਉਸੇ ਦੀ ਤਰਫ ਤੁਸਾਂ ਸਾਰਿਆਂ ਪਰਤਕੇ ਜਾਣਾ ਹੈ ਅੱਲਾ ਦੀ (ਇਹ) ਪ੍ਰਤਗਿਆ ਸਚੀ ਹੈ ਵੁਹੀ ਪਹਿਲੀ ਬਾਰ ਧਰਤੀ ਨੂੰ ਪੈਦਾ ਕਰਦਾ ਹੈ ਪੁਨਰ (ਵਿਨਸ਼ਟ ਹੋਇਆ ਪਿਛੋਂ ਵਹੀ) ਉਨਹਾਂ ਨੂੰ (ਪ੍ਰਲੈ ਦੇ ਦਿਨ) ਦੂਜੀ ਵੇਰੀ ਸਰਾਜੀਤ ਕਰੇਗਾ ਤਾ ਕਿ ਜੋ ਲੋਗ ਭਰੋਸਾ ਲੈ ਆਏ ਅਰ ਓਹਨਾਂ ਨੇ ਸ਼ੁਭ ਕਰਮ ਭੀ ਕੀਤੇ ਇਨਸਾਫ ਦੇ ਸਾਥ ਓਹਨਾਂ ਨੂੰ (ਓਹਨਾਂ ਦੇ ਕੀਤੇ ਦਾ) ਬਦਲਾ ਦੇ ਅਰ ਜੋ ਲੋਗ ਕੁਫਰ ਕਰਦੇ ਰਹੇ ਉਨਹਾਂ ਵਾਸਤੇ ਉਨਹਾਂ ਦੇ ਕੁਫਰ ਦੀ ਸਜ਼ਾ ਵਿਚ ਪੀਣ ਵਾਸਤੇ ਉਬਲਦਾ ਪਾਣੀ ਹੋਵੇਗਾ ਅਰ ਭਿਆਨਕ ਦੁਖ (ਇਸ ਤੋਂ ਅਲਗ) ॥ ੪ ॥ ਉਹੀ (ਸਰਵ ਸ਼ਕਤੀਮਾਨ) ਹੈ ਜਿਸ ਨੇ ਸੂਰਜ ਨੂੰ ਚਮਕਦਾ ਹੋਇਆ ਉਤਪਤ ਕੀਤਾ ਅਰ ਪ੍ਰਕਾਸ਼ਮਾਨ ਚੰਦ ਅਰ ਓਸ ਦੀਆਂ ਰਾਸਾਂ ਨਿਯਤ ਕੀਤੀਆਂ ਤਾ ਕਿ ਤੁਸੀਂ ਲੋਕ ਵਰ੍ਹਿਆਂ ਦੀ ਗਿਣਤੀ ਅਰ ਹਿਸਾਬ ਮਾਲੂਮ ਕਰ ਲੀਤਾ ਕਰੋ ਇਹ (ਸਭ ਕੁਛ) ਖੁਦਾ ਨੇ ਮਸਲ੍ਹਤ (ਭਲਾਈ) ਨਾਲ ਹੀ ਬਣਾਇਆ ਹੈ ਜੋ ਲੋਗ ਗਿਆਨਵਾਨ ਹਨ ਉਨਹਾਂ ਵਾਸਤੇ ਖੁਦਾ (ਆਪਣੀ ਕੁਦਰਤ ਦੀਆਂ) ਕੋਟੀਆਂ ਵਿਸਤਾਰ ਪੂਰਵਕ ਵਰਨਣ

Digitized by Panjab Digital Library | www.panjabdigilib.org

ਕਰਦਾ ਹੈ ॥ ੫ ॥ ਜੋ ਲੋਗ ( ਖੁਦਾ ਦਾ ) ਡਰ ਰਖਦੇ ਹਨ ਉਨਹਾਂ ਵਾਸਤੇ ਰਾਤ੍ਰੀ ਤਥਾ ਦਿਨ ਦੇ ਅਦਲ ਬਦਲ ਵਿਚ ਅਰ ਜੋ ਕੁਛ ਖੁਦਾ ਨੇ ਆਗਾਸ ਧਰਤੀ ਦੇ ਮਧਜ ਵਿਚ ਉਤਪਤ ਕੀਤਾ ਹੈ ਉਸ ਵਿਚ ( ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ) ਨਿਸ਼ਾਨੀਆਂ ( ਮੌਜੂਦ) ਹਨ ॥ ੬ ॥ ਜਿਨਹਾਂ ਲੋਗਾਂ ਨੂੰ (ਮਰਿਆਂ ਪਿਛੋਂ) ਸਾਡੇ ਸਾਥ ਮਿਲਣ ਦਾ ਡਰ ਹੀ ਨਹੀਂ ਅਰ ਸਾਂਸਾਰਿਕ ਜੀਵਣ ਵਿਚ ਪ੍ਰਸੰਨ ਹਨ ਅਰ (ਆਕਬਤ ਤੇ ਭੈ ਥੀਂ ਨਡਰ ਹੋਕੇ) ਇਤਮੀ-ਨਾਨ ਨਾਲ (ਸ਼ਾਂਤੀ ਪੂਰਵਕ ) ਜੀਵਣ ਗੁਜਾਰਦੇ ਹਨ ਅਰ ਜੋ ਲੋਗ ਸਾਡੀ ਕੁਦਰਤ ਦੀਆਂ ਨਿਸ਼ਾਨੀਆਂ ਤੋਂ ਅਲਮਸਤ ਹਨ॥੭॥ਇਹੋ ਲੋਗ ਹਨ ਜਿਨਹਾਂ ਦੀਆਂ ਕਰਤੂਤਾਂ ਦਾ ਬਦਲਾ ਇਹ ਹੋਵੇਗਾ ਕਿ ਓਹਨਾਂ ਦਾ (ਅੰਤਿਮ) ਅਸਥਾਨ ਨਰਕ ਹੈ ॥ ੮ ॥ ਜੋ ਲੋਗ ਭਰੋਸਾ ਲੈ ਆਇ ਅਰ ਉਹਨਾਂ ਨੇ ਸ਼ੁਭ ਕਰਮ (ਭੀ) ਕੀਤੇ ਓਹਨਾਂ ਦੇ ਭਰੋਸੇ ਦਾ ਪ੍ਰਭਾਵ ਸਾਥ ਓਹਨਾਂ ਨੂੰ ਓਹਨਾ ਦੇ ਪਰ-ਵਰਦਿਗਾਰ (ਮੁਕਤਿ ਮਾਰਗ) ਦਿਖਲਾ ਦੇਵੇਗਾ ਕਿ (ਮਰਿਆਂ ਪਿਛੋਂ) ਅਰਾਮ ਦਿਆਂ ਬਾਗਾਂ ਵਿਚ (ਰਹਿਣ ਬਹਿਣਗੇ) ਓਹਨਾਂ ਦੇ ਹੇਠਾਂ ਨਹਿਰਾਂ ਪਈਆਂ ਵਗਦੀਆਂ ਹੋਣਗੀਆਂ ॥੯॥ਓਹਨਾਂ(ਬਾਗਾਂ)ਵਿਚ ਪ੍ਰਵਸ਼ ਕਰਦੇ ਹੀ ਬੋਲ ਉਠਨ ਗੇ "ਸੁਬਹਾਨਾਂ ਕਲਾਹੁਮਾ" (ਅਰਥਾਤ ਪੈਦਾ ਕਰਨ ਵਾਲਿਆ ਰੱਬਾ ਤੇਰਾ ਪਵਿਤ੍ਰ ਰੂਪ ਹੈ) ਅਰ ਉਨਹਾਂ (ਬਾਗਾਂ) ਵਿਚ ਉਨ੍ਹਾਂ ਦੀ (ਆਪਸ) ਵਿਚ ਦੀ ਦੁਆਇ ਖੈਰ(ਸ਼ੁਭਕਾਮਨਾਂ)ਸਲਾਮ(ਅਲੈਕ)ਹੋਵੇਗੀ ਅਰ ਜਦੋਂ ਸੁਰਗ ਵਿਚ ਸੁਸਥ ਚਿਤ ਹੋ ਕੇ ਬੈਠ ਜਾਣਗੇ (ਤਾਂ) ਉਨਹਾਂ ਦੀ ਅੰਤਿਮ ਵਾਰਤਾ ਹੋਵੇਗੀ ਅਲਹਮਦੁ ਲਿਲਾਰਬੁਲ ਆਲਮੀਨਾ ( ਅਰਥਾਤ ਸਾਰੀਆਂ ਸਿਫਤਾਂ ਖੁਦਾ ਨੂੰ ਹੀ ਜੋਗ ਹਨ ਜੋ ਸਾਰੇ ਬ੍ਰਹਮੰਡ ਦਾ ਪਾਲਿਕ ਹੈ) ॥ ੧੦ ॥ ਰੁਕੂਹ ੧ ॥

ਅਰ ਜਿਸ ਤਰਹਾਂ ਲੋਗ ਫਾਇਦਿਆਂ ਵਾਸਤੇ ਉਤਾਵਲ ਕਰਿਆ ਕਰਦੇ ਹਨ ਯਦੀ ( ਉਸੀ ਤਰਹਾਂ ) ਖੁਦਾ ਭੀ (ਉਨਹਾਂ ਦੇ ਕੁਕਰਮਾਂ ਦੀ ਸਜਾ ਵਿਚ) ਉਨਹਾਂ ਦਾ ਬਲਾਤਕਾਰ ਨੁਕਸਾਨ ਕਰ ਦਿਤਾ ਕਰਦਾ ਤਾਂ ਉਨਹਾਂ ਦੀ (ਕਦੇ ਦੀ) ਮੌਤ ਆਗਈ ਹੁੰਦੀ ਅਰ ਅਸੀਂ ਓਹਨਾਂ ਲੋਗਾਂ ਨੂੰ ਜਿਨਹਾਂ ਨੂੰ (ਮਰਿਆਂ ਪਿਛੋਂ)ਸਾਡੇ ਪਾਸ ਆਉਣ ਦਾ(ਜਰਾ ਭੀ) ਖਟਕਾ ਨਹੀਂ ਛੱਡੀ ਰਖਦੇ ਹਨ ਕਿ ਆਪਣੀ ਮਨਮੁਖਤਾਈ ਵਿਚ ਪਏ ਭੰਭਲ ਭੂਸੇ ਖਾਂਦੇ ਫਿਰਨ ॥੧੧॥ ਅਰ ਜਦੋਂ ਆਦਮੀ ਨੂੰ ( ਕਿਸੀ ਤਰਹਾਂ ਦੀ ) ਪੀੜਾ ਪ੍ਰਾਪਤਿ ਹੋ ਜਾਂਦੀ ਹੈ ਤਾਂ ਬੈਠਾ, ਸੁਤਾ, ਖੜੋਤਾ ( ਕਿਸੇ ਦਸ਼ਾ ਵਿਚ ਹੋਵੇ ) ਸਾਨੂੰ ਪੁਕਾਰਦਾ ਰਹਿੰਦਾ ਹੈ ਪੁਨਰ ਜਦੋਂ ਅਸੀਂ ਉਸ ਦੀ ਪੀੜ ਨੂੰ ਉਸ ਥੀਂ ਦੂਰ ਕਰ ਦੇਂਦੇ ਹਾਂ ਤਾਂ ਐਸਾ (ਅਲਮਸਤ ਹੋ ਕੇ) ਤੁਰਦਾ ਹੈ ਕਿ ਮਾਨੋ ਉਸ ਪੀੜਾ ਦੀ (ਨਿਵ੍ਰਿਤਿ) ਵਾਸਤੇ

Digitized by Panjab Digital Library | www.panjabdigilib.org

ਜੋ ਉਸ ਨੂੰ ਪ੍ਰਾਪਤਿ ਹੋ ਰਹੀ ਸੀ ਸਾਨੂੰ (ਕਦੀ) ਪੁਕਾਰਿਆ ਹੀ ਨਹੀਂ ਸੀ ਜੋ ਲੋਗ (ਦਾਸਤਾ) ਦੀ ਸੀਮਾਂ ਤੋਂ ਬਾਹਰ ਪੈਰ ਰਖਦੇ ਹਨ ਓਹਨਾਂ ਨੂੰ ਉਨਹਾਂ ਦੇ ਕਰਮਾ ਅਮਨਾ ਪ੍ਰਕਾਰੇਣ ਉੱਤਮ ਕਰਕੇ ਦਿਖਲਾਏ ਗਏ ਹਨ ॥ ੧੨ ॥ ਅਰ (ਲੋਗੋ) ਤੁਹਾਡੇ ਨੀਲੋਂ ਪਹਿਲੇ ਕਈ ਉਮਤਾਂ ਹੋ ਬੀਤੀਆਂ ਹਨ ਕਿ ਜਦੋਂ ਉਨਹਾਂ ਨੇ ਛੇੜ ਛਾੜ ਪਰ ਲੱਕ ਬੱਧਾ ਅਸਾਂ ਓਹਨਾਂ ਨੂੰ ਭਟਕਾ ਕੇ ਮਾਰ ਸਿਟਿਆ ਅਰ ਉਨਹਾਂ ਦੇ ਰਸੂਲ ਓਹਨਾਂ ਦੇ ਪਾਸ ਖੁਲ-ਮਖੁਲੇ ਚਮਤਕਾਰ (ਭੀ) ਲੈ ਕੇ ਆਏ ਅਰ (ਇਸ ਥੀਂ ਭੀ) ਉਨਹਾਂ ਨੂੰ ਨਿਸਚਾ ਕਰਨਾ ਭਾਗਾਂ ਵਿਚ ਨਾ ਹੋਇਆ ਪਾਪੀਆਂ ਨੂੰ ਅਸੀਂ ਐਸੀ ਪ੍ਰਕਾਰ ਹੀ ਪੀੜਾ ਦਿਤਾ ਕਰਦੇ ਹਾਂ ॥ ੧੩ ॥ ਫਿਰ ਉਨਹਾਂ ਦੇ (ਮਰ ਗਇਆਂ ਦੇ) ਪਿਛੋਂ ਅਸਾਂ ਧਰਤੀ ਪਰ ਤੁਸਾਂ ਲੋਗਾਂ ਨੂੰ (ਉਨਹਾਂ ਦਾ) ਅਸਥਾਨ ਧਾਰੀ ਬਣਾਇਆ ਤਾ ਕਿ ਦੇਖੀਏ ਕਿ ਤੁਸੀਂ ਕੈਸੇ ਕਰਮ ਕਰਦੇ ਹੋ ॥ ੧੪ ॥ ਅਰ (ਹੇ ਪੈਯੰਬਰ) ਜਦੋਂ ਸਾਡੇ ਹੁਕਮ ਖੁਲਮਖੁਲੇ ਉਨਹਾਂ ਨੂੰ ਪੜ੍ਹਕੇ ਸੁਣਾਏ ਜਾਂਦੇ ਹਨ ਤਾਂ ਜਿਨਹਾਂ ਲੋਕਾਂ ਨੂੰ (ਮਰਿਆਂ ਪਿਛੋਂ) ਸਾਡੇ ਪਾਸ ਆਉਣ ਦਾ (ਜ਼ਰਾ ਭੀ) ਖਟਕਾ ਨਹੀਂ ਓਹ (ਤੁਹਾਨੂੰ) ਵਿਡੀ ਪਾਂਦੇ ਹਨ ਕਿ ਏਸ ਥੀਂ ਭਿੰਨ ਕੋਈ (ਹੋਰ) ਕੁਰਾਨ ਲੈ ਆਓ ਅਥਵਾ ਏਸੇ ਵਿਚ ਉਲਟ ਪੁਲਟ ਕਰ ਦਿਓ (ਤਾਂ ਤੁਸੀਂ ਉਨਹਾਂ ਨੂੰ) ਕਹੋ ਕਿ ਮੇਰੀ ਤਾਂ ਐਸੀ ਸਮਰਥ ਨਹੀਂ ਕਿ ਆ-ਪਣੀ ਤਰਫੋਂ ਏਸ ਵਿਚ (ਕਿਸੀ ਤਰਹਾਂ ਦਾ ਭੀ) ਉਲਟ ਪੁਲਟ ਕਰੂੰ ਮੇਰੀ ਤਰਫ ਜੋ ਵਹੀ ਆਉਂਦੀ ਹੈ ਮੈਂ ਤਾਂ ਉਸੀ ਪੁਰ ਤੁਰਦਾ ਹਾਂ ਯਦੀ ਮੈਂ ਆਪਣੇ ਪਰਵਰਦਿਗਾਰ ਦੀ ਆਗਿਆ ਭੰਗ ਕਰਾਂ ਤਾਂ ਮੈਨੂੰ (ਕਿਆ-ਮਤ ਦੇ) ਬੜੇ (ਭਿਆਨਕ ਦੁਖ) ਦੇ ਦਿਨ ਪਾਸੋਂ ਡਰ ਆਉਂਦਾ ਹੈ ॥ ੧੫ ॥ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੁ ਕਿ ਯਦੀ ਖੁਦਾ ਦੀ ਰੁਚੀ ਹੁੰਦੀ ਤਾਂ ਮੈਂ ਏਹ (ਕੁਰਾਨ) ਤੁਹਾਨੂੰ ਪੜ੍ਹਕੇ ਨਾ ਹੀ ਸੁਣਾਉਂਦਾ ਅਰ ਨਾਂ ਹੀ ਖੁਦਾ ਤੁਹਾਨੂੰ ਇਸ ਥੀਂ ਖਬਰਦਾਰ ਕਰਦਾ ਏਸ ਥੀਂ ਪਹਿਲਾਂ ਮੈਂ ਚਿਰਕਾਲ ਪ੍ਰਯੰਤ ਤੁਹਾਡੇ ਵਿਚ ਨਿਵਾਸ ਕਰ ਚੁਕਾ ਹਾਂ (ਅਰ ਮੈਂ ਕਦੇ ਵਹੀ ਦਾ ਨਾਮ ਭੀ ਨਹੀਂ ਲੀਤਾ) ਕੀ ਤੁਸੀਂ (ਇਤਨੀ ਬਾਤ ਭੀ) ਨਹੀਂ ਸਮਝਦੇ ॥ ੧੬ ॥ ਤਾਂ ਇਸ ਨਾਲੋਂ ਵਧਕੇ ਦੁਸ਼ਟ ਕੌਣ ਜੋ ਖੁਦਾ ਪਰ ਝੂਠੋ ਝੂਠ ਬਹੁਤਾਨ ਬੰਨ੍ਹ ਦੇਵੇ ਅਥਵਾ ਓਸ ਦੀਆਂ ਆਇਤਾਂ ਨੂੰ ਝੂਠਿਆਂ ਕਰੇ ਏਸ ਵਿਚ ਤਨੀਸਾ ਸੰਦੇਹ ਨਹੀਂ ਕਿ (ਐਸੇ) ਸਦੋਖੀ ਸਫਲਤਾ ਨੂੰ ਨਹੀਂ ਪ੍ਰਾਪਤ ਹੋਣਗੇ ॥ ੧੭ ॥ ਅਰ (ਭੇਦ ਵਾਦੀ) ਖੁਦਾ ਤੋਂ ਸਿਵਾ ਐਸੀਆਂ ਵਸਤਾਂ ਦੀ ਪੂਜਾ ਕਰਦੇ ਹਨ ਜੋ ਨਾ ਤਾਂ ਉਨਹਾਂ ਨੂੰ (ਕੋਈ) ਨੁਕਸਾਨ ਹੀ ਪਹੁੰਚਾ ਸਕਦੀਆਂ ਹਨ ਅਰ ਨਾ ਹੀਂ ਉਨਹਾਂ ਨੂੰ (ਕੋਈ) ਫਾਇਦਾ ਹੀ ਪਹੁੰਚਾ ਸਕਦੀਆਂ ਹਨ ਅਰ ਕਹਿੰਦੇ

Digitized by Panjab Digital Library | www.panjabdigilib.org

ਹਨ ਕਿ ( ਸਾਡੇ ) ਇਹ ( ਪੂਜਯ ) ਅੱਲਾ ਦੇ ਪਾਸ ਸਾਡੇ ਸਫਾਰਸ਼ੀ ਹਨ (ਹੇ ਪੈਯੰਬਰ ਇਹਨਾਂ ਲੋਗਾਂ ਨੂੰ) ਕਹੋ ਕਿ ਤੁਸੀਂ ਅੱਲਾ ਨੂੰ ਐਸੀ ਵਸਤ ( ਦੇ ਹੋਣ ) ਦੀ ਖਬਰ ਦੇਂਦੇ ਹੋ ਜਿਸ ਨੂੰ ਓਹ ਨਾ ( ਤਾਂ ਕਿਸੇ ) ਅਗਾਸ ਵਿਚ ਦੇਖਦਾ ਹੈ ਅਰ ਨਾ ਹੀ (ਕਿਤੇ) ਧਰਤੀ ਪਰ ਓਹ ਇਹਨਾਂ ਲੋਗਾਂ ਦੀ ਸ਼ਿਰਕ ਤੋਂ ਪਵਿਤ੍ਰ ਅਰ ਊਚ ਤੇ ਊਚਾ ਹੈ ॥ ੧੮ ॥ ਅਰ ( ਆਦਿ ਕਾਲ ਵਿਚ ) ਲੋਗ ( ਦੀਨ ਦੇ ) ਇਕ ਹੀ ਮਾਰਗ ਪਰ ਸਨ ਭੇਦ ਤਾਂ ਇਨਹਾਂ ਵਿਚ ਪਿਛੋਂ ਹੀ (ਪੈਦਾ) ਹੋਇਆ ਅਰ ( ਹੇ ਪੈਯੰਬਰ ) ਯਦੀ ਤੇਰੇ ਪਰਵਰਦਿਗਾਰ ਦੀ ਤਰਫੋਂ ( ਕਿਆਮਤ ਦੀ ) ਪਰਤਿਗਯਾ ਪਹਿਲਾਂ ਤੋਂ ਹੀ ਨਾ ਹੁੰਦੀ ਤਾਂ ਜਿਨਹਾਂ ਵਸਤਾਂ ਵਿਚ ਇਹ ਲੋਗ ਵਿਭੇਦ ਕਰ ਰਹੇ ਹਨ ( ਕਦੇ ਦਾ ) ਇਹਨਾਂ ਦੇ ਮਧਯ ਮੇਂ ਉਨਹਾਂ ਦਾ ਫੈਸਲਾ ਕਰ ਦਿਤਾ ਗਿਆ ਹੁੰਦਾ ॥ ੧੯ ॥ ਅਰ ਕਹਿੰਦੇ ਹਨ ਏਸ ( ਪੈਯੰਬਰ ਮੁਹੰਮਦ) ਨੂੰ ਏਸਦੇ ਪਰਵਰਦਿਗਾਰ ਦੀ ਤਰਫੋਂ ਕੋਈ ਸਿਧੀ ( ਜੈਸੀ ਸਾਡੀ ਭਾਵਨਾ ਹੈ) ਕਿਉਂ ਨਾ ਦਿਤੀ ਗਈ ਤਾਂ (ਹੇ ਪੈਯੰਬਰ ਇਨਹਾਂ ਲੋਗਾਂ ਨੂੰ) ਕਹੋ ਕਿ ਗੁਪਤ ( ਬਾਤ ਦਾ ਗਿਆਨ ਤਾਂ ) ਬਸ ਖੁਦਾ ਨੂੰ ਹੀ ਹੈ ਤਾਂਤੇ ਤੁਸੀਂ ( ਭੀ ਖੁਦਾ ਦੀ ਆਗਿਆ ਦੀ ) ਉਡੀਕ ਕਰੋ ਮੈਂ ( ਭੀ ) ਤੁਹਾਡੇ ਸਾਥ ਉਡੀਕ-ਵਾਨ ਹਾਂ ॥ ੨੦ ॥ ਰੁਕੂਹ ੨ ॥

ਅਰ ਜਦੋਂ ਲੋਗਾਂ ਨੂੰ ਕਸ਼ਟ ਪ੍ਰਾਪਤ ਹੋਣ ਦੇ ਪਿਛੋਂ ਅਸੀਂ (ਓਹਨਾਂ ਦੇ ਕਸ਼ਟ ਨੂੰ ਦੂਰ ਕਰਕੇ ਆਪਣੀ ) ਕਿਰਪਾ ਦਾ ਸਵਾਦ ਚਖਾ ਦੇਂਦੇ ਹਾਂ ਤਾਂ ਬਸ ਸਾਡੀਆਂ ਆਇਤਾਂ ( ਦੀ ਮੁਖਾਲਫਤ) ਵਿਚ ਕਾਰਸਾਜੀਆਂ ਕਰ ਤੁਰਦੇ ਹਨ (ਹੇ ਪੈਯੰਬਰ ਇਨਹਾਂ ਲੋਗਾਂ ਨੂੰ) ਕਹੋ (ਤੁਹਾਡੀਆਂ ਕਾਰਸਾਜ਼ੀਆਂ ਨਾਲੋਂ) ਅੱਲਾ ਦੀ ਕਾਰਸਾਜ਼ੀ ਅਧਿਕ ਚਲਦੀ ਹੈ ( ਓਹ ਕਥਨ ਕਰਦਾ ਹੈ ਕਿ ) ਸਾਡੇ ਫਰਿਸ਼ਤੇ ਤੁਹਾਡੀਆਂ ਕਾਰਸਾਜ਼ੀਆਂ ( ਸੰਪੂਰਨ ) ਲਿਖਦੇ ( ਜਾਂਦੇ ) ਹਨ ॥ ੨੧ ॥ ਵਹੀ ( ਖੁਦਾ ਤਾਂ ) ਹੈ ਜੋ ਤੁਸਾਂ ਲੋਗਾਂ ਨੂੰ ਜਲ ਥਲ ਵਿਚ ਲਈ ੨ ਫਿਰਦਾ ਹੈ ਇਥੋਂ ਤਕ ਕਿ ਕਈ ਵੇਰੀ ਤੁਸੀਂ ਤਰਨੀਆਂ ਵਿਚ ਹੁੰਦੇ ਹੋ ਅਰ ਓਹ ਲੋਗਾਂ ਨੂੰ ਅਨੁਕੂਲ ਵਾਯੂ ਦੀ ਸਹਾਇਤਾ ਲੈਕੇ ਤੁਰ-ਦੀਆਂ ਹਨ ਅਰ ਲੋਗ ਓਹਨਾਂ (ਦੀ ਚਾਲ) ਨਾਲ ਪ੍ਰਸੰਨ ਹੁੰਦੇ ਹਨ (ਦੈਵਗਤੀ ਸੇਂ) ਤਰਨੀ(ਕਿਸ਼ਤੀ)ਨੂੰ ਵਾਯੂ ਦਾ ਇਕ ਬੁਲਾ ਲਗਦਾ ਹੈ ਅਰ ਤਰੰਗ(ਹਨ ਕਿ) ਓਸ ਪਰ ਚੁਤਰਫੀ (ਚੜ੍ਹੇ) ਆ ਰਹੇ ਹਨ ਅਰ ਉਹ ਜਾਨਦੇ ਹਨ ਕਿ (ਕੁਥਾਂ) ਫਾਬੇ ਤਾਂ ਬਸ ਕੇਵਲ ਖੁਦਾ ਨੂੰ ਹੀ ਮੰਨਕੇ ਓਸ ਪਾਸੋਂ ਦੁਆ ( ਪ੍ਰਾਰਥਨਾ ) ਮੰਗਣ ਲਗ ਪੈਂਦੇ ਹਨ ਕਿ "(ਪੈਦਾ ਕਰਨ ਵਾਲੇ ਖੁਦਾਇਆ)" ਯਦੀ (ਆਪਣੀ ਕਿਰਪਾ ਸਾਥ) ਤੂੰ ਸਾਨੂੰ ਇਸ ( ਦੁਖੜੇ ) ਤੋਂ ਰਖ ਲਵੇਂ ਤਾਂ ਅਸੀਂ ਜ਼ਰੂਰ ਹੀ ( ਤੇਰਾ ) ਧਨਯਵਾਦ ਕਰਾਂਗੇ ॥ ੨੨ ॥ ਪੁਨਰ ਜਦੋਂ ਓਹ ਓਹਨਾਂ

Digitized by Panjab Digital Library | www.panjabdigilib.org

ਨੂੰ ( ਓਸ ਬਲਾ ਦੇ ਮੂੰਹੋਂ ) ਛੁਡਾ ਲੈਂਦਾ ਹੈ ਤਾਂ ਉਹ ਥਲ ਪਰ ਪ੍ਰਾਪਤਿ ਹੁੰਦੇ ਹੀ ਨਾਹੱਕ ਦੀ ਅਮੋੜਤਾਈ ਕਰਨ ਲਗ ਪੈਂਦੇ ਹਨ ਲੋਗੋ ! ਤੁਹਾਡੀ ਅਮੋੜ-ਤਾਈ ( ਦਾ ਭਾਰ ) ਤੁਹਾਡੀਆਂ ਹੀ ਜਿੰਦੜੀਆਂ ਪਰ ( ਪਵੇਗਾ ਇਹ ਭੀ ) ਸੰਸਾਰ ਵਿਚ ( ਦੋ ਦਿਨਾਂ ) ਦੇ ਜੀਵਣ ਦੇ ਲਾਭ ( ਹਨ ਸੋ ਚੰਗਾ ਇਹਨਾਂ ਦੇ ਬੁਲੇ ਲੁਟੋ ) ਅੰਤ ਨੂੰ ਤੁਸਾਂ ਸਾਡੀ ਤਰਫ ਹੀ ਲੋਟ ਕੇ ਆਉਣਾ ਹੈ ਸੋ ( ਓਸ ਵੇਲੇ ) ਜੋ ਕੁਛ ਭੀ ਤੁਸੀਂ ( ਸੰਸਾਰ ਵਿਚ) ਕਰਦੇ ਰਹੇ ਹੋ ਅਸੀਂ ਤੁਹਾਨੂੰ (ਉਸਦਾ ਸ਼ੁਭਅਸ਼ੁਭ) ਦਸ ਦੇਵਾਂਗੇ ॥ ੨੩ ॥ ਸਾਂਸਾਰਿਕ ਜੀਵਣ ਦਾ ਦ੍ਰਿਸ਼ਟਾਂਤ ਤਾਂ ਬਸ ਪਾਣੀ ਵਰਗਾ ਹੈ ਕਿ ਅਸਾਂ ਉਸ ਨੂੰ ਅਗਾਸ ਵਿਚੋਂ ਬਰਸਾਇਆ ਪੁਨਰ ਧਰਤੀ ਦੀਆਂ ਅੰਗੂਰੀਆਂ ਜਿਸਨੂੰ ਆਦਮੀ ਤਥਾ ਪਸ਼ੂ ਖਾਂਦੇ ਹਨ ਪਾਣੀ ਨਾਲ ਮਿਲ ਗਈਆਂ (ਏਸ ਤਰਹਾਂ ਕਿ ਪਾਣੀ ਨੂੰ ਪੀ ਲੀਤਾ ਅਰ ਓਹ ਫੁਲੀਆਂ ਅਰ ਫਲੀਆਂ) ਇਥੋਂ ਤਕ ਕਿ ਜਦੋਂ ਧਰਤੀ ਨੇ (ਫਸਲ ਸਾਥ) ਆਪਣਾ ਸ਼ਿੰਗਾਰ ਕਰ ਲੀਤਾ ਅਰ ਉਹ ਸੁਹਾਉਣੀ ਭਾਉਣੀ ਹੋਈ ਅਰ ਖੇਤ੍ਰੀਆਂ ਵਾਲਿਆਂ ਨੇ ਸਮਝਿਆ ਕਿ (ਹੁਣ) ਉਹ ਉਸ ਪਰ ਅਧਿਕਾਰ ਪਾ ਗਏ (ਜਦੋਂ ਚਾਹਾਂ ਗੇ ਵਢ ਲਵਾਂਗੇ ਕਾਲਗਤੀ ਸੋਂ) ਰਾਤ੍ਰੀ ਸਮੇਂ ਕਿੰਵਾ ਦਿਨ ਦੇ ਸਮੇਂ ਸਾਡਾ ਹੁਕਮ (ਕਸ਼ਟ) ਓਸ ਪਰ ਆ ਪਰਾਪਤ ਹੋਇਆ ਪੁਨਰ ਅਸਾਂ ਉਸ ਨੂੰ ਐਸਾ ਵਿਛਾਇਆ ਕਿ ਮਾਨੋਂ ਸਾਰੀ (ਖੇਤ੍ਰੀ ਵਿਚ) ਉਸ ਦਾ ਤੂੰਡ ਮੁੰਡ ਹੀ ਨਹੀਂ ਸੀ ਜੋ ਆਦਮੀ (ਬਾਤ ਦੀ) ਘਾਤ ਨੂੰ ਜਾਣਦੇ ਬੁਝਦੇ ਹਨ ਉਨਹਾਂ (ਦੀ ਸਿਖਿਆ)ਵਾਸਤੇ ਅਸੀਂ ਆਪਣੀ ਕੁਦਰਤ ਦੀਆਂ ਕੋਟੀਆਂ ਇਸ ਤਰਹਾਂ ਵਿਸਤ੍ਰਿਤ ਕਰਕੇ ਵਰਣਨ ਕਰਦੇ ਹਾਂ ॥ ੨੪ ॥ ਅਰ ਅੱਲਾ (ਲੋਗਾਂ ਨੂੰ) ਸਲਾਮਤੀ ਦੇ ਘਰ (ਅਰਥਾਤ ਸਵਰਗ) ਦੀ ਤਰਫ ਬੁਲਾਉਂਦਾ ਹੈ ਅਰ ਜਿਸ ਨੂੰ ਚਾਹੁੰਦਾ ਹੈ ਸੂਧਾ ਮਾਰਗ ਦਿਖਾ ਦਿੰਦਾ ਹੈ ॥ ੨੫ ॥ ਜਿਨਹਾਂ ਲੋਗਾਂ ਨੇ (ਸੰਸਾਰ ਵਿਚ) ਸ਼ੁਭ ਕਰਮ ਕੀਤੇ ਉਹਨਾਂ ਦੇ ਵਾਸਤੇ (ਅੰਤ ਨੂੰ ਭੀ) ਵੈਸੀ ਹੀ ਭਲਾਈ ਹੈ ਅਰ ਕੁਛ ਵਧ ਕੇ ਭੀ ਅਰ (ਦੋਖੀਆਂ ਦੀ ਤਰਹਾਂ) ਉਨਹਾਂ ਦੇ ਮੁਖੜਿਆਂ ਪਰ ਨਾ ਹੀ ਕਾਲਖ ਲਗੀ ਹੋਈ ਹੋਵੇਗੀ ਅਰ ਨਾ ਸ਼ਰਮਿੰਦਗੀ ਇਹੋ ਹਨ ਸੂਰਗ ਬਾਸੀ ਕਿ ਉਹ ਸਦਾ ੨ ਸੂਰਗਾਂ ਵਿਚ ਰਹਿਣਗੇ ॥ ੨੬ ॥ ਅਰ ਜਿਨਾਂ ਲੋਗਾਂ ਨੇ ਨਖਿਧ ਕਰਮ ਕੀਤੇ ਤਾਂ ਬੁਰਾਈ ਦਾ ਬਦਲਾ ਵੈਸੀ ਹੀ (ਬੁਰਾਈ) ਅਰ ਏਸ ਥੀਂ (ਅਲਗ) ਉਨਹਾਂ (ਦੇ ਮੁਖ-ੜਿਆਂ) ਪਰ ਜ਼ਿੱਲਤ ਛਾ ਰਹੀ ਹੋਵੇਗੀ ਅੱਲਾ (ਦੀ ਮਾਰ) ਪਾਸੋਂ ਉਨਹਾਂ ਦਾ ਰੱਛਕ ਕੋਈ ਨਹੀਂ (ਉਨਹਾਂ ਦੇ ਮੂੰਹ ਐਸੇ ਕਾਲੇ ਕੱਟ ਹੋਣਗੇ ਕਿ) ਮਾਨੋਂ ਅੰਧੇਰੀ ਰਾਤ (ਰੂਪੀ ਚਾਦਰ ਨੂੰ ਫਾੜ ਕੇ ਉਸ ਦੇ) ਟੋਟੇ ਉਨਹਾਂ ਦਿਆਂ ਮੁਖ-ੜਿਆਂ ਪਰ ਪਾ ਦਿਤੇ ਹਨ ਇਹੋ ਹਨ ਨਾਰਕੀ ਕਿ ਉਹ ਸਦਾ ੨ ਨਰਕਾਂ

Digitized by Panjab Digital Library | www.panjabdigilib.org

ਵਿਚ ਰਹਿਣਗੇ ॥ ੨੭ ॥ ਅਰ (ਹੇ ਪੈਯੰਬਰ ਇਨਹਾਂ ਨੂੰ ਓਸ ਦਿਨ ਬੀ ਸਭੈ ਕਰ ਕਿ) ਜਿਸ ਦਿਨ ਅਸੀਂ ਏਹਨਾਂ ਸਾਰਿਆਂ ਨੂੰ (ਆਪਣੇ ਸਨਮੁਖ) ਇਕਤ੍ਰ ਕਰਾਂਗੇ ਪੁਨ: ਭੇਦਵਾਦੀਆਂ ਨੂੰ ਹੁਕਮ ਦੇਵਾਂਗੇ ਕਿ ਤੁਸੀਂ ਅਰ ਜਿਨਹਾਂ ਨੂੰ ਤੁਸੀਂ (ਖੁਦਾ ਦੇ) ਸ਼ਰੀਕ ਬਣਾਇਆ ਸੀ ਓਹ ਤਨੀਸਾ ਆਪਣੀ ਜਗਹਾਂ ਠਹਿਰੇਂ ਪੁਨਰ ਅਸੀਂ ਏਹਨਾਂ ਦੇ ਆਪਸ ਵਿਚ ਦ੍ਵੈਖ ਪਾ ਦੇਵਾਂਗੇ ਅਰ ਏਹਨਾ ਦੇ ਸ਼ਰੀਕ ਏਹਨਾਂ ਨੂੰ ਕਹਿਣਗੇ ਕਿ (ਤੁਸੀਂ ਝੂਠ ਬੋਲਣ ਵਾਲੇ ਹੋ ਜੋ) ਸਾਡੀ ਪੂਜਾ ਤਾਂ ਤੁਸੀਂ ਕੁਝ ਕਰਦੇ (ਕਰਾਂਦੇ) ਥੇ ਨਹੀਂ ॥ ੨੮ ॥ ਬਸ (ਹੁਣ) ਸਾਡੇ ਅਰ ਤੁਹਾਡੇ ਮਧਜ ਮੇਂ ਖੁਦਾ ਹੀ ਗਵਾਹ ਹੈ ਸਾਨੂੰ ਤਾਂ ਤੁਹਾਡੀ ਪੂਜਾ ਦੀ ਮੁਤਲਿਕ ਖਬਰ ਨਹੀਂ ਸੀ ॥ ੨੯ ॥ (ਭਾਵ) ਓਥੇ ਸਾਰੇ ਹੀ ਆਦਮੀ ਆਪਣਿਆਂ ਕਰਮਾਂ ਨੂੰ ਜੋ ਉਸ ਨੇ (ਪਰਲੋਕ ਵਾਸਤੇ) ਪਹਿਲਾਂ ਤੋਂ ਹੀ ਭੇਜੇ ਹਨ ਪ੍ਰੀਖਿਆ ਕਰ ਲਵੇਗਾ ਅਰ ਸਾਰੇ ਹੀ ਲੋਗ ਅੱਲਾ ਦੀ ਤਰਫ ਕਿ ਉਹ ਉਹਨਾਂ ਦਾ ਸਚਾ ਮਾਲਿਕ ਹੈ ਲੌਟਾ ਕੇ ਲੈ ਆਂਦੇ ਜਾਣਗੇ ਅਰ ਜੋ (ਸੰਸਾਰ ਵਿਚ ਉਹ) ਝੂਠ ਥਪਦੇ ਰਹੇ ਹਨ ਉਹ ਸਾਰੀਆਂ ਓਹਨਾਂ ਪਾਸੋਂ ਗਈਆਂ ਗੁਜਰੀਆਂ ਹੋ ਜਾਣਗੀਆਂ ॥ ੩੦ ॥ ਰੁਕੂਹ ੩ ॥

(ਹੇ ਪੈਯੰਬਰ ਏਨਹਾਂ ਲੋਗਾਂ ਪਾਸੋਂ ਇਤਨੀ ਤਾਂ) ਪੁਛੋ ਕਿ ਤੁਹਾਨੂੰ ਆਕਾਸ਼ ਅਰ ਧਰਤੀ ਵਿਚ ਰੋਜੀ ਕੌਣ ਦੇਂਦਾ ਹੈ ਅਥਵਾ (ਤੁਹਾਡੇ) ਕੰਨ (ਤੁਹਾਡੀਆਂ) ਅੱਖੀਆਂ (ਅਸਲ ਵਿਚ) ਕਿਸ ਦੇ ਅਧੀਨ ਹਨ ਅਰ ਕੌਣ (ਹੈ ਜੋ) ਜੀਵ ਨੂੰ ਜੜ ਵਿਚੋਂ ਨਿਕਾਸਦਾ ਹੈ ਅਰ ਜੜ ਨੂੰ ਜੀਵ ਵਿਚੋਂ ਨਿਕਾਸਦਾ ਹੈ ਅਰ ਕੌਣ (ਸੰਸਾਰ ਦਾ) ਪਰਬੰਧ ਕਰਦਾ ਹੈ ਤਾਂ ਸ਼ੀਘਰ ਹੀ ਬੋਲ ਉਠਣਗੇ ਕਿ ਅੱਲਾ ! ਤਾਂ ਪੁਨਰ ਤੁਸੀਂ (ਏਹਨਾਂ ਨੂੰ) ਕਹੋ ਕਿ ਕੀ ਤੁਸੀਂ ਅਧਜਪਿ (ਉਸ ਪਾਸੋਂ) ਨਹੀਂ ਡਰਦੇ ॥ ੩੧ ॥ ਪੁਨਰ ਇਹੋ ਅੱਲਾ ਤਾਂ ਤੁਹਾਡਾ ਪਰਵਰਦਿਗਾਰ ਸਤ ਹੈ ਤਾਂ ਸਚੀ (ਬਾਤ) ਦੇ (ਮਾਲੂਮ ਹੋਇਆਂ) ਪਿਛੋਂ (ਉਸ ਨੂੰ ਨਾਂ ਮੰਨਣਾ) ਗੁਮਰਾਹੀ ਨਹੀਂ ਤਾਂ ਹੋਰ ਕੀ ਹੈ ? ਤਾਂ ਤੁਸੀਂ ਲੋਕ ਕਿਧਰ ਨੂੰ ਫਿਰੇ ਚਲੇ ਜਾ ਰਹੇ ਹੋ ॥ ੩੨ ॥ (ਹੇ ਪੈਯੰਬਰ) ਅਮੁਨਾ ਪ੍ਰਕਾਰੇਣ ਤੁਹਾਡੇ ਪਰਵਰਦਿਗਾਰ ਦੀ ਆਗਿਆ ਇਨ ਆਗਿਆ ਭੰਗੀ ਲੋਗਾਂ ਪਰ ਸਚੀ ਹੋਕੇ ਰਹੀ ਕਿ ਇਹ ਕਿਸੀ ਤਰਹਾਂ ਨਿਸਚਾ ਕਰਨ ਵਾਲੇ ਹੈ ਨਹੀਂ ॥ ੩੩ ॥ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਪੁਛੋ ਕਿ ਤੁਹਾਡੇ (ਨਿਯਤ ਕੀਤੇ ਹੋਏ) ਸ਼ਰੀਕਾਂ ਵਿਚੋਂ ਕੋਈ ਐਸਾ ਭੀ ਹੈ ਜੋ ਸ੍ਰਿਸ਼ਟੀ ਨੂੰ ਪਹਿਲੀ ਬਾਰ ਪੈਦਾ ਕਰੇ ਪੁਨਰ ਉਸ ਨੂੰ (ਮਾਰਕੇ) ਦੂਸਰੀ ਵਾਰ ਉਤਪਤ ਕਰੇ (ਏਹ ਤਾਂ ਓਸ ਦਾ ਕੀ ਉੱਤਰ ਦੇਣਗੇ ਤੁਸੀਂ ਹੀ ਏਹਨਾਂ ਨੂੰ) ਕਹੋ ਕਿ ਅੱਲਾ ਹੀ

Digitized by Panjab Digital Library | www.panjabdigilib.org

ਸਰਿਸ਼ਟੀ ਨੂੰ ਪਹਿਲੀ ਬਾਰ ਉਤਪਤ ਕਰਦਾ ਹੈ ਪੁਨਰ ( ਵਹੀ ) ਉਹਨਾਂ ਨੂੰ (ਮਾਰ ਕੇ) ਦੂਸਰੀ ਵੇਰ ਉਤਪਤ ਕਰੇਗਾ ਤਾਂ (ਤੁਸੀਂ) ਹੁਣ ਕਿਧਰ ਨੂੰ ਅਪੁਠੇ ਤੁਰੇ ਜਾ ਰਹੇ ਹੋ ॥ ੩੪ ॥ ( ਹੇ ਪੈਯੰਬਰ ਏਹਨਾਂ ਨੂੰ) ਪੁਛੋ ਕਿ ਤੁਹਾਡੇ (ਨਿਯਤ ਕੀਤੇ ਹੋਏ ) ਸ਼ਰੀਕਾਂ ਵਿਚੋਂ ਕੋਈ ਐਸਾ ਭੀ ਹੈ ਜੋ ਸਚੇ ( ਦੀਨ ) ਦਾ ਮਾਰਗ ਦਸ ਸਕੇ (ਤੁਸੀਂ ਹੀ ਇਹਨਾਂ ਨੂੰ) ਕਹੋ ਕਿ ਅੱਲਾ ਹੀ ਸਚੇ ਮਾਰਗ ਨੂੰ ਦਸਦਾ ਹੈ ਤਾਂ ਕੀ ਜੋ ਸਚੇ ( ਦੀਨ ) ਦਾ ਰਾਹ ਦਸੇ ਓਹ ਏਸ ਦਾ ਅਧਿਕ ਅਧਿਕਾਰ ਰਖਦਾ ਹੈ ਕਿ ਉਸ ( ਦੀ ਆਗਿਆ ) ਪਾਲਣ ਕੀਤੀ ਜਾਵੇ ਅਥਵਾ ਜੋ ਐਸਾ (ਆਜਜ਼) ਹੈ ਕਿ ਜਦੋਂ ਤਕ ਦੂਸਰਾ ਉਸ ਨੂੰ ਰਾਹ ਨਾ ਦਸੇ ਉਹ ਆਪ ਭੀ ਰਾਹ ਨਹੀਂ ਪਾ ਸਕਦਾ ਤਾਂ ਤੁਹਾਨੂੰ ਲੋਗਾਂ ਨੂੰ ਕੀ ਹੋ ਗਿਆ ਹੈ ਕੈਸੇ ਫੈਸਲੇ ਕਰਦੇ ਹੋ ॥ ੩੫ ॥ ਅਰ ਏਹਨਾਂ ਲੋਗਾਂ ਵਿਚੋਂ ਅਕਸਰ ਤਾਂ ਬਸ ਅਟਕਲ ਪਚੂ ਪਰ ਹੀ ਤੁਰਦੇ ਹਨ ਸੋ ਅਟਕਲ ਪਚੂ ਦੇ ਤੀਰ ਤੁਕੇ ਸਚ ਦੀ ਅਪੇਖਜਾ ਵਿਚ ਕਿਸੇ ਕੰਮ ਨਹੀਂ ਆਉਂਦੇ ਜੈਸੀਆਂ ਜੈਸੀਆਂ ( ਮੂਰਖਤਾਈਆਂ ) ਏਹ ਲੋਗ ਕਰ ਰਹੇ ਹਨ ਅੱਲਾ ਉਨਹਾਂ ਨੂੰ ਭਲੀ ਤਰਹਾਂ ਜਾਣਦਾ ਹੈ ॥ ੩੬ ॥ ਅਰ ਏਹ ਕੁਰਾਨ ਏਸ ਤਰਹਾਂ ਦੀ ਪੁਸਤਕ ਨਹੀਂ ਕਿ ਖੁਦਾ ਤੋਂ ਸਿਵਾ ਕੋਈ ਏਸ ਨੂੰ ਆਪਣੀ ਤਰਫੋਂ ਬਣਾ ਲਿਆਵੇ ਕਿੰਤੂ ਜੋ (ਕਿਤਾਬਾਂ) ਏਸ ( ਦੇ ਉਤਰਨ ਦੇ ਸਮੇਂ) ਥੀਂ ਪਹਿਲੇ (ਵਿਦਮਾਨ) ਹਨ (ਏਹ ਕੁਰਾਨ) ਸੰਸਾਰ ਦੇ ਪਾਲਨਹਾਰ ਦੀ ਤਰਫੋਂ ਉਨਹਾਂ ਦੀ ਤਸਦੀਕ ਕਰਦਾ ਹੈ ਅਰ (ਓਹਨਾਂ ਹੀ) ਕਿਤਾਬਾਂ ( ਦੇ ਹੁਕਮਾਂ ) ਦਾ ਵਿਸਤਾਰ ਹੈ (ਅਰ) ਏਸ ( ਦੇ ਆਸਮਾਨੀ ਕਿ-ਤਾਬ ਹੋਣ) ਵਿਚ ਤਨੀਸਾ ਭੀ ਭਰਮ ਨਹੀਂ ॥ ੩੭ ॥ ਕੀ (ਏਹ ਲੋਗ ਕੁਰਾਨ ਦੀ ਨਿਸਬਤ ) ਕਹਿੰਦੇ ਹਨ ਕਿ ਏਸ ਨੂੰ ਪੈਯੰਬਰ ਨੇ ਆਪੇ ਆਪ ਹੀ ਬਣਾ ਲੀਤਾ ਹੈ ਤਾਂ (ਹੇ ਪੈਯੰਬਰ ਤੁਸੀਂ ਏਹਨਾਂ ਨੂੰ) ਕਹੋ ਕਿ ਯਦੀ ਤੁਸੀਂ (ਆਪਣੇ ਪਖ ਦੇ ) ਸਚੇ ਹੋ (ਅਰ ਜਿਸ ਤਰਹਾਂ ਤੁਸੀਂ ਕਹਿੰਦੇ ਹੋ ਮੈਂ ਉਸਦੇ ਬਨਾਨ ਤੇ ਸਮਰਥ ਹਾਂ) ਤਾਂ (ਤੁਸੀਂ ਭੀ ਆਪਣੀ ਬੋਲੀ ਦੇ ਮਾਲਕ ਹੋ) ਐਸੀ ਹੀ ਇਕ ਸੂਰਤ ਤੁਸੀਂ ਭੀ ਬਣਾ ਲਿਆਓ ਅਰ ਖੁਦਾ ਥੀਂ ਸਿਵਾ (ਜਿਸ) ੨ ਨੂੰ ਤੁਹਾਡੇ ਵਿਚੋਂ (ਬੁਲਾਉਣਾ) ਅਵਸ਼ ਹੋਵੇ (ਆਪਣੀ ਸਹਾਇਤਾ ਵਾਸਤੇ) ਬੁਲਾ ਲਓ ॥ ੩੮ ॥ ਸੋ ( ਏਹ ਲੋਗ ਏਸ ਉਤੋਂ ਕੰਨੀ ਕਤਰ ਕੇ ) ਲਗੇ ਓਸ ਚੀਜ਼ ਨੂੰ ਝੂਠਿਆਂ ਕਰਨ ਜਿਸ ਦੇ ਸਮਝਣ ਦੀ ਏਹਨਾਂ ਨੂੰ ਸਮਰਥ ਨਾ ਹੋਈ ਅਰ ਅਜੇ ਤਕ ਉਸ ਦੇ ਸੱਚ ਮੰਨਣ ਦਾ ਸਮਾਂ ਹੀ ਏਹਨਾਂ ਨੂੰ ਪਰਾਪਤ ਨਹੀਂ ਹੋਇਆ ਉਕਤ ਰੀਤੀ ਨਾਲ ਹੀ ਉਨਹਾਂ ਲੋਗਾਂ ਨੇ ਭੀ ਕੂੜਿਆਂ ਕੀਤਾ ਸੀ ਜੋ ਏਹਨਾਂ ਨਾਲੋਂ ਪਹਿਲੇ ਹੋ ਬੀਤੇ ਹਨ ਤਾਂ ( ਹੇ ਪੈਯੰਬਰ ) ਦੇਖ (ਓਹਨਾਂ) ਦੁਸ਼ਟਾਂ ਦਾ ਕੈਸਾ (ਬੁਰਾ ) ਅੰਤ ਹੋਇਆ ॥੩੯॥ ਅਰ ਏਹਨਾਂ ਵਿਚੋਂ

Digitized by Panjab Digital Library | www.panjabdigilib.org

ਕਈਕੁ ਲੋਗ ਐਸੇ ਹਨ ਜੋ ਕੁਰਾਨ ਪਰ ( ਅਗੋਂ ) ਭਰੋਸਾ ਕਰ ਲੈਣਗੇ ਅਰ ਕਈਕੁ ਐਸੇ ਹਨ ਜੋ ( ਅਗੇ ਨੂੰ ਭੀ ) ਓਸ ਪਰ ਭਰੋਸਾ ਕਰਨ ਵਾਲੇ ਨਹੀਂ ਅਰ ( ਹੇ ਪੈਯੰਬਰ ) ਤੁਹਾਡਾ ਪਰਵਰਦਿਗਾਰ ਫਸਾਦੀਆਂ ਨੂੰ ਭਲੀ ਤਰਹਾਂ ਜਾਣਦਾ ਹੈ ॥ ੪੦ ॥ ਰੁਕੂਹ ੪ ॥

ਅਰ ( ਹੇ ਪੈਯੰਬਰ ) ਯਦੀ ( ਏਤਨੇ ਸਮਝਾਨੇ ਪਰ ਭੀ ਏਹ ਲੋਗ ) ਤੁਹਾਨੂੰ ਝੂਠਿਆਂ ਹੀ ਕਰਦੇ ਜਾਣ ਤਾਂ (ਇਨ੍ਹਾਂ ਨੂੰ) ਕਹਿ ਦਿਓ ਕਿ ਮੇਰਾ ਕੀਤਾ ਮੇਰੇ ਅਗੇ ਅਰ ਤੁਹਾਡਾ ਕੀਤਾ ਤੁਹਾਡੇ ਅਗੇ (ਆਵੇ) ਤੁਸੀਂ ਮੇਰਿਆਂ ਕਰਮਾਂ ਦੇ ਜ਼ਿੰਮੇਵਾਰ ਨਹੀਂ ਮੈਂ ਤੁਹਾਡਿਆਂ ਕਰਮਾਂ ਦਾ ਜ਼ਿੰਮੇਵਾਰ ਨਹੀਂ ॥ ੪੧ ॥ ਅਰ (ਹੇ ਪੈਯੰਬਰ) ਏਹਨਾਂ ਲੋਗਾਂ ਵਿਚੋਂ ਕਈਕੁ ਲੋਗ ( ਐਸੇ ਭੀ ) ਹਨ ਜੋ ਤੁਹਾਡੀਆਂ (ਬਾਤਾਂ ਦੀ) ਤਰਫ ਕੰਨ ਕਰਦੇ ਹਨ ਤਾਂ ( ਕੀ ਏਸ ਬਾਤ ਥੀਂ ਤੁਸਾਂ ਸਮਝ ਲੀਤਾ ਕਿ ਇਹ ਲੋਗ ਨਿਸਚਾ ਕਰ ਬੈਠਣਗੇ ਅਰ ) ਕੀ ਤੁਸੀਂ (ਏਹਨਾਂ) ਬੋਲਿਆਂ ਨੂੰ ਸੁਣਾ ਸਕੋਗੇ ਭਾਵੇਂ ਤੀਕਰ ਬੁਧਿ ਨਾ ਭੀ ਰਖਦੇ ਹੋਣ ॥ ੪੨ ॥ ਅਰ ਏਹਨਾਂ ਵਿਚੋਂ ਕੁਛਕ ਲੋਗ (ਐਸੇ ਭੀ) ਹਨ ਜੋ ਤੁਹਾਡੇ ਵਲੋਂ (ਪਏ) ਝਾਕਦੇ ਹਨ ਤਾਂ ਕੀ ( ਇਨਹਾਂ ਦੇ ਝਾਕਣ ਕਰਕੇ ਤੁਸਾਂ ਸਮਝ ਲੀਤਾ ਕਿ ਇਹ ਲੋਗ ਭਰੋਸਾ ਕਰ ਬੈਠਣਗੇ ਤਾਂ ਕੀ ) ਤੁਸੀਂ (ਇਨਹਾਂ) ਅੰਧਿਆਂ ਨੂੰ ਰਸਤਾ ਦਸ ਦਿਓਗੇ ਭਾਵੇਂ ਏਹਨਾਂ ਨੂੰ ( ਕੁਛ ਭੀ ) ਨਾ ਦਿਸਦਾ ਹੋਵੇ ॥ ੪੩ ॥ ਅੱਲਾ ਤਾਂ ਲੋਗਾਂ ਪਰ ਤਨੀਸਾ ਭੀ ਜੁਲਮ ਨਹੀਂ ਕਰਦਾ ਪਰੰਤੂ ਲੋਗ ( ਖੁਦਾ ਦੀਆਂ ਨਾ ਫਰਮਾਨੀਆਂ ਤੋਂ ) ਆਪ ਹੀ ਆਪਣੇ ਪਰ ਜ਼ੁਲਮ ਕੀਤਾ ਕਰਦੇ ਹਨ ॥ ੪੪ ॥ ਅਰ ਜਿਸ ਦਿਨ ( ਖੁਦਾ ) ਲੋਗਾਂ ਨੂੰ ( ਆਪਣੇ ਸਨਮੁਖ ) ਇਕੱਤ੍ਰ ਕਰੇਗਾ ਤਾਂ ( ਓਸ ਦਿਨ ਓਹਨਾਂ ਨੂੰ ਐਸਾ ਪ੍ਰਤੀਤ ਹੋਵੇਗਾ ਕਿ) ਮਾਨੋ (ਸੰਸਾਰ ਵਿਚ ਸਾਰਾ ਦਿਨ ਭੀ ਨਹੀਂ ਕਿੰਤੂ) ਦਿਨ ਵਿਚੋਂ (ਬਹੁਤ) ਰਹੇ ਹੋਣਗੇ ( ਤਾਂ ) ਘੜੀ ਭਰ (ਅਰ ਉਹ) ਆਪਸ ਵਿਚ ਇਕ ਦੂਸਰੇ ਦੀ ਪ੍ਰੀਖਿਆ (ਭੀ) ਕਰਨਗੇ ਜਿਨਹਾਂ ਲੋਗਾਂ ਨੇ ਖੁਦਾ ਦੇ ਸਨਮੁਖ ਜਾਣ ਨੂੰ ਮਿਥਿਆ ਕਥਨ ਕੀਤਾ ਉਹ ਬੜੇ ਹੀ ਘਾਟੇ ਵਿਚ ਆ ਗਏ ਅਰ (ਏਸ ਘਾਟੇ ਤੋਂ ਬਚਨ ਦਾ) ਉਨਹਾਂ ਨੂੰ ਰਸਤਾ ਹੀ ਨਾ ਲਭਿਆ ॥ ੪੫ ॥ ਅਰ (ਹੇ ਪੈਯੰਬਰ) ਜੈਸੀਆਂ ੨ (ਦੁਖਾਂ ਦੀ) ਅਸੀਂ ਇਹਨਾਂ ਲੋਗਾਂ ਸਾਥ ਪ੍ਰਤਗਿਆ ਕਰਦੇ ਹਾਂ ਚਾਹੇ ਅਸੀਂ ਤੁਹਾਨੂੰ ਉਨਹਾਂ ਵਿਚੋਂ ਕਈਕ (ਪ੍ਰਤਗਿਆ ਨੂੰ ਪ੍ਰਤੱਖ ਕਰ) ਦਿਖਲਾਈਏ ਅਥਵਾ (ਕਰਨ ਥੀਂ ਪਹਿਲੇ) ਹੀ ਤੁਹਾਨੂੰ ਸੰਸਾਰ(ਵਿਚੋਂ) ਉਠਾ ਲਈਏ (ਸਭ ਤਰਹਾਂ) ਇਹਨਾਂ ਨੇ ਸਾਡੀ ਤਰਫ ਹੀ ਪਰਤਕੇ ਆਉਣਾ ਹੈ ਇਸ ਤੋਂ ਸਿਵਾ ਜੋ ਕੁਛ ਇਹ ਕਰ ਰਹੇ ਹਨ ਖੁਦਾ (ਓਸਨੂੰ) ਦੇਖ ਰਹਿਆ ਹੈ ॥੪੬॥ ਅਰ ਹਰ ਉੱਮਤ ਦਾ ਇਕ ਰਸੂਲ ਹੋਇਆ ਹੈ ਤਾਂ ਜਦੋਂ (ਕਿ-

Digitized by Panjab Digital Library | www.panjabdigilib.org

ਆਮਤ ਦੇ ਦਿਨ) ਉਨਹਾਂ ਦਾ ਰਸੂਲ (ਆਪਣੀ ਉੱਮਤ ਦੇ ਸਾਥ ਸਾਡੇ ਸਨ-ਮੁਖ) ਪ੍ਰਾਪਤ ਹੋਵੇਗਾ ਤਾਂ ਉੱਮਤ ਅਰ ਰਸੂਲ ਵਿਚ ਇਨਸਾਫ (ਨਿਆਏ) ਦੇ ਨਾਲ ਫੈਸਲਾ ਕਰ ਦਿਤਾ ਜਾਵੇਗਾ ਅਰ ਲੋਗਾਂ ਪਰ (ਤਨੀਸਾ) ਕਸ਼ਟ ਨਹੀਂ ਹੋਵੇਗਾ ॥੪੭॥ ਅਰ (ਮੁਸਲਮਾਨੋ! ਇਹ ਲੋਗ ਤੁਹਾਡੇ ਪਾਸੋਂ) ਪੁਛਦੇ ਹਨ ਕਿ ਯਦੀ ਤੁਸੀਂ ਸਚੇ ਹੋ ਤਾਂ ਇਹ (ਦੁਖ ਦੀ) ਪ੍ਰਤਗਿਆ ਕਦੋਂ (ਪੂਰੀ) ਹੋਵੇਗੀ ॥ ੪੮ ॥ (ਹੇ ਪੈਯੰਬਰ ਤੁਸੀਂ ਇਹਨਾਂ ਨੂੰ) ਕਹੋ ਕਿ ਮੇਰਾ ਆਪਣਾ ਨਫਾ ਨੁਕਸਾਨ ਭੀ ਮੇਰੇ ਵਸ ਵਿਚ ਨਹੀਂ ਕਿੰਤੂ ਜੋ ਖੁਦਾ ਚਾਹੁੰਦਾ ਹੈ (ਵਹੀ ਹੁੰਦਾ ਹੈ ਓਸੇ ਦੇ ਗਿਆਨ ਵਿਚ) ਹਰ ਇਕ ਉਮਤ (ਦੇ ਸੰਸਾਰ ਵਿਚ ਰਹਿਣ) ਦਾ ਇਕ ਨੀਅਤ ਸਮਾ ਹੈ ਜਦੋਂ ਓਹਨਾਂ ਦਾ (ਓਹ) ਸਮਾਂ ਆ ਪਹੁੰਚਦਾ ਹੈ ਤਾਂ (ਉਸ ਪਾਸੋਂ) ਇਕ ਭੀ ਘੜੀ ਪਿਛੇ ਨਹੀਂ ਹਟ ਸਕਦੇ ਅਰ ਨਾ ਹੀ ਅਗੇ ਵਧ ਸਕਦੇ ਹਨ ॥ ੪੯ ॥ (ਹੇ ਪੈਯੰਬਰ ਇਹਨਾਂ ਲੋਗਾਂ ਪਾਸੋਂ) ਪੁਛੋ ਕਿ ਭਲਾ ਦੇਖੋ ਤਾਂ ਸਹੀ ਯਦੀ ਖੁਦਾ ਦਾ ਅਜਾਬ ਰਾਤੋ ਰਾਤ ਤੁਹਾਡੇ ਪਰ ਆ ਪਰਾਪਤ ਹੋਵੇ ਅਥਵਾ ਦਿਨਦੀਵੀਂ (ਹਰ ਹਾਲ ਵਿਚ ਉਹ ਦੁਖ ਹੀ ਹੋਵੇਗਾ ਤਾਂ) ਸਦੋਖੀ ਲੋਗ ਉਸ ਦੇ ਵਾਸਤੇ ਕਿਸ ਬਾਤ ਦੀ ਉਤਾਵਲ ਕਰ ਰਹੇ ਹਨ ॥੫੦॥ ਤਾਕੀ ਪੁਨਰ ਜਦੋਂ (ਸਚ ਮੁਚ) ਆ ਪ੍ਰਾਪਤ ਹੋਵੇਗਾ ਤਦੋਂ ਹੀ ਉਸਦਾ ਨਿਸਚਾ ਕਰੋਗੇ ? (ਤਾਂ ਉਸ ਵੇਲੇ ਅਸੀਂ ਤੁਹਾਨੂੰ ਕਹਿ ਦੇਵਾਂਗੇ ਕਿ) ਕੀ ਹੁਣ (ਪ੍ਰਾਪਤ ਹੋਏ ਪਿਛੋਂ ਤੁਹਾਨੂੰ ਨਿਸਚਾ ਆਇਆ) ਅਰ ਤੁਸੀਂ ਤਾਂ (ਇਸ ਦੇ ਆਉਣ ਵਿਚ ਭਰਮ ਕਰਕੇ) ਇਸ ਵਾਸਤੇ ਉਤਾਉਲ ਕੀਤਾ ਕਰਦੇ ਸੀ ॥ ੫੧ ॥ ਪੁਨਰ (ਕਿਆਮਤ ਦੇ ਦਿਨ) ਆਗਿਆ ਭੰਗੀ ਲੋਗਾਂ ਨੂੰ ਆਗਿਆ ਦਿਤੀ ਜਾਵੇਗੀ ਕਿ ਹੁਣ ਸਦਾ ਸਦਾ ਦੇ ਦੁਖ (ਦਾ ਸਵਾਦ) ਚਖੋ ਇਹ ਜੋ ਤੁਹਾਨੂੰ ਕਸ਼ਟ ਦਿਤਾ ਜਾ ਰਿਹਾ ਹੈ ਤੁਹਾਡੀ ਆਪਣੀ ਹੀ ਕਰਤੂਤ ਦਾ ਫਲ ਹੈ (ਹੋਰ ਬਸ) ॥੫੨॥ ਹੋਰ (ਹੇ ਪੈਯੰਬਰ ਇਹ ਲੋਗ) ਤੁਹਾਡੇ ਪਾਸੋਂ ਪਛਦੇ ਹਨ ਕਿ ਜੋ ਕੁਛ ਤੁਸੀ ਇਨਹਾਂ ਨੂੰ ਕਹਿੰਦੇ ਹੋ ਕੀ ਸਚਮੁਚ (ਇਹੋ ਹੀ) ਹੋਕੇ ਰਹੇਗਾ? ਤੁਸੀਂ (ਇਹਨਾਂ ਨੂੰ) ਕਹੋ ਕਿ (ਹਾਂ ਭਾਈ ਹਾਂ) ਮੈਨੂੰ ਆਪਣੇ ਪਰਵਰਦਿਗਾਰ ਦੀ ਸੁਗੰਧ ਸਤਯੰ ਬੀਸ ਬਿਸ੍ਵੇ ਉਹ ਅਵਸ਼ ਹੋਕੇ ਹੀ ਰਹੇਗਾ ਅਰ ਤੁਸੀ (ਖੁਦਾਨੂੰ) ਪ੍ਰਾਸਤ ਨਹੀਂ ਕਰ ਸਕੋਗੇ ॥ ੫੩ ॥ ਰੁਕੂਹ ੫ ॥

ਅਰ ਜਿਸ ੨ ਆਦਮੀ ਨੇ ਸੰਸਾਰ ਵਿਚ (ਸਾਡੀ) ਆਗਿਆ ਭੰਗ ਕੀਤੀ ਹੈ (ਪਰਲੈ ਦੇ ਦਿਨ) ਯਦੀ ਤੁਸੀਂ ਸਾਰੇ (ਦੇ ਸਾਰੇ) ਖਜਾਨੇ ਜੋ ਧਰਤੀ ਵਿਚ ਹਨ ਓਸ ਦੇ ਵਸ ਵਿਚ ਹੋਣ ਤਾਂ ਉਹ ਜ਼ਰੂਰ ਉਨਹਾਂਨੂੰ (ਆਪਣੀ ਜਾਨ) ਦੇ ਬਦਲੇ ਵਿਚ ਦੇ ਨਿਕਸੇ ਅਰ ਜਦੋਂ ਲੋਗ ਆਜ਼ਾਬ ਨੂੰ (ਆਪਣੀ ਅਖੀਂ) ਦੇਖ ਲੈਣਗੇ ਤਾਂ ਸ਼ਰਮਿੰਦਗੀ ਪ੍ਰਗਟ ਕਰਨਗੇ ਅਰ ਲੋਗਾਂ (ਦੇ ਇਖਤਲਾਫ ਦੇ

Digitized by Panjab Digital Library | www.panjabdigilib.org

ਬਾਰੇ) ਵਿਚ ਇਨਸਾਫ ਨਾਲ ਫੈਸਲਾ ਕਰ ਦਿਤਾ ਜਾਵੇਗਾ ਅਰ ਉਨਹਾਂ ਪਰ (ਤਨੀ) ਸਾ ਕਸ਼ਟ ਨਾ ਹੋਵੇਗਾ ।।੫੪।। ਯਾਦ ਰਖੋ ਕਿ ਅਲਾ ਦਾ ਹੀ ਹੈ ਜੋ ਕੁਛ ਅਗਾਸ ਤਥਾ ਧਰਤੀ ਵਿਚ ਹੈ (ਅਰ) ਯਾਦ ਰਖੋ ਕਿ ਅੱਲਾ ਦੀ ਹੀ ਪ੍ਰਤਗਿਆ (ਪ੍ਰਲੈ ਵਾਲੀ) ਸਚੀ ਹੈ ਪਰੰਤੂ ਕਈਕੁ ਆਦਮੀ ਭਰੋਸਾ ਨਹੀਂ ਕਰਦੇ ।।੫੫।। ਵਹੀ ਉਤਪਤ ਕਰਦਾ ਅਰ ਨਾਸ ਕਰਦਾ ਹੈ ਅਰ ਓਸੇ ਦੀ ਤਰਫ ਤੁਸਾਂ (ਸਾਰਿਆਂ) ਨੇ ਲੌਟ ਕੇ ਜਾਣਾ ਹੈ ।। ੫੬ ।। ਲੋਗੋ ! (ਪਖ ਦੇ ਨਿਰਵਿਵਾਦ ਕਰਨ ਦੇ ਤਰੀਕੇ ਪਰ) ਤੁਹਾਡੇ ਪਾਲਨਹਾਰੇ ਦੀ ਤਰਫੋਂ ਤੁਹਾਵੇ ਪਾਸ ਸਿਖਿਆ ਆ ਚੁਕੀ ਅਰ ਹਿਰਦੇ ਦੇ ਰੋਗਾਂ (ਅਰਥਾਤ ਦ੍ਵੈਤ-ਵਾਦਿਤ ਆਦਿ) ਦੀ ਔਖਧੀ ਅਰ ਈਮਾਨ ਵਾਲਿਆਂ ਵਾਸਤੇ ਸਿਖਿਆ ਅਰ ਰਹਿਮਤ ।। ੫੭ ।। ( ਹੇ ਪੈਯੰਬਰ ਇਹਨਾਂ ਲੋਗਾਂ ਨੂੰ ) ਕਹੋ ਕਿ (ਇਹ ਕੁਰਾਨ ਅੱਲਾ ਦਾ ਫਜ਼ਲ ਅਰ ਓਸ ਦੀ ਰਹਿਮਤ ਹੈ ਅਰ) ਲੋਗਾਂ ਨੂੰ ਚਾਹੀਦਾ ਹੈ ਕਿ ਖੁਦਾ ਦਾ ਫਜ਼ਲ ਅਰ ਉਸ ਦੀ ਰਹਿਮਤ ਅਰਥਾਤ ਏਸ ਕੁਰਾਨ ਨੂੰ ਪਾਕੇ ਪ੍ਰਸੰਨ ਹੋਣ ਕਿ ਜਿਨਹਾਂ (ਸਾਂਸਾਰਿਕ ਫਾਇਦਿਆਂ) ਦੇ ਇਕੱਤ੍ਰ ਕਰਨ ਪਿਛੇ ਲਗੇ ਹੋਏ ਹਨ ਇਹ ਉਨਹਾਂ ਨਾਲੋਂ ਕਈ ਗੁਣਾ ਉੱਤਮ ਹੈ ।। ੫੮ ।। (ਹੇ ਪੈਯੰਬਰ ਇਨਹਾਂ ਲੋਗਾਂ ਨੂੰ) ਕਹੋ ਕਿ ਭਲਾ ਦੇ ਤਾਂ ਸਹੀ ਖੁਦਾ ਨੇ ਤੁਹਾਡੇ ਪਰ ਰੋਜ਼ੀ ਉਤਾਰੀ ਹੁਣ ਤੁਸੀਂ ਲਗੇ ਓਸ ਵਿਚੋਂ (ਕਈਆਂ ਨੂੰ) ਹਰਾਮ ਅਰ (ਕਈਆਂ ਨੂੰ) ਹਲਾਲ ਨਿਯਤ ਕਰਨੇ (ਹੇ ਪੈਯੰਬਰ ਇਹਨਾਂ ਲੋਗਾਂ ਪਾਸੋਂ) ਪੁਛੋ ਕਿ ਕੀ ਖੁਦਾ ਨੇ ਤੁਹਾਨੂੰ (ਇਸ ਦੀ) ਆਗਿਆ ਦਿਤੀ ਹੈ ? ਕਿੰਵਾ (ਆਪਣੀ ਤਰਫੋਂ ਹੀ) ਖੁਦਾ ਪਰ ਝੂਠੋ ਝੂਠ ਬੰਨ੍ਹ ਬੈਠੇ ਹੋ ।। ੫੯ ।। ਅਰ ਜੋ ਲੋਗ ਖੁਦਾ ਪਰ ਝੂਠੋ ਝੂਠ ਬੰਨ੍ਹ ਬੈਠਦੇ ਹਨ ਓਹ ਕਿਆਮਤ ਦੇ ਦਿਨ ਨੂੰ ਕੀ ਸਮਝ ਬੈਠੇ ਹਨ ਇਸ ਵਿਚ ਭ੍ਰਮ ਨਹੀਂ ਕਿ ਅੱਲਾ ਲੋਗਾਂ ਪਰ (ਬੜੀ ਹੀ) ਦਯਾ ਰਖਦਾ ਹੈ (ਕਿ ਓਹਨਾਂ ਨੂੰ ਤਾਵਤਕਾਲ ਸਜ਼ਾ ਨਹੀਂ ਦੇਂਦਾ) ਪਰੰਤੂ ਅਕਸਰ ਲੋਗ (ਉਸ ਦਾ) ਧੰਨਯਵਾਦ ਨਹੀਂ ਕਰਦੇ ।। ੬੦ ।। ਰੁਕੂਹ ੬ ।।

ਅਰ (ਹੇ ਪੈਯੰਬਰ) ਤੁਸੀਂ ਕਿਸੀ ਦਸ਼ਾ ਵਿਚ ਹੋਵੋ ਅਰ ਕੁਰਾਨਦੀਕੋਈ ਭੀ ਆਇਤ (ਲੋਗਾਂ ਨੂੰ) ਪੜ੍ਹ ਕੇ ਸੁਣਾਂਦੇ ਹੋਵੋ ਅਰ (ਲੋਗੋ) ਤੁਸੀਂ ਕੋਈ ਭੀ ਕਰਮ ਕਰ ਰਹੇ ਹੋਵੋ ਅਸੀਂ (ਹਰ ਸਮੇਂ) ਜਦੋਂ ਤੁਸੀਂ ਓਸ ਕੰਮ ਵਿਚ ਰੁਝੇ ਹੋਏ ਹੁੰਦੇ ਹੋ ਅਸੀ ਤੁਹਾਨੂੰ ਦੇਖਦੇ ਰਹਿੰਦੇ ਹਾਂ ਅਰ (ਹੇ ਪੈਯੰਬਰ) ਤੁਹਾਡੇ ਪਰਵਰਦਿਗਾਰ ( ਦੇ ਗਿਆਨ ) ਥੀਂ ਤਨੀਸੀ ਵਸਤੂ ਭੀ ਗੁਪਤ ਨਹੀਂ ਰਹਿ ਸਕਦੀ (ਨਾ) ਧਰਤੀ ਪਰ ਨਾ ਆਗਾਸ ਵਿਚ ਅਰ ਪ੍ਰਮਾਣੂ ਨਾਲੋਂ ਛੋਟੀ ਵਸਤੂ ਹੋਵੇ ਅਥਵਾ ਵਡੀ ( ਸਾਰੀਆਂ ) ਪ੍ਰਕਾਸ਼ਮਾਨ ਪੁਸਤਕ

Digitized by Panjab Digital Library | www.panjabdigilib.org

ਵਿਚ ( ਲਿਖੀਆਂ ਹੋਈਆਂ ਵਿਦਮਾਨ ) ਹਨ ॥ ੬੧ ॥ ਯਾਦ ਰਖੋ ਖੁਦਾ ਦੇ ਖਾਸ ਲੋਗ ( ਐਸੇ ਸ਼ਾਂਤੀ ਵਿਚ ਹਨ ਕਿ ਪ੍ਰਲੇ ਦੇ ਦਿਨ ) ਓਹਨਾਂ ਪਰ ਨਾ (ਕਿਸੀ ਤਰਹਾਂ ਦਾ) ਭੈ (ਪ੍ਰਾਪਤਿ) ਹੋਵੇਗਾ ਅਰ ਨਾ ਓਹ (ਕਸੀ ਤਰਹਾਂ) ਚਿੰਤਾਤੁਰ ਹੋਣਗੇ ॥ ੬੨ ॥ ਇਹ (ਓਹ) ਲੋਗ (ਹਨ) ਜੋ ਈਮਾਨ ਲੈ ਆਏ ਅਰ (ਖੁਦਾ ਥੀਂ) ਸਭੈ ਰਹੇ ॥ ੬੩ ॥ ਏਹੈਨਾਂ ਦੇ ਵਾਸਤੇ ਸਾਂਸਾਰਿਕ ਜੀਵਨ ਵਿਚ ਭੀ (ਅਰਾਮ ਦੀ) ਖੁਸ਼ਖਬਰੀ ਹੈ ਅੰਤ ਨੂੰ ਭੀ ਮੁਕਤਿ ਦੀ) ਖੁਦਾ ਦੀਆਂ ਬਾਤਾਂ ਵਿਚ (ਤਨੀਸਾ ਭੀ) ਫਰਕ ਨਹੀਂ ਆਉਂਦਾ ਇਹੋ ਹੀ ਬੜੀ ਸਫਲਤਾ ਹੈ ॥ ੬੪ ॥ ਅਰ (ਹੇ ਪੈਯੰਬਰ) ਇਹਨਾਂ (ਕਾਫਰਾਂ) ਦੀਆਂ (ਚਚੁੰਦਰ ਬਾਜ਼ੀ ਦੀਆਂ) ਬਾਤਾਂ ਨਾਲ ਤੁਸੀਂ ਚਿੰਤਾ ਵਿਚ ਨਾ ਰਹਿਆ ਕਰੋ ਕਿਉਂਕਿ ਸੰਪੂਰਨ ਇੱਜ਼ਤ ਅੱਲਾ ਦੀ ਹੀ ਹੈ ਓਹ (ਸਾਰਿਆਂ ਦੀਆਂ) ਸੁਣਦਾ ਅਰ (ਸਭ ਕੁਛ) ਜਾਣਦਾ ਹੈ ॥ ੬੫ ॥ ਯਾਦ ਰਖੋ ਕਿ ਜੋ (ਫਰਿਸ਼ਤੇ) ਅਗਾਸ ਵਿਚ ਹਨ ਅਰ ਜੋ (ਲੋਗ) ਧਰਤੀ ਪਰ ਹਨ ਸਾਰੇ ਅੱਲਾ ਦੇ ਹੀ (ਹੁਕਮ ਵਿਚ) ਹਨ ਅਰ ਜੋ ਲੋਗ ਖੁਦਾ ਦੇ (ਹੁਕਮ ਤੋਂ) ਸਿਵਾ(ਆਪਣੇ ਨਿਯਤ ਕੀਤੇ ਹੋਏ) ਸਜਾਤੀਆਂ ਨੂੰ ਪੁਕਾਰਦੇ ਹਨ (ਕੁਛ ਮਾਲੂਮ ਹੈ ਕਿ) ਕਿਸ (ਤਰੀਕੇ) ਪਰ ਚਲਦੇ ਹਨ ? ਉਹ ਕੇਵਲ ਉਨਮਾਦ ਪਰ ਹੀ ਚਲਦੇ ਹਨ ਅਰ ਨਿਰੇ ਅਟਕਲ ਪਚੂ ਮਾਰਦੇ ਹਨ ॥੬੬॥ (ਲੋਗੋ !) ਵਹੀ (ਸਰਵ ਸ਼ਕਤੀ ਮਾਨ) ਹੈ ਜਿਸ ਨੇ ਤੁਹਾਡੇ ਵਾਸਦੇ ਰਾਤ੍ਰੀ ਨੂੰ ਬਨਾਇਆ ਤਾਂ ਕਿ ਤੁਸੀਂ ਓਸ ਵਿਚ ਸੁਖ ਪ੍ਰਾਪਤਿ ਕਰੋ ਅਰ ਦਿਨ ਕੇ (ਬਨਾਇਆ) ਤਾਂ ਕਿ ਤੁਸੀ ਉਸ ਦੇ ਪਰਕਾਸ਼ ਵਿਚ ਦੇਖੋ ਚਾਖੋ ਇਸ ਵਿਚ ਕੋਈ ਸੰਦੇਹ ਨਹੀਂ ਕਿ ਓਹ ਰਾਤ੍ਰੀ ਦਿਨ ਦੇ ਨਿਰਮਾਣ ਕਰਨ ਵਿਚ ਓਹਨਾਂ ਲੋਗਾਂ ਵਾਸਤੇ ਜੋ ( ਭਾਵ ਅਰਥ ਨੂੰ ਬਿਚਾਰਦੇ ਅਰ ਕੰਨਾਂ ਨਾਲ) ਸੁਣਦੇ ਹਨ(ਖੁਦਾ ਦੀ ਕੁਦਰਤ ਦੀਆਂ ਅਧਿਕਤਰ) ਨਿਸ਼ਾਨੀਆਂ (ਵਿਦਮਾਨ) ਹਨ ॥ ੬੭ ॥ ਕਈਕੁ ਲੋਗ ਕਹਿੰਦੇ ਹਨ ਕਿ ਖੁਦਾ ਨੇ ਬੇਟਾ ਬਣਾ ਰਖਿਆ ਹੈ (ਏਹ ਪੂਰਣ ਰੀਤੀ ਸੇ ਅਲੀਕ ਹੈ) ਓਹ (ਸੰਪੂਰਣ ਐਬ ਤਥਾ ਨੁਕਸਾਨਾਂ ਤੋਂ) ਪਵਿੱਤਰ ਰੂਪ ਹੈ (ਅਰ) ਉਹ (ਔਲਾਦ ਥੀਂ) ਬੇ ਪਰਵਾਹ ਹੈ ਜੋ ਕੁਛ ਅਗਾਸਾਂ ਵਿਚ ਹੈ ਅਰ ਜੋ ਕੁਛ ਧਰਤੀ ਪਰ ਹੈ (ਸਭ ਕੁਛ) ਉਸੀ ਦਾ ਹੈ (ਲੋਗੋ !) ਤੁਹਾਡੇ ਪਾਸ ਏਸ ਦੀ ਕੋਈ ਦਲੀਲ ਤਾਂ ਹੈ ਨਹੀਂ ਤਾਂ ਕੀ ਬਿਨਾਂ ਸੋਚਿਆਂ ਸਮਝਿਆਂ ਖੁਦਾ ਪਰ ਮਿਥਿਆ ਸੰਭਾਖਣ ਕਰਦੇ ਹੋ ॥ ੬੮ ॥ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹਿ ਦਿਓ ਕਿ ਜੋ ਲੋਗ ਖੁਦਾ ਪਰ ਮਿਥਿਆ ਸੰਭਾਖਣ ਕਰਦੇ ਹਨ ਉਹਨਾਂ ਦਾ ਕਦੇ ਭਲਾ ਹੋਣਾ ਹੀ ਨਹੀਂ ॥ ੬੯ ॥ ਸਾਂਸਾਰਿਕ (ਕਲਿਪਤ) ਲਾਭ ਹਨ (ਸੋ ਚਾਰ ਦਿਨ ਮੌਜ ਉਡਾ ਲੈਣ) ਪੁਨਰ (ਅੰਤ ਨੂੰ) ਉਹਨਾਂ ਨੇ ਸਾਡੀ ਤਰਫ ਹੀ ਲੌਟ ਕੇ

Digitized by Panjab Digital Library | www.panjabdigilib.org

ਆਉਣਾ ਹੈ ਤਦੋਂ ਉਹਨਾਂ ਦੇ ਕੁਫਰ ਦੀ ਸਜ਼ਾ ਵਿਚ ਅਸੀਂ ਓਹਨਾਂ ਨੂੰ ਭਿਆਨਕ ਦੁਖ (ਦੇ ਸਵਾਦ) ਚਖਾਵਾਂਗੇ ॥ ੭੦ ॥ ਰੁਕੂਹ ੭ ॥

ਅਰ (ਹੇ ਪੈਯੰਬਰ) ਏਹਨਾਂ ਲੋਗਾਂ ਨੂੰ ਨੂਹ ਦਾ ਬ੍ਰਿਤਾਂਤ ਵਾਚ ਕੇ ਸੁਣਾਓ ਕਿ ਜਦੋਂ ਓਹਨਾਂ ਨੇ ਆਪਣੀ ਜਾਤੀ (ਦੇ ਲੋਗਾਂ) ਨੂੰ ਕਹਿਆ ਕਿ ਭਿਰਾਓ ! ਯਦੀ ਮੇਰਾ ਰਹਿਣਾ ਅਰ ਖੁਦਾ ਦੀਆਂ ਆਇਤਾਂ ਨੂੰ ਵਾਚ ੨ ਕੇ (ਸੁਨਾਉਣਾ) ਸਮਝਾਉਣਾ ਤੁਹਾਡੇ ਪਰ ਭਾਰਾ ਗੁਜਰਦਾ ਹੈ ਤਾਂ ਮੇਰਾ ਭਰੋਸਾ ਅੱਲਾ ਪਰ ਹੀ ਹੈ ਬਸ ਤੁਸੀਂ ਅਰ ਤੁਹਾਡੇ ਸਜਾਤੀ (ਸਾਰੇ ਇਕੱਠ੍ਰ ਹੋਕੇ) ਆਪਣੀ (ਇਕ) ਬਾਤ ਨਿਯਤ ਕਰ ਲਵੋ ਪੁਨਰ ਤੁਹਾਡੀ (ਉਹ) ਬਾਤ ਤੁਹਾਡੇ (ਵਿਚੋਂ ਕਿਸੇ) ਪਰ ਗੁਪਤ ਨਾ ਰਹੇ ( ਤਾਕਿ ਸਾਰੇ ਉਸ ਤਦਬੀਰ ਦੇ ਪੂਰਾ ਕਰਨ ਵਿਚ ਸ਼ਰੀਕ ਹੋ ਸਕਣ ) ਪੁਨਰ ( ਜੋ ਕੁਛ ਤੁਸਾਂ ਕਰਨਾ ਹੈ ) ਮੇਰੇ ਸਾਥ ਕਰ ਲਓ ਅਰ ਮੈਨੂੰ ਅਵਧੀ ਨਾ ਦਿਓ ॥ ੭੧ ॥ ਪੁਨਰ ਯਦੀ ਤੁਸੀਂ (ਮੇਰੀ ਸਿਖਿਆ ਦੇਣ ਤੋਂ) ਬੇਮੁਖ ਹੋ ਬੈਠੇ ਤਾਂ ਮੈਂ ਤੁਹਾਡੇ ਪਾਸੋਂ ਕੋਈ ਮਜ਼ਦੂਰੀ ਤਾਂ ਨਹੀਂ ਮੰਗਦਾ ਸੀ ( ਕਿ ਤੁਸਾਂ ਉਸ ਨੂੰ ਚੱਟੀ ਸਮਝਿਆ ) ਮੇਰੀ ਮਜ਼ਦੂਰੀ ਤਾਂ ਬਜ ਖੁਦਾ ਪਰ ਹੀ ਹੈ ਅਰ ( ਉਸਦੀ ਤਰਫੋਂ ) ਮੈਨੂੰ ਆਗਿਆ ਦਿਤੀ ਗਈ ਹੈ ਕਿ ਮੈਂ ਉਸ ਦੇ ਆਗਿਆ ਪਾਲਕਾਂ ( ਦੇ ਟੋਲੇ ) ਵਿਚ ਰਹਾਂ ॥ ੭੨ ॥ ਪੁਨਰ (ਏਤਨਾ ਸਮਝਾਉਣ ਕਰਕੇ ਭੀ) ਲੋਗਾਂ ਨੇ ਉਨ੍ਹਾਂ ਨੂੰ ਝੂਠਿਆਂ ਕੀਤਾ ਤਾਂ ਅਸਾਂ ਨੂਹ ਨੂੰ ਅਰ ਜੋ ਤਰਨੀ ਪਰ ਉਸ ਦੇ ਸਾਥ ( ਸਵਾਰ ) ਸਨ ਓਹਨਾਂ ਨੂੰ ( ਤੁਫਾਨ ਦੇ ਦੁਖ ਤੋਂ ) ਮੁਕਤਿ ਦਿਤੀ ਅਰ ਜਿਨਹਾਂ ਲੋਗਾਂ ਨੇ ਸਾਡੀਆਂ ਆਇਤਾਂ ਨੂੰ ਅਲੀਕ ਕੀਤਾ ਓਹਨਾਂ ਸਾਰਿਆਂ ਨੂੰ ਗ਼ਰਕ ਕਰ ਕੇ ਏਹਨਾਂ ਲੋਗਾਂ ਨੂੰ ( ਓਹਨਾਂ ਦਾ ) ਅਸਥਾਨ ਧਾਰੀ ਬਨਾਇਆ ਤਾਂ ( ਹੇ ਪੈਯੰਬਰ ) ਦੇਖੋ ਤਾਂ ਸਹੀ ਜੋ ਲੋਗ (ਤੁਫਾਨ ਦੇ ਦੁਖ) ਤੋਂ ਸਭੈ ਕੀਤੇ ਗਏ ਸਨ ਉਨਹਾਂ ਦਾ ਅੰਜਾਮ ਕੈਸਾ (ਖਰਾਬ) ਹੋਇਆ ॥ ੭੩ ॥ ਪੁਨਰ ਨੂਹ ਦੇ ਪਿਛੋਂ ਅਸਾਂ (ਹੋਰ) ਰਸੂਲਾਂ ਨੂੰ ਉਨਹਾਂ ਦੀ ( ਆਪੋ ਆਪਣੀ ) ਜਾਤੀ ਦੀ ਤਰਫ ਭੇਜਿਆ ਤਾਂ ਏਹ ਪੈਯੰਬਰ ਓਹਨਾਂ ਦੇ ਪਾਸ ਰਿਧੀਆਂ ਸਿਧੀਆਂ ਭੀ ਲੈ ਕੇ ਆਏ ਏਸ ਬਾਤ ਥੀਂ ਭੀ ਜਿਸ ਵਸਤੂ ਨੂੰ ਏਹ ਲੋਗ ਪਹਿਲੇ ਮਿਥਜ਼ਾ ਕਰ ਚੁਕੇ ਸਨ ਓਸ ਪ੍ਰ ਨਿਸਚਾ ਨਾ ਕੀਤਾ (ਪਰ ਨਾ ਕੀਤਾ) ਇਸੀ ਤਰਹਾਂ ਅਸੀਂ ਓਹਨਾਂ ਲੋਗਾਂ ਦੇ ਦਿਲਾਂ ਪਰ ਠੱਪਾ ਲਾ ਦੇਂਦੇ ਹਾਂ ਜੋ ( ਬੰਦਗੀ ਦੀ ਸੀਮਾਂ ਤੋਂ) ਪੈਰ ਬਾਹਰ ਰਖਦੇ ਹਨ ॥ ੭੪ ॥ ਪੁਨਰ ਏਹਨਾਂ ( ਪੈਯੰਬਰਾਂ ) ਦੇ ਪਿਛੋਂ ਅਸਾਂ ਮੂਸਾ ਅਰ ਹਾਰੂੰ ਨੂੰ ਆਪਣੇ ਨਿਸ਼ਾਨ ( ਅਰਥਾਤ ਚਮਿਤਕਾਰ ) ਪ੍ਰਧਾਨ ਕਰਕੇ ਫਿਰਊਨ ਅਰ ਉਸ ਦੇ ਦਰਬਾਰੀਆਂ ਦੀ ਤਰਫ ਭੇਜਿਆ ਤਾਂ ਆਕੜ ਬੈਠੇ ਅਰ ਇਹ ਲੋਗ ਕਛ ਹੈਸਨ ਹੀ ਅਮੋੜ ॥ ੭੫ ॥ ਤਾਂ

Digitized by Panjab Digital Library | www.panjabdigilib.org

ਜਦੋਂ ਏਹਨਾਂ ਦੇ ਪਾਸ ਸਾਡੀ ਤਰਫੋਂ ਸਚੀ ਬਾਤ ਪਹੁੰਚੀ ( ਅਰਥਾਤ ਚਮਿਤ-ਕਾਰ) ਤਾਂ ਉਹ ਲਗੇ ਕਹਿਣ ਕਿ ਏਹ ਤਾਂ ਜਰੂਰ ਖੁਲਮਖੁਲ੍ਹਾ ਨਾਟਕ ਚੇਟਕ ਹੈ॥ ੭੬ ॥ ਮੂਸਾ ਉਵਾਚ–ਕਿ ਜਦੋਂ ਸਚੀ ਬਾਤ ਤੁਹਾਡੇ ਪਾਸ ਆਈ ਤਾਂ ਕੀ ਤੁਸੀਂ ਉਸ ਦੀ ਤਰਫੋਂ (ਐਸੀ ਮਿਥਿਆ) ਬਾਰਤਾ ਕਹਿੰਦੇ ਹੋ ? ਕੀ ਏਹ ਨਾਟਿਕ ਚੇਟਿਕ ਹੈ ? ਅਰ ਜਾਦੂਗਰਾਂ ( ਦਾ ਤਾਂ ਏਹ ਹਾਲ ਹੈ ਕਿ ਓਹਨਾਂ) ਨੂੰ (ਕਦੇ) ਸਫਲਤਾ ਨਹੀਂ ਹੁੰਦੀ ॥ ੭੭ ॥ ਉਹ ਲਗੇ ਕਹਿਣ ਕੀ ਤੁਸੀਂ ਏਸ ਸੰਕਲਪ ਨਾਲ ਸਾਡੇ ਪਾਸ ਆਏ ਹੋ ਕਿ ਜਿਸ ( ਦੀਨ ) ਪਰ ਅਸਾਂ ਅਪਣਿਆਂ ਵਡੇਰਿਆਂ ਨੂੰ (ਤੁਰਦਿਆਂ) ਦੇਖਿਆ ਹੈ ਉਸ ਥੀਂ ਸਾਨੂੰ ਬੇਮੁਖ ਕਰ ਦਿਓ ਅਰ ਦੇਸ ਵਿਚ ਤੁਸਾਂ ਦੋਨੋਂ ( ਭਿਰਾਵਾਂ ) ਦੀ ਬਡਾਈ ਹੋਵੇ ਅਰ ਅਸੀਂ ਤਾਂ ਤੁਸਾਂ ( ਦੋਨੋਂ ) ਪਰ ਭਰੋਸਾ ਕਰਨ ਵਾਲੇ ਹੈ ਨਹੀਂ ॥ ੭੮ ॥ ਅਰ ਫਿਰਊਨ ਨੇ ( ਆਪਨਿਆਂ ਲੋਗਾਂ ਨੂੰ ) ਆਗਿਆ ਦਿਤੀ ਕਿ ਸੰਪੂਰਣ ਤਾਂਤ੍ਰਕੀ ਸਾਡੇ ਸਨਮੁਖ ਲਿਆ ਹਾਜਰ ਕਰੋ ॥ ੭੯ ॥ ਫਿਰ ਜਦੋਂ ਚੇਟਕੀ ( ਪਿੜ ਵਿਚ ) ਆ ਪ੍ਰਾਪਤ ਹੋਏ ਤਾਂ ਉਹਨਾਂ ਨੂੰ ਮੂਸਾ ਨੇ ਕਹਿਆ ਤੁਹਾਨੂੰ ਜੋ ਕਛ ਸਿਟਣਾ ਅਭੀਸ਼ਟ ਹੈ ( ਪਿੜ ਵਿਚ ) ਸਿਟ ਦਿਓ ॥ ੮੦ ॥ ਪੁਨਰ ਜਦੋਂ ਉਨਹਾਂ ਨੇ ( ਆਪਣੀਆਂ ਰੱਸੀਆਂ ਅਰ ਸੋਟੀਆਂ ਨੂੰ ਸਰਪ ਬਣਾ ੨ ਕੇ) ਸਿਟ ਦਿਤਾ ਮੂਸਾ ਨੇ ਕਹਿਆ ਕਿ ਇਹ ਜੋ ਤੁਸਾਂ (ਬਣਾ ਬਣਾ ਕੇ) ਲੈ ਆਏ ਹੋ ਇੰਦਰ ਜਾਲ ਹੈ ( ਸੋ ) ਨਿਰਸੰਦੇਹ ਅੱਲਾ ਇਹਨਾਂ ਨੂੰ ਪਲ ਦੇ ਪਲ ਵਿਚ ਧੂੜ ਦੇ ਸਾਥ ਮਿਲਾ ਦੇਵੇਗਾ ਕਾਹੇ ਤੇ ਅੱਲਾ ਫਸਾਦੀ ਲੋਗਾਂ ਦੇ ਕਾਰਜ ਸਿਧ ਨਹੀਂ ਹੋਣ ਦਿਤਾ ਕਰਦਾ ॥ ੮੧ ॥ ਅਰ ਅੱਲਾ ਆਪਣੀ ਕਲਾਮ ( ਦੀ ਬਰਕਤ ) ਨਾਲ ਸਚੀ ਬਾਤ ਨੂੰ ਸਚੀ ਕਰ ਦਿਖਾਵੇਗਾ ਭਾਵੇਂ ਮੁਨਕਰਾਂ ਨੂੰ ਬੁਰਾ (ਹੀ ਕਿਉਂ ਨਾ) ਲਗੇ ॥ ੮੨ ॥ ਰੁਕੂਹ ੮ ॥

ਇਸ ਬਾਤ ਦੇ ਹੁੰਦਿਆਂ ਸੁੰਦਿਆਂ ਮੂਸਾ ਪਰ ਉਨਹਾਂ ਦੀ ਜਾਤੀ ਦੀ ਨਸਲ ( ਅੰਸ ) ਦੇ ਥੋੜੇ ਸੇ ਆਦਮੀ ਭਰੋਸਾ ਕਰ ਬੈਠੇ ਸੋ ਭੀ ਫਿਰਊਨ ਅਰ ਉਸ ਦੇ ਸਰਦਾਰਾਂ ਪਾਸੋਂ ਡਰਦੇ ੨ ਕਿ ਕਿਤੇ ( ਫਿਰਊਨ ) ਉਨਹਾਂ ਪਰ ਕੋਈ ਵਿਪੱਤੀ ਨਾ ਪਾ ਸਿਟੇ ਅਰ ( ਇਨਹਾਂ ਦਾ ਭੈ ਟਿਕਾਣੇ ਸਿਰ ਭੀ ਸੀ ਏਸ ਵਾਸਤੇ ਕਿ ) ਫਿਰਊਨ ਸੰਸਾਰ ਵਿਚ ਬਹੁਤ ਫਿਟਿਆ ਹੋਇਆ ਸੀ ਅਰ (ਹੋਰ ਏਸ ਵਾਸਤੇ ਕਿ) ਓਹ (ਲੋਗਾਂ ਪਰ) ਧਿੰਗੋਜੋਰੀ ਕੀਤਾ ਕਰਦਾ ਸੀ ॥ ੮੩ ॥ ਅਰ ਮੂਸਾ ਨੇ ( ਆਪਣੀ ਜਾਤੀ ਦੇ ਲੋਗਾਂ ਨੂੰ ) ਸਮਝਾਇਆ ਕਿ ਭਿਰਾਓ ! ਯਦੀ ਤੁਸੀਂ ਅੱਲਾ ਪਰ ਭਰੋਸਾ ਰਖਦੇ ਹੋ ਤਾਂ ਦਾਸ ਭਾਵ ਦੀ ਇਹ ਪਰਤਿਗਜਾ ਹੈ ਕਿ ਓਸੇ ਪਰ ਭਰੋਸਾ ਰਖੋ ॥ ੮੪ ॥ ਇਸ ਬਾਤ ਦਾ ਉਨਹਾਂ ਨੇ ਉੱਤਰ ਦਿਤਾ ਕਿ ਸਾਨੂੰ ਖੁਦਾ ਦਾ ਹੀ ਭਰੋਸਾ ਹੈ (ਅਰ ਸਾਥ

Digitized by Panjab Digital Library | www.panjabdigilib.org

ਹੀ ਪ੍ਰਾਰਥਨਾ ਕੀਤੀ ਕਿ) ਹੇ ਸਾਡੇ ਪਰਵਰਦਿਗਾਰ ਸਾਨੂੰ (ਇਹਨਾਂ) ਜ਼ਾਲਿਮ ਲੋਗਾਂ ਦੇ ਜ਼ੁਲਮ ਦੇ ਅਭਿਆਸ ਦਾ ਤਖਤਾ ਨਾ ਬਨਾ ॥ ੮੫ ॥ ਅਰ ਆਪਣੀ ਰਹਿਮਤ ਨਾਲ ਸਾਨੂੰ (ਇਨਹਾਂ) ਲੋਗਾਂ (ਦੇ ਪੰਜੇ ਵਿਚੋਂ) ਮੁਕਤਿ ਦੇ ਜੋ ਕਾਫਰ ਹਨ ॥ ੮੬ ॥ ਅਰ ਅਸਾਂ ਮੂਸਾ ਅਰ ਉਸ ਦੇ ਭਿਰਾ (ਹਾਰੂੰ) ਦੀ ਤਰਫ ਵਹੀ (ਅਕਾਸ਼ ਬਾਣੀ) ਕੀਤੀ ਕਿ ਮਿਸਰ ਵਿਚ ਆਪਣੇ ਲੋਗਾਂ ਦੇ (ਰਹਿਣ ਵਾਲੇ) ਘਰ ਬਨਾ ਲਓ ਅਰ (ਤੁਸੀਂ ਸਾਰੇ ਲੋਗ) ਆਪਣੇ (ਓਹਨਾਂ ਹੀ) ਘਰਾਂ ਨੂੰ ਮਸਜਦਾਂ ਨਿਰਧਾਰਤ ਕਰੋ ਅਰ (ਓਥੇ ਹੀ) ਨਮਾਜ਼ਾਂ ਪੜ੍ਹ ਲੀਤਾ ਕਰੋ ਅਰ (ਹੇ ਮੂਸਾ) ਭਰੋਸੇ ਵਾਲਿਆਂ ਨੂੰ ਖੁਸ਼ਖਬਰੀ ਭੀ ਸੁਣਾ ਦਿਓ (ਕਿ ਹੁਣ ਤੁਹਾਡੀ ਮੁਕਤਿ ਦਾ ਸਮਾਂ ਸਮੀਪ ਆ ਪਰਾਪਤਿ ਹੋਇਆ ਹੈ) ॥ ੮੭ ॥ ਅਰ ਮੂਸਾ ਨੇ ਪ੍ਰਾਰਥਨਾ ਕੀਤੀ ਕਿ ਹੇ ਸਾਡੇ ਪਰਵਰਦਿਗਾਰ ਆਪ ਨੇ ਫਿਰਓਨ ਅਰ ਓਸ ਦਿਆਂ ਸਰਦਾਰਾਂ ਨੂੰ ਸੰਸਾਰਿਕ ਜੀਵਨ ਵਿਚ (ਬੜੀ) ਸ਼ਾਨ ਤਥਾ ਸ਼ੌਕਤ ਅਰ ਦੌਲਤ ਦੇ ਰਖੀ ਹੈ (ਅਰ) ਹੇ ਸਾਡੇ ਪਰਵਰਦਿਗਾਰ (ਏਹ ਸਮਗਰੀ ਜੋ ਆਪ ਨੇ ਇਨਹਾਂ ਨੂੰ ਇਸ ਕਾਰਨ ਦੇ ਰਖੀ ਹੈ) ਕਿ (ਲੋਗਾਂ ਨੂੰ) ਤੇਰੀ ਤਰਫੋਂ ਭੁਲੀ ਪਾ ਦੇਣ ਤਾਂ ਤੇ ਹੇ ਸਾਡੇ ਪਰਵਦਿਗਾਰ ਇਨਹਾਂ ਦੀ ਧਨਾ-ਢਜਤਾ ਪਰ ਝਾੜੂ ਫੇਰਦੇ ਅਰ ਇਨਹਾਂ ਦੇ ਦਿਲਾਂ ਨੂੰ ਕਰੜਿਆਂ ਕਰਦੇ ਕਿ ਇਹ ਲੋਗ ਭਿਆਨਕ ਦੁਖ ਦੇ ਦੇਖੇ ਬਿਨਾਂ ਭਰੋਸਾ ਹੀ ਨਾ ਕਰਨ ॥ ੮੮ ॥ (ਖੁਦਾ) ਉਵਾਚ—ਕਿ ਤੁਸਾਂ ਦੋਨੋਂ (ਭਿਰਾਵਾਂ) ਦੀ ਪ੍ਰਾਰਥਨਾ ਕਬੂਲ ਹੋਈ ਤਾਂ ਤੇ ਤੁਸੀਂ ਦੋਵੇਂ ਭਰੋਸੇ ਵਾਲੇ ਰਹੋ ਅਰ ਇਹਨਾਂ ਮੂਰਖਾਂ ਦੇ ਮਾਰਗ ਪਰ ਨਾਂ ਪਰਬ੍ਰਿਤਣਾ ॥ ੮੯ ॥ ਅਰ ਅਸਾਂ ਬਨੀ ਅਸਰਾਈਲ ਨੂੰ ਦਰਿਆਓਂ ਪਾਰ ਉਤਾਰ ਦਿਤਾ ਪੁਨਰ ਫਿਰਓਨ ਅਰ ਉਸ ਦੇ ਜਥੇਦਾਰਾਂ ਨੇ ਮਨਮੁਖਤਾਈ ਅਰ ਸ਼ਰਾਰਤ ਦੇ ਦਬ ਨਾਲ ਉਹਨਾਂ ਦਾ ਪਿਛਾ ਕੀਤਾ ਇਥੋਂ ਤਕ ਕਿ ਜਦੋਂ ਫਿਰਓਨ (ਦੇ ਸਿਰ) ਪਰ ਡੋਬੂ (ਪਾਣੀ) ਆ ਪਹੁੰਚਿਆ ਤਾਂ ਲਗਾ ਸੰਭਾ-ਖਣ ਕਿ ਹੁਣ ਮੈਨੂੰ ਭਰੋਸਾ ਆਇਆ ਕਿ ਜਿਸ (ਖੁਦਾ) ਪਰ ਬਨੀ ਅਸਰਾ-ਈਲ ਭਰੋਸਾ ਧਾਰ ਬੈਠੇ ਹਨ ਉਸ ਥੀਂ ਭਿੰਨ ਦੂਸਰਾ ਕੋਈ ਉਪਾਸਜ ਨਹੀਂ ਅਰ (ਹੁਣ) ਮੈਂ (ਭੀ ਉਸੇ ਦਿਆਂ) ਫਰਮਾਂ ਬਰਦਾਰਾਂ ਵਿਚੋਂ ਹਾਂ ॥ ੯੦ ॥ (ਤਾਂ ਖੁਦਾ ਨੇ ਉਸ ਨੂੰ ਝਾੜਿਆ ਅਰ ਕਹਿਆ ਕਿ)—ਕੀ ਹੁਣ (ਐਸੇ ਸਮੇਂ ਭਰੋਸਾ) ? ਅਰ (ਤੇਰੀ ਤਾਂ ਏਹ ਦਸ਼ਾ ਸੀ ਕਿ ਇਸ ਥੀਂ) ਪਹਿਲਾਂ ਲਗਾਤਾਰ ਨਾਂ ਫਰਮਾਨੀ ਕਰਦਾ ਰਹਿਆ ਅਰ ਤੂੰ ਅਖਾੜ ਭੂਤੀਆਂ ਵਿਚੋਂ (ਇਕ ਅਖਾੜ ਭੂਤੀਆ) ਸੈਂ ॥ ੯੧ ॥ ਤਾਂ ਅਜ (ਤੇਰੇ ਰੂਹ ਨੂੰ ਤਾਂ ਨਹੀਂ ਕਿੰਤੂ) ਤੇਰੇ ਸਰੀਰ ਨੂੰ ਅਸੀਂ (ਪਾਣੀ ਦੇ ਨੀਚੇ ਬੈਠ ਜਾਣ ਤੋਂ) ਬਚਾ ਦੇਵਾਂਗੇ (ਓਹ ਭੀ ਏਸ ਭਾਵ ਪਰ) ਕਿ ਜੋ ਲੋਗ ਤੇਰੇ ਪਿਛੋਂ ਆਉਣ

Digitized by Panjab Digital Library | www.panjabdigilib.org

ਵਾਲੇ ਹਨ ਤੂੰ ਉਨਹਾਂ ਵਾਸਤੇ ਸਿਖਿਆ ਰੂਪ (ਚਿੰਨ) ਹੋਵੇ ਅਰ ਪਰੰਚ ਬਹੁਤ ਸਾਰੇ ਲੋਗ ਸਾਡੀ (ਕੁਦਰਤ ਦੀ) ਨਿਸ਼ਾਨੀਆਂ ਤੋਂ ਗ਼ਾਫਲ ਹਨ ॥ ੯੨ ॥ ਰੁਕੂਹ ੯ ॥

ਅਰ ਅਸਾਂ ਨੇ ਬਨੀ ਅਸਰਾਈਲ ਨੂੰ ( ਸ਼ਾਮ ਦੇਸ ਵਿਚ ) ਇਕ ਸਚੇ ਟਿਕਾਣੇ ਨਾਲ ਜਾ ਇਸਥਿਤ ਕੀਤਾ ਅਰ ਉਨਹਾਂ ਨੂੰ ਉਤਮੋ ਉਤਮ ਵਸਤਾਂ (ਛਕਣ ਛਕਾਣ ਨੂੰ ਭੀ) ਦਿਤੀਆਂ ਤਾਂ ਬਨੀ ਅਸਰਾਈਲ ਨੇ ਜੋ ( ਦੀਨ ਵਿਚ) ਫੋਟਕ ਪਾਇਆ ਉਹ ਗਿਆਨ ਹੋਇਆਂ ਪਿਛੋਂ ( ਪਾਇਆ ਹੈ ਪੈਯੰਬਰ ਸੰਸਾਰ ਵਿਚ ) ਇਹ ਲੋਗ ਜਿਨਹਾਂ ੨ ਬਾਤਾਂ ਵਿਚ ਫੋਟਕ ਪਾਂਦੇ ਰਹੇ ਹਨ ਤੁਹਾਡਾ ਪਰਵਰਦਿਗਾਰ ਕਿਆਮਤ ਦੇ ਦਿਨ ਇਨਹਾਂ ਵਿਖਜ ਓਹਨਾਂ ਫੋਟਕਾਂ ਦਾ ਫੈਸਲਾ ਕਰ ਦੇਵੇਗਾ ॥ ੯੩ ॥ ਤਾਂ ( ਹੇ ਪੈਯੰਬਰ ਏਹ ਕੁਰਾਨ ) ਜੋ ਅਸਾਂ ਤੁਹਾਡੀ ਤਰਫ ਉਤਾਰਿਆ ਹੈ ਯਦੀ ( ਇਹ ਪੁਰਖੀ ਰੀਤੀ ਨਾਲ ) ਏਸ ਦੀ ਤਰਫੋਂ ਤੁਹਾਨੂੰ ਕਿਸੀ ਤਰਹਾਂ ਦਾ ਭਰਮ ਹੋਵੇ ਤਾਂ ਤੁਹਾਡੇ ਨਾਲੋਂ ਪਹਿਲੇ ( ਭੀ ਕਿਤਾਬਾਂ ਉਤਰੀਆਂ ਹਨ ) ਜੋ ਲੋਗ ( ਉਨਹਾਂ ) ਕਿਤਾਬਾਂ ਨੂੰ ਪੜ੍ਹਦੇ ਹਨ ਓਹਨਾਂ ਪਾਸੋਂ ਪੁਛ ਦੇਖੋ ( ਉਹ ਤਸਦੀਕ ਕਰ ਦੇਣਗੇ ਕਿ ਪਹਿਲੇ ਭੀ ਲੋਗਾਂ ਪਰ ਆਕਾ ਬਾਣੀ ਉਤਰੀ ਹੈ ) ਨਿਰਸੰਦੇਹ ਤੁਹਾਡੇ ਪਰ ਤੁਹਾਡੇ ਪਰਵਰਦਿਗਾਰ ਦੀ ਤਰਫੋਂ ਸਚੀ ਕਿਤਾਬ ਉਤਰੀ ਹੈ ਤਾਂ ਤੇ ਭ੍ਰਮ ਕਰਨ ਵਾਲਿਆਂ ( ਦੇ ਟੋਲੇ ) ਵਿਚ ਕਦਾਪਿ ਨਾਂ ਆਉਣਾਂ ॥੯੪॥ ਅਰ ਨਾਂ ਉਨਹਾਂ ਲੋਗਾਂ ( ਦੇ ਯੂਥ ) ਵਿਚ ਆਉਣਾਂ ਜਿਨਹਾਂ ਨੇ ਖ਼ੁਦਾ ਦੀਆਂ ਆਇਤਾਂ ਨੂੰ ਮਿਥਿਆ ਕੀਤਾ ( ਕੇ ਯਦੀ ਇਸ ਤਰਹਾਂ ਕਰੋਗੇ ) ਤਾਂ (ਆਖਰ ਕਾਰ) ਤੁਸੀ ਭੀ ਨੁਕਸਾਨ ਉਠਾਣ ਵਾਲਿਆਂ ਵਿਚ ਹੋ ਜਾਓਗੇ ॥ ੯੫ ॥ ( ਹੇ ਪੈਯੰਬਰ ) ਜੋ ਲੋਗ ( ਆਪਣੀ ਬਦੀਆਂ ਦੇ ਕਾਰਣ ) ਤੁਹਾਡੇ ਪਰ-ਵਰਦਿਗਾਰ ਦੇ ਹੁਕਮ (ਕਸ਼ਟ) ਦੇ ਜੋਗ ਨਿਯਤ ਹੋ ਚੁਕੇ ਹਨ ॥ ੯੬ ॥ ਓਹ ਤਾਂ ਯਾਵਤ ਕਾਲ ਭਿਆਨਕ ਦੁਖ ਨੂੰ (ਆਪਣਿਆਂ ਨੇਤ੍ਰਾਂ ਨਾਲ) ਨਾਂ ਦੇਖ ਲੈਣਗੇ ਕਿਸੀ ਤਰਹਾਂ ਭਰੋਸਾ ਕਰਨ ਵਾਲੇ ਹੈ ਨਹੀਂ ॥ ੯੭ ॥ ਯਦਜਪਿ (ਸੰਸਾਰ ਭਰ ਦੇ) ਸੰਪੂਰਨ ਚਮਤਕਾਰ ਏਹਨਾਂ ਦੇ ਸਨਮੁਖ ਕਿਉਂ ਨਾ) ਆ ਇਸਥਿਤ ਹੋਣ ਤਾਂ ਯੂਨਸ ਦੀ ਜਾਤੀ (ਦੀ ਬਸਤੀ) ਦੇ ਸਿਵਾ ਹੋਰ ਕੋਈ ਬਸਤੀ ਐਸੀ ਕਿਉਂ ਨਾ ਹੋਈ ਕਿ (ਖ਼ੁਦਾ ਦੇ ਅਜਾਬ ਉਤਰਨ ਥੀਂ ਪਹਿਲੇ) ਨਿਸਚਾ ਕਰ ਬੈਠਦੇ ਅਰ ਓਹਨਾਂ ਨੂੰ ਭਰੋਸਾ ਕਰਨਾ ਫਾਇਦਾ ਦੇਂਦਾ ਕਿ (ਯੂਨਸ ਦੀ ਜਾਤੀ ਦੇ ਲੋਗ) ਜਦੋਂ (ਕਸ਼ਟ ਆਉਂਦਾ ਹੋਇਆ ਦੇਖਦੇ ਜਲਦੀ) ਨਿਸਚਾ ਕਰ ਬੈਠੇ ਤਾਂ ਅਸਾਂ ਸੰਸਾਰ ਦੀ (ਐਸੀ) ਜ਼ਿੰਦਗੀ ਵਿਚ ਓਹਨਾਂ ਪਾਸੋਂ ਰੁਸਵਾਈ ਦੇ ਦੁਖ ਨੂੰ ਦੂਰ ਕਰ ਦਿਤ੍ਰਾ ਅਰ ਓਹਨਾਂ

Digitized by Panjab Digital Library | www.panjabdigilib.org

ਨੂੰ ਇਕ (ਵਿਸ਼ੇਖ) ਸਮੇਂ ਤਕ ਵਸਾਇਆ ਰਸਾਇਆ॥ ੯੮ ॥ ਅਰ (ਹੇ ਪੈਯੰ-ਬਰ) ਤੁਹਾਡਾ ਪਰਵਰਦਿਗਾਰ ਚਾਹੁੰਦਾ ਤਾਂ ਜਿਤਨੇਕ ਲੋਗ ਧਰਤੀ ਮਾਤ੍ਰ ਪਰ ਹਨ ਸਾਰਿਆਂ ਦੇ ਸਾਰੇ ਨਿਸਚਾ ਕਰ ਬੈਠਦੇ ਤਾਂ ਕੀ ਤੁਸੀਂ ਲੋਗਾਂ ਨੂੰ ਮਜਬੂਰ ਕਰ ਸਕਦੇ ਹੋ ਕਿ ਉਹ (ਸਾਰਿਆਂ ਦੇ ਸਾਰੇ) ਭਰੋਸਾ ਕਰ ਬੈਠਣ ॥ ੯੯ ॥ ਅਰ ਖ਼ੁਦਾ ਦੇ ਹੁਕਮ ਤੋਂ ਬਿਨਾਂ ਕਿਸੇ ਆਦਮੀ ਦੇ ਵਸ ਵਿਚ ਨਹੀਂ ਹੈ ਕਿ ਈਮਾਨ ਲੈ ਆਵੇ ਅਰ (ਖ਼ੁਦਾ ਸ਼ਿਰਕ ਤਥਾ ਕੁਫਰ ਦੀ) ਮੈਲ ਓਹਨਾਂ ਲੋਗਾਂ ਪਰ ਹੀ ਪਾ ਦੇਂਦਾ ਹੈ ਜੋ (ਇਕ ਹੋਣ ਦੀਆਂ ਯੁਕਤੀਆਂ ਵਿਚ) ਬੁਧੀ ਨੂੰ ਵਰਤਨ ਵਿਚ ਨਹੀਂ ਲਿਆਉਂਦੇ ॥ ੧੦੦ ॥ (ਹੇ ਪੈਯੰਬਰ ਇਨਹਾਂ ਲੋਗਾਂ ਨੂੰ) ਕਹੋ ਕਿ ਜਿਹ ਜੋ ਕੁਛ ਧਰਤੀ ਕਿੰਵਾ ਅਗਾਸ ਵਿਚ ਹੈ ਤਨੀਸੀ ਏਹਨਾਂ ਦੀ ਤਰਫ ਭੀ ਦ੍ਰਿਸ਼ਟੀ ਕਰੋ (ਤਾਂ ਖ਼ੁਦਾ ਦਾ ਹੋਣਾ ਅਰ ਇਕ ਹੋਣਾ ਤੁਹਾਡੇ ਪਰ ਪ੍ਰਗਟ ਹੋ ਜਾਵੇਗਾ) ਅਰ ਜੋ ਆਦਮੀ ਨਿਸਚਾ ਨਹੀਂ ਕਰਦੇ ਰਿਧੀਆਂ ਸਿਧੀਆਂ ਅਰ ਡਰਾਵੇ ਓਹਨਾਂ ਨੂੰ ਕੁਛ ਭੀ ਲਾਭ-ਦਾਇਕ ਨਹੀਂ ॥ ੧੦੧ ॥ ਤਾਂ ਕੀ (ਇਹ ਲੋਗ) ਐਸੀਆਂ ਵਿਪਤੀਆਂ ਦੇ ਹੀ ਉਡੀਕਵਾਨ ਹਨ ਜੈਸੀਆਂ ਇਨਹਾਂ ਲੋਗਾਂ ਨਾਲੋਂ ਪਹਿਲੀਆਂ ਪਰ ਆ ਚੁਕੀਆਂ ਹਨ (ਯਦੀ ਐਸੇ ਹੀ ਹੈ ਤਾਂ ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹਿ ਦਿਓ ਕਿ ਅਛਾ ਤੁਸੀਂ ਭੀ ਉਡੀਕ ਕਰੋ ਮੈਂ ਭੀ ਤੁਹਾਡੇ ਸਾਥ ਉਡੀਕ ਕਰਨ ਵਾਲਿਆਂ ਵਿਚੋਂ ਹਾਂ ॥ ੧੦੨ ॥ ਪੁਨਰ (ਜਦੋਂ ਵਿਪਤੀ ਦੀ ਪ੍ਰਾਪਤਿ ਦਾ ਸਮਾਂ ਆ ਪਹੁੰਚਦਾ ਹੈ ਤਾਂ) ਅਸੀਂ ਆਪਣੇ ਰਸੂਲ ਨੂੰ (ਕਸ਼ਟ ਥੀਂ) ਰਖ ਲੈਂਦੇ ਹਾਂ ਐਸੇ ਹੀ ਓਹਨਾਂ ਲੋਗਾਂ ਨੂੰ (ਭੀ ਜੋ ਓਹਨਾ ਪਰ) ਭਰੋਸਾ ਕਰ ਬੈਠੇ ਅਸਾਂ ਆਪਣੇ ਪਰ ਲਾਜ਼ਿਮ ਕਰ ਲੀਤਾ ਹੈ ਕਿ (ਐਸੇ ਸਮੇਂ ਵਿਚ) ਭਰੋਸੇ ਵਾਲਿਆਂ ਨੂੰ ਬਚਾ ਲੀਤਾ ਕਰੀਏ ॥ ੧੦੩ ॥ ਰੁਕੂਹ ੧੦ ॥

(ਹੇ ਪੈਯੰਬਰ ਇਹਨਾਂ ਲੋਗਾਂ ਨੂੰ) ਕਹੋ ਕਿ ਲੋਗੋ ! ਯਦੀ ਤੁਹਾਨੂੰ ਮੇਰੇ ਦੀਨ ਦੀ ਤਰਫੋਂ (ਕਿਸੀ ਤਰਹਾਂ ਦਾ) ਭ੍ਰਮ ਹੋਵੇ ਤਾਂ ਮੈਂ (ਤੁਹਾਨੂੰ ਸਫਟ ਕਹਿ ਦੇਂਦਾ ਹਾਂ ਕਿ) ਖ਼ੁਦਾ ਥੀਂ ਅਤਿਰਿਕਤ ਜਿਨਹਾਂ (ਪੂਜਕਾਂ) ਦੀ ਤੁਸੀਂ ਪੂਜਾ ਕਰਦੇ ਹੋ ਮੈਂ ਤਾਂ ਓਹਨਾਂ ਦੀ ਪੂਜਾ ਕਰਦਾ ਨਹੀਂ ਕਿੰਤੂ ਮੈਂ ਤਾਂ ਅੱਲਾ ਦੀ ਹੀ ਪੂਜਾ ਕਰਦਾ ਹਾਂ ਜੋ (ਐਸਾ ਕਾਦਰ ਹੈ ਕਿ) ਤੁਸਾਂ (ਸਾਰਿਆਂ ਦੇ ਜੀਵਾਤਮਾਂ) ਨੂੰ ਪਕੜ (ਕੇ ਆਪਣੇ ਪਾਸ ਬੁਲਾ) ਲੈਂਦਾ ਹੈ ਅਰ ਮੈਨੂੰ (ਉਸ ਦੀ ਸਰਕਾਰ ਵਿਚੋਂ ਇਹ) ਆਗਿਆ ਦਿਤੀ ਗਈ ਹੈ ਕਿ ਮੈਂ ਭਰੋਸੇ ਵਾਲਿਆਂ (ਦੇ ਟੋਲੇ) ਵਿਚ ਇਸਥਿਤ ਹੋਵਾਂ ॥ ੧੦੪ ॥ ਅਰ (ਹੋਰ ਖ਼ੁਦਾ ਨੇ ਮੈਨੂੰ) ਇਹ (ਭੀ ਆਗਿਆ ਦਿਤੀ ਹੈ) ਕਿ (ਇਸ) ਦੀਨ ਦੀ ਤਰਫ ਆਪਣਾ ਮੁਖੜਾ

Digitized by Panjab Digital Library | www.panjabdigilib.org

ਕਰਕੇ ਸਿਧੇ ਸਾਰ ਤੁਰਿਆ ਜਾਹ ਅਰ ਭੇਦ ਵਾਦੀਆਂ (ਦੇ ਟੋਲੇ) ਵਿਚ ਕਦਾਪਿ (ਮਿਲਨਾ ਜੁਲਨਾ) ਨਹੀਂ ॥ ੧੦੫ ॥ ਅਰ ਖੁਦਾ ਤੋਂ ਸਿਵਾ ਕਿਸੀ ਦਾ ਭਜਨ ਨਹੀਂ ਕਰਨਾ ਕਿ ਉਹ ਤੁਹਾਨੂੰ ਨਾ ਤਾਂ ਕੋਈ ਲਾਭ ਹੀ ਪਹੁੰਚਾ ਸਕਦਾ ਹੈ ਅਰ ਨਾ ਕੋਈ ਹਾਨੀ ਹੀ ਕਰ ਸਕਦਾ ਹੈ ਅਰ ਯਦੀ ਤੂੰ (ਇਸ ਤਰਹਾਂ) ਕੀਤਾ ਤਾਂ ਉਸ ਵੇਲੇ ਤੂੰ ਭੀ ਜ਼ਾਲਮਾਂ ਵਿਚ(ਗਿਣਿਆਂ) ਜਾਵੇਂਗਾ ॥ ੧੦੬ ॥ ਅਰ ਯਦੀ ਖੁਦਾ ਤੈਨੂੰ ਕੋਈ ਕਸ਼ਟ ਪਰਾਪਤ ਕਰੇ ਤਾਂ ਉਸ ਤੋਂ ਸਿਵਾ ਕੋਈ ਉਸ (ਕਸ਼ਟ) ਦਾ ਦੂਰ ਕਰਨ ਵਾਲਾ ਹੈ ਨਹੀਂ ਅਰ ਯਦੀ ਤੇਰੇ ਪਰ ਕਿਸੇ ਤਰਹਾਂ ਦਾ ਉਪਕਾਰ ਕਰਨ ਦੀ ਇਛਾ ਕਰੇ ਤਾਂ ਕੋਈ ਉਸ ਦੀ ਕਿਰਪਾ ਨੂੰ ਰੋਕਣੇ ਵਾਲਾ ਹੈ ਨਹੀਂ ਆਪਣਿਆਂ ਪੁਰਖਾਂ ਵਿਚੋਂ ਜਿਸ ਪਰ ਚਾਹੇ ਉਪਕਾਰ ਕਰੇ ਅਰ ਉਹ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੧੦੭ ॥ (ਹੇ ਪੈਯੰਬਰ ਤੁਸੀਂ ਇਨਹਾਂ ਲੋਗਾਂ ਨੂੰ) ਕਹਿ ਦੇਵੋ ਕਿ ਲੋਗੋ ! (ਜੋ) ਸਚੀ ਬਾਤ (ਸੀ ਉਹ ਤਾਂ) ਤੁਹਾਡੇ ਪਰਵਰਦਿਗਾਰ ਦੀ ਤਰਫੋਂ ਤੁਹਾਡੇ ਪਾਸ ਆ ਚੁਕੀ ਫਿਰ ਜਿਸ ਨੇ ਸਚਾ ਮਾਰਗ ਅਖਤਿਆਰ ਕੀਤਾ ਤਾਂ ਆਪਣੇ ਹੀ (ਸੁਖ ਵਾਸਤੇ) ਉਸਨੂੰ ਅਖਤਿਆਰ ਕਰਦਾ ਹੈ ਅਰ ਜੋ ਭਟਕਿਆ ਤਾਂ ਉਹ ਭਟਕ ਕੇ ਕੁਛ ਆਪਣਾ ਹੀ ਨੁਕਸਾਨ ਕਰਦਾ ਹੈ ਅਰ ਮੈਂ ਤੁਹਾਡੇ ਪਰ ( ਕੋਈ ਠੇਕੇਦਾਰਾਂ ਦੀ ਤਰਹਾਂ ) ਦਾਰੋਗਾ (ਹਾਂ) ਨਹੀਂ ॥ ੧੦੮ ॥ ਅਰ ( ਹੇ ਪੈਯੰਬਰ ) ਤੁਹਾਡੀ ਤਰਫ ਜੋ ਵਹੀ ਭੇਜੀ ਜਾਂਦੀ ਹੈ ਉਸੇ ਪਰ ਤੁਰੇ ਜਾਓ ਅਰ ਜਦੋਂ ਤਕ ਅੱਲਾ ( ਤੁਹਾਡੇ ਅਰ ਕਾਫਰਾਂ ਦੇ ਦਰਮਿਆਨ ) ਫੈਸਲਾ ਕਰੇ (ਉਨਹਾਂ ਦੇ ਦੁਖ) ਝਲਦੇ ਰਹੋ ਅਰ ਵਹੀ (ਸਾਰਿਆਂ ਦੇ ਫੈਸਲਾ ਕਰਨ ਵਾਲਿਆਂ ਵਿਚੋਂ ਉੱਤਮ ( ਫੈਸਲਾ ਕਰਨੇ ਵਾਲਾ ) ਹੈ ॥ ੧੦੯ ॥ ਰੁਕੂਹ ॥ ੧੧ ॥

## ਸੂਰਤ ਹੂਦ ਮੱਕੇ ਵਿਚ ਨਾਜ਼ਲ ਹੋਈ ਅਰ ਇਸ ਦੀਆਂ ੧੨੩ ਆਯਤਾਂ ਅਰ ਦਸ ਰੁਕੂਹ ਹਨ ॥

(ਆਰੰਭ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕ੍ਰਿਪਾਲੂ ਹੈ ਅਲਫ-ਲਾਮ-ਰਾ ॥ (ਹੇ ਪੈਯੰਬਰ ਲੋਗਾਂ ਨੂੰ ਕਹੋ ਕਿ ਇਹ ਕੁਰਾਨ ਐਸੀ) ਪੁਸਤਕ ਹੈ (ਜੋ)ਹਿਕਮਤ ਵਾਲੇ ਗਯਾਨਵਾਨ ਖੁਦਾ ਦੀ ਤਰਫੋਂ (ਪ੍ਰਾਪਤ ਹੋਈ ) ਇਸ ਦੇ ਮਜ਼ਮੂਨ (ਉਕਤੀਆਂ ਯੁਕਤੀਆਂ ਸਾਥ ਭਲੀ ਤਰਹਾਂ ਸਿਧ ਅਰ) ਪੱਕੇ ਅਰ ਪੁਨਰ ਭਲੀ ਤਰਹਾਂ ਵਿਸਤਾਰ ਪੂਰਵਕ ਵਰਣਨ ਕੀਤੇ ਗਏ ਹਨ ॥ ੧ ॥ ( ਅਰ ਉਨਹਾਂ ਦਾ ਭਾਵਾਰਥ ਏਹ ਹੈ ) ਕਿ ( ਲੋਗੋ ! ) ਖੁਦਾ ਤੋਂ ਸਿਵਾ ਕਿਸੇ ਦੀ ਪੂਜਾ ਨਾ ਕਰੋ ਮੈਂ ਉਸੇ ਦੀ ਤਰਫੋਂ ਤੁਹਾਨੂੰ ( ਉਸ ਦੇ

Digitized by Panjab Digital Library | www.panjabdigilib.org

ਦੁਖ ਥੀਂ ) ਡਰਾਉਂਦਾ ਹਾਂ ਅਰ ( ਈਮਾਨ ਵਾਲਿਆਂ ਨੂੰ ਉਸ ਦੀ ) ਖੁਸ਼-ਖਬਰੀ ਸੁਣਾਉਂਦਾ ਹਾਂ ॥ ੨ ॥ ਅਰ ( ਹੋਰ ) ਏਹ ਕਿ ਆਪਣੇ ਪਰਵਰ-ਦਿਗਾਰ ਪਾਸੋਂ (ਆਪਣਿਆਂ ਪਿਛਲਿਆਂ ਦੋਖਾਂ ਦੀ)ਮਾਫੀ ਮੰਗੋ ਪੁਨਰ (ਅਗੇ ਵਾਸਤੇ ) ਉਸ ਦੇ ਦਰਬਾਰ ਵਿਚ ਤੌਬਾ ਕਰੋ ( ਐਸੇ ਕਰੋਗੇ ) ਤਾਂ ਉਹ ਤੁਹਾਨੂੰ ਇਕ ਨਿਯਤ ਸਮੇਂ ਤਕ ( ਸੰਸਾਰ ਵਿਚ ) ਭਲੀ ਤਰਹਾਂ ਵਸਾਈ ਰਸਾਈ ਰਖੇਗਾ ਅਰ ਜਿਸ ਨੇ ( ਵਿਤੋਂ ) ਵਧ ਕੇ ਕੀਤਾ ਹੈ ਉਸ ਨੂੰ ਉਸ ਦਾ ਅਧਿਕ (ਫਲ) ਮਿਲੇਗਾ ਯਦੀ (ਉਸਦੀ ਆਗਿਆ ਤੋਂ) ਮੁਖੜਾ ਫੇਰੋਗੇ ਤਾਂ ਮੈਂਨੂੰ ਤੁਹਾਡੀ ਨਿਸਬਤ ਬੜੇ (ਦੁਖਦਾਈ) ਦਿਨ (ਅਰਥਾਤ ਪ੍ਰਲੈ ਦੇ) ਦੁਖ ਦੀ (ਬੜੀ ਹੀ) ਚਿੰਤਾ ਹੈ ॥ ੩ ॥ (ਕਿਉਂ ਕਿ) ਤੁਸਾਂ ( ਸਾਰਿਆਂ ) ਨੂੰ ਅੱਲਾ ਦੀ ਤਰਫ ਹੀ ਲੌਟ ਕੇ ਜਾਣਾ ਹੈ ਅਰ ਓਹ ਹਰ ਵਸਤੂ ਪਰ ਕਾਦਰ ਹੈ ॥ ੪ ॥ ( ਹੇ ਪੈਯੰਬਰ ) ਸੁਣੋ ਕਿ ਏਹ ( ਕਾਫਰ ਝੁਕ ੨ ਕੇ ) ਆਪਣਿਆਂ ਕਾਲਜਿਆਂ ਨੂੰ ਦੋਹਰਿਆਂ ਕਰੀ ਰਖਦੇ ਹਨ ਤਾ ਕਿ ਖ਼ੁਦਾ ਪਾਸੋਂ ਛੁਪੇ ਰਹੀਏ ( ਪਰੰਚ ) ਦੇਖੋ ਖਾਂ ਜਦੋਂ ( ਇਹ ਲੋਗ ਸੌਣ ਦੇ ਵੇਲੇ ) ਆਪਣੇ ਬਸਤ੍ਰ ਲੈਂਦੇ ਹਨ ( ਉਸ ਵੇਲੇ ਭੀ ) ਖੁਦਾ ਨੂੰ (ਇਨਹਾਂ ਦੇ ਸਾਰੇ ਹੀ ਕਰਤਬ) ਜੋ ਛਿਪ ਛਿਪਾ ਕੇ ਕਰਦੇ ਹਨ ਅਰ ਜੋ ਪ੍ਰਗਟ ਕਰਕੇ ਕਰਦੇ ਹਨ ( ਸਾਰੇ ਹੀ ) ਪ੍ਰਤੀਤ ਰਹਿੰਦੇ ਹਨ ਓਹ ਤਾਂ ਅੰਦਰੂਨੀ ਬਾਤਾਂ ਨੂੰ ਭੀ ਜਾਨਣੇ ਵਾਲਾ ਹੈ ॥ ੫ ॥ *ਅਰ ਜਿਤਨੇ (ਜੀਵ) ਧਰਤੀ ਪਰ ਤੁਰਦੇ ਫਿਰਦੇ ਹਨ ਓਹਨਾਂ ( ਸਾਰਿਆਂ ) ਦੀ ਰੋਜੀ ਅੱਲਾ ਦੇ ਹੀ ਜਿਮੇਂ ਹੈ ਅਰ ਉਹੀ ਉਨਹਾਂ ਦੇ ( ਜੀਉਂਦੇ ਜਾਗਦੇ ) ਟਿਕਾਣੇ ਨੂੰ ਅਰ ( ਹੋਰ ਮਰਿਆਂ ਪਿਛੋਂ ) ਉਨਹਾਂ ਦੇ ( ਧਰਤੀ ਵਿਚ ) ਅਸਥਾਪਿਤ ਕੀਤਿਆਂ ਜਾਣ ਦੀ ਜਗਹਾਂ ਨੂੰ ਜਾਣਦਾ ਹੈ ਸਭ ਕੁਛ ਪ੍ਰਕਾਸ਼ ਮਾਨ ਪੁਸਤਕ ਵਿਚ (ਲਿਖਿਆ ਹੋਇਆ ਵਿਦਮਾਨ) ਹੈ ॥ ੬ ॥ ਅਰ ਵਹੀ ( ਸ੍ਵਤੰਤ੍ਰ ਸਾਮਰਥ ਵਾਨ ) ਹੈ ਜਿਸ ਨੇ ਧਰਤ ਅਗਾਸ ਨੂੰ ਛਿਆਂ ਦਿਨਾਂ ਵਿਚ ਉਤਪੰਨ ਕੀਤਾ ਅਰ ( ਓਸ ਸਮੇਂ ) ਉਸ ( ਦੇ ਵਡਿਪਣਤਾਈ ) ਦਾ ਆਸਣ ( ਤਖਤ ) ਪਾਣੀਆਂ ਪਰ ਸੀ (ਸੋ ਉਸ ਨੇ ਸੰਸਾਰ ਨੂੰ ਏਸ ਭਾਵ ਪਰ ਬਣਾਇਆ ) ਤਾ ਕਿ ਤੁਸਾਂ ਲੋਗਾਂ ਦੀ ਪ੍ਰੀਛਾ ਕਰੇ ਕਿ ਤੁਹਾਡੇ ਵਿਚੋਂ ਕਿਸ ਦੇ ਕਰਮ ਉੱਤਮ ਹਨ ਅਰ ( ਹੇ ਪੈਯੰਬਰ ) ਯਦੀ ਤੁਸੀਂ ( ਇਨਹਾਂ ਲੋਗਾਂ ਨੂੰ ) ਕਹੋ ਕਿ ਮਰਿਆਂ ਪਿਛੋਂ ਤੁਸੀਂ (ਦੂਸਰੀ ਦਫਾ ਸਰਾਜੀਤ ਕਰਕੇ ) ਖੜੇ ਕੀਤੇ ਜਾਓਗੇ ਤਾਂ ਜੋ ਲੋਗ ਮੁਨਕਰ ਹਨ ( ਇਸ ਨੂੰ ਸੁਣ ਕੇ) ਜਰੂਰ ਕਹਿਣਗੇ ਕਿ ( ਜੋ ਕੁਛ ਤੁਸੀਂ ਸਾਨੂੰ ਸਿਖਿਆ ਦੇਂਦੇ ਹੋ ) ਇਹ ਤਾਂ ਕੇਵਲ ਤਾਂਤ੍ਰਕੀ ਲੋਗਾਂ ਵਰਗੀਆਂ ਬਾਤਾਂ ਹਨ ॥੭ ॥ ਅਰ ਯਦੀ ਅਸੀਂ ਵਿਪਤਿ

*ਹੁਣ "ਵਾਮਾਮਿਨ ਦਾ ਬਤ" ਨਾਮੀ ੧੨ ਪਾਰਾ ਚਲਾ ॥

Digitized by Panjab Digital Library | www.panjabdigilib.org

( ਦਾ ਪ੍ਰਾਪਤ ਕਰਨਾ ) ਏਹਨਾਂ ( ਲੋਗਾਂ ) ਉਤੋਂ ਗਿਨਤੀ ਦੇ ਚਾਰ ਦਿਨ ਤਕ ਢਿਲ ( ਭੀ ) ਕਰੀ ਰਖੀਏ ਤਾਂ ( ਏਹ ਲੋਗ ) ਅਵਸ਼ ਹੀ ਕਹਿਣ ਲਗ ਪੈਣਗੇ ਕਿ (ਉਹ) ਕੌਣ ਵਸਤੂ ( ਹੈ ਜੋ ) ਵਿਪਤੀ ਨੂੰ ਰੋਕ ਰਹੀ ਹੈ ਸੁਣੋ ਜੀ ! ਜਿਸ ਦਿਨ ਵਿਪਤੀ ਏਹਨਾਂ ਉਤੋਂ ਉਤਰੇਗੀ ( ਤਾਂ ) ਉਹ ਕਿਸੇ ਦੇ ਟਾਲਿਆਂ ਟਲਣ ਵਾਲੀ ਨਹੀਂ ਅਰ ਜਿਸ (ਵਿਪਤੀ) ਦੀ ਏਹ ਲੋਗ ਹਾਸੋਹਾਣੀ ਕਰ ਰਹੇ ਸਨ ਉਹ ਇਹਨਾਂ ਨੂੰ ਚੰਬੜ ਜਾਵੇਗੀ ॥ ੮ ॥ ਰੁਕੂਹ ੧ ॥

ਅਰ ਯਦੀ ਅਸੀਂ ਆਦਮੀ ਨੂੰ ਆਪਣੀ ਮਿਹਰਬਾਨੀ ( ਦਾ ਸਵਾਦ ) ਚਖਾਈਏ ਪੁਨਰ ਉਸ (ਸੁਪਦਾਰਥ) ਨੂੰ ਉਸ ਪਾਸੋਂ ਖੋਹ ਲਈਏ ਤਾਂ (ਸਾਡੀ ਸ਼ਕਾਇਤ ਕਰਨ ਲਗਦਾ ਹੈ ਕਿਉਂਕਿ) ਉਹ (ਤਨੀਸੀ ਬਾਰਤਾ ਵਿਚ) ਨਿਰਾਸ ਹੋ ਜਾਣ ਵਾਲਾ (ਅਰ) ਕ੍ਰਿਤਘਨ ਹੈ ॥ ੯ ॥ ਅਰ ਯਦੀ ਉਸਨੂੰ ਕੋਈ ਵਿਪਤੀ ਪ੍ਰਾਪਤ ਹੋਵੇ ਅਰ ਉਸ ਦੇ ਪਸਚਾਤ ਅਸੀਂ ਉਸ ਨੂੰ ਸੁਖ (ਦਾ ਸਵਾਦ) ਚਖਾਈਏ ਤਾਂ ਕਹਿਣ ਲਗ ਪੈਂਦਾ ਹੈ ਕਿ ( ਹੁਣ ) ਮੇਰੇ (ਉਪਰੋਂ) ਸਾਰੀਆਂ ਵਿਪਤੀਆਂ ਦੂਰ ਹੋ ਗਈਆਂ ਕਿੰਤੂ ਉਹ (ਝਬਦੇ ਹੀ) ਖੁਸ਼ ਹੋ ਜਾਣ ਵਾਲਾ ਅਰ ਘਮੰਡੀ ਹੈ ॥ ੧੦ ॥ ਪਰੰਚ ਜੋ ਪੁਰਖ ਸਬਰ (ਦੇ ਹੇਲਤ੍ਰੀ ਹਨ) ਅਰ ਸ਼ੁਭ ਕਰਮ ਕਰਦੇ ਹਨ ( ਉਹਨਾਂ ਦੀ ਇਹ ਦਸ਼ਾ ਨਹੀਂ ) ਇਹੋ ਹਨ ਜਿਨਹਾਂ ਦੇ ਵਾਸਤੇ ( ਖੁਦਾ ਦੇ ਪਾਸ) ਬਖ਼ਸ਼ਸ਼ ਅਰ ਬੜਾ ਅਜਰ ਹੈ ॥ ੧੧ ॥ ਤਾਂ ( ਹੇ ਪੈਗੰਬਰ ) ਅਸਚਰਜ ਨਹੀਂ ਕਿ ਜੋ ਵਹੀ ਤੁਹਾਡੇ ਪਰ ਨਾਜ਼ਲ ਕੀਤੀ ਜਾਂਦੀ ਹੈ (ਲੋਗਾਂ ਨੂੰ ਸੁਣਾ-ਉਂਦੀ ਵੇਰੀ) ਤੁਸੀਂ (ਉਸ ਵਿਚੋਂ) ਤਨੀਸਾ ਛਡ ਦੇਣਾ ਚਾਹੋ ਏਸ ਸਬਬੋਂ ਤੰਗ ਦਿਲ ਹੋ ਕਿ ( ਕਿਤੇ ਐਸਾ ਨਾ ਹੋਵੇ ਕਿ ਇਹ ਲੋਕ ) ਕਹਿ ਬੈਠਣ ਕਿ ਇਸ ਪੁਰਖ ਪਰ ਕੋਈ ਖਜਾਨਾ ਕਿਉਂ ਨਹੀਂ ਉਤਰਿਆ ਅਥਵਾ ( ਏਸ ਦੀ ਤਸਦੀਕ ਵਾਸਤੇ) ਏਸਦੇ ਸਾਥ (ਖੁਦਾ ਦੀ ਤਰਫੋਂ) ਕੋਈ ਫਰਿਸ਼ਤਾ ਕਿਉਂ ਨਹੀਂ ਆਇਆ ਸੋ ( ਹੇ ਪੈਗੰਬਰ ) ਤੁਸੀਂ ਤਾਂ ( ਏਹਨਾਂ ਨੂੰ ਖੁਦਾ ਦੇ ਦੁਖ ਤੋਂ) ਡਰਾਉਣ ਵਾਲੇ ਹੋ ਹੋਰ ਬਸ ਅਰ ਸੰਪੂਰਨ ਵਸਤਾਂ ਖੁਦਾ ਦੇ ਹਥ ਵਿਚ ਹਨ ॥ ੧੨ ॥ ( ਹੇ ਪੈਗੰਬਰ ) ਕੀ ( ਕਾਫਰ ) ਕਹਿੰਦੇ ਹਨ ਕਿ ਏਸ ( ਪੁਰਖ ਅਰਥਾਤ ਤੁਸਾਂ ) ਨੇ ਕੁਰਾਨ ਨੂੰ ਆਪਣੇ ਮਨੋਂ ਹੀ ਘੜ ਲੀਤਾ ਹੈ ਤਾਂ ਏਹਨਾਂ ( ਲੋਗਾਂ) ਨੂੰ ਕਹੋ ਕਿ ਯਦੀ ਤੁਸੀਂ (ਆਪਣੇ ਪੱਖ ਵਿਚ) ਸਚੇ ਹੋ (ਕੇ ਏਹ ਕੁਰਾਨ ਮੈਂ ਆਪਣੇ ਮਨੋਂ ਮਨ ਘੜਤ ਹੀ ਬਨਾ ਲੀਤਾ ਹੈ) ਤਾਂ ਤੁਸੀਂ ਭੀ (ਆਪਣੀ ਭਾਖਾ ਦੇ ਮਾਲਿਕ ਹੋ) ਏਸੇ ਤਰਹਾਂ ਦੀਆਂ ਬਣੀਆਂ ਹੋਈਆਂ ਦਸ ਸੂਰਤਾਂ ਲੈ ਆਓ ਅਰ ਖੁਦਾ ਤੋਂ ਸਿਵਾ ਜਿਸ ਨੂੰ ( ਮਦਦ ਦੇਣ ਵਾਸਤੇ) ਤੁਹਾਡੇ ਪਾਸੋਂ ਬੁਲਾਇਆ ਜਾਵੇ ਬੁਲਾ ਲਓ ॥ ੧੩ ॥ ਬਸ ਯਦੀ

Digitized by Panjab Digital Library | www.panjabdigilib.org

(ਏਹ ਤੁਹਾਡੇ ਮਦਦਗਾਰ) ਤੁਹਾਡੀ ਆਗਿਆ ਨਾ ਪਾਲਨ ਕਰ ਸਕਣ ਤਾਂ ਯਾਦ ਰਖੋ ਕਿ (ਕੁਰਾਨ) ਖੁਦਾ ਦੇ ਹੀ ਵਿਗਜਾਨ ਦ੍ਵਾਰਾ ਉਤਰਿਆ ਹੈ ਅਰ ਏਹ ਕਿ ਉਸ ਤੋਂ ਸਿਵਾ ਕੋਈ ਪੂਜਜ ਨਹੀਂ ਤਾਂ ਕੀ (ਹੁਣ ਏਸ ਕੋਟੀ ਦੇ ਪੂਰਨ ਹੋਇਆਂ ਪਿਛੋਂ ਭੀ) ਤੁਸੀਂ ਇਸਲਾਮ ਨੂੰ ਕਬੂਲ ਕਰਦੇ ਹੋ (ਕਿ ਨਹੀਂ) ॥ ੧੪ ॥ (ਸੁਭ ਕਰਮਾਂ ਦੇ ਕਰਨ ਨਾਲ) ਜਿਨਹਾਂ ਦਾ ਮਤਲਬ ਸਾਂਸਾਰਿਕ ਜੀਵਨ ਅਰ ਸਾਂਸਾਰਿਕ ਰੌਣਕ ਹੁੰਦੀ ਹੈ ਅਸੀਂ ਉਹਨਾਂ ਦੇ ਕਰਮਾਂ ਦਾ ਫਲ (ਏਥੇ) ਸੰਸਾਰ ਵਿਚ ਹੀ ਓਹਨਾਂ ਨੂੰ ਪੂਰਾ ੨ ਭਰ ਦੇਂਦੇ ਹਾਂ ਅਰ ਉਹ ਸੰਸਾਰ ਵਿਚ (ਕਿਸੀ ਤਰਹਾਂ ਵੀ) ਘਾਟੇ ਵਿਚ ਨਹੀਂ ਰਹਿੰਦੇ ॥ ੧੫ ॥ (ਪਰੰਤੂ ਏਹ) ਉਹ ਲੋਗ ਹਨ ਜਿਨਹਾਂ ਵਾਸਤੇ ਅੰਤ ਨੂੰ ਨਰਕਾਂ ਤੋਂ ਸਿਵਾ ਹੋਰ ਕਛ ਨਹੀਂ ਅਰ ਜੋ (ਸ਼ੁਭ) ਕਰਮ ਏਹਨਾਂ ਲੋਗਾਂ ਨੇ ਸੰਸਾਰ ਵਿਚ ਕੀਤੇ (ਅੰਤ ਨੂੰ ਸਾਰੇ ਹੀ) ਗਏ ਗਵਾਤੇ ਹੋ ਗਏ ਅਰ ਏਹਨਾਂ ਦਾ ਕੀਤਾ ਕਤਰਿਆ (ਸਾਰਾ) ਝੂਠੋ ਝੂਠ ॥ ੧੬ ॥ ਤਾਂ ਕੀ ਜੋ ਪੁਰਖ ਆਪਣੇ ਪਰਵਰਦਿਗਾਰ ਦੇ ਵਿਸਤਾਰ ਮਾਰਗ ਪਰ ਹਨ ਅਰ ਓਹਨਾਂ ਦੇ ਸਾਥ ੨ ਓਹਨਾਂ ਵਿਚੋਂ ਦਾ ਹੀ ਇਕ ਸਾਖੀ ਹੋਵੇ (ਅਰਥਾਤ ਓਹਨਾਂ ਦਾ ਆਪਣਾ ਅੰਤਸ਼ਕਰਣ ਅਰ ਬੁਧੀ) ਅਰ ਕੁਰਾਨ ਨਾਲੋਂ ਪਹਿਲੇ (ਉਨਹਾਂ ਦੀ ਰਹਿਨਮਾਈ ਵਾਸਤੇ) ਮੂਸਾ ਦੀ ਕਿਤਾਬ ਹੋਵੇ ਜੋ (ਇਸ ਨੂੰ ਸਚਿਆਂ ਕਰਨ ਵਾਲੀ ਅਰ ਦੀਨ ਦੀ) ਆਗੂ ਅਰ (ਖੁਦਾ ਦੀ) ਰਹਿਮਤ ਹੈ (ਕੀ ਐਸੇ ਲੋਗ ਕੁਰਾਨ ਦੇ ਮੁਨਕਰ ਹੋ ਸਕਦੇ ਹਨ ? ਨਹੀਂ ਕਿੰਤੂ) ਇਹ ਲੋਗ ਤਾਂ (ਚਾਰੋਨਾਚਾਰ) ਕੁਰਾਨ ਪਰ ਭਰੋਸਾ ਕਰ ਲੈਂਦੇ ਹਨ ਅਰ (ਦੂਸਰਿਆਂ) ਫਿਰਕਿਆਂ ਵਿਚੋਂ ਜੋ ਏਸ ਦੇ ਮੁਨਕਰ ਹੋਣ ਓਹਨਾਂ ਦਾ ਅੰਤ ਨੂੰ ਨਰਕਾਂ ਵਿਚ ਹੀ ਨਿਵਾਸ ਹੋਵੇਗਾ ਤਾਂ ਤੇ (ਹੇ ਪੈਯੰਬਰ) ਤੂੰ (ਭੀ) ਕੁਰਾਨ ਦੀ ਤਰਫੋਂ (ਕਿਸੀ ਤਰਹਾਂ ਦੇ) ਸੰਦੇਹ ਵਿਚ ਨਾ ਰਹਿਣਾ (ਕਿੰਤੂ) ਏਸ ਵਿਚ ਤਨੀਸਾ ਭ੍ਰਮ ਨਹੀਂ ਕਿ ਉਹ ਸਚ ਹੈ (ਅਰ) ਤੁਹਾਡੇ ਪਰਵਰਦਿਗਾਰ ਦੀ ਤਰਫੋਂ (ਤੁਹਾਡੇ ਪਰ ਨਾਜ਼ਲ ਹੋਇਆ ਹੈ) ਪਰੰਚ ਅਕਸਰ ਲੋਗ (ਇਸ ਪਰ) ਨਿਸਚਾ ਨਹੀਂ ਕਰਦੇ ॥ ੧੭ ॥ ਅਰ ਜੋ ਖੁਦਾ ਪਰ ਝੂਠ ਮੂਠ ਤੁਫਾਨ ਬੰਨੇ ਓਸ ਨਾਲੋਂ ਵਧਕੇ ਅਪਰਾਧੀ ਕੌਣ ਹੈ ? ਇਹੋ ਲੋਗ (ਪ੍ਰਲੈ ਦੇ ਦਿਨ) ਆਪਣੇ ਪਰਵਰਦਿਗਾਰ ਦੇ ਸਨਮੁਖ ਕੀਤੇ ਜਾਣਗੇ ਅਰ ਗਵਾਹ ਗਵਾਹੀਆਂ ਦੇਣਗੇ ਕਿ ਇਹੋ ਹਨ ਜਿਨਹਾਂ ਨੇ ਆਪਣੇ ਪਰਵਰਦਿਗਾਰ ਪਰ ਝੂਠ ਮਾਰਿਆ ਸੀ ਸੁਣੋ ਜੀ ! (ਏਹਨਾਂ) ਜ਼ਾਲਿਮਾਂ ਪਰ ਖੁਦਾ ਹੀ ਦੀ ਮਾਰ ॥੧੮॥ ਜੋ ਖੁਦਾ ਦੇ ਰਾਹੋਂ (ਲੋਗਾਂ ਤਾਈਂ) ਰੋਕਦੇ ਅਰ ਉਸ ਵਿਚ ਵਿੰਗ (ਪੈਦਾ ਕਰਨਾ) ਚਾਹੁੰਦੇ ਹਨ ਅਰ ਇਹੋ ਹਨ ਜੋ ਅੰਤਿਮ ਦਿਨ ਥੀਂ (ਭੀ) ਮੁਨਕਰ ਹਨ

Digitized by Panjab Digital Library | www.panjabdigilib.org

॥ ੧੯ ॥ ਇਹ ਲੋਗ ਨਾ ਤਾਂ ਸੰਸਾਰ ਵਿਚ ਹੀ (ਖੁਦਾ ਨੂੰ) ਪਰਾਜੈ ਕਰ ਸਕੇ ਅਰ ਨਾ ਖੁਦਾ ਤੋਂ ਸਿਵਾ ਏਹਨਾਂ ਦਾ ਕੋਈ ਮਦਦਗਾਰ (ਹੀ) ਖੜਾ ਹੋਇਆ (ਤਾਂ ਅੰਤਿਮ ਦਿਨ ਨੂੰ) ਏਹਨਾਂ ਤਾਈਂ ਦੂਣਾ ਦੁਖ ਹੋਵੇਗਾ ਕਿਉਂਕਿ (ਈਰਖਾ ਦੇ ਮਾਰੇ) ਨਾ ਤਾਂ (ਸਚੀ ਬਾਰਤਾ ਹੀ) ਸੁਣ ਸਕਦੇ ਹਨ ਅਰ ਨਾ ਹੀ (ਸੂਧਾ ਰਾਸਤਾ ਹੀ) ਇਨਹਾਂ ਨੂੰ ਦਿਸਦਾ ਸੀ ॥ ੨੦ ॥ ਇਹੋ ਲੋਗ ਹਨ ਜਿਨਹਾਂ ਨੇ ਆਪ ਹੀ ਆਪਣਾ ਨੁਕਸਾਨ ਕਰ ਲੀਤਾ ਅਰ ਉਹ (ਜੋ ਸੰਸਾਰ ਵਿਚ) ਝੂਠ ਥਪਿਆ ਕਰਦੇ ਸਨ (ਅੰਤ ਨੂੰ) ਏਹਨਾਂ ਪਾਸੋਂ (ਸਾਰੀਆਂ) ਗਈਆਂ ਗੁਜਰੀਆਂ ਹੋ ਗਈਆਂ ॥੨੧॥ (ਬਸ) ਜਰੂਰ ਇਹੋ ਲੋਗ ਅੰਤ ਨੂੰ ਸਾਰਿਆਂ ਨਾਲੋਂ ਵਧ ਕੇ ਘਾਟੇ ਵਿਚ ਹੋਣਗੇ ॥ ੨੨ ॥ ਜੋ ਲੋਗ ਭਰੋਸਾ ਕਰ ਬੈਠੇ ਹਨ ਅਰ (ਭਰੋਸੇ ਤੋਂ ਅਲਗ ਓਹਨਾਂ ਨੇ) ਸ਼ੁਭ ਕਰਮ (ਭੀ) ਕੀਤੇ ਅਰ ਆਪਣੇ ਪਰਵਰਦਿਗਾਰ ਦੇ ਅਗੇ ਨਿਮ੍ਰਤਾਈ ਕਰਦੇ ਰਹੇ ਇਹੋ ਹੀ ਬਹਿਸ਼ਤੀ ਲੋਗ ਹਨ ਕਿ ਸਦਾ ਕਾਲ ਬਹਿਸ਼ਤ ਵਿਚ ਰਹਿਣਗੇ ॥ ੨੩ ॥ (ਕਾਫਰਾਂ ਅਰ ਮੁਸਲਮਾਨਾਂ ਦੇ) ਦੋ ਟੋਲਿਆਂ ਦਾ ਦ੍ਰਿਸ਼ਟਾਂਤ ਨੇਤ੍ਰ ਹੀਨ ਅਰ ਕਰ ਹੀਨ ਅਰ ਨੇਤ੍ਰ ਤਥਾ ਕਰ ਯੁਕਤ ਪੁਰਖ ਦੀ ਤਰਹਾਂ ਹੈ ਕੀ ਦੋਨੋਂ ਦੀ ਦਸ਼ਾ ਸਮਾਨ ਹੋ ਸਕਦੀ ਹੈ ? ਕੀ ਤੁਸੀਂ ਲੋਗ ਵਿਚਾਰ ਨਹੀਂ ਕਰਦੇ ॥ ੨੪ ॥ ਰੁਕੂਹ ੨ ॥

ਅਰ ਅਸਾਂ ਹੀ ਨੂਹ ਨੂੰ ਉਸ ਦੀ ਜਾਤੀ ਦੀ ਤਰਫ (ਪੈਯੰਬਰ ਬਣਾ ਕੇ) ਭੇਜਿਆ (ਅਰ ਓਹਨਾਂ ਨੇ ਆਪਣੀ ਜਾਤੀ ਦੇ ਲੋਗਾਂ ਨੂੰ ਕਹਿਆ) ਕਿ ਮੈਂ ਤੁਹਾਨੂੰ (ਖੁਦਾਈ ਦੁਖ ਦਾ) ਭਯ ਸਾਫ ੨ ਸੁਨਾਣ ਵਾਸਤੇ ਆਇਆ ਹਾਂ ॥ ੨੫ ॥ (ਅਰ ਤੁਹਾਨੂੰ ਸਮਝਾਉਂਦਾ ਹਾਂ ਕਿ) ਖੁਦਾ ਤੋਂ ਸਿਵਾ (ਕਿਸੇ ਦੀ) ਪੂਜਾ ਨਾ ਕੀਤਾ ਕਰੋ (ਯਦੀ ਐਸੇ ਕਰੋਗੇ ਤਾਂ) ਮੈਨੂੰ ਤੁਹਾਡੀ ਨਿਸਬਤ ਇਕ ਦਰਦਨਾਕ ਦੁਖ ਦੇ ਦਿਨ ਦਾ (ਬੜਾ ਹੀ) ਡਰ ਹੈ ॥ ੨੬ ॥ ਏਸ ਦੇ ਪ੍ਰਤਿਉਤਰ ਵਿਚ ਉਸਦੀ ਜਾਤੀ ਦੇ ਸਰਦਾਰ ਜੋ (ਉਸ ਨੂੰ) ਨਹੀਂ ਮੰਨਦੇ ਸਨ ਲਗੇ ਕਹਿਣ ਕਿ ਸਾਨੂੰ ਤਾਂ ਤੁਸੀਂ ਸਾਡੇ ਵਰਗੇ ਹੀ ਆਦਮੀ ਪ੍ਰਤੀਤ ਹੁੰਦੇ ਹੋ ਅਰ ਸਾਡੇ ਸਮੀਪ ਤਾਂ ਕੇਵਲ ਵਹੀ ਲੋਗ ਆਪ ਦੇ ਅਨੁਸਾਰੀ ਹੋਗਏ ਹਨ ਜੋ ਸਾਡੇ ਵਿਚੋਂ ਕਮੀਨੇ ਹਨ (ਅਰ ਅਨੁਸਾਰੀ ਵੀ ਹੋਗਏ ਹਨ ਤਾਂ ਬਿਨ ਬਿਚਾਰੇ) ਉਪਰਲੀ ਦ੍ਰਿਸ਼ਟੀ ਵਿਚ ਅਰ ਅਸੀਂ ਤਾਂ ਤੁਹਾਡੇ ਲੋਗਾਂ ਵਿਚ ਆਪਣੇ ਨਾਲੋਂ ਕੋਈ ਅਧਿਕਤਾਈ ਨਹੀਂ ਦੇਖਦੇ ਪ੍ਰਤਯੁਤ ਅਸੀਂ ਤਾਂ ਤੁਹਾਨੂੰ ਮਿਥਿਆ ਵਾਦੀ ਜਾਣਦੇ ਹਾਂ ॥ ੨੭ ॥ (ਨੂਹ ਨੇ) ਕਹਿਆ ਭਰਾਓ ! ਭਲਾ ਦੇਖੋ ਤਾਂ ਸਹੀ ਯਦੀ ਮੈਂ ਆਪਣੇ ਪਰਵਰਦਿਗਾਰ ਦੇ ਸਰਲ ਮਾਰਗ ਪਰ ਹਾਂ ਅਰ ਉਸ ਨੇ ਮੈਨੂੰ ਆਪਣੇ ਦਰਬਾਰ ਵਿਚੋਂ

Digitized by Panjab Digital Library | www.panjabdigilib.org

ਨਿਆਮਤ ( ਅਰਥਾਤ ਪੈਯੰਬਰੀ ) ਪ੍ਰਦਾਨ ਕੀਤੀ ਹੈ ਫ਼ੇਰ ਓਹ ਮਾਰਗ ਤੁਹਾਨੂੰ ਦਿਖਾਈ ਨਹੀਂ ਦੇਂਦਾ ਤਾਂ ਕੀ ਅਸੀਂ ਉਹ ( ਜ਼ੋਰੋ ਜ਼ੋਰੀ ) ਤੁਹਾਡੇ ਗਲ ਪਾ ਰਹੇ ਹਾਂ ਅਰ ਤੁਸੀਂ ( ਐਸੇ ਹੋ ਕਿ ) ਉਸ ਨੂੰ ਨਾਂ ਪਸੰਦ ਕਰੀ ਜਾਂਦੇ ਹੋ ॥ ੨੮ ॥ ਅਰ ਭਿਰਾਓ ! ਮੈਂ ਏਸ ( ਉਪਦੇਸ਼ ) ਦੇ ਪ੍ਰਤਿਕਾਰ ਵਿਚ ਤੁਹਾਡੇ ਪਾਸੋਂ ਧਨਾਦਿਕ ਦੀ ਇਛਾ ਨਹੀਂ ਕਰਦਾ ( ਕਿ ਤੁਸੀਂ ਉਸ ਨੂੰ ਚਟੀ ਚੀਰਾ ਸਮਝੋ ) ਮੇਰੀ ਮਜਦੂਰੀ ਤਾਂ ਬਸ ਅੱਲਾ ਪਰ ਹੀ ਹੈ ਅਰ ਨਾਂ ਮੈਂ ਉਨਹਾਂ ਲੋਗਾਂ ਨੂੰ ਜੋ ਭਰੋਸਾ ਕਰ ਬੈਠੇ ਹਨ (ਆਪਣੇ ਪਾਸੋਂ) ਨਿਕਾਲ ਸਕਦਾ ਹਾਂ ਕਿਉਂ ਕਿ ਏਹਨਾਂ ਨੇ ( ਭੀ ) ਆਪਣੇ ਪਰਵਰਦਿਗਾਰ ਦੇ ਪਾਸ ਜਾਣਾ ਹੈ ( ਐਸਾ ਨਾ ਹੋਵੇ ਕਿ ਖੁਦਾ ਅਗੇ ਫਰਿਆਦ ਕਰਨ ) ਪਰੰਤੂ ਮੈਂ ਦੇਖਦਾ ਹਾਂ ਕਿ ਤੁਸੀਂ ਲੋਗ ( ਨਾਹੱਕ ) ਮੂਰਖਤਾਈ ਕਰਦੇ ਹੋ ॥ ੨੯ ॥ ਅਰ ਭਿਰਾਓ ! ਯਦੀ ਮੈਂ ਏਹਨਾਂ ( ਭਰੋਸੇ ਵਾਲਿਆਂ ਗਰੀਬਾਂ ) ਨੂੰ ਨਿਕਾਸ ਭੀ ਦੇਵਾਂ ਤਾਂ ਖੁਦਾ ਦੇ ਮੁਕਾਬਲੇ ਵਿਚ ਮੇਰੀ ਮਦਦ ਵਾਸਤੇ ਕੌਣ ਖੜਾ ਹੋ ਜਾਵੇਗਾ ਕੀ ਤੁਸੀਂ ( ਏਨੀ ਬਾਤ ਭੀ ) ਨਹੀਂ ਸਮਝਦੇ ॥ ੩੦ ॥ ਅਰ ਮੈਂ ਤੁਹਾਡੇ ਸਾਥ ਦਾਵਾ ਨਹੀਂ ਕਰਦਾ ਕਿ ਮੇਰੇ ਪਾਸ ਖੁਦਾਈ ਖਜਾਨੇ ਹਨ ਅਰ ਨਾ ( ਮੈਂ ਇਹ ਦਾਵਾ ਕਰਦਾ ਹਾਂ ਕਿ ) ਮੈਂ ਭਵਿ-ਖਤ ਨੂੰ ਜਾਣਦਾ ਹਾਂ ਅਰ ਨਾਂ ਮੈਂ ( ਆਪਣੇ ਵਾਸਤੇ ) ਕਹਿੰਦਾ ਹਾਂ ਕਿ ਮੈਂ ਫਰਿਸ਼ਤਾ ਹਾਂ ਅਰ ਜੋ ਲੋਗ ਤੁਹਾਡੀ ਦ੍ਰਿਸ਼ਟੀ ਵਿਚ ਕਮੀਨੇ ਹਨ ਮੈਂ ਉਨਹਾਂ ਦੀ ਨਿਸਬਤ ਇਹ ਭੀ ਨਹੀਂ ਕਹਿ ਸਕਦਾ ਕਿ ਓਹਨਾਂ ਪਰ ਖੁਦਾ ( ਆਪਣੀ ) ਕ੍ਰਿਪਾ ਕਰੇਗਾ ਹੀ ਨਹੀਂ ਇਨਹਾਂ ਦੇ ਦਿਲਾਂ ਦੀਆਂ ਬਾਤਾਂ ਨੂੰ ਅੱਲਾ ਹੀ ਭਲੀ ਤਰਹਾਂ ਜਾਣਦਾ ਹੈ ( ਯਦੀ ਮੈਂ ਵਧ ੨ ਕੇ ਐਸੀਆਂ ਬਾਤਾਂ ਕਰਾਂ ਤਾਂ ) ਇਸ ਕੋਟੀ ਵਿੱਚ ਦੁਸ਼ਟਾਂ ਵਿਚੋਂ ਦਾ ਇਕ ਮੈਂ (ਭੀ ਦੁਸ਼ਟ)॥੩੧॥ ਉਹ ਬੋਲੇ ਨੂਹ ਤੂੰ ਸਾਡੇ ਨਾਲ ਝਗੜਿਆ ਅਰ ਬਹੁਤ ਝਗੜ ਚੁਕਾ ਤਾਂ ਯਦੀ ਤੂੰ ਸੱਚਾ ਹੈਂ ਤਾਂ ਜਿਸ ( ਦੁਖ ) ਦਾ ਸਾਨੂੰ ਡਰਾਵਾ ਦੇਂਦਾ ਹੈਂ ਓਸ ਨੂੰ ਸਾਡੇ ਪਰ ਲੈ ਆ ॥ ੩੨ ॥ ( ਨੂਹ ) ਉਵਾਚ—ਕਿ ਖੁਦਾ ਦੀ ਇੱਛਾ ਹੋਵੇਗੀ ਤਾਂ ਵਹੀ ਤੁਹਾਡੇ ਪਰ ਦੁਖ ਨੂੰ ਭੀ ਲਿਆ ਪ੍ਰਾਪਤਿ ਕਰੇਗਾ ਅਰ ( ਪੁਨਰ ) ਤੁਸੀਂ ( ਉਸ ਨੂੰ ) ਪ੍ਰਾਜੇ ( ਭੀ ) ਨਹੀਂ ਕਰ ਸਕੋਗੇ ॥ ੩੩ ॥ ਅਰ ਮੈਂ ਤੁਹਾਡੀ ( ਕਿਤਨੀ ਹੀ ) ਸੁਭੀਤਾ ਚਾਹਾਂ ਯਦੀ ਖੁਦਾ ਨੂੰ ਹੀ ਤੁਹਾਡਾ ਬਹਿ-ਕਾਣਾ ਮਨਜੂਰ ਹੈ ਤਾਂ ਮੇਰੀ ਸਿਖਿਆ ਤੁਹਾਡੇ ( ਕਿਸੇ ਭੀ ) ਕੰਮ ਨਹੀਂ ਆ ਸੱਕਦੀ ਵਹੀ ਤੁਹਾਡਾ ਪਰਵਰਦਿਗਾਰ ਹੈ ਅਰ ਓਸੇ ਦੀ ਤਰਫ ਤੁਸਾਂ ਲੋਟ ਕੇ ਜਾਣਾ ਹੈ ॥ ੩੪ ॥ ( ਹੇ ਪੈਯੰਬਰ ਜਿਸ ਤਰਹਾਂ ਨੂਹ ਦੀ ਜਾਤੀ ਨੇ ਨੂਹ ਨੂੰ ਮਿਥਿਆ ਵਾਦੀ ਕਲਪਿਆ ਸੀ ) ਕੀ ( ਉਸੀ ਤਰਹਾਂ ਹੀ

Digitized by Panjab Digital Library | www.panjabdigilib.org

ਮੱਕੇ ਦੇ ਕਾਫਰ ਭੀ ਤੁਹਾਨੂੰ ਮਿਥਿਆ ਸੰਭਾਖੀ ਕਹਿੰਦੇ ਅਰ ਤੁਹਾਡੇ ਪਰ ਇਤਰਾਜ਼ ਕਰਦੇ ਅਰ ) ਕਹਿੰਦੇ ਹਨ ਕਿ ਕੁਰਾਨ ਨੂੰ ਏਸ ( ਆਦਮੀ ਅਰ-ਥਾਤ ਤੁਸਾਂ ) ਆਪ ਹੀ ਬਨਾ ਲੀਤਾ ਹੈ ਤੁਸੀਂ ਏਨਹਾਂ ਨੂੰ ( ਪ੍ਰਤਿ ਉਤਰ ) ਵਿਚ ਕਹੋ ਕਿ ਯਦੀ ਕੁਰਾਨ ਮੈਂ ਆਪ ਹੀ ਰਚ ਲੀਤਾ ਹੋਵੇਗਾ ਤਾਂ ਮੇਰਾ ਪਾਪ ਮੇਰੇ ਅੱਗੇ ਅਰ ਯਦੀ ਤੁਸੀਂ ( ਨਾਹੱਕ ਮਿਥਿਆ ਕਰਨ ਦਾ ) ਪਾਪ ਕਰਦੇ ਹੋ ਮੈਂ ਓਸ ਥੀਂ ਨਿਰਦੋਖ ਹਾਂ ॥ ॥ ੩੫ ॥ ਰੁਕੂਹ ੩ ॥

ਅਰ ਨੂਹ ਦੀ ਤਰਫ ਸੰਦੇਸਾ ਭੇਜ ਦਿਤਾ ਗਿਆ ਕਿ ਤੁਹਾਡੀ ਜਾਤੀ ਵਿਚੋਂ ਜੋ ਪੁਰਖ ਨਿਹਚਾ ਕਰ ਬੈਠੇ ਹਨ ਓਹਨਾਂ ਤੋਂ ਸਿਵਾ ਹੁਣ ਕਦਾਪਿ ਕੋਈ ਨਿਸਚਾ ਨਹੀਂ ਕਰੇਗਾ ਤਾਂ ਜੈਸੀਆਂ ੨ ਬਦ ਕਿਰਦਾਰੀਆਂ ਏਹ ਲੋਗ ਕਰਦੇ ਰਹੇ ਹਨ ਤੁਸੀਂ ਉਨਹਾਂ ਦਾ ( ਕੋਈ ) ਗਮ ਨਾ ਕਰੋ ॥ ੩੬ ॥ ਅਰ ਸਾਡੀ ਨਿਗਰਾਨੀ ਵਿਚ ਅਰ ਸਾਡੀ ਪ੍ਰੇਰਨਾ ਸੇਂ ਇਕ ਨਵਕਾ ਬਨਾ ਲਵੇ ਅਰ ਅਮੋੜ ਲੋਗਾਂ ਵਾਸਤੇ ਸਾਡੇ ਤਾਂਈ ਕਿਸੇ ਤਰਹਾਂ ਦੀ ਅਰਜੋਈ ਨਾ ਕਰੋ ! ਕਿਉਂਕਿ ਇਹ ਲੋਗ ਨਿਸਚੇ ਹੀ ਡੁਬ ਜਾਣਗੇ ॥ ੩੭ ॥ ਗਲ ਕਾਹਦੀ ਨੂਹ ਨੇ ਤਰਣੀ ਤਿਆਰ ਕਰਨ ਦਾ ਆਰੰਭ ਕਰ ਲੀਤਾ ਅਰ ਜਦੋਂ ਕਦੀ ਓਸ ਦੀ ਜਾਤੀ ਦੇ ਸ਼੍ਰੀ ਮਾਨ ਪੁਰਖ ਪਾਸੋਂ ਦੀ ਗੁਜਰਦੇ ਤਾਂ ਓਸ ਦੇ ਸਾਥ ਹਾਸੀ ਕਰਦੇ ਨੂਹ ( ਉਨਹਾਂ ਦੀ ਹਾਸੀ ਦਾ ਇਹ ) ਉੱਤਰ ਪਰਦਾਨ ਕਰਦੇ ਕਿ ਯਦੀ (ਅਜ) ਤੁਸੀ ਸਾਡੇ ਤੇ ਹੱਸਦੇ ਹੋ ਤਾਂ ਜਿਸ ਤਰਹਾਂ ਤੁਸੀ (ਸਾਡੇ ਸਾਥ) ਹਾਸੀ ਕਰਦੇ ਹੋ ( ਉਸੀ ਤਰਹਾਂ ) ਅਸੀਂ ( ਇਕ ਦਿਨ ) ਤੁਹਾਡੇ ਸਾਥ ਹਾਸੀ ਕਰਾਂਗੇ ॥ ੩੮ ॥ ਅਰ ਥੋੜਿਆਂ ਦਿਨਾਂ ਪਿਛੋਂ ਤੁਹਾਨੂੰ ਪਤਾ ਲਗ ਜਾਵੇਗਾ ਕਿ ਕਿਸ ਪਰ ਦੁਖ ਪ੍ਰਾਪਤ ਹੁੰਦਾ ਹੈ ਜੋ ( ਸੰਸਾਰ ਵਿਚ ) ਉਸ ਦੀ ਰੁਸਵਾਈ ਦਾ ਕਾਰਨ ਹੋਵੇ ਅਰ ( ਅੰਤ ਨੂੰ ) ਸਥਾਈ ਦੁਖ ਉਸ ਦੇ ਸਿਰ ਪਰ ਪੜੇ ( ਸੋ ਵਖਰਾ ) ॥ ੩੯ ॥ ਇਥੋਂ ਤਕ ਕਿ ਜਦੋਂ ਸਾਡੀ ਆਗਿਆ ( ਕਸ਼ਟ ) ਆ ਪ੍ਰਾਪਤ ਹੋਈ ਅਰ ( ਰਬੀ ਕਸ਼ਟ ਦਾ ) ਤੰਦੂਰ ਭੜਕਿਆ ਤਾਂ ਅਸਾਂ ( ਨੂਹ ਨੂੰ ) ਆਗਿਆ ਦਿਤੀ ਕਿ ਸਰਬ ਪ੍ਰਕਾਰ ( ਦੇ ਜੀਵਾਂ ) ਵਿਚੋਂ ( ਦੰਪਤੀ ਰੂਪ ) ਦੋਨੋਂ ਦੇ ਜੋੜੇ ਅਰ ਜਿਸ ਦੀ ਨਿਸਬਤ ( ਸਾਡੀ ) ਪਹਿਲੇ ਆਗਿਆ ਹੋ ਚੁਕੀ ਹੈ ( ਕਿ ਅਮੁਕ ਮਾਰਿਆ ਜਾਵੇਗਾ ) ਉਸ ਨੂੰ ਛਡਕੇ ਆਪਣੇ ( ਸਾਰੇ ਹੀ ) ਕੁਟੰਬੀ ਅਰ ( ਉਨਹਾਂ ਥੀਂ ਸਿਵਾ ਦੂਸਰੇ ) ਜੋ ( ਲੋਗ ) ਭਰੋਸਾ ਕਰ ਬੈਠੇ ਹਨ ( ਇਨਹਾਂ ਸਾਰਿਆਂ ਨੂੰ ) ਤਰਨੀ ਵਿਚ ਅਸਥਾਪਿਤ ਕਰ ਲਵੇ ਅਰ ਓਹਨਾਂ ਪਰ ਭਰੋਸਾ ਭੀ ਬਸ ਥੋੜੇ ਹੀ ਲੈ ਆਏ ਸਨ ॥ ੪੦ ॥ ਅਰ ( ਨੂਹ ਨੇ ਤਰੁਨੀ ਪਰ ਅਸਵਾਰ ਹੋਣ ਵਾਲਿਆਂ ਲੋਗਾਂ ਨੂੰ ) ਕਹਿਆ ਬਿਸਮਿਲਾ

Digitized by Panjab Digital Library | www.panjabdigilib.org

ਮਜਰੀਹਾ ਵ ਮੁਰਸਾਹਾ ਤਰਨੀ ਪਰ ਸਵਾਰ ਹੋ ਜਾਓ ਨਿਰਸੰਦੇਹ ਮੇਰਾ ਪਰਵਰਦਿਗਾਰ ਪ੍ਰਤਯਤ ਬਖਸ਼ਨੇ ਵਾਲਾ ਮਿਹਰਬਾਨ ਹੈ॥ ੪੧ ॥ ਅਰ ਨਵਕਾ ਹੈ ਕਿ ਗਿਰਿ ਸਾਮਾਨ (ਉਚ) ਤਰੰਗਾਂ ਵਿਖਜ (ਨੂਹ ਅਰ) ਓਸ (ਦੇ ਸਹਿਜੋਗੀਆਂ) ਸੰਜੁਗਤ ਲਈ ਤੁਰੀ ਜਾ ਰਹੀ ਹੈ ਅਰ ਨੂਹ ਦਾ ਪੁਤਰ (ਓਹਨਾਂ ਥੀਂ) ਅਲਗ ਸੀ ਤਾਂ ਨੂਹ ਨੇ ਉਸ ਨੂੰ ਬੁਲਾਇਆ ਕਿ ਹੇ ਪੁਤਰ! ਸਾਡੇ ਸਾਥ (ਨਵਕਾ ਪਰ) ਬੈਠ ਜਾਹ ਅਰ ਕਾਫ਼ਰਾਂ ਦੇ ਸਾਥ ਨਾ ਰਹੁ ॥ ੪੨ ॥ ਉਹ ਬੋਲਿਆ-ਕਿ ਮੈਂ ਹੁਣੇ (ਤੁਹਾਡੇ ਦੇਖ-ਦਿਆਂ ਦੇਖਦਿਆਂ ਤੈਰ ਕੇ) ਕਿਸੇ ਪਹਾੜ ਦੇ ਸਾਥ ਜਾ ਲਗਾਂਗਾ ਕਿ ਉਹ ਮੈਨੂੰ ਪਾਣੀ (ਦੀ ਬਾਢ) ਤੋਂ ਬਚਾ ਲਵੇਗਾ ਨੂਹ ਨੇ (ਓਸ ਨੂੰ) ਕਹਿਆ ਕਿ ਅਜ ਦੇ ਦਿਨ ਅੱਲਾ ਦੇ ਗਜ਼ਬ ਪਾਸੋਂ ਕੋਈ ਬਚਾਣੇ ਵਾਲਾ ਹੈ ਨਹੀਂ ਕਿੰਤੂ ਖੁਦਾਹੀ ਜਿਸ ਪਰ ਆਪਣੀ ਕਿਰਪਾ ਕਰੇ (ਵਹੀ ਬਚ ਸਕਦਾ ਹੈ) ਅਰ (ਪਿਤਾ ਪੁਤਰ ਆਪਸ ਵਿਚ ਇਹ ਬਾਤਾਂ ਕਰ ਹੀ ਰਹੇ ਸਨ ਕਿ) ਦੋਨੋਂ ਦੇ ਮਧਜ ਮੇਂ ਇਕ ਤਰੰਗ ਆ ਪ੍ਰਾਪਤ ਹੋਇਆ ਕਿ ਦੂਸਰਿਆਂ ਦੇ ਸਾਥ ਹੀ ਨੂਹ ਦਾ ਪੁਤਰ ਭੀ ਡੋਬਿਆ ਗਇਆ ॥ ੪੩ ॥ ਅਰ ਆਗਿਆ ਦਿਤੀ ਕਿ ਹੇ ਧਰਤੀ ਆਪਣਾ ਜਲ ਸੋਖਣ ਕਰ ਲੈ ਅਰ ਹੇ ਆਗਾਸ ਥਮ ਜਾਹ ਅਰ ਪਾਣੀ (ਦਾ ਚੜਾਵ) ਹਟ ਗਿਆ ਅਰ ਸੰਪੂਰਨ (ਜਾਤੀ) ਨਸ਼ਟ ਹੋ ਗਈ ਅਰ ਨਵਕਾ ਜੂਦੀ (ਨਾਮੀ ਪਰਬਤ) ਪਰ (ਜਾ) ਟਿਕੀ ਅਰ (ਦਸੋ ਦਿਸਾ ਸੰਸਾਰ ਵਿਚ) ਪੁਕਾਰ ਕਰਵਾ ਦਿਤੀ ਕਿ ਦੁਸ਼ਟ ਲੋਗ (ਖੁਦਾ ਦੇ ਦਰਬਾਰੋਂ) ਧਿਕਾਰੇ ਗਏ ॥ ੪੪ ॥

ਅਰ (ਨੂਹ ਦਾ ਬੇਟਾ ਅਜੇ ਗਰਕ ਨਹੀਂ ਹੋਇਆ ਸੀ ਕਿ) ਨੂਹ ਨੇ ਆਪਣੇ ਪਰਵਰਦਿਗਾਰ ਅਗੇ ਪੁਕਾਰ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਮੇਰਾ ਪੁਤਰ (ਭੀ) ਮੇਰੇ ਕੁਟੰਬ ਵਿਚ ਹੀ (ਸੰਮਿਲਤ) ਹੈ ਅਰ ਆਪ ਨੇ ਜੋ (ਮੇਰੇ ਕੁਟੰਬੀਆਂ ਦੀ ਮੁਕਤਿ ਕਰਨ ਦੀ ਦ੍ਰਿੜ) ਪ੍ਰਤਗਿਆ ਕੀਤੀ ਸੀ (ਉਹ) ਸਚੀ ਹੈ ਅਰ ਤੂੰ ਸਾਰਿਆ ਨਾਲੋਂ ਵਡਾ ਹਾਕਿਮ ਹੈਂ ॥ ੪੫ ॥ (ਤੂੰ ਮੇਰੇ ਪੁਤਰ ਨੂੰ ਭੀ ਮੁਕਤਿ ਦੇ) ਖੁਦਾ ਨੇ ਆਗਿਆ ਕੀਤੀ ਕਿ ਹੇ ਨੂਹ ਤੁਹਾਡਾ ਪੁਤਰ ਤੁਹਾਡਿਆਂ (ਸੰਬੰਧੀਆਂ) ਵਿਚ (ਸ਼ਾਮਲ) ਨਹੀਂ ਕਿਉਂ ਕਿ ਉਸ ਦੇ ਕਰਤਬ ਚੰਗੇ ਨਹੀਂ ਤਾਂ ਜਿਸ ਵਸਤੂ ਦੀ ਅਸਲੀ ਦਸ਼ਾ ਤੁਹਾਨੂੰ ਮਾਲੂਮ ਨਹੀਂ ਸਾਡੇ ਅਗੇ ਉਸ ਦੀ ਬੇਨਤੀ ਨਾ ਕਰੋ ਅਸੀਂ ਤੁਹਾਨੂੰ ਸਮਝਾ ਦੇਂਦੇ ਹਾਂ ਕਿ ਮੂਰਖਾਂ ਵਰਗੀਆਂ ਬਾਤਾਂ ਨਾ ਕਰੋ ॥ ੪੬ ॥ (ਨੂਹ ਨੇ) ਬੇਨਤੀ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਮੈਂ (ਐਸੀ ਦਲੇਰੀ ਥੀਂ) ਤੇਰੀ ਹੀ ਓਟ ਮੰਗਦਾ ਹਾਂ ਕਿ ਜਿਸ ਵਸਤੂ ਦੀ ਅਸਲੀ ਦਸ਼ਾ ਮੈਨੂੰ ਪ੍ਰਤੀਤ ਨਹੀਂ

Digitized by Panjab Digital Library | www.panjabdigilib.org

ਓਸ ਦੀ ਤੇਰੇ ਅਗੇ ਬੇਨਤੀ ਕਰਾਂ ਅਰ ਯਦੀ ਮੇਰੀ ਭੁਲ ਚੁਕ ਤੂੰ ਨਾ ਬਖਸ਼ੇਂਗਾ ਅਰ ਮੇਰੇ ਪਰ ਕਿਰਪਾ ਨਾ ਕਰੇਂਗਾ ਤਾਂ ਮੈਂ (ਉਕਾ) ਗਿਆ ਗਵਾਤਾ ਹੋ ਜਾਵਾਂਗਾ ॥ ੪੭ ॥ (ਜਦੋਂ ਉਪਦ੍ਰਵ ਦੂਰ ਹੋ ਗਿਆ ਤਾਂ ਨੂਹ ਨੂੰ) ਆਗਿਆ ਦਿਤੀ ਗਈ ਕਿ ਹੇ ਨੂਹ ਸਾਡੀ ਤਰਫੋਂ ਸਲਾਮਤੀ ਤਥਾ ਬਰਕਤ ਦੇ ਨਾਲ ਨਵਕਾ ਪਰ ਥੀਂ ਉਤਰ (ਅਰ ਉਹ ਬਰਕਤਾਂ) ਤੇਰੇ ਅਰ ਓਹਨਾਂ ਲੋਗਾਂ ਦੇ ਸਾਥ ਰਹਿਣਗੀਆਂ ਜੋ ਤੇਰੇ ਸਾਥ ਹਨ ਅਰ (ਤੁਹਾਡੇ ਲੋਗਾਂ ਨਾਲੋਂ ਭਵਿਖਤ ਸਮੇਂ ਵਿਖਜ ਕੁਝ ਔਰ) ਲੋਗ (ਉਤਪਤ) ਹੋਣਗੇ ਜਿਨਹਾਂ ਨੂੰ ਅਸੀ (ਸਾਂਸਾਰਿਕ) ਫਾਇਦੇ (ਥੋੜੇ ਦਿਹਾੜੇ) ਪਹੁੰਚਾਂਦੇ ਰਹਾਂਗੇ ਪੁਨਰ (ਓਹਨਾਂ ਨੂੰ ਮੂਰਖਤਾਈ ਦੇ ਸਬਬੋਂ ਆਖਰਕਾਰ) ਓਹਨਾਂ ਨੂੰ ਸਾਡੀ ਤਰਫੋਂ ਭਿਆਨਕ ਕਸ਼ਟ ਹੋਵੇਗਾ ॥ ੪੮ ॥ (ਹੇ ਪੈਯੰਬਰ) ਇਹ (ਕਈਕੁ) ਗੁਪਤ ਬਾਤਾਂ ਹਨ ਜਿਨਹਾਂ ਨੂੰ ਵਹੀ ਦੇ ਵਸੀਲੇ ਦਵਾਰਾ ਅਸੀਂ ਤੁਹਾਨੂੰ ਪੁਚਾਂਵਦੇ ਹਾਂ ਇਸ (ਕੁਰਾਨ ਦੇ ਨਾਜ਼ਲ ਹੋਣ) ਥੀਂ ਪਹਿਲੇ ਨਾਂ ਤਾਂ ਤੁਸੀਂ ਹੀ ਏਹਨਾਂ ਨੂੰ ਜਾਣਦੇ ਸੀ ਅਰ ਨਾ ਤੁਹਾਡੀ ਜਾਤੀ ਦੇ ਲੋਗ। ਤਾਂ ਤੁਸੀਂ ਸਬਰ ਕਰੋ (ਅਰ ਸਮਝੀ ਰਖੋ ਕਿ) ਸੰਜਮੀ ਪੁਰਖਾਂ ਦਾ ਅੰਤ ਭਲਾ ਹੈ ॥ ੪੯ ॥ ਰੁਕੂਹ ੪ ॥

ਅਰ ਆਦ ਦੀ ਤਰਫ ਅਸਾਂ ਉਸ ਦੇ (ਸਜਾਤੀ) ਭਾਈ ਹੂਦ ਨੂੰ (ਪੈਯੰਬਰ ਬਣਾਕੇ) ਭੇਜਿਆ ਓਹਨਾਂ ਨੇ (ਆਪਣੀ ਜਾਤੀ ਦੇ ਲੋਗਾਂ ਨੂੰ) ਸਮਝਾਇਆ ਕਿ ਭਰਾਓ ! ਖੁਦਾ ਦੀ ਹੀ ਇਬਾਦਤ ਕਰੋ ਉਸ ਥੀਂ ਸਿਵਾ ਤੁਹਾਡਾ ਕੋਈ ਮਾਬੂਦ ਨਹੀਂ (ਅਰ ਜੋ ਖੁਦਾ ਦਾ ਸਜਾਤੀ ਨਿਯਤ ਕਰਦੇ ਹੋ ਤਾਂ ਇਹ) ਤੁਸੀਂ ਨਿਰੀਆਂ ਬਹੁਤਾਨ ਬੰਦੀਆਂ ਕਰਦੇ ਹੋ ॥੫੦॥ ਭਾਈਓ ! ਏਸ (ਸਿਖਿਆ ਦੇਣ) ਦੀ ਪ੍ਰਤਿਨਿਧ ਵਿਚ ਮੈਂ ਤੁਹਾਡੇ ਪਾਸੋਂ ਕੋਈ ਮਜ਼ਦੂਰੀ ਤਾਂ ਨਹੀਂ ਮੰਗਦਾ ਮੇਰੀ ਮਜ਼ਦੂਰੀ ਤਾਂ ਓਸੇ ਦੇ ਹੀ ਜ਼ਿੰਮੇ ਹੈ ਜਿਸ ਨੇ ਮੈਨੂੰ ਉਤਪਤ ਕੀਤਾ ਤਾਂ ਕੀ ਤੁਸੀਂ (ਏਤਨੀ ਬਾਤ ਭੀ) ਨਹੀਂ ਸਮਝਦੇ ॥ ੫੧ ॥ ਅਰ ਭਿਰਾਓ ਆਪਣੇ ਪਰਵਰਦਿਗਾਰ ਪਾਸੋਂ (ਆਪਣਿਆਂ ਪਿਛਲਿਆਂ ਗੁਨਾਹਾਂ ਦੀ) ਮਾਫੀ ਮੰਗੋ ਪੁਨਰ (ਅਗੇ ਵਾਸਤੇ) ਉਸ ਦੇ ਦਰਬਾਰ ਵਿਚ ਤੋਬਾ ਕਰੋ ਕਿ ਉਹ ਤੁਹਾਡੇ ਪਰ (ਉਸ ਦੇ ਬਦਲੇ ਵਿਚ) ਭਲੀ ਤਰਹਾਂ ਦੇ ਬਰਸਦੇ ਹੋਇ ਮੇਘ ਭੇਜੇਗਾ ਅਰ ਤੁਹਾਡੇ ਬਲ (ਵਿਚ ਬਰਕਤ ਪਾ ਕੇ ਉਸ) ਨੂੰ ਹੋਰ ਵਧਾ ਦੇਵੇਗਾ ਅਰ ਮਨਮੁਖਤਾਈ ਕਰਕੇ (ਉਸ ਬਾਤ ਥੀਂ) ਫਿਰ ਨਾ ਜਾਓ ॥ ੫੨ ॥ ਓਹ ਲਗੇ ਕਹਿਣ ਹੂਦ ! ਤੂੰ ਸਾਡੇ ਪਾਸ ਕੋਈ ਕੋਟੀ ਲੈਕੇ ਤਾਂ ਆਇਆ ਨਹੀਂ ਅਰ ਤੇਰੇ ਕਹਿਣ ਕਰਕੇ ਅਸੀਂ ਆਪਣਿਆਂ ਪੂਜਕਾਂ ਨੂੰ ਛਡਣ ਵਾਲੇ ਨਹੀ

Digitized by Panjab Digital Library | www.panjabdigilib.org

ਅਰ ਨਾ ਅਸੀਂ ਤੁਹਾਡੇ ਪਰ ਭਰੋਸਾ ਕਰਨ ਵਾਲੇ ਹਾਂ ॥ ੫੩ ॥ ਅਸੀਂ ਤਾਂ ਕੇਵਲ ਇਹੋ ਹੀ ਸਮਝਦੇ ਹਾਂ ਕਿ ਤੈਨੂੰ ਸਾਡਿਆਂ ਮਬੂਦਾਂ ਵਿਚੋਂ ਕਿਸੇ ਦੀ ਫਿਟਕਾਰ ਵਗ ਗਈ ਹੈ (ਕਿ ਤੂੰ ਐਸੀਆਂ ਬਹਿਕੀਆਂ ਹੋਈਆਂ ਬਾਤਾਂ ਕਰਦਾ ਹੈਂ) ਹੂਦ ਨੇ ਉੱਤਰ ਦਿਤਾ ਕਿ ਮੈਂ ਖ਼ੁਦਾ ਨੂੰ ਗਵਾਹ ਰਖਦਾ ਹਾਂ ਅਰ ਤੁਸੀਂ ਭੀ ਗਵਾਹ ਰਖੋ ਕਿ ਤੁਸੀਂ ਖ਼ੁਦਾ ਥੀਂ ਸਿਵਾ ਜੋ (ਅਨਜਾਨਜ) ਸਜਾਤੀ ਨਿਯਤ ਕਰਦੇ ਹੋ ਮੈਂ ਤਾਂ ਓਹਨਾਂ ਥੀਂ (ਉਕਾ) ਤੰਗ ਹਾਂ ॥ ੫੪ ॥ ਤਾਂ ਤੁਸੀਂ ਸਾਰੇ ਮਿਲ ਕੇ ਮੇਰੇ ਸਾਥ ਆਪਣੀ ਬੁਰਾਈ ਕਰੀ ਚਲੋ ਅਰ ਮੈਨੂੰ ਮੁਹਲਤ ਨਾ ਦੇਵੋ ॥ ੫੫ ॥ ਮੈਂ ਤਾਂ ਅੱਲਾ ਪਰ ਹੀ ਭਰੋਸਾ ਰਖਦਾ ਹਾਂ (ਕਿ ਉਹ) ਮੇਰਾ (ਭੀ) ਪਰਵਰਦਿਗਾਰ (ਹੈ) ਅਰ ਤੁਹਾਡਾ (ਭੀ) ਪਰ-ਵਰਦਿਗਾਰ (ਹੈ) ਜਿਤਨੇ ਕੁ ਸਜੀਵ ਹਨ ਸਾਰਿਆਂ ਦੀ ਬੋਦੀ ਤਾਂ ਉਸ ਦੇ ਹੀ ਹਥ ਵਿਚ ਹੈ ਨਿਰਸੰਦੇਹ ਮੇਰਾ ਪਰਵਰਦਿਗਾਰ (ਅਦਲ ਤਥਾ ਇਨਸਾਫ ਦੇ) ਸੂਧੇ ਮਾਰਗ ਪਰ ਹੈ ॥ ੫੬ ॥ ਅਜ ਭੀ ਯਦੀ ਤੁਸੀਂ ਲੋਗ (ਉਸ ਦੀ) ਤਰਫੋਂ ਮਨਮੁਖ ਹੋ ਤਾਂ ਜੋ ਆਗਿਆ ਦੇ ਕੇ ਮੈਂ ਤੁਹਾਡੀ ਤਰਫ ਭੇਜਿਆ ਗਿਆ ਹਾਂ ਓਹ ਤਾਂ ਮੈਂ ਤੁਹਾਨੂੰ ਪਹੁੰਚਾ ਚੁਕਾ ਅਰ ਮੇਰਾ ਪਰ-ਵਰਦਿਗਾਰ ਤੁਹਾਡੇ ਸਿਵਾ ਹੋਰ ਦੂਸਰਿਆਂ ਲੋਗਾਂ ਨੂੰ ਤੁਹਾਡੀ ਜਗਹਾਂ ਲਿਆ ਇਸਥਿਤ ਕਰੇਗਾ ਅਰ ਤੁਸੀਂ ਉਸ ਦਾ ਕੁਛ ਭੀ ਨਾਂ ਬਿਗਾੜ ਸਕੋਗੇ ਨਿਰਸੰਦੇਹ ਮੇਰਾ ਪਰਵਰਦਿਗਾਰ ਸਾਰੀਆਂ ਵਸਤਾਂ ਦੇ (ਹਾਲ ਦੀ) ਰਖਿਆ ਕਰਨੇ ਵਾਲਾ ਹੈ ॥ ੫੭ ॥ ਅਰ ਜਦੋਂ ਸਾਡਾ ਹੁਕਮ (ਕਸ਼ਟ) ਆ ਪਹੁੰਚਾ ਤਾਂ ਅਸਾਂ ਅਪਣੀ ਦਇਆ ਦ੍ਰਿਸ਼ਟੀ ਸਾਥ ਹੂਦ ਨੂੰ ਅਰ (ਓਹਨਾਂ) ਲੋਗਾਂ ਨੂੰ ਜੋ ਉਸ ਦੇ ਸਾਥ ਨਿਸਚਾ ਕਰ ਬੈਠੇ ਸਨ ਮੁਕਤਿ ਦਿਤੀ ਅਰ ਓਹਨਾਂ (ਸਾਰਿਆਂ) ਨੂੰ ਮਹਾਂ ਕਸ਼ਟ ਥੀਂ ਬਚਾ ਲੀਤਾ ॥ ੫੮ ॥ ਅਰ (ਹੇ ਪੈਗੰਬਰ) ਏਹ (ਉਜੜੇ ਹੋਏ ਗ੍ਰਾਮ ਜੋ ਤੁਸੀਂ ਦੇਖਦੇ ਹੋ ਓਸੇ ਆਦ (ਦੀ ਜਾਤੀ ਦੇ ਲੋਗ) ਹਨ ਜਿਨਹਾਂ ਨੇ ਆਪਣੇ ਪਰਵਰ-ਦਿਗਾਰ ਦੀ ਆਗਿਆ ਥੀਂ ਇਨਕਾਰ ਕੀਤਾ ਅਰ ਉਸਦੇ ਰਸੂਲਾਂ ਦੀ ਆਗਿਆ ਭੰਗ ਕੀਤੀ ਅਰ ਹਰ ਸਖਤਗੀਰ (ਖ਼ੁਦਾ) ਦੇ ਦੁਸ਼ਮਨਾਂ ਦੇ ਹੁਕਮ ਪਰ ਚਲਦੇ ਰਹੇ ॥ ੫੯ ॥ ਅਰ ਏਸ ਸੰਸਾਰ ਵਿਚ ਭੀ ਫਿਟਕਾਰ ਉਨਹਾਂ ਦੇ ਪਿਛੇ ਲਾ ਦਿਤੀ ਗਈ ਅਰ ਪ੍ਰਲੈ ਦੇ ਦਿਨ ਭੀ ਦੇਖੋ ਆਦ ( ਦੀ ਜਾਤੀ ) ਨੇ ਆਪਣੇ ਪਰਵਰਦਿਗਾਰ ਦੀ ਨਾਸ਼ੁਕਰੀ ਕੀਤੀ ( ਜਿਸ ਦੀ ਉਨਹਾਂ ਨੂੰ ਸਜ਼ਾ ਮਿਲੀ ) ਦੇਖੋ ! ਆਦ ਜੋ ਹੂਦ ਦੀ ਜਾਤੀ ਦੇ ਲੋਗ ਸਨ ( ਓਥੇ ਖ਼ੁਦਾ ਦੀ ਦਰਗਾਹ ਵਿਚੋਂ) ਧਿਕਾਰੇ ਗਏ ॥ ੬੦ ॥ ਰੁਕੂਹ ੫ ॥

ਅਰ ਸਾਮੂਦ ਦੀ ਤਰਫ ਅਸਾਂ ਉਸ ਦੀ (ਜਾਤੀ ਵਿਚੋਂ ਉਸਦੇ)

Digitized by Panjab Digital Library | www.panjabdigilib.org

ਭਰਾ ਸਾਲ੍ਹਿਆ ਨੂੰ (ਪੈਯੰਬਰ ਬਣਾ ਕੇ) ਭੇਜਿਆ ਤਾਂ ਉਹਨਾਂ ਨੇ (ਆਪਣੀ ਜਾਤੀ ਦੇ ਲੋਗਾਂ ਨੂੰ) ਕਹਿਆ ਕਿ ਭਿਰਾਓ! ਖੁਦਾ ਦੀ ਹੀ ਪੂਜਾ ਕਰ ਓਸ ਥੀਂ ਸਿਵਾ ਤੁਹਾਡਾ ਕੋਈ ਪੂਜਯ ਨਹੀਂ ਓਸੇ ਨੇ ਹੀ ਤੁਹਾਨੂੰ ਧਰਤੀ (ਦੀ ਧੂਲੀ) ਥੀਂ ਬਣਾਕੇ ਖੜ੍ਹਿਆਂ ਕੀਤਾ ਅਰ ਤੁਹਾਨੂੰ ਓਸ ਪਰ ਬਸਾਇਆ ਤਾਂ ਓਸੇ ਪਾਸੋਂ (ਪਿਛਲਿਆਂ ਗੁਨਾਹਾਂ ਦੀ) ਮਾਫੀ ਮੰਗੋ ਅਰ (ਅਗੇ ਵਾਸਤੇ) ਉਸ ਦੀ ਦਰਗਾਹ ਵਿਚ ਤੋਬਾ ਕਰੋ ਨਿਰਸੰਦੇਹ ਮੇਰਾ ਪਰਵਰ-ਦਿਗਾਰ (ਸਾਰਿਆਂ ਦੇ) ਨਗੀਚ ਹੈ (ਸਾਰਿਆਂ ਦੀਆਂ ਸੁਣਦਾ ਅਰ ਸਾਰਿਆਂ ਦੀਆਂ ਬੇਨਤੀਆਂ) ਕਬੂਲ ਕਰਦਾ ਹੈ ॥ ੬੧ ॥ ਓਹ ਲਗੇ ਕਹਿਣ ਸਾਲਿਹਾ! ਇਸ ਥੀਂ ਪਹਿਲਾਂ ਤਾਂ ਅਸਾਂ ਲੋਗਾਂ ਵਿਚ ਤੇਰੇ ਪਾਸੋਂ (ਬੜੀਆਂ ੨) ਉਮੈਦਾਂ ਰਖੀਆਂ ਜਾਂਦੀਆਂ ਸਨ (ਕਿ ਤੂੰ ਸਰਬ ਤਰਹਾਂ ਸੇ ਸਾਡਾ ਸੰਗੀ ਹੋਵੇਂਗਾ) ਸੋ ਕੀ ਤੁਸੀਂ ਸਾਨੂੰ ਉਨਹਾਂ (ਪੂਜਕਾਂ) ਦੀ ਪੂਜਾ ਤੋਂ ਮਨਾ ਕਰਦੇ ਹੋ ਜਿਨਹਾਂ ਨੂੰ ਸਾਡੇ ਪਿਤਾ ਪਿਤਾਮਹ ਪੂਜਦੇ ਚਲੇ ਆਏ ਹਨ ਅਰ ਜਿਸ (ਦੀਨ) ਦੀ ਤਰਫ ਤੁਸੀਂ ਸਾਨੂੰ ਬੁਲਾਉਂਦੇ ਹੋ ਅਸੀਂ ਤਾਂ ਓਸ ਥੀਂ (ਬੜੇ) ਭ੍ਰਮ ਵਿਚ (ਪੜੇ) ਹੋਏ ਹਾਂ ਜਿਸ ਨੇ ਸਾਨੂੰ (ਬੜੀ) ਹੈਰਾਨੀ ਵਿਚ ਪਾ ਰਖਿਆ ਹੈ ॥ ੬੨ ॥ (ਸਾਲ੍ਹਿਆਂ ਨੇ) ਉੱਤਰ ਦਿਤਾ ਕਿ ਭਰਾਓ! ਭਲਾ ਦੇਖੋ ਤਾਂ ਸਹੀ ਯਦੀ ਮੈਂ ਆਪਣੇ ਪਰਵਰਦਿਗਾਰ ਦੇ ਸੂਧੇ ਮਾਰਗ ਪਰ ਹਾਂ ਅਰ ਉਸ ਨੇ ਮੇਰੇ ਪਰ ਆਪਣੀ ਕ੍ਰਿਪਾ ਕੀਤੀ ਹੈ ਫੇਰ ਜੇਕਰ ਮੈਂ ਉਸ ਦੀ ਆਗਿਆ ਭੰਗ ਕਰਨ ਲਗਾਂ ਤਾਂ ਐਸਾ ਕੌਣ ਹੈ ਜੋ ਖੁਦਾ ਦੇ ਮੁਕਾਬਲੇ ਵਿਚ ਮੇਰੀ ਮਦਦ ਵਾਸਤੇ ਖੜਾ ਹੋਵੇਗਾ ਤਾਂ (ਐਸੀ ਬੁਰੀ ਸਲਾਹ ਨਾਲ) ਤੁਸੀਂ (ਉਲਟਾ) ਸਗੋਂ ਮੇਰਾ ਹੋਰ ਨੁਕਸਾਨ ਹੀ ਕਰ ਰਹੇ ਹੋ ॥ ੬੩ ॥ ਅਰ ਭਿਰਾਓ! ਇਹ ਖੁਦਾ ਦੀ (ਭੇਜੀ ਹੋਈ) ਊਠਣੀ ਤੁਹਾਡੇ ਵਾਸਤੇ (ਮੇਰੀ ਰਸਾਲਤ ਦੀ) ਇਕ ਨਿਸ਼ਾਨੀ ਹੈ ਤਾਂ ਏਸ ਨੂੰ (ਏਸ ਦੀ ਦਿਸ਼ਾ ਪਰ) ਰਹਿਣ ਦਿਓ ਕਿ ਖੁਦਾ ਦੀ ਧਰਤੀ ਪਰ (ਜਿਥੇ ਚਾਹੇ ਓਥੇ) ਚਰਦੀ ਫਿਰੇ ਅਰ ਏਸ ਨੂੰ ਕਿਸੇ ਤਰਹਾਂ ਦੀ ਤਕਲੀਫ ਨਾ ਦੇਣੀ ਨਹੀਂ ਤਾਂ ਸ਼ੀਘਰ ਹੀ ਤੁਹਾਨੂੰ ਬਲਾ ਆਨ ਘੇਰੇਗੀ ॥ ੬੪ ॥ (ਇਤਨੇ ਸਮ-ਝਾਉਣ ਕਰਕੇ ਭੀ) ਤਾਂ ਲੋਗਾਂ ਨੇ ਉਸ (ਊਠਨੀ) ਨੂੰ ਮਾਰ ਸਿਟਿਆ ਤਾਂ (ਸਾਲਿਹਾ ਨੇ) ਕਹਿਆ (ਚੰਗਾ) ਤਿੰਨ ਦਿਨ (ਹੋਰ) ਆਪਣਿਆਂ ਘਰਾਂ ਵਿਚ ਵਸ ਰਸ ਲਵੋ (ਪੁਨਰ ਤਾਂ ਤੁਹਾਨੂੰ ਅਜ਼ਾਬ ਆ ਹੀ ਚਿਮਟੇ ਗਾ) ਇਹ (ਖੁਦਾ ਦੀ) ਪ੍ਰਤਿਗਜਾ ਹੈ ਜੋ (ਕਦਾਪਿ) ਅਨਜਥਾ ਹੋਣ ਵਾਲੀ ਨਹੀਂ ॥ ੬੫ ॥ ਤਾਂ ਜਦੋਂ ਸਾਡਾ ਹੁਕਮ (ਕਸ਼ਟ) ਆ ਪਹੁੰਚਿਆ ਤਾਂ ਅਸਾਂ ਸਾਲਿਹਾ ਨੂੰ ਅਰ ਓਹਨਾਂ ਲੋਗਾਂ ਨੂੰ ਜੋ ਉਸਦੇ ਨਾਲ ਭਰੋਸਾ ਕਰ ਬੈਠੇ

Digitized by Panjab Digital Library | www.panjabdigilib.org

ਸਨ ਆਪਣੀ ਮਿਹਰਬਾਨੀ ਨਾਲ ਮੁਕਤ ਦਿਤੀ ਅਰ ਓਸ ਦਿਨ ਦੀ ਖੁਆਰੀ ਥੀਂ (ਬਚਾ ਲੀਤਾ ਹੇ ਪੈਗੰਬਰ) ਤੁਹਾਡਾ ਪਰਵਰਦਿਗਾਰ ਨਿਰਸੰਦੇਹ ਓਹੀ ਸ਼ਕਤੀਮਾਨ ( ਅਰ ) ਪ੍ਰਬਲ ਹੈ ॥ ੬੬ ॥ ਅਰ ਜਿਨਹਾਂ ਲੋਗਾਂ ਨੇ ਵਧੀਕੀ ਕੀਤੀ ਸੀ ਉਨਹਾਂ ਨੂੰ ( ਬੜੇ ਜੋਰ ਵਾਲੀ ) ਕੜਕ ਨੇ ਆਨ ਘੇਰਿਆ ਤਾਂ ਆਪਣਿਆਂ ਘਰਾਂ ਵਿਚ ਬੈਠੇ (ਬਠਾਇ) ਰਹਿ ਗਏ ॥ ੬੭ ॥ ( ਅਰ ਐਸੇ ਸੁਤੇ ਕਿ ) ਮਾਨੋ ਉਨਹਾਂ ਵਿਚ ( ਕਦੇ ) ਵਸੇ ਹੀ ਨਹੀਂ ਸਨ ਦੇਖੋ ! ਸਮੂਦ ਨੇ ਆਪਣੇ ਪਰਵਰਦਿਗਾਰ ਦੀ ਆਗਿਆ ਭੰਗ ਕੀਤੀ ( ਅਰ ਆਪਣੇ ਕੀਤੇ ਨੂੰ ਪਾਇਆ ) ਦੇਖੋ ! ਸਮੂਦ ( ਖੁਦਾ ਦੀ ਦਰਗਾਹੋਂ ) ਧਿਕਾਰੇ ਗਏ ॥ ੬੮ ॥ ਰੁਕੂਹ ੬ ॥

ਅਰ ( ਜਦੋਂ ) ਸਾਡੇ ਫਰਿਸ਼ਤੇ ਇਬਰਾਹੀਮ ਪਾਸ ਖੁਸ਼ਖਬਰੀ ਲੈਕੇ ਆਏ ( ਤਾਂ ) ਓਹਨਾਂ ਨੇ (ਇਬਰਾਹੀਮ ਨੂੰ) ਸਲਾਮ ਕੀਤਾ ਇਬਰਾਹੀਮ ਨੇ ਸਲਾਮ ਦਾ ਜਵਾਬ ਦਿਤਾ ਪੁਨਰ ਇਬਰਾਹੀਮ ਨੇ ਜਲਦੀ ਹੀ ਵਛੇ ਦਾ ( ਮਾਸ ) ਭੁੰਨਿਆ ਹੋਇਆ ( ਓਹਨਾਂ ਦੇ ਅਗੇ ) ਲਿਆ ਧਰਿਆ ॥ ੬੯ ॥ ਪੁਨਰ ਜਦੋਂ ਵੇਖਿਆ ਓਹਨਾਂ ਦੇ ਹੱਥ ਤਾਂ ਖਾਣ ਦੀ ਤਰਫ ਉਠਦੇ ਨਹੀਂ ਤਾਂ ਉਹਨਾਂ ਥੀਂ ਬਦ ਗੁਮਾਨ ਹੋਏ ਅਰ ਅੰਦਰੋਂ ਅੰਦਰ ਓਹਨਾਂ ਪਾਸੋਂ ਡਰੇ ਓਹ ਬੋਲੇ (ਕਿ ਆਪ ਕਿਸੀ ਤਰਹਾਂ ਦਾ) ਭੈ ਨਾ ਕਰੋ ਅਸੀਂ ਤਾਂ (ਫਰਿ-ਸ਼ਤੇ ਹਾਂ ਅਰ ) ਲੂਤ ਦੀ ਜਾਤੀ ਦੀ ਤਰਫ ਭੇਜੇ ਗਏ ਹਾਂ ( ਕਿ ਉਨਹਾਂ ਨੂੰ ਓਹਨਾਂ ਦੀਆਂ ਬਦ ਕਿਰਦਾਰੀਆਂ ਦਾ ਫਲ ਦੇਈਏ )॥ ੭੦ ॥ ਅਰ(ਇਸ ਬੋਲ ਚਾਲ ਦੇ ਵੇਲੇ ) ਇਬਰਾਹੀਮ ਦੀ ਇਸਤ੍ਰੀ (ਸਾਰਾਹ) ਭੀ ਖੜੀ ਹੋਈ ਸੀ ਓਹ ( ਫਰਿਸ਼ਤਿਆਂ ਦੀ ਦਿਲ ਜਮਾਈ ਕਰ ਦੇਣ ਕਰਕੇ ) ਪ੍ਰਸੰਨ ਹੋ ਗਈ ਤਦੋਂ ਅਸਾਂ ਉਸ ਨੂੰ ( ਉਨਹਾਂ ਹੀ ਫਰਿਸ਼ਤਿਆਂ ਦੁਆਰਾ ਪਹਿਲੇ ) ਇਸਹਾਕ ( ਪੁਤ੍ਰ ) ਅਰ ਇਸਹਾਕ ਦੇ ਪਿਛੋਂ ਯਾਕੂਬ ( ਪੋਤ੍ਰਾ ਉਤਪਤ ਹੋਣ ) ਦੀ ਵਧਾਈ ਦਿਤੀ ॥ ੭੧ ॥ ਓਹ ਲਗੀ ਕਹਿਣ ਹਾਇ ਮੇਰੀ ਮੰਦ ਪ੍ਰਾਰਬਧ ਕੀ ! ( ਏਸ ਉਮਰ ਵਿਚ ) ਮੇਰੇ ਘਰ ਪੁਤ੍ਰ ਹੋਵੇਗਾ ਅਰ ਮੈਂ ਤਾਂ ਬ੍ਰਿਧ ਹਾਂ ਅਰ ਇਹ ( ਜੋ ) ਮੇਰਾ ਪਤੀ ਹੈ ( ਏਹ ਭੀ ) ਬ੍ਰਿਧ ( ਹੈ ) ਐਸੀ ਦਿਸ਼ਾ ਵਿਚ ਸਾਡੇ ਘਰ ਪੁਤ੍ਰ ਹੋਣਾ ਨਿਰਸੰਦੇਹ ਅਸਚਰਜ ਬਾਤ ਹੈ ॥ ੭੨ ॥ ਫਰਿਸ਼ਤਿਆਂ ਨੇ ਕਹਿਆ ਕਿ ਤੈਨੂੰ ਖੁਦਾ ਦੀ ਕੁਦਰਤ ਅਗੇ ( ਏਹ ਬਾਤ ਕੁਛ ) ਅਸਚਰਜ ਪ੍ਰਤੀਤ ਹੁੰਦੀ ਹੈ ! ਹੇ ( ਪੈਗੰਬਰ ਦੇ ) ਘਰ ਦਿਓ ( ਲੋਗੋ ) ਤੁਹਾਡੇ ਪਰ ਖੁਦਾ ਦੀ ਰਹਿਮਤ ਅਰ ਉਸਦੀਆਂ ਬਰਕਤਾਂ ਪ੍ਰਾਪਤ ( ਹੋਣ ) ਨਿਰਸੰਦੇਹ ਖੁਦਾ ਪ੍ਰਾਰਥਨਾ ਅਰ ਅਸਤੁਤਿ ਦੇ ਜੋਗ ( ਅਰ ਆਪਣਿਆਂ ਬੰਦਿਆਂ ਪਰ ) ਬੜੀ ( ਹੀ ਕ੍ਰਿਪਾ ਕਰਨ

Digitized by Panjab Digital Library | www.panjabdigilib.org

ਵਾਲਾ) ਹੈ ॥ ੭੩ ॥ ਪੁਨਰ ਜਦੋਂ ਇਬਰਾਹੀਮ ( ਦੇ ਦਿਲੋਂ ) ਭੈ ਦੂਰ ਹੋਇਆ ਅਰ ਉਨਹਾਂ ਨੂੰ ( ਔਲਾਦ ਦੀ ) ਖੁਸ਼ ਖਬਰੀ ਭੀ ਮਿਲੀ ਲਗੇ ਲੂਤ ਦੀ ਜਾਤੀ ਦੇ ਬਾਰੇ ਵਿਚ ਸਾਡੇ ਸਾਥ ਬਾਦ ਵਿਵਾਦ ਕਰਨ ॥ ੭੪ ॥ ਨਿਰਸੰਦੇਹ ਇਬਰਾਹੀਮ ਬੜੇ ਧੀਰਜਵਾਨ ਅਰ ਬੜੇ ਨਰਮ ਦਿਲ (ਹਰ ਹਾਲੇ ਖੁਦਾ ਦੀ ਤਰਫ ) ਝੁਕਨ ਵਾਲੇ ਸਨ ॥ ੭੫ ॥ ( ਅਸਾਂ ਕਿਹਾ ਕਿ ) ਇਬਰਾਹੀਮ ਏਸ ਖਿਆਲ ਨੂੰ ਛਡ ਦੇ ਤੁਹਾਡੇ ਪਰਵਰਦਿਗਾਰ ਦਾ ( ਜੋ ) ਹੁਕਮ ( ਸੀ ਸੋ ) ਆ ਪਹੁੰਚਿਆ ਅਰ ਏਹਨਾਂ ਲੋਗਾਂ ਪਰ ਐਸਾ ਕਸ਼ਟ ਆਉਣ ਵਾਲਾ ਹੈ ਕਿ ਜੋ ( ਕਿਸੀ ਤਰਹਾਂ ) ਟਲ ਨਹੀਂ ਸਕਦਾ ॥ ੭੬ ॥ ਅਰ ਜਦੋਂ ਸਾਡੇ ਫਰਿਸ਼ਤੇ ਲੂਤ ਦੇ ਪਾਸ ਆਏ ਤਾਂ ਉਹਨਾਂ ਦਾ ਆਉਣਾ ਉਨਹਾਂ ਨੂੰ ਬੁਰਾ ਲਗਾ ਅਰ (ਉਨਹਾਂ ਦੇ ਆਉਣ) ਦੇ ਸਬਬੋਂ ਤੰਗ ਦਿਲ ਹੋ ਗਏ ਅਰ ਲਗੇ ਕਹਿਣ ਕਿ ਇਹ (ਅਜ ਦਾ ਦਿਨ ) ਤਾਂ ਬੜੀ ਵਿਪਤੀ ਦਾ ਦਿਨ ਹੈ ॥ ੭੭ ॥ ਅਰ ਲੂਤ ਦੀ ਜਾਤੀ ਦੇ ਲੋਗ (ਬਾਲਕਾਂ ਦਾ ਆਉਣਾ ਸੁਣ ਕੇ ਬੁਰੀ ਇਛਾ ਕਰਕੇ ) ਲੂਤ ਦੇ ਪਾਸ ਦੌੜੇ ੨ ਆਏ ਅਰ ਏਹ ਲੋਗ ਆਦ ਤੋਂ ਹੀ ਬੁਰੇ ਕੰਮ ਤਾਂ ਕੀਤਾ ਹੀ ਕਰਦੇ ਸਨ ਲੂਤ ( ਨੇ ਜਦੋਂ ਏਹਨਾਂ ਲੋਗਾਂ ਨੂੰ ਆਉਂਦਿਆਂ ਦੇਖਿਆ ਤਾਂ ) ਲਗਾ ਕਹਿਣ ਕਿ ਭਿਰਾਓ ! ਇਹ ਮੇਰੀਆਂ ਧੀਆਂ ( ਮੌਜੂਦ ) ਹਨ ( ਏਹਨਾਂ ਨਾਲ ਨਕਾਹ ਕਰ ਲਓ ) ਇਹ ਤੁਹਾਡੇ ਵਾਸਤੇ ( ਹਲਾਲ ਤਥਾ ) ਅਧਿਕ ਪਵਿਤ੍ਰ ਹਨ ਤਾਂ ( ਇਹਨਾਂ ਲੜਕਿਆਂ ਦੀ ਤਰਫ ਮੰਦ ਦ੍ਰਿਸ਼ਟੀ ਨਾ ਕਰੋ ਅਰ ) ਖੁਦਾ ਪਾਸੋਂ ਡਰੋ ਅਰ ਮੇਰਿਆਂ ਅਥਿਤੀਆਂ ਦੇ ਬਾਰੇ ਵਿਚ ਮੇਰੀ ਇਜਤ ਨਾ ਬਰਬਾਦ ਕਰੋ ਕੀ ਤੁਹਾਡੇ ਵਿਚੋਂ ਕੋਈ ਭੀ ਭਲਾਮਾਨਸ ਨਹੀਂ ? ॥ ੭੮ ॥ ਓਹਨਾਂ ਨੇ ਕਹਿਆ ਤੁਹਾਨੂੰ ਤਾਂ ਮਾਲੂਮ ਹੈ ਕਿ ਸਾਨੂੰ ਤੇਰੀਆਂ ਲੜਕੀਆਂ ਨਾਲ ਕੋਈ ਪਰਯੋਜਨ ਨਹੀਂ ਅਰ ਸਾਡੇ ਸੰਕਲਪ ਥੀਂ ਭੀ ਤੁਸੀਂ ਭਲੀ ਤਰਹਾਂ ਗਿਆਤ ਹੋ ॥ ੭੯ ॥ ( ਲੂਤ ) ਉਵਾਚ–ਕਿ ਹਾ ਦੈਵ ( ਅਜ ) ਮੇਰੇ ਵਿਚ ਤੁਹਾਡੇ ਮੁਕਬਲੇ ਦਾ ਜੋਰ ਹੁੰਦਾ ! ਕਿੰਬਾ ਮੈਂ ਕਿਸੇ ਸਬਲ ਸਹਾਇਕ ਦਾ ਸਹਾਰਾ ਪਾ ਲੈਂਦਾ ॥ ੮੦ ॥ ( ਫਰਿਸ਼ਤੇ ) ਬੋਲੇ ਕਿ ਲੂਤ ! ਅਸੀਂ ਤੁਹਾਡੇ ਪਰਵਰਦਿਗਾਰ ਦੇ ਭੇਜੇ ਹੋਏ ਹਾਂ ਇਹ ਲੋਗ ਕਦਾਪਿ ਤੁਹਾਡੇ ਤਕ ਨਹੀਂ ਪਹੁੰਚ ਸਕਣਗੇ ਤਾਂ ਤੁਸੀਂ ਆਪਣੇ ਟਬਰ ਨੂੰ ਲੈਕੇ ਥੋਹੜੀ ਰਾਤ ( ਰਹਿੰਦਿਆਂ ) ਨਿਕਲ ਵਗੋ ਅਰ ( ਪੁਨਰ ) ਤੁਹਾਡੇ ਵਿਚੋਂ ਕੋਈ ਭੀ ਮੁੜ ਕੇ ( ਏਧਰ ਨੂੰ ) ਨਾਂ ਦੇਖੇ ਪਰੰਚ ਤੁਹਾਡੀ ਇਸਤ੍ਰੀ ਕਿ ( ਓਹ ਦੇਖਣੋਂ ਰਹਿਣ ਵਾਲੀ ਨਹੀਂ ਅਰ ) ਜੋ ( ਕਸ਼ਟ ) ਇਹਨਾਂ ਲੋਕਾਂ ਪਰ ਪ੍ਰਾਪਤਿ ਹੋਣ ਵਾਲਾ ਹੈ ਓਹ ਇਸ ਪਰ ਭੀ ਅਵਸ਼ ਪ੍ਰਾਪਤਿ ਹੋਵੇਗਾ ਏਹਨਾਂ ( ਦੇ ਦੁਖ ) ਦਾ

Digitized by Panjab Digital Library | www.panjabdigilib.org

ਨਿਯਤ ਸਮਾ ਪ੍ਰਾਤਃ ਕਾਲ ਹੈ ਕੀ ਪ੍ਰਾਤਃ ਸਮੀਪ ਨਹੀਂ ? ॥ ੮੧ ॥ ਪੁਨਰ ਜਦੋਂ ਸਾਡੀ ਆਗਿਆ ( ਵਿਪਤੀ ) ਆ ਪ੍ਰਾਪਤ ਹੋਈ ਤਾਂ ( ਹੇ ਪੈਯੰਬਰ) ! ਅਸਾਂ ( ਉਲਟਾ ਕੇ ) ਓਹਨਾਂ ਦੀ (ਨਗਰੀ ) ਦਾ ਉਪਰਲਾ ਪਾਸਾ ਓਸਦਾ ਹੇਠਲਾ ਹਿਸਾ ਕਰ ਦਿਤਾ ਅਰ ( ਉਪਰੋਂ ) ਖੜੰਜੇ ਦੇ ਜੰਮਿਆਂ ਹੋਇਆਂ ਪਥਰਾਂ ਦੀ ਬਰਖਾ ਕੀਤੀ ਜਿਨਹਾਂ ਪਰ ਤੁਹਾਡੇ ਪਰਵਰਦਿਗਾਰ ਦੀ ਦਰਗਾਹੋਂ ਨਸ਼ਾਨ ਲਗਾ ਹੋਇਆ ਸੀ ( ਕਿ ਇਹ ਇਸ ਜਾਤੀ ਪਰ ਬਰਸਣਗੇ ) ॥ ੮੨ ॥ ਅਰ ਇਹ ( ਅਸਥਾਨ ਏਹਨਾਂ ) ਜ਼ਾਲਮਾਂ ( ਅਰਥਾਤ ਮੱਕੇ ਦਿਆਂ ਕਾਫਰਾਂ ) ਪਾਸੋਂ ( ਕੁਛ ਐਸਾ ) ਦੂਰ (ਭੀ) ਨਹੀਂ ( ਤਾਂ ਚਾਹੀਏ ਕਿ ਇਸ ਦੇ ਹਾਲ ਤੋਂ ਸਿਖਮਤ ਲੈਣ ) ॥ ੮੩ ॥ ਰੁਕੂਹ ॥੭॥

ਅਰ ਮਦੀਅਨ ਦੀ ਤਰਫ (ਅਸਾਂ ) ਉਸ ਦੇ ( ਸਜਾਤੀ ) ਭਿਰਾ ਸ਼ਐਬ ਨੂੰ (ਪੈਯੰਬਰ ਬਨਾਕੇ ) ਭੇਜਿਆ ਉਹਨਾਂ ਨੇ ਏਹਨਾਂ ਨੂੰ ਕਿਹਾ ਭਿਰਾਓ ! ਖੁਦਾ ਦੀ ਹੀ ਪੂਜਾ ਕਰੋ ਓਸ ਤੋਂ ਸਿਵਾ ਤੁਹਾਡਾ ਕੋਈ ਪੂਜਜ ਨਹੀਂ ਅਰ ਮਾਨ ਅਰ ਤੋਲ ਵਿਚ ਘਾਟਾ ਨਾਂ ਕੀਤਾ ਕਰੋ ਮੈਂ ਤੁਹਾਨੂੰ ਪ੍ਰਸੰਨ ਦਸ਼ਾ ਵਿਚ ਦੇਖਦਾ ਹਾਂ ( ਇਸ ਹਾਲ ਵਿਚ ਮਾਨ ਤੋਲ ਵਿਚ ਘਾਟਾ ਕਰਨ ਦੀ ਕੀ ਲੋੜ ) ਅਰ ( ਜੇਕਰ ਇਸ ਕੰਮੋ ਨਾ ਹਟੋਗੇ ਤਾਂ ) ਮੈਨੂੰ ਤੁਹਾਡੀ ਨਿਸਬਤ ਕਸ਼ਟ ਦੇ ਦਿਨ ਦਾ ਅੰਦੇਸ਼ਾ ਹੈ ਜੋ (ਤੁਸਾਂ ਸਾਰਿਆਂ ਨੂੰ ) ਆਣ ਘੇਰੇਗਾ ॥ ੮੪ ॥ ਅਰ ਭਾਈਓ ! ਮਾਨ ਤੋਲ ਇਨ-ਸਾਫ ਦੇ ਸਾਥ ( ਪੂਰਾ ) ਕੀਤਾ ਕਰੋ ਅਰ ਲੋਗਾਂ ਨੂੰ ਉਹਨਾਂ ਦੀਆਂ ਵਸਤਾਂ ਘਟ ਨਾ ਦਿਤਾ ਕਰੋ ਅਰ ਦੇਸ ਵਿਚ ਉਪਦਰਵ ਨਾ ਪਾਉਂਦੇ ਫਿਰੋ ॥ ੮੫ ॥ ਯਦੀ ਤੁਸੀਂ ਭਰੋਸੇ ਵਾਲੇ ਹੋ ਤਾਂ ਅੱਲਾ ਦਾ ( ਦਿਤਾ ਹੋਇਆ ) ਜੋ ਕੁਛ ( ਵਿਆਪਾਰ ਵਿਚੋਂ ) ਬਚ ਰਹੇ ਵਹੀ ਤੁਹਾਡੇ ਵਾਸਤੇ ਭਲਾ ਹੈ ਅਰ ਮੈਂ ਤੁਹਾਡਾ (ਕੋਈ) ਰਾਖਾ ਤਾਂ ਹੈ ਨਹੀਂ ( ਕਿ ਮੈਂ ਸਾਰਿਆਂ ਦੇ ਮਾਨ ਤੋਲ ਦੇਖਦਾ ਫਿਰਾਂ ) ॥ ੮੬ ॥ ਉਹ ਲਗੇ ਕਹਿਣ ਕਿ ਸ਼ੁਐਬ ! ਕੀ ਤੇਰੀ ਨਮਾਜ ਤੇਰੇ ਪਾਸੋਂ ਚਾਹੁੰਦੀ ਹੈ ਕਿ ਜਿਨਹਾਂ ( ਬੁਤਾਂ ) ਨੂੰ ਸਾਡੇ ਪਿਤਾ ਪਿਤਾਮਾਂ ਪੂਜੀ ਚਲੇ ਆਏ ਅਸੀਂ ਓਹਨਾਂ ਨੂੰ ਛਡ ਬੈਠੀਏ ਕਿੰਬਾ ਆਪਣੇ ਮਾਲ ਵਿਚ ਜਿਸ ਤਰਹਾਂ ( ਦਾ ਖਰਚ ਕਰਨਾ ) ਚਾਹੀਏ ਨਾ ਕਰੀਏ ਆਹੋ ਜੀ ! ਆਹੋ ! ਤੁਸੀਂ ਤਾਂ ( ਮਾਮਲਿਆਂ ਦੇ ਬੜੇ ) ਨਰਮ ( ਅਰ ) ਰਾਸਤਬਾਜ਼ ( ਰਹਿ (ਗਏ) ਹੋ ॥ ੮੭ ॥ ( ਸ਼ੁਐਬ ਨੇ ) ਆਖਿਆ ਭਿਰਾਓ ! ਭਲਾ ਦੇਖੋ ਤਾਂ ਸਹੀ ਯਦੀ ਮੈਂ ਆਪਣੇ ਪਵਰਦਿਗਾਰ ਦੇ ਸਰਲ ਮਾਰਗ ਪਰ ਹਾਂ ਅਰ ਉਹ ਮੈਨੂੰ ਆਪਣੇ ( ਕ੍ਰਿਪਾ ) ਦਵਾਰਾ ਉੱਤਮ ( ਅਰਥਾਤ ਹੱਕ ਹਲਾਲ ਦੀ ) ਰੋਜੀ ਦੇਂਦਾ ਹੈ ( ਤਾਂ ਕੀ ਇਸ ਤਰੀਕੇ ਨੂੰ ਛਡ ਕੇ ਤੁਹਾਡੀ ਤਰਹਾ ਹਰਾਮ ਦੀ

Digitized by Panjab Digital Library | www.panjabdigilib.org

ਕਮਾਈ ਖਾਣ ਲਗ ਪਵਾਂ ) ਅਰ ਮੈਂ ( ਕਦਾਪਿ ) ਨਹੀਂ ਚਾਹੁੰਦਾ ਕਿ ਜਿਸ ( ਕੰਮ ਦੇ ਕਰਨ ) ਥੀਂ ਤੁਹਾਨੂੰ ਹਟਕਦਾ ਹੋੜਦਾ ਹਾਂ ਤੁਹਾਡੇ ਥੀਂ ਉਲਟ ਆਪ ਓਸਨੂੰ ਕਰਨ ਲਗ ਪਵਾਂ ਮੈਂ ਤਾਂ ਆਪਨੀ ਸਾਮਰਥਾਨੁਸਾਰ ( ਲੋਗਾਂ ਵਿਚ ਵਿਹਾਰ ਦਾ ) ਸੁਧਾਰ ਚਾਹੁੰਦਾ ਹਾਂ ਹੋਰ ਬਸ ਅਰ ( ਇਸ ਸੰਕਲਪ ਪਰ ) ਮੇਰਾ ਕਾਮਯਾਬ ਹੋਣਾਂ ਤਾਂ ਕੇਵਲ ਖੁਦਾ ( ਦੀ ਹੀ ਮਦਦ ) ਨਾਲ ਹੋ ਸਕਦਾ ਹੈ ਮੈਂ ਤਾਂ ਓਸੇ ਪਰ ਹੀ ਭਰੋਸਾ ਰਖਦਾ ਹਾਂ ਅਰ ਉਸੇ ਦੀ ਤਰਫ ਝੁਕਦਾ ਹਾਂ ॥ ੮੮ ॥ ਅਰ ਭਿਰਾਓ ! ਮੇਰੀ ਜ਼ਿਦ ਵਿਚ ਆਕੇ ਕਿਤੇ ਐਸਾ ਪਾਪ ਨਾ ਕਰ ਬੈਠਣਾ ਕਿ ਜੈਸੀ ਵਿਪਤੀ ਨੂਹ ਦੀ ਜਾਤੀ ਤਥਾ ਹੂਦ ਦੀ ਜਾਤੀ ਤਥਾ ਸਾਲਿਹਾ ਦੀ ਜਾਤੀ ਪਰ ਪ੍ਰਾਪਤ ਹੋ ਚੁਕੀ ਹੈ ( ਉਸ ਪਾਪ ਦੇ ਬਦਲੇ ਵਿਚ ) ਵੈਸੀ ਹੀ ਵਿਪਤੀ ਤੁਹਾਡੇ ਪਰ ਭੀ ਆ ਪ੍ਰਾਪਤ ਹੋਵੇ ਅਰ ਲੂਤ ਦੀ ਜਾਤੀ ( ਵਾਲੇ ਖੋਲੇ ) ਭੀ ਤੁਹਾਡੇ ਕੋਲੋਂ ( ਕੋਈ ) ਦੂਰ ਨਹੀਂ ( ਓਹਨਾਂ ਨੂੰ ਦੇਖਕੇ ਹੀ ਸਿਖਮਤ ਲੈ ਸਕਦੇ ਹੋ ) ॥ ੮੯ ॥ ਅਰ ਆਪਣੇ ਪਰਵਰਦਿਗਾਰ ਪਾਸੋਂ ( ਆਪਣੇ ਪਿਛਲਿਆਂ ਗੁਨਾਹਾਂ ਦੀ ) ਮਾਫੀ ਮੰਗੋ ਅਤਏਵ ( ਅਗੇ ਵਾਸਤੇ ) ਓਸ ਦੇ ਦਰਬਾਰ ਵਿਚ ਤੋਬਾ ਕਰੋ ਨਿਰਸੰਦੇਹ ਮੇਰਾ ਪਰਵਰਦਿਗਾਰ ਕਿਰਪਾਲੂ (ਅਰ) ਬੜਾ ਪਿਆਰ ਕਰਨ ਵਾਲਾ ਹੈ ॥ ੯੦ ॥ ਉਹ ਲਗੇ ਕਹਿਣ ਕਿ ਸ਼ੁਐਬ ! ਜੋ ਬਾਤਾਂ ਤੁਸੀਂ ਕਹਿੰਦੇ ਹੋ ਉਹਨਾਂ ਵਿਚ ਕਈਕੁ ਤਾਂ ਸਾਡੀ ਸਮਝ ਵਿਚ ਆਉਂਦੀਆਂ ਨਹੀਂ ਇਸ ਥੀਂ ਸਿਵਾ ਅਸੀਂ ਤੈਨੂੰ ਆਪਣਿਆਂ ( ਲੋਗਾਂ ) ਵਿਚੋਂ (ਬਹੁਤ ਹੀ ) ਬੋਦਾ ਜਾਣਦੇ ਹਾਂ ਅਰ ਯਦੀ ਤੇਰੀ ਬਿਰਾਦਰੀ ਦੇ ਲੋਗ ਨਾਂ ਹੁੰਦੇ ਤਾਂ ਅਸੀਂ ਤੈਨੂੰ ( ਕਦੇ ਦਾ ) ਵਟਿਆਂ ਨਾਲ ਮਾਰ ਸੁਟਦੇ ਅਰ ( ਬਿਰਾਦਰੀ ਤੋਂ ਸਿਵਾ ) ਸਾਡੇ ਪਰ ( ਕਿਸੀ ਤਰਹਾਂ ) ਦਾ ਤੁਹਾਡਾ ਦਬ ਦਬਾ ਤਾਂ ਹੈ ਨਹੀਂ ॥ ੯੧ ॥ ( ਸ਼ੁਐਬ ਨੇ ) ਉਤਰ ਦਿਤਾ ਕਿ ਭਿਰਾਓ ! ਕੀ ਅੱਲਾ ਨਾਲੋਂ ਵੱਧਕੇ ਤੁਹਾਡੇ ਪਰ ਮੇਰੀ ਬਿਰਾਦਰੀ ਦਾ ਦਬਾਓ ਹੋਯਾ ਅਰ ਤੁਸਾਂ ਨੇ ( ਘੁਮੰਡ ਵਿਚ ਆਕੇ ) ਖੁਦਾ ਨੂੰ ਆਪਣੀ ਪਿਠ ਪਿਛੇ ਸਿਟ ਦਿਤਾ ਨਿਰਸੰਦੇਹ ਜੋ ਕੁਛ ਤੁਸੀਂ ਕਰਦੇ ਹੋ ਮੇਰੇ ਪਰਵਰਦਿਗਾਰ ਦੇ ( ਗਿਆਨ ਰੂਪੀ ) ਘੇਰੇ ਵਿਚ ਹੈ ॥ ੯੨ ॥ ਅਰ ਭਿਰਾਓ ਤੁਸੀਂ ਆਪਣੀ ਜਗਹਾਂ ਕਰਮ ਕਰੋ ਮੈਂ (ਆਪਣੀ ਜਗਹਾਂ)ਅਮਲ ਕਰਦਾ ਹਾਂ ਥੋਹੜਿਆਂ ਦਿਨਾਂ ਵਿਚ ਤੁਹਾਨੂੰ ਮਾਲੂਮ ਹੋ ਜਾਵੇਗਾ ਕਿ ਕਿਸ ਪਰ ਕਸ਼ਟ ਪ੍ਰਾਪਤਿ ਹੁੰਦਾ ਹੈ ਜੋ ਉਸ ਨੂੰ ( ਸਾਰਿਆਂ ਦੀ ਦ੍ਰਿਸ਼ਟੀ ਵਿਚ ) ਖਵਾਰ ਕਰ ਦੇਵੇਗਾ ਅਰ ਕੌਣ ਝੂਠਾ ਹੈ ਅਰ ( ਉਸ ਵੇਲੇ ਦੇ ਤੁਸੀਂ ਭੀ ) ਪ੍ਰਤੀਖਯਵਾਨ ਰਹੋ ਮੈਂ ਭੀ ਤੁਹਾਡੇ ਸਾਥ ਪ੍ਰਤੀਖਯਾਵਾਨ ਰਹਿੰਦਾ ਹਾਂ ॥ ੯੩ ॥ ਅਰ ਜਦੋਂ ਸਾਡੀ ਆਗਿਆ

Digitized by Panjab Digital Library | www.panjabdigilib.org

( ਵਿਪਤੀ ) ਆ ਪਹੁੰਚੀ ਤਾਂ ਅਸਾਂ ਆਪਣੀ ਮਿਹਰਬਾਨੀ ਸਾਥ ਸ਼ੁਐਬ ਨੂੰ ਅਰ ਓਹਨਾਂ ਲੋਕਾਂ ਨੂੰ ਜੋ ਉਸਦੇ ਸਾਥ ਭਰੋਸਾ ਕਰ ਬੈਠੇ ਸਨ ਬਚਾ ਲੀਤਾ ਅਰ ਜੋ ਲੋਗ ਨਾ ਫਰਮਾਨੀ ਕਰਿਆ ਕਰਦੇ ਸਨ ਉਹਨਾਂ ਨੂੰ ਸਖ਼ਤ ਅਵਾਜ਼ ( ਦੇ ਕਸ਼ਟ ) ਨੇ ਆਨ ਘੇਰਿਆ ਤਾਂ ( ਜੈਸੇ ) ਆਪਣਿਆਂ ਘਰਾਂ ਵਿਚ ( ਬੈਠੇ ਸਨ ਓਹ ਵੈਸੇ ਬੈਠੇ ਦੇ ) ਬੈਠੇ ਹੀ ਰਹਿ ਗਏ ॥ ੯੪ ॥ ( ਅਰ ਐਸੇ ਨਾਸ ਹੋਏ ਕਿ ) ਮਾਨੋ ( ਕਦੀ ) ਓਹਨਾਂ ਵਿਚ ਵਸੇ ਹੀ ਨਹੀਂ ਸਨ ( ਲੋਗੋ ! ) ਯਾਦ ਰਖੋ ਕਿ ਜਿਸ ਤਰਹਾਂ ਸਮੂਦ ਖ਼ੁਦਾ ਦੀ ਦਰਗਾਹੋਂ ਧਤਕਾਰੇ ਗਏ ਸਨ ਮਦੀਅਨ ਦੇ ( ਵਾਸੀ ) ਭੀ ਧਿਕਾਰੇ ਗਏ ॥ ੯੫ ॥ ਰੁਕੂਹ ੮ ॥

ਅਰ ਅਸਾਂ ਮੂਸਾ ਨੂੰ ਫਿਰਓਨ ਅਰ ਉਸ ਦੇ ਦਰਬਾਰੀਆਂ ਦੀ ਤਰਫ ਆਪਣੀਆਂ ਨਿਸ਼ਾਨੀਆਂ ਅਰ ਅਕਾਟਯ ਕੋਟੀਆਂ ਦੇ ਸਾਥ ( ਪਯੰਬਰ ਬਣਾਕੇ ) ਭੇਜਿਆ ॥ ੯੬ ॥ ਤਾਂ ਲੋਗ ਫਿਰਓਨ ਦੇ ਕਹਿਣੇ ਪਰ ਤੁਰੇ ਅਰ ਫਿਰਓਨ ਦੀ ਬਾਤ ਕੋਈ ਰਾਹ ਦੀ ( ਬਾਤ ) ਤਾਂ ਹੈ ਨਹੀਂ ਸੀ ॥ ੯੭ ॥ ਪ੍ਰਲੈ ਦੇ ਦਿਨ ਓਹ ਆਪਣੀ ਜਾਤੀ ਦੇ ਅਗੇ ੨ ਹੋਵੇਗਾ ਅਰ ਓਹਨਾਂ ਨੂੰ ਨਰਕਾਂ ਵਿਚ ਜਾ ਘੁਸੇੜੇਗਾ ਅਰ ( ਬਹੁਤ ਹੀ ) ਨਖਿਧ ਘਾਟ ਹੈ ਜਿਸ ਪਰ ( ਇਹ ਲੋਗ ) ਜਾ ਉਤਰੇ ॥ ੯੮ ॥ ਇਸ ( ਸੰਸਾਰ ) ਵਿਚ ਭੀ ਲਾਨਤ ਓਹਨਾਂ ਦੇ ਪਿਛੇ ਲਗਾ ਦਿਤੀ ਗਈ ਅਰ ਪ੍ਰਲੇ ਦੇ ਦਿਨ ਭੀ ( ਬਹੁਤ ਹੀ ) ਬੁਰਾ ਇਨਾਮ ਹੈ ਜੋ ( ਓਹਨਾਂ ਨੂੰ ) ਦਿਤਾ ਗਿਆ ॥ ੯੯ ॥ ( ਹੇ ਪੈਯੰਬਰ ) ! ਇਹ( ਕਿੰਚਤ ਮਾਤ੍ਰੀ )ਨਗਰੀਆਂ ਦੀਆਂ ਖਬਰਾਂ ਹਨ ਜੋ ਅਸੀਂ ਤੇਰੇ ਅਗੇ ਵਰਣਨ ਕਰਦੇ ਹਾਂ ਇਨਹਾਂ ਵਿਚੋਂ ( ਕਈਕੁ ਤਾਂ ਵਰਤਮਾਨ ਸਮੇਂ ਤਕ ) ਵਿਦਮਾਨ ਹਨ ਅਰ ( ਕਈਕੁ ) ਉੱਜੜ ਪੁਜੜ ( ਗਈਆਂ ) ॥ ੧੦੦ ॥ ਅਰ ਅਸਾਂ ਏਹਨਾਂ ਲੋਗਾਂ ਪਰ ( ਕੋਈ ) ਜ਼ੁਲਮ ਨਹੀਂ ਕੀਤਾ ਕਿੰਤੂ ਓਹਨਾਂ ਨੇ ( ਸਾਡੀ ਆਗਿਆ ਉਲੰਘਣ ਕਰਕੇ ) ਆਪਣੇ ਪਰ ਆਪ ਜ਼ੁਲਮ ਕੀਤਾ ਤਾਂ ( ਹੇ ਪੈਯੰਬਰ ! ) ਜਦੋਂ ਤੇਰੇ ਪਰ-ਵਰਦਿਗਾਰ ਦੀ ਆਗਿਆ ( ਕਸ਼ਟ ) ਆ ਪ੍ਰਾਪਤ ਹੋਇਆ ਤਾਂ ਖ਼ੁਦਾ ਤੋਂ ਸਿਵਾ ( ਵਿਪਤੀ ਦੇ ਵੇਲੇ ) ਜਿਨਹਾਂ ਮਾਬੂਦਾਂ ਨੂੰ ਓਹ ਲੋਗ ਪੁਕਾਰਿਆ ਕਰਦੇ ਸਨ ( ਹੁਣ ) ਉਹ ਓਹਨਾਂ ਦੇ ਕਿਸੇ ਕੰਮ ਵੀ ਨਾ ਆਏ ਪ੍ਰਤ੍ਯੁਤ (ਉਲਟੇ) ਹੋਕੇ ਏਹਨਾਂ ਦੇ ਉਜਾੜਨ ਦਾ ਕਾਰਣ ਹੋਏ ( ਭਾਵ ਏਹਨਾਂ ਦੀ ਹੀ ਪੂਜਾ ਦੇ ਸਬਬੋਂ ਏਹਨਾਂ ਪਰ ਕਸ਼ਟ ਆ ਪ੍ਰਾਪਤ ਹੋਇਆ ) ॥੧੦੧॥ ਅਰ( ਹੇ ਪੈਯੰਬਰ ) ਜਦੋਂ ਵਸਤੀਆਂ ਦੇ ਲੋਗ ਹੂੜ ਮਾਰੀ ਕਰਨ ਲਗ ਪੈਂਦੇ ਹਨ ਅਰ ਤੁਹਾਡਾ ਪਰਵਰਦਿਗਾਰ ਓਹਨਾਂ ਨੂੰ ( ਕਸ਼ਟ ਵਿਚ ) ਆ ਪਕੜਦਾ ਅਰ ਓਸ ਦੀ ਪਕੜ ਐਸੀ ਹੁੰਦੀ ਹੈ ਨਿਰਸੰਦੇਹ ਓਸ ਦੀ ਪਕੜ ( ਬੜੀ )

Digitized by Panjab Digital Library | www.panjabdigilib.org

ਦਰਦਨਾਕ ( ਅਰ ਬੜੀ ) ਸਖਤ ਹੈ ॥ ੧੦੨ ॥ ਇਹਨਾਂ ( ਪ੍ਰਸੰਗਾਂ ) ਵਿਚ ਉਸ ਆਦਮੀ ਵਾਸਤੇ ਜੋ ਅੰਤ ਦੇ ਦੁਖ ਤੋਂ ਡਰੇ ਇਕ ਸਿਖਿਆ ਹੈ। ਅੰਤ ਦਾ ਦਿਨ ਓਹ ਦਿਨ ਹੋਵੇਗਾ ਕਿ ਜਦੋਂ ( ਸਾਰੇ ) ਲੋਗ ਇਕਤ੍ਰ ਕੀਤੇ ਜਾਣਗੇ ਅਰ ਅੰਤ ਦਾ ਦਿਨ ਓਹ ਦਿਨ ਹੋਵੇਗਾ ਜਦੋਂ ਕਿ ( ਸਾਰੇ ਹੀ ਸਾਡੇ ਸਨਮੁਖ ) ਇਕਤ੍ਰ ਕੀਤੇ ਜਾਣਗੇ ॥ ੧੦੩ ॥ ਅਰ ਅਸੀਂ ਕੇਵਲ ਥੋੜੇ ਸਮੇਂ ਲਈ ਉਸ ਮਯਾਦ ਨੂੰ ( ਕਿਸੇ ਕਾਰਣ ਪਰ ) ਢਿਲ ਦੇ ਬੈਠੇ ਹਾਂ ॥ ੧੦੪ ॥ ਜਦੋਂ ਉਹ ਸਮਾਂ ਆਵੇਗਾ ਤਾਂ ( ਡਰ ਦੇ ਮਾਰੇ ) ਖੁਦਾ ਦੇ ਹੁਕਮ ਤੋਂ ਸਿਵਾ ਕੋਈ ਆਦਮੀ ਬਾਤ ( ਤਕ ਬੀ ) ਨਹੀਂ ਕਰ ਸਕੇਗਾ ਅਤਏਵ ( ਉਸ ਸਮੇਂ ਦੋ ਤਰਹਾਂ ਦੇ ਲੋਗ ਹੋਣਗੇ ) ਕਈਕੁ ਕੁਕਰਮੀ ਅਰ ਕਈਕੁ ਸੁਕਰਮੀ ॥ ੧੦੫ ॥ ਤਾਂ ਜੋ ਕੁਕਰਮੀ ਹਨ ਉਹ ਨਰਕਾਂ ਵਿਚ ਹੋਣਗੇ ਉਥੇ ਉਨਹਾਂ ਨੂੰ ਚਿਚਲਾਣਾ ਅਰ ਧਾਹੀਂ ਮਾਰਨੀਆਂ ( ਲਗੀਆਂ ) ਹੋਣਗੀਆਂ ॥ ੧੦੬ ॥ ( ਅਰ ) ਯਾਵਤਕਾਲ ਆਗਾਸ ਧਰਤ ( ਕਾਇਮ ) ਹੈ ਨਿਤਰਾਂ ( ਨਿਤਰਾਂ ) ਉਸੇ ਵਿਚ ਹੀ ਰਹਿਣਗੇ ਪਰੰਚ ( ਹੇ ਪੈਯੰਬਰ ) ਜਿਸ ਨੂੰ ਤੁਹਾਡਾ ਪਰਵਰਦਿਗਾਰ ( ਮੁਕਤਿ ਦੇਣੀ ) ਚਾਹੇ ਨਿਰਸੰਸੇ ਤੁਹਾਡਾ ਪਰਵਦਿਗਾਰ ਜੋ ਚਾਹੁੰਦਾ ਹੈ ਕਰ ਲੈਂਦਾ ਹੈ ॥ ੧੦੭ ॥ ਅਰ ਜੋ ਲੋਗ ਸੁਕਰਮੀ ਹਨ ਤਾਂ ( ਉਹ ) ਸਵਰਗ ਵਿਚ ਹੋਣਗੇ ( ਅਰ ) ਜਦੋਂ ਤਕ ਧਰਤ ਆਗਾਸ ( ਕਾਇਮ ) ਹੈ ਬਰਾਬਰ ਉਸੇ ਵਿਚ ਹੀ ਰਹਿਣਗੇ ਪਰੰਤੂ ਜਿਸ ਨੂੰ ਖੁਦਾ ਚਾਹੇ (ਸਜਾ ਦੇ ਕੇ ਦੇਰੀ ਸਾਥ ਸਵਰਗ ਵਿਚ ਪਰਾਪਤਿ ਕਰੇ ਅਰ ਇਹ ਸਵਰਗ ਖੁਦਾ ਦੀ) ਦਾਤ ਹੈ ਜਿਸ ਦਾ ਕਦੇ ਭੀ ਅੰਤ ਹੀ ਨਹੀਂ ॥ ੧੦੮ ॥ ਤਾਂ ( ਹੇ ਪੈਯੰਬਰ ) ਏਹ ( ਮੁਸ਼ਿਰਿਕੀਨ ) ਜੋ ( ਬੁਤਾਂ ਦੀ ) ਪੂਜਾ ਕਰਦੇ ਹਨ ਓਸ ਦੇ ਪ੍ਰਸੰਗ ਵਿਚ ਤੁਸਾਂ ਕਿਸੀ ਤਰਹਾਂ ਦੇ ਭ੍ਰਮ ਵਿਚ ਨਾ ਪੜ ਜਾਣਾ ਜੈਸੀ ਪੂਜਾ ( ਬਿਨਾ ਬਿਚਾਰੇ ਏਹਨਾਂ ਥੀਂ ) ਪਹਿਲਾਂ ਇਹਨਾਂ ਦੇ ਪਿਤਾ ਪਿਤਾਮਹ ਕਰਦੇ ਆਏ ਹਨ ਵੈਸੀ ਹੀ ਪੂਜਾ ( ਬਿਨਾ ਬਿਚਾਰੇ )ਏਹ ਲੋਗ ਭੀ ਕਰਦੇ ਹਨ ਅਰ ਅਸੀਂ(ਪ੍ਰਲੈ ਦੇ ਦਿਨ ਕਸ਼ਟ ਵਿਚੋਂ ) ਏਹਨਾਂ ਦਾ ਵਿਭਾਗ ਇਹਨਾਂ ਨੂੰ ਨਜੂਨਾਧਿਕ ਤੋਂ ਬਿਨਾ ਪੂਰਾ ੨ ਪ੍ਰਦਾਨ ਕਰ ਦੇਵਾਂਗੇ ॥ ੧੦੯ ॥ ਰੁਕੂਹ ੯ ॥

ਅਰ ਅਸਾਂ ਮੂਸਾ ਨੂੰ ( ਤੌਰਾਤ ) ਪੁਸਤਕ ਦਿਤੀ ਸੀ ਤਾਂ ਲਗੇ ਲੋਗ ਓਸ ਦੇ ਵਿਚ ਘਾਟੇ ਵਾਧੇ ਕਰਨ ਅਰ ( ਹੇ ਪੈਯੰਬਰ ) ਯਦੀ ਤੁਹਾਡੇ ਪਰ-ਵਰਦਿਗਾਰ ਨੇ ਪਹਿਲਾਂ ਤੋਂ ਹੀ ਇਕ ਬਾਰਤਾ ਨਾਂ ਦਸ ਦਿਤੀ ਹੁੰਦੀ ( ਕਿ ਪ੍ਰਲੈ ਨੂੰ ਹੀ ਸਰਵ ਫੈਸਲਾ ਹੋਵੇਗਾ ) ਤਾਂ ਲੋਗਾਂ ਵਿਚ ( ਉਨਹਾਂ ਦੇ ਘਾਟੇ ਵਾਧੇ ਦਾ ਕਦੇ ਦਾ ) ਫੈਸਲਾ ਹੋ ਗਿਆ ਹੁੰਦਾ ਅਰ ਇਹ ਲੋਗ ( ਅਰ-

Digitized by Panjab Digital Library | www.panjabdigilib.org

ਬਾਤ ਮੱਕੇ ਦੇ ਕਾਫਰ ਭੀ ) ਕੁਰਾਨ ਦੀ ਤਰਫੋਂ ਐਸੇ ਭਰਮ ਵਿਚ ( ਪਏ ਹੋਏ ) ਹਨ ਜਿਸ ਨੇ ( ਏਹਨਾਂ ਨੂੰ ) ਹਕਿਆਂ ਬਕਿਆਂ ਕਰ ਛਡਿਆ ਹੈ ॥ ੧੧੦ ॥ ਅਰ ਤੁਹਾਡਾ ਪਰਵਰਦਿਗਾਰ ਏਹਨਾਂ ( ਸਭਨਾਂ ) ਨੂੰ ਏਹਨਾਂ ਦੇ ਕਰਮਾਂ ਦਾ ਫਲ ਪੂਰਾ ਪੂਰਾ ਅਵਸ਼ ਹੀ ਦੇ ਕੇ ਰਹੇਗਾ ਕਿਉਂ ਕਿ ਜੈਸੇ ੨ ਕਰਮ ਏਹ ਲੋਗ ਕਰ ਰਹੇ ਹਨ ਉਸ ਨੂੰ ( ਸਾਰੀ ) ਖਬਰ ਹੈ ॥ ੧੧੧ ॥ ਤਾਂ ( ਹੇ ਪੈਯੰਬਰ ) ਜੈਸੀ ਤੁਹਾਨੂੰ ਆਗਿਆ ਦਿਤੀ ਗਈ ਹੈ ਤੁਸੀਂ ਅਰ ਜੋ ਲੋਗ ( ਸ਼ਿਰਕ ਤਥਾ ਕੁਫਰ ਥੀਂ ) ਤੋਬਾ ਕਰਕੇ ਤੁਹਾਡੇ ਸਾਥ ( ਹੋ ਗਏ ) ਹਨ ( ਓਹ ਸਾਰੇ ਹੀ ਦੀਨ ਇਸਲਾਮ ਪਰ ) ਪੱਕੇ ਥਿਤੇ ਰਹੋ ਅਰ ਸੀਮਾਂ ਨੂੰ ਨਾ ਉਲੰਘਣ ਕਰੋ ਨਿਰਸੰਦੇਹ ਜੋ ਕੁਛ ਭੀ ਤੁਸੀਂ ਲੋਗ ਕਰਦੇ ਹੋ ਖੁਦਾ ਦੇਖਦਾ ਹੈ ॥ ੧੧੨ ॥ ਅਰ ( ਮੁਸਲਮਾਨੋ ! ) ਜਿਨ੍ਹਾਂ ਲੋਗਾਂ ਨੇ ( ਸਾਡੀ ) ਨਾ ਫਰਮਾਨੀ ਕੀਤੀ ਉਨਹਾਂ ਦੀ ਤਰਫ ਨਾ ਝੁਕਣਾ ਨਹੀਂ ਤਾਂ ( ਨਰਕਾਗਨੀ ) ਤੁਹਾਨੂੰ ਆ ਲਗੇਗੀ ਅਰ ਖੁਦਾ ਤੋਂ ਸਿਵਾ ਤੁਹਾਡਾ ਕੋਈ ਮਦਦਗਾਰ ਤਾਂ ਹੈ ਨਹੀਂ ਤਾਂ ( ਆਗਿਆ ਭੰਗੀ ਪੁਰਖਾਂ ਦੀ ਤਰਫ ਫਿਰਨ ਦੀ ਸੂਰਤ ਵਿਚ ਉਸ ਦੀ ਤਰਫੋਂ ਭੀ ) ਤੁਹਾਨੂੰ ਮਦਦ ਨਹੀਂ ਮਿਲੇਗੀ ॥ ੧੧੩ ॥ ਅਰ ( ਹੇ ਪੈਯੰਬਰ ) ਦਿਨ ਦੇ ਦੋਨੋਂ ਸਿਰੇ ( ਅਰ-ਥਾਤ ਸਾਯੰ ਪ੍ਰਾਤ ) ਅਰ ਰਾਤ੍ਰੀ ਦੇ ਆਦ ਵਿਚ ਨਿਮਾਜ ਪੜ੍ਹਿਆ ਕਰੋ ਕਿਉਂਕਿ ਭਲਾਈ ਬੁਰਾਈ ਨੂੰ ਦੂਰ ਕਰ ਦੇਂਦੀਆਂ ਹੈਂ ਜੋ ਲੋਗ ( ਪਰਮੇਸੁਰ ਦਾ ) ਭਜਨ ਕਰਨ ਵਾਲੇ ਹਨ ਓਹਨਾਂ ਵਾਸਤੇ ( ਇਹ ਸਾਡੀ ਆਗਿਆ ਇਕ ਤਰਹਾਂ ਦੀ ) ਚਿਤਾਵਨੀ ਹੈ ॥ ੧੧੪ ॥ ਅਰ ( ਹੇ ਪੈਯੰਬਰ ਬੰਦਗੀ ਦੀ ਖੇਚਲ ਖਿਜਾਲਤ ਨੂੰ ਪ੍ਰਸੰਨਤਾਈ ਸਾਥ ) ਝਲਿਆ ਕਰੋ ਕਿਉਂਕਿ ਅੱਲ੍ਹਾ ਸੁਧਰਮੀ ਪੁਰਖਾਂ ਦੇ ਪਰਯਤਨ ਨੂੰ ਵਿਅਰਥ ਨਹੀਂ ਹੋਣ ਦੇਂਦਾ ॥ ੧੧੫ ॥ ਤਾਂ ਜੋ ਉਮਤਾਂ ਤੁਸਾਂ ਥੀਂ ਪਹਿਲਾਂ ਹੋ ਚੁਕੀਆਂ ਹਨ ਓਹਨਾਂ ਵਿਚ ( ਸੰਸਾਰ ਦੀ ) ਭਲਾਈ ਕਰਨ ਵਾਲੇ ਭੀ ਕਿਉਂ ਨਾ ਹੋਏ ਕਿ (ਲੋਗਾਂ ਨੂੰ) ਸੰਸਾਰ ਵਿਚ ਫਸਾਦ ਕਰਨ ਤੋਂ ਰੋਕਦੇ (ਸੋ ਐਸੇ ਲੋਗ ਹੈਸਨ ਤਾਂ ਸਹੀ) ਪਰੰਚ ਨਿਊਨ (ਇਹ ਵਹੀ ਲੋਗ ਸਨ) ਜਿਨਹਾਂ ਨੂੰ ਅਸਾਂ (ਕਸ਼ਟ ਤੋਂ) ਬਚਾ ਲੀਤਾ ਅਰ ਜਿਨਹਾਂ ਲੋਗਾਂ ਨੇ ਆਗਿਆ ਉਲੰਘਣ ਕੀਤੀ ਸੀ ਉਹ ਤਾਂ (ਓਹਨਾਂ ਹੀ ਸੰਸਾਰਿਕ ਸ੍ਵਾਦਾਂ) ਦੇ ਪਿਛੇ ਪੜੇ ਰਹੇ ਜੋ ਉਨਹਾਂ ਨੂੰ ਦਿਤੇ ਗਏ ਸਨ ਅਰ ਇਹ ਲੋਗ ਕੁਛ ਹੈਸਨ ਭੀ ਬਦਕਿਰਦਾਰ ॥ ੧੧੬ ॥ ਅਰ (ਹੇ ਪੈਯੰਬਰ) ਤੁਹਾਡਾ ਪਰਵਰਦਿਗਾਰ ਕੁਛ ਐਸਾ (ਬੇ ਇਨਸਾਫ ਨਹੀਂ) ਕਿ ਨਗਰਾਂ ਨੂੰ ਐਸੇ ਹੀ ਰਿਵਾਣ ਕੇ ਮਾਰ ਸਿਟੇ ਅਰ ਓਥੋਂ ਦੇ ਲੋਗ ਸੁਕਰਮੀ ਹੋਣ ॥ ੧੧੭ ॥ ਅਰ ਯਦੀ ਤੁਹਾਡਾ ਪਰਵਰਦਿਗਾਰ ਚਾਹੁੰਦਾ ਤਾਂ ਲੋਗਾਂ ਨੂੰ

Digitized by Panjab Digital Library | www.panjabdigilib.org

ਇਕ ਮਤ ਦੇ ਹੀ ਕਰ ਦੇਂਦਾ ਪਰੰਤੂ ਲੋਗ ਸਦੈਵ (ਆਪਸ ਵਿਚ) ਵਿਭੇਦ ਕਰਦੇ ਰਹਿਣਗੇ ॥ ੧੧੮॥ ਪਰੰਚ ਜਿਸ ਪਰ ਤੁਹਾਡਾ ਪਰਵਰਦਿਗਾਰ ਕਿਰਪਾ ਕਰੇ ਅਰ ਇਸੇ ਵਾਸਤੇ ਹੀ ਤਾਂ ਓਹਨਾਂ ਨੂੰ ਉਤਪਤ ਕੀਤਾ ਹੈ ਅਰ (ਇਸੇ ਵਿਭੇਦ ਕਰਕੇ ਹੀ) ਤੁਹਾਡੇ ਪਰਵਰਦਿਗਾਰ ਦੀ ਆਗਿਆ ਪੂਰੀ ਹੋ ਕੇ ਰਹੇਗੀ ਕਿ ਅਸੀਂ ਜਿਨਹਾਂ ਅਰ ਬਨੀ ਆਦਮ ਸਾਰਿਆਂ ਨਾਲ ਨਰਕ ਭਰ ਦੇਵਾਂਗੇ ॥ ੧੧੯ ॥ ਅਰ (ਹੇ ਪੈਯੰਬਰ ਦੂਸਰਿਆਂ) ਪੈਯੰਬਰਾਂ ਦੇ ਜਿਤਨੇ ਪਰਸੰਗ ਅਸੀਂ ਤੇਰੇ ਅਗੇ ਵਰਣਨ ਕਰਦੇ ਹਾਂ ਓਹਨਾਂ ਦੇ ਸਬਬੋਂ ਅਸੀਂ ਤੇਰੇ ਦਿਲ ਨੂੰ ਧਰਵਾਸ ਦੇਂਦੇ ਹਾਂ ਅਰ ਏਹਨਾਂ (ਪਰਸੰਗਾਂ ਦੇ ਬ੍ਰਿਤਾਂਤ) ਵਿਚ (ਇਕ ਤਾਂ ਜੋ) ਸੱਚੀ ਬਾਤ (ਸੀ ਓਹ) ਤੁਹਾਡੇ ਪਾਸ ਪਹੁੰਚੀ ਅਰ (ਇਸ ਥੀਂ ਵਧਕੇ ਏਹਨਾਂ ਵਿਚ) ਮੁਸਲਮਾਨਾਂ ਵਾਸਤੇ ਸਿਖਯਾ ਅਰ ਉਪਦੇਸ਼ (ਭੀ ਹੈ) ॥ ੧੨੦ ॥ ਅਰ (ਹੇ ਪੈਯੰਬਰ) ਜੋ ਲੋਗ ਭਰੋਸਾ ਨਹੀਂ ਕਰਦੇ ਓਹਨਾਂ ਨੂੰ ਕਹਿ ਦਿਓ ਕਿ ਤੁਸੀਂ ਆਪਣੀ ਜਗਹ਼ਾ ਕਰਮ ਕਰੋ ਅਰ ਅਸੀਂ (ਮੁਸਲਮਾਨ ਆਪਣੀ ਜਗਹਾ) ਕਰਮ ਕਰਦੇ ਹਾਂ ॥ ੧੨੧ ॥ ਅਰ ਤੁਸੀਂ ਭੀ (ਖੁਦਾ ਦੀ ਆਗਿਆ ਦੇ) ਪ੍ਰਤੀਖਯਤਵਾਨ ਰਹੋ ਅਸੀਂ (ਮੁਸਲਮਾਨ) ਭੀ ਪ੍ਰਤੀਖਯਤਵਾਨ ਰਹਿੰਦੇ ਹਾਂ ॥ ੧੨੨ ॥ ਅਰ ਧਰਤ ਅਗਾਸ ਵਿਚ ਜੋ ਗੁਪਤ ਬਾਤਾਂ ਹਨ ਓਹਨਾਂ ਦਾ ਗਿਆਨ ਅੱਲਾ ਨੂੰ ਹੀ ਹੈ ਅਰ ਸਾਰੀਆਂ ਬਾਤਾਂ ਦਾ (ਉਪਾਦਾਦ ਕਾਰਣ ਅਰ ਨਮਿਤ ਕਾਰਣ) ਆਖਰ ਕਾਰ ਖੁਦਾ ਹੀ ਹੈ ਤਾਂ (ਹੇ ਪੈਯੰਬਰ) ਉਸ ਦੀ ਬੰਦਗੀ ਕਰੋ ਅਰ ਓਸੇ ਪਰ ਭਰੋਸਾ ਰਖੋ ਅਰ ਜੋ ਕੁਛ ਤੁਸੀਂ ਲੋਗ ਕਰ ਰਹੇ ਹੋ ਤੁਹਾਡਾ ਪਰਵ-ਰਦਿਗਾਰ ਉਸ (ਬਾਤ) ਥੀਂ ਗਾਫਿਲ ਨਹੀਂ ॥ ੧੨੩ ॥ ਰੁਕੂਹ ੧੦॥

# ਸੂਰਤ ਯੂਸਫ਼ ਮੱਕੇ ਵਿਚ ਉਤਰੀ ਏਸ ਦੀਆਂ ਇਕ ਸੌ ਗਿਆਰਾਂ ਆਯਤਾਂ ਅਰ ਬਾਰਾਂ ਰੁਕੂਹ ਹਨ।

(ਪ੍ਰਾਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰ-ਪਾਲੂ (ਹੈ) ਅਲਫ ਲਾਮ ਰ੍ਹਾ ॥ (ਏਹ) (ਸੂਰਤ) ਪਰਗਟ ਪਸਤਕ (ਅਰਥਾਤ ਕੁਰਾਨ) ਦੀਆਂ ਕਝ ਆਇਤਾਂ ਹਨ ॥ ੧ ॥ ਅਸਾਂ ਏਸ ਕੁਰਾਨ ਨੂੰ ਅਰਬੀ ਬੋਲੀ ਵਿਚ (ਏਸੇ ਵਾਸਤੇ) ਉਤਾਰਿਆ ਹੈ ਤਾ ਕਿ ਤੁਸੀਂ (ਅਰਬ ਦੇ ਲੋਗ ਦੇਸ਼ ਬੋਲੀ ਹੋਣ ਦੇ ਸਬਬ ਏਸ ਨੂੰ ਭਲੀ ਤਰਹਾਂ) ਸਮਝ ਲਵੋ (ਅਰ ਤੁਹਾਡੇ ਦ੍ਵਾਰਾ ਦੂਸਰੇ ਆਦਮੀ ਸਮਝ ਲੈਣ) ॥ ੨ ॥ (ਹੇ ਪੈਯੰਬਰ) ਅਸੀਂ ਤੇਰੀ ਤਰਫ ਵਹੀ ਦੇ ਦ੍ਵਾਰਾ ਇਹ ਸੂਰਤ ਭੇਜ ਕੇ ਤੇਰੇ ਅਗੇ ਉਤਮੋਤਮ ਇਕ ਕਥਾ ਵਰਣਨ ਕਰਦੇ ਹਾਂ ਅਰ ਤੁਸੀਂ ਏਸ

Digitized by Panjab Digital Library | www.panjabdigilib.org

(ਸੂਰਤ ਦੇ ਉਤਰਨ) ਥੀਂ ਪਹਿਲਾਂ (ਏਹਨਾਂ ਬਾਤਾਂ ਥੀਂ) ਨਿਸਚੇ ਬੇ ਖ਼ਬਰ ਸੀ ॥ ੩ ॥ ਇਕ ਸਮਾਂ ਸੀ ਕਿ ਯੂਸਫ ਨੇ ਆਪਣੇ ਪਿਤਾ (ਯਾਕੂਬ) ਨੂੰ ਕਹਿਆ ਕਿ ਹੇ ਪਿਤਾ ਜੀ ! ਮੈਂ ਗਿਆਰਾਂ ਨਛਤ੍ਰਾਂ ਨੂੰ ਅਰ ਚੰਦ ਸੂਰਜ ਨੂੰ (ਸੁਪਨੇ ਵਿਚ ਕੀ) ਦੇਖਦਾ ਹਾਂ ਕਿ ਇਹ ਸਾਰੇ ਮੈਨੂੰ ਮੱਥਾ ਟੇਕ ਰਹੇ ਹਨ ॥ ੪ ॥ (ਯਾਕੂਬ ਨੇ) ਕਹਿਆ ਹੇ ਪੁਤ੍ਰ ਕਿਤੇ ਆਪਣੇ ਸੁਪਨੇ ਨੂੰ ਆਪਣੇ ਭਰਾਵਾਂ ਅਗੇ ਨਾ ਕਹਿ ਬੈਠਣਾਂ ਕਿ (ਉਹ ਸੁਣ ਲੈਣਗੇ ਤਾਂ) ਤੈਨੂੰ (ਕਿਸੇ ਨਾ ਕਿਸੇ ਵਿਪਤਿ ਵਿਚ) ਫਸਾ ਦੇਣ ਦੀਆਂ ਤਦਬੀਰਾਂ ਕਰਨ ਲਗਣਗੇ ਇਸ ਵਿਚ ਸੰਦੇਹ ਨਹੀਂ ਕਿ ਸ਼ੈਤਾਨ ਆਦਮੀ ਦਾ ਖੁਲਮਖੁਲਾ ਵੈਰੀ ਹੈ ॥ ੫ ॥ ਅਰ (ਉਹ ਉਹਨਾਂ ਨੂੰ ਬਹਿਕਾਯਾਂ ਥੀਂ ਬਿਨਾਂ ਨਹੀਂ ਛਡੇਗਾ) ਅਰ (ਜੈਸਾ ਤੂੰ ਸੁਪਨਾ ਦੇਖਿਆ ਹੈ) ਐਸੇ ਹੀ (ਹੋਵੇਗਾ ਕਿ) ਤੇਰਾ ਪਰਵਰਦਿਗਾਰ ਤੈਨੂੰ (ਮੇਰੀ ਵੰਸ ਵਿਚ) ਉੱਤਮ ਕਰੇਗਾ ਅਰ ਤੈਨੂੰ (ਸੁਫਨੇ ਦੇ) ਬਾਰਤਾ ਕਹਿਣ ਦੀ ਵਿਦਯਾ ਪ੍ਰਦਾਨ ਕਰੇਗਾ ਅਰ ਜਿਸ ਤਰਹਾਂ ਖੁਦਾ ਨੇ ਆਪਣੀ ਨਿਆਮਤ ਪਹਿਲੇ ਤੇਰੇ ਦਾਦੇ ਅਪਰਦਾਦੇ ਇਸ-ਹਾਕ ਅਤ ਇਬਰਾਹੀਮ ਪਰ ਪੂਰੀ ਕੀਤੀ ਸੀ ਉਸੀ ਤਰਹਾਂ ਤੇਰੇ ਪਰ ਅਰ ਯਾਕੂਬ ਦੀ ਵੰਸ (ਅਰਥਾਤ ਮੇਰੀ) ਨਸਲ ਪਰ ਪੂਰੀ ਕਰੇਗਾ ਨਿਰਸੰਦੇਹ ਤੇਰਾ ਪਰਵਰਦਿਗਾਰ ( ਸਾਰਿਆਂ ਦੇ ਹਾਲ ਦਾ ) ਗਿਜਾਤਾ ( ਅਰ ) ਹਿਕਮਤ ਵਾਲਾ ਹੈ ॥ ੬ ॥ ਰੁਕੂਹ ੧ ॥

( ਹੇ ਪੈਗੰਬਰ ਯਹੂਦ ) ਜੋ (ਤੇਰੇ ਸਾਥ ਪ੍ਰੀਖਯਾ ਦੇ ਕਾਰਨ ਬਨੀ ਅਸ-ਰਾਈਲ ਦੇ ਮਿਸਰ ਵਿਚ ਆਬਾਦ ਹੋਣ ਦੇ ਸਬਬੋਂ ) ਪੁਛਦੇ ਹਨ ਓਹਨਾਂ ਵਾਸਤੇ ਯੂਸਫ ਅਰ ਉਸ ਦੇ ਭਿਰਾਵਾਂ ( ਦੇ ਬਿਰਤਾਂਤਾਂ ) ਵਿਚ ( ਖੁਦਾ ਦੀ ਕੁਦਰਤ ਦੀਆਂ )ਨਿਰਸੰਦੇਹ ( ਬਹੁਤ ) ਨਿਸ਼ਾਨੀਆਂ ਹਨ ॥ ੭ ॥ ਕਿ ਜਦੋਂ ਯੂਸਫ ਦੇ ( ਮਾਤਰ ) ਭਿਰਾਵਾਂ ਨੇ ( ਆਪਸ ਵਿਚ ) ਕਹਿਆ ਯਦਯਪਿ ਅਸਾਂ ( ਸਹੋਦਰ ) ਭਿਰਾਵਾਂ ਦਾ ਯੂਥ ਭਾਰਾ ਹੈ ਤਥਾਪਿ ਯੂਸਫ ਅਰ ਉਸ ਦਾ ( ਸਹੋਦਰ ) ਭਿਰਾ ( ਬਿਨਯਾਮੀਨ ) ਸਾਡੇ ਪਿਤਾ ਨੂੰ ਸਾਡੇ ਨਾਲੋਂ ਨਿਰਸੰਦੇਹ ਅਧਿਕਤਰ ਅਧਿਕ ਹੀ ਪਯਾਰੇ ਹਨ ਕੋਈ ਸੰਸਾ ਨਹੀਂ ਕਿ ਪਿਤਾ ਜੀ ਪਰਤੱਛ ਭੁਲ ਪਰ ਹਨ ॥ ੮ ॥ ( ਤਾਂ ਯਾਂ ) ਯੂਸਫ ਨੂੰ ਮਾਰ ਸਿਟੋ ਅਥਵਾ ਉਸ ਨੂੰ ਕਿਸੇ ( ਹੋਰ ) ਜਗਹਾਂ ਸਿਟ ਆਓ ਤਾਂ ਪਿਤਾ ਜੀ ਦਾ ਧਿਆਨ ਸਿਰਫ ਤੁਹਾਡੀ ਤਰਫ ਹੀ ਰਹੇਗਾ ਅਰ ਉਸਦੇ ਪਿਛੋਂ ਤੁਹਾਡੇ (ਸਾਰੇ) ਹੀ ਕੰਮ ਰਾਸ ਹੋ ਜਾਣਗੇ ॥ ੯ ॥ ਉਨਹਾਂ ਵਿਚੋਂ ਇਕ ਬੋਲਣ ਵਾਲਾ ਬੋਲ ਉਠਿਆ ਯੂਸਫ ਨੂੰ ਜਾਨੋ ਤਾਂ ਨਾ ਮਾਰੋ ਹਾਂ ਜੇ ਤੁਹਾਡਾ ( ਐਸਾ ਹੀ ) ਸੰਕ-

Digitized by Panjab Digital Library | www.panjabdigilib.org

ਲਪ ਹੈ ਤਾਂ ਉਸਨੂੰ ( ਲਿਜਾਕੇ ਕਿਸੇ ) ਅੰਨ੍ਹੇ ਖੂਹ ਵਿਚ ਸੁਟ ਛਡੋ ਕਿ ਕੋਈ ਮਾਰਗੀ ਉਸ ਨੂੰ ਨਿਕਾਸ ਕੇ ਲੈ ਜਾਵੇਗਾ ॥ ੧੦ ॥ ਤਾਂ ਸਾਰਿਆਂ ਨੇ ਮਿਲ ਕੇ (ਯਾਕੂਬ ਨੂੰ ) ਕਹਿਆ ਕਿ ਹੇ ਪਿਤਾ ਜੀ ! ਇਸਦਾ ਕੀ ਕਾਰਨ ਹੈ ਕਿ ਆਪ ਯੂਸਫ ਦੀ ਤਰਫੋਂ ਸਾਡਾ ਭਰੋਸਾ ਨਹੀਂ ਕਰਦੇ ਹਾਲਾਂ ਕਿ ਅਸੀਂ ਤਾਂ ਉਸ ਦੇ (ਦਿਲੀ) ਸਹਾਇਕ ਹਾਂ ॥ ੧੧ ॥ (ਤਾਂ) ਉਸ ਨੂੰ ਸਾਡੇ ਸਾਥ ਕਲ ਨੂੰ ਭੇਜ ਦੀਜੀਏ ਕਿ ( ਬਨ ਦੇ ਫੁਲ ਫੁਲਵਾੜੀ ) ਖਾਏ ਅਰ ( ਤਨੀਸਾ ) ਖੇਡੇ (ਮੱਲੇ ) ਅਰ ਅਸੀਂ ਉਸ ਦੀ ਰਾਖੀ ਦੇ ਜਿੰਮੇ-ਵਾਰ ਹਾਂ ॥ ੧੨ ॥ ( ਯਾਕੂਬ ਨੇ ) ਕਹਿਆ ਤੁਹਾਡਾ ਇਸ ਨੂੰ ਲੈ ਜਾਣਾ ਤਾਂ ਮੇਰੇ ਵਾਸਤੇ ਔਖਾ ਪ੍ਰਤੀਤ ਹੁੰਦਾ ਹੈ ਅਰ ਮੈਂ ਏਸ ਬਾਤ ਥੀਂ ਭੀ ਡਰਦਾ ਹਾਂ ਕਿ ( ਐਸਾ ਨਾ ਹੋਵੇ ) ਕਿਤੇ ਏਸ ਦੀ ਤਰਫੋਂ ਤੁਸੀਂ ਵੇਸਲੇ ਹੋ ਜਾਓ ਅਰ ਏਸ ਨੂੰ ਬਘਿਆੜ ਖਾ ਜਾਏ ॥ ੧੩ ॥ ਓਹ ਲਗੇ ਕਹਿਣ ਕਿ ਯਦੀ ਏਸ ਨੂੰ ਬਘਿਆੜ ਖਾ ਜਾਏ ਅਰ ਅਸੀਂ ਏਤਨੇ ਬਾਹਲੇ ਹਾਂ ਤਾਂ ਏਸ ਬਾਤ ਥੀਂ ਅਸੀਂ ( ਨਿਪਟ ) ਨਿਕੰਮੇ ਹੀ ਇਸਥਿਤ ਹੋਏ ॥ ੧੪ ॥ ਅੰਤ ਨੂੰ ਜਦੋਂ ਇਹ ਲੋਗ (ਯਾਕੂਬ ਦੀ ਆਗਿਆ ਸਾਥ) ਯੂਸਫ ਨੂੰ ਆਪਣੇ ਨਾਲ ਲੈ ਗਏ ਅਰ ਸਾਰਿਆਂ ਨੇ ਇਸ ਬਾਤ ਪਰ ਏਕਾ ਕਰ ਲੀਤਾ ਕਿ ਇਸ ਨੂੰ ਕਿਸੇ ਅੰਧੇ ਖੂਹ ਵਿਚ ਸਿਟ ਛਡੀਏ ( ਤਾਂ ਜੈਸਾ ਸੰਕਲਪ ਸੀ ਵੈਸਾ ਹੀ ਕੀਤਾ) ਅਰ ( ਉਸ ਸਮੇਂ ) ਅਸਾਂ ਯੂਸਫ ਦੀ ਤਰਫ ਵਹੀ ਭੇਜੀ ( ਕਿ ਚਿੰਤਾਤੁਰ ਨਾ ਹੋਣਾ ਕਿ ਇਕ ਦਿਨ ਆਵੇਗਾ ਕਿ ) ਤੁਸੀਂ ਇਨਹਾਂ ਨੂੰ ਏਸ ਕੁਕਰਮ ਥੀਂ ਖਬਰਦਾਰ ਕਰੋਗੇ ਅਰ ਉਹ ਤੈਨੂੰ ਜਾਨਣ ( ਪਹਿਚਾਨਣ ) ਗੇ ਭੀ ਨਹੀਂ ॥ ੧੫ ॥ ਅਤਏਵ ਇਹ ਲੋਗ ( ਯੂਸਫ ਨੂੰ ਖੂਹ ਵਿਚ ਸਿਟਕੇ) ਥੋੜੀ ਰਾਤ੍ਰੀ ਗਏ ਰੋਂਦੇ ( ਪਿਟਦੇ ) ਪਿਤਾ ਪਾਸ ਆਏ ॥ ੧੬ ॥ ( ਅਰ ) ਲਗੇ ਕਹਿਣ ਕਿ ਹੇ ਪਿਤਾ, ਅਸੀਂ ਜਾ ਕੇ ( ਇਕ ਤਰਹਾਂ ਦੀ ) ਕਬੱਡੀ ਖੇਡਣ ਲਗ ਪਏ ਅਰ ਯੂਸਫ ਨੂੰ ਅਸਾਂ ਆਪਣੇ ਅਸਬਾਬ ਪਾਸ ਛੱਡ ਦਿਤਾ ਇਤਨੇ ਵਿਚ ਹੀ ਬਘਿਆੜ ( ਆ ਕੇ ) ਉਸ ਨੂੰ ਖਾ ਗਇਆ ਯਦਜਪਿ ਅਸੀਂ ਸਚ ਹੀ ( ਕਿਉਂ ਨਾ ) ਕਹੀਏ ਤਥਾਪਿ ਆਪ ਨੂੰ ਤਾਂ ਸਾਡੀ ਬਾਤ ਦਾ ਭਰੋਸਾ ਆਉਣਾ ਨਹੀਂ ॥ ੧੭ ॥

ਅਰ ਯੂਸਫ ਦੇ ਕੁੜਤੇ ਪਰ ਝੂਠੋ ਮੂਠ ਲਹੂ ( ਭੀ ਲਗਾ ) ਲੀਤਾ ਯਾਕੂਬ ਨੇ ( ਏਹਨਾਂ ਦੀ ਬਾਤ ਸੁਣ ਕੇ ਅਰ ਲਹੂਓ ਲੁਹਾਣ ਕੁਰਤਾ ਦੇਖਕੇ ) ਕਹਿਆ (ਕਿ ਯੂਸਫ ਨੂੰ ਬਘਿਆੜ ਨੇ ਤਾਂ ਨਹੀਂ ਖਾਧਾ)ਕਿੰਤੂ ਤੁਸਾਂ ਆਪ ( ਸੁਰਖਰੂ ਹੋਣ ) ਵਾਸਤੇ ਆਪਣੇ ਮਨੋ ਹੀ ਇਕ ਬਾਤ ਬਨਾ ਲੀੜੀ

Digitized by Panjab Digital Library | www.panjabdigilib.org

ਹੈ ਅੱਛਾ ਚੰਗਾ ਸਬਰ ਸ਼ੁਕਰ ਅਰ ਜੋ ਬ੍ਰਿਤਾਂਤ ਤੁਸੀਂ ਵਰਣਨ ਕਰਦੇ ਹੋ ਖ਼ੁਦਾ ਹੀ ਮਦਦ ਕਰੇ ( ਕਿ ਇਸਦਾ ਭੇਤ ਖੁਲ੍ਹ ਜਾਏ ) ॥ ੧੮ ॥ ਅਰ ( ਅਕਸਮਾਤ ) ਇਕ ਕਾਫਲਾ ( ਉਸ ਜਗਹਾਂ ) ਪਰ ਆ ਪ੍ਰਾਪਤਿ ਹੋਇਆ ਅਰ ਉਹਨਾਂ ਨੇ ਆਪਣੇ ਸੱਕੇ ( ਅਰਥਾਤ ਮਾਸ਼ਕੀ ਨੂੰ ਪਾਣੀ ਲਿਆਉਣ ਵਾਸਤੇ) ਭੇਜਿਆ ਜਿਸ ਵੇਲੇ ਉਸ ਨੇ ਆਪਣਾ ਡੋਲ ਵਗਾਇਆ ( ਯੂਸਫ ਉਸ ਦੇ ਵਿਚ ਹੋ ਬੈਠਾ ਬਾਹਰ ਨਿਕਾਸਿਆਂ ਤਾਂ ) ਬੋਲ ਉਠਿਆ ਆਹਾ ! ਇਹ ਤਾਂ ਬਾਲਕ ਹੈ ਅਰ ਕਾਫਲੇ ਵਾਲਿਆਂ ਨੇ ਯੂਸਫ ਨੂੰ ਵਜਾਪਾਰੀ ਮਾਲ ਸਮਝ ਕੇ ਛਿਪਾ ਰਖਿਆ ਅਰ ( ਏਹਨਾਂ ਲੋਗਾਂ ਨੇ ਤਾਂ ਜਾਣਿਆਂ ਕਿ ਕਿਸੇ ਨੂੰ ਖਬਰ ਨਹੀਂ ਪਰੰਚ ਯੂਸਫ ਦਾ ਹਾਲ ਛਿਪਾਣ ਦੀਆਂ ) ਜੋ ਤਦਬੀਰਾਂ ( ਇਹ ਲੋਗ ) ਕਰ ਰਹੇ ਸਨ ਅੱਲਾ ਨੂੰ ਖੂਬ ਮਾਲੂਮ ਸਨ ॥ ੧੯ ॥ ( ਇਤਨੇ ਸਮੇਂ ਵਿਚ ਭਿਰਾਵਾਂ ਨੂੰ ਯੂਸਫ ਦਾ ਪਤਾ ਲਗਾ ਅਰ ਓਹਨਾਂ ਨੇ ਉਸ ਨੂੰ ਆਪਣਾ ਗ਼ੁਲਾਮ ਬਣਾ ਕੇ ਬੇਚ ਦਿਤਾ ) ਅਰ ਕਾਫਲੇ ਵਾਲਿਆਂ ਨੇ ਨਿਊਨ ਮੋਲ ( ਅਰਥਾਤ ) ਥੋੜੇ ਸੇ ਦਿਰਮਾਂ ਦੇ ਬਦਲੇ ਵਿਚ ਉਸ ਨੂੰ ਖਰੀਦ ਲੀਤਾ ਅਰ ਉਹ ਯੂਸਫ ਦੇ ਮੋਲ ਲੈਣ ਪਰ ( ਅਸਲੀ ਦਿਲੋਂ ) ਲੋੜ ਵੰਦ ਭੀ ਨਹੀਂ ਸਨ ॥ ੨੦ ॥ ਰੁਕੂਹ ੨ ॥

ਅਰ ( ਅੰਤ ਨੂੰ ) ਮਿਸਰ ( ਦਿਆਂ ਲੋਗਾਂ ) ਵਿਚੋਂ ( ਅਜ਼ੀਜ਼ ਮਿਸਰ ) ਜਿਸ ਨੇ ਯੂਸਫ ਨੂੰ (ਕਾਫਲੇ ਵਾਲਿਆਂ ਪਾਸੋਂ ) ਮੋਲ ਲੈ ਲੀਤਾ ਉਸ ਨੇ ਆਪਣੀ ਤੀਵੀਂ ( ਜ਼ੁਲੈਖਾਂ ) ਨੂੰ ਕਹਿਆ ਕਿ ਇਸ ਨੂੰ ਸੁਖ ਪੂਰ-ਵਕ ਰਖਣਾ ਅਚਰਜ ਨਹੀਂ ( ਕਿ ਆਪਣੀ ਟਹਿਲ ਸੇਵਾ ਸਾਥ ) ਸਾਨੂੰ ਲਾਭ ਦੇਵੇ ਅਥਵਾ ਅਸੀਂ ਇਸ ਨੂੰ ( ਆਪਣਾ ) ਪੁਤ੍ਰ ਹੀ ਬਣਾ ਲਈਏ ਅਮੁਨਾ ਪ੍ਰਕਾਰੇਣ ਅਸਾਂ ਯੂਸਫ ਨੂੰ ਦੇਸ਼ ( ਮਿਸਰ ) ਵਿਚ ਅਸਥਾਨ ਦਿਤਾ ਅਰ ( ਅਸਲੀ ) ਭਾਵ ਇਹ ਸੀ ਕਿ ਅਸੀਂ ਇਸ ਨੂੰ ( ਸੁਪਨੇ ਦਾ ) ਫਲਾ ਫਲ ਕਹਿਣਾ ਸਿਖਾਈਏ ਅਰ ਅੱਲਾ ਆਪਣੇ ਸੰਕਲਪ ( ਦੇ ਪੂਰਾ ਕਰਨ ) ਨੂੰ ਸਾਮਰਥ ਹੈ ਪਰੰਚ ਬਾਹੁਲੇਣ ਲਗ ( ਇਸ ਭੇਤ ਨੂੰ ) ਨਹੀਂ ਜਾਣਦੇ ॥ ੨੧ ॥ ਅਰ ਜਦੋਂ ਯੂਸਫ ਜਵਾਨ ਅਵ-ਸਥਾ ਨੂੰ ਪ੍ਰਾਪਤ ਹੋਇਆ ਅਸਾਂ ਉਸ ਨੂੰ ਬੁਧਿ ਪ੍ਰਦਾਨ ਕੀਤੀ ਅਰ ਇਲਮ ( ਦਾ ਵਡਪਣ ) ਅਰ ਅਸੀਂ ਗੁਰਮੁਖਾਂ ਨੂੰ ਅਮੁਨਾ ਪ੍ਰਕਾਰੇਣ ( ਉਸ ਦੀ ਗੁਰਮੁਖਤਾਈ ਦਾ ) ਬਦਲਾ ਦਿਤਾ ਕਰਦੇ ਹਾਂ ॥ ੨੨ ॥ ਅਰ ( ਜ਼ੁਲੈਖਾਂ ) ਜਿਸ ਦੇ ਘਰ ਯੂਸਫ ਨਿਵਾਸ ਕਰਦਾ ਸੀ ਉਸ ਨੇ ਉਸ ਪਾਸੋਂ ਆਪਣਾ ( ਅਜੋਗ ) ਮਤਲਬ ਪ੍ਰਾਪਤਿ ਕਰਨ ਦੀ ਇੱਛਾ ਕੀਤੀ ਅਰ ਕਿਵਾੜ ਬੰਦ ਕਰ ਦਿਤੇ ਅਰ ਕਹਿਆ ਕਿ ਲ ਆਓ ! ( ਯੂਸਫ ਨੇ ) ਕਹਿਆ ਅੱਲਾ

Digitized by Panjab Digital Library | www.panjabdigilib.org

ਦੀ ਪਨਾਹ ਉਹ ( ਆਪ ਦਾ ਪਤੀ ) ਮੇਰਾ ਸਵਾਮੀ ਹੈ ਉਸ ਨੇ ਮੈਨੂੰ ਭਲੀ ਤਰਹਾਂ ਰਖਿਆ ਹੈ ( ਮੈਂ ਉਸ ਦੀ ਅਮਾਨਤ ਵਿਚ ਖਿਆਨਤ ਨਹੀਂ ਕਰ ਸਕਦਾ ) ਕਿਉਂਕਿ ( ਐਸੇ ) ਨਿਮਕ ਹਰਾਮੀਆਂ ਦੀ ਕਦੇ ਭਲਾਈ ਨਹੀਂ ਹੁੰਦੀ ॥ ੨੩ ॥ ਅਰ ਉਹ ( ਇਸਤ੍ਰੀ ) ਤਾਂ ਯੂਸਫ ਦੇ ਸਾਥ ( ਬਦ ) ਸੰਕਲਪ ਕਰ ਹੀ ਚੁਕੀ ਸੀ ਅਰ ਯੂਸਫ ਨੂੰ ਆਪਣੇ ਪਰਵਰਦਿਗਾਰ ਦੇ ( ਤਰਫ ਦੀ ) ਦਲੀਲ ( ਕਿ ਉਹ ਮੇਰਾ ਸੁਵਾਮੀ ਹੈ ਉਸ ਵੇਲੇ ) ਨਾ ਸੁਝ ਗਈ ਹੁੰਦੀ ਤਾਂ ਉਹ ਭੀ ਉਸ ( ਇਸਤ੍ਰੀ ) ਸਾਥ ( ਨਖਿਧ ) ਸੰਕਲਪ ਕਰ ਬੈਠੇ ਹੁੰਦੇ ਅਮੁਨਾ ਪ੍ਰਕਾਰੇਣ ( ਅਸਾਂ ਯੂਸਫ ਨੂੰ ਸਾਬਤ ਕਦਮ ਰਖਿਆ ) ਤਾਂ ਕਿ ( ਅਸੀਂ ) ਬਦਕਾਰੀ ਅਰ ਬੇ ਹਯਾਈ (ਦੇ ਕਰਤਬ) ਓਹਨਾਂ ਥੀਂ ਦੂਰ ਰਖੀਏ ਨਿਰਸੰਦੇਹ ਕਿ ਉਹ ਸਾਡਿਆਂ ਭਲਿਆਂ ਪੁਰਖਾਂ ਵਿਚੋਂ ਸਨ ॥ ੨੪ ॥ ਅਰ ਦੋਵੇਂ ਨਸਦੇ ਭਜਦੇ ਦਰਵਾਜੇ ਪਰ ਪ੍ਰਾਪਤਿ ਹੋਏ ਅਰ ਇਸਤ੍ਰੀ ਨੇ ( ਭਜਦੇ ਨੂੰ ਫੜਨੇ ਦੀ ਇਛਾ ਕੀਤੀ ਤਾਂ ) ਪਿਠ ਪਿਛੋਂ ਯੂਸਫ ਦਾ ਕੁੜਤਾ ਪਾੜ ਦਿਤਾ ਅਰ ਦੋਨੋਂ ਨੇ ਇਸਤ੍ਰੀ ਦੇ ਪਤੀ ਨੂੰ ਦਰਵਾਜੇ ਪਾਸ ( ਖਲੋਤਾ ) ਦੇਖਿਆ ( ਉਹ ਪਤਿ ਦੇ ਸਾਥ ਅਗੋਤਰ ਦੇ ਤਰੀਕ ਪਰ ) ਕਹਿਣ ਲਗੀ ਕਿ ਜੋ ਆਦਮੀ ਤੇਰੀ ਇਸਤ੍ਰੀ ਸਾਥ ਕਾਮ ਕ੍ਰੀੜਾ ਦਾ ਸੰਕਲਪ ਕਰੇ ਬਸ ਓਸ ਨੂੰ ਏਵਾ ਸਜ਼ਾ ਹੈ ਕਿ ( ਉਸ ਨੂੰ ) ਕੈਦ ਕੀਤਾ ਜਾਵੇ ਅਥਵਾ ( ਕੋਈ ਹੋਰ ) ਭਿਆਨਕ ਦੰਡ ( ਦਿਤਾ ਜਾਵੇ ) ॥੨੫॥ (ਯੂਸਫ) ਉਵਾਚ ਕਿ ਇਹ ( ਇਸਤ੍ਰੀ ਖੁਦ ) ਮੇਰੇ ਸਾਥ ਮੇਰੀ ਚਾਹਵੰਦ ਹੋਈ ਸੀ ਅਰ ਇਸ ( ਇਸਤ੍ਰੀ ) ਦਿਆਂ ਸੰਬੰਧੀਆਂ ਵਿਚੋਂ ਗਵਾਹ ( ਦੀ ਤਰਹਾਂ ਇਕ ਆਦਮੀ ) ਨੇ ਇਹ ਵਾਰਤਾ ਵਰਣਨ ਕੀਤੀ ਕਿ ਯੂਸਫ ਦਾ ਕੁੜਤਾ ( ਦੇਖਿਆ ਜਾਵੇ ) ਯਦੀ ਅਗਲੀ ਤਰਫੋਂ ਫਟਿਆ ਹੈ ਤਾਂ ਇਸਤ੍ਰੀ ਸਚੀ ਅਰ ਯੂਸਫ ਝੂਠਾ ॥੨੬॥ ਅਰ ਯਦੀ ਉਸ ਦਾ ਕੁੜਤਾ ਪਿਛਲੀ ਤਰਫੋਂ ਫਟਿਆ ਹੈ ਤਾਂ ਇਸਤ੍ਰੀ ਝੂਠੀ ਅਰ ਯੂਸਫ ਸਚਾ ॥ ੨੭ ॥ ਤਾਂ ਜਦੋਂ ( ਇਸਤ੍ਰੀ ਦੇ ਪਤੀ ਨੇ ) ਯੂਸਫ ਦਾ ਕੁੜਤਾ ਪਿਛਲੀ ਤਰਫੋਂ ਫਟਿਆ ਹੋਇਆ ਦੇਖਿਆ ਤਾਂ ਉਸ ਨੇ ( ਆਪਣੀ ਇਸਤ੍ਰੀ ਨੂੰ ) ਕਿਹਾ ਕਿ ਇਹ ( ਭੀ ) ਤੁਸਾਂ ਇਸਤ੍ਰੀਆਂ ਦੇ ਚਰਿਤ੍ਰ ਹਨ ਨਿਰਸੰਦੇਹ ਤੁਸਾਂ ਇਸਤ੍ਰੀਆਂ ਦੇ ਚਰਿਤ੍ਰ ਬੜੇ ( ਵਿਸਮਜਕਾਰੀ ਹੁੰਦੇ ) ਹਨ ॥ ੨੮ ॥ ( ਅਰ ਯੂਸਫ ਨੂੰ ਅਭਿਮੁਖ ਕਰਕੇ ਕਹਿਆ ਕਿ ) ਯੂਸਫ ! ਏਸ (ਬਾਤ ) ਨੂੰ ਜਾਣ ਦਿਓ ਅਰ ( ਹੇ ਇਸਤ੍ਰੀ ) ਤੂੰ ਆਪਣੇ ਅਪ੍ਰਾਧ ਦੀ ਭੁਲਣਾਂ ਬਖਸ਼ਾ ਕਿਉਂਕਿ ਨਿਰੀ ਪੁਰੀ ਤੇਰੀ ਹੀ ਭੁਲਣਾ ਸੀ ॥ ੨੯ ॥ ਰੁਕੂਹ ੩ ॥

ਅਰ ਸ਼ਹਿਰ ਵਿਚ ਇਸਤ੍ਰੀਆਂ ਨੇ ਚਰਚਾ ਕੀਤੀ ਕਿ ਅਜ਼ੀਜ਼

Digitized by Panjab Digital Library | www.panjabdigilib.org

(ਮਿਸਰ) ਦੀ ਇਸਤ੍ਰੀ ਆਪਣੇ ਦਾਸ ਪਾਸੋਂ (ਅਯੋਗ) ਇੱਛਾ ਪਰਾਪਤ ਕਰਨ ਦੇ ਖੈੜੇ ਪਈ ਹੈ ਦਾਸ ਦਾ ਪ੍ਰੇਮ ਉਸ ਦੇ ਦਿਲ ਵਿਚ ਪਿਆਰ ਬੰਨ੍ਹ ਬੈਠਾ ਹੈ ਸਾਡੇ ਖਿਆਲ ਵਿਚ ਤਾਂ ਉਹ ਪ੍ਰਤੱਖਜ ਭੁਲਣਾ ਪਰ ਹੈ ॥ ੩੦ ॥ ਤਾਂ ਜਦੋਂ (ਅਜ਼ੀਜ਼ ਮਿਸਰ ਦੀ) ਇਸਤ੍ਰੀ ਨੇ ਉਹਨਾਂ (ਇਸਤ੍ਰੀਆਂ) ਦੇ ਤਾਹਨੇ ਮੇਹਣੇ ਸੁਣੇ ਓਹਨਾਂ ਨੂੰ (ਆਪਣੇ ਪਾਸ) ਬੁਲਾ ਭੇਜਿਆ ਅਰ ਓਹਨਾਂ ਵਾਸਤੇ ਇਕ ਸਭਾ ਤਿਆਰ ਕੀਤੀ ਅਰ (ਫਲ ਛਿਲ ੨ ਕੇ ਖਾਣ ਵਾਸਤੇ) ਇਕ ਇਕ ਕਰਦ ਓਹਨਾਂ ਵਿਚੋਂ ਹਰ ਇਕ ਨੂੰ ਦੇ ਦਿਤੀ ਅਰ (ਸਮੇਂ ਸਿਰ ਯੂਸਫ ਨੂੰ) ਕਹਿਆ ਕਿ ਇਹਨਾਂ ਦੇ ਸਨਮੁਖ ਬਾਹਰ ਆਓ (ਅਰ ਤੁਨੀਸੀ ਆਪਣੀ ਮਨੋਹਰ ਮੂਰਤੀ ਤ੍ਰਾਂ ਦਿਖਲਾਓ) ਅਤਏਵ ਜਦੋਂ ਇਸਤ੍ਰੀਆਂ ਨੇ ਯੂਸਫ ਨੂੰ ਦੇਖਿਆ ਤਾਂ ਓਹਨਾਂ ਪਰ ਯੂਸਫ ਦੀ (ਮਨੋਹਰ ਮੂਰਤੀ) ਦਾ ਐਸਾ ਚਮਿਤਕਾਰ ਪੜਿਆ ਕਿ ਓਹਨਾਂ ਨੇ (ਬੇ ਖੁਦ ਹੋ ਕੇ ਫਲਾਂ ਨੂੰ ਵਤੀਰਦਿਆਂ ੨) ਆਪਣੇ ਹਥ ਵਢ ਲਏ ਅਰ ਲਗੀਆਂ ਕਹਿਣ ਹਾ ਦੈਵ ! ਇਹ ਮਨੁਖ ਤਾਂ ਨਹੀਂ ਹੋਵੇ ਨਾ ਹੋਵੇ ਇਹ ਤਾਂ ਕੋਈ ਵਡਾ ਭਾਰੀ ਦੇਵਤਾ ਹੈ ॥ ੩੧ ॥ (ਅਜ਼ੀਜ਼ ਮਿਸਰ ਦੀ ਔਰਤ) ਕਹਿਣ ਲਗੀ ਕਿ ਬਸ ਇਹੋ ਹੀ ਹੈ ਜਿਸ ਦੀ ਤਰਫੋਂ ਤੁਸੀਂ ਮੈਨੂੰ ਮੁਲਾਮਤ ਕੀਤਾ ਕਰਦੀਆਂ ਸਓ ਅਰ ਨਿਰਸੰਦੇਹ ਮੈਂ ਏਸ ਪਾਸੋਂ (ਅਜੋਗ) ਮਤਲਬ ਹਾਸਲ ਕਰਨਾ ਚਾਹਿਆ ਪਰੰਤੂ ਇਹ ਬਚਿਆ ਰਹਿਆ ਅਰ ਜਿਸ (ਕਾਰਜ ਦੇ ਵਾਸਤੇ) ਇਸ ਨੂੰ ਮੈਂ ਕਹਿ ਰਹੀ ਹਾਂ ਯਦੀਚ ਉਸ ਨੂੰ ਨਹੀਂ ਕਰੇਗਾ ਤਾਂ ਨਿਸਚਿਤ ਹੀ ਕੈਦ ਕੀਤਾ ਜਾਵੇਗਾ ਅਰ ਨਿਸਚੇ ਹੀ ਬੇ ਇਜ਼ਤ ਹੋਵੇਗਾ ॥ ੩੨ ॥ (ਇਹ ਸੁਣਕੇ) ਯੂਸਫ ਨੇ (ਓਸੇ ਵੇਲੇ) ਪ੍ਰਾਰਥਨਾਂ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਜਿਸ ਦੀ ਤਰਫ (ਇਹ ਇਸਤ੍ਰੀਆਂ) ਮੇਰਾ ਆਵਾਹਿਨ ਕਰਦੀਆਂ ਹਨ ਕੈਦ (ਵਿਚ) ਰਹਿਣਾ ਮੇਰੇ ਵਾਸਤੇ ਓਸ ਨਾਲੋਂ ਕਈ ਗੁਣਾਂ ਅਧਿਕਤਰ ਪਸੰਦ ਹੈ ਅਰ ਯਦੀ ਏਹਨਾਂ ਦੇ ਚਰਿਤ੍ਰਾਂ ਨੂੰ ਆਪ ਨੇ ਮੇਰੇ ਪੁਰੋਂ ਨਾ ਟਾਲਿਆ ਤਾਂ ਮੈਂ ਏਹਨਾਂ ਦੀ ਤਰਫੋਂ ਮਾਯਲ ਅਰ ਮੂਰਖਾਂ ਵਿਚੋਂ (ਦਾ ਇਕ ਮੂਰਖ) ਹੋ ਜਾਵਾਂਗਾ ॥ ੩੩ ॥ ਤਾਂ ਯੂਸਫ ਦੇ ਪਰਵਰਦਿਗਾਰ ਨੇ ਉਸ ਦੀ ਸੁਣ ਲੀਤੀ ਅਰ ਓਹਨਾਂ ਪਰ ਥੀਂ ਇਸਤ੍ਰੀਆਂ ਦੇ ਚਰਿਤ੍ਰਾਂ ਨੂੰ ਦੂਰ ਕਰ ਦਿਤਾ ਕੋਈ ਭਰਮ ਨਹੀਂ ਕਿ ਖੁਦਾ ਹੀ (ਸਭਨਾਂ ਦੀਆਂ) ਸੁਣਦਾ (ਅਰ ਸਭ ਕੁਛ ਜਾਣਦਾ) ਹੈ ॥ ੩੪ ॥ ਪੁਨਰ ਜਦੋਂ (ਅਜ਼ੀਜ਼ ਮਿਸਰ ਅਰ ਉਸ ਦਿਆਂ) ਲੋਗਾਂ ਨੇ (ਯੂਸਫ ਦੀ ਧਾਰਮਿਕਤਾ ਦੀਆਂ) ਨਿਸ਼ਾਨੀਆਂ ਦੇਖ ਲੀਤੀਆਂ ਇਸ ਦੇ ਪਿਛੋਂ (ਭੀ) ਓਹਨਾਂ ਨੇ ਇਹੋ ਹੀ (ਭਲਾ) ਮਾਲੂਮ ਹੋਇਆ ਕਿ ਇਕ

Digitized by Panjab Digital Library | www.panjabdigilib.org

(ਨਿਯਤ) ਸਮੇਂ ਤਕ ਇਸ ਨੂੰ ਬੰਦੀ ਖਾਨੇ ਵਿਚ ਹੀ ਰਖੀਏ ॥ ੩੫ ॥ ਰੁਕੂਹ ੪ ॥

ਅਰ (ਐਸਾ ਇਤਫਾਕ ਹੋਇਆ ਕਿ) ਯੂਸਫ ਦੇ ਸਾਥ ਦੋ ਯੁਵਕ (ਹੋਰ ਭੀ) ਬੰਦੀ ਖਾਨੇ ਵਿਚ ਪਰਵਿਸ਼ਟ ਹੋਏ (ਅਰ ਉਹਨਾਂ ਨੇ ਸੁਫਨੇ ਦੇਖੇ ਅਰ ਯੂਸਫ ਨੂੰ ਦੇਵ ਮੂਰਤਿ ਸਮਝ ਕੇ ਉਸਦਾ ਫਲ ਪੁਛਣ ਦੀ ਇਛਾ ਕਰਕੇ) ਇਕ ਨੇ ਕਹਿਆ ਕਿ ਮੈਂ ਆਪਣੇ ਆਪ ਨੂੰ (ਕੀ) ਦੇਖਦਾ ਹਾਂ ਕਿ (ਜਿਸ ਤਰਹਾਂ) ਮਦਰਾ (ਤਿਆਰ ਕਰਨ ਵਾਸਤੇ ਅੰਗੂਰਾਂ ਦਾ ਸੁਰਸ) ਨਿਚੋੜ ਰਹਿਆ ਹਾਂ ਅਰ ਦੂਸਰ ਨੇ ਕਹਿਆ ਕਿ ਮੈਂ ਆਪਣੇ ਆਪ ਨੂੰ (ਕੀ) ਦੇਖਦਾ ਹਾਂ ਕਿ ਆਪਣੇ ਸਿਰ ਪਰ ਪ੍ਰਸ਼ਾਦ ਚੁਕੇ ਹੋਏ ਹਨ (ਅਰ) ਪੰਖੀ ਓਸ ਵਿਚੋਂ ਖਾਈ ਜਾਂਦੇ ਹਨ (ਹੇ ਯੂਸਫ!) ਸਾਨੂੰ (ਸਾਡੇ) ਏਸ (ਸੁਪਨੇ) ਦਾ ਫਲਾਫਲ ਦਸੋ ਕਿਉਂ ਕਿ ਤੁਸੀਂ ਸਾਨੂੰ ਭਲੇ ਪੁਰਖ ਪਰਤੀਤ ਹੁੰਦੇ ਹੋ ॥ ੩੬ ॥ (ਯੂਸਫ ਨੇ) ਉਤਰ ਦਿਤਾ ਕਿ ਜੋ ਪ੍ਰਸ਼ਾਦ ਤੁਹਾਨੂੰ (ਹੁਣ ਕਾਰਾਗਾਰ ਵਿਚ) ਪ੍ਰਾਪਤਿ ਹੋਣ ਵਾਲਾ ਹੈ (ਅਰ ਉਸ ਦਾ ਸਮਾਂ ਨਗੀਚ ਹੀ ਹੈ) ਉਹ ਤੁਹਾਡੇ ਪਾਸ ਅਜੇ ਪ੍ਰਾਪਤਿ ਭੀ ਨਾ ਹੋਵੇਗਾ ਕਿ ਉਸ ਦੇ ਆਉਣ ਥੀਂ ਪਹਿਲੇ (ਪਹਿਲੇ ਤੁਹਾਡੇ) ਸੁਪਨ ਦਾ ਫਲਾਫਲ ਤੁਹਾਨੂੰ ਦਸ ਦੇਵਾਂਗਾ ਏਹ (ਸੁਪਨੇ ਦਾ ਫਲਾਫਲ ਭੀ) ਉਨਹਾਂ ਹੀ ਬਾਤਾਂ ਦੇ ਸਮੁਦਾਯ ਵਿਚੋਂ ਹੈ ਜੋ ਮੈਨੂੰ ਮੇਰੇ ਪਰਵਰਦਿਗਾਰ ਨੇ ਸਿਖਿਆ ਦਵਾਰਾ ਪ੍ਰਦਾਨ ਕੀਤੀਆਂ ਹਨ ਮੈਂ (ਆਦਿ ਤੋਂ) ਹੀ ਓਹਨਾਂ ਆਦਮੀਆਂ ਦਾ ਮਾਰਗ ਛਡੀ ਬੈਠਾ ਹਾਂ ਜੋ ਖੁਦਾ ਪਰ ਭਰੋਸਾ ਨਹੀਂ ਰਖਦੇ ਅਰ ਪ੍ਰਲੋ ਦੇ ਭੀ ਮੁਨਕਰ ਹਨ ॥ ੩੭ ॥ ਅਰ ਮੈਂ ਆਪਣੇ ਪਿਤਾ ਪਿਤਾਮਹ (ਅਰਥਾਤ) ਇਬਰਾਹੀਮ ਤਥਾ ਇਸਹਾਕ ਅਰ ਯਾਕੂਬ ਦੇ ਦੀਨ ਪਰ ਤੁਰਦਾ ਰਹਿਆ ਹਾਂ ਸਾਨੂੰ ਯੋਗ ਨਹੀਂ ਕਿ ਖੁਦਾ ਦੇ ਸਾਥ ਕਿਸੇ ਵਸਤੂ ਨੂੰ ਸ਼ਰੀਕ ਬਨਾਈਏ ਇਹ ਖੁਦਾ ਦਾ (ਨਿਸ਼ਚਾ) ਇਕ ਮੇਹਰ ਹੈ (ਜੋ ਉਸ ਨੇ) ਸਾਡੇ ਪਰ ਅਰ ਲੋਗਾਂ ਪਰ (ਕੀਤੀ ਹੈ) ਪਰੰਚ ਬਹੁਤੇਰੇ ਲੋਗ (ਓਸ ਦੀ ਏਸ ਨਿਆਮਤ ਦਾ) ਧੰਨਵਾਦ ਨਹੀਂ ਕਰਦੇ ॥ ੩੮ ॥ ਹੇ ਬੰਦੀਖਾਨੇ ਦੇ ਮਿਤ੍ਰੋ ! ਭਲਾ (ਦੇਖੋ ਤਾਂ ਸਹੀ ਕਿ) ਅਲਗ ੨ ਮਾਬੂਦ ਚੰਗੇ ਅਥਵਾ ਇਕ ਖੁਦਾ (ਤਥਾ) ਜ਼ਬਰਦਸਤ ॥ ੩੯ ॥ ਤੁਸੀਂ ਲੋਗ ਖੁਦਾ ਤੋਂ ਸਿਵਾ ਨਿਰੀ ਪੁਰੀ ਨਾਮ ਦੀ ਹੀ ਪੂਜਾ ਕਰਦੇ ਹੋ ਜੋ ਤੁਸਾਂ ਅਰ ਤੁਹਾਡੇ ਪਿਤਾ ਪਿਤਾਮਹ ਨੇ (ਆਪਣੇ ਮਨੋ ਹੀ) ਘੜ ਰਖੇ ਹਨ ਖੁਦਾ ਨੇ ਤਾਂ ਏਹਨਾਂ (ਦੇ ਪੂਜਜ ਹੋਣ) ਦੀ ਕੋਈ ਸਨਦ ਉਤਾਰੀ ਨਹੀਂ (ਸਾਰੇ ਹੀ ਸੰਸਾਰ ਵਿਚ) ਰਾਜ ਤਾਂ ਬਸ ਅੱਲਾ ਦਾ ਹੀ ਹੈ (ਅਰ) ਉਸ ਨੇ ਆਗਿਆ

Digitized by Panjab Digital Library | www.panjabdigilib.org

ਦਿਤੀ ਹੈ ਕਿ ਕੇਵਲ ਉਸੇ ਦੀ ਹੀ ਪੂਜਾ ਕਰੋ ਇਹੋ ਹੀ ਦੀਨ ( ਦਾ ) ਸਿਧਾ ( ਮਾਰਗ ) ਹੈ ਪਰੰਚ ( ਅਫਸੋਸ ) ਅਕਸਰ ਲੋਗ ਜਾਣਦੇ ਨਹੀਂ ॥ ੪੦ ॥ ਹੇ ਮੇਰੇ ਕਾਰਾਗਾਰ ਦੇ ਮਿਤਰੋ ! ਤੁਹਾਡੇ ਵਿਚੋਂ ਇਕ ( ਜਿਸ ਨੇ ਅੰਗੂਰਾਂ ਦਾ ਰਸ ਨਿਕਾਸਣਾ ਦੇਖਿਆ ਹੈ ਉਹ ) ਤਾਂ ( ਅਗੇ ਦੀ ਤਰਹਾਂ ਹੀ ) ਆਪਣੇ ਸਵਾਮੀ ਦਾ *ਸਾਕੀ ਬਣਿਆ ਰਹੇਗਾ ਅਰ ( ਓਸ ਨੂੰ ) ਸ਼ਰਾਬ ਪਿਲਾਵੇਗਾ ਅਰ ਦੂਸਰਾ ( ਜਿਸ ਨੇ ਰੋਟੀਆਂ ਸਿਰ ਪਰ ਰਖੀਆਂ ਦੇਖੀਆਂ ਹਨ ) ਸੂਲੀ ਦਿਤਾ ਜਾਵੇਗਾ ਅਰ ਪੰਖੀ ਓਸ ਦਾ ਸਿਰ ( ਚੁੰਘਾਂ ਮਾਰ ੨ ਕੇ ) ਖਾ ਜਾਣਗੇ ਜਿਸ ਬਾਤ ਨੂੰ ਤੁਸੀਂ ਦਰਿਆਫਤ ਕਰਦੇ ਸੀ ( ਉਹ ਏਹ ਹੈ ਅਰ ਖੁਦਾ ਦੀ ਤਰਫੋਂ ) ਨਬੇੜਾ ਹੋ ਚੁਕਾ ਹੈ ॥ ੪੧ ॥ ਅਰ ਜਿਸ ਆਦਮੀ ਦੀ ਤਰਫੋਂ ਯੂਸਫ ਨੇ ਸਮਝਿਆ ਸੀ ਕਿ ਏਹਨਾਂ ਦੋਹਾਂ ਵਿਚੋਂ ਏਸ ਦੀ ਖਲਾਸੀ ਹੋ ਜਾਵੇਗੀ ਉਸ ਨੂੰ ਕਹਿਆ ਕਿ ਆਪਣੇ ਸਵਾਮੀ ਦੇ ਪਾਸ ਮੇਰਾ ਭੀ ਬ੍ਰਿਤਾਂਤ ਕਹਿਣਾ ( ਕਿ ਮੈਂ ਨਿਰਦੋਖ ਬੰਦੀਖਾਨੇ ਵਿਚ ਹਾਂ ) ਸ ਸ਼ੈਤਾਨ ਨੇ ਉਸ ਨੂੰ ਆਪਣੇ ਸੁਆਮੀ ਦੇ ਅਗੇ ( ਏਸ ਦੀ ) ਵਿਥਿਆ ਕਹਿਣੀ ਭੁਲਾ ਦਿਤੀ ਤਾਂ ਕਈ ਬਰਖ ( ਯੂਸਫ ) ਕਾਰਾਗਾਰ ਵਿਚ ਰਹਿਆ ॥ ੪੨ ॥ ਰੁਕੂਹ ੫ ॥

ਅਰ ( ਏਸੇ ਸਮੇਂ ਵਿਚ ) ਰਾਜੇ ਨੈ ( ਭੀ ਇਕ ਸੁਪਨਾ ਦੇਖਿਆ ਅਰ ਆਪਣਿਆਂ ਸਭਾਸਦਾਂ ਅਗੇ ਉਸ ਦਾ ) ਵਰਣਨ (ਭੀ) ਕੀਤਾ ਕਿ ਮੈਂ ਵੇਖਦਾ ਹਾਂ ਸਤ ਗਾਵਾਂ(ਹਨ)ਰਿਸ਼ਟ(ਪੁਸ਼ਟ ਅਰ)ਉਹਨਾਂਨੂੰਸੱਤ ਗਾਵਾਂ ਨਿਰਬਲ(ਕ੍ਰਿਸ) (ਖਾਂਦੀਆਂ) ਭਖਯਣ ਕਰਦੀਆਂ ਜਾ ਰਹੀਆਂ ਹਨ ਅਰ (ਹੋਰ) ਸਤ ਸਿਟੇ ( ਹਨ ) ਸਬਜ਼ ਅਰ ਦੂਸਰੇ ( ਸਤ ਹਨ ) ਖੁਸ਼ਕ ਹੇ ਸਭਾਸਦੋ ਯਦੀ ਤੁਹਾਨੂੰ ਸੁਪਨੇ ਦਾ ਫਲਾਫਲ ਕਹਿਣਾ ਆਉਂਦਾ ਹੈ ਤਾਂ ਮੇਰੇ ( ਏਸ ) ਸੁਪਨੇ ਦਾ ਫਲਾਫਲ ਮੇਰੇ ਅਗੇ ਪ੍ਰਗਟ ਕਰੋ ॥ ੪੩ ॥ ਓਹਨਾਂ ਨੇ ਅਰ-ਜੋਈ ਕੀਤੀ ਕਿ ਇਹ ਤਾਂ ਕੋਈ ਬੇਢੰਗੀ ਜੈਸੀ ਸੰਕਲਪਨਾਏਂ ਹੈਂ ਅਰ ( ਐਸਿਆ ) ਸੰਕਲਪਾਂ ਦੇ ਫਲਾਫਲ ਸਾਨੂੰ ਤਾਂ ਨਹੀਂ ਆਉਂਦੇ ॥ ੪੪ ॥ ਅਰ ਉਹ ਆਦਮੀ ਜੋ ਦੋਨੋਂ (ਕੈਦੀਆਂ) ਵਿਚੋਂ ਵਿਮੁਕਤ ਹੋ ਗਿਆ ਸੀ ਅਰ ( ਹੁਣ ) ਉਸ ਨੂੰ ਚਿਰਕਾਲ ਪਿਛੋਂ ( ਯੂਸਫ ਦਾ ਬ੍ਰਿਤਾਂਤ ) ਯਾਦ ਆਇਆ ( ਰਾਜਾ ਤਥਾ ਸਭਾ ਸਦਾਂ ਦੀ ਬਾਤ ਸੁਣਕੇ ) ਬੋਲ ਉਠਿਆ ਕਿ ਮੈਨੂੰ (ਕਾਰਗ੍ਰਾਰ ਤਕ) ਜਾਣ ਦੀ ਆਗਿਆ ਹੋਵੇ ਤਾਂ (ਮੈਂ ਯੂਸਫ ਪਾਸੋਂ ਪੁਛ ਕੇ) ਏਸ ਦਾ ਫਲਾਫਲ ਆਪ ਅਗੇ ਵਰਣਨ ਕਰਾਂ ॥ ੪੫ ॥ (ਅਰਥਾਤ ਉਸ ਨੂੰ ਆਗਿਆ ਦਿਤੀ ਗਈ ਅਰ ਉਸ ਨੇ ਯੂਸਫ ਨੂੰ ਜਾਕੇ

*ਮਦਰਾ ਪਿਲਾਨੇ ਵਾਲਾ ॥

Digitized by Panjab Digital Library | www.panjabdigilib.org

ਕਹਿਆ ਕਿ ) ਹੇ ਯੂਸਫ ! ( ਤੁਸੀਂ ਸੁਪਨੇ ਦਾ ) ਬਹੁਤ ਸੱਚਾ ਫਲਾਫਲ ਵਰਣਨ ਕਰਨ ਵਾਲੇ ( ਹੋ ) ਭਲਾ ਏਸ ( ਸੁਪਨ ) ਵਲੋਂ ਤਾਂ ਤੁਸੀਂ ਮੇਰੇ ਅਗੇ ਆਪਣੀ ਰਾਏ ਪਰਗਟ ਕਰੋ ਕਿ ਸਤ ਮੋਟੀ ਗਾਵਾਂ ਨੂੰ ਸੂਤ ਪਤਲੀਆਂ ( ਕ੍ਰਿਸ ਗਾਵਾਂ ) ਖਾਈ ਜਾਂਦੀਆਂ ਹਨ ਅਰ ਸਤ ਸਿਟੇ ਹਰੇ ਅਰ ਦੂਸਰੇ (ਸਤ ਸਿਟੇ) ਸੁਕੇ ਹੋਏ ਹਨ (ਇਸ ਬਾਤ ਦਾ ਉੱਤਰ ਦਿਓ) ਤਾਂ ਮੈਂ ( ਜਿਨਹਾਂ ਆਦਮੀਆਂ ਪਾਸੋਂ ਆਇਆ ਹਾਂ ਪੁਨਰ ਉਨਹਾਂ ) ਲੋਗਾਂ ਪਾਸ ਹੀ ਚਲਿਆ ਜਾਵਾਂ ( ਅਰ ਆਪ ਦੀ ਦਸਿਆ ਹੋਇਆ ਫਲਾਫਲ ਓਹਨਾਂ ਅਗੇ ਦਸਾਂ ) ਤਾਂ ਕਿ ਏਸ ( ਬਹਾਨੇ ਨਾਲ ਤੁਹਾਡਾ ਹਾਲ ਭੀ ) ਓਹਨਾਂ ਅਗੇ ਪਰਗਟ ਹੋਵੇ ॥ ੪੬ ॥ ( ਯੂਸਫ ਨੇ ) ਕਹਿਆ ( ਸੁਪਨੇ ਦਾ ਫਲਾ-ਫਲ ਇਹ ਹੈ ਕਿ ) ਤੁਸੀਂ ਲੋਗ ਸਤ ਬਰਖ ਲਗਾਤਾਰ ਖੇਤੀ ਕਰਦੇ ਰਹੋਗੇ ਤਾਂ ਜੋ ( ਫਸਲ ) ਕਟੋ ਓਸੇ ਨੂੰ ਮੁੰਜਰਾਂ ਵਿਚ ਹੀ ਰਹਿਣ ਦੇਣਾ ( ਤਾਂ ਕਿ ਗਲੇ ਸੜੇ ਨਹੀਂ ) ਪਰੰਚ ( ਹਾਂ ) ਕਿਸੀ ਕਦਰ ਜੋ ਤੁਹਾਡੇ ਛਕਣ ਛਕਾਉਣ ਦੇ ਕੰਮ ਵਿਚ ਆਵੇ ( ਉਤਨਾ ਦਾਣਾ ਤਾਂ ਸਿਟਿਆਂ ਵਿਚੋਂ ਕਢਣਾ ਹੀ ਪਵੇਗਾ ) ॥ ੪੭ ॥ ਪੁਨਰ ਇਸ ਥੀਂ ਪਸਚਾਤ ਬੜੇ ਸਖਤ ( ਅਕਾਲ ਦੇ ) ਸਤ ( ਬਰਖ ) ਆਉਣਗੇ ਤਾਂ ਕਿ ਜੋ ਕੁਛ ਤੁਸਾਂ ਨੇ ( ਮੇਰੇ ਕਹਿਣ ਦੇ ਅਨੁਸਾਰ ) ਪਹਿਲਾਂ ਤੋਂ ਹੀ ਏਹਨਾਂ ( ਬਰਸਾਂ ) ਵਾਸਤੇ ਏਕਤ੍ਰ ਕਰ ਰਖਿਆ ਹੋਵੇਗਾ ( ਇਹ ਉਨਹਾਂ ਸਾਰਿਆਂ ਨੂੰ ) ਖਾ ਜਾਣਗੇ ਪਰੰਚ ਹਾਂ ਜੋ ਤਨੀਸਾ ਤੁਸੀਂ ( ਬੀਜ ਦੇ ਵਾਸਤੇ ) ਬਚਾ ਰਖੋਗੇ ( ਉਤਨਾ ਹੀ ਲੋਗਾਂ ਦੇ ਛਕਣ ਛਕਾਉਣ ਥੀਂ ਬਚ ਜਾਵੇਗਾ ) ॥ ੪੮ ॥ ਪੁਨਰ ਇਸ ਥੀਂ ਪਿਛੇ ਇਕ ਐਸਾ ਬਰਖ ਆਵੇਗਾ ਕਿ ਜਿਸ ਵਿਚ ( ਖੂਬ ਸੁਕਾਲ ਹੋਵੇਗਾ ) ਲੋਗਾਂ ਵਾਸਤੇ ਮੇਘਲਾ ਭੀ ਬਰਸੇਗਾ ਅਰ ( ਖੇਤੀ ਤੋਂ ਸਿਵਾ ) ਉਸ ਸਾਲ ( ਅੰਗੂਰ ਭੀ ਹਰੇ ਭਰੇ ਹੋਣਗੇ ਅਰ ਲੋਗ ਸ਼ਰਾਬ ਵਾਸਤੇ ਉਨਹਾਂ ਦਾ ਰਸ ਭੀ ) ਨਿਕਾਸਣਗੇ ( ਵਸਤੁਤਾ ਸਾਕੀ ਨੇ ਏਹ ਸੰਪੂਰਣ ਫਲਾਫਲ ਰਾਜਾ ਅਗੇ ਜਾ ਕੇ ਵਰਣਨ ਕੀਤਾ ) ॥ ੪੯ ॥ ਰੁਕੂਹ ੬ ॥

(ਅਰ) ਰਾਜੇ ਨੇ ਆਗਿਆ ਕੀਤੀ ਕਿ ਯੂਸਫ਼ ਨੂੰ ਸਾਡੇ ਸਨਮੁਖ ਲਿਆ ਹਾਜ਼ਰ ਕਰੋ ਤਾਂ ਜਦੋਂ ( ਰਾਜਾ ਦਾ ) ਚੋਬਦਾਰ ( ਇਹ ਹੁਕਮ ਲੈ ਕੇ ) ਯੂਸਫ ਦੇ ਪਾਸ ਪਹੁੰਚਿਆ ਤਾਂ ਓਹਨਾਂ ਨੇ ਕਹਿਆ ਤੁਸੀਂ ਆਪਣੇ ਰਾਜਾ ਦੇ ਪਾਸ ਲੋਟ ਜਾਓ ਅਰ ਓਹਨਾਂ ਪਾਸੋਂ ਪੁਛੋ ਕਿ ( ਆਪ ਨੂੰ ਕੋਈ ) ਉਹਨਾਂ ਇਸਤ੍ਰੀਆਂ ਦਾ ਬ੍ਰਿਤਾਂਤ ਭੀ ਯਾਦ ਹੈ ਜਿਨਹਾਂ ਨੇ ( ਮੈਨੂੰ ਦੇਖ ਕੇ ) ਆਪਣੇ ਹਥ ਵਢ ਲਏ ਸਨ ( ਕੀ ਉਨਹਾਂ ਨੂੰ ਮੇਰੀ ਇੱਛਾ ਸੀ ਕਿ ਮੈਨੂੰ ਉਨਹਾਂ ਦੀ ) ਨਿਰਸੰਦੇਹ ਏਹਨਾਂ ਦੇ ਚਰਿਤ੍ਰਾਂ ਨੂੰ ਮੇਰਾ ਪਰਵਰਦਿਗਾਰ ਹੀ ਭਲੀ

Digitized by Panjab Digital Library | www.panjabdigilib.org

ਭਾਂਤ ਜਾਣਦਾ ਹੈ ॥ ੫੦ ॥ ( ਗੱਲ ਕਾਹਦੀ ਰਾਜਾ ਨੇ ਓਹਨਾਂ ਇਸਤ੍ਰੀਆਂ ਨੂੰ ਬੁਲਾ ਕੇ ਉਨਹਾਂ ਪਾਸੋਂ ) ਪੁਛਿਆ ਕਿ ਜਿਸ ਵੇਲੇ ਯੂਸਫ ਪਾਸੋਂ ਤੁਸਾਂ ਆਪਣੀ ( ਅਯੋਗ ) ਇਛਾ ਪੂਰੀ ਕਰਨੀ ਚਾਹੀ ਸੀ ( ਓਸ ਵੇਲੇ ) ਤੁਹਾਨੂੰ ਕੀ ਗਲ ਪੇਸ਼ ਆਈ ਸੀ ? ਓਹਨਾਂ ਨੇ ਬੇਨਤੀ ਕੀਤੀ ਕਿ ਦੈਵ ਸਾਖੀ ਹੈ ਅਸਾਂ ਤਾਂ ਯੂਸਫ ਵਿਚ ਕਿਸੇ ਤਰਹਾਂ ਦੀ ਬੁਰਾਈ ਦੇਖੀ ਨਹੀਂ ( ਇਸ ਬਾਤ ਪਰ ) ਅਜ਼ੀਜ਼ ( ਮਿਸਰ ) ਦੀ ਇਸਤ੍ਰੀ ਬੋਲ ਉਠੀ ਹੁਣ ਤਾਂ ( ਜੋ ) ਸਤਯ ਬਾਤ ਸੀ ( ਸਾਰਿਆਂ ਅਗੇਂ ) ਵਿਦਤ ਹੋ ( ਹੀ ) ਗਈ ਹੈ ( ਸਤਯ ਬਾਤ ਤਾਂ ਏਹ ਹੈ ਕਿ ) ਮੈਂ ਯੂਸਫ ਪਾਸੋਂ ਆਪਣਾ ( ਅਯੋਗਯ ) ਮਤਲਬ ਪਰਾਪਤ ਕਰਨ ਦੀ ਇਛਾ ਕੀਤੀ ਸੀ ਅਰ ਯੂਸਫ ( ਨੇ ਜੋ ਆਪਣੀ ਬੇਗੁਨਾਹੀ ਪਰਗਟ ਕੀਤੀ ਹੈ ਉਹ ) ਬਿਲਕੁਲ ਸਚ ਕਥਨ ਕਰਦਾ ਹੈ ॥ ੫੧ ॥ ਏਹ ( ਸਾਰੀ ਕਥਾ ਚੋਬਦਾਰ ਨੇ ਯੂਸਫ ਅਗੇ ਜਾ ਵਰਣਨ ਕੀਤੀ ਯੂਸਫ ਨੇ ਕਹਿਆ ਮੈਂ ਪ੍ਰਾਚੀਨ ਦਬੀ ਦਬਾਈ ਬਾਤ ਨੂੰ ) ਏਸ ਸੰਕਲਪ ਪਰ ( ਪੁਟਿਆ ) ਕਿ ਅਜ਼ੀਜ਼ ਮਿਸਰ ਨੂੰ ( ਭਲੀ ਤਰਹਾਂ ) ਵਿਦਤ ਹੋ ਜਾਵੇ ਕਿ ਮੈਂ ਉਸਦੀ ਕੰਡੀ ਪਿਛੇ ਉਸ ਦੀ ( ਇਮਾਨਤ ਵਿਚ ) ਪਹੇਮਾਨਗੀ ਨਹੀਂ ਕੀਤੀ ਅਰ ( ਉਸ ਨੂੰ ) ਇਹ ( ਭੀ ਵਿਦਿਤ੍ਰ ਰਹੇ ) ਕਿ ਪਹੇਮਾਨਗੀ ਕਰਨ ਵਾਲਿਆਂ ਦੀਆਂ ਕੋਟੀਆਂ ਨੂੰ ਅੱਲਾ ਪਰਬ੍ਰਿਤ ਨਹੀਂ ਹੋਣ ਦੇਂਦਾ ॥੫੨॥ *ਅਰ (ਵੈਸੇ ਤਾਂ) ਮੈਂ ( ਭੀ ਆਦਮੀ ਹਾਂ ) ਮੈਂ ਆਪਣੇ ਵਾਸਤੇ (ਇਹ) ਨਹੀਂ ਕਹਿੰਦਾ ਕਿ ਮੈਂ ( ਦੇਵਤਿਆਂ ਦੀ ਤਰਹਾਂ ) ਪਵਿਤ੍ਰ ਹਾਂ ਕਿਉਂ ਕਿ ( ਕੁਟਲ ) ਅੰਤਸ਼ਕਰਣ ਤਾਂ ( ਆਦਮੀਆਂ ਨੂੰ ) ( ਸਦਾ ) ਬੁਰਾਈ ਦੇ ਵਾਸਤੇ ਹੀ ਪ੍ਰੇਰਣਾ ਕਰਦਾ ਹੈ ਪਰੰਚ ਏਹ ਕਿ ਮੇਰਾ ਪਰਵਰ-ਦਿਗਾਰ ਹੀ ( ਮੇਰੇ ਪਰ ) ਕਿਰਪਾ ਕਰੇ ਨਿਰਸੰਦੇਹ ਮੇਰਾ ਪਰਵਰਦਿਗਾਰ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੫੩ ॥ ਅਰ ਰਾਜਾ ਨੇ ਆਗਿਆ ਦਿਤੀ ਕਿ ਯੂਸਫ ਨੂੰ ਮੇਰੇ ਸਨਮੁਖ ਲਿਆ ਹਾਜਰ ਕਰੋ ਕਿ ਅਸੀਂ ਓਸ ਨੂੰ ( ਅਜ਼ੀਜ਼ ਦੀ ਟਹਿਲ ਸੇਵਾ ਤੋਂ ਛੁਡਾ ਕੇ ) ਖਾਲਸ ਆਪਣੇ ( ਕਾਰ ਕੰਮ ) ਵਾਸਤੇ ਰਖਾਂਗੇ ਪੁਨਰ ਜਦੋਂ ਯੂਸਫ ਨਾਲ ਬਾਤ ਚੀਤ ਕੀਤੀ ( ਤਾਂ ਰਾਜਾ ਨੂੰ ਯੂਸਫ ਦੀ ਬੁਧਿ ਦਾ ਚਮਿਤਕਾਰ ਪ੍ਰਤੀਤ ਹੋ ਗਇਆ ਅਰ ਓਸ ਨੇ ) ਆ-ਖਿਆ ਅਜ (ਥੀਂ) ਤੁਸੀਂ ਸਾਡੀ ਰਾਜਧਾਨੀ ਵਿਚ ਵਡੇ ਸ਼੍ਰੋਮਣੀ (ਅਰ) ਇਤਬਾਰ ਵਾਲੇ ਹੋਏ ॥ ੫੪ ॥ ( ਯੂਸਫ ਨੇ ) ਬੇਨਤੀ ਕੀਤੀ ਕਿ ( ਯਦੀ ਸਰਕਾਰ ਨੇ ਮੇਰੀ ਐਸੀ ਕਦਰ ਕੀਤੀ ਹੈ ਤਾਂ ) ਮੈਨੂੰ ਦੇਸੀ ਖਜ਼ਾਨਿਆਂ ਪਰ ਪ੍ਰਬੰਧ ਕਰਨੇ ਦੀ ਆਗਿਆ ਦੇ ਦਿਓ ਕਿਉਂਕਿ ( ਮੈਂ ਖਜ਼ਾਨਿਆਂ

*ਹੁਣ "ਵਾ ਮਾ ਓਬ੍ਰੂਈਆ" ਨਾਮੀਂ ਤੇਰਵਾਂ ਪਾਰਾ ਚਲਿਆ ॥

Digitized by Panjab Digital Library | www.panjabdigilib.org

ਦਾ ) ਪ੍ਰਬੰਧ ਭਲੀ ਤਰਹਾਂ ਕਰ ਸਕਦਾ ਹਾਂ ( ਅਤੇ ਗਣਿਕ ਵਿਦਿਆ ਦਾ ਭੀ ) ਖੂਬ ਜਾਣੂੰ ਹਾਂ ॥ ੫੫ ॥ ( ਗਲ ਕਾਹਦੀ ਯੂਸਫ ਰਾਜੇ ਦੇ ਖ਼ਜ਼ਾਨਿਆਂ ( ਕੋਸ਼ਾਂ ) ਦੇ ਅਧਿਸ਼ਟਾਤਾ ਨਿਯਤ ਕੀਤੇ ) ਅਰ ਇਸ ਪਰਕਾਰ ਅਸਾਂ ਯੂਸਫ ਨੂੰ ਦੇਸ਼ (ਮਿਸਰ) ਵਿਚ ਅਸਥਾਨ ਦਿਤਾ ਕਿ ਉਸ ਵਿਚ ਜਿਥੇ ਚਾਹੁਣ ਰਹਿਣ ਬਹਿਣ ਜਿਸ ਪਰ ਚਾਹੁੰਦੇ ਹਾਂ ਅਸੀਂ ਆਪਣੀ ਕਿਰਪਾ ਕਰ ਦੇਂਦੇ ਹਾਂ ਅਰ ਧਾਰਮਿਕ ਲੋਗਾਂ ਦੀ ਕਮਾਈ ਨੂੰ ਅਸੀਂ ( ਸੰਸਾਰ ਵਿਚ ਭੀ ) ਵਿਅਰਥ ਨਹੀਂ ਹੋਣ ਦੇਂਦੇ ॥ ੫੬ ॥ ਅਰ ਜੋ ਲੋਗ ਭਰੋਸਾ ਕਰ ਬੈਠੇ ਅਰ ਪਰਹੇਜ਼ਗਾਰੀ ਕਰਦੇ ਰਹੇ ਅੰਤ ਦਾ ਅਜਰ ਓਹਨਾਂ ਵਾਸਤੇ ( ਇਸ ਨਾਲੋਂ ਕਈ ) ਗੁਣਾਂ ਵਧਕੇ ਹੈ ॥ ੫੭ ॥ ਰੁਕੂਹ ੭ ॥

ਅਰ(ਕਿਉਂਕਿ ਕਿਨਿਆਨ ਦੇ ਸਾਰੇ ਦੇਸ ਵਿਚ ਦੁਹ ਕਾਲ ਸਮਾ ਪ੍ਰਾਪਤ ਹੋਇਆ ਹੋਇਆ ਸੀ ਇਸ ਨਮਿਤ ਕਰਕੇ ) ਯੂਸਫ ਦੇ ( ਮਾਤ੍ਰ ) ਭ੍ਰਾਤਾ ( ਆਨਾਜ ਮੋਲ ਲੈਣ ਵਾਸਤੇ ਮਿਸਰ ਵਿਚ ) ਆਏ ਅਰ ਯੂਸਫ ਦੇ ਪਾਸ ਪ੍ਰਾਪਤਿ ਹੋਏ ਤਾਂ ਯੂਸਫ ਨੇ ਓਹਨਾਂ ਨੂੰ ( ਦੇਖਦਿਆਂ ਹੀ ) ਪਹਿਚਾਨ ਲੀਤਾ ਅਰ ਓਹਨਾਂ ਨੇ ਯੂਸਫ ਨੂੰ ਨਾ ਪਹਿਚਾਨਿਆਂ ॥ ੫੮ ॥ ਅਰ ਜਦੋਂ ਯੂਸਫ ਨੇ ਭਿਰਾਵਾਂ ਦਾ ਸਾਮਾਨ ਓਹਨਾਂ ਵਾਸਤੇ ਤਿਆਰ ਕਰ ਦਿਤਾ ਤਾਂ ( ਓਹਨਾਂ ਨੂੰ ) ਕਿਹਾ ਕਿ (ਹੁਣ ਆਉਣਾ ਤਾਂ ) ਆਪਣੇ ਮਾਤ੍ਰ ਭਿਰਾ ਨੂੰ ( ਜਿਸ ਨੂੰ ਘਰ ਛਡ ਆਏ ਹੋ ਆਪਣੇ ਨਾਲ ਹੀ ) ਲਈ ਆਈਓ ਕੀ ਤੁਸੀਂ ਨਹੀਂ ਦੇਖਦੇ ਕਿ ਅਸੀਂ ਮਾਪ ਵਿਚ ਭੀ ਪੂਰਾ ਦੇਂਦੇ ਹਾਂ ਅਰ ਅਸੀਂ ਸਾਰਿਆਂ ਨਾਲੋਂ ਅਥਿਤੀ ਸ੍ਵਾਗਤਕਾਰੀ (ਪ੍ਰੋਹਣ ਚਾਰੀ)ਭੀ ਹਾਂ ॥ ੫੯ ॥ ਯਦੀ ਤੁਸੀਂ ਉਸ ਨੂੰ ਮੇਰੇ ਪਾਸ ਲੈ ਕੇ ਨਾ ਆਏ ਤਾਂ ਤੁਹਾਨੂੰ ਸਾਡੇ ਪਾਸੋਂ ਅੰਨ ਨਹੀਂ ( ਮਿਲੇ ਗਾ ) ਅਰ ( ਉਸ ਦੇ ਨਾਂ ਆਂਦੇ ਬਿਨਾਂ ) ਤੁਸੀਂ ਸਾਡੇ ਪਾਸ ( ਭੀ ) ਨਾ ਆਉਣਾ ॥ ੬੦ ॥ ਓਹਨਾਂ ਨੇ ਕਹਿਆ ਕਿ ਅਸੀਂ ਜਾਂਦੇ ਹੀ ਉਸ ਦੇ ਵਾਸਤੇ ਓਸ ਦੇ ਪਿਤਾ ਅਗੇ ਬੇਨਤੀ ਕਰਾਂਗੇ ਅਰ ਅਸੀਂ ਜਰੂਰ ਹੀ ਉਸ ਦੇ ਲੈ-ਆਂਉਣ ਦਾ ਪ੍ਰਬੰਧ ਕਰ ਲਵਾਂਗੇ ॥ ੬੧ ॥ ਅਰ ਯੂਸਫ ਨੇ ਆਪਣਿਆਂ ਨੌਕਰਾਂ ਨੂੰ ਆਗਿਆ ਦਿਤੀ ਕਿ ਇਹਨਾਂ ਲੋਗਾਂ ਦੀ ( ਜਮਾਂ ) ਪੂੰਜੀ ( ਜਿਸ ਦੀ ਪ੍ਰਤਿਨਿਧਿ ਵਿਚ ਏਹਨਾਂ ਲੋਗਾਂ ਨੇ ਅੰਨ ਮੋਲ ਲੀਤਾ ਹੈ ) ਇਹਨਾਂ ਦੀਆਂ ਬੋਰੀਆਂ ਵਿਚ ਹੀ ਰਖ ਦਿਓ ਤਾ ਕਿ ਜਦੋਂ ਇਹ ਆਪਣੇ ਬਾਲ ਬਚੜ ਦੀ ਤਰਫ ਲੌਟ ਕੇ ਜਾਣਗੇ ਤਾਂ ਆਪਣੀ ਪੂੰਜੀ ਨੂੰ ਪਹਿਚਾਨ ਲੈਣਗੇ ਅਸੰਭਵ ਨਹੀਂ ਕਿ ਇਹ ਲੋਗ (ਲਾਲਚ ਦੇ ਮਾਰੇ ਹੋਏ ) ਫਿਰ ਭੀ ( ਅਨਾਜ ਲੈਣ) ਆ ਜਾਣ ॥ ੬੨ ॥ ਤਾਂ ਜਦੋਂ ( ਇਹ ਲੋਗ ) ਆਪਣੇ ਪਿਤਾ ਦੇ ਪਾਸ ਲੌਟ ਕੇ ਗਏ ਤਾਂ ( ਓਹਨਾਂ ਅਗੇ ) ਬੇਨਤੀ ਕੀਤੀ ਕਿ ਹੇ ਪਿਤਾ ! ( ਅਗੇ

Digitized by Panjab Digital Library | www.panjabdigilib.org

ਵਾਸਤੇ) ਸਾਨੂੰ ਆਨਾਜ (ਮੋਲ)ਲੈਣ ਦੀ ਹੱਟਕ ਕੀਤੀ ਗਈ ਹੈ ਤਾਂ ਆਪ ਸਾਡੇ ਸਾਥ ਸਾਡੇ ਭਿਰਾ(ਆਮੀਨੀਆ ਯਾ ਮੀਨ)ਨੂੰ ਭੀ ਭੇਜ ਦਿਓ ਕਿ ਅਸੀਂ(ਪੁਨਰ) ਅਨਾਜ ਲੈ ਆਈਏ ਅਰ ਅਸੀਂ ਉਸ ਦੀ ਰਾਖੀ ਕਰਨ ਦੇ ਜਿੰਮੇ-ਵਾਰ ਹਾਂ ॥ ੬੩ ॥ ( ਪਿਤਾ ਨੇ ) ਕਹਿਆ ਮੈਂ ਤਾਂ ਤੁਹਾਡੇ ਪਰ ਉਸ ਦੀ ਤਰਫੋਂ ਭਰੋਸਾ ਨਹੀਂ ਕਰਦਾ ਪਰੰਚ ( ਹਾਂ ) ਵੈਸਾ ਹੀ ਭਰੋਸਾ ਜੈਸਾ ਮੈਂ ਪਹਿਲੇ ਇਸ ਦੇ ਭਿਰਾ ( ਯੂਸਫ ਦੀ ਤਰਫੋਂ ) ਕੀਤਾ ਸੀ ਸੋ ਸਾਰਿਆਂ ਨਾਲੋਂ ਵਧਕੇ ਖ਼ੁਦਾ ਹੀ ( ਇਸ ਦਾ ) ਪਾਲਕ (ਤਥਾ ਰਛਕ) ਹੈ ਅਰ ਓਹ ਸਾਰਿਆਂ ਮੇਹਰਬਾਨਾਂ ਨਾਲੋਂ ਅਧਿਕ ਮੇਹਰਬਾਨ ਹੈ॥੬੪॥ ਅਰ ਜਦੋਂ ਏਨਹਾਂ ਲੋਗਾਂ ਨੇ ਆਪਣਾ ਅਸਬਾਬ ਖੋਲ੍ਹਿਆ ਤਾਂ ( ਕੀ ) ਵੇਖਦੇ ਹਨ ਕਿ ਏਨਹਾਂ ਦੀ ( ਜਮਾਂ ) ਪੂੰਜੀ ਭੀ ਇਨਹਾਂ ਨੂੰ ਮੋੜ ਕੇ ਦਿਤੀ ਗਈ ਹੈ ( ਪੂੰਜੀ ਨੂੰ ਭੀ ਦੇਖ ਕੇ ਬਾਪ ਅਗੇ ) ਲਗੇ ਕਹਿਣ ਕਿ ਹੇ ਪਿਤਾ ! ਸਾਨੂੰ ( ਹੋਰ ) ਕੀ ਚਾਹੀਦਾ ਹੈ ਇਹ ਸਾਡੀ ( ਜਮਾਂ ) ਪੂੰਜੀ ( ਤਕ ਭੀ ਤਾਂ ) ਸਾਨੂੰ ਮੋੜ ਕੇ ਦਿਤੀ ਗਈ ਹੈ ( ਹੁਣ ਸਾਨੂੰ ਆਗਿਆ ਕਰੋ ਕਿ ਆਪਣੇ ਭਿਰਾ ਨੂੰ ਨਾਲ ਲੈ ਕੇ ਜਾਈਏ ) ਅਰ ਆਪਣੇ ਬਾਲ ਬਚੜ ਵਾਸਤੇ ( ਰਸਦ ) ਲੈ ਆਈਏ ਅਰ ਅਸੀਂ ਆਪਣੇ ਭਿਰਾ ਦੀ ਰਾਖੀ ਕਰਾਂਗੇ ਅਰ ( ਏਸ ਦੇ ਹਿਸੇ ਦਾ ) ਇਕ ਊਠ ਲੱਦਾ ਦਾ ਅੰਨ ਹੋਰ ਲਵਾਂਗੇ ਇਹ ਅੰਨ ( ਜੋ ਏਸ ਬਾਰ ਅਸੀਂ ਲੈ ਆਏ ਹਾਂ ) ਥੋਹੜਾ ਹੈ ॥੬੫ ॥ ( ਪਿਤਾ ) ਉਵਾਚ—( ਕਿ ) ਜਦੋਂ ਤਕ ਤੁਸੀਂ ਪਰਮੇਸੁਰ ਦੀ ਸੁਗੰਧ ਖਾ ਕੇ ਮੈਨੂੰ ਪੱਕਾ ਵਚਨ ਨਾ ਦਿਓਗੇ ਕਿ ਤੁਸੀਂ ਅਵਸ਼, ਏਸ ਨੂੰ ਮੇਰੇ ਪਾਸ ਲਿਆ ਪੁਚਾਓਗੇ ਪਰੰਤੂ ਇਹ ਕਿ ਤੁਸੀਂ ਆਪ ਹੀ ਘੇਰੇ ਜਾਓ ( ਤਾਂ ਕਠਨਾਈ ਹੈ ਐਸੀ ਸੁਗੰਧ ਤੋਂ ਬਿਨਾ ਤਾਂ ) ਮੈਂ ਇਸ ਨੂੰ ਤੁਹਾਡੇ ਸਾਥ ਕਦਾਪਿ ਨਹੀਂ ਭੇਜਾਂਗਾ ਤਾਂ ਜਦੋਂ ਓਹਨਾਂ ਨੇ ਪਿਤਾ ਨੂੰ ਆਪਣੀ ਸਤ ਪ੍ਰਤਗਿਆ ਦੇ ਦਿਤੀ ਤਾਂ ( ਪਿਤਾ ਨੇ ) ਕਹਿਆ ਏਹ ਪ੍ਰਤਗਿਆ ਜੋ ਅਸੀਂ (ਆਪਸ ਵਿਚ) ਕਰ ਰਹੇ ਹਾਂ ਅੱਲਾ ਏਸ ( ਹਾਲ ਦਾ) ਗਿਆਤਾ ਹੈ ॥ ੬੬ ॥ ਅਰ (ਪਿਤਾ ਨੇ ਏਹਨਾਂ ਨੂੰ ਤੁਰਦੀ ਵਾਰੀ ਏਹ ਭੀ)ਸਿਖਿਆ ਦਿਤੀ ਕਿ ਪੁੱਤਰੋ! ( ਦੇਖਣਾਂ ) ਇਕ ਦਰਵਾਜਿਓਂ ਪ੍ਰਵੇਸ਼ ਨਾਂ ਕਰਨਾ ਕਿੰਤੂ ਅਲਗ ੨ ਦਰ-ਵਾਜਿਆਂ ਦੀ ਰਾਹੀਂ ਪ੍ਰਵੇਸ਼ ਕਰਨਾ ਅਰ ਮੈਂ ( ਏਸ ਕਾਰਨ ਸਾਥ ) ਖ਼ੁਦਾ ਦੀ ਭਾਵੀ ਨੂੰ ਤਾਂ ਤੁਹਾਡੇ ਉਪਰੋਂ ਜਰਾ ਭੀ ਟਾਲ ਨਹੀਂ ਸਕਦਾ ਹੁਕਮ ਤਾਂ ਬਸ ਅੱਲਾ ਦਾ ਹੀ ( ਤੁਰਦਾ ) ਹੈ ਮੈਂ ਓਸੇ ਪਰ ਹੀ ਭਰੋਸਾ ਕਰ ਲੀਤਾ ਹੈ ਅਰ ( ਸਾਰਿਆਂ ) ਭਰੋਸਾ ਕਰਨ ਵਾਲਿਆਂ ਨੂੰ ਉਚਿਤ ਹੈ ਕਿ ਓਸੇ ਪਰ ਹੀ ਭਰੋਸਾ ਕਰਨ ॥ ੬੭ ॥ ਅਰ ਜਦੋਂ ਏਹ ਲੋਗ (ਪੂਰਵੋਕਤ

Digitized by Panjab Digital Library | www.panjabdigilib.org

ਰੀਤਿ ਅਨੁਸਾਰ ) ਜੈਸੇ ਕਿ ਓਹਨਾਂ ਦੇ ਪਿਤਾ ਨੇ ਉਨਹਾਂ ਨੂੰ ਕਹਿ ਦਿਤੀ ਸੀ ( ਮਿਸਰ ਵਿਚ ) ਪ੍ਰਵੇਸ਼ ਕੀਤਾ ਤਾਂ ਏਹ ਸੋਚ ਵਿਚਾਰ ਈਸ਼ਵਰ ਦੇ ਮੁਕਾਬਲੇ ਵਿਚ ਏਹਨਾਂ ਦੇ ਕੁਛ ਭੀ ਕੰਮ ਨਹੀਂ ਆ ਸਕਦੀ ਸੀ ਉਹ ਤਾਂ ਯਾਕੂਬ ਦਾ ਇਕ ਦਿਲੀ ਅਰਮਾਨ ਸੀ ਜਿਸ ਨੂੰ ਓਹਨਾਂ ਨੇ ( ਆਪਣੀ ਤਰਫੋਂ ਏਸੇ ਤਰਹਾਂ ਪਰ ) ਪੂਰਾ ਕੀਤਾ ਅਰ ਏਸ ਵਿਚ ਭ੍ਰਮ ਨਹੀਂ ਕਿ ਯਾਕੂਬ ਨੂੰ ਅਸਾਂ ਹੀ ਵਿਦਿਆ ਸਿਖਲਾਈ ਸੀ ( ਉਹ ) ਇਕ (ਐਸੀ) ਵਿਦਿਆ ਦੇ ਧਨੀ ਸਨ ( ਜੋ ਸਾਰਿਆਂ ਪਾਸ ਨਹੀਂ ਹੁੰਦੀ ) ਪਰੰਚ ਬਹੁਤੇਰੇ ਲੋਗ ( ਏਸ ਭੇਤ ਤੋਂ ) ਗਿਆਤ ਨਹੀਂ ॥ ੬੮ ॥ ਰੁਕੂਹ ॥ ੮ ॥

ਅਰ ਜਦੋਂ ( ਏਹ ਲੋਗ ਦੂਸਰੀ ਵੇਰ ) ਯੂਸਫ ਦੇ ਪਾਸ ਗਏ ਤਾਂ ਯੂਸਫ ਨੇ ਆਪਣੇ ( ਸਹੋਦਰ ) ਭਿਰਾ ਨੂੰ ਆਪਣੇ ਪਾਸ ਬੈਠਾ ਲੀਤਾ ( ਅਰ ਚੁਪ ਚਾਪ ਹੀ ਉਸ ਨੂੰ ) ਕਹਿਆ ਕਿ ਮੈਂ ਤੇਰਾ ਭਿਰਾ ( ਯੂਸਫ ) ਹਾਂ ਅਤਏਵ ਜੋ ( ਤੇਰੀ ਅਵਗਿਆ ਏਹ ਲੋਗ ) ਕਰਦੇ ਰਹੇ ਹਨ ਉਸ ਦਾ ਕੋਈ ਕ੍ਰੋਧ ਨਾ ਕਰੀਓ ॥ ੬੯ ॥ ਪੁਨਰ ਜਦੋਂ ( ਯੂਸਫ ਨੇ ) ਭ੍ਰਿਰਾਵਾਂ ਨੂੰ ਓਹਨਾਂ ਦੇ ( ਅੰਨ ਦਾ ) ਸਾਮਾਨ ਪੂਰਾ ਕਰ ਦਿਤਾ ਤਾਂ ਆਪਣੇ ਭ੍ਰਾਤਾ ਦੀ ਬੋਰੀ ਵਿਚ ( ਆਪਣੇ ) ਜਲ ਪਾਨ ਕਰਨੇ ਵਾਲਾ ਕਟੋਰਾ ਰਖ ਦਿਤਾ ਪੁਨਰ ਇਕ ਅਵਾਜ ਮਾਰਨ ਵਾਲੇ ਨੇ ਅਵਾਜ ਮਾਰੀ ਕਿ ਹੇ ਟੋਲੇ ਵਾਲਿਓ ਰੱਬ ਨਾਂ ਝੂਠਿਆਂ ਕਰੇ ਪਰ ਤੁਸੀਂ ਹੀ ਚੋਰ ਹੋ ॥ ੭੦ ॥ ਏਹ ਲੋਗ ਅਵਾਜ ਮਾਰਨ ਵਾਲੇ ਵਲ ਫਿਰ ਕੇ ਪੁਛਣ ਲਗੇ ਕਿ ( ਕਿਉਂ ਜੀ ) ਤੁਹਾਡੀ ਕੀ ਵਸਤੂ ਚੋਰੀ ਗਈ ਹੈ ॥ ੭੧ ॥ ਉਨਹਾਂ ਨੇ ਕਹਿਆ ਰਾਜਕੀਯ ਪੈਮਾਨਾ ਸਾਨੂੰ ਨਹੀਂ ਪ੍ਰਾਪਤਿ ਹੁੰਦਾ ਅਰ ਉਸ ਨੂੰ ਜੋ ਆਦਮੀ ਸਾਡੇ ਸਨਮੁਖ ਲੈ ਆਵੇ ਇਕ ਭਾਰ ਊਠ ( ਦਾਣਿਆਂ ਦਾ ) ਉਸ ਨੂੰ ( ਇਨਾਮ ਵਜੋਂ ਮਿਲੇਗਾ ) ਅਰ ਮੈਂ ਉਸ ( ਇਨਾਮ ) ਦਾ ਜ਼ਾਮਨ ਹਾਂ ॥ ੭੨ ॥ ( ਏਹ ਸੁਣ ਕੇ ਏਹ ਲੋਗ ) ਲਗੇ ਕਹਿਣ ਕਿ ਰੱਬ ਦੀ ਕਸਮ ਤੁਸੀਂ ਤਾਂ ਜਾਣਦੇ ਹੋ ਕਿ ਅਸੀਂ ( ਤੁਹਾਡੇ ) ਦੇਸ ਵਿਚ ਫਸਾਦ ਕਰਨ ਦੀ ਇਛਾ ਨਾਲ ਨਹੀਂ ਆਏ ਅਰ ਚੋਰੀ ਸਾਡਾ ਪੇਸ਼ਾ ( ਭੀ ) ਨਹੀਂ ॥ ੭੩ ॥ ( ਕਟੋਰੇ ਦੇ ਢੂੰਡਣ ਵਾਲੇ ) ਬੋਲੇ ਕਿ ( ਭਲਾ ) ਯਦੀ ਤੁਸੀਂ ਝੂਠੇ ਨਿਕਲੇ ਤਾਂ ਚੋਰ ਨੂੰ ਕੀ ਦੰਡ ? ॥ ੭੪ ॥ ਓਹ ਲਗੇ ਕਹਿਣ ਕਿ ਚੋਰ ਨੂੰ ਏਹ ਦੰਡ ਕਿ ਜਿਸ ਦੀ ਬੋਰੀ ਵਿਚੋਂ ਕਟੋਰਾ ਨਿਕਲੇ ਓਹ ਆਪ ਆਪਣਾ ਦੰਡ ( ਅਰਥਾਤ ਕਟੋਰੇ ਦੀ ਪ੍ਰਤਿਨਿਧਿ ਵਿਚ ਰਾਜੇ ਦਾ ਟਹਿਲ ਵਾਲਾ ) ਅਸੀਂ ਤਾਂ ( ਆਪਣੇ ਹਾਂ ) ਦੁਸ਼ਟਾਂ ( ਅਰਥਾਤ ਚੋਰਾਂ ਨੂੰ ) ਐਸਾ ਹੀ ਦੰਡ ਦਿਤਾ ਕਰਦੇ ਹਾਂ ॥ ੭੫ ॥ ਅੰਤ ਨੂੰ ਯੂਸਫ ਨੇ ਆਪਣੇ ਭਿਰਾ ਦੇ ਸ਼ਲੀਤੇ ( ਬੋਰੀ )

Digitized by Panjab Digital Library | www.panjabdigilib.org

ਨਾਲੋਂ ਪਹਿਲੇ ਦੂਸਰਿਆਂ ਭਿਰਾਵਾਂ ਦੇ ਸਲੀਤਿਆਂ ਦੀ ਪੜਚੋਲ ਕਰਨੀ ਆਰੰਭ ਕੀਤੀ ਪੁਨਰ ( ਸਾਰਿਆਂ ਦੇ ਪਿਛੋਂ ) ਆਪਣੇ ਭਿਰਾ ਦੇ ਸ਼ਲੀਤੇ ਵਿਚੋਂ ਕਟੋਰਾ ਨਿਕਸਵਾਇਆ ਅਮੁਨਾ ਪ੍ਰਕਾਰ ਦੀ ਯੁਕਤਿ ਅਸਾਂ ਯੂਸਫ ਨੂੰ ਦਸ ਦਿਤੀ ( ਨਹੀਂ ਤਾਂ ਮਿਸਰ ) ਦੇ ਰਾਜਾ ਦੀ ਰਾਜਨੈਤਿਕ ਯੁਕਤਿ ਦੁਆਰਾ ਓਹ ਆਪਣੇ ਭਿਰਾ ਨੂੰ ਨਹੀਂ ਰੋਕ ਸਕਦੇ ਸਨ .ਪਰੰਚ ਏਹ ਕਿ ਖੁਦਾ ਨੂੰ ਮਨਜ਼ੂਰ ਹੁੰਦਾ ( ਤਾਂ ਕੋਈ ਦੂਸਰੀ ਯੁਕਤਿ ਨਿਕ-ਲਦੀ ) ਅਸੀਂ ਜਿਸ ਨੂੰ ਚਾਹੁੰਦੇ ਹਾਂ (ਯੁਕਤੀਆਂ ਦੀ ਵਿਦਿਆ ਵਿਚ ) ਓਸ ਦੇ ਦਰਜੇ ਉੱਚੇ ਕਰ ਦੇਂਦੇ ਹਾਂ ਅਰ ( ਸੰਸਾਰ ਵਿਚ ) ਹਰਏਕ ਬੁਧਿਮਾਨ ਨਾਲੋਂ ਵਧ ਕੇ ( ਦੂਸਰਾ ) ਬੁਧਿਮਾਨ ( ਵਿਦਮਾਨ ) ਹੈ ॥ ੭੬ ॥ ( ਜਦੋਂ ਉਸ ਦੇ ਸੁਲੀਤੇ ਵਿਚੋਂ ਕਟੋਰਾ ਪ੍ਰਾਪਤ ਹੋਇਆ ਤਾਂ ਦੂਸਰੇ ਭਿਰਾ ) ਲਗੇ ਕਹਿਣ ਕਿ ਯਦੀ ਏਸ ਨੇ ਚੋਰੀ ਕੀਤੀ ਹੋਵੇ ਤਾਂ ( ਅਸੰਭਵ ਬਾਤ ਨਹੀਂ ਏਸ ਥੀਂ ) ਪਹਿਲਾਂ ਏਸ ਦਾ ( ਸਹੋਦਰ ) ਭਿਰਾ ( ਯੂਸਫ ) ਭੀ ਚੋਰੀ ਕਰ ਬੈਠਾ ਹੈ ਤਾਂ ਯੂਸਫ ਨੇ ( ਏਸ ਦਾ ਉੱਤਰ ਦੇਣ ਦੀ ਇਛਾ ਕੀਤੀ ਪਰੰਚ ) ਉਸ ਨੇ ਆਪਣੇ ਦਿਲ ਵਿਚ ਹੀ ਰਖਿਆ ਅਰ ਏਨਹਾਂ ਅਗੇ ਉਸ ਨੂੰ ਪਰਗਟ ਨਾਂ ਹੋਣ ਦਿਤਾ ( ਅਰ ਕਹਿਆ ਤਾਂ ਏਹ ) ਕਹਿਆ ਕਿ ਤੁਸੀਂ ਬੜੇ ਝੁਗਾ ਪੁਟ ( ਅਰਥਾਤ ਦੁਸ਼ਟ ਪੁਰਖ ) ਹੋ ਅਰ ਉਹ ਜੋ ( ਏਸ ਦੇ ਭਿਰਾ ਦੀ ਚੋਰੀ ਦਾ ਹਾਲ ) ਵਰਣਨ ਕਰ ਦਿਓ ਖੁਦਾ ਹੀ ਓਸ ਨੂੰ ਭਲੀ ਤਰਹਾਂ ਜਾਣਦਾ ਹੋਵੇਗਾ ॥ ੭੭ ॥ ( ਏਸ ਬਾਤ ਥੀਂ ਏਹ ਲੋਗ ਲਗੇ ਕਹਿਣ ਕਿ ਹੇ ਅਜ਼ੀਜ਼ ਏਸ ਦੇ ਪਿਤਾ ਬਹੁਤ ਬ੍ਰਿਧ ( ਪੁਰਖ ) ਹੈਂ ( ਅਰ ਉਹਨਾਂ ਨੂੰ ਇਸ ਨਾਲ ਅਤੀ ਪ੍ਰੇਮ ਹੈ ) ਤਾਂ ਆਪ ( ਕ੍ਰਿਪਾ ਦ੍ਰਿਸ਼ਟੀ ਕਰਕੇ ) ਏਸ ਦੀ ਪ੍ਰਤਿਨਿਧਿ ਵਿਚ ਸਾਡੇ ਵਿਚੋਂ ਕਿਸੇ ਇਕ ਨੂੰ ( ਆਪਣੀ ਸੇਵਾ ਵਿਚ ) ਰਖ ਲਵੇ ਸਾਨੂੰ ਤਾਂ ਆਪ ਸੁਛ ( ਅੰਤਹਕਰਣ ਵਾਲੇ ਸਰਦਾਰ ) ਪ੍ਰਤੀਤ ਹੁੰਦੇ ਹੋ ॥ ੭੮ ॥ ( ਯੂਸਫ ਨੇ ) ਕਹਿਆ ਕਿ ਅੱਲਾ ਪਨਾਹ ਦੇਵੇ ਕਿ ਅਸੀਂ ਉਸ ਆਦਮੀ ਨੂੰ ਛਡ ਕੇ ਜਿਸ ਦੇ ਪਾਸੋਂ ਸਾਡੀ ਵਸਤੁ ਪ੍ਰਾਪਤ ਹੋਈ ਹੈ ਕਿਸੇ ਦੂਸਰੇ ਆਦਮੀ ਨੂੰ ਪਕੜ ਰਖੀਏ ਐਸਾ ਕਰੀਏ ਤਾਂ ਅਸੀਂ ( ਬੜੇ ਹੀ ) ਪਾਪੀ ਠਹਿਰੀਏ ॥ ੭੯ ॥ ਰੁਕੂਹ ੯ ।

ਤਾਂ ਜਦੋਂ ( ਏਹ ਲੋਗ ) ਯੂਸਫ ਪਾਸੋਂ ਨਿਰਾਸੇ ਹੋ ਗਏ ( ਕਿ ਏਹ ਮੰਨਣ ਵਾਲਾ ਨਹੀਂ ) ਤਾਂ ( ਕਾਨਾਫੂਸੀ ਅਰ ) ਮਸ਼ਵਰਾ ਕਰਨ ਵਾਸਤੇ ਵਖਰੇ ਹੋ ਬੈਠੇ ( ਆਖਰ ) ਜੋ ਸਾਰਿਆਂ ਵਿਚੋਂ ਵਡਾ ਸੀ ਉਸ ਨੇ ਕਹਿਆ ( ਹੇ ਭ੍ਰਾਤ੍ਰੀ ਗਣੋ ! ) ਕੀ ਤੁਹਾਨੂੰ ਮਾਲੂਮ ਨਹੀਂ ਕਿ ਪਿਤਾ ਜੀ ਨੇ

Digitized by Panjab Digital Library | www.panjabdigilib.org

( ਇਸਦੀ ਤਰਫੋਂ ) ਖੁਦਾ ਦੀ ਸੁਗੰਧ ਲੈ ਕੇ ਤੁਹਾਡੇ ਪਾਸੋਂ ਪਕੀ ਪ੍ਰਤਿਗਆ ਲੈ ਲੀਤੀ ਹੈ ਅਰ ( ਏਸ ਥੀਂ ) ਪਹਿਲਾਂ ਭੀ ਯੂਸਫ ਵਾਲੀ ਭੁਲਣਾ ਤੁਹਾਡੇ ਪਾਸੋਂ ਹੋ ਚੁਕੀ ਹੋਈ ਹੈ ਤਾਂ ( ਭ੍ਰਾਤ੍ਰੀ ਗਣੋ ! ) ਜਦੋਂ ਤਕ ਮੈਨੂੰ ( ਮੇਰੇ ) ਪਿਤਾ ਜੀ ਆਗਿਆ ( ਨਾ ) ਦੇਣ ਅਥਵਾ ( ਜਦੋਂ ਤਕ ) ਮੇਰੇ ਵਾਸਤੇ ਖੁਦਾ ਕੋਈ ਹੋਰ ਮਾਰਗ ( ਨਾ ) ਨਿਕਾਸੇ ਮੈਂ ਤਾਂ ਏਸ ਜਗਹਾਂ ਤੋਂ ਜਾਣ ਵਾਲਾ ਨਹੀਂ ਅਰ ਖੁਦਾ ਹੀ ਸਾਰਿਆਂ ਨਾਲੋਂ ਉੱਤਮ ਯੁਕਤੀਦਾਤਾ ਹੈ ॥ ੮੦ ॥ ਤਾਂ ( ਹੇ ਭ੍ਰਾਤ੍ਰੀ ਗਣੋ ! ) ਤੁਸੀਂ ( ਸਾਰੇ ) ਪਿਤਾ ਦੀ ਸੇਵਾ ਵਿਚ ਲੋਟ ਜਾਓ ਅਰ ( ਓਹਨਾਂ ਅਗੇ ਜਾਕੇ ) ਬੇਨਤੀ ਕਰੋ ਕਿ ਹੇ ਪਿਤਾ ਆਪ ਦੇ ਪੁਤਰ ਨੇ ਚੋਰੀ ਕੀਤੀ ਅਸੀਂ ਆਪ ਦੇ ਅਗੇ ਉਹੀ ਅਰਜ਼ ਕਰਦੇ ਹਾਂ ਜੋ ਸਾਨੂੰ ( ਵੇਲੇ ਸਿਰ ) ਪਰਤੀਤ ਹੋਈ ਹੈ ਅਰ ( ਉਹ ਜੋ ਅਸਾਂ ਨੇ ਇਸਦੀ ਰਖਿਆ ਕਰਨ ਦਾ ਬਚਨ ਕੀਤਾ ਸੀ ਤਾਂ ) ਸਾਨੂੰ ਕਿਸੇ ਗੁਪਤ ਵਾਰਤਾ ਦੀ ਖਬਰ ਹੈ ਨਹੀਂ ਸੀ ( ਕਿ ਇਹ ਚੋਰੀ ਕਰੇਗਾ ) ॥ ੮੧ ॥ ਅਰ ਆਪ ਉਸ ਨਗਰ ( ਅਰਥਾਤ ਮਿਸਰ ਦੇ ਲੋਗਾਂ ) ਪਾਸੋਂ ਪੁਛ ਲਵੇ ਜਿਥੇ ਅਸੀਂ ਸਾਂ ਤਥਾ ( ਹੋਰ ) ਕ਼ਾਫਲੇ ਸਨ ਜਿਸ ਵਿਚੋਂ ਅਸੀਂ ਆਏ ਹਾਂ ਅਰ ਅਸੀਂ ਉੱਕਾ ਸਚ ਕਹਿੰਦੇ ਹਾਂ ॥ ੮੨ ॥ ( ਤਾਂ ਜਦੋਂ ਭਿਰਾਵਾਂ ਨੇ ਜਾਕੇ ਯਾਕੂਬ ਨੂੰ ਉਕਤ ਪ੍ਰਕਾਰ ਨਾਲ ਦਸਿਆ ਤਾਂ ਸੁਣ ਕੇ ) ਬੋਲਿਆ ( ਕਿ ਉਸ ਨੇ ਤਾਂ ਚੋਰੀ ਨਹੀਂ ਕੀਤੀ ) ਕਿੰਤੂ ਤੁਸੀਂ ਆਪਣੇ ਮਨੋਂ ਹੀ ਮਨਘੜਤ ਬਾਤ ਲੈ ਆਏ ਹੋ ਤਾਂ ( ਖੈਰ ) ਧੀਰਜ਼ਸੰਤੋਖ!!! ( ਮੈਨੂੰ ਤਾਂ ) ਉਮੈਦ ਹੈ ਕਿ ਅੱਲਾ ਮੇਰਿਆਂ ਸਾਰਿਆਂ ਲੜਕਿਆਂ ਨੂੰ ਮੇਰੇ ਸਾਹਮਣੇ ਲਿਆ ਇਸਥਿਤ ਕਰੇਗਾ ਕਿਉਂਕਿ ਉਹ ( ਸਭਨਾਂ ਬਾਤਾਂ ਤੋਂ ) ਗਿਆਤ ( ਅਰ ) ਹਿਕਮਤ ਵਾਲਾ ਹੈ ॥ ੮੩ ॥ ਅਤਏਵ ਯਾਕੂਬ ਪੁਤਰਾਂ ( ਪਾਸੋਂ ਉਠ ਕੇ ) ਏਕਾਂਤ ਜਾ ਬੈਠਾ ਅਰ ( ਯੂਸਫ ਨੂੰ ਯਾਦ ਕਰਕੇ ) ਲਗੇ ਕਹਿਣ ਹਾਇ ਯੂਸਫ ! ( ਅਰ ਜਿਥੋਂ ਤੱਕ ਬਲ ਸੀ ਮਨ ਨੂੰ ਰੋਕਦੇ ਸਨ ਪਰੰਚ ) ਗਮ ਦਿਆਂ ਮਾਰਿਆਂ (ਰੋ ਰੋ ਕੇ) ਓਹਨਾਂ ਦੀਆਂ ਦੋਵੇਂ ਅੱਖੀਆਂ ਸਫੇਦ ਹੋ ਗਈਆਂ ਸਨ ਅਰ ਉਹ ( ਮਨ ਹੀ ਮਨ ਵਿਚ ) ਕੁੜ੍ਹਿਆ ਕਰਦੇ ਸਨ ॥ ੮੪ ॥ (ਪਿਤਾ ਦੀ ਇਹ ਦਿਸ਼ਾ ਦੇਖਕੇ) ਪੁਤਰ ਲਗੇ ਕਹਿਣ ਕਿ ਹਾਇ ਰੱਬਾ ! ਤੁਸੀਂ ਤਾਂ ਸਦਾ ਯੂਸਫ ਦੀ ਹੀ ਯਾਦ ਵਿਚ ਲਗੇ ਰਹਿਆ ਕਰੋਗੇ ਇਥੋਂ ਤੱਕ ਕਿ ( ਯਾਂ ਤਾਂ ਝੁਰ ਝੁਰ ਕੇ ) ਕਾਰ ਕੰਮ ਥੀਂ ਹੀ ਰਹਿ ਜਾਉਗੇ ਯਾ ਮਰ ਹੀ ਜਾਉਗੇ ॥ ੮੫ ॥ ( ਯਾਕੂਬ ਨੇ ) ਕਹਿਆ ( ਮੈਂ ਤੁਹਾਨੂੰ ਤਾਂ ਕੁਝ ਨਹੀਂ ਕਹਿੰਦਾ ) ਜੋ ਪਰੇਸ਼ਾਨੀ ਅਥਵਾ ਰੰਜ ਮੈਨੂੰ ਹੈ ਓਸ ਦੀ ਫਰਿਯਾਦ ਮੈਂ ਖੁਦਾ ਅਗੇ ਹੀ ਕਰਦਾ ਹਾਂ ਅਰ ਖੁਦਾ ਦੀ ਹੀ

Digitized by Panjab Digital Library | www.panjabdigilib.org

ਤਰਫੋਂ ਮੈਨੂੰ ਉਹ ਬਾਤਾਂ ਮਾਲੂਮ ਹਨ ਜੋ ਤੁਹਾਨੂੰ ਮਾਲੂਮ ਨਹੀਂ ॥ ੮੬ ॥ ਪੁਤਰੋ ! ( ਇਕ ਵੇਰੀ ਪੁਨਰ ਮਿਸਰ ) ਜਾਓ ਅਰ ਯੂਸਫ ਅਰ ਉਸ ਦੇ ਭਿਰਾ ਦੀ ਭਾਲ ਕਰੋ ਅਰ ਰੱਬ ਦੀ ਦਰਗਾਹੋਂ ਨਾਉਮੈਦ ਨਾ ਹੋਣਾ ਕਿਉਂ ਕਿ ਰੱਬ ਦੀ ਦਰਗਾਹੋਂ ਉਹੀ ਆਦਮੀ ਨਾ ਉਮੈਦ ਹੁੰਦੇ ਹਨ ਜੋ ਕਾਫਰ ਹਨ ॥ ੮੭ ॥ ( ਅਤਏਵ ਇਹਨਾਂ ਵਿਚੋਂ ਕਈਕੁ ਆਦਮੀ ਪੁਨਰ ਮਿਸਰ ਨੂੰ ਗਏ ) ਤਾਂ ( ਇਹ ਲੋਗ ) ਜਦੋਂ ( ਤੀਸਰੀ ਵੇਰ ) ਯੂਸਫ ਤਕ ਪਹੁੰਚੇ ਤਾਂ ਲਗੇ ਬਿਲ੍ਹੂ ੨ ਕਰਨ ਕਿ ਹੇ ਅਜ਼ੀਜ਼ ਸਾਨੂੰ ਅਰ ਸਾਡੇ ਬਾਲ ਬਚੜ ਨੂੰ ( ਦੁਕਾਲ ਸਮੇਂ ਦੇ ਕਾਰਣ ਬੜਾ ਹੀ ) ਕਸ਼ਟ ਪਹੁੰਚ ਰਿਹਾ ਹੈ ਅਰ ਅਸੀਂ ਕੁਛ ਥੋਹੜੀ ਜੇਹੀ ਪੂੰਜੀ ਲੈਕੇ ਆਏ ਹਾਂ ਤਾਂ ਸਾਨੂੰ ਪੂਰਾ ਅੰਨ ਦਾਣਾ ਦਿਲਵਾਦਿਓ ( ਕੀਮਤ ਜਿਤਨਾ ਨਹੀਂ ਕਿੰਤੂ ) ਸਾਨੂੰ ਆਪਣਾ ਸਿਰ ਸਦਕੇ ਦੇ ਦਿਓ ਕਿਉਂਕਿ ਅੱਲਾ ਪੁੰਨ ਦਾਨ ਕਰਨ ਵਾਲਿਆਂ ਨੂੰ ( ਚੰਗਾ ) ਬਦਲਾ ਦਿੰਦਾ ਹੈ ॥ ੮੮ ॥ (ਹੁਣ ਤਾਂ ਯੂਸਫ ਪਾਸੋਂ ਭੀ ਨਾ ਰਹਿਆ ਗਿਆ ਅਰ) ਲਗਾ ਕਹਿਣ ਤੁਹਾਨੂੰ ਕੁਛ ਯਾਦ ਭੀ ਹੈ ਕਿ ਜਿਸ ਵੇਲੇ ਤੁਸੀਂ ਮਛੰਦਰ ਪੁਣੇ ਪਰ ਆਏ ਹੋਏ ਸੀ ਤਾਂ ਤੁਸੀਂ ਯੂਸਫ ਅਰ ਉਸਦੇ ਭਿਰਾ ਨਾਲ ਕੀ ਕੁਛ ਕੀਤਾ ਸੀ ॥ ੮੯ ॥ (ਇਹ ਕਹਿਣ ਕਰਕੇ ਭਿਰਾਵਾਂ ਦੇ ਕੰਨ ਖੜੇ ਹੋ ਗਏ ਅਰ) ਲਗੇ ਕਹਿਣ ਕਿ ਅਸਲ ਵਿਚ ਤੁਸੀਂ ਹੀ ਯੂਸਫ ਹੋ ? ਯੂਸਫ ਨੇ ਕਹਿਆ (ਹਾਂ) ਮੈਂ ਹੀ ਯੂਸਫ ਹਾਂ ਅਰ ਇਹ ਮੇਰਾ ਹੀ ਭਿਰਾ ਹੈ ਸਾਡੇ ਪਰ ਅੱਲਾ ਨੇ (ਬੜੀ ਹੀ) ਕ੍ਰਿਪਾ ਕੀਤੀ ਨਿਰਸੰਦੇਹ ਜੋ (ਅੱਲਾ ਪਾਸੋਂ) ਡਰਦਾ ਅਰ (ਵਿਪਤੀ ਵਿਚ) ਧੀਰਜ ਕਰਦਾ (ਰਹਿੰਦਾ) ਹੈ ਤਾਂ ਅੱਲਾ (ਐਸੀ) ਨੇਕੀ ਕਰਨ ਵਾਲਿਆਂ ਦੇ ਅਜਰ ਨੂੰ ਵਿਅਰਥ ਨਹੀਂ ਹੋਣ ਦੇਂਦਾ ॥੯੦॥(ਉਹ) ਲਗੇ ਕਹਿਣ ਕਿ ਈਸ਼ਵਰ ਸਾਖੀ ਏਸ ਵਿਚ ਕੋਈ ਭ੍ਰਮ ਨਹੀਂ ਕਿ ਅੱਲਾ ਨੇ ਤੁਹਾਨੂੰ ਸਾਡੇ ਪਰ (ਬੜੀ) ਉੱਤਮ ਤਾਈ ਦਿਤੀ ਅਰ ਨਿਰਸੰਦੇਹ ਅਸੀਂ ਹੀ ਸਦੋਖੀ ਥੇ ॥ ੯੧ ॥ ਯੂਸਫ ਨੇ ਕਹਿਆ ਹੁਣ ਤੁਹਾਡੇ ਪਰ ਕੋਈ ਦੋਸ਼ ਨਹੀਂ (ਮੈਂ ਬਖਸ਼ ਦਿਤਾ ਅਰ) ਪਰਮੇਸੁਰ (ਭੀ) ਤੁਹਾਡੀ ਭੁਲਣਾ ਬਖਸ਼ੇ ਅਰ ਉਹ ਸਾਰਿਆਂ ਮਿਹਰਬਾਨਾਂ ਵਿਚੋਂ ਬੜਾ ਮਿਹਰਬਾਨ ਹੈ ॥ ੯੨ ॥ (ਤੁਹਾਡੇ ਕਥਨਾ-ਨੁਸਾਰ ਪਰਤੀਤ ਹੋਇਆ ਕਿ ਪਿਤਾ ਦੇ ਨੇਤ੍ਰ ਭੀ ਨਾਸ ਹੋ ਗਏ ਹਨ ਤਾਂ) ਮੇਰਾ ਇਹ ਕੁੜਤਾ ਲੇ ਜਾਓ ਅਰ ਇਸਨੂੰ ਪਿਤਾ ਦੇ ਮੁਖੜੇ ਪਰ ਪਾ ਦਿਓ ਕਿ ਓਹ ਸਦ੍ਰਿਸ਼ਟ ਹੋ ਜਾਣਗੇ ਅਰ ਆਪਣੇ ਸਾਰੇ ਕੁਟੰਬ ਨੂੰ ਮੇਰੇ ਪਾਸ ਲੈ ਆਓ ॥ ੯੩ ॥ ਰੁਕੂਹ ੧੦ ॥

ਅਰ ਕਾਫਲਾ (ਟੋਲਾ) ਮਿਸਰੋਂ ਵਿਦਾ ਹੋਇਆ ਹੀ ਸੀ ਕਿ ਓਹਨਾਂ ਦੇ

Digitized by Panjab Digital Library | www.panjabdigilib.org

ਪਿਤਾ (ਯਾਕੂਬ) ਨੇ ਕਹਿਣਾ ਸ਼ੁਰੂ ਕਰ ਦਿਤਾ ਕਿ ਯਦੀ ਮੈਨੂੰ ਸੱਤਰ ਬਹੱਤਰ ਗਿਆ ਨਾ ਬਣਾਓ ਤਾਂ (ਇਕ ਬਾਤ ਕਹਿੰਦਾ ਹਾਂ ਕਿ) ਮੈਨੂੰ ਤਾਂ ਯੂਸਫ ਦੀ ਵਾਸ਼ਨਾਂ ਆ ਰਹੀ ਹੈ ॥ ੯੪ ॥ (ਤਾਂ ਜੋ ਪੁਤਰ ਯਾਕੂਬ ਦੇ ਪਾਸ ਠਹਿਰੇ ਸਨ) ਓਹ ਲਗੇ ਕਹਿਣ ਰਬ ਜਾਣੇ ਤੁਸੀਂ ਤਾਂ ਆਪਣੇ(ਓਸੇ)ਪੁਰਾਣੇ ਵਹਿਣ ਵਿਚ ਹੀ (ਅਵੇਢਤ) ਹੋ ॥ ੯੫ ॥

ਪੁਨਰ ਜਦੋਂ (ਯੂਸਫ ਦੇ ਸਹੀ ਸਲਾਮਤ ਹੋਣ ਦੀ) ਸੁਖਦਾਈ ਸਮਾਚਾਰ ਦੇਣ ਵਾਲਾ (ਯਾਕੂਬ ਦੇ ਪਾਸ) ਆ ਪਰਾਪਤਿ ਹੋਇਆ (ਤਾਂ ਆਉਂ-ਦਿਆਂ ਹੀ ਯੂਸਫ ਦਾ) ਕੁੜਤਾ ਯਾਕੂਬ ਦੇ ਮੁਖੜੇ ਪਰ ਪਾ ਦਿਤਾ ਅਰ ਉਨਹਾਂ ਨੂੰ ਬਲਾਤਕਾਰ ਹੀ ਦਿਸਣ ਲਗ ਪਿਆ ॥ (ਪੁਨਰ ਯਾਕੂਬ ਨੇ ਪੁਤਰਾਂ ਨੂੰ) ਕਹਿਆ ਕਿ ਕੀ ? ਮੈਂ ਤੁਹਾਨੂੰ ਨਹੀਂ ਕਹਿੰਦਾ ਹੁੰਦਾ ਸਾਂ ਕਿ ਮੈਂ ਅੱਲਾ ਥੀਂ ਉਹ (ਬਾਤਾਂ) ਜਾਣਦਾ ਹਾਂ ਜੋ ਤੁਸੀਂ ਨਹੀਂ ਜਾਣਦੇ ॥ ੯੬ ॥ (ਉਹ) ਬੋਲੇ ਪਿਤਾ ਜੀ ! (ਖੁਦਾ ਪਾਸੋਂ) ਸਾਡੀ ਭੁਲਣਾ ਬਖਸ਼ਾਓ ਨਿਰਸੰਦੇਹ ਅਸੀਂ ਹੀ ਦੋਖੀ ਸੇ ॥ ੯੭ ॥ (ਯਾਕੂਬ) ਉਵਾਚ—ਕਿ ਮੈਂ ਆਪਣੇ ਪਰਵਰਦਿਗਾਰ ਅਗੇ ਕਿਸੇ (ਖਾਸ) ਸਮੇਂ (ਵਿਖਜ) ਤੁਹਾਡੀਆਂ ਭੁਲਣਾ ਬਖਸ਼ਾਣ ਦੀ ਬੇਨਤੀ ਕਰਾਂਗਾ ਨਿਰਸੰਦੇਹ ਵਹੀ ਬਖਸ਼ਣੇ ਵਾਲਾ ਮਿਹਰਬਾਨ ਹੈ ॥ ੯੮ ॥ ਪੁਨਰ ਜਦੋਂ ਇਹ ਲੋਗ (ਅੰਤਿਮ ਵੇਰ) ਯੂਸਫ ਪਾਸ ਗਏ ਤਾਂ ਯੂਸਫ ਨੇ ਆਪਣੇ ਮਾਤਾ ਪਿਤਾ ਨੂੰ (ਵਡਿਆਈ ਅਰ ਆਦਰ ਭਾਵ ਨਾਲ) ਆਪਣੇ ਆਸਨ ਪਰ ਅਸਥਾਨ ਦਿਤਾ ਅਰ (ਸਾਰਿਆਂ ਨੂੰ ਸੰਬੋਧਨ ਕਰਕੇ) ਕਹਿਆ ਕਿ (ਸ਼ਹਿਰ) ਮਿਸਰ ਵਿਚ ਆ ਪਰਵੇਸ਼ ਕਰੋ (ਅਰ) ਖੁਦਾ ਦੀ ਮਰਜ਼ੀ ਹੋਈ ਤਾਂ (ਤੁਸੀਂ ਸਾਰੇ) ਅਨੰਦ (ਮੰਗਲ) ਨਾਲ ਰਹੋਗੇ ॥ ੯੯ ॥ ਅਰ (ਮਿਸਰ ਦੀ ਰੀਤ ਅਨੁਸਾਰ ਯੂਸਫ ਨੇ) ਆਪਣੇ ਮਾਤਾ ਪਿਤਾ ਨੂੰ ਤਖਤ ਪਰ ਉੱਚਿਆਂ ਬੈਠਾ ਦਿਤਾ ਅਰ ਸਾਰੇ (ਉਸ ਸਮੇਂ ਦੀ ਰੀਤ ਅਨੁਸਾਰ ਯੂਸਫ ਦੀ ਵਡਿਆਈ ਵਾਸਤੇ) ਉਹਨਾਂ ਦੇ ਅਗੇ ਮੱਥਾ ਟੇਕ ਕੇ ਡਿਗ ਪਏ ਅਰ ਯੂਸਫ ਨੇ (ਆਪਣਾ ਸੁਪਨ ਯਾਦ ਕਰਾ ਕੇ ਆਪਣੇ ਪਿਤਾ ਅਗੇ) ਬੇਨਤੀ ਕੀਤੀ ਕਿ ਹੇ ਪਿਤਾ ! ਉਹ ਸੁਪਨ ਜੋ ਮੈਂ ਪ੍ਰਿਥਮ ਦੇਖਿਆ ਸੀ ਏਹ ਉਸ ਦਾ ਫਲ ਹੈ ਮੇਰੇ ਪਰਵਰਦਿਗਾਰ ਨੇ (ਅਜ) ਉਸ (ਸੁਪਨ) ਨੂੰ ਸਚਿਆਂ ਕਰ ਦਿਖਲਾਇਆ ਅਰ (ਉਸ ਤੋਂ ਸਿਵਾ) ਉਸ ਨੇ ਮੇਰੇ ਪਰ (ਹੋਰ ਭੀ ਵਡੇ ੨) ਉਪਕਾਰ ਕੀਤੇ ਹਨ ਕਿ (ਕਿਸੇ ਦੀ ਸਹਾਇਤਾ ਤੋਂ ਬਿਨਾਂ) ਮੈਨੂੰ ਕਾਰਾਗਾਰ ਵਿਚੋਂ ਕਢਿਆ ਅਰ (ਹਾਲਾਂ ਕੇ) ਮੇਰੇ ਵਿਚ ਤਥਾ ਮੇਰਿਆਂ ਭਿਰਾਵਾਂ ਵਿਚ ਸ਼ੈਤਾਨ ਨੇ (ਇਕ ਤਰਹਾਂ ਦਾ) ਫਸਾਦ ਪਵਾ ਦਿਤਾ ਸੀ ਉਸਦੇ ਪਿਛੋਂ ਬਾਹਰੋਂ ਤੁਸਾਂ ਸਾਰਿਆਂ ਨੂੰ (ਮੇਰੇ ਸਾਥ)

Digitized by Panjab Digital Library | www.panjabdigilib.org

ਆਣ ਮਿਲਾਇਆ ਨਿਰਸੰਦੇਹ ਮੇਰੇ ਪਰਵਰਦਿਗਾਰ ਨੂੰ ਜੋ (ਕੁਛ ਕਰਨ) ਦੀ ਅਭਿਲਾਖਾ ਹੁੰਦੀ ਹੈ ਉਹ ਉਸ ਦੀ ਤਦਬੀਰ ਭਲੀ ਭਾਂਤ ਜਾਣਦਾ ਹੈ ਕਿਉਂਕਿ ਉਹ (ਸਾਰੀਆਂ ਬਾਤਾਂ ਤੋਂ) ਗਿਆਤ (ਅਰ) ਹਿਕਮਤ ਵਾਲਾ ਹੈ ॥ ੧੦੦ ॥ ( ਏਹਨਾਂ ਸਾਰਿਆਂ ਵਿਵਹਾਰਾਂ ਥੀਂ ਪਿਛੋਂ ਯੂਸਫ ਦੀ ਤਬੀ-ਯਤ ਸੰਸਾਰ ਤੋਂ ਭਰ ਗਈ ਅਰ ਪਰਮੇਸ਼ਰ ਦੀ ਪਰਾਪਤਿ ਦਾ ਪ੍ਰੇਮ ਗਾਲਿਬ ਆ ਗਇਆ ਤਾਂ ਉਨਹਾਂ ਨੇ ਪ੍ਰਾਰਥਨਾ ਕੀਤੀ ਕਿ ) ਹੇ ਮੇਰੇ ਪਰਵਰ-ਦਿਗਾਰ ਆਪ ਨੇ(ਆਪਣੀ ਕ੍ਰਿਪਾ ਦ੍ਰਿਸ਼ਟੀ ਸਾਥ)ਮੈਨੂੰ ਰਾਜ (ਭਾਗ) ਵਿਚੋਂ ਭੀ ਹਿੱਸਾ ਦਿਤਾ ਅਰ ਵਿਤ ਮੂਜਬ ਮੈਨੂੰ(ਸੁਪਨ ਦਾ)ਫਲਾਫਲ ਕਹਿਣਾ ਭੀ ਸਿਖਾਯਾ ਹੇ ਧਰਤ ਅਗਾਸ ਦੇ ਉਤਪਤ ਕਰਨ ਵਾਲੇ ਲੋਕ ਅਰ ਪਰਲੋਕ ( ਦੋਨੋਂ ) ਵਿਚ ਤੂੰ ਹੀ ਮੇਰਾ ਕਾਰਸਾਜ ਹੈਂ ( ਤਾਂ ਹੁਣ ) ਮੈਨੂੰ ਆਪਣੀ ਦਾਸ ਭਾਵ ਦੀ ਦਿਸ਼ਾ ਵਿਚ ਉਠਾ ਲੈ ਅਰ ਮੈਨੂੰ ( ਆਪਣਿਆਂ ) ਸੁਪੁਰਖਾਂ ਵਿਚ ਜਾ ਪ੍ਰਾਪਤਿ ਕਰ ॥ ੧੦੧ ॥ ( ਹੇ ਪੈਗੰਬਰ ) ਏਹ ਥੋਹੜੀਆਂ ਜੈਸੀਆਂ ਗੁਪਤ ਬਾਤਾਂ ਹਨ ਜਿਨਹਾਂ ਨੂੰ ਅਸੀਂ ਵਹੀ ਦੇ ਦਵਾਰਾ ਤੁਹਾਨੂੰ ਗਿਆਤ ਕਰਾਉਂਦੇ ਹਾਂ ( ਅਰ ਏਹ ਤੁਹਾਡੀ ਸਚਿਆਈ ਦੀ ਦਲੀਲ ਹੈ ) ਨਹੀਂ ਤੇ ਜਿਸ ਵੇਲੇ ਯੂਸਫ ਦੇ ਭਿਰਾਵਾਂ ਨੇ ਆਪਣਾ ਪੱਕਾ ਸੰਕਲਪ ਕਰ ਲੀਤਾ ਸੀ ( ਕਿ ਯੂਸਫ ਨੂੰ ਕੂਏਂ ਵਿਚ ਸਿੱਟ ਦੇਈਏ ) ਅਰ ਉਹ (ਉਸ ਦੇ ਮਾਰ ਦੇਣ ਦੀਆਂ) ਤਦਬੀਰਾਂ ਕਰ ਰਹੇ ਸਨ ਤੁਸੀਂ ਤਾਂ ਓਹਨਾਂ ਦੇ ਪਾਸ ਮੌਜੂਦ ਨਹੀਂ ਸੇ (ਕਿ ਇਹ ਬਿਰਤਾਂਤ ਤੁਹਾਨੂੰ ਕੁਝ ਦ੍ਰਿਸ਼ਟ ਪ੍ਰਤਜ ਹੋ ਜਾਂਦਾ)॥੧੦੨॥ਇਸ ਗਲ ਦੇ ਹੁੰਦਿਆਂ ਸੁੰਦਿਆਂ ਬਹੁਤ ਕਰਕੇ ਲੋਗਾਂ ਦੀ ਏਹ ਦਿਸ਼ਾ ਹੈ ਕਿ ਤੁਸੀਂ ਕਿਤਨਾ ਹੀ ਚਾਹੋ ਓਹ ਤਾਂ ਭਰੋਸਾ ਕਰਨ ਵਾਲੇ ਹੈ ਨਹੀਂ॥੧੦੩॥ ਅਜੇ ਤਾਂ ਤਬਲੀਗ ਰਸਾਲਤ(ਉਪਦੇਸ਼) ਪਰ ਤੁਸੀਂ ਏਹਨਾਂ ਪਾਸੋਂ ਕੋਈ ਮਜ਼ਦੂਰੀ ਹੀ ਨਹੀਂ ਮੰਗਦੇ ( ਅਰ ) ਕੁਰਾਨ ( ਜੋ ਤੁਸੀਂ ਸੁਣਾਉਂਦੇ ਹੋ ਇਸ ) ਸੰਸਾਰ ਵਾਸਤੇ ( ਉੱਕੀ ) ਸਿਖਯਾ ਹੀ ਸਿਖਯਾ ਹੈ ॥ ੧੦੪ ॥ ਰੁਕੂਹ ੧੧ ॥

ਅਰ ਅਗਾਸ ਧਰਤ ਵਿਚ ( ਖ਼ੁਦਾ ਦੀ ਕੁਦਰਤ ਦੀਆਂ ਐਸੀਆਂ ) ਕਿਤਨੀਆਂ ਹੀ ਨਿਸ਼ਾਨੀਆਂ ਹਨ ਜਿਨਹਾਂ ਦੇ ਉਪਰ ਦੀ ਲੋਗ ਪਏ ਲੰਘ ਜਾਂਦੇ ਹਨ ਅਰ ਉਹ ਉਹਨਾਂ ਦੀ ਕੋਈ ਪਰਵਾਹ ਨਹੀਂ ਕਰਦੇ ॥ ੧੦੫ ॥ ਅਰ ਕਈਆਂਕੁ ਆਦਮੀਆਂ ਦਾ ਇਹ ਹਾਲ ਹੈ ਕਿ ਖੁਦਾ ਨੂੰ (ਭੀ) ਮੰਨਦੇ ਹਨ ਅਰ ਦਵੈਤ ਨੂੰ ਭੀ ਮੰਨੀ ਜਾਂਦੇ ਹਨ ॥ ੧੦੬ ॥ ਤਾਂ ਕੀ ਇਸ ਬਾਤ ਥੀਂ ਤਸੱਲੀ ਵਿਚ ਹੋ ਗਏ ਹਨ ਕਿ ਇਹਨਾਂ ਪਰ ਖੁਦਾ ਦੀ ਤਰਫੋਂ ਕੋਈ ਵਿਪੱਤੀ ਆ ਪ੍ਰਾਪਤ ਹੋਵੇ ਅਰ ( ਸਾਰਿਆਂ ਪਰ ) ਪਸਰ ਜਾਵੇ ਅਥਵਾ ਛਿਨ ਮਾਤ੍ਰ ਹੀ ਏਹਨਾਂ ਪਰ ਪਰਲੈ ਆ ਜਾਵੇ ਅਰ ਏਹਨਾਂ ਨੂੰ ਪਤਾ ਭੀ ਨਾ ਲਗੇ

Digitized by Panjab Digital Library | www.panjabdigilib.org

॥ ੧੦੭ ॥ ( ਹੇ ਪੈਯੰਬਰ ਤੁਸੀਂ ਏਹਨਾਂ ਲੋਗਾਂ ਨੂੰ ) ਕਹੋ ਕਿ ਮੇਰਾ ਤਰੀਕਾ ਤਾਂ ਇਹ ਹੈ ( ਕਿ ਸਾਰਿਆਂ ਨੂੰ ) ਮੈਂ ਖ਼ੁਦਾ ਦੀ ਹੀ ਤਰਫ ਬੁਲਾਉਂਦਾ ਹਾਂ ਅਰ ਜੋ ਲੋਗ ਮੇਰੇ ਚੇਲੇ ਹਨ (ਉਹ ਅਸੀਂ ਸਾਰੇ ਦੀਨ ਦੇ ਇਕ) ਬੁਧਮਤਾ ਦੇ ਮਾਰਗ ਪਰ ਹਾਂ ( ਜਿਸ ਨੂੰ ਸਾਰੇ ਲੋਗ ਜਾਣ ਸਕਦੇ ਹਨ ) ਅਰ ਅੱਲਾ ਸ਼ੁਧ ( ਸਰੂਪ ) ਹੈ ਅਰ ਮੈਂ ਦਵੈਤ ਵਾਦੀਆਂ ਵਿਚੋਂ ਨਹੀਂ ਹਾਂ ॥ ੧੦੮ ॥ ਅਰ ( ਹੇ ਪੈਯੰਬਰ ) ਅਸਾਂ ਤੁਹਾਡੇ ਨਾਲੋਂ ਪਹਿਲੇ ਭੀ ਨਗਰ ਬਾਸੀ ( ਲੋਗ ਅਰਥਾਤ ) ਆਦਮੀ ਹੀ ( ਪੈਯੰਬਰ ਬਣਾ ਕੇ ) ਭੇਜੇ ਸਨ ਕਿ ਅਸੀਂ ਉਨਹਾਂ ਪਰ ਵਹੀ ਉਤਾਰ ਦੇ ਹੁੰਦੇ ਸਾਂ ਤਾਂ ਕੀ ( ਇਹ ਲੋਗ ) ਦੇਸ ਵਿਚ ( ਕਿਤੇ ) ਤੁਰੇ ਫਿਰੇ ਨਹੀਂ ਕਿ ( ਆਪਣਿਆਂ ਨੇਤਰਾਂ ਸਾਥ ) ਦੇਖ ਲੈਂਦੇ ਕਿ ਜੋ ਲੋਗ ਇਨਹਾਂ ਨਾਲੋਂ ਭੂਤ ਕਾਲ ਵਿਖਯ ਹੋ ਚੁਕੇ ਹਨ (ਅਰ ਓਹਨਾਂ ਨੇ ਪੈਯੰਬਰਾਂ ਨੂੰ ਝੂਠਿਆਂ ਕੀਤਾ ਸੀ) ਓਹਨਾਂ ਦੀ ਕੈਸੀ ਭੁਗਤ ਸੋਰੀ ਨਿਰਸੰਦੇਹ ਜੋ ਪੁਰਖ ਸੰਜਮੀ ਹਨ ਉਨਹਾਂ ਵਾਸਤੇ ਪਰਲੋਕ ਦਾ ਘਰ ( ਇਸ ਸਾਂਸਾਰਿਕ ਘਰ ਨਾਲੋਂ ਕਈ ਗੁਣਾ ) ਸੁਖਦਾਈ ਹੈ ਤਾਂ ( ਲੋਗੋ ! ) ਕੀ ਤੁਸੀਂ ( ਇਤਨੀ ਬਾਤ ਭੀ ) ਨਹੀਂ ਸਮਝਦੇ ॥ ੧੦੯ ॥ ( ਪਹਿਲੇ ਆਦਮੀ ਭੀ ਪੈਯੰਬਰਾਂ ਨੂੰ ਝੂਠਿਆਂ ਕਰਦੇ ਰਹੇ ਹਨ ) ਇਥੋਂ ਤਕ ਕਿ ਜਦੋਂ ਪੈਯੰਬਰ ਨਾ ਉਮੈਦ ਹੋ ਗਏ ਅਰ ( ਆਦਮੀ ਹੋਣ ਕਰਕੇ ) ਓਹਨਾਂ ਨੂੰ ਐਸਾ ਵੈਹਮ ਪ੍ਰਾਪਤ ਹੋਇਆ ਕਿ ( ਕਿਤੇ ) ਸਾਡੇ ਸਾਥ ਪਰਤਿਗਜਾ ਭੰਗ (ਤਾਂ ਨਹੀਂ) ਕੀਤੀ ਗਈ ਤਾਂ ( ਠੀਕ ਸਮੇਂ ਪਰ ) ਸਾਡੀ ਸਹਾਇਤਾ ਓਹਨਾਂ ਦੇ ਪਾਸ ਆ ਪਰਾਪਤ ਹੋਈ ( ਅਰ ਕਸ਼ਟ ਆ ਪ੍ਰਾਪਤ ਹੋਇਆ ) ਤਾਂ ਜਿਸ ਨੂੰ ਅਸਾਂ ਚਾਹਿਆ ਬਚਾ ਲੀਤਾ ਅਰ ਸਦੋਖੀ ਲੋਗਾਂ ( ਦੇ ਸਿਰ ਉਤੋਂ ) ਤਾਂ ਸਾਡਾ ਕਸ਼ਟ ( ਕਿਸੇ ਪ੍ਰਕਾਰ ) ਹਟ ਹੀ ਨਹੀਂ ਸਕਦਾ ॥ ੧੧੦ ॥ ( ਇਸ ਵਿਚ) ਭਰਮ ਨਹੀਂ ਕਿ ਅਕਲ ਵਾਲਿਆਂ ਦੇ ਵਾਸਤੇ ਏਹਨਾਂ ਲੋਗਾਂ ਦੀ ਦਸ਼ਾ ਵਿਚ ( ਬੜੀ ) ਸਿਖਯਾ ਹੈ ਇਹ ( ਕੁਰਾਨ ) ਕੋਈ ਕਪੋਲ ਕਲਪਿਤ ( ਅਰਥਾਤ ਮਨੋਕਾਮਨਾ ) ਤਾਂ ਹੈ ਨਹੀਂ ਕਿੰਤੂ ਜੋ (ਅਕਾਸ਼ੀ ਪੁਸਤਕ ) ਏਸ ਦੇ ( ਉਤਰਨ ) ਥੀਂ ਪਹਿਲਾਂ ( ਵਿਦਮਾਨ ) ਹਨ ਓਹਨਾਂ ਦੀ ਤਸਦੀਕ ( ਕਰਦਾ ) ਹੈ ਅਰ ਇਸ ਵਿਚ ਓਹਨਾਂ ਲੋਗਾਂ ਦੇ ਵਾਸਤੇ ਜੋ ਨਿਸਚੇ ਵਾਲੇ ਹਨ ਹਰ ਵਸਤੂ ਦਾ ਵਿਸਤਾਰ ਪੂਰਵਕ ਵਰਨਨ ਅਰ ਸਿਖਯਾ ਤਥਾ ਰਹਿਮਤ ਹੈ ॥ ੧੧੧ ॥ ਰਕੂਹ ੧੨ ॥

Digitized by Panjab Digital Library | www.panjabdigilib.org

# ਸੂਰਤ ਰਾਦ ਮੱਕੇ ਵਿਚ ਉਤਰੀ ਏਸ ਦੀਆਂ ੪੩ ਆਯਤਾਂ ਅਰ ਛੇ ਰੁਕੂਹ ਹਨ ॥

ਆਰੰਭ ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕ੍ਰਿਪਾਲੂ (ਹੈ) ਅਲਫ ਲਾਮ ਮੀਮ ਰਾ ॥ (ਹੇ ਪੈਗੰਬਰ) ਏਹ ਕਿਤਾਬ (ਅਰਥਾਤ ਕੁਰਾਨ) ਦੀਆਂ (ਚੰਦ) ਆਇਤਾਂ ਹਨ ਅਰ ਤੁਹਾਡੇ ਪਰਵਰਦਿਗਾਰ ਦੀ ਤਰਫੋਂ ਜੋ ਕੁਛ ਤੁਹਾਡੇ ਪਰ ਉਤਰਿਆ ਹੈ ਉਹ (ਉਕਾ) ਸਤ੍ਯ ਹੈ ਪਰੰਚ ਕਈਕੁ ਆਦਮੀ ਨਿਸਚਾ ਨਹੀਂ ਕਰਦੇ ॥ ੧ ॥ ਅੱਲਾ ਉਹ (ਸਰਵ ਸ਼ਕਤੀਮਾਨ) ਹੈ ਜਿਸ ਨੇ ਆਸਮਾਨਾਂ ਨੂੰ ਬਿਨਾਂ ਸਹਾਰੇ ਤੋਂ ਉੱਚਾ ਬਨਾਕੇ ਇਸਥਿਤ ਕੀਤਾ (ਜੈਸਾ ਕਿ) ਤੁਸੀਂ ਦੇਖ ਰਹੇ ਹੋ ਪੁਨਰ ਅਰਸ਼ ਪਰ ਜਾ ਬਿਰਾਜਿਆ ਅਰ ਚੰਦਰਮਾਂ ਅਰ ਸੂਰਜ ਨੂੰ ਵਸ ਵਿਚ ਕੀਤਾ ਕਿ ਆਪਣੇ ਸਮੇਂ ਅਨੁਸਾਰ (ਆਪਣੇ ਮਾਰਗ ਪਰ) ਤੁਰਿਆ ਜਾਂਦਾ ਹੈ ਉਹੀ ਸਾਰੇ ਸੰਸਾਰ ਦਾ ਪਰਬੰਧ ਕਰਦਾ ਹੈ (ਏਸ ਅਭਿਲਾਖਾ ਨਾਲ) ਕਿ ਤੁਸਾਂ ਲੋਗਾਂ ਨੂੰ ਆਪਣੇ ਪਰਵਰਦਿਗਾਰ ਸਾਥ ਮਿਲਾਪ ਦਾ ਨਿਸਚਾ ਹੋਵੇ (ਆਪਣੀ ਕੁਦਰਤ ਦੇ) ਚਿੰਨ੍ਹ ਵਿਸਤਾਰ ਪੂਰਵਕ ਵਰਣਨ ਕਰਦਾ ਹੈ ॥ ੨ ॥ ਅਰ ਵਹੀ (ਸਰਵ ਸ਼ਕਤੀਮਾਨ) ਹੈ ਜਿਸ ਨੇ ਧਰਤੀ ਨੂੰ ਵਿਸ-ਤਾਰ ਦਿਤਾ ਅਰ ਉਸ ਪਰ (ਬੜੇ ਬੜੇ) ਅਚੱਲ ਪਰਬਤ ਅਰ ਨਦੀਆਂ ਬਨਾ ਦਿਤੀਆਂ ਅਰ (ਹੋਰ) ਉਸ ਪਰ ਸਰਬ ਤਰਹਾਂ ਦੇ ਫਲਾਂ ਦੀਆਂ ਦੋ ਦੋ ਕਿਸਮਾਂ ਉਤਪੰਨ ਕੀਤੀਆਂ (ਯਥਾ ਮਿਠੇ ਅਰ ਖਟੇ ਅਰ ਉਹੀ) ਰਾਤ੍ਰੀ ਨੂੰ ਦਿਨ ਦਾ ਪਰਦਾ ਪੋਸ਼ ਕਰਦਾ ਹੈ ਨਿਰਸੰਦੇਹ ਏਹਨਾਂ ਬਾਤਾਂ ਵਿਚ ਓਹਨਾਂ ਲੋਗਾਂ ਵਾਸਤੇ ਜੋ ਵਿਚਾਰ ਨੂੰ ਵਰਤਨ ਵਿਚ ਲਿਆਉਂਦੇ ਹਨ (ਖੁਦਾ ਦੀ ਸ਼ਕਤੀ ਦੀਆਂ ਬਹੁਤ) ਨਿਸ਼ਾਨੀਆਂ (ਵਿਦਮਾਨ) ਹਨ ॥ ੩ ॥ ਅਰ ਧਰਤੀ ਪਰ ਪਾਸੇ ਪਾਸ (ਕਈ) ਕਈ ਕਿਆਰੇ (ਹੁੰਦੇ) ਹਨ ਅਰ ਅੰਗੂਰ ਦੇ ਬਾਗ ਅਰ ਖੇਤੀ ਅਰ ਖਜੀਆਂ ਦੇ ਬ੍ਰਿਛ (ਜਿਨਹਾਂ ਵਿਚ ਕਈਕੁ) ਦੁਸ਼ਾਖੇ ਹੁੰਦੇ ਹਨ ਅਰ ਕਈ ਦੁਸ਼ਾਖੇ ਨਹੀਂ (ਹੁੰਦੇ) ਹਾਲਾਂ ਕਿ ਸਾਰਿਆਂ ਨੂੰ ਇਕੋ ਹੀ ਪਾਣੀ ਦਿਤਾ ਜਾਂਦਾ ਹੈ ਅਰ (ਫੇਰ ਭੀ) ਅਸੀਂ ਕਈਆਂ ਨੂੰ ਕਈਆਂ ਪਰ ਫਲਾਂ ਵਿਚੋਂ ਉੱਤਮਤਾਈ ਪ੍ਰਦਾਨ ਕਰ ਦੇਂਦੇ ਹਾਂ ਨਿਰਸੰਦੇਹ ਜੋ ਆਦਮੀ ਅਕਲ ਨੂੰ ਵਰਤਨ ਵਿਚ ਲਿਆਉਂਦੇ ਹਨ ਓਹਨਾਂ ਵਾਸਤੇ ਇਹਨਾਂ ਬਾਤਾਂ ਵਿਚ (ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ) ਨਿਸ਼ਾਨੀਆਂ (ਵਿਦਮਾਨ) ਹਨ ॥ ੪ ॥ ਅਰ (ਹੇ ਪੈਗੰਬਰ) ਯਦੀ ਤੁਸੀਂ (ਸੰਸਾਰ ਵਿਖ੍ਯ ਕਿਸੇ ਬਾਤ ਪਰ) ਅਚੰਭਾ ਕਰੋ ਤਾਂ ਕਾਫ਼ਰਾਂ

Digitized by Panjab Digital Library | www.panjabdigilib.org

ਦਾ ( ਇਹ ) ਬਚਨ ਭੀ ਅਸਚਰਜ ਹੀ ਹੈ ਕਿ ਜਦੋਂ ਅਸੀਂ ( ਗਲ ਸੜ ਕੇ ) ਮਿੱਟੀ ਹੋ ਜਾਵਾਂਗੇ ਤਾਂ ਕੀ ? ਸਾਨੂੰ ਪੁਨਰ ਨਵਾਂ ਜਨਮ ਮਿਲੇਗਾ ਇਹੋ ਲੋਗ ਹਨ ਜਿਨਹਾਂ ਨੇ ਆਪਣੇ ਪਰਵਰਦਿਗਾਰ ( ਦੀ ਸ਼ਕਤੀ ) ਦਾ ਇਨਕਾਰ ਕੀਤਾ ਅਰ ਇਹੋ ਲੋਗ ਹਨ ਜਿਨਹਾਂ ਦੇ ਗਲਾਂ ਵਿਚ (ਕਿਆਮਤ ਦੇ ਦਿਨ ) ਜੰਜੀਰ ( ਪੜੇ ) ਹੋਏ ਹੋਣਗੇ ਅਰ ਇਹੋ ਹੀ ਲੋਗ ਨਾਰਕੀ ਹਨ ਕਿ ਇਹ ਨਿਤਰਾਂ ੨ ਨਰਕਾਂ ਵਿਚ ਰਹਿਣਗੇ ॥ ੫ ॥ ਅਰ ( ਹੇ ਪੈਗੰਬਰ ) ਭਲਾਈ ਥੀਂ ਪਹਿਲਾਂ ਇਹ ਲੋਗ ਤੇਰੇ ਸਾਥ ਬੁਰਾਈ ਦੀ ਉਤਾਵਲ ਕਰ ਰਹੇ ਹਨ ਹਾਲਾਂ ਕਿ ਏਹਨਾਂ ਨਾਲੋਂ ਪਹਿਲੇ ( ਐਸੀਆਂ ਬਾਤਾਂ ਹੋ ਚੁਕੀਆਂ ਹਨ, ਜਿਨਹਾਂ ਦੀਆਂ ) ਕਥਾਂ ਤੁਰੀਆਂ ਆਉਂਦੀਆਂ ਹਨ ਅਰ ( ਹੇ ਪੈਗੰਬਰ ਏਸ ਬਾਤ ਵਿਚ ) ਕੋਈ ਭ੍ਰਮ ਨਹੀਂ ਕਿ ਤੁਹਾਡਾ ਪਰ-ਵਰਦਿਗਾਰ ਲੋਗਾਂ ਸਾਥ ਓਹਨਾਂ ਦੀ ਅਵਗਿਆ ਦੇ ਹੁੰਦਿਆਂ ਸੁੰਦਿਆਂ ਖਿਮਾਂ ਕਰਨੇ ਵਾਲਾ ਹੈ ( ਅਰ ਇਸ ਵਿਚ ਭੀ ) ਭ੍ਰਮ ਨਹੀਂ ਕਿ ਤੁਹਾਡੇ ਪਰਵਰ-ਦਿਗਾਰ ਦੀ ਮਾਰ ਭੀ ਬੜੀ ਸਖਤ ਹੈ ॥ ੬ ॥ ਅਰ ਜੋ ਆਦਮੀ ( ਖੁਦਾ ਤਥਾ ਰਸੂਲ ਦੇ ਮੁਨਕਰ ਹਨ ( ਪ੍ਰਸ਼ਨ ਦੀ ਰੀਤੀ ਅਨੁਸਾਰ ਏਹ ਭੀ ) ਕਹਿੰਦੇ ਹਨ ਕਿ ਇਸ ( ਆਦਮੀ ਅਰਥਾਤ ਮੁਹੰਮਦ ) ਪਰ ਇਸਦੇ ਪਰਵਰ-ਦਿਗਾਰ ਦੀ ਤਰਫੋਂ ਨਿਸ਼ਾਨੀ ( ਜੋ ਅਸੀਂ ਚਾਹੁੰਦੇ ਹਾਂ ) ਕਿਉਂ ਨਹੀਂ ਉਤਰੀ ( ਸੋ ਹੇ ਪੈਗੰਬਰ ) ਤੁਸਾਂ ਤਾਂ ਕੇਵਲ ( ਲੋਗਾਂ ਨੂੰ ਖੁਦਾ ਦੇ ਕਸ਼ਟ ਤੋਂ ) ਡਰਾਣ ਵਾਲੇ ਹੋ ( ਹੋਰ ਬਸ ) ਅਰ (ਤੁਸੀਂ ਕੋਈ ਅਨੋਖੇ ਪੈਗੰਬਰ ਨਹੀਂ ) ਹਰੇਕ ਜ਼ਾਤੀ ਦਾ ( ਇਕ ਨਾ ) ਇਕ ਸਿਖਿਆ ਦੇਣ ਵਾਲਾ ( ਹੋ ਚੁਕਾ ਹੈ ) ॥ ੭ ॥ ਰੁਕੂਹ ੧ ॥

ਹਰ ਮਾਦਾ ਨੇ ਜੋ ਬੱਚਾ ( ਗਰਭ ਵਿਖਜ ) ਲੀਤਾ ਹੋਯਾ ਹੈ ਓਸ ਨੂੰ ਅੱਲਾ ਹੀ ਜਾਣਦਾ ਹੈ ਅਰ ( ਹੋਰ ਹਰ ਇਕ ਮਾਦਾ ਦੇ ) ਗਰਭ ਦਾ ਘਟਣਾ ਵਧਣਾ ( ਓਸੇ ਨੂੰ ਹੀ ਮਾਲੂਮ ਰਹਿੰਦਾ ਹੈ ) ਅਰ ਉਸ ਦੇ ਪਾਸ ਹੀ ਸਾਰੀਆਂ ਵਸਤਾਂ ਦਾ ਅੰਦਾਜ਼ਾ ਨਿਯਤ ਹੈ ॥ ੮ ॥ ( ਵਹੀ ) ਗੁਪਤ ਪ੍ਰਗਟ ( ਦੋਨੋਂ ) ਦਾ ( ਇਕ ਸਮਾਨ ) ਜਾਨਣੇ ਵਾਲਾ ( ਹੈ ਅਰ ਸਾਰਿਆਂ ਨਾਲੋਂ ) ਉਚ ( ਤੇ ਉਚਾ ) ( ਅਰ ) ਆਲੀਸ਼ਾਨ ॥ ੯ ॥ ਤੁਹਾਡੇ ਲੋਗਾਂ ਵਿਚੋਂ ਜੋ ਕੋਈ ਗੁਪਤ ਬਾਤ ਕਰੇ ਅਰ ਜੋ ਪ੍ਰਗਟ ਕਰਕੇ ਕਰੇ (ਉਸ ਦੇ ਨਗੀਚ ਦੋਨੋਂ) ਸਮਾਨ ਅਰ (ਇਸ ਰੀਤੀ ਨਾਲ ਹੀ)ਜੋ(ਤੁਹਾਡੇ ਵਿਚੋਂ) ਰਾਤ ਦੇ ਸਮਯ ( ਅੰਧੇਰੇ ਵਿਚ ਕਿਸੀ ਜਗਹਾ ) ਛਿਪ ਕੇ ( ਬੈਠਾ ) ਹੋਵੇ ਅਰ ਜੋ ਦਿਨ ਦੀਵੀਂ ( ਰਾਹੇ ਰਾਹ ) ਤੁਰਿਆ ਜਾਂਦਾ ਹੋਵੇ (ਉਸ ਦੇ ਸਨਮੁਖ ਸਾਰੇ ਬਰਾਬਰ)॥੧੦॥(ਪੁਰਖ ਕਿਸੀ ਦਸ਼ਾ ਵਿਚ ਹੋਵੇ)ਉਸਦੇ ਅਗੇ ਅਰ ਉਸਦੇ ਪਿਛੇ

Digitized by Panjab Digital Library | www.panjabdigilib.org

ਵਾਰੋ ਵਾਰੀ ਨਾਲ ਫਰਿਸ਼ਤੇ ਲਗੇ ਰਹਿੰਦੇ ਹਨ ਜੋ ਖੁਦਾ ਦੀ ਆਗਿਆ ਨਾਲ ਉਸ ਦੀ ਰਾਖੀ ਕਰਦੇ ਹਨ ਜੋ ( ਨਿਆਮਤ ) ਕਿਸੇ ਜਾਤੀ ਨੂੰ ( ਪਰਮੇਸ਼ਰ ਦੀ ਤਰਫੋਂ ) ਪ੍ਰਾਪਤਿ ਹੋਵੇ ਜਦੋਂ ਤਕ ਉਹ ( ਜਾਤੀ ) ਆਪਣੇ ਆਪ ਨੂੰ ਨਾ ਬਦਲੇ ਖੁਦਾ ਉਸ ( ਨਿਆਮਤ ) ਵਿਚ ਕਿਸੇ ਤਰਹਾਂ ਦਾ ਹੇਰ ਫੇਰ ਨਹੀਂ ਕੀਤਾ ਕਰਦਾ ਅਰ ਜਦੋਂ ਖੁਦਾ ਕਿਸੇ ਜਾਤੀ. ਪਰ ਓਹਨਾਂ ਦੇ ( ਕਰਮਾਂ ਦੇ ਬਦਲੇ ਵਿਚ ) ਕੋਈ ਵਿਪਤੀ ਪ੍ਰਾਪਤ ਕਰਨੀ ਚਾਹੇ ਤਾਂ ਉਹ ( ਕਿਸੇ ਦੇ ਟਾਲਿਆਂ ) ਨਹੀਂ ਟਲ ਸਕਦੀ ਅਰ ਖੁਦਾ ਤੋਂ ਸਿਵਾ ਓਹਨਾਂ ਲੋਗਾਂ ਦਾ ਕੋਈ ( ਹਾਮੀ ) ਅਥਵਾ ਸਹਾਇਕ ਭੀ ਨਹੀਂ ( ਖੜਾ ਹੁੰਦਾ ) ॥ ੧੧ ॥ ਉਹੀ ( ਸਰਵ ਸ਼ਕਤੀਮਾਨ ) ਹੈ ਜੋ ਡਰਾਉਣ ( ਤਥਾ ) ਹੋਰ ਆਸ਼ਾ ਦਿਲਾਉਣ ਵਾਸਤੇ ( ਬਿਜਲੀ ਦਾ ) ਚਮਤਕਾਰ ਤੁਹਾਨੂੰ ਲੋਗਾਂ ਨੂੰ ਦਿਖਲਾਉਂਦਾ ਹੈ ਅਰ ( ਪਾਣੀ ਸਾਥ ਲਦਿਆਂ ) ਮੁਦਿਆਂ ਮੇਘਾਂ ਨੂੰ ਉਚਿਆਂ ਕਰਦਾ ( ਉਭਾਰਦਾ ) ਹੈ ॥ ੧੨ ॥ ਅਰ ( ਮੇਘਾਂ ਦੀ ) ਗਰਜ ਉਸ ਦੀ ਉਸਤਤੀ ਨਾਲ ( ਉਸਦੀ ) ਪਵਿਤ੍ਰਤਾਈ ਵਰਣਨ ਕਰਦੀ ਹੈ ਅਰ ( ਹੋਰ ) ਫਰਿਸ਼ਤੇ ਉਸ ਥੀਂ ਡਰਦੇ ਮਾਰੇ ( ਉਸ ਦੀ ਪ੍ਰਾਰਥਨਾ ਅਰ ਉਸਤਤੀ ਵਿਚ ਲਗੇ ਰਹਿੰਦੇ ਹਨ ) ਅਰ ( ਵਹੀ ਅਗਾਸ ਵਿਚੋਂ ) ਬਿਜਲੀਆਂ ਭੇਜਦਾ ਹੈ ( ਫੇਰ ) ਧਰਤੀ ਦਿਆਂ ਲੋਗਾਂ ਵਿਚੋਂ ) ਜਿਸ ਪਰ ਚਾਹੁੰਦਾ ਹੈ ਉਸਨੂੰ ਗਿਰਾ ਦੇਂਦਾ ਹੈ ਅਰ ਇਹ ( ਮੁਨਕਰ ਐਸੇ ਹੀ ) ਖੁਦਾ ( ਕਾਦਰ ) ਦੇ ਬਾਰੇ ਵਿਚ ਝਗੜਦੇ ਹਨ ਹਾਲਾਂ ਕਿ ਉਸ ਦੇ ਦਾਓ ( ਐਸੇ ) ਸਖਤ ਹਨ ( ਜਿਨਹਾਂ ਦਾ ਤੋੜ ਨਹੀਂ ਵਿਪਤੀ ਪੜਿਆਂ ਪਰ ) ॥ ੧੩ ॥ ਉਸ ਨੂੰ ( ਯਾਦ ) ਕਰਨਾ ਸਚਾ ਯਾਦ ਕਰਨਾ ਹੈ ਅਰ ਜੋ ਲੋਗ ਉਸ ਤੋਂ ਸਿਵਾ ( ਦੂਸਰਿਆਂ ਮਾਬੂਦਾਂ ਨੂੰ ) ਯਾਦ ਕਰਦੇ ਹਨ ਉਹ ਓਹਨਾਂ ਦੀ ਕੁਛ ( ਭੀ ) ਨਹੀਂ ਸੁਣਦੇ ਪਰੰਤੂ ( ਵੈਸਾ ਹੀ ਨਿਰਾਰਥਕ ਸੁਣਨਾ ) ਜੈਸੇ ਇਕ ਆਦਮੀ ਆਪਣੇ ਦੋਨੋਂ ਹਥ ਪਾਣੀ ਦੀ ਤਰਫ ਕਰੇ ਤਾਂ ਕਿ ਪਾਣੀ ( ਆਪੇ ਆਪ ਹੀ ) ਉਸ ਦੇ ਮੁਖੜੇ ਵਿਚ ( ਉਡ ਕੇ ) ਆ ਜਾਵੇ ਹਾਲਾਂ ਕਿ ਓਹ ( ਕਿਸੇ ਤਰਹਾਂ ਭੀ ) ਉਸ ( ਦੇ ਮੁਖੜੇ ) ਤਕ ( ਉਡ ਕੇ ) ਆਉਣ ਵਾਲਾ ਨਹੀਂ ਅਰ ਕਾਫਰਾਂ ਦੀ ਪ੍ਰਾਰਥਨਾਂ ਤਾਂ ਏਸੇ ਤਰਹਾਂ ਭੰਬਲ ਭੂਸੇ ਖਾਂਦੀ ਫਿਰਦੀ ਹੈ ( ਕੋਈ ਉਸ ਦੇ ਸੁਣਨ ਵਾਲਾ ਹੈ ਨਹੀਂ ) ॥੧੪॥ ਅਰ ਯਾਵਤ ਜੀਆ ਜੰਤ ਧਰਤੀ ਅਗਾਸ ਦੇ ਮਧਜ ਵਿਚ ਹੈ ਖੁਸ਼ੀ ਨਾਲ ਅਥਵਾ ਬਗੈਰ ਖੁਸ਼ੀ ( ਸਾਰੇ ) ਅੱਲਾ ਦੇ ਹੀ ਅਗੇ ਸਿਰ ਝੁਕਾਈ ਬੈਠੇ ਹਨ ਅਰ ( ਐਸੇ ਹੀ ) ਸੁਬਾ ਅਰ ਸ਼ਾਮ ਉਹਨਾਂ ਦੀ ਛਾਇਆ ॥੧੫॥ ( ਹੇ ਪੈਯੰਬਰ ਏਹਨਾਂ ਲੋਗਾ ਨੂੰ ) ਪੂਛੋ ਕਿ ਧਰਤ ਅਗਾਸ ਦਾ ਪਰਵਰਦਿਗਾਰ ਕੌਣ ? ( ਏਹ ਤਾਂ ਏਸ ਦਾ ਕੀ

Digitized by Panjab Digital Library | www.panjabdigilib.org

ਉਤ੍ਰ ਦੇਣਗੇ ਤੁਸੀਂ ਹੀ ਏਹਨਾਂ ਨੂੰ ) ਕਹੋ ਕਿ (ਧਰਤ ਅਗਾਸਦਾਅਧਿਪਤਿ) ਅੱਲਾ ( ਪੁਨਰ ਏਹਨਾਂ ਨੂੰ ) ਕਹੋ ਕੀ ਤੁਸਾਂ ਉਸ ਤੋਂ ਸਿਵਾ (ਹੋਰ ਹੋਰ) ਕਰਤਾ ਨਿਯਤ ਕਰ ਰਖੇ ਹਨ ਜੋ ਆਪਣੇ ਸ਼ਾਰੀਰਿਕ ਲਾਭ ਹਾਨੀ ਦੇ ( ਭੀ ) ਮਾਲਿਕ ਨਹੀਂ ( ਏਹਨਾਂ ਨੂੰ) ਕਹੋ ਕਿ ਭਲਾ ਕਿਤੇ ਅੰਨ੍ਹਾ ਸੁਜਾਖਾ ( ਭੀ ) ਸਮਾਨ ( ਹੋ ਸਕਦਾ) ਹੈ ? ਅਥਵਾ ਅੰਧੇਰ ਚਾਨਣ ਸਮਾਨ ( ਹੋ ਸਕਦਾ ) ਹੈ ? ਅਥਵਾ ਏਹਨਾਂ ਲੋਗਾਂ ਨੇ ਅੱਲਾ ਦੇ ਐਸੇ ਸਜਾਤੀ ਨੀਯਤ ਕਰ ਛਡੇ ਹਨ ਕਿ(ਮਾਨੋਂ)ਉਸਦੀ ਸੀ ਸ੍ਰਿਸ਼ਟੀ ਉਹਨਾਂ ਨੇ ਭੀ ਉਤਪਤ ਕਰ ਰਖੀ ਹੈ ਅਰ ਹੁਣ ਏਹਨਾਂ ਨੂੰ ਸ੍ਰਿਸ਼ਟੀ ਦੇ ਬਾਰੇ ਵਿਚ ਭ੍ਰਮ ਪਰਾਪਤ ਹੋ ਗਇਆ ਹੈ ( ਕਿ ਕਿਸ ਦੀ ਉਤਪਤ ਕੀਤੀ ਹੋਈ ਹੈ ? ਹੇ ਪੈਗੰਬਰ ਏਹਨਾਂ ਨੂੰ ) ਕਹੋ ਕਿ ਅੱਲਾ ਹੀ ਸਾਰੀਆਂ ਵਸਤਾਂ ਦੇ ਉਤਪਤ ਕਰਨੇ ਵਾਲਾ ਹੈ ਅਰ ਵਹੁ ਏਕ ( ਹੈ ਕੋਈ ਓਸਦਾ ਸਜਾਤੀ ਨਹੀਂ ਅਰ ਇਸ ਬਾਤ ਦੇ ਹੁੰਦਿਆਂ ਸੁੰਦਿਆਂ ਕਿ ਸਭਨਾਂ ਪਰ ) ਸ਼ਕਤੀਮਾਨ ਹੈ ॥ ੧੬ ॥ ( ਓਸੇ ਨੇ ਹੀ ) ਅਕਾਸ਼ ਥੀਂ ਬਰਖਾ ਕੀਤੀ ਪੁਨਰ ਆਪੋ (ਆਪਣੇ) ਵਿਤਾਨੁਸਾਰ ਨਦੀ ਨਾਲੇ ਭੀ ਵਗ ਨਿਕਲੇ ਪੁਨਰ (ਨਾਲਿਆਂ ਵਿਚ ਜੋ ਪਾਣੀ ਦਾ ਤਰੰਗ ਆਇਆ ਤਾਂ) ਝਗ ਜੋ (ਪਾਣੀ ਦੇ) ਉਪਰ ਆ ਗਈ ਸੀ ਉਸ ਨੂੰ (ਪਾਣੀ ਦੀ) ਲਹਿਰ ਨੇ ਚੁਕ ( ਕੇ ਆਪਣੇ ਅਗੇ ਧਰ ) ਲੀਤਾ ਅਰ ਜੋ ( ਲੋਗ ) ਭੂਖਣ ਅਥਵਾ ਦੂਸਰੇ ਹੋਰ ਕਾਰ ਕੰਮ (ਸਾਜ਼ ਅਰ ਸਾਮਾਨ) ਵਾਸਤੇ (ਧਾਤੂਆਂ ਨੂੰ) ਅਗਨਿ ਵਿਚ ਸੰਤਪਤ ਕਰਦੇ ਹਨ ਏਹਨਾਂ ਵਿਚ(ਭੀ) ਉਕਤ ਪਰਕਾਰ ਦਾ ਝਗ ਰੂਪ (ਖੋਟ ਮਿਲਿਆ ਹੋਇਆ) ਹੁੰਦਾ ਹੈ (ਅਰ ਉਹ ਸੰਤਪਤ ਕਰਨੇ ਕਰਕੇ ਅਲਗ ਨਿਕਸ ਆਉਂਦਾ ਹੈ) ਇਸ ਯੁਕਤਿ ਨਾਲ ਅਲਾ ਸਤਜ ਅਸਤਜ ਦਾ ਦ੍ਰਿਸ਼ਟਾਂਤ ਵਰਨਣ ਕਰਦਾ ਹੈ (ਕਿ ਪਾਣੀ ਸਤਜ ਦੀ ਜਗਾ ਹੈ ਅਰ ਝਗ ਅਸਤਜ ਦੀ) ਸੋ ਝਗ ਤਾਂ ਵਿਅਰਥ ਜਾਂਦੀ ਹੈ ਅਰ (ਪਾਣੀ) ਜੋ ਲੋਗਾਂ ਦੇ ਵਰਤਣ ਵਿਚ ਆਉਂਦਾ ਹੈ ਓਹ ਧਰਤੀ ਪਰ ਟਿਕਿਆ ਰਹਿੰਦਾ ਹੈ (ਵਸਤੁਤਾ) ਅੱਲਾ (ਲੋਗਾਂ ਦੇ ਸਮਝਾਉਣ ਵਾਸਤੇ) ਉਕਤ ਰੀਤੀ ਸਾਥ ਦ੍ਰਿਸ਼ਟਾਂਤ ਵਰਨਣ ਕਰਦਾ ਹੈ ॥ ੧੭ ॥ ਜਿਹਨਾਂ ਆਦਮੀਆਂ ਨੇ ਆਪਣੇ ਪਰਵਰਦਿਗਾਰ ਦੀ ਆਗਿਆ ਪਾਲਨ ਕੀਤੀ ਓਹਨਾਂ ਵਾਸਤੇ ਤਾਂ ਕਲਿਆਨ (ਹੀ ਕਲਿਆਨ) ਹੈ ਅਰ ਜਿਨਹਾਂ ਨੇ ਓਸ ਦੀ ਆਗਿਆ ਪਾਲਣ ਨਹੀਂ ਕੀਤੀ (ਕਿਆਮਤ ਦੇ ਦਿਨ ਓਹਨਾਂ ਦੀ ਇਹ ਦਸ਼ਾ ਹੋਵੇਗੀ ਕਿ) ਜੋ ਕੁਛ ਸੰਸਾਰ ਭਰ ਵਿਚ ਹੈ ਯਦੀ (ਉਹ ਸਾਰੇ ਦਾ) ਸਾਰਾ ਉਹਨਾਂ ਦੇ ਵਸ ਵਿਚ ਹੋਵੇ ਅਰ ਉਸ ਦੇ ਸਾਥ ਉਤਨਾ) ਹੋਰ ਤਾਂ ਇਹ ਲੋਗ ਆਪਣੀ ਪ੍ਰਤਿਨਿਧਿ ਵਿਚ ਉਸ ਨੂੰ (ਪ੍ਰਸੰਨਤਾਈ

Digitized by Panjab Digital Library | www.panjabdigilib.org

ਸਾਥ ਪਰਦਾਨ ਕਰ ਦੇਣ ਇਹੋ ਹੀ ਲੋਗ ਹਨ ਜਿਨਹਾਂ ਪਾਸੋਂ ਭਿਆਨਕ ਰੀਤੀ ਭਾਵ (ਸੇ) ਲੇਖਾ ਲੀਤਾ ਜਾਵੇਗਾ ਅਰ ਓਹਨਾਂ ਦਾ ਅੰਤ ਨੂੰ ਅਸਥਾਨ ਨਰਕ ਹੈ ਅਰ ਉਹ (ਬਹੁਤ ਹੀ) ਬੁਰਾ ਅਸਥਾਨ ਹੈ ॥ ੧੮ ॥ ਰੁਕੂਹ ੨ ॥

(ਹੇ ਪੈਗੰਬਰ) ਭਲਾ ਜੋ ਆਦਮੀ ਇਸ ਬਾਤ ਨੂੰ ਜਾਣਦਾ ਹੈ ਕਿ (ਕੁਰਾਨ) ਜੋ ਤੁਹਾਡੇ ਪਰਵਰਦਿਗਾਰ ਦੀ ਤਰਫੋਂ ਤੁਸਾਂ ਪਰ ਉਤਰਿਆ ਹੈ ਸੱਚਾ ਹੈ (ਕੀ ਇਹ ਆਦਮੀ) ਉਸ ਆਦਮੀ ਦੀ ਤਰਹਾਂ (ਬੇ ਨਸੀਬ ਰਹਿ ਸਕਦਾ) ਹੈ ਜੋ ਅੰਧਾ ਹੈ (ਅਰ ਉਸ ਨੂੰ ਐਸੀ ਪ੍ਰਤਖਜ ਬਾਤ ਭੀ ਨਹੀਂ ਪਰਤੀਤ ਹੁੰਦੀ ਕੁਰਾਨ ਪਾਸੋਂ ਤਾਂ) ਬਸ ਵਹੀ ਲੋਗ ਸਿਖਿਆ ਪਰਾਪਤਿ ਕਰਦੇ ਹਨ ਜੋ ਬੁਧਿਮਾਨ ਹਨ ॥ ੧੯ ॥ (ਇਹ) ਓਹੋ ਲੋਗ (ਹਨ) ਕਿ ਅੱਲਾ ਦੇ (ਸਾਥ ਜੋ ਉਨਹਾਂ ਨੇ ਦਾਸ ਹੋਣ ਦੀ) ਪ੍ਰਤਿਗਜਾ ਕਰ ਲੀਤੀ ਹੈ (ਉਸ ਨੂੰ) ਪੂਰਿਆਂ ਕਰਦੇ ਹਨ ਅਰ (ਆਪਣੀ) ਪ੍ਰਤਿਗਜਾ ਨੂੰ ਖੰਡਤ ਨਹੀਂ ਕਰਦੇ ॥ ੨੦ ॥ ਅਰ (ਹੋਰ ਇਹ) ਉਹ ਲੋਗ (ਹਨ) ਕਿ ਖੁਦਾ ਨੇ (ਜਿਸ ਆਪਸ ਵਿਚ ਦੀ ਮਿਤ੍ਰਤਾਈ) ਦੇ ਜੋੜ ਰਖਣ ਦੀ ਆਗਿਆ ਦਿਤੀ ਹੈ ਉਸ ਨੂੰ ਜੋੜੀ ਰਖਦੇ ਅਰ ਆਪਣੇ ਪਰਵਰਦਿਗਾਰ ਪਾਸੋਂ ਸਭੈ ਰਹਿੰਦੇ ਅਰ (ਕਿਆਮਤ ਦੇ ਦਿਨ) ਬੁਰੀ ਤਰਹਾਂ ਨਾਲ ਹਿਸਾਬ ਲੀਤੇ ਜਾਣ ਦਾ ਭੈ ਰਖਦੇ ਹਨ ॥ ੨੧ ॥ ਅਰ (ਹੋਰ ਇਹ ਉਹ ਲੋਗ ਹਨ) ਜਿਨਹਾਂ ਨੇ ਆਪਣੇ ਪਰਵਰਦਿਗਾਰ ਦੀ ਪ੍ਰਸੰਨਤਾਈ ਪਰਾਪਤ ਕਰਨ ਵਾਸਤੇ (ਸਾਂਸਾਰਿਕ ਦੁਖਾਂ ਪਰ) ਸਬਰ ਕੀਤਾ ਅਰ ਨਮਾਜ਼ਾਂ ਪੜੀਆਂ ਅਰ ਅਸਾਂ ਜੋ ਓਹਨਾਂ ਨੂੰ ਰਿਜ਼ਕ ਦਿਤਾ ਸੀ ਉਸ ਵਿਚੋਂ ਚੁਪਚਾਪ ਅਥਵਾ ਜ਼ਾਹਿਰਾ ਜ਼ਹੂਰ (ਪਰਮੇਸ਼ਰ ਦੇ ਮਾਰਗ ਵਿਚ) ਖਰਚ ਕੀਤਾ ਅਰ ਬੁਰਾਈ ਦੇ ਪ੍ਰਤਿਬਦਲ ਵਿਚ (ਲੋਗਾਂ ਦੇ ਸਾਥ) ਨੇਕੀ ਕਰਦੇ ਹਨ ਇਹੋ ਹੀ ਲੋਗ ਹਨ ਜਿਨਹਾਂ ਦਾ ਦੁਨੀਆਂ ਦਾ ਅੰਜਾਮ (ਚੰਗਾ) ਹੈ ॥ ੨੨ ॥ (ਭਾਵ) ਨਿਤਰਾਂ ਰਹਿਣ ਵਾਸਤੇ ਬਾਗ ਜਿਨਹਾਂ ਵਿਚ ਉਹ (ਆਪ ਵੀ) ਜਾਣਗੇ ਅਰ ਉਨਹਾਂ ਦੇ ਵਡੇ ਅਰ ਉਨਹਾਂ ਦੀਆਂ ਇਸਤ੍ਰੀਆਂ ਅਰ ਉਨਹਾਂ ਦੀ ਔਲਾਦ ਵਿਚੋਂ ਜੋ ਜੋ ਧਾਰਮਿਕ ਹੋਣਗੇ (ਸਾਰੇ ਹੀ ਉਨਹਾਂ ਦੇ ਨਾਲ ਜਾਣਗੇ) ਅਰ (ਸਵਰਗ ਦੇ ਹਰ) ਹਰ ਦਰਵਾਜੇ ਵਿਚੋਂ ਫਰਿਸ਼ਤੇ ਉਨਹਾਂ ਦੇ ਪਾਸ ॥ ੨੩ ॥ ਆ-ਆ ਕੇ ਓਹਨਾਂ ਸਾਥ ਸਲਾਮ ਅਲੈਕ ਕਰਨਗੇ (ਅਰ ਕਹਿਣਗੇ ਕਿ ਸੰਸਾਰ ਵਿਚ) ਜੋ ਤੁਸੀਂ ਸਬਰ ਕਰਦੇ ਰਹੇ ਹੋ ਇਹ ਓਸੇ ਦਾ (ਹੀ) ਬਦਲਾ ਹੈ ॥ ੨੪ ॥ ਸੋ (ਪ੍ਰਮਾਤਮਾ ਦੀ ਕ੍ਰਿਪਾ ਸਾਥ) ਸੰਸਾਰ ਵਿਚ ਭੀ ਤੁਹਾਡਾ ਕੈਸਾ ਚੰਗਾ ਅੰਜਾਮ ਹੋਇਆ ਅਰ ਜੋ ਲੋਗ ਖੁਦਾ ਦੇ ਸਾਥ ਪੱਕਾ ਬਚਨ ਕਰਕੇ ਪਿਛੋਂ ਬਚਨ ਭੰਗ ਕਰਦੇ ਅਰ ਜਿਸ

Digitized by Panjab Digital Library | www.panjabdigilib.org

(ਆਪੋ ਵਿਚ ਦੇ ਮਿਤ੍ਰਤਾਈ) ਦੇ ਜੋੜੀ ਰਖਣ ਦੀ ਖੁਦਾ ਨੇ ਆਗਿਆ ਦਿਤੀ ਹੈ ਉਸ ਨੂੰ ਤੋੜਦੇ ਅਰ ਦੇਸ ਵਿਚ ਉਪੱਦਰ ਪੈਦਾ ਕਰਦੇ ਹਨ ਇਹੋ ਹੀ ਲੋਗ ਹਨ ਜਿਨਹਾਂ ਵਾਸਤੇ ਫਿਟਕਾਰ ਹੈ ਅਰ ਉਨਹਾਂ ਵਾਸਤੇ (ਫਿਟ-ਕਾਰ ਤੋਂ ਵਧ ਕੇ) ਬੁਰਾ ਅੰਜਾਮ ਭੀ ਹੈ ॥ ੨੫ ॥ ਅੱਲਾ ਜਿਸ ਦੀ ਪ੍ਰਾਰਬਧ (ਰੋਜ਼ੀ) ਚਾਹੁੰਦਾ ਹੈ ਅਧਿਕ ਕਰ ਦੇਂਦਾ ਹੇ ਅਰ (ਜਿਸ ਦੀ ਚਾਹੁੰਦਾ ਹੈ) ਤੋਲ ਮੇਣ ਵਿਚ ਕਰ ਦੇਂਦਾ ਹੈ ਅਰ (ਕਾਫਰ) ਸਾਂਸਾਰਿਕ ਜੀਵਣ ਨਾਲ ਹੀ (ਬੜੇ) ਪ੍ਰਸੰਨ ਹਨ ਹਾਲਾਂਕਿ ਸਾਂਸਾਰਕ ਜੀਵਣ ਆਖਰਤ ਦੀ ਅਪੇਖਜਾ (ਮੁਕਾਬਲੇ) ਵਿਚ ਅਤੀ ਤੁਛ ਵਸਤੂ ਹੈ ॥ ੨੬ ॥ ਰੁਕੂਹ ੩ ॥

(ਅਰ ਹੇ ਪੈਯੰਬਰ) ਜੋ ਲੋਗ (ਤੁਹਾਡੀ ਰਸਾਲਤ ਦੇ) ਮੁਨਕਰ ਹਨ (ਉਹ ਇਹ ਭੀ) ਕਹਿੰਦੇ ਹਨ ਕਿ ਏਸ (ਖੁਰਖ ਪਰ ਅਰਥਾਤ ਤੁਹਾਡੇ) ਪਰ ਏਸ ਦੇ ਪਰਵਰਦਿਗਾਰ ਦੀ ਤਰਫੋਂ (ਸਾਡੀ ਇਛਾ ਅਨੁਸਾਰ) ਕੋਈ ਚਮਿਤ-ਕਾਰ ਕਿਉਂ ਨਹੀਂ ਉਤਰਿਆ (ਤੁਸੀਂ ਏਹਨਾਂ ਨੂੰ) ਕਹੋ ਕਿ (ਚਮਤਕਾਰ ਨਾਲ ਕੀ ਹੁੰਦਾ ਹੈ) ਅੱਲਾ ਜਿਸ ਨੂੰ ਚਾਹੁੰਦਾ ਹੈ ਕੁਮਾਰਗੀ ਕਰਦਾ ਹੈ ਅਰ ਜੋ (ਉਸ ਦੀ ਤਰਫ) ਝੁਕਦਾ ਹੈ ਉਸ ਨੂੰ ਆਪਣੀ ਤਰਫ (ਪਰਾਪਤਿ ਹੋਣ ਦਾ ਮਾਰਗ) ਦਿਖਾ ਦੇਂਦਾ ਹੈ ॥ ੨੭ ॥ ਜੋ ਲੋਗ ਨਿਸਚਾ ਕਰ ਬੈਠੇ ਅਰ ਓਹਨਾਂ ਦੇ ਦਿਲਾਂ ਨੂੰ ਭੀ ਖੁਦਾ ਦੀ ਯਾਦ ਨਾਲ ਸ਼ਾਂਤੀ ਹੁੰਦੀ ਹੈ (ਅਰ) ਸੁਣੀ ਰਖੋ ਕਿ ਖੁਦਾ ਦੀ ਯਾਦ ਨਾਲ ਦਿਲਾਂ ਨੂੰ ਸ਼ਾਂਤੀ ਹੋਇਆ ਹੀ ਕਰਦੀ ਹੈ॥੨੮। ਤਾਂ ਜੋ ਲੋਗ ਨਿਸਚਾ ਕਰ ਬੈਠੇ ਅਰ(ਉਨਹਾਂ ਨੇ)ਸ਼ੁਭ ਕਰਮ (ਭੀ) ਕੀਤੇ ਓਹਨ ਵਾਸਤੇ (ਅੰਤ ਨੂੰ) ਪਰਸੰਨਤਾਈ ਅਰ ਉੱਤਮ ਅਸਥਾਨ ॥ ੨੯ ॥ (ਹੇ ਪੈਯੰਬਰ ਜਿਸ ਤਰਹਾਂ ਅਸਾਂ ਨੇ ਹੋਰ ਪੈਯੰਬਰ ਭੇਜੇ ਸਨ) ਓਸੇ ਤਰਹਾਂ ਅਸਾਂ ਨੇ ਤੁਹਾਨੂੰ ਭੀ (ਏਸ ਸਮੇਂ ਦੇ) ਲੋਗਾਂ ਦੀ ਤਰਫ (ਪੈਯੰਬਰ ਬਨਾਕੇ) ਭੇਜਿਆ ਹੈ ਜਿਨਹਾਂ ਨਾਲੋਂ ਪਹਿਲੇ ਹੋਰ ਲੋਗ ਭੀ ਹੋ ਗੁਜਰੇ ਹਨ (ਅਰ ਤੁਹਾਡੇ ਭੇਜਣ ਦਾ ਏਹ ਭਾਵ ਹੈ) ਕਿ ਜੋ (ਕੁਰਾਨ) ਤੁਹਾਡੇ ਪਰ ਵਹੀ ਦਵਾਰਾ ਅਸਾਂ ਨੇ ਉਤਾਰਿਆ ਹੈ ਉਹ ਏਹਨਾਂ ਨੂੰ ਪੜ੍ਹ ਕੇ ਸੁਣਾ ਦੇਵੇ ਅਰ ਇਹ ਲੋਗ (ਨਾ ਕੇਵਲ ਤੁਹਾਡੀ ਪੈਯੰਬਰੀ ਦੇ ਹੀ ਮੁਨਕਰ ਹਨ ਪ੍ਰਤੁਤ ਮੁਢੋਂ) ਕਰਪਾਲੂ (ਖੁਦਾ) ਦੇ (ਹੀ) ਮੁਨਕਰ ਹਨ (ਤੁਸੀਂ ਏਹਨਾਂ ਨੂੰ) ਕਹੋ ਕਿ ਵਹੀ ਮੇਰਾ ਪਰਵਰਦਿਗਾਰ ਹੈ ਉਸਦੇ ਸਿਵਾ ਕੋਈ ਮਾਬੂਦ (ਪੂਜ) ਨਹੀਂ ਮੈਂ ਓਸੇ ਦਾ ਹੀ ਭਰੋਸਾ ਰਖਦਾ ਹਾਂ ਅਰ (ਸਾਰੀਆਂ ਬਾਤਾਂ ਵਿਚ) ਮੈਂ ਓਸੇ ਦੀ ਤਰਫ ਰਜੂ ਕਰਦਾ ਹਾਂ (ਅਰਥਾਤ ਉਸੇ ਦਾ ਆਸਰਾ ਲੈਂਦਾ ਹਾਂ) ॥੩੦ ॥ ਅਰ ਯਦੀ ਕੋਈ ਕੁਰਾਨ (ਐਸਾ ਭੀ ਉਤਰਿਆ ਹੋਇਆ) ਹੁੰਦਾ ਜਿਸ (ਦੀ ਕ੍ਰਿਪਾ) ਸਾਥ ਪਰਬਤ ਤੁਰਨ ਲਗ ਪੈਂਦੇ ਕਿੰਵਾ ਉਸ ਦੀ (ਬਰਕਤ) ਸਾਥ ਧਰਤੀ (ਦੇ

Digitized by Panjab Digital Library | www.panjabdigilib.org

ਪੈਂਡੇ ਸੁਖੇਨ) ਪੂਰੇ ਕੀਤੇ ਜਾਂਦੇ ਅਥਵਾ ਉਸ (ਦੀ ਕ੍ਰਿਪਾ) ਸਾਥ ਮੁਰਦਿਆਂ ਨਾਲ ਬਚਨ ਬਿਲਾਸ ਹੋ ਸਕਦਾ (ਤਾਂ ਭੀ ਇਹ ਲੋਗ ਸਮਾਰਗੀ ਹੋਣ ਵਾਲੇ ਨਹੀਂ ਸਨ) ਪ੍ਰਤ੍ਯੁਤ (ਸਚੀ ਬਾਤ ਤਾਂ ਇਹ ਹੈ ਕਿ) ਸਾਰਾ ਅਖ-ਤਿਆਰ ਅੱਲਾ ਨੂੰ ਹੀ ਹੈ। ਤਾਂ ਕੀ (ਅਦਯਪਿ) ਮੁਸਲਮਾਨਾਂ ਨੂੰ ਸੰਤੋਖ ਨਹੀਂ ਆਇਆ ਕਿ ਯਦੀ ਖੁਦਾ ਦਾ ਸੰਕਲਪ ਹੁੰਦਾ ਤਾਂ ਸਾਰਿਆਂ ਲੋਗਾਂ ਨੂੰ ਸਿਖਿਆ ਦੇ ਦੇਂਦਾ ਅਰ ਜੋ ਲੋਗ ਮੁਨਕਰ ਹਨ (ਭਾਵ ਮੱਕੇ ਦੇ ਕਾਫਰ) ਏਹਨਾਂ ਨੂੰ ਏਹਨਾਂ ਦੀ ਕਰਤੂਤ ਦੀ ਸਜ਼ਾ ਵਿਚ (ਕੋਈ ਨਾ ਕੋਈ) ਵਿਪਤਿ ਪਰਾਪਤ ਹੀ ਹੁੰਦੀ ਰਹੇ। (ਜੋ ਇਹਨਾਂ ਸਾਰਿਆਂ ਨੂੰ ਖੁਟਖਦੀ ਰਹੇਗੀ) ਅਥਵਾ ਏਹਨਾਂ (ਨੂੰ ਨਾ ਪਰਾਪਤ ਹੋਵੇਗੀ ਤਾਂ ਏਹਨਾਂ ਦੇ ਰਹਿਣ) ਵਾਲੇ ਨਗਰ ਦੇ ਆਸ ਪਾਸ ਆ ਪਰਾਪਤਿ ਹੋਵੇਗੀ ਇਥੋਂ ਤਕ ਕਿ ਖੁਦਾ ਦਾ (ਅੰਤਿਮ) ਬਚਨ (ਪਰਾਜੈ ਮੱਕੇ ਦੀ) ਆਨ ਪੂਰੀ ਹੋਵੇ ਨਿਰਸੰਦੇਹ ਕਿ ਖੁਦਾ ਬਚਨ ਭੰਗ ਨਹੀਂ ਕੀਤਾ ਕਰਦਾ ॥ ੩੧ ॥ ਰੁਕੂਹ ੪ ॥

ਅਰ (ਹੇ ਪੈਯੰਬਰ) ਤੁਹਾਡੇ ਨਾਲੋਂ ਭੂਤਕਾਲ ਦੇ ਪੈਯੰਬਰਾਂ ਨੂੰ ਭੀ ਹਾਸੀਦਾ ਪਦ ਨਿਯਤ ਕੀਤਾ ਗਿਆ ਹੈ ਤਾਂ ਅਸਾਂ ਨੇ (ਥੋਹੜੇ ਸਮੇਂ) ਮੁਨਕਰਾਂ ਨੂੰ ਮੁਹਲਤ ਦਿਤੀ ਫਿਰ (ਅੰਤ ਨੂੰ) ਓਹਨਾਂ ਨੂੰ ਧਰ ਦਬਾਯਾ (ਤਾਂ ਤੁਸਾਂ ਦੇਖਿਆ ਕਿ) ਸਾਡਾ ਦੰਡ ਕੈਸਾ (ਕਠਨ) ਸੀ ॥ ੩੨ ॥ ਤਾਂ ਕੀ ਜੋ (ਖੁਦਾ) ਸਾਰਿਆਂ ਲੋਗਾਂ ਦੇ ਕਰਮਾਂ ਦੀ ਖਬਰ ਰਖਦਾ ਹੈ (ਏਹਨਾਂ ਨੂੰ ਦੰਡ ਦਿਤਿਆਂ ਬਿਨਾਂ ਛਡ ਦੇਵੇਗਾ) ਅਰ ਇਹ ਲੋਗ ਅੱਲਾ ਦੇ ਵਾਸਤੇ (ਦੂਸਰੇ ੨) ਸਜਾਤੀ ਨਿਯਤ ਕਰਦੇ ਹਨ (ਹੇ ਪੈਯੰਬਰ ਏਹਨਾਂ ਨੂੰ) ਕਹੋ ਕਿ ਤੁਸੀਂ ਏਹਨਾਂ (ਸ਼ਰੀਕਾਂ) ਦੇ ਨਾਮ ਤਾਂ ਲਵੋ ਅਥਵਾ ਤੁਸੀਂ ਖੁਦਾ ਨੂੰ ਐਸੇ ਸ਼ਰੀਕ (ਦੇ ਹੋਣ) ਦੀ ਖਬਰ ਦੇਂਦੇ ਹੋ ਜਿਨਹਾਂ ਨੂੰ ਓਹ ਜਾਣਦਾ (ਭੀ) ਨਹੀਂ (ਕਿ) ਧਰਤੀ ਪਰ (ਕਿਥੇ ਵਸਦੇ ਹਨ) ਅਥਵਾ (ਨਿਰੀਆਂ) ਓਪਰੀਆਂ (ਨਿਰਮੂਲਕ) ਬਾਤਾਂ ਹੀ ਕਰਦੇ ਹੋ ਬਾਤ ਇਹ ਹੈ ਕਿ ਮੁਨਕਰਾਂ ਨੂੰ ਆਪਣੀਆਂ ਚਾਲਾਕੀਆਂ ਉੱਤਮ ਪਰਤੀਤ ਹੋਂਦੀਆਂ ਹਨ ਅਰ (ਵਾਸਤਵ ਸਚੇ) ਮਾਰਗੋਂ ਰੁਕੇ ਹੋਏ ਹਨ ਅਰ ਜਿਸ ਨੂੰ ਖੁਦਾ ਕੁਰਾਹੀਆ ਕਰੇ ਤਾਂ ਕੋਈ ਉਸ ਦਾ ਸੁਮਾਰਗ ਦਸਣ ਵਾਲਾ ਹੈ ਨਹੀਂ ॥ ੩੩ ॥ ਏਹਨਾਂ ਲੋਗਾਂ ਵਾਸਤੇ ਸਾਂਸਾਰਿਕ ਜੀਵਨ ਵਿਚ (ਬੀ) ਕਸ਼ਟ ਹੈ (ਅਰ ਅੰਤ ਨੂੰ ਭੀ) ਅਰ ਅੰਤ ਦਾ ਕਸ਼ਟ (ਸਾਂਸਾਰਿਕ ਕਸ਼ਟ ਨਾਲੋਂ) ਨਿਰਸੰਦੇਹ ਬਹੁਤ (ਅਧਿਕ) ਕਠਨ ਹੈ ਅਰ ਖੁਦਾ (ਦੇ ਗਜ਼ਬ) ਥੀਂ ਕੋਈ ਓਹਨਾਂ ਦਾ ਰੱਛਕ ਨਹੀਂ ॥੩੪॥ ਬਬੇਕੀ ਪੁਰਖਾਂ ਵਾਸਤੇ ਜਿਸ ਸਵਰਗ ਦਾ ਬਚਨ ਕੀਤਾ ਜਾਂਦਾ ਹੈ ਉਸ ਦਾ ਇਹ ਬਿਰਤਾਂਤ ਹੈ ਕਿ ਉਸ ਦੇ ਨੀਚੇ

Digitized by Panjab Digital Library | www.panjabdigilib.org

ਨਹਿਰਾਂ ਵਗਦੀਆਂ ਹੋਣਗੀਆਂ ਉਸ ਦੇ ਫਲ ਸਦਾ ਬਹਾਰ ਅਰ (ਇਸੇ ਤਰਹਾਂ) ਉਸ ਦੀ ਛਾਇਆ। ਏਹ ਹੈ ਓਹਨਾਂ ਲੋਕਾਂ ਦਾ ਅੰਜਾਮ ਜੋ (ਸੰਸਾਰ ਵਿਚ) ਸੰਜਮੀ ਬਨੇ ਰਹੇ ਅਰ ਕਾਫਰਾਂ ਦਾ ਅੰਜਾਮ ਨਰਕ ਹੈ ॥ ੩੫ ॥ ਅਰ (ਹੇ ਪੈਯੰਬਰ) ਜਿਨਹਾਂ (ਮੁਸਲਮਾਨਾਂ) ਨੂੰ ਅਸਾਂ (ਏਹ) ਪੁਸਤਕ ਦਿਤੀ ਹੈ ਓਹ ਤਾਂ ਜੋ (ਜੋ ਹੁਕਮ) ਤੁਹਾਡੇ ਪੁਰ ਉਤਾਰੇ ਗਏ ਹਨ ਸਾਰਿਆਂ ਸਾਥ ਹੀ ਖੁਸ਼ ਹੁੰਦੇ ਹਨ ਅਰ ਦੂਸਰੇ ਫਿਰਕੇ ਉਸ ਦੀਆਂ ਕਈਕ ਬਾਤਾਂ ਥੀਂ ਨਨਾ ਪਕੜਦੇ ਹਨ (ਤੁਸੀਂ ਏਹਨਾਂ ਮੁਨਕਰਾਂ ਨੂੰ) ਕਹੋ ਕਿ (ਤੁਹਾਨੂੰ ਮੰਨਣ ਯਾ ਨਾ ਮੰਨਣ ਦਾ ਅਖਤਿਆਰ ਹੈ) ਮੈਨੂੰ ਤਾਂ ਇਹੋ ਹੀ ਆਗਿਆ ਮਿਲੀ ਹੈ ਕਿ ਮੈਂ ਖੁਦਾ ਦੀ ਹੀ ਪੂਜਾ ਕਰਾਂ ਹੋਰ ਕਿਸੇ ਨੂੰ ਉਸ ਦਾ ਸ਼ਰੀਕ ਨਾ ਬਨਾਵਾਂ ਮੈਂ (ਤੁਹਾਨੂੰ ਸਾਰਿਆਂ ਨੂੰ) ਉਸੇ ਦੀ ਤਰਫ ਪ੍ਰੇਰਦਾ ਹਾਂ ਅਰ (ਬਾਤ ਬਾਤ ਵਿਚ) ਉਸੇ ਦੀ ਤਰਫ ਰੁਜੂ ਕਰਦਾ ਹਾਂ ॥ ੩੬ ॥ ਅਰ ਐਸਾ ਹੀ (ਜੈਸਾ ਕਿ ਇਹ ਕੁਰਾਨ) ਹੈ ਅਸਾਂ ਉਸ ਹੁਕਮਾਂ ਨੂੰ ਅਰਬੀ (ਬੋਲੀ) ਵਿਚ ਉਤਾਰਿਆ ਅਰ (ਹੇ ਪੈਯੰਬਰ) ਯਦੀ ਇਸ ਦੇ ਪਿਛੋਂ ਭੀ ਕਿ ਤੁਹਾਨੂੰ ਇਲਮ ਹੋ ਚੁਕਾ ਹੈ ਤੁਸੀਂ ਇਹਨਾਂ ਦੀਆਂ ਵਾਸ਼ਨਾਂ ਦੇ ਪਿਛੇ ਲਗੇ ਤਾਂ (ਫੇਰ) ਖੁਦਾ ਦੇ ਮੁਕਾਬਲੇ ਵਿਚ ਨਾ ਕੋਈ ਤੁਹਾਡਾ ਹਿਮਾਇਤੀ ਹੋਵੇਗਾ ਅਰ ਨਾ ਕੋਈ ਰਛਿਆ ਕਰਨੇ ਵਾਲਾ ॥ ੩੭ ॥ ਰੁਕੂਹ ੫ ॥

ਅਰ ਤੁਹਾਡੇ ਨਾਲੋਂ ਪਹਿਲੇ ਭੀ ਅਸਾਂ (ਬਹੁਤ ਸਾਰੇ) ਪੈਗੰਬਰ ਭੇਜੇ ਅਰ ਅਸਾਂ ਓਹਨਾਂ ਨੂੰ ਇਸਤ੍ਰੀਆਂ ਭੀ ਦਿਤੀਆਂ ਅਰ ਔਲਾਦ (ਭੀ ਦਿਤੀ) ਅਰ ਕਿਸੀ ਰਸੂਲ ਦਾ ਬਲ ਨਹੀਂ ਸੀ ਕਿ ਖੁਦਾ ਦੀ ਆਗਿਆ ਬਿਨਾਂ ਕੋਈ ਚਮਿਤਕਾਰ ਪਰਗਟ ਕਰੇ। ਹਰੇਕ (ਨੀਯਤ) ਸਮੇਂ ਦੇ ਵਾਸਤੇ (ਸਾਡੇ ਪਾਸ ਇਕ ਤਰਹਾਂ ਦੀ) ਲਿਖਤ (ਹੁੰਦੀ) ਹੈ ॥ ੩੮ ॥ (ਪੁਨਰ ਉਸ ਦੇ ਵਿਚੋਂ) ਖੁਦਾ ਜਿਸ ਨੂੰ ਚਾਹੁੰਦਾ ਹੈ ਮਨਸੂਖ (ਰਦ) ਕਰ ਦੇਂਦਾ ਹੈ ਅਰ (ਜਿਸ ਨੂੰ ਚਾਹੁੰਦਾ ਹੈ) ਕਾਇਮ (ਵਿਦਮਾਨ) ਰਖਦਾ ਹੈ ਅਰ ਉਸ ਦੇ ਪਾਸ ਅਸਲ ਕਿਤਾਬ ਹੈ (ਕਿ ਉਸ ਵਿਚ ਸਭ ਕੁਛ ਲਿਖਿਆ ਹੋਇਆ ਹੈ) ॥ ੩੯ ॥ ਅਰ (ਹੇ ਪੈਯੰਬਰ ਕਸ਼ਟਾਂ ਦੀ) ਜੈਸੀ ੨ ਪ੍ਰਤੱਗਯਾ ਇਹਨਾਂ (ਮੱਕੇ ਦਿਆਂ ਕਾਫਰਾਂ) ਸਾਥ ਅਸੀਂ ਕਰਦੇ ਹਾਂ ਭਾਵੇਂ ਕਈ ਏਕ ਪਰਤਿਗਯਾ ਅਸੀਂ (ਤੁਹਾਡੀ ਜ਼ਿੰਦਗੀ ਵਿਚ) ਤੁਹਾਨੂੰ (ਪੂਰੀਆਂ ਕਰ) ਦਸੀਏ ਅਰ ਜਾਂ (ਏਹਨਾਂ ਪ੍ਰਤੱਗਯਾ ਦੇ ਪ੍ਰਾਪਤ ਹੋਣ ਥੀਂ ਪਹਿਲੇ) ਤੁਹਾਨੂੰ ਸੰਸਾਰ ਵਿਚੋਂ ਚੁਕ ਲਈਏ ਹਰ ਦਿਸ਼ਾ ਵਿਚ (ਸਾਡੀ ਆਗਿਆ ਦਾ) ਪਹੁੰਚਾ ਦੇਣਾਂ ਤੁਹਾਡਾ ਕੰਮ ਹੈ ਅਰ (ਏਹਨਾਂ ਪਾਸੋਂ) ਹਿਸਾਬ ਲੈਣਾ

Digitized by Panjab Digital Library | www.panjabdigilib.org

ਸਾੜਾ ॥ ੪੦ ॥ ਕੀ ਏਹ ਲੋਗ ਏਸ ਬਾਤ ਨੂੰ ਨਹੀਂ ਦੇਖਦੇ ਕਿ ਅਸੀਂ (ਇਸਲਾਮ ਦੀ ਵਿਜੇਤਾ ਦਵਾਰਾ) ਦੇਸ ਨੂੰ ਚਾਰ ਚੁਫੇਰਿਓਂ ਦਬਾਈ ਆਉਂਦੇ ਹਾਂ ਅਰ ਅਲਾ (ਜੋ ਚਾਹੁੰਦਾ ਹੈ) ਆਗਿਆ ਦੇਂਦਾ ਹੈ ਕੋਈ (ਪੁਰਖ ਸਨਮੁਖ ਹੋਕੇ) ਉਸ ਦੇ ਹੁਕਮ ਨੂੰ ਟਾਲ ਨਹੀਂ ਸਕਦਾ ਅਰ ਉਹ ਝਬਦੇ ਹੀ ਹਿਸਾਬ ਲੈਣ ਵਾਲਾ ਹੈ ॥ ੪੧ ॥ ਅਰ ਜੋ ਲੋਗ ਏਹਨਾਂ (ਮੱਕੇ ਦਿਆਂ ਕਾਫਰਾਂ) ਨਾਲੋਂ ਪਹਿਲੇ ਹੋ ਚੁਕੇ ਹਨ ਓਹਨਾਂ ਨੇ ਭੀ (ਪੈਗੰਬਰਾਂ ਸਾਥ ਵਿਰੋਧ ਕਰਨ ਵਿਚ ਆਪੋ ਆਪਣੀਆਂ) ਤਦਬੀਰਾਂ ਕੀਤੀਆਂ ਸੋ ਤਦਬੀਰਾਂ ਤਾਂ ਸਾਰੀਆਂ ਅੱਲਾ ਦੀਆਂ ਹੀ ਹਨ ਜੋ ਆਦਮੀ ਜੋ ਕੁਛ ਕਰ ਰਹਿਆ ਹੈ ਖੁਦਾ ਨੂੰ (ਸਭ) ਮਾਲੂਮ ਹੈ ਅਰ ਕਾਫਰਾਂ ਨੂੰ ਸ਼ੀਘਰ ਹੀ ਪਰਤੀਤ ਹੋ ਜਾਵੇਗਾ ਕਿ ਅੰਤ ਨੂੰ ਕਿਸ ਦੀ ਸ਼ੁਭ ਗਤੀ ਹੈ ॥ ੪੨ ॥ ਅਰ (ਹੇ ਪੈਗੰਬਰ) ਮੁਨਕਰ (ਲੋਗ) ਕਹਿੰਦੇ ਹਨ ਕਿ ਤੁਸੀਂ ਪੈਗੰਬਰ ਨਹੀਂ ਹੋ-ਤਾਂ-(ਤੁਸੀਂ ਏਹਨਾਂ ਨੂੰ) ਕਹੋ ਕਿ ਮੇਰੇ ਅਰ ਤੁਹਾਡੇ ਮਧਯ ਮੇਂ ਅੱਲਾ ਅਰ ਜਿਨ੍ਹਾਂ ਦੇ ਪਾਸ (ਆਕਾਸ਼ੀ) ਪੁਸਤਕਾਂ ਦੀ ਵਿਦਿਆ ਹੈ (ਅਰ ਓਹਨਾਂ ਵਿਚ ਮੇਰੇ ਵਾਸਤੇ ਭਵਿਖਤ ਬਾਣੀ ਵਿਦਮਾਨ ਹੈ ਏਹੋ ਹੀ) ਗਵਾਹ ਬਸ ਹਨ ॥ ੪੩ ॥ ਰੁਕੂਹ ॥ ੬ ॥

---

# ਸੂਰਤ ਇਬਰਾਹੀਮ ਮੱਕੇ ਵਿਚ ਉਤਰੀ ਅਰ ਏਸ ਦੀਆਂ ਬਵਿੰਜਾ ਆਯਤਾਂ ਅਰ ਸਤ ਰੁਕੂਹ ਹਨ।

(ਆਰੰਭ) ਅੱਲਾ ਦੇ ਨਾਮ ਸਾਥ (ਜੋ) ਅਤੀ ਕ੍ਰਿਪਾਲੂ ਅਰ ਦਿਆਲੂ (ਹੈ) ਅਲਫ ਲਾ ਮ ਰਾ। (ਹੇ ਪੈਗੰਬਰ ਇਹ ਕੁਰਾਨ ਬਹੁਤ ਉੱਤਮ) ਪੁਸਤਕ (ਹੈ) ਇਸ ਨੂੰ ਅਸਾਂ ਤੁਹਾਡੇ ਤੇ ਇਸ ਭਾਵ ਪਰ ਉਤਾਰਿਆ ਹੈ ਕਿ ਤੁਸੀਂ ਲੋਗਾਂ ਨੂੰ ਉਨਹਾਂ ਦੇ ਪਰਵਰਦਿਗਾਰ ਦੇ ਹੁਕਮ ਸਾਥ (ਕੁਫਰ ਦੇ) ਅੰਧੇਰੇ ਵਿਚੋਂ ਨਿਕਾਸ ਕੇ (ਈਮਾਨ ਦੇ) ਪ੍ਰਕਾਸ਼ ਵਿਚ ਲੈ ਆਓ (ਭਾਵ) ਓਸ (ਪਵਿਤ੍ਰ ਪਰਮਾਤਮਾ) ਦੇ ਮਾਰਗ ਪਰ (ਲੈ ਆਓ) ਜੋ ਸਾਰਿਆਂ ਨਾਲੋਂ ਸ਼ਕਤੀਮਾਨ (ਅਰ ਸੂਵ) ਉਸਤਤੀ ਦੇ ਯੋਗ ਹੈ ॥ ੧ ॥ (ਭਾਵ) ਉਸੇ ਅੱਲਾ ਦਾ ਹੀ ਹੈ ਜੋ ਕੁਛ ਅਗਾਸ ਵਿਚ ਹੈ ਅਰ ਜੋ ਕੁਛ ਧਰਤੀ ਪਰ ਹੈ ਅਰ ਭਿਆਨਕ ਦੁਖ (ਦੀ ਦ੍ਰਿਸ਼ਟੀ) ਦਵਾਰਾ (ਜੋ ਅੰਤ ਨੂੰ ਹੋਣ ਵਾਲਾ ਹੈ) ਕਾਫਰਾਂ (ਦੀ ਦਸ਼ਾ) ਪਰ (ਪ੍ਰਾਯਾ ਬਹੁਤ) ਅਫਸੋਸ ਹੈ ॥ ੨ ॥ ਕਿ ਇਹ ਲੋਕ ਆਖਰਤ ਦੇ ਮੁਕਾਬਲੇ ਵਿਚ ਸਾਂਸਾਰਿਕ ਜੀਵਣ ਪਸੰਦ ਕਰਦੇ

Digitized by Panjab Digital Library | www.panjabdigilib.org

ਹਨ ਅਰ ਰਬ ਦੇ ਰਾਹ ( ਪਰ ਤੁਰਨ ) ਥੀਂ ( ਲੋਗਾਂ ਨੂੰ ) ਰੋਕਦੇ ਅਰ ਓਸ ਵਿਚ ਕੁਚਾਲਾਂ ( ਪੈਦਾ ਕਰਨ ) ਦੀ ਇਛਾ ਕਰਦੇ ਹਨ ਇਹੋ ਹੀ ਲੋਗ ( ਹਨ ਜੋ ) ਪਰਲੇ ਦਰਜੇ ਦੀ ਗੁਮਰਾਹੀ ਪਰ ਹਨ ॥ ੩ ॥ ਅਰ ਜਦੋਂ ਕਦੀ ਅਸਾਂ ਨੇ ਕੋਈ ਪੈਗੰਬਰ ਭੇਜਿਆ ਤਾਂ ( ਉਸ ਨੂੰ ) ਉਸ ਦੀ ਕੌਮੀ ਜਬਾਨ ਵਿਚ ( ਬਾਤ ਚੀਤ ਕਰਦਾ ਹੋਇਆ ਭੇਜਿਆ ) ਤਾ ਕਿ ਓਹ ਓਹਨਾਂ ਨੂੰ ( ਭਲੀ ਤਰਹਾਂ ) ਸਮਝਾ ਸਕੇ ਏਸ ਥੀਂ ਭੀ ਈਸ਼ਵਰ ਜਿਸ ਨੂੰ ਚਾਹੁੰਦਾ ਹੈ ਗੁਮਰਾਹ ਕਰਦਾ ਹੈ ਅਰ ਜਿਸ ਨੂੰ ਚਾਹੁੰਦਾ ਹੈ ਸਿਖ੍ਯਾ ਦੇ ਦੇਂਦਾ ਹੈ ਅਰ ਓਹ ਸ਼ਕਤ ਸ਼ਾਲੀ ( ਅਰ ) ਯੁਕਤੀ ਮਾਨ ਹੈ ॥ ੪ ॥ ਅਰ ਅਸਾਂ ਨੇ ਹੀ ਮੂਸਾ ਨੂੰ ( ਭੀ ) ਆਪਣੀਆਂ ਨਿਸ਼ਾਨੀਆਂ ਦੇ ਕੇ ਭੇਜਿਆ ( ਅਰ ਓਹਨਾਂ ਨੂੰ ਹੁਕਮ ਦਿਤਾ ) ਕਿ ਆਪਣੀ ਜਾਤੀ ਨੂੰ ( ਕੁਫਰ ਦੇ ) ਅੰਧੇਰੇ ਵਿਚੋਂ ਕਢ ਕੇ ( ਈਮਾਨ ਦੇ ) ਪਰਕਾਸ਼ ਵਿਚ ਲੈ ਆਵੇ ਅਰ ਓਹਨਾਂ ਨੂੰ ਖੁਦਾ ਦੇ ਦਿਨ (ਅਰਥਾਤ ਚਮਿਤਕਾਰ) ਯਾਦ ਕਰਾਓ ਕਾਹੇ ਤੇ ਓਹਨਾਂ ( ਪ੍ਰਸੰਗਾਂ ) ਵਿਚ ਹਰੇਕ ਸਬਰ ਸ਼ੁਕਰ ਕਰਨ ਵਾਲੇ ਵਾਸਤੇ ( ਖੁਦਾ ਦੀ ਕੁਦਰਤ ਤਥਾ ਇਬਰਤ ਦੀਆਂ) ਨਿਸ਼ਾਨੀਆਂ ਹਨ ॥ ੫ ॥ ਅਰ ਉਨਹਾਂ ਹੀ ਸਮਿਆਂ ਦਾ ਇਹ ਭੀ ਕਥਨ ਹੈ ਕਿ ਮੂਸਾ ਨੇ ਆਪਣੀ ਜਾਤੀ ( ਦੇ ਲੋਗਾਂ ) ਨੂੰ ਕਹਿਆ ਕਿ ( ਭਿਰਾਓ ) ਅੱਲਾ ਨੇ ਜੋ ਤੁਹਾਡੇ ਪਰ ਉਪਕਾਰ ਕੀਤੇ ਹਨ ਓਹਨਾਂ ਨੂੰ ਯਾਦ ਕਰੋ ਜਦੋਂ ਕਿ ਉਸ ਨੇ ਤੁਹਾਨੂੰ ਫਿਰਔਨ ਦੇ ਲੋਗਾਂ ( ਦੇ ਜ਼ੁਲਮ ) ਥੀਂ ਮੁਕਤ ਦਿਤੀ ਕਿ ਓਹ ਤੁਹਾਨੂੰ ਕਠਿਨ ਰੀਤੀ ਸਾਥ ਦੁਖ ਦੇਂਦੇ ਅਰ ਤੁਹਾਡਿਆਂ ਪੁਤਰਾਂ ਨੂੰ ਲਭ ਲਭ ਕੇ ਕੋਂਹਦੇ ਅਰ ਤੁਹਾਡੀਆਂ ਪੁਤ੍ਰੀਆਂ ਨੂੰ ਸਰਜੀਤ ਰਖਦੇ ਸਿਨ । ਅਰ ਏਹਨਾਂ ( ਮੁਸੀਬਤਾਂ ) ਵਿਚ ਤੁਹਾਡੇ ਪਰਵਰਦਿਗਾਰ ਦੀ ਤਰਫੋਂ ( ਤੁਹਾਡੇ ਸਬਰ ਦੀ ) ਬੜੀ ਅਜ਼ਮਾਇਸ਼ (ਪ੍ਰੀਖਿਆ) ਸੀ ॥ ੬ ॥ ਰੁਕੂਹ ੧ ॥

ਅਰ ( ਉਹ ਸਮਾ ਭੀ ਯਾਦ ਹੈ ) ਜਦੋਂ ਕਿ ਤੁਹਾਡੇ ਪਰਵਰਦਿਗਾਰ ਨੇ ਪਰਗਟ ਕਰ ਦਿਤਾ ਸੀ ਕਿ ਯਦੀ ( ਸਾਡਾ ) ਧਨਵਾਦ ਕਰੋਗੇ ਤਾਂ ਅਸੀਂ ਤੁਹਾਨੂੰ ਹੋਰ ਵਧੇਰੇ ( ਨਿਆਮਤਾਂ ) ਦੇਵਾਂਗੇ ਅਰ ਯਦੀ ਤੁਸਾਂ ਨਾ ਸ਼ੁਕਰੀ ਕੀਤੀ ਤਾਂ (ਤੁਹਾਨੂੰ ਵਿਦਿਤ ਰਹੇ ਕਿ) ਸਾਡੀ ਮਾਰ (ਭੀ ਬੜੀ) ਸਖਤ ( ਮਾਰ ) ਹੈ ॥ ੭ ॥ ਅਰ ਮੂਸਾ ਨੇ ( ਆਪਣੀ ਜਾਤੀ ਦੇ ਲੋਗਾਂ ਨੂੰ ਇਹ ਬੀ ) ਕਹਿਆ ਕਿ ਯਦੀ ਤੁਸੀਂ ਅਰ ਜਿਤਨੇ ਲੋਗ ਧਰਤੀ ਪਰ ਹਨ ਵੁਹ ਸਾਰਿਆਂ ( ਦੇ ਸਾਰੇ ਰਲ ਕੇ ਭੀ ) ਖੁਦਾ ਦੀ ਨਾ ਸ਼ੁਕਰੀ ਕਰੋ ਤਾਂ ਖੁਦ ( ਨੂੰ ਜ਼ਰਾ ਭੀ ਪਰਵਾਹ ਨਹੀਂ ਕਾਹੇ ਤੇ ਉਹ ) ਬੇ ਪ੍ਰਵਾਹ ( ਅਰ ਹਰ ਹਾਲ ਵਿਚ ) ਉਸਤਤੀ ਅਰ ( ਪ੍ਰਾਰਥਨਾ ) ਦੇ ਜੋਗ ਹੈ ॥ ੮ ॥ ਕੀ ?

Digitized by Panjab Digital Library | www.panjabdigilib.org

ਤੁਹਾਨੂੰ ਓਹਨਾਂ ਦੇ ਹਾਲ ਨਹੀਂ ਪਰਾਪਤਿ ਹੋਏ ਜੋ ਤੁਹਾਡੇ ਨਾਲੋਂ ਪਹਿਲੇ (ਹੋ ਚੁਕੇ) ਹਨ (ਅਰਥਾਤ) ਨੂਹ ਦੀ ਜਾਤੀ ਅਰ ਆਦ ਦੀ ਅਰ ਸਮੂਦ ਦੀ ਅਰ (ਦੂਸਰੇ ਲੋਗ) ਜੋ ਓਹਨਾਂ ਦੇ ਪਿਛੋਂ ਹੋਏ ਜਿਨਹਾਂ ਦੀ ਖਬਰ ਬਸ ਖੁਦਾ ਨੂੰ ਹੀ ਹੈ ਉਨਹਾਂ ਦੇ ਪੈਗੰਬਰ ਮੋਜਜ਼ੇ ਲੈ ੨ ਕੇ ਉਨਹਾਂ ਦੇ ਪਾਸ ਆਏ (ਅਰ ਜੈਸਾ ਦਸਤੂਰ ਹੈ ਲੰਬੇ ਹਥ ਕਰ ੨ ਕੇ ਉਨਹਾਂ ਨੂੰ ਲਗੇ ਸਮਝਾਉਣ) ਤਾਂ ਓਹਨਾਂ ਨੇ ਉਨਹਾਂ ਦਿਆਂ ਹਥਾਂ ਨੂੰ ਓਹਨਾਂ ਦੇ ਹੀ ਮੁਖੜੇ ਪਰ ਉਲਟਾ ਮਾਰ ਦਿਤਾ ਅਰ ਬੋਲੇ ਜੋ ਹੁਕਮ ਦੇ ਕੇ ਤੁਸੀਂ (ਖੁਦਾ ਦੀ ਤਰਫੋਂ) ਭੇਜੇ ਗਏ ਹੋ ਅਸੀਂ ਤਾਂ ਓਹਨਾਂ ਨੂੰ ਨਹੀਂ ਮੰਨਦੇ। ਅਰ ਜਿਸ (ਦੀਨ) ਦੀ ਤਰਫ ਤੁਸੀਂ ਸਾਨੂੰ ਪ੍ਰੇਰਦੇ ਹੋ ਅਸੀਂ ਤਾਂ ਉਸ ਦੀ ਤਰਫੋਂ ਬੜੇ ਭਰਮ ਵਿਚ (ਪੜੇ) ਹੋਏ ਹਾਂ ॥ ੯ ॥ ਉਹਨਾਂ ਦੇ ਪੈਗੰਬਰਾਂ ਨੇ (ਉਨਹਾਂ ਨੂੰ) ਕਹਿਆ ਕੀ (ਤੁਹਾਨੂੰ) ਖੁਦਾ (ਦੇ ਹੋਣ) ਵਿਚ ਸੰਭਰਮ ਹੈ ਜੋ ਅਕਾਸ਼ ਅਰ ਧਰਤ ਦਾ ਸਿਰਜਣ ਹਾਰਾ ਹੈ (ਅਰ) ਉਹ ਤੁਹਾਨੂੰ ਇਸ ਵਾਸਤੇ (ਆਪਣੀ ਤਰਫ) ਬੁਲਾਉਂਦਾ ਹੈ ਕਿ ਤੁਹਾਡੇ ਅਵਗੁਣ ਬਖਸ਼ੇ ਅਰ ਇਕ ਖਾਸ ਸਮੇਂ ਤਕ ਤੁਹਾਨੂੰ (ਸੰਸਾਰ ਵਿਚ ਆਨੰਦ ਮੰਗਲ ਨਾਲ) ਰਖੇ ! ਉਹ ਲਗੇ ਕਹਿਣ ਕਿ ਤੁਸੀਂ ਭੀ ਤਾਂ ਬਸ ਸਾਡੇ ਵਰਗੇ (ਹੀ) ਆਦਮੀ ਹੋ (ਆਪ ਦੀ) ਅਭਿਲਾਖਾ ਹੈ ਕਿ ਜਿਨਹਾਂ (ਪੂਜਕਾਂ) ਨੂੰ ਸਾਡੇ ਵਡੇ ਪੂਜਦੇ ਚਲੇ ਆਏ ਹਨ ਓਹਨਾਂ (ਦੀ ਪੂਜਾ) ਥੀਂ ਸਾਨੂੰ ਰੋਕ ਦਿਓ (ਚੰਗਾ ਤਾਂ ਜੇਕਰ ਤੁਸੀਂ ਆਪਣੇ ਬਚਨ ਦੇ ਸਚੇ ਹੋ) ਤਾਂ ਸਾਨੂੰ (ਸਾਡੀ ਇਛਾ ਅਨੁਸਾਰ) ਕੋਈ ਪਰਤੱਛ ਚਮਤਕਾਰ ਲਾ ਦਿਖਲਾਓ ॥ ੧੦ ॥

ਓਹਨਾਂ ਦਿਆਂ ਪੈਗੰਬਰਾਂ ਨੇ ਉਨਹਾਂ ਨੂੰ ਕਹਿਆ ਕਿ ਨਿਰਸੰਦੇਹ ਅਸੀਂ (ਭੀ) ਤੁਹਾਡੇ ਵਰਗੇ ਆਦਮੀ ਹੀ ਹਾਂ ਪਰੰਤੂ ਖੁਦਾ ਆਪਣਿਆਂ ਬੰਦਿਆਂ ਵਿਚੋਂ ਜਿਸ ਪਰ ਚਾਹੁੰਦਾ ਹੈ (ਆਪਣੀ) ਕ੍ਰਿਪਾ ਕਰਦਾ ਹੈ (ਅਰ ਉਸ ਨੂੰ ਪੈਗੰਬਰ ਦੀ ਟਹਿਲ ਸੇਵਾ ਦੇਕੇ ਵਡਿਆਉਂਦਾ ਹੈ) ਅਰ ਈਸ਼ਵਰ ਦੀ ਆਗਿਆ ਬਿਨਾਂ ਸਾਡੀ (ਕੋਈ) ਮਜਾਲ ਨਹੀਂ ਕਿ ਅਸੀਂ ਕੋਈ ਚਮਿਤਕਾਰ ਤੁਹਾਨੂੰ ਦਿਖਲਾਈਏ ਅਰ ਅੱਲਾ ਪਰ ਹੀ (ਸਾਰਿਆਂ) ਭਰੋਸੇ ਵਾਲਿਆਂ ਨੂੰ ਭਰੋਸਾ ਰਖਣਾ ਚਾਹੀਦਾ ਹੈ ॥ ੧੧ ॥ ਹੋਰ ਸਾਡੇ ਵਾਸਤੇ ਕੀ (ਉਜਰ ਹੋ ਸਕਦਾ) ਹੈ ਕਿ ਅੱਲਾ ਪਰ ਭਰੋਸਾ ਨਾ ਰਖੀਏ ਹਾਲਾਂ ਕਿ ਸਾਡੀਆਂ (ਇਹ) ਰੀਤੀਆਂ (ਜਿਨਹਾਂ ਪਰ ਅਸੀਂ ਤੁਰ ਰਹੇ ਹਾਂ) ਓਸੇ ਨੇ ਹੀ ਸਾਨੂੰ ਦਸੀਆਂ ਅਰ ਜੈਸੇ ੨ ਤਸੀਹੇ ਤੁਸੀਂ ਸਾਨੂੰ ਦੇ ਰਹੇ ਹੋ (ਹੁਣ ਤਕ ਅਸਾਂ ਨੇ ਉਨਹਾਂ ਪਰ ਸਬਰ ਕੀਤਾ ਅਗੇ ਵਾਸਤੇ ਭੀ) ਅਸੀਂ ਜ਼ਰੂਰ ਓਹਨਾਂ ਪਰ ਸਬਰ ਕਰਦੇ ਰਹਾਂਗੇ ਹੋਰ ਰਬ ਦਾ ਆਸਰਾ

Digitized by Panjab Digital Library | www.panjabdigilib.org

ਰਖਣ ਵਾਲਿਆਂ ਨੂੰ ਚਾਹੀਦਾ ਹੈ ਕਿ ਖੁਦਾ ਪਰ ਭਰੋਸਾ ਰਖਣ ॥ ੧੨ ॥ ਰੁਕੂਹ ੨ ॥

ਅਰ ਮੁਨਕਰਾਂ ਨੇ ਆਪਣਿਆਂ ਪੈਯੰਬਰਾਂ ਨੂੰ ਕਹਿਆ ਕਿ ਅਸੀਂ ਤੁਹਾਨੂੰ ਅਵਸ਼ ਹੀ ਆਪਣੇ ਦੇਸ ਵਿਚੋਂ ਬਾਹਰ ਨਿਕਾਸ ਦੇਵਾਂਗੇ ਅਥਵਾ ਨਹੀਂ ਤੇ ਤੁਸੀਂ ਸਾਡੇ ਪੰਥ ਵਿਚ ਹੀ ਪੁਨਰ ਆ ਮਿਲੋਗੇ ਇਸ ਬਾਤ ਪਰ ਪੈਯੰਬਰਾਂ ਦੇ ਪਰਵਰਦਿਗਾਰ ਨੇ ਓਹਨਾਂ ਦੀ ਤਰਫ ਆਗਾਸ਼ ਬਾਣੀ ਭੇਜੀ ਕਿ ਅਸੀਂ (ਇਹਨਾਂ) ਧੂਰਤ ਲੋਗਾਂ ਨੂੰ ਨਿਸਚੇ (ਹੀ) ਗਾਰਤ ਕਰਾਂਗੇ ॥ ੧੩ ॥ ਅਰ ਇਹਨਾਂ ਦੇ (ਗਾਰਤ ਹੋਏ) ਪਿਛੋਂ ਨਿਸਚੇ (ਹੀ) ਤੁਹਾਨੂੰ ਇਸ ਧਰਤੀ ਪਰ ਆਬਾਦ ਕਰਾਂਗੇ ਇਹ ਬਦਲਾ ਉਸ ਆਦਮੀ ਵਾਸਤੇ ਹੈ ਜੋ ਆਪਣੇ ( ਕਰਮਾਂ ਦਾ ਉਤ੍ਰ ਦੇਣ ਵਾਸਤੇ ) ਸਾਡੇ ਸਨਮੁਖ ਖੜੇ ਹੋਣ ਥੀਂ ਡਰਿ-ਆ ਅਰ (ਹੋਰ) ਸਾਡੇ ਕਸ਼ਟ ਪਾਸੋਂ ਡਰਿਆ ॥ ੧੪ ॥ ਅਰ ਪੈਯੰਬਰਾਂ ਦੀ ਇਛਾ ਹੋਈ ਕਿ (ਉਨਹਾਂ ਦਾ ਅਰ ਕਾਫਰਾਂ ਦਾ ਝਗੜਾ ਕਿਤੇ) ਮੁਕ ਜਾਵੇ (ਅਰ ਉਨਹਾਂ ਦੀ ਹੀ ਇਛਾ ਪੂਰਣ ਹੋਈ) ਅਰ ਹਰੇਕ ਹੇਠੀ ਹੈਂਕੜੀ ਮਾਰਿਆ ਗਿਆ (ਇਹ ਤਾਂ ਸਾਂਸਾਰਿਕ ਕਸ਼ਟ ਸੀ ਅਰ) ॥ ੧੫ ॥ ਉਸ ਦੇ ਪਸਚਾਤ (ਉਸ ਦੇ ਵਾਸਤੇ) ਨਰਕ ਹੈ ਅਰ (ਉਥੇ) ਉਸ ਨੂੰ ਪੀਪ ਦਾ ਪਾਣੀ ਪਿਲਾਇਆ ਜਾਵੇਗਾ ॥ ੧੬ ॥ ਕਿ ਉਸ ਨੂੰ ਜ਼ੋਰਾ ਜ਼ੋਰੀ ਚੁਸਕੀਆਂ ਲੈ ਲੈ ਕੇ ਪੀਵੇਗਾ ਅਰ (ਫੇਰ ਭੀ) ਉਸ ਨੂੰ ਗਲੋਂ ਨਾ ਉਤਾਰ ਸਕੇਗਾ ਅਰ ਮੌਤ (ਹੈ ਕਿ) ਉਸ ਨੂੰ ਚੁਫੇਰਿਉਂ ਘੇਰਾ ਘਤੀ (ਆਉਂਦੀ ਪਰਤੀਤ ਹੁੰਦੀ) ਹੈ ਅਰ ਉਹ (ਫੇਰ ਭੀ) ਮਰਦਾ ਨਹੀਂ ਅਰ ਉਸ ਨੂੰ (ਹੋਰ) ਭਿਆਨਕ ਕਸ਼ਟ (ਭੀ) ਸਨਮੁਖ ਹੈ ॥ ੧੭ ॥ ਜੋ ਆਦਮੀ ਆਪਣੇ ਪਰਵਰਦਿਗਾਰ ਨੂੰ ਨਹੀਂ ਮੰਨਦੇ ਉਨਹਾਂ ਦਾ ਇਹ ਦ੍ਰਿਸ਼ਟਾਂਤ ਹੈ ਕਿ ਉਹਨਾਂ ਦੇ ਕਰਮ ਮਾਨੋ ਸੁਆਹ ( ਦੇ ਢੇਰ ) ਹਨ ਕਿ ਅੰਧੇਰੀ ਦੇ ਦਿਨ ਓਸ ਨੂੰ ਵਾਯੂ ਲੈ ਕੇ ਉਡ ਗਈ (ਅਮੁਨਾ ਪ੍ਰਕਾਰੇਣ) ਜੋ (ਕਰਮ) ਇਹ ਲੋਗ (ਸੰਸਾਰ ਵਿਚ) ਕਰ ਗਏ ਹਨ ਉਹਨਾਂ ਵਿਚੋਂ ਇਹਨਾਂ ਦੇ ਹਥ ਕੁਛ ਭੀ ਨਹੀਂ ਆਵੇਗਾ ਪਰਲੇ ਪਾਸੇ ਦੀ ਨਾਕਾਮੀ ਇਹੋ ਹੀ ਕਹਾਉਂਦੀ ਹੈ ॥ ੧੮ ॥ (ਹੇ ਪੁਰਖ !) ਕੀ ਤੂੰ ਇਸ ਬਾਤ ਪਰ ਨਜ਼ਰ ਨਹੀਂ ਕੀਤੀ ਕਿ ਖੁਦਾ ਨੇ ਧਰਤ ਅਗਾਸ ਨੂੰ (ਜ਼ਰੂਰ ਕਿਸੇ ਨਾ ਕਿਸੇ) ਕਾਰਨ ਵਾਸਤੇ ਹੀ ਪੈਦਾ ਕੀਤਾ ਹੈ ਯਦੀ ਚਾਹੇ ਤਾਂ ਤੁਸਾਂ (ਸਾਰਿਆਂ) ਨੂੰ ਮੇਸ ੨ ਕੇ ਨੂਤਨ ਸਰਿਸ਼ਟੀ ਨੂੰ ਲਿਆ ਵਸਾਵੇ ਅਰ ਇਹ ਖੁਦਾ ਅਗੇ ਕੋਈ ਔਖੀ ਬਾਤ ਨਹੀਂ ॥੧੯॥ ਅਰ (ਪ੍ਰਲੈ ਦੇ ਦਿਨ) ਸਾਰੇ ਲੋਕ ਖੁਦਾ ਦੇ ਸਨਮੁਖ ਨਿਕਲ ਖੜੇ ਹੋਣਗੇ ॥ ੨੦ ॥ ਤਾਂ (ਜੋ ਲੋਗ ਸੰਸਾਰ ਵਿਚ) ਨਿਰਬਲ (ਸਨ ਓਸ ਵੇਲੇ)

Digitized by Panjab Digital Library | www.panjabdigilib.org

ਓਹਨਾਂ ਲੋਗਾਂ ਨੂੰ ਜੋ ਬੜੀ ਇਜ਼ਤ ਰਖਦੇ ਸਨ ਕਹਿਣਗੇ ਅਸੀਂ ਤਾਂ ਤੁਹਾਡੇ ਪਿਛੇ ਤੁਰਨ ਵਾਲੇ ਸਾਂ ਤਾਂ ਕੀ ( ਅਜ ) ਤੁਸੀਂ ਖੁਦਾ ਦੇ ਕਸ਼ਟ ਵਿਚੋਂ ਕੁਛ ( ਥੋਹੜਾ ਸਾ ) ਸਾਡੇ ਉਪਰੋਂ ਹਟਾ ਸਕਦੇ ਹੋ ਉਹ ਕਹਿਣ ਗੇ ਕਿ ( ਭਿਰਾਓ ! ਅਸੀਂ ਤਾਂ ਆਪ ਹੀ ਆਵੇਢਿਤ ਹਾਂ ) ਯਦੀ ਖੁਦਾ ਸਾਨੂੰ ਕੋਈ ( ਮੁਕਤੀ ਦਾ ) ਮਾਰਗ ਦਸਦਾ ਤਾਂ ( ਓਹ ਮਾਰਗ ) ਅਸੀਂ ਭੀ ਤੁਹਾਨੂੰ ਦਸ ਦੇਂਦੇ ( ਹੁਣ ਤਾਂ ) ਬੇਸਬਰੀ ਕਰੀਏ ਤਾਂ ਅਰ ਸਬਰ ਕਰੀਏ ਤਾਂ ਸਾਡੇ ( ਤੁਹਾਡੇ ) ਵਾਸਤੇ ( ਦੋਨੋਂ ਅਵਸਥਾ ) ਸਮਾਨ ਹੀ ਹਨ ( ਕਸ਼ਟ ਥੀਂ ) ਸਾਡੀ ਕਿਸੀ ਤਰਹਾਂ ਭੀ ਮੁਕਤਿ ਨਹੀਂ ॥ ੨੧ ॥ ਰੁਕੂਹ ੩ ॥

ਅਰ ਜਦੋਂ ( ਅਖੀਰ ) ਫੈਸਲਾ ਹੋ ਜਾਵੇਗਾ ( ਅਰ ਲੋਗ ਸ਼ੈਤਾਨ ਦੇ ਮਥੇ ਲਗਾਣਗੇ ) ਤਾਂ ਸ਼ੈਤਾਨ ਕਹੇਗਾ ਕਿ ਖੁਦਾ ਨੇ ਤੁਹਾਡੇ ਸਾਥ ਸਤ ਪ੍ਰਤਿਗਯਾ ਕੀਤੀ ਸੀ ( ਸੋ ਉਸ ਨੇ ਪੂਰੀ ਕੀਤੀ ) ਅਰ ਮੈਂ ਭੀ ਤੁਹਾਡੇ ਸਾਥ ਪ੍ਰਤਿਗਯਾ ਕੀਤੀ ਸੀ ਪਰੰਤੂ ਮੈਂ ਤੁਹਾਡੇ ਸਾਥ ਪ੍ਰਤਿਗਯਾ ਵਿਭੰਗੀ ਕੀਤੀ ਅਰ ਤੁਹਾਡੇ ਪਰ ਮੇਰੀ ਕੋਈ ਜੋਰਾਵਰੀ ਤਾਂ ਹੈ ਨਹੀਂ ਸੀ ਬਾਤ ਤਾਂ ਏਤਨੀ ਹੀ ਸੀ ਕਿ ਮੈਂ ਤੁਹਾਨੂੰ ( ਆਪਣੀ ਤਰਫ ) ਬੁਲਾਇਆ ਅਰ ਤੁਸੀਂ ਮੇਰੇ ਕਹੇ ਲਗ ਗਏ ਤਾਂ ਹੁਣ ਮੈਨੂੰ ਤੁਹਮਤ ਨਾ ਲਗਾਓ ਕਿੰਤੂ ਆਪਣੇ ਆਪ ਨੂੰ ਤੁਹਮਤ ਲਗਾਓ ( ਅੱਜ ) ਨਾਂ ਤਾਂ ਮੈਂ ਤੁਹਾਡੀ ਫਰਿਆਦ ਨੂੰ ਪਹੁੰਚ ਸਕਦਾ ਹਾਂ ਅਰ ਨਾ ਤੁਸੀਂ ਮੇਰੀ ਫਰਿਆਦ ਨੂੰ ਪਹੁੰਚ ਸਕਦੇ ਹੋ ਮੈਂ ਤਾਂ ( ਮੁਢੋਂ ) ਮੰਨਦਾ ਹੀ ਨਹੀਂ ਕਿ ਤੁਸੀਂ ਮੈਨੂੰ ( ਵਰਤਮਾਨ ਸਮੇਂ ਥੀਂ ) ਪਹਿਲੇ ( ਸੰਸਾਰ ਵਿਚ ਖੁਦਾ ਦੀ ) ਸਜਾਤੀ ਨਿਯਤ ਕਰਦੇ ਸੀ ਏਸ ਵਿਚ ਭ੍ਰਮ ਨਹੀਂ ਕਿ ਜੋ ਲੋਗ ਨਾ ਫਰਮਾਨ ਹਨ ਓਹਨਾਂ ਨੂੰ ( ਪ੍ਰਲੈ ਦੇ ਦਿਨ ) ਬੜਾ ਭਿਆਨਕ ਕਸ਼ਟ ਹੋਵੇਗਾ ॥ ੨੨ ॥ ਅਰ ਜੋ ਲੋਗ ਭਰੋਸਾ ਕਰ ਬੈਠੇ ਹਨ ਅਰ ਓਹਨਾਂ ਨੇ ਸ਼ੁਭ ਕਰਮ (ਭੀ ) ਕੀਤੇ ( ਸ੍ਵਰਗ ਦਿਆਂ ) ਬਾਗਾਂ ਵਿਚ ਪ੍ਰਾਪਤਿ ਕੀਤੇ ਜਾਣਗੇ ਜਿਨਹਾਂ ਦੇ ਨੀਚੇ ਨਹਿਰਾਂ ( ਪਈਆਂ ) ਵਗ ਰਹੀਆਂ ਹੋਣਗੀਆਂ ( ਅਰ ਉਹ ) ਆਪਣੇ ਪਰਵਰਦਿਗਾਰ ਦੇ ਹੁਕਮ ਸਾਥ ਓਹਨਾਂ ਵਿਚ ਸਦਾ ( ਸਦਾ ) ਰਹਿਣਗੇ ਓਥੇ ਓਹਨਾਂ ਦੇ ( ਆਗਤ ਭਾਗਤ ਦੇ ਸਮੇਂ ਦੀ ) ਦੁਆ ਸਲਾਮ (ਅਲੈਕ) ਹੋਵੇਗੀ ॥ ੨੩ ॥ (ਹੇ ਪੈਯੰ-ਬਰ) ਕੀ ਤੁਸਾਂ (ਏਸ ਬਾਤ ਪਰ ) ਦ੍ਰਿਸ਼ਟੀ ਨਹੀਂ ਦਿਤੀ ਕਿ ਖੁਦਾ ਸ਼ੁਭ ਬਾਤ ( ਅਰਥਾਤ ਦ੍ਰਿਸ਼ਟਾਂਤ ਏਕਤਾ ਦੇ ਵਾਕਯ ) ਦਾ ਕੈਸਾ ( ਉੱਤਮ ) ਦ੍ਰਿਸ਼ਟਾਂਤ ਦਿਤਾ ਹੈ ਕਿ ( ਸ਼ੁਭ ਬਾਤ ) ਮਾਨੋ ਇਕ ਪਵਿਤ੍ਰ ਬ੍ਰਿਛ ਹੈ ਓਸ ਦੀ ਜੜ੍ਹ ਮੰਜ਼ਬੂਤ ਹੈ ਅਰ ਓਸ ਦੀਆਂ ਸ਼ਾਖਾਂ ਅਗਾਸ ਵਿਚ ਹਨ ॥ ੨੪ ॥ ਆਪਣੇ ਪਰਵਰਦਿਗਾਰ ਦੀ ਆਗਿਆ ਸਾਥ ਸਦਾ ਹੀ ਆਪਣੇ ਫਲ ਦੇਂਦਾ

Digitized by Panjab Digital Library | www.panjabdigilib.org

ਰਹਿੰਦਾ ਹੈ ਅਰ ਅੱਲਾ ਲੋਗਾਂ ਦੇ ਵਾਸਤੇ (ਇਸ ਕਰਕੇ) ਦ੍ਰਿਸ਼ਟਾਂਤ ਵਰਣਨ ਕਰਦਾ ਹੈ ਤਾਂ ਕਿ ਓਹ ਸੋਚਣ ॥ ੨੫ ॥ ਅਰ ਅਸ਼ੁਧ ਬਾਤ (ਅਰਥਾਤ ਜੈਸੇ ਦ੍ਵੈਤ ਵਾਕਜ) ਦਾ ਦ੍ਰਿਸ਼ਟਾਂਤ ਅਸ਼ੁਧ ਬ੍ਰਿਛ ਦੀ ਤਰਹਾਂ ਹੈ ਕਿ (ਜਦੋਂ ਇਛਾ) ਕੀਤੀ ਧਰਤੀ ਦੇ (ਉਪਰੋਂ) ਪੁਟ ਸੁਟਿਆ ਉਸ ਦੀ ਕੋਈ ਇਸਥਿਤ ਤਾਂ ਹੈ ਨਹੀਂ ॥ ੨੬ ॥ ਜੋ ਲੋਗ ਭਰੋਸਾ ਕਰ ਬੈਠੇ ਹਨ ਓਹਨਾਂ ਨੂੰ ਪਕੀ ਬਾਤ (ਅਰਥਾਤ ਏਕਤ੍ਰਾ ਵਾਕਜ) ਦੀ ਬਰਕਤ ਸਾਥ ਅੱਲਾ ਸੰਸਾਰ ਵਿਚ ਭੀ (ਈਮਾਨ ਪਰ) ਸਾਬਤ (ਕਦਮ) ਰਖਦਾ ਹੈ ਅਰ ਅੰਤ ਨੂੰ (ਭੀ ਪੱਕੀ ਪੈਰੀਂ ਰਖੇਗਾ ਅਰਥਾਤ ਪ੍ਰਸ਼ਨੋਤਰ ਦੇ ਸਮੇਂ ਉਨਹਾਂ ਨੂੰ ਕਿਸੇ ਤਰਹਾਂ ਦੀ ਤਿਲਕਣਬਾਜ਼ੀ ਨਾ ਹੋਵੇਗੀ) ਅਰ ਅੱਲਾ ਨਾ ਫਰਮਾਨ ਲੋਗਾਂ ਨੂੰ ਗੁਮਰਾਹ ਕਰਦਾ ਹੈ ਅਰ ਜੋ ਇਛਾ ਕਰਦਾ ਹੈ ਕਰ ਲੈਂਦਾ ਹੈ ॥ ੨੭ ॥ ਰੁਕੂਹ ੪ ॥

(ਹੇ ਪੈਗੰਬਰ) ਕੀ ਤੁਸਾਂ ਉਨਹਾਂ ਲੋਗਾਂ (ਦੀ ਵਿਵਸਥਾ) ਪਰ ਦ੍ਰਿਸ਼ਟੀ ਨਹੀਂ ਦਿਤੀ ਜਿਨਹਾਂ ਨੇ ਅੱਲਾ ਦੀ ਨਿਆਮਤ ਦੇ ਬਦਲੇ ਵਿਚ ਧੰਨਯਵਾਦ ਨਹੀਂ ਕੀਤਾ (ਅਰ ਅੰਤ ਨੂੰ) ਆਪਣੀ ਜਾਤੀ ਨੂੰ ਮੌਤ ਦੇ ਘਰ (ਅਰਥਾਤ) ਜਹੰਨਮ ਵਿਚ ਲੈ ਜਾ ਡੇਰਾ ਕਰਾਇਆ ॥ ੨੮ ॥ ਕਿ (ਓਹ ਸਾਰੇ) ਉਸ ਦੇ ਵਿਚ ਦਾਖਲ ਹੋਣਗੇ ਅਰ ਉਹ (ਬਹੁਤ ਹੀ) ਬੁਰਾ ਅਸਥਾਨ ਹੈ ॥ ੨੯ ॥ ਅਰ ਏਹਨਾਂ ਲੋਗਾਂ ਨੂੰ ਅੱਲਾ ਦੇ ਮੁਕਾਬਲੇ (ਅਨਜਾਨਜ ਪੂਜਜ) ਖੜੇ ਕੀਤੇ ਹਨ ਤਾਂ ਕਿ (ਲੋਗਾਂ ਨੂੰ) ਉਸ ਦੇ ਰਾਹੋਂ ਬੇਮੁਖ ਕਰਨ (ਹੇ ਪੈਗੰਬਰ ਏਹਨਾਂ ਲੋਗਾਂ ਨੂੰ) ਕਹੋ ਕਿ (ਚੰਗਾ ਥੋੜੇ ਦਿਨ ਸੰਸਾਰ ਵਿਚ) ਵਸ ਰਸ ਲਵੋ ਪੁਨਰ ਤਾਂ ਤੁਸਾਂ ਨਰਕਾਂ ਦੀ ਤਰਫ ਜਾਣਾ ਹੀ ਹੈ ॥ ੩੦ ॥ (ਹੇ ਪੈਗੰਬਰ) ਸਾਡੇ ਲੋਗ ਜੋ ਭਰੋਸਾ ਕਰ ਬੈਠੇ ਹਨ ਉਨਹਾਂ ਨੂੰ ਕਹੋ ਕਿ ਨਿਮਾਜ਼ਾਂ ਪੜਿਆ ਕਰਨ ਅਰ ਓਸ ਨਾਲੋਂ ਪਹਿਲੇ ਕਿ (ਪ੍ਰਲੈ ਦਾ) ਦਿਨ ਆ ਵਿਦਮਾਨ ਹੋਵੇ ਜਦੋਂ ਕਿ ਨਾਂ ਕਰਮਾਂ ਦੀ ਖਰੀਦ ਨਾਂ ਹੋਵੇਗਾ ਅਰ ਨਾ ਵੇਚਣਾ ਅਰ ਨਾ ਮੋਹ ਪਿਆਰ ਸਾਡੀ ਦਿਤੀ ਹੋਈ ਰੋਜੀ ਵਿਚੋਂ (ਰਬ ਦੇ ਰਾਹ ਪਰ) ਚੁਪਚਾਪ ਤਥਾ ਜਾਹਰ (ਜਹੂਰ) ਖਰਚ ਕਰਦੇ ਹਨ ॥ ੩੧ ॥ ਅੱਲਾ ਹੀ (ਐਸਾ ਸਰਵ ਸ਼ਕਤੀਮਾਨ) ਹੈ ਜਿਸ ਨੇ ਧਰਤੀ ਆਗਾਸ ਨੂੰ ਉਤਪਤ ਕੀਤਾ ਅਰ ਅਗਾਸ ਵਿਚੋਂ ਬਰਖਾ ਕੀਤੀ ਪੁਨਰ ਪਾਣੀ ਦ੍ਵਾਰਾ (ਦਰਖਤਾਂ ਨੂੰ) ਫਲ ਉਤਪਤ ਕੀਤੇ ਕਿ ਉਹ ਤੁਸਾਂ ਲੋਗਾਂ ਦੀ ਰੋਜੀ ਹੈ ਅਥ ਨਵਕ (ਬੇੜੀਆਂ) ਨੂੰ ਤੁਹਾਡੇ ਵਸ ਵਿਚ ਕੀਤਾ ਤਾ ਕਿ ਉਸਦੇ ਹੁਕਮ ਸਾਥ ਦਰਿਆ ਵਿਚ ਤੁਰੇਂ (ਫਿਰੇਂ) ਅਰ (ਹੋਰ) ਨਦੀਆਂ ਨੂੰ ਤੁਹਾਡੇ ਵਸ ਵਿਚ ਕਰ ਦਿਤਾ ॥ ੩੨ ॥ ਅਰ (ਐਸੇ ਹੀ ਏਸੇ ਦ੍ਰਿਸ਼ਟੀ

Digitized by Panjab Digital Library | www.panjabdigilib.org

ਸਾਥ ) ਸੂਰਜ ਚੰਦ੍ਰਮਾਹ ਨੂੰ ਤੁਹਾਡੇ ਵਸ ਕਰ ਦਿਤਾ ਕਿ ਦੋਨੋਂ ਪੜੇ ਚਕ੍ਰ ਪਰ ਘੂਮ ਰਹੇ ਹਨ ਅਰ ( ਐਸੇ ਹੀ ਇਕ ਤਰਹਾਂ ਨਾਲ ) ਰਾਤ ਦਿਨ ਨੂੰ ਭੀ ਤੁਹਾਡੇ ਵਸ ਵਿਚ ਕਰ ਦਿਤਾ ॥੩੩॥ ਅਰ ਜੋ ਕੁਛ ਤੁਹਾਨੂੰ ਜ਼ਰੂਰੀ ਸੀ ਤੁਹਾਡੇ ਵਿਤ ਮੂਜਬ ਤੁਹਾਨੂੰ ਦਿਤਾ ਯਦੀ ਖੁਦਾ ਦੀਆਂ ਨਿਆ-ਮਤਾਂ ਦੇ ਗਿਣਨ ਦੀ ਇਛਾ ਕਰੋ ਤਾਂ ਉਨਹਾਂ ਨੂੰ ਪੂਰਾ ਪੂਰਾ ਗਿਣ ਨਾ ਸਕੋਗੇ ਨਿਰਸੰਦੇਹ ਆਦਮੀ ਬੜਾ ਹੀ ਬੇ ਇਨਸਾਫ ( ਅਰ ) ਕ੍ਰਿਤਘਣ ਹੈ ॥ ੩੪ ॥ ਰੁਕੂਹ ੫ ॥

ਅਰ (ਹੇ ਮਕੇ ਦੇ ਕਾਫਰੋ ਓਸ ਸਮੇਂ ਨੂੰ ਯਾਦ ਕਰੋ ) ਜਦੋਂ ਇਬ-ਰਾਹੀਮ ਨੇ ( ਖੁਦਾ ਅਗੇ ) ਬੇਨਤੀ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਏਸ ( ਮੱਕੇ ) ਸ਼ਹਿਰ ਨੂੰ ਅਮਨ ਦਾ ਸਥਾਨ ਬਨਾ ਅਰ ਮੈਨੂੰ ਅਰ ਮੇਰੀ ਅੰਸ ਨੂੰ ਏਸ ( ਕੁਮਾਰਗੋਂ ) ਬਚਾ ਕਿ ਲਗਣ ਬੁਤਾਂ ਦੀ ਪੂਜਾ ਕਰਨ ॥ ੩੫ ॥ ਹੇ ਮੇਰੇ ਪਰਵਰਦਿਗਾਰ ਨਿਰਸੰਦੇਹ ਏਹਨਾਂ ਬੁਤਾਂ ਨੇ ਅਕਸਰ ਲੋਗਾਂ ਨੂੰ ਕੁਮਾਰਗੀ ਕੀਤਾ ਹੈ ਤਾਂ ਤੇ ਜਿਸ ਨੇ ਮੇਰੀ ਆਗਿਆ ਪਾਲਣ ਕੀਤੀ ਉਹ ਮੇਰਾ ਹੈ ਅਰ ਜਿਸਨੇ ਮੇਰੀ ਆਗਿਆ ਭੰਗ ਕੀਤੀ ਤਾਂ ਤੂੰ ਬਖਸ਼ਨੇ ਵਾਲਾ ਮੇਹਰਬਾਨ ਹੈਂ ॥ ੩੬ ॥ ਹੇ ਮੇਰੇ ਪਰਵਰਦਿਗਾਰ ਮੈਨੇ ਤੇਰਾ ਉੱਤਮ ਮੰਦਰ ( ਖਾਨੇ ਕਾਬੇ ) ਦੇ ਪਾਸ ਏਸ ਬੀਆਬਾਨ ( ਮੱਕੇ ) ਵਿਚ ਜਿਥੇ ਖੇਤੀ ਨਹੀਂ ਆਪਣੀ ਕੁਛ ਔਲਾਦ ( ਲਿਆ ਕੇ ) ਬਸਾਈਹੈ ਤਾਂ ਕਿ ਹੇ ਸਾਡੇ ਪਰਵਰਦਿਗਾਰ ਏਹ ਲੋਗ ਏਥੇ ਨਮਾਜ਼ ਪੜ੍ਹਨ ਤੂੰ ਐਸੀ ਬਾਤ ਕਰ ਕਿ ਲੋਗਾਂ ਦੇ ਦਿਲ ਏਹਨਾਂ ਦੀ ਤਰਫ ਖਿਚੇ ਜਾਣ । ਅਰ ( ਅਨਯਾਨਜ ਦੇਸਾਂ ਦੀ ) ਪੈਦਾ ਵਾਰੀ ਸਾਥ ਏਨਹਾਂ ਨੂੰ ਰੋਜੀ ਦੇਵੇਂ ਤਾਂ ਕਿ ਏਹ ( ਤੇਰਾ ) ਧਨਵਾਦ ਕਰਨ ॥ ੩੭॥ ਹੇ ਸਾਡੇ ਪਰਵਰਦਿਗਾਰ ਜੋ ( ਬਾਤ ) ਅਸੀਂ ਗੁਪਤ ਕਰਦੇ ਅਰ ਜੋ ਪਰਗਟ ਕਰਦੇ ਹਾਂ ਆਪ ਨੂੰ ( ਸਭ ) ਗਿਆਤ ਹੈ ਅਰ ਅੱਲਾ ਅਗੇ ਕੋਈ ਵਸਤੂ ਛਿਪੀ ਨਹੀਂ ਰਹਿੰਦੀ ( ਨਾ ) ਧਰਤੀ ਪਰ ਨਾਂ ਆਗਾਸ ਵਿਚ ॥ ੩੮ ॥ ਖੁਦਾ ਦਾ ਧੰਨਜਬਾਦ ਹੈ ਜਿਸ ਨੇ ਮੈਨੂੰ ਬ੍ਰਿਧਪਣੇ ਦੇ ਹੁੰਦਿਆਂ ਸੁੰਦਿਆਂ ਇਸਮਾਈਲ ਅਰ ਇਸਹਾਕ ( ਦੋ ਪੁਤਰ ) ਪ੍ਰਦਾਨ ਕੀਤੇ ਨਿਰਸੰਦੇਹ ਮੇਰਾ ਪਰਵਰਦਿਗਾਰ ਬੇਨਤੀ ਨੂੰ ਸੁਣਦਾ ਹੈ ॥ ੩੯ ॥ ਹੇ ਮੇਰੇ ਪਰਵਰਦਿਗਾਰ ਮੈਨੂੰ ( ਇਤਨਾ ) ਬਲ ਦੇਹਕਿ ਮੈਂ ਨਿਮਾਜ ਪੜ੍ਹਦਾ ਰਹਾਂ ( ਅਰ ਨਾ ਕੇਵਲ ਮੈਨੂੰ ਹੀ ਕਿੰਤੂ ) ਮੇਰੀ ਉਲਾਦ ਨੂੰ ( ਭੀ ) ਅਰ ਹੇ ਸਾਡੇ ਪਰਵਰਦਿਗਾਰ ਮੇਰੀ ਬੇਨਤੀ ਨੂੰ ਪ੍ਰਵਾਨ ਕਰ॥੪੦॥ (ਅਰ) ਹੇ ਸਾਡੇ ਪਰਵਰਦਿਗਾਰ ਜਿਸ ਦਿਨ(ਕਰਮਾਂ ਦਾ) ਹਸਾਬ ਹੋਣ ਲਗੇ ਮੈਨੂੰ ਅਰ ਮੇਰੇ ਮਾਤਾ ਪਿਤਾ ਨੂੰ ਅਰ (ਸੂਭ) ਈਮਾਨ ਵਾਲਿਆਂ ਨੂੰ

Digitized by Panjab Digital Library | www.panjabdigilib.org

ਬਖਸ਼ ਦੀਜੀਓ ॥ ੪੧ ॥ ਰੁਕੂਹ ੬ ॥

ਅਰ ( ਹੇ ਪੈਯੰਬਰ ) ਇਹ ਬਾਤ ਨਾ ਸਮਝਣੀ ਕਿ ਖੁਦਾ ( ਏਹਨਾਂ ) ਦੁਸ਼ਟਾਂ ( ਅਰਥਾਤ ਮੱਕੇ ਦੇ ਕਾਫਰਾਂ ) ਦੇ ਕਰਮਾਂ ਥੀਂ ਅਚੇਤ ਹੈ ਅਰ ( ਇਹ ਜੋ ਸ਼ੀਘਰ ਹੀ ਏਹਨਾਂ ਪਰ ਕਸ਼ਟ ਨਹੀਂ ਪ੍ਰਾਪਤ ਹੁੰਦਾ ਓਸ ਦਾ ) ਬਸ ( ਇਹ ਕਾਰਨ ਹੈ ਕਿ ) ਖੁਦਾ ਏਹਨਾਂ ਨੂੰ ਉਸ ਦਿਨ ਤਕ ਦੀ ਅਵਧੀ ਦੇ ਰਹਿਆ ਹੈ ਜਦੋਂ ਕਿ ( ਡਰ ਦੇ ਮਾਰਿਆਂ ਲੋਕਾਂ ਦੀਆਂ ) ਅੱਖੀਆਂ ਟਡੀਆਂ ਦੀਆਂ ਟਡੀਆਂ ਰਹਿ ਜਾਣਗੀਆਂ ॥ ੪੨ ॥ ਆਪਣੇ ਮੂੰਹ ਚੁਕੀ ਭਜੇ ਚਲੇ ਜਾਂਦੇਹਨ(ਤ੍ਰਾਟਕ ਲਗਾ ਹੋਇਆਹੈ ਕਿ ਜਿਧਰੋਂ ਦੇਖਦੇ ਹਨ ਉਧਰੋਂ) ਨਿਗਾਹ ਫਿਰਕੇ ਇਨਹਾਂ ਦੀ ਤਰਫ ਨੂੰ ਨਹੀਂ ਆਉਂਦੀ ਅਰ ਏਹਨਾਂ ਦੇ ਦਿਲ ( ਹਨ ਕਿ ) ਹਵਾ ( ਹੁੰਦੇ ਜਾਂਦੇ ) ਹਨ ॥ ੪੩ ॥ ਅਰ ( ਹੇ ਪੈਯੰਬਰ ) ਲੋਗਾਂ ਨੂੰ ਓਸ ਦਿਨ ( ਦੇ ਆ ਪਹੁੰਚਨ ) ਥੀਂ ਡਰਾਓ ਜਦੋਂ ਕਿ ਓਹਨਾਂ ਪਰ ਵਿਪਤੀ ਆ ਪ੍ਰਾਪਤ ਹੋਵੇਗੀ ਤਾਂ ਜੋ ਲੋਗ ਆਗਿਆ ਭੰਗੀ ਹਨ ( ਘਿਗਿਆ ਘਿਗਿਆ ਕੇ ) ਕਹਿਣ ਲਗਣਗੇ ਕਿ ਹੇ ਹਮਾਰੇ ਪਰਵਰ-ਦਿਗਾਰ ਸਾਨੂੰ ਥੋਹੜਾ ਅਵਿਕਾਸ਼ ਹੋਰ ਦੇਹ ਤਾਂ ( ਐਤਕੀ ਦੀ ਵੇਰੀ ) ਅਸੀਂ ਤੇਰੇ ਬੁਲਾਉਣ ਸਾਥ ਉਠ ਖੜੇ ਹੋਵਾਂਗੇ ਅਰ ਪੈਯੰਬਰਾਂ ਦੇ ਪਿਛੇ ਲਗੇ ਰਹਾਂਗੇ ( ਤਾਂ ਓਹਨਾਂ ਨੂੰ ਪ੍ਰਤੀ ਉੱਤਰ ਵਿਚ ਕਹਿਆ ਜਾਵੇਗਾ ਕਿ ) ਕੀ ਤੁਸੀਂ ( ਸੋਈ ਲੋਗ ) ਨਹੀਂ ਹੋ ਜੋ ( ਏਸ ਥੀਂ ) ਪਹਿਲਾਂ ਭੀ ਸੁਗੰਧਾਂ ਕੀਤਾ ਕਰਦੇ ਸੀ ( ਅਰ ਇਕ ਦੂਜੇ ਨੂੰ ਕਹਿਆ ਕਰਦੇ ਸੀ ) ਕਿ ਤੁਹਾਨੂੰ ਕਿਸੀ ਤਰਹਾਂ ਦਾ ਕਸ਼ਟ ਨਹੀਂ ॥੪੪॥ ਅਰ (ਕੀ ਤੁਸੀਂ ਸੋਈ ਲੋਗ ਨਹੀਂ ਹੋ ਕਿ ) ਜਿਨਹਾਂ ਲੋਗਾਂ ਨੇ (ਸਾਡੀ ਆਗਿਆ ਵਿਭੰਗ ਕਰਕੇ) ਆਪ ਆਪਣੇ ਪਰ ਜ਼ੁਲਮ ਕੀਤੇ ਸਨ ਓਹਨਾਂ ਦੇ ਘਰਾਂ ਵਿਚ ਹੀ ਤੁਸੀਂ ਭੀ ਰਹੇ ਅਰ ਤੁਹਾਡੇ ਪਰ ( ਇਹ ਭੀ ) ਪਰਗਟ ਹੋ ਚੁਕਾ ਸੀ ਕਿ ਅਸਾਂ ਓਹਨਾਂ ਦੇ ਸਾਥ ( ਕੈਸਾ ਕੁ ਬਰਤਾਉ ) ਕੀਤਾ ਅਰ ਅਸਾਂ ਤੁਹਾਡੀ ( ਸਿਖਿਆ ) ਵਾਸਤੇ ( ਬਹੁਤ ਸਾਰੇ ) ਦ੍ਰਿਸ਼ਟਾਂਤ ਭੀ ਵਰਨਣ ਕਰ ਦਿਤੇ ਸਨ ॥ ੪੫ ॥ ਅਰ ਉਹ ਲੋਗ ( ਭੀ ) ਆਪਣੀਆਂ ਚਾਲਾਂ ਚਲਦੇ ਰਹੇ ਅਰ ਓਹਨਾਂ ਦੀਆਂ ( ਸਾਰੀਆਂ ) ਚਾਲਾਂ ਖੁਦਾ ਦੀ ਦ੍ਰਿਸ਼ਟੀ ਵਿਚ ਹੀ ਸਨ। ਅਰ ਯਦਜਪਿ ਓਹਨਾਂ ਦੀਆਂ ਚਾਲਾਂ (ਏਸ ਚਮਿਤਕਾਰ ਸਾਥ) ਸਨ ਕਿ ਪਹਾੜਾਂ ਨੂੰ (ਆਪਣੇ) ਸਥਾਨੋਂ ਹਲਾ ਦੇਣ ( ਪਰੰਚ ਕੋਈ ਯੁਕਤਿ ਕਾਰ ਨਾ ਆਈ ) ॥ ੪੬ ॥ ਤਾਂ ਤੇ ( ਹੇ ਪੈਯੰਬਰ ) ਐਸਾ ਖਿਆਲ ਨਾ ਕਰਨਾ ਕਿ ਖੁਦਾ ਜੋ ਆਪਣਿਆਂ ਪੈਯੰਬਰਾਂ ਸਾਥ ਸਤ ਪ੍ਰਤਗਿਆ ਕਰ ਬੈਠਾ ਹੈ ਉਸ ਦੇ ਉਲਟ ਕਰੇਗਾ ? ਨਿਰਸੰਦੇਹ ਅੱਲਾ ਜ਼ਬਰਦਸ਼ਤ (ਅਰ) ਬਦਲਾ ਲੈਣ ਵਾਲਾ ਹੈ ॥ ੪੭ ॥ ( ਪਰੰਤੂ ਏਹ

Digitized by Panjab Digital Library | www.panjabdigilib.org

ਬਦਲਾ ਪੂਰਾ ੨ ਤਾਂ ਉਸ ਦਿਨ ਲੀਤਾ ਜਾਵੇਗਾ) ਜਦੋਂ (ਇਹ) ਧਰਤੀ ਬਦਲ ਕੇ (ਦੂਸਰੀ ਤਰਹਾਂ ਦੀ ਧਰਤੀ ਬਣ ਜਾਵੇਗੀ ਅਰ (ਇਸ ਪ੍ਰਕਾਰ) ਅਗਾਸ ਅਰ (ਸਾਰੇ) ਲੋਗ ਅਦੁਤੀ (ਅਰ) ਬਲਿਸ਼ਟ ਪ੍ਰਮਾਤਮਾਂ ਦੇ ਸਨਮੁਖ (ਜਵਾਬ ਦੇਹੀ ਵਾਸਤੇ ਆਪੋ ਆਪਣਿਆਂ ਅਸਥਾਨਾਂ ਤੋਂ) ਨਿਕਸ ਖੜੇ ਹੋਣਗੇ ॥੪੮॥ ਅਰ (ਹੇ ਪੈਯੰਬਰ)! ਤੁਸੀਂ ਓਸ ਦਿਨ ਸਦੋਖੀਆਂ ਨੂੰ ਦੇਖੋਗੇ ਕਿ ਸੰਗਲਾਂ ਸਾਥ ਜਕੜੇ ਹੋਏ ਹੋਣਗੇ ॥ ੪੯ ॥ ਰਾਲ (ਤਥਾ ਗੰਧਕ) ਦੇ ਓਹਨਾਂ ਦੇ ਕੁਰਤੇ ਹੋਣਗੇ ਅਰ ਓਹਨਾਂ ਦੇ ਮੁਖੜਿਆਂ ਨੂੰ ਅਗ ਲਗੀ ਹੋਈ ਹੋਵੇਗੀ (ਅਰ ਇਹ ਸਾਰੇ ਦੁਖੜੇ) ਇਸ ਵਾਸਤੇ (ਦਿਤੇ ਜਾਣਗੇ) ॥ ੫੦ ॥ ਕਿ ਖੁਦਾ ਸਾਰਿਆਂ ਲੋਗਾਂ ਨੂੰ ਓਹਨਾਂ ਦੇ ਕੀਤੇ ਦਾ ਫਲ ਦੇਵੇ ਨਿਰਸੰਦੇਹ ਹਿਸਾਬ ਲੈਂਦਿਆਂ ਅੱਲਾ ਨੂੰ ਕੋਈ ਢਿਲ ਨਹੀਂ ਲਗਦੀ ॥ ੫੧ ॥ ਇਹ (ਕੁਰਾਨ) ਲੋਗਾਂ ਵਾਸਤੇ ਇਕ ਇਤਲਾਹ ਨਾਮਾ ਹੈ ਅਰ (ਇਸ ਦੇ ਉਤਾਰਣ ਦਾ) ਪ੍ਰਯੋਜਨ ਇਹ ਹੈ ਕਿ ਇਸ ਦੇ ਦਵਾਰਾ ਲੋਗਾਂ ਨੂੰ (ਖੁਦਾ ਦੇ ਕਸ਼ਟ ਥੀਂ) ਸਭੈ ਕੀਤਾ ਜਾਵੇ ਅਰ ਤਾਂ ਕਿ (ਸਾਰੇ ਲੋਗ) ਪਰਤੀਤ ਕਰਨ ਕਿ ਖੁਦਾ ਹੀ ਇਕ ਪੂਜਜ ਹੈ ਅਰ ਤਾਂ ਕਿ ਜੋ ਪੁਰਖ ਬੁਧਿਮਾਨ ਹਨ ਸਿਖਿਆ ਪਾਉਣ ॥ ੫੨ ॥ ਰੁਕੂਹ ੭ ॥

## ਸੂਰਤ ਹਜਰ ਮੱਕੇ ਵਿਚ ਉਤਰੀ ਏਸ ਦੀਆਂ ਨੜਿੰਨਵੇਂ ਆਯਤਾਂ ਅਰ ਛੇ ਰੁਕੂਹ ਹਨ ॥

(ਅਰੰਭ) ਅੱਲਾ ਦੇ ਨਾਮ ਸਾਥ (ਜੋ) ਅਤੀ ਦਿਆਲੂ (ਅਰ) ਕਿਰਪਾਲੂ (ਹੈ) ਅਲਫ ਲਾ ਮ-ਰ੍ਹਾ ॥ ਏਹ (ਇਲਾਹੀ) ਪੁਸਤਕ ਅਰਥਾਤ ਕੁਰਾਨ ਦੀਆਂ (ਚੰਦ) ਆਯਤਾਂ ਹਨ ਜਿਨਹਾਂ ਦਾ ਆਸ਼ਾ ਪਰਗਟ ਹੈ (ਅਰ ਹਰ ਆਦਮੀ ਦੀ ਸਮਝ ਵਿਚ ਆ ਸਕਦੀ ਹੈ) ॥ ੧ ॥*(ਇਕ ਦਿਨ ਹੋਵੇ ਗਾ ਕਿ) ਕਾਫਰ ਬਹੁਤੇਰੇ ਹੀ ਹਥ ਮਲਨਗੇ ਕਿ (ਹਾ) ਦੇਵ (ਅਸੀਂ ਭੀ) ਮੁਸਲਮਾਨ ਹੁੰਦੇ !!! ॥ ੨ ॥ ਤਾਂ (ਹੇ ਪੈਯੰਬਰ) ਏਹਨਾਂ ਨੂੰ (ਏਹਨਾਂ ਦੇ ਹੀ ਹਾਲ ਪਰ) ਰਹਿਣ ਦਿਹ ਕਿ ਖਾਣ (ਪੀਣ) ਅਰ (ਸੰਸਾਰ ਦੇ ਖਿਣ ਭੰਗਰ) ਸੁਖ ਲੈਣ ਅਰ (ਅਯੋਗ) ਸੰਕਲਪ ਏਹਨਾਂ ਨੂੰ ਗਾਫਿਲ ਕੀਤੀ ਰਖਣ ਪੁਨਰ ਓੜਕ ਨੂੰ (ਪ੍ਰਲੈ ਦੇ ਦਿਨ) ਤਾਂ ਏਹਨਾਂ ਨੂੰ ਪਰਤੀਤ ਹੋ ਹੀ ਜਾਵੇਗੀ ॥ ੩ ॥ ਅਰ ਅਸਾਂ (ਕਦਾਪਿ) ਕੋਈ ਨਗਰੀ ਖੈ ਨਹੀਂ ਕੀਤੀ ਪਰੰਚ ਉਸ (ਦੀ ਖੈ) ਵਾਸਤੇ ਇਕ ਮੁਕਰਰ ਸਮਾਂ (ਪਹਿਲੇ ਤੋਂ ਹੀ) ਲਿਖਿਆ ਹੋਇਆ (ਵਿਦਮਾਨ) ਸੀ ॥ ੪ ॥ ਕੋਈ ਉਮਤ ਨਾਂ

*ਹੁਣ 'ਰੁਬਮਾ' ਨਾਮੀ ਚੌਂਧਵਾਂ ੧੪ ਪਾਰਾ ਚਲਿਆ।

Digitized by Panjab Digital Library | www.panjabdigilib.org

ਆਪਣੇ ਸਮੇਂ ਥੀਂ ਅਗੇ ਵਧ ਸਕਦੀ ਹੈ ਅਰ ਨਾਂ ਪਿਛੇ ਰਹਿ ਸਕਦੀ ਹੈ ॥ ੫ ॥ ਅਰ ( ਹੇ ਪੈਗੰਬਰ ਮੱਕੇ ਦੇ ਕਾਫਰ ਤੁਹਾਨੂੰ ਇਸ ਤਰਹਾਂ ਉਪਾਧਿ ਦੇ ਕੇ ) ਕਹਿੰਦੇ ਹਨ ਕਿ ਹੇ ਪੁਰਖ ਜਿਸ ਦੀ ( ਬੁਧਿ ਵਿਚ ਉਨਮਾਦ ਸਮਾਇਆ ਹੋਇਆ ਹੈ ਓਸ ) ਪਰ ( ਖੁਦਾ ਦੀ ਤਰਫੋਂ ) ਕੁਰਾਨ ਨਾਜਲ ਹੋਇਆ ਹੈ ਤਾਂ ਤੂੰ ਉਨਮਾਦੀ ਹੈਂ ॥ ੬ ॥ ਯਦੀ ਤੂੰ ( ਆਪਣੇ ਬਚਨ ਦਾ ) ਸਚਾ ਹੈਂ ਤਾਂ ਫਰਿਸ਼ਤਿਆਂ ਨੂੰ ਸਾਡੇ ਸਨਮੁਖ ਲਿਆ ਕੇ ਕਿਉਂ ਨਹੀਂ ਖੜਾ ਕਰਦਾ ॥ ੭ ॥ ਸੋ ਅਸੀਂ ਫਰਿਸ਼ਤਿਆਂ ਨੂੰ ਨਹੀਂ ਭੇਜਿਆ ਕਰਦੇ ਪਰੰਤੂ ਫੈਸਲੇ ਦੇ ਵਾਸਤੇ ਅਰ (ਫਰਿਸ਼ਤੇ ਹਾਜ਼ਰ ਹੋਣ ਤਾਂ) ਪੁਨਰ ਇਨਹਾਂ ਨੂੰ ਮੁਹਲਤ ਭੀ ਨਾ ਮਿਲੇ ॥ ੮ ॥ ਨਿਰਸੰਦੇਹ ਅਸਾਂ ਨੇ ਹੀ ਕੁਰਾਨ ਉਤਾਰਿਆ ਹੈ ਅਰ ਨਿਰਸੰਦੇਹ ਅਸੀਂ ਹੀ ਉਸ ਦੇ ਰਾਖੇ ਭੀ ਹਾਂ ॥ ੯ ॥ ਅਰ (ਹੇ ਪੈਗੰਬਰ) ਅਸਾਂ ਤੇਰੇ ਨਾਲੋਂ ਪਹਿਲੇ ਭੀ ਅਗਲਿਆਂ ਲੋਗਾਂ ਦੇ ( ਬਹੁਤ ਸਾਰਿਆਂ ) ਟੋਲਿਆਂ ਦੇ ਵਿਚ (ਪੈਗੰਬਰ ਭੇਜੇ) ਸਨ ॥ ੧੦ ॥ ਅਰ ( ਓਹਨਾਂ ਲੋਗਾਂ ਦਾ ਭੀ ਇਵਾ ਹੀ ਵਰਤਾਉ ਸੀ ਕਿ) ਜਦੋਂ ੨ ਓਹਨਾਂ ਪਾਸ ਪੈਗੰਬਰ ਆਉਂਦੇ ( ਉਹ ) ਉਹਨਾਂ ਨੂੰ ਹਾਸੀ ਦਾਸ ਪਤ ਨਿਯਤ ਕਰਦੇ ॥ ੧੧ ॥ ( ਤਾਂ ਜਿਸ ਤਰਹਾਂ ਅਗਲੇ ਲੋਗ ਆਪਣਿਆਂ ਪੈਗੰਬਰਾਂ ਸਾਥ ਟਿਚਕਰਾਂ ਕਰਦੇ ਰਹੇ ) ਓਸੇ ਤਰਹਾਂ ਅਸੀਂ ( ਇਹਨਾਂ ) ਕਾਫਰਾਂ ਦੇ ਰਿਦਿਆਂ ਵਿਚ ( ਭੀ ਵੈਸੇ ਹੀ ) ਕਪਟਤਾ ਸ਼ਰਾਰਤ ਪਾ ਦੇਂਦੇ ਹਾਂ ॥ ੧੨ ॥ (ਤਾਂ) ਇਹ ਕੁਰਾਨ ਪਰ ਈਮਾਨ ਧਾਰਨ ਵਾਲੇ ਨਹੀਂ ਅਰ ਇਹ ਰਸਮ ( ਕੋਈ ਅਨੋਖੀ ਨਹੀਂ ਕਿੰਤੂ ) ਪ੍ਰਾਚੀਨ ਲੋਗਾਂ ਤੋਂ ( ਹੀ ) ਹੁੰਦੀ ਚਲੀ ਆਈ ਹੈ ॥ ੧੩ ॥ ਅਰ ਯਦੀ ਅਸੀਂ ਏਹਨਾਂ ਲੋਗਾਂ ਪਰ ਅਸਮਾਨ ਦਾ ਇਕ ਦਰਵਾਜਾ ਭੀ ਖੋਹਲ ਦੇਈਏ ਅਰ ਇਹ ਲੋਗ ਦਿਨਦੀਵੀਂ ਉਸ ਦਰਵਾਜੇ ਦੇ ਰਸਤੇ ( ਅਗਾਸ ਵਿਚ ) ਚੜ੍ਹ ਭੀ ਜਾਣ ॥ ੧੪ ॥ ਤਾਂ ਫੇਰ ਵੀ ਇਹੋ ਹੀ ਕਹਿਣ ਕਿ ਰਬ ਨਾ ਭੁਲਾਵੇ ਸਾਡੀਆਂ ਅਖੀਆਂ ਹੀ ਮਤਵਾਲੀਆਂ ਹੋ ਗਈਆਂ ਹਨ ( ਯਦੀ ) ਇਹ ਨਹੀਂ ਤਾਂ ਸਾਡੇ ਪਰ ਕਿਸੇ ਨੇ ਜਾਦੂ ਕਰ ਦਿਤਾ ਹੈ ॥ ੧੫ ॥ ਰੁਕੂਹ ੧ ॥

ਅਰ ਅਸਾਂ ਹੀ ਅਗਾਸ ਵਿਚ ( ਦ੍ਵਾਦਸ ) ਰਾਸਾਂ ਬਣਾਈਆਂ ਅਰ ਦੇਖਣ ਵਾਲਿਆਂ ਵਾਸਤੇ ਉਸ ਨੂੰ ( ਤਾਰਾ ਗਣ ਕਰਕੇ ) ਅਲੰਕ੍ਰਿਤ ਕੀਤਾ ॥ ੧੬ ॥ ਅਰ ਹਰ ਧਿਕਾਰੇ ਹੋਏ ਸ਼ੈਤਾਨ ਥੀਂ ਉਸ ਦੀ ਰਖਿਆ ਕੀਤੀ (ਕਿ ਓਥੇ ਸ਼ੈਤਾਨਾਂ ਵਿਚੋਂ ਕੋਈ ਜਾ ਨਹੀਂ ਸਕੇਗਾ)॥੧੭॥ ਯਦੀ ਛਿਪ ਛਿਪਾ ਕੇ ਚੋਰੀ ੨ ਕੋਈ ਬਾਤ ਸੁਣ ਕੇ ਭਜ ਆਵੇ ਤਾਂ ਸ਼ਹਾਬ ਦਾ ਦਗਦਾ ਹੋਯਾ ਅੰਗਾਰਾ ( ਉਸ ਦੇ ਖਦੇੜਨ ਵਾਸਤੇ ) ਓਸ ਦੇ ਪਿਛੇ ਪੈ ਜਾਂਦਾ ਹੈ ॥ ੧੮ ॥

Digitized by Panjab Digital Library | www.panjabdigilib.org

ਅਰ ਅਸਾਂ ਧਰਤੀ ਨੂੰ ਵਿਸਤ੍ਰਿਤ ਕੀਤਾ ( ਕਿ ਜੀਵ ਜੰਤੂ ਉਸ ਪਰ ਨਿਵਾਸ ਕਰਨ ) ਅਰ ਅਸਾਂ ਉਸ ਵਿਚ ( ਕੀਲ ਦੀ ਤਰਹਾਂ ਬੜੇ ੨ ) ਪਹਾੜ ਗਡ ਦਿਤੇ ਕਿ ( ਪ੍ਰਿਥਵੀ ਇਕ ਨਿਯਤ ਰੂਪ ਪਰ ਇਸਥਿਤ ਰਹੇ ) ਅਰ ਅਸਾਂ ਉਸ ਪਰ ਹਰ ਇਕ ਮੁਨਾਸਿਬ ਵਸਤੂ ਪੈਦਾ ਕੀਤੀ ॥ ੧੯ ॥ ਅਰ ( ਏਸ ਥੀਂ ਸਿਵਾ ) ਅਸਾਂ ( ਹੀ ) ਧਰਤੀ ਪਰ ਤੁਸਾਂ ਲੋਗਾਂ ਦੇ ਸੰਜੀਵ-ਨਾਰਥ ਸਾਮਗਰੀ ਇਕੱਤ੍ਰ ਕੀਤੇ ਅਰ ( ਨਾ ਹੀਂ ਕੇਵਲ ਤੁਹਾਡੇ ਕਿੰਤੂ ਦੂਸਰੇ ਸਜੀਵ ਜੀਵਾਂ ਦੀ ਰੋਜੀ ਦੇ ਵੀ ) ਜਿਨਹਾਂ ਨੂੰ ਤੁਸੀਂ ਰੋਜ਼ੀ ਨਹੀਂ ਦੇਂਦੇ ( ਕਿੰਤੂ ਅਸੀਂ ਦੇਂਦੇ ਹਾਂ ) ॥ ੨੦ ॥ ਅਰ ਜਿਤਨੀਆਂ ਵਸਤਾਂ ਹਨ ਸਾਡੇ ਪਾਸ ਸਾਰੀਆਂ ਦੇ ਖਜਾਨਿਆਂ ( ਦੇ ਖਜ਼ਾਨੇ ਭਰੇ ਪਏ ) ਹਨ ਪਰੰਤੂ ਅਸੀਂ ਇਕ ਅੰਦਾਜ਼ਾ ਮਾਲੂਮ ਦੇ ਸਾਥ ਉਨਹਾਂ ਨੂੰ ( ਧਰਤੀ ਪਰ ) ਭੇਜਦੇ ਰਹਿੰਦੇ ਹਾਂ ॥ ੨੧ ॥ ਅਰ ਅਸੀਂ ਹੀ ਵਾਯੂ ਨੂੰ ਪ੍ਰੇਰਦੇ ਹਾਂ ਜੋ ਮੇਘਾਂ ਨੂੰ ਪਾਣੀ ਸਾਥ ਪਰਿਪੂਰਣ ਕਰਦੀ ਹੈ ਪੁਨਰ ਅਸੀਂ ( ਹੀ ) ਆਗਾਸ ਵਿਚੋਂ ਪਾਣੀ ਦੀ ਬਰਖਾ ਕਰਦੇ ਪੁਨਰ ਅਸੀਂ (ਹੀ) ਉਹ (ਪਾਣੀ) ਤੁਸਾਂ ਲੋਗਾਂ ਨੂੰ ਪਿਲਾਉਂਦੇ ਹਾਂ ਅਰ ਤੁਸਾਂ ਲੋਗਾਂ ਤਾਂ ਉਸ ਨੂੰ ਇਕੱਤ੍ਰ ਕਰ ਕੇ ਨਹੀਂ ਰਖਿਆ ਸੀ ( ਕਿ ਅਸਾਂ ਉਸੇ ਥੀਂ ਬਰਖਾ ਕਰ ਦਿਤੀ ਹੋਵੇ ) ? ॥ ੨੨ ॥ ਅਰ ਅਸੀਂ ਹੀ ( ਲੋਗਾਂ ਨੂੰ ) ਪੈਦਾ ਕਰਦੇ ਅਰ ਅਸੀਂ ਹੀ ( ਲੋਗਾਂ ਨੂੰ ) ਨਸ਼ਟ ਕਰਦੇ ਹਾਂ ਅਰ ( ਸਾਰਿਆਂ ਦੇ ਮਰਿਆਂ ਪਿਛੋਂ ) ਅਸੀਂ ਹੀ ( ਉਨਹਾਂ ਦੇ ਮਾਲ ਧਨ ਦੇ ) ਮਾਲਿਕ ਬਣਾਂਗੇ ॥ ੨੩ ॥ ਅਰ ਅਸੀਂ ਉਨਹਾਂ ਲੋਗਾਂ ਨੂੰ ਭੀ ਜਾਣਦੇ ਹਾਂ ਜੋ ਤੁਹਾਡੇ ਨਾਲੋਂ ਪਹਿਲੇ ਸਮੇਂ ਵਿਚ ਹੋ ਚੁਕੇ ਹਨ ਅਰ ਅਸੀਂ ਉਨਹਾਂ ਲੋਗਾਂ ਨੂੰ ਭੀ ਜਾਣਦੇ ਹਾਂ ਜੋ ਅਗਲੇ ਸਮੇਂ ਵਿਚ ਆਉਣ ਵਾਲੇ ਹਨ ॥ ੨੪ ॥ ਅਰ ( ਹੇ ਪੈਯੰਬਰ ) ਨਿਰਸੰਸੇ ਤੁਹਾਡਾ ਪਰਵਰਦਿਗਾਰ ਹੀ ( ਪ੍ਰਲੈ ਦੇ ਦਿਨ ) ਏਹਨਾਂ ( ਸਾਰਿਆਂ ) ਨੂੰ ( ਆਪਣੇ ਸਨਮੁਖ ) ਇਕਤ੍ਰ ਕਰੇਗਾ ਨਿਰਸੰਦੇਹ ਉਹ ਹਿਕਮਤ ਵਾਲਾ ( ਅਰ ਸਾਰੀਆਂ ਬਾਤਾਂ ਦਾ ) ਗਿਆਤਾ ਹੈ ॥ ੨੫ ॥ ਰੁਕੂਹ ੨ ॥

ਅਰ ਅਸਾਂ ਹੀ ਕਾਲੇ (ਤਥਾ ) ਸੜੇ ਹੋਏ ਗਾਰੇ ਵਿਚੋਂ ਜੋ ( ਸੁਕ ਕੇ ) ਟਣ ਟਣ ਬੋਲਣ ਲਗ ਪੈਂਦਾ ਹੈ ਆਦਮ ਨੂੰ ਪੈਦਾ ਕੀਤਾ ॥ ੨੬ ॥ ਅਰ ਅਸੀਂ ਜਿਨਹਾਂ 'ਨੂੰ ( ਆਦਮ ਥੀਂ ) ਪਹਿਲਾਂ ਲੋ ਦੀ ਗਰਮੀ ਥੀਂ ਪੈਦਾ ਕਰ ਚੁਕੇ ਸਾਂ ॥ ੨੭ ॥ ਅਰ ( ਹੇ ਪੈਯੰਬਰ ਉਸ ਵੇਲੇ ਨੂੰ ਯਾਦ ਕਰੋ ) ਜਦੋਂ ਕਿ ਤੁਹਾਡੇ ਪਰਵਰਦਿਗਾਰ ਨੇ ਫਰਿਸ਼ਤਿਆਂ ਨੂੰ ਕਹਿਆ ਕਿ ਮੈਂ ਕਾਲੇ (ਤਥਾ) ਸੜੇ ਹੋਏ ਗਾਰੇ ਥੀਂ ਜੋ ਸੁਕ ਕੇ ਟਣਕ ਟਣਕ ਬੋਲਣ ਲਗ ਪੈਂਦਾ ਹੈ ਇਕ ਆਦਮੀ ਨੂੰ ਪੈਦਾ ਕਰਣ ਵਾਲਾ ਹਾਂ ॥ ੨੮ ॥ ਤਾਂ ਜਦੋਂ

Digitized by Panjab Digital Library | www.panjabdigilib.org

ਮੈਂ ਓਸ ਨੂੰ ਪੂਰਾ ਬਨਾ ਚੁਕਾਂ ਅਰ ਓਸ ਦੇ ਵਿਚ ਆਪਣੀ (ਤਰਫੋਂ) ਰੂਹ ਪ੍ਰਦਾਨ ਕਰ ਦੇਵਾਂ ਤਾਂ ਤੁਸਾਂ ਓਸ ਦੇ ਅਗੇ ਮੱਥਾ ਟੇਕ ਕੇ ਡਿੱਗ ਪੈਣਾ ॥ ੨੯ ॥ ਅਤ ਏਵ ਕੁਲ ਫਰਿਸ਼ਤੇ ਸਾਰਿਆਂ ਨੇ ਦੇ ਸਾਰਿਆਂ (ਆਦਮ ਦੇ ਸਨਮੁਖ) ਮਥੇ ਟੇਕ ਦਿਤੇ ॥ ੩੦ ॥ ਪਰੰਤੂ ਇਬਲੀਸ ਕਿ ਉਸ ਨੇ ਮੱਥਾ ਟੇਕਣ ਵਾਲਿਆਂ ਦੇ ਵਿਚ ਰਲਣ ਥੀਂ ਨਨਾ ਪੜ੍ਹਿਆ ॥ ੩੧ ॥ ਇਸ ਥੀਂ ਖੁਦਾ ਨੇ ਕਹਿਆ ਹੇ ਇਬਲੀਸ ਤੈਨੂੰ ਕਿਸ (ਕਿਸ ਚੀਜ ਨੇ ਰੋਕਿਆ) ਹੈ ਕਿ ਤੂੰ ਮੱਥਾ ਟੇਕਣ ਵਾਲਿਆਂ ਵਿਚ ਠਹਿਰਦਾ ਨਹੀਂ ॥ ੩੨ ॥ (ਇਬ-ਲੀਸ) ਉਵਾਚ ਕਿ ਮੈਂ ਉਹ ਨਹੀਂ ਕਿ ਐਸੇ ਪੁਰਖ ਨੂੰ ਮੱਥਾ ਟੇਕਾਂ ਜਿਸ ਨੂੰ ਤੂੰ ਕਾਲੇ (ਤਥਾ) ਸੜੇ ਹੋਏ ਗਾਰੇ ਤੋਂ ਉਤਪਤ ਕੀਤਾ ਜੋ (ਸੁਕ ਕੇ) ਟਣਕ ੨ ਬੋਲਣ ਲਗਾਂ ਪੈਂਦਾ ਹੈ ॥ ੩੩ ॥ (ਖੁਦਾ ਨੇ) ਕਹਿਆ (ਕਿ ਯਦੀ ਮੱਥਾ ਨਹੀਂ ਟੇਕਦਾ) ਤਾਂ ਚਲ ਸਵਰਗ ਥੀਂ ਬਾਹਿਰ ਨਿਕਲ ਕਿ ਤੂੰ (ਦਰਗਾਹ ਦਾ) ਧਕਿਆ ਹੋਇਆ ਹੈਂ ॥ ੩੪ ॥ ਅਰ ਸਜ਼ਾ ਦੇ ਦਿਨ (ਪ੍ਰਲੈ) ਤਕ ਤੇਰੇ ਪਰ ਫਿਟਕਾਂ (ਪਈਆਂ ਬਰਸਣ ਗੀਆਂ) ॥ ੩੫ ॥ (ਸ਼ੈਤਾਨ ਨੇ) ਕਹਿਆ ਕਿ ਹੇ ਮੇਰੇ ਪਰਵਰਦਿਗਾਰ (ਚੰਗਾ) ਤੂੰ ਮੈਨੂੰ ਤਾਵਤ-ਕਾਲ ਦੀ ਮੋਹਲਤ ਯਾਵਤਕਾਲ (ਬਨੀਆਦਮ ਪ੍ਰਲੈ ਵਿਚ ਦੁਬਾਰਾ) ਉਠਾ ਕਰ ਕੇ ਖੜੇ ਕੀਤੇ ਜਾਣਗੇ ॥ ੩੬ ॥ (ਖੁਦਾ ਨੇ) ਕਹਿਆ ਕਿ (ਚੰਗਾ) ॥ ੩੭ ॥ (ਪ੍ਰਲੈ ਦੇ) ਦਿਨ ਦੇ ਮਾਲੂਮ ਸਮੇਂ ਤਕ ਦੀ ਤੈਨੂੰ ਅਵਧਿ ਦਿਤੀ ਗਈ ॥ ੩੮ ॥ (ਸ਼ੈਤਾਨ ਨੇ) ਕਹਿਆ ਕਿ ਹੇ ਮੇਰੇ ਪਰਵਰਦਿ-ਗਾਰ ਜੈਸਾ ਤੂੰ ਮੇਰਾ ਰਾਹ ਮਾਰਿਆ ਹੈ ਮੈਂ ਭੀ ਸੰਸਾਰ ਵਿਚ (ਜੋ ਜਿੰਦਗੀ ਦੇ ਸਾਜੋ ਸਾਮਾਨ ਹਨ) ਉਨਹਾਂ ਨੂੰ ਉਤਮ ਕਰਕੇ ਦਿਖਲਾਵਾਂ ਅਰ ਏਹਨਾਂ ਸਾਰਿਆਂ ਨੂੰ ਭੁਚਲਾ ਦੇਵਾਂ ਤਾਂ ਸਹੀ ॥ ੩੯ ॥ ਪਰੰਤੂ ਏਨਹਾਂ ਵਿਚੋਂ ਤੇਰੇ ਖਾਸ ਆਦਮੀ (ਕਿ ਉਹ ਤਾਂ ਮੇਰੇ ਜਾਲ ਵਿਚ ਆਉਣ ਵਾਲੇ ਹੈ ਨਹੀਂ) ॥ ੪੦ ॥ (ਖੁਦਾ ਨੇ) ਕਹਿਆ ਕਿ (ਬਸ) ਇਹੋ ਹੀ ਇਕ ਸੂਧਾ ਮਾਰਗ ਹੈ (ਜੋ) ਸਾਡੇ ਤਕ (ਆ ਪਹੁੰਚਦਾ ਹੈ) ॥ ੪੧ ॥ (ਜੋ) ਮੇਰੇ ਸੇਵਕ (ਹਨ) ਉਨਹਾਂ ਪਰ ਤਾਂ ਤੇਰਾ ਕਿਸੇ ਤਰਹਾਂ ਦਾ ਬਲ ਚਲਦਾ ਨਹੀਂ । ਹਾਂ ! ਕੁਮਾਰ-ਗੀਆਂ ਵਿਚੋਂ ਯਦੀ ਕੋਈ ਤੇਰੇ ਪਿਛੇ ਲਗ ਜਾਵੇ (ਤਾਂ ਲਗ ਜਾਵੇ) ॥ ੪੨ ॥ ਅਰ ਐਸਿਆਂ ਸਾਰਿਆਂ ਲੋਗਾਂ ਵਾਸਤੇ (ਸਾਡੀ ਤਰਫੋਂ ਅੰਤਿਮ) ਬਚਨ ਨਰਕ ਦਾ ਭੀ ਹੈ ॥ ੪੩ ॥ ਕਿ ਉਸ ਦੇ ਸਤ ਦਰਵਾਜੇ ਹੋਣਗੇ ਹਰ ਦਰਵਾਜੇ ਦੇ (ਰਾਹ ਦਾਖਲ ਹੋਣ) ਵਾਸਤੇ ਨਾਰਕੀਆਂ ਦੇ ਭਿੰਨ ੨ ਟੋਲਿਆਂ ਦੇ ਟੋਲੇ ਹੋਣਗੇ ॥ ੪੪ ॥ ਰੁਕੂਹ ੩ ॥

(ਪਿਛੇ ਰਹੇ) ਬਬ਼ੇਕੀ ਪੁਰਖ (ਓਹ ਓਸ ਦਿਨ ਸਵਰਗ ਦੇ) ਬਾਗਾਂ

Digitized by Panjab Digital Library | www.panjabdigilib.org

ਅਰ ਚਸ਼ਮਿਆਂ ਪਰ ਹੋਣਗੇ॥ ੪੫ ॥ (ਅਰ ਬਾਗਾਂ ਵਿਚ ਪ੍ਰਵਿਸਨ ਦੇ ਵੇਲੇ ਸਾਡੇ ਫਰਿਸ਼ਤੇ ਉਹਨਾਂ ਨੂੰ ਕਹਿਣਗੇ ਕਿ) ਸੁਖੀ ਸਾਂਦੀ (ਪੂਰਣ) ਧੀਰਜ ਸਾਥ (ਇਨਹਾਂ) ਬਾਗਾਂ ਵਿਚ ਬਰਾਜੋ॥ ੪੬ ॥ ਅਰ (ਸੰਸਾਰ ਵਿਚ ਇਕ ਦੂਸਰੇ ਦੀ ਤਰਫੋਂ) ਏਹਨਾਂ ਦੇ ਦਿਲਾਂ ਵਿਚ ਤਨੀਸਾ ਰੰਜ ਰਹਿਆ ਹੋਵੇ ਗਾ ਤਾਂ ਉਸ ਨੂੰ ਭੀ ਅਸੀਂ ਨਿਕਾਸ ਦੇਵਾਂਗੇ (ਅਰ) ਇਹ ਇਕ ਦੂਸਰੇ ਦੇ ਆਮੋ ਸਾਹਮਣੇ (ਐਸੇ ਪਰਸੰਨ ਚਿਤ) ਤਖਤਾਂ ਪਰ (ਬੈਠੇ) ਹੋਣਗੇ (ਜੈਸੇ) ਭਿਰਾ ਦੇ ਸਾਥ ਭਿਰਾ ॥ ੪੭॥ ਏਹਨਾਂ ਨੂੰ ਸਵਰਗ ਵਿਚ ਕਿਸੇ ਤਰਹਾਂ ਦੀ ਤਕਲੀਫ ਛੂਏਗੀ ਭੀ ਤਾਂ ਨਹੀਂ ਅਰ ਨਾਂ ਇਹ (ਕਦੀ) ਸਵਰਗ ਵਿਚੋਂ ਕਢੇ ਹੀ ਜਾਣਗੇ ॥ ੪੮ ॥ (ਹੇ ਪੈਯੰਬਰ) ਸਾਡਿਆਂ ਆਦਮੀਆਂ ਨੂੰ ਖਬਰ ਕਰ ਦਿਓ ਕਿ (ਇਕ ਤਰਫ) ਅਸੀਂ ਬਖਸ਼ਣੇ ਵਾਲੇ ਮੇਹਰਬਾਨ ਹਾਂ ॥ ੪੯॥ (ਅਰ ਦੂਸਰੀ ਤਰਫ) ਸਾਡਾ ਕਸ਼ਟ (ਭੀ ਬੜਾ) ਭਿਆਨਕ ਕਸ਼ਟ ਹੈ ॥ ੫੦ ॥ ਅਰ ਏਹਨਾਂ ਨੂੰ ਇਬਰਾਹੀਮ ਦੇ ਅਤਿਥੀਆਂ ਦੀ ਵਿਥਯਾ ਸੁਣਾਓ॥ ੫੧ ॥ ਕਿ ਜਦੋਂ ਇਬਰਾਹੀਮ ਦੇ ਪਾਸ ਆਏ ਤਾਂ (ਪਹਿਲੇ) ਸਲਾਮ ਕੀਤਾ ਇਬਰਾਹੀਮ ਨੇ (ਸਲਾਮ ਦੇ ਜਵਾਬ ਪਿਛੋਂ) ਕਹਿਆ ਕਿ ਸਾਨੂੰ ਤਾਂ ਤੁਹਾਡੇ ਪਾਸੋਂ ਭਯ ਆਉਂਦਾ ਹੈ ॥ ੫੨ ॥ ਉਹ ਬੋਲੇ ਆਪ (ਤਨੀਸਾ) ਭ੍ਰਮ ਨਾ ਕਰੋ ਅਸੀਂ ਆਪ ਨੂੰ ਇਕ ਸਪੁਤ੍ਰ (ਪੈਦਾ ਹੋਣ) ਦੀ ਖੁਸ਼ ਖਬਰੀ ਸੁਣਾਉਂਦੇ ਹਾਂ ॥ ੫੩ ॥ (ਇਬਰਾਹੀਮ) ਉਵਾਚ—ਕਿ ਕੀ ਤੁਸੀਂ ਮੈਨੂੰ (ਪੁਤ੍ਰ ਹੋਣ ਦੀ) ਖੁਸ਼ਖਬਰੀ ਦੇਂਦੇ ਹੋ ਹਾਲਾਂ ਕਿ ਮੈਨੂੰ ਤਾਂ ਬ੍ਰਿਧ ਅਵਸਥਾ ਨੇ ਆਨ ਘੇਰਿਆ ਹੈ ਹੁਣ ਕਿਸ ਵਾਸਤੇ ਖੁਸ਼ਖਬਰੀ ਸੁਣਾਉਂਦੇ ਹੋ ॥ ੫੪ ॥ ਉਹ ਲਗੇ ਕਹਿਣ ਕਿ ਅਸੀਂ ਆਪ ਨੂੰ ਸਚੀ ਖੁਸ਼ਖਬਰੀ ਸੁਣਾਉਂਦੇ ਹਾਂ ਤਾਂ ਤੇ ਆਪ ਨਾ ਉਮੀਦ ਨਾ ਹੋਂ ॥ ੫੫ ॥ ( ਇਬਰਾਹੀਮ ਨੇ ) ਕਹਿਆ ਕਿ ਕੁਮਾਰਗੀਆਂ ਥੀਂ ਸਿਵਾ ਐਸਾ ਕੌਣ ਹੈ ਜੋ ਆਪਣੇ ਪਰਵਰਦਿਗਾਰ ਦੀ ਰਹਿਮਤ ਪਾਸੋਂ ਨਾ ਉਮੀਦ ਹੋਵੇ ॥ ੫੬ ॥ ( ਪੁਨਰ ਇਬਰਾਹੀਮ ) ਉਵਾਚ—ਕਿ ( ਖੁਦਾ ਦੇ ਭੇਜੇ ਹੋਏ ) ਫਰਿਸ਼ਤਿਓ ! ( ਸਤ ਬਚਨ ) ਪੁਨਰ ਹੁਣ ਤੁਹਾਨੂੰ ਕੀ ਓੜਕ ( ਪੇਸ਼ ) ਆਈ ॥ ੫੭ ॥ ( ਉਨਹਾਂ ਨੇ ) ਉੱਤਰ ਦਿਤਾ ਕਿ ਅਸੀਂ ( ਦੁਖ ਦੇਣ ਵਾਸਤੇ ) ਇਕ ਦੋਖੀ ਵੰਸ ਦੀ ਤਰਫ ਭੇਜੇ ਗਏ ਹਾਂ ॥ ੫੮ ॥ ਪਰੰਚ ਲੂਤ ਦੀ ਵੰਸ ਕਿ ਅਸੀਂ ਓਹਨਾਂ ਸਾਰਿਆਂ ਦੀ ਜਰੂਰ ਰੱਛਾ ਕਰ ਲਵਾਂਗੇ ॥ ੫੯ ॥ ਪਰੰਚ ਓਹਨਾਂ ਦੀ ਇਸਤ੍ਰੀ ( ਜਿਸ ਨੂੰ ) ਅਸਾਂ ਤਕ ਰਖਿਆ ਹੈ ਕਿ ਵੁਹ ਜਰੂਰ ਹੀ ( ਆਪਣੀ ਜਾਤੀ ਵਿਚ ) ਰਹਿ ਜਾਵੇਗੀ ॥ ੬੦ ॥ ਰੁਕੂਹ ੪ ॥

ਅਤਏਵ ਜਦੋਂ ( ਖੁਦਾ ਦੇ ) ਭੇਜੇ ਹੋਏ ( ਫਰਿਸ਼ਤੇ ) ਲੂਤ ਦੇ

Digitized by Panjab Digital Library | www.panjabdigilib.org

ਵਨਸ਼ ਦੇ ਪਾਸ ਆਏ ॥ ੬੧ ॥ ( ਤਾਂ ਲੂਤ ਨੇ ) ਕਹਿਆ ਤੁਸੀਂ ਕੋਈ ਵਿਦੇਸੀ ( ਜੈਸੇ ) ਆਦਮੀ ( ਪਰਤੀਤ ਹੁੰਦੇ ) ਹੋ ॥ ੬੨ ॥ ਉਹ ਲਗੇ ਕਹਿਣ ( ਕਿ ਨਹੀਂ ) ਕਿੰਤੂ ਜਿਸ ( ਕਸ਼ਟ ਦੀ ਤਰਫੋਂ ਤੇਰੀ ਜਾਤੀ ਦੇ ਲੋਗ ) ਭਰਮ ਕਰਦੇ ਸਨ ( ਕਿ ਆਵੇ ਅਥਵਾ ਨਾ ਹੀ ਆਵੇ ) ਅਸੀਂ ਉਹੀ ( ਕਸ਼ਟ ) ਲੈ ਕੇ ਆਏ ਹਾਂ ॥ ੬੩ ॥ ਅਰ ਅਸੀਂ ਸਚ ਮੁਚ ( ਖੁਦਾ ਦੀ ) ਆਗਿਆ ਲੈ ਕੇ ਤੇਰੇ ਪਾਸ ਆਏ ਹਾਂ ਅਰ ਅਸੀਂ ( ਤੁਹਾਨੂੰ ) ਸਚ ਕਹਿੰਦੇ ਹਾਂ ॥ ੬੪ ॥ ਤੂੰ ਥੋਹੜੀ ਰਾਤ ਰਹਿੰਦਿਆਂ ਆਪਣੀ ( ਕੁਲ ਦੇ ) ਲੋਗਾਂ ਨੂੰ ਲੈ ਕੇ (ਏਸ ਨਗਰੀ ਵਿਚੋਂ) ਨਿਕਲ ਜਾਈਓ ਅਰ ਤੁਸਾਂ ਏਹਨਾਂ (ਸਾਰਿਆਂ) ਦੇ ਪਿਛੇ ਰਹਿਣਾ ਅਰ ਤੁਹਾਡੇ ਵਿਚੋਂ ਕੋਈ ( ਪਿਛਾਹਾਂ ) ਪਰਤ ਕੇ ਨਾ ਦੇਖੇ ਅਰ ਜਿਥੇ ( ਜਾਣ ਦਾ ) ਤੁਹਾਨੂੰ ਹੁਕਮ ਦਿਤਾ ਗਇਆ ਹੈ ( ਅਰਥਾਤ ਸ਼ਾਮ ਦੇਸ ) ਓਸੇ ਤਰਫ ( ਸਿੱਧਾ ਮੂੰਹ ਕਰਕੇ ) ਚਲਿਆ ਜਾਣਾ ॥ ੬੫ ॥ ਅਰ ਅਸਾਂ ਲੂਤ ਦੇ ਪਾਸ ਏਸ ਬਾਤ ਦੀ ਪੱਕੀ ਖਬਰ ਭੇਜ ਦਿਤੀ ਕਿ ( ਇਹ ਜੋ ਤੇਰੀ ਜਾਤੀ ਦੇ ਲੋਗ ਹਨ ) ਪ੍ਰਾਤਃ ਹੁੰਦਿਆਂ ੨ ਏਹਨਾਂ ਦਾ ਮੁਢ ਬੂਟਾ ਪੁਟ ਕੇ ( ਸਿਟਿਆ ) ਜਾਵੇਗਾ ॥ ੬੬ ॥ ( ਏਧਰ ਤਾਂ ਇਹ ਬਾਤਾਂ ਹੋ ਰਹੀਆਂ ਸਨ) ਅਰ (ਓਧਰ) ਸ਼ਹਿਰ ਦੇ ਲੋਗ (ਮੰਦ ਦ੍ਰਿਸ਼ਟੀ ਸਾਥ) ਖੁਸ਼ੀਆਂ ਕਰਦੇ ਹੋਏ ( ਲੂਤ ਦੇ ਪਾਸ ) ਆ ਪਹੁੰਚੇ ॥ ੬੭ ॥ ( ਲੂਤ ਨੇ ਓਹਨਾਂ ਨੂੰ) ਕਹਿਆ ਕਿ ਏਹ ਮੇਰੇ ਪ੍ਰਾਹੁਨੇ ਹਨ ਤੁਸੀਂ ( ਏਹਨਾਂ ਦੀ ਤਰਫੋਂ ) ਮੇਰੀ ਬੇਪਤੀ ਨਾ ਕਰੋ ॥ ੬੮ ॥ ਅਰ ਖੁਦਾ ਪਾਸੋਂ ਡਰੋ ਅਰ ਮੈਨੂੰ ਖੁਆਰ ਨਾ ਕਰੋ ॥ ੬੯ ॥ ਓਹ ਕਹਿਣ ਲਗੇ ( ਕਿਉਂ ਜੀ ) ਕੀ ਅਸਾਂ ਤੁਹਾਨੂੰ ਸੰਸਾਰੀ ਲੋਗਾਂ ਦੀ ਰੋਕ ਨਹੀਂ ਕਰ ਦਿਤੀ ਸੀ ( ਕਿ ਇਨਹਾਂ ਨੂੰ ਨਾ ਆਉਣ ਦਿਤਾ ਕਰੋ ) ॥ ੭੦ ॥ ( ਲੂਤ ) ਉਵਾਚ—ਕਿ ਯਦੀ ( ਏਸੇ ਤਰਹਾਂ ) ਤੁਸਾਂ ਕਰਨਾ ਹੈ ਤਾਂ ਇਹ ਮੇਰੀਆਂ ਧੀਆਂ ( ਵਿਦਮਾਨ ) ਹਨ ( ਏਹਨਾਂ ਸਾਥ ਨਕਾਹ ਕਰ ਲਵੋ ) ॥ ੭੧ ॥ ( ਹੇ ਪੈਯੰਬਰ ) ਤੇਰੀ ਜਾਨ ਦੀ ਸਪਥ ਕਿ ਇਹ ( ਲੂਤ ਦੀ ਜਾਤੀ ਦੇ ਆਦਮੀ ) ਆਪਣੀ ( ਬਦ ) ਮਸਤੀ ਵਿਚ ( ਪੜੇ ) ਝੂਮ ਰਹੇ ਸਨ ( ਉਹ ਲੂਤ ਦੀ ਕਦੋਂ ਸੁਣਦੇ ਸਨ ) ॥ ੭੨ ॥ ਗਲ ਕਾਹਦੀ ਸੂਰਜ ਦੇ ਉਦਯ ਹੁੰਦਿਆਂ ੨ ਓਹਨਾਂ ਨੂੰ ਇਕ ਬੜੀ ਸਬਲ ਧੁਨੀ ਨੇ ਆਨ ਘੇਰਿਆ ॥ ੭੩ ॥ ਪੁਨਰ ਅਸਾਂ ਨੇ ( ਉਸ ਨਗਰੀ ਨੂੰ ਅਪੁਠਿਆਂ ਕਰਕੇ ) ਉਸ ਦੇ ਉਪਰਲੇ ਪਾਸੇ ਨੂੰ ਉਸਦਾ ਹੇਠਲਾ ਪਾਸਾ ਕਰ ਦਿਤਾ ਅਰ ਓਹਨਾਂ ਪਰ ( ਉਪਰੋਂ ) ਖਿੰਗਰਾਂ ਦੇ ਪਥਰਾਂ ਦੀ ਬਰਖਾ ਕੀਤੀ ॥ ੭੪ ॥ ਕੋਈ ਭਰਮ ਨਹੀਂ ਕਿ ਏਸ ( ਵਿਥਯਾ ) ਵਿਚ ਓਹਨਾਂ ਲੋਗਾਂ ਵਾਸਤੇ ਜੋ ( ਬਾਤ ਦੇ ਰਹਸ ਦੀ ) ਪਹਿਚਾਨ ਕਰ ਲੈਂਦੇ ਹਨ

Digitized by Panjab Digital Library | www.panjabdigilib.org

(ਖੁਦਾ ਦੀ ਕੁਦਰਤ ਦੀਆਂ ਅਕਸਰ) ਨਿਸ਼ਾਨੀਆਂ (ਪਰਤੀਤ ਹੁੰਦੀਆਂ ਹਨ) ॥ ੭੫ ॥ ਅਰ ਓਹਨਾਂ ਦੀ ਉਲਟੀ ਹੋਈ ਬਸਤੀ ਸਦੈਵ (ਦੇ ਆਉਣ ਜਾਉਣ ਵਾਲੇ) ਮਾਰਗ ਪਰ (ਵਰਤਮਾਨ ਸਮੇਂ ਤਕ ਵਿਦਮਾਨ) ਹੈ ॥ ੭੬ ॥ ਨਿਰਸੰਦੇਹ ਏਸ (ਨਗਰੀ ਦੀ ਦਸ਼ਾ) ਪਰ ਭਰੋਸਾ ਕਰਨ ਵਾਲਿਆਂ ਵਾਸਤੇ (ਖੁਦਾ ਦੀ ਕੁਦਰਤ ਦੀ ਬਹੁਤ ਬੜੀ) ਨਿਸ਼ਾਨੀ ਹੈ ॥ ੭੭ ॥ ਅਰ (ਲੂਤ ਦੀ ਜਾਤੀ ਇਵ) ਬਨ ਵਾਲੇ (ਅਰਥਾਤ ਸ਼ੁਐਬ ਦੀ ਉਮਤ ਦੇ ਲੋਗ ਭੀ ਬੜੇ ਹੀ) ਅਮੋੜ ਸਨ ॥ ੭੮ ॥ ਤਾਂ ਓਹਨਾਂ ਪਾਸੋਂ (ਭੀ) ਅਸਾਂ (ਨਾ ਫੁਰਮਾਨੀ ਦਾ) ਬਦਲਾ ਲੀਤਾ ਅਰ (ਲੂਤ ਦੀ ਜਾਤੀ ਦੀ ਅਰ ਏਹਨਾਂ) ਦੋਹਾਂ (ਦੀਆਂ ਨਗਰੀਆਂ) ਖੁਲਮ ਖੁਲੇ ਰਾਜ ਮਾਰਗ ਪਰ (ਉਜੜੀਆਂ ਹੋਈਆਂ ਵਰਤਮਾਨ ਸਮੇਂ ਤਕ ਵਿਦਮਾਨ) ਹਨ ॥ ੭੯ ॥ ਰੁਕੂਹ ੫ ॥

ਅਰ (ਏਸੇ ਤਰਹਾਂ) ਹਿਜਰ ਦੇ ਰਹਿਣ ਵਾਲਿਆਂ (ਅਰ-ਥਾਤ ਸਮੁਦ ਦੀ (ਜਾਤੀ) ਨੇ (ਭੀ) ਪੈਯੰਬਰਾਂ ਨੂੰ ਝੁਠਲਾਇਆ ॥ ੮੦ ॥ ਅਰ (ਏਸ ਬਾਤ ਦੇ ਹੁੰਦਿਆਂ ਸੁੰਦਿਆਂ) ਕੇ ਅਸਾਂ ਉਨਹਾਂ ਨੂੰ ਆਪਣੀਆਂ ਨਿਸ਼ਾਨੀਆਂ ਦਿਤੀਆਂ (ਪਰੰਚ) ਫੇਰ (ਭੀ) ਉਹ ਓਹਨਾਂ ਨਾਲ ਮਨ-ਮੁਖਤਾਈ ਹੀ ਕਰਦੇ ਰਹੇ ॥ ੮੧ ॥ ਅਰ ਅਮਨ ਦੇ ਸੰਕਲਪ ਪਰ ਪਹਾੜਾਂ ਨੂੰ ਵਢ ਟੁਕ ਕੇ ਘਰ ਬਨਾਉਂਦੇ ਸਨ ॥ ੮੨ ॥ ਤਾਂ ਉਨਹਾਂ ਨੂੰ (ਭੀ) ਪ੍ਰਾਤ ਹੁੰਦਿਆਂ ੨ ਬੜੀ ਭਿਆਨਕ ਸਬਲ ਧੁਨਿ ਨੇ ਆਨ ਘੇਰਿਆ ॥ ੮੩ ॥ ਅਰ (ਆਪਣੀ ਰਖਿਆ ਦੀਆਂ) ਜੋ ਤਦਬੀਰਾਂ ਕਰਦੇ ਸਨ ਉਨਹਾਂ ਦੇ ਕਿਸੇ ਭੀ ਕੰਮ ਨਾਂ ਆਈਆਂ ॥ ੮੪ ॥ ਅਰ ਅਸਾਂ ਧਰਤ ਅਗਾਸ ਨੂੰ ਅਰ ਜੋ ਕੁਛ ਧਰਤ ਅਗਾਸ ਵਿਚ ਹੈ (ਉਸ ਨੂੰ ਕਿਸੇ ਬੜੀ) ਭਲਾਈ ਵਾਸਤੇ ਹੀ ਬਨਾਇਆ ਹੈ ਅਰ ਪ੍ਰਲੈ ਜਰੂਰ ਜਰੂਰਾਂ ਆਉਣ ਵਾਲੀ ਹੈ ਤਾਂ ਤੇ (ਹੇ ਪੈਯੰਬਰ ਕਾਫਰਾਂ ਦੀਆਂ ਖਚਰ ਵਿਦਿਆ) ਥੀਂ ਢੰਗ ਨਾਲ ਦਰਗੁਜਰ ਕਰੋ ॥ ੮੫ ॥ ਨਿਰਸੰਸੇ ਤੁਹਾਡਾ ਪਰਵਰਦਿਗਾਰ ਹੀ (ਸਾਰਿਆਂ ਦੇ) ਪੈਦਾ ਕਰਨ ਵਾਲਾ ਅਰ (ਸਾਰਿਆਂ ਦੇ ਹਾਲ) ਥੀਂ ਗਿਆਤ ਹੈ ॥ ੮੬ ॥ ਅਰ (ਹੇ ਪੈਯੰਬਰ) ਅਸਾਂ ਤੁਹਾਨੂੰ (ਸੂਰਤ ਫਾਤਿਆ ਅਰਥਾਤ ਅਲਹਮਦ ਦੀਆਂ) ਸਪਤ ਆਇਤਾਂ ਪਰਦਾਨ ਕੀਤੀਆਂ ਜੋ (ਨਿਮਾਜ ਦੀ ਹਰ ਰਕਾਤ ਵਿਚ) ਬਾਰ ਬਾਰ ਪੜ੍ਹੀਆਂ ਜਾਂਦੀਆਂ ਹਨ ਅਰ ਇਹ (ਕੁਰਾਨ ਦੀ ਇਕ) ਬਹੁਤ (ਸੁੰਦਰ) ਸੂਰਤ (ਹੈ ਤਾਂ ਤੇ ਇਹ ਸਾਰਿਆਂ ਨਾਲੋਂ ਅਦਭੁਤ ਪਦਾਰਥ ਹੈ) ॥ ੮੭ ॥ ਅਰ ਉਹ ਜੋ ਅਸਾਂ ਏਨਹਾਂ ਕਾਫਰਾਂ ਵਿਚੋਂ ਕਈ ਤਰਹਾਂ ਦੇ ਲੋਗਾਂ ਨੂੰ (ਖਿਣ ਭੰਗਰ ਸਾਂਸਾਰਿਕ) ਸੁਖਾਂ ਸਾਥ ਭਾਗਜ ਵਾਨ

Digitized by Panjab Digital Library | www.panjabdigilib.org

ਕਰ ਰਖਿਆ ਹੈ ਤੁਸੀਂ ਉਨਹਾਂ ਪਰ ਆਪਣੀ ਦ੍ਰਿਸ਼ਟੀ ਪਾਤ-ਨਾ-ਕਰੋ ਅਰ (ਦੀਨ ਦੀ ਤਰਫੋਂ ਏਹਨਾਂ ਦੀ ਘੇਸ ਮਾਰੀ ਦੇਖ਼ ਕੇ) ਏਨਹਾਂ (ਦੀ ਦਸ਼ਾ) ਪਰ ਅਫਸੋਸ ਭੀ ਨਾ ਕਰਨਾ ਅਰ ਮੁਸਲਮਾਨਾਂ ਸਾਥ (ਯਦਜਪਿ ਕੈਸੀ ਹੀ ਗਰੀਬ ਹੋਣ ਸਦੀਵ) ਨਮ੍ਰ ਹੋਕੇ ਹੀ ਮੇਲ ਜੋਲ ਕਰਨਾ ॥ ੮੮ ॥ ਅਰ (ਉਨਹਾਂ ਲੋਗਾਂ ਨੂੰ) ਕਹਿ ਦਿਓ ਕਿ ਮੈਂ ਤਾਂ ਖੁਲਮਖੁਲਾ (ਤੁਹਾਨੂੰ ਸਾਰਿਆਂ ਨੂੰ ਖ਼ੁਦਾ ਦੇ ਕਸ਼ਟ ਥੀਂ) ਸਭੈ ਕਰਨ ਵਾਲਾ ਹਾਂ ॥ ੮੯ ॥ (ਹੇ ਪੈਯੰਬਰ ਅਸਾਂ ਓਸੇ ਰੀਤੀ ਸਾਥ ਤੁਹਾਨੂੰ ਕੁਰਾਨ ਪਰਦਾਨ ਕੀਤਾ ਹੈ) ਜਿਸ ਰੀਤੀ ਨਾਲ ਅਸਾਂ ਏਨਹਾਂ ਲੋਗਾਂ ਪਰ (ਅਰਥਾਤ ਯਹੂਦੀਆਂ ਨੂੰ ਪੁਸਤਕ) ਪ੍ਰਦਾਨ ਕੀਤੀ ਸੀ ॥ ੯੦ ॥ ਜਿਨਹਾਂ ਨੇ ਵਿਭਾਗ ਕਰਕੇ (ਆਪਣੇ) ਕੁਰਾਨ (ਅਰਥਾਤ ਉਸ ਪੁਸਤਕ) ਦੇ ਟੁਕੜੇ ੨ ਕਰ ਦਿਤੇ (ਕਈਕੁ ਹੁਕਮਾਂ ਨੂੰ ਮੰਨਿਆਂ ਅਰ ਕਈਆਂਕੁ ਨੂੰ ਨਾ ਮੰਨਿਆਂ) ॥ ੯੧ ॥ ਸੋ (ਹੇ ਪੈਯੰਬਰ) ਤੁਹਾਡੇ ਹੀ ਪਰਵਰਦਿਗਾਰ ਦੀ (ਅਰਥਾਤ ਸਾਨੂੰ ਆਪਣੀ) ਸੌਗੰਧ ਹੈ ਕਿ ਅਸੀਂ ਏਨਹਾਂ ਸਾਰਿਆਂ ਪਾਸੋਂ ਏਹਨਾਂ ਦੇ ਕਰਮਾਂ ਦੀ ਜਰੂਰ ਪੁਛ ਗਿਛ ਕਰਾਂਗੇ ॥ ੯੨ ॥ ਭਰ ਤੁਹਾਨੂੰ ਜੋ ਹੁਕਮ ਦਿਤਾ ਗਿਆ ਹੈ ਉਸ ਨੂੰ ਵਿਸਤਾਰ ਪੂਰਵਕ ਸੁਣਾ ਦਿਓ ਅਰ ਦ੍ਵੈਤ ਵਾਦੀਆਂ ਦੀ ਕੋਈ ਪਰਵਾਹ ਨਾ ਕਰੋ ॥ ੯੩ ॥ ਇਹ ਲੋਗ ਜੋ (ਤੁਹਾਡੇ ਤੇ) ਹਸਦੇ (ਅਰ) ਖ਼ੁਦਾ ਦੇ ਸਾਥ ਹੋਰ ੨ ਪੂਜਜ ਨਿਯਮ ਕਰਦੇ ਹਨ ॥ ੯੪ ॥ ਤੁਹਾਡੀ ਤਰਫੋਂ ਅਸੀ ਹੀ ਏਹਨਾਂ ਨੂੰ (ਸਜਾ ਦੇਣ) ਵਾਸਤੇ ਅਲੰ ਰੂਪ ਹਾਂ ॥੯੫॥ ਤਾਂ ਅੱਗੋ ਚਲ ਕੇ (ਆਪੇ) ਏਨਹਾਂ ਨੂੰ ਪਰਤੀਤ ਹੋ ਜਾਵੇਗਾ ॥ ੯੬ ॥ ਅਰ ਸਾਨੂੰ ਮਾਲੂਮ ਹੈ ਕਿ ਇਹ ਕਾਫਰ ਜੈਸੀਆਂ ੨ ਬਾਤਾਂ ਕਥਨ ਕਰਦੇ ਹਨ ਓਸ ਕਾਰਨ ਤੁਸੀਂ ਖਿਨ ਚਿਤ ਹੁੰਦੇ ਹੋ॥ ੯੭ ॥ ਤਾਂ ਤੁਸੀਂ ਆਪਣੇ ਪਰਵਰਦਿਗਾਰ ਦੀ (ਉਸਤੁਤੀ) ਪ੍ਰਾਰਥਨਾ ਦੇ ਨਾਲ ਓਸ ਦੀ ਮਹਿਮਾਂ ਅਰ (ਪ੍ਰਾਰਥਨਾ) ਭੀ ਕਰੋ ਅਰ (ਉਸ ਦੇ ਦਰਬਾਰ ਵਿਚ) ਮਥੇ ਟੇਕੋ ॥ ੯੮ ॥ ਅਰ ਆਪਣੇ ਪਰਵਰਦਿਗਾਰ ਦੀ ਇਬਾਦਤ ਵਿਚ ਲਗੇ ਰਹੋ ਇਥੋਂ ਤਕ ਕਿ ਤੁਹਾਨੂੰ ਯਕੀਨੀ ਭਾਣਾ (ਅਰਥਾਤ ਮੌਤ) ਆ ਢੁਕੇ ॥ ੯੯ ॥ ਰੁਕੂਹ ॥ ੬ ॥

# ਸੂਰਤ ਨਾਹਲ ਮੱਕੇ ਵਿਚ ਉਤਰੀ ਏਸ ਦੀਆਂ ਇਕ ਸੌ ਅਠਾਈ ਆਯਤਾਂ ਅਰ ਸੋਹਲਾਂ ਰੁਕੂਹ ਹਨ ॥

(ਆਰੰਭ) ਅੱਲਾ ਦੇ ਨਾਮ ਸਾਥ (ਜੋ) ਅਤੀ ਦਿਆਲੂ (ਅਰ) ਕਿਰਪਾਲੂ (ਹੈ) (ਹੇ ਮੱਕੇ ਦੇ ਕਾਫਰੋ) ਖ਼ੁਦਾ ਦੀ ਆਗਿਆ (ਅਰਥਾਤ ਪ੍ਰਲੈ ਦਾ ਦਿਨ) ਆਇਆ (ਕਿ ਆਇਆ) ਤਾਂ ਤੇ (ਨਿਸਫਲ) ਉਸ ਦੇ

Digitized by Panjab Digital Library | www.panjabdigilib.org

ਵਾਸਤੇ ਉਤਾਵਲ ਨਾ ਕਰੋ ( ਹੇ ਪੈਗੰਬਰ ) ਏਹਨਾਂ ਦੀ ਸ਼ਿਰਕ ਨਾਲੋਂ ਖ਼ੁਦਾ ਦਾ ਪਵਿਤ੍ਰ ਰੂਪ ਅਰ ਅਧਿਕ ਹੈ ॥ ੧ ॥ ਵਹੀ ਆਪਣੀ ਆਗਿਆ ਸਾਥ ਫਰਿਸ਼ਤਿਆਂ ਨੂੰ ਸੰਦੇਸਾ ਦੇ ਕੇ ਆਪਣਿਆਂ ਬੰਦਿਆਂ ਵਿਚੋਂ ਜਿਸ ਦੀ ਤਰਫ ਇਛਾ ਕਰਦਾ ਹੈ ਭੇਜ ਦੇਂਦਾ ਹੈ ਕਿ (ਲੋਗਾਂ ਨੂੰ) ਏਸ ਬਾਤ ਥੀਂ ਗਿਆਤ ਕਰ ਦਿਓ ਕਿ ਸਾਡੇ ਥੀਂ ਭਿੰਨ ਕੋਈ ਹੋਰ ਮਾਬੂਦ ਨਹੀਂ ਤਾਂ ਸਾਡੇ ਪਾਸੋਂ ਸਭੈ ਰਹੋ ॥ ੨ ॥ ਓਸੇ ਨੇ ਹੀ (ਕਿਸੇ ਬੜੀ) ਭਲਾਈ ਵਾਸਤੇ ਆਕਾਸ ਅਰ ਧਰਤੀ ਨੂੰ ਉਤਪਤ ਕੀਤਾ ਅਦਜਾਪਿ ਇਹ ਲੋਗ ਜੋ (ਦੂਸਰਿਆਂ ਨੂੰ ਉਸ ਦੇ) ਸ਼ਰੀਕ ਨਿਯਤ ਕਰਦੇ ਹਨ ਓਹ ਓਹਨਾਂ ਥੀਂ (ਨਿਰਲੇਪ ਹੈ ਅਰ) ਬਹੁਤ ਊਚ ਤੇ ਊਚਾ ਹੈ ॥ ੩ ॥ ਉਸ ਨੇ ਆਦਮੀ ਨੂੰ ਬੀਰਜ ਦੀ ਬਿੰਦੂ ਥੀਂ ਉਤਪਤ ਕੀਤਾ ਇਸ ਬਾਤ ਦੇ ਹੁੰਦਿਆਂ ਸੁੰਦਿਆਂ ਓਹ ਇਕੋ ਸਾਹ ਲਗਾ ਖੁਲਮਖੁਲਾ (ਖੁਦਾ ਦੇ ਹੀ ਬਾਰੇ ਵਿਚ) ਝਗੜਨੇ ॥ ੪ ॥ ਅਰ ਉਸੇ ਨੇ ਹੀ ਚਤੁਸ਼ਪਾਦੀਆਂ ਨੂੰ ਉਤਪਤ ਕੀਤਾ ਜਿਹਨਾਂ (ਦੀ ਖੱਲ ਤਥਾ ਉੱਨ) ਥੀਂ ਤੁਹਾਡੀ ਪਾਲੇ ਦੀ ਸੋਤ ਹੈ ਅਰ (ਹੋਰ ਭੀ ਕਈ ਭਾਂਤ ਦੇ) ਲਾਭ ਹਨ ਅਰ ਉਹਨਾਂ ਵਿਚੋਂ (ਕਈਆਂਕੁ ਨੂੰ) ਤੁਸੀਂ ਛਕਦੇ (ਭੀ) ਹੋ ॥ ੫ ॥ ਅਰ ਜਦੋਂ ਸੰਧਿਆ ਸਮੇਂ (ਓਹਨਾਂ ਨੂੰ ਚਾਰ ਕੇ) ਘਰ ਲੈ ਆਉਂਦੇ ਹੋ ਅਰ ਜਦੋਂ ਪਰਭਾਤ ਵੇਲੇ (ਜੰਗਲ) ਵਿਚ ਚਰਾਵਣ ਵਾਸਤੇ ਲੈ ਜਾਂਦੇ ਹੋ ਤਾਂ ਓਹਨਾਂ ਦੇ ਕਾਰਨ ਤੁਹਾਡੀ ਰੌਣਕ ਭੀ ਹੈ ॥ ੬ ॥ ਅਰ ਜਿਨਹਾਂ ਸ਼ਹਿਰਾਂ ਤਕ ਤੁਸੀਂ ਜਾਨ ਮਾਰਿਆਂ ਸਿਵਾ ਨਹੀਂ ਪਹੁੰਚ ਸਕਦੇ ਚੁਪਾਏ ਓਥੋਂ ਤਕ ਤੁਹਾਡੇ ਭਾਰ (ਭੀ) ਚੁਕ ਕੇ ਲੈ ਜਾਂਦੇ ਹਨ ਨਿਰਸੰਦੇਹ ਤੁਹਾਡਾ ਪਰਵਰਦਿਗਾਰ (ਤੁਹਾਡੇ ਪਰ) ਬੜੀ ਦਯਾ ਰਖਦਾ ਅਰ ਕਿਰਪਾਲੂ ਹੈ ॥ ੭ ॥ (ਅਰ ਓਸ ਨੇ ਹੀ) ਘੋੜੇ ਤਥਾ ਖਚਰਾਂ ਅਰ ਗਧਿਆਂ ਨੂੰ (ਪੈਦਾ ਕੀਤਾ) ਤਾ ਕਿ ਤੁਸੀਂ ਓਹਨਾ ਥੀਂ ਅਸਵਾਰੀ ਦਾ ਕੰਮ ਲਓ ਅਰ (ਅਸਵਾਰੀ ਥੀਂ ਸਿਵਾ ਇਹ ਵਸਤਾਂ) ਸ਼ੰਗਾਰ (ਦਾ ਕਾਰਨ ਭੀ ਹਨ) ਅਰ ਵਹੀ (ਹੋਰ ਬਹੁਤ ਵਸਤਾਂ) ਉਤਪਤ ਕਰਦਾ ਹੈ ਜਿਨਹਾਂ ਨੂੰ ਤੁਸੀਂ ਨਹੀਂ ਜਾਣਦੇ ॥ ੮ ॥ ਅਰ (ਦੀਨ ਦੇ ਰਾਹ ਦੋ ਤਰਹਾਂ ਦੇ ਹਨ ਇਕ) ਸੂਧਾ ਮਾਰਗ (ਜੋ ਧੁਰ) ਖੁਦਾ ਤਕ (ਪਹੁੰਚਦਾ) ਹੈ ਅਰ ਕਈਕੁ ਟੇਢੇ (ਔਢੇ) ਅਰ ਖੁਦਾ ਦੀ ਇਛਾ ਹੁੰਦੀ ਤਾਂ ਤੁਹਾਨੂੰ ਸਾਰਿਆਂ ਨੂੰ ਸਿਧਾ ਰਾਹ ਹੀ ਦਸ ਦਿੰਦਾ ॥ ੯ ॥ ਰੁਕੂਹ ੧ ॥

ਵਹੀ (ਸ੍ਵਤ: ਕਾਰਣ) ਹੈ ਜਿਸ ਨੇ ਆਗਾਸ ਥੀਂ ਬਰਖਾ ਕੀਤੀ ਜਿਸ ਵਿਚੋਂ ਕੁਝ ਤੁਹਾਡੇ ਪੀਣ ਵਾਲਾ ਅਰ (ਕੁਛ ਐਸਾ ਹੈ ਕਿ) ਉਸ ਨਾਲ ਰੁਖ (ਪੁਸ਼ਟਿ ਨੂੰ ਪਰਾਪਤਿ) ਹੁੰਦੇ ਹੈਂ ਜਿਸ ਨੂੰ ਤੁਸੀਂ

Digitized by Panjab Digital Library | www.panjabdigilib.org

ਆਪਣਿਆਂ ਪਸ਼ੂਆਂ) ਨੂੰ ਚਾਰਦੇ ਹੋ ॥ ੧੦ ॥ ਓਸੇ ਪਾਣੀ ਦਵਾਰਾ ਖੁਦਾ ਤੁਹਾਡੇ ਵਾਸਤੇ ਖੇਤੀ ਤਥਾ ਜ਼ੈਤੂਨ ਤਥਾ ਖਜੂਰ ਅਰ ਅੰਗੂਰ ਤਥਾ ਕਈ ਪਰਕਾਰ ਦੇ ਫਲ ਉਤਪੰਨ ਕਰਦਾ ਹੈ। ਜੋ ਲੋਗ ਬੁਧਿ ਪਾਸੋਂ ਕੰਮ ਲੈਂਦੇ ਹਨ ਉਨਹਾਂ ਵਾਸਤੇ ਇਸ ਵਿਖਯ ( ਖੁਦਾ ਦੀ ਕੁਦਰਤ ਦੀ ) ਇਕ ਨਿਸ਼ਾਨੀ ਹੈ ॥ ੧੧ ॥ ਅਰ ਓਸੇ ਨੇ ਰਾਤ੍ਰੀ ਅਰ ਦਿਨ ਅਰ ਸੂਰਜ ਚੰਦ੍ਰ ਨੂੰ ( ਇਕ ਤਰਹਾਂ ਨਾਲ ) ਤੁਹਾਡੇ ਅਧੀਨ ਕਰ ਰਖਿਆ ਹੈ ਅਰ ( ਐਸੇ ਹੀ ) ਨਛਤ੍ਰ ਗਣ ( ਭੀ ) ਉਸੇ ਦੀ ਆਗਿਆ ਸਾਥ ( ਤੁਹਾਡੀ ) ਆਗਿਆ ਅਧੀਨ ਹਨ ਜੋ ਪੁਰਖ ਬੁਧਿਵਾਨ ਹਨ ਓਹਨਾਂ ਵਾਸਤੇ ਇਹਨਾਂ ਵਸਤਾਂ ਵਿਚ ( ਖੁਦਾ ਦੀ ਕੁਦਰਤ ਦੇ ) ਚਮਿਤਕਾਰ ਹਨ ॥ ੧੨ ॥ ਅਰ ( ਬਹੁਤ ਸਾਰੀਆਂ ) ਵਸਤਾਂ ਜੋ ਤੁਹਾਡੇ ( ਲਾਭ ) ਵਾਸਤੇ ਧਰਤੀ ਮਾਤ੍ਰ ਪਰ ਉਤਪਤ ਕਰ ਰਖੀਆਂ ਹਨ (ਅਰ) ਉਹਨਾਂ ਦੀਆਂ ਨਾਂਨਾਂ ਪ੍ਰਕਾਰ ਦੀਆਂ ਰੰਗਤਾਂ ਹਨ ਏਨਹਾਂ ਵਿਚ ( ਭੀ ) ਓਹਨਾਂ ਲੋਗਾਂ ਵਾਸਤੇ ਜੋ ਵਿਚਾਰਵਤੀ ਬੁਧਿ ਨੂੰ ਵਰਤਦੇ ਹਨ ( ਖੁਦਾ ਦੀ ਕੁਦਰਤ ਦੀ ਬੜੀ ) ਨਿਸ਼ਾਨੀ (ਵਿਦਮਾਨ) ਹੈ ॥ ੧੩ ॥ ਅਰ ਵਹੀ (ਸਰਬ ਸ਼ਕਤੀਮਾਨ ) ਹੈ ਜਿਸ ਨੇ ( ਇਕ ਬਿਧ ਸਾਥ ) ਨਦੀਆਂ ਨੂੰ ( ਤੁਹਾਡੇ ) ਅਧੀਨ ਕਰ ਦਿਤਾ ਹੈ ਤਾਂ ਕਿ ਓਸ ਵਿਚੋਂ ਤੁਸੀਂ ( ਮਛਲੀਆਂ ਨਿਕਾਲ ਕੇ ਉਨਹਾਂ ਦਾ ) ਤਾਜਾ ੨ ਮਾਸ ਖਾਓ ਅਰ ਓਸ ਵਿਚੋਂ (ਗੈਹਿਣਿਆਂ)(ਦੀਆਂ ਵਸਤਾਂ ਅਰਥਾਤ ਰਤਨਾਦਿ)ਨਿਕਾਸੋ ਜਿਨਹਾਂ ਨੂੰ ਤੁਸੀਂ ਲੋਗ ਪਹਿਰਦੇ ਹੋ(ਅਰ ਹੇ ਮਿਤ੍ਰਾ)ਤੂੰ ਤਰਨੀਆਂ(ਕਿਸ਼ਤੀਆਂ) ਨੂੰ ਦੇਖਦਾ ਹੈਂ ਕਿ ( ਪਾਣੀ ਨੂੰ ) ਚੀਰਦੀਆਂ ਹੋਈਆਂ ਨਦੀਆਂ ਵਿਚ ਤੈਰਦੀਆਂ ਜਾਂਦੀਆਂ ਹਨ ਅਰ ( ਨਦੀਆਂ ਨੂੰ ਏਸ ਵਾਸਤੇ ਭੀ ਤੁਹਾਡੇ ਅਧੀਨ ਕੀਤਾ ਹੈ ) ਤਾਂ ਤੁਸੀਂ ਲੋਗ ਖੁਦਾ ਦੀ ਕ੍ਰਿਪਾ ( ਅਰਥਾਤ ਵਜਾਪਾਰ ਸੰਬੰਧੀ ਫਾਇਦਿਆਂ ਦੀ ) ਤਲਾਸ਼ ਕਰੋ ਅਰ ਤਾ ਕਿ ( ਆਖਰਕਾਰ ਏਹਨਾਂ ਸਾਰਿਆਂ ਨਫਿਆਂ ਪਰ ਦ੍ਰਿਸ਼ਟੀ ਦੇ ਕੇ ਖੁਦਾ ਦਾ ) ਧੰਨਜਵਾਦ ਕਰੋ ॥ ੧੪ ॥ ਅਰ ( ਓਸੇ ਨੇ ਭਾਰੇ ਗੌਰ ) ਪਰਬਤ ਧਰਤੀ ਪਰ ਇਸਥਿਤ ਕਰ ਦਿਤੇ ਤਾਂ ਕਿ ਧਰਤੀ ਤੁਹਾਨੂੰ ਲੈ ਕ ( ਕਿਸੇ ਹੋਰ ਤਰਫ ) ਨਾਂ ਝੁਕ ਜਾਵੇ ਅਰ ( ਓਸੇ ਨੇ ਹੀ ) ਨਦੀਆਂ ਅਰ ਰਾਸਤੇ(ਬਨਾਏ) ਤਾਂਕਿ ਤੁਸੀਂ ਨੀਅਤ ਕੀਤੀ ਹੋਈ ਮੰਜ਼ਲ ਨੂੰ ਪਾਓ ॥ ੧੫ ॥ ( ਅਰ ਯਾਤ੍ਰੀਆਂ ਵਾਸਤੇ ਹੋਰ ਭੀ ਬਹੁਤ ) ਲਿੰਗ ( ਨਿਯਤ ਕੀਤੇ ਕਿ ਓਹਨਾਂ ਦਵਾਰਾ ਮਾਰਗ ਦੀ ਪ੍ਰੀਖਜਾ ਕਰਨ ) ਅਰ ਲੋਗ ਤਾਰਿਆਂ ਦ੍ਵਾਰਾ ਭੀ ਮਾਰਗ ਮਾਲੂਮ ਕਰ ਲੈਂਦੇ ਹਨ ॥ ੧੬ ॥ ਤਾਂ ਕਿ ਜੋ ( ਖੁਦਾ ਏਤਨੀ ਸਰਿਸ਼ਟੀ ) ਉਤਪਤ ਕਰੇ ਉਹ ਓਹਨਾ ( ਬੁਤਾਂ ) ਸਮਾਨ ਹੋ ਗਿਆ ? ਜੋ ( ਕੁਛ ਭੀ ) ਨਹੀਂ ਉਤਪਤ ਕਰ ਸਕਦੇ । ਪੁਨਰ ਕੀ ਤੁਸੀਂ ਲੋਗ

Digitized by Panjab Digital Library | www.panjabdigilib.org

( ਏਤਨੀ ਬਾਤ ਭੀ ) ਨਹੀਂ ਸਮਝਦੇ ? ॥ ੧੭ ॥ ਅਰ ਯਦੀ ਖੁਦਾ ਦੀਆਂ ਨਿਆਮਤਾਂ ਦੀ ਗਿਣਤੀ ਕਰਨੀ ਚਾਹੇ ਤਾਂ ( ਇਤਨੀਆਂ ਅਧਿਕ ਹਨ ਕਿ ਤੁਸੀਂ ਲੋਗ ) ਉਨਹਾਂ ਦੀ ਪੂਰੀ ੨ ਸੰਖਯਾ ਨਾ ਕਰ ਸਕੋ ਨਿਰਸੰਦੇਹ ਖੁਦਾ ਬਖਸ਼ਣੇ ਵਾਲਾ ਬੜਾ ਮੇਹਰਬਾਨ ਹੈ ॥ ੧੮ ॥ ( ਕਿ ਤੁਹਾਡੀ ਨਾਸ਼ੁਕਰੀ ਤੇ ਭੀ ਦੰਡ ਨਹੀਂ ਦੇਂਦਾ ਅਰ ਆਪਣੀਆਂ ਨਿਆਮਤਾਂ ਨੂੰ ਭੀ ਬੰਦ ਨਹੀਂ ਕਰਦਾ ) ਅਰ ਜੋ ਕੁਛ ਤੁਸੀਂ ਗੁਪਤ ਕਰਦੇ ਹੋ ਅਰ ਜੋ ਕੁਛ ਤੁਸੀਂ ਪ੍ਰਗਟ ਕਰਦੇ ਹੋ ਅੱਲਾ ( ਸਭ ਕੁਛ ) ਜਾਣਦਾ ਹੈ ॥ ੧੯ ॥ ਅਰ ਖੁਦਾ ਥੀਂ ਸਿਵਾ ਜਿਨਹਾਂ ( ਬੁਤਾਂ ) ਨੂੰ ( ਇਹ ਲੋਗ ਹਾਜਤਰਵਾ ਸਮਝ ਕੇ ) ਪੁਕਾਰਦੇ ਹਨ ( ਓਹਨਾਂ ਦੀ ਇਹ ਦਸ਼ਾ ਹੈ ਕਿ) ਉਹ ਕੋਈ ਵਸਤੂ ਪੈਦਾ ਨਹੀਂ ਕਰ ਸਕਦੇ ਕਿੰਤੂ ਓਹ ਆਪ ਬਣਾਏ ਜਾਂਦੇ ਹਨ ॥ ੨੦ ॥ ਮੁਰਦੇ ਹਨ ਜਿਨਹਾਂ ਵਿਚ ਜੀਵ ਨਹੀਂ ਅਰ ਏਤਨੀ ਭੀ ਗਿਆਤ ਨਹੀਂ ਕਿ ਕਦੋਂ ( ਪ੍ਰਲੈ ਹੋਵੇਗੀ ਅਰ ਮੁਰਦੇ) ਉਠਾ ਖੜੇ ਕੀਤੇ ਜਾਣਗੇ ( ਫੇਰ ਏਹ ਪ੍ਰਲੈ ਵਿਚ ਕਿਸ ਕੰਮ ਆ ਸਕਦੇ ਹਨ) ॥ ੨੧ ॥ ਰੁਕੂਹ ੨ ॥

(ਲੋਗੋ) ਤੁਹਾਡਾ ਮਾਬੂਦ ਇਕ ਨਿਰੰਕਾਰ ਹੈ ਤਾਂ ਜੋ ਲੋਗ ਪ੍ਰਲੈ ਦਾ ਭਰੋਸਾ ਨਹੀਂ ਰਖਦੇ ਓਹਨਾਂ ਦੇ ਰਿਦੇ ( ਹੀ ਕੁਛ ਏਸੇ ਤਰਹਾਂ ਦੇ ਹਨ ਕਿ ਕੈਸੀ ਹੀ ਉੱਤਮ ਬਾਤ ਹੋਵੇ )ਨਨਾ ਕਾਰ(ਹੀ)ਕਰਦੇ ਚਲੇ ਜਾਂਦੇ ਹਨ ਅਰ ਉਹ ( ਬੜੇ ) ਅਹੰਕਾਰੀ ਹਨ ॥ ੨੨ ॥ ਏਹ ਲੋਗ ਜੋ ਕੁਛ ਗੁਪਤ ਰੂਪ ਸੇ ਕਰਦੇ ਅਰ ਜੋ ਕੁਛ ਪ੍ਰਗਟ ਰੂਪ ਸੇ ਕਰਦੇ ਹਨ ਨਿਰਸੰਦੇਹ ਅੱਲਾ ( ਸਭ ਕੁਛ ) ਜਾਣਦਾ ਹੈ ਉਹ ਅਹੰਕਾਰੀਆਂ ਨੂੰ ( ਉਕਾ ) ਪਸੰਦ ਨਹੀਂ ਕਰਦਾ ॥ ੨੩ ॥ ਅਰ ਜਦੋਂ ਏਹਨਾਂ ( ਕਾਫਰਾਂ ) ਪਾਸੋਂ ( ਕੁਰਾਨ ਦੀ ਤਰਫੋਂ ) ਪੁਛਿਆ ਜਾਂਦਾ ਹੈ ਕਿ ਤੁਹਾਡੇ ਪਰਵਰਦਿਗਾਰ ਨੇ ਕੀ ਉਤਾਰਿਆ ਹੈ ? ਤਾਂ ਉਹ ਉੱਤਰ ਦੇਂਦੇ ਹਨ ਕਿ ( ਭਾਈ ਜੀ ) ਪ੍ਰਾਚੀਨ ਕਹਾਣੀਆਂ ਹਨ ॥ ੨੪ ॥ ( ਏਹਨਾਂ ਦੇ ਏਸ ਕਹਿਣ ਦਾ ਜਰੂਰੀ ) ਨਤੀਜਾ ਇਹ ਹੈ ਕਿ ਪ੍ਰਲੈ ਦੇ ਦਿਨ ਆਪਣਿਆਂ ( ਅਵਗੁਣਾਂ ਦੇ ) ਸਾਰੇ ਭਾਰ ਅਰ ਜਿਨਹਾਂ ਲੋਗਾਂ ਨੂੰ ਬਿਨਾਂ ਸੋਚਿਆਂ ਬਿਚਾਰਿਆਂ ਗੁਮਰਾਹ ਕਰਦੇ ਹਨ ਉਨਹਾਂ ਦੇ ( ਅਵਗੁਣਾਂ ਦੇ ) ਭਾਰ ਭੀ ਓਹਨਾਂ ਨੂੰ ਹੀ ਚੁਕਣੇ ਪੈਣਗੇ ਦੇਖੋ ਖਾਂ ( ਕੈਸਾ ) ਬੁਰਾ ਭਾਰ ਇਹ ਲੋਗ ਆਪਣੇ ਪਰ ਲੱਦੀ ਤੁਰੀ ਜਾਂਦੇ ਹਨ ॥ ੨੫ ॥ ਰੁਕੂਹ ੩ ॥

ਇਹਨਾਂ ਨਾਲੋਂ ਪਹਿਲਿਆਂ ਲੋਗਾਂ ਨੇ ਭੀ ( ਖੁਦਾ ਦੇ ਉਲਟ ) ਤਦਬੀਰਾਂ ਕੀਤੀਆਂ ਸਨ ਤਾਂ ਖੁਦਾ ਨੇ ਓਹਨਾਂ ( ਦੇ ਗੁਰਮਤਿਆਂ) ਵਾਲੀ ਇਮਾਰਤ ਦੀ ਜੜ੍ਹ ਮੂਲੋਂ ਮੁਢੋਂ ਪੁਟ ਸੁਟੀ ਤਾਂ ( ਓਸ ਮਨੋ ਮਈ ਇਮਾ-

Digitized by Panjab Digital Library | www.panjabdigilib.org

ਰਤ ) ਦੀ ਛਤ ( ਧੜੰਮ ਕਰਦੀ ) ਏਹਨਾਂ ਦੇ ਉੱਤੇ ਹੀ ਓਹਨਾਂ ਉਪਰੋਂ ਡਿਗ ਪਈ ( ਅਰ ਸਾਰੇ ਮਤੇ ਅਲੀਕ ਹੋ ਗਏ ) ਅਰ ਜਿਧਰੋਂ ਇਹਨਾਂ ਨੂੰ ਖਬਰ ਤਕ (ਭੀ) ਨਹੀਂ ਸੀ(ਓਧਰੋਂ) ਕਸ਼ਟ ਨੇ ਇਨਨਾਂ ਨੂੰ ਆਨ ਘੇਰਿਆ ॥ ੨੬ ॥ ਵਸਤੁਤਾ ( ਇਸੇ ਪਰ ਹੀ ਸ਼ਾਂਤੀ ਨਹੀਂ ) ਪ੍ਰਲੈ ਦੇ ਦਿਨ ਇਨਹਾਂ ਨੂੰ ਖੁਦਾ ( ਹੋਰ ਭੀ ) ਰਸਵਾ ਕਰੇਗਾ ਅਰ ( ਇਹਨਾਂ ਪਾਸੋਂ ) ਪੁਛੇਗਾ ਕਿ ( ਤੁਸਾਂ ਜੋ ) ਸਾਡੇ ਸਜਾਤੀ ( ਨਿਯਤ ਕਰ ਰਖੇ ਸਨ ਅਰ ) ਜਿਨਹਾਂ ਵਲੋਂ ਹੋ ਕੇ ਤੁਸੀਂ ( ਈਮਾਨ ਵਾਲਿਆਂ ਸਾਥ ) ਲੜਿਆ ਕਰਦੇ ਸੀ ( ਹੁਣ ਓਹ ) ਕਿਥੇ ਹਨ ? ( ਉਸ ਵੇਲੇ ਇਨਹਾਂ ਪਾਸੋਂ ਤਾਂ ਕੋਈ ਉੱਤਰ ਦਿਤਾ ਨਹੀਂ ਜਾਵੇਗਾ ਪਰੰਚ ) ਜਿਨਹਾਂ ਨੂੰ ( ਸੰਸਾਰ ਵਿਚ ਸਚੀ ਬਾਤ ਦੀ ) ਸਮਝ ਦਿਤੀ ਗਈ ਸੀ ਉਹ ਬੋਲ ਉਠਣਗੇ ਕਿ ਅਜ ਦੇ ਦਿਨ ਬੇ ਇਜ਼ਤੀ ਅਰ ਖਰਾਬੀ ( ਇਹ ਸਾਰੀ ਵਿਪਤੀ ) ਕਾਫਰਾਂ ਪਰ ਹੈ ॥ ੨੭ ॥ ਕਿ ( ਸੰਸਾਰ ਵਿਚ ਭੀ ) ਜਿਸ ਵੇਲੇ ਫਰਿਸ਼ਤਿਆਂ ਨੇ ਇਨਹਾਂ ਦੀਆਂ ਰੂਹਾਂ ਆਘ੍ਰਾਤ ਕੀਤੀਆਂ ਸਨ ਇਹ ਲੋਗ ( ਖੁਦਾ ਦੇ ਸਜਾਤੀ ਨਿਰ-ਮਾਣ ਕਰਕੇ ) ਆਪ ਹੀ ਆਪਣੇ ਪਰ ਸਿਤਮ ਕਰ ਰਹੇ ਸਨ ਤਾਂ ( ਜਿਨ੍ਹਾਂ ਦੇ ਸਾਥ ਸੰਸਾਰ ਵਿਚ ਲੜਿਆ ਭਿੜਿਆ ਕਰਦੇ ਸੀ ਓਹਨਾਂ ਦੇ ਸਾਥ ) ਸੁਲਾ ਦਾ ਸੰਦੇਸਾ ਭੇਜ ਦੇਵਾਂਗੇ ( ਅਰ ਹੁਟਰ ਦੇ ਤੌਰ ਪਰ ਕਹਿਣਗੇ ) ਕਿ ਅਸੀਂ ਤਾਂ ( ਆਪਣੀ ਤਰਫੋਂ ) ਕਿਸੇ ਤਰਹਾਂ ਦੀ ਬੁਰਾਈ ਨਹੀਂ ਕੀਤਾ ਕਰਦੇ ਸਾਂ । (ਇਸ ਪਰ ਖੁਦਾ ਕਹੇਗਾ ਕਿ) ਸਚ ਮੁਚ (ਤੁਸਾਂ ਬੁਰਾਈ ਕੀਤੀ ਅਰ) ਜੋ ਕੁਛ ਤੁਸੀਂ ਕਰਦੇ ਸੀ ਅੱਲਾ ਉਸ ਬਾਤ ਥੀਂ ਭਲੀ ਭਾਂਤ ਗਿਆਤ ਹੈ ॥ ੨੮ ॥ ਸੋ ਨਾਰਕੀ ਦਰਵਾਜ਼ਿਆਂ ਦੇ ਰਾਸਤੇ (ਨਰਕਾਂ ਵਿਚ) ਜਾ ਵੜੋ (ਅਰ) ਉਸੇ ਵਿਚ ਸਦਾ (ਸਦਾ) ਰਹੋ ਭਾਵ ਅਹੰਕਾਰੀਆਂ ਦਾ ਭੀ ਕੈਸਾ ਹੀ ਬੁਰਾ ਅਸਥਾਨ ਹੈ ॥ ੨੯ ॥ ਅਰ ਜੋ ਸੰਜਮੀ ਪੁਰਖ ਹਨ ਓਹਨਾਂ ਪਾਸੋਂ (ਕੁਰਾਨ ਦੀ ਤਰਫੋਂ) ਪੁਛਿਆ ਜਾਂਦਾ ਹੈ ਕਿ ਤੁਹਾਡੇ ਪਰਵਰਦਿਗਾਰ ਨੇ ਕੀ ਨਾਜ਼ਲ ਕੀਤਾ ਤਾਂ ਉੱਤਰ ਦੇਂਦੇ ਹਨ ਕਿ ਪਵਿਤ੍ਰ (ਥੀਂ ਪਵਿਤ੍ਰ) ਜਿਨਹਾਂ ਲੋਗਾਂ ਨੇ ਭਲਾਈ ਕੀਤੀ ਉਨਹਾਂ ਵਾਸਤੇ ਏਸ ਸੰਸਾਰ ਵਿਚ ਭੀ ਭਲਾਈ ਹੈ ਅਰ (ਉਹਨਾਂ ਦਾ) ਅੰਤਿਮ ਅਸਥਾਨ (ਤਾਂ ਏਸ ਨਾਲੋਂ ਭੀ) ਕਈ ਗੁਣਾ ਉੱਤਮ ਹੈ ਅਰ ਸੰਜਮੀ ਪੁਰਖਾਂ ਦਾ (ਅੰਤਿਮ ਘਰ ਕੈਸਾ) ਉੱਤਮ ਹੈ ॥ ੩੦ ॥ (ਅਰਥਾਤ ਓਹਨਾਂ ਦੇ) ਸਦੈਵ ਰਹਿਣ (ਵਾਸਤੇ ਸਵਰਗ ਦੇ) ਬਾਗ ਹਨ ਜਿਨਹਾਂ ਵਿਚ ਜਾ ਪਰਾਪਤਿ ਹੋਣਗੇ ਉਨਹਾਂ (ਬਾਗਾਂ) ਦੇ ਨੀਚੇ ਨਹਿਰਾਂ (ਪਈਆਂ) ਵਗ ਰਹੀਆਂ ਹੋਣਗੀਆਂ । ਅਰ ਜਿਸ ਵਸਤੂ ਨੂੰ ਓਹਨਾਂ ਦਾ ਰਿਦਾ ਚਾਹੇਗਾ ਓਥੇ ਉਨਹਾਂ ਵਾਸਤੇ ਇਕਤ੍ਰ ਸੰਜਮੀ ਪੁਰਖਾਂ

Digitized by Panjab Digital Library | www.panjabdigilib.org

ਨੂੰ ਅੱਲਾ ਐਸੀ ਹੀ ਪ੍ਰਤੀਨਿਧਿ ਦੇਂਦਾ ਹੈ ॥ ੩੧ ॥ ਜਿਨਹਾਂ ਦੀਆਂ ਜਾਨਾਂ ਨੂੰ ਫ਼ਰਿਸ਼ਤੇ ਐਸੀ ਦਸ਼ਾ ਵਿਚ ਕਬਜ਼ ਕਰਦੇ ਹਨ ਕਿ ਉਹ (ਸ਼ਿਰਕ ਦੀ ਮੈਲ ਥੀਂ) ਸ਼ੁਧ (ਪਵਿਤ੍ਰ) ਹੁੰਦੇ ਹਨ (ਅਰ ਜਦੋਂ) ਫਰਿਸ਼ਤੇ (ਜੀਵ ਦੇ ਨਿਕਾ-ਸਨ ਵਾਸਤੇ ਆਉਂਦੇ ਹਨ ਤਾਂ ਬੜੇ ਪ੍ਰੇਮ ਦੇ ਸਾਥ ਉਨਹਾਂ ਦੇ ਨਾਲ) ਸਲਾਮ ਦੁਆ ਕਰਦੇ ਹਨ ਅਰ ਕਹਿੰਦੇ ਹਨ ਕਿ ਜਿਸ ਤਰਹਾਂ ਦੇ (ਸ਼ੁਭ) ਕਰਮ ਤੁਸੀਂ (ਸੰਸਾਰ ਵਿਚ) ਕਰਦੇ ਰਹੇ ਹੋ ਓਹਨਾਂ ਦੇ ਬਦਲੇ ਵਿਚ ਸਵ-ਰਗ ਵਿਖਯ ਜਾ ਪਰਾਪਤਿ ਹੋਵੋ ॥ ੩੨ ॥ (ਹੇ ਪੈਯੰਬਰ) ਕੀ (ਏਹ ਮੁਨ-ਕਰ) ਏਸ ਬਾਤ ਦੀ ਉਡੀਕ ਵਿਚ ਹਨ ਕਿ ਫਰਿਸ਼ਤੇ (ਉਨਹਾਂ ਦੇ ਜੀਵਾਤਮਾ ਨਿਕਾਸਣ ਨੂੰ) ਓਹਨਾਂ ਦੇ ਪਾਸ ਆ ਪਹੁੰਚਣ ਅਥਵਾ ਤੁਹਾਡੇ ਪਰਵਰਦਿਗਾਰ ਦੇ (ਕਸ਼ਟ) ਦੀ ਆਗਿਆ ਪਰਾਪਤ ਹੋਵੇ ਜੋ ਲੋਕ ਏਨਹਾਂ ਨਾਲੋਂ ਪਹਿਲੇ ਹੋਚੁਕੇਹਨ ਉਨਹਾਂ ਨੇ ਭੀ ਐਸੇ ਹੀ ਕੀਤਾ ਅਰ ਖੁਦਾ ਨੇ ਓਹਨਾਂ ਪਰ (ਤਨੀਸਾ ਭੀ) ਜ਼ੁਲਮ ਨਹੀਂ ਕੀਤਾ ਕਿੰਤੂ ਓਹ (ਕੁਫਰ ਨੂੰ ਅਖਤਿਆਰ ਕਰਨੇ ਕਰ) ਆਪਣੇ ਪਰ ਆਪ ਜ਼ੁਲਮ ਕਰਦੇ ਰਹੇ ॥ ੩੩ ॥ ਅੰਤ ਏਹ ਹੋਇਆ ਕਿ (ਜੈਸੇ ਬੁਰੇ ਕਰਮ ਕਰਦੇ ਸਨ ਵੈਸੇ ਹੀ) ਉਨਹਾਂ ਦੇ ਕੁਕਰਮਾਂ ਦੇ ਉਨਹਾਂ ਨੂੰ ਨਖਿਧ ਫਲ ਪਰਾਪਤਿ ਹੋਏ ਅਰ ਜਿਸ (ਕਸ਼ਟ) ਨੂੰ ਹਾਸੀ ਦਾਸ ਪਦ ਜਾਣਦੇ ਸਨ ਓਹ ਉਨਹਾਂ ਪਰ ਪਰਾਪਤ ਹੋ ਕੇ ਹੀ ਰਹਿਆ ॥ ੩੪ ॥ ਰੁਕੂਹ ੪ ॥

ਅਰ ਭੇਦ ਵਾਦੀ ਕਹਿੰਦੇ ਹਨ ਕਿ ਯਦੀ ਖੁਦਾ ਦੀ ਇਛਾ ਹੁੰਦੀ ਤਾਂ ਨਾ ਤਾਂ ਅਸੀਂ ਹੀ ਉਸ ਤੋਂ ਸਿਵਾ ਕਿਸੇ ਹੋਰ ਦੀ ਪੂਜਾ ਕਰਦੇ ਅਰ ਨਾ ਸਾਡੇ ਮਹਾਨ ਪੁਰਖ (ਹੀ ਕਰਦੇ) ਅਰ ਨਾ ਅਸੀਂ ਉਸ ਦੀ (ਆਗਿਆ ਤੋਂ) ਬਿਨਾਂ (ਆਪੇ ਥਾਪ) ਕਿਸੇ ਚੀਜ ਨੂੰ ਹਰਾਮ ਨਿਯਤ ਕਰਦੇ । ਜੋ ਲੋਗ ਏਹਨਾਂ ਨਾਲੋਂ ਭੂਤ ਸਮਯ ਵਿਚ ਹੋ ਚੁਕੇ ਹਨ ਉਨਹਾਂ ਨੇ ਭੀ ਉਕਤ ਰੀਤੀ ਸਾਥ ਹੀ (ਹੀਲਾ ਹਾਲਾ) ਕੀਤਾ । ਤਾਂ ਪੈਯੰਬਰਾਂ ਪਰ ਸਿਵਾਏ ਏਸ ਬਾਤ ਦੇ ਕਿ (ਖੁਦਾ ਦਿਆਂ ਹੁਕਮਾਂ ਨੂੰ) ਸਰਲ ਰੀਤੀ ਸਾਥ ਪਹੁੰਚਾ ਦੇਣ ਹੋਰ ਕੋਈ ਜ਼ਿੰਮੇ-ਵਾਰੀ ਨਹੀਂ ॥ ੩੫ ॥ ਅਰ ਅਸੀਂ ਹਰੇਕ ਉਮਤ ਵਿਚ (ਕੋਈ ਨਾ ਕੋਈ) ਪੈਯੰਬਰ (ਏਸ ਬਾਤ ਦੀ ਸਿਖਯਾ ਵਾਸਤੇ) ਭੇਜਦੇ ਰਹੇ ਹਾਂ ਕਿ (ਲੋਗੋ !) ਖੁਦਾ ਦੀ ਪੂਜਾ ਕਰੋ !!! ਅਰ ਅਮੋੜ (ਸ਼ੈਤਾਨ ਦੇ ਫਰੇਬਾਂ) ਥੀਂ ਡਰਦੇ ਰਹੋ ਤਾਂ ਓਹਨਾਂ ਵਿਚੋਂ ਕਈਆਂ ਨੂੰ ਤਾਂ ਖੁਦਾ ਨੇ ਸਿਖਿਆ ਦਿਤੀ ਅਰ ਉਨਹਾਂ ਦੇ ਵਿਚੋਂ ਕਈਆਂਕੁ (ਦੇ ਸਿਰ ਪਰ) ਕੁਮਾਰਗ ਤਾਈ ਚੜ੍ਹ ਬੈਠੀ ਤਾਂ (ਲੋਗੋ !) ਸਾਰੀ ਧਰਤੀ ਪਰ ਤੁਰੋ ਫਿਰੋ ਅਰ ਦੇਖੋ (ਭਾਲੋ) ਕਿ (ਪੈਯੰਬਰਾਂ ਨੂੰ) ਝੂਠਿਆਂ ਕਰਨ ਵਾਲਿਆਂ ਦੀ ਅੰਤ ਕੈਸੀ (ਦੁਰਦਸ਼ਾ)

Digitized by Panjab Digital Library | www.panjabdigilib.org

ਹੋਈ ॥ ੩੬ ॥ (ਹੇ ਪੈਯੰਬਰ) ਯਦੀ ਤੁਸਾਨੂੰ ਉਨਹਾਂ ਲੋਗਾਂ ਦੇ ਸੂਧੇ ਮਾਰਗ ਉਤੇ ਆ ਜਾਣ ਦਾ ਲੋਭ ਹੋਵੇ ਤਾਂ (ਇਸ ਖਿਆਲ ਨੂੰ ਛਡ ਦੇਵੋ ਕਾਹੇ ਤੇ) ਖੁਦਾ ਜਿਸ ਨੂੰ ਕੁਮਾਰਗੀ ਕਰਨ ਦੀ ਇਛਾ ਕਰਦਾ ਹੈ ਉਸ ਨੂੰ ਸਿਖਸ਼ਾ ਨਹੀਂ ਦਿਤਾ ਕਰਦਾ। ਅਰ ਕੋਈ ਐਸਿਆਂ ਪੁਰਖਾਂ ਦੀ ਮਦਦ ਵਾਸਤੇ ਭੀ ਨਹੀਂ ਖੜਾ ਹੁੰਦਾ (ਕਿ ਉਨਹਾਂ ਨੂੰ ਕਸ਼ਟ ਤੋਂ ਬਚਾ ਲਵੇ) ॥ ੩੭ ॥ ਅਰ ਇਹ ਮੁਨਕਰ ਖੁਦਾ ਦੀਆਂ ਬੜੀਆਂ ਸਖਤ ਸਪਤਾਂ ਕਰਦੇ ਹਨ ਕਿ ਜੋ ਮਰ ਜਾਂਦਾ ਹੈ ਉਸ ਨੂੰ ਖੁਦਾ (ਦੁਬਾਰਾ) ਉਠਾ ਕੇ ਖੜਾ ਨਹੀਂ ਕਰੇਗਾ। (ਹੇ ਪੈਯੰਬਰ ਏਹਨਾਂ ਤਾਈਂ ਆਖੋ ਕਿ) ਨਿਸਚਿਤ (ਉਠਾ ਕੇ ਖੜਾ ਕਰੇਗਾ ਇਹ ਉਸ ਦੀ) ਪ੍ਰਤਿਗਜ਼ਾ ਸਤਜ ਹੈ (ਅਰ ਉਸ ਦੀ ਪ੍ਰਤਿ-ਗਯਾ) ਉਸ ਪਰ (ਅਵਸ਼ ਹੈ) ਪਰੰਤੂ ਪ੍ਰਾਯ ਲੋਕ (ਏਸ ਬਾਰਤਾ ਦਾ) ਨਿਸਚਾ ਨਹੀਂ ਕਰਦੇ ॥ ੩੮ ॥ (ਮੁਰਦਿਆਂ ਦਾ ਸਜੀਵ ਕਰਨਾ) ਏਸ ਵਾਸਤੇ (ਜ਼ਰੂਰ ਹੈ) ਕਿ ਜਿਨਹਾਂ ਵਸਤਾਂ ਵਿਚ ਇਹ ਲੋਗ (ਸੰਸਾਰ ਵਿਚ) ਇਖਤਲਾਫ ਕਰਦੇ ਰਹੇ ਹਨ (ਪ੍ਰਲੈ ਦੇ ਦਿਨ) ਖੁਦਾ (ਅਸਲ ਹਕੀਕਤ ਨੂੰ) ਉਨਹਾਂ ਉਤੇ ਪਰਗਟ ਕਰ ਦੇਵੇ ਅਰ ਤਾਂ ਕਿ ਕਾਫਰ ਜਾਨ ਲੈਣ ਕਿ ਵਹੀ ਭੁਲੇਖੇ ਉਤੇ ਹਨ ॥ ੩੯ ॥ ਜਦੋਂ ਅਸੀਂ ਕਿਸੇ ਵਸਤੂ ਦੀ ਇਛਾ ਕਰਦੇ ਹਾਂ ਤਾਂ ਬਸ ਸਾਡਾ ਕਹਿਣਾ ਉਸ ਦੇ ਬਾਰੇ ਵਿਚ ਇਤਨਾ ਹੀ ਹੁੰਦਾ ਹੈ ਕਿ ਅਸੀਂ ਉਸਨੂੰ ਕਹਿ ਦੇਂਦੇ ਹਾਂ ਕਿ ਹੋ ਤਾਂ ਹੋ ਜਾਂਦੀ ਹੈ (ਤਾਂ ਸਾਨੂੰ ਮੁਰਦਿਆਂ ਦਾ ਸਜੀਵ ਕਰਨਾ ਕੋਈ ਬੜੀ ਬਾਤ ਨਹੀਂ) ॥ ੪੦ ॥ ਰੁਕੂਹ ੫ ॥

ਅਰ ਜਿਨਹਾਂ (ਮੁਸਲਮਾਨਾਂ) ਉੱਤੇ (ਕਾਫਰਾਂ ਦੀ ਤਰਫੋਂ) ਜੁਲਮ ਹੋਏ ਅਰ ਜੁਲਮ ਹੋਇਆਂ ਪਿਛੋਂ ਉਨਹਾਂ ਨੂੰ ਖੁਦਾ ਦੇ ਵਾਸਤੇ ਆ-ਪਣੇ ਵਤਨ ਛਡਣੇ ਪੈਗਏ ਅਸੀਂ ਓਹਨਾਂ ਨੂੰ ਜ਼ਰੂਰ ਜ਼ਰੂਰਾਂ ਸੰਸਾਰ ਵਿਚ ਸ਼ੁਭ ਅਸਥਾਨ ਵਿਚ ਅਸਥਾਪਤਿ ਕਰਾਂਗੇ ਅਰ ਅੰਤ ਦਾ ਬਦਲਾ (ਜੋ ਉਨ੍ਹਾਂ ਨੂੰ ਮਿਲਨ ਵਾਲਾ ਹੈ ਉਹ ਇਸ ਨਾਲੋਂ) ਕਿਤੇ ਵਧੀਕ ਹੈ ॥ ੪੧ ॥ ਹੇ ਦੇਵ ਏਹ ਲੋਕ ਜੋ (ਖੁਦਾ ਦੇ ਮਾਰਗ ਉਤੇ) ਸਬਰ ਕਰਦੇ ਅਰ ਆਪਣੇ ਪਰ-ਵਰਦਿਗਾਰ ਉਤੇ ਭਰੋਸਾ ਰਖਦੇ ਹਨ (ਆਖਰਤ ਦੇ ਬਦਲੇ ਦਾ ਵੇਰਵਾ) ਜਾਣਦੇ (ਤਾਂ ਤੰਗ ਦਿਲ ਨਾ ਹੁੰਦੇ) ॥ ੪੨ ॥ ਅਰ (ਹੇ ਪੈਯੰਬਰ) ਅਸਾਂ ਨੇ ਤੇਰੇ ਨਾਲੋਂ ਪ੍ਰਥਮ (ਭੀ ਤੇਰੇ ਵਰਗੇ) ਹੀ ਪੁਰਖ ਪੈਯੰਬਰ ਬਨਾਕੇ ਭੇਜੇ ਸਨ (ਅਰ ਭੇਜੇ ਸਨ ਤਾਂ) ਯੁਕਤੀਆਂ ਤਥਾ ਪੁਸਤਕਾਂ ਦੇ ਨਾਲ ਕਿ ਉਨਹਾਂ ਦੇ ਵਲ ਵਹੀ ਭੇਜ ਦਿਤਾ ਕਰਦੇ ਸਾਂ ਤਾਂ (ਏਹਨਾਂ ਮੁਨਕਰਾਂ ਨੂੰ ਆਖੋ ਕਿ) ਯਦੀ (ਇਹ ਬਾਰਤਾ) ਤੁਸਾਂ ਤਾਈਂ ਖੁਦ ਪਰਤੀਤ ਨਹੀਂ ਤਾਂ

Digitized by Panjab Digital Library | www.panjabdigilib.org

(ਪਿਛਲੀਆਂ ਅਸਮਾਨੀ ਕਿਤਾਬਾਂ ਦੇ) ਪੜ੍ਹਨ ਪੜ੍ਹਾਨ ਵਾਲਿਆਂ ਪਾਸੋਂ ਪੁਛ ਵੇਖੋ ॥ ੪੩ ॥ਅਰ (ਉਕਤ ਰੀਤੀ ਨਾਲ) ਅਸਾਂ ਨੇ ਤੇਰੇ ਵਾਸਤੇ (ਭੀ) ਇਹ ਕੁਰਾਨ ਉਤਾਰਿਆ ਹੈ ਤਾ ਕਿ ਜੋ ਆਗਿਆ ਲੋਕਾਂ (ਦੀ ਸਿਖਛਾ) ਵਾਸਤੇ ਓਹਨਾਂ ਦੇ ਪਾਸੇ ਭੇਜੀ ਗਈ ਹੈ ਤੁਸੀਂ ਉਨਹਾਂ ਨੂੰ ਭਲੀ ਰੀਤੀ ਨਾਲ ਸਮਝਾ ਦੇਵੇਂ ਅਰ ਤਾ ਕਿ ਉਹ (ਭੀ ਏਹਨਾਂ ਬਾਰਤਾਂ ਨੂੰ) ਬਿਚਾਰਨ ॥ ੪੪ ॥ ਤਾਂ ਕੀ ਜੋ ਲੋਕ ਬੁਰੀਆਂ ੨ ਤਦਬੀਰਾਂ ਕੀਤਾ ਕਰਦੇ ਹਨ ਉਨਹਾਂ ਨੂੰ ਏਸ ਬਾਰਤਾ ਦਾ ਉਕਾ ਭੈ ਨਹੀਂ ਕਿ ਖੁਦਾ ਓਹਨਾਂ ਨੂੰ ਪ੍ਰਿਥਵੀ ਵਿਚ ਧਸਾ ਦੇਵੇ ਕਿੰਵਾ ਜਿਧਰ ਦੀ ਉਨਹਾਂ ਨੂੰ ਖਬਰ ਭੀ ਨਾ ਹੋਵੇ (ਖੁਦਾ) ਦੀ ਵਿਪਤੀ ਓਹਨਾਂ ਉੱਤੇ ਆ ਪ੍ਰਾਪਤ ਹੋਵੇ ॥ ੪੫ ॥ ਕਿੰਵਾ ਉਨਹਾਂ ਦੇ ਤੁਰਦਿਆਂ ਫਿਰਦਿਆਂ ਖੁਦਾ ਉਨਹਾਂ ਨੂੰ ਆ ਪਕੜੇ (ਅਰ ਐਸਾ ਕਰਨ ਉੱਤੇ ਆ ਜਾਵੇ) ਤਾਂ (ਕਿਸੇ ਯੁਕਤੀ ਨਾਲ) ਉਹ (ਉਸ ਨੂੰ ਪਰਾਜੈ (ਭੀ) ਨਹੀਂ ਕਰ ਸਕਦੇ ॥੪੬॥ ਕਿੰਵਾ ਉਨਹਾਂ ਨੂੰ (ਖੁਦਾ ਦੀ ਪਕੜ ਦਾ ਖਟਕਾ ਹੋਵੇ ਅਰ) ਖਟਕਾ ਹੁੰਦਿਆਂ ਸਾਰ ਪਕੜ ਲਵੇ (ਹੇ ਲੋਗੋ!) ਨਿਰਸੰਦੇਹ ਤੁਸਾਂ ਦਾ ਪਰਵਰਦਿਗਾਰ ਬੜਾ ਹੀ ਦਿਆਲੂ ਮੇਹਰਬਾਨ ਹੈ ॥ ੪੭ ॥ ਕੀ ਏਹਨਾਂ ਲੋਕਾਂ ਨੇ ਖੁਦਾ ਦੀ ਸ੍ਰਿਸ਼ਟੀ ਵਿਚੋਂ ਕਿਸੇ ਵਸਤੂ ਉਤੇ ਦ੍ਰਿਸ਼ਟੀ ਨਹੀਂ ਦਿਤੀ ਕਿ ਉਹਨਾਂ ਦੇ ਸਾਏ (ਕਦੇ) ਸਜੇ ਪਾਸੇ ਅਰ (ਕਦੀ) ਖਬੇ ਪਾਸੇ ਝੁਕੇ (ਹੋਏ ਹੁੰਦੇ ਹਨ) ਮਾਨੋ ਖੁਦਾ ਦੇ ਅਗੇ ਪ੍ਰਣਾਮ ਕਰ ਰਹੇ ਹਨ ਅਰ ਉਹ ਨਿੰਮ੍ਰਤਾਈ ਪਰਗਟ ਕਰ ਰਹੇ ਹਨ ॥ ੪੮ ॥ ਅਰ ਜਿਤਨੇ ਸਜੀਵ ਆਕਾਸ਼ਾਂ ਵਿਚ ਹਨ ਅਰ ਜਿਤਨੇ ਪ੍ਰਿਥਵੀ ਉੱਤੇ ਹਨ (ਸੰਪੂਰਨ) ਅੱਲਾ ਦੇ ਅਗੇ ਹੀ ਮਥਾ ਟੇਕ ਰਹੇ ਹਨ ਅਰ (ਹੋਰ) ਫਰਿ-ਸ਼ਤੇ ਅਰ ਉਹ (ਖੁਦਾ ਦੀ ਆਗਿਆ ਤੋਂ) ਸਿਰ ਨਹੀਂ ਫੇਰ ਸਕਦੇ ॥੪੯॥ (ਅਰ) ਆਪਣੇ ਪਰਵਰਦਿਗਾਰ ਪਾਸੋਂ ਜੋ (ਉਚ ਤੋਂ ਉਚ) ਓਹਨਾਂ ਦੇ ਉੱਤੇ ਹੈ (ਸਰਬ ਸਮੇਂ) ਡਰਦੇ ਰਹਿੰਦੇ ਹਨ (ਅਰ ਉਸ ਦੇ ਦਰਬਾਰ ਵਿਚੋਂ) ਜੋ ਆਗਿਆ ਓਹਨਾਂ ਨੂੰ ਦਿਤੀ ਜਾਂਦੀ ਹੈ ਉਸ ਦੀ ਪਾਲਣਾ ਕਰਦੇ ਹਨ ॥ ੫੦ ॥ ਰੁਕੂਹ ੬ ॥

ਅਰ (ਲੋਗੋ!) ਖੁਦਾ ਨੇ ਆਗਿਆ ਦਿਤੀ ਹੈ ਕਿ ਦੋ ਦੋ ਪੂਜਜ ਨਾ ਨਿਯਤ ਕਰੋ ਕੇਵਲ ਇਕ (ਖੁਦਾ) ਹੀ ਪੂਜਯ ਹੈ ਤਾਂ ਕੇਵਲ ਸਾਡਾ ਹੀ ਖੌਫ ਰਖੋ ॥ ੫੧ ॥ ਅਰ ਪ੍ਰਿਥਵੀ ਅਕਾਸ ਵਿਚ ਉਸੇ ਦੀ ਹੀ ਮਾਇਆ ਹੈ ਅਰ ਉਸੇ ਦੀ ਫਰਮਾਂ ਬਰਾਦਰੀ ਜੋਗ ਹੈ ਤਾਂ ਕੀ ਤੁਸੀਂ ਲੋਗ ਖੁਦਾ ਤੋਂ ਭਿੰਨ (ਅਨਜਾਨਜ ਵਸਤਾਂ) ਪਾਸੋਂ ਡਰਦੇ ਹੋ ॥ ੫੨ ॥ ਅਰ ਜਿਨੀਆਂ ਨਿਆ-ਮਤਾਂ ਤੁਸਾਂ ਨੂੰ ਪਰਾਪਤ ਹਨ (ਸੰਪੂਰਨ) ਖੁਦਾ ਦੇ ਹੀ ਵਲੋਂ ਹਨ ਫਿਰ

Digitized by Panjab Digital Library | www.panjabdigilib.org

ਜਦੋਂ ਤੁਸਾਂ ਤਾਈਂ ਕੋਈ ਕਸ਼ਟ ਪਰਾਪਤ ਹੁੰਦਾ ਹੈ ਤਾਂ ਓਸੇ ਦੇ ਅਗੇ ਰੋਂਦੇ ਹੋ ॥ ੫੩ ॥ ਫਿਰ ਜਦੋਂ ਉਹ ( ਉਸ ) ਕਸ਼ਟ ਨੂੰ ਤੁਸਾਂ ਉਤੋਂ ਨਿਵਾਰਨ ਕਰ ਦੇਂਦਾ ਹੈ ਤਾਂ ਓਸੇ ਵੇਲੇ ਤੁਸਾਂ ਵਿਚੋਂ ਕਈਕੁ ਲੋਗ ਆਪਣੇ ਪਰਵਰਦਿਗਾਰ ਦੇ ਨਾਲ ਸ਼ਰੀਕ ਬਨਾ ਲੈਂਦੇ ਹਨ ॥ ੫੪ ॥ ਤਾ ਕਿ ਜੋ ( ਨਿਆਮਤਾਂ ) ਅਸਾਂ ਨੇ ਓਹਨਾਂ ਤਾਈਂ ਦਿਤੀਆਂ ਸਨ ਉਨਹਾਂ ਦੀ ਨਾਸ਼ੁਕਰੀ ਕਰਨ ਤਾਂ ( ਚੰਗਾ ਸਾਂਸਾਰਿਕ ਸੁਖ ਚਾਰ ਦਿਨਾਂ ਦੇ ) ਲਾਭ ਉਠਾ ਲਵੋ ਫਿਰ ਅੰਤ ਨੂੰ ( ਪਰਲੋ ਦੇ ਦਿਨ ) ਤੁਹਾਨੂੰ ਪਰਤੀਤ ਹੋ ਹੀ ਜਾਵੇਗੀ ॥ ੫੫ ॥ ਅਰ ਅਸਾਂ ਨੇ ਜੋ ਇਨਹਾਂ ਨੂੰ ਰੋਜ਼ੀ ਦਿਤੀ ਹੈ ਓਸ ਵਿਚੋਂ ਇਹ ਲੋਕ ਉਨਹਾਂ ( ਬੁਤਾਂ ) ਦਾ ਵਿਭਾਗ ਭੀ ਨਿਯਤ ਕਰਦੇ ਹਨ ਜਿਨਹਾਂ ( ਦੀ ਅਸਲ ਹਕੀਕਤ ) ਨੂੰ ( ਭੀ ) ਨਹੀਂ ਜਾਣਦੇ ਸੋ ਖੁਦਾ ਦੀ ( ਅਰਥਾਤ ਸਾਨੂੰ ਆ-ਪਣੀ) ਸਪਤ ਕੇ ਜੈਸੀਆਂ ਜੈਸੀਆਂ ਝੂਠੀਆਂ ਗਲਾਂ ਤੁਸੀਂ ਲੋਗ ਕਰਦੇ ਰਹੇ ਹੋ ( ਕਿਆਮਤ ਦੇ ਦਿਨ ) ਤੁਸਾਂ ਪਾਸੋਂ ਨਿਸਚਿਤ ਉਨਹਾਂ ਦੀ ਬਾਜ਼ ਪੁਰਸੀ ਹੋਣੀ ਹੈ ॥ ੫੬ ॥ ਅਰ ਇਹ ਮੁਨਕਰ ( ਫਰਿਸ਼ਤਿਆਂ ਨੂੰ ) ਖੁਦਾ ਦੀਆਂ ਬੇਟੀਆਂ ਨਿਯਤ ਕਰਦੇ ਹਨ ਸੁਬਹਾਨ ਅੱਲਾ ( ਖੁਦਾ ਵਾਸਤੇ ਬੇਟੀਆਂ ) ਅਰ ਉਨਹਾਂ ਵਾਸਤੇ ਮਨ ਮੰਨੇ ( ਬੇਟੇ ) ॥ ੫੭ ॥ ਅਰ ਜਦੋਂ ਏਹਨਾਂ ਵਿਚੋਂ ਕਿਸੇ ਨੂੰ ਬੇਟੀ ( ਹੋਣ ) ਦੀ ਵਧਾਈ ਦਿਤੀ ਜਾਵੇ ਤਾਂ ਉਸ ਦਾ ਮੂੰਹ ( ਮਾਰਿਆ ਦੁਖ ਦੇ ) ਕਾਲਾ ਹੋ ਜਾਂਦਾ ਹੈ ਅਰ ( ਗੁਸੇ ਨੂੰ ਪਾਣੀ ਦੀ ਤਰਹਾਂ ) ਪੀ ਕੇ ਰਹਿ ਜਾਂਦਾ ਹੈ ॥ ੫੮ ॥ ਲੋਗਾਂ ਪਾਸੋਂ ਬੇਟੀ ਦੀ ਸ਼ਰ-ਮਿੰਦਗੀ ਦੇ ਮਾਰਿਆਂ ਜਿਸ ਦੇ ਉਤਪਤ ਹੋਣ ਦੀ ਉਸਨੂੰ ਵਧਾਈ ਭੀ ਦਿਤੀ ਗਈ ਹੈ ਛਿਪਾ ਛਿਪਾ ਕੇ ਫਿਰੇ (ਅਰ ਦਿਲ ਵਿਚ ਕਈ ਪ੍ਰਕਾਰ ਦੇ ਮਨਸੂਬੇ ਬਿਚਾਰੇ ਕਿ ) ਆਇਆ ਏਸ ਜ਼ਿਲਤ ( ਲਜਿਆ ) ਉਤੇ ਬੇਟੀ ਨੂੰ ਸਾਂਭ ਰਖੇ ਕਿੰਵਾ ਉਸ ਨੂੰ ਜਮੀਨ ਵਿਚ ਦਬ ਦੇਵੇ। ਵੇਖੋ ਖਾਂ ( ਖੁਦਾ ਦੇ ਬਾਰੇ ਵਿਚ ) ਏਨਹਾਂ ਦੀ (ਕੈਸੀ) ਬੁਰੀ ਰਾਏ ਹੈ ॥ ੫੯ ॥ ਬੁਰੀਆਂ ੨ ਗਲਾਂ ਤਾਂ ਉਨਹਾਂ ਲੋਕਾਂ ਦੇ ਹੀ ਮੁਨਾਸਿਬ ਹਾਲ ਹਨ ( ਜੋ ਕਾਫਰ ਹਨ ਅਰ ) ਪਰਲੋ ਦਾ ਨਿਸਚਾ ਨਹੀਂ ਕਰਦੇ ਅਰ ਅੱਲਾ ਦੀ ਸ਼ਾਨ ਦੇ ਮੁਨਸਿਬ ਤਾਂ ਉਹ ਬਾਰਤਾਂ ਹਨ ਜੋ ( ਉੱਤਮ ਤੋਂ ਉੱਤਮ ਅਰ ਅਧਿਕ ਤੋਂ ) ਅਧਿਕ ਹਨ ਅਰ ਵਹੀ ਸ਼ਕਤੀਮਾਨ ਯੁਕਤੀ ਵਾਲਾ ਹੈ ॥ ੬੦ ॥ ਰੁਕੂਹ ੭ ॥

ਅਰ ਯਦੀ ਖੁਦਾ ਬੰਦਿਆਂ ਨੂੰ ਓਹਨਾਂ ਦੀ ਨਾ ਫਰਮਾਨੀ ਦੀ ਸਜ਼ਾ ਵਿਚ ਪਕੜਦਾ ਤਾਂ ਪ੍ਰਿਥਵੀ ਮਾਤ੍ਰ ਉਤੇ ਕਿਸੇ ਜੀਵ ਨੂੰ ਪਿਛੇ ਨ ਛਡਦਾ ਪਰੰਤੂ ( ਵੁਹ ) ਇਕ ਨਿਯਤ ਸਮੇਂ ( ਅਰਥਾਤ ਮੌਤ ) ਤਕ ਓਹਨਾਂ ਨੂੰ ਅਵਧੀ ਦੇਂਦਾ ਹੈ ਫੇਰ ਜਦੋਂ ਏਹਨਾਂ ਦਾ ( ਉਹ ) ਸਮਾਂ ਆ ਪ੍ਰਾਪਤ ਹੁੰਦਾ ਹੈ

Digitized by Panjab Digital Library | www.panjabdigilib.org

ਤਾਂ ( ਉਸ ਕੋਲੋਂ ) ਨਾ ਇਕ ਘੜੀ ਪਿਛੇ ਰਹਿ ਸਕਦੇ ਹਨ ਨਾ ਅਗੇ ਵਧ ਸਕਦੇ ਹਨ ॥ ੬੧ ॥ ਅਰ ( ਇਹ ਲੋਕ ) ਜਿਨਹਾਂ ਵਸਤੂਆਂ ਨੂੰ ਆਪ ਪਸੰਦ ਨਹੀਂ ਕਰਦੇ ਉਨਹਾਂ ਨੂੰ ਖੁਦਾ ਦੇ ਵਾਸਤੇ ( ਤਜਵੀਜ਼ ) ਕਰਦੇ ਹਨ ਅਰ ਆਪਣੀ ਜਬਾਨੀ ਝੂਠੇ ਮੂਠੇ ਦਾਵੇ ਭੀ ਕਰਦੇ ਜਾਂਦੇ ਹਨ ਕਿ (ਅੰਤ ਨੂੰ ਭੀ ) ਓਹਨਾਂ ਵਾਸਤੇ ਭਲਾਈ ਹੈ। (ਭਲਾਈ ਤਾਂ ਨਹੀਂ) ਪ੍ਰਤਯੁਤ ਓਹਨਾਂ ਵਾਸਰੇ ਨਰਕ ਹੈ ਪ੍ਰਤਯੁਤ ਇਹ ( ਨਾਰਕੀਆਂ ਦੇ ) ਆਗੂ ਹਨ ॥ ੬੨ ॥ ( ਹੇ ਪੈਗੰਬਰ ) ਖੁਦਾ ਦੀ ( ਅਰਥਾਤ ਸਾਨੂੰ ਆਪਣੀ ) ਸਪਤ ਹੈ ਤੇਰੇ ਨਾਲੋਂ ਪ੍ਰਥਮ ( ਭੀ ) ਅਸਾਂ ਨੇ ਉਮਤਾਂ ਵਲ ਪੈਗੰਬਰ ਭੇਜੇ ਤਾਂ ਸ਼ੈਤਾਨ ਨੇ ( ਓਹਨਾਂ ਲੋਕਾਂ ਦੀ ਵਾਟ ਮਾਰੀ ਅਰ ) ਉਨਹਾਂ ਦੇ ( ਨਖਿਧਕ ) ਕਰਮ ਓਹਨਾਂ ਨੂੰ ਸੁਕਰਮ ਕਰ ਦਿਖਾਏ ਸੋ ਵਹੀ ( ਸ਼ੈਤਾਨ ) ਏਸ ਸਮੇਂ ਵਿਚ ਇਨਾਂ ( ਕਾਫਰਾਂ ) ਦਾ (ਭੀ) ਸਾਥੀ ( ਬਣਿਆਂ ਹੋਇਆ ) ਹੈ ਅਰ ( ਅੰਤ ਨੂੰ ) ਏਨਹਾਂ ਨੂੰ ਭਿਆਨਕ ਕਸ਼ਟ ( ਪਰਾਪਤ ਹੋਣਾ ) ਹੈ ॥ ੬੫ ॥ ਅਰ ( ਹੇ ਪੈਗੰਬਰ ) ਅਸਾਂ ਨੇ ਤੇਰੇ ਉਤੇ ( ਇਹ ) ਕਿਤਾਬ ਏਸੇ ਭਾਵ ਨਾਲ ਉਤਾਰੀ ਹੈ ਕਿ ਜਿਨਹਾਂ ਗਲਾਂ ਵਿਚ (ਇਹ ਲੋਕ ਆਪੋ ਵਿਚ ਦੀ ) ਭੇਦ ਪਾ ਰਹੇ ਹਨ ਉਹ ਏਹਨਾਂ ਨੂੰ ਭਲੀ ਪਰਕਾਰ ਸਮਝਾ ਦੇਵੇ ਇਸ ਤੋਂ ਭਿੰਨ ( ਇਹ ਕੁਰਾਨ ) ਈਮਾਨ ਵਾਲਿਆਂ ਵਾਸਤੇ ਸਿਖਿਛਾ ਦਾ (ਦਾ ਕਾਰਨ) ਅਰ ਰਹਿਮਤ ਹੈ ॥ ੬੪ ॥ ਅਰ ਅੱਲਾ ਨੇ ਹੀ ਅਕਾਸ ਵਿਚੋਂ ਵਰਖਾ ਕੀਤੀ ਫੇਰ ਉਸ ( ਪਾਣੀ ) ਦੇ ਵਸੀਲੇ ਨਾਲ ਪ੍ਰਿਥਵੀ ਨੂੰ ਉਸ ਦੇ ਮਰਿਆਂ ( ਅਰਥਾਤ ਬੰਜਰ ਪਿਆਂ ) ਪਿਛੋਂ ( ਦੁਬਾਰਾ ) ਸਰਜੀਤ ਕਰ ਦਿਖਾਈ ਨਿਰਸੰਦੇਹ ਜੋ ਪੁਰਖ ( ਬਾਰਤਾ ਨੂੰ ) ਸੁਣਦੇ ( ਬਿਚਾਰਦੇ ) ਹਨ ਓਹਨਾਂ ਵਾਸਤੇ ਏਹਨਾਂ ਗਲਾਂ ਵਿਚ ( ਖੁਦਾ ਦੀ ਕੁਦਰਤ ਦੀ ਇਕ ਬੜੀ) ਨਿਸ਼ਾਨੀ ਹੈ॥ ੬੫ ॥ ਰੁਕੂਹ ੮ ॥

ਅਰ ( ਲੋਗੋ ) ਤੁਸਾਂ ਦੇ ਵਾਸਤੇ ਚਾਰਪਾਇਆਂ ਵਿਚ ਭੀ ਬਿਚਾਰ ਦਾ ਅਸਥਾਨ ਹੈ ਕਿ ਓਹਨਾਂ ਦੇ ਉਦਰ ਵਿਚ ਜੋ ( ਅਲਮ ਗਲਮ ਭਰੀ ) ਹੋਈ ਹੈ ਉਸ ਥੀਂ ( ਅਰਥਾਤ ) ਗੋਬਰ ਅਰ ਖੂਨ ਵਿਚੋਂ ਅਸਾਂ ਤੁਸਾਂ ਤਾਈਂ ਨਿਰੋਲ ਦੁਧ ਪਾਨ ਕਰਾਉਨੇ ਹਾਂ ਜਿਸ ਨੂੰ ਪੀਣ ਵਾਲੇ ਆਸਾਨੀ ਨਾਲ ( ਗਟਾ ਗਟ ) ਪੀ ਜਾਂਦੇ ਹਨ ॥ ੬੬ ॥ ਅਰ ( ਅਮੁਨਾ ਪ੍ਰਕਾਰੇਣ ) ਖਜੂਰ ਤਥਾ ਅੰਗੂਰ ਦੇ ਫਲਾਂ ਵਿਚੋਂ ( ਅਸੀਂ ਤੁਸਾਂ ਤਾਈਂ ਉਸਦਾ ਸ੍ਵਰਸ ਪਾਨ ਕਰਾਉਂਨੇ ਹਾਂ ) ਕਿ ਤੁਸੀਂ ਉਸ ਦੀ ਸ਼ਰਾਬ ਬਣਾਉਂਦੇ ਹੋ ਅਰ ( ਵੈਸੇ ਭੀ ਓਹਨਾਂ ਨੂੰ ) ਉੱਤਮ ਰੋਜ਼ੀ ( ਸਮਝ ਕੇ ਅਨਜਾਨਜ ਰੀਤੀ ਨਾਲ ਵਰਤਣ ਵਿਵਹਾਰ ਵਿਚ ਲੈ ਆਉਂਦੇ ਹੋ ) ਜੋ ਲੋਕ ਬੁਧੀਮਾਨ ਹਨ ਓਹਨਾਂ ਵਾਸਤੇ

Digitized by Panjab Digital Library | www.panjabdigilib.org

ਇਹਨਾਂ ਵਸਤਾਂ ਵਿਚ(ਭੀ ਖੁਦਾਦੀ ਕੁਦਰਤ ਦੀ ਇਕ ਬੜੀ) ਨਿਸ਼ਾਨੀ ਹੈ॥੬੭॥ ਅਰ ( ਹੇ ਪੈਗੰਬਰ ) ਤੁਸਾਡੇ ਪਰਵਰਦਿਗਾਰ ਨੇ ਸ਼ੈਹਦ ਦੀ ਮਖੀ ਦੇ ਦਿਲ ਵਿਚ ਇਹ ਬਾਰਤਾ ਪਾ ਦਿਤੀ ਕਿ ਪਰਬਤਾਂ ਵਿਚ ਤਥਾ ਬ੍ਰਿਛਾਂ ਵਿਚ ਅਰ ਲੋਕ ਜੋ ਉਚੇ ਉਚੇ ਛਪਰ ਛਾ ਲੈਂਦੇ ਹਨ ਓਹਨਾਂ ਵਿਚ ਛਤੇ ਬਣਾਵੇ ॥ ੬੮ ॥ ਫੇਰ ਸਰਬ ਪਰਕਾਰ ਦਿਆਂ ਫਲਾਂ ਵਿਚੋਂ ( ਫਿਰ ਕੇ ਓਹਨਾਂ ਦਾ ਰਸ ) ਪਾਨ ਕਰ ਫਿਰ ( ਸੁਖੈਨ ਹੀ ) ਆਪਣੇ ਪਰਵਰਦਿਗਾਰ ਦੀ ਸੁਖੈਨ ਰੀਤੀ ਉਤੇ ਚਲੀ ਚਲ ਮਖੀਆਂ ਦੇ ਉਦਰ ਵਿਚੋਂ ਪਾਨ ਕਰਨ ਵਾਲੀ ਇਕ ਵਸਤੂ ਨਿਕਲਦੀ ਹੈ ( ਅਰਥਾਤ ਸ਼ੈਹਦ ) ਜਿਸਦੇ ਕਈ ਪਰਕਾਰ ਦੇ ਰੰਗ ਹੁੰਦੇ ਹਨ ( ਅਰ ) ਉਸ ਵਿਚਲੋਕਾਂ ( ਦੀ ਬਹੁਤ ਸਾਰੀ ਬੀਮਾਰੀਆਂ ) ਦੀ ਔਖਧ ਹੈ ਨਿਰਸੰਦੇਹ ਦੀਰਘ ਦ੍ਰਿਸ਼ਟਾ ਪੁਰਖਾਂ ਵਾਸਤੇ ਏਸ ਵਿਚ ( ਭੀ ਖੁਦਾ ਦੀ ਕੁਦਰਤ ਦੀ ਇਕ ਬੜੀ ਭਾਰੀ) ਨਿਸ਼ਾਨੀ ਹੈ ॥ ੬੯ ॥ ਅਰ ( ਲੋਕੋ ) ਖੁਦਾ ਨੇ ਹੀ ਤੁਸਾਂ ਤਾਈਂ ਉਤਪਤ ) ਕੀਤਾ ਅਰ ਫੇਰ ਵਹੀ ਤੁਸਾਂ ਦੀਆਂ ਰੂਹਾਂ ਕਬਜ਼ ਕਰਦਾ ਹੈ ਅਰ ਤੁਸਾਂ ਵਿਚੋਂ ਕਈਕੁ ਐਸੇ ਭੀ ਹਨ ਜੋ ਆਯੂ ( ਦੀ ) ਬੁਰੀ ( ਦਿਸ਼ਾ ) ਵਲ ਲੌਟਾਏ ਜਾਂਦੇ ਹਨ ਤਾ ਕਿ ( ਬਹੁਤ ਕੁਝ ) ਜਾਣਿਆਂ ( ਬੁਝਿਆਂ ) ਪਿਛੋਂ ( ਐਸੇ ਸਤੇ ਬਹਤ੍ਰੇ ਹੋ ਜਾਵਣ ਕਿ ) ਕੁਝ ਨਾ ਜਾਣ ਸਕਣ ਨਿਰਸੰਦੇਹ ਅੱਲਾ ( ਹੀ ਸਭ ਕੁਛ ) ਜਾਨਣ ਵਾਲਾ ਕੁਦਰਤ ਵਾਲਾ ਹੈ ॥ ੭੦ ॥ ਰੁਕੂਹ ੯ ॥

ਅਰ ਖੁਦਾ ਹੀ ਨੇ ਤੁਸਾਂ ਵਿਚੋਂ ਕਈਆਂਨੂੰ ਕਈਆਂ ਉਤੇ ਰੋਜ਼ੀ ਵਿਚ ਅਧਿਕਤਾਈ ( ਅਰਥਾਤ ਅਧਿਕ ਰੋਜੀ ) ਦਿਤੀ ਹੈ ਤਾਂ ਜਿਨ੍ਹਾਂ ਨੂੰ ਅਧਿਕ ( ਰੋਜੀ ) ਦਿਤੀ ਗਈ ਹੈ ( ਉਹ ) ਆਪਣੀ ਰੋਜ਼ੀ ਪਰਤਾ ਕੇ ਆਪਣਿਆਂ ਅਧੀਨਾਂ ਨੂੰ ( ਅਰਥਾਤ ਟਹਿਲ ਵਾਲਿਆਂ ਨੌਕਰਾਂ ਦਾਸਾਂ ) ਨੂੰ ਨਹੀਂ ਦੇ ਦਿਤਾ ਕਰਦੇ ਕਿ ਰੋਜ਼ੀ ਵਿਚ ਏਹਨਾਂ ( ਸਾਰਿਆਂ ) ਦਾ ਹਿਸਾ ਬਰਾਬਰ ਹੋਵੇ ਤਾਂ ਕੀ ਇਹ ਲੋਕ ਖੁਦਾ ਦੀਆਂ ਨਿਆਮਤਾਂ ਦੇ ਮੁਨਕਰ ਹਨ ॥ ੭੧ ॥ ਅਰ ਤੁਸਾਂ ਵਿਚੋਂ ਹੀ ਖੁਦਾ ਨੇ ਤੁਸਾਡੇ ਵਾਸਤੇ ( ਤੁਸਾਡੀਆਂ ) ਇਸਤ੍ਰੀਆਂ ਨੂੰ ਉਤਪਤ ਕੀਤਾ ਅਰ (ਉਕਤ ਰੀਤੀ ਨਾਲ ਹੀ) ਤੁਸਾਂ ਦੀਆਂ ਇਸਤ੍ਰੀਆਂ ਵਿਚੋਂ ਤੁਸਾਂ ਦੇ ਵਾਸਤੇ ( ਤੁਸਾਂ ਦੇ ) ਪੁਤ੍ਰਾਂ ਨੂੰ ਅਰ ਪੜੋਤ੍ਰਿਆਂ ਨੂੰ ਉਤਪਤ ਕੀਤਾ ਅਰ ਤੁਸਾਂ ਤਾਈਂ ਉੱਤਮ ( ਉੱਤਮ ) ਪਦਾਰਥ ਖਾਣ ਵਾਸਤੇ ਦਿਤੇ ਤਾਂ ਕੀ ( ਇਹ ਲੋਕ ) ਮਿਥਜਾ (ਪੂਜਨੀਆਂ ਦੇ ਹੋਣ) ਦਾ ਨਿਸਚਾ ਕਰਦੇ ਹਨ ਅਰ ਅੱਲਾ ਦੀਆਂ ਨਿਆਮਤਾਂ ਦੀ ਨਾ ਸ਼ੁਕਰੀ ਕਰਦੇ ਹਨ ( ਹਾਲਾਂ ਕਿ ਵਾਸਤਵ ਵਿਚ ਪਦਾਰਥਾਂ ਦੇ ਦੇਣ ਵਾਲਾ ਵਹੀ ਹੈ) ॥ ੭੨ ॥ ਅਰ ਖੁਦਾ ਤੋਂ ਸਿਵਾ ਓਹਨਾਂ (ਪੂਜਨੀਆਂ) ਦੀ ਪੂਜਾ ਕਰਦੇ ਹਨ ਜੋ ਪ੍ਰਿਥਵੀ ਤਥਾ

Digitized by Panjab Digital Library | www.panjabdigilib.org

ਅਕਾਸ ਵਿਚੋਂ ਓਹਨਾਂ ਨੂੰ ਰਿਜ਼ਕ ਦੇਣ ਦਾ ਕਿੰਚਤ ਮਾਤ੍ਰ ਭੀ ਅਧਿਕਾਰ ਨਹੀਂ ਰਖਦੇ ਅਰ ਨਾ (ਐਸੇ ਅਧਿਕਾਰ ਦੇ) ਅਧਿਕਾਰੀ ਬਣ ਹੀ ਸਕਦੇ ਹਨ ॥ ੭੩ ॥ ਤਾਂ (ਸੰਸਾਰਕ ਰਾਜਿਆਂ ਦੀ ਅੰਦਾਜ਼ੇ ਨਾਲ) ਖੁਦਾ ਵਾਸਤੇ ਦ੍ਰਿਸ਼ਟਾਂਤ ਨ ਰਚੋ (ਠੀਕ ਦ੍ਰਿਸ਼ਟਾਂਤ ਦਾ ਦੇਣਾ) ਅੱਲਾ ਨੂੰ ਮਾਲੂਮ ਹੈ ਅਰ ਤੁਸਾਂ ਤਾਈਂ ਮਾਲੂਮ ਨਹੀਂ ॥ ੭੪ ॥ ਇਕ ਦ੍ਰਿਸ਼ਟਾਂਤ ਖੁਦਾ ਵਰ-ਨਣ ਕਰਦਾ ਹੈ ਕਿ ਇਕ ਦਾਸ ਹੈ ਦੂਸਰੇ ਦੀ ਮਲਕੀਯਤ ਜੋ ਕਿਸੇ ਬਾਰਤਾ ਦਾ ਅਧਿਕਾਰ ਨਹੀਂ ਰਖਦਾ ਅਰ ਇਕ (ਦੂਸਰਾ) ਪੁਰਖ ਹੈ (ਅਧਿਕਾਰ ਵਾਨ) ਜਿਸ ਨੂੰ ਅਸਾਂ ਨੇ ਆਪਣੇ ਦਰਬਾਰ ਵਿਚੋਂ ਚੰਗੀ ਰੋਜ਼ੀ ਦੇ ਛਡੀ ਹੈ ਤਾਂ ਉਹ ਓਸ ਵਿਚੋਂ ਕੁਝ ਛੁਪ ਛਪਾਕੇ ਅਰ (ਕੁਝ) ਖੁਲਮਖੁਲੇ (ਖਜਾਨੇ ਜਿਸ ਪਰਕਾਰ ਚਾਹੁੰਦਾ ਹੈ) ਖਰਚ ਕਰਦਾ ਹੈ ਕੀ (ਐਸੇ ਦੋ ਪੁਰਖ) ਸਮਾਨ ਹੋ ਸਕਦੇ ਹਨ (ਇਹ ਦ੍ਰਿਸ਼ਟਾਂਤ ਸੁਣ ਕੇ ਭੇਦ ਵਾਦੀ ਜ਼ਰੂਰ ਬੋਲ ਉਠਣਗੇ ਕਿ ਸਮਾਨ ਨਹੀਂ ਹੋ ਸਕਦੇ ਤਾਂ ਹੇ ਪੈਗੰਬਰ ਤੁਸੀਂ ਏਹਨਾਂ ਤਾਈਂ ਆਖੋ) ਕਿ ਅਲਹਮਦੁਲਿਲਾ (ਵਾਹਿਗੁਰੂ ਦਾ ਧੰਨਵਾਦ ਕਿ ਤੁਸਾਂ ਤਾਈਂ ਏਤਨੀ ਸਮਝ ਤਾਂ ਹੈ) ਪਰੰਤੂ (ਏਹਨਾਂ ਲੋਕਾਂ ਦਾ ਤਾਂ ਇਹ ਹਾਲ ਹੈ ਕਿ) ਏਹਨਾਂ ਵਿਚੋਂ ਬੈਹੁਤ ਸਾਰੇ (ਏਤਨਾ ਭੀ) ਨਹੀਂ ਸਮਝਦੇ ॥ ੭੫ ॥ ਅਰ ਖੁਦਾ (ਇਕ ਦੂਸਰਾ) ਦ੍ਰਿਸ਼ਟਾਂਤ ਦੇਂਦਾ ਹੈ (ਕਿ) ਦੋ ਆਦਮੀ (ਹਨ) ਕਿ ਉਨਹਾਂ ਵਿਚੋਂ ਇਕ ਗੂੰਗਾ (ਅਰ ਗੂੰਗਾ ਹੋਣ ਤੋਂ ਸਿਵਾ ਪਰਾਇਆ ਸੇਵਕ ਕਿ ਖੁਦ) ਕੁਝ ਭੀ ਨਹੀਂ ਕਰ ਸਕਦਾ ਅਰ (ਗੂੰਗੇ ਹੋਣ ਦੇ ਕਾਰਣ) ਉਹ ਆਪਣੇ ਸੁਵਾਮੀ ਦੇ ਦਿਲ ਦਾ ਬੋਝ ਬੀ ਹੈ ਕਿ ਜਿਥੇ ਕਿਥੇ ਉਸ ਨੂੰ ਭੇਜੇ ਓਸ ਪਾਸੋਂ ਕੁਝ ਭੀ ਠੀਕ ਨਹੀਂ ਬਣ ਆਉਂਦਾ । ਕੀ ਐਸਾ ਦਾਸ ਅਰ ਵੁਹ ਪੁਰਖ (ਦੋਨੋਂ ਹੀ) ਸਮਾਨ ਹੋ ਸਕਦੇ ਹਨ ਜੋ (ਲੋਕਾਂ ਨੂੰ) ਨਿਆਇ ਦੀ ਸੀਮਾ ਉਤੇ ਦ੍ਰਿੜ ਰਖਣ ਨੂੰ ਆਖਦਾ ਅਰ ਸਵਯੰ ਭੀ (ਇਹਤਦਾਲ ਅਰਥਾਤ ਨਿਆਇ ਦੇ) ਸਰਲ ਮਾਰਗ ਉਤੇ (ਇਸਥਿਤ ਹੈ) ॥ ੭੬ ॥ ਰੁਕੂਹ ੧੦ ॥

ਅਰ ਅਕਾਸ ਪ੍ਰਿਥਵੀ ਦੀਆਂ ਗੁਪਤ ਬਾਤਾਂ ਤਾਂ ਅੱਲਾ ਨੂੰ ਹੀ (ਮਲੂਮ) ਹਨ ਅਰ ਪਰਲੈ ਦਾ ਪ੍ਰਾਪਤ ਹੋਣਾ ਤਾਂ ਬਸ ਐਸਾ ਹੈ ਜੈਸਾ ਅਖ ਦਾ ਪਲਕਾਰਾ ਪ੍ਰਤਯੁਤ ਉਹ (ਉਸ ਨਾਲੋਂ ਭੀ) ਅਧਿਕ ਸ਼ੀਘਰ ਹੈ । ਨਿਰਸੰਦੇਹ ਅੱਲਾ ਸੰਪੂਰਣ ਵਸਤਾਂ ਉਤੇ ਕਾਦਰ ਹੈ ॥ ੭੭ ॥ ਅਰ (ਲੋਕੋ) ਅੱਲਾ ਹੀ ਨੇ ਤੁਸਾਂ ਤਾਈਂ ਤੁਸਾਂ ਦੀ ਮਾਤਾ ਦੇ ਉਦਰ ਵਿਚੋਂ ਨਿਕਾਲਿਆ (ਅਰ ਉਸ ਵੇਲੇ) ਤੁਸੀਂ ਕੁਝ ਨਹੀਂ ਜਾਣਦੇ ਸੇ । ਅਰ ਤੁਸਾਂ ਤਾਈਂ ਕੰਨ ਦਿਤੇ ਅਰ ਨੇਤਰ (ਦਿਤੇ) ਅਰ ਰਿਦੇ (ਦਿਤੇ) ਤਾ ਕਿ ਤੁਸੀਂ (ਉਸ ਦਾ) ਧੰਨਵਾਦ ਕਰੋ ॥ ੭੮ ॥ ਕੀ ਲੋਕਾਂ ਨੇ ਪੰਛੀਆਂ ਦੀ (ਦਸ਼ਾ)

Digitized by Panjab Digital Library | www.panjabdigilib.org

ਉਤੇ ਦ੍ਰਿਸ਼ਟੀ ਨਹੀਂ ਦਿਤੀ ਜੋ ਅਕਾਸ਼ ਦੇ ਮੈਦਾਨ ਵਿਚ ਆਵੇਵਿਤ ਹੋਏ ਹੋਏ ਹੁੰਦੇ ਹਨ (ਕਿ ਉਸ ਵਿਚੋਂ ਬਾਹਰ ਨਹੀਂ ਜਾ ਸਕਦੇ) ਉਨਹਾਂ ਦੀ (ਉਡਾਰੀ ਦੇ ਸਮੇਂ) ਬਸ ਖੁਦਾ ਹੀ ਸੰਭਾਲਦਾ ਹੈ ਜੋ ਲੋਕ ਧਾਰਮਕ ਹਨ ਉਨਹਾਂ ਵਾਸਤੇ ਏਸ ਵਿਚ (ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ) ਨਿਸ਼ਾਨੀਆਂ (ਵਿਦਮਾਨ) ਹਨ ॥ ੭੯ ॥ ਅਰ ਅੱਲਾ ਨੇ ਹੀ ਤੁਸਾਂ ਦੇ ਵਾਸਤੇ ਤੁਸਾਂ ਦਿਆਂ ਘਰਾਂ ਨੂੰ ਟਿਕਾਣਾ ਬਣਾਇਆ ਅਰ ਚਤੁਸ਼-ਪਾਦੀਆਂ ਦੀਆਂ ਖੱਲਾਂ ਥੀਂ ਤੁਸਾਡੇ ਵਾਸਤੇ (ਇਕ ਖਾਸ ਭਾਂਤ ਦੇ) ਘਰ (ਅਰਥਾਤ ਤੰਬੂ ਆਦੀ) ਬਣਾਏ ਕਿ ਤੁਸੀਂ ਆਪਣੇ ਕੂਚ ਦੇ ਵੇਲੇ ਅਰ ਆਪਣੀ ਇਸਥਿਤੀ ਦੇ ਵੇਲੇ ਉਨਹਾਂ ਨੂੰ ਹਲਕੇ (ਫੁਲਕੇ) ਦੇਖਦੇ ਹੋ ਅਰ ਚਤੁਸ਼ਪਾਦੀਆਂ ਦੀ ਉੱਨ ਅਰ ਉਨਹਾਂ ਦੀ ਰੂੰਈ ਅਰ ਓਨਹਾਂ ਦੇ ਰੋਮਾਂ ਦਵਾਰਾ ( ਤੁਸਾਂ ਦੇ ) ਬਹੁਤ ਸਾਰੇ ਸਮਾਨ ਅਰ ਕੰਮ ਦੀਆਂ ਵਸਤੂਆਂ ਨਿਰਮਾਣ ਕੀਤੀਆਂ ( ਕਿ ਤੁਸੀਂ ) ਇਕ ਖਾਸ ਸਮੇਂ ਤਕ (ਏਨਹਾਂ ਪਾਸੋਂ ਲਾਭ ਪਾਓ) ॥ ੮੦ ॥ ਅਰ ਅੱਲਾ ਨੇ ਹੀ ਤਸਾਂ ਦੇ ਵਾਸਤੇ ਆਪਣੀਆਂ ਉਤਪਤ ਕੀਤੀਆਂ ਹੋਈਆਂ ਵਸਤਾਂ ਦੀਆਂ ਛਾਇਆ ਨਿਰਮਾਣ ਕੀਤੀਆਂ ਅਰ ਪਹਾੜਾਂ ਥੀਂ (ਕੰਦਰਾਂ ਦੀ ਭਾਂਤ ਆਦਿਕ) ਤੁਸਾਂ ਦੇ ਵਾਸਤੇ ਛਿਪ ਬੈਠਣ ਦੇ ਅਸਥਾਨ ਬਨਾਏ। ਅਰ ਤੁਸਾਂ ਦੇ ਵਾਸਤੇ (ਕਪੜੇ ਦੇ) ਕੁੜਤੇ ਬਣਾਏ ਜੋ ਤੁਹਾਡੀ ਗਰਮੀ ( ਸੀਤ ) ਥੀਂ ਰਛਾ ਕਰਨ ਅਰ (ਕੁਝਕੁ ਲੋਹੇ ਦੇ) ਕੁੜਤੇ (ਬਣਾਏ ਅਰਥਾਤ ਸੰਜੋਆਂ) ਜੋ ਤੁਹਾਨੂੰ (ਇਕ ਦੂਸਰੇ ਦੀ) ਸਟ ਤੋਂ ਰਛਾ ਕਰਨ । ਇਸ ਪ੍ਰਕਾਰ (ਖੁਦਾ) ਆਪ-ਣੀਆਂ ਨਿਆਮਤਾਂ ਤੁਸਾਂ ਲੋਕਾਂ ਉੱਤੇ ਸੰਪੂਰਨ ਕਰਦਾ ਹੈ ਤਾ ਕਿ ਤੁਸੀਂ (ਉਸ ਦੇ ਅਗੇ) ਨਿਉਂ ਜਾਓ ॥ ੮੧ ॥ ਫੇਰ ਯਦੀ (ਲੋਕ ਏਤਨੀ ਸਿਛਾ ਦੇਣ ਕਰ ਕੇ ਭੀ) ਨਾ ਮੂੰਹ ਮੋੜਨ ਤਾਂ (ਹੇ ਪੈਯੰਬਰ) ਤੁਸਾਂ ਦੇ ਜ਼ਿੰਮੇ ਸਰਲ ਰੀਤੀ ਨਾਲ (ਖੁਦਾ ਦੇ ਹੁਕਮ) ਦਾ ਪਹੁੰਚਾ ਦੇਣਾ ਹੈ ਹੋਰ ਬਸ ॥ ੮੨ ॥ (ਇਹ ਲੋਕ) ਖੁਦਾ ਦੀਆਂ ਨਿਆਮਤਾਂ ਨੂੰ ਪਛਾਣਦੇ ਅਰ ਫੇਰ (ਜਾਣ ਬੁਝ ਕੇ) ਉਨਹਾਂ ਤੋਂ ਮੁਕਰਦੇ ਹਨ ਅਰ ਏਹਨਾਂ ਵਿਚੋਂ ਪਰਾਯਾ ਨਾ ਸ਼ੁਕਰੇ ਹਨ ॥ ੮੩ ॥ ਰੁਕੂਹ ੧੧ ॥

ਅਰ (ਲੋਕੋ ! ਉਸ ਪ੍ਰਲੈ ਦੇ ਦਿਨ ਦਾ ਸਮਰਣ ਕਰੋ) ਜਦੋਂ ਅਸੀਂ ਹਰ ਇਕ ਉੱਮਤ ਵਿਚੋਂ (ਉਸ ਉੱਮਤ ਦੇ ਪੈਯੰਬਰ ਨੂੰ) ਸਾਖੀ (ਬਣਾ ਕੇ) ਉਠਾ ਖੜਾ ਕਰਾਂਗੇ ਫੇਰ ਕਾਫਰਾਂ ਨੂੰ (ਬੋਲਣ ਤਥਾ ਬਾਰਤਾ ਕਰਨ ਦੀ) ਆਗਿਆ ਨਹੀਂ ਦਿਤੀ ਜਾਵੇਗੀ ਅਰ ਨਾ ਓਹਨਾਂ ਤਾਈਂ ਉਜਰ ਵਾਸਤੇ ਆਖਿਆ ਜਾਵੇਗਾ ॥ ੮੪ ॥ ਅਰ ਜਿਨਹਾਂ ਲੋਕਾਂ ਨੇ ( ਖੁਦਾ ਦੇ ਦਰਬਾਰ

Digitized by Panjab Digital Library | www.panjabdigilib.org

ਵਿਚ ) ਗੁਸਤਾਖੀਆਂ ਕੀਤੀਆਂ ਹਨ ਜਦੋਂ (ਪ੍ਰਲੈ ਦੇ ਦਿਨ) ਕਸ਼ਟ ਨੂੰ ਵੇਖ ਲੈਣਗੇ ਤਾਂ (ਕੁਝ ਭੀ ਕਰਨ) ਨਾ ਤਾਂ ਉਨਹਾਂ ਉਤੋਂ (ਕਸ਼ਟ ਹੀ) ਥੋਹੜਾ ਕੀਤਾ ਜਾਵੇਗਾ ਅਰ ਨਾਂ ਓਹਨਾਂ ਨੂੰ ਅਵਧੀ ਹੀ ਦਿਤੀ ਜਾਵੇਗੀ ॥ ੮੫ ॥ ਅਰ ਜੋ ਲੋਕ (ਸੰਸਾਰ ਵਿਚ ਖ਼ੁਦਾ ਦੇ) ਸ਼ਰੀਕ ਨਿਯਤ ਕਰਦੇ ਰਹੇ (ਹਨ) ਜਦੋਂ ਉਹ (ਪ੍ਰਲੈ ਦੇ ਦਿਨ) ਆਪਣਿਆਂ (ਉਨਹਾਂ) ਸ਼ਰੀਕਾਂ ਨੂੰ ਵੇਖਣਗੇ ਤਾਂ (ਉਨਹਾਂ ਨੂੰ ਵੇਖਦੇ ਹੀ) ਬੋਲ ਉਠਣਗੇ ਹੇ ਸਾਡੇ ਪਰਵਰ-ਦਿਗਾਰ ! ਈਹਾਈ ਹਨ ਉਹ ਸਾਡੇ ਸ਼ਰੀਕ ਜਿਨਹਾਂ ਨੂੰ ਅਸਾਂ ਤੇਰੇ ਸਿਵਾ (ਸੰਸਾਰ ਵਿਚ ਆਪਣੀਆਂ ਮਨੋਕਾਮਨਾ ਪੂਰਣ ਕਰਨ ਵਾਸਤੇ) ਪੁਕਾ-ਰਿਆ ਕਰਦੇ ਸਾਂ ਤਾਂ ਉਹ ਸ਼ਰੀਕ ( ਓਹਨਾਂ ਦੀ ) ਬਾਰਤਾ ( ਉਲਟੀ ) ਓਹਨਾਂ ਦੇ ਹੀ ਮਥੇ ਮਲ ਦੇਵਣਗੇ ਕਿ ਤੁਸੀਂ ਸਿਰ ਤੋਂ ਪੈਰਾਂ ਤਕ ਝੂਠੇ ਹੋ ॥ ੮੬ ॥ ਅਰ ਉਹ ਲੋਕ ਉਸ ਦਿਨ ਖ਼ੁਦਾ ਦੇ ਅਗੇ ਮਥਾ ਟੇਕ ਦੇਣਗੇ ਅਰ ( ਸੰਸਾਰ ਵਿਚ ) ਜੋ ਝੂਠ ਬੰਦੀਆਂ ਕੀਤਾ ਕਰਦੇ ਸਨ ( ਉਹ ਸੰਪੂਰਣ ) ਓਹਨਾਂ ਪਾਸੋਂ ਗਈਆਂ ਗੁਜ਼ਰੀਆਂ ਹੋ ਜਾਣਗੀਆਂ ॥ ੮੭ ॥ ਜੋ ਲੋਕ ਕੁਫਰ ਕਰਦੇ ( ਅਰ ਲੋਕਾਂ ਨੂੰ ) ਖ਼ੁਦਾ ਦੇ ਮਾਰਗੋਂ ਰੋਕਦੇ ਰਹੇ ਓਹਨਾਂ ਦੇ ਫਸਾਦ ਕਰਨ ਦੇ ਬਦਲੇ ਵਿਚ ਅਸੀਂ ਓਹਨਾਂ ਵਾਸਦੇ ਕਸ਼ਟ ਉਤੇ ਕਸ਼ਟ ਅਧਿਕਤਰ ਕਰਦੇ ਜਾਂਵਾਂਗੇ ॥ ੮੮ ॥ ਅਰ ( ਲੋਕੋ ਉਸ ਦਿਨ ਨੂੰ ਯਾਦ ਕਰੋ ) ਜਦ ਅਸੀਂ ਹਰ ਇਕ ਉੱਮਤ ਵਿਚੋਂ ਓਹਨਾਂ ਦੇ ਵਿਚੋਂ ਦਾ ਹੀ ਇਕ ਸਾਖੀ ( ਅਰਥਾਤ ਪੈਗੰਬਰ ) ਓਹਨਾਂ ਦੇ ਮੁਕਾਬਲੇ ਵਿਚ ਖੜਾ ਕਰਾਂਗੇ ਅਰ ( ਹੇ ਪੈਗੰਬਰ ) ਤੁਸਾਂ ਤਾਂਈਂ ( ਤੁਸਾਂ ਦੇ ਸਮੇਂ ਦੇ ) ਏਨਹਾਂ ( ਕਾਫਰਾਂ ) ਦੇ ਮੁਕਾਬਲੇ ਵਿਚ ਸਾਖੀ ਬਣਾ ਕੇ ਲੈ ਆਵਾਂਗੇ । ਅਰ ( ਹੇ ਪੈਗੰਬਰ ) ਅਸਾਂ ਨੇ ਤੁਸਾਂ ਉਤੇ ( ਇਹ ) ਪੁਸਤਕ ਉਤਾਰੀ ਹੈ (ਜਿਸ ਵਿਚ) ਹਰ ਵਸਤੂ ਦਾ (ਪੂਰਾ) ਵਰਣਨ ਹੈ ਅਰ ਮੁਸਲਮਾਨਾਂ ਵਾਸਤੇ ਸਿਖਿਆ ਤਥਾ ਰਹਿਮਤ ਅਰ ਖੁਸ਼ਖਬਰੀ ॥ ੮੯ ॥ ਰੁਕੂਹ ॥ ੧੨ ॥

ਅੱਲਾ ਨਿਆਂਉਂ ਕਰਨ ਦਾ ਹੁਕਮ ਦਿੰਦਾ ਹੈ ਅਰ ( ਲੋਕਾਂ ਦੇ ਨਾਲ ) ਉਪਕਾਰ ਕਰਨ ਦਾ ਅਰ ਸਾਕਾਂ ਅੰਗਾਂ ਨੂੰ (ਮਾਲੀ ਸਹਾਇਤਾ ) ਦੇਵਣ ਦਾ ਅਰ ਬੇਹਯਾਈ ( ਦੇ ਕੰਮ ) ਅਰ ਮੰਦ ਵਿਵਹਾਰ ਅਰ ( ਇਕ ਦੂਜੇ ਉਤੇ ) ਵਧੀਕੀ ਕਰਨ ਤੋਂ ਮਨ੍ਹਾਂ ਕਰਦਾ ਹੈ ਤੁਸਾਂ ਲੋਕਾਂ ਨੂੰ ( ਐਸੀ ਐਸੀ ) ਸਿਖਿਯਾ ਦੇਂਦਾ ਹੈ ਤਾ ਕਿ ਤੁਸੀਂ ( ਏਹਨਾਂ ਗਲਾਂ ਵਲ ) ਧਿਆਨ ਰਖੋ ॥੯੦॥ ਅਰ ਜਦੋਂ ਤੁਸੀਂ ਲੋਕ ਆਪਸ ਵਿਚ ਪ੍ਰਤੱਗਜਾ ਕਰਲਵੋ ਤਾਂ ਅੱਲਾ ਦੀ ਸਪਤ ਨੂੰ ਪੂਰਾ ਕਰੋ ਅਰ ਸਪਤਾਂ ਨੂੰ ਉਨਹਾਂ ਦੇ ਪਕਿਆਂ ਕੀਤਿਆਂ ਪਿਛੋਂ ਨਾ ਤੋੜੋ ਹਾਲਾਂ ਕਿ ਅੱਲਾ ਨੂੰ ਤੁਸੀਂ ਆਪਣਾ

Digitized by Panjab Digital Library | www.panjabdigilib.org

ਜ਼ਾਮਨ ਨਿਯਤ ਕਰ ਬੈਠੇ ਹੋ ਨਿਰਸੰਦੇਹ ਜੋ ਕੁਝ ਤੁਸੀਂ ਕਰ ਰਹੇ ਹੋ ਅੱਲਾ ਓਸ ਤੋਂ ਭਲੀ ਪਰਕਾਰ ਗਿਆਤ ਹੈ ॥ ੯੧ ॥ ਅਰ ( ਸਪਤਾਂ ਦੇ ਤੋੜਨ ਵਿਚ ) ਓਸ ਇਸਤ੍ਰੀ ਵਰਗੇ ਨਾ ਬਣੋ ਜਿਸ ਨੇ ਆਪਣਾ ਸੂਤਰ ਕਤੇ ਪਿਛੋਂ ਟੋਟੇ ਟੋਟੇ ਕਰਕੇ ਤੋੜ ਸਿਟਿਆ ਕਿ ਲੋਗੋ ਆਪਣੀਆਂ ਸਪਤਾਂ ਨੂੰ ( ਏਸ ਦਵਾਰਾ ) ਆਪਣੇ ਵਿਚ ਦੇ ਫਸਾਦ ਦਾ ਕਾਰਨ ਬਨਾਨ ਕਿ ਇਕ ਟੋਲਾ ਦੂਸਰੇ ਟੋਲੇ ਨਾਲੋਂ ਬਲੀ ਹੈ ਖ਼ੁਦਾ ( ਨੇ ਜੋ ਕਈਆਂ ਨੂੰ ਸਬਲ ਅਰ ਕਈਆਂ ਨੂੰ ਨਿਬਲ ਬਣਾ ਰਖਿਆ ਹੈ ) ਬਸ ਏਸ ( ਇਖਤਲਾਫੀ ਦਸ਼ਾ ) ਨਾਲ ਤੁਸਾਂ ਲੋਕਾਂ ਦੀ ਪ੍ਰੀਛਾ ਕਰਦਾ ਹੈ ( ਕਿ ਤੁਸੀਂ ਸਬਲ ਦੀ ਸਹਾਇਤ ਕਰਦੇ ਹੋ ਕਿ ਪ੍ਰਤਗਜ਼ਾ ਤਥਾ ਸਪਤ ਦੀ ) । ਅਰ ਜਿਨਹਾਂ ਵਸਤੂਆਂ ਵਿਚ ਤੁਸੀਂ ਇਖਤਲਾਫ ਕਰਦੇ ਰਹੇ ਹੋ ਪ੍ਰਲੈ ਦੇ ਦਿਨ ਖ਼ੁਦਾ ਤੁਹਾਡੇ ਉਤੇ ( ਉਸ ਦੀ ਅਸਲ ਹਕੀਕਤ ਨੂੰ ) ਜ਼ਰੂਰ ਪਰਗਟ ਕਰ ਦੇਗਾ ॥ ੯੨ ॥ ਅਰ ਖ਼ੁਦਾ ਦੀ ਇਛਾ ਹੁੰਦੀ ਤਾਂ ਤੁਸਾਂ (ਸਾਰਿਆਂ) ਨੂੰ ਇਕ ਹੀ ਉੱਮਤ ਬਣਾ ਦਿੰਦਾ ਪਰੰਤੂ ਉਹ ਜਿਸਨੂੰ ਚਾਹੁੰਦਾ ਹੈ ਕੁਮਾਰਗੀ ਕਰਦਾ ਹੈ ਅਰ ਜਿਸਨੂੰ ਚਾਹੁੰਦਾ ਹੈ ਸਿਖਿਯਾ ਦੇਂਦਾ ਹੈ । ਅਰ ( ਲੋਕੋ ! ) ਜੋ ਕੁਛ ਤੁਸੀਂ ( ਸੰਸਾਰ ਵਿਚ ) ਕਰਦੇ ਰਹੇ ਹੋ ਉਸ ਦੀ ਜ਼ਰੂਰ ਤੁਸਾਂ ਪਾਸੋਂ ਪੁਛ ਗਿਛ ਹੋਣੀ ਹੈ ॥ ੯੩ ॥ ਅਰ ਆਪਣੀਆਂ ਸਪਤਾਂ ਨੂੰ ਆਪਸ ਵਿਚ ਦੇ ਫਸਾਦ ਦਾ ਕਾਰਨ ਨਾ ਬਣਾਓ ਕਿ ( ਲੋਕਾਂ ਦੇ ) ਪੈਰ ਜੰਮਿਆਂ ਪਿਛੋਂ ( ਇਸਲਾਮ ਵਲੋਂ ) ਉੱਖੜ ਜਾਵਣ । ਅਰ ( ਅੰਤ ਨੂੰ ) ਸਚੇ ਮਾਰਗੋਂ ( ਲੋਕਾਂ ਨੂੰ ) ਰੋਕਣ ਦੇ ਬਦਲੇ ਵਿਚ ਤੁਹਾਨੂੰ ( ਰਬੀ ) ਕਸ਼ਟ ( ਦਾ ਸਵਾਦ ) ਚਖਣਾ ਪਵੇ ਅਰ ਤੁਸਾਂ ਨੂੰ ਬੜੀ ( ਸਖਤ ) ਸਜ਼ਾ ਮਿਲੇ ॥ ੯੪ ॥ ਅਰ ਅੱਲਾ ਦੇ ਕਸਮ ਦੀ ਪ੍ਰਤੀਨਿਧੀ ਵਿਚ ( ਸਾਂਸਾਰਿਕ ) ਤੁਛ ਲਾਭ ਪਰਾਪਤ ਨਾ ਕਰੋ ( ਪ੍ਰਤਗਿਆ ਪੂਰੀ ਕਰਨ ਦਾ ਅਜਰ ) ਜੋ ਖ਼ੁਦਾ ਦੇ ਪਾਸ ਹੈ ਵਹੀ ਤੁਸਾਡੇ ਵਾਸਤੇ ਬਹੁਤ ਉੱਤਮ ਹੈ ਯਦੀ ਕਿ ਤੁਸੀਂ ( ਏਸ ਬਾਰਤਾ ਨੂੰ ) ਸਮਝੋ ॥ ੯੫ ॥ ਜੋ (ਸਾਂਸਾਰਕ ਸਾਮਗਰੀ) ਤੁਸਾਂ ਦੇ ਪਾਸ ਹੈ ( ਉਹ ਸਾਰੀ ਇਕ ਨਾ ਇਕ ਦਿਨ ) ਨਿਬੜ ਜਾਵੇਗੀ ਅਰ ਜੋ (ਬਦਲਾ) ਅੱਲਾ ਦੇ ਪਾਸ ਹੈ ਉਹ ( ਨਿਤਰਾਂ ਨਿਤਰਾਂ ) ਬਾਕੀ ਹੀ ਰਹੇਗਾ । ਅਰ ਜਿਨਹਾਂ ਲੋਕਾਂ ਨੇ ( ਸੰਸਾਰ ਵਿਚ ) ਸਬਰ ਕੀਤਾ ਉਹਨਾਂ ਨੂੰ ( ਪ੍ਰਲੈ ਦੇ ਦਿਨ) ਉਹਨਾਂ ਦੇ ( ਇਸ ) ਉੱਤਮ ਕਰਮ ਦਾ ਬਦਲਾ ਅਸੀਂ ਜ਼ਰੂਰ ਬਖਸ਼ਾਂਗੇ ॥ ੯੬ ॥ ਜੋ ਪੁਰਸ਼ ਸ਼ੁਭ ਕਰਮ ਕਰੇਗਾ ਇਸਤ੍ਰੀ ਹੋਵੇ ਕਿੰਵਾ ਪੁਰਸ਼ ਅਰ ਵੁਹ ਈਮਾਨ ਭੀ ਰਖਦਾ ਹੋਵੇ ਤਾਂ ਅਸੀਂ ( ਸੰਸਾਰ ਵਿਚ ਭੀ ) ਉਸ ਦਾ ਜੀਵਣ ਭਲੀ ਪ੍ਰਕਾਰ ਬਿਤੀਤ ਕਰਾਵਾਂਗੇ ਅਰ ਉਸ ਨੂੰ ( ਪ੍ਰਲੈ ਦੇ ਦਿਨ

Digitized by Panjab Digital Library | www.panjabdigilib.org

ਭੀ ) ਓਹਨਾਂ ਦੇ ( ਇਹਨਾਂ ) ਸ਼ੁਭ ਕਰਮਾਂ ਦਾ ਬਦਲਾ ਜ਼ਰੂਰ ਪ੍ਰਦਾਨ ਕਰਾਂਗੇ ॥ ੯੭ ॥ ਤਾਂ ( ਹੇ ਪੈਯੰਬਰ ) ਜਦੋਂ ਤੁਸੀਂ ਕੁਰਾਨ ਪੜ੍ਹਨ ਲਗੋ ਤਾਂ ਸ਼ੈਤਾਨ ਮਰਦੂਦ ( ਦੀਆਂ ਤਤੂਨੀਆਂ ) ਤੋਂ ਖ਼ੁਦਾ ਦੀ ਪਨਾਹ ਮੰਗ ਲੀਤਾ ਕਰੋ ॥ ੯੮ ॥ ਜੋ ਲੋਕ ਈਮਾਨ ਰਖਦੇ ਅਰ ਆਪਣੇ ਪਰਵਰਦਿਗਾਰ ਉੱਤੇ ਭਰੋਸਾ ਕਰਦੇ ਹਨ ਓਹਨਾਂ ਉੱਤੇ ਸ਼ੈਤਾਨ ਦਾ ਕੋਈ ਵਸ ਨਹੀਂ ਚਲਦਾ ॥ ੯੯ ॥ ਓਸ ਦਾ ਜ਼ੋਰ ਤਾਂ ਓਹਨਾਂ ਹੀ ਲੋਕਾਂ ਉਤੇ ( ਚਲਦਾ ) ਹੈ ਜੋ ਉਸ ਦੇ ਨਾਲ ਮੇਲ ਜੋਲ ਰਖਦੇ ਅਰ ਜੋ ਉਸ ਨੂੰ ਖ਼ੁਦਾ ਦਾ ਸ਼ਰੀਕ ਨਿਯਤ ਕਰਦੇ ਹਨ ॥ ੧੦੦ ॥ ਰੁਕੂਹ ੧੩ ॥

ਅਰ ( ਹੇ ਪੈਯੰਬਰ ) ਜਦੋਂ ਅਸੀਂ ਇਕ ਆਇਤ ਨੂੰ ਬਦਲ ਕੇ ਉਸਦੀ ਜਗਹਾਂ ਦੂਸਰੀ ਆਇਤ ਨੂੰ ਉਤਾਰਦੇ ਹਾਂ ਅਰ ਅੱਲਾ ਜੋ ( ਆਗਜਾ ) ਦੇਂਦਾ ਹੈ ਉਸ ( ਦੀਆਂ ਭਲਾਈਆਂ ) ਨੂੰ ਓਹਾ ਹੀ ਭਲੀ ਪਰਕਾਰ ਜਾਣਦਾ ਹੈ ਤਾਂ ( ਕਾਫਰ ਤੁਸਾਂ ਤਾਈਂ ) ਆਖਣ ਲਗਦੇ ਹਨ ਕਿ ਬਸ ਤੂੰ ਤਾਂ ਆਪਣੇ ਦਿਲੋਂ ਬਣਾਇਆ ਕਰਦਾ ਹੈਂ ( ਓਹਨਾਂ ਦਾ ਇਹ ਭਰਮ ਅਲੀਕ ਹੈ ) ਪ੍ਰਤਯੁਤ ( ਇਹ ਬਾਰਤਾ ਹੈ ਕਿ ) ਏਹਨਾਂ ਵਿਚੋਂ ਬਹੁਤ ਸਾਰੇ ( ਸਮੇਂ ਦੀਆਂ ਭਲਾਈਆਂ ਨੂੰ ) ਨਹੀਂ ਸਮਝਦੇ ॥ ੧੦੧ ॥ ( ਹੇ ਪੈਯੰਬਰ ਤੁਸੀਂ ਏਹਨਾਂ ਲੋਕਾਂ ਨੂੰ ) ਆਖੋ ਕਿ ਸਚ ਤਾਂ ਇਹ ਹੈ ਕਿ ਏਸ ( ਕੁਰਾਨ ) ਨੂੰ ਤੁਸਾਂ ਦੇ ਪਰਵਰਦਿਗਾਰ ਦੇ ਪਾਸਿਓਂ ਪਵਿਤ੍ਰ ਆਤਮਾਂ ( ਅਰਥਾਤ ਜਬਰਾਈਲ ) ਲੈ ਕੇ ਆਇਆ ਹੈ ਤਾ ਕਿ ਜੋ ਲੋਕ ਈਮਾਨ ਲਿਆ ਚੁਕੇ ਹਨ ਖ਼ੁਦਾ ( ਏਸ ਦੇ ਦਵਾਰਾ ) ਓਹਨਾਂ ਨੂੰ ( ਈਮਾਨ ਉਤੇ ) ਸਾਬਤ ਕਦਮ ਰਖੇ ਅਰ ( ਖ਼ੁਦਾ ਦੇ ) ਫਰਮਾਬਰਦਾਰ ਬੰਦਿਆਂ ਦੇ ਹਕ ਵਿਚ ਸਿਖਯਾ ਤਥਾ ਖੁਸ਼ਖਬਰੀ ( ਹੋਵੇ ) ॥ ੧੦੨ ॥ ਅਰ ( ਹੇ ਪੈਯੰਬਰ ) ਸਾਨੂੰ ਤਹਕੀਕ(ਭਲੀ ਭਾਂਤ)ਮਾਲੂਮ ਹੈ ਕਿ ਕਾਫਰ(ਕੁਰਾਨ ਦੀ ਨਿਸਬਤ) ਇਹ ਭਰਮ ਕਰਦੇ ਹਨ ਕਿ ਹੋਵੇ ਨਾ ਹੋਵੇ ਏਸ ਆਦਮੀ ਨੂੰ ( ਅਰਥਾਤ ਤੁਸਾਂ ਤਾਈਂ ਅਮੁਕ ) ਪੁਰਖ ਸਿਖਾਇਆ ਕਰਦਾ ਹੈ ਸੋ ਜਿਸ ਪੁਰਖ ਦੇ ਪਾਸ ( ਸਿਖਾਉਣ ਦੀ ) ਨਿਸਬਤ ਕਰਦੇ ਹਨ ਉਸ ਦੀ ਬੋਲੀ ਤਾਂ ਅਜਮੀ ਹੈ ਅਰ ਇਹ ( ਕੁਰਾਨ ) ਸਰਲ ਅਰਬੀ ਬੋਲੀ ( ਵਿਚ ) ਹੈ ॥ ੧੦੩ ॥ ਜੋ ਲੋਕ ( ਧੂਰਤਤਾ ਤਥਾ ਹਠਧਰਮੀ ਨਾਲ ) ਖ਼ੁਦਾ ਦੀਆਂ ਆਇਤਾਂ ਉੱਤੇ ਈਮਾਨ ਨਹੀਂ ਧਾਰਦੇ ਖ਼ੁਦਾ ਭੀ ਓਹਨਾਂ ਨੂੰ ਸਚਾ ਮਾਰਗ ਨਹੀਂ ਦਸਦਾ ਅਰ ( ਪ੍ਰਲੈ ਦੇ ਦਿਨ ) ਓਹਨਾਂ ਨੂੰ ਭਿਆਨਕ ਕਸ਼ਟ ( ਹੋਣਾ ) ਹੈ ॥ ੧੦੪ ॥ ਮਨੋ ਮਈ ਝੂਠ ਗੰਢਣਾ ਤਾਂ ਓਹਨਾਂ ਲੋਕਾਂ ਦਾ ਹੀ ਕੰਮ ਹੈ ਜਿਨਹਾਂ ਨੂੰ ਖ਼ੁਦਾ ਦੀ ਆਇਤਾਂ ਦਾ ਨਿਸਚਾ ਨਹੀਂ ਅਰ ( ਅਸਲ ਵਿਚ ) ਈਹਾ ਈ

Digitized by Panjab Digital Library | www.panjabdigilib.org

ਲੋਕ ਝੂਠੇ ਹਨ ॥੧੦੫॥ ਜੋ ਪੁਰਖ (ਕੁਫਰ ਉਤੇ) ਮਜਬੂਰ ਕੀਤਾ ਜਾਵੇ ਪਰੰਤੂ ਉਸ ਦਾ ਦਿਲ ਈਮਾਨ ਦੇ ਪਾਸਿਓਂ ਸ਼ਾਂਤੀ ਵਿਚ ਹੋਵੇ (ਉਸ ਦੇ ਨਾਲ ਕੋਈ ਪਕੜ ਨਹੀਂ) ਪਰੰਤੂ ਜੋ ਪੁਰਖ ਈਮਾਨ ਧਾਰਿਆਂ ਪਿਛੋਂ ਖੁਦਾ ਦੇ ਨਾਲ ਕੁਫਰ ਕਰੇ ਕੁਫਰ ਭੀ ਕਰੇ ਤਾਂ ਜੀ ਖੋਹਲਕੇ ਤਾਂ ਐਸਿਆਂ ਲੋਕਾਂ ਉਤੇ ਖੁਦਾ ਦਾ ਗਜ਼ਬ ਅਰ ਓਹਨਾਂ ਦੇ ਵਾਸਤੇ ਬੜਾ (ਸਖਤ) ਕਸ਼ਟ ਹੈ ॥ ੧੦੬ ॥ ਏਹ ਇਸ ਕਾਰਨੋਂ ਕਿ ਓਹਨਾਂ ਨੇ ਸਾਂਸਾਰਿਕ ਜੀਵਨ ਨੂੰ ਅੰਤ ਤੇਂ (ਚੰਗਾ ਸਮਝ ਕੇ) ਪਿਆਰਿਆਂ ਰਖਿਆ ਅਰ (ਹੋਰ) ਏਸ ਕਾਰਨ ਕਰਕੇ ਕਿ ਅੱਲਾ ਓਹਨਾਂ ਲੋਕਾਂ ਨੂੰ ਜੋ ਕੁਫਰ ਕਰਦੇ ਹਨ ਸਿਖਿਆ ਨਹੀਂ ਦਿਤਾ ਕਰਦਾ ॥ ੧੦੭ ॥ ਈਹਾਈ ਉਹ ਲੋਕ ਹਨ ਜਿਨਹਾਂ ਦੇ ਦਿਲਾਂ ਉਤੇ ਅਰ ਜਿਨਹਾਂ ਦੇ ਕੰਨਾਂ ਉਤੇ ਅਰ ਜਿਨਹਾਂ ਦੀਆਂ ਅੱਖੀਆਂ ਉਤੇ ਅੱਲਾ ਨੇ ਮੋਹਰ ਲਾ ਦਿਤੀ ਹੈ ਅਰ ਈਹਾ ਈ (ਪਰਲੇ ਦਰਜੇ ਦੇ) ਗਾਫਲ ਹਨ॥੧੦੮॥ (ਫੇਰ) ਜਰੂਰ ਅੰਤ ਨੂੰ(ਭੀ)ਈਹਾ ਈ ਲੋਕ ਘਾਟੇ ਵਿਚ ਰਹਿਣਗੇ ॥ ੧੦੯ ॥ ਫੇਰ ਜਿਨਹਾਂ ਲੋਕਾਂ ਨੇ ਵਿਪਤੀ ਵਿਚ ਫਸਿਆਂ ਰਹਿਆਂ ਪਿਛੋਂ ਘਰ ਬਾਰ ਛਡ ਦਿਤੇ ਫੇਰ (ਖੁਦਾ ਦੇ ਮਾਰਗ ਵਿਚ) ਯੁਧ ਕੀਤੇ ਅਰ (ਵਿਪਤੀਆਂ) ਉਤੇ ਸਬਰ ਕੀਤੇ (ਹੇ ਪੈਯੰਬਰ) ਤੁਸਾਡਾ ਪਰਵਰਦਿਗਾਰ ਨਿਰਸੰਦੇਹ ਤੁਸਾਂ ਦਾ ਪਰਵਰਦਿਗਾਰ ਏਹਨਾਂ (ਸਾਰੀਆਂ ਪਰੀਖਛਾਂ) ਦੇ ਪਿਛੋਂ ਨਿਰਸੰਦੇਹ ਬਖਸ਼ਨੇ ਵਾਲਾ ਮਿਹਰਬਾਨ ਹੈ ॥ ੧੧੦ ॥ ਰੁਕੂਹ ੧੪ ॥

ਜਦੋਂ ਹਰ ਪੁਰਖ ਆਪਣੇ ਆਪ ਵਾਸਤੇ ਝਗੜਨ ਨੂੰ ਆ ਕੇ ਵਿਦਮਾਨ ਹੋਵੇਗਾ ਅਰ ਹਰ ਪੁਰਖ ਨੂੰ ਉਸਦੇ ਕਰਮਾਂ ਦਾ ਪੂਰਾ ੨ ਬਦਲਾ ਦਿਤਾ ਜਾਵੇਗਾ ਅਰ ਲੋਕਾਂ ਉਤੇ (ਕਿਸੇ ਪਰਕਾਰ) ਦਾ ਜ਼ੁਲਮ ਨਾ ਹੋਵੇਗਾ ॥ ੧੧੧ ॥ ਅਰ ਖੁਦਾ ਇਕ ਨਗਰੀ ਦਾ ਦ੍ਰਿਸ਼ਟਾਂਤ ਵਰਣਨ ਕਰਦਾ ਹੈ ਕਿ ਓਥੋਂ ਦੇ ਵਸਨੀਕ (ਸਰਬ ਪਰਕਾਰ ਕਰਕੇ) ਸੁਖ ਅਨੰਦ ਵਿਚ (ਵਸਦੇ) ਸਨ ਸਭਨਾਂ ਪਾਸਿਆਂ ਤੋਂ ਖੁਲਾ ਡੁਲਾ ਓਹਨਾਂ ਦਾ ਰਿਜ਼ਕ ਓਹਨਾਂ ਦੇ ਪਾਸ ਚਲਾ ਆਉਂਦਾ ਸੀ ਫੇਰ ਓਹਨਾਂ ਨੇ ਖੁਦਾ ਦੀਆਂ ਨਿਆਮਤਾਂ ਦੀ ਨਾਂਸ਼ੁਕਰੀ ਕੀਤੀ ਤਾਂ ਓਹਨਾਂ ਦੀਆਂ ਕਰਤੂਤਾਂ ਦੇ ਬਦਲੇ ਵਿਚ ਅੱਲਾ ਨੇ ਓਹਨਾਂ ਨੂੰ ਸਵਾਦ ਭੀ ਚਖਾਇਆ ਕਿ ਭੁਖ ਤਥਾ ਭੈ ਨੂੰ (ਹੀ ਓਹਨਾਂ ਦੀ) ਲੇਫ (ਨਿਹਾਲੀ) ਬਣਾ ਦਿਤੀ ॥ ੧੧੨ ॥ ਅਰ ਓਹਨਾਂ ਵਿਚੋਂ ਦਾ ਹੀ ਇਕ ਰਸੂਲ ਓਹਨਾਂ ਦੇ ਪਾਸ ਆਇਆ ਤਾਂ ਓਹਨਾਂ ਨੇ ਉਸ ਨੂੰ ਝੁਠਿਆਂ ਕੀਤਾ ਏਸ ਗਲੋਂ (ਰਬੀ) ਕਸ਼ਟ ਨੇ ਓਹਨਾਂ ਨੂੰ ਆਨ ਘੇਰਿਆ ਅਰ ਉਹੀ ਨਾਹੱਕ ਉਤੇ ਸਨ ॥ ੧੧੩ ॥ ਤਾਂ (ਮੁਸਲਮਾਨੋ !) ਖੁਦਾ ਨੇ ਜੋ ਤੁਸਾਂ ਤਾਈਂ

Digitized by Panjab Digital Library | www.panjabdigilib.org

ਹਲਾਲ ਪਵਿਤ੍ਰ ਰਿਜਕ ਦਿਤਾ ਹੈ ਏਸ ਨੂੰ ਖਾਓ ਅਰ ਯਦੀ ਤੁਸੀਂ ਅੱਲਾ ਹੀ ਦੀ ਸੇਵਕੀ ਦਾ ਦਮ ਮਾਰਦੇ ਹੋ ਤਾਂ ਉਸ ਦੀ ਨਿਆਮਤ ਦਾ (ਭੀ) ਸ਼ੁਕਰ ਕਰੋ ॥ ੧੧੪ ॥ ਉਸ ਨੇ ਤਾਂ ਤੁਸਾਂ ਉਤੇ ਬਸ ਮੁਰਦਾਰ ਨੂੰ ਹਰਾਮ ਕੀਤਾ ਹੈ ਅਰ ਲਹੂ ਨੂੰ ਅਰ ਸੂਰ ਦੇ ਗੋਸ਼ਤ ਨੂੰ ਅਰ ਓਸ (ਜੀਵ) ਨੂੰ ਜੋ ਖੁਦਾ ਤੋਂ ਭਿੰਨ (ਕਿਸੇ ਹੋਰ ਦੇ ਆਧਾਰ ਭਾ ਅਰ ਓਸ ਦੀ ਸਮੀਪੀ) ਦੇ ਵਾਸਤੇ (ਹਲਾਲ) ਪਰਸਿੱਧ ਪੁਕਾਰਿਆ ਜਾਵੇ ਫੇਰ ਜੋ ਪੁਰਖ (ਭੁਖ ਦੇ) ਦੁਖੋਂ ਮਰਨ ਲਗੇ ਅਰ ਨਾ (ਹੀ ਖੁਦਾ ਦੀ ਆਗਿਆ ਵਲੋਂ) ਸਿਰ ਫੇਰਨੇ ਵਾਲਾ (ਹੋਵੇ) ਅਰ ਨਾ ਹੀ (ਲੋੜ ਦੀ ਸੀਮਾਂ ਤੋਂ) ਉਲੰਘ ਜਾਵਣ ਵਾਲਾ (ਅਰ ਬੇਵਸ ਹੋਕੇ ਕੋਈ ਹਰਾਮ ਵਸਤੂ ਖਾ ਬੈਠੇ) ਤਾਂ ਅੱਲਾ ਬਖਸ਼ਣੇ ਵਾਲਾ ਮਿਹਰਬਾਨ ਹੈ ॥ ੧੧੫ ॥ ਅਰ ਝੂਠ ਮੂਠ ਜੋ ਕੁਝ ਤੁਸਾਂ ਦੀ ਜ਼ਬਾਨ ਅਗੇ ਆ ਜਾਵੇ (ਬਿਨਾਂ ਸੋਚਿਆਂ ਬਿਚਾਰਿਆਂ ਤੋਂ) ਨਾਂ ਬਕ ਦਿਤਾ ਕਰੋ ਕਿ ਇਹ ਹਲਾਲ ਹੈ ਅਰ ਇਹ ਹਰਾਮ ਕਿ (ਇਸ ਬਕੜਵਾ ਕਰਕੇ) ਲਗੋ ਖੁਦਾ ਉਤੇ ਝੂਠ ਥਪਣ ਜੋ ਲੋਗ ਖੁਦਾ ਉਤੇ ਝੂਠੇ ਬਾਨਣੂ ਬਨਦੇ ਹਨ ਓਹਨਾਂ ਦਾ (ਕਦਾਪੀ) ਨਿਸਤਾਰਾ ਨਹੀਂ ਹੋਣਾ ॥ ੧੧੬ ॥ (ਇਹ ਭੀ) ਸੰਸਾਰਕ ਚਾਰ ਦਿਨਾਂ) ਦੇ ਥੋਹੜੇ ਸੁਖ ਹਨ (ਅਰ ਅੰਤ ਨੂੰ) ਓਹਨਾਂ ਤਾਈਂ ਭਿਆਨਕ ਕਸ਼ਟ (ਪਰਾਪਤ ਹੋਣਾ) ਹੈ ॥ ੧੧੭ ॥ ਅਰ (ਹੇ ਪੈਯੰਬਰ) ਅਸਾਂ ਨੇ ਯਹੂਦੀਆਂ ਤਾਈਂ ਉਹ ਵਸਤੂਆਂ ਜੋ ਪ੍ਰਥਮ ਤੁਸਾਂ ਅਗੇ ਵਰਣਨ ਕਰ ਬੈਠੇ ਹਾਂ ਹਰਾਮ ਕਰ ਦਿਤੀਆਂ ਸਨ ਅਰ (ਓਹਨਾਂ ਵਸਤੂਆਂ ਦੇ ਹਰਾਮ ਕਰਨ ਨਾਲ) ਅਸਾਂ ਓਹਨਾਂ ਉਤੇ (ਕੋਈ) ਜ਼ੁਲਮ ਨਹੀਂ ਕੀਤਾ ਹਾਂ ਉਹ ਆਪ ਆਪਣੇ ਉਤੇ ਜ਼ੁਲਮ ਕੀਤਾ ਕਰਦੇ ਸਨ ॥ ੧੧੮ ॥ ਫੇਰ ਜੋ ਲੋਕ ਮੂਰਖ ਪਣੇ ਨਾਲ ਗੁਨਾਹ ਕਰਦੇ ਰਹੇ ਫੇਰ ਉਸ ਦੇ ਪਿਛੋਂ ਤੋਬਾ ਕੀਤੀ ਅਰ (ਤੋਬਾ ਦੇ ਪਿਛੋਂ ਆਪਣੀ ਦਸ਼ਾ) ਦਾ ਭੀ ਸੁਧਾਰ ਕੀਤਾ ਤਾਂ (ਹੇ ਪੈਯੰਬਰ) ਤੁਸਾਂ ਦਾ ਪਰਵਰਦਿਗਾਰ ਨਿਰਸੰਦੇਹ ਤੋਬਾ ਤਥਾ (ਆਪਣੀ ਦਸ਼ਾ) ਦੇ ਸੁਧਾਰ ਦੇ ਪਿਛੋਂ ਅਲਬੱਤਾ ਬਖਸ਼ਣੇ ਵਾਲਾ ਮਿਹਰਬਾਨ ਹੈ ॥ ੧੧੯ ॥ ਰੁਕੂਹ ੧੫ ॥

ਨਿਰਸੰਦੇਹ ਇਬਰਾਹੀਮ (ਲੋਕਾਂ ਦੇ) ਆਗੂ ਹੋ ਚੁਕੇ ਹਨ, ਖੁਦਾ ਦੇ ਫਰਮਾ ਬਰਦਾਰ (ਬੰਦੇ) ਜੋ ਇਕ (ਨਿਰੰਕਾਰ) ਦੇ ਹੀ ਹੋ ਰਹੇ ਸਨ । ਅਰ ਭੇਦ ਵਾਦੀਆਂ ਵਿਚੋਂ ਨਹੀਂ ਸਨ ॥ ੧੨੦ ॥ ਖੁਦਾ ਦੀਆਂ ਨਿਆਮਤਾਂ ਦੇ ਧੰਨਵਾਦੀ ਖਦਾ ਨੇ ਓਹਨਾਂ ਨੂੰ ਚੁਣ ਲੀਤਾ ਸੀ ਅਰ ਓਹਨਾਂ ਤਾਈਂ (ਦੀਨ ਦਾ) ਸੂਧਾ ਮਾਰਗ (ਭੀ) ਦਿਖਾ ਦਿਤਾ ਸੀ ॥ ੧੨੧ ॥ ਅਰ ਅਸਾਂ ਨੇ ਓਹਨਾਂ ਤਾਈਂ ਸੰਸਾਰ ਵਿਚ ਭੀ (ਸੰਪੂਰਨ

Digitized by Panjab Digital Library | www.panjabdigilib.org

ਪ੍ਰਕਾਰ ਦੀ) ਚੰਗਿਆਈ ਦਿਤੀ ਸੀ ਅਰ ਅੰਤ ਨੂੰ ਭੀ ਵੈ ਨਿਸਚੇ (ਹੀ ਸਾਡਿਆਂ) ਨੇਕ ਪੁਰਖਾਂ ਵਿਚੋਂ ਹੋਵਣਗੇ ॥ ੧੨੨ ॥ ਫੇਰ (ਹੇ ਪੈਯੰਬਰ) ਅਸਾਂ ਨੇ ਤੁਸਾਂ ਦੇ ਤਰਫ ਵਹੀ ਭੇਜੀ ਕਿ ਇਬਰਾਹੀਮ ਦੇ ਤਰੀਕੇ ਦੀ ਪੈਰਵੀ ਕਰੋ। ਜੋ (ਇਕ ਖੁਦਾ) ਦੇ ਹੋ ਰਹੇ ਸਨ ਅਰ ਭੇਦ ਵਾਦੀਆਂ ਵਿਚੋਂ ਨਹੀਂ ਥੇ ॥ ੧੨੩ ॥ ਹਫਤੇ (ਸਨੀਚਰ ਦੇ ਦਿਨ) ਦਾ ਆਦਰ ਤਾਂ ਬਸ ਓਹਨਾਂ ਹੀ ਲੋਕਾਂ ਉਤੇ ਲਾਜ਼ਮ ਕੀਤਾ ਗਿਆ ਸੀ ਜਿਨਹਾਂ ਨੇ (ਅੰਤ ਨੂੰ) ਉਸ (ਦੇ ਬਾਰੇ) ਵਿਚ (ਭਾਂਤ ੨ ਦੇ) ਇਖਤਲਾਫਤ ਭੀ ਕੀਤੇ। ਅਰ (ਹੇ ਪੈਯੰਬਰ) ਜਿਨਹਾਂ ਜਿਨਹਾਂ ਗਲਾਂ ਵਿਚ ਇਹ ਲੋਕ ਆਪੇ ਵਿਚ ਦੀ ਵਿਭੇਦ ਕਰਦੇ ਰਹੇ ਹਨ ਕਿਆਮਤ ਦੇ ਦਿਨ ਤੁਸਾਂ ਦਾ ਪਰਵਰਦਿਗਾਰ ਓਹਨਾਂ ਬਾਰਤਾਂ ਦਾ (ਉਕਾ ਮੁਕਾ) ਫੈਸਲਾ ਕਰ ਦੇਵੇਗਾ ॥ ੧੨੪ ॥ (ਹੇ ਪੈਯੰਬਰ ਲੋਕਾਂ ਤਾਈਂ) ਬੁਧੀ ਦੀਆਂ ਗਲਾਂ ਅਰ ਚੰਗੀਆਂ ਚੰਗੀਆਂ ਸਿਖਿਆਏਂ ਦਵਾਰਾ ਆਪਣੇ ਵਰਵਰਦਿਗਾਰ ਦੇ ਮਾਰਗ ਵਲ ਬੁਲਾਓ ਅਰ ਓਹਨਾਂ ਦੇ ਨਾਲ ਵਿਤੰਡਾ (ਭੀ) ਕਰੋ ਤਾਂ ਐਸੇ ਢੰਗ ਉਤੇ ਕਿ ਉਹ (ਲੋਕਾਂ ਦੇ ਸਮੀਪ) ਬਹੁਤ ਹੀ ਚੰਗਾ ਹੋਵੇ (ਹੇ ਪੈਯੰਬਰ) ਜੋ ਕੋਈ ਖੁਦਾ ਦੇ ਮਾਰਗੋਂ ਭਟਕਿਆ ਤੁਸਾਂ ਦਾ ਪਰਵਰਦਿਗਾਰ ਓਸ (ਦੀ ਬਿਵਸਥਾ) ਨੂੰ ਭੀ ਭਲੀ ਪ੍ਰਕਾਰ ਜਾਣਦਾ ਹੈ ਅਰ (ਹੋਰ) ਉਹ ਓਹਨਾਂ (ਲੋਕਾਂ ਦੀ ਬਿਵਸਥਾ) ਨੂੰ ਭੀ ਭਲੀ ਪ੍ਰਕਾਰ ਜਾਣਦਾ ਹੈ ਜੋ ਸਿਧੇ ਮਾਰਗ ਉਤੇ ਹਨ ॥ ੧੨੫ ॥ ਅਰ (ਮੁਸਲਮਾਨੋ ! ਮੁਖਾਲਫਾਂ ਨਾਲ) ਸਖਤੀ ਭੀ ਕਰੋ ਤਾਂ ਵੈਸੀ ਹੀ ਸਖਤੀ ਕਰੋ ਜੈਸੀ ਤੁਸਾਂ ਨਾਲ ਕੀਤੀ ਗਈ ਹੋਵੇ ਅਰ ਯਦੀ (ਲੋਕਾਂ ਦਿਆਂ ਕਸ਼ਟਾਂ ਤੋਂ) ਸਬਰ ਕਰੋ ਤਾਂ ਹਰ ਪ੍ਰਕਾਰ ਸਬਰ ਕਰਨ ਵਾਲਿਆਂ ਦੇ ਹਕ ਵਿਚ ਸਬਰ ਹੀ ਚੰਗਾ ਹੈ ॥ ੧੨੬ ॥ ਅਰ (ਹੇ ਪੈਯੰਬਰ ਤੁਸੀਂ ਪ੍ਰਤ ਪਖੀਆਂ ਦੇ ਕਸ਼ਟਾਂ ਉਤੇ) ਸੰਤੋਖ ਕਰੋ ਅਰ ਖੁਦਾ (ਦੀ ਤੌਫੀਕ) ਤੋਂ ਬਿਨਾਂ ਤੁਸੀਂ ਸਬਰ ਕਰ ਭੀ ਨਹੀਂ ਸਕਦੇ ਅਰ ਏਹਨਾਂ (ਮੁਖਾਲਫਾਂ ਦੀ ਦਸ਼ਾ) ਉਤੇ ਅਫਸੋਸ ਨਾ ਕਰੋ ਅਰ ਇਹ ਲੋਕ ਜੋ (ਤੁਸਾਂ ਦੀ ਮੁਖਾਲਫਤ ਵਿਚ) ਤਦਬੀਰਾਂ ਕੀਤਾ ਕਰਦੇ ਹਨ ਏਸ ਗਲੋਂ ਤੰਗ ਦਿਲ ਨਾ ਹੋਵੋ ॥ ੧੨੭ ॥ (ਕਾਹੇ ਤੇ) ਜੋ ਲੋਕ ਸੰਜਮਵੰਤ ਹਨ ਅਰ ਜੋ (ਲੋਕਾਂ ਦੇ ਨਾਲ) ਮੈਤ੍ਰੀ ਭਾਵ ਕਰਦੇ ਹਨ ਅੱਲਾ ਓਹਨਾਂ ਦਾ ਸੰਗੀ ਸਾਥੀ ਹੈ ॥ ੧੨੮ ॥ ਰੁਕੂਹ ੧੬ ॥

Digitized by Panjab Digital Library | www.panjabdigilib.org

# ਸੂਰਤ ਬਨੀ ਅਸਰਾਈਲ ਮੱਕੇ ਵਿਚ ਉਤਰੀ ਅਰ ਏਸ ਦੀਆਂ ਇਕ ਸੌ ਗਿਆਰਾਂ ਆਯਤਾਂ ਅਰ ਬਾਰਾਂ ਰੁਕੂਹ ਹਨ।

(ਆਰੰਭ) ਅੱਲ੍ਹਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰ-ਪਾਲੂ ਹੈ *ਉਹ ਖ਼ੁਦਾ ਪਵਿਤਰ ਹੈ ਜੋ ਆਪਣੇ ਦਾਸ (ਮੁਹੰਮਦ) ਨੂੰ ਰਾਤੋ ਰਾਤ ਮਸਜਦ ਹਰਾਮ (ਅਰਥਾਤ ਖ਼ਾਨੇ ਕਾਬਿਓਂ) ਮਸਜਦਿ ਅਕਸਾ (ਅਰਥਾਤ ਬੈਤਉਲ ਮੁਕੱਦਸ) ਤਕ ਲੈ ਗਿਆ ਜਿਸ ਦੇ ਚਾਰ ਚੁਫੇਰੇ ਅਸਾਂ ਨੇ (ਦੁਨੀ-ਆਂ ਤਥਾ ਦੀਨ ਦੀਆਂ) ਬਰਕਤਾਂ ਦੇ ਰਖੀਆਂ ਹਨ ਕਿ ਅਸੀਂ ਉਨਹਾਂ ਨੂੰ (ਆਪਣੀ ਕੁਦਰਤ ਦੇ) ਕੁਝ ਨਮੂਨੇ ਦਿਖਾਈਏ ਸ੍ਰਵਣ ਕਰਨੇ ਵਾਲਾ ਤਥਾ ਦੇਖਣੇ ਵਾਲਾ ਵਹੀ ਖ਼ੁਦਾ ਹੈ ॥ ੧ ॥ ਅਰ ਅਸਾਂ ਨੇ ਮੂਸੇ ਤਾਈਂ (ਤੌਰਾਤ ਨਾਮੇ) ਪੁਸਤਕ ਦਿਤੀ ਅਰ ਉਸ ਨੂੰ ਬਨੀ ਅਸਰਾ-ਈਲ ਦੇ ਵਾਸਤੇ ਸਿਖਿਆ ਨਿਯਤ ਕੀਤਾ ਕਿ ਸਾਡੇ ਤੋਂ ਸਿਵਾ ਕਿਸੇ ਤਾਈਂ ਆਪਣਾ ਕਾਰਸਾਜ ਨਾ ਨਿਯਤ ਕਰਨਾ ॥ ੨ ॥ (ਕਿ ਤੁਸੀਂ) ਉਨਹਾਂ ਲੋਕਾਂ ਦੀ ਅੰਸ (ਹੋ ਜਿਨਹਾਂ ਨੂੰ ਅਸਾਂ ਨੇ ਨੂਹ (ਪੈਯੰਬਰ) ਦੇ ਨਾਲ (ਕਿਸ਼ਤੀ ਉਤੇ) ਸਵਾਰ ਕਰ ਲੀਤਾ ਸੀ (ਅਰ) ਉਹ ਸਾਡੇ ਪੁਰਖ ਧਨਵਾਦੀ ਸਨ ॥ ੩ ॥ ਅਰ ਅਸਾਂ ਨੇ ਬਨੀ ਅਸਰਾਈਲ ਤਾਈਂ (ਓਸੇ) ਕਿਤਾਬ (ਤੌਂ-ਰਾਤ) ਵਿਚ ਸਫੁਟ ਕਥਨ ਕਰ ਦਿਤਾ ਸੀ ਕਿ ਤੁਸੀਂ ਜ਼ਰੂਰ ਦੇਸ ਵਿਚ ਦੋ ਵੇਰੀ ਫਸਾਦ ਕਰੋਗੇ ਅਰ (ਦੋਵੇਂ ਵੇਰੀ ਲੋਕਾਂ ਉਤੇ) ਬਹੁਤ ਵਧੀਕੀਆਂ ਭੀ ਕਰੋਗੇ ॥੪॥ ਤਾਂ ਜਦੋਂ ਉਨਹਾਂ (ਫਸਾਦਾਂ) ਵਿਚੋਂ ਪਹਿਲੇ (ਫਸਾਦ) ਦਾ ਸਮਾ ਆਇਆ ਤਾਂ ਅਸਾਂ ਨੇ ਤੁਸਾਂ ਦੇ ਟਾਕਰੇ ਵਿਚ ਆਪਣੇ ਐਸੇ ਪੁਰਖ ਸਾਮਣਾ ਕਰਨ ਨੂੰ ਉਤਪੰਨ ਕੀਤੇ ਜੋ ਬੜੇ ਕਰੜੇ ਸਨ ਅਰ ਉਹ (ਤੁਸਾਂ ਦੇ) ਸ਼ਹਿਰਾਂ ਅੰਦਰ ਫੈਲ ਗਏ ਅਰ (ਖ਼ੁਦਾ ਦੀ) ਪ੍ਰਤੱਗਜਾ ਤਾਂ ਪੂਰੀ ਹੋਣੀ ਹੀ ਸੀ ॥ ੫ ॥ ਫੇਰ ਅਸਾਂ ਨੇ (ਤੁਸਾਂ ਤਾਈਂ) ਦੁਸ਼ਮਨਾਂ ਉਤੇ (ਗਲਬਾ ਦੇ ਕੇ ਦੂਜੀ ਵੇਰੀ) ਤੁਸਾਂ ਦੇ (ਚੰਗੇ) ਦਿਨ ਮੋੜ ਕੇ ਲੈ ਆਂਦੇ ਅਰ ਧਨ ਕਰਕੇ ਅਰ ਪੁਤ੍ਰਾਂ ਕਰਕੇ ਤੁਸਾਂ ਦੀ ਮਦਦ ਕੀਤੀ ਅਰ ਤੁਸਾਂ ਤਾਈਂ ਬੜੇ ਜਥੇ ਵਾਲਾ ਬਣਾ ਦਿਤਾ ॥ ੬ ॥ ਯਦੀ (ਓਸ ਵੇਲੇ) ਤੁਸਾਂ ਨੇ ਉੱਤਮ ਕਰਮ ਕੀਤੇ ਤਾਂ ਆਪਣੇ (ਆਪ ਦੇ ਹੀ ਲਾਭ) ਵਾਸਤੇ ਹੀ ਸ਼ੁਭ ਕਰਮ ਕੀਤੇ ਅਰ ਯਦੀ ਬੁਰੇ ਕਰਮ ਕੀਤੇ ਤਾਂ ਭੀ ਆਪਣੇ ਹੀ ਵਾਸਤੇ ਫੇਰ ਜਦੋਂ ਦੂਸਰੇ (ਫਸਾਦ) ਦਾ ਸਮਾਂ ਆਇਆ ਤਾਂ ਫੇਰ ਅਸਾਂ ਨੇ ਆਪਣਿਆਂ ਦੂਸਰਿਆਂ ਪੁਰਖਾਂ ਨੂੰ ਉਠਾ ਖੜਾ ਕੀਤਾ ਕਿ (ਤੁਸਾਂ

*"ਸੁਬਹਾਨਲ ਜੀ" ੧੫ ਵਾਂ ਪਾਰਾ ਚਲਾ ॥

Digitized by Panjab Digital Library | www.panjabdigilib.org

ਤਾਈਂ ਏਡੀ ਮਾਰ ਕਰਨ ਕਿ ) ਤੁਹਾਡੇ ਮੂੰਹ ਭੰਨ ਛੱਡਣ ( ਕਿ ਤੁਸਾਂ ਦੀਆਂ ਸੂਰਤਾਂ ਨਾ ਪਛਾਤੀਆਂ ਜਾਣ ) ਅਰ ਜਿਸ ਪ੍ਰਕਾਰ ਪਹਿਲੀ ਵੇਰ ਮਸਜਦ (ਬੈਤਉਲ ਮੁਕੱਦਸ) ਵਿਚ ਜਾ ਧਸੇ ਸਓ (ਅਰ ਉਸਨੂੰ ਲੁਟਿਆ ਪੁਟਿਆ ਸੀ) ਓਸ ਤਰਹਾਂ ( ਐਤਕੀ ਦੀ ਵੇਰੀ ਫੇਰ ) ਓਸ ਵਿਚ ਵੜੀਏ ਅਰ ਜਿਸ ਵਸਤੂ ਉੱਤੇ ਕਾਬੂ ਪਾਈਏ ਤੋੜ ਤਾੜ ਕੇ ਉਸ ਦਾ ਸਤਜਾਨਾਸ ਕਰ ਦੇਵੀਏ ॥ ੭ ॥ ( ਹੁਣ ਭੀ ਅਚੰਭਾ ਨਹੀਂ ਕਿ ) ਤੁਸਾਂ ਦਾ ਪਰਵਰਦਿਗਾਰ ਤੁਸਾਂ ਉੱਤੇ ਕ੍ਰਿਪਾ ਕਰੇ ਅਰ ਯਦੀ ਤੁਸੀਂ ਫੇਰ ( ਉਹਾ ਹੀ ਪਹਿਲੀਆਂ ਸ਼ਰਾਰਤਾਂ ਹੀ ) ਕਰੋਗੇ ਤਾਂ ਅਸੀਂ ਭੀ ਫੇਰ ( ਉਹਾ ਈ) ਕਰਾਂਗੇ ( ਜੋ ਪਹਿਲੇ ਕੀਤਾ ਸੀ ਅਰਥਾਤ ਕਸ਼ਟ ਦੇਵਾਂਗੇ ) ਅਰ ਅਸਾਂ ਨੇ ਕਾਫਰਾਂ ਵਾਸਤੇ ਜਹੰਨਮ ਦਾ ਜੇਹਲ ਖਾਨਾ ਤਿਆਰ ਕਰ ਰਖਿਆ ਹੈ॥ ੮ ॥ ਨਿਰਸੰਦੇਹ ਇਹ ਕੁਰਾਨ( ਦੀਨ ਦਾ ) ਉਹ ( ਮਾਰਗ ਦਸਦਾ ਹੈ ਜੋ ਬਹੁਤ ਹੀ ਸਰਲ ਹੈ ਅਰ ਈਮਾਨ ਵਾਲਿਆਂ ਨੂੰ ਜੋ ਸ਼ੁਭ ਕਰਮ ਕਰਦੇ ਹਨ ਏਸ ਵਾਰਤਾ ਦੀ ਖ਼ੁਸ਼ਖਬਰੀ ਦੇਂਦਾ ਹੈ ਕਿ ਓਹਨਾਂ ਤਾਈਂ ਬੜਾ ਫਲ ਪ੍ਰਾਪਤ ਹੋਵੇਗਾ ॥੯॥ ਅਰ (ਹੋਰ ਲੋਕਾਂ ਤਾਈਂ) ਇਹ (ਭੀ ਸਿਖਿਆ ਦੇਦਾ ਹੈ)ਕਿ ਜੋ ਲੋਕ ਆਖਰਤ ਦਾ ਨਿਸਚਾ ਨਹੀਂ ਰਖਦੇ ਉਨਹਾਂ ਵਾਸਤੇ ਅਸਾਂ ਨੇ ਭਿਆਨਕ ਕਸ਼ਟ ਤਿਆਰ ਕਰ ਰਖਿਆ ਹੈ। ।੧੦॥ ਰਕੂਹ ੧ ॥

ਅਰ ਆਦਮੀ ਜਿਸ ਪਰਕਾਰ(ਆਪਣੇ ਵਾਸਤੇ)ਭਲਾਈ ਦੀ ਦੁਆ ਮੰਗਦਾਹੈ ਓਸੇ ਪਰਕਾਰ(ਚਿੰਤਾਤੁਰ ਹੋਕੇ ਕਦੇ)ਬੁਰਾਈ ਦੀ ਭੀ ਦੁਆ ਮੰਗਣ ਲਗ ਪੈਂਦਾਹੈ ਅਰ ਪੁਰਖ ਬੜਾ ਹੀ ਜਲਦ ਬਾਜ ਹੈ॥੧੧॥ਅਰ ਅਸਾਂ ਨੇ ਰਾਤ ਅਰ ਦਿਨ ਨੂੰ(ਆਪਣੀ ਕੁਦਰਤ ਦੀਆਂ)ਦੋ ਨਿਸ਼ਾਨੀਆਂ ਨਿਯਤ ਕੀਤੀਆਂ ਹਨ।ਸੋ ਰਾਤ ਦੀ ਨਿਸ਼ਾਨੀ ਹੋਣ ਨੂੰ ਘਟਾਇਆ ਹੈ ਅਰ ਦਿਨ ਦੀ ਨਿਸ਼ਾਨੀ ਨੂੰ ਅਸਾਂ ਨੇ ਪਰਕਾਸ਼ ਰੂਪ ਬਨਾਇਆ(ਕਿ ਓਸ ਵਿਚ ਸੰਪੂਰਨ ਵਸਤੂਆਂ ਵਖਾਈਆਂ) ਤਾਕੇ ਤੁਸੀਂ(ਲੋਕ) ਆਪਣੇ ਪਰਵਰਦਿਗਾਰ ਦੇ ਫਜ਼ਲ ( ਅਰਥਾਤ ਖਾਣ ਪੈਨ੍ਹਣ) ਦੀ ਤਲਾਸ਼ ਕਰ ਅਰ ਤਾ ਕਿ ਬਰਸਾਂ ਦੀ ਗਿਣਤੀ ਤਥਾ ਹਿਸਾਬ ਨੂੰ ਜਾਣ ਜਾਓ ਅਰ ਅਸਾਂਨੇ ਸੰਪੂਰਨ ਬਾਰਤਾਂ ਕੁਰਾਨ ਵਿਚ ਸਫੁਟ ਵਰਣਨ ਕਰ ਦਿਤੀਆਂ ਹਨ (ਉਨਹਾਂ ਵਿਚੋਂ ਰਾਤ੍ਰੀ ਤਥਾ ਦਿਨ ਦੇ ਉਤਪੰਨ ਕਰਨ ਦੀ ਭਲਾਈ ਭੀ ਹੈ) ॥ ੧੨ ॥ ਅਰ ਅਸਾਂ ਨੇ ਹਰ ਅਦਮੀ ਦੀ ਬੁਰਾਈ ਭਲਾਈ ਨੂੰ ਉਸ ਦੇ ਨਾਲ ਲਾਜ਼ਮ ਕਰਕੇ ਉਸ ਦੇ ਗਲ ਦਾ ਹਾਰ ਬਨਾ ਦਿਤਾ ਹੈ ( ਅਰਥਾਤ ਹਰ ਇਕ ਦੇ ਭਾਗ ਹਰ ਇਕ ਦੇ ਸੰਗੀ ਸਾਥੀ ਹਨ ) । ਅਰ ਪ੍ਰਲੈ ਦੇ ਦਿਨ ਅਸੀਂ (ਉਸ ਦਾ ਐਮਾਲ) ਨਾਮਾ ਕਢ ਕੇ ਉਸਦੇ ਸਾਹਮਣੇ ਪੇਸ਼ ਕਰ ਦੇਵਾਂਗੇ (ਅਰ ਉਹ) ਉਸ ਨੂੰ ਆਪਣੇ ਸਨਮੁਖ ਖੁਲਾ ਹੋਇਆ ਦੇਖ ਲਵੇਗਾ

Digitized by Panjab Digital Library | www.panjabdigilib.org

॥ ੧੩ ॥ (ਅਰ ਅਸੀਂ ਓਸ ਦੇ ਤਾਂਈ ਆਖਾਂਗੇ ਕਿ ਇਹ) ਆਪਣਾ ( ਐਮਾ-ਲ) ਨਾਮਾ ਪੜ੍ਹ ਲੈ ਅਰ ਅਜ ਆਪਣਾ ਹਿਸਾਬ ਲੈਣ ਵਾਸਤੇ ਤਾਂ ਆਪ ਹੀ ਪੂਰਨ ਹੈ ॥੧੪॥ ਜੋ ਪੁਰਖ ਸਿਧੇ ਮਾਰਗ ਚਲਿਆ ਉਹ ਪੁਰਖ ਆਪਣੇ ਹੀ (ਲਾਭ) ਵਾਸਤੇ ਸੀਧੇ ਰਸਤੇ ਤੁਰਦਾ ਹੈ। ਅਰ ਜੋ ਭਟਕਿਆ ਤਾਂ ਉਸ ਦੇ ਭਟਕਣ ਦਾ ਨਤੀਜਾ ਭੀ ਉਸੇ ਤਾਂਈਂ ਭੋਗਣਾ ਪਵੇਗਾ ਅਰ ਕੋਈ ( ਜੀਵ ਕਿਸੇ) ਦੂਸਰੇ (ਜੀਵ) ਦੇ (ਗੁਨਾਹਾਂ) ਦੇ ਬੋਝ ਨੂੰ ਆਪਣੇ ਉੱਤੇ ਨਹੀਂ ਲਵੇਗਾ ਅਰ ਯਾਵਤ ਕਾਲ ਪ੍ਰਯੰਤ ਅਸੀਂ ਰਜੂਲ ਭੇਜ ( ਕੇ ਉਨਹਾਂ ਦੀਆਂ ਹੁਜਤਾਂ ਪੂਰੀਆਂ) ਨਾ (ਕਰ) ਲਈਏ (ਕਿਸੇ ਤਾਂਈਂ ਉਸ ਦੇ ਗੁਨਾਹ ਦੀ ਸਜਾ ਨਹੀਂ ਦਿਤਾ ਕਰਦੇ ॥ ੧੫ ॥ ਅਰ ਜਦੋਂ ਸਾਨੂੰ ਕਿਸੇ ਨਗਰੀ ਦਾ ਨਸ਼ਟ ਕਰਨਾ ਮਨਜੂਰ ਹੁੰਦਾ ਹੈ ਅਸੀਂ ਉਸ ਦੇ ਖੁਸ਼ਹਾਲ ਲੋਕਾਂ ਤਾਂਈਂ ( ਕੋਈ ) ਹੁਕਮ ਦੇਨੇ ਹਾਂ ਫੇਰ ਉਹ ਓਸ (ਨਗਰੀ) ਵਿਚ ਨਾ ਫਰਮਾਨੀਆਂ ਕਰਨ ਲਗ ਪੈਂਦੇ ਹਨ ਫੇਰ ਵੁਹ ਨਗਰੀ (ਕਸ਼ਟ ) ਦੇ ਹੁਕਮ ਦੀ ਹਕ਼ਦਾਰ ਹੋ ਜਾਂਦੀ ਹੈ ॥੧੬॥ ਫੇਰ ਅਸੀ ਓਸ ਨਗਰੀ ਨੂੰ ਮਾਰਕੇ ਤਬਾਹ ਕਰ ਦੇਂਦੇ ਹਾਂ ਅਰ ਨੂਹ ਦੇ ਪਿਛੋਂ ਅਸਾਂ ਨੇ ਕਿਤਨੀਆਂ ਹੀ ਉੱਮਤਾਂ ਨੂੰ ਹਲਾਕ ਕਰਕੇ ਮਾਰਿਆ ਅਰ ( ਹੇ ਪੈਯੰਬਰ ) ਤੁਸਾਂ ਦਾ 'ਪਰਵਰਦਿਗਾਰ ਆਪਨਿਆਂ ਬੰਦਿਆਂ ਦੇ ਪਾਪ ਜਾਨਣ ਬੂਝਣ ਨੂੰ ਪੂਰਣ ਹੈ ॥ ੧੭ ॥ ਜੋ ਪੁਰਖ ਸੰਸਾਰ ਦਾ ਤਾਲਿਬ ਹੋਵੇ ਤਾਂ ਅਸੀਂ ਜਿਸ ਨੂੰ ਚਾਹਨੇ ਹਾਂ (ਅਰ) ਜਿਤਨਾ ਚਾਹੁੰਨੇ ਹਾਂ ਏਸੇ (ਸੰਸਾਰ) ਵਿਚ ਹਥੋ ਹਥ ਓਸ ਨੂੰ ਦੇ ਦੇਂਦੇ ਹਾਂ (ਪਰੰਤੂ) ਫੇਰ (ਅੰਤ ਨੂੰ) ਅਸਾਂ ਉਸ ਦੇ ਵਾਸਤੇ ਨਰਕ ਨਿਰਮਾਣ ਕਰ ਰਖਿਆ ਹੈ ਜਿਸ ਵਿਚ ਵੁਹ ਬੁਰੀ ਹਾਲੀ, (ਖੁਦਾ ਦੀ ਦਰਗਾਹੋਂ ਦਾ) ਧਕਿਆ ਹੋਇਆ ਹੋ ਕਰਕੇ ਪ੍ਰਾਪਤ ਹੋਵੇਗਾ ॥੧੮॥ ਅਰ ਜੋ ਪੁਰਖ ਪਰਲੋਕ ਦੇ ਚਾਹਨ ਵਾਲਾ ਹੋਵੇ ਅਰ ਆ-ਖਰ ਵਾਸਤੇ ਜੈਸੀ ਕੋਸ਼ਿਸ ਕਰਨੀ ਜੋਗ ਹੈ ਵੈਸੀ ਉਸ ਦੇ ਵਾਸਤੇ ਕੋਸ਼ਸ਼ ਭੀ ਕਰੇ ਅਰ ਉਹ ਈਮਾਨ ਧਾਰੀ ਭੀ ਹੋਵੇ ਤਾਂ ਈਹਾ ਈ ਲੋਕ ਹਨ ਜਿਨਹੁਾਂ ਦੀ ਮੇਹਨਤ ( ਖੁਦਾ ਦੇ ਪਾਸ ) ਪ੍ਰਵਾਨ ਹੋਵੇਗੀ ॥ ੧੯ ॥ ਹੇ ਪੈਯੰਬਰ ਉਹ (ਦੁਨੀਆਂ ਦੇ ਚਾਹਿਕ ) ਅਰ ਇਹ (ਆਖਰਤ ਦੇ ਚਾਹਕ) ਸੰਪੂਰਨਾ ਨੂੰ ਹੀ ਅਸੀਂ ਤੁਸਾਂ ਦੇ ਪਰਵਰਦਿਗਾਰ ਦੀ ( ਅਰਥਾਤ ਆਪਣੀ ) ਬਖਸ਼ਸ਼ ਨਾਲ ਮਦਦ ਦੇਂਦੇ ਹਾਂ ਅਰ ਤੁਸਾਂ ਦੇ ਪਰਵਰਦਿਗਾਰ ਦੀ ਬਖਸ਼ਸ਼ ਆਮ ਹੈ (ਕਿਸੇ ਉਤੇ )ਬੰਦ ਨਹੀਂ ॥ ੨੦ ॥ ( ਹੇ ਪੈਯੰਬਰ ) ਦੇਖ ( ਤਾਂ ਸਹੀ ਕਿ) ਅਸਾਂ ਨੇ (ਸੰਸਾਰ ਵਿਚ) ਕਈਕੁ ਪੁਰਖਾਂ ਨੂੰਕਈਕੁ ਪੁਰਖਾਂ ਉਤੇ ਕੈਸੀਉਚਤਾਈਦਿਤੀ ਹੈ ਅਰ ਹਾਂ ਅੰਤ ਦੇ ਦਰਜੇ ਕਿਤਨੇ ਵਧ ਕੇ ਹਨ ਅਰ ( ਵੈਸੇ ਹੀ ਉਸ ਦਿਨ ਦੀ ) ਉਚਤਾਈ ( ਭੀ ) ਕਿਤਨੀ ਵਧ ਕੇ ਹੈ ॥੨੧॥ ਐ (ਪੈਯੰਬਰ) ਖੁਦਾ ਦੇ

Digitized by Panjab Digital Library | www.panjabdigilib.org

ਨਾਲ ਕੋਈ ਦੂਸਰਾ ਪੂਜਜ ਨਾ ਬਨਾਨਾ ਨਹੀਂ ਤਾਂ ਤੁਸੀ ਐਸੇ (ਬੁਰੀ ਦਸ਼ਾ) ਵਿਚ ਬੈਠੇ ਰਹਿ ਜਾਵੋਗੇ ਕਿ (ਸਾਰੇ) ਤੁਸਾਂ ਪਾਸੋਂ ਨਫ਼ਰਤ ਕਰਨਗੇ ਅਰ ਤੁਹਾਨੂੰ ਛਡ ਦੇਣਗੇ ॥ ੨੨ ॥ਰੁਕੂਹ ੨ ॥

ਅਰ ਤੁਸਾਂ ਦੇ ਪਰਵਰਦਿਗਾਰ ਨੇ ਉਕਾ ਹੁਕਮ ਦੇ ਦਿਤਾ ਹੈ ਕਿ (ਲੋਕੋ) ਉਸ ਦੇ ਸਿਵਾ ਕਿਸੇ ਦੀ ਪੂਜਾ ਨ ਕਰਨੀ ਅਰ (ਆਪਣੇ) ਮਾਤਾ ਪਿਤਾ ਨਾਲ ਮੈਤਰੀ ਭਾਵ ਰਖਣਾ ਯਦੀ ਮਾਪਿਆਂ ਵਿਚੋਂ ਇਕ ਜਾਂ ਦੋਵੇਂ ਤੇਰੇ ਸਾਹਮਣੇ ਬ੍ਰਿਧਾਵਸਥਾ ਨੂੰ ਪਹੁੰਚ ਜਾਵਣ ਤਾਂ ਉਨਹਾਂ ਦੇ ਅਗੇ ਹੂੰ ਭੀ ਨਾ ਕਰਨੀ ਅਰ ਨਾ ਉਨਹਾਂ ਨੂੰ ਝਿੜਕਣਾ ਅਰ ਉਨਹਾਂ ਤਾਈਂ (ਕੁਛ) ਆਖਣਾ ਵੇਖਣਾਂ (ਹੋਵੇ ਤਾਂ) ਅਦਬ ਦੇ ਨਾਲ ਆਖਣਾ (ਵੇਖਣਾ) ॥੨੩ ॥ ਅਰ ਪਿਆਰ ਦੇ ਨਾਲ ਖਾਕਸਾਰੀ (ਦੀਨਤਾਈ) ਦਾ ਪਹਿਲੂ ਓਹਨਾਂ ਦੇ ਅਗੇ ਨਿਵਾਈ ਰਖਣਾ ਅਰ (ਉਨਹਾਂ ਦੇ ਹਕ ਵਿਚ) ਦੁਆ ਮੰਗਦਿਆਂ ਰਹਿਣੀ ਕਿ ਹੇ ਸਾਡੇ ਪਰਵਰਦਿਗਾਰ ਜਿਸ ਪਰਕਾਰ ਇਨਹਾਂ ਮੈਨੂੰ ਛੋਟਿਆਂ ਹੁੰਦਿਆਂ ਨੂੰ ਪਾਲਿਆ ਹੈ (ਅਰ ਮੇਰੇ ਹਾਲ ਉੱਪਰ ਰਹਿਮ ਕਰਦੇ ਰਹੇ ਹਨ) ਅਮੰਨਾ ਪ੍ਰਕਾਰ ਸੇ ਤੂੰ ਭੀ ਏਹਨਾਂ ਉਤੇ (ਆਪਣਾ) ਰਹਿਮ ਕੀਜੀਓ ॥ ੨੪ ॥ (ਲੋਕੋ !) ਤੁਸਾਂ ਦੇ ਦਿਲ ਦੀਆਂ ਗਲਾਂ ਨੂੰ ਤੁਸਾਂ ਦਾ ਪਰਵਰਦਿਗਾਰ ਖ਼ੂਬ ਜਾਣਦਾ ਹੈ ਯਦੀ ਤੁਸੀਂ (ਹਕੀਕਤ ਵਿਚ) ਭਲੇ ਹੋ ਤਾਂ (ਉਹ ਤੁਸਾਂ ਤਾਈਂ ਮੁਆਫ ਕਰ ਦੇਵੇਗਾ ਕਿਉਂਕਿ ਉਹ ਤੋਬਾ ਕਰਨ ਵਾਲਿਆਂ(ਦੀਆਂ ਭੁਲਣਾਂ) ਬਖਸ਼ਨੇ ਵਾਲਾ ਹੈ॥੨੫॥ਅਰ ਸਾਕ ਅੰਗ ਤਥਾ ਗ਼ਰੀਬ ਅਰ ਮੁਸਾ ਫਿਰ (ਹਰ ਇਕ)ਨੂੰ ਉਸਦਾ ਹਕ ਪ੍ਰਦਾਨ ਕਰਦੇ ਰਹੋ ਅਰ ਧਨ ਮਾਲ ਨੂੰ ਅਕਾਰਥ ਨਾ ਖਰਚੋ ॥ ੨੬ ॥ ਬੇਸ਼ਕ ਧਨ ਮਾਲ ਅਕਾਰਥ ਖਰਚ ਕਰਨ ਵਾਲੇ ਸ਼ੈਤਾਨ ਦੇ ਭਰਾ ਹਨ ਅਰ ਸ਼ੈਤਾਨ ਆਪਣੇ ਪਰਵਰਦਿਗਾਰ ਦਾ ਬੜਾ ਹੀ ਨਾਸ਼ੁਕਰਾ ਹੈ ॥ ੨੭ ॥ ਅਰ ਯਦੀ ਤੁਸਾਂ ਤਾਈਂ ਆਪਣੇ ਪਰਵਰਦਿਗਾਰ ਦੇ ਕਿਰਪਾ ਦੀ ਉਡੀਕ ਵਿਚ ਜਿਸ ਦੀ ਤੁਸਾਂ ਤਾਈਂ ਆਸ ਹੋਵੇ (ਮਜਬੂਰੀ) ਏਹਨਾਂ (ਗਰੀਬਾਂ) ਪਾਸੋਂ ਮੂੰਹ ਫੇਰਨਾ ਪਵੇ ਤਾਂ ਨਰਮਾਈ ਨਾਲ ਏਹਨਾਂਨੂੰ ਸਮਝਾ ਦੇਵੋ ॥੨੮॥ ਅਰ ਆਪਣਾ ਹਥ ਨਾਂ ਤਾਂ ਏਤਨਾ ਸੰਕੁਚਤ ਕਰੋ ਕਿ(ਮਾਨੋ) ਗਲ ਨਾਲ ਬੰਨਿਆ ਹੋਇਆ ਹੈ ਅਰ ਨਾਂ ਬਿਲਕੁਲ ਉਸਨੂੰ ਲੰਬਾ ਹੀ ਕਰ ਦੇਵੋ ਕਿ ਤੁਸੀਂ ਏਥੇ ਬੈਠੇ ਰਹਿ ਜਾਓਗੇ(ਕਿ)ਲੋਕ ਤੁਸਾਂ ਤਾਈਂ ਧਿਕਾਰ ਕਰਨ ਅਰ ਤੁਸੀਂ ਖਾਲੀ ਹਥ ਭੀ ਰਹਿ-ਗਏ॥ ੨੯ ॥ ਤੁਸਾਂ ਦਾ ਪਰਵਰਦਿਗਾਰ ਜਿਸ ਦੀ ਰੋਜੀ ਚਾਹੁੰਦਾ ਹੈਫਰਾਖ ਕਰ ਦੇਂਦਾ ਹੈ ਅਰ (ਜਿਸ ਦੀ ਰੋਜੀ ਚਾਹੁੰਦਾ ਹੈ) ਤੋਲੀ ਮਿਣੀ ਕਰ ਦੇਂਦਾ ਹੈ । ਅਰ ਉਹ ਆਪਣਿਆਂ ਬੰਦਿਆਂ (ਦੇ ਹਾਲ) ਤੋਂ ਖਬਰਦਾਰ ਅਰ ਦੇਖਣ ਵਾਲਾ ਹੈ ॥ ੩੦ ॥ ਰੁਕੂਹ ੩ ॥

Digitized by Panjab Digital Library | www.panjabdigilib.org

ਅਰ (ਲੋਕੋ) ਤੰਗਦਸਤੀ ਦੇ ਡਰ ਨਾਲ ਆਪਣੀ ਔਲਾਦ ਨੂੰ ਕਤਲ ਨਾ ਕਰੋ ਉਨਹਾਂ ਨੂੰ ਅਰ ਤੁਸਾਂ ਤਾਈਂ ਅਸੀਂ ਹੀ ਰੋਜ਼ੀ ਦੇਂਦੇ ਹਾਂ ਅਰ ਔਸ ਦਾ ਮਾਰਨਾ ਬੜਾ ਭਾਰੀ ਪਾਪ ਹੈ ॥ ੩੧ ॥ ਅਰ ਜ਼ਨਾਕਾਰੀ (ਵਿਭਚਾਰ) ਦੇ ਪਾਸ ਦੀ ਭੀ ਨਹੀਂ ਢੁਕਣਾ ਕਾਹੇ ਤੇ ਵੁਹ ਬੇ ਹਯਾਈ ਹੈ ਅਰ (ਬਹੁਤ ਹੀ) ਬੁਰਾ ਚਲਣ ਹੈ ॥ ੩੨ ॥ ਅਰ (ਕਿਸੇ ਦੀ) ਜਾਨ ਨੂੰ ਜਿਸਦਾ ਮਾਰਨਾ ਅੱਲਾ ਨੇ ਹਰਾਮ ਕਰ ਦਿਤਾ ਹੈ ਨਾਹਕ ਕਤਲ ਨਾ ਕਰੋ। ਅਰ ਜੋ ਪੁਰਖ ਜ਼ੁਲਮ ਨਾਲ ਮਾਰਿਆ ਜਾਵੇ ਤਾਂ ਅਸਾਂ ਨੇ ਉਸ ਦੇ ਵਾਲੀ (ਵਾਰਸ) ਨੂੰ (ਕਾਤਲ ਪਾਸੋਂ ਬਦਲਾ ਲੈਣ ਦਾ) ਅਖਤਿਆਰ ਦਿਤਾ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਖੂਨ (ਦਾ ਬਦਲਾ ਲੈਣ) ਵਿਚ ਵਧੀਕੀ ਨਾ ਕਰੇ। ਕਾਹੇ ਤੇ (ਵਾਜਬੀ ਬਦਲੇ ਵਿਚ ਭੀ) ਉਸੇ ਦੀ ਜਿਤ ਹੈ ॥ ੩੩ ॥ ਅਰ ਜਦੋਂ ਤਕ ਮਾਂ ਮਹਿਟਰ ਯੁਵਕ ਨਾ ਹੋ ਲਵੇ ਉਸ ਦੇ ਧਨ ਮਾਲ ਦੇ ਪਾਸ ਦੀ ਭੀ ਨਾ ਲੰਘਣਾ ਪਰੰਤੂ ਭਲੀ ਰੀਤੀ ਨਾਲ (ਜਿਸ ਵਿਚ ਮਾਂ ਮਹਿਟਰ ਵਾਸਤੇ) ਭਲਾਈ ਹੋਵੇ ਅਰ ਪਰਤਿੱਗਯਾ ਨੂੰ ਪੂਰੀ ਕੀਤਾ ਕਰੋ। ਕਾਹੇ ਤੇ (ਪ੍ਰਲੈ ਦੇ ਦਿਨ) ਪਰਤਿੱਗਯਾ ਦੀ ਪੁਛ ਗਿਛ ਹੋਵੇਗੀ ॥ ੩੪ ॥ ਅਰ ਜਦੋਂ ਮਿਣਿਆਂ ਕਰੋ ਤਦੋਂ ਟੋਪੇ ਦਣ੍ਹੋਪੇ ਨੂੰ ਪੂਰਾ ਭਰ ਕੇ ਦਿਤਾ ਕਰੋ। ਅਰ (ਤੋਲਕੇ ਦੇਣਾ ਹੋਵੇ ਤਾਂ) ਡੰਡੀ ਸਿਧੀ ਰਖ ਕੇ ਤੋਲਿਆ ਕਰੋ (ਕਾਰ ਵਿਵਹਾਰ ਦਾ) ਉੱਤਮ (ਤ੍ਰੀਕਾ) ਇਹ ਹੈ ਅਰ ਇਸ ਦਾ ਫਲ ਭੀ ਉੱਤਮ ਹੈ ॥ ੩੫ ॥ ਅਰ ਜਿਸ ਬਾਰਤਾ ਦੀ ਤੈਨੂੰ (ਨਿਸਚਿਤ) ਖਬਰ ਨਹੀਂ (ਅਟਕਲਪਚੂ ਨਾਲ ਹੀ) ਉਸ ਦੇ ਪਿਛੇ ਨਾ ਹੋ ਲੀਤਾ ਕਰੋ। ਕਾਹੇ ਤੇ ਕਰਨ ਅਰ ਅੱਖੀਆਂ ਤਥਾ ਦਿਲ ਇਨਹਾਂ ਸਾਰਿਆਂ ਪਾਸੋਂ (ਪ੍ਰਲੈ ਦੇ ਦਿਨ) ਪੁਛ ਗਿਛ ਹੋਣੀ ਹੈ ॥ ੩੬ ॥ ਅਰ ਪ੍ਰਿਥਵੀ ਉਤੇ ਆਕੜ ਕੇ ਨਾ ਤੁਰਿਆ ਕਰੋ ਕਾਹੇ ਤੇ (ਇਸ ਆਕੜ ਦੇ ਨਾਲ ਤੁਰਨ ਫਿਰਨ ਕਰਕੇ) ਪ੍ਰਿਥਵੀ ਨੂੰ ਤਾਂ ਫਾੜ ਨਹੀਂ ਸਕਦਾ ਅਰ ਨਾ ਹੀਂ (ਆਕੜ ਕੇ ਤੁਰਨ ਕਰਕੇ) ਪਹਾੜਾਂ ਦੀ ਉਚਾਈ ਨੂੰ ਹੀ ਪਹੁੰਚ ਸਕੇਗਾ ॥ ੩੭ ॥ ਇਨਹਾਂ ਸਾਰੀਆਂ ਗੱਲਾਂ ਵਿਚੋਂ ਜੋ ਜੋ ਬੁਰੀਆਂ ਹਨ ਸੰਪੂਰਣ ਹੀ ਤਾਂ ਤੁਸਾਂ ਦੇ ਪਰ-ਵਰਦਿਗਾਰ ਦੇ ਸਮੀਪ ਨਾ ਪਸੰਦ ਹਨ ॥ ੩੮ ॥ ਇਹ ਗੱਲਾਂ (ਭੀ) ਓਹਨਾਂ ਅਕਲ (ਤਥਾ ਦਾਨਸ਼) ਦੀਆਂ ਗੱਲਾਂ ਵਿਚੋਂ ਹਨ ਜਿਨਹਾਂ ਨੂੰ ਤੁਸਾਂ ਦੇ ਪਰਵਰਦਿਗਾਰ ਨੇ ਤੁਸਾਂ ਦੇ ਪਾਸੇ ਵਹੀ (ਅਕਾਸ਼ ਬਾਣੀ) ਕੀਤਾ ਹੈ ਅਰ ਖੁਦਾ ਦੇ ਨਾਲ ਕੋਈ ਹੋਰ ਪੂਜ ਨਾ ਨਿਯਤ ਕਰੋ ਨਹੀਂ ਤੇ ਤੁਸੀਂ ਅਪਰਾਧੀ (ਅਰ ਦਰਗਾਹ) ਦੇ ਧਕੇ ਹੋਇਆ ਬਣਾ ਕੇ ਨਰਕ ਵਿਚ ਝੋਕਾ ਦਿਤੇ ਜਾਉਗੇ ॥ ੩੯ ॥ ਕੀ ਤੁਸਾਂ ਦੇ ਪਰਵਰਦਿਗਾਰ ਨੇ ਤੁਸਾਂ ਨੂੰ ਪੁਤ੍ਰਾਂ ਵਾਸਤੇ ਖਾਸ ਕੀਤਾ ਅਰ ਆਪ ਪੁਤ੍ਰੀਆਂ ਲੀਤੀਆਂ ਅਰਥਾਤ ਫਰਿਸ਼ਤੇ (ਇਹ ਤਾਂ) ਤੁਸੀਂ ਬੜੀ (ਸਖਤ) ਬਾਰਤਾ ਕਹਿੰਦੇ ਹੋ ॥ ੪੦ ॥

Digitized by Panjab Digital Library | www.panjabdigilib.org

ਰੁਕੂਹ ੪ ॥

ਅਰ ਅਸਾਂ ਨੇ ਇਸ ਕੁਰਾਨ ਵਿਚ (ਲੋਕਾਂ ਤਾਈਂ) ਨਾਨਾ ਪ੍ਰਕਾਰ ਕਰਕੇ ਸਿਖਿਆ ਦਿਤੀ ਤਾਂ ਕਿ ਇਹ ਲੋਕ (ਕਿਸੀ ਪ੍ਰਕਾਰ) ਸਮਝ ਜਾਵਣ ਪਰੰਤੂ ਇਸ ਪਾਸੋਂ ਇਨਹਾਂ ਦੀ ਨਫਰਤ ਵਧਦੀ ਹੀ ਰਹੀ ॥੪੧॥(ਹੇ ਪੈਯੰਬਰ) ਇਨਹਾਂ ਲੋਕਾਂ ਤਾਈਂ ਆਖੋ ਕਿ ਯਦੀ ਖੁਦਾ ਦੇ ਨਾਲ ਜਿਸ ਤਰਹਾਂ ਕਿ ਇਹ ਲੋਕ) ਆਖਦੇ ਹਨ (ਹੋਰ) ਮਾਬੂਦ (ਭੀ) ਹੁੰਦੇ ਤਾਂ ਇਸ ਸੂਰਤ ਵਿਚ ਓਹਨਾਂ ਮਾਬੂਦਾਂ ਨੇ (ਕਦੇ ਦਾ) ਮਾਲਿਕ ਅਰਸ਼ (ਅਰਥਾਤ ਖੁਦਾ) ਤਕ ਪ੍ਰਾਪਤ ਹੋਣ ਦਾ ਮਾਰਗ ਢੂੰਡ ਕੱਢਿਆ ਹੁੰਦਾ ॥੪੨॥ ਜੈਸੀਆਂ (ਅਯੋਗ) ਬਾਰਤਾਂ ਇਹ ਲੋਗਆਖਦੇ ਹਨ ਓਹਨਾਂ ਥੀਂ ਉਹ ਪਵਿਤ੍ਰ ਤਥਾ ਊਚ ਤੇ ਊਚ(ਅਰ ਮੂਚ ਤੇ ਮੂਚ) ਹੈ ॥ ੪੩ ॥ ਸੱਤੇ ਅਕਾਸ ਤਥਾ ਸੱਤੇ ਪ੍ਰਿਥਵੀਆਂ ਅਰ ਜੋ ਪ੍ਰਿਥਵੀ ਅਕਾਸ ਵਿਚ ਵਿਦਮਾਨ ਹਨ ਸੰਪੂਰਣ ਉਸੇ ਦੀ ਹੀ ਮਹਿਮਾਂ ਵਿਚ ਲਗੇ ਹੋਏ ਹਨ। ਅਰ ਕੋਈ ਵਸਤੂ ਨਹੀਂ ਜੋ ਉਸ ਦੀ ਮਹਿਮਾਂ ਦੇ ਨਾਲ ਉਸ ਦੀ ਕੀਰਤੀ ਨਾ ਕਰਦੀ ਹੋਵੇ।ਪਰੰਤੂ ਤੁਸੀਂ ਲੋਕ ਉਨ੍ਹਾਂ ਦੀ ਕੀਰਤਾ (ਤਥਾ ਪਵਿਤ੍ਰਤਾ) ਨੂੰ ਨਹੀਂ ਸਮਝਦੇ ਨਿਰਸੰਦੇਹ ਕਿ ਉਹ ਬੜਾ ਧੀਰਜ ਤਥਾ ਖਿਮਾ ਕਰਨ ਵਾਲਾ ਹੈ ॥ ੪੪ ॥ (ਅਰ ਹੇ ਪੈਯੰਬਰ) ਜਦੋਂ ਤੁਸੀਂ ਕੁਰਾਨ ਪੜ੍ਹਦੇ ਹੁੰਦੇ ਹੋ ਤਾਂ ਅਸੀਂ ਤੁਸਾਂ ਵਿਚ ਤਥਾ ਓਹਨਾਂ ਲੋਕਾਂ ਵਿਚ ਜਿਨਹਾਂ ਨੂੰ ਆਖਰਤ ਦਾ ਨਿਸਚਾ ਹੈ ਨਹੀ ਇਕ ਸੰਘਣਾ ਪੜਦਾ (ਤਾਣ) ਦੇਂਦੇ ਹਾਂ ॥ ੪੫ ॥ ਅਰ ਓਹਨਾਂ ਦੇ ਦਿਲਾਂ ਉਤੇ ਉਛਾੜ ਪਾ ਦੇਂਦੇ ਹਾਂ ਤਾ ਕਿ ਕੁਰਾਨ ਨੂੰ ਸਮਝ ਨਾ ਸਕਣ ਅਰ ਉਨਹਾਂ ਦੇ ਕੰਨਾਂ ਵਿਚ ਬੱਪੇ (ਪਾ ਦੇਂਦੇ ਹਾਂ)।

ਅਰ ਜਦੋਂ ਤੁਸੀਂ ਕੁਰਾਨ ਵਿਚ ਏਕਾਂਤ ਮੇਂ ਆਪਣੇ ਪਰਵਰ-ਦਿਗਾਰ ਏਕ ਓਅੰਕਾਰ ਦਾ ਜ਼ਿਕਰ ਕਰਦੇ ਹੋ ਤਾਂ (ਕਾਫਰ) ਘਿਰਨਾਂ ਕਰ ਕੇ ਪਿੱਠ ਦੇ ਦੇ ਕੇ ਭਜ ਜਾਂਦੇ ਹਨ ॥ ੪੬ ॥ ਜਦੋਂ ਇਹ ਲੋਕ ਤੁਸਾਂ ਵਲ ਕੰਨ ਧਰਦੇ ਹਨ ਤਾਂ ਜਿਸ ਨੀਯਤ ਨਾਲ ਸੁਣਦੇ ਹਨ ਸਾਨੂੰ ਭਲੀ ਪ੍ਰਕਾਰ ਯਾਦ ਹੈ। ਜਦੋਂ ਇਹ (ਜ਼ਾਲਮ) ਕਾਨਾ ਫੂਸੀ ਕਰਨ ਦੇ ਵੇਲੇ (ਇਕ ਦੂਸਰੇ ਨੂੰ) ਆਖਦੇ ਹੁੰਦੇ ਹਨ ਕਿ ਤੁਸੀਂ ਤਾਂ ਬਸ ਇਕ ਜਾਦੂ ਕੀਤੇ ਹੋਏ ਆਦਮੀ ਦੇ ਪਿਛੇ ਲਗੇ ਹੋਏ ਹੋ ॥ ੪੭ ॥ (ਹੇ ਪੈਯੰਬਰ) ਵੇਖੋ (ਤਾਂ ਸਹੀ) ਤੁਸਾਂ ਦੀ ਨਿਸਬਤ ਕੈਸੀਆਂ ੨ ਗੱਲਾਂ ਬਣਾਉਂਦੇ ਹੈਂ। ਤਾਂ ਇਹ ਲੋਗ ਰਾਹੋਂ ਭੁਲ ਗਏ ਹੁਣ (ਸਤ) ਮਾਰਗ ਨਹੀਂ ਲਭ ਸਕਦੇ ॥ ੪੮ ॥ ਅਰ ਆਖਦੇ ਹਨ ਕੀ ਜਦੋਂ ਅਸੀਂ (ਮਰਿਆਂ ਪਿਛੋਂ ਗਲ ਸੜ ਕੇ) ਅਸਥੀਆਂ ਤਥਾ ਅੰਗ ਛਿੰਨ ਭਿੰਨ ਹੋ ਜਾਣਗੇ ਤਾਂ ਕੀ ਸਾਨੂੰ ਨਈ ਉਤਪੰਨੀ ਕਰਕੇ ਖੜਾ ਕੀਤਾ ਜਾਵੇਗਾ ? ॥ ੪੯ ॥ (ਹੇ ਪੈਯੰਬਰ ਇਹਨਾਂ ਲੋਕਾਂ ਤਾਈਂ) ਆਖੋ

Digitized by Panjab Digital Library | www.panjabdigilib.org

ਕਿ ਤੁਸੀਂ (ਮਾਰਿਆਂ ਪਿਛੋਂ) ਪੱਥਰ ਯਾ ਲੋਹਾ ਯਾ ਕੋਈ ਹੋਰ ਵਸਤੂ ਭੀ ਬਣ ਜਾਓ ॥ ੫੦ ॥ ਜੋ ਤੁਸਾਂ ਦੇ ਧਿਆਨ ਵਿਚ ਬੜੀ (ਕਰੜੀ) ਹੋਵੇ ਇਸ ਤੇ (ਤੁਸਾਂ ਪਾਸੋਂ) ਪੁਛਣਗੇ ਕਿ (ਭਲਾ ਇਸ ਸੂਰਤ ਵਿਚ) ਸਾਨੂੰ ਦੂਜੀ ਵੇਰੀ ਕੌਣ ਸਜੀਵ ਕਰ ਸਕੇਗਾ। (ਤੁਸੀਂ ਇਹਨਾਂ ਤਾਈਂ) ਆਖੋ ਕਿ ਵਹੀ (ਖੁਦਾ) ਜਿਸ ਨੇ ਤੁਸਾਂ ਤਾਈਂ ਪ੍ਰਥਮ ਵੇਰ ਉਤਪੰਨ ਕੀਤਾ ਹੈ ਇਸ ਗਲੋਂ ਇਹ ਲੋਕ ਤੁਸਾਂ ਅਗੇ ਸਿਰ ਮਟਕਾਣ ਲਗਣਗੇ ਅਰ ਪੁਛਣਗੇ ਕਿ ਭਲਾ ਪ੍ਰਲੈ ਕਦੋਂ ਆਵੇਗੀ (ਤੁਸਾਂ ਇਹਨਾਂ ਤਾਈਂ) ਆਖੋ ਅਸਚਰਜ ਨਹੀਂ ਕਿ ਸਮੀਪ ਹੀ ਹੋਵੇ ॥ ੫੧ ॥ ਜਦੋਂ ਕਿ ਖੁਦਾ ਤੁਸਾਂ ਤਾਈਂ ਬੁਲਾਵੇਗਾ ਤਾਂ ਤੁਸੀਂ ਉਸ ਦੀ ਆਗਿਆ ਮੰਨੋਂਗੇ (ਅਰਥਾਤ) ਉਸ ਦੀ ਉਸਤਤ ਕਰਦੇ ਹੋਏ (ਉਸ ਨੂੰ ਉਤਰ ਦਿਓਗੇ) ਅਰ ਖਿਆਲ ਕਰੋਗੇ ਕਿ ਤੁਸੀਂ ਬਸ ਥੋੜੇ ਹੀ ਦਿਨ (ਮ੍ਰਿਤਕ ਦਸ਼ਾ ਵਿਚ) ਰਹੇ ॥ ੫੨ ॥ ਰੁਕੂਹ ੫ ॥

ਅਰ (ਹੇ ਪੈਗੰਬਰ) ਸਾਡਿਆਂ ਬੰਦਿਆਂ ਨੂੰ ਕਹਿ ਦੇਵੇ ਕਿ ਐਸੀ ਬਾਰਤਾ) ਬੋਲੇਂ ਜੋ ਉਤਮ ਹੋ ਕਾਹੇ ਤੇ ਸ਼ੈਤਾਨ (ਕਰੜੀ ਬਾਰਤਾ ਕਹਿਲਾ ਕੇ) ਲੋਕਾਂ ਵਿਚ ਬਖੇਧ ਪਾ ਦੇਂਦਾ ਹੈ। ਨਿਰਸੰਦੇਹ ਸ਼ੈਤਾਨ ਆਦਮੀ ਦਾ ਖੁਲਮਖੁਲਾ ਵੈਰੀ ਹੈ ॥ ੫੩ ॥ (ਲੋਕੋ) ਤੁਹਾਡਾ ਪਰਵਰਦਿਗਾਰ ਤੁਸਾਂ ਦੇ ਹਾਲ ਤੋਂ ਭਲੀ ਪ੍ਰਕਾਰ ਗਿਆਤ ਹੈ (ਭਾਵੇਂ ਰਹਿਮ ਦ । ਅਧਿਕਾਰੀ ਸਮਝ ਕੇ) ਤੁਸਾਂ ਉਤੇ ਰਹਿਮ ਕਰੇ ਕਿੰਵਾ (ਕਸ਼ਟ ਦਾ ਅਧਿਕਾਰੀ ਸਮਝਕੇ) ਤੁਸਾਂ ਤਾਈਂ ਕਸ਼ਟ ਪਰਾਪਤ ਕਰੇ ਅਰ (ਹੇ ਪੈਯੰਬਰ) ਅਸਾਂ ਨੇ ਤੁਸਾਂ ਤਾਈਂ ਲੋਕਾਂ ਦਾ (ਕੋਈ) ਠੇਕੇਦਾਰ ਬਣਾ ਕੇ ਤਾਂ ਨਹੀਂ ਭੇਜਿਆ ॥੫੪॥ ਅਰ (ਹੇ ਪੈਗੰਬਰ) ਜੋ ਅਕਾਸ਼ ਪ੍ਰਿਥਵੀ ਵਿਚ ਹਨ ਤੁਸਾਂ ਦਾ ਪਰਵਰਦਿਗਾਰ ਉਨਹਾਂ ( ਦੇ ਹਾਲ ) ਤੋਂ ਭਲੀ ਪਰਕਾਰ ਵਾਕਿਫ ਹੈ । ਅਰ ਅਸਾਂ ਨੇ ਕਈਆਂਕੁ ਪੈਯੰਬਰਾਂ ਨੂੰ ਕਈਆਂਕੁ ਪੈਯੰਬਰਾਂ ਨਾਲੋਂ ਉੱਤਮਤਾਈ ਦਿੱਤੀ ਅਰ ਅਸਾਂ ਨੇ ਹੀ ਦਾਊਦ ਨੂੰ ਜੰਬੂਰ (ਕਿਤਾਬ) ਪ੍ਰਦਾਨ ਕੀਤੀ ॥ ੫੫ ॥ ( ਹੇ ਪੈਯੰਬਰ ਤੂੰ ਇਨਹਾਂ ਲੋਕਾਂ ਤਾਈਂ ) ਕਹੋ ਕਿ ਖੁਦਾ ਦੇ ਸਿਵਾ ਜਿਨਹਾਂ(ਮਾਬੂਦਾਂ)ਨੂੰ ਤੁਸੀਂ ਖੁਦਾ ਦੇ ਸ਼ਰੀਕ ਸਮਝਦੇ ਹੋ ( ਲੋੜ ਪਈ ਉੱਤੇ ) ਉਨਹਾਂ ਨੂੰ ਬੁਲਾ ਵੇਖੋ ਤਾਂ ( ਇਹ ਤੁਸਾਂ ਦੇ ਮਾਬੂਦ ) ਨਾ ਤਾਂ ਤੁਸਾਂ ਉਤੋਂ ਕਸ਼ਟ ਹੀ ਦੂਰ ਕਰ ਸਕਣਗੇ ਅਰ ਨਾ (ਉਸਨੂੰ) ਬਦਲ ,ਹੀ ਸਕਣਗੇ ॥ ੫੬ ॥ ਇਹ ਲੋਕ ਜਿਨਹਾਂ ਤਾਈਂ ( ਭੇਦ ਵਾਦੀ ਕੰਮ ਤੋਰਨ ਵਾਲੇ ਸਮਝ ਕੇ ) ਬੁਲਾਉਂਦੇ ਹਨ ਇਨਹਾਂ ਵਿਚੋਂ ਜੋ ਦੂਸਰਿਆਂ ਦੀ ਉਪੇਕਛਾ ਤੇ ਅਧਿਕਤਰ ਸਮੀਪ ਵਰਤੀ ਹਨ ਉਹ ( ਭੀ ) ਆਪਣੇ ਪਰਵਰਦਿਗਾਰ ( ਦੀ ਔਰ ਅਧਿਕ ਸਮੀਪਤਾ ਪ੍ਰਾਪਤ ਕਰਨ ) ਦੇ ਮਾਰਗ ਤਲਾਸ਼ ਕਰਦੇ ਰਹਿੰਦੇ ਅਰ ਉਸ ਦੀ ਰਹਿਮਤ ਦੀ ਉਮੇਦ ਰਖਦੇ

Digitized by Panjab Digital Library | www.panjabdigilib.org

ਅਰ ਉਸ ਦੇ ਕਸ਼ਟ ਪਾਸੋਂ ਡਰਦੇ ਰਹਿੰਦੇ ਹਨ। ਅਰ ਅਸਲ ਵਿਚ ਤੁਸਾਂ ਦੇ ਪਰਵਰਦਿਗਾਰ ਦਾ ਕਸ਼ਟ ਡਰਨ ਦੀ ਵਸਤੂ(ਭੀ)ਹੈ॥ ੫੭ ॥ ਅਰ (ਨਾ ਫਰਮਾਨ ਲੋਕਾਂ ਦੀ) ਕੋਈ ਨਗਰੀ ਨਹੀਂ ਪਰੰਤੂ ਪ੍ਰਲੈ ਦੇ ਦਿਨਾਂ ਤੋਂ ਪ੍ਰਥਮ (ਪ੍ਰਥਮ ਨਾ ਫਰਮਾਨੀ ਦੀ ਸਜਾ ਵਿਚ ਜਾਂ ਤਾਂ) ਅਸੀਂ ਓਹਨਾਂ ਨੂੰ ਮਾਰ ਕੇ ਰਹਾਂਗੇ ਕਿੰਵਾ ਓਸ ਤਾਈਂ (ਕੋਈ ਔਰ) ਸਖਤ ਕਸ਼ਟ ਦੇਵਾਂਗੇ। ਅਰ ਇਹ ਬਾਰਤਾ ਪੁਸਤਕ ਵਿਖੇ ਲਿਖੀ ਗਈ ਹੈ॥ ੫੮ ॥ ਅਰ ਸਾਨੂੰ (ਫਰਮਾਇਸ਼ੀ)ਮੋਜਜ਼ਿਆਂ ਦੇ ਭੇਜਣ ਵਿਚ (ਕੋਈ ਹੋਰ) ਰੁਕਾਵਟ(ਦਾ ਕਾਰਣ) ਨਹੀਂ (ਹੋਇਆ) ਪਰੰਤੂ ਇਹੋ ਕਿ ਭੂਤ ਸਮੇ ਦੇ ਪੁਰਖਾਂ ਨੇ ਉਨ੍ਹਾਂ ਨੂੰ ਝੂਠਿਆਂ ਕੀਤਾ ਇਸ ਵਾਸਤੇ ਅਸਾਂ ਨੇ ਸਮੂਦ (ਦੀ ਜਾਤੀ) ਨੂੰ ਊਠਣੀ ਦਾ (ਖੁਲ-ਮਖੁਲਾ) ਮੋਜਿਜ਼ਾ ਦਿਤਾ ਸੀ ਫੇਰ ਭੀ ਲੋਕਾਂ ਨੇ (ਨਾ ਮੰਨ ਕੇ)ਉਸ ਨੂੰ ਸਤਾਯਾ ਅਰ (ਇਹ) ਮੋਜਿਜ਼ੇ (ਜੋ) ਅਸੀਂ (ਭੇਜਿਆ ਕਰਦੇ ਹਾਂ ਇਹ ਤਾਂ) ਕੇਵਲ ਡਰਾਉਣ ਦੇ ਭਾਵ ਉਤੇ ਭੇਜਿਆ ਕਰਦੇ ਹਾਂ॥ ੫੯ ॥ ਅਰ (ਹੇ ਪੈਯੰਬਰ) ਜਦੋਂ ਅਸਾਂ ਨੇ ਤੁਸਾਂ ਤਾਈਂ ਆਖਿਆ ਕਿ ਤੁਸਾਂ ਦੇ ਪਰਵਰਦਿਗਾਰ ਨੇ (ਅਰਥਾਤ ਅਸਾਂ ਨੇ) ਲੋਕਾਂ ਨੂੰ ਸੰਪੂਰਨਾਂ ਪਾਸਿਆਂ ਤੋਂ ਰੋਕ ਰਖਿਆ ਹੈ ਅਰ ਸੁਪਨ ਜੋ ਅਸਾਂ ਨੇ ਤੁਸਾਂ ਤਾਈ ਦਿਖਾਇਆ ਤਾਂ ਬਸ ਉਸਨੂੰ ਲੋਕਾਂ(ਦੇ ਨਿਸਚੇ) ਦੀ ਪ੍ਰੀਛਾ ਦਾ (ਵਸੀਲਾ) ਨਿਯਤ ਕੀਤਾ। ਅਰ (ਅਮੁਨਾ ਪ੍ਰਕਾਰ ਸੇ ਹੀ ਥੋਹਰ ਦੇ) ਬ੍ਰਿਛ ਨੂੰ ਜਿਸ ਉਤੇ ਕੁਰਾਨ ਵਿਚ ਫਿਟਕ ਦਿਤੀ ਗਈ ਹੈ ਗਲ ਕਾਹਦੀ ਭਾਵੇਂ ਅਸੀਂ ਏਹਨਾਂ ਲੋਕਾਂ ਨੂੰ (ਭਾਂਤ ੨ ਸੇ) ਡਰਾਉਂਦੇ ਹਾਂ ਪਰੰਤੂ ਸਾਡਾ ਡਰਾਉਣਾ ਇਹਨਾਂ ਦੀ ਮਨਮੁਖਤਾਈ ਨੂੰ ਕਈ ਦਰਜੇ ਅਧਿਕ ਕਰਦਾ ਹੈ॥ ੬੦ ॥ ਰੁਕੂਹ ੬ ॥

ਅਰ ਜਦੋਂ ਅਸਾਂ ਨੇ ਫਰਿਸ਼ਤਿਆਂ ਨੂੰ ਹੁਕਮ ਦਿਤਾ ਕਿ ਆਦਮ ਨੂੰ ਮੱਥਾ ਟੇਕੋ ਤਾਂ ਸੰਪੂਰਨਾ ਨੇ ਮਥਾ ਟੇਕਿਆ ਪਰੰਤੂ ਅਬਲੀਸ ਲਗਾ ਅਗੋਂ ਹੁਜਤ ਕਰਨ ਕਿ ਕੀ ਮੈਂ ਐਸੇ ਪੁਰਖ ਨੂੰ ਮਥਾ ਟੇਕਾਂ ਜਿਸਨੂੰ ਤੂਨੇ ਮਿਟੀ ਥੀਂ ਉਤਪਤ ਕੀਤਾ ਹੈ॥ ੬੧ ॥ (ਫਿਰ) ਬੋਲਿਆ ਕਿ ਭਲਾ ਦੇਖ ਤਾਂ ਸਹੀ ਇਹ ਉਹ ਪੁਰਖ ਹੈ ਜਿਸ ਨੂੰ ਤੂੰ ਮੇਰੇ ਨਾਲੋਂ ਉਚਾਈ ਦਿਤੀ ਹੈ ਯਦੀ ਤੂੰ ਮੈਨੂੰ ਪ੍ਰਲੈ ਦੇ ਦਿਨ ਤਕ ਦੀ ਮੋਹਲਤ ਦੇਵੇਂ ਤਾਂ ਮੈਂ ਥੋਹੜੇ ਜੇਹਾਂ ਦੀ ਗਲ ਤਾਂ ਕਰਦਾ ਨਹੀਂ ਬਾਕੀ ਏਸ ਦੀ ਸੰਪੂਰਨ ਵੰਸ ਦੀ ਜੜ੍ਹ ਪੁਟ ਕੇ ਹੀ ਰਹਾਂਗਾ ॥ ੬੨ ॥ ਖੁਦਾ ਨੇ ਆਖਿਆ ਜਾ (ਪਰੇ ਹਟ) ਜੋ ਪੁਰਖ ਏਹਨਾਂ ਵਿਚੋਂ ਤੇਰੀ ਬੈਠਣੀ ਬੈਠੇਗਾ ਤਾਂ ਤੁਸਾਂ ਸਾਰਿਆਂ ਦੀ ਸਜਾ ਜਹੱਨਮ (ਅਰ) ਸਜਾ ਪੂਰੀ॥ ੬੩ ॥ ਅਰ ਇਨਹਾਂ ਵਿਚੋਂ ਜਿਸ ਨੂੰ ਆਪਣੀਆਂ (ਮੋਮੋ ਠੱਗਣੀਆਂ) ਗੱਲਾਂ ਨਾਲ (ਬਹਿਕਾਉਣਾ) ਬਨ ਸਕੇ ਬਹਿਕਾ ਅਰ ਇਨਹਾਂ ਉਤੇ ਆਪ-

Digitized by Panjab Digital Library | www.panjabdigilib.org

ਣਿਆਂ(ਸ਼ੈਤਾਨਾਂ ਦਾ ਲਸ਼ਕਰ) ਅਸਵਾਰ ਤਥਾ ਪਿਆਦੇ(ਸੰਪੂਰਨ ਚੜ੍ਹਾ) ਲਿਆ ਅਰ ਏਹਨਾਂ ਦੇ ਨਾਲ ਮਾਲ ਤਥਾ ਔਲਾਦ ਵਿਚ ਸਾਂਝ ਭਿਆਲੀ ਕਰ ਅਰ ਇਹਨਾਂ ਦੇ ( ਨਾਲ ਝੂਠ ਮੂਠ ) ਪਰਤਿੱਗਜ਼ਾ ਕਰ ਅਰ ਸ਼ੈਤਾਨ ਤਾਂ ਏਹਨਾਂ ਲੋਗਾਂ ਨਾਲ ਜਿਤਨੀ ਪਰਤਿੱਗਜ਼ਾ ਕਰਦਾ ਹੈ ਸਿਵਾਏ ਧੋਖੇ ( ਦੀ ਟਟੀ ) ਦੇ ਔਰ ਕਛ ਨਹੀਂ ॥ ੬੪ ॥ ( ਜੋ ) ਸਾਡੇ ( ਸਤ ) ਪੁਰਖ ( ਹਨ ) ਉਨਹਾਂ ਉਤੇ (ਤਾਂ) ਤੇਰਾ ਕਿਸੀ ਪ੍ਰਕਾਰ ਜੋਰ (ਚਲਣਾ) ਨਹੀਂ ਅਰ ( ਹੇ ਪੈਯੰਬਰ ) ਤੁਸਾਂ ਦਾ ਪਰਵਰਦਿਗਾਰ ਆਪਣਿਆਂ ਬੰਦਿਆਂ ਦਾ (ਪੂਰਨ) ਕਾਰਸਾਜ਼ ਹੈ ॥ ੬੫ ॥ (ਲੋਕੋ) ਤੁਸਾਂ ਦਾ ਪਰਵਰਦਿਗਾਰ ਵੁਹ ਹੈ ਜੋ ਤੁਸਾਂ ਵਾਸਤੇ ਸਮੁੰਦਰ ਵਿਚ ਜਹਾਜ਼ਾਂ ਨੂੰ ਤੋਰਦਾ ਹੈ । ਤਾ ਕਿ ਤੁਸੀਂ ( ਸੁਖੈਨ ਹੀ ) ਉਸਦਾ ਫਜਲ ( ਅਰ-ਥਾਤ ਆਪਣੇ ਲੋੜ ਵਾਲੀਆਂ ਵਸਤਾਂ ) ਤਲਾਸ਼ ਕਰ ਲਵੋ ( ਨਿਰਸੰਦੇਹ ) ਖੁਦਾ ਤੁਸਾਂ ਉਤੇ(ਬੜਾ)ਮਿਹਰਬਾਨ ਹੈ ॥ ੬੬ ॥ ਅਰ ਜਦੋਂ ਸਮੁੰਦਰ ਵਿਚ ਤੁਸਾਂ ਨੂੰ (ਕਿਸੇ ਪ੍ਰਕਾਰ ਦੀ) ਤਕਲੀਫ ਪ੍ਰਾਪਤ ਹੁੰਦੀ ਹੈ ਤਾਂ (ਵਾਹਿਗੁਰੂ ਦੇ ਸਿਵਾ) ਜਿਨਹਾਂ (ਮਾਬੂਦਾਂ) ਨੂੰ ਤੁਸੀਂ ਸਿਮਰਿਆ ਕਰਦੇ ਸੇ (ਸੰਪੂਰਣ) ਭੁਲੇ ਬਿਸਰੇ ਹੋ ਜਾਂਦੇ ਹਨ । ਪਰੰਤੂ ਓਹੋ ਹੀ (ਇਕ ਨਰੰਕਾਰ ਯਾਦ ਰਹਿੰਦਾ ਹੈ) ਫੇਰ ਜਦੋਂ ਖੁਦਾ ਤੁਸਾਂ ਤਾਈਂ (ਸਮੁੰਦਰ ਵਿਚੋਂ) ਖੁਸ਼ਕੀ ਉਤੇ ਲੈ ਆਉਂਦਾ ਹੈ ਤਾਂ (ਉਸੇ ਵੇਲੇ) ਤੁਸੀਂ ਫਿਰ ਜਾਂਦੇ ਹੋ ਅਰ ਇਨਸਾਨ ਬੜਾ ਹੀ ਨਾਸ਼ੁਕਰਾ ਹੈ ॥ ੬੭ ॥ ਤਾਂ ਕੀ ਤੁਸੀਂ ਇਸ ਗਲੋਂ ਨਾਚਿੰਤ ਹੋ ਗਏ ਹੋ ਕਿ ਉਹ ਤੁਸਾਂ ਤਾਈਂ ਖੁਸ਼ਕੀ ਦੇ ਪਾਸੇ (ਲਿਜਾ ਕੇ ਪ੍ਰਿਥਵੀ ਵਿਚ) ਧਸਾ ਦੇਵੇ ਕਿੰਵਾ ਤੁਸਾਂ ਉਤੇ ਹਨੇਰੀ ਦੇ ਪੱਥਰ ਬਰਸਾ ਦੇਵੇ । ਅਰ ਓਸ ਵੇਲੇ ਤੁਸੀਂ ( ਕਿਸੇ ਤਾਈਂ) ਆਪਣਾ ਮਦਦਗਾਰ ਨਾ ਵੇਖੋ ॥ ੬੮ ॥ ਕਿੰਵਾ ਤੁਸੀਂ ਇਸ ਗਲੋਂ ਨਿਚਿੰਤ ਹੋ ਗਏ ਹੋ ਕਿ ਖੁਦਾ ਫੇਰ ਤੁਸਾਂ ਤਾਈਂ ਲੋਟਾ ਕੇ ਦੂਜੀ ਵੇਰੀ ਓਸੇ ਸਮੁੰਦਰ ਵਿਚ ਲੈ ਜਾਵੇ । ਅਰ ਤੁਸਾਂ ਉਤੇ ਵਾ ਦਾ ਇਕ ਵਾਵਰੋਲਾ ਭੇਜੇ ਅਰ ਤੁਹਾਡੀ ਨਾ ਸ਼ੁਕਰੀਆਂ ਦੀ ਸਜ਼ਾ ਵਿਚ ਤੁਸਾਂ ਤਾਈਂ ਗਰਕ ਕਰ ਦੇਵੇ ਫੇਰ ਤੁਸਾਂ ਤਾਈਂ ਕੋਈ (ਐਸਾ ਹਿਮਾਇਤੀ) ਨਾ ਮਿਲੇ ਜੋ ਇਸ ਗਲ ਉਤੇ ਸਾਡਾ ਪਿਛਾ ਕਰੇ ॥ ੬੯ ॥ ਅਰ ਨਿਰਸੰਦੇਹ ਅਸਾਂ ਬਨੀਆਦਮ ਨੂੰ ਇਜ਼ਤ ਦਿਤੀ ਅਰ ਖੁਸ਼ਕੀ ਤਥਾ ਤਰੀ ਵਿਚ ਉਨਹਾਂ ਨੂੰ ਅਸਵਾਰੀ ਬਖਸ਼ੀ ਅਰ ਉੱਤਮ (ਉਤਮ) ਪਦਾਰਥ ਉਨਹਾਂ ਨੂੰ (ਖਾਵਣ ਵਾਸਤੇ) ਦਿਤੇ । ਅਰ ਜਿਤਨੀ ਸ੍ਰਿਸ਼ਟੀ ਅਸਾਂ ਨੇ ਉਤਪੰਨ ਕੀਤੀ ਹੈ ਓਹਨਾਂ ਵਿਚੋਂ ਬਹੁਤੇਰਿਆਂ ਉਤੇ ਅਸਾਂ ਉੱਤਮਤਾਈ ਦਿੱਤੀ ॥ ੭੦ ॥ ਰੁਕੂਹ ੭ ॥

(ਅਰ) ਜਿਸ(ਦਿਨ) ਅਸੀਂ ਸਾਰਿਆਂ ਲੋਕਾਂ ਨੂੰ ਉਨ੍ਹਾਂ ਦੇ ਆਗੂਆਂ ਸਮੇਤ (ਆਪਣੇ ਸਾਹਮਣੇ)ਬੁਲਾ ਕੇ ਖੜਾ ਕਰਾਂਗੇ ਤਾਂ ਜਿਨਾਂ ਦਾ ( ਕਰਮ )

Digitized by Panjab Digital Library | www.panjabdigilib.org

ਪੜ੍ਹ ਉਨ੍ਹਾਂ ਦੇ ਸੱਜੇ ਹਥ ਵਿਚ ਦਿਤਾ ਜਾਵੇਗਾ ਓਹ (ਮਾਰੇ ਖੁਸ਼ੀ ਦੇ) ਆਪਣੇ (ਇਮਾਲ) ਨਾਮੇ ਨੂੰ (ਜਲਦੀ ਹੀ) ਪੜ੍ਹਨ ਲਗ ਜਾਣਗੇ। ਅਰ ਓਹਨਾਂ ਉਤੇ ਇਕ ਰਾਈ ਸਮਾਨ ਭੀ ਜ਼ੁਲਮ ਨਾ ਹੋਵੇਗਾ ॥੭੧॥ ਅਰ ਜੋ ਇਸ (ਸੰਸਾਰ) ਵਿਚ (ਵੇਖ ਚਾਖ ਕੇ) ਅੰਨ੍ਹਿਆਂ (ਬਣਿਆਂ) ਰਹਿਆ ਉਹ ਅੰਤ ਨੂੰ ਭੀ ਅੰਨਾ ਹੀ ਰਹੇਗਾ।ਅਰ (ਮੁਕਤੀ ਦੇ) ਮਾਰਗੋਂ ਕਿਤੇ ਦੂਰ ਭਟਕਿਆ ਹੋਇਆ ॥੭੨॥ ਅਰ (ਹੇ ਪੈਗੰਬਰ)ਜੋ ਅਸਾਂ ਨੇ ਵਹੀ ਦੇ ਦਵਾਰਾ ਤੇਰੀ ਵਲ ਭੇਜਿਆ ਹੈ ਲੋਕ ਤਾਂ ਤੁਸਾਂ ਨੂੰ ਇਸ ਥੀਂ ਭੁਚਲਾਣ ਹੀ ਲਗੇ ਸਨ ਤਾ ਕਿ ਇਸ (ਕੁਰਾਨ ਤੋਂ) ਸਿਵਾ ਤੁਸੀਂ ਝੂਠ ਮੂਠ (ਦੂਸਰੀਆਂ ਦੂਸਰੀਆਂ ਗੱਲਾਂ) ਸਾਡੇ ਮਥੇ ਲਾਓ ਅਰ ਤੁਸੀਂ ਐਸੀ ਦਲੇਰੀ ਕਰਦੇ ਤਾਂ (ਉਸ ਸਮੇਂ) ਇਹ ਲੋਕ ਤੁਸਾਂ ਤਾਈਂ(ਆਪ-ਣਾ ਸਚਾ) ਮਿਤਰ ਬਣਾ ਲੈਂਦੇ॥੭੩॥ ਅਰ ਯਦੀ ਇਹ ਬਾਰਤਾ ਨਾ ਹੁੰਦੀ ਕਿ ਜੋ ਅਸਾਂ ਨੇ ਤੁਸਾਂ ਤਾਈਂ ਸਾਬਤ (ਕਦਮ ਬਨਾਈ) ਰਖਿਆ ਤਾਂ ਤੁਸੀਂ ਭੀ ਕਿਸੀ ਕਦਰ ਤਾਂ ਇਨਹਾਂ ਦੇ ਪਾਸੇ ਜ਼ਰੂਰ ਝੁਕਣ ਹੀ ਲਗੇ ਸੋ ॥ ੭੪ ॥ (ਪਰੰਤੂ)ਐਸਾ ਹੁੰਦਾ ਤਾਂ ਅਸੀਂ ਤੇਰੇ ਤਾਈਂ ਜੀਊਂਦਿਆਂ ਤਥਾ ਮਰਿਆਂ ਦੋਹਰੀ (੨ ਸਜ਼ਾ ਦਾ ਸਵਾਦ ਭੀ) ਅਵਸ ਚਖਾ ਦੇਂਦੇ। (ਅਰ) ਫੇਰ ਤੁਸਾਂ ਤਾਈਂ ਸਾਡੇ ਮੁਕਾਬਲੇ ਵਿਚ ਕੋਈ ਮਦਦਗਾਰ ਭੀ ਨਾ ਮਿਲਦਾ ॥ ੭੫ ॥ ਅਰ ਇਹ ਲੋਕ ਤਾਂ ਤੁਸਾਂ ਤਾਈਂ(ਮੱਕੇ ਦੀ ਸਰ)ਜ਼ਮੀਨੋਂ ਦਿਲ ਉਦਾਸ ਤਾਂ ਕਰ ਹੀ ਚੁਕੇਸਨ ਤਾਕਿ ਤੁਸਾਂ ਤਾਈਂ ਇਥੋਂ ਕਢ ਦੇਣ ਅਰ ਇਸ ਤਰਹਾਂ ਹੋ ਜਾਂਦਾ ਤਾਂ ਤੇਰੇ (ਗਇਆਂ) ਪਿਛੋਂ ਇਹ ਲੋਕ ਭੀ ਥੋਹੜਿਆਂ ਦਿਨਾਂ ਤੋਂ ਅਧਿਕ (ਸ਼ਾਂਤੀ ਨਾਲ ਆਪਣੇ ਵਤਨ ਵਿਚ) ਨਾ ਰਹਿ ਸਕਦੇ ॥ ੭੬ ॥ ਤੁਸਾਂ ਨਾਲੋਂ ਪਹਿਲੋਂ ਜਿਤਨੇ ਰਸੂਲ ਅਸਾਂ ਨੇ ਭੇਜੇ ਹਨ ਉਨਹਾਂ ਦੀ ਇਹੋ ਹੀ ਰੀਤੀ ਰਹੀ ਹੈ ਅਰ (ਜੋ) ਰੀਤੀਆਂ ਸਾਡੀਆਂ (ਨਿਯਤ ਕੀਤੀਆਂ ਹੋਈਆਂ ਹਨ ਉਨਹਾਂ) ਵਿਚੋਂ (ਤੁਸੀਂ ਕਦਾਪੀ ਭੀ) ਹੇਰ ਫੇਰ ਹੁੰਦਾ ਨਾ ਵੇਖੋਗੇ ॥ ੭੭ ॥ ਰੁਕੂਹ ੮ ॥

(ਹੇ ਪੈਗੰਬਰ) ਸੂਰਜ ਦੇ ਢਲਨ ਨਾਲ ਰਾਤਰੀ ਦੇ ਅੰਧਕਾਰ ਤਕ ਨਮਾਜ਼ਾਂ ਪੜ੍ਹਿਆ ਕਰੋ (ਜ਼ੋਹਰ-ਅਸਰ-ਮਗ਼ਰਿਬ-ਇਸ਼ਾ) ਅਰ ਨਮਾਜ਼ ਪ੍ਰਾਤਾ-ਕਾਲ (ਕੋ) ਕਾਹੇ ਤੇ ਪ੍ਰਾਤਾਕਾਲ ਦੀ ਨਮਾਜ਼ ਦਾ ਸਮਾਂ ਨੂਰ ਦੇ ਜ਼ਹੂਰ ਦਾ ਸਮਾਂ ਹੈ ॥ ੭੮ ॥ ਅਰ ਰਾਤਰੀ ਦੇ ਇਕ ਹਿੱਸੇ ਵਿਚ ਨਮਾਜ਼ ਤਹਜਦ ਭੀ ਪੜ੍ਹਿਆ ਕਰੋ (ਅਰ ਇਹ) ਤੁਸਾਂ ਦੀ (ਨਮਾਜ਼) ਨਫਲ (ਹੈ) ਅਸਚਰਜ ਨਹੀਂ ਕਿ ( ਇਸ ਦੇ ਪ੍ਰਤਾਪ ਨਾਲ ) ਤੁਸਾਂ ਦਾ ਪਰਵਰ-ਦਿਗਾਰ ਤੁਸਾਂ ਤਾਈਂ ਸ਼ੁਭ ਅਸਥਾਨ ਵਿਚ ਪ੍ਰਾਪਤ ਕਰ ਦੇਵੇ ॥ ੭੯ ॥ ਅਰ ਇਹ ਪ੍ਰਾਰਥਨਾਂ ਕੀਤਾ ਕਰੋ ਕਿ ਹੇ ਮੇਰੇ ਪਰਵਰਦਿਗਾਰ (ਆਖਰ ਤਾਂ) ਮੇਰੇ ਤਾਈਂ (ਕਿਰਪਾ ਨਾਲ) ਚੰਗੀ ਜਗ੍ਹਾਂ ਪਹੁੰਚਾਈਓ। ਅਰ ਮੈਨੂੰ(ਨਿਕਾਲੇ ਤਾਂ)

Digitized by Panjab Digital Library | www.panjabdigilib.org

ਨਿਕਾਲਨਾ ਚੰਗਾ ਅਰ ਆਪਣੇ ਪਾਸੋਂ ਮੇਰੇ ਤਾਈਂ (ਦੁਸ਼ਮਨਾਂ ਉਤੇ) ਵਿਜੈਤਾ ਦੇ ਨਾਲ ਗਲਬਾ ਦੀਜੀਓ ॥੮੦॥ ਅਰ (ਹੇ ਪੈਯੰਬਰ ਲੋਕਾਂ ਤਾਈਂ) ਆਖ ਦੇਵੇ ਕਿ (ਬਸ) ਸਚਾ (ਦੀਨ) ਆਇਆ ਅਰ ਝੂਠੇ (ਦੀਨ) ਦੀ ਸਤਿਆਨਾਸ ਹੋਗਈ ਅਰ ਝੂਠੇ(ਦੀਨ ਦਾ)ਤਾਂ ਸਤਿਆਨਾਸ ਹੋ ਹੀ ਜਾਣ ਵਾਲਾ ਸੀ॥੮੧॥ ਅਰ ਅਸੀਂ ਕੁਰਾਨਵਿਚ ਐਸੀਆਂ੨ ਬਾਰਤਾਂ ਉਤਾਰਦੇ ਹਾਂ ਜੋ ਈਮਾਨ ਧਾਰੀਆਂ ਵਾਸਤੇ ( ਆਤਮਕ ਰੋਗ ਦਾ ) ਉਪਾਉ ਅਰ ਰਹਿਮਤ ( ਦਾ ਕਾਰਨ ) ਹਨ ਅਰ ਨਾ ਫਰਮਾਨਾਂ ਨੂੰ ਤਾਂ ਏਸ ਨਾਲੋਂ ਹੋਰ ( ਪ੍ਰਤਯੁਤ )ਨੁਕਸਾਨ ਹੀ ਹੁੰਦਾ ਹੈ ॥ ੮੨ ॥ ਅਰ ਜਦੋਂ ਅਸੀਂ ਪੁਰਖ ਨੂੰ ਕੋਈ ਨਿਆਮਤ ਪ੍ਰਦਾਨ ਕਰਦੇ ਹਾਂ ਤਾਂ ( ਉਲਟਾ ਸਾਡੇ ਵਲੋਂ ) ਮੂੰਹ ਫੇਰ ਬੈਠਦਾ ਅਰ ਪਾਸਾ ਮਰੋੜਦਾ ਹੈ ਅਰ ਜਦੋਂ ( ਉਸ ਨੂੰ ਕੋਈ ) ਕਸ਼ਟ ਪ੍ਰਾਪਤ ਹੁੰਦਾ ਹੈ ਤਾਂ ਆਸਾਂ ਤੋੜ ਬੈਠਦਾ ਹੈ ॥ ੮੩ ॥ ( ਹੇ ਪੈਯੰਬਰ ਇਨਹਾਂ ਲੋਕਾਂ ਤਾਈਂ ) ਆਖੋ ਕਿ ਹਰ ਇਕ ਆ-ਪਣੇ ਤੌਰ ਉੱਤੇ ਕਰਮ ਕਰਦਾ ਹੈ ( ਫੇਰ ਤੁਸਾਂ ਵਿਚੋਂ ) ਜੋ ਠੀਕ ਸੂਧੇ ਮਾਰਗ ਉੱਤੇ ਹੈ ਤੁਸਾਂ ਦਾ ਪਰਵਰਦਿਗਾਰ ਉਸ ਨੂੰ ਭਲੀ ਭਾਂਤ ਜਾਣਦਾ ਹੈ ॥ ੮੪ ॥ ਰੁਕੂਹ ੯ ॥

ਅਰ ( ਹੇ ਪੈਯੰਬਰ-ਲੋਕ ) ਤੁਸਾਂ ਪਾਸੋਂ ਆਤਮਾਂ ਦੀ ਹਕੀਕਤ ਪੁਛਦੇ ਹਨ ਤੁਸੀ( ਏਹਨਾਂ ਤਾਈਂ )ਆਖ ਦੇਵੋ ਕਿ ਆਤਮਾ (ਭੀ) ਮੇਰੇ ਪਰਵਰ-ਦਿਗਾਰ ਦੀ ਇਕ ਆਗਿਆ ਹੈ ਅਰ ਤੁਸਾਂ ਲੋਕਾਂ ਨੂੰ ( ਰਬੀ ਭੇਦ ਵਿਚੋਂ ) ਬਸ ਥੋਹੜਾ ਜੈਸਾ ਹੀ ਗਿਆਨ ਦਿਤਾ ਗਿਆ ਹੈ ।। ੮੫ ।। ( ਅਰ ) ਅਗਰ ਅਸੀਂ ਇਛਾ ਕਰੀਏ ਤਾਂ ਜੋ (ਕੁਰਾਨ) ਅਸਾਂਨੇ ਤੁਸਾਂ ਦੀ ਤਰਫ ਵਹੀ ਦੇ ਦਵਾਰਾ ਭੇਜਿਆ ਹੈ ਉਸ ਨੂੰ ( ਸੰਸਾਰ ਵਿਚੋਂ ) ਗੁਪਤ ਕਰ ਦੇਵੀਏ। ਫੇਰ ਤੁਸਾਂ ਤਾਈਂ ਉਸ ਦੇ ਵਾਸਤੇ ਸਾਡੇ ਮੁਕਾਬਲੇ ਵਿਚ ਕੋਈ ਹਿਮਾਇਤੀ ਭੀ ਨਾਂ ਮਿਲੇ ॥ ੮੬ ॥ ਪਰੰਤੂ ( ਇਹ ਕੇਵਲ )ਤੁਸਾਂ ਦੇ ਪਰਵਰਦਿਗਾਰ ਦੀ ਹੀ ਰਹਿ-ਮਤ ( ਹੈ ਕਿ ਵੋ ਐਸਾ ਨਹੀਂ ਕਰਦਾ )ਨਿਰਸੰਦੇਹ ਤੁਸਾਂ ਉਤੇ ਉਸ ਦੀ ਬੜੀ ਹੀ ਮੇਹਰ ਹੈ ॥ ੮੭ ॥ ( ਏਹਨਾਂ ਲੋਕਾਂ ਤਾਈਂ )ਆਖੋ ਕਿ ਯਦੀ ਆਦਮੀ ਅਰ ਜਿੱ-ਨਾਤ ਇਕੱਤਰ ( ਹੋ ਕੇ ਏਸ ਗੱਲ ਉਤੇ ਉਦਿਤ ) ਹੋਣ ਕਿ ਇਸ ਕੁਰਾਨ ਵਰਗਾ ( ਹੋਰ ਕਲਾਮ ) ਰਚ ਕੇ ਲੈ ਆਵਣ ਤਾਂ ਭੀ ਇਸ ਵਰਗਾ ਨਹੀਂ ( ਬਣਾ )ਸਕ-ਣਗੇ। ਯਦਯਪਿ ਉਨਹਾਂ ਵਿਚੋਂ ਇਕ ਦੇ ਪਿਛੇ ਇਕ(ਕਿਉਂ ਨਾ)ਹੋਵੇ॥ ੮੮॥ ਅਰ ਭਾਵੇਂ ਅਸਾਂ ਨੇ ਇਸ ਕੁਰਾਨ ਵਿਚ ਲੋਕਾਂ ਦੇ ( ਸਮਝਣ ਵਾਸਤੇ ) ਸੰਪੂ-ਰਨ (ਪਰਕਾਰ ਦੇ) ਦ੍ਰਿਸ਼ਟਾਂਤ (ਭਾਂਤ ੨ ਕਰਕੇ ਬਦਲ ੨ ਕਰ) ਵਰਨਣ ਕੀਤੇ ਹਨ ਪਰੰਤੂ ਪ੍ਰਾਯਾ ਲੋਕ ਨਨਾਕਾਰ ਕੀਤਿਆਂ ਬਿਨਾਂ ਨਾ ਰਹਿ ਸਕੇ ॥ ੮੯ ॥ ਅਰ ਕਹਿੰਦੇ ਹਨ ਕਿ ਅਸੀਂ ਤਾਂ ਉਸ ਵੇਲੇ ਤਕ ਤੁਸਾਂ ਉਤੇ ਨਿਸਚਾ

Digitized by Panjab Digital Library | www.panjabdigilib.org

ਧਾਰਨ ਵਾਲੇ ਨਹੀਂ ਹਾਂ ਕਿ (ਕਿੰਵਾ) ਸਾਡੇ ਵਾਸਤੇ ਪ੍ਰਿਥਵੀ ਵਿ ੋਂ ਕੋਈ ਚਸ਼ਮਾਂ ਕੱਢ ਦੇਵੇ ॥ ੯੦ ॥ ਕਿੰਵਾ ਖਜੂਰਾਂ ਤਥਾ ਅੰਗੂਰਾਂ ਦਾ ਤੁਸਾਂ ਦਾ ਕੋਈ ਬਾਗ ਹੋਵੇ ਓਸ ਦੇ ਵਿਚੋਂ ਵਿਚ ਤੁਸੀਂ ਨਦੀਆਂ ਵਗਾਕੇ ਦਿਖਲਾ ਦੇਵੇ ॥ ੯੧ ॥ ਕਿੰਵਾ ਜਿਸ ਪ੍ਰਕਾਰ ਤੁਸੀਂ ਆਖਿਆ ਕਰਦੇ ਸੇ ਅਕਾਸ ਦੇ ਟੋਟੇ ਸਾਡੇ ਉਤੇ ਲਿਆ ਬਰਸਾਓ । ਅਥਵਾ ਖੁਦਾ ਤਥਾ ਫਰਿਸ਼ਤਿਆਂ ਨੂੰ ( ਸਾਡੇ ) ਸਨਮੁਖ ਲਿਆ ਕੇ ਖੜਿਆਂ ਕਰੋ ॥ ੯੨ ॥ ਕਿੰਵਾ ( ਰਹਿਣ ਵਾਸਤੇ ) ਤੁਸਾਂ ਦਾ ਕੋਈ ਸੁਨਹਿਰੀ ਘਰ ਹੋਵੇ ਕਿੰਵਾ ਆਕਾਸ ਵਿਚ ਚੜ੍ਹ ਜਾਓ ਅਰ ਯਾਵਤਕਾਲ ਪਰਯੰਤ ਤੁਸੀਂ ਸਾਡੇ ਵਾਸਤੇ ( ਖੁਦਾ ਪਾਸੋਂ ਇਕ ) ਪੁਸਤਕ ਉਤਾਰ ਕੇ ਨਾ ਲੈ ਆਵੇ ਕਿ ਅਸੀਂ ਓਸ ਨੂੰ (ਆਪ) ਪੜ੍ਹ (ਭੀ) ਲਵੀਏ ਤਦੋਂ ਤਕ ਅਸੀਂ ਤੁਸਾਂ ਦੇ ( ਆਸਮਾਨ ਉਤੇ) ਚੜ੍ਹ ਜਾਣ ਦਾ (ਭੀ) ਇਤਬਾਰ ਕਰਨ ਵਾਲੇ ਨਹੀਂ । ( ਹੇ ਪੈਯੰਬਰ ਏਹਨਾਂ ਲੋਕਾਂ ਤਾਈਂ ) ਆਖੋ ਕਿ ਸੁਬਹਾਨ ਅੱਲਾ ਮੈਂ ਕਿਆ (ਵਸਤੂ ਹਾਂ ) ਈਹਾ ਈ ਇਕ ਪੁਰਖ ਦਾਸ (ਖੁਦਾ ਦਾ ) ਭੇਜਿਆ ਹੋਯਾ ਹੋਰ ਬਸ ॥ ੯੩ ॥ ਰੁਕੂਹ ੧੦ ॥

ਅਰ ਜਦੋਂ ਲੋਕਾਂ ਦੇ ਪਾਸ (ਖੁਦਾ ਦੇ ਪਾਸਿਓਂ) ਸਿਧੀ ਪ੍ਰਾਪਤ ਹੋ ਚੁਕੀ ਤਾਂ ਏਹਨਾਂ ਨੂੰ ਈਮਾਨ ਧਾਰਨ ਤੋਂ ਸਿਵਾ ਹੋਰ ਕੋਈ ਬਾਰਤਾ ਰੋਕਣ ਵਾਲੀ ਨਹੀਂ ਹੋਈ । ਕਿ ਲਗੇ ਆਖਣ ਕੀ ਖੁਦਾ ਨੇ ਆਦਮੀ (ਨੂੰ) ਪੈਯੰਬਰ ( ਬਣਾਕੇ ) ਭੇਜਿਆ ਹੈ ॥ ੯੪ ॥ (ਹੇ ਪੈਯੰਬਰ ਤੁਸੀਂ ਏਨਹਾਂ ਲੋਕਾਂ ਨੂੰ ) ਉੱਤਰ ਦੇਵੋ ਕਿ ਪ੍ਰਿਥਵੀ ਉੱਤੇ ਯਦੀ ਫਰਿਸ਼ਤੇ ( ਵਸਦੇ ) ਹੁੰਦੇ ਅਰ ( ਪ੍ਰਿਥਵੀ ਉਤੇ ) ਸ਼ਾਂਤੀ ਨਾਲ ਤੁਰਦੇ ਫਿਰਦੇ ਤਾਂ ਅਸੀਂ ਫਰਿਸ਼ਤੇ ਨੂੰ ਹੀ ਆਕਾਸ ਵਿਚੋਂ ਪੈਯੰਬਰ (ਬਣਾ ਕੇ) ਉਹਨਾਂ ਦੇ ਪਾਸ ਭੇਜ ਦੇਂਦੇ ॥ ੯੫ ॥ ( ਹੇ ਪੈਯੰਬਰ ਏਹਨਾਂ ਲੋਕਾਂ ਤਾਈਂ ) ਆਖੋ ਕਿ ਤੁਸਾਂ ਦੇ ਤਥਾ ਮੇਰੇ ਮਧ ਮੇਂ ਕੇਵਲ ਖੁਦਾ ਹੀ ਸਾਖੀ ਹੈ ਅਰ (ਵੁਹ) ਆਪਣਿਆਂ ਬੰਦਿਆਂ ( ਦੇ ਹਾਲ ) ਤੋਂ ਗਿਯਾਤ ( ਅਰ ਉਨਹਾਂ ਦੇ ਕਰਮਾਂ ਨੂੰ ) ਵੇਖ ਰਹਿਆ ਹੈ ॥ ੯੬ ॥ ਅਰ ਜਿਸ ਨੂੰ ਖੁਦਾ ਸਿਖਛਾ ਦੇਵੇ ਵੁਹੀ ਸੂਧੇ ਮਾਰਗ ਉਤੇ ਹੈ ਅਰ ਜਿਸ ਨੂੰ (ਉਹ) ਕੁਮਾਰਗੀ ਕਰੇ ਤਾਂ ਫੇਰ ਐਸੇ ਕੁਮਾਰਗੀਆਂ ਵਾਸਤੇ ਤੁਸੀਂ ਖੁਦਾ ਤੋਂ ਸਿਵਾ (ਦੂਸਰੇ) ਮਦਦਗਾਰ (ਭੀ) ਨਹੀਂ ਪਾਵੇਂਗੇ ਅਰ ਪ੍ਰਲੈ ਦੇ ਦਿਨ ਅਸੀਂ ਉਨਹਾਂ ਲੋਕਾਂ ਨੂੰ ਉਨਹਾਂ ਦੇ ਮੂੰਹ ਦੇ ਭਾਰ ਉਠਾ ਲਵਾਂਗੇ । ਅੰਨੇ ਅਰ ਗੂੰਗੇ ਅਰ ਬਹਿਰੇ ਉਨਹਾਂ ਦਾ ( ਅੰਤਿਮ ) ਅਸਥਾਨ ਨਰਕ ਜਦੋਂ ਬੁਝਣ ਉੱਤੇ ਆਵੇਗੀ ਅਸੀਂ ਉਨਹਾਂ ਦੇ ਵਾਸਤੇ ( ਉਸ ਨੂੰ ) ਹੋਰ ਅਧਿਕ ਭੜਕਾ ਦੇਵਾਂਗੇ ॥ ੯੭ ॥ ਇਹ (ਜਹੱਨਮ) ਉਨਹਾਂ ਦੀ ਸਜ਼ਾ ਹੈ ਕਿ ਉਹ ਸਾਡੀਆਂ ਆ-ਇਤਾਂ ਪਾਸੋਂ ਇਨਕਾਰ ਕੀਤਾ ਕਰਦੇ ਅਰ ਆਖਿਆ ਕਰਦੇ ਸਨ ਕਿ ਜਦੋਂ ਅਸੀਂ ( ਮਰਿਆ ਪਿਛੋਂ ਗਲ ਸੜ ਕੇ ) ਹਡੀਆਂ ਅਰ ਜ਼ਰਾ ੨ ਹੋ ਜਾਵਾਂਗੇ

Digitized by Panjab Digital Library | www.panjabdigilib.org

ਤਾਂ ਕੀ ਅਸੀਂ ਦੂਜੀ ਵਾਰੀ ਉਠਾਕੇ ਖੜੇ ਕੀਤੇ ਜਾਵਾਂਗੇ ॥ ੯੮ ॥ ਕੀ ਏਨਹਾਂ ਲੋਕਾਂ ਨੇ ਏਸ ਬਾਰਤਾ ਉਤੇ ਨਜ਼ਰ ਨਹੀਂ ਦਿਤੀ ਕਿ ਅੱਲਾ ਜਿਸ ਨੇ ਆਕਾਸ਼ ਤਥਾ ਪ੍ਰਿਥਵੀ ਨੂੰ ਉਤਪਤ ਕੀਤਾ ਹੈ ਏਸ ਬਾਰਤਾ ਉਤੇ ਭੀ ਕਾਦਰ ਹੈ ਕੇ ਏਨਹਾਂ ਵਰਗੇ (ਆਦਮੀ ਦੂਜੀ ਵੇਰੀ) ਪੈਦੋ ਕਰੇ ਅਰ ਉਸ ਨੇ ਏਨਹਾਂ ਦੇ ਵਾਸਤੇ ਇਕ ਅਵਧੀ ਨਿਯਤ ਕਰ ਰਖੀ ਹੈ ਜਿਸ ਵਿਚ ਕਿਸੇ ਪ੍ਰਕਾਰ ਦਾ ਭਰਮ ਹੀ ਨਹੀਂ ਏਸ ਥੀਂ ( ਭੀ ਇਹ ) ਜ਼ਾਲਮ ਇਨਕਾਰ ਕੀਤਿਆਂ ਬਿਨਾ ਨਾ ਰਹੇ ॥ ੯੯ ॥ (ਏਹਨਾਂ ਲੋਕਾਂ ਤਾਈਂ) ਆਖੋ ਕਿ ਯਦੀ ਮੇਰੇ ਪਰਵਰਦਿਗਾਰ ਦੇ ਰਹਿਮਤ ਦੇ ਖਜਾਨੇ ਤੁਸਾਂ ਦੇ ਅਖਤਿਆਰ ਵਿੱਚ ਹੁੰਦੇ ਤਾਂ ਖਰਚ ਹੋ ਜਾਣ ਦੇ ਡਰ ਥੀਂ ਤੁਸੀਂ (ਉਨਹਾਂ ਤਾਈਂ) ਬੰਦ ਕਰ ਰਖਦੇ ਅਰ ਪੁਰਖ ਬੜਾ ਹੀ ਤੰਗ ਦਿਲ ਹੈ ॥ ੧੦੦ ॥ ਰੁਕੂਹ ੧੧ ॥

ਅਰ ਨਿਰਸੰਦੇਹ ਅਸਾਂ ਨੇ ਮੂਸਾ ਨੂੰ ਖੁਲਮਖੁਲੇ ਨੌ ਚਮਤਕਾਰ ਦਿਤੇ ਤਾਂ (ਹੇ ਪੈਗੰਬਰ) ਬਨੀ ਅਸਰਾਈਲ ਪਾਸੋਂ ( ਭੀ ) ਪੁਛ ਵੇਖੋ ਕਿ ਜਦੋਂ ਮੂਸਾ ਬਨੀ ਅਸਰਾਈਲ ਪਾਸ ਆਏ ਤਾਂ ਫਰਾਊਨ ਨੇ ਉਨਹਾਂ ਨੂੰ ਆਖਿਆ ਕਿ ਮੂਸਾ ਮੈਂ ਤੇਰੀ ਨਿਸਬਤ(ਐਸਾ)ਖਿਆਲ ਕਰਦਾ ਹਾਂ। ਕਿ ਕਿਸੇ ਨੇ ਤੈਨੂੰ ਤੰਤ੍ਰ ਵਿਦਯਾ (ਕਰਕੇ ਉਨਮਾਦੀ ਕਰ) ਦਿਤਾ ਹੈ ॥ ੧੦੧ ॥ (ਮੂਸਾ ਨੇ) ਉੱਤਰ ਦਿਤਾ ਕਿ ਆਪ ( ਏਤਨੀ ਬਾਰਤਾ ਦਿਲ ਵਿਚ ) ਜ਼ਰੂਰ ਜਾਣ ਚੁਕੇ ਹੋ ਕਿ ਆਕਾਸ ਤਥਾ ਪ੍ਰਿਥਵੀ ਦੇ ਪਰਵਰਦਿਗਾਰ ਨੇ ਹੀ (ਇਹ ਮੋਜਜ਼ੇ) ਉਤਾਰੇ ਹਨ (ਅਰ ਲੋਕਾਂ ਦੇ ਵਾਸਤੇ ਇਹ) ਸੂਝ ਦੀਆਂ ਗੱਲਾਂ (ਹਨ) ਅਰ ਹੇ ਫਰਾਊਨ ਮੇਰਾ ਖਿਆਲ਼ ਆਪ ਦੀ ਨਿਸਬਤ ਇਹ ਹੈ ਕਿ ਆਪ ਦੀ ਸ਼ਾਮਤ ਆਈ ਹੈ ॥ ੧੦੨ ॥ ਫੇਰ ( ਫਰਾਊਨ ਨੇ ) ਇਛਾ ਕੀਤੀ ਕਿ (ਬਨੀ ਅਸਰਾਈਲ ਨੂੰ) (ਕਿਸੀ ਪ੍ਰਕਾਰ) ਦੇਸ ਵਿਚੋਂ ਪੁਟ ਸਟੀਏ ਤਾਂ ਅਸਾਂ ਨੇ ਉਸ ਨੂੰ ਅਰ ਉਸ ਦੇ ਸਭ ਸੰਗੀਆਂ ਨੂੰ ਡੋਬ ਦਿਤਾ ॥ ੧੦੩ ॥ ਅਰ ਫਰਾਊਨ ਦੇ (ਡੋਬਿਆਂ) ਪਿਛੋਂ ਅਸਾਂ ਬਨੀ ਅਸਰਾਈਲ ਨੂੰ ਆਖਿਆ ਕਿ(ਹੁਣ ਤੁਸੀਂ ਹੀ ਏਸ) ਦੇਸ ਵਿਚ ਵਸਨਾ। ਫੇਰ ਜਦੋਂ ਅੰਤ ਦੀ ਪ੍ਰਤਗਜ਼ਾ ਆ ਪ੍ਰਾਪਤ ਹੋਵੇਗੀ ਤਾਂ ਅਸੀਂ ਤੁਸਾਂ (ਸਾਰਿਆਂ)ਨੂੰ ਸਮੇਟ ਕੇ(ਆਪਣੇ ਸਨਮੁਖ)ਲਿਆ ਇਕਤ੍ਰ ਕਰਾਂਗੇ॥੧੦੪॥ਅਰ ( ਹੇ ਪੈਗੰਬਰ ) ਸਚਾਈ ਦੇ ਨਾਲ ਹੀ ਅਸਾਂ ਨੇ ਕੁਰਾਨ ਨੂੰ ਉਤਾਰਿਆ ਅਰ ਸਚਾਈ ਦੇ ਨਾਲ ਹੀ ਵੁਹ ਉਤਰਿਆ । ਅਰ ਅਸਾਂ ਨੇ ਤੁਸਾਂ ਤਾਈਂ ਬਸ (ਨੇਕਾਂ ਪੁਰਖਾਂ ਨੂੰ ਖੁਦਾ ਦੀ) ਖੁਸ਼ਨੂਦੀ ਦੀ ਖੁਸ਼ਖਬਰੀ ਦੇਣ ਵਾਲਾ ਅਰ (ਬਦਾਂ ਨੂੰ ਖੁਦਾ ਦੇ ਡਰ ਤੋਂ) ਡਰਾਉਣ ਵਾਲਾ ( ਬਣਾਕੇ) ਭੇਜਿਆ ਹੈ॥੧੦੫॥ ਅਰ ਕੁਰਾਨ ਨੂੰ ਅਸਾਂ ਨੇ ਥੋਹੜਾ ਥੋਹੜਾ ਕਰਕੇ ( ਏਸ ਭਲਾਈ ਨਾਲ ) ਉਤਾਰਿਆ ਕਿ ਤੁਸੀਂ ਠਹਿਰ ਠਹਿਰ ਕਰ ਉਸ ਨੂੰ ਲੋਕਾਂ ਤਾਈਂ ਪੜ੍ਹ ਕੇ

Digitized by Panjab Digital Library | www.panjabdigilib.org

ਸੁਣਾਉ । ਅਰ (ਏਸੇ ਭਲਾਈ ਕਰਕੇ) ਅਸਾਂ ਨੇ ਉਸ ਨੂੰ ਧੀਰੇ ਧੀਰੇ ਉਤਾਰਿਆ ਹੈ ॥ ੧੦੬ ॥ (ਹੇ ਪੈਯੰਬਰ ਏਨਹਾਂ ਲੋਕਾਂ ਤਾਈਂ) ਆਖੋ ਕਿ ਤੁਸੀਂ ਕੁਰਾਨ ਨੂੰ ਮੰਨੋਂ ਭਾਵੇਂ ਨਾ ਮੰਨੋਂ ਜਿਨਹਾਂ ਲੋਕ ਨੂੰ ਕੁਰਾਨ ਤੋਂ ਪ੍ਰਥਮ (ਆਸਮਾਨੀ ਪੁਸਤਕਾਂ ਦਾ) ਗਿਆਨ ਦਿਤਾ ਗਿਆ ਹੈ (ਉਨਹਾਂ ਦਾ ਤਾਂ ਇਹ ਹਾਲ ਹੈ ਕਿ) ਜਦੋਂ ਓਹਨਾਂ ਦੇ ਸਨਮੁਖ ਪੜ੍ਹਿਆ ਜਾਂਦਾ ਹੈ ਤਾਂ ਮੂੰਹ ਦੇ ਭਾਰ ਮਥਾ ਟੇਕਣ ਨੂੰ ਡਿਗ ਪੈਂਦੇ ਹਨ ॥੧੦੭॥ ਅਰ ਆਖਣ ਲਗ ਪੈਂਦੇ ਹਨ ਕਿ ਸਾਡਾ ਪਰਵਰਦਿਗਾਰ ਪਵਿਤ੍ਰ (ਰੂਪ) ਹੈ ਨਿਰਸੰਦੇਹ ਸਾਡੇ ਪਰਵਰਦਿਗਾਰ ਦੀ ਪਰਤਿਗਜ਼ਾ ਪੂਰੀ ਹੋਣੀ ਹੀ ਸੀ ॥ ੧੦੮ ॥ ਅਰ (ਮਥਾ ਟੇਕਣ ਨੂੰ) ਠੋਡੀਆਂ ਦੇ ਭਾਰ ਡਿਗ ਪੈਂਦੇ ਹਨ (ਅਰ ਸਾਥ ਹੀ) ਰੋਣ ਲਗ (ਜਾਂਦੇ ਹਨ) । ਅਰ ਕੁਰਾਨ ਦੇ ਕਾਰਨ ਉਨਹਾਂ ਦੀ ਆਜਜ਼ੀ (ਹੋਰ) ਅਧਿਕਤਰ ਅਧਿਕ ਹੁੰਦੀ ਜਾਂਦੀ ਹੈ ॥ ੧੦੯ ॥ (ਹੇ ਪੈਯੰਬਰ ਤੁਸੀਂ ਏਹਨਾਂ ਲੋਕਾਂ ਤਾਈਂ) ਆਖੋ ਕਿ ਤੁਸੀਂ (ਉਸ ਨੂੰ) ਅੱਲਾ (ਆਖ ਕੇ) ਕੂਕੋ ਕਿੰਵਾ ਰਹਿਮਾਨ (ਕਰਕੇ) ਪੁਕਾਰੋ ਜਿਸ (ਨਾਮ) ਕਰਕੇ ਭੀ ਪੁਕਾਰੋ ਤਾਂ ਉਸਦੇ ਸੰਪੂਰਨ (ਨਾਮ) ਉੱਤਮ (ਤੋਂ ਹੀ ਉੱਤਮ) ਹਨ । ਅਰ (ਹੇ ਪੈਯੰਬਰ) ਤੂੰ ਆਪਣੀ ਨਮਾਜ਼ ਨਾ ਤਾਂ ਉੱਚੀ ਸੁਰ ਵਿਚ ਹੀ ਪੜ੍ਹੋ ਅਰ ਨਾ ਉਸ ਨੂੰ ਬਿਲਕੁਲ ਨੀਵੀਂ ਸੁਰ ਵਿਚ ਹੀ ਪੜ੍ਹੋ ਬਲਕਿ ਏਹਨਾਂ (ਦੋਨਾਂ) ਦੇ ਵਿਚਕਾਰ (ਸੂਰਤਾ ਸਵਰ ਦਾ) ਮਾਰਗ ਅਖਤਿਆਰ ਕਰ ਲਵੋ ॥ ੧੧੦ ॥ ਅਰ ਆਖੋ ਕਿ ਸਰਬ ਪ੍ਰਕਾਰ ਦੀ ਉਸਤਤੀ ਖੁਦਾ ਨੂੰ ਹੀ (ਯੋਗ) ਹੈ ਜੋ ਨਾ ਤਾਂ ਔਲਾਦ ਹੀ ਰਖਦਾ ਹੈ ਅਰ ਨਾ (ਦੋਨਾਂ ਜਹਾਨਾਂ ਦੀ) ਬਾਦਸ਼ਾਹਤ ਵਿਚ ਉਸ ਦਾ ਕੋਈ ਸਾਂਝੀ ਹੈ ਅਰ ਨਾ ਏਸ ਕਾਰਨ ਕਿ ਨਿਰਬਲ ਹੈ ਕੋਈ ਉਸ ਦਾ ਸਹਾਇਕ ਹੈ ਅਰ ਉਸ ਦੀਆਂ ਹੀ ਉਸਤਤੀਆਂ ਕਰਦੇ ਰਹਿਆ ਕਰੋ ॥ ੧੧੧ ॥ ਰੁਕੂਹ ੧੨ ॥

# ਸੂਰਤ ਕਹਫ ਮੱਕੇ ਵਿਚ ਉਤਰੀ ਅਰ ਏਸ ਦੀਆਂ ਇਕ ਸੌ ਦਸ ਆਯਤਾਂ ਅਰ ਬਾਰਾਂ ਰੁਕੂਹ ਹਨ॥

(ਪ੍ਰਾਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕ੍ਰਿਪਾਲੂ (ਹੈ) ਸਰਬ ਪਰਕਾਰ ਦੀ ਉਸਤੁਤੀ ਖੁਦਾ ਨੂੰ ਹੀ (ਯੋਗ) ਹੈ ਜਿਸ ਨੇ ਆਪਣੇ ਬੰਦੇ (ਮੁਹੰਮਦ) ਉਤੇ ਕੁਰਾਨ ਉਤਾਰਿਆ ਅਰ ਇਸ ਵਿਚ (ਕਿਸੇ ਪ੍ਰਕਾਰ ਦੀ) ਕਜੀ (ਅਰਥਾਤ ਨਜੂਨਾਦਿਕਤਾਈ) ਨਾ ਲਗੀ ਰਹਿਣ ਦਿਤੀ ॥ ੧ ॥ ਅਤੀਵ ਸੁਧੀ ਸੀ ਬਾਰਤਾ ਹੈ ਤਾ ਕਿ ਖੁਦਾ ਦੇ ਪਾਸਿਓਂ (ਜੋ) ਕਰੜਾ ਕਸ਼ਟ (ਕਾਫਰਾਂ ਉਤੇ ਪ੍ਰਾਪਤ ਹੋਣ ਵਾਲਾ ਹੈ ਲੋਕਾਂ ਨੂੰ ਉਸ) ਤੋਂ ਡਰਾਵੇ

Digitized by Panjab Digital Library | www.panjabdigilib.org

ਅਰ ਜੋ ਈਮਾਨ ਵਾਲੇ ਹਨ (ਅਰ) ਸ਼ੁਭ ਕਰਮ ਕਰਦੇ ਹਨ ਉਨਹਾਂ ਨੂੰ ਏਸ ਬਾਰਤਾ ਦੀ ਖੁਸ਼ਖਬਰੀ ਦੇਵੇ ਕਿ ਉਨਹਾਂ ਤਾਈਂ (ਖੁਦਾ ਪਾਸੋਂ ਬੜਾ) ਉੱਤਮ ਫਲ (ਮਿਲਨੇ ਵਾਲਾ) ਹੈ ॥੨॥ (ਅਰਥਾਤ ਸਵਰਗ) ਜਿਸ ਵਿਚ ਉਹ ਸਦੈਵ ੨ ਰਹਿਣਗੇ ॥ ੩ ॥ ਅਰ ਹੋਰ ਉਨਹਾਂ ਲੋਕਾਂ ਨੂੰ (ਖੁਦਾਈ ਕਸ਼ਟ ਤੋਂ) ਡਰਾਵੇ ਜੋ ਆਖਦੇ ਹਨ ਕਿ ਖੁਦਾ ਸੰਤਾਨ ਰਖਦਾ ਹੈ ॥ ੪ ॥ ਤਾਂ ਨਾਂ ਏਹਨਾਂ ਨੂੰ ਹੀ ਏਸ ( ਬਾਰਤਾ ) ਦੀ ਕੋਈ ਤਹਿਕੀਕ ਹੈ। ਅਰ ਨਾ ਹੀ ਏਹਨਾਂ ਦੇ ਵਡਿਆਂ ਨੂੰ ਹੀ (ਸੀ) ਬੜੀ ਹੀ (ਕਰੜੀ) ਬਾਰਤਾ ਹੈ ਜੋ ਏਹਨਾਂ ਦੇ ਮੂੰਹ ਤੋਂ ਨਿਕਲਦੀ ਹੈ ਨਿਰਾ ਪੁਰਾ ਹੀ ਝੂਠ ਬਕਦੇ ਹਨ ॥ ੫ ॥ ( ਤਾਂ ਹੇ ਪੈਯੰਬਰ ) ਯਦੀ (ਇਹ ਲੋਕ ਤੁਸਾਂ ਦੀ ) ਇਸ ਬਾਰਤਾ ਨੂੰ ਨਾ ਮੰਨਣ ਤਾਂ ਸ਼ਾਇਦ ਤੁਸੀਂ ਮਾਰੇ ਅਫਸੋਸ ਦੇ ਇਨਹਾਂ ਦੇ ਪਿਛੇ ਆਪਣੀ ਜਿੰਦੜੀ ਗਵਾ ਬੈਠੋਗੇ ॥੬॥ ਜੋ (ਕੁਛ) ਪ੍ਰਿਥਵੀ ( ਮਾਤ੍ਰ ) ਉਤੇ ਹੈ ਅਸਾਂ ਨੇ ਉਸ ਨੂੰ ਪ੍ਰਿਥਵੀ (ਮਾਤ੍ਰ ) ਦੀ ਰੌਣਕ (ਦਾ ਕਾਰਨ) ਬਣਾਇਆ ਹੈ। ਤਾ ਕਿ ਲੋਕਾਂ ਨੂੰ ਅਜ਼ਮਾਈਏ ਕਿ ਇਨਹਾਂ ਵਿਚੋਂ ਕੌਣ ਸ਼ੁਭ ਕਰਮ ਕਰਦਾ ਹੈ॥ ੭ ॥ ਅਰ (ਫੇਰ ਇਕ ਦਿਨ ) ਅਸੀਂ ਸੰਪੂਰਨ ਵਸਤੂਆਂ ਨੂੰ ਜੋ ਪ੍ਰਿਥਵੀ ( ਮਾਤ੍ਰ ) ਉਤੇ ਹਨ (ਨਿਸ਼ਟ ਕਰਕੇ ਪ੍ਰਿਥਵੀ ਨੂੰ) ਰੜਾ ਮੈਦਾਨ ਬਣਾ ਦੇਵਾਂਗੇ ॥ ੮ ॥ (ਹੇ ਪੈਯੰਬਰ) ਕੀ ਤੁਸੀਂ ਐਸਾ ਖਿਆਲ ਕਰਦੇ ਹੋ ਕਿ ਕੰਦ੍ਰਾ ਅਰ ਕੁਤਬੇ ਵਾਲੇ ( ਅਰਥਾਤ ਅਸਹਾਬਿ ਕਾਹਫ) ਸਾਡੀ (ਕੁਦਰਤ ਦੀ) ਨਿਸ਼ਾਨੀਆਂ ਵਿਚੋਂ (ਇਕ) ਅਸਚਰਜ (ਨਿਸ਼ਾਨੀ) ਸੀ ॥ ੯ ॥ ਕਿ ਇਕ ਸਮੇਂ ਥੋਹੜੇ ਸੇ ਜੁਆਨ ਕੰਦਰਾ ਵਿਚ ਜਾ ਬੈਠੇ ਅਰ ਦੁਆ ਕੀਤੀ ਕਿ ਹੇ ਸਾਡੇ ਪਰਵਰਦਿਗਾਰ ਸਾਡੇ ਉਤੇ ਆਪਣੇ ਵਲੋਂ ਰਹਿਮਤ ਨਾਜ਼ਲ ਕਰ ਅਰ ਸਾਡੇ ( ਏਸ ) ਇਰਾਦੇ ਦੀ ਸਫਲਤਾ ( ਦੇ ਸਾਮਾਨ ) ਇਕੱਤ੍ਰ ਕਰ ॥੧੦॥ ਏਸ ਦੇ ਪਿਛੋਂ ਕਈ ਬਰਸਾਂ ਦੇ ਵਾਸਤੇ ਕੰਦਰਾਂ ਵਿਚ ਅਸਾਂ ਨੇ ਉਨਹਾਂ ਦੇ ਕੰਨ ਥਾਪੜ ਦਿਤੇ (ਅਰਥਾਤ ਉਨਹਾਂ ਨੂੰ ਸੁਲਾ ਦਿਤਾ ) ॥ ੧੧ ॥ ਫੇਰ ਅਸਾਂ ਨੇ ਉਨਹਾਂ ਨੂੰ (ਜਗਾ) ਉਠਾਇਆ ਤਾ ਕਿ ਅਸੀਂ ਦੇਖ ਲਵੀਏ ਕਿ ਦੋ ਟੋਲਿਆਂ ਵਿਚੋਂ ਕੌਣ ਸੇ ( ਟੋਲੇ ) ਨੂੰ (ਕੰਦਰਾ ਵਿਚ) ਠਹਿਰਨ ਦੀ ਮੁਦਤ ਭਲੀ ਪ੍ਰਕਾਰ ਯਾਦ ਹੈ ॥ ੧੨ ॥ਰੁਕੂਹ ੧॥

( ਹੇ ਪੈਯੰਬਰ ) ਅਸੀ ( ਹੁਣ ) ਉਨਹਾਂ ਦਾ ਹਾਲ ਠੀਕ ੨ ਤੁਸਾਂ ਪਾਸ ਵਰਣਨ ਕਰਦੇਹਾਂ। ਕਿ ਉਹ ਥੋਹੜੇਸੇ ਜੁਆਨਸਨ ਜੋ ਆਪਣੇ ਪਰਵਰਦਿਗਾਰ ਉਤੇ ਈਮਾਨ ਧਾਰ ਬੈਠੇ ਅਰ ( ਰੋਜ਼ ਬਰੋਜ਼ ) ਅਸੀਂ ਉਨਹਾਂ ਨੂੰ ਅਧਿਕ ਨਾਲੋਂ ਅਧਿਕ ਹੀ ਸਿਖਯਾ ਦੇਂਦੇ ਗਏ ॥ ੧੩ ॥ ਅਰ ਅਸਾਂ ਨੇ ਉਨਹਾਂ ਦੇ ਦਿਲਾਂ ਉਤੇ ( ਭਰੋਸੇ ) ਦੀ ਗੰਢ ਪਾ ਦਿਤੀ ਕਿ ਜਦੋਂ ( ਉਹ ) ਉਠ ਖਲੋਤੇ ਅਰ ਬੋਲ ਉਠੇ ਕਿ ਸਾਡਾ ਪਰਵਰਦਿਗਾਰ ( ਤਾਂ ਵਹੀ ਹੈ ਜੋ ) ਪ੍ਰਿਥਵੀ

Digitized by Panjab Digital Library | www.panjabdigilib.org

ਅਕਾਸ਼ ਦਾ ਪਰਵਰਦਿਗਾਰ ਹੈ । ਅਸੀਂ ਤਾਂ ਉਸਦੇ ਸਿਵਾ ( ਆਪਣੀ ਹਾਜਤ ਰਵਾਈ ਦੇ ਵਾਸਤੇ ) ਕਿਸੇ ( ਦੂਸਰੇ ) ਮਾਬੂਦ ਨੂੰ ਪੁਕਾਰਨੇ ਵਾਲੇ ਤਾਂ ਹਾਂ ਨਹੀਂ ਯਦੀ ਅਸੀਂ ਐਸਾ ਕਰੀਏ ਤਾਂ ਅਸਾਂ ਨੇ ਬੜੀ ਹੀ ਅਯੋਗ ਬਾਰਤਾ ਆਖੀ ॥ ੧੪ ॥ ਇਹ ਸਾਡੀ ਜਾਤੀ ( ਦੇ ਲੋਕ ) ਹਨ ਜਿਨਹਾਂ ਨੇ ਖੁਦਾ ਦੇ ਸਿਵਾ (ਅਨਜ ੨) ਮਾਬੂਦ ਅਖਤਿਆਰ ਕਰ ਰਖੇ ਹਨ ਏਹਨਾਂ ( ਦੇ ਮਾਬੂਦ ਹੋਣ ) ਦੀ ਕੋਈ ਸਨਦ ਖੁਲਮਖੁਲੀ ਕਿਉਂ ਨਹੀਂ ਪੇਸ਼ ਕਰਦੇ ਤਾਂ ਜੋ ਪੁਰਖ ਖੁਦਾ ਉਤੇ ਝੂਠ ਥਪੇ ਓਸ ਨਾਲੋਂ ਵਧਕੇ ਜ਼ਾਲਿਮ ਹੋਰ ਕੌਣ ਹੈ? ॥ ੧੫ ॥ ਅਰ ਜਦੋਂ ਤੁਸਾਂ ਨੇ ਆਪਣੀ ਜਾਤੀ ਦੇ ਲੋਕਾਂ ਨੂੰ ਅਰ ਖੁਦਾ ਤੋਂ ਸਿਵਾ ਜਿਨਹਾਂ (ਮਾਬੂਦਾਂ) ਦੀ ਇਹ ਲੋਕ ਪੂਜਾ ਕਰਦੇ ਹਨ ਉਨਹਾਂ ਪਾਸੋਂ ਅਲਗ ਥਲਗ ਹੋ ਗਏ ਤਾਂ ( ਚਲੋ ਫਲਾਣੀ ) ਕੰਦਰਾ ਵਿਚ ਚਲ ਬੈਠੋ । ਤੁਸਾਂ ਦਾ ਪਰਵਰਦਿਗਾਰ ਆਪਣੀ ਰਹਿਮਤ ( ਦਾ ਸਾਇਆ ) ਤੁਸਾਂ ਉੱਤੇ ਫੈਲਾ ਦੇਵੇਗਾ ਅਰ ਤੁਸਾਂ ਦੇ ਇਸ ਸੰਕਲਪ ਵਿਚ ਆਰਾਮ ਦੇ ਸਾਮਾਨ ਪਰਵਾਨ ਕਰੇਗਾ ॥ ੧੬ ॥ ( ਐ ਸ੍ਰੋਤਾ ) ਜਦੋਂ ਸੂਰਜ ਨਿਕਲੇ ਤੋ ਤੂੰ ਦੇਖੇਂਗਾ ਕਿ ਉਹ ਉਨਹਾਂ ਦੀ ਗਾਰ (ਕੰਦਰਾ) ਪਾਸੋਂ ਸਜੇ ਪਾਸੇ ਨੂੰ ਬਚਾਯਾ ਹੋਯਾ ਰਹਿੰਦਾ ਹੈ ਅਰ ਜਦੋਂ ਡੁਬਦਾ ਹੈ ਤਾਂ ਉਨਹਾਂ ਦੇ ਖਬੇ ਪਾਸਿਓਂ ਦੀ ਕਤਰਾ ਜਾਂਦਾ ਹੈ । ਅਰ ਉਹ ਗਾਰ ਦੇ ਅੰਦਰ ਬੜੀ ਕੁਸ਼ਾਦਾ ਜਗਹਾਂ ਵਿਚ ( ਮਜ਼ੇ ਦੇ ਨਾਲ ਛਾਇਆ ਤਲੇ ਲੇਟੇ) ਹਨ ਇਹ (ਭੀ) ਖੁਦਾ ਦੀ (ਕੁਦਰਤ ਦੀਆਂ) ਨਿਸ਼ਾਨੀਆਂ ਵਿਚੋਂ( ਇਕ ਨਿਸ਼ਾਨੀ ) ਹੈ । ਜਿਸ ਨੂੰ ਖੁਦਾ ਸਿਛਾ ਦੇਵੇ ਵਹੀ ਸੂਧੇ ਮਾਰਗ ਉਤੇ ਹੈ ਅਰ ਜਿਸਨੂੰ ਉਹ ਗੁਮਰਾਹ ਕਰੇ ਤਾਂ (ਐ ਪੈਯੰਬਰ) ਕੋਈ ਉਸਦਾ ਕਾਰਸਾਜ਼ ਰਾਹ ਦਿਖਲਾਵਣ ਵਾਲਾ ਨਾ ਪਾਓਗੇ ॥ ੧੭ ॥ ਰੁਕੂਹ ੨ ॥

ਅਰ ਤੂੰ ਓਹਨਾਂ ਨੂੰ ਸਮਝਿਆ ਕਿ ਜਾਗਦੇ ਹਨ ਹਾਲਾਂ ਕਿ ਉਹ ਸੌਂਦੇ ਹਨ ਅਰ ਅਸੀਂ ਸਜੇ ਪਾਸੇ ਅਰ ਖਬੇ ਪਾਸੇ ਨੂੰ ਉਨਹਾਂ ਦੀਆਂ ਕਰਵਟਾਂ ਬਦਲਵਾਂਦੇ ਜਾਂਦੇ ਹਾਂ ਅਰ ਉਨਹਾਂ ਦਾ (ਇਕ) ਕੁਤਾ ( ਭੀ ਹੈ ਜੋ ) ਚੌਗਾਠ ਉਤੇ ਆਪਣੇ ਦੋਵੇਂ ਹੱਥ ਫੈਲਾਈ (ਬੈਠਾ) ਹੈ ਯਦੀ ਤੂੰ ਉਨਹਾਂ ਲੋਕਾਂ ਨੂੰ ( ਏਸ ਹਾਲਤ ਵਿਚ ਉਪਰੋਂ ) ਤੇੜੀ ਝਾਕ ਕੇ ਵੇਖੇਂ ਤਾਂ ਜ਼ਰੂਰ ਪਿੱਛਲੀ ਪੈਰੀਂ ਭਜ ਖਲੋਵੇਂ ਅਰ ਉਨਹਾਂ ( ਦੀ ਉਸ ਵੇਲੇ ਦੀ ਸੂਰਤ ਵੇਖਕੇ ) ਤੈਨੂੰ ਭੈ ਆ ਜਾਵੇ ॥ ੧੮ ॥ ਅਰ ਉਸੇ ਪ੍ਰਕਾਰ ਅਸਾਂ ਨੇ ਉਨਹਾਂ ਨੂੰ ( ਆਪਣੀ ਕੁਦਰਤ ਨਾਲ ਜਗਾ ਭੀ ) ਲੀਤਾ ਤਾ ਕਿ ਆਪਸ ਵਿਚ ਪੁਛ ਗਿਛ ਕਰ ਲੈਣ ( ਅਤਏਵ ) ਉਨਹਾਂ ਵਿਚੋਂ ਇਕ ਬੋਲਣ ਵਾਲਾ ਬੋਲ ਉਠਿਆ ਭਲਾ ( ਭਈ ) ਕਿਤਨਾਕੁ ਚਿਰ ( ਏਸ ਕੰਦਰਾ ਵਿਚ ) ਨਿਵਾਸ ਕੀਤਾ ਹੋਵੇਗਾ ਉਹ ਬੋਲੇ ਅਸੀਂ (ਬਹੁਤ) ਰਹੇ (ਹੋਵਾਂਗੇ ਤਾਂ) ਇਕ ਦਿਨ ਕਿੰਵਾ ਇਤ੍ਰ ਦਿਨ ਨਾਲੋਂ ਭੀ ਨਜ਼ੂਨ ( ਅੰਤ ਨੂੰ ਹਾਰ

Digitized by Panjab Digital Library | www.panjabdigilib.org

ਕੇ ਸਾਰੇ ) ਬੋਲ ਉਠੇ ਕਿ ਜਿਤਨਾ ਚਿਰ ਤੁਸੀਂ (ਕੰਦਰਾ ਵਿਚ) ਨਿਵਾਸ ਕੀਤ ਤੁਸਾਂ ਦਾ ਪਰਵਰਦਿਗਾਰ ਹੀ ਉਸਨੂੰ ਭਲੀ ਪ੍ਰਕਾਰ ਜਾਣਦਾ ਹੈ ਤਾਂ ( ਹੁਣ ) ਆਪਣੇ ਵਿਚੋਂ ਇਕ ਨੂੰ ਆਪਣਾ ਇਹ ਰੁਪਯਾ ਦੇ ਕੇ ਸ਼ਹਿਰ ਵੱਲ ਭੇਜੋ ਕਿ ਵੁਹ ( ਜਾ ਕੇ ਵੇਖੇ) ਕਿ ਕਿਸ ਪਾਸੋਂ ਸਵਛ ਪ੍ਰਸ਼ਾਦਿ (ਮਿਲ ਸਕਦਾ)ਹੈ ਤਾਂ ਓਸ ਵਿਚੋਂ ( ਜਿਤਨੀ ਲੋੜ ਹੋਵੇ ) ਖਾਣਾ ਤੁਸਾਂ ਪਾਸ ਲੈ ਆਵੇ ਅਰ ਚੁਪ ਕੀਤਾ ਹੀ ਲੈ ਕੇ ਚਲਾ ਆਵੇ ਅਰ ਕਿਸੇ ਤਾਈਂ ਤੁਸਾਂ ਦੀ ਖਬਰ ਨਾਂ ਹੋਣ ਦੇਵੇ ॥੧੯॥ ਕਾਹੇ ਤੇ ਯਦੀ (ਤੁਸਾਂ ਦੀ ਜਾਤੀ ਦੇ ) ਲੋਕਾਂ ਨੂੰ ਤੁਸਾਂ ਦੀ ਖਬਰ ਲਗ ਜਾਵੇਗੀ ਤਾਂ (ਆਣ ਕੇ) ਤੁਸਾਂ ਉਤੇ ਪਥਰਾਂ ਦੀ ਬਰਖਾ ਕਰਨਗੇ ਕਿੰਵਾ ਤੁਸਾਂ ਨੂੰ ਉਲਟਾ ਕੇ ਫੇਰ ਆਪਣੇ ਦੀਨ ਵਿਚ ਕਰ ਲੈਣਗੇ ਅਰ ਐਸੇ ਹੋ ਗਇਆ ਤਾਂ ਫੇਰ ਤੁਸਾਂ ਦੀ ਕਦਾਪੀ ਰਿਧੀ ਸਿਧੀ ਨਹੀਂ ਹੋਣੀ।੨੦।ਅਰਇਸੀ ਪਰਕਾਰ ਅਸਾਂ ਨੇ (ਉਨਹਾਂ ਦੀ ਜਾਤੀ ਦੇ ਪੁਰਖਾਂ ਨੂੰ) ਉਨ੍ਹਾਂ ਉਤੇ ਖਬਰ-ਦਾਰ ਕਰ ਦਿਤਾ ਤਾ ਕਿ ( ਲੋਕੀ ) ਜਾਨ ਲੈਣ ਕਿ ਅੱਲਾ ਦੀ ਪਰਤਿਗਜਾ ਸਚੀ ਹੈ ਅਰ ਇਹ ਕਿ ਪ੍ਰਲੈ ( ਦੇ ਆਉਣ ) ਵਿਚ ਕੋਈ ਭੀ ਭ੍ਰਮ ਨਹੀਂ ਹੁਣ ਖਬਰ ਹੋਇਆਂ ਪਿਛੋਂ ਲੋਕ ਓਹਨਾਂ ਦੇ ਬਾਰੇ ਵਿਚ ਲਗੇ ਆਪਸ ਵਿਚ ਝਗੜਾ ਕਰਨ ਤਾਂ ਕਈ ਪੁਰਖਾਂ ਆਖਿਆ ਕਿ ਇਸਹਾਬਕਹਫ ( ਦੇ ਸੌਣ ਦੀ ਜਗਹ) ਉਤੇ ਇਕ ਇਮਾਰਤ ਬਣਾ ਕੇ ਖੜੀ ਕਰੋ ਅਰ ਏਨਹਾਂ ਦੇ (ਅਧਿਕਤਰ)ਹਾਲ ਨੂੰ ਏਨਹਾਂ ਦਾ ਪਰਵਰਦਿਗਾਰ ਹੀ ਖੂਬ ਜਾਣਦਾ ਹੈ । ਅਰ ਏਨਹਾਂ ਦੇ ਬਾਰੇ ਵਿਚ ਜਿਨਹਾਂ ਦੀ ਰਾਇ ਪ੍ਰਬਲ ਆਈ ਉਨਹਾਂ ਨੇ ਆਖਿਆ ਅਸੀਂ ਤਾਂ ਏਹਨਾਂ ( ਦੇ ਸੌਣ ਵਾਲੀ ਜਗਹਾਂ ) ਉਤੇ ਇਕ ਮਸਜਦ ਬਣਾਵਾਂਗੇ ॥ ੨੧ ॥ (ਕਈਕੁ ਤਾਂ) ਆਖਦੇ ਹਨ ਕਿ (ਅਸਹਾਬਿਕਹਫ) ਤਿੰਨ ਸਨ ਚੌਥਾ ਓਹਨਾਂ ਦਾ ਕੁਤਾ ਅਰ (ਕਈਕੁ) ਆਖਦੇ ਹਨ ਪੰਜ ਸਨ ਛੇਵਾਂ ਉਨਹਾਂ ਦਾ ਕੁਤਾ ( ਇਕ ਸੰਪੂਰਨ ) ਗੁਪਤ ਗਲਾਂ ਵਿਚ ਅਟਕਲ (ਪਚੂ ਦੇ ਤੁਕੇ) ਪਏ ਮਾਰਦੇ ਹਨ ਅਰ ( ਹਾਂ ਕਈਕੁ ) ਆਖਦੇ ਹਨ ਕਿ ਸੱਤ ਸਨ ਅਰ ਅਠਵਾਂ ਓਹਨਾਂ ਦਾ ਕੁਤਾ ( ਹੇ ਪੈਯੰਬਰ ਏਹਨਾਂ ਲੋਕਾਂ ਤਾਈਂ ) ਆਖੋ ਕਿ ਏਹਨਾਂ ਦੀ ਗਿਣਤੀ ਨੂੰ ਮੇਰਾ ਪਰਵਰਦਿਗਾਰ ਹੀ ਖੂਬ ਜਾਣਦਾ ਹੈ। ਏਹਨਾਂ ( ਦੀ ਅਸਲੀ ਗਿਣਤੀ) ਨੂੰ ਬਹੁਤ ਹੀ ਥੋਹੜੇ ( ਲੋਕ ) ਜਾਣਦੇ ਹਨ ॥ ੨੧ ॥ ( ਤਾਂ ਹੇ ਪੈਯੰਬਰ ) ਇਸਹਾਬ ਕਹਫ ਦੇ ਬਾਰੇ ਵਿਚ (ਲੋਕਾਂ ਨਾਲ ਕੋਈ) ਬਾਦ ਬਿਬਾਦ ਨਾ ਕਰੋ ਪਰੰਤੂ ਸੁਭਾਵਿਕ ਕੋਈ ਝਗੜਾ (. ਹੋਵੇ ਤਾਂ ਕੋਈ ਡਰ ਨਹੀਂ ) ਅਰ ਇਸਹਾਬਕਹਫ ਦੇ ਬਾਰੇ ਵਿਚ ਏਹਨਾਂ ਵਿਚੋਂ ਕਿਸੇ ਪਾਸੋਂ ਪੁਛ ਗਿਛ ( ਭੀ ) ਨਾ ਕਰੋ ॥ ੨੨ ॥ ਰੁਕੂਹ ੩ ॥

ਅਰ ਕਿਸੇ ਵਸਤੂ ਦੀ ਨਿਸਬਤ (ਇਹ) ਨਾਂ ਆਖਿਆ ਕਰੋ ਕਿ ਮੈਂ ਇਸ

Digitized by Panjab Digital Library | www.panjabdigilib.org

(ਕੰਮ)ਨੂੰ ਕੱਲ ਕਰ ਲਵਾਂਗਾ ॥੨੩॥ਪਰੰਤੂ (ਹਾਂ ਇਸ ਪ੍ਰਕਾਰ ਆਖਿਆ ਕਰੋ ਕਿ)ਪਰਮੇਸ਼ੁਰ ਦੀ ਇਛਾ ਹੋਈ ਤਾਂ(ਇਸ ਕੰਮ ਨੂੰ ਕੱਲ੍ਹ ਕਰ ਦੇਵਾਂਗੇ)ਅਰ ਯਦੀ ( ਇਨਸ਼ਾਇ ਅੱਲਾ ਆਖਣਾ) ਕਦੀ ਭੁਲ ਜਾਇਆ ਕਰੋ ਤਾਂ (ਜਦੋਂ ਯਾਦ ਆ ਜਾਏ ਇਨਸ਼ਾਇ ਅੱਲਾ ਆਖਣ ਨਾਲ ) ਆਪਣੇ ਪਰਵਰਦਿਗਾਰ ਨੂੰ ਯਾਦ ਕਰ ਲੀਤਾ ਕਰੋ ਅਰ ਆਖ ਦੇਵੇ ਕਿ ਉਮੈਦ ਹੈ ਕਿ ਮੇਰਾ ਪਰਵਰਦਿਗਾਰ ਏਸ ਨਾਲੋਂ ਅਧਿਕ ਰਾਹ ਦਾ ਪਾਸਾ ਮੇਰੇ ਤਾਈਂ ਬਤਾਵੇ ॥ ੨੪ ॥ ਅਰ ( ਇਸਹਾਬ ਕਹਫ ) ਆਪਣੀ ਕੰਦਰਾ ਵਿਚ ਤਿੰਨ ਸੌ ਬਰਸ ਰਹੇ ਅਰ ਨੌ ( ਬਰਸ ਉਸ ਦੇ ਉਤੇ ) ਹੋਰ ਰਹੇ ॥ ੨੫ ॥ (ਤਾਂ ਏਨਹਾਂ ਤਾਈਂ) ਆਖੋ ਕਿ ਜਿਤਨਾ ਚਿਰ ( ਇਸਹਾਬ ਕਹਫ ) ਕੰਦਰਾ ਵਿਚ ਰਹੇ ਅੱਲਾ ( ਤੁਸਾਂ ਨਾਲੋਂ ) ਭਲੀ ਪ੍ਰਕਾਰ ਜਾਣਦਾ ਹੈ ਪ੍ਰਿਥਵੀ ਅਕਾਸ਼ ਦੀ ਗੁਪਤ(ਵਿਦਜਾ) ਓਸੇ ਨੂੰ ਹੀ ਹੈ (ਧਨ ਵਾਹਿਗੁਰੂ) ਕਿਆ ਹੀ ਦੇਖਣ ਵਾਲਾ ਅਰ ਕਿਆ ਹੀ ਸੁਣਨੇ ਵਾਲਾ ਹੈ ਉਸ ਦੇ ਸਿਵਾ ਲੋਕਾਂ ਦਾ ਕੋਈ ਕਾਰਸਾਜ਼ ਨਹੀਂ ਅਰ ਨਾ ਹੀ ਉਹ ਆਪਣੇ ਹੁਕਮ ਵਿਚ ਕਿਸੇ ਨੂੰ ਸ਼ਰੀਕ ਹੀ ਕਰਦਾ ਹੈ ॥ ੨੬ ॥ ਅਰ ਤੁਹਾਡੇ ਪਰਵਰਦਿਗਾਰ ਦੀ ਕਿਤਾਬ ਜੋ ਵਹੀ (ਆਕਾਸ਼ ਬਾਣੀ) ਦਵਾਰਾ ਤੁਸਾਂ ਪਾਸ ਪ੍ਰਾਪਤ ਹੋਈ ਹੈ ਉਸ ਨੂੰ ਪੜ੍ਹਦੇ ਹੀ ਰਿਹਾ ਕਰੋ ਉਸਦੀਆਂ ਗੱਲਾਂ ਨੂੰ ਕੋਈ ਬਦਲ ਨਹੀਂ ਸਕਦਾ ਅਰ ਉਸ ਦੇ ਸਿਵਾ ਤੁਸਾਂ ਦਾ ਆਸਰਾ ਭੀ ਕੋਈ ਨਹੀਂ ॥ ੨੭॥ਅਰ ਜੋ ਲਕ ਸਾਯੰ ਪ੍ਰਾਤ ਆਪਣੇ ਪਰਵਰਦਿਗਾਰ ਦੀ ਯਾਦ ਕਰਦੇ(ਅਰ) ਉਸੇ ਦੀ ਰਜਾਮੰਦੀ ਚਾਹੁੰਦੇ ਹਨ ਉਨਹਾਂ ਦੇ ਨਾਲ (ਰਹਿਣ ਵਾਸਤੇ) ਆਪਣੇ ਆਪ ਨੂੰ ਮਜਬੂਰ ਕਰੋ ਅਰ ਤੁਹਾਡੀ ( ਦਿਆਲਤਾ ਦੀ ) ਦ੍ਰਿਸ਼ਟੀ ਉਨਹਾਂ ਉਤੋਂ (ਕਦਾਪਿ)ਹਟਨੀ ਨਾ ਪਾਵੇ ਕਿ ਸੰਸਾਰਕ ਜੀਵਨ ਦੇ ਸਾਜੇ ਸਮਾਨ (ਸਾਮਗਰੀ) ਦਾ ਪਾਸ ਕਰਨੇ ਲਗ ਜਾਓ ਅਰ ਐਸੇ ਪੁਰਖ ਦੇ ਕਦਾਪਿ ਆਖੇ ਨਾ ਲਗਣਾ ਜਿਸ ਦੇ ਦਿਲ ਨੂੰ ਅਸਾਂ ਆਪਣੀ ਯਾਦਗੀਰੀ ਤੋਂ ਗਾਫਿਲ ਕਰ ਦਿਤਾ ਹੈ ਅਰ ਉਹ ਆਪਣਿਆਂ ਮਨੋਰਥਾਂ ਦੇ ਪਿਛੇ ਲਗਾ ਫਿਰਦਾ ਹੈ ਅਰ ਓਸ ਦੀ ਪਰਬ੍ਰਿਤੀ ਸੀਮਾਂ ਤੋਂ ਉਲੰਘਣ ਕਰ ਗਈ ਹੈ ॥੨੮॥ ਅਰ(ਇਹਨਾਂ ਨੂੰ) ਆਖੋ (ਕਿ ਇਹ ਕੁਰਾਨ)ਸਚ ਮੁਚ ਤੁਸਾਂ ਦੇ ਪਰਵਰਦਿਗਾਰ ਦੇ ਪਾਸੋਂ (ਹੀ ਉਤਰਿਆ) ਹੈ ਫੇਰ ਜਿਸ ਦਾ ਚਿਤ ਚਾਹੇ ਮੰਨੇ ਜਿਸ ਦਾ ਚਿਤ ਚਾਹੇ ਨ ਮੰਨੇ । ( ਪਰੰਤੂ ਮੁਨਕਰਾਂ ਵਾਸਤੇ) ਤਾਂ ਅਸਾਂ ਨੇ ਐਸੀ ਅਗਨੀ ਤਿਆਰ ਕਰ ਰਖੀ ਹੈ ਜਿਸ ਦੀਆਂ ਲਾਟਾਂ ਉਨਹਾਂ ਨੂੰ ਚੁਫੇਰਿਓਂ ਘੇਰ ਲੈਣਗੀਆਂ । ਅਰ ਫਰਿਆਦਾਂ ਕਰਣਗੇ ਤਾਂ (ਜਿਸ) ਪਾਣੀ ਨਾਲ ਓਹਨਾਂ ਦੀ ਫਰਿਆਦ ਮੰਨੀ ਜਾਵੇਗੀ (ਉਹ ਪਾਣੀ ਏਤਨਾ ਗਰਮ ਹੋਵੇਗਾ) ਕਿ ਜੈਸਾ ਪੰਘਰਿਆ ਹੋਇਆ ਤਾਂਬਾ ( ਅਰ ) ਉਹ ਮੂੰਹਾਂ ਨੂੰ ਸਾੜ ਸੁਟੇਗਾ । ( ਕੈਸਾ ਹੀ ) ਬੁਰਾ ਪਾਣੀ ਹੈ ਅਰ ( ਨਰਕ ਭੀ ) ਸੁਖ ਅਰਾਮ ਦੇ

Digitized by Panjab Digital Library | www.panjabdigilib.org

ਇਤਬਾਰ ਨਾਲ ਕੈਸਾ ਹੀ ਬੁਰਾ ਅਸਥਾਨ ਹੈ ॥ ੨੯ ॥ ਨਿਰਸੰਦੇਹ ਜੋ ਪੁਰਖ ਈਮਾਨਧਾਰੀ ਅਰ ਸ਼ੁਭ ਕਰਮ ਕਾਰੀ ਹਨ ( ਆਖਰਤ ਵਿਚ ਉਨਹਾਂ ਵਾਸਤੇ ਬੜੇ ਰਸਕਸ ਹਨ । ਕਾਹੇ ਤੇ ) ਜੋ ਪੁਰਖ ਸ਼ੁਭ ਕਰਮ ਕਰੇ ਅਸੀਂ ਓਸਦੇ ਫਲ ਨੂੰ ਵਿਅਰਥ ਨਹੀਂ ਹੋਣ ਦਿਤਾ ਕਰਦੇ ॥ ੩੦ ॥ ਇਹੋ ਹੀ ਲੋਕ ਹਨ ਜਿਨਹਾਂ ਦੇ ਰਹਿਣ ਵਾਸਤੇ ( ਸਵਰਗ ਦੇ ) ਸਦੀਵੀ ਬਾਗ ਹਨ ਉਨਹਾਂ ਲੋਗਾਂ ( ਦਿਆਂ ਮਹਿਲਾਂ ਦੇ ) ਹੇਠੋਂ ਨਦੀਆਂ ( ਪਈਆਂ ) ਵਗਦੀਆਂ ਹੋਣਗੀਆਂ । ਉਨਹਾਂ ਨੂੰ ਉਥੇ ਸੂਰਨ ਦੇ ਕੰਗਣ ਪਹਿਰਾਏ ਜਾਵਣਗੇ ਅਰ ਉਹ ਮਹੀਨ ਤਥਾ ਦਬੀਜਹਰਾ ਪਟੰਬਰ(ਨਾਲ)ਸਰੀਰਨੂੰ ਸ਼ਸ਼ੋਭਿਤ ਕਰਨਗੇ(ਅਰ)ਓਥੇ ਸਿੰਘਾਸਨਾਂ ਉਤੇ ਤਕੀਏ (ਸਰਹਾਣੇ) ਲਾਈ (ਬੈਠੇ ) ਹੋਏ ਹੋਵਣਗੇ । ( ਕੈਸਾ ਹੀ ) ਸ਼ੁਭ ਫਲ ਹੈ ਅਰ (ਸੁਰਗ ਭੀ ਸੁਖ) ਅਨੰਦ ਦਾ ਕੈਸਾ ਉੱਤਮ ਅਸਥਾਨ ਹੈ ॥ ੩੧ ॥ ਰੁਕੂਹ ੪ ।

ਅਰ (ਹੇ ਪੈਯੰਬਰ) ਏਹਨਾਂ ਲੋਕਾਂ ਅਗੇ ਉਨ੍ਹਾਂ ਦੋ ਪੁਰਖਾਂ ਦਾ ਦ੍ਰਿਸਟਾਂਤ ਵਰਣਨ ਕਰੋ ਜਿਨਹਾਂ ਵਿਚੋਂ ਇਕ ਨੂੰ ਅਸਾਂ ਨੇ ਅੰਗੂਰ ਦੇ ਦੋ ਬਾਗ ਦੇ ਰਖੇ ਸਨ ਅਰ ਅਸਾਂ ਨੇ ਉਨਾਂ ਦੇ ਚਾਰ ਚੁਫੇਰੇ ਖਜੂਰ ਦੇ ਦਰਖਤ ਲਗਾ ਰਖੇ ਸਨ,ਅਰ ਅਸਾਂ ਨੇ ਦੋਨਾਂ(ਬਾਗਾਂ) ਦੇ ਵਿਚਕਾਰ ਵਿਚਕਾਰ ਖੇਤੀ (ਭੀ) ਲਗਾ ਰਖੀ ਸੀ॥੩੨॥(ਅਰ)ਦੋਨੋਂ ਬਾਗ(ਭਲੀ ਪ੍ਰਕਾਰ)ਆਪਣੇ ਫਲ ਲਾਏ ਅਰ ਫਲ (ਲਗਾਉਣ) ਵਿਚ ਕਿਸੇ ਪ੍ਰਕਾਰ ਦੀ ਕਮੀ ਨਾ ਰਖੀ ਅਰ ਦੋਨਾਂ ( ਬਾਗਾਂ ) ਦੇ ਵਿਚਕਾਰ ਅਸਾਂ ਨਦੀ ਭੀ ਲਹਿਰਾ ਰਖੀ ਸੀ ॥੩੩॥ ਤਾਂ ਬਾਗਾਂ ਦੇ ਸ੍ਵਾਮੀ ਦੇ ਪਾਸ (ਹਰ ਸਮੇਂ ਭਾਂਤ ਭਾਂਤ ਦੀ) ਪੈਦਾਵਾਰ ਮੌਜੂਦ ਰਹਿੰਦੀ ਸੀ ਇਕ ਦਿਨ ਇਹ ਪੁਰਖ ਆਪਣੇ (ਕਿਸੇ) ਦੋਸਤ ਨਾਲ ਗਲਾਂ ਕਰਦਾ ੨ ਬੋਲ ਉਠਿਆ ਕਿ ਮੈਂ ਤੇਰੇ ਨਾਲੋਂ ਅਧਿਕ ਧਨਵਾਨ ਹਾਂ । ਅਰ (ਮੇਰਾ) ਜੱਥਾ (ਭੀ) ਬੜਾ ਸਬਲ (ਜੱਥਾ) ਹੈ ॥੩੪॥ ਅਰ (ਉਹ ਇਹ ਗਲਾਂ ਕਰਦਾ ਹੋਇਆ) ਆਪਣੇ ਬਾਗ ਦੇ ਵਿਚ ਗਇਆ ਅਰ ਉਹ (ਨਾਹੱਕ ਦੇ ਹੰਕਾਰ ਵਿਚ) ਆਪਣੇ ਆਤਮਾਂ ਉਤੇ ਆਪ ਹੀ ਜ਼ੁਲਮ ਕਰ ਰਹਿਆ ਸੀ ਲਗਾ ਆਖਣ ਕਿ ਮੈਂ ਨਹੀਂ ਸਮਝਦਾ ਕਿ ਇਹ (ਬਾਗ) ਕਦੇ (ਭੀ) ਬਰਬਾਦ ਹੋਵੇ ॥ ੩੫ ॥ ਅਰ ਮੈਂ (ਇਹ ਭੀ) ਨਹੀਂ ਸਮਝਦਾ ਕਿ ਕਿਆਮਤ ਪ੍ਰਾਪਤ ਹੋਵੇ ਅਰ ਜੇਕਰ(ਹੋਈ ਵੀ ਤਾਂ ਜਦੋਂ)ਮੈਂ ਆਪਣੇ ਪਰਵਰਦਿਗਾਰ ਦੇ ਪਾਸੇ ਲੋਟਾਇਆ ਜਾਵਾਂਗਾ ( ਤਾਂ ਜਿਥੇ ਲੋਟਕੇ ਜਾਵਾਂਗਾ ਬਹਰਹਾਲ) ਇਸ (ਦੁਨੀਆਂ) ਨਾਲੋਂ(ਤਾਂ ਉਸ ਜਗਹਾਂ ਨੂੰ) ਉੱਤਮ ਹੀ ਪਾਵਾਂਗਾ ॥ ੩੬ ॥ ਉਸ ਦਾ ਮਿੱਤਰ ਜੋ ਉਸ ਦੇ ਨਾਲ ਗੱਲਾਂ ਕਰਦਾ ਜਾਂਦਾ ਸੀ ਬੋਲ ਉਠਿਆ ਕਿ ਕੀ ਤੂੰ ਉਸ (ਪਰਵਰਦਿਗਾਰ)ਦਾ ਮੁਨਕਰ ਹੈਂ ਜਿਸ ਨੇ ਤੁਸਾਂ ਤਾਈਂ (ਪਹਿਲੇ) ਮਿਟੀ ਵਿਚੋਂ ਫੇਰ ਬੀਰਜ ਵਿਚੋਂ ਉਤਪੰਨ ਕੀਤਾ ਫੇਰ ਤੁਸਾਂ ਤਾਈਂ ਪੂਰਾ ਆਦਮੀ ਬਨਾ ਦਿਤਾ ॥ ੩੭ ॥ ਪਰੰਤੂ ਮੈਂ ਤਾਂ ( ਇਹ

Digitized by Panjab Digital Library | www.panjabdigilib.org

ਨਿਸਚਾ ਰਖਦਾ ਹਾਂ ਕਿ) ਵਹੀ ਅੱਲਾ ਮੇਰਾ ਪਰਵਰਦਿਗਾਰ ਹੈ ਅਰ ਮੈਂ ਆਪਣੇ ਪਰਵਰਦਿਗਾਰ ਦੇ ਨਾਲ ਕਿਸੇ ਨੂੰ ਭੀ ਸ਼ਰੀਕ ਨਹੀਂ ਰਖਦਾ ॥ ੩੮ ॥ ਅਰ ਜਦੋਂ ਤੂੰ ਆਪਣੇ ਬਾਗ ਵਿਚ ਆਇਆ ਤਾਂ ਤੂਨੇ ( ਏਸ ਪਰਕਾਰ) ਕਿਉਂ ਨਾ ਆਖਿਆ ਕਿ ਇਹ (ਸੰਪੂਰਨ) ਖੁਦਾ ਦੀ ਇਛਾਨੁਸਾਰ ਹੀ ਹੋਯਾ ਹੈ (ਨਹੀਂ ਤਾਂ ਮੇਰੇ ਵਿਚ ਤਾਂ) ਖੁਦਾ ਦੀ ਮਦਦ ਦੇ ਸਿਵਾਇ ਕੋਈ ਬਲ ਹੈ ਨਹੀਂ ਸੀ ਯਦੀ ਮਾਲ ਤਥਾ ਔਲਾਦ ਕਰਕੇ ਤੂੰ ਮੇਰੇ ਤਾਂਈਂ ਆਪਣੇ ਨਾਲੋਂ ਨਿਊਨ ਸਮਝਦਾ ਹੈਂ ॥ ੩੯ ॥ ਤਾਂ ਅਸਚਰਜ ਨਹੀਂ ਮੇਰਾ ਪਰਵਰ-ਦਿਗਾਰ ਤੇਰੇ ਬਾਗ ਨਾਲੋਂ (ਭੀ) ਉੱਤਮ (ਬਾਗ) ਮੇਰੇ ਤਾਈਂ ਬਖਸ਼ ਦੇਵੇ। ਅਰ ਤੇਰੇ ਬਾਗ ਉਤੇ ਆਸਮਾਨ ਵਿਚੋਂ ਕੋਈ ( ਐਸੀ ) ਬਿਜਲੀ ਗਿਰਾਏ ਕਿ ਓਹ ਚੋੜ ਚਪੱਟ ਮੈਦਾਨ ਹੋ ਜਾਵੇ ॥ ੪੦ ॥ ਕਿੰਵਾ ਉਸਦਾ ਪਾਣੀ ਬਹੁਤ ਹੇਠਾਂ ਉਤਰ ਜਾਵੇ ਅਰ ਤੂੰ ਉਸ ਨੂੰ ਕਿਸੇ ਪ੍ਰਕਾਰ ਪਰਾਪਤ ਨਾ ਕਰ ਸਕੇਂ ॥ ੪੧ ॥ (ਅਰਥਾਤ ਗਜ਼ਬ ਨਾਜ਼ਿਲ ਹੋਇਆ) ਅਰ ਉਸ (ਦੇ ਬਾਗ) ਦੀ ਪੈਦਾਵਾਰ (ਅਜ਼ਾਬ ਦੀ) ਘੁੰਮਨ ਘੇਰੀ ਵਿਚ ਆਗਈ ਤਾਂ ਉਸ ਲਾਗਤ ਉਤੇ ਜੋ ਬਾਗ (ਦੀ ਦਰੁਸਤੀ) ਉਤੇ ਲਾਈ ਸੀ ਆਪਣੇ ਦੋਵੇਂ ਹਥ ਮਲ ਕੇ ਬੈਠ ਗਿਆ ਅਰ (ਬਾਗ ਦਾ ਇਹ ਹਾਲ ਹੋ ਗਿਆ ਕਿ ) ਵੁਹ ਆਪਣੀਆਂ ਛਪਰਾਂ ਉਤੇ ਡਿਗਾ ਪਿਆ ਸੀ ਅਰ ( ਬਾਗ ਦਾ ਮਾਲਿਕ ) ਆਖਦਾ ਜਾਂਦਾ ਸੀ ਕਿ ਹੇ ਦਿਓ ਮੈਂ ਅਪਣੇ ਪਰਵਰ-ਦਿਗਾਰ ਦੇ ਨਾਲ ਕਿਸੇ ਨੂੰ ਸ਼ਰੀਕ ਨਾ ਕਰਦਾ ॥ ੪੨ ॥ ਅਰ ਉਸ ਦਾ ਕੋਈ ਐਸਾ ਜੱਥਾ ਨਾ ਹੋਯਾ ਕਿ ਖੁਦਾ ਤੋਂ ਸਿਵਾ ਉਸਦੀ ਮਦਦ ਕਰਦਾ। ਅਰ ਨਾ ਵੁਹ (ਆਪ ਹੀ) ਬਦਲਾ ਲੈ ਸਕਿਆ॥ ੪੩ ॥ ਏਸ ਸੇ (ਸਿਧ ਹੋਇਆ ਕਿ) ਸੰਪੂ-ਰਣ ਅਖਤਿਆਰ ਸਚੇ ਸਾਹਿਬ ਨੂੰ ਹੀ ਹਨ। ਵਹੀ ਉੱਤਮ ਸਵਾਬ (ਫਲ) ਪਰ ਦਾਤਾ ਹੈ ਅਰ (ਵਹੀ ਅੰਤ ਨੂੰ) ਉੱਤਮ ਫਲ (ਦੇਣ) ਵਾਲਾ ਹੈ ॥੪੪॥ ਰੁਕੂਹ੫॥

ਅਰ ਏਹਨਾਂ ਲੋਕਾਂ ਅਗੇ (ਇਹ ਦ੍ਰਿਸ਼ਟਾਂਤ ਭੀ) ਵਰਣਨ ਕਰੋ ਕਿ ਸਾਂਸਾਰਿਕ ਜੀਵਣ ਦਾ ਦ੍ਰਿਸ਼ਟਾਂਤ ਪਾਣੀ ਦੇ ਸਾਮਾਨ ਹੈ ਜਿਸਨੂੰ ਅਸਾਂ ਆਕਾਸ਼ ਵਿਚੋਂ ਬਰਸਾਇਆ ਤਾਂ ਪ੍ਰਿਥਵੀ ਦੀ ਅੰਗੂਰੀ ਪਾਣੀ ਦੇ ਨਾਲ ਮਿਲ ਗਈ ਫੇਰ ( ਅੰਤ ਨੂੰ ) ਚੂਰਾ ( ਅਰਥਾਤ ਭੋਹ ) ਹੋ ਗਈ ਜਿਸ ਨੂੰ ਵਾਯੂ ਉਡਾਈ ੨ ਫਿਰਦੀ ਸੀ। ਅਰ ਅੱਲਾ ਸੰਪੂਰਣ ਵਸਤੂਆਂ ਉਤੇ ਕਾਦਰ ਹੈ ॥ ੪੫ ॥ ਮਾਲ ਤਥਾ ਔਲਾਦ ਸੰਸਾਰਿਕ ਜੀਵਨ ਦੇ (ਥੋਹੜਿਆਂ ਦਿਨਾਂ ਵਾਸਤੇ) ਬਣਾਓ ਸੰਗਾਰ ਹਨ ਅਰ ਸ਼ੁਭ ਕਰਮ (ਜਿਨਹਾਂ ਦਾ ਅਸਰ ਚਿਰਕਾਲ ਪਰਯੰਤ) ਬਾਕੀ (ਰਹੇ) ਤੁਸਾਂ ਦੇ ਪਰਵਰਦਿਗਾਰ ਦੇ ਨਜ਼ਦੀਕ ਸੁਾਬ ਦੀ ਦ੍ਰਿਸ਼ਟੀ ਕਰ ਕੇ ਉੱਤਮ ਹਨ (ਅਗੇ ਦੀ) ਆਸ਼ਾ ਦ੍ਰਿਸ਼ਟੀ ਕਰਕੇ ਭੀ ਉੱਤਮ ਹਨ ॥ ੪੬ ॥ ਅਰ ਜਿਸ ਦਿਨ ਅਸੀਂ ਪਹਾੜਾਂ ਨੂੰ ( ਆਪੋ ਆਪਣੇ ਅਸਥਾਨਾਂ ਤੋਂ )

Digitized by Panjab Digital Library | www.panjabdigilib.org

ਹਿਲਾ ਦੇਵਾਂਗੇ। (ਹੇ ਪੈਗੰਬਰ) ਤੁਸੀਂ ਪ੍ਰਿਥਵੀ ਨੂੰ ਵੇਖ ਲਵੋਗੇ ਕਿ ਖੁਲ-ਮਖੁਲਾ (ਮੈਦਾਨ ਪਈ ਹੋਈ ਹੈ)। ਅਰ ਅਸੀਂ ਲੋਕਾਂ ਨੂੰ ਲਿਆ ਇਕੱਤਰ ਕਰਾਂਗੇ। ਅਰ ਉਨਹਾਂ ਵਿਚੋਂ ਕਿਸੇ ਨੂੰ (ਭੀ) ਨਾ ਰਹਿਣ ਦੇਵਾਂ ਗੇ ॥ ੪੭ ॥ ਅਰ(ਸਾਰਿਆਂ ਦੇ ਸਾਰੇ)ਕਤਾਰਾਂ ਦੀਆਂ ਕਤਾਰਾਂ(ਬਣਾਕੇ)ਤੁਸਾਂ ਦੇ ਪਰਵਰਦਿਗਾਰ ਦੇ ਸਨਮੁਖ ਕੀਤੇ ਜਾਣਗੇ। (ਅਰ ਕਿ) ਜਿਸ ਪ੍ਰਕਾਰ ਅਸਾਂ ਨੇ ਤੁਸਾਂ ਤਾਈਂ ਪਹਿਲੀ ਵੇਰੀ ਉਤਪਤ ਕੀਤਾ (ਅਰ) ਓਸੇ ਪਰਕਾਰ ਤੁਸੀਂ ਸਾਡੇ ਸਨਮੁਖ ਆਏ ਪਰ ਆਏ ਪਰੰਤੂ ਤੁਸੀਂ ਇਹ ਖਿਆਲ ਕਰਦੇ ਰਹੇ ਕਿ ਅਸੀਂ ਤੁਸਾਂ ਦੇ (ਦੁਬਾਰਾ ਸੁਰਜੀਤ ਕਰਨ) ਵਾਸਤੇ ਕੋਈ ਸਮਾਂ ਨਿਯਤ ਨਹੀਂ ਕਰਾਂਗੇ ॥ ੪੮ ॥ ਅਰ (ਲੋਕਾਂ ਦੇ ਕਰਮਾਂ ਦਾ) ਰਜਿਸਟਰ (ਸੰਨਮੁਖ ਲਿਆ ਕੇ) ਰਖਿਆ ਜਾਵੇਗਾ ਤਾਂ ਤੁਸੀਂ ਸਦੋਖੀਆਂ ਨੂੰ ਦੇਖੋਗੇ ਕਿ ਜੋ ਕੁਝ ਰਜਿਸਟਰ ਉਤੇ (ਲਿਖਿਆ) ਹੈ (ਉਸ ਨੂੰ ਦੇਖ ਦੇਖ ਕੇ) ਓਸੇ (ਦੀ ਜਵਾਬ ਦੇਈ) ਪਾਸੋਂ ਡਰ ਰਹੇ ਹਨ। ਅਰ ਆਖਦੇ ਜਾਂਦੇ ਹਨ ਕਿ ਹਾਇ ਸਾਡੀ ਕਿਸਮਤ ਖੋਟੀ ਇਹ ਰਜਿਸਟਰ ਕੈਸਾ ਹੈ ਕਿ ਲਿਖਿਆਂ ਤੋਂ ਬਿਨਾ ਨਾ ਕਿਸੇ ਛੋਟੇ (ਗੁਨਾਹ) ਨੂੰ ਹੀ ਛਡਦਾ ਹੈ ਅਰ ਨਾ ਵੱਡੇ ਨੂੰ ਹੀ ਅਰ ਜੋ ਕੁਝ ਏਹਨਾਂ ਲੋਕਾਂ ਨੇ (ਸੰਸਾਰ ਵਿਚ) ਕੀਤਾ ਸੀ (ਵੁਹ ਸੰਪੂਰਣ ਰਜਿਸਟਰ ਉੱਤੇ ਲਿਖਿਆ ਹੋਇਆ) ਪਰਤੱਛ ਦੇਖਣਗੇ। ਅਰ ਤੁਸਾਂ ਦਾ ਪਰਵਰਦਿਗਾਰ (ਮੁਤਲਿਕ) ਕਿਸੇ ਉੱਤੇ ਜ਼ੁਲਮ ਨਹੀਂ ਕਰਦਾ ॥ ੪੯ ॥ ਰੁਕੂਹ ੬ ॥

ਅਰ ਜਦੋਂ ਕਿ ਅਸਾਂ ਨੇ ਫਰਿਸ਼ਤਿਆਂ ਨੂੰ ਹੁਕਮ ਦਿਤਾ ਕਿ ਆਦਮ ਦੇ ਅਗੇ ਮਥਾ ਟੇਕੋ। ਤਾਂ ਅਬਲੀਸ ਤੋਂ ਸਿਵਾ ਸੰਪੂਰਨਾਂ ਨੇ ਮੱਥਾ ਟੇਕ ਦਿਤਾ (ਇਹ ਅਬਲੀਸ ਚੂੰ ਕਿ) ਜਿਨਾਂ ਦੀ ਜਿਨਸ ਵਿਚੋਂ ਸੀ ਸੋ ਆਪਣੇ ਪਰ-ਵਰਦਿਗਾਰ ਦੀ ਆਗਿਯਾ ਤੋਂ ਨਿਕਲ ਵਗਿਆ। ਤਾਂ ਲੋਗੋ ਕੀ ਸਾਨੂੰ ਛਡਕੇ ਅਬਲੀਸ ਨੂੰ ਤਥਾ ਉਸਦੀ ਅੰਸ ਨੂੰ (ਆਪਣਾ) ਮਿੱਤਰ ਕਰਦੇ ਹੋ ਹਾਲਾਂ ਕਿ ਉਹ ਤੁਸਾਂ ਦਾ (ਆਦੀ) ਵੈਰੀ ਹੈ ਜ਼ਾਲਮਾਂ ਦੇ ਹੱਕ ਵਿਚ ਇਹ ਬਦਲਾ ਬਹੁਤ ਹੀ ਬੁਰਾ ਹੋਯਾ ॥੫੦॥ ਅਸਾਂ ਨੇ ਪ੍ਰਿਥਵੀ ਆਕਾਸ ਦੇ ਉਤਪਤੀ ਕਰਦੇ ਸਮੇਂ ਬਲਕਿ ਖੁਦ ਸ਼ੈਤਾਨਾਂ ਦੇ ਪੈਦਾ ਕਰਦਿਆਂ ਵੇਲੇ ਭੀ ਸ਼ੈਤਾਨਾਂਨੂੰ(ਆਪਣੀ ਸਹਾਇਤਾ ਵਾਸਤੇ) ਨਹੀਂ ਬੁਲਾਇਆ ਅਰ ਅਸੀ (ਕੁਝ ਨਿਰਬਲ)ਨਾ ਥੇ ਕਿ ਗੁਮਰਾਹ ਕਰਨ ਵਾ-ਲਿਆਂਨੂੰਆਪਣਾ ਸਹਾਇਕ ਬਣਾਉਂਦੇ॥੫੧॥ਅਰ (ਉਸ ਦਿਨ)ਕਿ ਜਿਸ ਦਿਨ ਖੁਦਾ(ਮੁਸ਼ਰਕਾਂ ਨੂੰ)ਹੁਕਮ ਦੇਵੇਗਾ ਕਿ ਜਿਨ੍ਹਾਂ ਨੂੰ ਤੁਸੀਂ (ਆਪਣੇ ਦਿਲ ਵਿਚ) ਸਾਡਾ ਸ਼ਰੀਕ ਸਮਝਿਆ ਕਰਦੇ ਸਾਓ(ਹੁਣ)ਉਨਹਾਂਨੂੰਬੁਲਾਓ ਸੋ ਇਹ ਉਨ੍ਹਾਂ ਨੂੰ ਬੁਲਾਉਣਗੇ ਭੀ ਪਰੰਤੂ ਉਹ ਏਨਹਾਂਨੂੰਉੱਤਰ ਭੀ ਨਾ ਦੇਣਗੇ ਅਰ ਅਸੀਂ ਏਨਹਾਂ

Digitized by Panjab Digital Library | www.panjabdigilib.org

(ਦੋਨਾਂ) ਦੇ ਮਧ ਮੇਂ (ਇਕ) ਆੜ (ਬਿਖੜੀ ਘਾਟੀ) ਮਾਰ ਦੇਣ ਵਾਲੀ ਖੜੀ ਕਰ ਦੇਵਾਂਗੇ ॥੫੨॥ ਅਰ ਸਦੋਖੀ ਲੋਕ ਨਰਕਾਗਨੀ ਵੇਖਣਗੇ ਅਰ ਸਮਝ ਜਾਣਗੇ ਕਿ ਵੁਹ ਓਸ ਵਿਚ ਡਿਗਣ ਵਾਲੇ ਹਨ ਅਰ ਉਨਹਾਂ ਨੂੰ ਓਸ ਵਿਚੋਂ ਨਿਕਲ ਜਾਣ ਦੀ ਰਾਹ ਨਾ ਮਿਲੇਗੀ ॥੫੩॥ ਰੁਕੂਹ ੭ ॥

ਅਰ ਅਸਾਂ ਨੇ ਏਸ ਕੁਰਾਨ ਵਿਚ ਲੋਕਾਂ (ਦੇ ਸਮਝਾਣ) ਵਾਸਤੇ ਸਰਬ ਪਰਕਾਰ ਦੇ ਦ੍ਰਿਸ਼ਟਾਂਤ ਫੇਰ ਫੇਰ ਕੇ ਵਰਨਣ ਕੀਤੇ ਹਨ ਪਰੰਤੂ ਪੁਰਖ ਸੰਪੂਰਨ ਸ੍ਰਿਸ਼ਟੀ ਨਾਲੋਂ ਅੱਧਕ ਝਗੜਾਲੂ ਹੈ ॥੫੪॥ ਅਰ ਜਦੋਂ ਲੋਕਾਂ ਦੇ ਪਾਸ ਸਿਖਿਆ ਆ ਚੁਕੀ ਤਾਂ (ਹੁਣ) ਈਮਾਨ ਧਾਰਨੇ ਅਰ ਆਪਣੇ ਪਰਵਰ-ਦਿਗਾਰ ਪਾਸੋਂ ਬਖਸ਼ਸ਼ ਮੰਗਣ ਨਾਲ ਏਨਹਾਂ ਨੂੰ ਏਸ ਤੋਂ ਸਿਵਾ ਔਰ ਕੌਣ ਅਮਰ ਰੋਕ ਹੋ ਸਕਦਾ ਹੈ ਕਿ ਅਗਲਿਆਂ ਲੋਕਾਂ (ਵਰਗਾ) ਮਾਜਰा। ਏਨਹਾਂ ਨੂੰ ਭੀ ਪੇਸ਼ ਆਵੇ ਕਿੰਵਾ (ਸਾਡਾ) ਕਸ਼ਟ ਏਹਨਾਂ ਦੇ ਸਨਮੁਖ ਆ ਇਸਥਿਤ ਹੋਵੇ ॥ ੫੫ ॥ ਅਰ ਅਸੀਂ ਤਾਂ ਪਯੰਬਰਾਂ ਨੂੰ ਕੇਵਲ ਏਸ ਵਾਸਤੇ ਭੇਜਿਆ ਕਰਦੇ ਹਾਂ ਕਿ (ਨੇਕਾਂ ਨੂੰ ਮੁਕਤੀ ਦੀ) ਖੁਸ਼ਖਬਰੀ ਸੁਣਾਉਣ ਅਰ (ਬੁਰਿਆਂ ਨੂੰ ਕਸ਼ਟ ਤੋਂ) ਸਭੇ ਕਰਨ ਅਰ ਜੋ ਲੋਕ ਮੁਨਕਰ ਹਨ ਝੂਠੀਆਂ ਮੂ-ਠੀਆਂ ਗਲਾਂ ਦੇ ਪ੍ਰਮਾਣ ਫੜ ਕੇ ਬਾਦ ਬਿਬਾਦ ਕੀਤਾ ਕਰਦੇ ਹਨ ਤਾਂਕਿ (ਨਾਹੱਕ ਦੇ) ਝਗੜੇ ਨਾਲ ਹੱਕ ਨੂੰ (ਅਪਣੇ ਅਸਥਾਨੋਂ) ਅਗੇ ਪਿਛੇ ਕਰ ਦੇਣ ਅਰ ਇਨਹਾਂ ਲੋਕਾਂ ਨੇ ਸਾਡੀਆਂ ਆਇਤਾਂ ਨੂੰ ਅਰ (ਸਾਡੇ ਕਸ਼ਟ ਨੂੰ) ਜਿਸ ਕੋਲੋਂ ਇਨਹਾਂ ਨੂੰ ਡਰਾਇਆ ਜਾਂਦਾ ਹੈ ਹਾਸਾ (ਠੱਠਾ) ਬਣਾ ਰਖਿਆ ਹੈ ॥ ੫੬ ॥ ਅਰ ਓਸ ਨਾਲੋਂ ਵਧ ਕੇ ਜ਼ਾਲਮ ਕੌਣ ਜਿਸ ਨੂੰ ਖੁਦਾ ਦੀਆਂ ਆਇਤਾਂ ਯਾਦ ਕਰਾਈਆਂ ਜਾਣ ਅਰ ਵੁਹ ਉਨਹਾਂ ਪਾਸੋਂ ਮਨਮੁਖ ਤਾਈ ਕਰੇ ਅਰ ਆਪਣੀ ਪਹਿਲੀ ਕਰਤੂਤ ਨੂੰ ਭੁਲ ਜਾਵੇ। ਅਸੀਂ ਹੀ ਏਨਹਾਂ ਦੇ ਦਿਲਾਂ ਉਤੇ ਪੜਦੇ ਪਾ ਦਿਤੇ ਹਨ ਕਿ ਸਮਝ ਨਾ ਸਕਣ ਅਰ ਏਨਹਾਂ ਦੇ ਕੰਨਾਂ ਵਿਚ (ਇਕ ਪ੍ਰਕਾਰ ਦੇ) ਝੱਪੇ (ਉਤਪੰਨ ਕਰ ਦਿਤੇ ਗਏ ਹਨ ਤਾਂ ਕਿ ਸਤ ਬਾਰਤਾ ਨੂੰ ਨਾ ਸੁਣ ਸਕਣ) ਅਰ ਯਦੀ ਤੁਸੀਂ ਏਹਨਾਂ (ਲੋਕਾਂ) ਨੂੰ ਸਤ ਮਾਰਗ ਵਲ ਬੁਲਾਓ ਤਾਂ ਭੀ ਇਹ ਕਦਾਪਿ ਰਾਹੇ ਰਾਹ ਟੁਰਨ ਵਾਲੇ ਨਹੀਂ ॥ ੫੭ ॥ ਅਰ ਤੁਸਾਂ ਦਾ ਪਰਵਰਦਿਗਾਰ ਬੜਾ ਬਖਸ਼ਣੇ ਵਾਲਾ ਰਹਿਮ ਵਾਲਾ ਹੈ (ਯਦੀ) ਏਨਹਾਂ ਦੇ ਕਿਰਦਾਰ ਦੇ ਬਦਲੇ ਵਿਚ ਏਨਹਾਂ ਨੂੰ ਪਕੜਿਆ ਚਾਹੁੰਦਾ ਤਾਂ ਬਲਾਤਕਾਰ ਹੀ ਇਨਹਾਂ ਉਤੇ ਕਸ਼ਟ ਪ੍ਰਾਪਤ ਕਰ ਦੇਂਦਾ। ਪਰੰਤੂ ਏਨਹਾਂ ਵਾਸਤੇ ਨਿਯਤਾ ਵਧੀ ਹੈ ਜਿਸ ਥੀਂ ਏਧਰ ਕਿਤੇ ਢੋਈ ਨਹੀਂ ਪਾ ਸਕਦੇ ॥ ੫੮ ॥ ਅਰ ਇਹ ਨਗਰੀਆਂ (ਜਿਨਹਾਂ ਨੂੰ ਤੁਸੀਂ ਉਜੜੀਆਂ ਪੁਜੜੀਆਂ ਵੇਖਦੇ ਹੋ) ਉਨਹਾਂ ਨੇ ਭੀ ਜਦੋਂ ਸਰਕਸ਼ੀ ਕੀਤੀ ਅਸਾਂ ਨੇ ਏਨਹਾਂ ਨੂੰ ਹਿਲਾਕ ਕੀਤਾ

Digitized by Panjab Digital Library | www.panjabdigilib.org

ਅਰ ਏਨਹਾਂ ਦੇ ਮਾਰਨ ਦੀ ਭੀ ਅਸਾਂ ਨੇ ਇਕ ਅਵਧੀ ਨਿਯਤ ਕਰ ਰਖੀ ਸੀ ॥ ੫੯ ॥ ਰੁਕੂਹ ੮ ॥

ਅਰ ਜਦੋਂ ਮੂਸਾ ਨੇ ਆਪਣੇ ਦਾਸ ( ਯੂਸ਼ਾ ਨਾਮੀ ) ਨੂੰ ਆਖਿਆ ਕਿ ਜਦੋਂ ਤਕ ਮੈਂ ਦੁਆਂ ਨਦੀਆਂ ਦੇ ਸੰਗਮ ਤਕ ਨਾ ਪ੍ਰਾਪਤ ਹੋ ਜਾਵਾਂ ( ਆਪਣੇ ਸੰਕਲਪ ਨੂੰ ) ਕਦਾਪਿ ਨਹੀਂ ਛਡਾਂਗਾ ਕਿੰਵਾ ਕਈ ਬਰਸ ਤਕ ( ਏਸੇ ਪ੍ਰਕਾਰ ) ਤੁਰਦਾ ਹੀ ਰਹਾਂਗਾ ॥ ੬੦ ॥ ਫੇਰ ਜਦੋਂ ਇਹ ਦੋਵੇਂ ਉਨਹਾਂ ਦੋਨਾਂ ਨਦੀਆਂ ਦੇ ਸੰਗਮ ਉਤੇ ਪ੍ਰਾਪਤ ਹੋਗਏ ਤੇ ਆਪਣੀ ਮਛੀ (ਓਥੇ ਹੀ) ਭੁਲ ਆਏ। ਤਾਂ ਮਛੀ ਨੇ ਨਦੀ ਵਿਚ ਸੁਰੰਗ ਦੀ ਰੀਤੀ ਨਾਲ ਆਪਣਾ ਮਾਰਗ ਬਨਾ ਲੀਤਾ ॥ ੬੧ ॥ ਫੇਰ ਜਦੋਂ ਅਗੇ ਵਧ ਗਏ ਤਾਂ ਮੂਸਾ ਨੇ ਆਪਣੇ ਦਾਸ ਨੂੰ ਆਖਿਆ ਕਿ (ਲਿਆਓ ਜੀ) ਸਾਡਾ ਨਾਸ਼ਤਾ ਤਾਂ ਸਾਨੂੰ ਦੇਵੋ। ਸਾਡੇ (ਅਜ ਦੇ) ਇਸ ਸਫਰ ਨਾਲ ਤਾਂ ਸਾਨੂੰ ਬੜਾ ਥਕੇਵਾਂ ਹੋਇਆ ਹੈ ॥ ੬੨ ॥ (ਦਾਸ) ਬੋਲਾ ਆਪ ਨੇ ਇਹ ਭੀ ਦੇਖਿਆ ਜਦੋਂ ਅਸੀਂ (ਨਦੀ ਦੇ ਕਿਨਾਰੇ) ਓਸ ਪੱਥਰ ਦੇ ਪਾਸ ਟਿਕੇ ਤਾਂ ਮੈਂ (ਉਸ ਜਗਹਾਂ) ਮਛਲੀ ਭੁਲ ਆਇਆ ਸਾਂ ਅਰ ਸ਼ੈਤਾਨ ਨੇ ਮੈਨੂੰ ਭੁਲਾ ਦਿਤਾ ਕਿ ਮੈਂ (ਆਪ ਦੇ ਅਗੇ) ਇਹ ਬਾਰਤਾ ਵਰਨਣ ਕਰਦਾ। ਅਰ ਮਛੀ ਨੇ ਨਦੀ ਵਿਚ (ਪ੍ਰਾਪਤ) ਹੋਣ ਦਾ ਅਚੰਭਾ ਰੀਤੀ ਨਾਲ ਆਪਣਾ ਮਾਰਗ ਨਿਕਾਲ ਲੀਤਾ ॥ ੬੩ ॥ (ਮੂਸਾ ਨੇ) ਆਖਿਆ ਉਹੋ ਹੀ (ਤਾਂ ਉਹ ਅਸਥਾਨ) ਹੈ ਜਿਸ ਦੇ ਲਭਣ ਵਿਚ ਅਸੀਂ ਲਗੇ ਹੋਏ ਸਾਂ ਫੇਰ ਦੋਵੇਂ ਆਪਣਿਆਂ (ਪੈਰਾਂ ਦੇ) ਖੋਜ ਨੂੰ ਵੇਖਦੇ ਹੋਏ ਪਿਛਲੀ ਪੈਰੀਂ ਮੁੜ ਆਏ ॥ ੬੪ ॥ ਤਾਂ ਓਹਨਾਂ ਨੇ ਸਾਡਿਆਂ ਬੰਦਿਆਂ ਵਿਚੋਂ ਇਕ ਬੰਦਾ (ਅਰਥਾਤ ਖਿਜ਼ਰ) ਨੂੰ ਵੇਖਿਆ ਜਿਸ ਨੂੰ ਅਸਾਂ ਨੇ ਆਪਣੀ (ਖਾਸ) ਮੇਹਰਬਾਨੀ ਵਿਚੋਂ (ਇਕ ਹਿਸਾ) ਦਿਤਾ ਅਰ ਆਪਣੇ ਵਲੋਂ ਓਸ ਨੂੰ ਇਕ (ਖਾਸ) ਵਿਦਿਆ ਸਿਖਾਈ ਸੀ ॥ ੬੫ ॥ ਮੂਸਾ ਨੇ ਖਿਜ਼ਰ ਨੂੰ ਆਖਿਆ ਆਪ ਆਗਿਆ ਦੇਵੇਂ ਤਾਂ ਮੈਂ ਆਪ ਦੇ ਪਾਸ ਰਹਾਂ ਇਸ ਪਰਤਿੱਗਿਆ ਉਤੇ ਕਿ ਜੋ (ਭਲਾਈ ਤੰਤ੍ਰ) ਵਿਦਿਆ (ਅੱਲਾ ਵਲੋਂ) ਆਪ ਨੂੰ ਸਿਖਾਈ ਗਈ ਹੈ ਉਸ ਵਿਚੋਂ ਤਨਕ ਸੀ ਮੈਨੂੰ ਆਪ ਸਿਖਾ ਦੇਵੋ ॥ ੬੬ ॥ (ਖਿਜ਼ਰ ਨੇ) ਆਖਿਆ ਤੁਸਾਂ ਨੂੰ ਮੇਰੇ ਨਾਲ ਕਦਾਪਿ ਸੰਤੋਖ ਨਹੀਂ ਹੋ ਸਕੇਗਾ ॥ ੬੭ ॥ ਅਰ ਜੋ ਵਸਤੂ ਤੁਸਾਂ ਦੇ ਜ਼ਾਨਣ ਦੀ ਸੀਮਾਂ ਤੋਂ ਬਾਹਰ ਹੈ ਉਸ ਉਤੇ ਤੁਸਾਂ ਕਿਸ ਪ੍ਰਕਾਰ ਸਬਰ ਕਰ ਸਕਦੇ ਹੋ ॥ ੬੮ ॥ (ਮੂਸਾ ਨੇ) ਆਖਿਆ ਇਨਸ਼ਾ ਅੱਲਾ ਆਪ ਮੈਨੂੰ ਹੌਂਸਲੇ ਵਾਲਾ (ਆਦਮੀ) ਵੇਖੋਗੇ ਅਰ ਮੈਂ ਆਪ ਦੀ ਕਿਸੇ ਆਗਿਆ ਤੋਂ ਵਿਰੁਧ ਨਾ ਕਰਾਂਗਾ ॥ ੬੯ ॥ (ਖਿਜ਼ਰ ਨੇ) ਆਖਿਆ ਯਦੀ ਆਪ ਨੂੰ ਮੇਰੇ ਪਾਸ ਰਹਿਣਾ

Digitized by Panjab Digital Library | www.panjabdigilib.org

ਹੀ (ਅਭੀਸ਼ਟ) ਹੈ ਤਾਂ ਯਾਵਤਕਾਲ ਪਰਯੰਤ ਮੈਂ (ਆਪ ਤੇ ਆਪ) ਤੁਸਾਂ ਨਾਲ ਕਿਸੇ ਬਾਰਤਾ ਦਾ ਵਰਣਨ ਨਾ ਕਰਾਂ ਤੁਸਾਂ ਮੇਰੇ ਪਾਸੋਂ ਉਸਦੀ ਕੋਈ ਬਾਰਤਾ ਪੁਛਣੀ ਹੀ ਨਹੀਂ ॥ ੭੦ ॥ ਰੁਕੂਹ ੯ ॥

ਫੇਰ (ਮੂਸਾ ਤਥਾ ਖਿਜ਼ਰ) ਦੋਵੇਂ (ਮਿਲ ਕੇ) ਤੁਰ ਪਏ ਇਥੋਂ ਤਕ ਕਿ ਦੋਵੇਂ ਬੇੜੀ ਉਤੇ ਚੜ੍ਹ ਬੈਠੇ ਤਾਂ ਖਿਜ਼ਰ ਨੇ (ਇਕ ਤਖਤਾ ਤੋੜ ਕੇ) ਕਿਸ਼ਤੀ ਨੂੰ ਪਾੜ ਦਿਤਾ। ( ਮੂਸਾ ਨੇ ) ਆਖਿਆ ਕੀ ਆਪ ਨੇ ਬੇੜੀ ਨੂੰ ਏਸ ਇਛਾ ਕਰਕੇ ਪਾੜਿਆ ਹੈ ਕਿ ਬੇੜੀ ਦਿਆਂ ਲੋਕਾਂ ਨੂੰ ( ਦਰਿਆ ਵਿਚ ) ਡੋਬ ਦੇਵੋ (ਏਹ ਤਾਂ) ਆਪ ਨੇ ਬੜੀ (ਭਿਆਣਕ) ਬਾਰਤਾ ਕੀਤੀ ॥ ੭੧ ॥ (ਖਿਜ਼ਰ ਨੇ) ਆਖਿਆ ਕਿ ਕੀ ਮੈਂ ਨਹੀਂ ਆਖਿਆ ਸੀ ਕਿ ਤੁਸਾਂ ਨੂੰ ਮੇਰੇ ਨਾਲ ਕਦਾਪਿ ਸਬਰ ਨਹੀਂ ਹੋਵੇਗਾ ॥ ੭੨ ॥ ( ਮੂਸਾ ਨੇ ) ਆਖਿਆ ਕੇ ਆਪ ਮੇਰੀ ਭੁਲ ਚੁਕ ਨਾ ਪਕੜੀਏ ਅਰ ਮੇਰੇ ( ਉਸ ) ਮੁਆਮਲੇ ਵਿਚ ਮੇਰੇ ਨਾਲ ( ਏਤਨੀ ) ਕਠਿਨਾਈ (ਭੀ) ਨਾ ਕੀਜੀਏ ॥੭੩॥ ਫੇਰ ਦੋਵੇਂ (ਹੋਰ) ਅਗੇ ਗਏ ਏਥੋਂ ਤਕ ਕਿ ( ਮਾਰਗ ਵਿਚ ) ਇਕ ਬਾਲਕ ਨੂੰ ਮਿਲੇ ਤਾਂ ( ਖਿਜ਼ਰ ਨੇ ) ਉਸ ਨੂੰ ( ਪਕੜ ਕੇ ) ਮਾਰ ਸਿਟਿਆ। ( ਮੂਸਾ ਨੇ ) ਆਖਿਆ ਕਿ ਕੀ ਆਪ ਨੇ ਇਕ ਇੰਜਾਣੇ ਨੂੰ ਮਾਰ ਸਿਟਿਆ। (ਅਰ ਵੁਹ ਭੀ) ਕਿਸੇ ਦੇ (ਖ਼ੂਨ ਦੀ) ਪ੍ਰਤਿਨਿਧਿ ਵਿਚ ਨਹੀਂ ( ਇਹ ਤਾਂ ) ਆਪ ਨੇ ਬੜਾ ਹੀ ਨਖਿਧ ਕਰਮ ਕੀਤਾ ॥ ੭੪ ॥ *( ਖਿਜ਼ਰ ਨੇ ) ਆਖਿਆ ਕੀ ਮੈਂ ਤੈਨੂੰ ਨਹੀਂ ਆਖਿਆ ਸੀ ਕਿ ਮੇਰੇ ਨਾਲ ਤੈਨੂੰ ਕਦਾਪਿ ਸਬਰ ਨਹੀਂ ਹੋਵੇਗਾ ॥ ੭੫ ॥ ( ਮੂਸਾ ਨੇ ) ਆਖਿਆ ਏਸ ਤੋਂ ਅੱਗੇ ਯਦੀ ਮੈਂ ਆਪ ਦੇ ਪਾਸੋਂ ਕੁਛ ਭੀ ਪੁਛਾਂ ਤਾਂ ਆਪ ਮੈਨੂੰ ਆਪਣੇ ਪਾਸ ਨਾ ਰਖੀਏ। ਆਪ ਮੇਰੇ ਪਾਸਿਓਂ ਹੁਟਰਦੀ ( ਸੀਮਾਂ ਤੀਸਰਾ ਬਚਨ ) ਨੂੰ ਪਰਾਪਤ ਹੋ ਗਏ ॥੭੬॥ਇਹ ਹੋ ਹਵਾਕੇ (ਫਿਰ) ਦੋਨੋਂ ਅਗੇ ਤੁਰੇ ਏਥੋਂ ਤਕ ਕਿ ਜਦੋਂ ਇਕ ਨਗਰੀ ਵਾਲਿਆਂ ਦੇ ਪਾਸ ਪਹੁੰਚੇ ਤਾਂ ਓਥੋਂ ਦੇ ਲੋਕਾਂ ਪਾਸੋਂ ਖਾਵਣ ਨੂੰ ਮੰਗਿਆ ਅਰ ਉਨਹਾਂ ਨੇ ਇਹਨਾਂ ਨੂੰ ਪ੍ਰਸ਼ਾਦ ਦਾ ਛਕਾ-ਵਣਾ ਨਾ ਮੰਨਿਆਂ ਇਤਨੇ ਵਿਚ ਉਨਹਾਂ ਨੇ ਨਗਰੀ ਵਿਚ ਇਕ ਦੀਵਾਰ ਦੇਖੀ ਜੋ ਡਿਗਿਆਂ ਹੀ ਚਾਹੁੰਦੀ ਸੀ। ਤਾਂ ( ਖਿਜ਼ਰ ਨੇ ) ਉਸ ਨੂੰ ( ਫੇਰ ਨਵੇਂ ਸਿਰੇ) ਖੜਿਆਂ ਕਰ ਦਿਤਾ (ਏਸ ਗਲੋਂ ਮੂਸਾ ਨੇ) ਆਖਿਆ ਯਦੀ ਆਪ ਦੀ ਇਛਾ ਹੁੰਦੀ ਤਾਂ ( ਇਨਹਾਂ ਲੋਕਾਂ ਪਾਸੋਂ ) ਦੀਵਾਰ ਦੇ ਖੜਿਆਂ ਕਰ ਦੇਵਣ ਦੀ ਮਜਦੂਰੀ ਲੈ ਲੈਂਦੇ ॥ ੭੭ ॥ ( ਖਿਜ਼ਰ ਨੇ ) ਆਖਿਆ ਬਸ ਹੁਣ ਤੇਰੀ ਮੇਰੀ ਛੁਟੀ ਢੁਕੀ। ਜਿਨਹਾਂ ( ਗਲਾਂ ) ਉਤੇ ਤੇਰੇ ਪਾਸੋਂ ਸਬਰ ਨਾ ਹੋ ਸਕਿਆ ਮੈਂ ਹੁਣੇ ਹੀ ਤੇਰੇ ਤਾਈਂ ਉਨਹਾਂ ਦੀ ਅਸਲ ਹਕੀਕਤ ਦਸ ਦੇਨਾ

*ਹੁਣ ਕਾਲਾ ਅਲਮ ਨਾਮੀ ੧੬ ਵਾਂ ਪਾਰਾ ਚਲਾ ॥

Digitized by Panjab Digital Library | www.panjabdigilib.org

ਹਾਂ ॥੭੮॥ ਕਿ ਬੇੜੀ ਤਾਂ (ਮਲਾਹ ਕਿਰਤ) ਗਰੀਬਾਂ ਦੀ ਸੀ ਉਹ (ਉਸ ਨੂੰ) ਨਦੀ ਉਤੇ ( ਮਜ਼ਦੂਰੀ ਲੈ ਕੇ) ਤਰਾਉਂਦੇ ਸਨ ਤਾਂ ਮੇਰੀ ਇਛਾ ਹੋਈ ਕਿ ਉਸ ਨੂੰ ਦੋਖਣ ਕਰ ਦੇਵਾਂ ਕਾਹੇ ਤੇ ਇਨਹਾਂ ਦੇ ਸਨਮੁਖ ( ਨਦੀ ਤੀਰੇ ) ਇਕ ਰਾਜਾ ਸੀ ਜੋ ਹਰ ( ਵਰਤਣ ਵਾਲੀ ) ਬੇੜੀ ਨੂੰ ਜੋਰ ਬਜੋਰੀ ਖੋਹ ਲੀਤਾ ਕਰਦਾ ਸੀ ॥ ੭੯ ॥ ਅਰ ਵੁਹ ਜੋ ਬਾਲਕ ਸੀ ਤਾਂ ਉਸ ਦੇ ਮਾਤਾ ਪਿਤਾ ਤਾਂ ਧਰਮਵਾਨ (ਪੁਰਖ) ਸਨ ਤਾਂ ਸਾਨੂੰ ਇਹ ਫਿਕਰ ਹੋਇਆ ਕਿ (ਐਸਾ ਨਾ ਹੋਵੇ ਕਿ ਵਡਾ ਹੋ ਕੇ) ਸਰਕਸ਼ੀ ਅਰ ਕੁਫਰ ਕਰਕੇ ਉਨਹਾਂ ਨੂੰ ਕਸ਼ਟ ਦੇਵੇ ॥ ੮੦ ॥ ਸੋ ਅਸਾਂ ਨੇ ਇਹ ਸੰਕਲਪ ਕੀਤਾ ਕਿ ( ਉਸ ਨੂੰ ਮਾਰ ਦੇਵੀਏ) ਉਨਹਾਂ ਦਾ ਪਰਵਰਦਿਗਾਰ ਏਸ ਦੇ ਬਦਲੇ ਵਿਚ ਉਨਹਾਂ ਨੂੰ ( ਐਸਾ ਫਰਜ਼ੰਦ ) ਪਰਦਾਨ ਕਰੇ ( ਜੋ ) ਪਵਿਤਰ ਆਤਮਾ ਕਰਕੇ ਅਰ ਸਮੀਪਤਾ ਦਵਾਰਾ ਉਸ ਨਾਲੋਂ ਉੱਤਮ (ਹੋਵੇ) ॥ ੮੧ ॥ ਅਰ ਬਾਕੀ ਰਹੀ ਕੰਧ ਸੋ ਸ਼ਹਿਰ ਦਿਆਂ ਦੋ ਮਾਂ ਮਹਿਟਰ ਬਾਲਕਾਂ ਦੀ ਸੀ ਅਰ ਦੀਵਾਰ ਦੇ ਹੇਠਾਂ ਓਹਨਾਂ (ਬਾਲਕਾਂ) ਦਾ ਹੀ ਖਜਾਨਾ (ਦਬਿਆ ਹੋਇਆ) ਸੀ ਅਰ ਇਨਹਾਂ ( ਬਾਲ-ਕਿਆਂ) ਦਾ ਪਿਤਾ (ਇਕ) ਨੇਕ (ਆਦਮੀ) ਸੀ ਬਸ ਤੁਸਾਂ ਦੇ ਪਰਵਰਦਿਗਾਰ ਨੇ ਇਛਾ ਕੀਤੀ ਕਿ ਦੋਨੋਂ ਲੜਕੇ ਆਪਨੀ ਜੁਵਾਨੀ ਨੂੰ ਪਰਾਪਤ ਹੋਵਣ ਅਰ (ਕੰਧ ਦੇ ਹੇਠੋਂ) ਆਪਣਾ ਖਜਾਨਾ ਕਢ ਲੈਣ( ਅਰ ਉਹਨਾਂ ਦੇ ਹਾਲ ਤੇ ) ਤੇਰੇ ਰਬ ਦੀ ਇਹ ਇਕ ਕਿਰਪਾ ਸੀ ਅਰ ( ਏਨਹਾਂ ਪ੍ਰਸੰਗਾਂ ਵਿਚ ) ਜੋ ਕੁਝ ਮੈਨੇ ਕੀਤਾ ਆਪਣੇ ਬਲ ਨਾਲ ਨਹੀਂ ਕੀਤਾ ਉਨਹਾਂ ( ਪ੍ਰਸੰਗਾਂ ) ਦੀ ਇਹ ਅਸਲ ਹਕੀਕਤ ਹੈ।ਜਿਨਹਾਂ ਉਤੇ ਤੁਸਾਂ ਪਾਸੋਂ ਸਬਰ ਨਾ ਹੋ ਸਕਿਆ॥੮੨॥ਰੁਕੂਹ੧੦॥

ਅਰ ( ਹੇ ਪੈਗੰਬਰ ) ਲੋਕ ਤੁਸਾਂ ਪਾਸੋਂ ਜ਼ੁਉਲਕੁਰਨੈਨ ਦਾ ਬਿਰਤਾਂਤ ਪੁਛਦੇ ਹਨ ਤੁਸੀਂ (ਇਹਨਾਂ ਨੂੰ) ਆਖੋ ਕਿ ਮੈਂ ਤੁਸਾਂ ਤਾਈਂ ਉਨਹਾਂ ਦੀ ਕਥਾ ਥੋੜ੍ਹੀ ਜੇਹੀ ਪੜ੍ਹਕੇ ਸੁਣਾਂਦਾ ਹਾਂ ॥ ੮੩ ॥ ਅਸਾਂ ਨੇ ਉਸਨੂੰ ਪ੍ਰਿਥਵੀ ਮਾਤ੍ਰ ਉਤੇ ਬੜੀ ਕੁਦਰਤ ਦਿਤੀ ਸੀ। ਅਰ ਅਸਾਂ ਨੇ ਉਸ ਨੂੰ ਸਭ ਪ੍ਰਕਾਰ ਦੀ ਸਾਮਗ੍ਰੀ ਦੇ ਰਖੀ ਸੀ ਅਤ ਇਵ ਉਹ ਇਕ ਮਾਰਗ ਦੇ ਪਿਛੇ ਲਗਾ (ਅਰਥਾਤ ਪਛਮ ਦੇ ਸਫਰ ਦੀ ਤਿਆਰੀ ਕਰਨ ਲਗਾ )॥ ੮੪ ॥ ਇਥੋਂ ਤਕ ਕਿ ਜਦੋਂ (ਤੁਰ-ਦਿਆਂ ੨ ) ਸੂਰਯਾਸਤ ਵਾਲੇ ਅਸਥਾਨ ਉਤੇ ਪਰਾਪਤ ਹੋਇਆ ਉਸ ਨੂੰ ਸੂਰਜ ਐਸਾ ਦਿਸਣ ਲੱਗਾ ਕਿ(ਜੈਸੇ) ਵੁਹ ਕਾਲੇਰ ਚਿਕੜ ਦੇ ਕੁੰਡ ਵਿਚ ਡੁਬਾ ਜਾਂਦਾ ਹੈ। ਅਰ ਵੇਖਿਆ ਕਿ ਉਸ (ਕੁੰਡ) ਦੇ ਸਮੀਪ ਇਕ ਜਾਤੀ ( ਭੀ ਵਸ ਰਹੀ ) ਹੈ ॥ ੮੫ ॥ ਅਸਾਂ ਨੇ ਆਗਿਆ ਦਿਤੀ ਕਿ ਹੇ ਜ਼ੁਉਲਕੁਰਨੈਨ ਚਾਹੇ ( ਏਨਹਾਂ ਲੋਕਾਂ ਨੂੰ ) ਕਸ਼ਟ ਦੇਵੇ ਕਿੰਵਾ ਸਮਸਜਾ ਨਾਲ ਵਰਤ ਵਰਤਾਓ ਕਰੋ ॥੮੬॥(ਜ਼ੁਉਲਕੁਰਨੈਨ ਨੇ)ਆਖਿਆ ਕਿ ਜੋ (ਇਨਹਾਂ ਵਿਚੋਂ) ਮਨਮਖ ਤਾਈ

Digitized by Panjab Digital Library | www.panjabdigilib.org

ਕਰੇਗਾ ਉਨਹਾਂ ਨੂੰ ਤਾਂ ਅਸੀਂ ਕਸ਼ਟ ਦੇਵਾਂਗੇ ਫੇਰ (ਪ੍ਰਲੈ ਦੇ ਦਿਨ) ਵੁਹ ਆਪਣੇ ਪਰਵਰਦਿਗਾਰ ਦੇ ਸਨਮੁਖ ਲੋਟਾ ਕੇ ਲਿਆਇਆ ਜਾਵੇਗਾ ਅਰ ਉਹ ਉਸਨੂੰ ਸਖਤ ਕਸ਼ਟ ਦੇਵੇਗਾ ॥ ੮੭ ॥ ਅਰ ਜੋ ਈਮਾਨ ਲਾਇਗਾ ਅਰ ਨੇਕ ਅਮਲ ਕਰੇਗਾ ਤਾਂ (ਵੈਸਾ ਹੀ ਉਸ ਦੇ) ਬਦਲੇ ਵਿਚ ਉਸ ਨੂੰ (ਖੁਦਾ ਦੇ ਪਾਸੋਂ ਓਥੇ) ਭਲਾਈ ਮਿਲੇਗੀ ਅਰ ਅਸੀਂ (ਭੀ) ਉਨ੍ਹਾਂ ਨੂੰ ਆਪਣਿਆਂ ਕੰਮਾਂ ਵਿਚੋਂ ਸੁਖਲੇ ਸੁਖਲੇ ਕੰਮ ਕਰਨ ਨੂੰ ਆਖਾਂਗੇ ॥ ੮੮ ॥ ਫੇਰ ਉਹ ਇਕ (ਹੋਰ) ਮਾਰਗ ਦੇ ਪਿਛੇ ਪੈਗਇਆ ॥ ੮੯ ॥ ਏਥੋਂ ਤਕ ਕਿ ਜਦੋਂ (ਤੁਰਦਿਆਂ ਤੁਰਦਿਆਂ) ਸੂਰਜ ਨਿਕਲਨ ਵਾਲੇ ਅਸਥਾਨ ਉਤੇ ਪਰਾਪਤ ਹੋਇਆ ਤਾਂ ਓਸ ਨੂੰ ਐਸਾ ਪਰਤੀਤ ਹੋਇਆ ਕਿ ਸੂਰਜ ਕੁਛ ਲੋਕਾਂ ਉਤੇ ਉਦੇ ਕਰਦਾ ਹੈ। ਜਿਨਹਾਂ ਦੇ ਵਾਸਤੇ ਅਸਾਂ ਨੇ ਸੂਰਜ ਤੋਂ ਏਧਰ ਕੋਈ ਪਰਦਾ ਨਹੀਂ ਰਖਿਆ ॥ ੯੦ ॥ (ਅਰ ਅਸਲ ਵਿਚ ਭੀ) ਏਹੀ ਗਲ (ਸੀ) ਅਰ ਜ਼ੁਉਲ-ਕੁਰਨੈਨ ਦੇ ਪਾਸ ਜੋ ਕੁਝ ਸੀ ਸਾਨੂੰ ਉਸ ਦੀ ਪੂਰੀ ਪੂਰੀ ਖਬਰ ਸੀ ॥ ੯੧ ॥ ਫੇਰ ਵੁਹ ਇਕ ਹੋਰ ਯਾਤ੍ਰਾ ਦੇ ਮਾਰਗ ਦੇ ਪਿਛੇ ਲਗਾ ॥ ੯੨ ॥ ਇਥੋਂ ਤਕ ਕਿ ਜਦੋਂ (ਤੁਰਦਿਆਂ ੨ ਇਕ ਪਹਾੜ ਦੀ ਘਾਟੀ ਦੇ) ਦੋ ਕਿੰਗਰਿਆਂ ਦੇ ਮਧਜ ਮੇਂ ਪਰਾਪਤ ਹੋਇਆ ਤਾਂ ਵੇਖਿਆ ਕਿ ਕਿੰਗਰਿਆਂ ਦੇ ਏਧਰ ਇਕ ਜਾਤੀ (ਵਸ) ਰਹੀ ਹੈ (ਅਰ ਵੁਹ) ਬਾਤ ਨਹੀਂ ਸਮਝਦੇ ਸਨ ॥ ੯੩ ॥ ਉਨਹਾਂ ਲੋਕਾਂ ਨੇ (ਆਪਣੇ ਦੇਸ਼ ਦੀ ਭਾਖਾ ਵਿਚ) ਬੇਨਤੀ ਕੀਤੀ ਕਿ ਹੇ ਜ਼ੁਲਕੁਰਨੈਨ (ਏਸ ਘਾਟੀ ਦੇ ਓਧਰ) ਯਾਜੂਜ ਮਾਜੂਜ (ਦੀ ਜਾਤੀ ਹੈ ਅਰ ਉਹ ਲੋਕ ਸਾਡੇ ਦੇਸ ਵਿਚ ਆਣ ਕੇ) ਫਸਾਦ ਕਰਦੇ ਹਨ (ਆਪ ਦੀ ਰੁਚੀ ਹੋਵੇ) ਤਾਂ ਅਸੀਂ ਆਪ ਦੇ ਵਾਸਤੇ ਉਗਰਾਹੀ ਲਾ ਦੇਵੀਏ ਏਸ ਸ਼ਰਤ ਉਤੇ ਕਿ ਆਪ ਸਾਡੇ ਅਰ ਉਨਹਾਂ ਦੇ ਮਧਜ ਮੇਂ ਕੋਈ ਰੋਕ ਬਣਾ ਦੇਵੇ ॥ ੯੪ ॥ (ਜ਼ੁਉਲਕੁਰਨੈਨ ਨੇ) ਆਖਿਆ ਕਿ ਵੁਹ ਮਾਲ ਜਿਸ ਵਿਚ ਮੇਰੇ ਪਰਵਰਦਿਗਾਰ ਨੇ ਮੈਨੂੰ ਅਖਤਿਆਰ ਦੇ ਰਖਿਆ ਹੈ ਪੂਰਣ ਰੂਪ ਕਰਕੇ ਹੈ।(ਹਾਂ ਤੁਸਾਂ ਨੇ ਹੱਥਾਂ ਪੈਰਾਂ ਦੇ)ਬਲ ਮੇਰੀ ਮਦਦ ਕਰੋ ਮੈਂ ਤੁਸਾਂ (ਲੋਕਾਂ) ਵਿਚ ਅਰ ਓਹਨਾਂ ਵਿਚ ਇਕ ਦੀਵਾਰ ਖਿਚ ਦੇਵਾਂਗਾ ॥ ੯੫ ॥ (ਤੁਸੀ ਸਾਨੂੰ) ਲੋਹੇ ਦੀਆਂ ਸਿਲਾਂ ਲਿਆ ਦੇਵੋ (ਚੁਨਾਂਚਿ ਵੁਹ ਸਿਲਾਂ ਲੈ ਆਏ) ਅਰ ਏਥੋਂ ਤਕ ਕਿ ਜਦੋਂ ਜ਼ੁਉਲਕੁਰਨੈਨ ਨੇ ਦੋਨੋਂ ਪਹਾੜਾਂ ਦੇ ਮਦ ਨੂੰ (ਲੋਹੇ ਨਾਲ ਭਰ ਕਰ) ਬਰਾਬਰ ਕਰ ਦਿਤਾ ਤਾਂ ਹੁਕਮ ਦਿਤਾ ਕਿ (ਹੁਣ ਏਸ ਨੂੰ) ਭਖਾਓ ਏਥੋਂ ਤਕ ਕਿ ਜਦੋਂ ਦੀਵਾਰ ਨੂੰ ਅਗ ਅੰਗਾਰਾਇਵ ਕਰ ਦਿਤਾ ਤਾਂ ਆਖਿਆ ਕਿ ਹੁਣ ਸਾਨੂੰ ਤਾਂਬਾ ਲਿਆ ਦੇਵੋ ਕਿ ਉਸਨੂੰ (ਗਾਲਿਤ ਕਰਕੇ ਓਸ ਕੰਧ ਉਤੇ ਉਲਟਾ ਦੇਵੇ॥ ੯੬ ॥ ਫਿਰ (ਯਾਜੂਜ ਮਾਜੂਜ

Digitized by Panjab Digital Library | www.panjabdigilib.org

ਨਾ ਤਾਂ ਓਸ ਉਤੇ ਚੜ੍ਹ ਸਕਦੇ ਸਨ ਅਤੇ ਨਾ ਉਸ ਦੇ ਵਿਚ ਛਿਦ੍ਰ ਕਰ ਸਕਦੇ ਸਨ ॥ ੯੭ ॥ ( ਜ਼ੁਉਲਕੁਰਨੈਨ ) ਨੇ ਆਖਿਆ ਇਹ ਮੇਰੇ ਪਰਵਰਦਿਗਾਰ ਦੀ ਮਿਹਰਬਾਨੀ ਹੈ ॥੯੮॥ ਪਰੰਤੂ ਜਦ ਮੇਰੇ ਪਰਵਰਦਿਗਾਰ ਦਾ ਪ੍ਰਣ ( ਕਿਆਮਤ ) ਆ ਪਰਾਪਤ ਹੋਵੇਗਾ ਤਾਂ ਏਸ ( ਦੀਵਾਰ ) ਨੂੰ ਢਹਿ ਢੇਰੀ ਕਰ ਦੇਵੇਗਾ। ਅਰ ਮੇਰੇ ਪਰਵਰਦਿਗਾਰ ਦਾ ਪ੍ਰਣ ਸਚਾ ਹੈ ॥ ੯੯ ॥ ਅਰ ਓਸ ਦਿਨ ਅਸੀਂ ਇਹ ਦਿਸ਼ਾ ਕਰ ਦੇਵਾਂਗੇ ਕਿ (ਨਦੀ ਦੇ) ਤਰੰਗਾਂ ਇਵ ਇਕ ਵਿਚ ਇਕ ਦੀ ਘੜਮਸ ਚੋਦੇਂ ਪਾ ਦੇਵਾਂਗੇ ਅਰ ਨਰਸਿੰਗਾ ਵਜਾਇਆ ਜਾਵੇਗਾ। ਅਰ ਅਸੀਂ ਸਾਰਿਆਂ ਲੋਕਾਂ ਨੂੰ ( ਹਸ਼ਰ ਦੇ ਮੈਦਾਨ ਵਿਚ ) ਇਕੱਤ੍ਰ ਕਰਾਂਗੇ ॥੧੦੦॥ ਅਰ ਓਸੇ ਦਿਨ ਨਰਕਾਂ ਨੂੰ ( ਭੀ ) ਕਾਫਰਾਂ ਦੇ ਸਨਮੁਖ ਲਿਆ ਰਖਾਂਗੇ ॥ ੧੦੧ ॥ ਜਿਨਹਾਂ ਦੀਆਂ ਅਖੀਆਂ ਸਾਡੇ ਜ਼ਿਕਰ ( ਅਰਥਾਤ ਕੁਰਾਨ ਦੇ ਪਾਸਿਓਂ ਗਫਲਤ ਦੇ ) ਪਰਦੇ ਵਿਚ ਸਨ । ( ਅਰ ਹੱਕ ਦੇ ਪਾਸਿਓਂ ਉਨਹਾਂ ਦੇ ਕੰਨਾਂ ਵਿਚ ਝਪੇ ਸਨ ) ਕਿ ਉਹ ( ਉਸ ਨੂੰ ) ਸੁਣ ਹੀ ਨਹੀਂ ਸਕਦੇ ਸਨ॥ ੧੦੨ ॥ ਰੁਕੂਹ ੧੧ ॥

ਕੀ (ਇਹ) ਕਾਫਰ ਏਸ ਖਿਆਲ ਵਿਚ ਹਨ ਕਿ ਸਾਨੂੰ ਛਡਕੇ ਸਾਡਿਆਂ ਬੰਦਿਆਂ ਨੂੰ (ਆਪਣਾ)ਕਾਰਸਾਜ ਬਣਾਵਣ । ਅਸਾਂ ਨੇ ਕਾਫਰਾਂ ਦੀ ਰਸੋਈ ਵਾਸਤੇ ਜਹੱਨਮ ਤਿਆਰ ਕਰ ਰਖੀ ਹੈ ॥੧੦੩॥ ਕਹਿ ਦੇ ਕਿ ਕਹੁ ਤਾਂ ਅਸੀਂ ਤੁਹਾਨੂੰ ਉਹ ਲੋਕ ਦਸੀਏ ਜੋ ਕਰਮਾਂ ਦੇ ਇਤਬਾਰ ਨਾਲ ਬੜੇ ਘਾਟੇ ਵਿਚ ਹਨ ॥ ੧੦੪ ॥ ( ਹਾਂ ਤਾਂ ਇਹ ) ਉਹ ਲੋਕ ( ਹਨ ) ਜਿਨਹਾਂ ਦੇ ਸਾਂਸਾਰਿਕ ਜੀਵਣ ਦੀ ਕੋਸ਼ਿਸ਼ ( ਸੰਪੂਰਣ ) ਗਈ ਗਵਾਤੀ ਹੋਈ ਅਰ ਉਹ ( ਆਪਣੀ ਕਬੁਧੀ ਕਰ ਕੇ ) ਏਸੇ ਖਿਆਲ ਵਿਚ ਹਨ ਕਿ ਵੁਹ ਸ਼ੁਭ ਕਰਮ ਕਰ ਰਹੇ ਹਨ ॥ ੧੦੫ ॥ ਈਹਾ ਹੀ ਉਹ ਲੋਕ ਹਨ ਜਿਨਹਾਂ ਨੇ ਆਪਣੇ ਪਰਵਰਦਿਗਾਰ ਦੀਆਂ ਆਇਤਾਂ ਨੂੰ ਅਰ ( ਪਰਲੇ ਦੇ ਦਿਨ ) ਉਸ ਦੇ ਸਨਮੁਖ ਹਾਜਰ ਹੋਣ ਨੂੰ ਨਾ ਮੰਨਿਆਂ ਤਾਂ ਏਹਨਾਂ ਦੇ ਕਿਰਤ ਕਰਮ ( ਸੰਪੂਰਣ ) ਅਕਾਰਥ ਹੋ ਗਏ ਤਾਂ ਪਰਲੈ ਦੇ ਦਿਨ ਅਸੀਂ ਏਹਨਾਂ ( ਦੇ ਸ਼ੁਭ ਕਰਮਾਂ ) ਦਾ ( ਰਤੀ ਪ੍ਰਮਾਣ ) ਵਜ਼ਨ ( ਭੀ ਹਿਸਾਬ ਵਿਚ ) ਕਾਇਮ ਨਹੀਂ ਰਖਾਂਗੇ ॥ ੧੦੬ ॥ ਇਹ ਜਹੱਨਮ ਇਹਨਾਂ ( ਦੀ ਉਸ ਬਦ ਕਿਰਦਾਰੀ ) ਦਾ ਬਦਲਾ ਹੈ ਕਿ ਏਹਨਾਂ ਨੇ ਕੁਫਰ ਕੀਤਾ ਅਰ ਸਾਡੀਆਂ ਆਇਤਾਂ ਦੀ ਅਰ ਸਾਡਿਆਂ ਪੈਯੰਬਰਾਂ ਦੀ ਹਾਂਸੀ ਉਡਾਈ ॥ ੧੦੭ ॥ ਨਿਰਸੰਦੇਹ ਜੋ ਲੋਕ ਈਮਾਨ ਧਾਰ ਬੈਠੇ ( ਅਰ ਓਹਨਾਂ ਨੇ ) ਸ਼ੁਭ ਕਰਮ ( ਭੀ ) ਕੀਤੇ ਓਹਨਾਂ ਦੀ ਰਸੋਈ ਵਾਸਤੇ ( ਠੰਡੀ ਛਾਂ ਦੇ ) ਬਗੀਚੇ ਹੋਵਣਗੇ ॥ ੧੦੮ ॥ ਜਿਨਹਾਂ ਵਿਚ ਵੁਹ ਸਦੈਵ ( ਸਦੈਵ ) ਰਹਿਣਗੇ ( ਅਰ ਕਦਾਪਿ ) ਏਥੋਂ ਉਠਣਾ ਨਹੀਂ ਚਾਹੁਣਗੇ

Digitized by Panjab Digital Library | www.panjabdigilib.org

॥ ੧੦੯ ॥ ( ਹੇ ਪੈਯੰਬਰ ਏਹਨਾਂ ਤਾਈਂ ) ਆਖੋ ਕਿ ਯਦੀ ਮੇਰੇ ਪਰਵਰਦਿਗਾਰ ਦੀਆਂ ਗਲਾਂ ਦੇ ( ਲਿਖਨ ) ਵਾਸਤੇ ਸਮੁੰਦਰ ( ਦਾ ਪਾਣੀ ) ਸਿਆਹੀ ( ਦੀ ਜਗਹਾਂ ) ਹੋਵੇ ਤਾਂ ਪ੍ਰਿਥਮ ਏਸ ਦੇ ਕਿ ਮੇਰੇ ਪਰਵਰਦਿਗਾਰ ਦੀਆਂ ਗਲਾਂ ਤਮਾਮ ਹੋਣ ਸਮੁੰਦਰ ਨਿਬੜ ਜਾਵੇ ਯਦਯਪੀ ਅਸੀਂ ਵੈਸਾ ਹੀ ( ਔਰ ਸਮੁੰਦਰ ਓਸ ਦੀ ) ਸਹਾਇਤਾ ਵਾਸਤੇ ਲੈ ਆਵੀਏ ॥ ੧੧੦ ॥ ( ਹੇ ਪੈਯੰਬਰ ਏਹਨਾ ਲੋਕਾਂ ਤਾਈਂ ) ਆਖੋ ਕਿ ਮੈਂ ( ਭੀ ਤਾਂ ) ਤੁਸਾਂ ਵਰਗਾ ਹੀ ਇਕ ਪੁਰਖ ਹਾਂ ( ਮੇਰੇ ਵਿਚ ਤਥਾ ਤੁਸਾਂ ਵਿਚ ਕੇਵਲ ਏਤਨਾਂ ਹੀ ਫਰਕ ਹੈ ਕਿ ) ਮੇਰੇ ਪਾਸ ( ਖੁਦਾ ਦੇ ਪਾਸਿਓਂ ) ਇਹ ਅਕਾਸ਼ ਬਾਣੀ ਆਉਂਦੀ ਹੈ ਕਿ ਤੁਸਾਂ ਦਾ ਮਾਬੂਦ ( ਵਹੀ ਅਕੇਲਾ ) ਕੇਵਲ ਇਕ ਮਾਬੂਦ ਹੈ ਤਾਂ ਜਿਸ ਨੂੰ ਆਪਣੇ ਪਰਵਰਦਿਗਾਰ ਨਾਲ ਮਿਲਨ ਦੀ ਰੁਚੀ ਹੋਵੇ ਤਾਂ ਚਾਹੀਏ ਕਿ ਸ਼ੁਭ ਕਰਮ ਕਰੇ ਅਰ ਕਿਸੇ ਨੂੰ ( ਭੀ ) ਆਪਣੇ ਪਰਵਰਦਿਗਾਰ ਦੀ ਪੂਜਾ ਵਿਚ ਸ਼ਰੀਕ ਨਾ ਕਰੇ ॥ ੧੧੧ ॥ ਰੁਕੂਹ ੧੨ ॥

# ਸੂਰਤ ਮਰੀਯਮ ਮੱਕੇ ਵਿਚ ਪ੍ਰਾਪਤ ਹੋਈ ਅਰ ਏਸ ਦੀਆਂ ਅਠਾਨਵੇਂ ਆਇਤਾਂ ਅਰ ਛੇ ਰੁਕੂਹ ਹਨ।

(ਪ੍ਰਾਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ ਅਰ ਕਿਰਪਾਲੂ (ਹੈ)

ਕਾਫ, ਹੇ, ਯੇ, ਐਨ, ਸਵਾਦ ॥੧॥ (ਹੇ ਪੈਯੰਬਰ ਇਹ ਉਸ) ਕਿਰਪਾ ਦਾ ਵਰਨਣ ਹੈ ਜੋ ਤੁਸਾਂ ਦੇ ਪਰਵਰਦਿਗਾਰ ਨੇ ਆਪਣੇ ਦਾਸ ਜ਼ਿਕਰੀਆ ਉਤੇ ਕੀਤਾ ਸੀ ॥ ੨ ॥ ਕਿ ਜਦੋਂ ਉਨਹਾਂ ਨੇ ਆਪਣੇ ਪਰਵਰਦਿਗਾਰ ਨੂੰ ਧੀਰੀ ਆਵਾਜ਼ ਦੇ ਨਾਲ ਪੁਕਾਰਿਆ ॥ ੩ ॥ (ਅਰ) ਪ੍ਰਾਰਥਨਾਂ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਮੇਰੀਆਂ ਅਸਥੀਆਂ ਨਿਰਬਲ ਹੋ ਗਈਆਂ ਹਨ ਅਰ ਸਿਰ (ਭੀ) ਬ੍ਰਿਧ ਅਵਸਥਾ (ਦੀ ਅੱਗ) ਨਾਲ ਭੜਕ ਉਠਿਆ ਹੈ ॥ ੪ ॥ ਅਰ ਹੇ ਮੇਰੇ ਪਰਵਰਦਿਗਾਰ ਤੇਰੀ ਜਨਾਬ ਵਿਚ ਦੁਆ ਕਰਕੇ ਮੈਂ (ਕਦਾਪਿ) ਵੰਜਿਆ ਨਹੀਂ ਰਹਿਆ ॥ ੫ ॥ ਅਰ ਆਪਣੇ (ਮਰਿਆਂ) ਪਿਛੋਂ ਮੇਰੇ ਤਾਈਂ (ਆਪਣਿਆਂ) ਸੰਗੀਆਂ ਸਾਥੀਆਂ ਪਾਸੋਂ ਖੌਫ ਹੈ (ਕਿ ਕਿਤੇ ਮੇਰੇ ਪਿਛੋਂ ਦੀਨ ਵਿਚ ਕੋਈ ਖਰਾਬੀ ਨਾ ਪਾ ਦੇਣ) ਅਰ ਮੇਰੀ ਇਸਤ੍ਰੀ ਬੰਧਯ ਹੈ ਬਸ ਆਪਣੇ ਪਾਸਿਓਂ ਮੈਨੂੰ ਇਕ ਜਾਨਸ਼ੀਨ ( ਅਰਥਾਤ ਪੁਤ੍ਰ ) ਪਰਦਾਨ ਕਰ ॥ ੬ ॥ ਜੋ ਮੇਰਾ (ਭੀ) ਵਾਰਸ ਹੋਵੇ । ਅਰ ਯਾਕੂਬ ਦੀ ਵੰਸ ਦਾ (ਭੀ) ਮਾਲਿਕ ਹੋਵੇ (ਅਰਥਾਤ ਦੀਨ ਨੂੰ ਭੀ ਸੰਭਾਲੇ) ਅਰ ਹੇ ਮੇਰੇ ਪਰਵਰਦਿਗਾਰ ਅਰ ਉਸ ਨੂੰ ਮਕਬੂਲ ਕਰ ॥ ੭ ॥ (ਖੁਦਾ ਨੇ ਆਗਿਆ ਦਿਤੀ) ਜ਼ਿਕਰੀਆ ! ਅਸੀਂ

Digitized by Panjab Digital Library | www.panjabdigilib.org

ਤੇਰੇ ਤਾਈਂ ਇਕ ਲੜਕੇ ਦੀ ਖੁਸ਼ਖਬਰੀ ਦੇਂਦੇ ਹਾਂ ਜਿਸ ਦਾ ਯਾਹਈਆ ਨਾਮ ਹੋਵੇਗਾ ॥੮॥ (ਅਰ ਇਸ ਨਾਲੋਂ) ਪ੍ਰਥਮ ਅਸਾਂ ਨੇ ਇਸ ਨਾਮ ਦਾ ਕੋਈ (ਆਦਮੀ ਉਤਪੰਨ) ਨਹੀਂ ਕੀਤਾ ॥ ੯ ॥ (ਜ਼ਕਰੀਆ ਨੇ) ਬੇਨਤੀ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਮੇਰੇ ਘਰ ਲੜਕਾ ਕਿਸ ਪਰਕਾਰ ਉਤਪਤ ਹੋ ਸਕਦਾ ਹੈ ਬਿਰਤਾਂਤ ਤਾਂ ਇਹ ਹੈ ਕਿ ਮੇਰੀ ਇਸਤ੍ਰੀ ਬੰਧਿਆ ਹੈ। ਅਰ ਮੈਂ ਬੁਢਾਪੇ ਦੀ ਸੀਮਾ ਦੇ ਅੰਤ ਤਕ ਪ੍ਰਾਪਤ ਹੋ ਗਿਆ ਹਾਂ ॥੧੦॥ ਬਚਨ ਹੋਇਆ ਕਿ ਐਸੇ ਹੀ (ਹੋਵੇਗਾ) ਤੁਸਾਂ ਦਾ ਪਰਵਰਦਿਗਾਰ ਆਗਿਆ ਦੇਂਦਾ ਹੈ ਕਿ ਤੁਸਾਂ ਨੂੰ ਇਸ ਉਮਰ ਵਿਚ ਪੁਤ੍ਰ ਦੇਣਾ ਸਾਡੇ ਆਗੇ ਸੁਖੈਨ ਹੀ ਹੈ ਅਰ (ਇਸ ਨਾਲੋਂ ਪ੍ਰਥਮ ਤੁਸਾਂ ਤਾਈਂ ਅਸਾਂ ਨੇ ਹੀ ਉਤਪਨ ਕੀਤਾ ਹਾਲਾਂ ਕਿ ਤੁਸੀਂ ਕੁਝ ਭੀ ਨਹੀਂ ਥੇ ॥ ੧੧ ॥ (ਜ਼ਿਕਰੀਆ ਨੇ) ਬੇਨਤੀ ਕੀਤੀ ਕਿ ਹੇ ਮੇਰੇ ਪਰਵਰਦਿਗਾਰ (ਇਸ ਬਾਰਤਾ ਦੀ ਕਿ ਮੇਰੇ ਘਰ ਪੁਤ ਹੋਵੇਗਾ) ਮੇਰੇ ਤਾਈਂ ਕੋਈ ਨਿਸ਼ਾਨੀ ਦਸ ਆਗਿਆ ਦਿਤੀ ਕਿ ਤੁਸਾਂ ਵਾਸਤੇ ਇਹ ਨਿਸ਼ਾਨੀ ਹੈ ਕਿ ਤੁਸੀਂ ਇਕ ਰਸ ਤਿੰਨ ਰਾਤ (ਤਿੰਨ ਦਿਨ) ਲੋਕਾਂ ਦੇ ਨਾਲ ਗਲਾਂ ਨਾਂ ਕਰੋਗੇ ॥ ੧੨ ॥ ਫੇਰ (ਜ਼ਿਕਰੀਆ ਅਗੇ ਵਾਂਗੁਰ ਵਿਆਖਿਆਨ ਤਥਾ ਉਪਦੇਸ਼ ਦੇ ਵਾਸਤੇ) ਹੁਜਰੇ ਵਿਚੋਂ ਨਿਕਲਕੇ ਆਪਣਿਆਂ ਲੋਕਾਂ ਦੇ ਪਾਸ ਆਏ ਤਾਂ ਸੈਨਤ ਦੇ ਨਾਲ ਓਹਨਾਂ ਨੂੰ ਸਮਝਾਇਆ ਕਿ ਸਾਯੰ ਪ੍ਰਾਤ (ਖੁਦਾ ਦੀ) ਬੰਦਗੀ ਵਿਚ ਰੁਝੇ ਰਹੋ ॥ ੧੩ ॥ (ਅਰ ਅਸਾਂ ਨੇ ਉਨਹਾਂ ਨੂੰ ਹੁਕਮ ਦਿਤਾ ਕਿ) ਹੇ ਯਾਹਈਆ (ਤੌਰਾਤ) ਪੁਸਤਕ ਨੂੰ ਖੂਬ ਪਕਿਆਈ ਨਾਲ ਪਕੜੀ ਰਖਣਾ। ਅਰ ਅਜੇ ਉਹ ਬਾਲਕ ਹੀ ਸਨ ਕਿ ਅਸਾਂ ਨੇ ਆਪਣੇ ਫਜ਼ਲ ਨਾਲ ਉਨਹਾਂ ਨੂੰ ਪੈਯੰਬਰੀ ॥ ੧੪ ॥ ਅਰ ਰਹਿਮ ਦਿਲੀ ਅਰ ਪਵਿਤਰ ਸਰਿਸ਼ਟ ਬਖਸ਼ੀ ਅਰ (ਇਸ ਦੇ ਇਲਾਵਾ) ਉਹ ਪਰਹੇਜ਼ਗਾਰ ਅਰ ਆਪਣੇ ਮਾਤਾ ਪਿਤਾ ਦੇ ਸੇਵਕ (ਭੀ) ਸਨ ਅਰ ਸਖਤ-ਗੀਰ (ਤਥਾ) ਆਪ ਹੁਦਰੇ ਨਾ ਥੇ ॥ ੧੫ ॥ ਅਰ ਉਨਹਾਂ ਨੂੰ (ਹਰ ਹਾਲਤ ਵਿਚ ਖੁਦਾ ਦੀ) ਅਮਾਨ ਜਿਸ ਦਿਨ ਉਤਪਤ ਹੋਏ ਅਰ ਜਿਸ ਦਿਨ ਮਰਨਗੇ ਅਰ ਜਿਸ ਦਿਨ (ਦੂਜੀ ਵੇਰੀ) ਸੁਰਜੀਤ ਕਰ ਉਠਾਕੇ ਖੜੇ ਕੀਤੇ ਜਾਵਣਗੇ ॥ ੧੬ ॥ ਰੁਕੂਹ ੧ ॥

ਅਰ ਕੁਰਾਨ ਵਿਚ ਮਰੀਅਮ ਦਾ ਜ਼ਿਕਰ (ਭੀ) ਲੋਕਾਂ ਅਗੇ (ਵਰ-ਣਨ) ਕਰੋ ਕਿ ਜਦੋਂ ਉਹ ਆਪਣਿਆਂ ਲੋਕਾਂ ਕੋਲੋਂ ਵਖਰੀ ਹੋ ਕੇ ਚੜ੍ਹਦੇ ਪਾਸੇ ਇਕ ਜਗਹਾਂ ਜਾ ਬੈਠੀ ॥੧੭॥ ਅਰ ਲੋਕਾਂ ਦੇ ਪਾਸਿਓਂ ਪਰਦਾ ਕਰ ਲੀਤਾ ਤਾਂ ਅਸਾਂ ਨੇ ਆਪਣੀ ਰੂਹ (ਅਰਥਾਤ ਜਬਰਾਈਲ) ਨੂੰ ਉਨਹਾਂ ਦੇ ਪਾਸੇ ਭੇਜਿਆ ਤਾਂ ਵੁਹ ਚੰਗੇ ਭਲੇ ਆਦਮੀ ਦੀ ਸ਼ਕਲ ਬਣ ਕੇ

Digitized by Panjab Digital Library | www.panjabdigilib.org

ਓਹਨਾਂ ਦੇ ਸਨਮੁਖ ਆ ਖੜਾ ਹੋਇਆ ॥ ੧੮ ॥ ਉਹ (ਉਨਹਾਂ ਨੂੰ ਵੇਖਕੇ) ਲਗੀ ਆਖਣ ਕਿ ਯਦੀ ਤੁਸੀਂ ਪਰਹੇਜ਼ਗਾਰ ਹੋ ਤੇ ਮੈਂ ਤੁਸਾਂ ਅਗੇ ਖੁਦਾ ਦਾ ਵਾਸਤਾ ਪਾਉਨੀ ਹਾਂ ਕਿ ( ਮੇਰੇ ਸਾਹਮਣਿਓਂ ਹਟ ਜਾਓ) ॥ ੧੯ ॥ (ਜਬਰਾਈਲ) ਬੋਲਿਆ ਕਿ ਮੈਂ ਤਾਂ ਬਸ ਤੁਸਾਂ ਦੇ ਪਰਵਰਦਿਗਾਰ ਦਾ ਭੇਜਿਆ ਹੋਇਆ ( ਫਰਿਸ਼ਤਾ ) ਹਾਂ ( ਅਰ ) ਏਸ ਵਾਸਤੇ ( ਆਇਆ ਹਾਂ ) ਕਿ ਤੁਸਾਂ ਤਾਈਂ ( ਇਕ ) ਪਵਿਤ੍ਰ ਆਤਮਾ ਲੜਕਾ ਦੇਵਾਂ ॥ ੨੦ ॥ ਬੋਲੀ ਮੇਰੇ ਘਰ ਲੜਕਾ ਕਿਸ ਪਰਕਾਰ ਉਤਪਤ ਹੋ ਸਕਦਾ ਹੈ । ਹਾਲਾਂ ਕਿ ਨਾਂ ਤਾਂ ( ਨਕਾਹ ਦੀ ਰੀਤੀ ਨਾਲ ) ਕਿਸੇ ਪੁਰਖ ਨੇ ਮੇਰੇ ਨਾਲ ਸਪ-ਰਸ਼ ਕੀਤਾ ਅਰ ਨਾ ਮੈਂ ਕਦੇ ਬਿਭਚਾਰਨ ਰਹੀ ॥ ੨੧ ॥ ( ਜਬਰਾਈਲ ਨੇ ) ਆਖਿਆ ( ਜੈਸੇ ਮੈਂ ਆਖਦਾ ਹਾਂ ) ਵੈਸੇ ਹੀ ( ਹੋਵੇਗਾ ) ਤੁਸਾਂ ਦਾ ਪਰਵਰਦਿਗਾਰ ਆਗਜਾ ਦੇਂਦਾ ਹੈ ਤੁਸਾਂ ਦੇ ਘਰ ਬਿਨਾਂ ਪਿਤਾ ਦੇ ਲੜਕਾ ਉਤਪੰਨ ਕਰਨਾ ਸਾਡੇ ਅਗੇ ਸੁਗਮ ਵਸਤੂ ਹੈ ਅਰ (ਏਸ ਦੇ ਉਤ-ਪਤ ਕਰਨ ਦੀ ) ਇਹ ਲੋੜ ਹੈ ਕਿ ਲੋਕਾਂ ਦੇ ਵਾਸਤੇ ਅਸੀਂ ਉਸ ਨੂੰ ( ਆਪਣੀ ਕੁਦਰਤ ਦੀ ) ਇਕ ਨਿਸ਼ਾਨੀ ਨੀਯਤ ਕਰੀਏ ਅਰ ( ਸੰਸਾਰ ਵਿਚ ਅਸੀਂ ਉਸ ਨੂੰ ) ਆਪਣੀ ਰਹਿਮਤ ( ਦਾ ਵਸੀਲਾ ਬਣਾਈਏ ) ਅਰ ਇਹ ਵਾਰਤਾ ( ਸਾਡੇ ਥੋਂ ) ਨਿਰਵਿਵਾਦ ਹੋਗਈ ਹੈ ॥ ੨੨ ॥ ਏਸ ਗੁਲੋਂ ਮਰੀਯਮ ਨੂੰ ( ਆਪੇ ਧਾਪ ਪੁਤ੍ਰ ) ਪੇਟ ਵਿਚ ਆ ਗਇਆ ਅਰ ਵੁਹ ਪੇਟ ਨੂੰ ਲੈ ਕੇ ਅਲਗ ਦੂਰ ਦੇ ਮਕਾਨ ਵਿਚ ਹੋ ਬੈਠੀ ॥ ੨੩ ॥ ਫੇਰ ਪ੍ਰਸੂਤ ਦੀ ਪੀੜਾ ਉਸ ਨੂੰ ਇਕ ਖਜੂਰ ਦੀ ਜੜ੍ਹ ਵਿਚ ਲੈ ਪਰਾਪਤ ਹੋਈ ( ਔਰ ਪੁਤਰ ਉਤਪਤੀ ਦੇ ਵੇਲੇ ਉਨਹਾਂ ਨੂੰ ਪੀੜਾ ਹੋਈ ਤਾਂ ਵੁਹ ) ਲਗੀ ਆਖਣ ਕਿ ਹਾਯ ਰੱਬਾ ਮੈਂ ਏਸ ਨਾਲੋਂ ਪ੍ਰਥਮ ਹੀ ਮਰ ਗਈ ਹੁੰਦੀ ਅਰ ( ਸੰਸਾਰ ਭਰ ਵਿਚੋਂ ਨਾ ਹੋਈ ਹੋ ਕੇ ਕਦੇ ਦੀ ) ਭੁਲ ਭਲਾ ਗਈ ਹੁੰਦੀ ॥ ੨੪ ॥ ਫੇਰ ਜਬਰਾਈਲ ਨੇ ( ਉਸ ਚਸ਼ਮੇ ਵਿਚੋਂ ਜੋ ) ਮਰੀਯਮ ਦੇ ਹੇਠੋਂ ( ਖੁਦਾ ਦੀ ਕੁਦਰਤ ) ਨਾਲ ( ਵਗ ਨਿਕਲਿਆ ਸੀ ) ਉਸ ਨੂੰ ਅਵਾਜ਼ ਮਾਰੀ ਕਿ ਚਿੰਤਾਤਰ ਨਾ ਹੋ ( ਇਹ ਦੇਖ ) ਕਿ ਤੁਸਾਂ ਦੇ ਪਰਵਰਦਿਗਾਰ ਨੇ ਤੁਸਾਂ ਦੇ ਹੇਠਾਂ ਇਕ ਚਸ਼ਮਾਂ ਵਗਾ ਦਿਤਾ ॥ ੨੫ ॥ ਅਰ ਖਜੂਰ ਦੀ ਜੜ੍ਹ ਨੂੰ ( ਪਕੜ ਕੇ ) ਆਪਣੀ ਵਲ ਹਿਲਾ ਤੁਸਾਂ ਅਗੇ ਪਕੀਆਂ ੨ ਸਜਰੀਆਂ ਖਜੂਰਾਂ ਝੜ ਪੈਣਗੀਆਂ॥੨੬॥ ਫੇਰ ( ਖੂਬ ਅਨੰਦ ਨਾਲ ਖਜੂਰਾਂ ) ਖਾਓ ਅਰ ( ਚਸ਼ਮੇ ਦਾ ਜਲ ) ਛਕੋ । ਅਰ ( ਪੁਤ੍ਰ ਨੂੰ ਵੇਖ ਕੇ ) ਅਖਾਂ ਠੰਢੀਆਂ ਕਰੋ ( ਅਰ ਆਪਣੇ ਪੁਤ੍ਰ ਨੂੰ ਲੈ ਕੇ ਚਲੋ ) ਫੇਰ ( ਮਾਰਗ ਵਿਚ ) ਤੁਸਾਂ ਨੂੰ ਕੋਈ ਆਦਮੀ ਨਜਰੀ ਆਵੇ ( ਅਰ ਵੁਹ ਤੁਸਾਂ ਪਾਸੋਂ ਪੁਛੇ ) ਤਾਂ ( ਤੁਸਾਂ ਸੈਨਤ

Digitized by Panjab Digital Library | www.panjabdigilib.org

ਨਾਲ ) ਆਖ ਦੇਣਾ ਕਿ ਮੈਂ ਰਹਿਮਾਨ ( ਖੁਦਾ ) ਵਾਸਤੇ ਰੋਜ਼ੇ ਦੀ ਸੁਖਣਾ ਸੁਖੀ ਹੈ ਤਾਂ ਮੈਂ ਅਜ ਕਿਸੇ ਪੁਰਖ ਨਾਲ ਗਲ ਨਹੀਂ ਕਰ ਸਕਦੀ ॥ ੨੭ ॥ ਫੇਰ ਮਰੀਯਮ ਲੜਕੇ ਨੂੰ ਕੁਛੜ ਵਿਚ ਲੈ ਕੇ ਆਪਣੀ ਗਜਾਤੀ ਦੇ ਪਾਸ ਲੈ ਆਈ ਅਰ ਵੁਹ (ਦੇਖ ਕੇ) ਲਗੇ ਆਖਣ ਕਿ ਮਰੀਯਮ ! ਇਹ ਤਾਂ ਤੂੰ ਬਹੁਤ ਹੀ ਬੁਰਾ ਕੰਮ ਕੀਤਾ ॥ ੨੮ ॥ ਹੇ ਹਾਰੂਨ ਦੀ ਭਗਨੀ ਨਾਂ ਤੇ ਤੇਰਾ ਪਿਤਾ ਹੀ ਬੁਰਾ ਆਦਮੀ ਸੀ ਅਰ ਨਾਂ ਤੇਰੀ ਮਾਂ ਹੀ ਬਿਭ-ਚਾਰਨੀ ਸੀ ( ਤਾਂ ਆਪਣੀ ਗਜਾਤੀ ਤੋਂ ਵਿਰੁਧ ਤੂੰ ਇਹ ਕੀ ਕਰਮ ਕਰ ਬੈਠੀ ) ॥ ੨੯ ॥ ਤਾਂ ਮਰੀਯਮਨੇ ਪੁਤ੍ਰ ਦੇ ਵਲ ਇਸ਼ਾਰਾ ਕੀਤਾ (ਕਿ ਜੋ ਕੁਛ ਪੁਛਣਾ ਹੈ ਏਸ ਪਾਸੋਂ ਪੁਛ ਲਵੇ ) ਉਹ ਲਗੇ ਆਖਣ ਅਸੀਂ ਇਵਾਣੇ ਗੋਦ ਦੇ ਬਾਲਕ ਨਾਲ ਕੈਸੇ ਬਾਰਤਾ ਕਰੀਏ ॥ ੩੦ ॥ ( ਏਸ ਗਲੋਂ ਥੱਚਾ ) ਬੋਲ ਉਠਿਆ ਕਿ ਮੈਂ ਅੱਲਾ ਦਾ ਦਾਸ ਹਾਂ । ਉਸ ਨੇ ਮੈਨੂੰ ( ਅੰਜੀਲ ਨਾਮੇ ) ਪੁਸਤਕ ਪਰਦਾਨ ਕੀਤੀ ਅਰ ਮੈਨੂੰ ਪੈਗੰਬਰ ਬਨਾਇਆ ॥ ੩੧ ॥ ਅਰ ਕਿਤੇ ਭੀ ਰਹਾਂ ਮੈਨੂੰ ਬਾਬਰਕਤ ਕੀਤਾ ਅਰ ਮੈਨੂੰ ਆਗਿਆ ਦਿਤੀ ਕਿ ਜਦੋਂ ਤਕ ਜੀਉਂਦਾ ਰਹਾਂ ਨਮਾਜ਼ ਪੜ੍ਹਾਂ ਅਰ ਜ਼ਕਾਤ ਦੇਵਾਂ॥੩੨॥ ਅਰ (ਹੋਰ) ਮੈਨੂੰ ਆਪਣੀ ਮਾਈ ਦਾ ਸੇਵਾਦਾਰ ਬਣਾਇਆ ਅਰ ਮੇਰੇ ਤਾਈਂ ਸਖਤਗੀਰ ਤਥਾ ਕੁਮਾਰਗੀ ਨਹੀਂ ਕੀਤੀ ॥ ੩੩ ॥ ਅਰ ਮੇਰੇ ਉਤੇ ਖੁਦਾ ਦੀ ਰਖਸ਼ਾ ਜਿਸ ਦਿਨ ਮੈਂ ਜੰਮਿਆ ਅਰ ਜਿਸ ਦਿਨ ਮਰਾਂਗਾ ਅਰ ਜਿਸ ਦਿਨ ਸੁਰ-ਜੀਤ ਕਰਕੇ ਖੜਾ ਕੀਤਾ ਜਾਵਾਂਗਾ ॥ ੩੪ ॥ ਇਹ ਹੈ ਮਰੀਯਮ ਦੇ ਪੁਤਰ ਈਸੇ ( ਦੀ ਵਾਰਤਾ ) ਸਚੀ ਸਚੀ ਗਲ ਜਿਸ ਵਿਚ ਲੋਕ ਝਗੜਿਆ ਕਰਦੇ ਹਨ ॥ ੩੫ ॥ ਖੁਦਾ ਨੂੰ ਯੋਗ ਨਹੀਂ ਕਿ ਵੁਹ ( ਕਿਸੇ ਤਾਈਂ ) ਪੁਤਰ ਬਣਾਵੇ । ਵੁਹ ਪਵਿਤ੍ਰ ( ਰੂਪ ) ਹੈ ॥ ਜਦੋਂ ਉਹ ਕਿਸੇ ਕਾਰਜ ਦਾ ਕਰਨਾ ਅਰੰਭ ਲੈਂਦਾ ਹੈ ਤਾਂ ਬਸ ਉਸਨੂੰ ਏਤਨੀ ਹੀ ਆਗਿਆ ਦੇ ਦੇਂਦਾ ਹੈ ਕਿ ਹੋ ਅਰ ਹੋ ਜਾਂਦਾ ਹੈ ॥ ੩੬ ॥ ਅਰ ਨਿਰਸੰਦੇਹ ਕਿ ਅੱਲਾ ਮੇਰਾ ( ਭੀ ) ਪਰਵਰਦਿਗਾਰ ਹੈ ਅਰ ਤੁਸਾਂ ਦਾ ( ਭੀ ) ਪਰਵਰਦਿਗਾਰ ਹੈ ਤਾਂ ( ਲੋਕੋ) ਉਸੇ ਦੀ ਪੂਜਾ ਕਰੋ ਇਹਾਈ ਸੂਧਾ ਮਾਰਗ ਹੈ ( ਅਰ ਈਹਾ ਦੀਨ ਈਸਾ ਲੈਕੇ ਆਇਆ ਸੀ ) ॥ ੩੭ ॥ ਫੇਰ ( ਯਹੂਦ ਤਥਾ ਨਸਾਰ ਦੇ ) ਫਿਰਕੇ ਲਗੇ ਆਪਸ ਵਿਚ ਦੀ ਵਿਭੇਦ ਕਰਨ । ਸੋ ਓਹਨਾਂ ਲੋਕਾਂ ਦੇ ਹਾਲ ਉਤੇ ਅਫਸੋਸ ਹੈ ਜੋ ਕੁਫਰ ਕਰਦੇ ਹਨ ਕਿ ( ਉਨਹਾਂ ਨੂੰ ਪ੍ਰਲੈ ਦੇ ) ਬੜੇ ( ਸਖਤ ) ਦਿਨ ਖੁਦਾ ਦੇ (ਸਨਮੁਖ) ਹਾਜਰ ਹੋਣਾ ਪਵੇਗਾ ॥ ੩੮ ॥ ਜ਼ਿਸ ਦਿਨ ਇਹ ਲੋਕ ਸਾਡੇ ਸਨਮੁਖ ਹਾਜਰ ਹੋਵਣਗੇ ਕੈਸ੍ਰੇ ਕੁਛ ਸੁਣਦੇ ਵੇਖਦੇ ਹੋਣਗੇ ਪਰੰਤੂ ਏਸ ਵੇਲੇ ਤਾਂ ਇਹ ਪਾਪੀ ( ਅੰਧੇ ਤਥਾ ਗੁੰਗੇ

Digitized by Panjab Digital Library | www.panjabdigilib.org

ਬਣੇ ਹੋਏ ) ਖੁਲਮਖੁਲੀ ਗੁਮਰਾਹੀ ਵਿਚ ਪਏ ਹੋਏ ਹਨ ॥ ੩੮ ॥ ਅਰ ( ਹੇ ਪੈਗੰਬਰ ) ਏਨਹਾਂ ਲੋਕਾਂ ਨੂੰ ( ਉਸ ਰੰਜ ਤਥਾ ) ਅਫਸੋਸ ਦੇ ਦਿਨ ( ਅਰਥਾਤ ਪ੍ਰਲੈ ਦੇ ਦੁਖੜੇ ) ਪਾਸੋਂ ਸਭੈ ਕਰੋ ਜਦੋਂ ਕਿ ( ਅੰਤ ) ਨੂੰ ਝਗੜਾ ਮੁਕਾ ਦਿਤਾ ਜਾਵੇਗਾ ਅਰ ( ਏਸ ਵੇਲੇ ਤਾਂ ) ਇਹ ਲੋਕ ਗਫਲਤ ਵਿਚ ਹਨ ਅਰ ਈਮਾਨ ਨਹੀਂ ਧਾਰਦੇ ॥ ੩੯ ॥ ( ਅੰਤ ਨੂੰ ) ਅਸੀਂ ਹੀ ਪ੍ਰਿਥਵੀ ਦੇ ਮਾਲਕ ਹੋਵਾਂਗੇ ਅਰ ਓਹਨਾਂ ਲੋਕਾਂ ਦੇ ਭੀ ਜੋਂ ਪ੍ਰਿਥਵੀ ਮਾਤਰ ਉਤੇ ਹਨ ਅਰ ਸਾਡੇ ਵਲ ਹੀ ਸਾਰਿਆਂ ਪਰਤਕੇ ਆਉਣਾ ਹੋਵੇਗਾ ॥ ੪੦ ॥ ਰਕੂਹ ੨ ॥

ਅਰ (ਹੇ ਪੈਗੰਬਰ) ਕੁਰਾਨ ਵਿਚੋਂ ਇਬਰਾਹੀਮ ਦਾ ਪ੍ਰਸੰਗ (ਭੀ ਲੋਕਾਂ ਅਗੇ ਵਰਨਣ) ਕਰੋ ਕਿ ਉਹ (ਭੀ) ਵਡੇ ਸਤਪੁਰਖ ( ਅਰ ) ਨਬੀ ਸਨ ॥੪੧॥ ਕਿ ਜਦੋਂ ਉਨਹਾਂ ਨੇ ਆਪਣੇ ਪਿਤਾ ਨੂੰ ਆਖਿਆ ਕਿ ਹੇ ਪਿਤਾ ! ਆਪ ਕਿਸ ਵਾਸਤੇ ਏਨਹਾਂ ( ਬੁਤਾਂ )ਦੀ ਪ੍ਰਸਤਸ਼ ਕਰਦੇ ਹੋ ਜੋ ਨਾ ( ਕੁਝ ) ਸੁਣਦੇ ਅਰ ਨਾ ( ਕੁਝ ) ਵੇਖਦੇ ਅਰ ਨਾਂ ਆਪਦੇ ਕਿਸੇ ਕੰਮ ਆ ਸਕਦੇ ਹਨ ॥ ੪੨ ॥ ਹੇ ਪਿਤਾ ! ਮੈਨੂੰ ( ਖੁਦਾ ਦੇ ਪਾਸਿਓਂ ) ਐਸੀ ਬਾਰਤਾ ਪਰਾਪਤ ਹੋਈ ਹੈ ਜੋ ਆਪ ਨੂੰ ਨਹੀਂ ਪਰਾਪਤ ਹੋਈ ਤਾਂ ਆਪ ਮੇਰੇ ਪਿਛੇ ਲਗੋ । ਮੈਂ ਆਪ ਨੂੰ ( ਦੀਨ ਦਾ ) ਸੂਧਾ ਮਾਰਗ ਦਿਖਲਾ ਦੇਵਾਂ ਗਾ ॥ ੪੩ ॥ ਹੇ ਪਿਤਾ ! ਸ਼ੈਤਾਨ ਦੇ ( ਆਖੇ ਲਗ ਕੇ ਬੁਤਾਂ ) ਨੂੰ ਨਾ ਪੂਜੋ ਕਾਹੇ ਤੇ ਸ਼ੈਤਾਨ ( ਖੁਦਾਇ ) ਰਹਿਮਾਨ ਪਾਸੋਂ ਅਮੋੜ ਹੈ ॥ ੪੪ ॥ ਹੇ ਪਿਤਾ ! ਮੈਨੂੰ ਏਸ ਗਲੋਂ ਡਰ ਲਗਦਾ ਹੈ ਕਿ ( ਕਿਤੇ ਐਸਾ ਨਾ ਹੋਵੇ ਕਿ ਖੁਦਾਇ ) ਰਹਿਮਾਨ ਦੇ ਪਾਸਿਓਂ ਆਪ ਨੂੰ ਕੋਈ ਕਸ਼ਟ ਆਨ ਚਮੜੇ ਅਰ ਆਪ ( ਆਖਰਕਾਰ ਜਹਨੱਮ ਵਿਚ ) ਸ਼ੈਤਾਨ ਦੇ ਸੰਗੀ ਸਾਥੀ ਬਣ ਜਾਓ ॥ ੪੫ ॥ ( ਇਬਰਾਹੀਮ ਦੇ ਪਿਤਾ ਨੇ ) ਆਖਿਆ ਕਿ ਇਬਰਾਹੀਮ ! ਕੀ ਤੂੰ ਮੇਰਿਆਂ ਮਾਬੂਦਾਂ ਪਾਸੋਂ ਬੇਮੁਖ ਹੈਂ ਯਦੀ ਤੂੰ (ਐਸੀਆਂ ਗੱਲਾਂ ਤੋਂ ) ਬਾਜ਼ ਨਾ ਆਵੇਂ ਗਾ ਤਾਂ ਜ਼ਰੂਰ ਮੈਂ ਤੈਨੂੰ ਇਟਾਂ ਵਟਿਆਂ ਨਾਲ ਮਰਵਾਂ ਦੇਵਾਂਗਾ ਅਰ ਆਪਣੀ ਖ਼ੈਰ ਚਾਹੁੰਦਾ ਹੈਂ ਤਾਂ ਮੇਰੀਆਂ ਅਖੀਆਂ ਅਗੋਂ ਦੂਰ ਹੋ ਜਾ ॥੪੬॥( ਇਬਰਾ-ਹੀਮ ਨੇ ) ਆਖਿਆ ( ਭਲਾ ਚੰਗਾ ਮੇਰੀ ) ਸਲਾਮ ਹੈ ( ਅਜੇ ਭੀ ) ਮੈਂ ਆਪਣੇ ਪਰਵਰਦਿਗਾਰ ਪਾਸੋਂ ਆਪ ਦੀ ਮਗਫਿਰਤ ( ਬਖਸ਼ਸ਼ ) ਦੀ ਦੁਆ ਕਰਾਂਗਾ ( ਕਾਹੇ ਤੇ ) ਵੁਹ ਮੇਰੇ ਉਤੇ ਪ੍ਰਾਯਾ ਮਿਹਰਬਾਨ ਹੈ ॥ ੪੭ ॥ ਅਰ ਮੈਂ ਤੁਸਾਂ ( ਬੁਤ ਪ੍ਰਸਤਾਂ ) ਨੂੰ ਅਰ ( ਤੁਸਾਂ ਦੇ ) ਏਹਨਾਂ ( ਬੁਤਾਂ ) ਨੂੰ ਜਿਨਹਾਂ ਨੂੰ ਤੁਸੀਂ ਖੁਦਾ ਦੇ ਸਿਵਾ ( ਲੋੜ ਵੇਲੇ ) ਆਵਾਹਨ ਕੀਤਾ ਕਰਦੇ ਹੋ। ( ਸਾਰਿਆਂ ਨੂੰ ) ਛੁਡਾ ਅਰ ਆਪਣੇ ਪਰਵਰਦਿਗਾਰ ਨੂੰ ਹੀ ( ਲੋੜ ਵੇਲੇ )

Digitized by Panjab Digital Library | www.panjabdigilib.org

ਪੁਕਾਰਿਆ ਕਰਾਂਗਾ ਉਮੈਦ ਹੈ ਕਿ ਮੈਂ ਆਪਣੇ ਪਰਵਰਦਿਗਾਰ ਪਾਸੋਂ ਦੁਆ ਮੰਗਣ ਵਿਚ ਬੇ ਨਸੀਬ ਨਹੀਂ ਰਹਾਂਗਾ ॥ ੪੮ ॥ ਤਾਂ ਜਦੋਂ ਇਬਰਾਹੀਮ ਨੇ ਉਨਹਾਂ ( ਬੁਤ ਪ੍ਰਸਤਾਂ ) ਨੂੰ ਅਰ ਉਨਹਾਂ ( ਬੁਤਾਂ ) ਨੂੰ ਜਿਨਹਾਂ ਨੂੰ ਵੁਹ ਖੁਦਾ ਤੋਂ ਸਿਵਾ ਪੂਜਦੇ ਸਨ ਕੰਨੀ ਕਤਰਾ ਲੀਤੀ ਅਸਾਂ ਨੇ ਉਨਹਾਂ ਨੂੰ ਇਸ-ਹਾਕ ਨਾਮੇ ( ਪੁਤ੍ਰ ) ਪਰਦਾਨ ਕੀਤਾ ਅਰ ਯਾਕੂਬ ਨਾਮੇ ( ਪਰਪੁਤ੍ਰ ) ਅਰ ਸਾਰਿਆਂ ਨੂੰ ਅਸਾਂ ਨੇ ਨਬੁਵਤ ਦੀ ਪਦਵੀ ਉਤੇ (ਭੀ) ਸੰਭੂਖਿਤ ਕੀਤਾ ॥੪੯॥ ਅਰ ਆਪਣੀ ਰਹਿਮਤ ਵਿਚੋਂ ਉਨਹਾਂ ਨੂੰ ( ਬੜਾ ਹਿੱਸਾ ) ਦਿਤਾ ਅਰ ਓਹਨਾਂ ਦੇ ਵਾਸਤੇ ਵਡੇ ਦਰਜੇ ਦਾ ਜਿਕਰ ਖੈਰ ( ਸੰਸਾਰ ਵਿਚ ) ਬਾਕੀ ਰਖਿਆ ॥ ੫੦ ॥ ਰੁਕੂਹ ੩ ॥

ਅਰ ( ਹੇ ਪੈਯੰਬਰ ) ਕੁਰਾਨ ਵਿਚੋਂ ਮੂਸਾ ਦੀ ਕਥਾ ( ਭੀ ਲੋਕਾਂ ਅਗੇ ਵਰਨਣ ) ਕਰੋ ਕਿ ਵੁਹ ( ਭੀ ਸਾਡੇ ) ਖਾਸ ਬੰਦੇ ਅਰ ਪੈਯੰਬਰ ਮਾਲਿਕ ਸ਼ਰੀਯਤ ਸਨ ॥ ੫੧ ॥ ਅਰ ਅਸਾਂ ਨੇ ਉਨਹਾਂ ਨੂੰ ( ਕੋਹ ) ਤੂਰ ਦੇ ਸੱਜੇ ਪਾਸਿਓਂ ਆਵਾਜ ਦਿਤੀ ਅਰ ( ਜਿਸ ਪ੍ਰਕਾਰ ) ਭੇਦ ਕਹਿਣ ਵਾਸਤੇ ( ਪਾਸ ਬੁਲਾਇਆ ਕਰਦੇ ਹਨ ਇਸ ਪ੍ਰਕਾਰ ਅਸਾਂ ਨੇ ) ਉਨਹਾਂ ਨੂੰ ( ਆਪਣੇ ) ਪਾਸ ਬੁਲਾਇਆ ॥ ੫੨ ॥ ਅਰ ਆਪਣੀ ਮਿਹਰਬਾਨੀ ਨਾਲ ਉਨਹਾਂ ਦੇ ਭਿਰਾ ਹਾਰੂਨ ਨੂੰ ਪੈਯੰਬਰ ਬਨਾਕੇ ਉਨਹਾਂ ਨੂੰ ( ਇਕ ਮਦਦਗਾਰ ) ਪਰਦਾਨ ਕੀਤਾ ॥ ੫੩ ॥ ਅਰ ( ਹੇ ਪੈਯੰਬਰ ) ਕੁਰਾਨ ਵਿਚੋਂ ਇਸਮਾਈਲ ਦਾ ਪ੍ਰਸੰਗ ( ਭੀ ਲੋਕਾਂ ਤੇ ਵਰਨਣ ) ਕਰੋ ਕਿ ਵੁਹ ਪਰਤਿਗਯਾ ਦੇ ( ਬੜੇ ) ਸਚੇ ਸਨ। ਅਰ ( ਸਾਡੇ ) ਭੇਜੇ ਹੋਏ ਪੈਯੰਬਰ ਸਨ ॥ ੫੪ ॥ ਅਰ ਆਪਣੇ ਘਰ ਵਾਲਿਆਂ ਨੂੰ ਨਮਾਜ ਤਥਾ ਜ਼ਕਾਤ ਦੀ ਪਕੀ ਕਰਦੇ ਰਹਿੰਦੇ ਸਨ ਅਰ ਆਪਣੇ ਪਰਵਰਦਿਗਾਰ ਦੀ ਬਾਰਗਾਹ ਵਿਚ ਮਕਬੂਲ ਸਨ ॥ ੫੫ ॥ ਅਰ ਕੁਰਾਨ ਵਿਚ ਇਦਰੀਸ ਦਾ ਜਿਕਰ ( ਭੀ ਲੋਕਾਂ ਅਗੇ ਬਿਆਨ ) ਕਰੋ ਕਿ ਵੁਹ ( ਭੀ ) ਬੜੇ ਸਚੇ ( ਬੰਦੇ ਅਰ ) ਪੈਯੰਬਰ ਸਨ ॥ ੫੬ ॥ ਅਰ ਅਸਾਂ ਨੇ ਉਨਹਾਂ ਨੂੰ ( ਪ੍ਰਿਥਵੀ ਉਤੋਂ ) ਉਠਾ ਕੇ ਬੜੀ ਉਚੀ ਜਗਹਾਂ ( ਸਵਰਗ ) ਵਿਚ ਲੈਜਾਕੇ ਦਾਖਲ ਕੀਤਾ ॥ ੫੭ ॥ ਇਹ ਨਬੀਆ ਲੋਕ ਜਿਨਹਾਂ ਉਤੇ ਅੱਲਾ ਨੇ ਫਜ਼ਲ ਕੀਤਾ ਆਦਮ ਦੀ ਨਸਲ ਹਨ ਅਰ ਉਨਹਾਂ ਲੋਕਾਂ ਦੀ ਨਸਲ ਹਨ ਜਿਨਹਾਂ ਨੂੰ ਅਸਾਂ ਨੇ ( ਤੁਫਾਨ ਦੇ ਵੇਲੇ ਕਿਸ਼ਤੀ ਵਿਚ ) ਨੂਹ ਦੇ ਨਾਲ ਸਵਾਰ ਕਰ ਲੀਤਾ ਸੀ ਅਰ ਇਬਰਾਹੀਮ ਅਰ ਯਾਕੂਬ ਦੀ ਨਸਲ ਹਨ ਅਰ ਉਨਹਾਂ ਲੋਕਾਂ ਵਿਚੋਂ ਹਨ ਜਿਨਹਾਂ ਨੂੰ ਅਸਾਂ ਨੇ ਸੂਧਾ ਮਾਰਗ ਦਸਿਆ ਅਰ ਨਿਆਂ ਜਦੋਂ (੨ ਖੁਦਾਏ)ਰਹਿਮਾਨ ਦੀਆਂ ਆਇਤਾਂ ਉਨਹਾਂਨੂੰ ਪੜ੍ਹਕੇ ਸੁਨਾਈਆਂ ਜਾਂਦੀਆਂ

Digitized by Panjab Digital Library | www.panjabdigilib.org

ਸਨ ਸਜਦੇ ਵਿਚ ਡਿਗ ਪੈਂਦੇ ਸਨ ਅਰ ਰੋਂਦੇ ਜਾਂਦੇ ਸਨ ॥ ੫੮ ॥ ਫੇਰ ਏਨਹਾਂ ਦੇ ਪਿਛੋਂ ਐਸੇ ਕਪੂਤ ( ਪੈਦਾ ) ਹੋਏ ਜਿਨਹਾਂ ਨੇ ਨਿਮਾਜ਼ਾਂ ਗਵਾ-ਈਆਂ ਅਰ ਦਿਲੀ ਸੰਕਲਪਨਾ ਦੇ ਪਿਛੇ ਪੈ ਗਏ ਸੋ ਉਨਹਾਂ ਦੀ ਗੁਮਰਾਹੀ ਓਹਨਾਂ ਦੇ ਅਗੇ ਆਵੇਗੀ ॥ ੫੯ ॥ ਪਰੰਤੂ ਜਿਸ ਨੇ ਤੌਬਾ ਕੀਤੀ ਅਰ ਈਮਾਨ ਧਾਰਿਆ ਅਰ ਸ਼ੁਭ ਕਰਮ ਕੀਤੇ ਤਾਂ ਐਸੇ ਲੋਕ ਸਵਰਗ ਵਿਚ ਜਾ ਪਰਾਪਤ ਹੋਣਗੇ ਅਰ ਉਨਹਾਂਦੀ ਜ਼ਰਾ ਭੀ ਹਕਤਲਫੀ(ਪਹੇਮਾਨਗੀ)ਨਾ ਕੀਤੀ ਜਾਵੇਗੀ ॥ ੬੦ ॥ (ਅਰ ਸਵਰਗ ਕੀ ਹੈ) ਸਦੀਵ ਰਹਿਣ ਵਾਲੇ ਬਾਗ (ਹਨ) ਜਿਨਹਾਂ ਦੀ ਪਰਤਿਗਜ਼ਾ ਗੈਬ ਵਲੋਂ ਖ਼ੁਦਾ ਨੇ ਆਪਣਿਆਂ ਬੰਦਿਆਂ ਦੇ ਨਾਲ ਕਰ ਰਖੀ ਹੈ ਅਰ ਨਿਰਸੰਦੇਹ ਉਸ ਦੀ ਪਰਤਿਗਜ਼ਾ ਪੇਸ਼ ਆ ਕੇ ਹੀ ਰਹੇ-ਗੀ ॥ ੬੧ ॥ ਬਹਿਸ਼ਤ ਵਿਚ ਕੋਈ ਬੇਹੂਦਾ ਬਾਰਤਾ ਉਨਹਾਂ ਦੇ ਕੰਨਾਂ ਵਿਚ ਨਹੀਂ ਪਵੇਗੀ ( ਦਸੋਂ ਦਿਸ਼ਾ ਵਲੋਂ ) ਸਲਾਮ ਹੀ ਸਲਾਮ ( ਦੀਆਂ ਆ-ਵਾਜ਼ਾਂ ਚਲੀਆਂ ਆਉਣਗੀਆਂ ) । ਅਰ ਓਥੇ ਉਨਹਾਂ ਦਾ ਖਾਣ ਸਾਯੰ ਪ੍ਰਾਤ ( ਜਿਸ ਸਮੇਂ ਇਛਾ ਕਰਨਗੇ ) ਉਨਹਾਂ ਨੂੰ ਮਿਲਿਆ ਕਰੇਗਾ ॥ ੬੨ ॥ਈਹਾ ਹੀ ਓਹ ਸਵਰਗ ਹੈ ਕਿ ਸਾਡਿਆਂ ਬੰਦਿਆਂ ਵਿਚ ਜੋ ਪਰਹੇਜ਼ਗਾਰ ਹੋਵੇਗਾ ਅਸੀਂ ਉਸ ਨੂੰ ਏਸ ਦਾ ਮਾਲਕ ਬਨਾਵਾਂਗੇ ॥ ੬੩ ॥ ਅਰ ( ਹੇ ਪੈਗੰਬਰ ) ਅਸੀਂ (ਫਰਿਸ਼ਤੇ) ਤੁਸਾਂ ਦੇ ਪਰਵਰਦਿਗਾਰ ਦੀ ਆਗਿਆ ਤੋਂ ਬਿਨਾ ( ਸੰਸਾਰ ਵਿਚ ) ਆ ਨਹੀਂ ਸਕਦੇ ਜੋ ਕੁਛ ਸਾਡੇ ਅਗੇ ਹੋਣ ਵਾਲਾ ਹੈ ਅਰ ਜੋ ਕੁਛ ਸਾਡੇ ਨਾਲੋਂ ਪ੍ਰਥਮ ਹੋ ਚੁਕਾ ਹੈ ਅਰ ਜੋ ਕੁਛ ਏਹਨਾਂ ਦੋਨਾਂ ਸਮਿਆਂ ਦੇ ਮਧ ਵਿਚ ਹੈ ਸੰਪੂਰਣ ਓਸੇ ਦੇ ਹੁਕਮ ਨਾਲ ਹੈ ਅਰ ਤੁਸਾਂ ਦਾ ਪਰਵਰਦਿਗਾਰ ( ਕਿਸੇ ਚੀਜ ਪਾਸੋਂ ) ਗਾਫਿਲ ਨਹੀਂ ॥ ੬੪ ॥ ਪ੍ਰਿਥਵੀ ਆਕਾਸ਼ ਦਾ ਪਰਵਰਦਿਗਾਰ ( ਹੈ ) ਅਰ ( ਹੋਰ ) ਉਨਹਾਂ ਵਸਤੂਆਂ ਦਾ ਜੋ ਪ੍ਰਿਥਵੀ ਆਕਾਸ ਦੇ ਮਧਜ ਮੇਂ ਹਨ ਤਾਂ ਓਸੇ ਦੀ ਪੂਜਾ ਵਿਚ ਲਗੇ ਰਹੋ । ਅਰ ਓਸ ਦੀ ਇਬਾਦਤ ( ਵਿਚ ਜੋ ਤਕਲੀਫਾਂ ਪਰਾਪਤ ਹੋਣ ਉਨਹਾਂ ) ਨੂੰ ਸਹਾਰੋ ਭੁਲਾ ਤੁਸਾਂ ਦੇ ਗਿਆਨ ਵਿਚ ਓਸ ਜੈਸਾ ਕੋਈ ਹੋਰ ਭੀ ਹੈ ॥ ੬੫ ॥ ਰੁਕੂਹ ੪ ॥

ਅਰ ( ਜੋ ) ਪੁਰਖ ( ਕਿਆਮਤ ਤੋਂ ਮੁਨਕਰ ਹੈ ਅਚੰਬੇ ਨਾਲ ) ਪੁਛਿਆ ਕਰਦਾ ਹੈ । ਕੀ ( ਅਸਲ ਵਿਚ ) ਜਦੋਂ ਮੈਂ ਮਰ ਜਾਵਾਂਗਾ ਤਾਂ ਜਰੂਰ ( ਦੂਜੀ ) ਵੇਰੀ ਸੁਰਜੀਤ ਕਰਕੇ ( ਪ੍ਰਿਥਵੀ ਵਿਚੋਂ ) ਨਿਕਾਲਿਆ ਜਾਵਾਂਗਾ ? ॥ ੬੬ ॥ ਕੀ ( ਇਹ ) ਆਦਮੀ ( ਓਸ ਸਮੇਂ ਨੂੰ ) ਯਾਦ ਨਹੀਂ ਕਰਦਾ ਕਿ ਅਸਾਂ ਨੇ ਪ੍ਰਥਮ ਏਸ ਨੂੰ ਉਤਪੰਨ ਕੀਤਾ ਸੀ । ਹਾਲਾਂ ਕਿ ਇਹ ਕੁਛ ਭੀ ਨਹੀਂ ਸੀ ॥ ੬੭ ॥ ਤਾਂ (ਹੇ ਪੈਗੰਬਰ) ਸਾਨੂੰ ਤੁਸਾਂ ਦੇ ਹੀ

Digitized by Panjab Digital Library | www.panjabdigilib.org

ਪਰਵਰਦਿਗਾਰ ਦੀ ( ਅਰਥਾਤ ਆਪਣੀ ) ਸੌਗੰਧ ਹੈ ਕਿ ਅਸੀਂ ( ਸੰਪੂਰਨ ) ਆਦਮੀਆਂ ਨੂੰ ਅਰ ( ਉਸ ਦੇ ਨਾਲ ) ਸ਼ੈਤਾਨਾਂ ਨੂੰ ( ਆਪਣੇ ਸਨਮੁਖ ) ਇਕਤ੍ਰ ਕਰਾਂਗੇ । ਫਿਰ ਇਨਹਾਂ ( ਸਾਰਿਆਂ ) ਨੂੰ ਜਹੱਨਮ ਦੇ ਚੁਫੇਰੇ ਲਿਆ ਪਰਾਪਤ ਕਰਾਂਗੇ ( ਖੌਫ ਨਾਲ ) ਪੈਰਾਂ ਭਾਰ ਬੈਠੇ ਹੋਏ ॥ ੬੮ ॥ ਫੇਰ ਹਰ ਇਕ ਜਥੇ ਵਿਚੋਂ ਅਸੀਂ ਉਨਹਾਂ ਲੋਕਾਂ ਨੂੰ ਵਖਰਿਆਂ ( ਕਢ ਕੇ ਖੜਿਆਂ ) ਕਰਾਂਗੇ ਜੋ ( ਸੰਸਾਰ ਵਿਚ ਖੁਦਾਇ ) ਰਹਿਮਾਨ ਪਾਸੋਂ ਬਹੁਤ ਆਕੜੇ ੨ ਫਿਰਦੇ ਸਨ ॥ ੬੯ ॥ ਫੇਰ ਜੋ ਲੋਕ ਜਹੱਨਮ ਵਿਚ ਜਾਣ ਦੇ ਅਧਿਕਤਰ ਸਜਾਵਾਰ ਹਨ ਅਸੀਂ ਉਨਹਾਂ ਨੂੰ ਖੂਬ ਜਾਣਦੇ ਹਾਂ ॥ ੭੦ ॥ ਅਰ ( ਹੇ ਆਦਮ ਦੀ ਔਲਾਦ ) ਤੁਸਾਂ ਵਿਚੋਂ ( ਐਸਾ ) ਕੋਈ ( ਪੁਰਖ ) ਨਹੀਂ ਜੋ ਜਹੱਨਮ ਦੇ ਉਤੋਂ ਦੀ ਹੋਕੇ ਨਾ ਲੰਘੇ । ਇਹ ( ਇਕ ) ਪਰਤਿਗਜ਼ਾ ( ਸਪਸ਼ਟ ) ਫੈਸਲਾ ਹੋਈ ਹੋਈ ਹੈ ( ਜਿਸ ਦਾ ਪੂਰਾ ਕਰਨਾ ) ਤੁਸਾਂ ਦੇ ਪਰਵਰਦਿਗਾਰ ( ਨੇ ਆਪਣੇ ) ਉਤੇ ਲਾਜ਼ਮ ( ਕਰ ਲੀਤਾ ਹੈ ) ॥ ੭੧ ॥ ਫੇਰ ਅਸੀਂ ਪਰਹੇਜ਼ਗਾਰਾਂ ਨੂੰ ਬਚਾ ਲਵਾਂ ਅਰ ਨਾ ਫਰਮਾਨਾਂ ਨੂੰ ਉਸੇ ਵਿਚ ਗੋਡਿਆਂ ਦੇ ਜੋਰ ( ਘਸੀਟਦਿਆਂ ਹੋਇਆਂ ) ਛਡ ਦੇਵਾਂਗੇ ॥ ੭੨ ॥ ਅਰ ਜਦੋਂ ਸਾਡੇ ਹੁਕਮ ਖੁਲਮਖੁਲੇ ਲੋਕਾਂ ਨੂੰ ਪੜ੍ਹ ਕੇ ਸੁਣਾਏ ਜਾਂਦੇ ਹਨ ਤਾ ਕਾਫਰ ( ਛੇੜਖਾਨੀ ਦੇ ਤੌਰ ਉਤੇ ) ਮੁਸਲਮਾਨਾਂ ਪਾਸੋਂ ਪੁਛਣ ਲਗਦੇ ਹਨ ਕਿ ( ਭਲਾ ਇਹ ਤਾਂ ਦਸੋ ਕਿ ਅਸਾਂ ਦੇ ਤਥਾ ਤੁਸਾਂ ਦੇ ) ਦੋਨਾਂ ਫਿਰ-ਕਿਆਂ ਵਿਚੋਂ ਕਿਸ ਦੇ ਮੰਦਰ ਉੱਤਮ ਅਰ ( ਕਿਸ ਦੀਆਂ) ਮਜਲਸਾਂ ਅਧਿਕ ਸੋਭਾਵਾਨ ਹਨ ॥ ੭੩ ॥ ਹਾਲਾਂਕਿ ਅਸੀਂ ਇਨਹਾਂ ਨਾਲੋਂ ਪ੍ਰਿਥਮ ਬਹੁਤ ਸਾਰਿਆਂ ਜਥਿਆਂ ਨੂੰ ਮਾਰ ਬੈਠੇ ਹਾਂ । ਜਿਨਹਾਂ ਦੇ ਸਾਜ਼ੋ ਸਾਮਾਨ ਅਰ ( ਜਿਨਾਂ ਦੀ ) ਆਨ ਬਾਨ ( ਜ਼ਾਹਿਰੀ ਇਨਹਾਂ ਨਾਲੋਂ ) ਕਈ ਗੁਣਾ ਅਧਿਕ ਸੀ ॥ ੭੪ ॥ ਹੇ ( ਪੈਯੰਬਰ ਇਨਹਾਂ ਲੋਕਾਂ ਤਾਈਂ ) ਆਖੋ ਕਿ ਜੋ ਪੁਰਖ ਗੁਮਰਾਹੀ ਵਿਚ ਡਿੱਗਾ ਹੋਇਆ ਹੈ । ( ਖੁਦਾ ) ਰਹਿਮਾਨ ਉਸ ਨੂੰ ਢਿਲ ਹੀ ਦੇਂਦਾ ਜਾਂਦਾ ਹੈ ਏਥੋਂ ਤਕ ਕਿ ਜਦੋਂ ਉਸ ਵਸਤੂ ਨੂੰ ( ਆਪਣੀ ਅੱਖੀਂ ) ਵੇਖ ਲੈਣਗੇ ਜਿਸ ਦੀ ਇਨਹਾਂ ਨਾਲ ਪਰਤਿੱਗਜਾ ਕੀਤੀ ਜਾਂਦੀ ਹੈ ਅਰਥਾਤ ਕਸ਼ਟ ਕਿੰਬਾ ਪ੍ਰਲੈ ਤਾਂ ਉਸ ਵੇਲੇ ਇਨਹਾਂ ਨੂੰ ਪਰਤੀਤ ਹੋ ਜਾਵੇਗਾ ਕਿ ਹੁਣ ਕਿਸ ਦਾ ਮੰਦਰ ਬੁਰਾ ਹੈ ਅਰ ( ਕਿਸ ਦਾ ) ਜੱਥਾ ਕਮਜ਼ੋਰ ਹੈ ॥ ੭੫ ॥ ਅਰ ਜੋ ਲੋਕ ਸੂਧੇ ਮਾਰਗ ਉਤੇ ਹਨ ਅੱਲਾ ਉਨਹਾਂ ਨੂੰ ( ਦਿਨ ਦਿਨ ) ਪ੍ਰਤੀ ਅਧਿਕ ਸਿਛਾ ਦੇਂਦਾ ਚਲਿਆ ਜਾਂਦਾ ਹੈ । ( ਅਰ ਹੇ ਪੈਯੰਬਰ ) ਸ਼ੁਭ ਕਰਮ ਜਿਨਹਾਂ ਦਾ ਅਸਰ ( ਚਿਰ ਪਰਯੰਤ ) ਬਾਕੀ ਰਹੇ ਪੁਨ ਦੀ ਦ੍ਰਿਸ਼ਟੀ ਕਰਕੇ ( ਭੀ ) ਉੱਤਮ ਹਨ ਅਰ ਅੰਤ

Digitized by Panjab Digital Library | www.panjabdigilib.org

ਦੇ ਵਾਸਤੇ ( ਭੀ ) ਉੱਤਮ ਹਨ ॥ ੭੬ ॥ ( ਹੇ ਪੈਯੰਬਰ ) ਭਲਾ ਤੁਸਾਂ ਨੇ ਉਸ ਪੁਰਖ ( ਦੇ ਹਾਲ ) ਉਤੇ ਭੀ ਦ੍ਰਿਸ਼ਟੀ ਦਿਤੀ ਜਿਸ ਨੇ ਸਾਡੀਆਂ ਆਇਤਾਂ ਤੋਂ ਨਨਾ ਪੜ੍ਹਿਆ ਅਰ ਲਗਾ ਆਖਣ ਕਿ ( ਪ੍ਰਲੈ ਹੋਵੇਗੀ ਤਾਂ ਓਥੇ ਭੀ ) ਮੈਨੂੰ ਜ਼ਰੂਰ ਧਨ ਮਾਲ ਮਿਲੇਗਾ। ਅਰ ਔਲਾਦ ( ਭੀ ਮਿਲੇਗੀ) ॥ ੭੭ ॥ ਕੀ ਏਹਨੂੰ ਗੈਬ ਦੀ ਖਬਰ ਲਗ ਗਈ ਹੈ। ਕਿੰਵਾ ਏਸ ਨੇ ( ਖੁਦਾਇ ) ਰਹਿਮਾਨ ਪਾਸੋਂ ਪ੍ਰਤਗਿਆ ਲੈ ਲੀਤੀ ਹੈ ? ॥ ੭੮ ॥ ਕਦਾਪੀ ਨਹੀਂ ਜੋ ਕੁਛ ਇਹ ਬਕਦਾ ਹੈ ਅਸੀਂ ( ਸਭ ) ਲਿਖ ਲੈਂਦੇ ਹਾਂ ਅਰ ਏਸ ਦੇ ਹਕ ਵਿਚ ਕਸ਼ਟ ਅਧਿਕ ਤਰ ਅਧਿਕ ਕਰਦੇ ਜਾਵਾਂਗੇ ॥ ੭੯ ॥ ਅਰ ਜੋ ਇਹ ( ਮਾਲ ਤਥਾ ਔਲਾਦ ਦਾ ) ਨਾਮ ਲੈਂਦਾ ਹੈ ( ਅੰਤ ਨੂੰ ) ਅਸਾਂ ਹੀ ਉਸ ਦਿਆਂ ਵਾਰਸ ਹੋਣਾ ਹੈ। ਅਰ ਇਹ ਅਕੇਲਾ ਸਾਡੇ ਸਨਮੁਖ ਹਾਜਰ ਹੋਵੇਗਾ ॥ ੮੦ ॥ ਅਰ ਭੇਦ ਵਾਦੀਆਂ ਨੇ ਜੋ ਖੁਦਾ ਦੇ ਸਿਵਾ ( ਦੂਸਰੇ ੨ ) ਮਾਬੂਦ ( ਏਸ ਉਮੇਦ ਨਾਲ ) ਬਨਾ ਰਖੇ ਹਨ ਕਿ ( ਪ੍ਰਲੈ ਦੇ ਦਿਨ ) ਇਨਹਾਂ ਦੇ ( ਹਾਮੀ ) ਤਥਾ ਮਦਦਗਾਰ ਹੋਵਣ ॥ ੮੧ ॥ ਕਦਾਪੀ ਨਹੀਂ ਇਹ ਮਾਬੂਦ ( ਜਿਨਹਾਂ ਪਾਸੋਂ ਏਨਹਾਂ ਉਮੀਦ ਲਾ ਰਖੀ ਹੈ ) ਏਹਨਾਂ ਦੀ ਇਬਾਦਤ (ਪੂਜਾ) ਦਾ ਇਨਕਾਰ ਕਰਨਗੇ ਅਰ ਉਲਟੇ ਏਹਨਾਂ ਦੇ ਦੁਸ਼ਮਨ ਹੋ ਜਾਵਣਗੇ ॥ ੮੨ ॥ ਰੁਕੂਹ ੫ ॥

( ਹੇ ਪੈਯੰਬਰ ) ਕੀ ਤੁਸਾਂ ਨੇ ( ਏਸ ਬਾਰਤਾ ਉਤੇ) ਦ੍ਰਿਸ਼ਟੀ ਨਹੀਂ ਦਿੱਤੀ ਕਿ ਅਸਾਂ ਨੇ ਸ਼ੈਤਾਨਾਂ ਨੂੰ ਕਾਫਰਾਂ ਉਤੇ ਛੱਡ ਰਖਿਆ ਹੈ ਕਿ ਉਹ ਇਹਨਾਂ ਨੂੰ ਉਕਸਾਉਂਦੇ ਰਹਿੰਦੇ ਹਨ ॥ ੮੩ ॥ ਤਾਂ ( ਹੇ ਪੈਯੰਬਰ ) ਤੁਸੀਂ ਏਹਨਾਂ ( ਕਾਫਰਾਂ ) ਉੱਤੇ ( ਅਜ਼ਾਬ ਦੇ ਪਰਾਪਤ ਹੋਣ ਦੀ ) ਜਲਦੀ ਨਾ ਕਰੋ ਅਸਾਂ ਏਹਨਾਂ ਵਾਸਤੇ ( ਪ੍ਰਲੈ ਦੇ ਆਉਣ ਦੇ ) ਬਸ ( ਦਿਨ ) ਗਿਣ ਰਹੇ ਹਾਂ ॥ ੮੪ ॥ ਜਦੋਂ ਕਿ ਅਸੀਂ ਪਰਹੇਜ਼ਗਾਰਾਂ ਨੂੰ ( ਖੁਦਾ ) ਰਹਿਮਾਨ ਦੇ ( ਅਰਥਾਤ ਆਪਣੇ ) ਸਨਮੁਖ ਮਹਿਮਾਨਾਂ ਦੀ ਤਰਹਾਂ ਇਕਤ੍ਰ ਕਰਾਂਗੇ ॥ ੮੫ ॥ ਅਰ ਪਾਪੀਆਂ ਨੂੰ ਤ੍ਰਿਖਾਤੁਰ ( ਊਠ ਦੀ ਤਰਹਾਂ ) ਜਹੰਨਮ ਦੇ ਪਾਸੇ ਹਿੱਕਾਂਗੇ ॥ ੮੬ ॥ ( ਓਥੇ ਲੋਕ ਕਿਸੇ ਦੀ ) ਸਫਾਰਸ਼ ( ਕਰਨ ) ਦਾ ਅਖਤਿਆਰ ਨ ਰਖਣਗੇ। ਹਾਂ ਜਿਸਨੇ ( ਖੁਦਾਇ) ਰਹਿਮਾਨ ਪਾਸੋਂ ਪਰਤੱਗਜਾ ਲੀਤੀ ਹੈ ( ਵੁਹ ਉਸ ਦੀ ਪਰਤੱਗਜਾ ਸਫਾਰਸ਼ੀ ਹੋਵੇਗੀ ) ॥ ੮੭ ॥ ਅਰ ( ਕਈਕੁ ਲੋਕ ) ਆਖਦੇ ਹਨ ਕਿ (ਖੁਦਾਇ ) ਰਹਿਮਾਨ ਪੁਤ੍ਰ ਰਖਦਾ ਹੈ ॥ ੮੮ ॥ ( ਹੇ ਪੈਯੰਬਰ ਇਨਹਾਂ ਤਾਈਂ ਆਖੋ ) ਕਿ ਇਹ ਤੁਸੀਂ ਬੜੀ ਸਖਤ ਬਾਰਤਾ ( ਆਪਣੇ ਘਰੋਂ ਹੀ ਘੜ ਲੈ ) ਆਏ ਹੋ ॥ ੮੯ ॥ ਜਿਸ ( ਦੇ ਰਾਹੋਂ ਅਸਚਰਜ ਨਹੀਂ ) ਕਿ ਪ੍ਰਿਥਵੀ ਅਰ ਆਕਾਸ਼ ਪਾਟ

Digitized by Panjab Digital Library | www.panjabdigilib.org

ਜਾਵੇ। ਅਰ ਪਰਬਤ ਰਤੀ ਰਤੀ ਹੋਕੇ ਡਿੱਗ ਪੈਣ ॥ ੯੦ ॥ ਕਿ ਲੋਕਾਂ ਨੇ (ਖੁਦਾਇ) ਰਹਿਮਾਨ ਵਾਸਤੇ ਬੇਟਾ ਮੁਕਰਰ ਕੀਤਾ ॥ ੯੧ ॥ ਹਾਲਾਂ ਕਿ (ਖੁਦਾਇ) ਰਹਿਮਾਨ ਦੀ ਇਹ ਸ਼ਾਨ ਨਹੀਂ ਕਿ (ਵੁਹ ਕਿਸੇ ਨੂੰ ਆਪਣਾ) ਪੁਤ੍ਰ ਬਣਾਵੇ ॥ ੯੨ ॥ ਜਿਤਨੇ ਜੀਆ ਜੰਤ ਪ੍ਰਿਥਵੀ ਆਕਾਸ ਵਿਚ ਹਨ ਸੰਪੂਰਨ ਤਾਂ (ਪ੍ਰਲੈ ਦੇ ਦਿਨ) (ਖੁਦਾ) ਰਹਿਮਾਨ ਦੇ ਅੱਗੇ (ਉਸ ਦੇ) ਦਾਸ ਬਨ ਕੇ ਹਾਜ਼ਰ ਹੋਣਗੇ ॥ ੯੩ ॥ ਖੁਦਾ ਨੇ ਉਨਹਾਂ ਨੂੰ (ਆਪਣੀ ਕੁਦਰਤ ਦੀ ਹਦ ਵਿਚ) ਘੇਰ ਰਖਿਆ ਹੈ ਅਰ ਇਨਹਾਂ (ਸਾਰਿਆਂ) ਨੂੰ ਗਿਣ (ਭੀ) ਰਖਿਆ ਹੈ ॥ ੯੪ ॥ ਅਰ ਇਹ ਸਾਰੇ ਪ੍ਰਲੈ ਦੇ ਦਿਨ ਅਕਲੇ (ਅਕਲੇ) ਉਸ ਦੇ ਸਨਮੁਖ ਹਾਜਰ ਹੋਣਗੇ ॥ ੯੫ ॥ ਜੋ ਲੋਕ ਈਮਾਨ ਧਾਰੀ ਹਨ ਅਰ ਉਨਹਾਂ ਨੇ ਸੁਭ ਕਰਮ (ਭੀ) ਕੀਤੇ (ਖੁਦਾਇ) ਰਹਿਮਾਨ ਸ਼ਤਾਬ ਉਨਹਾਂ ਦੀ ਮੁਹੱਬਤ (ਲੋਕਾਂ ਦੇ ਦਿਲਾਂ ਵਿਚ) ਉਤਪਨ ਕਰ ਦੇਵੇਗਾ ॥ ੯੬ ॥ ਤਾਂ (ਹੇ ਪੈਗੰਬਰ) ਅਸਾਂ ਨੇ ਏਸ (ਕੁਰਾਨ) ਨੂੰ ਤੁਸਾਂ ਦੀ ਜ਼ਬਾਨ (ਅਰਬੀ) ਵਿਚ ਏਸ ਪ੍ਰਯੋਜਨ ਨਾਲ ਸੁਖੱਲਿਆਂ ਕਰ ਦਿਤਾ ਹੈ ਕਿ ਤੁਸੀਂ ਏਸ (ਦੇ) ਦਵਾਰਾ ਪਰਹੇਜ਼ਗਾਰਾਂ ਨੂੰ ਖੁਸ਼ਖਬਰੀ ਸੁਣਾਓ ਅਰ (ਹੋਰ ਏਸ ਦੇ ਵਸੀਲੇ) ਨਾਲ ਆਕੜ ਖਾਂ ਲੋਕਾਂ ਨੂੰ (ਖੁਦਾ ਦੇ ਕਸ਼ਟ ਪਾਸੋਂ) ਡਰਾਓ ॥ ੯੭ ॥ ਅਰ ਏਨਹਾਂ ਨਾਲੋਂ ਪ੍ਰਥਮ ਅਸੀਂ ਕਿਤਨਿਆਂ ਜਥਿਆਂ ਨੂੰ ਹਲਾਕ ਕਰ ਬੈਠੇ ਹਾਂ ਭਲਾ ਹੁਣ ਤੁਸੀਂ ਓਹਨਾਂ ਵਿਚੋਂ ਕਿਸੇ ਨੂੰ (ਕਿਤੇ ਭੀ) ਦੇਖਦੇ ਕਿੰਵਾ ਉਨਹਾਂ ਦੀ ਭਿਨਖ (ਭੀ) ਸੁਣਦੇ ਹੋ ? ॥ ੯੮ ॥ ਰੁਕੂਹ ੬ ॥

## ਸੂਰਤ ਤਾ ਮੱਕੇ ਵਿਚ ਪ੍ਰਾਪਤ ਹੋਈ ਅਰ ਏਸ ਦੀਆਂ ਇਕ ਸੌ ਪੈਂਤੀ ਆਯਤਾਂ ਅਰ ਅਠ ਰੁਕੂਹ ਹਨ ॥

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕ੍ਰਿਪਾਲੂ

(ਤਾਹਾ ੧) (ਹੇ ਪੈਗੰਬਰ) ਅਸਾਂ ਨੇ ਤੇਰੇ ਉੱਤੇ ਕੁਰਾਨ ਏਸ ਵਾਸਤੇ ਤਾਂ ਨਹੀਂ ਉਤਾਰਿਆ ਕਿ ਤੁਸੀਂ (ਏਸ ਦੇ ਕਾਰਣੋਂ ਏਸ ਕਦਰ) ਸਖਤੀ ਝਲੋ ॥ ੨ ॥ (ਹਾਂ ਇਹ ਕੁਰਾਨ) ਕੇਵਲ (ਇਕ) ਸਿਖਿਆ ਹੈ (ਅਰ ਵੁਹ ਭੀ) ਓਸੇ ਦੇ ਵਾਸਤੇ ਜੋ (ਖੁਦਾ ਪਾਸੋਂ) ਡਰਦਾ ਹੈ ॥ ੩ ॥ (ਇਹ) ਓਸ (ਖੁਦਾ) ਦਾ ਉਤਾਰਿਆ ਹੋਇਆ ਹੈ ਜਿਸ ਨੇ ਪ੍ਰਿਥਵੀ ਅਰ ਉਚੇ (ਉਚੇ) ਆਕਾਸ ਨੂੰ ਉਤਪਤ ਕੀਤਾ ਹੈ ॥ ੪ ॥ (ਓਸੇ ਦਾ ਇਕ ਨਾਮ ਹੈ) ਰਹਿਮਾਨ ਹੈ (ਜੋ ਸਰਬ ਪਰ) ਸ਼ਾਸਨਾ ਕਰ ਰਿਹਾ ਹੈ ॥ ੫ ॥ ਓਸੇ ਦਾ ਹੈ ਜੋ ਕੁਛ ਆਕਾਸਾਂ ਵਿਚ ਹੈ ਅਰ ਜੋ ਕੁਛ ਪ੍ਰਿਥਵੀ ਵਿਚ ਹੈ ਅਰ ਜੋ ਕੁਛ

Digitized by Panjab Digital Library | www.panjabdigilib.org

( ਆਸਮਾਨ ਪ੍ਰਿਥਵੀ ) ਦੋਨਾਂ ਦੇ ਮਧ ਮੇਂ ਹੈ ਅਰ ਜੋ ਕੁਛ ਮਿਟੀ ਦੇ ( ਗੋਲੇ ) ਹੇਠਾਂ ਹੈ ॥ ੬ ॥ ਅਰ ( ਹੇ ਸ੍ਰੋਤਾ ) ਯਦੀ ਤੂੰ ਪੁਕਾਰ ਕੇ ਬਾਰਤਾ ਕਰੇਂ ਤਾਂ ਓਹ ( ਤੇਰੀ ਪੁਕਾਰ ਦਾ ਮੁਹਤਾਜ ਨਹੀਂ ਕਾਹੇ ਤੇ ਵੁਹ ) ਹੌਲੀ ਨਾਲੋਂ ( ਅਧਿਕ ਹੌਲੀ ਤਥਾ ) ਗੁਪਤ ਵਾਰਤਾ ਨੂੰ ਭੀ ਜਾਣਦਾ ਹੈ ॥ ੭ ॥ ਵਹੀ ਅੱਲਾ ( ਹੈ ਕਿ ) ਓਸ ਦੇ ਸਿਵਾ ਕੋਈ ( ਹੋਰ ) ਮਾਬੂਦ ਨਹੀਂ ਉੱਤਮ ਨਾਮ ਓਸੇ ਦੇ ਹਨ ॥ ੮ ॥ ਅਰ ( ਹੇ ਪੈਯੰਬਰ ) ਭਲਾ ਤੁਸਾਂ ਤਾਈਂ ਮੂਸਾ ਦੀ ਕਥਾ ਭੀ ਪਰਾਪਤ ਹੋਈ ਹੈ ॥ ੯ ॥ ਕਿ ਜਦੋਂ ਉਨਹਾਂ ਨੂੰ ( ਦੂਰੋਂ ਹੀ ) ਅੱਗ ਨੇ ਦਿਖਾਈ ਦਿਤੀ । ਤਾਂ ਉਨਹਾਂ ਨੇ ਆਪਣੇ ਘਰ ਦਿਆਂ ਲੋਕਾਂ ਨੂੰ ਆਖਿਆ ਕਿ ( ਜਰਾ ) ਠਹਿਰ ਜਾਓ ਮੈਨੂੰ ( ਇਕ ) ਅੱਗ ਵਰਗੀ ) ਵਸਤੁ ਦ੍ਰਿਸ਼ਟੀ ਆਈ ਹੈ ( ਮੈਂ ਓਥੇ ਜਾਵਾਂ ਤਾਂ ) ਅਸਚਰਜ ਨਹੀਂ ਕਿ ਓਸ ( ਅੱਗ ) ਵਿਚੋਂ ਤੁਸਾਂ ਵਾਸਤੇ ( ਇਕ ) ਚਿਨਗਾ ਲੈ ਆਵਾਂ ਕਿੰਵਾ ਅੱਗ ( ਦੇ ਧੂਏਂ ) ਥੀਂ ਮਾਰਗ ਦਾ ਪਤਾ ਮਾਲੂਮ ਕਰਾਂ ॥ ੧੦ ॥ ਫਿਰ ਜਦੋਂ ਮੂਸਾ ਓਥੇ ਆਇਆ ਤਾਂ ਉਸ ਨੂੰ ਬਾਣੀ ਹੋਈ ਕਿ ਮੂਸਾ ॥ ੧੧ ॥ ( ਇਹ ਤਾਂ ) ਅਸੀਂ ਹਾਂ ਤੁਸਾਂ ਦੇ ਪਰਵਰਦਿਗਾਰ ਤੂੰ ਆਪਣੀਆਂ ਜੁਤੀਆਂ ਉਤਾਰ ਲੈ । ( ਕਾਹੇ ਤੇ ਏਸ ਵੇਲੇ ) ਤੁਸੀਂ ਤਵਾ ( ਨਾਮੀ ) ਪਵਿਤ੍ਰ ਮੈਦਾਨ ਵਿਚ ਇਸਥਿਤ ਹੋ ॥ ੧੨ ॥ ਅਰ ਅਸਾਂ ਨੇ ਤੁਹਾਨੂ (ਪੈਯੰਬਰੀ ਦੇ ਵਾਸਤੇ) ਚੁਣ ਲਿਆ ਹੈ । ਤਾਂ ਜੋ ਕੁਛ ( ਤੁਹਾਨੂੰ ) ਆਗਿਆ ਦਿਤੀ ਜਾਂਦੀ ਹੈ ਉਸ ਨੂੰ ਕੰਨ ਧਰ ਕੇ ਸੁਣ ਲੈ ॥ ੧੩ ॥ ਕਿ ਅਸੀਂ ਹੀ ਅੱਲਾ ਹੈਂ ਸਾਡੇ ਸਿਵਾ ਕੋਈ ਮਾਬੂਦ ਨਹੀਂ ਤਾਂ ਤੇ ਸਾਡੀ ਹੀ ਬੰਦਗੀ ਕੀਤਾ ਕਰੋ ਅਰ ਸਾਡੀ ਯਾਦਗੀਰੀ ਵਾਸਤੇ ਨਿਮਾਜ਼ ਪੜ੍ਹਿਆ ਕਰੋ ॥ ੧੪ ॥ ( ਕਾਹੇ ਤੇ ) ਪ੍ਰਲੈ ( ਜਰੂਰ ਹੀ ) ਆਉਣ ਵਾਲੀ ਹੈ । (ਅਰ) ਅਸੀਂ ਓਸ ( ਸਮੇਂ ) ਨੂੰ ( ਲੋਕਾਂ ਪਾਸੋਂ ) ਛਿਪਾ ਕੇ ਰਖਨਾ ਹੈ ਤਾਂ ਕਿ ਸੰਪੂਰਨ ਪੁਰਖ (ਸ਼ੁਭ ਕਰਮ ਕਰਨ ਦੀ ਕੋਸ਼ਸ਼ ਕਰਨ ਅਰ ਪ੍ਰਲੈ ਦੇ ਦਿਨ ਉਸ ) ਨੂੰ ਉਸ ਦੀ ਕੋਸ਼ਿਸ਼ ਦਾ ਬਦਲਾ ਮਿਲੇ ॥ ੧੫ ॥ ਤਾਂ ਐਸਾ ਨਾ ਹੋਵੇ ਕਿ ਜੋ ਪੁਰਖ ਕਿ ਅੰਤ ਦਾ ਯਕੀਨ ਨਹੀਂ ਰਖਦਾ ਅਰ ਆ-ਪਣੀ ਮਾਨਸਿਕ ਵਾਸ਼ਨਾ ਦੇ ਪਿਛੇ ਪਿਆ ਹੋਇਆ ਹੈ ਤੁਸਾਂ ਤਾਈਂ ਪ੍ਰਲੈ ( ਦੇ ਭੈ ) ਤੋਂ ਹਟਾਵੇ ਕਿ ( ਐਸੇ ਕਰੋਗੇ ਤਾਂ ) ਤੁਸੀਂ ਤਬਾਹ ਹੋ ਜਾਓਗੇ ॥ ੧੬ ॥ ਅਰ ਮੂਸਾ ਤੇਰੇ ਸਜੇ ਹਥ ਵਿਚ ਇਹ ਕੀ (ਵਸਤੁ) ਹੈ ॥ ੧੭ ॥ ਬੇਨਤੀ ਕੀਤੀ ਕਿ ਇਹ ਮੇਰੀ ਸੋਟੀ ਹੈ ਮੈਂ ਏਸ ਉਤੇ ਢਾਸਣਾ ਲਾਉਂਦਾ ਹਾਂ । ਅਰ ਏਸ ਨਾਲ ਹੀ ਆਪਣੀਆਂ ਬਕਰੀਆਂ ਵਾਸਤੇ ਪੱਤਰ ਝਾੜਦਾ ਹਾਂ ਅਰ ਏਸ ( ਸੋਟੀ ) ਨਾਲ ਮੇਰੀਆਂ ਹੋਰ ਭੀ ਗਰਜ਼ਾਂ ਹੈਂ ॥ ੧੮ ॥ ਆਗਿਆ ਕੀਤੀ ਮੂਸਾ ! ਏਸ ( ਸੋਟੀ ) ਨੂੰ ( ਪ੍ਰਿਥਵੀ ਉਤੇ ) ਸੁਟ ਦੇਹ

Digitized by Panjab Digital Library | www.panjabdigilib.org

॥ ੧੯ ॥ ਗਲ ਕਾਹਦੀ ਮੂਸਾ ਨੇ ਸੋਟੀ ਸੁਟ ਦਿਤੀ ਤਾਂ ਕੀ ਵੇਖਦੇ ਹਨ ਕਿ ਵੁਹ ਸਰਪ ( ਰੂਪ ) ਹੈ ( ਅਰ ) ਨਸ ਭਜ ਰਿਹਾ ਹੈ ॥ ੨੦ ॥ ਆਗਿਆ ਕੀਤੀ ਕਿ ਇਸ ਨੂੰ ਪਕੜ ਲਵੇ ! ਅਰ ਡਰਨਾ ਨਾ । ਅਸੀਂ ਅਖ ਦੇ ਪਲਕਾਰੇ ਵਿਚ ਏਸ ਦੀ ਫਿਰ ਵਹੀ ਪਹਿਲੀ ਦਸ਼ਾ ਕਰ ਦੇਵਾਂਗੇ ॥ ੨੧ ॥ ਅਰ ਆਪਣੇ ਹਥ ਨੂੰ ਸਕੇੜ ਕੇ ਆਪਣੀ ਕਛ ਵਿਚ ਰਖ ਲੋ ( ਅਰ ਫੇਰ ਕਢੋ ) ਤਾਂ ਵੁਹ ਬਿਨਾਂ ਏਸ ਦੇ ਕਿ ਕਿਸੀ ਪਰਕਾਰ ਦਾ ਰੋਗ ਹੋਵੇ ਚਿੱਟਾ ( ਸਪੈਦ ) ਨਿਕਲੇਗਾ ( ਅਰ ਇਹ ) ਦੂਸਰਾ ਚਮਤਕਾਰਾ ਹੈ ॥ ੨੨ ॥ (ਇਹ ਦੋ ਨਿਸ਼ਾ-ਨੀਆਂ ਏਸ ਵੇਲੇ ਤੁਸਾਂ ਤਾਈਂ ਏਸ ਵਾਸਤੇ ਪਰਵਾਨ ਕੀਤੀਆਂ ਹਨ ) ਕਿ ਅਸੀਂ ( ਅਗੇ ਚਲ ਕੇ ) ਤੇਰੇ ਤਾਈਂ ਆਪਣੀ ( ਕੁਦਰਤ ਦੀਆਂ ਬੜੀਆਂ ਬੜੀਆਂ ਨਿਸ਼ਾਨੀਆਂ ਦਿਖਾਈਏ ॥ ੨੩ ॥ ( ਚੰਗਾ ਤਾਂ ) ਫਰਾਊਨ ਪਾਸ ਜਾਓ ਉਸ ਨੇ ਬੜਾ ਹੀ ਸਿਰ ਚੁਕ ਲਿਆ ਹੈ ॥ ੨੪ ॥ ਰੁਕੂਹ ੧ ॥

( ਮੂਸਾ ਨੇ ) ਬੇਨਤੀ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਮੇਰਾ ਸੀਨਾ ਖੋਹਲ ਦੇ ॥ ੨੫ ॥ ਅਰ ਮੇਰੇ ਕੰਮ ਨੂੰ ਮੇਰੇ ਵਾਸਤੇ ਸੁਖੈਨ ਕਰ ॥ ੨੬ ॥ ਅਰ ਮੇਰੀ ਜ਼ਬਾਨ ਵਿਚ ਜੋ (ਥਥਲਾਪਣ ) ਦੀ ਗੰਢ ( ਪਈ ਹੋਈ ਹੈ ਏਸ ਨੂੰ ਭੀ ) ਖੋਹਲ ਦੇ ॥ ੨੭ ॥ ਤਾਂ ਕਿ ਲੋਕ ਮੇਰੀ ਬਾਰਤਾ ( ਭਲੀ ਪਰਕਾਰ ) ਸਮਝ ਜਾਵਣ ॥ ੨੮ ॥ ਅਰ ਮੇਰਿਆਂ ਸੰਬੰਧੀਆਂ ਵਿੱਚੋਂ ॥ ੨੯ ॥ ਮੇਰੇ ਭਰਾ ਹਾਰੂਨ ਨੂੰ ਮੇਰਾ ਭਾਰ ਵੰਡਾਣ ਵਾਲਾ ਬਨਾ ਕੇ ॥ ੩੦ ॥ ਓਸ ਪਾਸੋਂ ਮੇਰੀ ਢਾਰਸ ਬੰਧਵਾ ॥ ੩੧ ॥ ਅਰ ਮੇਰੇ ਕੰਮ ਵਿਚ ਓਸ ਨੂੰ ਸ਼ਰੀਕ ਕਰ॥੩੨॥ਤਾਂ ਕਿ ਅਸੀਂ ਦੋਵੇਂ(ਇਕ ਦਿਲ ਹੋ ਕੇ)ਬਾਹੁਲੇਣ ਤੇਰੀ ਉਸਤਤ ( ਤਥਾ ਮਹਿਮਾਂ ) ਕਰੀਏ ॥ ੩੩ ॥ ਅਰ ਪ੍ਰਾਯਾ ਤੇਰੀ ਯਾਦ ਵਿਚ ਲਗੇ ਰਹੀਏ ॥ ੩੪ ॥ ( ਕਿ ) ਤੂੰ ਸਾਡੇ ਹਾਲ ਨੂੰ ਭਲੀ ਪਰਕਾਰ ਵੇਖ ਰਹਿਆ ਹੈਂ ॥ ੩੫ ॥ ਆਗਿਆ ਕੀਤੀ ਮੂਸਾ ਤੇਰੀਆਂ ( ਸੰਪੂਰਨ ) ਪ੍ਰਾਰਥਨਾ ਮਨਜ਼ੂਰ ॥ ੩੬ ॥ ਅਰ ਅਸੀਂ ਤੁਸਾਂ ਉਤੇ ਇਕ ਵੇਰੀ ਅਗੇ ਭੀ ਉਪਕਾਰ ਕਰ ਬੈਠੇ ਹਾਂ ॥ ੩੭ ॥ ਜਦੋਂ ਅਸਾਂ ਤੇਰੀ ਮਾਂ ਦੀ ਵਲ ਉਹ ਅਕਾਸ਼ ਬਾਣੀ ਭੇਜੀ ਜਿਸ ਦਾ ਬ੍ਰਿਤਾਂਤ ( ਹੁਣ ਤੁਹਾਨੂੰ ) ਵਹੀ ਦੇ ਵਸੀਲੇ ਨਾਲ ਦਸਿਆ ਜਾਂਦਾ ਹੈ ॥ ੩੮ ॥ ਕਿ ( ਮੂਸੇ ਨੂੰ ) ਸੰਦੂਕ ਵਿਚ ਰਖ ਕੇ ਓਸ ( ਸੰਦੂਕ ) ਨੂੰ ਦਰਿਯਾ ਵਿਚ ਸੁਟ ਦੇਵੇ । ਅਰ ਦਰਿਯਾ ਸੰਦੂਕ ਨੂੰ ਕਿਨਾਰੇ ਤੇ ਧਕੇਲ ਦੇਵੇ ਕਿ ( ਆਖਰਕਾਰ ) ਮੂਸੇ ਨੂੰ ਸਾਡਾ ਵੈਰੀ ( ਤਥਾ ) ਮੂਸੇ ਦਾ ਵੈਰੀ ( ਅਰਥਾਤ ਫਰਾਊਨ ) ਲੈ ਲਵੇਗਾ । ਅਰ ( ਹੇ ਮੂਸਾ ) ਅਸਾਂ ਨੇ ਤੇਰੇ ਉਤੇ ਆਪਣੀ ਵਲੋਂ ਮੁਹੱਬਤ ( ਦਾ ਧਰੋ ) ਪਾ ਕੇ ( ਤੁਸਾਂ ਦੀ ਪਿਆਰੀ ੨ ਸੂਰਤ ਬਨਾ ) ਦਿਤੀ ( ਕਿ ਜੋ ਤੈਨੂੰ ਵੇਖਦਾ ਪਿਆਰ ਕਰਨ

Digitized by Panjab Digital Library | www.panjabdigilib.org

ਲਗ ਜਾਂਦਾ ) ਅਰ ( ਏਸ ਗਲ ਦਾ ) ਭਾਵ ਇਹ ਸੀ ਕਿ ਤੁਸੀਂ ਸਾਡੀ ਨਿਗਰਾਨੀ ਵਿਚ ਪਾਲੇ ਪੋਸੇ ਜਾਓ ॥ ੩੯ ॥ ( ਇਹ ਓਸੇ ਸਮੇਂ ਦੀ ਕਥਾ ਹੈ ) ਜਦੋਂ ਤੇਰੀ ਭੈਣ ( ਓਪਰੀ ਬਨ ਕੇ ਫਰਾਊਨ ਦਿਆਂ ਲੋਕਾਂ ਨੂੰ ) ਆਖਦੀ ਤੁਰੀ ਜਾਂਦੀ ਸੀ ਕਿ ( ਆਖੋ ਤਾਂ ) ਮੈਂ ਤੁਸਾਂ ਨੂੰ ਇਕ ਐਸੀ ਉਪ-ਮਾਤ ਬਤਾ ਦੇਵਾਂ ਜੋ ਏਸ ਨੂੰ ( ਭਲੀ ਪਰਕਾਰ ) ਪਾਲੇ ਪੋਸੇ । ਅਰ ( ਏਸ ਯੁਕਤਿ ਨਾਲ ) ਅਸਾਂ ਨੇ ਤੇਰੇ ਤਾਈਂ ਫੇਰ ਤੇਰੀ ਮਾਂ ਦੇ ਪਾਸ ਪਹੁੰਚਾ ਦਿਤਾ। ਤਾਂ ਕਿ ਉਸ ਦੀਆਂ ਅੱਖੀਆਂ ਠੰਢੀਆਂ ਰਹਿਣ । ਅਰ ( ਤੇਰੀ ਜੁਦਾਈ ਦਾ ) ਰੰਜ ਨਾ ਕਰੇ। ਅਰ ( ਮੂਸਾ ! ) ਤੂਨੇ ਇਕ ( ਕਿਬਤੀ ) ਪੁਰਖ ਨੂੰ ਮਾਰ ਸਿਟਿਆ ਸੀ ( ਅਰ ਜਾਨ ਦੇ ਡਰ ਨਾਲ ਤੁਸੀਂ ਬਹੁਤ ਗਮਗੀਨ ਹੋਏ ) ਤਾਂ ਅਸਾਂ ਨੇ ਤੁਸਾਂ ਤਾਈਂ ( ਉਸ ) ਗਮ ਪਾਸੋਂ ( ਭੀ ) ਖਲਾਸੀ ਦਿਤੀ। ਭਾਵ ਅਸਾਂ ਨੇ ਤੁਹਾਨੂੰ ਖੂਬ ਠੋਕ ਬਜਾ ਕੇ ਦੇਖ ਲੀਤਾ। ਫੇਰ ਤੁਸੀਂ ਕਈ ਬਰਖ ਮਦੀਨੇ ਦਿਆਂ ਲੋਕਾਂ ਵਿਚ ( ਜਾ ਕੇ ) ਰਹੇ ਏਥੋਂ ਤਕ ਕਿ ਹੇ ਮੂਸਾ ( ਅੰਤ ਨੂੰ ) ਤੁਸੀਂ ( ਉਮਰ ਦੀ ਪਕਾਈ ਦੀ ) ਹਦ ਤਕ ਪਹੁੰਚਕੇ ( ਸਾਡੇ ਸਨਮੁਖ ) ਹਾਜਰ ਹੋਏ ॥ ੪੦ ॥ ਅਰ ਅਸਾਂ ਨੇ ਤੁਸਾਂ ਤਾਈਂ ਆਪਣੇ ( ਵਸ਼ੇਖ ਕਾਰਜ ਅਰਥਾਤ ਪੈਗੰਬਰੀ ਦੇ ) ਵਾਸਤੇ ਤਿਆਰ ਕੀਤਾ ਹੈ ॥ ੪੧ ॥ ( ਤਾਂ ) ਤੁਸੀਂ ਅਰ ਤੁਸਾਂ ਦਾ ਭਿਰਾ ( ਹਾਰੂ ਦੋਨੋਂ ) ਸਾਡੇ ਮੋਜਜ਼ੇ (ਚਮਤਕਾਰ) ਲੈ ਕੇ ਜਾਓ ਅਰ ਸਾਡੀ ਯਾਦਗੀਰੀ ਵਿਚ ਸੁਸਤੀ ਨਾ ਕਰੋ ॥ ੪੨ ॥ ਦੋਵੇਂ ਫਰਾਊਨ ਪਾਸ ਜਾਓ ਉਸ ਨੇ ਬਹੁਤਹੀ ਸਿਰ ਚੁਕ ਰਖਿਆ ਹੈ ॥ ੪੩ ॥ ਫੇਰ (ਓਸ ਦੇ ਪਾਸ ਜਾ ਕੇ) ਉਸ ਸਾਥ ਨਰਮਾਈ ਨਾਲ ਬਾਤ ਚੀਤ ਕਰੋ ਸ਼ਾਇਦ ਵੁਹ ਸਮਝ ਜਾਵੇ ਕਿੰਵਾ ( ਸਾਡੇ ਕਸ਼ਟ ਪਾਸੋਂ ) ਡਰ ਜਾਏ ॥ ੪੪ ॥ ਦੋਨਾਂ ( ਭਰਾਵਾਂ ) ਨੇ ਬੇਨਤੀ ਕੀਤੀ ਕਿ ਹੇ ਸਾਡੇ ਪਰਵਰਦਿਗਾਰ ਅਸੀਂ ਏਸ ( ਬਾਰਤਾ ) ਕੋਲੋਂ ਡਰਦੇ ਹਾਂ ਕਿ ( ਕਿਤੇ ) ਸਾਡੇ ਉਤੇ ਵਧੀਕੀ ( ਨਾ ) ਕਰ ਦੇਵੇ। ਕਿੰਵਾ ( ਹੋਰ ਅਧਿਕਤਰ ) ਮਨਮੁਖਤਾਈ ( ਨਾ ) ਕਰਨ ਲਗ ਜਾਵੇ ॥ ੪੫ ॥ ਆਗਯਾ ਭਈ ਡਰੋ ਨਾ ਅਸੀਂ ਤੁਸਾਂ ਦੇ ਸੰਗੀ ( ਹਾਂ ਅਰ ਸਭ ਕੁਛ ) ਸੁਣਦੇ ਅਰ ਦੇਖਦੇ ਹਾਂ ॥ ੪੬ ॥ ਭਾਵ ਉਸ ਦੇ ਪਾਸ ਜਾਓ ਅਰ ( ਜਾ ਕੇ ) ਆਖੋ ਕਿ ਅਸੀਂ ਦੋਵੇਂ ਆਪ ਦੇ ਪਰਵਰਦਿਗਾਰ ਦੇ ਭੇਜੇ ਹੋਏ ਹਾਂ। ਤਾਂ ਬਨੀ ਅਸਰਾਈਲ ਨੂੰ ਸਾਡੇ ਨਾਲ ਵਿਦਿਆ ਕੀਜੀਏ ਅਰ ਓਸ ਨੂੰ ( ਕਿਸੇ ਪਰਕਾਰ ) ਦਾ ਕਸ਼ਟ ਨਾ ਦੀਜੀਏ ਅਸੀਂ ਆਪ ਦੇ ਪਰਵਰ-ਦਿਗਾਰ ਦੇ ਪਾਸੋਂ ( ਚਮਤਕਾਰ ) ਲੈਕੇ ਆਏ ਹਾਂ ਅਰ ਸਲਾਮਤੀ ਓਸੇ ਦੇ ਵਾਸਤੇ ਹੈ ਜੋ ਸਤ ਮਾਰਗ ਉਤੇ ਤੁਰੇ ॥ ੪੭ ॥ ਸਾਡੇ ਉਤੇ ( ਖੁਦਾ ਦੇ ਪਾਸਿਓਂ ਇਹ ) ਵਹੀ ਪਰਾਪਤ ਹੋਈ ਹੈ ਕਿ ( ਖੁਦਾਈ ) ਕਸ਼ਟ ਉਸ ਉਤੇ

Digitized by Panjab Digital Library | www.panjabdigilib.org

(ਪ੍ਰਾਪਤ ਹੋਵੇਗਾ) ਜੋ (ਖੁਦਾ ਦੀਆਂ ਆਇਤਾਂ ਨੂੰ) ਝੂਠਾ ਕਰੇ ਅਰ (ਉਸ ਦੇ ਹੁਕਮ ਦੀ) ਸਰਤਾਬੀ ਕਰੇ ।। ੪੮ ।। (ਫਰਾਊਨ ਨੇ ਅਹੰਕਾਰ ਦੇ ਨਾਲ) ਪੁਛਿਆ ਮੂਸਾ ! ਤੁਸਾਂ ਦੋਨਾਂ (ਭਰਾਵਾਂ) ਦਾ ਪਰਵਰਦਿਗਾਰ ਕੌਣ ਹੈ ।। ੪੯ ।। (ਮੂਸਾ ਨੇ) ਆਖਿਆ ਸਾਡਾ ਪਰਵਰਦਿਗਾਰ ਉਹ ਹੈ ਜਿਸ ਨੇ ਜੀਆਜੰਤ ਨੂੰ ਉਸ ਦੀ (ਖਾਸ ਤਰਹਾਂ ਦੀ) ਬਨਾਵਟ ਪ੍ਰਦਾਨ ਕੀਤੀ ਫੇਰ ਉਸ ਨੂੰ (ਉਨਹਾਂ ਖਾਸ ਪ੍ਰਯੋਜਨਾਂ ਦੇ ਪੂਰਾ ਕਰਨ ਦੀ) ਡੰਡੀ ਦਿਖਾਈ (ਜ਼ਿਨਹਾਂ ਦੇ ਵਾਸਤੇ ਵੁਹ ਪੈਦਾ ਕੀਤਾ ਗਿਆ) ।। ੫੦ ।। (ਫਰਾ-ਊਨ ਨੇ) ਪੁਛਿਆ ਕਿ ਭਲਾ ਭਵਿਖਤ ਪੁਰਖਾਂ ਦਾ ਕੀ ਹਾਲ (ਹੋਣਾ) ਹੈ ।। ੫੧ ।। (ਮੂਸਾ ਨੇ) ਆਖਿਆ ਇਨਹਾਂ ਗੱਲਾਂ ਦੀ ਵਿੱਦਯਾ ਮੇਰੇ ਪਰਵਰ-ਦਿਗਾਰ ਦੇ ਹਾਂ (ਲੋਹ ਮਾਫ਼ੂਜ਼) ਪੁਸਤਕ ਵਿਚ(ਲਿਖਿਆ ਹੋਇਆ ਮੌਜੂਦ) ਹੈ ਮੇਰਾ ਪਰਵਰਦਿਗਾਰ ਨਾ ਭਟਕਦਾ ਹੈ ਅਰ ਨਾ ਭੁਲਦਾ ਹੈ ।। ੫੨ ।। ਉਸ ਨੇ ਤਾਂ ਤੁਸਾਂ ਲੋਕਾਂ ਵਾਸਤੇ ਪ੍ਰਿਥਵੀ ਦਾ ਫਰਸ਼ ਬਨਾਇਆ ਅਰ ਤੁਸਾਂ ਲੋਕਾਂ ਦੇ (ਤੁਰਨ ਫਿਰਨ) ਵਾਸਤੇ ਪ੍ਰਿਥਵੀ ਉਤੇ ਮਾਰਗ ਨਿਕਾਲੇ । ਅਰ ਅਕਾਸ ਵਿਚੋਂ ਪਾਣੀ ਦੀ ਬਰਖਾ ਕੀਤੀ ਫੇਰ ਅਸਾਂ ਨੇ ਹੀ ਜਲ ਦਵਾਰਾ ਨਾਨਾ ਪ੍ਰਕਾਰ ਦੀ ਭਿੰਨ ਭਿੰਨ ਅੰਗੂਰੀਆਂ (ਪ੍ਰਿਥਵੀ ਵਿਚੋਂ) ਨਿਕਾਲੀਆਂ ।। ੫੩ ।। (ਤਾ ਕਿ ਉਨਹਾਂ ਵਸਤੂਆਂ ਨੂੰ ਤੁਸੀਂ ਭੀ) ਖਾਓ ਅਰ ਆਪਣੇ ਚਤੁਸ਼ਪਾਦੀਆਂ ਨੂੰ (ਭੀ) ਚਰਾਓ । ਨਿਰਸੰਦੇਹ ਧੀਮਾਨ ਪੁਰਖ ਵਾਸਤੇ ਏਹਨਾਂ (ਵਸਤੂਆਂ) ਵਿਚ (ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ) ਨਿਸ਼ਾਨੀਆਂ ਹਨ ।। ੫੪ ।। ਰੁਕੂਹ ੨ ।।

(ਲੋਕੋ !) ਏਸੇ ਪ੍ਰਿਥਵੀ ਵਿਚੋਂ ਅਸਾਂ ਨੇ ਤੁਸਾਂ ਤਾਈਂ ਉਤਪਤ ਕੀਤਾ ਅਰ (ਮਰਿਆਂ ਪਿਛੋਂ) ਇਸ ਵਿਚ ਤੁਸਾਂ ਤਾਈਂ ਲੋਟਾ ਕੇ ਲੈ ਆਵਾਂ-ਗੇ ਅਰ ਏਸੇ ਵਿਚੋਂ (ਪ੍ਰਲੈ ਦੇ ਦਿਨ) ਤੁਸਾਂ ਤਾਈਂ ਦੂਜੀ ਵੇਰੀ ਨਿਕਾਲ ਕੇ ਖੜਿਆਂ ਕਰਾਂਗੇ ।। ੫੫ ।। ਅਰ ਅਸਾਂ ਨੇ ਫਰਾਊਨ ਨੂੰ ਅਪਣੀ ਸੰਪੂਰਣ ਨਿਸ਼ਾਨੀਆਂ ਦਿਖਾਈਆਂ ਅਜੇ ਭੀ ਵੁਹ ਝੂਠ ਲਾਉਂਦਾ ਅਰ ਇਨਕਾਰ ਹੀ ਕਰਦਾ ਰਹਿਆ ।। ੫੬ ।। (ਅਰ ਅੰਤ ਨੂੰ ਇਹ) ਜਵਾਬ ਦਿਤਾ ਕਿ ਮੂਸਾ ਕੀ ਤੂੰ ਸਾਡੇ ਪਾਸ ਇਸ ਵਾਸਤੇ (ਪੈਗੰਬਰ ਬਨ ਕੇ) ਆਇਆ ਹੈਂ ਕਿ ਆਪਣੇ ਜਾਦੂ (ਦੇ ਬਲ) ਨਾਲ ਸਾਨੂੰ ਸਾਡੇ ਦੇਸ਼ ਵਿਚੋਂ ਨਿਕਾਲ ਦੇਵੇਂ ।।੫੭।। (ਭਲਾ ਠਹਿਰ ਤਾਂ) ਅਸੀਂ ਭੀ ਐਸਾ ਹੀ ਜਾਦੂ ਤੇਰੇ ਸਾਹਮਣੇ ਲਿਆ ਖੜਾ ਕਰੀਏ ਤਾਂ ਠੀਕ (ਚੰਗਾ) ਤਾਂ ਸਾਡੇ ਅਰ ਆਪਣੇ ਮਧ ਮੇਂ ਇਕ ਸਮਾਂ ਮੁਕਰਰ ਕਰ ਕਿ ਨਾ ਅਸੀਂ ਉਸ ਦੇ ਖਿਲਾਫ ਕਰੀਏ ਅਰ ਨਾ ਤੂੰ । (ਸਾਡਾ ਤੇਰਾ ਬਾਦ ਬਿਬਾਦ) ਖੁਲੇ ਪਿੜ ਵਿਚ (ਹੋਵੇ) ।। ੫੮ ।।

Digitized by Panjab Digital Library | www.panjabdigilib.org

( ਮੂਸਾ ਨੇ ) ਆਖਿਆ ਕਿ ( ਸਾਡੀ ) ਤੁਸਾਂ ਦੀ ਪ੍ਰਤਿਗਯਾ ( ਆਮ ) ਸੁੰਦਰਤਾਈ ਦੇ ਦਿਨ ਅਰ ਇਹ ਕਿ ਲੋਕ ਦਿਨ ਚੜ੍ਹੇ ਇਕਤ੍ਰ ਹੋਵਣ ॥ ੫੯ ॥ ( ਇਹ ਸੁਣਕੇ ) ਫਰਾਊਨ ( ਆਪਣੇ ਅਸਥਾਨ ਨੂੰ ) ਚਲਾ ਗਿਆ ਫੇਰ ਉਸਨੇ ਆਪਣੇ ਹਥ ਠੋਕੇ ( ਅਰਥਾਤ ਜਾਦੂ ਦੀ ਸਾਮੱਗਰੀ ) ਇਕਤ੍ਰ ਕੀਤੀ ਫੇਰ ( ਨਿਯਤ ਸਮੇਂ ਉਤੇ ਬਾਦ ਬਿਬਾਦ ਵਾਸਤੇ ਤਿਆਰ ਬਰਤਿਆਰ ਹੋ ਕੇ ) ਆ ਮੌਜੂਦ ਹੋਇਆ॥ ੬੦ ॥ ਮੂਸਾ ਨੇ ਫ਼ਰਾਊਨ ( ਦੀ ਜਮਾਓ ਵੇਖਕੇ ਓਸ ) ਨੂੰ ਆਖਿਆ ਕਿ ( ਕਿਉਂ ) ਤੁਸਾਂ ਦੀ ਸ਼ਾਮਤ ਆਈ ਹੈ ਖ਼ੁਦਾ ਤੇ ( ਜਾਦੂ-ਗਰੀ ) ਦੀਆਂ ਝੂਠ ਮੂਠ ਤੁਹਮਤਾਂ ਨਾਂ ਲਾਓ ਨਹੀਂ ਤਾਂ ਵੁਹ ( ਤੁਸਾਂ ਉਤੇ ਕੋਈ ) ਕਸ਼ਟ ( ਪਰਾਪਤ ਕਰਕੇ ਓਸ ) ਨਾਲ ਤੁਸਾਂ ਨੂੰ ਨਾਸ ਕਰ ਦੇਵੇਗਾ ਅਰ ਜਿਸ ਨੇ ਖ਼ੁਦਾ ਉਤੇ ਝੂਠੀ ਤੁਹਮਤ ਲਗਾਈ ਵੁਹ ਨਿਸਚਿਤ ਉਜੜ ਪੁਜੜ ਗਇਆ ॥ ੬੧ ॥ ਏਸ ਗਲੋਂ ਲੋਕ ਆਪਣੇ ( ਏਸ ) ਅਮਰ ਦੀ ਬਾਬਤ ਲਗੇ ਆਪਸ ਵਿਚ ਝਗੜਾ ਤਥਾ ਚੁਪ ਚੁਪਾਤੇ ਸਰਗੋਸ਼ੀਆਂ ਕਰਨ ॥ ੬੨ ॥ ( ਅੰਤ ਨੂੰ ) ਸਾਰਿਆਂ ਨੇ ( ਇਕ ਮੁਠ ਹੋਕੇ ਇਹ ) ਆਖਿਆ ਕਿ ਹੋਵੇ ਨਾ ਹੋਵੇ ਇਹ ਦੋਵੇਂ ਭਰਾ ਤਾਂ ਜਾਦੂਗਰ ਹਨ । ( ਅਰ ਇਹਾ ਈ ) ਇਛਾ ਕਰਦੇ ਹਨ ਕਿ ਆਪਣੇ ( ਬਲ ਨਾਲ ) ਤੁਸਾਂ ਨੂੰ ਤੁਸਾਡੇ ਦੇਸ ਤੋਂ ਬਾਹਰ ਕਢ ਦੇਵਣ । ਅਰ ਤੁਸਾਂ ਦੇ ਉੱਤਮ ਪੰਥ ਨੂੰ ਮਿਟਾ ਦੇਣ ॥ ੬੩ ॥ ਤਾਂ ਤੁਸੀਂ ਭੀ ਆਪਣੀ ਕੋਈ ਯੁਕਤੀ ਪਿਛੇ ਨਾ ਰਖੋ ਅਰ ( ਪਰੇ ਦਾ ) ਪਰਾ ਬੰਨ੍ਹ ਕੇ ( ਇਨਹਾਂ ਦੇ ਮੁਕਾਬਲੇ ਵਿਚ ) ਆਓ ਅਰ ਜੋ ਅਜ ਸ੍ਰੇਸ਼ਟ ਰਿਹਾ ਵਹੀ ਬਾਜੀ ਲੈਗਿਆ ॥ ੬੪ ॥ ( ਅੰਤ ਨੂੰ ਜਾਦੂਗਰਾਂ ਨੇ ) ਆਖਿਆ ਕਿ ਮੂਸਾ ਜਾਂ ਤਾਂ ਇਹ ਹੋਵੇ ਕਿ ਤੂੰ ( ਆਪਣੀ ਸੋਟੀ ਮੈਦਾਨ ਵਿਚ ) ਸੁਟਦੇ ਕਿੰਵਾ ਇਹ ਹੋਵੇ ਕਿ ਅਸੀਂ ਪਹਿਲਾਂ ਸੁਟਣ ਵਾਲੇ ਬਣੀਏਂ ॥ ੬੫ ॥ ( ਮੂਸਾ ਨੇ ) ਆਖਿਆ ਨਹੀਂ ਤੁਸੀਂ ਹੀ ( ਪਹਿਲਾਂ ) ਸੁਟ ਦੇਵੋ । ( ਅਤ ਏਵ ਓਹਨਾਂ ਨੇ ਆਪਣੇ ਕਰਤਬ ਕੀਤੇ ) ਤਾਂ ਬਸ ਮੂਸਾ ਨੂੰ ਓਹਨਾਂ ਦੇ ਜਾਦੂ ਦੇ ਕਾਰਨ ਨਾਲ ਐਸਾ ਪਰਤੀਤ ਹੋਇਆ ਕਿ ਉਹਨਾਂ ਦੀਆਂ ਰਸੀਆਂ ਅਤੇ ਸੋਟੀਆਂ ( ਸਰਪ ਬਨ ਬਨ ਕੇ ਏਧਰ ਓਧਰ ) ਦੌੜ ਰਹੇ ਹਨ ॥ ੬੬ ॥ ਤਾਂ ਮੂਸਾ ਆਪਣੇ ਜੀ ਹੀ ਜੀ ਵਿਚ ਡਰਿਆ ॥ ੬੭ ॥ ਅਸਾਂ ਨੇ ਆਗਿਆ ਕੀਤੀ ( ਮੂਸਾ ) ਡਰੋ ਮਤ ਨਿਰਸੰਦੇਹ ਤੁਸੀਂ ਹੀ ਸ੍ਰਿਸ਼ਟ ਰਹੋਗੇ ॥ ੬੮ ॥ ਅਰ ਤੁਸਾਂ ਦੇ ਸਜੇ ਹਥ ਵਿਚ ਜੋ ( ਸੋਟੀ ) ਹੈ ਉਸ ਨੂੰ ( ਮੈਦਾਨ ਵਿਚ ) ਸੁਟ ਦੇਵੋ ( ਕਿ ਏਹਨਾਂ ਜਾਦੂਗਰਾਂ ਨੇ ) ਜੋ ( ਢੋਂਗ ) ਬਣਾ ਖੜਾ ਕੀਤਾ ਹੈ ( ਇਕ ਪਲਕ ਵਿਚ ਸਾਰਿਆਂ ਨੂੰ ) ਹੜੱਪ ਕਰ ਲਵੇ । ( ਕਾਹੇ ਤੇ ) ਜੋ ਢੋਂਗ ( ਓਹਨਾਂ ਨੇ ) ਬਨਾ ਕੇ ਖੜਾ ਕੀਤਾ ਹੈ ( ਇਹ

Digitized by Panjab Digital Library | www.panjabdigilib.org

ਸੰਪੂਰਣ ) ਜਾਦੂਗਰਾਂ ਦੀਆਂ ਚਲਾਕੀਆਂ ਹਨ । ਅਰ ਜਾਦੂਗਰ ਕਿਤੇ ਭੀ ਜਾਵੇ ਓਹਨੂੰ ਸਫਲਤਾ ਹੋਣੀ ਨਹੀਂ ॥ ੬੯ ॥ (ਭਾਵ ਇਹ ਕਿ ਮੂਸੇ ਦੀ ਲਾਠੀ ਨੇ ਅਜਗਰ ਬਨ ਕੇ ਜਾਦੂਗਰਾਂ ਦੇ ਸਪੋਲੀਆਂ ਨੂੰ ਹੜੱਪ ਕਰ ਲੀਤਾ ) ਤਾਂ ( ਇਹ ਵੇਖ ਕੇ ) ਜਾਦੂਗਰ ਢਹਿ ਕੇ ਪੈਰੀ ਪੈ ਗਏ । ( ਅਰ ) ਲਗੇ ਆਖਣ ਕਿ ਅਸੀਂ ਹਾਰੂ ਤਥਾ ਮੂਸਾ ਦੇ ਪਰਵਰਦਿਗਾਰ ਉਤੇ ਈਮਾਨ ਲਾਇ ॥ ੭੦ ॥ ( ਫਰਾਉਨ ਨੇ ) ਆਖਿਆ ਕਿ ਕੀ ਤੁਸਾਂ ਮੇਰੀ ਆਗਿਆ ਦੇਣ ਤੋਂ ਪ੍ਰਥਮ ਮੂਸੇ ਉਤੇ ਈਮਾਨ ਧਾਰ ਲੀਤਾ । ਹੋਵੇ ਨਾ ਹੋਵੇ ਇਹ ਤੁਸਾਂ ਦਾ ਬੜਾ ( ਗੁਰੂ ) ਹੈ ਜਿਸ ਨੇ ਤੁਸਾਂ ਨੂੰ ਜਾਦੂ ਸਿਖਾਇਆ ਹੈ ਤਾਂ ਤੁਸਾਂ ਦੇ ਹਥ ਤਥਾ ਤੁਸਾਂ ਦੇ ਪੈਰ ( ਸਿਧੇ ) ਪੁਠੇ ਵਢ ਦੇਵਾਂ। ਅਰ ਤੁਸਾਂ ਨੂੰ ਖਜੂਰੀ ਦੇ ਤਣਿਆਂ ਉਤੇ ਸੂਲੀ ਚੜ੍ਹਾ ਦੇਵਾਂ ਤਾਂ ਸਹੀ ਅਰ ( ਹੁਣ ) ਤੁਸਾਂ ਨੂੰ (ਭਲੀ ਪਰਕਾਰ ) ਪਰਤੀਤ ਹੋ ਜਾਵੇਗਾ ਕਿ ਅਸਾਂ ( ਦੋਨਾਂ ਜਥਿਆਂ ) ਵਿਚੋਂ ਕਿਸ ਦੀ ਮਾਰ ਸਖਤ ਅਧਿਕ ਅਰ ਦੇਰ ਵਾਲੀ ਹੈ ॥ ੭੧ ॥ ( ਜਾਦੂਗਰ ) ਬੋਲੇ ਕਿ ਖੁਲਮ ਖੁਲੇ ਚਮਤਕਾਰ ਜੋ ਸਾਡੇ ਸਾਹਮਣੇ ਆਏ ਓਹਨਾਂ ਉਤੇ ਅਰ ਜਿਸ ( ਖੁਦਾ ) ਨੇ ਸਾਨੂੰ ਉਤਪਤ ਕੀਤਾ ਹੈ ਉਸ ਉਤੇ ਤਾਂ ਅਸੀਂ ਤੇਰੇ ਤਾਂਈ ਕਿਸੇ ਪਰਕਾਰ ਦੀ ਵਡਿਆਈ ਦੇਣ ਵਾਲੇ ਹੈਂ ਨਹੀਂ । ਤਾਂ ਤੂੰ ਜੋ ਕਰਨਾ ਹੈ ਸੋ ਕਰ ਲੈ ਤੂੰ ਸਾਂਸਾਰਿਕ ਜੀਵਣ ਉਤੇ ਹੀ ਹੁਕਮ ਚਲਾ ਸਕਦਾ ਹੈਂ ( ਕਿ ਸਾਨੂੰ ਕਸ਼ਟ ਦੇਵੇਂ ਕਿੰਵਾ ਬਹੁਤ ਕਰੇਂ ਤਾਂ ਜਾਨੋਂ ਮਰਵਾ ਸਿਟੇਂ ) ਹੋਰ ਬਸ ॥ ੭੨ ॥ ਅਸੀਂ ਆਪਣੇ ਪਰਵਰਦਿਗਾਰ ਉਤੇ ਈਮਾਨ ਲਿਆ ਚੁਕੇ ਹਾਂ ਤਾਂ ਕਿ ਉਹ ਸਾਡਿਆਂ ਗੁਨਾਹਾਂ ਨੂੰ ਮੁਆਫ ਕਰੇ ਅਰ ( ਵਿਸ਼ੇਖ ਕਰਕੇ ) ਜਾਦੂ ( ਦੇ ਗੁਨਾਹ ) ਨੂੰ ਜਿਸ ਉਤੇ ਤੁਸਾਂ ਸਾਨੂੰ ਮਜਬੂਰ ਕੀਤਾ। ਅਰ ਅੱਲਾ ( ਦਾ ਦੇਣ ਤੇਰੇ ਦੇਣ ਨਾਲੋਂ ) ਉੱਤਮ ਅਰ ਚਿਰ ਅਸਥਾਈ ਹੈ ॥ ੭੩ ॥ ਨਿਰਸੰਦੇਹ ਜੋ ਪੁਰਖ ( ਕੁਫਰ ਦੇ ਜੁਰਮ ਦਾ ) ਮੁਜਰਮ ਹੋ ਕੇ ਆਪਣੇ ਪਰਵਰਦਿਗਾਰ ਦੇ ਸਨਮੁਖ ਹਾਜਰ ਹੋਵੇਗਾ ਓਸ ਦੇ ਵਾਸਤੇ ਨਰਕ ਹੈ । ਜਿਸ ਵਿਚ ਨਾ ਤਾਂ ਉਹ ਮਰੇਗਾ ਹੀ ਅਰ ਨਾ ਜੀਊਂਦਾ ਹੀ ਰਹੇਗਾ। ( ਅਰਥਾਤ ਪਿਆ ਸਹਿਕੇਗਾ ) ॥ ੭੪ ॥ ਅਰ ਜੋ ਈਮਾਨ ਨਾਲ ਖੁਦਾ ਦੇ ਸਨਮੁਖ ਹਾਜਰ ਹੋਵੇਗਾ ( ਅਰ ) ਓਸ ਨੇ ਸ਼ੁਭ ਕਰਮ ਭੀ ਕੀਤੇ ਹੋਵਣਗੇ ਤਾਂ ਈਹਾ ਹੀ ਲੋਕ ਹਨ ਜਿਨਹਾਂ ਦੇ ਉੱਚੇ ਆਸਣ ਹੋਣਗੇ ॥ ੭੫ ॥ ( ਅਰਥਾਤ ) ਰਹਿਣ ਵਾਸਤੇ ਬਾਗ ਜਿਨਹਾਂ ਦੇ ਹੇਠਾਂ ਨਹਿਰਾਂ (ਪਈਆਂ ) ਵਗ ਰਹੀਆਂ ਹੋਣਗੀਆਂ । ( ਅਰ ਉਹ ) ਓਹਨਾਂ ਵਿਚ ਸਦੇਵ ( ਸਦੈਵ ) ਹੀ ਰਹਿਨਗੇ ਅਰ ਜੋ ਪੁਰਖ ਨਿਰਲੇਪ ਰਹੇ ਓਸ ਦਾ ਏਹੋ ਈ ਫਲ ਹੈ ॥ ੭੬ ॥ ਰੁਕੂਹ ੩ ॥

Digitized by Panjab Digital Library | www.panjabdigilib.org

ਅਰ ਅਸਾਂ ਨੇ ਮੂਸਾ ਦੇ ਵਲ ਅਕਾਸ਼ ਬਾਣੀ ਭੇਜੀ ਕਿ ਸਾਡਿਆਂ ਬੰਦਿਆਂ ( ਅਰਥਾਤ ਬਨੀ ਅਸਰਾਈਲ ਨੂੰ ) ਰਾਤੋ ਰਾਤ ( ਮਿਸਰ ਵਿਚੋਂ ) ਨਿਕਾਲ ਕੇ ਲੈ ਜਾਓ ਫੇਰ ਨਦੀ ਵਿਚ ( ਸੋਟੀ ਮਾਰ ਕੇ ) ਉਨਹਾਂ ਵਾਸਤੇ ਸੁਕੀ ( ਪੁਕੀ ) ਸੜਕ ਬਨਾ ਦੇਵੇ । ( ਕਿ ਓਸ ਦੇ ਉਤੋਂ ਦੀ ਤੁਸੀਂ ਲੋਕ ਕਲਜਾਣ ਦੇ ਨਾਲ ਪਾਰ ਹੋ ਜਾਓਗੇ ) । ਨਾਂ ਤਾਂ ਤੁਸਾਂ ਨੂੰ ( ਕਿਸੇ ਦੇ ) ਪਿਛਾ ਕਰਨ ਦਾ ਡਰ ਹੋਵੇਗਾ ਅਰ ਨਾ ( ਡੁਬਣ ) ਕੋਲੋਂ ਡਰੋਗੇ ॥ ੭੭ ॥ ਫੇਰ ਫਰਾਊਨ ਨੇ ਆਪਣੀਆਂ ਫੌਜਾਂ ਲੈ ਕੇ ਬਨੀ ਅਸਰਾਈਲ ਦਾ ਪਿਛਾ ਕੀਤਾ ਫੇਰ ਦਰਿਯਾ ਦੀ ਜੈਸੀਕੁ ( ਠਿਲ ) ਉਨਹਾਂ ਉਤੇ ਆਈ ਸੋ ਆਈ ॥ ੭੮ ॥ ਅਰ ਫਰਾਊਨ ਨੇ ਆਪਣੀ ਜਾਤੀ ਨੂੰ ਗੁਮਰਾਹੀ ਵਿਚ ਪਾਇਆ ਅਰ ਸੂਧਾ ਮਾਰਗ ਨਾ ਦਿਖਾਇਆ । ( ਜਿਸ ਦਾ ਇਹ ਫਲ ਹੋਇਆ ) ॥ ੭੯ ॥ ਹੇ ਬਨੀ ਅਸਰਾਈਲ ਅਸਾਂ ਨੇ ਤੁਸਾਂ ਨੂੰ ਤੁਸਾਂ ਦੇ ਦੁਸ਼ਮਨ ( ਫਰਾਊਨ ) ਪਾਸੋਂ ਮੁਕਤੀ ਦਿਤੀ ਅਰ ਤੁਸਾਂ ਦੇ ਨਾਲ ਤੂਰ (ਨਾਮੀ ਪਰਬਤ) ਦੇ ਸਜੇ ਪਾਸੇ ਦੀ ਪਰਤਿੱਗਜਾ ਕੀਤੀ ਸੀ । ਅਰ ਅਸਾਂ ਨੇ ਤੁਸਾਂ ਉਤੇ ਮਨ ਤਬਾ ਸਲਵਾ ਉਤਾਰਿਆ ॥ ੮੦ ॥ ( ਅਰ ਆਗਿਆ ਦਿਤੀ ਕਿ ਇਹ ) ਉੱਤਮ ਭੋਜਨ ਜੋ ਅਸਾਂ ਨੇ ਤੁਸਾਂ ਨੂੰ ਦਿਤਾ ਹੈ ਖਾਓ । ਅਰ ( ਸਾਡੇ ਹੁਕਮ ਨਾਲ ) ਏਸ ਦੇ ਬਾਰੇ ਵਿਚ ਅਮੋੜਪਣਾ ਨਾ ਕਰਨਾ । ( ਕਿ ਲਗੋ ਕਲ ਦੇ ਵਾਸਤੇ ਜ਼ਖੀਰਾ ਕਰਨ । ਐਸਾ ਕਰੋਗੇ ) ਤਾਂ ਤੁਸਾਂ ਉਤੇ ਸਾਡਾ ਗਜ਼ਬ ਆ ਪ੍ਰਾਪਤ ਹੋਵੇਗਾ । ਅਰ ਜਿਸ ਉਤੇ ਸਾਡੀ ਕਰੋਪੀ ਆ ਨਾਜ਼ਲ ਹੋਈ ਤਾਂ ( ਸਮਝੋ ਕਿ ਵੁਹ ਨਰਕ ਦੇ ) ਟੋਏ ਵਿਚ ਜਾ ਡਿਗਾ ॥ ੮੧ ॥ ਅਰ ਜੋ ਪੁਰਖ਼ ( ਗੁਨਾਹਾਂ ਥੀਂ ) ਤੋਬਾ ਕਰੇ ਅਰ ਨਿਸਚਾ ਧਾਰੇ ਅਰ ਸ਼ੁਭ ਕਰਮ ( ਭੀ ) ਕਰੇ ( ਅਰ ) ਫਿਰ ਸਤ ਮਾਰਗ ਉਤੇ ( ਭੀ ਖੜਾ ) ਰਹੇ ਤਾਂ ਅਸੀਂ ਓਸ ਦਿਆਂ ( ਗੁਨਾਹਾਂ ਦੇ ਭੀ ) ਵਡੇ ਬਖਸ਼ਨੇ ਵਾਲੇ ਹਾਂ ॥ ੮੨ ॥ ਅਰ ( ਜਦੋਂ ਮੂਸਾ ਤੌਰਾਤ ਲੈਣ ਵਾਸਤੇ ਜਰਾ ਅਗੇ ਵਧੇ ਤਾਂ ਅਸਾਂ ਨੇ ਪੁਛਿਆ ਕਿ ) ਹੇ ਮੂਸਾ ਤੂੰ ਜਲਦੀ ਨਾਲ ਆਪਣੀ ਕੌਮ ਨਾਲੋਂ ਕਿਸ ਪਰਕਾਰ ਅਗੇ ਆ ਗਏ ॥ ੮੩ ॥ ਬੇਨਤੀ ਕੀਤੀ ਕਿ ਵੁਹ ਭੀ ਇਹ ਮੇਰੇ ਪਿਛੇ ( ਹੀ ਪਿਛੇ ਤੁਰੇ ਆਉਂਦੇ ਹਨ ) । ਅਰ ਹੇ ਮੇਰੇ ਪਰਵਰਦਿਗਾਰ ਮੈਂ ਜਲਦੀ ਨਾਲ ਤੇਰੀ ਤਰਫ ਏਸ ਵਾਸਤੇ ( ਵਧ ) ਆਇਆ ਹਾਂ ਕਿ ਤੂੰ ( ਮੇਰੇ ਨਾਲ ) ਖੁਸ਼ੀ ਹੋਵੇਂ ॥ ੮੪ ॥ ਆਗਿਆ ਹੋਈ ਕਿ ਤੁਸਾਂ ਦੇ ਪਿਛੇ ਅਸਾਂ ਨੇ ਤੁਸਾਂ ਦੀ ਜਾਤੀ ਨੂੰ ( ਇਕ ਹੋਰ ) ਬਲਾ ਵਿਚ ਫਸਾ ਦਿਤਾ ਹੈ ਅਰ ( ਵੁਹ ਇਹ ਹੈ ਕਿ ) ਓਹਨਾਂ ਨੂੰ ਤਾਂ ਸਾਮਰੀ ਨੇ ਮਨਮੁਖ਼ ਕਰ ਲੀਤਾ ॥੮੫॥ ਫੇਰ ਮੂਸਾ ਕ੍ਰੋਧ ( ਅਰ ) ਪਸਚਾਤਾਪ ਦੀ ਦਸ਼ਾ ਵਿਚ ਆਪਣੀ ਜਾਤੀ

Digitized by Panjab Digital Library | www.panjabdigilib.org

ਵਲ ਵਾਪਸ ਆਏ ( ਅਰ ਆ ਕੇ ) ਲਗੇ ਆਖਣ ਕਿ ਭਿਰਾਓ ! ਕੀ ਤੁਸਾਂ ਪਾਸੋਂ ਤੁਸਾਂ ਦੇ ਪਰਵਰਦਿਗਾਰ ਨੇ ਉੱਤਮ ( ਪੁਸਤਕ ਅਰਥਾਤ ਤੌਰਾਤ ਦੇਵਣ ਦੀ ) ਪਰਤਿਗਯਾ ਨਹੀਂ ਕੀਤੀ ਸੀ ? ਤਾਂ ਕੀ ਤੁਸਾਂ ਨੂੰ ( ਓਸ ਪਰ-ਤਿਗਯਾ ਦੀ ) ਮੁਦਤ ( ਬੜੀ ) ਲੰਬੀ ਮਾਲੂਮ ਹੋਈ ? ਕਿੰਵਾ ਤੁਸਾਂ ਨੇ ( ਇਹ ) ਚਾਹਿਆ ਕਿ ਤੁਸਾਂ ਉਤੇ ਤੁਸਾਂ ਦੇ ਪਰਵਰਦਿਗਾਰ ਦਾ ਗਜ਼ਬ ਆ ਪਰਾਪਤ ਹੋਵੇ ਅਰ ਏਸ ਕਾਰਨ ਨਾਲ ਤੁਸਾਂ ਨੇ ਓਸ ਪਰਤਿਗਯਾ ਦੇ ਪ੍ਰਤੀਕੂਲ ਕੀਤਾ ਜੋ ( ਕੇਵਲ ਖੁਦਾ ਦੀ ਪੂਜਾ ਦਾ ) ਮੇਰੇ ਨਾਲ ਕਰ ਬੈਠੇ ਸਓ ॥ ੮੬ ॥ ( ਵੁਹ ) ਲਗੇ ਆਖਣ ਕਿ ਅਸਾਂ ਨੇ ਆਪਣੇ ਬਲ ਨਾਲ ਤੇਰੇ ਸਾਥ ਪਰਤਿਗਯਾ ਭੰਗ ਨਹੀਂ ਕੀਤੀ, ਪ੍ਰਤਯੁਤ (ਸਾਨੂੰ ਇਹ ਮੁਆ-ਮਲਾ ਪੇਸ਼ ਆਇਆ ਕਿ ਕਬਤੀਆਂ ਦੀ)ਜਾਤੀ ਦੇ ਭੂਖਣਾ(ਜ਼ੇਵਰਾਂ)ਦਾ ਭਾਰ(ਜੋ ਮਿਸਰ ਵਲੋਂ ਤੁਰਦਿਆਂ ਵੇਰੀ) ਸਾਡੇ ਉਤੇ ਲਦ ਦਿਤਾ ਗਿਆ ਸੀ । ਹੁਣ ( ਤਾਂ ਸਾਮਰੀ ਦੇ ਕਹਿਣ ਨਾਲ ) ਅਸਾਂ ਨੇ ਉਸ ਨੂੰ ( ਅਗਨੀ ਵਿਚ ਲਿਆ ) ਪਾਇਆ । ਅਰ ਉਸੀ ਪਰਕਾਰ ਸਾਮਰੀ ਨੇ ਭੀ ( ਆਪਣੇ ਪਾਸ ਦਾ ਭੂਖਣ ਲਿਆ ) ਪਾਇਆ ॥ ੮੭ ॥ ਫੇਰ ( ਤਾਂਤ੍ਰਿਕੀ ਨੇ ਹੀ ) ਲੋਕਾਂ ਵਾਸਤੇ ( ਓਸ ਦਾ ਇਕ ) ਬੈਹੜਕਾ ( ਬਨਾ ਕੇ ) ਨਿਕਾਲ ਖੜਾ ਕੀਤਾ । ( ਅਰ-ਥਾਤ ਬੈਹੜਕੇ ਦੀ ) ਮੂਰਤੀ ਜਿਸ ਦੀ ਬੋਲੀ ( ਭੀ ) ਬੈਹੜਕੇ ਵਰਗੀ ਸੀ, ਏਸ ਤੋਂ ( ਕਈ ਲੋਕ ) ਲਗੇ ਆਖਣ ਕਿ ਇਹ ਤਾਂ ਤੁਸਾਂ ਦਾ ਪੂਜ ਹੈ । ਅਰ ਮੂਸੇ ਦਾ ( ਬੀ ) ਮਾਬੂਦ ( ਈਹਾ ਸੀ ) ਅਰ ਉਹ ਭੁਲ ( ਕੇ ਕੋਹਤੂਰ ਉਤੇ ਚਲਾ ) ਗਿਆ ॥ ੮੮ ॥ ਕੀ ਏਹਨਾਂ ਲੋਕਾਂ ਨੂੰ ਏਨੀ ਗਲ ਭੀ ਨਹੀਂ ਸੁਝਦੀ ਸੀ ਕਿ ( ਬੈਹੜਕਾ ) ਨਾ ਤਾਂ ਏਹਨਾਂ ਦੀ ਬਾਰਤਾ ਦਾ ਉਲਟ ਕੇ ਉਤਰ ( ਹੀ ) ਦੇ ਸਕਦਾ ਹੈ ਅਰ ਨਾ ਉਹਨਾਂ ਦੇ ਕਿਸੀ ( ਪਰਕਾਰ ) ਦੇ ਹਾਨੀ ਦਾ ਅਰ ਨਾ ਕਿਸੇ ( ਪਰਕਾਰ ਦੇ ) ਲਾਭ ਦਾ ਮਾਲਿਕ ਹੈ ॥ ੮੯ ॥ ਰੁਕੂਹ ੪ ॥

ਅਰ ਹਾਰੂਨ ਨੇ(ਵੈਹੜਕੇ ਦੀ ਪੂਜਾ ਨਾਲੋਂ)ਪ੍ਰਥਮ ਏਨਹਾਂ ਨੂੰ ਆਖਿਆ ਭੀ ਕਿ ਭਿਰਾਓ ! ਏਹ ਤਾਂ ਏਸ ਬੈਹੜਕੇ ਦੇ ਜ਼ਰੀਏ ਨਾਲ ਤੁਸਾਂ (ਦਵਾਰਾ) ਦੀ ਪ੍ਰੀਛਾ ਕੀਤੀ ਜਾ ਰਹੀ ਹੈ ਨਹੀਂ ਤਾਂ ਤੁਸਾਂ ਦਾ ਪਰਵਰਦਿਗਾਰ ( ਖੁਦਾਇ ) ਰਹਿਮਾਨ ਹੈ ਤਾਂ ਮੇਰੇ ਆਖੇ ਲਗੋ ਅਰ ਮੇਰੀ ਬਾਰਤਾ ਮੰਨੋ ॥ ੯੦ ॥ ( ਵੁਹ ) ਲਗੇ ਆਖਣ ਜਦੋਂ ਤਕ ਮੂਸਾ ਲੌਟ ਕੇ ਸਾਡੇ ਪਾਸ ( ਨਾ ) ਆਵੇ ਅਸੀਂ ( ਤਾਂ ) ਬਰਾਬਰ ਏਸੇ ( ਬੈਹੜਕੇ ਦੀ ਪੂਜਾ ) ਉਤੇ ਜੰਮ ਕੇ ਬੈਠੇ ਰਹਾਂਗੇ ॥ ੯੧ ॥ ( ਮੂਸਾ ਨੇ ਹਾਰੂਨ ਨੂੰ ਸਨਮੁਖ ਰਖ ਕੇ ) ਆਖਿਆ ਕਿ ਹਾਰੂਨ ! ਜਦੋਂ ਤੁਸਾਂ ਨੇ ਏਹਨਾਂ ਨੂੰ ਵੇਖਿਆ ਸੀ ( ਕਿ ਇਹ ਲੋਕ ) ਬੇਮੁਖ

Digitized by Panjab Digital Library | www.panjabdigilib.org

ਹੋ ਗਏ ॥ ੯੨ ॥ ਤਾਂ ਤੁਸਾਂ ਨੂੰ ਕਿਸ ਗਲ ਨੇ ਰੋਕਿਆ ਕਿ ਤੁਸਾਂ ਨੇ ਮੇਰੇ (ਉਪਦੇਸ਼ ਦੀ) ਪੈਰਵੀ ਨਾ ਕੀਤੀ, ਕੀ ਤੁਸਾਂ ਨੇ ਮੇਰੀ ਆਗਿਆ ਭੰਗ ਕੀਤੀ ॥ ੯੩ ॥ (ਵੁਹ) ਬੋਲਿਆ ਕਿ ਹੇ ਮੇਰੇ ਸਹੋਦਰ (ਭਿਰਾ) ਮੇਰੀ ਦਾਹੜੀ ਅਰ ਸਿਰ (ਦੇ ਵਾਲ) ਤਾਂ ਪਕੜੋ ਨਹੀਂ ਮੈਂ ਤਾਂ ਏਸ (ਗਲੋਂ) ਡਰਿਆ ਕਿ (ਤੁਸੀਂ ਵਾਪਸ ਆ ਕੇ) ਕਦਾਚਿਤ ਇਹ (ਨਾ) ਆਖਣ ਲਗੋ ਕਿ ਤੁਸਾਂ ਨੇ ਬਨੀ ਅਸਰਾਈਲ ਵਿਚ ਫੁਟ ਪਾ ਦਿਤੀ ਅਰ ਮੇਰੀ ਬਾਰਤਾ ਦਾ ਅੰਗ ਨਾ ਕੀਤਾ ॥ ੯੪ ॥ (ਫੇਰ ਮੂਸੇ ਨੇ ਤਾਂਤ੍ਰਕੀ ਪਾਸੋਂ) ਪੁਛਿਆ ਕਿ ਤਾਂਤ੍ਰਕੀ ! ਤੇਰਾ ਕੀ ਹਾਲ ਹੈ ॥ ੯੫ ॥ (ਉਸ ਨੇ) ਆਖਿਆ ਮੈਨੂੰ ਵੁਹ ਵਸਤੂ ਦਿਖਾਈ ਦਿਤੀ ਜੋ ਹੋਰਨਾਂ ਨੂੰ ਨਹੀਂ ਦਿਖਾਈ ਦਿਤੀ ਤਾਂ ਮੈਨੇ ਰਸੂਲ ਦੇ ਪ੍ਰਤਾਪ (ਅਸਰ ਨਾਲ) ਕੁਝ ਥੋੜਾ ਜੇਹਾ ਗ੍ਰੈਹਨ ਕਰ ਲਿਆ ਤਾਂ ਮੈਂ ਉਸਨੂੰ ਸੁਟਿਆ ਤਾਂ (ਓਸ ਵੇਲੇ) ਮੇਰੇ ਦਿਲ ਨੇ ਮੈਨੂੰ ਐਸੀ ਹੀ ਸਲਾਹ ਦਿਤੀ ॥ ੯੬ ॥ (ਮੂਸਾ ਨੇ) ਆਖਿਆ ਚਲ (ਦੂਰ ਹੋ ਜਾ ਇਸ) ਜੀਵਨ ਵਿਚ ਤਾਂ ਤੈਨੂੰ ਇਹ ਸਜ਼ਾ ਹੈ ਕਿ (ਜਿਤਨਾਂ ਚਿਰ) ਜੀਵੇਂ ਆਖਦਾ ਪਿਆ ਫਿਰ ਕਿ(ਦੇਖਣਾ ਮੇਰੇ ਨਾਲ ਕਿਸੇ)ਸਪਰਸ਼ ਨਾ ਕਰਨਾਂ (ਨਹੀਂ ਤੇ ਅਸਾਂ ਦੋਨਾਂ ਨੂੰ ਤਪ ਆ ਜਾਵੇਗਾ) ਅਰ (ਏਸ ਨਾਲੋਂ ਵਖਰਾ) ਤੇਰੇ ਵਾਸਤੇ (ਪ੍ਰਲੈ ਦੇ ਕਸ਼ਟ ਦੀ) ਇਕ ਪ੍ਰਤਿਗਜਾ ਹੋਰ ਭੀ ਹੈ ਅਵਸ਼ਮੇਵ ਤੁਸਾਂ ਉਤੇ ਅਟਲ ਹੈ। ਅਰ ਆਪਣੇ (ਏਸ) ਮਾਬੂਦ (ਅਰਥਾਤ) ਬੈਹੜਕੇ ਦੇ ਵਲ ਦੇਖ ਜਿਸ (ਦੀ ਪੂਜਾ) ਉਤੇ ਤੂੰ ਆਕੜਿਆ ਬੈਠਾ ਸੀ ਏਸ ਨੂੰ ਤਾਂ ਅਸੀਂ ਸਾੜ (ਕੇ ਸੁਆਹ ਕਰ) ਦੇਵਾਂਗੇ ਵਿਸਤਾਰ ਫੇਰ ਓਸ (ਖਾਕ) ਨੂੰ ਖਿੰਡਾ ਕੇ ਦਰਿਯਾ ਵਿਚ (ਰੋੜਾ) ਦੇਵਾਂ ਗੇ ॥ ੯੭ ॥ ਲੋਕੋ ! ਤੁਸਾਂ ਦਾ (ਅਸਲ) ਮਾਬੂਦ ਬਸ ਅੱਲਾ ਹੈ ਜਿਸ ਦੇ ਸਿਵਾ ਕੋਈ (ਔਰ) ਮਾਬੂਦ ਹੈ ਨਹੀਂ। (ਅਰ) ਉਸ ਦੀ ਵਿਦਜਾ ਸੰਪੂਰਣ ਵਸਤਾਂ ਉਤੇ ਹਾਵੀ ਹੈ ॥ ੯੮ ॥ (ਹੇ ਪੈਯੰਬਰ) ਇਸੀ ਪਰਕਾਰ ਭੂਤਕਾਲ ਦੇ ਪ੍ਰਸੰਗਾਂ ਦੇ ਬਿਰਤਾਂਤ ਅਸੀਂ ਤੁਸਾਂ ਤਾਂਈਂ ਸੁਣਾਉਂਦੇ ਹਾਂ ਅਰ ਅਸਾਂ ਨੇ ਤੁਸਾਂ ਤਾਂਈ ਆਪਣੇ ਪਾਸੋਂ ਕੁਰਾਨ ਪਰਦਾਨ ਕੀਤਾ ॥ ੯੯ ॥ ਜੇਹੜੇ ਲੋਕ ਏਸ ਵਲੋਂ ਬੇਮੁਖ ਹੋਏ ਪਰਲੈ ਦੇ ਦਿਨ ਵੁਹ (ਮੰਦ ਕਰਮਾਂ ਦਾ ਭਾਰੀ) ਭਾਰ (ਆਪਣੇ ਸਿਰ ਉਤੇ) ਚੁਕੇ ਹੋਏ ਹੋਵਣਗੇ ॥ ੧੦੦ ॥ (ਅਰ) ਏਸ ਦਸ਼ਾ ਵਿਚ ਸਦੈਵ ਰਹਿਣਗੇ। ਅਰ ਕੈਸਾ ਹੀ ਬੁਰਾ ਭਾਰ ਹੈ ਜੋ ਇਸ ਲੋਕ ਪਰਲੈ ਦੇ ਦਿਨ ਭੀ ਚੁਕੀ ਖੜੋਤੇ ਹੋਵਣਗੇ ॥ ੧੦੧ ਜਿਸ ਦਿਨ ਨਰਸਿੰਗਾ ਵਜਾਇਆ ਜਾਵੇਗਾ ਅਰ ਉਸ ਦਿਨ ਅਸੀਂ ਗੁਨਹਾਗਾਰਾਂ ਨੂੰ (ਆਪਣੇ ਸਨਮੁਖ) ਇਕਤ੍ਰ ਕਰਾਂਗੇ। (ਅਰ) ਓਹਨਾਂ ਦੀਆਂ ਅਖੀਆਂ (ਡਰਦਿਆਂ ਮਾਰਿਆਂ) ਨੀਲੀਆਂ (ਪੀਲੀਆਂ

Digitized by Panjab Digital Library | www.panjabdigilib.org

ਅਰਥਾਤ ਬੇ ਨੂਰ ) ਹੋ ਜਾਵਣਗੀਆਂ ॥ ੧੦੨ ॥ ਆਪੋ ਵਿਚ ਚੁਪਕੇ ਚੁਪਕੇ ਆਖਦੇ ਹੋਵਣਗੇ ਕਿ ਦੁਨੀਆਂ ਵਿਚ ਤੁਸੀਂ ਲੋਕ ( ਬਹੁਤ ) ਇਸਥਿਤ ਹੋਏ ਹੋਵੋਗੇ (ਤਾਂ) ਬਸ ਦਸ ਦਿਨ ॥ ੧੦੩ ॥ ਜੈਸੀਆਂ ੨ ਬਾਰਤਾਂ (ਇਹ ਲੋਕ ਓਸ ਦਿਨ) ਕਰਨਗੇ ਅਸੀਂ ਓਹਨਾਂ ਤੋਂ ਭਲੀ ਭਾਂਤ ਗਿਆਤ ਹਾਂ ਕਿ ਜੋ ਏਹਨਾਂ ਵਿਚੋਂ ਅਧਿਕ ਮਾਰਗੀ ਹੋਵੇਗਾ ਵੁਹ ਆਖੇਗਾ, ਨਹੀਂ ( ਜੀ ) ਤੁਸੀਂ (ਬਹੁਤ) ਠਹਿਰੇ ਹੋਵੋ (ਤਾਂ) ਬਸ ਇਕ ਦਿਨ ( ਰਹੇ ) ॥ ੧੦੪ ॥ ਰੁਕੂਹ ੫ ॥

ਅਰ ( ਹੇ ਪੈਯੰਬਰ ਲੋਕ ) ਤੁਸਾਂ ਪਾਸੋਂ ਪਰਬਤਾਂ ਦੀ ਨਿਸਬਤ ਦਰਿਯਾਫਤ ਕਰਦੇ ਹਨ ( ਕਿ ਕਿਆਮਤ ਦੇ ਦਿਨ ਏਹਨਾਂ ਦਾ ਕੀ ਹਾਲ ਹੋਣਾ ਹੈ ) ਤਾਂ ( ਤੁਸੀਂ ਏਹਨਾਂ ਨੂੰ ) ਆਖੋ ਕਿ ਮੇਰਾ ਪਰਵਿਰਦਗਾਰ ਏਹਨਾਂ ਨੂੰ ( ਧੂਲੀ ਕਰਕੇ ਦਸੋ ਦਿਸ਼ਾਂ ਵਿਚ ) ਉਡਾ ਦੇਵੇਗਾ ॥ ੧੦੫ ॥ ਅਰ ਪ੍ਰਿਥਵੀ ਨੂੰ ਇਕ ਜੈਸਾ ਮਦਾਨ ਕਰ ਛਡੇਗਾ ॥ ੧੦੬ ॥ ਕਿ ਜਿਸ ਵਿਚ ( ਹੇ ਸ੍ਰੋਤਾ ) ਤੂੰ ਨਾ ਤਾਂ ਕਿਤੇ ਮੋੜ ਦੇਖੇਂਗਾ ਅਰ ਨਾ ਉਚਿਤ ਥਾਂ ( ਨਾ ਨੀਚ ) ॥ ੧੦੭ ॥ ਓਸ ਦਿਨ ਬਿਨਾ ਏਸ ਦੇ ਕਿ ਬੁਲਾਉਣ ਵਾਲੇ ( ਅਰਥਾਤ ਸੂਰ ਫੂਕਣ ਵਾਲੇ ਦੀ ਅਵਾਜ਼ ) ਨਾਲ ਲੋਕ ਏਧਰੋਂ ਉਧਰੋਂ ਨੂੰ ਮੁੜਨ( ਸਿਧੇ ) ਓਸ ਦੇ ਪਿਛੇ ਲਗ ਪੈਣਗੇ । ਅਰ (ਮਾਰਿਆਂ ਡਰ ਦੇ ਖੁਦਾਇ) ਰਹਿਮਾਨ ਦੇ ਅਗੇ ( ਸੰਪੂਰਨਾਂ ਦੀਆਂ ) ਅਵਾਜ਼ਾਂ ਬੈਠ ਜਾਣਗੀਆਂ । ਬਸ ( ਹੇ ਮੁਖਾਤਿਬ ) ਘੁਸਰ ਮੁਸਰ ਦੇ ਸਿਵਾ ਤਾਂ ਕੁਛ ਹੋਰ ਨਾ ਸੁਣੇਂਗਾ ॥ ੧੦੮ ॥ ਓਸ ਦਿਨ ( ਕਿਸੇ ਦੀ । ਸਫਾਰਸ਼ ਕੰਮ ਨਾ ਆਵੇਗੀ ਪਰੰਤੂ ਜਿਸ ਨੂੰ ਰਹਿਮਾਨ ( ਖੁਦਾ ) ਆਗਿਆ ਦੇਵੇ ਅਰ ਓਸ ਦਾ ਬੋਲਣਾ ਪਸੰਦ ਫਰਮਾਵੇ ॥ ੧੦੯ ॥ ਜੋ ਕੁਛ ਲੋਕਾਂ ਦੇ ਸਨਮੁਖ ਹੋ ਰਿਹਾ ਹੈ ਅਰ ਜੋ ਕੁਛ ਏਹਨਾਂ ਨਾਲੋਂ ਪ੍ਰਥਮ ਹੋ ਚੁਕਾ ਹੈ ਉਹ ਸਭ ਕੁਛ ਜਾਣਦਾ ਹੈ । ਅਰ ਲੋਕਾਂ ਦਾ ਗਿਆਨ ਓਸ ਉਤੇ ਘੇਰਾ ਨਹੀਂ ਪਾ ਸਕਦਾ ॥ ੧੧੦ ॥ ਅਰ ( ਪ੍ਰਲੈ ਦੇ ਦਿਨ ਖੁਦਾਇ ) ਜਿੰਦਾ (ਤਥਾ) ਸਦੈਵ ਗੁਣ ਵਾਲੇ ਦੇ ਰਬਰੂ ( ਸੰਪੂਰਨਾਂ ਦੇ ) ਮੂੰਹ ਹੇਠਾਂ ਹੋਏ ਹੋਏ ਹੋਵਣਗੇ। ਅਰ ( ਓਸ ਦਿਨ ) ਜੋ ਪੁਰਖ ( ਕਿਸੀ ਪਰਕਾਰ ਦੇ ) ਜ਼ੁਲਮ ਦਾ ਬੋਝ ( ਸਿਰ ਉਤੇ ) ਚੁਕੇਗਾ ਓਸੇ ਦੀ ਵੈਰਾਨੀ ਹੈ ॥ ੧੧੧ ॥ ਅਰ ਜੋ ( ਸੰਸਾਰ ਵਿਚ ) ਸ਼ੁਭ ਕੰਮ ਕਰੇਗਾ ਅਰ ਉਹ ਈਮਾਨ ਧਾਰੀ ਭੀ ਹੋਵੇਗਾ ਤਾਂ ਉਸ ਨੂੰ ਨਾ ( ਕਿਸੇ ਪਰਕਾਰ ਦੀ ) ਬੇ ਇਨਸਾਫੀ ਦਾ ਭੈ ਹੋਵੇਗਾ ਅਰ ਨਾ ( ਕਿਸੇ ਪਰਕਾਰ ਦੀ ) ਪਹਿਮਾਨਗੀ ॥ ੧੧੨ ॥ ਅਰ ( ਜੈਸੀ ਕਿ ਕੁਰਾਨ ਦੀ ਦਸ਼ਾ ਵਿਦ-ਮਾਨ ਹੈ ) ਐਸੇ ਹੀ ਅਸਾਂ ਨੇ ਏਸ ਨੂੰ ਅਰਬੀ ਭਾਸ਼ਾ ਦਾ ਕੁਰਾਨ ਉਤਾ-ਰਿਆ ਹੈ ਅਰ ਏਸ ਵਿਚ ਭਾਂਤ ਭਾਂਤ ਦੇ ਡਰਾਵੇ ਸੁਣਾ ਦਿਤੇ ਹਨ ਤਾ ਕਿ

Digitized by Panjab Digital Library | www.panjabdigilib.org

ਇਹ ਲੋਕ ਸੰਜਮਤਾਈ ਧਾਰਨ ਕਰਨ। ਜਾਂ ਏਸ ਦੇ ਦਵਾਰਾ ਏਹਨਾਂ (ਦੇ ਦਿਲਾਂ) ਵਿਚ ਗੌਰ (ਤਥਾ ਬਿਚਾਰ) ਪੈਦਾ ਹੋਵੇ ॥ ੧੧੩ ॥ ਬਸ ਅੱਲਾ ਉਚ ਤੇ ਉਚਾ ਅਰ (ਦੋਨਾਂ ਲੋਕਾਂ ਦਾ) ਸਚਾ ਬਾਦਸ਼ਾਹ ਹੈ। ਅਰ (ਹੇ ਪੈਗੰਬਰ ਤੁਸਾਂ ਵਲ ਜੋ ਕੁਰਾਨ ਵਹੀ ਕੀਤਾ ਜਾਂਦਾ ਹੈ) ਵਹੀ ਦੇ ਪੂਰਨ ਹੋਣ ਤੋਂ ਪ੍ਰਥਮ ਕੁਰਾਨ (ਦੇ ਪੜ੍ਹਨ) ਵਿਚ ਜਲਦੀ ਨਾ ਕੀਤਾ ਕਰੋ ਅਰ ਪ੍ਰਾਰਥਨਾਂ ਕਰਦੇ ਰਹੋ ਕਿ ਹੇ ਸਾਡੇ ਪਰਵਰਦਿਗਾਰ ਮੈਨੂੰ ਹੋਰ ਅਧਿਕ ਵਿਦਿਆ ਨਸੀਬ ਕਰ ॥ ੧੧੪ ॥ ਅਰ ਅਸਾਂ ਨੇ (ਭੂਤਕਾਲ ਵਿਚ) ਆਦਮ ਦੇ ਨਾਲ (ਕਣਕ ਦੇ ਦਾਣੇ ਨਾ ਖਾਵਣ ਦੀ) ਇਕ ਪਰਤਿਗਜਾ (ਸੰਕਲਪ) ਲੀਤਾ ਸੀ ਤਾਂ ਆਦਮ (ਉਹਨੂੰ) ਭੁਲਾ ਬੈਠਾ। ਅਰ ਅਸਾਂ ਨੇ ਓਸ (ਦੇ ਸੰਕਲਪ) ਵਿਚ ਦਰਿੜ੍ਹਤਾ ਨਾ ਪਾਈ ॥ ੧੧੫। ਰੁਕੂਹ ੬ ॥

ਅਰ ਜਦੋਂ ਅਸਾਂ ਫਰਿਸ਼ਤਿਆਂ ਨੂੰ ਆਖਿਆ ਆਦਮ ਦੇ ਅਗੇ ਮਥਾ ਟੇਕੋ ਤਾਂ ਸਾਰਿਆਂ ਨੇ ਹੀ ਮਥਾ ਟੇਕਿਆ। ਪਰੰਤੂ ਅਬਲੀਸ ਕਿ ਉਸ ਨੇ ਇਨਕਾਰ ਕੀਤਾ ॥ ੧੧੬ ॥

ਤਾਂ ਅਸਾਂ ਨੇ (ਆਦਮ ਨੂੰ) ਆਖਿਆ ਕਿ ਆਦਮ ! ਇਹ (ਅਬਲੀਸ ਤੇਰਾ ਅਰ ਤੇਰੀ ਇਸਤ੍ਰੀ ਦਾ ਦੁਸ਼ਮਨ ਹੈ ਤਾਂ ਐਸਾ ਨਾ ਹੋਵੇ ਕਿ ਤੁਸਾਂ ਦੋਨਾਂ ਨੂੰ ਸਵਰਗੋਂ ਬਾਹਰ ਕਢਾ ਦੇਵੇ। ਅਰ ਤੁਸਾਂ ਦੀ ਸ਼ਾਮਤ ਆ ਜਾਵੇ ॥ ੧੧੭ ॥ (ਅਰ) ਏਥੇ (ਬਹਿਸ਼ਤ ਵਿਚ ਤਾਂ ਤੁਸਾਂ ਨੂੰ ਐਸੇ ਆਨੰਦ ਹਨ ਕਿ) ਨਾ ਤੁਸੀਂ ਭੁਖੇ ਰਹਿੰਦੇ ਹੋ ਅਰ ਨਾ ਨੰਗੇ ਰਹਿੰਦੇ ਹੋ ॥ ੧੧੮ ॥ ਅਰ ਹੋਰ ਇਹ ਕਿ ਏਥੇ ਨਾ ਤੁਸਾਂ ਨੂੰ ਤ੍ਰਿਖਾ ਲਗਦੀ ਹੈ ਅਰ ਨਾ ਧੁਪ ਵਿਚ ਰਹਿੰਦੇ ਹੋ ॥ ੧੧੯ ॥ ਫੇਰ ਸ਼ੈਤਾਨ ਨੇ ਆਦਮ ਨੂੰ ਫੁਸਲਾਇਆ (ਅਰ ਓਹਨੂੰ) ਆਖਿਆ ਕਿ ਆਦਮ ! ਆਖੇਂ ਤਾਂ ਤੈਨੂੰ ਸਦੀਵ ਵਾਲਾ ਦਰਖਤ ਦਸਾਂ (ਕਿ ਜਿਸ ਨੂੰ ਖਾ ਕੇ ਸਦੀਵ ਜੀਉਂਦੇ ਰਹੋ) ਅਰ ਐਸੀ ਰਾਜਧਾਨੀ ਜੋ (ਕਦਾਪਿ) ਪੁਰਾਨੀ ਨਾ ਹੋਵੇ (ਅਰਥਾਤ ਓਸ ਵਿਚ ਕਿਸੇ ਪਰਕਾਰ ਦੀ ਹਾਨੀ ਨਾ ਹੋਵੇ) ॥ ੧੨੦ ॥ ਅਤ ਏਵ ਦੋਨੋਂ (ਮੀਆਂ ਬੀਬੀ) ਨੇ (ਮਨਾ ਕੀਤੇ ਹੋਏ) ਦਰਖਤ ਵਿਚੋਂ (ਓਸ ਦਾ ਫਲ) ਖਾ ਲੀਤਾ ਤਾਂ ਆਪੇ (ਆਪਣੀਆਂ) ਪਰਦੇ ਦੀਆਂ ਵਸਤਾਂ ਓਹਨਾਂ ਦੀਆਂ ਪਰਗਟ ਹੋ ਗਈਆਂ ਅਰ ਲਗੇ (ਬਹਿਸ਼ਤ ਵਾਲੇ) ਬਾਗ ਦੇ ਪੱਤਰ ਚਮੇੜਨ ਅਰ ਆਦਮ ਨੇ ਆਪਣੇ ਪਰਵਰਦਿਗਾਰ ਦੀ ਨਾ ਫਰਮਾਨੀ ਕੀਤੀ। ਅਰ (ਪਰਸਵਾਰਥ ਦੇ ਮਾਰਗੋਂ) ਭੁਲ ਗਏ ॥ ੧੨੧ ॥ ਫੇਰ (ਅੰਤ ਨੂੰ) ਓਹਨਾਂ ਦੇ ਪਰਵਰਦਿਗਾਰ ਨੇ ਓਹਨਾਂ ਨੂੰ ਨਿਵਾਜ਼ਾ ਅਰ ਓਹਨਾਂ ਦੀ ਤੋਬਾ ਕਬੂਲ ਕੀਤੀ ਅਰ (ਓਹਨਾਂ ਨੂੰ ਆਪਣੀ ਆਗਿਆ ਦਾ) ਰਸਤਾ ਦਿਖਾਇਆ

Digitized by Panjab Digital Library | www.panjabdigilib.org

॥ ੧੨੨ ॥ ( ਜਦੋਂ ਆਦਮ ਨੇ ਨਾ ਫਰਮਾਨੀ ਕੀਤੀ ਤਾਂ ਖੁਦਾ ਨੇ ਸ਼ੈਤਾਨ ਅਰ ਆਦਮ ਨੂੰ ) ਹੁਕਮ ਦਿਤਾ ਕਿ ਤੁਸੀਂ ਦੋਵੇਂ ਸਵਰਗ ਵਿਚੋਂ ਹੇਠਾਂ ਉਤਰ ਜਾਓ । ਇਕ ਦਾ ਇਕ ਵੈਰੀ ( ਅਰ ਪ੍ਰਿਥਵੀ ਉਤੇ ਫਲੋ ਫੁਲੋ ) । ਫੇਰ ਯਦੀ ਤੁਸਾਂ ਦੇ ( ਅਰਥਾਤ ਤੁਸਾਂ ਦੀਆਂ ਨਸਲਾਂ ਦੇ ) ਪਾਸ ਸਾਡੇ ਵਲੋਂ ਉਪਦੇਸ਼ ਆਵੇ ਤਾਂ ਜੋ ਸਾਡੇ ਉਪਦੇਸ਼ ਉਤੇ ਤੁਰੇਗਾ ਨਾ ( ਤਾਂ ਸਤ ਮਾਰਗੋਂ ) ਭੁਲੇਗਾ ਅਰ ਨਾ(ਅੰਤ ਨੂੰ ਨਿਤਜ ਦੀ)ਹਲਾਕਤ(ਵੈਰਾਨੀ)ਵਿਚ ਪਵੇਗਾ॥੧੨੩॥ ਅਰ ਜਿਸ ਨੇ ਸਾਡੀ ਯਾਦੋਂ (ਸਿਮਰਨ ਥੀਂ) ਮੂੰਹ ਮੋੜਿਆ ਤਾਂ ਉਸਦਾ ਜੀਵਨ ਤੰਗੀ ਵਿਚ ਗੁਜਰੇਗਾ ਅਰ ਪਰਲੈ ਦੇ ਦਿਨ (ਭੀ) ਅਸੀਂ ਉਸ ਨੂੰ ਅੰਧਿਆ ( ਕਰਕੇ ) ਉਠਾਵਾਂਗੇ ॥ ੧੨੪ ॥ ( ਅਰ ਉਹ ) ਆਖੇਗਾ ਕਿ ਹੇ ਮੇਰੇ ਪਰਵਰਦਿਗਾਰ ਤੂਨੇ ਮੈਨੂੰ ਅੰਧਿਆਂ ( ਕਰਕੇ ) ਕਿਉਂ ਉਠਾਇਆ ਅਰ ਮੈਂ ਤਾਂ ( ਸੰਸਾਰ ਵਿਚ ਭਲੀ ਪਰਕਾਰ ) ਵੇਖਦਾ ( ਭਾਲਦਾ ) ਸਾਂ ॥ ੧੨੫ ॥ ( ਖੁਦਾ ) ਕਹੇਗਾ ਕਿ ਐਸਾ ਹੀ ( ਹੋਣਾ ਚਾਹੀਦਾ ਸੀ । ਸੰਸਾਰ ਵਿਚ ) ਸਾਡੀਆਂ ਆਇਤਾਂ ਤੇਰੇ ਪਾਸ ਆਈਆਂ ਪਰੰਤੂ ਤੂਨੇ ਓਨਨਾਂ ਨੂੰ ਭੁਲਾ ਦਿਤਾ । ਅਰ ਉਸੀ ਪਰਕਾਰ ਅਜ ਤੇਰੀ ( ਬੀ ) ਖਬਰ ਨਾ ਲੀਤੀ ਜਾਵੇ ਗੀ ॥ ੧੨੬ ॥ ਅਰ ਜੋ ਪੁਰਖ ( ਸੀਮਾਂ ) ਨੂੰ ਉਲੰਘਨ ਕਰ ਚਲਿਆ ਅਰ ਆਪਨੇ ਪਰਵਰਦਿਗਾਰ ਦੀਆਂ ਆਇਤਾਂ ਉਤੇ ਈਮਾਨ ਨਾਂ ਧਾਰਿਆ ਅਸੀਂ ਉਸ ਨੂੰ ਐਸਾ ਹੀ ਬਦਲਾ ਦਿਤਾ ਕਰਦੇ ਹਾਂ ਅਰ ਅੰਤ ਦਾ ਕਸ਼ਟ ( ਸੰਸਾਰਕ ਕਸ਼ਟ ਨਾਲੋਂ ) ਬਹੁਤ ਹੀ ਸਖਤ ਤਥਾ ਚਿਰ ਅਸਥਾਈ ਹੈ ॥ ੧੨੭ ॥ ਕੀ ਲੋਕਾਂ ਨੂੰ ਏਸ ਗਲੋਂ ਸਿਖਜਾ ਨਾ ਮਿਲੀ ਕਿ ਇਹਨਾਂ ਨਾਲੋਂ ਪਹਿਲੇ ਅਸੀਂ ਕਿਤਨੀਆਂ ਜਮਾਇਤਾਂ ਨੂੰ ਹਲਾਕ ਕਰਕੇ ਮਾਰ ਸਿਟਿਆ ( ਅਰ ਹੁਣ ) ਇਹ ਲਕ ਓਹਨਾਂ ਦੇ ਰਹਿਣ ਬਹਿਣ ਵਾਲੇ ਅਸਥਾਨ ਵਿਚ ਹੀ ਤੁਰਦੇ ( ਫਿਰਦੇ ਹਨ ) ਜੋ ਪੁਰਖ ਬੁਧੀਵਾਨ ਹਨ ਓਹਨਾ ਦੇ ਵਾਸੇਤੇ ਏਸੇ ( ਇਕ ਗਲ ) ਵਿਚ ( ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ) ਨਿਸ਼ਾਨੀਆਂ ( ਵਿਦਮਾਨ ) ਹਨ ॥ ੧੨੮ ॥ ਰੁਕੂਹ ੭ ॥

ਅਰ ( ਹੇ ਪੈਯੰਬਰ ਲੋਕਾਂ ਦੇ ਕਰਮ ਤਾਂ ਐਸੇ ਹਨ ਕਿ ) ਯਦੀ ਤੁਸਾਂ ਦੇ ਪਰਵਰਵਿਗਾਰ ਨੇ ਪ੍ਰਥਮ ਤੋਂ ਹੀ ਇਕ ਬਾਰਤਾ ਨਾ ਦਸੀ ਹੁੰਦੀ ਅਰ ( ਅੰਤਿਮ ਫੈਸਲੇ ਦੀ ਇਕ ) ਅਵਧੀ ਨਿਯਤ ਨਾ (ਕੀਤੀ) ਹੁੰਦੀ ਤਾਂ ਕਸ਼ਟ ਦਾ ਪਰਾਪਤ ਹੋਣਾ ਇਕ ਲਾਜ਼ਮੀ ਬਾਰਤਾ ਸੀ ॥ ੧੨੯ ॥ ਤਾਂ (ਹੇ ਪੈਯੰਬਰ ) ਜੈਸੀਆਂ ਗਲਾਂ ( ਇਹ ਕਾਫਰ ) ਕਹਿੰਦੇ ਹਨ ਉਨਹਾਂ ਉਤੇ ਸਬਰ ਕਰੋ । ਅਰ ਸੂਰਜ ਦੇ ਨਿਕਲਨ ਨਾਲੋਂ ਪ੍ਰਥਮ ਅਰ ( ਹੋਰ ) ਓਸ ਦੇ ਡੁਬਣ ਨਾਲੋਂ ਪ੍ਰਥਮ ਆਪਣੇ ਪਰਵਰਦਿਗਾਰ ਦੀ ਉਸਤਤੀ ਦੇ

Digitized by Panjab Digital Library | www.panjabdigilib.org

ਨਾਲ (ਓਸ ਦੀ) ਮਹਿਮਾਂ ਕੀਤਾ ਕਰੋ ।(ਅਰ) ਰਾਤ੍ਰੀ ਦੇ ਸਮੇਂ ਵਿਚ ਅਰ ਦਿਨ ਦੀ ( ਦੁਪਹਿਰ ) ਦੇ ਲਗ ਭਗ ( ਅਰਥਾਤ ਜ਼ਹਰ ਦੇ ਸਮੇਂ ਭੀ ਮਹਿਮਾ ਤਥਾ ) ਉਸਤਤੀ ਕੀਤਾ ਕਰੋ ਤਾ ਕਿ ਤੁਸੀਂ ( ਏਸ ਬੰਦਗੀ ਦਾ ਬਦਲਾ ਪਾ ਕੇ ) ਖੁਸ਼ ਹੋ ਜਾਓ ॥ ੧੩੦ ॥ ਅਰ ( ਹੇ ਪੈਗੰਬਰ ) ਅਸਾਂ ਨੇ ਜੋ ਨਾਨਾ ਪਰਕਾਰ ਦੇ ਲੋਕਾਂ ਨੂੰ ਸਾਂਸਾਰਿਕ ਜੀਵਨ ਦੀ ਰੌਣਕ ਦੇ ਸਾਜੋ ਸਾਮਾਨ ਵਰਤਨ ਵਰਤਾਉਣ ਵਾਸਤੇ ਦੇ ਰਖੇ ਹਨ ਕਿ ਓਹਨਾਂ ਨੂੰ ਓਹਨਾਂ ( ਦੇ ਹਾਲ ) ਵਿਚ ਅਜ਼ਮਾਈਏ ! ਤੁਸਾਂ ਨੇ ਆਪਣੀ ਦ੍ਰਿਸ਼ਟੀ ਉਨਹਾਂ ਉਤੇ ਨਾ ਫੈਲਾਉਣੀ ਅਰ ਤੁਸਾਂ ਦੇ ਪਰਵਰਦਿਗਾਰ ਦਾ ( ਦਿਤਾ ਹੋਇਆ ) ਰਿਜਕ ( ਅਰਥਾਤ ਅੰਤ ਦਾ ਫਲ ਏਸ ਨਾਲੋਂ ) ਕਿਤੇ ਬਿਹਤਰ ਅਰ ਅਧਿਕ ਸਦੈਵ ਹੈ ॥ ੧੩੧ ॥ ਅਰ ਆਪਣਿਆਂ ਘਰ ਵਾਲਿਆਂ ਉਤੇ ਨਮਾਜ਼ ਦੀ ਕਰੜਾਈ ਰਖੋ ਅਰ ( ਆਪ ਭੀ ) ਓਸ ਦੇ ਪਾਬੰਦ ਰਹੋ ਅਸੀਂ ਤੁਸਾਂ ਪਾਸੋਂ ਕੋਈ ਰੋਜੀ ਤਾਂ ਤਲਬ ਕਰਦੇ ਨਹੀਂ ( ਪ੍ਰਤੁਤ ) ਅਸੀਂ ਤੁਹਾਨੂੰ ਰੋਜੀ ਦੇਂਦੇ ਹਾਂ। ਅਰ ਆਖਰ ( ਖੈਰ ) ਤਾਂ ਪਰਹੇਜ਼ਗਾਰਾਂ ਦੀ ਹੀ ਹੈ ॥ ੧੩੨ ॥ ਅਰ ( ਯਹੂਦ ਅਰ ਨਸਾਰਾ ) ਆਖਦੇ ਹਨ ਕਿ ( ਇਹ ਪੈਗੰਬਰ ) ਆਪਣੇ ਪਰਵਰਦਿਗਾਰ ਦੇ ਪਾਸਿਓਂ ਸਾਡੇ ਪਾਸ ਕੋਈ ਨਿਸ਼ਾਨੀ ਕਿਉਂ ਨਹੀਂ ਲਿਆਉਂਦਾ। ਕਿਆ ਅਗਲੀਆਂ ਪੁਸਤਕਾਂ ਦੀ ( ਪੇਸ਼ੀਨ ਗੋਈਆਂ ਦੀ ) ਗਵਾਹੀ ਏਹਨਾਂ ਦੇ ਪਾਸ ਨਹੀਂ ਪਰਾਪਤ ਹੋਈ (ਕਿ ਉਹ ਰਸਾਤਲ ਦਾ ਕਾਫੀ ਨਿਸ਼ਾਨ ਹੈ) ॥ ੧੩੩ ॥ ਅਰ ਯਦੀ ਅਸੀਂ ਕੁਰਾਨ ( ਦੇ ਉਤਾਰਨ ) ਨਾਲੋਂ ਪ੍ਰਥਮ ਕਿਸੇ ਕਸ਼ਟ ਨਾਲ ਏਹਨਾਂ ਨੂੰ ਹਲਾਕ ਕਰ ਦੇਂਦੇ ਤਾਂ ਆਖਦੇ ਪਰ ਆਖਦੇ ਕਿ ਐ ਸਾਡੇ ਪਰਵਰਦਿਗਾਰ ਤੂਨੇ ਸਾਡੇ ਵਲ ਕੋਈ ਰਸੂਲ ਕਿਉਂ ਨਾ ਭੇਜਿਆ ਕਿ ਜ਼ਲੀਲ ਤਥਾ ਰੁਸਵਾ ਹੋਣ ਨਾਲੋ ਪ੍ਰਥਮ ਅਸੀਂ ਤੇਰੀ ਆਗਜਾ ਉਤੇ ਤੁਰਦੇ ॥ ੧੩੪ ॥ ( ਹੇ ਪੈਗੰਬਰ ਏਹਨਾਂ ਨੂੰ ) ਆਖੋ ਕਿ ( ਆਪੋ ਆਪਣੀ ਥਾਈਂ ) ਸਾਰੇ ( ਅੰਤ ਦੀ ) ਉਡੀਕ ਕਰ ਰਹੇ ਹਨ ਸੋ ਤੁਸੀਂ ਭੀ ਉਡੀਕ ਰਖੋ ਤਾਂ ਅਗੇ ਚਲਕੇ ਤੁਸੀਂ ਜਾਣ ਲਵੋਗੇ ਕਿ ਸੂਧੇ ਮਾਰਗ ਵਾਲੇ ਕੌਣ ਹਨ। ( ਅਰ ਪੁਠੇ ਮਾਰਗ ਵਾਲੇ ਕੌਣ ਹਨ ) ਅਰ ਮਾਰਗੀ ਕੌਣ ਹਨ। ( ਅਰ ਬੇ ਮੁਖ ਕੌਣ ਹਨ ) ॥ ੧੩੫ ॥ ਰੁਕੂਹ ੮ ॥

## ਸੂਰਤ ਅੰਬੀਆ ਮੱਕੇ ਵਿਚ ਪ੍ਰਾਪਤ ਹੋਈ ਇਸ ਦੀਆਂ ਇਕ ਸੌ ਬਾਰਾਂ ਆਇਤਾਂ ਅਰ ਸਤ ਰੁਕੂਹ ਹਨ।

( ਪ੍ਰਾਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਰਹਿਮ ਵਾਲਾ

Digitized by Panjab Digital Library | www.panjabdigilib.org

ਮਿਹਰਬਾਨ ( ਹੈ ) ( ਇਸ ਗਲ ਦੇ ਹੁੰਦਿਆਂ ਸੁੰਦਿਆਂ ਕਿ) *ਲੋਕਾਂ ਦਾ ਹਿਸਾਬ ( ਕਰਮ ਅਰਥਾਤ ਉਸ ਦਾ ਸਮਾ ) ਸਮੀਪ ਆ ਪਰਾਪਤ ਹੋਇਆ ਅਦਜਾਪੀ ਉਹ ਗਫਲਤ ਵਿਚ ਪਰ੍ਹਾਂ ਨੂੰ ਮੁਖੜੇ ਕੀਤੇ ਹੋਏ ( ਚਲੇ ਜਾ ਰਹੇ ) ਹਨ ॥ ੧ ॥ ਉਹਨਾਂ ਦੇ ਪਾਸ ਉਨਹਾਂ ਦੇ ਪਰਵਰਦਿਗਾਰ ਦੇ ਪਾਸਿਓਂ ਜੋ ਨਵੀਨ ਹੁਕਮ ਆਉਂਦਾ ਹੈ ਬਸ ਉਸ ਨੂੰ ਐਸੇ ( ਬੇ ਪਰਵਾਹ ਹੋ ਕੇ ) ਸੁਣਦੇ ਹਨ ਕਿ ( ਓਸ ਦਾ ) ਮਖੌਲ ਠਠਾ ਬਣਾਉਂਦੇ ਹਨ ॥ ੨ ॥ ( ਅਰ ) ਓਹਨਾਂ ਦੇ ਦਿਲ ( ਹਨ ਕਿ ) ਉਕਾ (ਏਧਰ) ਧਿਆਨ ਹੀ ਨਹੀਂ ਕਰਦੇ । ਅਰ ਇਹ ਜ਼ਾਲਿਮ ਚੁਪ ਚਪਾਤੇ ਸਰਗੋਸ਼ੀਆਂ ਕਰਦੇ ਹਨ ਕਿ ਇਹ ( ਪੁਰਖ ਅਰਥਾਤ ਮੁਹੰਮਦ ) ਹੀ ਹੈ ਕੀ ਤੁਸਾਂ ਹੀ ਜੈਸਾ ਇਕ ਆਦਮੀ ਹੈ ! ਹੋਰ ਬਸ ! ਤਾਂ ਕੀ ਤੁਸੀਂ ਜਾਨ ਬੁਝ ਕੇ ਜਾਦੂ ( ਦੀਆਂ ਗਲਾਂ ਸੁਨਣ ) ਵਾਸਤੇ ਆਉਂਦੇ ਹੋ ॥ ੩ ॥ ( ਪੈਯੰਬਰ ਨੇ ਏਹਨਾਂ ਦੀਆਂ ਇਹ ਸਰਗੋਸ਼ੀਆਂ ਮਾਲੂਮ ਕਰਕੇ ) ਆਖਿਆ ਕਿ ( ਤੁਸੀਂ ਲੋਕੀ ਕੀ ਸਰਗੋਸ਼ੀਆਂ ਕਰਦੇ ਹੋ ) ਜਿਤਨੀਆਂ ਗਲਾਂ ਪ੍ਰਿਥਵੀ ਆਕਾਸ ਵਿਚ ਹੁੰਦੀਆਂ ਹਨ ਮੇਰੇ ਪਰਵਰ-ਦਿਗਾਰ ਨੂੰ ( ਸਭ ) ਮਾਲੂਮ ਹਨ । ਅਰ ਵੁਹ ( ਸੰਪੂਰਨਾਂ ਦੀ ) ਸੁਣਦਾ ( ਅਰ ਸਭ ਕੁਛ ) ਜਾਣਦਾ ਹੈ ॥ ੪ ॥ ( ਜ਼ਾਲਮਾਂ ਨੇ ਕੁਰਾਨ ਨੂੰ ਜਾਦੂ ਕਹਿਣ ਤੋਂ ਬਸ ਨਾ ਕੀਤੀ ) ਪ੍ਰਤਯੁਤ ਲਗੇ ਆਖਣ ਕਿ ਇਹ ਤਾਂ ਪਰੇ-ਸ਼ਾਨ ਖਿਆਲਾਂ ਦਾ ਇਕੱਠ ਹੈ । ਪ੍ਰਤਯੁਤ ਇਹ ਝੂਠ ਮੂਠ ਗਲਾਂ ਏਸ ਨੇ ਮਨ ਘੜਤ ਬਨਾ ਲੀਤੀਆਂ ਹਨ । ਪ੍ਰਤਯੁਤ ਇਹ ( ਪੁਰਖ ) ਕਵੀਸ਼ੂਰ ਹੈ ( ਯਦੀ ਸਚ ਮੁਚ ਪੈਯੰਬਰ ਹੈ ) ਤਾਂ ਜਿਸ ਪਰਕਾਰ ਭੂਤਕਾਲ ਦੇ ਪੈਯੰਬਰ (ਚਮਤ-ਕਾਰ ) ਨਾਲ ਭੇਜੇ ਗਏ ਉਸੀ ਪਰਕਾਰ ਇਹ ਭੀ ਕੋਈ ਚਮਤਕਾਰ ( ਜੈਸਾ ਕਿ ਅਸੀਂ ਆਖੀਏ ) ਸਾਡੇ ਸਨਮੁਖ ਕਰ ਦਿਖਾਵੇ ॥ ੫ ॥ ਜਿਨਹਾਂ ਨਗਰੀਆਂ ਨੂੰ ਅਸਾਂ ਨੇ ਏਹਨਾਂ ਨਾਲੋਂ ਪ੍ਰਥਮ ਮਾਰਿਆ ਉਹਨਾਂ ਨੇ ਤਾਂ (ਮੋਜਜ਼ੇ ਵੇਖ ਕੇ ਭੀ ) ਈਮਾਨ ਨਾ ਧਾਰਿਆ ਤਾਂ ਕੀ ਇਹ ਈਮਾਨ ਧਾਰ ਲੈਣਗੇ ? ॥ ੬ ॥ ਅਰ ( ਹੇ ਪੈਯੰਬਰ ) ਅਸਾਂ ਤੇਰੇ ਨਾਲੋਂ ਪ੍ਰਥਮ ਭੀ ਆਦਮੀ ਹੀ ( ਪੈਯੰਬਰ ਬਨਾ ਕੇ ) ਭੇਜੇ ( ਕਿ ਸਾਨੂੰ ਜੋ ਕੁਝ ਫਰਮਾਨਾ ਮਨਜ਼ੂਰ ਹੋਂਦਾ ਸੀ ) ਉਨਾਂ ਦੇ ਵਲ ਵਈ(ਆਕਾਸ਼ ਬਾਨੀ)ਕਰ ਦਿਤਾ ਕਰਦੇ ਸਾਂ ਤਾਂ (ਲੋਕੋ) ਯਦੀ ਤੁਸਾਂ ਨੂੰ ( ਇਹ ਬਾਰਤਾ ) ਮਾਲੂਮ ਨਹੀਂ ਤਾਂ ਪੁਸਤਕਾਂ ਦੇ ਅਧਿ-ਪਤੀਆਂ ਪਾਸੋਂ ਪੁਛ ਦੇਖੋ ॥ ੭ ॥ ਅਰ ਅਸਾਂ ਨੇ ਉਨਹਾਂ ਦੇ ਐਸੇ ਸ਼ਰੀਰ ਨਹੀਂ ਬਨਾਏ ਸਨ ਕਿ ਭੋਜਨ ਨਾ ਕਰਦੇ ਹੋਵਣ ਅਰ ਨਾ ਹੀ ਵੁਹ ਲੋਕ ਸਦੈਵ ਸੰਸਾਰ ਅਸਥਾਈ ਹੀ ਸਨ ॥ ੮ ॥ ਅਸਾਂ ਨੇ ( ਕਸ਼ਟ ਦੀ )

*ਹੁਣ ਇਕਤ੍ਰਬ ਲਿਲਿਨਾਸ ਨਾਮੀ ੧੭ ਪਾਰਾ ਸ਼ੁਰੂ ਹੋਇਆ ॥

Digitized by Panjab Digital Library | www.panjabdigilib.org

ਪਰਤਿਗਜ਼ਾ ਉਨਹਾਂ ਨੂੰ ਸਚ ਕਰ ਦਿਖਾਈ ( ਅਰਥਾਤ ਨਿਯਮ ਸਮੇਂ ਉਤੇ ਕਸ਼ਟ ਭੇਜਿਆ। ) ਤਾਂ ਓਹਨਾਂ ( ਪੈਗੰਬਰਾਂ ) ਨੂੰ ਅਰ ਜਿਸ (ਜਿਸ ਦੀ) ਸਾਡੀ ਇਛਾ ਹੋਣੀ ( ਕਸ਼ਟ ਤੋਂ ) ਬਚਾ ਲੀਤਾ। ਅਰ ਜੋ ਲੋਕ (ਮਰਯਾਦਾ ਤੋਂ) ਟਪ ਗਏ ਸਨ ਅਸਾਂ ਨੇ ਓਹਨਾਂ ਨੂੰ ਹਲਾਕ ਕਰਕੇ ਮਾਰ ਮਿਟਿਆ ॥ ੯ ॥ ( ਲੋਕੋ ! ) ਅਸਾਂ ਨੇ ਤੁਸਾਂ ਦੀ ਤਰਫ ( ਇਹ ਕੁਰਾਨ ਐਸੀ ) ਪੁਸਤਕ ਉਤਾਰੀ ਹੈ ਜਿਸ ਵਿਚ ਤੁਸਾਂ ਦਾ ਪਰਸੰਗ ਹੈ। ਕੀ ਤੁਸੀਂ ( ਏਤਨੀ ਬਾਰਤਾ ਭੀ ) ਨਹੀਂ ਸਮਝਦੇ ॥ ੧੦ ॥ ਰੁਕੂਹ ੧ ॥

ਅਰ ਅਸਾਂ ਨੇ ਬਹੁਤ ਸਾਰੀਆਂ ਨਗਰੀਆਂ ਨੂੰ ਜਿਥੋਂ ਦੇ ਲੋਕ ( ਬੜੇ ) ਅਮੋੜ ਸਨ ਤੋੜ ਫੋੜ ਕੇ ਬਰਬਾਦ ਕਰ ਦਿਤਾ ਅਰ ਓਹਨਾਂ ਦੇ ਪਿਛੋਂ ਦੂਸਰੇ ਲੋਕ ਉਠਾ ਕੇ ਖੜੇ ਕਰ ਦਿਤੇ ॥ ੧੧ ॥ ਤਾਂ ਜਦੋਂ ਓਹਨਾਂ ਮਰਨ ਵਾਲਿਆਂ ਨੇ ਸਾਡੇ ਕਸ਼ਟ ਦੀ ਭਿੰਨਖ ਪਾਈ ਤਾਂ ਲਗੇ ਓਸ ( ਨਗਰੀ ) ਵਿਚੋਂ ਨਸਣ ॥ ੧੨ ॥ ( ਅਸਾਂ ਨੇ ਆਖਿਆ ) ਮਤ ਨਸੋ ਅਰ ਓਸੇ ( ਸਾਂਸਾਰਿਕ ਸਾਮਗਰੀ ) ਵਲ ਚਲੇ ਜਾਓ ਜਿਸ ਵਿਚ ਤੁਸੀਂ ਅਨੰਦ ਲੀਤਾ ਸੀ ਅਰ (ਹੋਰ) ਆਪਣੇ ਮਕਾਨਾਂ ਦੇ ਵਲ ( ਮੁੜ ਜਾਓ ਜਿਨਹਾਂ ਵਿਚ ਤੁਸੀਂ ਰਹਿਆ ਕਰਦੇ ਸੀ )। ਭਲਾ ( ਤੁਸਾਂ ਦੇ ਸੰਕਲਪਾਨੁਸਾਰ ) ਤੁਸਾਂ ਦੀ ਕਛ ਪਛ ਹੋ ਜਾਵੇ ॥ ੧੩ ॥ ਉਹ ਲਗੇ ਆਖਣ ਹਾਇ ! ਸਾਡੇ ਮੰਦ ਭਾਗ ਨਿਰਸੰਦੇਹ ਸਾਡਾ ਹੀ ਦੋਖ ਸੀ॥ ੧੪ ॥ ਬਸ ਵੁਹ ਲੋਕ ਬਰਾਬਰ ਈਹਾ ਹੀ ਪਏ ਪੁਕਾਰਿਆ ਕਰਦੇ ਏਥੋਂ ਤਕ ਕਿ ਅਸਾਂ ਨੇ ਓਹਨਾਂ ਨੂੰ ( ਐਸਾ ਚੌੜ ਚਪੱਟ ) ਕਰ ਦਿਤਾ ( ਕਿ ਜਦੀ ਓਹਨਾਂ ਨੂੰ ਓਹਨਾਂ ਥੀਂ ਖੁਸ਼ਹਾਲੀ ਦੇ ਕਾਰਣੇ ਖੇਤਰ ਸਮਝੋ ਤਾਂ ) ਵਢੇ ਹੋਏ ( ਖੇਤ੍ਰ ਸਨ। ਅਰ ਯਦੀ ਉਨਹਾਂ ਨੂੰ ਓਹਨਾਂ ਦੀ ਸ਼ਰਾਰਤ ਦੇ ਕਾਰਣੇ ਅਗਨਿ ਸਮਝੋ ਤਾਂ ) ਸ਼ਾਂਤ ਹੋਈਆਂ ( ਅੰਗਾਰੀਆਂ ਸਨ ) ॥ ੧੫ ॥ ਅਰ ਅਸਾਂ ਨੇ ਪ੍ਰਿਥਵੀ ਅਕਾਸ ਨੂੰ ਅਰ ਜੋ ਕੁਛ ਪ੍ਰਿਥਵੀ ਆਕਾਸ ਵਿਚ ਹੈ ਉਸ ਨੂੰ ਖੇਡਣ ਵਾਸਤੇ ਪੈਦਾ ਨਹੀਂ ਕੀਤਾ ॥ ੧੬ ॥ ਯਦੀ ਸਾਨੂੰ ਖੇਡ ਬਨਾਉਣ ਦੀ ਇੱਛਾ ਹੁੰਦੀ ਤਾਂ ਅਸੀਂ ਆਪ ਭੀ ਇਛਾਨੁਸਾਰ ( ਖੇਡ ਵਰਗੀ ਕੋਈ ) ਖੇਡ ਬਣਾ ਦੇਂਦੇ ( ਪਰੰਤੂ ) ਏਸ ਪਰਕਾਰ ਕਰਨਾ ਸਾਨੂੰ ਅਭੀਸ਼ਟ ਹੀ ਨਹੀਂ ਸੀ ॥ ੧੭ ॥ ਭਾਵ ਇਹ ਹੈ ਕਿ ਅਸੀਂ ਸਤ ਨੂੰ ( ਪਥਰ ਇਵ ) ਝੂਠੇ ( ਦੇ ਸਿਰ ) ਉਤੇ ਵਟ ਕੇ ਮਾਰਦੇ ਹਾਂ ਤਾਂ ਵੁਹ ਝੂਠੇ ਦੇ ਸਿਰ ਨੂੰ ਫੇਹ ਦੇਂਦਾ ਹੈ। ਅਰ ਝੂਠਾ ਓਸੇ ਵੇਲੇ ਧੂੜ ਨਾਲ ਮਿਲ ਜਾਂਦਾ ਹੈ। ਅਰ ( ਲੋਕੋ ! ) ਤੁਸਾਂ ਉਤੇ ਅਫ-ਸੋਸ ਹੈ ਕਿ ਤੁਸੀਂ ਐਸੀਆਂ ਗਲਾਂ ਬਣਾਉਂਦੇ ਹੋ ॥ ੧੮ ॥ ਅਰ ਜੋ ਅਕਾਸ ( ਵਿਚ ਫਰਿਸ਼ਤੇ ) ਅਰ ( ਜੋ ਲੋਕ ) ਪ੍ਰਿਥਵੀ ਉਤੇ ਹਨ ਓਸੇ ਦੇ ( ਚਾਕਰ )

Digitized by Panjab Digital Library | www.panjabdigilib.org

ਹਨ। ਅਰ ਜੋ ( ਫਰਿਸ਼ਤੇ ) ਓਸ ਦੀ ਸਰਕਾਰ ਵਿਚ ਹਨ ਵੁਹ ਨਾ ਤਾਂ ਓਸ ਦੀ ਪੂਜਾ ਕੋਲੋਂ ਸਰਤਾਬੀ ਕਰਦੇ ਹਨ ਅਰ ਨਾ ਹੀ ਥਕਦੇ ਹਨ ॥ ੧੯ ॥ ਰਾਤ ਦਿਨ ਉਸ ਦੀ ਮਹਿਮਾ ਤਥਾ ( ਉਸਤਤੀ ) ਵਿਚ ਲਗੇ ਰਹਿੰਦੇ ਹਨ ॥ ( ਅਰ ) (ਸੁਸਤੀ) ਨਹੀਂ ਕਰਦੇ ॥ ੨੦ ॥ ਕੀ ਏਹਨਾਂ ਲੋਕਾਂ ਨੇ ਐਸੇ ਮਾਬੂਦ ਬਨਾ ਰਖੇ ਹਨ ਜਿਨਹਾਂ ਨੂੰ ਇਹ ਲੋਕ ਖੁਦ ਪ੍ਰਿਥਵੀ ( ਦੀਆਂ ਵਸਤੂਆਂ ਮਿਟੀ ਪਥਰ ਆਦ ) ਥੀਂ ਬਨਾ ਖੜਾ ਕਰਦੇ ਹਨ ॥ ੨੧ ॥ ਯਦੀ ਪ੍ਰਿਥਵੀ ਆਕਾਸ ਵਿਚ ਖੁਦਾ ਦੇ ਸਿਵਾ ਹੋਰ ਮਾਬੂਦ ਹੁੰਦੇ ਤਾਂ ( ਪ੍ਰਿਥਵੀ ਆਕਾਸ ਦੋਵੇਂ ਕਦੇ ਦੇ ) ਬਰਬਾਦ ਹੋ ਗਏ ਹੁੰਦੇ ਤਾਂ ਜੈਸੀਆਂ ਜੈਸੀਆਂ ਗਲਾਂ ਇਹ ਲੋਕ ਕਰਦੇ ਹਨ ਅੱਲਾ ਜੋ ਅਰਸ਼ ਦਾ ਮਾਲਿਕ ਹੈ ਵੁਹ ਤਾਂ ਏਹਨਾਂ ( ਐਬਾਂ ਤਥਾ ਨੁਕਸਾਂ ) ਤੋਂ ਪਵਿਤ੍ਰ ਹੈ ॥ ੨੨ ॥ ਜੋ ਕੁਛ ਉਹ ਕਰਦਾ ਹੈ ਓਸ ਦੀ ਪੁਛ ਗਿਛ ਉਸ ਪਾਸੋਂ ਨਹੀਂ ਕੀਤੀ ਜਾਂਦੀ। ਅਰ ( ਹਾਂ ) ਲੋਕਾਂ ਪਾਸੋਂ ( ਓਹਨਾਂ ਦੇ ਕੀਤੇ ਦੀ ) ਪੁਛ ਗਿਛ ਹੋਣੀ ਹੈ ॥ ੨੩ ॥ ਕੀ ਲੋਕਾਂ ਨੇ ਖੁਦਾ ਤੋਂ ਸਿਵਾ ( ਦੂਸਰੇ ੨ ) ਮਾਬੂਦ ਬਨਾ ਰਖੇ ਹਨ ( ਹੇ ਪੈਯੰਬਰ ਤੁਸੀਂ ਏਹਨਾਂ ਲੋਕਾਂ ਨੂੰ ) ਆਖੋ ਕਿ ਆਪਣੀ ਯੁਕਤੀ ਤਾਂ ਵਰਨਣ ਕਰੋ ਜੋ ਲੋਕ ਮੇਰੇ ਨਾਲ ਹਨ ਓਹਨਾਂ ਦੀ ਕਿਤਾਬ ( ਕੁਰਾਨ ) ਅਰ ਜੋ ਮੇਰੇ ਨਾਲੋਂ ਪ੍ਰਥਮ ਹੋ ਚੁਕੇ ਹਨ ਓਹਨਾਂ ਦੀਆਂ ਕਿਤਾਬਾਂ ( ਤੌਰਾਤ ਅੰਜੀਲਾਦਿ ) ਇਹ ਵਿਦਮਾਨ ਹਨ। ( ਏਹਨਾਂ ਵਿਚੋਂ ਦੂਸਰੇ ਮਾਬੂਦਾਂ ਦਾ ਪਰਮਾਣ ਦਸ ਦੇਵੋ ) ਗਲ ਇਹ ਹੈ ਕਿ ਏਹਨਾਂ ਵਿਚੋਂ ਪ੍ਰਾਯਾ ਤਾਂ ਸਤ ( ਬਾਰਤਾ ) ਨੂੰ ਜਾਣਦੇ ਹੀ ਨਹੀਂ ਤਾਂ ( ਜਦੋਂ ਸਤ ਬਾਰਤਾ ਦਾ ਵਰਨਨ ਆਉਂਦਾ ਹੈ ) ਇਹ ( ਲੋਕ ) ਮੁਖੜਾ ਫੇਰ ਲੈਂਦੇ ਹਨ ॥ ੨੪ ॥ ਅਰ ( ਹੇ ਪੈਯੰਬਰ ) ਅਸਾਂ ਨੇ ਤੇਰੇ ਨਾਲੋਂ ਪ੍ਰਥਮ ਜਦੋਂ ਕਦੀ ਕੋਈ ਰਸੂਲ ਭੇਜਿਆ ਤਾਂ ਓਸ ਉਤੇ ਅਸੀਂ ਈਹਾ ਵਹੀ ਨਾਜ਼ਲ ਕਰਦੇ ਰਹੇ ਕਿ ਸਾਡੇ ਸਿਵਾ ਕੋਈ ਹੋਰ ਮਾਬੂਦ ਨਹੀਂ ਤਾਂ ( ਲੋਕੋ ! ) ਸਾਡੀ ( ਹੀ ) ਪੂਜਾ ਕਰੋ ॥ ੨੫ ॥ ਅਰ ( ਕਈਕੁ ਕਾਫਰ ) ਆਖਦੇ ਹਨ ਕਿ (ਖੁਦਾਇ) ਰਹਿ-ਮਾਨ ਧੀਆਂ ਰਖਦਾ ਹੈ। ( ਅਰਥਾਤ ਫਰਿਸ਼ਤੇ ਖੁਦਾ ਦੀਆਂ ਬੇਟੀਆਂ ਹਨ ) ਓਸ ਦੀ ਜਾਤ ( ਏਸ ਤੁਹਮਤ ਤੋਂ ਸੁਧ ਪਵਿਤ੍ਰ ਹੈ ( ਫਰਿਸ਼ਤੇ ਖੁਦਾ ਦੀਆਂ ਬੇਟੀਆਂ ਨਹੀਂ ) ਪ੍ਰਤਯੁਤ ( ਉਸ ਦੇ ) ਪ੍ਰਧਾਨ ਸੇਵਕ ਹਨ ॥ ੨੬ ॥ ਓਸ ਦੇ ਸਨਮੁਖ ਵਧ ਕੇ ਬਾਰਤਾ ਨਹੀਂ ਕਰ ਸਕਦੇ । ਅਰ ਵੁਹ ਓਸੇ ਦੇ ਹੁਕਮ ਉਤੇ ਕਾਰ ਬੰਦ ਰਹਿੰਦੇ ਹਨ ॥ ੨੭ ॥ ਏਹਨਾਂ ਦਾ ਅਗਲਾ ਪਿਛਲਾ (ਸੰਪੂਰਣ) ਬਿਰਤਾਂਤ ਉਸ ਨੂੰ ਮਾਲੂਮ ਹੈ । ਅਰ ਇਹ ( ਫਰਿਸ਼ਤੇ ਕਿਸੇ ਦੀ ) ਸਫਾਰਸ਼ ( ਤਕ ) ਨਹੀਂ ਕਰ ਸਕਦੇ ਪਰੰਤੂ ਜਿਨਹਾਂ

Digitized by Panjab Digital Library | www.panjabdigilib.org

ਵਾਸਤੇ ਖੁਦਾ ( ਓਹਨਾਂ ਦੀ ਸਫਾਰਸ਼ ) ਪਸੰਦ ਫਰਮਾਏ ਅਰ ਉਹ ( ਗੁਰਮੁਖ ਸੁਮਾਰਗੀ ) ਉਸਦੇ ਪ੍ਰਤਾਪ ਤੋਂ ( ਸਰਬ ਸਮੇਂ ) ਡਰਦੇ ਰਹਿੰਦੇ ਹਨ ॥ ੨੮ ॥ ਅਰ ਜੋ ਓਹਨਾਂ ਵਿਚੋਂ ਇਹ ਦਾਵਾ ਕਰੇ ਕਿ ਖੁਦਾ ਨਹੀਂ ( ਪ੍ਰਤ-ਯੁਤ ) ਮੈਂ ਮਾਬੂਦ ਹਾਂ ਤਾਂ ਓਸ ਨੂੰ ਅਸੀਂ ਜਹੱਨਮ ਦੀ ਸਜਾ ਦੇਵਾਂਗੇ ਅਰ ਅਮੋੜਾਂ ਨੂੰ ਅਸੀਂ ਐਸੀ ਹੀ ਸਜਾ ਦਿਤਾ ਕਰਦੇ ਹਾਂ ॥ ੨੯ ॥ ਰੁਕੂਹ ੨ ॥

ਕੀ ਜੋ ਲੋਕ ਮੁਨਕਰ ਹਨ ਓਹਨਾਂ ਨੇ ਏਸ ਬਾਰਤਾ ਉਤੇ ਦ੍ਰਿਸ਼ਟੀ ਨਹੀਂ ਦਿਤੀ ਕਿ ਆਕਾਸ਼ ਅਰ ਪ੍ਰਿਥਵੀ ਦੋਨਾਂ ਦਾ ਇਕ (ਗੋਲ ਮੋਲ) ਪਿੰਡ ਜੈਸਾ ਸੀ ਤਾਂ ਅਸਾਂ ਨੇ ( ਓਸ ਨੂੰ ਤੋੜ ਕੇ ) ਪ੍ਰਿਥਵੀ ਤਥਾ ਅਕਾਸ ਨੂੰ ਭਿੰਨ ੨ ਬਨਾਇਆ। ਅਰ ਪਾਣੀ ਵਿਚੋਂ ਸੰਪੂਰਣ ਜਾਨ ਦਾਰ ਵਸਤਾਂ ਉਤਪਤ ਕੀਤੀਆਂ ਤਾਂ ਕੀ ਅਦਜਾਪੀ ਲੋਕ ( ਸਾਡੇ ਉਤੇ ) ਨਿਸਚਾ ਨਹੀਂ ਕਰਦੇ ॥ ੩੦ ॥ ਅਰ ਅਸਾਂ ਨੇ ਹੀ ਪ੍ਰਿਥਵੀ ਉਤੇ ਭਾਰੇ ਬੋਝਵਾਲੇ ਪਰਬਤ (ਮੁਨਾਸਬ ਅਸਥਾਨਾਂ ਉਤੇ ) ਰਖੇ ਤਾਂ ਕਿ ਪ੍ਰਿਥਵੀ ਲੋਕਾਂ ਨੂੰ ਲੈ ਕੇ ( ਕਿਸੇ ਪਾਸੇ ਨੂੰ ) ਡਿਗ ਨਾ ਪਵੇ ਅਰ ਅਸਾਂ ਨੇ ਹੀ ਉਸ ਵਿਚ ਚੌੜੇ ੨ ਮਾਰਗ ਬਨਾਏ ਤਾਂ ਕਿ ਲੋਕ ਆਪੋ ਆਪਣੀ ਮੰਜਲ ਮਕਸੂਦ (ਅਭੀਸ਼ਟ ਇਸ ਥਾਨ)ਨੂੰ ਜਾ ਪਰਾਪਤ ਹੋਵਣ॥੩੧॥ ਅਰ ਅਸਾਂ ਨੇ ਹੀ ਆਕਾਸ ਦੀ ਛਤ ਬਨਾਈ ( ਜੋ ਸੰਪੂਰਣ ਉਪਦ੍ਰਵਾਂ ਤੋਂ)ਮਹਫੂਜ਼ ਹੈ।ਅਰ ਲੋਕ ਹਨ ਕਿ ਆਕਾਸ ਦੀਆਂ ਨਿਸ਼ਾਨੀਆਂ ਦੀ ਉਕੀ ਪੁਕੀ ਪਰਵਾਹ ਨਹੀਂ ਕਰਦੇ ॥ ੩੨ ॥ ਅਰ ਵਹੀ (ਸਰਵ ਸ਼ਕਤੀਵਾਨ) ਹੈ ਜਿਸਨੇ ਰਾਤ੍ਰੀ ਤਥਾ ਦਿਨ ਸੂਰਜ ਅਰ ਚੰਦ ਨੂੰ ਉਤਪਤ ਕੀਤਾ ਕਿ ਸੰਪੂਰਣ (ਤਾਰਾਗਣ ਆਪੇ ਆਪ) ਕਖਜਾ ਉਤੇ ਪਏ ਤੈਰਦੇ ਫਿਰਦੇ ਹਨ ॥੩੩॥ ਅਰ ( ਹੇ ਪੈਯੰਬਰ ) ਅਸਾਂ ਨੇ ਤੁਸਾਂ ਨਾਲੋਂ ਪ੍ਰਥਮ ਕਿਸੇ ਪੁਰਖ ਵਾਸਤੇ ਹਮੇਸ਼ਗੀ (ਸਦੀਵਤਾ) ਨਹੀਂ ਰਖੀ ਬਸ ਯਦੀ ਤੁਸੀਂ ਮਰ ਜਾਵੋਗੇ ਤਾਂ ਕੀ ਇਹ ਲੋਕ ਸਦੈਵ ਰਹਿਣ ਵਾਲੇ ਹਨ ॥ ੩੪ ॥ ਹਰ ਇਕ ਜਾਨਦਾਰ ( ਇਕ ਨਾ ਇਕ ਦਿਨ ) ਮੌਤ ( ਦਾ ਸਵਾਦ ) ਚਖਣ ਵਾਲਾ ਹੈ । ਅਰ ( ਲੋਕੋ ) ਅਸਾਂ ਨੇ ਤੁਸਾਂ ਨੂੰ ਬੁਰੀਆਂ ਤਥਾ ਭਲੀਆ ਹਾਲਤਾਂ ਵਿਚ ( ਰਖ ਕੇ ) ਪ੍ਰੀਛਾ ਕਰਦੇ ਹਾਂ ਅਰ ( ਅੰਤ ਨੂੰ ) ਤੁਸਾਂ ( ਸਾਰਿਆਂ ) ਸਾਡੇ ਵਲ ਹੀ ਲੋਟ ਕੇ ਆਉਣਾ ਹੈ ॥ ੩੫ ॥ ਅਰ ( ਹੇ ਪੈਯੰਬਰ ) ਜਦੋਂ ਮੁਨਕਰ ਲੋਗ ਤੁਸਾਂ ਨੂੰ ਵੇਖਦੇ ਹੈਨ ਤਾਂ ਬਸ ( ਆਪੋ ਵਿਚ ) ਤੁਸਾਂ ਨੂੰ ਠਠਾ ਮਖੌਲ ਕਰਨ ਲਗਦੇ ਹਨ ਕਿ ਕੀ ਈਹਾਈ ( ਦੇਉਤਾ ) ਹਨ ਜੋ ਤੁਸਾਂ ਦੇ ਮਾਬੂਦਾਂ ਨੂੰ ( ਬੁਰੀ ਰੀਤੀ ) ਨਾਲ ਯਾਦ ਕਰਦੇ ਹਨ । ਅਰ ( ਏਹਨਾਂ ਦਾ ਆਪਣਾ ਇਹ ਹਾਲ ਹੈ ਕਿ ) ਆਪ ( ਖਦਾਇ ) ਰਹਿਮਾਨ ਦੇ ਜਿਕਰ ਤੋਂ ਘਿਰਨਾਂ ਕਰਦੇ ਹਨ ॥ ੩੬ ॥

Digitized by Panjab Digital Library | www.panjabdigilib.org

( ਤਾਂ ਅਸਲ ਵਿਚ ਏਹਨਾਂ ਦੀ ਬੇਅਕਲੀ ਪਰ ਹਸਣਾ ਚਾਹੀਏ। ) ਪੁਰਖ ( ਮਾਨੋ ) ਚਪਲਤਾਈ ਦਾ ( ਪੁਤਲਾ ) ਬਣਾਇਆ ਗਿਆ ਹੈ। ( ਲੋਕੋ ! ਜਰਾ ਸਬਰ ਕਰੋ ) ਅਸੀਂ ਸਮੀਪ ਹੀ ਤੁਸਾਂ ਨੂੰ ਆਪਣੀ ( ਕੁਦਰਤ ਦੀ ) ਨਿਸ਼ਾਨੀਆਂ ਦਿਖਾਇ ਦੇਂਦੇ ਹਾਂ। ਤਾਂ ਸਾਡੇ ਨਾਲ ਉਤਾਉਲ ਨਾ ਕਰੋ ॥੩੭॥ ਅਰ (ਮੁਨਕਰ)ਆਖਦੇ ਹਨ ਯਦੀ ਤੁਸੀਂ ਸਚੇ ਹੋ ਤਾਂ ਇਹ (ਪ੍ਰਲੈ ਦੀ) ਪਰਤਿਗਜਾ ਕਦੋਂ ( ਪੂਰੀ ) ਹੋਵੇਗੀ॥ ੩੮ ॥ ਹੇ ਦੇਵ ( ਇਹ ) ਮਨਕਰ ਓਸ ਵੇਲੇ ਦੀ ( ਹਕੀਕਤ ) ਨੂੰ ਜਾਣਨ ਜਦੋਂ ਕਿ ( ਨਰਕਾਗਨੀ ਏਹਨਾਂ ਨੂੰ ਆ ਘੇਰੇਗੀ ਅਰ ਓਸ ) ਅਗ ਨੂੰ ਨਾਂ ( ਸਾਹਮਣਿਓਂ ) ਆਪਣੇ ਮੂੰਹੋਂ ਮੋੜ ਸਕਣਗੇ ਅਰ ਨਾ ( ਪਿਛੋਂ ਦੀ ) ਆਪਣੀ ਪਿਠ ਵਲੋਂ ਅਰ ਨਾ ਓਹਨਾਂ ਨੂੰ ( ਕਿਤਿਓਂ ) ਮਦਦ ਮਿਲੇਗੀ॥ ੩੯ ॥ ( ਪਰਲੈ ਆਵੇਗੀ ਤਾਂ ਏਹਨਾਂ ਨੂੰ ਦਸ ਪੁਛ ਕੇ ਥੋਹੜੀ ਹੀ ਆਵੇਗੀ ) ਕਿੰਤੂ ਵੁਹ ਅਚਣਚੇਤ ਏਹਨਾਂ ਉਤੇ ਆ ਪਰਾਪਤ ਹੋਵੇਗੀ ਅਰ ਏਹਨਾਂ ਨੂੰ ਹਕਿਆਂ ਬਕਿਆਂ ਕਰ ਦੇਵੇਗੀ ਫੇਰ ਓਸ ਵੇਲੇ ਨਾ ਤਾਂ ਉਸ ਨੂੰ ਹਟਾ ਸਕਣਗੇ ਅਰ ਨਾ ਏਹਨਾਂ ਨੂੰ ਅਵਕਾਸ਼ ਹੀ ਮਿਲੇਗਾ ॥ ੪੦ ॥ ਅਰ ( ਹੇ ਪੈਗੰਬਰ ) ਤੁਸਾਂ ਨਾਲੋਂ ਪ੍ਰਥਮ ਭੀ ਪਯੰਬਰਾਂ ਦੇ ਨਾਲ ਹਾਸੀ ਮਖੌਲ ਕੀਤਾ ਗਿਆ ਹੈ। ਤਾਂ ਜੋ ਲੋਕ ਓਹਨਾਂ ਦੇ ਨਾਲ ਹਾਸੀ ਮਖੌਲ ਕਰਦੇ ਸਨ ਜਿਸ ( ਕਸ਼ਟ ) ਦਾ ਹਾਸੀ ਮਖੌਲ ਕਰਦੇ ਸਨ ਉਹ ਉਨਹਾਂ ਉਤੇ ਪ੍ਰਾਪਤ ਹੋਕੇ ਹੀ ਰਹਿਆ ॥ ੪੧ ॥ ਰੁਕੂਹ ੩ ॥

( ਹੇ ਪੈਗੰਬਰ ਏਹਨਾਂ ਲੋਕਾਂ ਪਾਸੋਂ ) ਪੁਛੋ ਕਿ ( ਖੁਦਾਇ ) ਰਹਿ-ਮਾਨ ( ਦੇ ਅਜਾਬ ) ਕੋਲੋਂ ਰਾਤ੍ਰੀ ( ਦਾ ਸਮਾ ਹੋਵੇ ) ਕਿੰਬਾ ਦਿਨ ( ਦਾ ) ਤੁਸਾਂ ਦੀ ਕੌਣ ਰਾਖੀ ਕਰ ਸਕਦਾ ਹੈ ? ( ਤਾਂ ਏਹਨਾਂ ਨੂੰ ਖੁਦਾ ਪਾਸੋਂ ਡਰਨਾ ਚਾਹੀਏ ) ਪਰੰਤੂ ( ਡਰਨਾ ਤਾਂ ਕਿਧਰੇ ਰਹਿਆ ) ਏਹਨਾਂ ਨੂੰ ਤਾਂ ਆਪਣੇ ਪਰਵਰਦਿਗਾਰ ਦੇ ਨਾਮ ਪਾਸੋਂ ਹੀ ਘਿਰਨਾਂ ਹੈ ॥ ੪੨ ॥ ਕੀ ਸਾਡੇ ਤੋਂ ਸਿਵਾ ਏਹਨਾਂ ਦੇ ਕੋਈ ਹੋਰ ਮਾਬੂਦ ਹਨ ਜੋ ਏਹਨਾਂ ਨੂੰ ( ਸਾਡੇ ਅਜਾਬ ਪਾਸੋਂ ) ਬਚਾ ਸਕਦੇ ਹਨ। (ਬਚਾ ਕੀ ਸਕਣਗੇ ਵਿਪਤੀ ਪਇਆਂ ਹੋਯਾਂ ਤਾਂ ) ਆਪ ਆਪਣੀ ਮਦਤ ਤਾਂ ਕਰ ਹੀ ਨਹੀਂ ਸਕਦੇ ਅਰ ਨਾ ਸਾਡੇ ਮੁਕਾਬਲੇ ਵਿਚ ਏਹਨਾਂ ਦਾ ਕੋਈ ਸਾਥ ਦੇਵੇਗਾ ॥ ੪੩ ॥ ਬਾਰਤਾ ਇਹ ਹੈ ਕਿ ਅਸਾਂ ਨੇ ਏਹਨਾਂ ਲੋਕਾਂ ਨੂੰ ਅਰ ਏਹਨਾਂ ਦੇ ਵਡਿਆਂ ਨੂੰ ( ਸੰਸਾਰ ਵਿਚ ) ਬਸਾਇਆ ਰਸਾਇਆ। ਏਥੋਂ ਤਕ ਕਿ ( ਖੁਸ਼ਹਾਲੀ ਵਿਚ ) ਏਹਨਾਂ ਉਤੇ ਬਹੁਤ ਸਾਰੀਆਂ ਉਮਰਾਂ ਗੁਜਰ ਗਈਆਂ ( ਅਰ ਇਹ ਮਗਰੂਰ ਹੋ ਗਏ ) ਤਾਂ ਕੀ ਇਹ ਲੋਕ ਏਸ ਬਾਰਤਾ ਨੂੰ ਨਹੀਂ ਵੇਖਦੇ ਕਿ ਅਸੀਂ ਦੇਸ ਨੂੰ ਚਾਰੋ ਦਿਸਾ ਵਲੋਂ ਦਬਾਉਂਦੇ ( ਤਥਾ ਫਤੇ ਕਰਦੇ ) ਚਲੇ

Digitized by Panjab Digital Library | www.panjabdigilib.org

ਆਉਂਦੇ ਹਾਂ ਤਾਂ (ਇਸ ਬਾਰਤਾ ਵਿਚ) ਇਹ ਲੋਕ ਵਜੇਈ ਹਨ (ਕਿੰਬਾ ਮੁਸਲਮਾਨ) ॥ ੪੪ ॥ ( ਹੇ ਪੈਯੰਬਰ ਏਹਨਾਂ ਲੋਕਾਂ ਨੂੰ ) ਆਖੋ ਕਿ ਮੈਂ ਤਾਂ ਬਸ ਆਕਾਸ਼ ਬਾਣੀ ਦੇ ਅਨੁਸਾਰ ਤੁਸਾਂ ਨੂੰ (ਖੁਦਾ ਦੇ ਕਸ਼ਟ ਪਾਸੋਂ) ਡਰਾ-ਉਂਦਾ ਹਾਂ। (ਪਰੰਤੂ ਇਹ ਲੋਕ ਬੋਲੇ ਹਨ) ਅਰ ਬੋਲਿਆਂ ਨੂੰ ਡਰਾਇਆ ਜਾਵੇ ਤਾਂ ਵੁਹ ( ਸਿਰਿਓਂ ਕਿਸੇ ਦੀ ) ਪੁਕਾਰ ( ਹੀ ) ਨਹੀਂ ਸੁਣਦੇ । ( ਡਰਨ ਕੀ ਸੁਆਹ ਦਾ ਬੁਕ ) ॥ ੪੫ ॥ ਅਰ ( ਹੇ ਪੈਯੰਬਰ ) ਯਦੀ ਏਹਨਾਂ ਨੂੰ ਤੁਸਾਂ ਦੇ ਪਰਵਰਦਿਗਾਰ ਦੇ ਅਜਾਬ ਦੀ ਜਰਾ ਸੀ ਭੀ ਹਵਾ ਲਗ ਜਾਵੇ ਤਾਂ ਬੇ ਅਖਤਿਆਰ ਬੋਲ ਉਠਣ ਕਿ ਸਾਡੀ ਕਿਸਮਤ ਖੋਟੀ ਅਸਲ ਵਿਚ ਅਸੀਂ ਹੀ ਕਸੂਰ ਵਾਰ ਸਾਂ ॥ ੪੬ ॥ ਅਰ ਪ੍ਰਲੈ ਦੇ ਦਿਨ ( ਲੋਕਾਂ ਦੇ ਕਰਮ ਤੋਲਣ ਵਾਸਤੇ ) ਅਸੀਂ ਸੱਚੀਆਂ ਤੱਕੜੀਆਂ ਲਗਾ ਦੇਵਾਂਗੇ ਤਾਂ ਕਿਸੇ ਪੁਰਖ ਉਤੇ ਤਨੀਸਾ ਭੀ ਜ਼ੁਲਮ ਨਾ ਹੋਵੇਗਾ ਅਰ ਯਦੀ ਰਾਈ ਦੇ ਦਾਣੇ ਬਰਾਬਰ ਭੀ ( ਕਿਸੇ ਦਾ ਕਰਮ ) ਹੋਵੇਗਾ ਤਾਂ ਅਸੀਂ ਉਸ ਨੂੰ ਭੀ ( ਤੋਲਣ ਵਾਸਤੇ ) ਲਿਆ ਮੌਜੂਦ ਕਰਾਂਗੇ ਅਰ ਹਿਸਾਬ ਲੈਣ ਵਾਸਤੇ ਅਸੀਂ ( ਅਕਲੇ ਹੀ ) ਬਸ ਹਾਂ ॥ ੪੭ ॥ ਅਰ ਅਸਾਂ ਨੇ ਮੂਸਾ ਅਰ ਹਾਰੂਨ ਨੂੰ ( ਸਚ ਤਥਾ ਝੂਠ ਵਿਚ ) ਫਰਕ ਕਰਨ ਵਾਲੀ ( ਪੁਸਤਕ ਅਰਥਾਤ ਤੌਰਾਤ ) ਦਿਤੀ ਅਰ ( ਸਚਾ ਮਾਰਗ ਦਸਣ ਵਾਸਤੇ ) ਪਰਕਾਸ਼ ਅਰ ( ਸਮਝਾਵਣ ਵਾਸਤੇ ਇਕ ) ਸਿਖਯਾ ( ਪਤ੍ਰ ) ( ਪਰੰਤੂ ) ਓਹਨਾਂ ਹੀ ਪਰਹੇਜ਼ਗਾਰਾਂ ਵਾਸਤੇ ॥ ੪੮ ॥ ਜੋ ਬਿਨਾਂ ਵੇਖਿਆਂ ਆਪਣੇ ਪਰਵਰਦਿਗਾਰ ਦਾ ਡਰ ਮੰਨਦੇ ਅਰ ਵੁਹ ਪ੍ਰਲੈ ਦੇ ( ਦਿਨ ) ਤੋਂ ਭੀ ਡਰਦੇ ਹਨ ॥ ੪੯ ॥ ਅਰ ਇਹ ( ਕੁਰਾਨ ਭੀ ) ਬਰਕਤ ਵਾਲੀ ਨਸੀਹਤ ਹੈ ਕਿ ਅਸਾਂ ਨੇ ਹੀ ਏਸ ਨੂੰ ਉਤਾਰਿਆ ਹੈ ਤਾਂ ਕੀ ਤੁਸੀਂ ਲੋਕ ਏਸ ਨੂੰ ਨਹੀਂ ਮੰਨਦੇ ॥ ੫੦ ॥ ਰੁਕੂਹ ੪ ॥

ਅਰ ਇਬਰਾਹੀਮ ਨੂੰ ਅਸਾਂ ਨੇ ਆਦ ਤੇ ਹੀ ਸੂਖਸ਼ਮ ਬਦੀ ਪ੍ਰਦਾਨ ਕੀਤੀ ਸੀ। ਅਰ ਅਸੀਂ ਓਹਨਾਂ ( ਦੀ ਭਲਾਈ ) ਤੋਂ ( ਭਲੀ ਪਰਕਾਰ ) ਵਾਕਫ ਥੇ ॥ ੫੧ ॥ ਜਦੋਂ ਓਹਨਾਂ ਨੇ ਆਪਣੇ ਪਿਤਾ ਤਥਾ ਆਪਣੀ ਕੌਮ ( ਦੇ ਲੋਕਾਂ ) ਨੂੰ ਆਖਿਆ ਕੇ ( ਇਹ ) ਮੂਰਤਾਂ ਜਿਨਹਾਂ ( ਦੀ ਪੂਜਾ ਵਾਸਤੇ ) ਤੁਸੀਂ ਆਸਣ ਮਾਰੀ ਬੈਠੇ ਹੋ। ਇਹ ਕੀ ਵਸਤੂ ਹਨ ॥ ੫੨ ॥ ਉਹ ਬੋਲੇ ਅਸਾਂ ਨੇ ਆਪਣਿਆਂ ਵਡਿਆਂ ਨੂੰ ਏਹਨਾਂ ਦੀ ਹੀ ਪੂਜਾ ਕਰਦਿਆਂ ਵੇਖਿਆ ਹੈ ॥ ੫੩ ॥ ( ਇਬਰਾਹੀਮ ਨੇ ) ਆਖਿਆ ਕਿ ਨਿਰਸੰਦੇਹ ਤੁਸੀਂ ਅਰ ਤੁਸਾਂ ਦੇ ਵਡੇ ਪਰਤਛ ਗੁਮਰਾਹੀ ਵਿਚ ਪੜ ਰਹੇ ਹੋ॥ ੫੪ ॥ ਵੁਹ ਬੋਲੇ ਕਿ ਤੂੰ ਸਾਡੇ ਪਾਸ ਸਚੀ ਬਾਰਤਾ ਲੈਕੇ ਆਇਆ ਹੈਂ ਕਿੰਬਾ ਹਾਸੀ ਮਖੌਲ ਕਰਦਾ

Digitized by Panjab Digital Library | www.panjabdigilib.org

ਹੈਂ ॥ ੫੫ ॥ ( ਇਬਰਾਹੀਮ ਨੇ ) ਆਖਿਆ ( ਹਾਸੀ ਮਖੌਲ ਦੀ ਬਾਰਤਾ ਨਹੀਂ ) ਕਿੰਤੂ ਪ੍ਰਿਥਵੀ ਅਕਾਸ਼ ਦਾ ਪਰਵਰਦਿਗਾਰ ਜਿਸ ਨੇ ਏਹਨਾਂ ਨੂੰ ਪੈਦਾ ਕੀਤਾ ( ਵੁਹੀ ) ਆਪ ਦਾ ਭੀ ਪਰਵਰਦਿਗਾਰ ਹੈ । ਅਰ ਮੈਂ ਏਸ ( ਬਾਰਤਾ ) ਦਾ ਸਾਖੀ ਹਾਂ ॥ ੫੬ ॥ ਅਰ ( ਹੌਲੀ ਜਹੀ ਇਹ ਭੀ ਆਖਿਆ ਕਿ ) ਖ਼ੁਦਾ ਸਾਖੀ ਤੁਸਾਂ ਦੀ ਪਿਠ ਫੇਰਿਆਂ ਅਰ ਗਇਆਂ ਪਿਛੋਂ ਮੈਂ ਤੁਸਾਂ ਦਿਆਂ ਬੁਤਾਂ ਦੇ ਨਾਲ ਇਕ ਚਾਲੀ ਕਰਾਂਗਾ ॥ ੫੭ ॥ ਅਤਇਵ ਇਬਰਾ-ਹੀਮ ਨੇ ) ਬੁਤਾਂ ਨੂੰ ( ਤੋੜ ਫੋੜ ਕੇ ) ਟੁਕੜੇ ਟੁਕੜੇ ਕਰ ਦਿਤਾ ਪਰੰਤੂ ਓਹਨਾਂ ਦੇ ਵਡੇ ( ਬੁਤ ) ਨੂੰ ਏਸ ਭਾਵ ਕਰਕੇ ( ਰਹਿਣ ਦਿਤਾ ) ਕਿ ਵੁਹ ਓਸੇ ਦੇ ਪਾਸੇ ਆਉਣ ॥ ੫੮ ॥ ( ਜਦੋਂ ਲੋਕਾਂ ਨੂੰ ਬੁਤ ਦੇ ਤੋੜੇ ਜਾਣ ਦਾ ਹਾਲ ਮਾਲੂਮ ਹੋ ਗਇਆ ਤਾਂ ) ਉਨਹਾਂ ਨੇ ਆਖਿਆ ( ਓਇ ) ਸਾਡਿਆਂ ਬੁਤਾਂ ਦੇ ਨਾਲ ਇਹ ਗੁਸਤਾਖੀ ਕਿਸ ਨੇ ਕੀਤੀ ਹੈ ਏਸ ਵਿਚ ਭਰਮ ਨਹੀਂ ਕਿ ਓਸ ਨੇ ਬੜਾ ਹੀ ਅਨਰਥ ਕੀਤਾ ਹੈ ॥ ੫੯ ॥ ( ਕਈਕੁ ) ਬੋਲੇ ਕਿ ਵੁਹ ਯੁਵਕ ( ਪੁਰਖ ) ਜਿਸ ਨੂੰ ਇਬਰਾਹੀਮ ਕਰਕੇ ਸਦਿਆ ਜਾਂਦਾ ਹੈ ਉਸ ਨੂੰ ਅਸਾਂ ਨੇ ( ਬੁਰਿਆਈ ਦੇ ਨਾਲ ) ਏਹਨਾਂ ( ਬੁਤਾਂ ) ਦਾ ਜ਼ਿਕਰ ਕਰ-ਦਿਆਂ ਸੁਣਿਆਂ ਹੈ ॥ ੬੦ ॥ ( ਲੋਕਾਂ ਨੇ ) ਆਖਿਆ ਤਾਂ ਉਸ ਨੂੰ (ਸਾਰਿ-ਆਂ ) ਆਦਮੀਆਂ ਦੇ ਸਨਮੁਖ ਲੈ ਆਓ ਤਾਂ ਕਿ ( ਜੋ ਕੁਛ ਜਵਾਬ ਦਵੇ ) ਲੋਕ ਉਸ ਦੇ ਗਵਾਹ ਰਹਿਣ ॥ ੬੧ ॥ ( ਅਤ ਏਵ ਇਬਰਾਹੀਮ ਬੁਲਾ-ਇਆ ਗਇਆ ਅਰ ) ਲੋਕਾਂ ਨੇ ( ਓਹਨਾਂ ਪਾਸੋਂ ) ਪੁਛਿਆ ਕਿ ਇਬਰਾ-ਹੀਮ ਕੀ ਸਾਡਿਆਂ ਮਾਬੂਦਾਂ ਦੇ ਨਾਲ ਇਹ ( ਹਰਕਤ ) ਤੂੰਨੇ ਹੀ ਕੀਤੀ ਹੈ ॥ ੬੨ ॥ ( ਇਬਰਾਹੀਮ ਨੇ ) ਆਖਿਆ ) ( ਨਹੀਂ ) ਕਿੰਤੂ ਇਹ ( ਬੁਤ ) ਜੋ ਏਹਨਾਂ ( ਸਾਰਿਆਂ ) ਨਾਲੋਂ ਵਡਾ ਹੈ ਉਸ ਨੇ ਇਹ ਹਰਕਤ ਕੀਤੀ ( ਹੋਵੇਗੀ ) ਅਰ ਯਦੀ ਇਹ ( ਬੁਤ ) ਬੋਲ ਸਕਦੇ ਹੋਵਣ ਤਾਂ ਏਹਨਾਂ ਪਾਸੋਂ ਹੀ ਪੁਛ ਵੇਖੋ ॥ ੬੩ ॥ ਏਸ ਗਲੋਂ ਲੋਕ ਆਪਣੇ ਦਿਲ ਵਿਚ ਲਗੇ ਸੋਚਣ ਅਰ ( ਆਪਸ ਵਿਚ ) ਲਗੇ ਆਖਣ ਕਿ ਨਿਰਸੰਦੇਹ ਤੁਸੀਂ ਹੀ ਜ਼ਾਲਮ ਹੋ ॥ ੬੪ ॥ ਫੇਰ ਆਪਣਿਆਂ ਸਿਰਾਂ ਦੇ ਜੋਰ ਉਂਧੇ ( ਉਸੇ ਗੁਮਰਾਹੀ ਵਿਚ ) ਧਕੇਲ ਦਿਤੇ ਗਏ ( ਅਰ ਇਬਰਾਹੀਮ ਨਾਲ ਬੋਲੇ ਤਾਂ ਇਹ ਬੋਲੇ ਕਿ) ਤੁਸਾਂ ਨੂੰ ਮਾਲੂਮ ਹੈ ਕਿ ਇਹ ( ਬੁਤ ) ਬੋਲਿਆ ਨਹੀਂ ਕਰਦੇ ॥ ੬੫ ॥ ( ਇਬਰਾਹੀਮ ) ਨੇ ਆਖਿਆ ਕੀ ਤੁਸੀਂ ਖ਼ੁਦਾ ਤੋਂ ਸਿਵਾ ਐਸੀਆਂ ਵਸਤੂਆਂ ਨੂੰ ਪੂਜਦੇ ਹੋ ਜੋ ਨਾ ਤਾਂ ਤੁਸਾਂ ਨੂੰ ਕੋਈ ਫਾਇਦਾ ਹੀ ਪਹੁੰਚਾਵਣ ਅਰ ਨਾ ਤੁਸਾਂ ਨੂੰ ( ਕਿਸੀ ਪ੍ਰਕਾਰ ਦਾ ) ਨੁਕਸਾਨ ਹੀ ਪਹੁੰਚਾਵਣ ॥ ੬੬ ॥ ਤੁਫ ਹੈ ਤੁਸਾਂ ਉਤੇ । ਅਰ ਓਹਨਾਂ ਵਸਤਾਂ ਉਤੇ ਜਿਨਹਾਂ ਨੂੰ ਖ਼ੁਦਾ

Digitized by Panjab Digital Library | www.panjabdigilib.org

ਤੋਂ ਸਿਵਾ ਤੁਸੀਂ ਪੂਜਦੇ ਹੋ ਤਾਂ ਕੀ ਤੁਸੀਂ (ਏਤਨੀ ਬਾਰਤਾ ਭੀ) ਨਹੀਂ ਸਮਝਦੇ ॥ ੬੭ ॥ (ਵੁਹ ਆਪਸ ਵਿਚ) ਲਗੇ ਆਖਣ ਕਿ ਯਦੀ ਤੁਸਾਂ (ਕੁਝ) ਕਰਨਾ ਹੈ ਤਾਂ ਇਬਰਾਹੀਮ ਨੂੰ (ਅਗਨੀ ਵਿਚ) ਸਾੜ ਸਿਟੋ ਅਰ ਆਪਣਿਆਂ ਮਾਬੂਦਾਂ ਦੀ ਮਦਦ ਕਰੋ (ਅਤ ਏਵ ਓਹਨਾਂ ਲੋਕਾਂ ਨੇ ਇਬਰਾਹੀਮ ਨੂੰ ਅਗਨੀ ਵਿਚ ਝੋਕ ਦਿਤਾ) ॥੬੮॥ ਅਸਾਂ ਨੇ (ਅਗਨੀ) ਨੂੰ ਹੁਕਮ ਦਿਤਾ ਕਿ ਅਗਨੀ ਇਬਰਾਹੀਮ ਦੇ ਹਕ ਵਿਚ ਠੰਡਕ ਤਥਾ ਸਲਾਮਤੀ (ਸ਼ਾਂਤੀ ਦਾ ਕਾਰਨ) ਬਨ (ਤਾ ਕਿ ਓਹਨਾਂ ਨੂੰ ਕਿਸੇ ਪਰਕਾਰ ਦਾ ਕਸ਼ਟ ਨਾ ਪਹੁੰਚੇ) ॥ ੬੯ ॥ ਅਰ ਲੋਕਾਂ ਨੂੰ ਇਬਰਾਹੀਮ ਦੇ ਨਾਲ ਬੁਰਾਈ ਕਰਨ ਦੀ ਇਛਾ ਕੀਤੀ ਸੀ ਤਾਂ ਅਸਾਂ ਨੇ ਓਹਨਾਂ ਨੂੰ ਹੀ ਨਿਕੰਮਿਆਂ ਕੀਤਾ ॥ ੭੦ ॥ ਅਰ ਇਬਰਾਹੀਮ ਨੂੰ ਅਰ (ਉਸ ਦੇ ਨਾਲ ਹੀ ਉਸਦੇ ਭਤੀਜੇ) ਲੂਤ ਨੂੰ (ਨਾ ਫਰਮਾਨ ਲੋਕਾਂ ਵਿਚੋਂ) ਸੁਖ ਸਾਂਦ ਨਾਲ ਨਿਕਾਲ ਕੇ ਉਸ (ਸ਼ਾਮ) ਮੁਲਕ ਦੀ ਪ੍ਰਿਥਵੀ ਵਿਚ ਲੈਜਾ ਕੇ ਦਾਖਲ ਕੀਤਾ ਜਿਸ ਵਿਚ ਅਸਾਂ ਨੇ ਲੋਕਾਂ ਦੇ ਵਾਸਤੇ (ਨਾਨਾ ਪਰਕਾਰ ਦੀਆਂ) ਬਰਕਤਾਂ ਰਖੀਆਂ ਹਨ ॥ ੭੧ ॥ ਅਰ (ਖੁਦਾ ਪਰਸਤੀ ਦੇ ਬਦਲੇ ਵਿਚ) ਇਬਰਾਹੀਮ ਨੂੰ ਇਸ-ਹਾਕ ਨਾਮੀ (ਇਕ ਪੁਤਰ) ਪਰਦਾਨ ਕੀਤਾ (ਜਿਸ ਵਾਸਤੇ ਓਹਨਾਂ ਨੇ ਦੁਆ ਕੀਤੀ ਸੀ) ਅਰ (ਬੇਟੇ ਤੋਂ ਵਖਰਾ) ਯਾਕੂਬ ਨਾਮੀ (ਪਰਪੋਤ੍ਰ) ਆਪਣੇ ਵਲੋਂ ਅਰ ਸਾਰਿਆਂ ਨੂੰ ਤਾਂ ਅਸਾਂ ਨੇ ਨੇਕ ਉਠਾਇਆ ॥ ੭੨ ॥ ਅਰ ਓਹਨਾਂ ਨੂੰ (ਲੋਕਾਂ ਦਾ) ਆਗੂ ਬਨਾਇਆ ਜੋ ਸਾਡੇ ਹੁਕਮ ਨਾਲ (ਓਹਨਾਂ ਨੂੰ) ਸਿਛਾ ਦੇਂਦੇ ਸਨ। ਅਰ ਓਹਨਾਂ ਦੇ ਪਾਸੇ ਸ਼ੁਭ ਕਰਮ ਕਰਨੇ ਅਰ ਨਮਾਜ਼ ਪੜ੍ਹਨੀ ਅਰ ਜ਼ਕਾਤ ਦੇਣ ਦੀ ਵਹੀ ਭੇਜੀ। ਅਰ (ਸੰਪੂਰਨ) ਸਾਡੀ ਹੀ ਪੂਜਾ ਵਿਚ ਲਗੇ ਰਹਿੰਦੇ ਸਨ ॥ ੭੩ ॥ ਅਰ ਲੂਤ ਨੂੰ ਭੀ ਅਸਾਂ ਨੇ ਪੈਯੰਬਰੀ ਦੇ ਅਖਤਿਆਰਾਤ ਦਿਤੇ ਅਰ ਵਿਦਜਾ ਭੀ (ਦਿਤੀ)। ਅਰ ਅਸਾਂ ਨੇ ਲੂਤ ਨੂੰ ਉਸ ਨਗਰੀ ਵਿਚੋਂ ਜਿਥੇ ਦੇ ਲੋਕ ਅਪਵਿਤ੍ਰ ਕਰਮ ਕੀਤਾ ਕਰਦੇ ਸਨ ਮੁਕਤੀ ਦਿਤੀ ਨਿਰਸੰਦੇਹ ਕਿ ਵੁਹ ਬੜੇ ਬੁਰੇ (ਅਰ) ਬਦਕਾਰ ਲੋਕ ਸਨ ॥ ੭੪ ॥ ਅਰ ਲੂਤ ਨੂੰ ਅਸਾਂ ਨੇ ਆਪਣੀ ਕਿਰਪਾ ਦੀ (ਰਖਿਆ) ਵਿਚ ਲੈ ਲੀਤਾ। ਕਾਹੇ ਤੇ ਵੁਹ ਭਲਿਆਂ ਪੁਰਖਾਂ ਵਿਚੋਂ ਸਨ ॥ ੭੫ ॥ ਰੁਕੂਹ ੫ ॥

ਅਰ (ਹੇ ਪੈਯੰਬਰ ਲੋਕਾਂ ਨੂੰ) ਨੂਹ (ਦਾ ਪਰਸੰਗ ਭੀ ਯਾਦ ਕਰਾਓ) ਜਦੋਂ ਉਹਨਾਂ ਨੇ (ਸਾਨੂੰ) ਪੁਕਾਰਿਆ (ਅਰ ਇਹ) ਚਿਰੰਕਾਲ (ਦਾ ਪਰਸੰਗ ਹੈ)। ਤਾਂ ਅਸਾਂ ਨੇ ਉਨਹਾਂ ਦੀ ਸੁਣ ਲੀਤੀ ਅਰ ਉਨਹਾਂ ਨੂੰ ਅਰ ਉਨਹਾਂ ਦੇ (ਵਨਸ ਦਿਆਂ) ਲੋਕਾਂ ਨੂੰ (ਤੁਫਾਨ ਦੀ) ਬੜੀ

Digitized by Panjab Digital Library | www.panjabdigilib.org

( ਭਿਆਨਕ ) ਵਿਪਤੀ ਤੋਂ ਮੁਕਤਿ ਦਿਤੀ ॥ ੭੬॥ ਅਰ ਜੋ ਲੋਕ ਸਾਡੀਆਂ ਆਇਤਾਂ ਨੂੰ ਝੂਠਿਆਂ ਕੀਤਾ ਕਰਦੇ ਸਨ ਉਨਹਾਂ ਦੇ ਮੁਕਾਬਲੇ ਵਿਚ ਅਸਾਂ ਨੇ ਓਹਨਾਂ ਦੀ ਮਦਦ ਕੀਤੀ ਨਿਰਸੰਦੇਹ ਇਹ ਲੋਕ ( ਭੀ ਬੜੇ ) ਬੁਰੇ ਲੋਕ ਸਨ। ਤਾਂ ਏਹਨਾਂ ਸਾਰਿਆਂ ਨੂੰ ਅਸਾਂ ਨੇ ਗਰਕ ਕਰਕੇ ਮਾਰ ਸਿਟਿਆ ॥ ੭੭ ॥ ਅਰ ( ਹੇ ਪੈਗੰਬਰ ) ਦਾਊਦ ਤਥਾ ਸਿਲੇਮਾਨ ( ਦਾ ਪਰਸੰਗ ਭੀ ਲੋਕਾਂ ਨੂੰ ਯਾਦ ਕਰਾਓ ) ਜਦੋਂ ਕਿ ਉਹ ਦੋਨੋਂ ਇਕ ਖੇਤੀ ਦੇ ਬਾਰੇ ਵਿਚ ਜਿਸ ਵਿਚ ਕੁਝ ਲੋਕਾਂ ਦੀਆਂ ਬਕਰੀਆਂ ( ਦਾ ਇੱਜੜ ਰਾਤ੍ਰੀ ਦੇ ਸਮੇਂ ) ਜਾ ਪਾਇਆ ਸੀ ਫੈਸਲਾ ਕਰਨ ਲਗੇ ਅਰ ਅਸੀਂ ਓਹਨਾਂ ਦੇ ਫੈਸਲੇ ਨੂੰ ਵੇਖ ਰਹੇ ਸਾਂ ॥ ੭੮ ॥ ਤਾਂ ( ਪਿਤਾ ਪੁਤਰ ਦੀ ਰਾਇ ਵਿਚ ਇਖ-ਤਲਾਫ ਹੋ ਗਇਆ ਅਰ) ਅਸਾਂ ਨੇ ( ਸਚਾ ) ਫੈਸਲਾ ਸੁਲੇਮਾਨ ਨੂੰ ਸਮਝਾ ਦਿਤਾ ਅਰ ( ਉਸ ਤਰਹਾਂ ਤਾਂ ) ਅਸਾਂ ਨੇ ਦੋਨਾਂ ਨੂੰ ਹੀ ਫੈਸਲੇ ਦਾ ਸਲੀਕਾ (ਯੁਕਤੀ) ਅਰ ਇਲਮ(ਵਿਦਿਆ) ਦੇ ਰਖਿਆ ਸੀ ਅਰ ਪਰਬਤਾਂ ਨੂੰ ਦਾਊਦ ਦੀ ਤਾਬਿਆ(ਅਧੀਨ) ਕਰ ਦਿਤਾ ਸੀ ਕਿ ਉਨਹਾਂ ਦੇ ਸਾਥ ( ਸਾਥ ਖੁਦਾ ਦੀ ) ਮਹਿਮਾ (ਉਸਤੁਤੀ) ਕਰਦੇ ਅਰ (ਏਸੇ ਪਰਕਾਰ) ਪੰਖੀਆਂ ਨੂੰ ( ਭੀ ਅਸਾਂਨੇ ਉਨਹਾਂ ਦੇ ਵਸ ਵਿਚ ਕਰ ਦਿਤਾ ਸੀ)ਅਰ ਅਸੀਂ(ਸਰਵ ਸ਼ਕਤੀਵਾਨ) ਹਾਂ ਐਸੀਆਂ ਐਸੀਆਂ ਅਚਰਜ ਗਲਾਂ ) ਕੀਤਾ ਹੀ ਕਰਦੇ ਹਾਂ ॥ ੭੯ ॥ ਅਰ ਦਾਊਦ ਨੂੰ ਅਸਾਂ ਨੇ ਹੀ ਤੁਸਾਂ ਲੋਕਾਂ ਦਾ ਲਿਬਾਸਿ (ਜੰਗ ਅਰਥਾਤ ਸੰਜੋਅ ਦਾ ) ਬਣਾਉਣਾ ਭੀ ਸਿਖਾ ਦਿਤਾ ਸੀ ਕਿ ਤੁਸਾਂ ਨੂੰ ਤੁਸਾਂ ਦੇ ( ਇਕ ਦੂਜੇ ਦੇ) ਵਾਰ ਸ਼ਸਤ੍ਰ ਪਰਿਹਾਰ ਪਾਸੋਂ ਬਚਾਵੇ ਤਾਂ ( ਲੋਕੋ )! ਤੁਸੀਂ ( ਸਾਡੀ ਇਸ ਨਿਆਮਤ ਦਾ ਭੀ ) ਸ਼ੁਕਰ ਕਰੋਗੇ ( ਕਿੰਬਾ ਨਹੀਂ ) ? ॥ ੮੦ ॥ ਅਰ ਅਸਾਂ ਨੇ ਹੀ ਪ੍ਰਬਲ ਵਾਯੂ ਨੂੰ ( ਭੀ ) ਸਿਲੇਮਾਨ ਦੀ ਤਾਬਿਆ ਕਰ ਦਿਤਾ ਸੀ ਕਿ ਵੁਹ ਓਹਨਾਂ ਦੀ ਆਗਿਆ ਨਾਲ ਮੁਲਕ ( ਸ਼ਾਮ ) ਦੇਸ ਵਲ ਚਲਦੀ ਹੈ ਜਿਸ ਵਿਚ ਅਸਾਂ ਨੇ ( ਭਾਂਤ ਭਾਂਤ ਦੀਆਂ ) ਬਰਕਤਾਂ ਦੇ ਰਖੀਆਂ ਸਨ ਅਰ ਅਸੀਂ ਸੰਪੂਰਨ ਵਸਤਾਂ ( ਦੇ ਹਾਲ ) ਤੋਂ ਗਜਾਤਾ ਸਾਂ ॥ ੮੧ ॥ ਅਰ ਦੇਵਾਂ ਵਿਚੋਂ ਤਾਂ ਕਈਕ ਐਸੇ ਸਨ ਜੋ ਸੁਲੇਮਾਨ ਵਾਸਤੇ ( ਨਦੀਆਂ ਵਿਚ ) ਚੁਭੀਆਂ ਮਾਰਦੇ ਅਰ ਏਸ ਤੋਂ ਸਿਵਾ ਹੋਰ ਹੋਰ ਕਾਰਜ ਭੀ ਕਰਦੇ ਅਰ ਅਸਾਂ ਨੇ ਹੀ ਉਨਹਾਂ ਨੂੰ ਥੰਮਿਆਂ ਹੋਇਆ ਸੀ (ਕਿ ਵੋਹ ਕਾਰ ਕਿਰਤ ਤੋਂ ਘਬਰਾਕੇ ਕਿਸੇ ਪਾਸੇ ਨਸ ਭਜ ਕੇ ਜਾ ਨਹੀਂ ਸਕਦੇ ਸਨ ) ॥ ੮੨ ॥ ਅਰ ( ਹੇ ਪੈਗੰਬਰ ) ਅਯੂਬ ( ਦੀ ਵੋਹ ਦਸ਼ਾ ਯਾਦ ਕਰੋ ) ਜਦੋਂ ਉਨਹਾਂ ਨੇ ਆਪਣੇ ਪਰਵਿਦਗਾਰ ਨੂੰ ਪੁਕਾਰਿਆ ਕਿ ਮੈਨੂੰ ( ਇਹ ) ਰੋਗ ਲਗ ਗਇਆ ਹੈ ਅਰ ਤੂੰ ਸੰਪੂਰਨ

Digitized by Panjab Digital Library | www.panjabdigilib.org

ਦਿਆਲੂਆਂ(ਕਿਰਪਾਲੂਆਂ)ਵਿਚੋਂ ਅਧਿਕ ਦਇਆ(ਕਿਰਪਾ)ਕਰਨ ਵਾਲਾ ਹੈਂ (ਤੂੰ ਮੇਰੀ ਦਸ਼ਾ ਉਤੇ ਕ੍ਰਿਪਾਲਤਾ ਦਿਆਲਤਾ ਕਰ) ॥ ੮੩ ॥ ਤਾਂ ਅਸਾਂ ਨੇ ਓਸ ਦੀ (ਬੇਨਤੀ) ਸੁਣ ਲੀਤੀ ਅਰ ਜੋ ਰੋਗ ਓਹਨਾਂ ਨੂੰ ਸੀ ਦੂਰ ਕਰ ਦਿਤਾ। ਅਰ ਉਨਹਾਂ ਨੂੰ ਉਨਹਾਂ ਦਾ ਬਾਲ (ਬੱਚਾ) ਪਰਦਾਨ ਕੀਤਾ ਪ੍ਰਤਯਤ ਓਹਨਾਂ ਦੇ ਨਾਲ ਓਨੇ ਹੀ ਹੋਰ। (ਇਹ ਕੇਵਲ) ਸਾਡੀ ਹੀ ਕਿਰਪਾ ਸੀ (ਜੋ ਅਸਾਂ ਨੇ ਉਨਹਾਂ ਉਤੇ ਕੀਤੀ) ਅਰ ਭਜਨ ਬੰਦਗੀ ਕਰਨ ਵਾਲਿਆਂ ਵਾਸਤੇ (ਇਹ ਪਰਸੰਗ) ਕੰਠ ਕਰਨ ਦੇ (ਯੋਗ) ਹੈ (ਤਾ ਕਿ ਉਨਹਾਂ ਦਾ ਭਜਨ ਬੰਦਗੀ ਵਰ ਚਿਤ ਅਧਿਕ ਲਗਾ ਰਹੇ) ॥ ੮੪ ॥ ਅਰ ਇਸਮਾਈਲ ਅਰ ਅੰਦਰੀਸ ਅਰ ਜ਼ੁਲਕਿਫਲ (ਦਾ ਪਰਸੰਗ ਯਾਦ ਕਰੋ ਇਹ) ਸੰਪੂਰਨ ਸੰਤੋਖੀ ਪੁਰਖ (ਹੋ ਚੁਕੇ) ਹਨ ॥ ੮੫ ॥ ਅਰ ਅਸਾਂ ਨੇ ਇਹਨਾਂ (ਸਾਰਿਆਂ) ਉਤੇ ਆਪਣੀ ਕਿਰਪਾ (ਦਾ ਸਾਇਬਾਨ) ਤਾਣਿਆ ਨਿਰਸੰਦੇਹ ਇਹ ਲੋਕ ਭਲੇ ਮਾਨਸ ਥੇ ॥ ੮੬ ॥ ਅਰ ਜ਼ੁਉਲਨੂਨ (ਅਰਥਾਤ ਯੂਨਸ) ਨੂੰ ਯਾਦ ਕਰੋ ਜਦੋਂ ਕਰੋਧ ਕਰਕੇ ਤੁਰ ਪਏ ਅਰ (ਤੁਰਦੀ ਵੇਰੀ ਕਰੋਧ ਵਿਚ) ਉਨਹਾਂ ਨੂੰ ਐਸਾ ਭ੍ਰਮ ਹੋ ਗਇਆ ਕਿ ਅਸੀਂ ਉਨਹਾਂ ਨੂੰ ਵਸ ਵਿਚ ਨਹੀਂ ਕਰ ਸਕਾਂਗੇ ਤਾਂ (ਅੰਤ ਨੂੰ ਦੀਨ ਹੋ ਕੇ) ਅੰਧੇਰੇ ਵਿਚ ਰੋਣ ਲਗ ਪਏ ਕਿ (ਹੇ ਖੁਦਾ) ਤੇਰੇ ਸਿਵਾ ਕੋਈ ਪੂਜ ਨਹੀਂ ਤੂੰ ਪਵਿਤ੍ਰ (ਰੂਪ) ਹੈਂ ਮੈਂ (ਬਹੁਤ) ਅਵਗਜ਼ਾ ਕੀਤੀ ॥ ੮੭ ॥ ਤਾਂ ਅਸਾਂ ਨੇ ਉਸ ਦੀ (ਪੁਕਾਰ) ਸੁਣ ਲੀਤੀ ਅਰ ਓਸ ਨੂੰ ਭੈ ਪਾਸੋਂ ਮੁਕਤੀ ਦਿਤੀ ਅਰ ਅਸੀਂ ਧਾਰਮਕ ਪੁਰਖਾਂ ਨੂੰ ਏਸੇ ਪਰਕਾਰ ਬਚਾ ਲਿਆ ਕਰਦੇ ਹਾਂ ॥ ੮੮ ॥ ਅਰ ਜ਼ਿਕਰੀਏ ਨੂੰ (ਯਾਦ ਕਰੋ) ਜਦੋਂ ਉਨਹਾਂ ਨੇ (ਸੰਤਾਨ ਦੀ ਆਪਤੀ ਵਲੋਂ) ਨਿਰਾਸ ਹੋ ਕੇ ਆਪਣੇ ਪਰਵਰਦਿਗਾਰ ਅਗੇ ਬੇਨਤੀ (ਪੁਕਾਰ) ਕੀਤੀ ਕਿ ਹੇ ਮੇਰੇ ਪਰਵਰਦਿਗਾਰ ਮੇਰੇ ਤਾਂਈ ਅਕੇਲਿਆਂ (ਅਰਥਾਤ ਨਿਰਸੰਤਾਨ) ਨਾ ਛਡ ਅਰ (ਵਾਸਤਵ ਵਿਚ ਤਾਂ) ਤੂੰ ਸੰਪੂਰਨਾਂ ਸਵਾਮੀਆਂ ਵਿਚੋਂ ਉੱਤਮ (ਸਵਾਮੀ) ਹੈਂ ॥ ੮੯ ॥ ਤਾਂ ਅਸਾਂ ਨੇ ਉਸ ਦੀ (ਪੁਕਾਰ) ਸੁਣ ਲੀਤੀ ਅਰ ਉਨਹਾਂ ਨੂੰ ਯਾਹੀਆ ਨਾਮੀ (ਪੁੱਤਰ) ਪਰਦਾਨ ਕੀਤਾ ਅਰ ਉਨਹਾਂ ਦੀ ਇਸਤ੍ਰੀ ਨੂੰ ਉਨਹਾਂ ਵਾਸਤੇ ਚੰਗਿਆਂ ਭਲਿਆਂ ਕਰ ਦਿਤਾ। ਇਹ ਲੋਗ (ਜਿਨਹਾਂ ਦਾ ਉਤੇ ਵਰਣਨ ਕੀਤਾ ਗਿਆ ਹੈ) ਧਾਰਮਿਕ ਕਰਮਾਂ ਵਲ ਬੜੀ ਉਤਾਉਲ ਕਰਦੇ ਸਨ ਅਰ ਸਾਨੂੰ (ਸਾਡੇ ਫਜ਼ਲ ਦੀ) ਆਸ ਅਰ (ਸਾਡੇ ਕਸ਼ਟ ਦੇ) ਖੌਫ ਤੋਂ (ਡਰਦੇ) ਪੁਕਾਰਦੇ ਰਹਿੰਦੇ ਅਰ ਸਾਡੇ ਅਗੇ ਦੀਨਤਾ ਕੀਤਾ ਕਰਦੇ ਸਨ ॥ ੯੦ ॥ ਅਰ ਉਸ ਬੀਬੀ (ਮਰਿਯਮ ਨੂੰ ਯਾਦ

Digitized by Panjab Digital Library | www.panjabdigilib.org

ਕੀਤਾ ਕਰੋ ) ਜਿਨਹਾਂ ਨੇ ਆਪਣੇ ਨਾਮੂਸ (ਲਜਿਆ) ਦੀ ਰਖਸ਼ਾ ਕੀਤੀ ਤਾਂ ਅਸਾਂ ਨੇ ਓਹਨਾਂ ਵਿਚ ਆਪਣੀ ਰੂਹ ਫੂਕ ਦਿਤੀ (ਅਰ ਉਸ ਨੂੰ ਪਤੀ ਤੋਂ ਬਿਨਾਂ ਹੀ ਗਰਭ ਹੋ ਗਇਆ)ਅਰ ਅਸਾਂ ਨੇ ਉਨਹਾਂ ਨੂੰ ਅਰ ਉਨਹਾਂ ਦੇ ਪੁਤਰ ( ਈਸੇ ) ਨੂੰ ਸੰਸਾਰ ਭਰ ਦਿਆਂ ਲੋਕਾਂ ਵਾਸਤੇ ( ਆਪਣੀ ) ਕੁਦਰਤ ਦੀ ਨਿਸ਼ਾਨੀ ਨਿਯਤ ਕੀਤਾ ॥ ੯੧ ॥ ( ਮੁਸਲਮਾਨੋ ਮਜ਼ਹਬ ਦੀ ਅਪੇਕਛਾ ਕਰਕੇ ) ਇਹ ਲੋਕ ਤੁਸਾਂ ਦੇ ਹੀ ਟੋਲੇ ਵਿਚੋਂ ਹਨ ( ਅਰ ਤੁਸਾਂ ਸਾਰਿਆਂ ਦਾ ) ਇਕੋ ਹੀ (ਟੋਲਾ ਹੈ) ਅਰ ਅਸੀਂ ਹੀ ਤੁਸਾਂ ਦੇ ਪਰਵਰਦਿਗਾਰ ਹਾਂ ਤਾਂ ਸਾਡੀ ਹੀ ਬੰਦਗੀ ਕਰੋ ॥ ੯੨ ॥ ਅਰ ਲੋਕਾਂ ਨੇ ਆਪਸ ਵਿਚ ( ਭੇਦ ਪਾ ਕੇ ) ਆਪਣੇ ਦੀਨ ਨੂੰ ਟੁਕੜੇ ਟੁਕੜੇ ਕਰ ਸੁਟਿਆ ਹੈ ( ਪਰੰਤੂ ਅੰਤ ਨੂੰ ) ਸੰਪੂਰਣ ਸਾਡੇ ਹੀ ਵਲ ਲੌਟ ਕੇ ਆਉਣ ਵਾਲੇ ਹੈਂ ( ਓਸ ਵੇਲੇ ਅਸੀਂ ਓਹਨਾਂ ਦੇ ਭੇਦਾਂ ਦਾ ਫੈਸਲਾ ਕਰ ਦੇਵਾਂਗੇ ) ॥੯੩॥ ਰੁਕੂਹ ੬ ॥

ਤਾਂ ਜੋ ਪੁਰਖ ਸ਼ੁਭ ਕਰਮ ਕਰੇ ਅਰ ਵੁਹ ਈਮਾਨ ਭੀ ਰਖਦਾ ਹੋਵੇ ਤਾਂ ਉਸ ਦੀ ਕੋਸ਼ਸ਼ ਅਕਾਰਥ ਹੋਣ ਵਾਲੀ ਨਹੀਂ ਅਰ ਅਸੀਂ ਉਸ ਦੇ ਸਾਰੇ ਹੀ ਸ਼ੁਭ ਕਰਮ ਲਿਖਦੇ ਜਾਂਦੇ ਹਾਂ ॥ ੯੪ ॥ ਅਰ ਜਿਸ ਨਗਰੀ ਨੂੰ ਅਸਾਂ ਨੇ ( ਲੋਕਾਂ ਦੀ ਨਾ ਫਰਮਾਨੀ ਦੇ ਕਾਰਨੋਂ ) ਵਿਨਸ਼ਟ ਕਰ ਦਿਤਾ ਹੋਵੇ ਹੋ ਨਹੀਂ ਸਕਦਾ ਕਿ ਵੁਹ ਲੋਗ ( ਪ੍ਰਲੈ ਦੇ ਦਿਨ ਸਾਡੇ ਸਨਮੁਖ ) ਲੌਟ ਕੇ ਨਾ ਆ ਜਾਵਣ ॥ ੯੫ ॥ ਹਾਂ ਇਤਨੀ ਦੇਰ ਜ਼ਰੂਰ ਹੋਵੇਗੀ ਕਿ ਯਾਜੂਜ ਮਾਜੂਜ ( ਜ਼ਵਾਉਲਕੁਰਨੈਨ ਦੀ ਕੈਦ ਤੋਂ ) ਵਿਮੁਕਤ ਕੀਤੇ ਜਾਵਣ ਅਰ ਵੁਹ ਸੰਪੂਰਨ ਉਚਾਈਆਂ ਤੋਂ ਫਿਸਲਦੇ ਹੋਏ ਚਲੇ ਆਵਣ ॥ ੯੬ ॥ ( ਅਰ ਪ੍ਰਲੈ ਦੀ ) ਸਤ ਪਰਤਿਗਜਾ ਆ ਪਰਾਪਤ ਹੋਵੇ ਤਾਂ ਇਕੋ ਵੇਰੀ ਕਾਫਰਾਂ ਦੀਆਂ ਅਖੀਆਂ ਖੁਲ੍ਹੀਆਂ ਦੀਆਂ ਖੁਲੀਆਂ ਹੀ ਰਹਿ ਜਾਵਣ । ( ਅਰ ਆਖਣ ਲਗਣ ) ਹਾਇ ਸਾਡੀ ਕਿਸਮਤ ਖੋਟੀ ਅਸੀਂ ਤਾਂ ਏਸ ( ਦਿਨ ਪਾਸੋਂ ) ਭੁਲੇਖੇ ਵਿਚ ਹੀ ਰਹੇ ਪ੍ਰਤਯੁਤ ( ਸਤ ਬਾਰਤਾ ਤਾਂ ਇਹ ਹੈ ਕਿ ) ਅਸੀਂ ਹੀ ਸਦੋਖੀ ਥੇ ॥ ੯੭ ॥ ( ਉਸ ਦਿਨ ਹੁਕਮ ਦਿਤਾ ਜਾਵੇਗਾ ਕਿ ਹੁਣ ) ਤੁਸੀਂ ਅਰ ਜਿਨਹਾਂ ਵਸਤੂਆਂ ਦੀ ਤੁਸੀਂ ਖੁਦਾ ਤੋਂ ਸਿਵਾ ਪੂਜਾ ਕਰਦੇ ਸਾਓ ( ਓਹ ਸੰਪੂਰਣ ) ਨਰਕ ਦੀਆਂ ਲਕੜੀਆਂ ਬਣੇਗੇ ( ਅਰ ) ਤੁਸਾਂ ( ਸਾਰਿਆਂ ) ਨੂੰ ਨਰਕ ਵਿਚ ਜਾਣਾ ਹੋਵੇਗਾ ॥ ੯੮ ॥ ਯਦੀ ਇਹ ( ਤੁਸਾਂ ਦੇ ਮਾਬੂਦ ਸਚ ਮੁਚ ਦੇ ) ਮਾਬੂਦ ਹੋਂਦੇ ਤਾਂ ਨਰਕਾਂ ਵਿਚ ਨਾ ਜਾਂਦੇ ਅਰ ( ਹੁਣ ) ਤੁਸਾਂ ਸਾਰਿਆਂ ਇਸੇ ( ਨਰਕ ) ਵਿਚ ਹੀ ਨਿਤਰਾਂ ( ਨਿ- ਤਰਾਂ ) ਰਹਿਣਾ ਹੈ ॥ ੯੯ ॥ ਇਹਨਾਂ ਲੋਕਾਂ ਨੂੰ ਨਰਕ ਵਿਚ ਭੀ ਉਬੇ ਸਾਹ ਭਰਨੇ ਹੋਣਗੇ । ਅਰ ਵੁਹ ( ਆਪਣੇ ਰੋਣ ਧੋਣ ਦੇ ਰੋਲੇ ਵਿਚ )

Digitized by Panjab Digital Library | www.panjabdigilib.org

ਓਥੇ (ਕਿਸੇ ਇਕ ਦੂਸਰੇ ਦੀ ਗਲ ਭੀ) ਨਾ ਸੁਣ ਸਕਨਗੇ ॥ ੧੦੦ ॥ ਨਿਰਸੰਦੇਹ ਜਿਨਹਾਂ ਲੋਗਾਂ ਵਾਸਤੇ ਸਾਡੇ ਵਲੋਂ (ਓਹਨਾਂ ਦੀ ਕਿਸਮਤ ਵਿਚ) ਪਹਿਲੇ ਤੋਂ ਭਲਾਈ (ਲਿਖੀ ਗਈ) ਹੈ ਵੁਹ ਨਰਕਾਂ ਵਿਚੋਂ ਦੂਰ ਦੁਰਾਡੇ (ਹੀ) ਰਖੇ ਜਾਣਗੇ ॥ ੧੦੧ ॥ ਉਸਦੀ ਭਿਨਖ ਤਕ ਭੀ ਉਹਨਾਂ ਦੇ ਕੰਨਾਂ ਤਕ ਨਹੀਂ ਪਹੁੰਚੇਗੀ ਅਰ ਵੁਹ ਅਪਣੀ ਮਨ ਭਾਉਂਦੀ ਮੁਰਾਦ ਵਿਚ ਨਿਤਰਾਂ (ਨਿਤਰਾਂ) ਰਹਿਣਗੇ ॥ ੧੦੨ ॥ ਅਰ ਉਹਨਾਂ ਨੂੰ (ਪਰਲੈ ਦਾ) ਬੜਾ ਭਾਰੀ ਭੈ ਭੀ (ਕਿਸੀ ਪਰਕਾਰ) ਵਿਕੁਮਤ ਨਹੀਂ ਕਰੇਗਾ। ਅਰ ਫਰਿਸ਼ਤੇ ਓਹਨਾਂ ਦੀ (ਆਗਤ ਭਾਗਤ) ਕਰਨਗੇ। (ਅਰ ਕਹਿਣਗੇ) ਇਹਾ ਈ ਵੁਹ ਤੁਸਾਂ ਦਾ ਦਿਨ ਹੈ ਜਿਸ ਦੀ (ਸੰਸਾਰ ਵਿਚ) ਤੁਸਾਂ ਨਾਲ ਪਰਤਿਗਜ਼ਾ ਕੀਤੀ ਜਾਂਦੀ ਸੀ ॥ ੧੦੩ ॥ (ਇਹ ਉਹ ਦਿਨ ਹੋਵੇਗਾ) ਜਦੋਂ ਕਿ ਅਸੀਂ ਅਸਮਾਨ ਨੂੰ ਇਸ ਪਰਕਾਰ ਲਪੇਟਾਂਗੇ ਜੈਸੇ ਪਤ੍ਰਕਾ ਦਾ ਪਤ੍ਰ ਲਪੇਟਿਆ ਜਾਂਦਾ ਹੈ। (ਅਰ) ਜਿਸ ਤਰਹਾਂ ਅਸਾਂ ਨੇ ਪ੍ਰਿਥਮ (ਵਾਰ ਸਰਿਸ਼ਟੀ ਨੂੰ) ਸਾਜਿਆ ਸੀ (ਉਸੇ ਤਰਹਾਂ) ਓਹਨਾਂ ਨੂੰ ਦੂਜੀ ਬਾਰ ਭੀ (ਉਤਪਤ) ਕਰਾਂਗੇ (ਇਹਾ ਇਕ) ਪਰਤਿਗਜ਼ਾ (ਹੈ ਜਿਸ ਦਾ ਪੂਰਿਆਂ ਕਰਨਾ) ਅਸਾਂ (ਨੇ ਆਪਣੇ) ਉਤੇ (ਲਾਜ਼ਿਮ ਕਰ ਲੀਤਾ ਹੈ ਅਰ) ਅਸੀਂ ਉਸ ਨੂੰ ਜ਼ਰੂਰ ਹੀ ਕਰਕੇ ਹਟਾਂਗੇ ॥ ੧੦੪ ॥ ਅਰ ਅਸੀਂ ਜ਼ੰਬੂਰ ਵਿਚ ਸਿਖਜ਼ਾ ਦੇ ਪਿਛੋਂ ਇਹ ਬਾਰਤਾ ਲਿਖ ਚੁਕੇ ਹਾਂ ਕਿ ਸਾਡੇ ਸੁਸ਼ੀਲ ਪੁਰਖ ਪ੍ਰਿਥਵੀ (ਰਾਜ ਭਾਗ) ਦੇ ਮਾਲਕ ਹੋਵਣਗੇ ॥ ੧੦੫ ॥ ਜੋ ਲੋਕ ਖ਼ੁਦਾ ਦੀ ਬੰਦਗੀ ਕਰਨ ਵਾਲੇ ਹਨ ਨਿਰਸੰਦੇਹ ਓਹਨਾਂ ਦੇ ਵਾਸਤੇ ਏਸ ਵਿਚ (ਇਕ ਬਸ਼ਾਰਤ ਦਾ) ਪਹੁੰਚਾ ਦੇਣਾ ਹੈ ॥ ੧੦੬ ॥ ਅਰ (ਹੇ ਪੈਯੰ-ਬਰ) ਅਸਾਂ ਨੇ ਤਾਂ ਤੁਸਾਂ ਨੂੰ ਸੰਸਾਰ ਭਰ ਦੇ ਲੋਕਾਂ ਦੇ ਹਕ ਵਿਚ ਰਹਿਮਤ (ਕਿਰਪਾ ਨਿਧਾਨ ਬਨਾ ਕੇ) ਭੇਜਿਆ ਹੈ ਹੋਰ ਬਸ ॥ ੧੦੭ ॥ (ਹੇ ਪੈਯੰਬਰ ਲੋਗਾਂ ਨੂੰ ਆਖੋ ਕਿ ਮੇਰੇ ਪਾਸ ਤਾਂ ਏਸੇ ਵਾਰਤਾ ਦੀ ਵਹੀ ਆਈ ਹੈ ਕਿ ਕੇਵਲ ਇਕੋ ਖ਼ੁਦਾ ਹੀ ਤੁਸਾਂ ਦਾ ਮਾਬੂਦ ਹੈ ਤਾਂ ਕੀ ਤੁਸੀਂ (ਉਸ ਦੇ ਬੰਦੇ) ਫਰਮਾਂ ਬਰ-ਦਾਰ (ਬਨਦੇ) ਹੋ (ਕਿੰਬਾ ਨਹੀਂ) ॥ ੧੦੮ ॥ ਬਸ ਯਦੀ (ਲੋਕ) ਨਾ ਮੰਨਣ ਤਾਂ (ਇਹਨਾਂ ਤਾਈਂ) ਕਹਿ ਦੇਵੋ ਕਿ ਅਸਾਂ ਨੇ ਤੁਸਾਂ ਸੰਪੂਰਨਾ ਨੂੰ ਇਕਸੇ ਪਰਕਾਰ ਨਾਲ ਖਬਰ ਦਿਤੀ ਹੈ ਅਰ ਮੈਂ ਨਹੀਂ ਜਾਣਦਾ ਕਿ ਜਿਸ (ਕਸ਼ਟ) ਦੀ ਤੁਸਾਂ ਨਾਲ ਪਰਤਿਗਜ਼ਾ ਕੀਤੀ ਜਾਂਦੀ ਹੈ (ਓਸ ਦਾ ਸਮਾਂ) ਸਮੀਪ ਆ ਪਰਾਪਤ ਹੋਇਆ ਹੈ ਕਿੰਬਾ (ਅਜੇ) ਦੂਰ ਹੈ ॥ ੧੦੯ ॥ ਵੁਹ (ਅੱਲਾ) ਉਸ ਬਾਰਤਾ ਨੂੰ ਭੀ ਜਾਣਦਾ ਹੈ ਜੋ ਪੁਕਾਰ ਕੇ ਕਹੀ ਜਾਵੇ। ਅਰ ਉਸ ਨੂੰ ਭੀ ਜਾਣਦਾ ਹੈ ਜੋ ਤੁਸੀਂ ਲੋਕ ਗੁਪਤ ਕਰਦੇ

Digitized by Panjab Digital Library | www.panjabdigilib.org

ਹੋ ॥ ੧੧੦ ॥ ਅਰ ਮੈਂ ਨਹੀਂ ਜਾਣਦਾ ( ਈਸ਼ਵਰ ) ਜਾਣੇ ਏਸ ਮੁਹਲਤ ਕਰਕੇ ਤੁਸਾਂ ਦੀ ਪ੍ਰੀਛਾ ( ਅਭੀਸ਼ਟ ) ਹੋਵੇ ਅਰ ( ਇਹ ਸੰਕਲਪ ਹੋਵੇ ਕਿ ) ਇਕ ( ਖਾਸ ) ਸਮੇਂ ਤਕ ( ਤੁਸਾਂ ਨੂੰ ਸੰਸਾਰਿਕ ) ਲਾਭ ( ਪਰਾਪਤ ਹੁੰਦੇ ਰਹਿਣ )॥ ੧੧੧ ॥ ( ਪੈਯੰਬਰ ਨੇ ਲੋਕਾਂ ਦਾ ਧਗਾਣੇ ਸ਼ੋਰ ਦੇਖ ਕੇ ਅੰਤ ਨੂੰ ) ਦੁਆ ਕੀਤੀ ਕਿ ਹੇ ਮੇਰੇ ਪਰਵਰਦਿਗਾਰ ( ਮੇਰੇ ਤਥਾ ਇਹਨਾਂ ਕਾਫ਼ਰਾਂ ਦੇ ਵਿਭੇਦ ਵਿਚ ) ਸਚਾ ਸਚਾ ਫੈਸਲਾ ਕਰਦੇ ਅਰ ਅਸਾਂ ਮੁਸਲਮਾਨਾਂ ਦਾ ਪਰਵਰਦਿਗਾਰ ( ਖੁਦਾਇ ) ਰਹਿਮਾਨ ਹੈ । ਜਿਸ ਪਾਸੋਂ ਅਸੀਂ ਓਹਨਾਂ ਓਹਨਾਂ ਬਾਰਤਾਂ ਦੀ ਮੁਕਾਬਲੇ ਵਾਸਤੇ ਜੋ ਤੁਸੀਂ ਲੋਕ ਬਨਾਂਦੇ ਹੋ ਮਦਦ ਮੰਗਦੇ ਹਾਂ ॥ ੧੧੨ ॥ ਰੁਕੂਹ ੭ ॥

# ਸੂਰਤ ਹੱਜ ਮੱਕੇ ਵਿਚ ਪ੍ਰਾਪਤ ਹੋਈ ਅਰ ਏਸ ਦੀਆਂ ਅਠੱਤਰ ਆਯਤਾਂ ਅਰ ਦਸ ਰੁਕੂਹ ਹਨ ॥

( ਪ੍ਰਾਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ) ਕਿਰਪਾਲੂ ( ਹੈ ) । ਲੋਕੋ ! ਆਪਣੇ ਪਰਵਰ਼ਦਿਗਾਰ ( ਦੇ ਕਸ਼ਟ ) ਪਾਸੋਂ ਡਰ ਕਾਹੇ ਤੇ ਪ੍ਰਲੈ ਦਾ ਭੌਂਚਾਲ ਇਕ ਵਡੀ ( ਭਾਰੀ ) ਵਿਪਤਾ ਹੋਵੇਗੀ ॥ ੧ ॥ ਜਿਸ ਦਿਨ ਵੁਹ ਤੁਸਾਂ ਦੇ ਸਨਮੁਖ ਆ ਇਸਥਿਤ ਹੋਵੇਗੀ ਸੰਪੂਰਨ ਦੁਧ ਲਿਹਾਣ ਵਾਲੀਆਂ ( ਮਾਰੇ ਭੈ ਦੇ ) ਆਪਣੇ ਦੁਧ ਪੀਂਦੇ ( ਬਚੇ ) ਨੂੰ ਭੁਲ ਜਾਵਣਗੀਆਂ।ਅਰ ਜਿਤਨੀਆਂ ਗਰਭਵਤੀਆਂ ਹਨ ਸੰਪੂਰਨਾ ਦੇ ਗਰਭ ਪਾਤ ਸ੍ਰਾਵ ਹੋ ਜਾਵਣਗੇ । ਅਰ ( ਬਦਹਵਾਸੀ ਦੇ ਮਾਰੇ ) ਲੋਗ ਉਨਮਾਦ ਪਰਤੀਤ ਹੋਵਣਗੇ ਹਾਲਾਂ ਕਿ ਵੁਹ ਉਨਮਾਦੀ ਨਹੀਂ ਪ੍ਰਤਯੁਤ ਖੁਦਾ ਦਾ ਕਸ਼ਟ ਬੜਾ ਸਖਤ ਹੈ ( ਜਿਸ ਦੇ ਡਰ ਨਾਲ ਲੋਗ ਬਦਹਵਾਸ ਹੋ ਰਹੇ ਹੋਵਣਗੇ ) ॥ ੨ ॥ ਅਰ ਲੋਗਾਂ ਵਿਚੋਂ ਕੁਛ ਐਸੇ ਭੀ ਹਨ ਜੋ ਅਗਿਆਤ-ਪਣੇ ਵਿਚ ਹੀ ਖੁਦਾ ( ਦੇ ਬਾਰੇ ) ਵਿਚ ਝਗੜਦੇ ਅਰ ਹਰ ਅਮੋੜ ਸ਼ੈਤਾਨ ਦੇ ਪਿਛੇ ਲਗ ਪੈਂਦੇ ਹਨ ॥ ੩ ॥ ਜਿਸਦੀ ਨਿਸਬਤ ( ਖੁਦਾ ਦੇ ਓਥੋਂ ) ਇਹ (ਹੁਕਮ) ਲਿਖਿਆ ਗਿਆ ਹੈ ਕਿ ਜੋ ਉਸ ਦੀ ਸੰਗਤ ਕਰੇਗਾ ਤਾਂ ਇਹ ਉਸ ਨੂੰ ਬੇਮੁਖ ਕਰਕੇ ਨਾਰਕੀ ਕਸ਼ਟਾਂ ਵਿਚ ਭੇਜਕੇ ਹੀ ਰਹੇਗਾ ॥ ੪ ॥ ਲੋਗੋ ਯਦੀ ਤੁਸਾਂ ਨੂੰ ( ਪ੍ਰਲੈ ਦੇ ਦਿਨ ਫੇਰ ) ਜੀਉ ਉੱਠਣ ਵਿਚ ਕਿਸੇ ਪਰਕਾਰ ਦਾ ਭ੍ਰਮ ਹੋਵੇ ਤਾਂ ਅਸਾਂ ਨੇ ਤੁਸਾਂ ਨੂੰ ( ਪ੍ਰਾਰੰਭ ਵਿਚ ) ਮਿਟੀ ਤੋਂ ਪੁਨਾ ਬੀਰਜ ਸੇ ਫੇਰ ਖ਼ੂਨ ਦੀ ਥਲਬ ਤੋਂ ਫੇਰ ਪੂਰੀ ਬਨੀ ਹੋਈ

Digitized by Panjab Digital Library | www.panjabdigilib.org

( ਸੁਡੌਲ ) ਅਰ ਅਧਵਿਰਤੀ ਬਨੀ ਹੋਈ ( ਕੁਡੌਲ ) ਬੋਟੀ ਤੋਂ ਉਤਪਤ ਕੀਤਾ ਤਾਂ ਕਿ ਤੁਸਾਂ ਉਤੇ ( ਆਪਣੀ ਕੁਦਰਤ ) ਜ਼ਾਹਿਰ ਕਰੀਏ ( ਤਾਂ ਮਰਿਆਂ ਪਿਛੋਂ ਫਿਰ ਤੁਸਾਂ ਦਾ ਸਰਜੀਤ ਕਰਨਾ ਕੋਈ ਕਠਿਨ ਹੈ ) ਅਰ ( ਇਸਤ੍ਰੀਆਂ ਦੇ ) ਪੇਟ ਵਿਚ ਅਸੀਂ ਜਿਸ ( ਬੀਰਜ ) ਨੂੰ ਚਾਹੁੰਦੇ ਹਾਂ ( ਇਕ ) ਨਿਯਤ ਸਮੇ ਤਕ ਠਹਿਰਾਈ ਰਖਦੇ ਹਾਂ ਫੇਰ ਤੁਸਾ ਨੂੰ ਬਾਲਕ ਬਨਾਕੇ ਕਢ ਲੈਂਦੇ ਹਾਂ ਫਿਰ ( ਤੁਸਾਂਨੂੰ ਵਡੀਰਦੇ ਹਾਂ ) ਤਾਂ ਕਿ ਤੁਸੀਂ ( ਵਡੇ ਹੋ ਕੇ ) ਆਪਣੀ ਜਵਾਨੀ ਨੂੰ ਪਰਾਪਤ ਹੋਵੋ । ਅਰ ਤੁਸਾਂ ਵਿਚੋਂ ਕੋਈ ਕੋਈ ਤਾਂ ( ਅਸਲੀ ਉਮਰ ਤੋਂ ਪਹਿਲੋ ਪਹਿਲ ) ਮਰ ਜਾਂਦਾ ਹੈ ਅਰ ਕੋਈ ਕੋਈ ਸਾਰਿਆਂ ਨਾਲੋਂ ਅਧਿਕ ਨਿਕੰਮੀ ਉਮਰ ( ਅਰਥਾਤ ਬ੍ਰਿਧਾ ) ਵਸਥਾ ਦੇ ਪਾਸੇ ਫੇਰ ਕੇ ਲੈ ਆਇਆ ਜਾਂਦਾ ਹੈ। ਕਿ ( ਸਭੇ ਕੁਝ ) ਜਾਣ ਬੁਝ ਕੇ ( ਅੰਤ ਨੂੰ ਸਤ੍ਰਾ ਬਹਤ੍ਰਾ ਹੋ ਕੇ ) ਕੁਝ ਭੀ ਨਹੀਂ ਜਾਣਦਾ ( ਬੁਝਦਾ ) ਅਰ ( ਹੇ ਸ੍ਰੋਤਾ ) ਤੂੰ ਪ੍ਰਿਥਵੀ ਨੂੰ ਵੇਖਦਾ ਹੈਂ ਕਿ ਬਿਨਾ ਹਿਲਣ ਜੁਲਣ ਦੇ ( ਪਈ ਹੋਈ ਹੈ ). ਫਿਰ ਜਦੋਂ ਅਸੀਂ ਉਸ ਉੱਤੇ ਬਰਖਾ ਕਰ ਦਿੰਦੇ ਹਾਂ ਤਾਂ ਵੁਹ ਹਰੀ ਭਰੀ ਤਥਾ ਉਭਾਰ ਵਿਚ ਆ ਜਾਂਦੀ ਹੈ ਅਰ ਹਰ ਪਰਕਾਰ ਦੀ ਸੋਹਣੀ ਅੰਗੂਰੀ ਉਗਾਉਂਦੀ ਹੈ ॥ ੫ ॥ ਇਹ ( ਸੰਪੂਰਨ ਸ਼ਕਤਵਾਨੀ ) ਇਸ ਬਾਰਤਾ ਦੀ ਦਲੀਲ ਹੈ ਕਿ ਅਲਾ ਸਚਾ ਹੈ ਅਰ (ਹੋਰ) ਏਸ ਦੀ ਕਿ ਵੁਹ ( ਪ੍ਰਲੈ ਦੇ ਦਿਨ ਫੇਰ ) ਮੁਰਦਿਆਂ ਨੂੰ ਸਰਜੀਤ ਕਰੇਗਾ ਅਰ ਏਸ ਦੀ ਕਿ ਵੁਹ ਸਰਬ ਵਸਤਾਂ ਉਤੇ ਕਾਦਰ ਹੈ ॥ ੬ ॥ ਅਰ ਏਸ ਦੀ ਕਿ ਪ੍ਰਲੈ ਜ਼ਰੂਰ ਆਉਣ ਵਾਲੀ ਹੈ ਓਸ ਵਿਚ ਕਿਸੇ ਤਰਹਾਂ ਦਾ ਭਰਮ ਨਹੀਂ ਅਰ ਏਸ ਦੀ ਕਿ ਜੋ ਲੋਕ ਕਬਰਾਂ ਵਿਚ ( ਡਿਗੇ ਪਏ ) ਹਨ ( ਪ੍ਰਲੈ ਦੇ ਦਿਨ ) ਅੱਲਾ ਓਹਨਾਂ ਨੂੰ ( ਫਿਰ ਸਰਜੀਤ ) ਕਰ ਲਵੇਗਾ ॥ ੭ ॥ ਅਰ ਲੋਕਾਂ ਵਿਚ ਕੋਈ ਕੋਈ ਐਸਾ ਭੀ ਹੈ ਜਿਸ ਨੂੰ ਨਾ ਤਾਂ ਕਿਸੇ ਪਰਕਾਰ ਦੀ ( ਆਪ ) ਵਿਦਜਾ ਹੈ ਅਰ ਨਾ ( ਓਸ ਦੇ ਪਾਸ ) ਕਿਸੇ ਪਰਕਾਰ ਦੀ ਸਿਛਾ ਅਰ ਨਾ ਕੋਈ ਪੁਸਤਕ ਜੋ ( ਓਸ ਨੂੰ ਸਚਾ ਮਾਰਗ ) ਦਿਖਾਵੇ ॥ ੮ ॥ ( ਅਰ ਅਜੇ ਭੀ ) ਆਕੜਿਆ ਹੋਇਆ ਖੁਦਾ ( ਦੇ ਪ੍ਰਕਰਣ ) ਵਿਚ ਝਗੜਦਾ ਹੈ ਤਾਂ ਕਿ ( ਲੋਕਾਂ ਨੂੰ ) ਖੁਦਾ ਦੇ ਮਾਰਗੋਂ ਬੇ ਮੁਖ ਕਰੇ। ਐਸੇ ( ਭੇੜੇ ) ਦੀ ( ਸਜਾ ) ਸੰਸਾਰ ਵਿਚ ( ਭੀ ) ਰੁਸਵਾਈ ਹੈ ਅਰ ਪ੍ਰਲੈ ਦੇ ਦਿਨ ( ਭੀ ) ਅਸੀਂ ਉਸ ਨੂੰ ਨਾਰਕੀ ਦੁਖਾਂ ( ਦਾ ਰਸ ) ਚਖਾਵਾਂਗੇ ॥ ੯ ॥ ( ਅਰ ਉਸ ਨੂੰ ਆਖਾਂਗੇ ਕਿ ) ਇਹ ਉਹ ( ਤੇਰਿਆਂ ਨਖਿਧ ਕਰਮਾਂ ) ਦੀ ਪ੍ਰਤਿਨਿਧੀ ਹੈ ਜੋ ਤੂੰ ਨੇ ਪ੍ਰਿਥਮ ਹੀ ਆਪਣੀ ਹਥੀਂ ( ਅੰਤ ਦੇ ਵਾਸਤੇ ਬਨਾ ਕੇ ) ਭੇਜੇ ਸਨ ਨਹੀਂ ਤੇ

Digitized by Panjab Digital Library | www.panjabdigilib.org

ਖੁਦਾ ਤਾਂ ( ਆਪਣਿਆਂ ) ਬੰਦਿਆਂ ਉਤੇ ਜਰਾ ਜ਼ੁਲਮ ਨਹੀਂ ਕਰਦਾ ॥ ੧੦॥ ਰੁਕੂਹ ੧ ॥

ਅਰ ਲੋਕਾਂ ਵਿਚ ਕੋਈ ਕੋਈ ਐਸਾ ਭੀ ਹੈ ਜੋ ਖੁਦਾ ਦੀ ਬੰਦਗੀ ( ਤਾਂ ) ਕਰਦਾ ਹੈ ( ਪਰੰਤੂ ) ਉਖੜ ਉਖੜ ਕੇ ਯਦੀ ਉਸ ਨੂੰ ਕੋਈ ਲਾਭ ਪਰਾਪਤ ਹੋ ਗਿਆ ਤਾਂ ਉਸ ਦੇ ਕਾਰਨ ਸ਼ਾਂਤ ਹੋ ਗਿਆ । ਅਰ ਯਦੀ ਉਸ ਉਤੇ ਕੋਈ ਵਿਪੱਤੀ ਆ ਪਰਾਪਤ ਹੋਈ ਤਾਂ ਜਿਧਰੋਂ ਆਇਆ ਸੀ ਓਧਰ ਨੂੰ ਹੀ ਲੋਟ ਗਿਆ ਏਸ ਨੇ ਇਹ ਲੋਕ ( ਭੀ ) ਬਿਗਾੜਿਆ ਅਤੇ ਪਰਲੋਕ (ਭੀ) ਪਰਤੱਛ ਘਾਟਾ ਈਹਾ ਹੀ ਹੈ ॥੧੧॥ ਖੁਦਾ ਤੋਂ ਸਿਵਾ ਉਨਹਾਂ ਵਸਤੂਆਂ ਨੂੰ ( ਆਪਣੀ ਹਾਜਤ ਰਵਾਈ ਦੇ ਵਾਸਤੇ ) ਬੁਲਾਉਂਦਾ ਹੈ । ਜੋ ਨਾ ਉਨਹਾਂ ਨੂੰ ਨੁਕਸਾਨ ਹੀ ਪਹੁੰਚਾ ਸਕਦੇ ਹਨ ਅਰ ਨਾ ਉਨਹਾਂ ਨੂੰ ਨਫਾ ਹੀ ਪਹੁੰਚਾ ਸਕਦੇ ਹਨ ਪਰਲੇ ਦਰਜੇ ਦੀ ਗੁਮਰਾਹੀ ਇਹੋ ਹੀ ਹੈ ॥ ੧੨ ॥ ਉਨਹਾਂ ਚੀਜਾਂ ਨੂੰ ( ਆਪਣੀ ਹਾਜਤ ਰਵਾਈ ਦੇ ਵਾਸਤੇ ) ਬੁਲਾਉਂਦਾ ਹੈ ਜਿਨਹਾਂ ਦੇ ਲਾਭ ਥੀਂ ਉਨਹਾਂ ਦਾ ਨੁਕਸਾਨ ਅਤੀ ਸਮੀਪ ਹੈ ਨਿਰਸੰਦੇਹ ਐਸਾ ਕਾਰਸਾਜ ਭੀ ਬੁਰਾ ਅਰ ਨਿਰਸੰਦੇਹ ਐਸਾ ਮਿੱਤਰੰ ਭੀ ਬੁਰਾ॥੧੩॥ ਜਿਨਹਾਂ ਲੋਕਾਂ ਨੇ ਈਮਾਨ ਧਾਰਿਆ ਅਰ ਉਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ ਨਿਰਸੰਦੇਹ ਓਹਨਾਂ ਨੂੰ ( ਅੰਤ ਦੇ ਦਿਨ ) ਅੱਲਾ ( ਸਵਰਗ ਦੇ ਐਸਿਆਂ ) ਬਾਗਾਂ ਵਿਚ ਲਿਜਾਇ ਇਸਥਿਤ ਕਰੇਗਾ ਜਿਨਹਾਂ ਦੇ ਨੀਚੇ ਨਦੀਆਂ ( ਪਈਆਂ ) ਲਹਿਰਾ ਰਹੀਆਂ ਹੋਣਗੀਆਂ । ਨਿਰਸੰਦੇਹ ਅੱਲਾ ਜੋ ਕੁਛ ਚਾਹੁੰਦਾ ਹੈ ਕਰ ਲੈਂਦਾ ਹੈ ॥ ੧੪ ॥ ਜੋ ਪੁਰਖ ( ਨਰਾਸਾ ਦੀ ਦਸ਼ਾ ਵਿਚ ਖੁਦਾ ਦੀ ਨਿਸਬਤ ਐਸਾ ਬੁਰਾ ) ਗੁਮਾਨ ਰਖਦਾ ਹੋਵੇ ਕਿ ਖੁਦਾ ਸੰਸਾਰ ਤਥਾ ਪਰਲੈ ਦੇ ਦਿਨ ਉਸ ਦੀ ਮਦਦ ਕਰੇਗਾ ਹੀ ਨਹੀਂ ਤਾਂ ਉਸ ਨੂੰ ਚਾਹੀਏ ਕਿ ਉਪਰ ਦੇ ਪਾਸੇ ਨੂੰ ਇਕ ਰਸਾ ਬੰਨੇ ( ਅਰ ਆਪਣੇ ਗਲ ਵਿਚ ਫਾਂਸੀ ਲਗਾ ਲਵੇ ਅਰ ) ਫੇਰ ( ਪ੍ਰਿਥਵੀ ਨਾਲ ਆਪਣਾ ਸੰਬੰਧ ) ਤੋੜ ਲਵੇ । ਫਿਰ ਵੇਖੇ ਕਿ ਆਯਾ ਉਸ ਦੀ ( ਏਸ ) ਤਦਬੀਰ ਨਾਲ ( ਉਸ ਦੀ ) ਉਹ ਸ਼ਿਕਾਇਤ ਜਿਸ ਦੇ ਕਾਰਣ ਨਾ ਪਰਸਿੰਨ ਸੀ ਦੂਰ ਹੋਈ ਕਿੰਬਾ ਨਹੀਂ ॥ ੧੫ ॥ ਅਰ ( ਜੈਸਾ ਕਿ ਇਹ ਕੁਰਾਨ ਹੈ ) ਐਸਾ ਹੀ ਅਸਾਂ ਨੇ ਏਸ ਨੂੰ ਉਤਾਰਿਆ ਹੈ ਕਿ ( ਏਸ ਵਿਚ ) ਖੁਲਮਖੁਲੀਆਂ ਯੁਕਤੀਆਂ ( ਹਨ ) । ਅਰ ਏਸ ਵਾਸਤੇ ( ਉਤਾਰਿਆ ਹੈ ) ਕਿ ਖੁਦਾ ਜਿਸ ਨੂੰ ਚਾਹੇ ( ਏਸ ਦੇ ਦਵਾਰਾ ) ਸਿਖਿਆ ਦੇਵੇ ॥ ੧੬ ॥

ਜੋ ਲੋਕ ਈਮਾਨ ਧਾਰ ਬੈਠੇ ਹਨ ( ਅਰਥਾਤ ਮੁਸਲਮਾਨ ) ਅਰ ਜੋ ਯਹੂਦੀ ਤਥਾ ਸਾਬੀ ਹਨ ਅਰ ਨਸਾਰਾ ਅਰ ਮਜੂਸ ( ਅਰਥਾਤ

Digitized by Panjab Digital Library | www.panjabdigilib.org

ਅਗਨੀ ਪੂਜਕ ) ਅਰ ਭੇਦ ਵਾਦੀ ਪਰਲੈ ਦੇ ਦਿਨ ਏਹਨਾਂ ( ਸਾਰਿਆਂ ) ਦੇ ਮਧ ਵਿਚ ਅੱਲਾ ( ਏਹਨਾਂ ਦੇ ਵਿਭੇਦਾਂ ਦਾ ) ਫੈਸਲਾ ਕਰ ਦੇਵੇਗਾ। ( ਅਰ ) ਅੱਲਾ ( ਲੋਕਾਂ ਦੀਆਂ ) ਸਾਰੀਆਂ ਗਲਾਂ ਵੇਖ ਰਹਿਆ ਹੈ ॥ ੧੭ ॥ ( ਐ ਮੁਖਾਤਿਬ ) ਕੀ ਤੂਨੇ ( ਏਸ ਬਾਰਤਾ ਉਤੇ ) ਦ੍ਰਿਸ਼ਟੀ ਨਹੀਂ ਦਿਤੀ ਕਿ ਜੋ ( ਸ੍ਰਿਸ਼ਟੀ ) ਆਕਾਸ਼ਾਂ ਵਿਚ ਹੈ ਅਰ ਜੋ ( ਸ੍ਰਿਸ਼ਟੀ ) ਪ੍ਰਿਥਵੀ ਉਤੇ ਹੈ ਅਰ ਸੂਰਜ ਤਥਾ ਚੰਦ੍ਰ ਅਰ ਨਛਤ੍ਰ ਗਣ ਅਰ ਪਰਬਤ ਅਰ ਬ੍ਰਿਛ ਅਰ ਚਤੁਸ਼ਪਾਦੀ ( ਸਾਰੇ ਹੀ ਤਾਂ ) ਖੁਦਾ ਦੇ ਅਗੇ ਝੁਕੇ ਹੋਇ ਹਨ। ਅਰ ਬਹੁਤ ਸਾਰੇ ਆਦਮੀ ( ਭੀ ) ਅਰ ( ਆਦਮੀਆਂ ਵਿਚ ) ਪ੍ਰਾਯਾ ( ਐਸੇ ਭੀ ) ਹਨ ਜਿਨਹਾਂ ਉੱਤੇ ( ਨਾ ਫਰਮਾਨੀ ਦੇ ਕਾਰਨ ) ਕਸ਼ਟ ( ਆਉਣਾ ) ਦ੍ਰਿੜ ਹੋ ਗਿਆ ਹੈ। ਅਰ ਜਿਸ ਨੂੰ ਖੁਦਾ ਜ਼ਲੀਲ ਕਰੇ ਤਾਂ ( ਫੇਰ ) ਕੋਈ ਓਸ ਦਾ ਇਜ਼ਤ ਦੇਨ ਵਾਲਾ ਨਹੀਂ ਖੁਦਾ ਹੀ ਜੋ ਚਾਹੁੰਦਾ ਹੈ ਕਰ ਲੈਂਦਾ ਹੈ ॥ ੧੮ ॥ ( ਸੰਸਾਰ ਵਿਚ ) ਇਹ ਦੋ ( ਜਥੇ ) ਇਕ ਦੂਸਰੇ ਦੇ ਮੁਖਾਲਿਫ ( ਹਨ ਅਰ ) ਆਪਸ ਵਿਚ ਆਪਣੇ ਪਰਵਰ-ਦਿਗਾਰ ਦੇ ਬਾਰੇ ਵਿਚ ਝਗੜਦੇ ਹਨ ( ਇਕ ਜਥਾ ਖੁਦਾ ਨੂੰ ਮੰਨਦਾ ਹੈ ਦੂਸਰਾ ਨਹੀਂ ਮੰਨਦਾ ) ਤਾਂ ਜੋ ਲੋਗ ( ਖੁਦਾ ਨੂੰ ) ਨਹੀਂ ਮੰਨਦੇ ਓਹਨਾਂ ਵਾਸਤੇ ਅਗਨੀ ਦੇ ਬਸਤਰ ਨਿਰਮਾਣ ਕੀਤੇ ਗਏ ਹਨ। ( ਅਰ ਵੋਹ, ਓਹਨਾਂ ਨੂੰ ਨਰਕ ਵਿਚ ਪਹਿਰਾਏ ਜਾਣਗੇ। ਅਰ ) ਉਹਨਾਂ ਦੇ ਸਿਰਾਂ ਉਤੇ ਸੰਤਪਤ ਜਲ ਪਾਇਆ ਜਾਵੇਗਾ ॥ ੧੯ ॥ ਜਿਸ ( ਦੀ ਉਸ਼ਨਤਾਈ ) ਨਾਲ ਜੋ ਕੁਛ ਓਹਨਾਂ ਦੇ ਪੇਟ ਵਿਚ ਹੈ ( ਅਰਥਾਤ ਆਂਦਰਾਂ ਆਦਿਕ ) ਅਰ ਤ੍ਵਚਾ (ਖਲੜੀਆਂ ਸੰਪੂਰਣ) ਗਲ ਜਾਣਗੀਆਂ ॥ ੨੦ ॥ ਅਰ ਓਹਨਾਂ ਦੇ ( ਮਾਰਨ ਵਾਸਤੇ ) ਲੋਹੇ ਦੇ ਗੁਰਜ ਹੋਣਗੇ ( ਜਿਨਹਾਂ ਨਾਲ ਓਹਨਾਂ ਦੀ ਖੂਬ ਖੰਬ ਠੱਪੀ ਜਾਵੇਗੀ ) ॥ ੨੧ ॥ ( ਅਰ ਨਰਕਾਂ ਦੇ ਅੰਦਰ ) ਘੁਟਿਆ ਘੁਟਿਆ ਜਦੋਂ ( ੨ ਓਹਨਾਂ ਦਾ ਚਿਤ ਘਬਰਾਵੇਗਾ ਅਰ ) ਉਸ ਦੇ ਵਿਚੋਂ ਨਿਕਲਣ ਦੀ ਇਛਾ ਕਰਨਗੇ ਤਾਂ ਓਸੇ ਵਿਚ ਫਿਰ ਧਕੇਲ ਦਿਤੇ ਜਾਣਗੇ। ਅਰ ( ਓਹਨਾਂ ਨੂੰ ਆਗਿਆ ਦਿਤੀ ਜਾਵੇਗੀ ਕਿ ਅਗ ਵਿਚ ) ਸੜਨ ਦੇ ਕਸ਼ਟ ( ਦਾ ਸਵਾਦ ਪਏ ) ਚਖਿਆ ਕਰੋ ॥ ੨੨ ॥ ਰੁਕੂਹ ੨ ॥

ਜੋ ਲੋਕ ਈਮਾਨ ਧਰ ਬੈਠੇ ਅਰ ਓਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ ਅੱਲਾ ਓਹਨਾਂ ਨੂੰ ( ਸਵਰਗ ਦਿਆਂ ਐਸਿਆਂ ) ਬਾਗਾਂ ਵਿਚ ( ਲੈ ਜਾ ਕੇ ) ਪਰਾਪਤ ਕਰੇਗਾ। ਜਿਨਹਾਂ ਦੇ ਹੇਠਾਂ ਨਦੀਆਂ ( ਪਈਆਂ) ਲਹਿਰਾ ਰਹੀਆਂ ਹੋਵਣਗੀਆਂ। ( ਅਰ ) ਓਥੇ ਓਹਨਾਂ ਨੂੰ ਸਵਰਣ ਦੇ ਕੰਗਣ ਪਹਿਰਾਏ ਜਾਵਣਗੇ ਅਰ ( ਹਾਰਾਦਿਕ ਦੀ ਸੂਰਤ ਵਿਚ ) ਮੋਤੀ

Digitized by Panjab Digital Library | www.panjabdigilib.org

ਅਰ ਓਥੇ ਓਹਨਾਂ ਦਾ ( ਮਾਮੂਲੀ ) ਲਿਬਾਸ ( ਭੀ ) ਪਟੰਬਰੀ ਹੋਵਣਗੇ ॥ ੨੩ ॥ ਅਰ ( ਇਹ ਸੰਪੂਰਣ ਅਸਾਇਸ਼ਾਂ ਓਹਨਾਂ ਨੂੰ ਏਸ ਵਾਸਤੇ ਮਿਲਣਗੀਆਂ ਕਿ ਸੰਸਾਰ ਵਿਚ ) ਓਹਨਾਂ ਨੂੰ ਸ਼ੁਭ ਬਾਰਤਾ ( ਅਰਥਾਤ ਪਵਿਤ੍ਰ ਕਲਮਾਂ ਦੇ ਨਿਸਚਾ ) ਦੀ ਸਿਛਾ ਦਿਤੀ ਗਈ ਸੀ । ਅਰ ਓਹਨਾਂ ਨੂੰ ਓਸੇ ( ਖ਼ੁਦਾ ) ਦਾ ਮਾਰਗ ਦਿਖਾਇਆ ਗਿਆ ਸੀ ਜੋ ਉਸਤਤੀ ਯੋਗ ਹੈ ॥ ੨੪ ॥ ਜੋ ਲੋਕ ਕੁਫ਼ਰ ਕਰਦੇ ਅਰ ( ਲੋਕਾਂ ਨੂੰ ) ਖ਼ੁਦਾ ਦੇ ਮਾਰਗੋਂ ਰੋਕਦੇ ਅਰ ਹਰਾਮ ਮਸਜਿਦ ( ਵਿਚ ਜਾਣ ) ਤੋਂ ( ਹਟਾਉਂਦੇ ) ਜਿਸ ਨੂੰ ਅਸਾਂ ਨੇ ਇਕੋ ਜੈਸਾ ( ਬਿਨ ਵੇਰਵਾ ਸੰਪੂਰਣ ) ਆਦਮੀਆਂ ਦੇ ਵਾਸਤੇ ( ਹਰਦਵਾਰ ) ਨਿਯਤ ਕੀਤਾ ਹੈ । ਓਥੋਂ ਦੇ ਰਹਿਣ ਵਾਲੇ ਹੋਵਣ ਕਿੰਬਾ ਬਾਹਿਰ ਦੇ ( ਏਹਨਾਂ ਰੋਕਣ ਵਾਲਿਆਂ ਨੂੰ ) ਅਰ ਓਹਨਾਂ ਨੂੰ ਜੋ ਹਰਾਮ ਮਸਜਿਦ ਵਿਚ ਸ਼ਰਾਰਤ ( ਦਵਾਰਾ ) ਕੁਫ਼ਰ ਕਰਨ ਦੀ ਇਛਾ ਕਰਨ ਅਸੀਂ ( ਪ੍ਰਲੈ ਨੂੰ ) ਭਿਆਨਕ ਕਸ਼ਟ ( ਦਾ ਰਸ ) ਚਖਾਵਾਂਗੇ ॥ ੨੫ ॥ ਰੁਕੂਹ ੩ ॥

ਅਰ (ਹੇ ਪੈਯੰਬਰ ਵੁਹ ਸਮਾ ਯਾਦ ਕਰੋ) ਜਦੋਂ ਅਸਾਂ ਨੇ ਇਬਰਾ-ਹੀਮ ਵਾਸਤੇ ਖਾਨੇ ਕਾਬੇ ਦਾ ਅਸਥਾਨ ਨਿਯਤ ਕਰ ਦਿਤਾ । ( ਅਰ ਹੁਕਮ ਦਿਤਾ ) ਕਿ ਸਾਡੇ ਨਾਲ ਕਿਸੇ ਵਸਤ ਨੂੰ ਸ਼ਰੀਕ ( ਖ਼ੁਦਾਈ ) ਨਾ ਕਰਨਾ ਅਰ ਸਾਡੇ ( ਏਸ ) ਘਰ ਨੂੰ ਪ੍ਰਕਰਮਾਂ ਕਰਨ ਵਾਲਿਆਂ ਅਰ ਕਯਾਮ ਅਰ ਰੁਕੂਹ ( ਅਰ ) ਸਜਦਾ ਕਰਨ ਵਾਲਿਆਂ ( ਅਰਥਾਤ ਨਮਾਜ਼ੀਆਂ ) ਵਾਸਤੇ ਸੁਧ ਪਵਿਤ੍ਰ ਰਖਣਾ ॥ ੨੬ ॥ ਅਰ ਲੋਕਾਂ ਵਿਚ ਹਜ ਦੇ ਵਾਸਤੇ ਪਕਾਰ ਦੇਵੋ ਕਿ ਲੋਕ ਤੁਸਾਂ ਦੇ ਵਲ ( ਭਜੇ ਤੁਰੇ ) ਆਉਣਗੇ । ( ਏਹਨਾਂ ਵਿਚ ਕੁਝਕ ਤਾਂ ) ਪਦ ਚਾਰੀ ਅਰ ਕਈਕੁ ਹਰ ( ਪਰਕਾਰ ਦੀਆਂ ਲਮੇਰੀਆਂ ) ਸਵਾਰੀਆਂ ਉਤੇ ਜੋ ਸੰਪੂਰਣ ਮਾਰਗ ਦਵਾਰਾ ਦੂਰ ( ਦੁਰਾ-ਡੀਆਂ ) ਆਈਆਂ ਹੋਵਣਗੀਆਂ । ( ਸਵਾਰ ਹੋਏ ਹੋਏ ਹੋਵਣਗੇ ) ॥ ੨੭ ॥ ਅਰ ( ਏਸ ਯਾਤ੍ਰਾ ਤੋਂ ਓਹਨਾਂ ਦਾ ਇਹ ਅਭਿਪ੍ਰਾਯ ਹੋਵੇਗਾ ) ਕਿ ਆਪਣਿਆਂ ਫ਼ਾਇਦਿਆਂ ( ਅਰਥਾਤ ਵਯਾਪਾਰ ) ਵਾਸਤੇ ( ਭੀ ਸਮੇਂ ਸਿਰ ) ਆ ਪਰਾਪਤ ਹੋਵਣ । ਅਰ ( ਹੋਰ ) ਖ਼ੁਦਾ ਨੇ ਜੋ ਚਤੁਸ਼ਪਾਦੀ ਪਸ਼ੂ ਓਹਨਾਂ ਨੂੰ ਦਿਤੇ ਹਨ ( ਓਹਨਾਂ ) ਨਿਯਤ ਸਮਿਆਂ ਵਿਚ ( ਓਹਨਾਂ ਦੀ ਕੁਰਬਾਨੀ ਕਰਨ ਦੇ ਵੇਲੇ ) ਓਹਨਾਂ ਉਤੇ ਖ਼ੁਦਾ ਦਾ ਨਾਮ ਲੈਣ ਤਾ ( ਲੋਕੋ ) ਕੁਰਬਾਨੀ ( ਦੇ ਮਾਸ ਵਿਚੋਂ ) ( ਤੁਸੀਂ ਆਪ ਭੀ ) ਛਕੋ ਛਕਾਓ ਅਰ ਦੁਖੀਏ ਗਰੀਬ ਨੂੰ ( ਭੀ ) ਛਕਾਓ ॥ ੨੮ ॥ ਫੇਰ ( ਲੋਕਾਂ ਨੂੰ ) ਚਾਹੀਦਾ ਹੈ ਕਿ ( ਕੁਰਬਾਨੀ ਦੇ ਪਿਛੋਂ ) ਆਪਣੀ ਮੈਲ ਕੁਚੈਲ ( ਜੋ ਅਹਿਰਾਮ

Digitized by Panjab Digital Library | www.panjabdigilib.org

ਦਿਆਂ ਦਿਨਾਂ ਵਿਚ ਸਰੀਰ ਉਤੇ ਜਮ ਗਿਆ ਸੀ ) ਉਤਾਰ ਦੇਵੇ। ਅਰ ਆਪਣੀਆਂ ਸੁਖਣਾ ਪੂਰੀਆਂ ਕਰ ਦੇਵੇ। ਅਰ ( ਹਰੀ ਦਵਾਰ ) ਪਰਾਚੀਨ ( ਅਰਥਾਤ ) ਖਾਨਾ ( ਕਾਬੇ ) ਦੀ ਪਰਦਖਣਾ ( ਭੀ ) ਕਰਨ ॥ ੨੯ ॥ (ਇਕ ਤਾਂ ) ਇਹ ( ਗਲ ) ( ਹੋਈ ) ( ਦੂਜੀ ਇਹ ਗਲ ) ਕਿ ਜੋ ਪੁਰਖ ਖੁਦਾ ਦੀਆਂ ( ਨਿਯਤ ਕੀਤੀਆਂ ਹੋਈਆਂ ਸੰਪੂਰਨ ) ਅਦਬ ਦੇ ਯੋਗ ਵਸਤੂਆਂ ਦਾ ਮਾਨ ਕਰੇ ਤਾਂ ਇਹ ਉਸ ਦੇ ਪਰਵਰਦਿਗਾਰ ਦੇ ਦਰਬਾਰ ਵਿਚ ਉਸ ਦੇ ਵਾਸਤੇ ਭਲਾਈ ਦਾ ਕਾਰਨ ਹੈ। ਅਰ ( ਮੁਸਲਮਾਨੋ ) ਓਹਨਾਂ ਵਸਤਾਂ ਤੋਂ ਸਵਾ ਜੋ ਤੁਹਾਨੂੰ(ਕੁਰਾਨ ਵਿਚੋਂ) ਪੜ੍ਹਕੇ ਸੁਣੀਆਂ ਜਾਂਦੀਆਂ ਹਨ ( ਅਰਥਾਤ ਸੂਅਰ ਮੁਰਦਾਰ ਆਦਿ ਬਾਕੀ ) ਸੰਪੂਰਨ ਚਤੁਸ਼ਪਾਦੀ ਤੁਸਾਂ ਵਾਸਤੇ ਹਲਾਲ ਹੈ। ਅਰ ( ਅਸਲ ਦੀਨ ਦਾਰੀ ਤਾਂ ਇਹ ਹੈ ) ਕਿ ਬੁਤਾਂ ( ਦੀ ਪੂਜਾ ) ਰੂਪੀ ਮੈਲ ਪਾਸੋਂ ਬਚਦੇ ਰਹੋ । ਅਰ ( ਹੋਰ ) ਕੂੜ ਸੰਭਾਖਣ ਤੋਂ ਬਚਦੇ ਰਹੋ ॥ ੩੦ ॥ ਇਕ ਅੱਲਾ ਦੇ ( ਹੀ ਬਣੇ ਰਹੋ ) ਉਸ ਦੇ ਨਾਲ ( ਕਿਸੇ ਨੂੰ ) ਸ਼ਰੀਕ ਨਾ ਕਰੋ। ਅਰ ਜੋ ( ਕਿਸੇ ਨੂੰ ) ਖੁਦਾ ਦਾ ਸ਼ਰੀਕ ਨਿਯਤ ਕਰੇ ਤਾਂ ( ਉਸ ਦਾ ਹਾਲ ਐਸਾ ਹੈ ਕਿ ਜੈਸੇ ਵੁਹ ਆਸਮਾਨ ਵਿਚੋਂ ਡਿਗ ਪਿਆ ਫੇਰ ਉਸ ਨੂੰ (ਜਾਂ ਤਾਂ ਰਾਹ ਵਿਚੋਂ ਸ਼ਕਾਰੀ)ਪੰਛੀ(ਚੋਂਚ ਮਾਰ ਕੇ)ਲੈ ਜਾਵਣਗੇ ਕਿੰਬਾ ਉਸਨੂੰ ਵਾਯੂ ਕਿਸੇ ਦੂਰ ਅਸਥਾਨ ਵਿਚ ਲੈਜਾ ਕੇ ਸੁਟ ਦੇਵੇਗੀ ॥ ੩੧ ॥ (ਇਕ ਤਾਂ ਇਹ ( ਗਲ ) ਹੋਈ ( ਦੂਸਰੀ ਇਹ ਕਿ ) ਜੋ ਪੁਰਖ ਓਹਨਾਂ ਵਸਤੂਆਂ ਦਾ ਅਦਬ ਕਰੇਗਾ ਜੋ ਖੁਦਾ ਦੇ ਨਾਮ ਨਾਲ ਪਰਗਟ ਕੀਤੀਆਂ ਗਈਆਂ ਹਨ। ( ਯਥਾ ਦ੍ਰਿਸ਼ਟਾਂਤ ਹਜ ਦੀ ਕੁਰਬਾਨੀ ) ਤਾਂ ਇਹ ਦਿਲਾਂ ਦੀ ਪਰਹੇਜ਼ਗਾਰੀ ਵਿਚ ( ਦਾਖਿਲ ) ਹੈ ॥ ੩੨ ॥ ਇਨਹਾਂ (ਚਤੁਸ਼-ਪਾਦੀਆਂ ) ਵਿਚ ਇਕ ਖਾਸ ਸਮੇਂ ਤਕ ਤੁਸਾਂ ਲੋਕਾਂ ( ਵਾਸਤੇ ) ਫਾਇਦੇ ਹਨ ਫੇਰ ( ਜਦੋਂ ਤੁਸਾਂ ਨੇ ਓਹਨਾਂ ਨੂੰ ਕੁਰਬਾਨੀ ਵਾਸਤੇ ਪਰਗਟ ਕਰ ਦਿਤਾ ਤਾਂ ਹਰਦਵਾਰ ) ਪ੍ਰਾਚੀਨ ( ਅਰਥਾਤ ) ਖਾਨੇ ( ਕਾਬੇ ) ਦੇ ਪਾਸ ( ਜਾ ਕੇ ) ਓਹਨਾਂ ਨੂੰ ਹਲਾਲ ਹੋਣਾ ਚਾਹੀਦਾ ਹੈ ॥ ੩੩ ॥ ਰੁਕੂਹ ੪ ॥

ਅਰ ਹਰ ਇਕ ਉਮਤ ਦੇ ਵਾਸਤੇ ਅਸਾਂ ਨੇ ਕੁਰਬਾਨੀ ਨਿਯਤ ਕੀਤੀ ਸੀ ਤਾ ਕਿ ਖੁਦਾ ਨੇ ਜੋ ਓਹਨਾਂ ਨੂੰ ਚਤੁਸ਼ਪਾਦੀ ਪਸ਼ੂ ਦੇ ਰਖੇ ਹਨ ( ਕੁਰਬਾਨੀ ਕਰਨ ਦੇ ਵੇਲੇ ) ਓਹਨਾਂ ਉਤੇ ਖੁਦਾ ਦਾ ਨਾਮ ਲੈਣ ਸੋ ( ਲੋਕੋ ) ਤੁਸਾਂ ਸਾਰਿਆਂ ਦਾ ਖੁਦਾ ( ਵਹੀ ) ਇਕੇਲਾ ਖੁਦਾ ਹੈ, ਤਾਂ ਓਸੇ ਦੇ ਫਰਮਾ ਬਰਦਾਰ ਬਣੋ। ਅਰ ( ਹੇ ਪੈਗੰਬਰ ) ਦੀਨਤਾ ਕਰਨ ਵਾਲਿਆਂ ਪੁਰਖਾਂ ਨੂੰ ( ਸਵਰਗ ਦੀ ) ਖੁਸ਼ਖਬਰੀ ਸੁਣਾ ਦੇਵੋ ॥ ੩੪ ॥

Digitized by Panjab Digital Library | www.panjabdigilib.org

( ਜੋ ) ਐਸੇ ( ਨੇਕ ਹਨ ) ਕਿ ਜਦੋਂ ਖ਼ੁਦਾ ਦਾ ਨਾਮ ਲੀਤਾ ਜਾਂਦਾ ਹੈ ਓਹਨਾਂ ਦੇ ਦਿਲ ਕੰਬ ਉਠਦੇ ਹਨ ਅਰ ਜੋ ਮੁਸੀਬਤ ਉਨਹਾਂ ਉਤੇ ਆ ਪਵੇ ਓਸ ਉਤੇ ਸਬਰ ਕਰਦੇ ਅਰ ਨਮਾਜ਼ਾਂ ਪੜ੍ਹਦੇ ਅਰ ਜੋ ਅਸਾਂ ਨੇ ਓਹਨਾਂ ਨੂੰ ਦੇ ਰਖਿਆ ਹੈ ਉਸ ਵਿਚੋਂ ( ਖ਼ੁਦਾ ਦੇ ਪਾਸੇ ਵਿਚ ) ਖਰਚ ਕਰਦੇ ਹਨ ॥ ੩੫ ॥ ਅਰ (ਮੁਸਲਮਾਨੋ ! ) ਅਸਾਂ ਨੇ ਤੁਸਾਂ ਵਾਸਤੇ ਕੁਰਬਾਨੀ ਦੇ ਊਠ ਨੂੰ ( ਭੀ ) ਓਹਨਾਂ ( ਅਦਬ ਵਾਲੀਆਂ ) ਵਸਤੂਆਂ ਵਿਚੋਂ ਨਿਯਤ ਕੀਤਾ ਹੈ। ਜੋ ੍ਦਾ ਦੇ ਨਾਲ ਨਾਮਜ਼ਦ ਕੀਤੀਆਂ ਜਾਂਦੀਆਂ ਹਨ ਓਹਨਾਂ ਵਿਚ ਤੁਸਾਂ ਵਾਸਤੇ ( ਕਈਕ ) ਫਾਇਦੇ ਹਨ ਤਾਂ ( ਏਹਨਾਂ ਫਾਇਦਿਆਂ ਦੇ ਧੰਨਜਵਾਦ ਵਿਚ ਖ਼ੁਦਾ ਦੇ ਨਾਮ ਕੁਰਬਾਨੀ ਕਰਦਿਆਂ ਸਮੇਂ) ਉਸ ਨੂੰ ਖੜਾ ਰਖ ਕੇ (ਜ਼ਬਾ ਕਰੋ ਅਰ ਜ਼ਬਾ ਕਰਦੇ ਸਮੇਂ ) ਓਹਨਾਂ ਉਤੇ ਖ਼ੁਦਾ ਦਾ ਨਾਮ ਲਓ ਫੇਰ ਜਦੋਂ ਉਹ ਕਿਸੇ ਪਾਸੇ ਡਿਗ ਪਵਨ ( ਅਰ ਠੰਢੇ ਹੋ ਜਾਵਨ ) ਤਾਂ ਓਹਨਾਂ ਵਿਚੋਂ ( ਆਪ ਭੀ ) ਖਾਓ ਅਰ ਸੰਤੋਖੀ ਅਰ ਮੰਗਤਾਂ ਨੂੰ ( ਸੰਪੂਰਨ ਮੁਹਤਾਜਾਂ ) ਨੂੰ ਛਕਾਓ। ਅਸਾਂ ਨੇ ਇਸ ਤਰਹਾਂ ਇਹਨਾਂ ( ਜੀਵਾਂ ) ਨੂੰ ਤੁਸਾਂ ਦੇ ਵਸ ਵਿਚ ਕਰ ਦਿਤਾ ਹੈ ਤਾ ਕਿ ਤੁਸੀਂ ( ਸਾਡਾ ) ਧੰਨਜਵਾਦ ਕਰੋ ॥ ੩੬ ॥ ਖ਼ੁਦਾ ਤਕ ਨਾ ਤਾਂ ਏਹਨਾਂ ਦੇ ਮਾਸ ਹੀ ਪਰਾਪਤ ਹੁੰਦੇ ਹਨ ਅਰ ਨਾ ਓਹਨਾਂ ਦੇ ਖ਼ੂਨ ( ਲਹੂ )। ਪ੍ਰਤਯੁਤ ਓਸ ਤਕ ਤੁਸਾਂ ਦੀ ਪਰਹੇਜ਼ਗਾਰੀ ( ਸੰਜਮਤਾਈ ) ਪਰਾਪਤ ਹੁੰਦੀ ਹੈ ਖ਼ੁਦਾ ਨੇ ਏਹਨਾਂ ਨੂੰ ਇਸ ਤਰਹਾਂ ਤੁਸਾਂ ਦੇ ਵਸ ਵਿਚ ਕਰ ਦਿਤਾ ਹੈ ਤਾ ਕਿ ਉਸ ਨੇ ਜੋ ਤੁਸਾਂ ਨੂੰ ( ਦੀਨ ਦਾ ) ਰਸਤਾ ਦਿਖਾ ਦਿਤਾ ਹੈ। ਤਾਂ ( ਉਸ ਦੇ ) ਇਸ (ਉਪਕਾਰ ਦੀ ) ਪ੍ਰਤੀ ਨਿਧੀ ਵਿਚ ਓਸ ਦੀਆਂ ਉਸਤੁਤੀਆਂ ਕਰੋ ਅਰ ( ਹੇ ਪੈਗੰਬਰ ਸਤਚਿਤ ਨਾਲ ) ਸ਼ੁਭ ਕਰਮ ਕਰਨ ਵਾਲਿਆਂ ਨੂੰ ( ਸਵਰਗ ) ਦੀ ਖੁਸ਼ਖਬਰੀ ਸੁਣਾ ਦੇਵੇ ॥ ੩੭ ॥ ਖ਼ੁਦਾ ਮੁਸਲਮਾਨਾਂ ( ਦੇ ਦੁਸ਼ਮਨ ਨੂੰ ਓਹਨਾਂ ) ਪਾਸੋਂ ਹਟਾਉਂਦਾ ਰਹਿੰਦਾ ਹੈ। ਨਿਰਸੰਦੇਹ ਅੱਲਾ ਕਿਸੇ ਪਖੰਡੀ ਕ੍ਰਿਤਘਨ ਨੂੰ ਪਸੰਦ ਨਹੀਂ ਕਰਦਾ ॥ ੩੮ ॥ ਰੁਕੂਹ ੫ ॥

ਜਿਨਹਾਂ ( ਮੁਸਲਮਾਨਾਂ ) ਨਾਲ ( ਕਾਫਰ ) ਜੰਗ ਯੁਧ ਕਰਦੇ ਹਨ ( ਹੁਣ ) ਓਹਨਾਂ ਨੂੰ ( ਭੀ ਓਹਨਾਂ ਕਾਫਰਾਂ ਨਾਲ ਜੰਗ ਯੁਧ ਕਰਨ ਦੀ ) ਆਗਿਆ ਹੈ ਏਸ ਵਾਸਤੇ ਕਿ ਓਹਨਾਂ ਉਤੇ ਜ਼ੁਲਮ ਹੋ ਰਿਹਾ ਹੈ ਅਰ ਨਿਰਸੰਦੇਹ ਕੋਈ ਭਰਮ ਨਹੀਂ ਕਿ ਅੱਲਾ ਓਹਨਾਂ ਦੀ ਮਦਦ ਕਰਨ ਉਤੇ ਸ਼ਕਤੀਮਾਨ ਹੈ ॥ ੩੯ ॥

( ਇਹ ਵੋਹ ਮਜ਼ਲੂਮ ਲੋਕ ਹਨ ) ਜੋ ( ਬਿਚਾਰੇ ) ਕੇਵਲ ਏਤਨੀ ਬਾਰਤਾ ਦੇ ਕਹਿਣ ਕਰਕੇ ਕਿ ਸਾਡਾ ਪਰਵਰਦਿਗਾਰ ਅੱਲਾ ਹੈ

Digitized by Panjab Digital Library | www.panjabdigilib.org

ਬੇਦੋਖ (ਅਯੋਗ) ਆਪਣਿਆਂ ਘਰਾਂ ਤੋਂ ਨਿਕਾਲ ਦਿਤੇ ਜਾਏ ਅਰ ਯਦੀ ਅੱਲਾ ਲੋਕਾਂ ਨੂੰ ਇਕ ਦੂਸਰੇ (ਦੇ ਹਥੋਂ) ਨਾਂ ਹਟਾਉਂਦਾ ਰਹਿੰਦਾ ਤਾਂ ( ਨਸਾਰਾ ਦੇ ) ਸੋਮੇਂ ਅਰ ਗਿਰਜੇ ਅਰ ( ਯਹੂਦੀਆਂ ਦੇ ) ਇਬਾਦਤਖਾਨੇ ( ਧਰਮ-ਸ਼ਾਲਾਏਂ ) ਅਰ ( ਮੁਸਲਮਾਨਾਂ ਦੀਆਂ ) ਮਸੀਤਾਂ ਜਿਨਹਾਂ ਵਿਚ ਪ੍ਰਾਯਾ ਖੁਦਾ ਦਾ ਨਾਮ ਲੀਤਾ ਜਾਂਦਾ ਹੈ ਕਦੋ ਦੇ ਢਾ ਕੇ ਢੇਰੀ ਕਰ ਦਿਤੇ ਗਏ ਹੁੰਦੇ ॥

ਅਰ ਜੋ ਅੱਲਾ ਦੀ ਮਦਦ ਕਰੇਗਾ ਅੱਲਾ ( ਭੀ ) ਅਵਸ਼ ਉਸ ਦੀ ਮਦਦ ਕਰੇਗਾ ਨਿਰਸੰਦੇਹ (ਨਿਰਭ੍ਰਮ) ਕਿ ਅੱਲਾ ਬਲਵਾਨ (ਅਰ ਸੰਪੂਰਨਾਂ) ਉਤੇ ਸ਼ਕਤੀਮਾਨ ਹੈ ॥ ੪੦ ॥ ਇਹ ਲੋਕ ( ਅਰਥਾਤ ਸ਼ੁਰੂ ੨ ਦੇ ਮੁਸਲ-ਮਾਨ ਹਨ ਤਾਂ ਮਜ਼ਲੂਮ ਪਰੰਤੂ ) ਯਦੀ ਅਸੀਂ ਪ੍ਰਿਥਵੀ ਵਿਚ ਏਹਨਾਂ ਦੇ ਪੈਰ ਜਮਾ ਦੇਈਏ ਤਾਂ ( ਚੰਗੇ ਹੀ ਚੰਗੇ ਕੰਮ ਕਰਨਗੇ ਅਰਥਾਤ ) ਨਮਾਜ਼ਾਂ ਪੜਨਗੇ ਅਰ ਜ਼ਕਾਤਾਂ ਦੇਣਗੇ ਅਰ ( ਲੋਕਾਂ ਨੂੰ ) ਚੰਗਿਆਂ ਕੰਮਾਂ ਵਾਸਤੇ ਕਹਿਣਗੇ ਅਰ ਬੁਰਿਆਂ ਕੰਮਾਂ ਤੋਂ ਮਨਾ ਕਰਨਗੇ ਅਰ ਸੰਪੂਰਨ ਵਸਤੂਆਂ ਦਾ ਅੰਤ ਤਾਂ ਖੁਦਾ ਦੇ ਹੀ ਹਥ ਵਿਚ ਹੈ ॥ ੪੧ ॥ ਅਰ ( ਹੇ ਪੈਯੰ-ਬਰ ) ਯਦੀ ( ਇਹ ਕਾਫਰ ) ਤੁਸਾਂ ਨੂੰ ਝੂਠਿਆਂ ਕਰਨ ਤਾਂ ਇਹਨਾਂ ਨਾਲੋਂ ਪਹਿਲੋਂ ਨੂਹ ( ਦੀ ਉਮਤ ) ਦੇ ਲੋਗ ਅਰ ਆਦ ਅਰ ਸਮੂਦ ॥ ੪੨ ॥ ਅਰ ਇਬਰਾਹੀਮ ( ਦੀ ਉਮਤ ) ਦੇ ਲੋਗ ਅਰ ਲੂਤ ( ਦੀ ਉਮਤ ) ਦੇ ਲੋਗ ॥ ੪੩ ॥ ਅਰ ਮਦੀਅਨ ਦੇ ਰਹਿਣ ਵਾਲੇ (ਸਾਰੇ ਹੀ ਆਪੋ ਆਪਣਿਆਂ ਪੈਯੰਬਰਾਂ ਨੂੰ ) ਝੂਠਿਆਂ ਕਰ ਬੈਠੇ ਹਨ ਅਰ (ਹੋਰ ਹਜ਼ਰਤ) ਮੂਸਾ ਭੀ ਝੂਠਾ ਕੀਤਾ ਗਿਆ ਹੈ । ਤਾਂ ਅਸਾਂ ਨੇ ( ਥੋਹੜੇ ਦਿਨ ) ਕਾਫਰਾਂ ਨੂੰ ਅਵਧੀ ਦਿਤੀ ਫੇਰ ( ਅੰਤ ਨੂੰ ) ਉਹਨਾਂ ਨੂੰ ਧਰ ਦਬਾਇਆ ਸੋ ( ਤੁਸਾਂ ਨੇ ਦੇਖਿਆ ਕਿ ) ਸਾਡਾ ਕ੍ਰੋਧ ਕੈਸਾ ( ਭਿਆਨਕ ਕ੍ਰੋਧ ) ਸੀ ॥ ੪੪ ॥ ਅਤ ਏਵ ਕਿਤਨੀਆਂ ਨਗਰੀਆਂ ਹਨ ਕਿ ਅਸਾਂ ਨੇ ਓਹਨਾਂ ਨੂੰ ਹਲਾਕ ਕਰਕੇ ਮਾਰਿਆ ਅਰ ਵੁਹ ਨਾ ਫਰਮਾਨ ਸਨ । ਬਸ ਹੁਣ ਵੁਹ ( ਐਸੀਆਂ ਉਜੜ ਪੁਜੜ ਹਨ ਕਿ ਓਹਨਾਂ ਦੀਆਂ ਦੀਵਾਰਾਂ ) ਆਪਣੀਆਂ ਛੱਤਾਂ ਉਤੇ ਡਿਗੀਆਂ ਪਈਆਂ ਹਨ । ਅਰ ( ਕਿਤਨੇ ) ਖੂਏ ਅਕਾਰਥ ( ਪਏ ਹੋਏ ਹਨ ) ਅਰ ( ਕਿਤਨੇ ਪੱਕੇ ) ਪੱਕੇ ਮਹੱਲ ( ਵੈਰਾਨ ਪਏ ਹੋਏ ਹਨ ) ॥ ੪੫ ॥ ਕੀ ਇਹ ਲੋਕ ਦੇਸ ਵਿਚ ਤੁਰੇ ਫਿਰੇ ਨਹੀਂ ( ਤੁਰਦੇ ਫਿਰਦੇ ) ਤਾਂ ਏਹਨਾਂ ਦੇ ਐਸੇ ਦਿਲ ਹੁੰਦੇ ਕਿ ਓਹਨਾਂ ਦਵਾਰਾ ( ਅੰਤ ਨੂੰ ) ਸਮਝ ਲੈਂਦੇ । ਅਰ ( ਏਹਨਾਂ ਦੇ ) ਐਸੇ ਕੰਨ ( ਹੁੰਦੇ ) ਕਿ ਓਹਨਾਂ ਦਵਾਰਾ ( ਸਿਖਯਾ ਦੀ ਵਾਰਤਾ ) ਸੁਣਦੇ ਬਾਰਤਾ ਇਹ ਹੈ ਕਿ ਕੁਝ ਅਖੀਆਂ ਅੰਨ੍ਹੀਆਂ ਨਹੀਂ

Digitized by Panjab Digital Library | www.panjabdigilib.org

ਹੋਇਆ ਕਰਦੀਆਂ ਪ੍ਰਤਯੁਤ ਜੋ ਦਿਲ ਸੀਨਿਆਂ ਵਿਚ ਹੈ ਵੁਹ ਅੰਧਾ ਹੋ ਜਾਇਆ ਕਰਦਾ ਹੈ ॥ ੪੬ ॥ ਅਰ ( ਹੇ ਪੈਯੰਬਰ ਇਹ ਲੋਕ ) ਤੁਸਾਂ ਦੇ ਨਾਲ ਕਸ਼ਟ ਦੀ ਜਲਦੀ ਮਚਾ ਰਹੇ ਹਨ ਅਰ ਖੁਦਾ ਤਾਂ ਆਪਣੀ ਪਰ-ਤਿਗਜਾ ਕਦਾਪੀ ਝੂਠੀ ਕਰਨ ਵਾਲਾ ਨਹੀਂ ਨਿਰਸੰਦੇਹ ਤੁਸਾਂ ਦੇ ਪਰਵਰ-ਦਿਗਾਰ ਦੇ ਉਥੇ ਤੁਸਾਂ ਲੋਕਾਂ ਦੀ ਗਣਨਾਨੁਸਾਰ ਹਜ਼ਾਰ ਬਰਸ ਦੇ ਬਰਾਬਰ ( ਅਖੀਰ ਫੈਸਲੇ ਦਾ ) ਇਕ ਦਿਨ ( ਠਹਿਰਿਆ ਹੋਇਆ ) ਹੈ । ( ਅਰ-ਥਾਤ ਪਰਲੈ ਦਾ ਦਿਨ ਯਦੀ ਮੁਨਕਰਾਂ ਉਤੇ ਸੰਸਾਰ ਵਿਚ ਕਸ਼ਟ ਪ੍ਰਾਪਤ ਨਾ ਹੋਇਆ ਤਾਂ ਪ੍ਰਲੈ ਦੇ ਦਿਨ ਪਰਾਪਤ ਹੋਕੇ ਰਹੇਗਾ ) ॥ ੪੭ ॥ ਅਰ ਬਹੁਤ ਸਾਰੀਆਂ ਨਗਰੀਆਂ ਹਨ ਜਿਨਹਾਂ ਨੂੰ ਅਸਾਂ ( ਥੋੜੇ ਰੋਜ ) ਮੁਹਲਤ ਦਿਤੀ ਅਰ ਵੁਹ ਨਾਫਰਮਾਨ ਸਨ ਫੇਰ ( ਅੰਤ ਨੂੰ ) ਅਸਾਂ ਨੇ ਓਹਨਾਂ ਨੂੰ ਪਕੜ ਦਬਾਇਆ ਅਰ (ਸਾਰੀਆਂ) ਸਾਡੇ ਪਾਸ ਹੀ ਲੋਟ ਕੇ ਆਉਣਾ ਹੈ ॥ ੪੮ ॥ ਰੁਕੂਹ ੬ ॥

( ਹੇ ਪੈਯੰਬਰ ਏਹਨਾਂ ਲੋਕਾਂ ਤਾਈਂ ) ਆਖੋ ਕਿ ਲੋਕੋ ! ਮੈਂ ਤਾਂ ਤੁਸਾਂ ਨੂੰ ਖੁਲਮਖੁਲਾ ( ਖੁਦਾ ਦੇ ਕਸ਼ਟ ਤੋਂ ) ਸਭੈ ਕਰਨ ਵਾਲਾ ਹਾਂ ਹੋਰ ਬਸ ॥ ੪੯ ॥

ਫੇਰ ਜੋ ਲੋਕ ਈਮਾਨ ਧਾਰ ਬੈਠੇ ਅਰ ਓਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ (ਇਸ ਦੇ ਬਦਲੇ ਵਿਚ) ਓਹਨਾਂ ਦੇ ਵਾਸਤੇ ਬਖਸ਼ਸ਼ ਹੈ ਅਰ ਇਜ਼ਤ ਦੀ ਰੋਜ਼ੀ ॥ ੫੦ ॥ ਅਰ ਜੋ ਲੋਕ ਸਾਡੀਆਂ ਆਇਤਾਂ ਦੇ ਨਾਲ ਹੈਰਾਨੀ ਜਿਤਾਨੀ ਕਰਦੇ ਰਹਿੰਦੇ ਹਨ ਵਹੀ ਨਾਰਕੀ ਹਨ ॥ ੫੧ ॥ ਅਰ ( ਹੇ ਪੈਯੰਬਰ ) ਅਸਾਂ ਨੇ ਤੇਰੇ ਨਾਲੋਂ ਪ੍ਰਥਮ ਐਸਾ ਕੋਈ ਰਸੂਲ ਨਹੀਂ ਭੇਜਿਆ ਅਰ ਨਾ ਕੋਈ ਐਸਾ ਨਬੀ ਕਿ ਉਸ ਨੂੰ ਇਹ ਝੇੜਾ ਪੇਸ਼ ਨਾ ਆਇਆ ਹੋਵੇ । ਕਿ ਜਦੋਂ ਉਸ ਨੇ ( ਆਪਣੇ ਵਲੋਂ ਕਿਸੇ ਬਾਰਤਾ ਦੀ ) ਕਲਪਨਾਂ ਕੀਤੀ ਸ਼ੈਤਾਨ ਨੇ ਉਸ ਦੀ ਆਸ਼ਾ ਵਿਚ(ਵਿਸਵਿਸਾ) ਪਾਇਆ॥ ਫੇਰ ( ਅੰਤ ਨੂੰ ) ਖੁਦਾ ਨੇ ਵਿਸਵਸਾ ਸ਼ੈਤਾਨੀ ਨੂੰ ਦੂਰ ਕਰ ਆਪਣੀਆਂ ਆਇਤਾਂ ਨੂੰ ਪੱਕਿਆਂ (ਪੁਖਤਿਆਂ) ਕਰ ਦਿਤਾ ਅਰ ਅੱਲਾ ( ਸਾਰਿਆਂ ਦੇ ਬ੍ਰਿਤਾਂਤ ਤੋਂ ) ਗਜਾਤ ( ਅਰ ) ਸ਼ਕਤੀ ਵਾਲਾ ਹੈ ॥ ੫੨ ॥ ( ਐਸਿਆਂ ਕੰਮਾਂ ਵਿਚ ਖੁਦਾ ਨੂੰ ਇਹ ਮਨਜ਼ੂਰ ਰਿਹਾ ਹੈ ) ਕਿ ਉਸ ( ਵਿਸਵਸੇ ) ਨੂੰ ਜੋ ਸ਼ੈਤਾਨ ਨੇ ਪਾਇਆ ਹੈ ਓਹਨਾਂ ਲੋਕਾਂ ਦੀ ਪ੍ਰੀਛਾ ( ਦਾ ਮਾਰਗ ) ਬਨਾਏ ਜਿਨਹਾਂ ਦੇ ਦਿਲਾਂ ਵਿਚ ( ਬੁਰੇ ਨਿਸਚੇ ਦਾ ) ਰੋਗ ਹੈ ਅਰ ਓਹਨਾਂ ਦੇ ਦਿਲ ਸਖਤ ਹਨ ਅਰ ਨਿਰਸੰਦੇਹ ਕਿ ( ਇਹ) ਜ਼ਾਲਿਮ ( ਅਰਥਾਤ ਕਾਫਰ ) ਤਾਂ ਪਰਲੇ ਦਰਜੇ ਦੀ ਦਵੇਖ ਵਿਚ ( ਪਏ ਹੋਏ ) ਹਨ ॥ ੫੩ ॥

Digitized by Panjab Digital Library | www.panjabdigilib.org

ਅਰ (ਹੇ ਪੈਯੰਬਰ ਹੋਰ ਐਸਿਆਂ ਮੁਆਮਲਿਆਂ ਵਿਚ ਖ਼ੁਦਾ ਨੂੰ)ਇਹ(ਅਭੀਸ਼ਟ ਰਹਿਆ) ਹੈ ਕਿ ਜਿਨਹਾਂ ਲੋਕਾਂ ਨੂੰ ਇਲਮ (ਵਿਦਜਾ) ਦਿਤਾ ਗਈਹੈ ਉਹਜਾਨ ਲੈਣ ਕਿ ਵਹੀ ਬਰਹੱਕ (ਅਰਥਾਤ ਅਕਾਸ਼ ਬਾਣੀ ਸਤ ਹੈ ਅਰ)ਤੁਸਾਂ ਦੇ ਪਰ-ਵਰਦਿਗਾਰ ( ਦੇ ਪਾਸਿਓਂ ਪਰਾਪਤ ਹੋਈ ) ਹੈ। ਅਰ ( ਇਹ ਸਮਝ ਕੇ ) ਓਸ ਉਤੇ ਈਮਾਨ ਧਾਰਨ । ਅਰ ਓਹਨਾਂ ਦੇ ਦਿਲ ਖ਼ੁਦਾ ਦੇ ਅਗੇ ਢਹਿਕੇ ਗਿੜਗਿੜੌਣ ਲਗਣ। ਅਰ ਜੋ ਲੋਕ ਈਮਾਨ ਧਾਰ ਬੈਠੇ ਹਨ ਨਿਰਸੰਦੇਹ ਖ਼ੁਦਾ ਓਹਨਾਂ ਨੂੰ ਸੂਧਾ ਮਾਰਗ ਦਿਖਾਉਂਦਾ ਰਹਿੰਦਾ ਹੈ ॥ ੫੪ ॥ ਅਰ ਜੋ ਲੋਕ ਮੁਨਕਰ ਹਨ ਉਹ ਤਾਂ ਕੁਰਾਨ ਦੇ ਪਾਸਿਓਂ ਸਦੈਵ ਭਰਮ ਵਿਚ ਹੀ ( ਪਏ ) ਰਹਿਣਗੇ। ਏਥੋਂ ਤਕ ਕਿ ਪ੍ਰਲੈ ਅਕਸਮਾਤ ਹੀ ਓਹਨਾਂ ( ਦੇ ਸਿਰ ) ਉਤੇ ਆ ਪਰਾਪਤ ਹੋਵੇ ਕਿੰਵਾ ( ਇਸ ਪਰਕਾਰ ਆਖੋ ਕਿ ਇਕ ਵਡੇ ) ਮਨਹੂਸ ਦਿਨ ਦਾ ਕਸ਼ਟ ਓਹਨਾਂ ਉਤੇ ਆ ਪਰਾਪਤ ਹੋਵੇ ॥ ੫੫ ॥ ( ਕਿ ) ਓਸ ਦਿਨ ਹਕੂਮਤ ਖ਼ੁਦਾ ਦੀ ( ਹੀ ) ਹੋਵੇਗੀ। ਵੁਹ ਲੋਕਾਂ ਵਿਚ ( ਉਹਨਾਂ ਦੇ ਆਪੇ ਵਿਚ ਦੇ ਫ਼ਰਕਾਂ ਦਾ ) ਫੈਸਲਾ ਕਰ ਦੇਵੇਗਾ ਤਾਂ ਜੋ ਲੋਕ ਈਮਾਨ ਧਾਰ ਬੈਠੇ ਅਰ ਓਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ ਵੁਹ ਆਰਾਮ ( ਤਥਾ ਸੁਖ ) ਦੇ ਬਾਗਾਂ ਵਿਚ ਹੋਵਣ ਗੇ ॥ ੫੬ ॥ ਅਰ ਜੋ ਇਨਕਾਰ ਕਰਦੇ ਅਰ ਸਾਡੀਆਂ ਆਇਤਾਂ ਨੂੰ ਝੂਠਿਆਂ ਕਰਦੇ ਰਹੇ ਤਾਂ ਏਹੋ ਹੀ ( ਮੰਦ ਭਾਗੀ ) ਹਨ ਜਿਨਹਾਂ ਨੂੰ ਜ਼ਿੱਲਤ ਦਾ ਕਸ਼ਟ ਹੋਵੇਗਾ ॥ ੫੭ ॥ ਰੁਕੂਹ ੭ ॥

ਅਰ ਜਿਨਹਾਂ ਲੋਕਾਂ ਨੇ ਖ਼ੁਦਾ ਦੇ ਪਾਸੇ ਲਗ ਕੇ ਆਪਣਾਂ ਦੇਸ ਛਡਿਆ ਫੇਰ ਸ਼ਹੀਦ ਹੋ ਗਏ ਕਿੰਬਾ ( ਆਪਣੀ ਮੌਤ ਨਾਲ ) ਮਰ ਗਏ ਅੱਲਾ ਓਹਨਾਂ ਨੂੰ ( ਅੰਤ ਵਿਚ ) ਅਵਸ਼ ਉੱਤਮ ਰੋਜੀ ਦੇਵੇਗਾ ਅਰ ਨਿਰ-ਸੰਦੇਹ (ਹੋਰਨਾਂ) ਰੋਜੀ ਦੇਣ ਵਾਲਿਆਂ ਤੋਂ ਖ਼ੁਦਾ ਹੀ ਉੱਤਮ (ਰੋਜੀ ਦੇਣ ਵਾਲਾ) ਹੈ ॥ ੫੮ ॥ ਵੁਹ ਓਹਨਾਂ ਨੂੰ (ਸਵਰਗ ਏ) ਐਸੇ ਅਸਥਾਨਾਂ ਵਿਚ ( ਲੈ ਜਾਕੇ ) ਇਸਥਿਤ ਕਰੇਗਾ ਜਿਸ ਕਰਕੇ ਪਰਸੰਨ ਹੋ ਜਾਵਣਗੇ ਅਰ ਨਿਰ-ਸੰਦੇਹ ਅੱਲਾ ( ਸੰਪੂਰਨਾਂ ਦੇ ਬਿਰਤਾਂਤ ) ਤੋਂ ਗਿਆਤ ( ਤਥਾ ) ਧੀਰਜ ਵਾਨ ਹੈ ॥ ੫੯ ॥ ਇਹ ( ਤਾਂ ਆਪਣੇ ਸਮੇਂ ਉਤੇ ਏਸੇ ਪਰਕਾਰ ਹੋ ਰੇ ਰਹੇਗਾ )। ਅਰ ਜਿਸ ਪੁਰਖ ਨੇ ( ਦੁਸ਼ਮਨ ਨੂੰ ) ਉਤਨਾ ਹੀ ਸਤਾਇਆ ( ਜਿਤਨਾ ) ਕਿ ਇਹ ਪੁਰਖ ( ਉਸਦੇ ਹਥੋਂ ) ਸਤਾਇਆ ਗਇਆ ਸੀ ਫੇਰ ( ਦੁਸ਼ਮਨ ਦੇ ਪਾਸਿਓਂ ) ਉਸ ਉਤੇ ( ਦੁਬਾਰਾ ) ਵਾਧਾ ਹੋਇਆ ਤਾਂ ਏਸ ( ਮਜ਼ਲੂਮ ) ਦੀ ਖ਼ੁਦਾ ਜਰੂਰ ਮਦਦ ਕਰੇਗਾ । ਨਿਰਸੰਦੇਹ ਖ਼ੁਦਾ ਮਾਫ ਕਰਨੇ ਵਾਲਾ ਤਥਾ ਬਖਸ਼ਨੇ ਵਾਲਾ ਹੈ॥ ੬੦ ॥ ਇਹ ( ਮਦਦ ਜੋ

Digitized by Panjab Digital Library | www.panjabdigilib.org

ਏਸ ਮਜ਼ਲੂਮ ਨੂੰ ਦਿਤੀ ਜਾਵੇਗੀ ) ਇਸ ਕਾਰਣੋਂ ਹੈ ਕਿ ਅੱਲਾ ( ਆਪਣੀ ਇਛਾਨੁਸਾਰ ) ਰਾਤ੍ਰੀ ਨੂੰ ਦਿਨ ਵਿਚ ਪਰਾਪਤ ਕਰਦਾ ਰਹਿੰਦਾ ਹੈ ਅਰ ਦਿਨ ਨੂੰ ਰਾਤ੍ਰੀ ਵਿਚ ਪਰਾਪਤ ਕਰਦਾ ਰਹਿੰਦਾ ਹੈ ਅਰ ( ਹੋਰ ) ਇਸ ਕਾਰਣੋਂ ਕਿ ਅੱਲਾ ( ਸੰਪੂਰਨਾਂ ਦੀ ) ਸੁਣਦਾ ( ਅਰ ਸਭ ਕੁਛ ) ਵੇਖਦਾ ਹੈ ॥ ੬੧ ॥ ( ਅਰ ਹੋਰ ) ਇਹ ( ਮਦਦ ਜੋ ਮਜ਼ਲੂਮ ਨੂੰ ਦਿਤੀ ਜਾਵੇਗੀ ) ਇਸ ਕਾਰਨ ਹੈ ਕਿ ਅੱਲਾ ਹੀ ਸਤ ( ਅਰ ਸਤ ਦਾ ਹਾਮੀ ) ਹੈ ਅਰ ਜਿਨਹਾਂ ( ਮਾਬੂਦਾਂ ) ਨੂੰ ( ਇਹ ਮੁਨਕਰ ) ਖ਼ੁਦਾ ਤੋਂ ਸਿਵਾ ( ਆਪਣੀ ਲੋੜ ਪੂਰੀ ਕਰਨ ਵਾਸਤੇ ) ਪੁਕਾਰਦੇ ਰਹਿੰਦੇ ਹਨ ਵੁਹ ( ਸਿਰ ਤੋਂ ਲੈ ਕੇ ਪੈਰਾਂ ਤਕ ) ਝੂਠੇ ਹਨ ਅਰ ( ਹੋਰ ) ਇਸ ਕਾਰਨੋਂ ਕਿ ਅੱਲਾ ਹੀ ਉਚ ਤੇ ਉਚ ( ਅਰ ਸੰਪੂਰਨਾਂ ਨਾਲੋਂ ) ਵਡਾ ਹੈ ॥ ੬੨ ॥ ( ਹੇ ਸ੍ਰੋਤਾ ) ਕੀ ਤੂਨੇ ( ਏਸ ਬਾਰਤਾ ਉਤੇ ) ਦ੍ਰਿਸ਼ਟੀ ਨਹੀਂ ਦਿਤੀ ਕਿ ਅੱਲਾ ਆਸ-ਮਾਨ ਵਿਚੋਂ ਬਰਖਾ ਕਰਦਾ ਹੈ ਫਿਰ ( ਬਰਖਾ ਹੋਇਆਂ ਪਿਛੋਂ ) ਪ੍ਰਿਥਵੀ ਹਰੀ ਭਰੀ ਹੋ ਜਾਂਦੀ ਹੈ ਨਿਰਸੰਦੇਹ ਅੱਲਾ ( ਪੁਰਖਾਂ ਦੇ ਹਾਲ ਉਤੇ ) ਮੇਹਰਬਾਨ ( ਅਰ ਓਹਨਾਂ ਦੀਆਂ ਲੋੜਾਂ ਤੋਂ ) ਗਿਆਤ ਹੈ ॥ ੬੩ ॥ ਓਸੇ ਦਾ ਹੀ ਹੈ ਜੋ ਕੁਛ ਅਕਾਸ਼ਾਂ ਵਿਚ ਹੈ ਅਰ ਜੋ ਕੁਛ ਪ੍ਰਿਥਵੀ ਉਤੇ ਹੈ ਅਰ ਨਿਰਸੰਦੇਹ ਕਿ ਅੱਲਾ ( ਦਾ ਸਰੂਪ ) ਹੀ ਬੇਪਰਵਾਹ ( ਅਰ ) ਉਸਤਤੀ ਯੋਗ ਹੈ ॥ ੬੪ ॥ ਰੁਕੂਹ ੮ ॥

( ਹੇ ਸ੍ਰੋਤਾ ) ਕੀ ਤੂਨੇ ( ਇਸ ਬਾਰਤਾ ਉਤੇ ) ਦ੍ਰਿਸ਼ਟੀ ਨਹੀਂ ਦਿਤੀ ਕਿ ਅੱਲਾ ਨੇ ਓਹਨਾਂ ( ਸੰਪੂਰਣ ) ਵਸਤੂਆਂ ਨੂੰ ਜੋ ਪ੍ਰਿਥਵੀ ਉਤੇ ਹਨ ਤੁਸਾਂ ਲੋਕਾਂ ਦੇ ਵਸ ਵਿਚ ਕਰ ਦਿਤੀਆਂ ਹਨ ਅਰ ( ਖਾਸ ਕਰਕੇ ) ਬੇੜੀਆਂ ਨੂੰ ਜੋ ਉਸ ਦੇ ਹੁਕਮ ਨਾਲ ਦਰਿਆ ਵਿਚ ਤੁਰਦੀਆਂ ਫਿਰਦੀਆਂ ਹਨ ਅਰ ( ਵਹੀ ) ਅਕਾਸ ਨੂੰ ਪ੍ਰਿਥਵੀ ਉਤੇ ਡਿਗਣੋਂ ਥੰਮੀ ਬੈਠਾ ਹੈ ਪਰੰਤੂ ( ਵੁਹ ਆਗਿਆ ਦੇ ਦੇਵੇ ਤਾਂ ) ਉਸਦੇ ਹੁਕਮ ਨਾਲ (ਤਾਂ ਹੁਣੇ ਹੀ ਧੜਮ ਕਰਦਾ ਡਿਗ ਪਵੇਂ ) ਨਿਰਸੰਦੇਹ ਅੱਲਾ ਆਦਮੀਆਂ ਉਤੇ ਬੜੀ ਕਿਰਪਾ ਰਖਦਾ ( ਤਥਾ ) ਮੇਹਰਬਾਨ ਹੈ ॥ ੬੫ ॥ ਅਰ ( ਲੋਕੋ ) ! ਵਹੀ ( ਸਰਵ ਸ਼ਕਤੀਮਾਨ ) ਹੈ ਜਿਸ ਨੇ ( ਪ੍ਰਥਮ ਵੇਰ ) ਤੁਸਾਂ ਵਿਚ ਜਾਨ ਪਾਈ ਫੇਰ ( ਵਹੀ ) ਤੁਸਾਂ ਨੂੰ ਮਾਰਦਾ ਹੈ ਫੇਰ ( ਇਸੇ ਰੀਤੀ ਨਾਲ ਪਰਲੈ ਦੇ ਦਿਨ ) ਤੁਸਾਨੂੰ ਸੁਰਜੀਤ ( ਭੀ ) ਕਰੇਗਾ ਨਿਰਸੰਦੇਹ ਕਿ ਪੁਰਖ ਬੜਾ ਹੀ ਕ੍ਰਿਤਘਨ ਹੈ ॥ ੬੬ ॥ ( ਹੇ ਪੈਗੰਬਰ ) ਅਸਾਂ ਨੇ ਹਰ ਇਕ ਉੱਮਤ ਦੇ ਵਾਸਤੇ ( ਪੂਜਾ ਦੇ ) ਮਾਰਗ ਨਿਯਤ ਕੀਤੇ ਕਿ ਵੋਹ ਓਹਨਾਂ ਉਤੇ ਤੁਰਦੇ ਹਨ ਤਾਂ ਏਹਨਾਂ ਲੋਕਾਂ ਨੂੰ ਚਾਹੀਦਾ ਹੈ ਕਿ ਏਸ ਮਾਰਗ ( ਇਸਲਾਮ ) ਉਤੇ

Digitized by Panjab Digital Library | www.panjabdigilib.org

ਤੁਸਾਂ ਨਾਲ ਕਿਸੇ ਪਰਕਾਰ ਦਾ ਝਗੜਾ ਨਾ ਕਰਨ ਅਰ ਤੁਸੀਂ ਆਪਣੇ ਪਰਵਰਦਿਗਾਰ ਦੇ ਪਾਸੇ ( ਲੋਕਾਂ ਨੂੰ ) ਬੁਲਾਉਂਦੇ ਚਲੇ ਜਾਓ । ਨਿਰ-ਸੰਦੇਹ ਤੁਸੀਂ ਸੂਧੇ ਮਾਰਗ ਉਤੇ ਹੋ ॥ ੬੭ ॥ ਅਰ ਯਦੀ ( ਇਸ ਤੇ ਭੀ ਇਹ ਲੋਕ ) ਤੁਸਾਂ ਦੇ ਨਾਲ ਵਾਦ ਵਿਵਾਦ ਕਰਨ ਤਾਂ ( ਏਹਨਾਂ ਨੂੰ ) ਆਖੋ ਕਿ ਜੋ ਕੁਛ ਤੁਸੀ ਕਰਦੇ ਹੋ ਅੱਲਾ ਓਸ ਤੋਂ ਭਲੀ ਪਰਕਾਰ ਗਿਆਤ ਹੈ ॥ ੬੮ ॥ (ਲੋਗੋ !) ਜਿਨਹਾਂ ਬਾਰਤਾਂ ਵਿਚ ਤੁਸੀਂ ( ਸੰਸਾਰ ਵਿਚ ) ਆਪਸ ਵਿਚ ਦੀ ਭੇਦ ਵਿਵਾਦ ਕਰਦੇ ਰਹੇ ਹੋ (ਪਰਲੈ ਦੇ ਦਿਨ ) ਅੱਲਾ ਤੁਸਾਂ ਦਾ ਮਧਜਸਥ ( ਹੋ ) ਓਹਨਾਂ ਝਗੜਿਆਂ ਦਾ ਨਿਬੇੜਾ ਕਰ ਦੇਵੇਗਾ ॥ ੬੯ ॥ ( ਹੇ ਪੈਯੰਬਰ ) ਕੀ ਤੁਸੀਂ ਨਹੀਂ ਜਾਣਦੇ ਕਿ ਜੋ ਕੁਛ ਪ੍ਰਿਥਵੀ ਤਥਾ ਅਕਾਸ਼ ਦੇ ਮਧਜ ਮੇਂ ਹੈ ਅੱਲਾ ਓਹਨਾਂ ਤੋਂ ( ਭਲੀ ਪਰਕਾਰ ) ਗਜਾਤ ਹੈ ਨਿਰ-ਸੰਦੇਹ ਇਹ ( ਸੰਪੂਰਨ ਵਸਤੂਆਂ ਚਿਤ੍ਰ ਗੁਪਤ ਨਾਮੀ ) ਪੁਸਤਕ ਵਿਚ (ਲਿਖੀਆਂ ਹੋਈਆਂ ਵਿਦਮਾਨ) ਹਨ । (ਅਰ ਏਸ ਬਾਰਤਾ ਵਿਚ ਭੀ ਕੋਈ) ਭ੍ਰਮ ਨਹੀਂ ਕਿ ਇਹ ( ਸਭ ਕੁਛ ) ਅੱਲਾ ਵਾਸਤੇ ਸੁਖੇਨ ਹਨ ॥ ੭੦ ॥ ਅਰ ( ਕਾਫਰ ) ਖੁਦਾ ਤੋਂ ਸਿਵਾ ਓਹਨਾਂ ਵਸਤੂਆਂ ਦੀ ਬੰਦਗੀ ਕਰਦੇ ਹਨ ਜਿਨਹਾਂ ਵਾਸਤੇ ਨਾਂ ਤਾਂ ਖੁਦਾ ਨੇ ( ਹੀ ) ਕੋਈ ਸਨਦ ਉਤਾਰੀ ਹੈ ਅਰ ਨਾ ਏਹਨਾਂ ਦੇ ਪਾਸ ( ਹੀ ) ਏਸ ਦੀ ਕੋਈ ਬੁਧਮਤਾ ਦੀ ਯੁਕਤੀ ਹੈ ( ਅਰ ਪਰਲੈ ਦੇ ਦਿਨ ਐਸੇ ) ਅਨਜਾਕਾਰੀਆਂ ਦਾ ਕੋਈ ਭੀ ਸਹਾਇਕ ਨਹੀਂ ਬਣੇਗਾ ॥ ੭੧ ॥ ਅਰ ( ਹੇ ਪੈਯੰਬਰ ) ਜਦੋਂ ਏਹਨਾਂ ਨੂੰ ਸਾਡੀਆਂ ਆਇਤਾਂ ਖੁਲਮਖੁਲੀਆਂ ਪੜ੍ਹ ਕੇ ਸੁਣਾਈਆਂ ਜਾਂਦੀਆਂ ਹਨ । ਤਾ ਤੁਸੀਂ ( ਏਹਨਾਂ ) ਮੁਨਕਰਾਂ ਦੇ ਮੁਖੜਿਆਂ ਉਤੇ ਅਪ੍ਰਸੰਨਤਾਈ ( ਦੇ ਚਿੰਨ੍ਹ ) ਵੇਖਦੇ ਹੋ ( ਏਥੋਂ ਤਕ ਕਿ ) ਸਮੀਪ ਹੀ ਹੋ ਜਾਂਦਾ ਹੈ ਕਿ ਜੋ ਲੋਕ ਸਾਡੀਆਂ ਆਇਤਾਂ ਏਹਨਾਂ ਨੂੰ ਪੜ੍ਹਕੇ ਸੁਣਾਉਂਦੇ ਹਨ ਓਹਨਾਂ ਉਤੇ ਇਹ ਲੋਕ ਹਥ ਵਲਛਾ ਕਰ ਬੈਠਣ । ( ਹੇ ਪੈਯੰਬਰ ਤੁਸੀਂ ਏਹਨਾਂ ਤਾਈਂ ) ਆਖੋ ਕਿ ਏਸ ਨਾਲੋਂ ਭੀ ਅਤੀ ਨਖਿਧ ਤੁਸਾਂ ਨੂੰ (ਇਕ ਹੋਰ ਵਸਤੂ) ਦਸਾਂ ? ( ਲੌ ਸੁਣ ਲਵੋ ਉਹ ) ਨਰਕ ( ਹੈ ) । ਜਿਸ ਦੀ ਪਰਤਿਗਜਾ ਖੁਦਾ ਮੁਨ-ਕਰਾਂ ਨਾਲ ਕਰਦਾ ਹੈ ਅਰ ( ਵੁਹ ਬਹੁਤ ਹੀ ) ਬੁਰਾ ਅਸਥਾਨ ਹੈ ॥ ੭੨ ॥ ਰੁਕੂਹ ੯ ॥

ਲੋਗੋ ! ਇਕ ਦ੍ਰਿਸ਼ਟਾਂਤ ਵਰਨਣ ਕੀਤਾ ਜਾਂਦਾ ਹੈ ਤਾਂ ਉਸ ਨੂੰ ਕੰਨ ਧਰ ਕੇ ਸੁਣੋ ਕਿ ਖੁਦਾ ਤੋਂ ਸਿਵਾ ਜਿਨਹਾਂ ( ਮਾਬੂਦਾਂ ) ਨੂੰ ਤੁਸੀਂ ਪੁਕਾਰਦੇ ਹੋ ਇਕ ਮਖੀ ( ਭੀ ) ਉਤਪਨ ਨਹੀਂ ਕਰ ਸਕਦੇ ਯਦਜਪਿ ਉਸ ਦੇ ( ਉਤ-ਪਤ ਕਰਨ ) ਵਾਸਤੇ (ਸਾਰਿਆਂ ਦੇ ਸਾਰੇ) ਇਕੱਤ੍ਰ ( ਕਿਉਂ ਨਾ ) ਹੋ ਜਾਵਣ ।

Digitized by Panjab Digital Library | www.panjabdigilib.org

ਅਰ ਯਦੀ ਮਖੀ ਏਹਨਾਂ ਪਾਸੋਂ ਕੁਛ ਛੀਨ ਕੇ ਲੈ ਜਾਵੇ ਤਾਂ ਓਸ ਨੂੰ ਓਸ ਪਾਸੋਂ ਛੁੜਾ ( ਭੀ ) ਨਹੀਂ ਸਕਦੇ । ਕੈਸੇ ਥੋਥੇ ਹਨ ਇਹ ( ਬੁਤ ) ਜੋ ( ਮਖੀ ਦਾ ) ਪਿਛਾ ਕਰਨ ( ਅਰ ਉਸ ਨੂੰ ਭੀ ਪਕੜ ਨਾ ਸਕਣ) । ਅਰ ( ਕੈਸੀ ) ਬੋਦੀ ਉਹ ( ਵਿਚਾਰੀ ਮਖੀ ) ਜਿਸ ਦਾ ਪਿਛਾ ਕੀਤਾ ਜਾਵੇ ( ਅਰ ਫੇਰ ਭੀ ਹਥ ਨਾ ਆਵੇ ) ॥ ੭੩ ॥ ਏਹਨਾਂ ਲੋਕਾਂ ਨੇ ਜੈਸੀ ਖ਼ੁਦਾ ਦੀ ਕਦਰ ਜਾਨਣੀ ਚਾਹੀਦੀ ਸੀ ਜਾਣੀ ਹੀ ਨਹੀਂ । ( ਨਹੀਂ ਤਾਂ ) ਅੱਲਾ ਤਾਂ ਬੜਾ ਬਲਵਾਨ ( ਸਭਨਾਂ ਉਤੇ ) ਸ਼ਕਤ ਸ਼ਾਲੀ ਹੈ ॥ ੭੪ ॥ ਅੱਲਾ ਫਰਿਸ਼ਤਿਆਂ ਵਿਚੋਂ ( ਕਈਆਂਕੁ ਨੂੰ ਆਪਣੇ ਹੁਕਮ ) ਭੇਜਣੇ ਵਾਸਤੇ ਚੁਣ ਲੈਂਦਾ ਹੈ ਅਰ ( ਇਸੀ ਪਰਕਾਰ ਕਈਆਂ ਨੂੰ ) ਆਦਮੀਆਂ ਵਿਚੋਂ ( ਭੀ ਕਾਹੇ ਤੇ) ਅੱਲਾ ( ਸਭਨਾਂ ਦੀ ) ਸੁਣਦਾ ( ਅਰ ਸਭਨਾਂ ਦਾ ਹਾਲ ) ਵੇਖਦਾ ਹੈ ॥ ੭੫ ॥ ਅਰ ਵੁਹ ਇਹਨਾਂ ਦੇ ਅਗਲੇ ਤਥਾ ਪਿਛਲੇ ( ਸਾਰੇ ) ਹਾਲ ਜਾਣਦਾ ਹੈ ਅਰ ਸਾਰਿਆਂ ਕੰਮਾਂ ਦਾ ਮਦਾਰ ਅੱਲਾ ਉਤੇ ਹੀ ਹੈ ॥ ੭੬ ॥ ਮੁਸਲਮਾਨੋ ! (ਖ਼ੁਦਾ ਦੀ ਜਨਾਬ ਵਿਚ) ਰੁਕੂਹ ਕਰੋ (ਝੁਕੋ) ਅਰ ਸਜਦਾ ਕਰੋ (ਮਥਾ ਟੇਕੋ) ਅਰ ਆਪਣੇ ਪਰਵਰਦਿਗਾਰ ਦੀ ਇਬਾਦਤ ਕਰੋ ਅਰ ਭਲਾਈ ਕਰਦੇ ਰਹੋ ਤਾ ਕਿ ਤੁਸੀਂ(ਅੰਤ ਨੂੰ ਆਪਣੀ ਅਭੀਸ਼ਟ)ਇੱਛਾ ਨੂੰ ਪਰਾਪਤ ਹੋਵੋ ॥ ੭੭ ॥ ਅਰ ਅੱਲਾ ( ਦੇ ਮਾਰਗ ) ਵਿਚ ਕੋਸ਼ਸ਼ ਕਰੋ ਜੈਸਾ ਕਿ ਉਸ ਦੇ ਮਾਰਗ ਵਿਚ ਕੋਸ਼ਸ਼ ਕਰਨ ਦਾ ਹਕ ਹੈ ਉਸ ਨੇ ਤੁਸਾਂ ਨੂੰ ( ਸੰਸਾਰ ਦੇ ਲੋਕਾਂ ਵਿਚੋਂ ) ਚੁਣ ਲੀਤਾ ਹੈ ਅਰ ਦੀਨ ( ਦੇ ਵਲੋਂ ) ਤੁਸਾਂ ਉਤੇ ਕਿਸੀ ਪ੍ਰਕਾਰ ਦੀ ਸਖਤੀ ਨਹੀਂ ਕੀਤੀ ( ਤੁਸਾਂ ਵਾਸਤੇ ਵਹੀ ) ਦੀਨ ( ਤਜਵੀਜ ਕੀਤਾ ਜੋ ) ਤੁਸਾਂ ਦੇ ਪਿਤਾ ਇਬਰਾਹੀਮ ਦਾ ( ਸੀ ) ਓਸੇ ( ਖ਼ੁਦਾ ) ਨੇ (ਪਰਾਚੀਨ ਪੁਸਤਕਾਂ ਵਿਚ ) ਪ੍ਰਥਮ ਤੋਂ ਹੀ ਤੁਸਾਂ ਦਾ ਨਾਮ ਮੁਸਲਮਾਨ ਰਖਿਆ (ਅਰਥਾਤ ਆਗਿਆਕਾਰੀ ਪੁਰਖ ) ਅਰ ਏਸ ( ਕੁਰਾਨ ) ਵਿਚ ( ਭੀ ) ਤਾ ਕਿ ਰਸੂਲ ਤੁਸਾਂ ਦੇ ਮੁਕਾਬਲੇ ਵਿਚ ਸਾਖੀ ਬਣੇ । ਅਰ ਤੁਸੀਂ ( ਦੂਸਰਿਆਂ ) ਲੋਕਾਂ ਦੇ ਮੁਕਾਬਲੇ ਵਿਚ ਸਾਖੀ ਬਣੋ ਤਾਂ ਨਮਾਜਾਂ ਪੜ੍ਹੋ ਅਰ ਜ਼ਕਾਤ ਦੇਵੋ ਅਰ ਅੱਲਾ ਦਾ ਹੀ ਆਸਰਾ ਪਕੜੋ ਵਹੀ ਤੁਸਾਂ ਦਾ ਕਾਰਸਾਜ ਹੈ ਤਾਂ(ਕੈਸਾ ਹੀ)ਉਤਮ ਕਾਰਸਾਜ(ਕਰਨ ਕਾਰਨ) ਹੈ ਅਰ(ਕੈਸਾ ਹੀ) ਉਤਮ ਸਹਾਇਕ ਹੈ ॥ ੭੮ ॥ ਰੁਕੂਹ ੧੦ ॥

Digitized by Panjab Digital Library | www.panjabdigilib.org

# ਸੂਰਤ ਮੋਮਨੂਨ ਮੱਕੇ ਵਿਚ ਪ੍ਰਾਪਤ ਹੋਈ ਅਰ ਏਸ ਦੀਆਂ ਇਕ ਸੌ ਅਠਾਰਾਂ ਆਇਤਾਂ ਅਰ ਛੇ ਰੁਕੂਹ ਹਨ।

(ਪ੍ਰਾਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਰਹਿਮ ਵਾਲਾ ਮੇਹਰਬਾਨ (ਹੈ)* ਈਮਾਨਧਾਰੀ (ਆਪਣੇ ਅਭੀਸ਼ਟ) ਸੰਕਲਪ ਨੂੰ ਪਰਾਪਤ ਹੋ ਗਏ ॥ ੧ ॥ (ਅਰ ਇਹ) ਵੁਹ (ਲੋਕ ਹਨ) ਜੋ ਆਪਣੀ ਨਮਾਜ ਵਿਚ ਦੀਨਤਾਈ ਕਰਦੇ ॥ ੨ ॥ ਅਰ ਵੁਹ ਜੋ ਨਕੰਮੀਆਂ ਬਾਰਤਾਂ ਦੇ ਪਾਸੇ ਮੂੰਹ ਨਹੀਂ ਕਰਦੇ ॥ ੩ ॥ ਅਰ ਵੁਹ ਜੋ ਜ਼ਕਾਤ ਦਿਤਾ ਕਰਦੇ ॥ ੪ ॥ ਅਰ ਵੁਹ ਜੋ ਆਪਣੀ ਸ਼ਰਮਗਾਹਾਂ (ਗੁਪਤ ਅਸਥਾਨਾਂ) ਦੀ ਹਿਫ਼ਾਜ਼ਤ (ਰਖਸ਼ਾ) ਕਰਦੇ (ਹਨ) ॥੫॥ ਪਰੰਤੂ ਆਪਣੀਆਂ ਇਸਤ੍ਰੀਆਂ ਕਿੰਬਾ ਆਪਣੇ ਹਥਾਂ ਦੀ ਕਮਾਈ (ਅਰਥਾਤ ਗੋਲੀਆਂ) ਨਾਲ ਕਿ (ਏਹਨਾਂ ਦਾ) ਓਹਨਾਂ ਨੂੰ ਕੋਈ ਦੋਖ ਨਹੀਂ ॥ ੬ ॥ ਪਰੰਤੂ ਜੋ ਏਹਨਾਂ ਤੋਂ ਵਖਰਿਆਂ ਦੀ ਇਛਾ ਕਰਦੇ ਹਨ ਤਾਂ ਵਹੀ ਲੋਕ (ਸ਼ਰਾ) ਦੀ ਸੀਮਾਂ ਨੂੰ ਉਲੰਘਣ ਕਰ ਗਏ ਹਨ ॥ ੭ ॥ ਅਰ ਵੁਹ ਜੋ ਆਪਣੀਆਂ ਅਮਾਨਤਾਂ ਤਥਾ ਆਪਣੇ ਬਚਨ ਦੀ ਰਛਿਆ ਧਿਆਨ ਵਿਚ ਰਖਦੇ ਹਨ ॥ ੮ ॥ ਅਰ ਵੁਹ ਜੋ ਆਪਣੀ ਨਿਮਾਜ਼ ਦੇ ਪਾਬੰਦ ਹਨ ॥ ੯ ॥ ਯਹੀ ਲੋਕ (ਆਦਮ ਦੇ ਅਸਲੀ) ਮਾਲਕ ਹਨ ॥ ੧੦ ॥ ਜੋ ਵਡੇ ਸਵਰਗ ਦੇ ਮਾਲਕ ਹੋਣਗੇ (ਅਰ) ਵੁਹ ਓਸ ਵਿਚ ਸਦਾ (ਸਦਾ) ਵਾਸਤੇ ਰਹਿਣਗੇ ॥ ੧੧ ॥ ਅਰ ਅਸਾਂ ਨੇ ਪੁਰਖ ਨੂੰ ਮਿਟੀ ਦੇ ਸਤ ਤੋਂ ਉਤਪਤ ਕੀਤਾ ॥ ੧੨ ॥ ਫੇਰ ਉਸ ਨੂੰ ਅਸਾਂ ਨੇ ਹੀ ਇਕ ਰਾਖੀ ਦੀ ਜਗਹਾਂ (ਅਰਥਾਤ ਇਸਤ੍ਰੀ ਦੇ ਗਰਭ ਵਿਚ) ਬੀਰਜ ਬਨਾ ਕੇ ਰਖਿਆ ॥ ੧੩ ॥ ਫੇਰ ਅਸਾਂ ਨੇ ਹੀ ਬੀਰਜ ਦੀ ਥੁਲਬ ਬਨਾਈ ਫੇਰ ਅਸਾਂ ਨੇ ਹੀ ਥੁਲਬ ਦੀ ਪੂਰੀ ਪਕੀ ਮਾਸ ਪੇਸੀ ਬਨਾਈ ਫੇਰ ਅਸਾਂ ਨੇ ਹੀ ਮਾਸ ਪੇਸੀ ਦੀਆਂ ਹਡੀਆਂ ਬਨਾਈਆਂ ਫੇਰ ਅਸਾਂ ਨੇ ਹੀ ਹਡੀਆਂ ਉਤੇ ਚਮੜਾ ਚਾਹੜਿਆ ਫੇਰ (ਅੰਤ ਨੂੰ) ਅਸਾਂ ਨੇ ਹੀ ਉਸ ਨੂੰ (ਮਾਨੋ ਬਿਲਕੁਲ) ਦੂਸਰੀ ਸਰਿਸ਼ਟੀ (ਦੀ ਸੂਰਤ ਵਿਚ) ਬਨਾ ਕੇ ਖੜਾ ਕਰ ਦਿਤਾ। ਤਾਂ (ਸੁਬਹਾਨ ਅਲਾ) ਖੁਦਾ ਬੜਾ ਹੀ ਪ੍ਰਤਾਪਸ਼ਾਲੀ ਹੈ ਜੋ (ਸੰਪੂਰਨ) ਬਨਾਵਣ ਵਾਲਿਆਂ ਵਿਚੋਂ ਉੱਤਮ (ਬਨਾਵਣੇ ਵਾਲਾ) ਹੈ ॥ ੧੪ ॥ ਫੇਰ (ਲੋਕੋ) ਇਸ ਦੇ ਪਿਛੋਂ ਤੁਸਾਂ (ਸਾਰਿਆਂ) ਨੂੰ ਮਰਨਾ ਹੈ ॥ ੧੫ ॥ ਫੇਰ ਪਰਲੈ ਦੇ ਦਿਨ ਤੁਸੀਂ (ਸਾਰੇ) ਉਠਾ ਕੇ ਖੜੇ ਕੀਤੇ ਜਾਵੋਗੇ ॥ ੧੬ ॥

*ਹੁਣ "ਕਦ ਅਫਲਾਹਲ ਮੋਮਨੂਨ" ਨਾਮੀ ੧੮ ਪਾਰਾ ਚਲਿਆ ॥

Digitized by Panjab Digital Library | www.panjabdigilib.org

ਅਰ ਅਸਾਂ ਨੇ ਹੀ ਤੁਸਾਂ ਉਤੇ ਸਪਤ ( ਅਕਾਸ਼ ) ਬਨਾਏ ਅਰ ਉਤਪਤੀ ( ਦੀ ਵਿਦਜਾ ) ਵਿਚ ਅਸੀਂ ਕੋਈ ਅਨਾੜੀ ਨਾ ਸੀ ॥ ੧੭ ॥ ਅਰ ਅਸਾਂ ਨੇ ਹੀ ਇਕ ਅੰਦਾਜੇ ਸਿਰ ਆਕਾਸ ਵਿਚੋਂ ਬਰਖਾ ਕੀਤੀ ਫੇਰ ਉਸ ਨੂੰ ਪ੍ਰਿਥਵੀ ਉਤੇ ( ਇਕਤ੍ਰ ਕਰਕੇ) ਇਸਥਿਤ ਕਰ ਰਖਿਆ । ਅਰ ਅਸੀਂ ਓਸ ( ਪਾਣੀ ) ਦੇ ( ਉਡਾ ) ਲੈ ਜਾਵਨ ਦੀ ( ਭੀ ) ਸਮਰਥ ਰਖਦੇ ਹਾਂ ॥ ੧੮ ॥ ਫੇਰ ਓਸ ( ਪਾਣੀ ) ਦਵਾਰਾ ਅਸਾਂ ਨੇ ਤੁਸਾਂ ਵਾਸਤੇ ਖਜੂਰਾਂ ਤਥਾ ਅੰਗੂਰਾਂ ਦੇ ਬਾਗ ਬਨਾ ਖੜੇ ਕੀਤੇ ਕਿ ਤੁਸਾਂ ਵਾਸਤੇ ਓਹਨਾਂ ਵਿਚ ਬਹੁਤ ਸਾਰੇ ਮੇਵੇ ( ਉਤਪਤ ਹੁੰਦੇ ) ਹਨ ਅਰ ਓਹਨਾਂ ਵਿਚੋਂ (ਕਈਆਂਕੁ ਨੂੰ ) ਤੁਸੀਂ ਛਕ( ਭੀ ) ਲੈਂਦੇ ਹੋ ॥ ੧੯ ॥ ਅਰ (ਅਸਾਂ ਨੇ ਹੀ ਜੈਤੂਨ ਦਾ ਉਹ) ਬ੍ਰਿਛ ( ਉਤਪੰਨ ਕੀਤਾ ) ਜੋ ਤੂਰ ਸੀਨਾ (ਪਹਾੜ ) ਉਤੇ ( ਪ੍ਰਾਯਾ ) ਉਤਪਤ ਹੁੰਦਾ ਹੈ । ( ਅਰ ) ਛਕਣ ਵਾਲਿਆਂ ਵਾਸਤੇ ( ਮਾਨੋ ) ਤੇਲ ਅਰ ਸਾਲਨ ਸਾਥ ਹੀ ਲੈਕੇ ਉਗਦਾ ਹੈ ॥ ੨੦ ॥ ਅਰ (ਲੋਕੋ !) ਤੁਸਾਂ ਵਾਸਤੇ ਚਤੁਸ਼ਪਾਦੀਆਂ ਵਿਚ ਭੀ ਸਿਖਸ਼ਾ ( ਦਾ ਸਥਾਨ ) ਹੈ ਕਿ ਜੋ ( ਅਲਮ ਗਲਮ ) ਓਹਨਾਂ ਦੇ ਪੇਟਾਂ ਵਿਚ ( ਭਰੀ ਹੋਈ ) ਹੈ ਓਸੇ ਵਿਚੋਂ ਹੀ ਅਸੀਂ ਤੁਸਾਂ ਨੂੰ ( ਦੁਗਧ ) ਪਿਲਾਉਂਦੇ ਹਾਂ ਅਰ ( ਦੁਗਧ ਤੋਂ ਵਖਰਾ ) ਚਤੁਸ਼ਪਾਦੀਆਂ ਵਿਚ ਤੁਸਾਂ ਵਾਸਤੇ ( ਹੋਰ ਭੀ ) ਬਹੁਤ ਸਾਰੇ ਗੁਣ ਹਨ ਅਰ ਓਹਨਾਂ ਵਿਚੋਂ ( ਕਈਆਂਕੁ ਨੂੰ ) ਤੁਸੀਂ ਛਕ ਛਕਾ ( ਭੀ ) ਲੈਂਦੇ ਹੋ ॥ ੨੧ ॥ ਅਰ ਓਹਨਾਂ ਉਤੇ ਅਰ ਕਿਸ਼ਤੀਆਂ ਉਤੇ ਚੜ੍ਹੇ ਚੜ੍ਹੇ ( ਭੀ ) ਫਿਰਦੇ ਹੋ ॥ ੨੨ ॥ ਰਕੂਹ ੧ ॥

ਅਰ ਨਿਰਸੰਦੇਹ ਅਸਾਂ ਨੇ ਨੂਹ ਨੂੰ ਓਹਨਾਂ ਦੀ ਜਾਤੀ ( ਦੇ ਲੋਕਾਂ ) ਪਾਸ ( ਪੈਯੰਬਰ ਬਨਾ ਕੇ ) ਭੇਜਿਆ ਤਾਂ ਓਹਨਾਂ ਨੇ ( ਲੋਕਾਂ ਨੂੰ ) ਆਖਿਆ ਕਿ ਭਿਰਾਓ ! ਅੱਲਾ ਦੀ ਪੂਜਾ ਕਰੋ ਓਸ ਤੋਂ ਸਿਵਾ ਤੁਸਾਂ ਦਾ ਕੋਈ ਮਾਬੂਦ ਨਹੀਂ ਤਾਂ ਕੀ ਤੁਸਾਂ ਨੂੰ ( ਓਸ ਦੇ ਪਾਸੋਂ ) ਡਰ ਨਹੀਂ ਆਉਂਦਾ ? ॥ ੨੩ ॥ ਏਸ ਗਲੋਂ ਉਸ ਦੀ ਜਾਤੀ ਦੇ ਸਰਦਾਰ ਜੋ ਮੁਨਕਰ ਥੇ ( ਆਪਸ ਵਿਚ ) ਲਗੇ ਕਹਿਣ ਕਿ ਇਹ ( ਭੀ ) ਤਾਂ ਬਸ ਤੁਸਾਂ ਵਰਗਾ ਹੀ ਆਦਮੀ ਹੈ । ( ਅਰ ) ਤੁਸਾਂ ਨਾਲੋਂ ਉਤਮ ਬਣਨਾ ਚਾਹੁੰਦਾ ਹੈ । ਅਰ ਯਦੀ ਖੁਦਾ ਨੂੰ ( ਪੈਯੰਬਰ ਹੀ ਭੇਜਨਾ ) ਅਭੀਸ਼ਟ ਹੁੰਦਾ ਤਾਂ ਫਰਿਸ਼ਤਿਆਂ ਨੂੰ ਭੇਜ ਦੇਂਦਾ ਅਸਾਂ ਨੇ ਤਾਂ ਐਸੀ ਬਾਰਤਾ ਆਪਣੇ ਅਗਲੇ ਪਿਤਾ ਪਿਤਾਮਾ ਵਿਚ ( ਹੁੰਦੀ ) ਸੁਣੀ ਨਹੀਂ ॥ ੨੪ ॥ ਹੋਵੇ ਨਾ ਹੋਵੇ ਬਸ ਇਹ ( ਤਾਂ ) ਇਕ ਆਦਮੀ ਹੈ ਜਿਸ ਨੂੰ ਉਨਮਾਦ ਹੋ ਗਿਆ ਹੈ ਸੋ ਇਕ ( ਨਿਯਤ ) ਸਮੇਂ ਤਕ ਏਸ ( ਦੇ ਅੰਤ ) ਦੀ ਉਡੀਕ ਰਖੋ ॥ ੨੫ ॥ ਨੂਹ ਨੇ (ਖੁਦਾ ਪਾਸੋਂ)

Digitized by Panjab Digital Library | www.panjabdigilib.org

ਦੁਆ ਮੰਗੀ ਕਿ ਹੇ ਮੇਰੇ ਪਰਵਰਦਿਗਾਰ ਜੈਸੇ ਓਹਨਾਂ ਨੇ ਮੈਨੂੰ ਝੁਠ-ਲਾਇਆ ਹੈ ਤੂੰ ਹੀ ਮੇਰੀ ਮਦਦ ਕਰ ॥ ੨੬ ॥ ਇਸ ਗਲੋਂ ਅਸਾਂ ਨੇ ਨੂਹ ਦੀ ਤਰਫ ਆਕਾਸ਼ਬਾਣੀ ਭੇਜੀ ਕਿ ਸਾਡੀ ਦ੍ਰਿਸ਼ਟੀ ਗੋਚਰ ਅਰ ਸਾਡੀ ਆਗਿਆਨੁਸਾਰ ਇਕ ਬੇੜੀ ਬਨਾਓ ਫੇਰ ਜਦੋਂ ਸਾਡਾ ਹੁਕਮ ( ਕਸ਼ਟ ) ਆਣੇ ਨੂੰ ਪਰਾਪਤ ਹੋਵੇ ਅਰ ਤੰਦੂਰ ( ਤੋਂ ਪਾਣੀ ) ਖੋਲਣ ਲਗੇ ਤਾਂ ਨਾਉਕਾ ਵਿਚ ਹਰ ਇਕ ( ਜੀਵ ) ਵਿਚੋਂ ( ਦੰਪਤੀ ) ਦੋ ਦੋ ਦਾ ਜੋੜਾ ਬੈਠਾ ਲਵੇ। ( ਓਹਨਾਂ ਦੇ ਨਾਲ ) ਆਪਣਿਆਂ ਘਰ ਵਾਲਿਆਂ ਨੂੰ ( ਭੀ ) ਪਰੰਤੂ ਓਹਨਾਂ ਵਿਚੋਂ ਜਿਹਨਾਂ ਵਲੋਂ ਪ੍ਰਥਮ ਤੋਂ (ਗਰਕ ਹੋਣ ਦਾ ) ਹੁਕਮ ਹੋ ਚੁਕਾ ਹੈ ( ਓਹਨਾਂ ਨੂੰ ਨਹੀਂ ) ਅਰ ਜਿਨਹਾਂ ਲੋਕਾਂ ਨੇ ਨਾਫਰਮਾਨੀਆਂ ਕੀਤੀਆਂ ਹਨ ਓਹਨਾਂ ਵਲੋਂ ਸਾਡੇ ਅਗੇ ਕੋਈ ( ਬੜੀ ) ਬੇਨਤੀ ਨਹੀਂ ਕਰਨੀ । ( ਕਾਹੇ ਤੇ ) ਏਹਨਾਂ ਨੂੰ ( ਹਰ ਦਿਸ਼ਾ) ਡੋਬਣਾ ਹੈ ॥ ੨੭ ॥ ਫੇਰ ਜਦੋਂ ਤੁਸੀਂ ਅਰ ਤੁਸਾਂ ਦੇ ਹਮਰਾਹੀ ( ਸੰਪੂਰਨ ਤਸੱਲੀ ਨਾਲ ) ਕਿਸ਼ਤੀ ਵਿਚ ਬੈਠ ਜਾਵਣ ਤਾਂ ਆਖੋ ਕਿ ਵਾਹਗੁਰੂ ਦਾ ਧੰਨਵਾਦ ਹੈ ਜਿਸ ਨੇ ਸਾਨੂੰ ( ਏਹਨਾਂ ) ਦੁਸ਼ਟ ਪੁਰਖਾਂ ਪਾਸੋਂ ਮੁਕਤੀ ਦਿਤੀ ॥ ੨੮ ॥ ਅਰ ( ਖੁਦਾ ਦੀ ਜਨਾਬ ਵਿਚ ) ਦੁਆ ਕਰੋ ਕਿ ਹੇ ਮੇਰੇ ਪਰਵਰ-ਦਿਗਾਰ ਮੈਨੂੰ (ਪ੍ਰਿਥਵੀ ਉਤੇ) ਬਰਕਤ ਦੀ ਉਤਾਰਨੀ ਉਤਾਰਿਓ । ਅਰ ਤੂੰ ਸੰਪੂਰਣ ਉਤਾਰਨ ਵਾਲਿਆਂ ਨਾਲੋਂ ਉਤਮ ( ਉਤਾਰਨ ਵਾਲਾ) ਹੈਂ ॥ ੨੯ ॥ ਨਿਰਸੰਸੇ ਏਹਨਾਂ ( ਪਰਸੰਗਾਂ ) ਵਿਚ ( ਮੇਰੀ ਕੁਦਰਤ ਦੀਆਂ ਬਹੁਤ ਸਾਰੀਆਂ ) ਨਿਸ਼ਾਨੀਆਂ ਹਨ ਅਰ ਸਾਨੂੰ ( ਲੋਕਾਂ ਦੀ ) ਪ੍ਰੀਛਾ ਕਰਨੀ ਅਭੀਸ਼ਟ ਸੀ ( ਸੋ ਕਰ ਲੀਤੀ ) ॥ ੩੦ ॥ ਫੇਰ ਓਹਨਾਂ ਤੋਂ ਪਸਚਾਤ ਅਸਾਂ ਨੇ ( ਇਕ ) ਹੋਰ ਜਾਤੀ ( ਸਮੂਦ ) ਨਾਮੀ ਨਿਕਾਲ ਖੜੀ ਕੀਤੀ ॥ ੩੧ ॥ ਅਰ ਓਹਨਾਂ ਵਿਚੋਂ ਹੀ ( ਸਾਲਿਹਾ ਨੂੰ ) ਰਸੂਲ ( ਬਨਾ ਕੇ ) ਓਹਨਾਂ ਦੇ ਵਿਚ ਭੇਜਿਆ ( ਅਰ ਉਸ ਨੇ ਓਹਨਾਂ ਨੂੰ ਸਮਝਾਇਆ ) ਕਿ ਖੁਦਾ ਦੀ ਪੂਜਾ ਕਰੋ ਉਸ ਤੋਂ ਸਿਵਾ ਤੁਸਾਂ ਦਾ ਕੋਈ ਮਾਬੂਦ ਨਹੀਂ ਤਾਂ ਕੀ ਤੁਸਾਂ ਨੂੰ ( ਉਸ ਪਾਸੋਂ ) ਡਰ ਨਹੀਂ ਲਗਦਾ ॥ ੩੨ ॥ ਰੁਕੂਹ ੨ ॥

ਅਰ ਉਹਨਾਂ ਦੀ ਜਾਤੀ ਦੇ ਸਰਦਾਰ ਜੋ (ਉਸ ਦੀ ਰਸਾਲਤ ਤੋਂ) ਮੁਨਕਰ ਸਨ ਅਰ ਪਰਲੋ ਦੇ ਹੋਣ ਨੂੰ ( ਭੀ )ਝੁਠਿਆਂ ਕਰਦੇ ਸਨ। ਅਰ ਸਾਂਸਾ-ਰਿਕ ਜੀਵਨ ਵਿਚ ਅਸਾਂ ਨੇ ਓਹਨਾਂ ਨੂੰ ਆਸੂਦਗੀ ( ਭੀ ) ਦਿਤੀ ਸੀ ਅਰਥਾਤ (ਆਪਸ ਵਿਚ) ਲਗੇ ਆਖਣ ਕਿ ਇਹ(ਸਾਲਿਹਾ)ਬਸ ਤੁਸਾਂ ਵਰਗਾ ਆਦਮੀ ਹੈ ਜੋ ਭੋਜਨ ਤੁਸੀਂ ਕਰਦੇ ਹੋ ਓਸ ਪਰਕਾਰ ਦਾ ਭੋਜਨ ਇਹ ਭੀ ਕਰਦਾ ਹੈ ਅਰ ਜੋ ( ਪਾਣੀ ) ਤੁਸੀ ਪਾਨ ਕਰਦੇ ਹੋ ਓਸੇ ਪਰਕਾਰ ਦਾ

Digitized by Panjab Digital Library | www.panjabdigilib.org

( ਪਾਣੀ ) ਇਹ ਭੀ ਪਾਨ ਕਰਦਾ ਹੈ ॥ ੩੩ ॥ ਅਰ ਯਦੀ ਤੁਸਾਂ ਨੇ ਆਪਣੇ ਵਰਗੇ ਪੁਰਖ ਦੀ ਆਗਿਆ ਮੰਨੀ ਤਾਂ ਏਸ ਗਲੋਂ ਨਿਸਚੇ ਹੀ ਤੁਸਾਂ ਵਿਚ ਨਜੂਨ ( ਬੁਧੀ ) ਹੈ ॥ ੩੪ ॥ ਕੀ ( ਇਹ ਪੁਰਖ ) ਤੁਸਾਂ ਨੂੰ ਆਖਦਾ ਹੈ ਕਿ ਜਦੋਂ ਤੁਸੀਂ ਮਰ ਜਾਵੋਗੇ ਅਰ ( ਮਰ ਕੇ ) ਤੁਸਾਂ ਦੀ ਖਾਕ ਤਥਾ ਹੱਡੀਆਂ ਰਹਿ ਜਾਵਣਗੀਆਂ ਤਾਂ ਤੁਸੀਂ ( ਦੂਜੀ ਵੇਰੀ ਸੁਰਜੀਤ ਕਰਕੇ ਪ੍ਰਿਥਵੀ ਵਿੱਚੋਂ ) ਨਿਕਾਲੇ ਜਾਵੋਗੇ ॥ ੩੫ ॥ ( ਇਹ ) ਬਾਰਤਾ ਜੋ ਤੁਸਾਂ ਨੂੰ ਕਹੀ ਜਾਂਦੀ ਹੈ ( ਨਿਰੀ ਪੂਰੀ ਅਕਲੋਂ ਫਿਕਰੋਂ ) ਬਾਹਰ ਹੈ ॥ ੩੬ ॥ ( ਦੁਬਾਰਾ ਉਤਪੰਨ ਹੋਣਾ ਕੈਸਾ ) ਯਹੀ ਸਾਡਾ ਸਾਂਸਾਰਿਕ ਜੀਵਨ ਹੈ ਅਰ ਬਸ ਕਿ ਅਸਾਂ ਮਰਦੇ ( ਭੀ ) ਹਾਂ ਅਰ ਜੀਂਵਦੇ ( ਭੀ ) ਹਾਂ ਅਰ ( ਫਿਰ ) ਅਸਾਂ ( ਸੁਰਜੀਤ ਹੋ ਕੇ ) ਨਹੀਂ ਉਠਣਾ ॥ ੩੭ ॥ ਹੋਵੇ ਨਾ ਹੋਵੇ ਇਹ ( ਸਾਲਿਆ ) ਇਕ ਐਸਾ ( ਦਿਲੇਰ ) ਪੁਰਖ ਹੈ ਜਿਸਨੇ ਖੁਦਾ ਉਤੇ ਝੂਠ ਮੂਠ ਥਾਪਿਆ ਹੈ ਅਰ ਅਸੀਂ ਤਾਂ ਇਸ ( ਦੇ ਕਹਿਣੇ ) ਦਾ ਨਿਸਚਾ ਕਰਦੇ ਨਹੀਂ ॥ ੩੮ ॥ ( ਲੋਕਾਂ ਦਾ ਇਹ ਇਨਕਾਰ ਦੇਖ ਕੇ ਸਾਲਿਹਾ ਨੇ ( ਦੁਆ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਜਿਸ ਪਰਕਾਰ ਏਹਨਾਂ ਨੇ ਮੈਨੂੰ ਝੂਠਾਰਿਆ ਹੈ ਤੂੰ ਮੇਰੀ ਮਦਦ ਕਰ ॥ ੩੯ ॥ ( ਖੁਦਾ ਨੇ ) ਆਗਿਆ ਕੀਤੀ ਕਿ ( ਤਨੀਸੀ ਧੀਰਜ ਕਰੋ ) ਸਮੀਪ ਹੀ ਇਹ ਲੋਕ ( ਆਪਣੇ ਕੀਤੇ ਨਾਲ ) ਜਰੂਰ ਨਾਦਮ ਹੋਵਣਗੇ । ਅਤ ਇਹ ( ਸਾਡੀ ) ਸਚੀ ( ਪ੍ਰਤਗਿਜਾਨੁਸਾਰ ) ਓਹਨੂੰ ਕਰੜੀ ਅਵਾਜ ( ਦੇ ਕਸ਼ਟ ) ਨੇ ਆਨ ਘੇਰਿਆ ॥ ੪੦ ॥ ਅਰ ਅਸਾਂ ਨੇ ਓਹਨਾ ਨੂੰ ਖਸ ਤਥਾ ਕੂੜੇ ( ਦੀ ਭਾਂਤ ਰੋਲ ) ਦਿਤਾ ਬਸ ਦੁਸ਼ਟ ਪੁਰਖਾਂ ਉਤੇ ( ਖੁਦਾ ਦੀ ) ਫਿਟਕ ॥ ੪੧ ॥ ਫੇਰ ਓਹਨਾਂ ਦੇ ਪਸਚਾਤ ਅਸਾਂ ਨੇ ਹੋਰ ( ਬਹੁਤ ਸਾਰੀਆਂ ) ਉਮਤਾਂ ਉਤਪਤ ਕੀਤੀਆਂ ॥ ੪੨ ॥ ਕੋਈ ਉਮਤ ਆਪਣੇ ( ਨਿਯਤ ) ਸਮੇਂ ਤੋਂ ਅਗੇ ਪੈਰ ਨਾ ਵਧਾ ਸਕੀ ਅਰ ਨਾ ਹੀ ( ਉਸ ਨਾਲੋਂ ) ਪਿਛੇ ਰਹਿ ਸਕਦੀ ਹੈ ॥ ੪੩ ॥ ਅਸੀਂ ਫੇਰ ਇਕ ਰਸ ਆਪਣੇ ਪੈਯੰਬਰ ਭੇਜਦੇ ਰਹੇ ਜਦੋਂ ਜਦੋਂ ਕਿਸੇ ਉਮਤ ਦਾ ਰਸੂਲ ਓਹਨਾਂ ਦੇ ਪਾਸ ਆਉਂਦਾ ਉਸ ਨੂੰ ਝੂਠਿਆਂ ਕਰਦੇ ਤਾਂ ਅਸੀਂ ਭੀ ਇਕ ਦੇ ਪਿਛੇ ਇਕ ਦਾ ਖੈ ਕਰਦੇ ਗਏ ਅਰ ( ਤੇਹਸ ਨੇਹਸ ਕਰ ਕੇ ) ਅਸਾਂ ਨੇ ਉਹਨਾਂ ਦੀਆਂ ਕਥਾਂ ਬਨਾਈਆਂ ਤਾਂ ਜੋ ਲੋਕ ਈਮਾਨ ਨਹੀਂ ਧਾਰਦੇ ਓਹਨਾਂ ਉਤੇ ( ਖੁਦਾ ਦੀ ) ਫਿਟਕ ॥ ੪੪ ॥ ਫੇਰ ਅਸਾਂ ਨੇ ਮੂਸਾ ਤਥਾ ਉਸ ਦੇ ਭਿਰਾ ਹਾਰੂੰ ਨੂੰ ਆਪਣੀਆਂ ਨਿਸ਼ਾਨੀਆਂ ਅਰ ਪਰਤੱਛ ਯੁਕਤੀਆਂ ਦੇ ਸਾਥ ॥ ੪੫ ॥ ਫਰਾਊਨ ਤਥਾ ਉਸ ਦੇ ਸਭਾ ਸਦਾਂ ਦੇ ਪਾਸੇ ( ਪੈਯੰਬਰ ਬਨਾ ਕੇ ) ਭੇਜਿਆ ਤਾਂ ਉਹ ( ਸਾਰੇ )

Digitized by Panjab Digital Library | www.panjabdigilib.org

ਸ਼ੇਖੀ ਵਿਚ ਆ ਗਏ ਅਰ ਉਹ ਹੈਸਨ ( ਭੀ ) ਅਮੋੜ ਲੋਕ ॥ ੪੬ ॥ ( ਤਾਂ ਆਪਸ ਵਿਚ ) ਲਗੇ ਕਹਿਨ ਕਿ ਕੀ ਅਸੀਂ ਏਹਨਾਂ ਦੋ ਪੁਰਖਾਂ ਉਤੇ ਕਿ ਉਹ ਭੀ ਸਾਡੇ ਵਰਗੇ ਹੀ ( ਪੁਰਖ ) ਹਨ ਈਮਾਨ ਧਾਰ ਬੈਠੀਏ ਹਾਲਾਂ ਕਿ ਉਨਹਾਂ ਦੀ ਜਾਤੀ ਸਾਡੀ ਸੇਵਾ ਵਿਚ ਹੈ ॥ ੪੭ ॥ ਭਾਵ ਇਨਹਾਂ ਲੋਕਾਂ ਨੇ (ਮੂਸਾ ਤਥਾ ਹਾਰੂੰ) ਦੋਨਾਂ ਨੂੰ ਝੁਠਾਰਿਆ ਤਾਂ ( ਅੰਤ ਨੂੰ ਇਹ ਹੋਇਆ ਕਿ ) ਖੈ ਕਰ ਦਿਤੇ ਗਏ ॥ ੪੮ ॥ ਅਰ ਅਸਾਂ ਨੇ ਮੂਸਾ ਨੂੰ ( ਤੋਰਾਤ ਨਾਮੀ ) ਪੁਸਤਕ ਏਸ ਭਾਵ ਉਤੇ 'ਪ੍ਰਦਾਨ ਕੀਤੀ ਸੀ ਕਿ ਲੋਕ ਓਸ ਪਾਸੋਂ ਉਪਦੇਸ਼ ਧਾਰਨ ਕਰਨ ॥ ੪੯ ॥ ਅਰ ਅਸਾਂ ਨੇ ਮਰਿਯਮ ਦੇ ਪੁਤ੍ਰ ( ਈਸਾ ) ਅਰ ਓਹਨਾਂ ਦੀ ਮਾਈ ( ਮਰਿਯਮ ) ਨੂੰ ਆਪਣੀ ( ਕੁਦਰਤ ਦੀ ) ਨਿਸ਼ਾਨੀ ਬਣਾਇਆ । ਅਰ ਓਹਨਾਂ ਦੋਨਾਂ ਨੂੰ ( ਇਕ ਉਚੀ ਜਗਹਾਂ ਉਤੇ ) ਜੋ ਠਹਿਰਨ ਦੇ ਜੋਗ ਅਰ ਹਰੀ ਭਰੀ ਭੀ ਸੀ ( ਲੈ ਜਾਕੇ ) ਆਸਰਾ ਦਿਤਾ ॥ ੫੦ ॥ ਰੁਕੂਹ ੩ ॥

ਅਸੀਂ ਤਾਂ ਆਪਣਿਆਂ ਸਾਰਿਆਂ ਪੈਯੰਬਰਾਂ ਨੂੰ ਯਹੀ ਆਗਿਆ ਦੇਂਦੇ ਰਹੇ ਹਾਂ ਕਿ ) ਹੇ ( ਸੰਬੂਹ ) ਪੈਯੰਬਰੋ ਸ੍ਰਛ ਵਸਤੂ ਖਾਓ ਅਰ ਸ਼ੁਭ ਕਰਮ ਕਰੋ ਤੁਸੀਂ ਜੈਸੇ ਜੈਸੇ ਕਰਮ ਕਰਦੇ ਹੋ ਅਸੀਂ ਉਹਨਾਂ ਸਾਰਿਆਂ ਤੋਂ ਗਯਾਤ ਹਾਂ ॥ ੫੧ ॥ ਅਰ ਇਹ ਤੁਸਾਂ ਦਾ ( ਖੁਦਾਈ ) ਯੂਥ ਹੈ ( ਅਰ ਅਸਲ ਦੀਨ ਦੇ ਇਤਬਾਰ ਨਾਲ ਸਾਰਾ ) ਇਕੋ ਹੀ ਯੂਥ ( ਹੈ ) ਅਰ ਅਸੀਂ ( ਹੀ ) ਤੁਸਾਂ ਸਾਰਿਆਂ ਦੇ ਪਰਵਰਦਿਗਾਰ ਹਾਂ । ਤਾਂ ਸਾਡੇ ਪਾਸੋਂ ( ਹੀ ) ਡਰਦੇ ਰਹੋ ॥ ੫੨ ॥ ਫੇਰ ਲੋਕਾਂ ਨੇ ਆਪਸ ਵਿਚ ਫੁਟ ਪਾ ਕੇ ਆਪੋ ( ਆਪਣਾ ) ਦੀਨ ਅਲਗ ੨ ਕਰ ਲੀਤਾ ( ਹੁਣ ) ਜੋ (ਦੀਨ) ਜਿਸ ਫਿਰਕੇ ਦੇ ਪਾਸ ਹੈ ( ਵੁਹ ) ਓਸੇ ਨਾਲ ਹੀ ਪਰਸੰਨ ਹੈ ॥ ੫੩ ॥ ਤਾਂ ( ਹੇ ਪੈਯੰਬਰ ) ਤੁਸੀਂ ਇਕ ( ਨਿਯਤ ) ਸਮੇਂ ਤਕ ਏਹਨਾਂ ( ਲੋਕਾਂ ) ਨੂੰ ਏਹਨਾਂ ਦੀ ਗਫਲਤ ਵਿਚ ( ਪਏ ) ਰਹਿਣ ਦੇਵੋ ॥ ੫੪ ॥ ਕੀ ਇਹ ਲੋਕ ਐਸਾ ਖਿਆਲ ਕਰਦੇ ਹਨ ਕਿ ਅਸੀਂ ਜੋ ਮਾਲ ਅੰਸ ਨਾਲ ਏਹਨਾਂ ਦੀ ਮਦਦ ਕਰੀ ਜਾਂਦੇ ਹਾਂ ॥ ੫੫ ॥ ( ਏਸ ਦਾ ਇਹ ਪ੍ਰਯੋਜਨ ਹੈ ) ਕਿ ਏਹਨਾਂ ਨੂੰ ਫਾਇਦੇ ਪਹੁੰਚਾਨ ਵਿਚ ਅਸੀਂ ਜਲਦੀ ਕਰ ਰਹੇ ਹਾਂ ? ( ਨਹੀਂ ) ਪ੍ਰਤ੍ਯੁਤ ਇਹ ( ਲੋਗ ਅਸਲੀ ਭਾਵ ਨੂੰ ) ਸਮਝਦੇ ਨਹੀਂ ( ਕਿ ਇਹ ਭੀ ਇਕ ਪ੍ਰੀਛਾ ਹੈ ) ॥ ੫੬ ॥ ਜੋ ਲੋਕ ਆਪਣੇ ਪਰਵਰਦਿਗਾਰ ਦੇ ਡਰ ਨਾਲ ਡਰਦੇ ( ਤਥਾ ਹਰਾਸੇ ) ਰਹਿੰਦੇ ॥ ੫੭ ॥ ਅਰ ਜੋ ਆਪਣੇ ਪਰ-ਵਰਦਿਗਾਰ ਦੀ ਆਇਤਾਂ ਦਾ ਨਿਸਚਾ ਰਖਦੇ ॥ ੫੮ ॥ ਅਰ ਜੋ ਆਪਣੇ ਪਰਵਰਦਿਗਾਰ ਦੇ ਨਾਲ ( ਕਿਸੇ ਨੂੰ ) ਸ਼ਰੀਕ ਨਹੀਂ ਕਰਦੇ ॥ ੫੯ ॥

Digitized by Panjab Digital Library | www.panjabdigilib.org

ਅਰ ਜਿਤਨਾਂਕੁ ਸਰਦਾ ਬਣਦਾ ( ਆਪਣੇ ਪਰਵਰਦਿਗਾਰ ਦੇ ਰਾਹ ਵਿਚ ) ਦੇਂਦੇ ਅਰ ( ਅਜੇ ਭੀ ) ਓਹਨਾਂ ਦਿਆਂ ਦਿਲਾਂ ਵਿਚ ਏਸ ਬਾਰਤਾ ਦਾ ਖਟਕਾ ਲੱਗਾ ਰਹਿੰਦਾ ਹੈ ਕਿ ਓਹਨਾਂ ਆਪਣੇ ਪਰਵਰਦਿਗਾਰ ਦੇ ਪਾਸ ਲੋਟ ਕੇ ਜਾਣਾ ਹੈ। ( ਵੇਖੀਏ ਇਹ ਦੇਣਾ ਦੁਆਣਾ ਓਥੇ ਮਕਬੂਲ ਭੀ ਹੁੰਦਾ ਹੈ ਕਿੰਬਾ ਨਹੀਂ ) ॥ ੬੦ ॥ ਯਹੀ ਲੋਗ ਸ਼ੁਭ ਕਰਮਾਂ ਵਿਚ ਜਲਦੀ ਕਰਦੇ ਅਰ ਓਸ ਦੇ ਵਾਸਤੇ ਲਪਕਦੇ ਹਨ ॥ ੬੧ ॥ ਅਰ ਅਸੀਂ ਕਿਸੇ ਪੁਰਖ ਉਤੇ ਉਸ ਦੀ ਤਾਕਤ ਤੋਂ ਵਧ ਕੇ ਭਾਰ ਨਹੀਂ ਪਾਉਂਦੇ ਅਰ ਸਾਡੇ ਪਾਸ ( ਏਥੇ ਓਹਨਾਂ ਦੇ ਕਰਤਬਾਂ ਦਾ ) ਵਹੀ ਖਾਤਾ ਹੈ । ਜੋ ( ਹਰ ਇਕ ਦਾ ) ਠੀਕ ( ਠੀਕ ਹਾਲ ) ਦਸਦਾ ਹੈ ਅਰ ( ਲੋਕੋ ਏਸ ਗਲੋਂ ਨਿਰਸੰਸ ਰਹੋ ਕਿ ਕਿਸੇ ਪਰਕਾਰ ) ਓਹਨਾਂ ਦੀ ਹਕਤਲਫੀ ਨਾ ਹੋਵੇਗੀ ॥ ੬੨ ॥ ਪਰੰਤੂ ( ਬੜੀ ਖਰਾਬੀ ਦੀ ਤਾਂ ਇਹ ਬਾਰਤਾ ਹੈ ਕਿ ) ਏਹਨਾਂ ( ਲੋਕਾਂ ) ਦੇ ਦਿਲ ਏਹਨਾਂ ( ਬਾਰਤਾਂ ਦੇ ਪਾਸਿਓਂ ) ਗਫਲਤ ਵਿਚ ਹਨ ਅਰ ਗਫ-ਲਤ ਤੋਂ ਵਖਰੇ ਏਨਹਾਂ ਦੇ ( ਹੋਰ ਭੀ ਬਹੁਤ ਸੇ ਨਖਿਧ ) ਕਰਤਬ ਹਨ ਜਿਨਹਾਂ ਨੂੰ ਇਹ ਕਰਦੇ ਰਹਿੰਦੇ ਹਨ ( ਅਰ ਇਹ ਓਹਨਾਂ ਕਰਤਬਾਂ ਤੋਂ ਹਟਣ ਵਾਲੇ ਹੈਨ ਭੀ ਨਹੀਂ ) ॥ ੬੩ ॥ ਏਥੋਂ ਤਕ ਕਿ ਜਦੋਂ ਅਸੀਂ ਏਹਨਾਂ ਵਿਚੋਂ ਖੁਸ਼ਹਾਲ ਲੋਕਾਂ ਨੂੰ ( ਆਪਣੇ ) ਕਸ਼ਟ ਵਿਚ ਧਰ ਮਾਰਾਂਗੇ ਤਾਂ ਇਹ ਸ਼ੀਘਰ ਹੀ ਬਿਲ ਬਿਲਾ ਉਠਣਗੇ ॥ ੬੪ ॥ (ਓਸ ਵੇਲੇ ਅਸੀਂ ਏਹਨਾਂ ਨੂੰ ਕਹਾਂਗੇ ਕਿ ) ਹੁਣ ਮਤ ਬਿਲ ਬਿਲਾਓ ਤੁਸਾਂ ਨੂੰ ਏਥੇ ਸਾਡੇ ਪਾਸੋਂ ( ਕਿਸੇ ਪਰਕਾਰ ਹੀ ) ਮਦਦ ਨਹੀਂ ਮਿਲੇਗੀ ॥ ੬੫ ॥ ( ਕੁਰਾਨ ਵਿਚੋਂ ) ਸਾਡੀਆਂ ਆਇਤਾਂ ਤੁਸਾਂ ਨੂੰ ਪੜ੍ਹ ਪੜ੍ਹ ਕੇ ਸੁਣਾਈਆਂ ਜਾਂਦੀਆਂ ਸਨ ਤਾਂ ਤੁਸੀਂ ਆਕੜੇ ੨ ਕੁਰਾਨ ਨੂੰ ਮਸ਼ਕੂਲਾ ਕਰਦੇ ਹੋਏ ॥ ੬੬ ॥ ਬੇਹੂਦਾ ਬਕਵਾਸ ਕਰਦੇ ਪਿਛਲੇ ਪੈਰੀਂ ਭਜਦੇ ਸਾਓ ॥ ੬੭ ॥

ਕੀ ਏਹਨਾਂ ਲੋਕਾਂ ਨੇ (ਆਦ ਤੋਂ ਹੀ ਸਾਡੀ ਏਸ) ਆਗਜਾ (ਅਰਥਾਤ ਕੁਰਾਨ ) ਵਿਚ ਫਿਕਰ ਨਹੀਂ ਕੀਤਾ। ਅਥਵਾ ( ਏਹਨਾਂ ਦੇ ਬਿਦਿਕਨੇ ਦਾ ਇਹ ਕਾਰਨ ਹੋਇਆ ਕਿ ) ਏਹਨਾਂ ਦੇ ਪਾਸ ਇਕ ( ਨਵੀਨ ) ਬਾਰਤਾ ਆਈ ਜੋ ਏਹਨਾਂ ਦੇ ਅਗਲੇ ਪਿਤਾ ਪਿਤਾਮਾਂ ਦੇ ਪਾਸ ਨਹੀਂ ਆਈ ਸੀ ॥ ੬੮ ॥ ਕਿੰਬਾ ਇਹ ਲੋਕ ਆਪਣੇ ਰਸੂਲ ( ਦੀ ਰਾਸਤ ਬਾਜ਼ੀ ) ਤੋਂ ਵਾਕਫ ਨਹੀਂ ਸਨ ਅਰ ( ਅਵਿਦਯਾ ਦੇ ਕਾਰਨ ) ਇਹ ਓਹਨਾਂ ( ਦੀ ਰਸਾਤਲ ) ਤੋਂ ਮੁਨਕਰ ਹਨ ॥ ੬੯ ॥ ਕਿੰਬਾ ( ਆਪਣੇ ਰਸੂਲ ਦੀ ਨਿਸਬਤ ਐਸੀ ਝੂਠੀ ਬਾਰਤਾ ) ਕਹਿੰਦੇ ਹਨ ਕਿ ਓਸ ਨੂੰ ਉਨਮਾਦ ਹੋ ਗਇਆ ਹੈ ( ਏਹਨਾਂ ਗਲਾਂ ਵਿਚੋਂ ਕੋਈ ਗਲ ਭੀ ਨਹੀਂ ) ਪ੍ਰਤਜਤ

Digitized by Panjab Digital Library | www.panjabdigilib.org

ਰਸੂਲ ਏਹਨਾਂ ਦੇ ਪਾਸ ਸਚੀ ਬਾਰਤਾ ਲੈ ਕੇ ਆਇਆ ਅਰ ਏਹਨਾਂ ਵਿਚੋਂ ਪਰਾਯਾ ਪੁਰਖ ਸੱਤ ਥੀਂ ਅਪ੍ਰਸੰਨ ਹਨ ॥ ੭੦ ॥ ਅਰ ਯਦੀ ਸਤ ਏਹਨਾਂ ਦੀਆਂ ਵਾਸ਼ਨਾਂ ਦੇ ਅਨੁਸਾਰ ਹੋਇਆ ਕਰਦਾ ਤਾਂ ਪ੍ਰਿਥਵੀ ਆਕਾਸ ਅਰ ਜੋ ਕੁਛ ਏਹਨਾਂ ਵਿਚ ਹੈ ( ਏਹਨਾਂ ਸਾਰਿਆਂ ਦਾ ਇੰਤਜ਼ਾਮ ਕਦੋ ਦਾ ) ਤਿਤ੍ਰ ਬਿਤਰ ਹੋ ਗਇਆ ਹੁੰਦਾ। ਕਿੰਤੂ ( ਸਚਾ ਬਿਰਤਾਂਤ ਤਾਂ ਇਹ ਹੈ ਕਿ) ਅਸਾਂ ਨੇ ਏਹਨਾਂ ਨੂੰ ਏਹਨਾਂ ਦੇ ਹੀ ਬਿਰਤਾਂਤ ਲਿਆ ਕੇ ਸੁਣਾਏ ਹਨ ਇਹ ਆਪਣੇ ਬਿਰਤਾਂਤਾਂ ( ਦੇ ਸਰਵਣ ) ਕਰਨ ਤੋਂ ਨਸਦੇ ( ਭਜਦੇ ) ਹਨ ॥ ੭੧ ॥ ਕਿੰਬਾ ( ਹੇ ਪੈਯੰਬਰ ) ਤੁਸੀਂ ਏਹਨਾਂ ਪਾਸੋਂ ( ਉਪਦੇਸ਼ ਦਾ ) ਕੁਛ ਮੋਖ ਮੰਗਦੇ ਹੋ। ਤਾਂ ਤੁਸਾਂ ਦੇ ਪਰਵਰਦਿਗਾਰ ਦੀ ਬਖਸ਼ਸ਼ ( ਏਹਨਾਂ ਦੇ ਮੋਖਾਂ ਪਾਸੋਂ ਕਈ ਗੁਣਾਂ ) ਉਤਮ ਹੈ ਅਰ ਖੁਦਾ ( ਸੰਪੂਰਨ ) ਰੋਜੀ ਦੇਣ ਵਾਲਿਆਂ ਵਿਚੋਂ ਉਤਮ ( ਰੋਜ਼ੀ ਦੇਣ ਵਾਲਾ ) ਹੈ ॥ ੭੨ ॥ ਅਰ ( ਹੇ ਪੈਯੰਬਰ ) ਤੁਸੀਂ ਤਾਂ ਏਹਨਾਂ ਨੂੰ ਸੂਧੇ ਮਾਰਗ ਦੀ ਤਰਫ ਬੁਲਾਂਵਦੇ ਹੋ ॥ ੭੩ ॥ ਅਰ ਜਿਨਹਾਂ ਲੋਕਾਂ ਨੂੰ ਪਰਲੋ ਦਾ ਨਿਸਚਾ ਨਹੀਂ ਵਹੀ ( ਸੂਧੇ ) ਮਾਰਗੋਂ ਪਤਤ ਹੋਏ ਹੋਏ ਹਨ ॥ ੭੪ ॥ ਅਰ ਯਦੀ ਅਸੀਂ ਏਹਨਾਂ ( ਦੀ ਦਸ਼ਾ ) ਉਤੇ ਕ੍ਰਿਪਾ ਕਰੀਏ ਅਰ ਜੋ ਜੋ ਦੁਖੜੇ ਏਹਨਾਂ ਨੂੰ ( ਏਹਨਾਂ ਦੇ ਕੁਫਰ ਕਰਨ ਦੇ ਕਾਰਨੋਂ ) ਪਰਾਪਤ ਹੁੰਦੇ ਰਹਿੰਦੇ ਹਨ ਓਹਨਾਂ ਨੂੰ ਦੂਰ ਭੀ ਕਰ ਦੇਵੀਏ ਤਾਂ ( ਇਹ ਐਸੇ ਮਲਨ ਮਨਾਂ ਵਾਲੇ ਹਨ ਕਿ ) ਆਪਣੀ ਅਮੋੜਤਾਈ ਉਤੇ ਹਠ ਕਰਨ ( ਅਰ ਸੂਧੇ ਮਾਰਗੋਂ ) ਭੁੰਭਲ ਭੂਸੇ ਖਾਂਦੇ (ਫਿਰਨ) ॥ ੭੫ ॥ ਅਰ ਅਸਾਂ ਨੇ ਇਹਨਾਂ ਨੂੰ ਕਸ਼ਟ ਵਿਚ ਮੁਬਤਲਾ (ਭੀ) ਕੀਤਾ ਤਾਂ ਭੀ ਇਹ ਲੋਕ ਆਪਣੇ ਪਰਵਰਦਿਗਾਰ ਦੇ ਅਗੇ ਨਾ ਝੁਕੇ ਅਰ ਦੀਨਤਾ ਕਰਨਾ ਤਾਂ ਏਹਨਾਂ ਦੀ ਆਦਤ ਹੀ ਨਹੀਂ ॥ ੭੬ ॥ ਏਥੋਂ ਤਕ ਕਿ ਜਦੋਂ ਅਸਾਂ ਨੇ ਇਨਹਾਂ ਉਤੇ ਭਯਾਨਕ ਕਸ਼ਟ ਦਾ ਦਰਵਾਜ਼ਾ ਖੋਹਲ ਦਿਤਾ ਤਾਂ ਉਸ ਵੇਲੇ ਬਲਾਤਕਾਰ ਹੀ ਆਸ ਉਮੈਦ ਛਡ ਬੈਠੇ ॥ ੭੭ ॥ ਰੁਕੂਹ ੪ ॥

ਅਰ ( ਲੋਕੋ ! ) ਉਹੀ ( ਖੁਦਾ ਮੇਹਰਬਾਨ ) ਹੈ ਜਿਸ ਨੇ ਤੁਸਾਂ ਵਾਸਤੇ ਕਰਨ ਅਰ ਨੇਤਰ ਅਰ ਦਿਲ ਪੈਦਾ ਕੀਤੇ। ( ਪਰੰਤੂ ) ਤੁਸੀਂ ਧੰਨਜਵਾਦ ਬਹੁਤ ਹੀ ਘਟ ਕਰਦੇ ਹੋ ॥ ੭੮ ॥ ਅਰ ਵਹੀ ਹੈ ਜਿਸ ਨੇ ਤੁਸਾਂ ਨੂੰ ਪ੍ਰਿਥਵੀ ਉਤੇ ( ਚਾਰ ਚੁਫੇਰੇ ) ਫੈਲਾ ਰਖਿਆ ਹੈ ਅਰ ( ਪਰਲੋ ਦੇ ਦਿਨ ) ਤੁਸਾਂ ( ਸਾਰਿਆਂ ਨੂੰ ) ਇਕੱਠੇ ਕਰਕੇ ਓਸੇ ਦੇ ਹਜ਼ੂਰ ਵਿਚ ਲੈ ਆਂਦਾ ਜਾਵੇਗਾ ॥ ੭੯ ॥ ਅਰ ਵਹੀ ਹੈ ਜੋ ਉਤਪਤ ਕਰਦਾ ਅਰ ਮਾਰਦਾ ਹੈ ਅਰ ਦਿਨ ਰਾਤ੍ਰੀ ਦਾ ਅਦਲ ਬਦਲ ਭੀ ਓਸਦਾ ( ਕੰਮ ) ਹੈ ਤਾਂ ਕੀ ਤੁਸੀਂ

Digitized by Panjab Digital Library | www.panjabdigilib.org

( ਲੋਗ ਏਤਨੀ ਬਾਰਤਾ ਭੀ ) ਨਹੀਂ ਸਮਝਦੇ ॥ ੮੦ ॥ ( ਏਹਨਾਂ ਦੇ ਪਾਸ ਕੋਈ ਮਾਕੂਲ ਉਤਰ ਤਾਂ ਹੈ ਨਹੀਂ ) ਪ੍ਰਤਯੁਤ ਜੈਸੀਆਂ ਬਾਰਤਾਂ ਅਗਲੇ ( ਪੁਰਖ ) ਆਖਦੇ ਤੁਰੇ ਆਏ ਹਨ ਵੈਸੀਆਂ ਹੀ ( ਬਾਰਤਾਂ ) ਇਹ ਲੋਗ ( ਭੀ ) ਕਹਿੰਦੇ ਹਨ ॥ ੮੧ ॥ ( ਅਰਥਾਤ ) ਕਹਿੰਦੇ ਹਨ ਕਿ ਕੀ ਜਦੋਂ ਅਸੀਂ ਮਰ ਜਾਵਾਂਗੇ ਅਰ ( ਮਰਿਆਂ ਪਿਛੋਂ ) ਮਿਟੀ ਹੋ ਜਾਵਾਂਗੇ ਅਰ ( ਕੇਵਲ ) ਹਡੀਆਂ ( ਬਾਕੀ ਰਹਿ ਜਾਵਣਗੀਆਂ ) ਕੀ ਅਸੀਂ ( ਦੂਜੀ ਵੇਰੀ ਸਰਜੀਤ ਕਰਕੇ ) ਉਠਾ ਖੜੇ ਕੀਤੇ ਜਾਵਾਂਗੇ ॥ ੮੨ ॥ ਸਾਡੇ ਨਾਲ ਅਰ ( ਸਾਡੇ ਨਾਲੋਂ ) ਪ੍ਰਥਮ ਸਾਡਿਆਂ ਵਡਿਆਂ ਨਾਲ ਏਸ ਦੀ ਪ੍ਰਤਗਜਾ ਹੁੰਦੀ ਹੀ ਤੁਰੀ ਆਈ ਹੈ । ਹੋਵੇ ਨਾ ਹੋਵੇ ਇਹ ਤਾਂ ਕੇਵਲ ਅਗਲਿਆਂ ਲੋਕਾਂ ਦੇ ਢਕੋਸਲੇ ਹਨ ॥ ੮੩ ॥ ( ਹੇ ਪੈਯੰਬਰ ) ਏਹਨਾਂ ਲੋਕਾਂ ਨੂੰ ਪੁਛੋ ਕਿ ਯਦੀ ( ਤੁਸੀਂ ) ਬੜੇ ਬੂਝ ਬੁਝੱਕੜ ਹੋ ਤਾਂ ( ਭਲਾ ਏਤਨੀ ਬਾਰਤਾ ਤਾਂ ਦਸੋ ਕਿ ) ਪ੍ਰਿਥਵੀ ਤਥਾ ਹੋਰ ਜੋ ਕੁਛ ਏਸ ਉਤੇ ਹੈ ( ਇਹ ਸੰਪੂਰਨ ਕਾਰਖਾਨਾ ) ਕਿਸ ਦਾ ਹੈ ॥ ੮੪ ॥ ਵੁਹ ਬਲਾਤਕਾਰ ( ਯਹੀ ) ਉੱਤਰ ਦੇਣਗੇ ਕਿ ਅੱਲਾ ਦਾ । ( ਇਹਨਾਂ ਨੂੰ ) ਕਹੋ ਕਿ ਫੇਰ ਤੁਸੀਂ ਸੋਚਦੇ ਕਿਉਂ ਨਹੀਂ ॥ ੮੫ ॥ ( ਹੇ ਪੈਯੰਬਰ ਏਹਨਾਂ ਨੂੰ ) ਪੁਛੋ ਕਿ ਸਤਾਂ ਆਕਾਸ਼ਾਂ ਦਾ ਮਾਲਿਕ ਕੌਣ ਹੈ ? ॥ ੮੬ ॥ ਅਰ ( ਹੋਰ ) ਆਲੀਸ਼ਾਨ ਅਰਸ਼ ਦਾ ਮਾਲਿਕ ਕੌਣ ਹੈ ? ਵੁਹ ਬਲਾਤਕਾਰ ( ਯਹੀ ) ਉਤਰ ਦੇਣਗੇ ਕਿ ਸਭ ਕੁਝ ) ਅੱਲਾ ਹੀ ਦਾ ਹੈ । ( ਹੁਣ ਤੁਸਾਂ ਏਹਨਾਂ ਨੂੰ ) ਆਖੋ ਕਿ ਕੀ ਫੇਰ ਤੁਸਾਂ ਨੂੰ ( ਓਸ ਪਾਸੋਂ ) ਭੈ ਨਹੀਂ ਆਉਂਦਾ ॥ ੮੭ ॥ ( ਹੇ ਪੈਯੰਬਰ ਏਹਨਾਂ ਲੋਕਾਂ ਨੂੰ ) ਕਹੋ ਕਿ ਯਦੀ ਤੁਸੀਂ ( ਬੜੇ ) ਬੂਝ ਬੁਝੱਕੜ ਹੋ ਤਾਂ (ਭਲਾ ਏਤਨੀ ਬਾਰਤਾ ਤਾਂ ਦਸੋ ਕਿ ) ਕੌਣ ( ਐਸਾ ਸਰਵ ਸ਼ਕਤੀਮਾਨ ) ਹੈ ਜਿਸ ਦੇ ਹਥ ਵਿਚ ਹਰ ਇਕ ਵਸਤੂ ਦਾ ਪਰਬੰਧ ਹੈ । ਅਰ ਵੁਹ ( ਜਿਸ ਨੂੰ ਚਾਹੁੰਦਾ)ਪਨਾਹ ਦੇਂਦਾ(ਰਾਖੀ ਕਰਦਾ)ਅਰ ਉਸ ਦੇ ਮੁਕਾਬਲੇ ਵਿਚ ਕੋਈ ਕਿਸੇ ਨੂੰ ਪਨਾਹ ( ਟੇਕ ) ਨਹੀਂ ਦੇ ਸਕਦਾ ॥ ੮੮ ॥ ਵੁਹ ਸ਼ੀਘਰ ( ਯਹੀ ) ਉੱਤਰ ਦੇਣਗੇ ਕਿ ( ਯਹੀ ਸੰਪੂਰਣ ਸਿਫਤਾਂ ਤਾਂ ) ਅੱਲਾ ਦੀਆਂ ਹੀ ਹਨ । ( ਹੁਣ ਏਹਨਾਂ ਨੂੰ ) ਆਖੋ ਕਿ ਫੇਰ ਤੁਸਾਂ ਨੂੰ ਕੈਸੀ ਧਾੜ ਪੈ ਜਾਂਦੀ ਹੈ ॥ ੮੯ ॥ ਸਚ ਇਹ ਹੈ ਕਿ ਸਚੀ ( ਸਚੀ ) ਬਾਰਤਾ ਅਸਾਂ ਏਹਨਾਂ ਨੂੰ ਪਹੁੰਚਾ ਦਿਤੀ ਹੈ ਅਰ ਇਹ ਨਿਰਸੰਦੇਹ ਝੂਠੇ ਹਨ ॥ ੯੦ ॥ ਨਾ ਤਾਂ ਅੱਲਾ ਨੇ ਕਿਸੇ ਨੂੰ ਪੁਤ੍ਰ ਬਨਾਇਆ ਅਰ ਨਾ ਉਸ ਦੇ ਨਾਲ ਕੋਈ ਦੂਸਰਾ ਖੁਦਾ ਹੈ ਅਰ ਨਾ ਹੀ ਹਰ ਇਕ ਖੁਦਾ ਆਪਣੀ ਸਿਸ਼ਟੀ ਨੂੰ ( ਅਲਗ ਲੈ ) ਲੈ ਫਿਰਦਾ ਅਰ ( ਆਪਸ ਵਿਚ ਲੜਦੇ ਅਰ ਅੰਤ ਨੂੰ ) ਇਕ ਦੂਸਰੇ ਉਤੇ ਬਲਵਾਨ ਹੋ ਜਾਂਦਾ ।

Digitized by Panjab Digital Library | www.panjabdigilib.org

ਜੋਸੀਆਂ ੨ ਗਲਾਂ ਇਹ ( ਅੱਲਾ ਦੀ ਨਿਸਬਤ ) ਵਰਣਨ ਕਰਦੇ ਹਨ। ਅੱਲਾ ( ਦਾ ਸਰੂਪ ) ਓਹਨਾਂ ਤੋਂ ਨਿਰਲੇਪ ਹੈ ॥ ੯੧ ॥ ਅਰ ਵੁਹ ਗੁਪਤ ਪਰਗਟ ( ਸੰਪੂਰਨਾਂ ) ਨੂੰ ਜਾਣਦਾ ( ਹੈ ) ਅਰ ਵੁਹ ਲੋਕਾਂ ਦੇ ਸ਼ਿਰਕ ਤੋਂ ( ਨਿਰਲੇਪ ਅਰ ) ਊਚ ਤੇ ਊਚਾ ਹੈ ॥ ੯੨ ॥ ਰੁਕੂਹ ੫ ॥

(ਐ ਪੈਯੰਬਰ ਤੁਸੀਂ ਤਾਂ ਇਹ ) ਦੁਆ ਕਰੋ ਕਿ ਹੇ ਮੇਰੇ ਪਰਵਰ-ਵਰਦਿਗਾਰ ਜਿਸ ( ਕਸ਼ਟ ) ਦੀ ਪਰਤਿਗਜਾ ਏਹਨਾਂ ( ਕਾਫਰਾਂ ) ਨਾਲ ਕੀਤੀ ਜਾਂਦੀ ਹੈ ਯਦੀ ( ਸ਼ਾਇਦ ਉਹ ਕਸ਼ਟ ) ਤੂੰ ਮੈਨੂੰ ਦਿਖਾਏਂ ॥ ੯੩ ॥ ਤਾਂ ਹੇ ਮੇਰੇ ਪਰਵਰਦਿਗਾਰ ( ਏਹਨਾਂ ) ਜ਼ਾਲਿਮ ਲੋਗਾਂ ਵਿਚ ( ਕਿਤੇ ) ਮੈਨੂੰ ਨਾ ਮਿਲਾ ਲੈਣਾ ॥ ੯੪ ॥ ਅਰ ( ਹੇ ਪੈਯੰਬਰ ) ਅਸੀਂ ਏਸ ਬਾਰਤਾ ਨੂੰ ( ਭੀ ) ਸਾਮਰਥ ਹਾਂ ਕਿ ਜਿਸ ( ਕਸ਼ਟ ) ਦੀ ਪਰਤਿਗਜਾ ਏਹਨਾਂ ( ਕਾਫਰਾਂ ) ਨਾਲ ਕਰ ਰਹੇ ਹਾਂ ( ਤੁਸਾਂ ਦੀ ਜ਼ਿੰਦਗੀ ਵਿਚ ਹੀ ਏਹਨਾਂ ਉਤੇ ਨਾਜ਼ਲ ਕਰੀਏ ਅਰ ) ਤੁਸਾਂ ਨੂੰ ਦਿਖਾਈਏ ॥ ੯੫ ॥ ( ਹੇ ਪੈਯੰਬਰ ਯਦੀ ਕੋਈ ਤੁਸਾਂ ਨੌਲ ਬਦੀ ਕਰੇ ਤਾਂ ) ਬਦੀ ਦਾ ਉਪਾਉ ਐਸੇ ਬਰਤਾਓ ਨਾਲ ਕਰੋ ਕਿ ਵੁਹ ( ਵੇਖਣੇ ਵਿਚ ) ਬਹੁਤ ਹੀ ਭਲਾ ਹੋਵੇ ( ਅਰ ) ਇਹ ( ਲੋਕ ) ਜੋ ਕੁਛ ( ਤੁਸਾਂ ਦੀ ਨਿਸਬਤ ) ਕਹਿੰਦੇ ਹਨ ਅਸੀਂ ਓਸ ਤੋਂ ਭਲੀ ਪਰਕਾਰ ਗਿਆਤ ਹਾਂ ॥ ੯੬ ॥ ਅਰ ( ਇਹ ਭੀ ) ਦੁਆ ਕਰੋ ਕਿ ਹੇ ਸਾਡੇ ਪਰਵਰਦਿਗਾਰ ਮੈਂ ਸ਼ੈਤਾਨੀ ਵਿਸ ਵਿਸਿਆਂ ਪਾਸੋਂ ਤੇਰੀ ਪਨਾਹ ਚਾਹੁੰਦਾ ਹਾਂ ॥ ੯੭ ॥ ਅਰ ਹੇ ਮੇਰੇ ਪਰਵਰਦਿਗਾਰ ਮੈਂ ਏਸ ਬਾਰਤਾਂ ਤੋਂ ( ਭੀ ) ਤੇਰੀ ਪਨਾਹ ਚਾਹੁੰਦਾ ਹਾਂ ਕਿ ਸ਼ੈਤਾਨ ਮੇਰੇ ਪਾਸ ਆਵਣ ( ਅਰ ਭੜਕਾਵਣ ) ( ਬਾਕੀ ਰਹੇ ਕੁਫਾਰ ਇਹ ਤਾਂ ਮੰਨਣ ਵਾਲੇ ਹੈ ਨਹੀਂ ) ॥੯੮॥ਏਥੋਂ ਤਕ ਕਿ ਜਦੋਂ ਏਹਨਾਂ ਵਿਚੋਂ ਕਿਸੇ ਦਾ ਕਾਲ ਸਮਾ ਆਵਿਦਮਾਨ ਹੋਵੇਗਾ ਤਦੋਂ ਦੁਆਏਂ ਮੰਗੇਗਾ ਕਿ(ਪ੍ਰਾਰਥਨਾ ਕਰੇਗਾ)ਹੇ ਮੇਰੇ ਪਰਵਰਦਿਗਾਰ ਆਪ ( ਇਕ ਵੇਰੀ ) ਮੈਨੂੰ ਫੇਰ ( ਉਲਟਾ ) ਭੇਜ ਦੇਈਏ ॥ ੯੯ ॥ ਤਾ ਕਿ ( ਸੰਸਾਰ ),ਜਿਸ ਨੂੰ ਮੈਂ ਛਡ ਆਇਆ ਹਾਂ ਉਸ ਵਿਚ ( ਫੇਰ ਜਾ ਕੇ ) ਸ਼ੁਭ ਕਰਮ ਕਰਾਂ ( ਅਸੀਂ ਫਰਿਸ਼ਤਿਆਂ ਵਲ ਮੁਖਾਤਿਬ ਹੋਕੇ ਆਗਿਆ ਕਰਾਂ ਗੇ ਕਿ ) ਕਦਾਚਿਤ ਨਹੀਂ ਇਹ ਇਕ ( ਅਸੰਭਵ ) ਬਾਰਤਾ ਬਕਦਾ ਹੈ ( ਤਾਂ ਏਸ ਨੂੰ ਬਕਣ ਦਿਓ ਕਿਤੇ ਐਸੀ ਅਰਜੋਈਆਂ ਪਈਆਂ ਮਨਜ਼ੂਰ ਹੁੰਦੀਆਂ ਹਨ ) ਅਰ ਲੋਕਾਂ ਦੇ ਮਰਿਆਂ ਪਿਛੋਂ ( ਇਕ ) ਬਰਜ਼ੁਖ ਹੈ ( ਜਿਸ ਵਿਚ ਓਹਨਾਂ ਨੂੰ ) ਓਸ ਦਿਨ ਤਕ ( ਰਹਿਣਾ ਪਵੇਗਾ ਜਦੋਂ ) ਕਿ ਦੁਬਾਰਾ (ਸਰਜੀਤ ਕਰਕੇ) ਉਠਾ ਖੜੇ ਕੀਤੇ ਜਾਵਣ ॥ ੧੦੦ ॥ ਫੇਰ ਜਦੋਂ

Digitized by Panjab Digital Library | www.panjabdigilib.org

ਨਰਸਿੰਗਾ ਵਜਾਇਆ ਜਾਵੇਗਾ ਤਾਂ ਓਹ ਦਿਨ ਲੋਗਾਂ ਵਿਚ ਨਾ ਤਾਂ ਅੰਗ ਸਾਕ ( ਬਾਕੀ ) ਰਹਿਣਗੇ ਅਰ ਨਾ ਇਕ ਦੂਸਰੇ ਦੀ ਗਲ ਬਾਤ ਪੁਛਣਗੇ ॥ ੧੦੧ ॥ ਫੇਰ ਜਿਨਹਾਂ ( ਦੇ ਸ਼ੁਭ ਕਰਮਾਂ ) ਦਾ ਛਾਬਾ ਭਾਰਾ ਨਿਕਲੇਗਾ ਤਾਂ ਯਹੀ ਲੋਕ ਸਫਲ ਹੋਵਣਗੇ ॥ ੧੦੨ ॥ ਅਰ ਜਿਨਹਾਂ ( ਦਾ ਸ਼ੁਭ ਕਰਮਾਂ ) ਵਾਲਾ ਛਾਬਾ ਹੌਲਾ ਹੋਵੇਗਾ ਤਾਂ ਈਹਾ ਲੋਕ ਹਨ ਜਿਨਾਂ ਨੇ ਆਪਣੇ ਆਪ ਤਾਈਂ ਬਰਬਾਦ ਕਰ ਲੀਤਾ ਕਿ ਸਦੈਵ ( ਸਦੈਵ ) ਨਰਕਾਂ ਵਿਚ ਰਹਿਣਗੇ ॥ ੧੦੩ ( ਨਰਕਾ ) ਅਗਨੀ ( ਦੀਆਂ ਲਪਟਾਂ ) ਓਹਨਾਂ ਦੇ ਮੁਖੜਿਆਂ ਨੂੰ ਝੁਲਸਦੀ ਹੋਵੇਗੀ ਅਰ ਵੁਹ ਓਥੇ ਬੁਰੇ ਮੁਖੜੇ ਬਨਾਏ ਹੋਏ ਹੋਵਨਗੇ ॥ ੧੦੪ ॥ ( ਅਸੀਂ ਓਹਨਾ ਪਾਸੋਂ ਪੁਛਾਂਗੇ ਕਿ ) ਕੀ ( ਸੰਸਾਰ ਵਿਚ ) ਸਾਡੀਆਂ ਆਇਤਾਂ ਤੁਸਾਂ ਨੂੰ ਪੜ੍ਹ ਪੜ੍ਹ ਕੇ ਨਹੀਂ ਸੁਣਾਈਆਂ ਜਾਂਦੀਆਂ ਸਨ ( ਜਰੂਰ ਸੁਨਾਈਆਂ ਜਾਂਦੀਆਂ ਸਨ ) ਅਰ ਤੁਸੀਂ ਓਹਨਾਂ ਨੂੰ ( ਸੁਣ ਸਮਝਕੇ ) ਝੁਠਿਆਰਦੇ ਥੇ ॥ ੧੦੫ ॥ ਓਹ ਕਹਿਣਗੇ ਹੇ ਸਾਡੇ ਪਰਵਰਦਿਗਾਰ ਸਾਨੂੰ ਸਾਡੇ ਮੰਦ ਭਾਗਾਂ ਨੇ ਆਣ ਘੇਰਿਆ । ਅਰ ਅਸੀਂ ਗੁਮਰਾਹ ਲੋਗ ਥੇ ॥ ੧੦੬ ॥ ਹੇ ਸਾਡੇ ਪਰਵਰਦਿਗਾਰ ਸਾਨੂੰ ( ਕਿਸੇ ਪਰਕਾਰ ) ਏਸ ( ਨਰਕ ) ਵਿਚੋਂ ਨਿਕਾਲ ਫੇਰ ਯਦੀ ਅਸੀਂ ਦੂਜੀ ਵੇਰੀ ( ਐਸੀ ਅਵਗਜਾ ) ਕਰੀਏ ਤਾਂ ਅਸੀਂ ਨਿਰਸੰਦੇਹ ਕਸੂਰਦਾਰ ॥ ੧੦੭ ॥ (ਖੁਦਾ) ਆਗਿਆ ਕਰੇਗਾ ( ਸਾਡੀਆਂ ਅਖੀਆਂ ਅਗੋਂ ) ਹਟ ਜਾਓ। ( ਅਰ ) ਏਸੇ ( ਨਰਕ ) ਵਿਚ ( ਵਸੋ ਰਸੋ ) ਅਰ ਸਾਡੇ ਨਾਲ ਗਲ ਨਾ ਕਰੋ ॥ ੧੦੮ ॥ ਸਾਡਿਆਂ ਬੰਦਿਆਂ ਵਿਚੋਂ ਇਕ ਐਸਾ ਯੂਥ ਭੀ ਸੀ ਜੋ ਕਹਿਆ ਕਰਦੇ ਸਨ ਕਿ ਹੇ ਸਾਡੇ ਪਰਵਰਦਿਗਾਰ ਅਸਾਂ ਈਮਾਨ ਧਾਰਿਆ ਤੂੰ ਸਾਡੀਆਂ ਭੁਲਣਾ ਬਖਸ਼ ਅਰ ਸਾਡੇ ਉਤੇ ਰਹਿਮ ਕਰ ਅਰ ਤੂੰ (ਸੰਪੂਰਨ) ਰਹਿਮ ਕਰਨ ਵਾਲਿਆਂ ਵਿਚੋਂ ਉਤਮ ( ਰਹਿਮ ਕਰਨ ਵਾਲਾ ) ਹੈਂ ॥ ੧੦੯ ॥ ਤਾਂ ਤੁਸਾਂ ਨੇ ਓਹਨਾਂ ਨੂੰ ਹਾਸੀ ਦਾ ਅਸਪਦ ਠਹਿਰਾਇਆ ਏਥੇ ਤਕ ਕਿ ( ਮਾਨੋ ) ਓਹਨਾਂ ਨੇ ਤੁਸਾਂ ਨੂੰ ਸਾਡੀ ਯਾਦ ( ਭੀ ) ਭੁਲਾ ਦਿਤੀ ਅਰ ਤੁਸੀਂ ਓਹਨਾਂ ਨਾਲ ਹਾਸੀ ਕਰਦੇ ਰਹੇ ॥ ੧੧੦ ॥ ਅਜ ਅਸਾਂ ਨੇ ਓਹਨਾਂ ਨੂੰ ਓਹਨਾਂ ਦੇ ਸਬਰ ਦਾ ਬਦਲਾ ਦਿਤਾ ਕਿ ਵਹੀ ( ਮਨ ਬਾਂ-ਛਿਤ ) ਵਾਸ਼ਨਾਂ ਨੂੰ ਪਰਾਪਤ ਹੋਵੇਂ ॥ ੧੧੧ ॥ ( ਫੇਰ ਖੁਦਾ ਨਾਰਕੀਆਂ ਪਾਸੋਂ ) ਪੁਛੇਗਾ ਕਿ ( ਭਲਾ ) ਪ੍ਰਿਥਵੀ ਉਤੇ ਤੁਸੀਂ ਗਿਨਤੀ ਦੇ ਕਿਤਨੇ ਬਰਸ ਰਹੇ ( ਹੋਵੋਗੇ ) ॥ ੧੧੨ ॥ ਉਹ ਕਹਿਣਗੇ ( ਬਰਸ ਕਿਸ ਦੀ ਮਾਂ ਦੇ ) ਅਸੀਂ ( ਬਹੁਤ ਕਾਲ ) ਰਹੇ ( ਹੋਵਾਂਗੇ ਤਾਂ ) ਇਕ ਦਿਨ ਕਿੰਬਾ ਇਕ ਦਿਨ ਨਾਲੋਂ ਨਿਊਨ। ( ਠੀਕ ਸਮਾਂ ਯਾਦ ਨਹੀਂ ) ਜੋ ਦਿਨ ਤਥਾ

Digitized by Panjab Digital Library | www.panjabdigilib.org

ਮਹੀਨੇ ) ਗਿਣਦੇ ਰਹੇ ਹੋਵਣ ਓਹਨਾਂ ਪਾਸੋਂ ਪੁਛ ਦੇਖੀਏ ॥ ੧੧੩ ॥ ( ਇਸ ਬਾਰਤਾ ਤੋਂ ਖੁਦਾ ) ਕਥਨ ਕਰੇਗਾ ਨਿਰਸੰਦੇਹ ਤੁਸੀਂ ( ਪ੍ਰਿਥਵੀ ਉਤੇ ) ਥੋਹੜਾ ਹੀ ਚਿਰ ਰਹੇ ( ਪਰੰਤੂ ਐ ) ਦੇਵ ਤੁਸੀਂ ( ਜੀਉਂਦੇ ਜੀ ਯਹੀ ਬਾਰਤਾ ) ਸਮਝ ਗਏ ਹੁੰਦੇ ॥ ੧੧੪ ॥ ( ਲੋਗੋ ! ) ਕੀ ਤੁਸੀਂ ਐਸਾ ਖਿਆਲ ਕਰਦੇ ਹੋ ਕਿ ਅਸਾਂ ਨੇ ਤੁਸਾਂ ਨੂੰ ( ਐਸੇ ਹੀ ) ਅਕਾਰਣ ਉਤ-ਪਤ ਕਰ ਦਿਤਾ ਹੈ ਅਰ ਇਹ ਕਿ ਤੁਸਾਂ ਸਾਡੇ ਵਲ ਫੇਰ ਲੌਟ ਕੇ ਆਉਣਾ ਨਹੀਂ ੧੧੫ ॥ ਤਾਂ ਖੁਦਾ ( ਜੋ ) ਸਚਾ ਬਾਦਸ਼ਾਹ ( ਹੈ ਅਕਾਰਜ ਕੰਮ ਕਾਜ ਕਰਨ ਤੋਂ ਨਿਰਦੋਖ ਅਰ ) ਊਚ ਤੇ ਊਚਾ ਹੈ ਓਸ ਤੋਂ ਸਿਵਾ ਕੋਈ ਮਾਬੂਦ ਨਹੀਂ ( ਵਹੀ ) ਅਰਸ਼ ਉਚੇ ਦਾ ਮਾਲਕ ਹੈ ॥ ੧੧੬ ॥ ਅਰ ਜੋ ਪੁਰਖ ਖੁਦਾ ਤੋਂ ਸਿਵਾ ਕਿਸੇ ਹੋਰ ਮਾਬੂਦ ਨੂੰ ( ਆਪਣੀ ਹਾਜਤਰਵਾਈ ਵਾਸਤੇ ) ਆਵਾਹਨ ਕਰਦਾ ਹੈ (ਅਰ) ਓਸੇ ਦੇ ਪਾਸ ਇਸ (ਸ਼ਰਕ ਕਰਨ) ਦੀ ਕੋਈ ਯੁਕਤਿ ( ਤਾਂ ਹੈ ) ਨਹੀਂ ਤਾਂ ਬਸ ਉਸ ਦੇ ਪਰਵਰਦਿਗਾਰ ਦੇ ਹੀ ਓਥੇ ਉਸ ਦਾ ਹਿਸਾਬ ਹੋਣਾ ਹੈ ( ਪਰੰਤੂ ਯਾਦ ਰਹੇ ਕਿ ) ਕਾਫਰਾਂ ਨੂੰ ( ਤਾਂ ਕਿਸੇ ਪਰਕਾਰ ) ਸਫਲਤਾ ਹੋਵਣ ਵਾਲੀ ਨਹੀਂ ॥੧੧੭॥ ਅਰ (ਹੇ ਪੈਗੰਬਰ) ਤੁਸੀਂ ਦੁਆ ਕਰੋ ਕਿ ਹੇ ਮੇਰੇ ਪਰਵਰਦਿਗਾਰ ( ਸਾਡੇ ਅਵ-ਗੁਣ ) ਬਖਸ਼ੋ ਅਰ ( ਸਾਡੀ ਦਸ਼ਾ ਉਤੇ ) ਕਿਰਪਾ ਕਰੋ ਅਰ ਤੂੰ ( ਸੰਪੂਰਨ ) ਕਿਰਪਾ ਕਰਨ ਵਾਲਿਆਂ ਵਿਚੋਂ ਉੱਤਮ ( ਕਿਰਪਾ ਕਰਨ ਵਾਲਾ ) ਹੈਂ ॥੧੧੮॥ ਰੁਕੂਹ ੬ ॥

## ਸੂਰਤ ਨੂਰ ਮਦੀਨੇ ਵਿਚ ਪ੍ਰਾਪਤ ਹੋਈ ਅਰ ਏਸ ਦੀਆਂ ਚੌਠ ਆਇਤਾਂ ਅਰ ਨੌਂ ਰੁਕੂਹ ਹਨ ॥

(ਪ੍ਰਾਰੰਭ) ਅੱਲਾ ਦੇ ਨਾਮ ਨਾਲ ( ਜੋ ) ਅਤੀ ਰਹਿਮ ਵਾਲਾ ਅਰ ਮਿਹਰਬਾਨ ( ਹੈ ) ( ਇਹ ਇਕ ) ਸੂਰਤ ਹੈ ਜਿਸ ਨੂੰ ਅਸਾਂ ਨੇ ਉਤਾ-ਰਿਆ ਹੈ ਅਰ ਇਹ ਸਾਡਾ ਹੀ ਪ੍ਰਚਲਿਤ ਕੀਤਾ ਹੋਇਆ ਹੈ ਅਰ ਅਸਾਂ ਨੇ ਏਸ ਵਿਚ ਖੁਲ ਮਖੁਲੇ ਹੁਕਮ ਨਾਜ਼ਲ ਕੀਤੇ ਤਾ ਕਿ ਤੁਸੀਂ ( ਮੁਸਲਮਾਨ ਓਹਨਾਂ ਨਸੀਹਤਾਂ ਨੂੰ ) ਯਾਦ ਰਖੋ ( ਅਰ ਓਹਨਾਂ ਦੇ ਅਨੁਸਾਰ ਵਰਤੋ ) ॥ ੧ ॥ ਇਸਤ੍ਰੀ ਅਰ ਮਰਦ ਵਿਭਚਾਰ ਕਰਨ ਤਾਂ ਓਹਨਾਂ ਦੋਨਾਂ ਵਿਚੋਂ ਹਰ ਇਕ ਨੂੰ (ਇਕ) ਸੌ ਦੁਰਰੇ ਮਾਰੋ । ਯਦੀ ਅੱਲਾ ਤਥਾ ਪ੍ਰਲੈ ਦੇ ਦਿਨ ਦਾ ਨਿਸਚਾ ਰਖਦੇ ਹੋ ਤਾਂ ਅੱਲਾ ਦੀ ਆਗਿਆ ਪਾਲਨ ਵਿਚ ਤੁਸਾਂ ਓਹਨਾਂ ( ਦੇ ਹਾਲ ) ਉਤੇ ( ਕਿਸੀ ਪਰਕਾਰ ਦੀ ) ਦਯਾ ਦਾ ਪੱਲੂ ਨਾ ਪਕੜੋ । ਅਰ ( ਹੋਰ ) ਓਹਨਾਂ ਨੂੰ ਸਜਾ ਦੇਵਣ ਦੇ ਵੇਲੇ ਮੁਸਲਮਾਨਾਂ ਦੀ ਇਕ

Digitized by Panjab Digital Library | www.panjabdigilib.org

ਜਮਾਇਤ ( ਓਹਨਾਂ ਦੀ ਸਿਖਸ਼ਾ ਦੇ ਵਾਸਤੇ ) ਵਿਦਮਾਨ ਰਹੇ ॥ ੨ ॥ ਵਿਭਚਾਰੀ ਪੁਰਖ ( ਤਾਂ ਆਪਣੀ ਰੁਚੀ ਅਨੁਸਾਰ ਜਦੋਂ ਨਕਾਹ ਕਰੇਗਾ ਪ੍ਰਾਯਾ ) ਵਿਭਚਾਰ ਇਸਤ੍ਰੀ ਕਿੰਬਾ ਭੇਦਵਾਦੀ ਔਰਤ ਨਾਲ ਹੀ ਨਕਾਹ ਕਰੇਗਾ ਅਰ ਵਿਭਚਾਰਣੀ ਔਰਤ ( ਭੀ ਪ੍ਰਾਯਾ ਆਪਣੇ ਸਮਾਨ ਹੀ ਢੂੰਢੇਗੀ ਅਰ ਉਸ ) ਦੇ ਨਾਲ ਵਿਭਚਾਰੀ ਕਿੰਬਾ ਮੁਸ਼ਰਕ ਭੇਦਵਾਦੀ ਤੋਂ ਸਿਵਾ ਹੋਰ ਕੋਈ ਨਕਾਹ ਨਹੀਂ ਕਰੇਗਾ । ਅਰ ( ਦੀਨਦਾਰ ) ਮੁਸਲਮਾਨਾਂ ਵਾਸਤੇ ਤਾਂ ਐਸੇ ਜੋੜ ਹਰਾਮ ਹੈਂ ॥ ੩ ॥ ਅਰ ਜੋ ਪੁਰਖ ਸਤਵੰਤੀਆਂ ਔਰਤਾਂ ਤੇ ( ਵਿਭਚਾਰਪਨ ਦੀ ) ਤੁਹਮਤ ਲਗਾਉਣ ਅਰ ਚਾਰ ਸਾਖੀ ਨਾ ਦੇ ਸਕਣ ਤਾਂ ਓਹਨਾਂ ਨੂੰ ਅੱਸੀ ਦੁਰਹੇ ਮਾਰੋ ਅਰ ( ਅਗੇ ਵਾਸਤੇ ) ਕਦੇ ਭੀ ਓਹਨਾਂ ਦੀ ਸਾਖੀ ਕਬੂਲ ਨਾ ਕਰੋ । ਅਰ ਇਹ ਲੋਕ ਖੁਦ ਬਦਕਾਰ ਹਨ ॥ ੪ ॥ ਪਰੰਤੂ ਜਿਨ੍ਹਾਂ ਨੇ ਏਸ ਤਰਹਾਂ ਕੀਤਿਆਂ ਪਿਛੋਂ ਤੋਬਾ ਕੀਤੀ ਅਰ ਆਪਣੀ ਆਦਤ ਦਰੁਸਤ ਕਰ ਲੀਤੀ ਤਾਂ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੫ ॥ ਅਰ ਜੋ ਲੋਕ ਆਪਣੀਆਂ ਇਸਤ੍ਰੀਆਂ ਉਤੇ ਵਿਭਚਾਰ ਦੀ ਊਜ ਲਗਾਉਣ ਅਰ ਸਿਵਾਇ ਆਪ ਥੋਂ ਹੋਰ ਦੂਸਰਾ ਓਹਨਾਂ ਦਾ ਕੋਈ ਸਾਖੀ ਨਾ ਹੋਵੇ । ਐਸਿਆਂ ਮੁਦਈਆਂ ਵਿਚੋਂ ਹਰ ਇਕ ਦਾ ਯਹੀ ਸਬੂਤ ਹੈ ਕਿ ਵੁਹ ਚਾਰ ਵੇਰੀ ਖੁਦਾ ਦੀ ਸਪਤ ਖਾਕੇ ਵਰਣਨ ਕਰੇ ਨਿਰਸੰਦੇਹ ( ਵੁਹ ਆਪਣੇ ਦਾਵੇ ਵਿਚ ) ਸਚਾ ਹੈ ॥ ੬ ॥ ਅਰ ਪੰਜਵੀਂ ( ਵੇਰੀ ) ਇਸ ਪਰਕਾਰ ( ਕਹੇ ) ਕਿ ਯਦੀ ਉਹ ਝੂਠ ਆਖਦਾ ਹੈ ਤਾਂ ਉਸ ਉਤੇ ਖੁਦਾ ਦੀ ਫਿਟਕ ॥ ੭ ॥ ਅਰ ( ਪੁਰਖ ਦੇ ਸੁਗੰਧ ਕੀਤਿਆਂ ਪਿਛੋਂ ) ਇਸਤ੍ਰੀ ( ਦੇ ਸਿਰ ਉਤੋਂ ) ਏਸ ਪਰਕਾਰ ਸਜਾ ਦੀ ਬਲਾ ਟਲ ਸ ਦੀ ਹੈ ਕਿ ਉਹ ਚਾਰ ਵੇਰੀ ਖੁਦਾ ਦੀ ਸੁਗੰਧ ਖਾ ਕੇ ਵਰਣਨ ਕਰੇ ਕਿ ਇਹ ਪੁਰਖ ਸਿਰ ਤੋਂ ਲੈ ਕੇ ਪੈਰਾਂ ਤਕ ਝੂਠਾ ਹੈ ॥ ੮ ॥ ਅਰ ਪੰਜਵੀਂ ( ਵੇਰੀ ) ਏਸ ਪਰਕਾਰ ( ਕਹੇ ) ਕਿ ਯਦੀ ਇਹ ( ਪੁਰਖ ਆਪਣੇ ਪਖ ਵਿਚ ) ਸਚਾ ਹੈ ਤਾਂ ਮੇਰੇ ਉਤੇ ਖੁਦਾ ਦਾ ਗਜ਼ਬ ( ਪਵੇ ) ॥ ੯ ॥ ਅਰ ਯਦੀ ਇਹ ਬਾਰਤਾ ਨਾ ਹੁੰਦੀ ਕਿ ਤੁਸਾਂ ਲੋਗਾਂ ਉਤੇ ਅੱਲਾ ਦੀ ਕਿਰਪਾ ਅਰ ਉਸ ਦੀ ਦਿਆਲਤਾ ਹੈ ( ਅਰ ਉਹ ਆਪਣੇ ਫਜ਼ਲ ਕਰਮ ਸੇ ਤੁਸਾਂ ਨੂੰ ਇਹ ਸਿਖਸ਼ਾ ਮਾਰਗ ਯੁਕਤੀ ਪਰਦਾਨ ਕਰਦਾ ਹੈ ) ਅਰ ( ਹੋਰ ) ਇਹ ਕਿ ਅੱਲਾ ਬੜਾ ਹੀ ਤੋਬਾ ਕਬੂਲ ਕਰਨ ਵਾਲਾ ( ਅਰ ਘਰਾਂ ਦੀਆਂ ਭਲਾਈਆਂ ਤੋਂ ) ਗਜਾਤ ਹੈ ( ਤਾਂ ਘਰਾਂ ਵਿਚ ਇਹ ਕਿਸੇ ਪਰਕਾਰ ਦੇ ਰੋਲੇ ਗੋਲੇ ਉਤਪਤ ਨਾਂ ਹੋ ਗਏ ਹੁੰਦੇ ) ॥ ੧੦ ॥ ਰੁਕੂਹ ੧ ॥

(ਮੁਸਲਮਾਨੋਂ) ਜਿਨ੍ਹਾਂ ਲੋਗਾਂ ਨੇ ( ਉਮੁਲ ਮੋਮਨੀਨ ਆਇਸ਼ਾ

Digitized by Panjab Digital Library | www.panjabdigilib.org

ਦੀ ਨਿਸਬਤ ) ਤੁਫਾਨ (ਤੋਦਾ) ਚੁਕ ਖੜਾ ਕੀਤਾ ਤੁਸਾਂ ਵਿਚੋਂ ਦਾ ਹੀ ਇਕ ਟੋਲਾ ਹੈ ਏਸ ( ਤੁਫਾਨ ) ਨੂੰ ਆਪਣੇ ਹੱਕ ਵਿਚ ਬੁਰਾ ਨਾ ਸਮਝੋ ਪ੍ਰਤਯੁਤ ਇਹ ਤੁਸਾਂ ਦੇ ਹਕ ਵਿਚ ਚੰਗਾ ਹੋਇਆ ( ਕਿ ਸਚੇ ਮੁਸਲਮਾਨ ਅਰ ਮੁਨਾਫਿਕਾਂ ਦੀ ਪ੍ਰੀਛਾ ਹੋ ਗਈ ) । ਤੁਫਾਨ ਖੜਾ ਕਰਨ ਵਾਲਿਆਂ ਵਿਚੋਂ ਜਿਤਨਾ ਗੁਨਾਹ ਜਿਸ ਨੇ ਸਮੇਟਿਆ ( ਓਸ ਦੀ ਸਜ਼ਾ ) ਭੋਗੇਗਾ । ਅਰ ਜਿਸ ਨੇ ਓਹਨਾਂ ਵਿਚੋਂ ਤੁਫਾਨ ਦਾ ਬੜਾ ਹਿਸਾ ਲੀਤਾ ( ਉਸੀ ਪਰਕਾਰ ) ਓਸ ਨੂੰ ਬੜੀ ( ਸਖਤ ) ਸਜ਼ਾ ਹੋਵੇਗੀ ॥ ੧੧ ॥ ( ਮੁਸਲਮਾਨੋ ! ) ਜਦੋਂ ਤੁਸਾਂ ਨੇ ਐਸੀ ( ਅਯੋਗ ) ਬਾਰਤਾ ਸੁਣੀ ਸੀ ਈਮਾਨ ਵਾਲਿਆਂ ਪੁਰਖਾਂ ਅਰ ਈਮਾਨ ਵਾਲੀਆਂ ਇਸਤ੍ਰੀਆਂ ਨੇ ਆਪਣੇ ( ਮੁਸਲਮਾਨ ਭੈਣ ਭਰਾਵਾਂ ਦੇ ) ਵਾਸਤੇ ਸ਼ੁਭ ਸੰਕਲਪ ਕਿਉਂ ਨਾ ਕੀਤਾ ਅਰ (ਸੁਣਦਿਆਂ ਸਾਰ ਹੀ ) ਕਿਉਂ ਨਾ ਬੋਲ ਉਠੇ ਕਿ ਇਹ ਪਰਤੱਛ ਝੂਠ ਹੈ? ॥ ੧੨॥ ( ਜਿਨਹਾਂ ਲੋਕਾਂ ਨੇ ਇਹ ਤੁਫਾਨ ਚੁਕ ਕੇ ਖੜਾ ਕੀਤਾ ਸੀ ) ਆਪਣੇ ਬਿਆਨ ( ਦੀ ਸਿਧੀ ) ਵਾਸਤੇ ਚਾਰ ਸਾਖੀ ਕਿਉਂ ਨਾ ਲੈ ਆਏ ਫੇਰ ਜਦੋਂ ਸਾਖੀ ਨਾ ਲਿਆ ਸਕੇ ਤਾਂ ਖ਼ੁਦਾ ਦੇ ਸਮੀਪ ( ਬਸ ) ਈਹੋਈ ਝੂਠੇ ਹਨ ॥ ੧੩ ॥ ਅਰ ਯਦੀ ਤੁਸਾਂ ( ਮੁਸਲਮਾਨਾਂ ) ਉਤੇ ਏਸ ਲੋਕ ਤਥਾ ਪਰਲੋਕ ਵਿਚ ਖ਼ੁਦਾ ਦੀ ਦਇਆ ਅਰ ਉਸ ਦੀ ਕਿਰਪਾ ਨਾ ਹੁੰਦੀ ਤਾਂ ਜਿਸ ਪਰਕਾਰ ਤੁਸਾਂ ਨੇ ਐਸੀ ( ਅਯੋਗ ) ਬਾਰਤਾ ਦਾ ਚਰਚਾ ਕੀਤਾ ਸੀ ਏਸ ਵਿਚ ਤੁਸਾਂ ਉਤੇ ਕੋਈ ਬੜੀ ਵਿਪਤੀ ਪਰਾਪਤ ਹੋਗਈ ਹੁੰਦੀ ॥ ੧੪ ॥ ਕਿ ਤੁਸੀਂ ਲਗੇ ਆਪਣੀਆਂ ਜਬਾਨਾਂ ਦਵਾਰਾ ਉਸਦੀ ਨਕਲ ਤੇ ਨਕਲ ਕਰਨ ਅਰ ਆਪਣੇ ਮੂੰਹੋ ਐਸੀ ਬਾਰਤਾ ਬਕਣ ਕਿ ਜਿਸ ਦੀ ਤੁਸਾਂ ਨੂੰ ਉੱਕੀ ਖਬਰ ਹੀ ਨਹੀਂ ਅਰ ਤੁਸਾਂ ਨੇ ਉਸਨੂੰ ਇਕ ਸਾਧਾਰਨ ( ਸੀ ) ਬਾਰਤਾ ਸਮਝਿਆ । ਹਾਲਾਂ ਕਿ ਅਲਾ ਦੇ ਸਮੀਪ ਉਹ ਬੜੀ ( ਸਖਤ ਬਾਰਤਾ ) ਹੈ ॥ ੧੫ ॥ ਅਰ ਜਦੋਂ ਤੁਸਾਂ ਨੇ ਐਸੀ ( ਅਯੋਗ ) ਬਾਰਤਾ ਸੁਣੀ ਸੀ ( ਸੁਣਦਿਆਂ ਸਾਰ ਹੀ ) ਕਿਉਂ ਨਾ ਬੋਲ ਉਠੇ ਕਿ ਐਸੀ ਬਾਤ ਮੂੰਹੋਂ ਕੱਢਣੀ ਸਾਨੂੰ ਯੋਗ ਨਹੀਂ ਕਦਾਚਿਤ ਨਹੀਂ ਇਹ ਤਾਂ ਬੜਾ (ਭਾਰੀ) ਝੂਠ ਹੈ ॥ ੧੬ ॥(ਮੁਸਲਮਾਨੋਂ !) ਖ਼ੁਦਾ ਤੁਸਾਂ ਨੂੰ ਸਿਖਯਾ ਦੇਂਦਾ ਹੈ ਕਿ ਯਦੀ ਈਮਾਨ ਧਾਰੀ ਹੋ ਤਾਂ ਫੇਰ ਕਦਾਪਿ ਐਸਾ ਨਾ ਕਰਨਾ ॥ ੧੭ ॥ ਅਰ ਅੱਲਾ ( ਆਪਣੇ ) ਹੁਕਮ ਤੁਸਾਂ ਤਾਈਂ ਸਫੁਟ ਕਰਕੇ ਵਰਣਨ ਕਰਦਾ ਹੈ ਅਰ ਅੱਲਾ ( ਸੰਪੂਰਨਾਂ ਦੇ ਹਾਲ ਤੋਂ ) ਗਿਆਤ ( ਅਰ ) ਯੁਕਤੀ ਵਾਲਾ ਹੈ ॥ ੧੮ ॥ ਜਿਨਹਾਂ ਲੋਕਾਂ ਦੀ ਇਛਾ ਹੈ ਕਿ ਮੁਸਲਮਾਨਾਂ ਵਿਚ ( ਭੀ ) ਲੁਚੀਆਂ ਗਲਾਂ ਦਾ ਚਰਚਾ ਹੋਵੇ ਓਹਨਾਂ ਵਾਸਤੇ ਸੰਸਾਰ ਵਿਚ ਭੀ ਭਿਆਨਕ ਕਸ਼ਟ ਹੈ ਅਰ ਅੰਤ ਨੂੰ

Digitized by Panjab Digital Library | www.panjabdigilib.org

( ਭੀ ) ਅਰ ( ਐਸਿਆਂ ਲੋਕਾਂ ਨੂੰ ) ਅੱਲਾ ਹੀ ਜਾਣਦਾ ਹੈ ਅਰ ਤੁਸੀਂ ਨਹੀਂ ਜਾਣਦੇ ॥ ੧੯ ॥ ਅਰ ( ਮੁਸਲਮਾਨੋ ) ਯਦੀ ਇਹ ਬਾਰਤਾ ਨਾ ਹੁੰਦੀ ਕਿ ਤੁਸਾਂ ਉਤੇ ਅੱਲਾ ਦਾ ਫਜਲ ਅਰ ਉਸ ਦੀ ਕਿਰਪਾ ਹੈ ਅਰ (ਹੋਰ) ਇਹ ਕਿ ਅੱਲਾ ਬੜੀ ਦਇਆ ਵਾਲਾ ਮੇਹਰਬਾਨ ਹੈ (ਤਾਂ ਤੁਸਾਂ ਵਿਚ ਬੜਾ ਫਸਾਦ ਪਰਾਪਤ ਹੋ ਗਿਆ ਹੁੰਦਾ ) ॥ ੨੦ ॥ ਰੁਕੂਹ ॥ ੨ ॥

ਮੁਸਲਮਾਨੋ ! ਸ਼ੈਤਾਨ ਦੇ ਪਿਛੇ ਨਾ ਤੁਰੋ ਅਰ ਜੋ ਸ਼ੈਤਾਨ ਦੇ ਪਿਛੇ ਤੁਰੇਗਾ ਤਾਂ ਸ਼ੈਤਾਨ ( ਉਸ ਨੂੰ ) ਬੇਹਯਾਈ ਤਥਾ ਮੰਦ ਕਰਮਾਂ ਵਲ ਹੀ ਪ੍ਰੇਰੇਗਾ। ਅਰ ਯਦੀ ਤੁਸਾਂ ਉਤੇ ਅੱਲਾ ਦੀ ਕਿਰਪਾ ਅਰ ਉਸਦੀ ਦਿਆਲਤਾ ਨਾਂ ਹੁੰਦੀ ਤਾਂ ਤੁਸਾਂ ਵਿਚੋਂ ਕੋਈ ਕਦੇ ਭੀ ਸ਼ੁਧ ( ਪਵਿਤ੍ਰ ) ਨਾ ਹੁੰਦਾ ਪਰੰਤੂ ਅੱਲਾ ਜਿਸ ਨੂੰ ਚਾਹੁੰਦਾ ਹੈ ਸ਼ੁਧ ( ਪਵਿਤ੍ਰ ) ਕਰ ਦੇਂਦਾ ਹੈ ਅਰ ਅੱਲਾ ( ਸੰਪੂਰਨਾਂ ਦੀਆਂ ) ਸੁਣਦਾ ( ਅਰ ਸਭ ਕੁਛ ) ਜਾਣਦਾ ਹੈ ॥ ੨੧ ॥ ਅਰ ਤੁਸਾਂ ਵਿਚੋਂ ਜੋ ਲੋਕ ਵਡੇਰੇ ( ਮਨੁਸ਼ ) ਅਰ ਸ਼ਕਤ-ਸ਼ਾਲੀ ਹਨ ਨਜ਼ਦੀਕੀਆਂ ਨੂੰ ਅਰ ਮੁਹਤਾਜਾਂ ਨੂੰ ਅਰ ਅੱਲਾ ਦੇ ਰਾਹ ਵਿਚ ਹਿਜਰਤ ਕਰਨ ਵਾਲਿਆਂ ਨੂੰ (ਖਰਚ ਦੀ ਮਦਦ ) ਨਾ ਦੇਣ ਦੀ ਸੁਗੰਧ ਨਾ ਖਾ ਬੈਠਣ ਪ੍ਰਤ੍ਯੁਤ (ਉਚਿਤ ਹੈ ਕਿ ਓਹਨਾਂ ਦੇ ਕਸੂਰ) ਬਖਸ਼ ਦੇਂ ਅਰ ਦਰਗੁਜਰ ਕਰੇਂ। ( ਮੁਸਲਮਾਨੋ ! ) ਕੀ ਤੁਸੀਂ ਨਹੀਂ ਚਾਹੁੰਦੇ ਕਿ ਅੱਲਾ ਤੁਸਾਂ ਦੇ ਕਸੂਰ ਮਾਫ ਕਰੇ। ਅਰ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੨੨ ॥ ਜੋ ਪੁਰਖ ਸਤਵੰਤਾ ਇਸਤ੍ਰੀਆਂ ਉਤੇ ( ਵਿਭਚਾਰ ਦੀ ) ਤੁਹਮਤ ਲਾਂਵਦੇ ਹਨ। ਜੋ ( ਬਿਚਾਰੀਆਂ ਐਸੀਆਂ ਗਲਾਂ ਤੋਂ ) ਬੇ ਖਬਰ ਹਨ ( ਅਰ ) ਈਮਾਨ ਵਾਲੀਆਂ ਹਨ ( ਐਸੇ ਲੋਕ ) ਇਸ ਲੋਕ ਤਥਾ ਪਰਲੋਕ ( ਦੋਨਾਂ ) ਵਿਚ ਲਾਨਤੀ ਹਨ ਅਰ ( ਪਰਲੋ ਦੇ ਦਿਨ ) ਓਹਨਾਂ ਨੂੰ ਬੜਾ ( ਭਾਰੀ ) ਕਸ਼ਟ ਹੋਵੇਗਾ॥ ੨੩ ॥ ਜਦੋਂ ਕਿ ਏਹਨਾਂ ਦੇ ਪ੍ਰਤਿ ਉਤਰ ਵਿਚ ਏਹਨਾਂ ਦੀਆਂ ਜੀਭਾ ਅਰ ਏਹਨਾਂ ਦੇ ਹਥ ਅਰ ਏਹਨਾਂ ਦੇ ਪੈਰ ਏਹਨਾਂ ਦੇ ਕਰਤਬਾਂ ਦੀ ਗਵਾਹੀ ਦੇਵਣਗੇ ॥ ੨੪ ॥ ਅਰ ਓਸ ਦਿਨ ਅੱਲਾ ਏਹਨਾਂ ਦਾ ਪੂਰਾ ਪੂਰਾ ਯਥਾ ਯੋਗ ਬਦਲਾ ਦੇਵੇਗਾ ਅਰ ਜਾਣ ਲੈਣਗੇ ਕਿ ਅੱਲਾ ਹੀ ਸਚਾ (ਅਰ ਸਚ ਨੂੰ ਸਚ ਕਰ) ਦਿਖਲਾਵਣ ਵਾਲਾ ਹੈ ॥੨੫॥ ਮਲਿਨ (ਗੰਦੀ) ਇਸਤ੍ਰੀਆਂ ਮਲਿਨ ਪੁਰਖਾਂ ਵਾਸਤੇ ਹੀ ਹੁੰਦੀਆਂ ਹਨ ਅਰ ਮਲਿਨ ਪੁਰਖ ਮਲਿਨ ਇਸਤ੍ਰੀਆਂ ਵਾਸਤੇ ਅਰ ਪਵਿਤ੍ਰ ਇਸਤ੍ਰੀਆਂ ਪਵਿਤ੍ਰ ਪੁਰਖਾਂ ਵਾਸਤੇ ਹੁੰਦੀਆਂ ਹਨ ਅਰ ਪਵਿਤ੍ਰ ਪੁਰਖ ਪਵਿਤ੍ਰ ਇਸਤ੍ਰੀਆਂ ਵਾਸਤੇ ਲੂਣ ਥਪਣ ਵਾਲੇ ਜੋ ਲੂਣ ਥਪਦੇ ਫਿਰਦੇ ਹਨ ਇਹ ਓਹਨਾਂ ਦੀਆਂ ਤੁਹਮਤਾਂ ਤੋਂ ( ਬਿਲਕੁਲ ) ਸ਼ੁਧ ਹਨ। ਇਨਹਾਂ ਵਾਸਤੇ ( ਅੰਤ ਨੂੰ ) ਬਖਸ਼ਸ਼ ਤਥਾ ਇਜਤ

Digitized by Panjab Digital Library | www.panjabdigilib.org

ਦੀ ਰੋਜੀ ( ਹੈ ) ॥ ੨੬ ॥ ਰੁਕੂਹ ੩ ॥

ਮੁਸਲਮਾਨੋਂ ! ਆਪਣਿਆਂ ਘਰਾਂ ਤੋਂ ਸਿਵਾ (ਦੂਸਰਿਆਂ) ਘਰਾਂ ਵਿਚ ਵਿਚ ਘਰ ਵਾਲਿਆਂ ਨੂੰ ਪੁਛਿਆਂ ਅਰ ਓਹਨਾਂ ਨਾਲ਼ ਸਲਾਮ ਅਲੈਕ ਕੀਤੇ ਬਿਨਾਂ ਨਾ ਜਾਇਆ ਕਰੋ। ਇਹ ਤੁਸਾਂ ਵਾਸਤੇ ਸੁਭ ਵਾਰਤਾ ਹੈ ( ਇਹ ਆਗਿਆ ਤੁਸਾਂ ਨੂੰ ਏਸ ਅਭਿਪ੍ਰਾਯ ਉਤੇ ਦਿਤੀ ਗਈ ਹੈ ) ਕਿ ( ਜਦੋਂ ਐਸਾ ਅਵਿਕਾਸ਼ ਹੋਵੇ ਤਾਂ ) ਤੁਸੀਂ ( ਏਸ ਦਾ ) ਖਿਆਲ ਰਖੋ ॥ ੨੭ ॥ ਫੇਰ ਯਦੀ ਤੁਸਾਂ ਨੂੰ ਪਰਤੀਤ ਹੋਵੇ ਕਿ ਘਰ ਵਿਚ ਕੋਈ ਆਦਮੀ ਵਿਦਮਾਨ ਨਹੀਂ ਤਾਂ ਜਦੋਂ ਤਕ ਤੁਸਾਂ ਨੂੰ ( ਖਾਸ ) ਆਗਿਆ ਨਾ ਹੋਵੇ ਓਹਨਾਂ ਵਿਚ ਨਾ ਜਾਓ ਅਰ ਯਦੀ ( ਘਰ ਵਿਚ ਕੋਈ ਹੋਵੇ ਅਰ ) ਤੁਸਾਂ ਨੂੰ ਆਖਿਆ ਜਾਵੇ ਕਿ ( ਏਸ ਵੇਲੇ ਅਵਿਕਾਸ਼ ਨਹੀਂ ) ਲੌਟ ਜਾਓ ਤਾਂ ( ਬਲਾਤਕਾਰ ਹੀ ) ਲੌਟ ਆਵੋ। ਇਹ ( ਲੌਟ ਆਉਣਾ ) ਤੁਸਾਂ ਵਾਸਤੇ ਅਧਿਕ ਸਫਾਈ ਦੀ ਬਾਰਤਾ ਹੈ ਅਰ ਜੋ ਕੁਛ ਭੀ ਤੁਸੀਂ ਕਰਦੇ ਹੋ ਅੱਲਾ ਉਸ ਨੂੰ ਜਾਣਦਾ ਹੈ ॥ ੨੮ ॥ ਬੇ ਅਬਾਦ ਮਕਾਨ ਜਿਨਹਾਂ ਵਿਚ ਤੁਸਾਂ ਦਾ ਅਸਬਾਬ ਹੋਵੇ ਓਹਨਾਂ ਵਿਚ ( ਆਗਿਆ ਬਿਨਾਂ ) ਚਲੇ ਜਾਵਣ ਦਾ ਤੁਸਾਂ ਨੂੰ ( ਕੋਈ ) ਦੋਖ ਨਹੀਂ ਅਰ ਜੋ ਕੁਛ ਤੁਸੀਂ ਪਰਗਟ ਕਰਦੇ ਹੋ ਅਰ ਜੋ ਕੁਛ ਤੁਸੀਂ ਗੁਪਤ ਕਰਦੇ ਹੋ ਅੱਲਾ ( ਸਭ ਕੁਛ ) ਜਾਣਦਾ ਹੈ ॥ ੨੯ ॥ ( ਹੇ ਪੈਗੰਬਰ ) ਮੁਸਲਮਾਨਾਂ ਨੂੰ ਆਖੋ ਕਿ ਆਪਣੀਆਂ ਨਜ਼ਰਾਂ ਨੀਵੀਆਂ ਰਖਿਆ ਕਰਨ ਅਰ ਆਪਣੀਆਂ ਗੁਪਤ ਇੰਦਰੀਆਂ ਦੀ ਰਾਖੀ ਰਖਿਆ ਕਰਨ ਇਸ ਵਿਚ ਓਹਨਾਂ ਦੀ ਅਧਿਕ ਸਫਾਈ ਹੈ ( ਲੋਗ ) ਜੋ ਕੁਛ (ਭੀ) ਕੀਤਾ ਕਰਦੇ ਹਨ ਅੱਲਾ ਨੂੰ ( ਸਭ ) ਖਬਰ ਹੈ ॥ ੩੦ ॥ ਅਰ ( ਹੇ ਪੈਗੰਬਰ ) ਮੁਸਲਮਾਨ ਇਸਤ੍ਰੀਆਂ ਨੂੰ ਕਹੋ ਕਿ ( ਵੁਹ ਭੀ ) ਆਪਣੀਆਂ ਨਜ਼ਰਾਂ ਨੀਵੀਆਂ ਰਖਿਆ ਕਰਨ ਅਰ ਆਪਣੀਆਂ ਗੁਪਤ ਇੰਦ੍ਰੀਆਂ ਦੀ ਰਖਿਆ ਕਰਨ ਆਪਣੀ ਸੁਹਪਣ ( ਦਿਆਂ ਅਸਥਾਨਾਂ ) ਨੂੰ ਪਰਗਟ ਨਾ ਹੋਵਣ ਦੇਣ। ਪਰੰਤੂ ਜੋ ਉਹਨਾਂ ਵਿਚੋਂ ( ਚਾਰੋ ਨਾਚਾਰ ) ਖੁਲਾ ਰਹਿੰਦਾ ਹੈ ( ਤਾਂ ਉਸ ਦਾ ਪਰਗਟ ਹੋਣ ਦੇਣਾ ਤੰਗੀ ਦੀ ਬਾਰਤਾ ਨਹੀਂ ) ਅਰ ਆਪਣੀਆਂ ਛਾਤੀਆਂ ਉਤੇ ਦੁਪੱਟੇ ਦੀ ਬੁਕਲ ਮਾਰੀ ਰਖਣ ਅਰ ਅਪਣੀ ਸੁੰਦਰਤਾ ਨੂੰ ( ਕਿਸੇ ਅਗੇ ) ਪ੍ਰਗਟ ਨਾ ਹੋਵਣ ਦੇਵਣ ਪਰੰਤੂ ਆਪਣਿਆਂ ਪਤੀਆਂ ਅਗੇ ਕਿੰਬਾ ਆਪਣੇ ਪਿਤਾ ਅਗੇ ਅਥਵਾ ਆਪਣੇ ਪਤੀ ਦੇ ਪਿਤਾ ਅਗੇ ਅਥਵਾ ਆਪਣਿਆਂ ਪੁਤ੍ਰਾਂ ਅਗੇ ਕਿੰਬਾ ਆਪਣੇ ਪਤੀ ਦੇ ਪੁਤ੍ਰਾਂ ਅਗੇ ਅਥਵਾ ਆਪਣੇ ਭਿਰਾਵਾਂ ਅਗੇ ਕਿੰਬਾ ਆਪਣਿਆਂ ਭਤੀਜਿਆਂ ਅਗੇ ਯਾ ਆਪਣਿਆਂ ਭਾਨਜਿਆਂ ਅਗੇ ਕਿੰਬਾ ਆਪਣੀਆਂ ( ਅਰਥਾਤ ਆਪਣੇ ਮੇਲ ਜੋਲ ਦੀਆਂ ) ਔਰਤਾਂ ਅਗੇ ਅਥਵਾ

Digitized by Panjab Digital Library | www.panjabdigilib.org

ਆਪਣੇ ਹਥ ਦੇ ਮਾਲ ( ਅਰਥਾਤ ਦਾਸ ਦਾਸੀਆਂ ) ਅਗੇ ਕਿੰਬਾ ( ਘਰ ਦੇ ਲਗੇ ਹੋਏ ਐਸੇ ) ਟਹਿਲ ਵਾਲਿਆਂ ਅਗੇ ਕਿ ਪੁਰਖ ( ਤਾਂ ) ਹਨ ( ਪਰੰਤੂ ਜੋ ਇਸਤ੍ਰੀਆਂ ਨਾਲ ਓਹਨਾਂ ਦੀ ਕੋਈ ) ਗਰਜ਼ ( ਤਥਾ ਪ੍ਰਯੋਜਨ ) ਨਹੀਂ ਰਖਦੇ ( ਜੈਸੇ ਖੁਸਰੇ ਤਥਾ ਬੁਢੇ ਫੂਸ ) ਕਿੰਬਾ ਲੜਕਿਆਂ ਅਗੇ । ਜੋ ਇਸਤ੍ਰੀਆਂ ਦੀਆਂ ਪਰਦੇ ( ਦੀਆਂ ਗਲਾਂ ) ਤੋਂ ਵਾਕਿਫ ਨਹੀਂ । ਅਰ ( ਤੁਰਨ ਫਿਰਨ ਦੇ ਵੇਲੇ ) ਆਪਣੇ ਪੈਰ ਐਸੇ ਜੋਰ ਨਾਲ ਨਾ ਰਖਨ ਕਿ ( ਲੋਕਾਂ ਨੂੰ ) ਓਹਨਾਂ ਦੇ ਅੰਦਰੂਨੀ ਜ਼ੇਵਰ ਦੀ ਖਬਰ ਹੋਵੇ । ਅਰ ਮੁਸਲਮਾਨੋ ! ਤੁਸੀਂ ਸੰਪੂਰਨ ਅੱਲਾ ਦੀ ਜਨਾਬ ਵਿਚ ਤੋਬਾ ਕਰੋ । ਤਾ ਕਿ ਤੁਸੀਂ ( ਅੰਤ ਨੂੰ ) ਭਲਾਈ ਪਾ ਲਵੋ ॥ ੩੧ ॥ ਅਰ ਆਪਣੀਆਂ ਰਾਂਡਾਂ ਦੇ ਨਕਾਹ ਕਰੋ ਅਰ ਆਪਣਿਆਂ ਦਾਸਾਂ ਤਥਾ ਲੌਂਡੀਆਂ ਵਿਚੋਂ ਭੀ ਓਹਨਾਂ ਤੋਂ ਜੋ ਨੇਕ ਬਖਤ ਹੋਵਣ ਯਦੀ ਇਹ ਲੋਕ ਮੁਹਤਾਜ ਹੋਵਣਗੇ ਤਾਂ ਅੱਲਾ ਆਪਣੇ ਕਿਰਪਾ ਨਾਲ ਏਹਨਾਂ ਨੂੰ ਧਨਾਢ ਕਰ ਦੇਵੇਗਾ ਅਰ ਅੱਲਾ ਗੁੰਜਾਇਸ਼ ਵਾਲਾ ( ਅਰ ਸੰਪੂਰਨਾਂ ਦੇ ਹਾਲ ਤੋਂ ) ਗਿਆਤ ਹੈ ॥ ੩੨ ॥ ਅਰ ਜੋ ਲੋਕ ਨਕਾਹ ਕਰਨ ਦੀ ਸਾਮਰਥ ਨਹੀਂ ਰਖਦੇ ਓਹਨਾਂ ਨੂੰ ਚਾਹੀਦਾ ਹੈ ਕਿ ਸੰਤੋਖ ਕਰਨ ਏਥੋਂ ਤਕ ਕਿ ਅੱਲਾ ਓਹਨਾਂ ਨੂੰ ਆਪਣੇ ਫ਼ਜਲ ਨਾਲ ਧਨਾਢਜ ਕਰ ਦੇਵੇ । ਅਰ ਤੁਸਾਂ ਦੇ ਹਥ ਦਾ ਮਾਲ ( ਅਰਥਾਤ ਦਾਸਾਂ ਵਿਚੋਂ ) ਜੋ ਪੱਤਰ ਵਿਵਹਾਰ ਦੀ ਇਛਾ ਕਰਨ ਤਾਂ ਤੁਸੀਂ ( ਭੀ ) ਉਨਹਾਂ ਦੇ ਨਾਲ ਪੱਤਰ ਵਿਵਹਾਰ ਕਰ ਲੀਤਾ ਕਰੋ ਏਸ ਨਿਯਮ ਉਤੇ ਕਿ ਤੁਸੀਂ ਓਹਨਾਂ ਵਿਚ ਭਲਮਨਸਊ ( ਦੀਆਂ ਨਿਸ਼ਾਨੀਆਂ ) ਪਾਉ । ਅਰ ਖੁਦਾਈ ਮਾਲ ਵਿਚੋਂ ਜੋ ਉਸ ਨੇ ਤੁਸਾਂ ਨੂੰ ਦੇ ਰਖਿਆ ਹੈ ਓਹਨਾਂ ਨੂੰ ( ਭੀ ) ਦੇਵੋ । ਅਰ ਤੁਸਾਂ ਦੀਆਂ ਦਾਸੀਆਂ ਜੋ ਧਰਮ ਸੀਲਾ ਰਹਿਣਾ ਚਾਹੁੰਦੀਆਂ ਹਨ ਉਨਹਾਂ ਨੂੰ ਸਾਂਸਾਰਿਕ ਜੀਵਨ ਦੇ ਥੋੜੇ ਲਾਭ ਦੀ ਇਛਾ ਕਰਕੇ ਵਿਭਚਾਰ ਕਰਮ ਉਤੇ ਮਜਬੂਰ ਨਾ ਕਰੋ । ਅਰ ਜੋ ਓਹਨਾਂ ਨਾਲ ਧਿੰਗਾ ਜੋਰੀ ਕਰੇਗਾ ਤਾਂ ਅੱਲਾ ਓਹਨਾਂ ਨਾਲ ਧਿੰਗਾ ਜੋਰੀ ਕੀਤੀ ਗਈ ਪਿਛੋਂ ਬਖਸ਼ਣੇ ਵਾਲਾ ਮਿਹਰਬਾਨ ਹੈ ॥ ੩੩ ॥ ਅਰ (ਮੁਸਲਮਾਨੋ) ! ਅਸਾਂ ਨੇ ( ਏਸ ਕੁਰਾਨ ਵਿਚ ) ਤੁਸਾਂ ਵਾਸਤੇ ਖੁਲੇ ਖੁਲੇ ਹੁਕਮ ਘਲੇ ਹਨ ਅਰ ਜੋ ਲੋਕ ਤੁਸਾਂ ਨਾਲੋਂ ਭੂਤਕਾਲ ਵਿਚ ਹੋ ਚੁਕੇ ਹਨ ਓਹਨਾਂ ਦੇ ਬ੍ਰਿਤਾਂਤ ਅਰ ਸੰਜਮੀ ਪੁਰਖਾਂ ਵਾਸਤੇ ਸਿਖਯਾ ( ਦੀਆਂ ਬਾਰਤਾਂ ) ॥ ੩੪॥ ਰੁਕੂਹ ੪ ॥

ਅੱਲਾ ( ਦੇ ਪਰਕਾਸ਼ ਨਾਲ ਹੀ ) ਪ੍ਰਿਥਵੀ ਅਕਾਸ ਵਿਚ ਪਰਕਾਸ਼ ਹੈ । ਓਸੇ ਦੇ ਪਰਕਾਸ਼ ਦਾ ਦ੍ਰਿਸ਼ਟਾਂਤ ਐਸਾ ਹੈ ਜੈਸੇ ( ਕੋਈ ਕਹੇ-ਕਿ ) ਇਕ ਤਾਕ ਹੈ । ( ਅਰ ) ਤਾਕ ਵਿਚ ਇਕ ਪ੍ਰਦੀਪ ( ਰਖਿਆ

Digitized by Panjab Digital Library | www.panjabdigilib.org

ਹੋਇਆ ਹੈ ਅਰ ) ਪ੍ਰਦੀਪ ਇਕ ਕੰਚ ਦੀ ਫਨੂਸ ਵਿਚ ਹੈ ( ਅਰ ) ਫਨੂਸ (ਐਸਾ ਨਿਰਮਲ ਹੈ ਕਿ) ਮਾਨੋ ਉਹ ਮੋਤੀ ਦੇ ਸਮਾਨ ਪ੍ਰਕਾਸ਼ਦਾ ਹੋਇਆ ਇਕ ਨਛਤ੍ਰ ਹੈ। ( ਵੁਹ ਪਰਦੀਪ ) ਜੈਤੂਨ ਦੇ ਇਕ ਪਵਿਤ੍ਰ ਬਿਰਛ ( ਦੇ ਤੇਲ ) ਨਾਲ ਦੀਪਤ ਕੀਤਾ ਜਾਂਦਾ ਹੈ ਕਿ ਜੋ ਨਾ ਪੂਰਬ ਦੀ ਦਿਸ਼ਾ ਵਲ ਹੈ ਅਰ ਨਾ ਪਛਮ ਦੀ ਦਿਸ਼ਾ ਵਲ ਓਸ ਦਾ ਤੇਲ ( ਐਸਾ ਨਿਰਮਲ ਹੈ ਕਿ ) ਯਦੀ ਓਸ ਨੂੰ ਅਗਨਿ ਨਾ ਭੀ ਲਾਈਏ ਤਾਂ ਭੀ ਮਲੂਮ ਹੁੰਦਾ ਹੈ ਕਿ ( ਆਪ ਤੋਂ ਆਪ ਹੀ ) ਬਲ ਉਠੇਗਾ। ( ਮਾਨੋ ਇਕ ਪ੍ਰਕਾਸ਼ ਨਹੀਂ ਪ੍ਰਤ੍ਯੁਤ ) ਨੂਰ ਉਤੇ ਨੂਰ ( ਅਰਥਾਤ ਪੂਰਨ ਪਰਕਾਸ਼ ਰੂਪ ) ਅੱਲਾ ਜਿਸ ਨੂੰ ਚਾਹੁੰਦਾ ਹੈ ਆਪਣੇ ਨੂਰ ਦੇ ਪਾਸੇ ਦਾ ਰਾਹ ਦਸ ਦੇਂਦਾ ਹੈ ਅਰ ਅੱਲਾ ਲੋਕਾਂ ਦੇ ( ਸਮਝਾਵਣ ) ਵਾਸਤੇ ਦ੍ਰਿਸ਼ਟਾਂਤ ਵਰਣਨ ਕਰਦਾ ਹੈ ਅਰ ਅੱਲਾ ਸਰਬ ਵਸਤੂਆਂ ( ਦੇ ਬਿਰਤਾਂਤ ) ਤੋਂ ਗਿਆਤ ਹੈ ॥ ੩੫ ॥ ( ਅਰ ਹਾਂ ਵੁਹ ਪਰਦੀਪ ਖੁਦਾ ਦਿਆਂ ) ਐਸਿਆਂ ਘਰਾਂ ( ਅਰਥਾਤ ਭਜਨ ਮੰਦਰਾਂ ) ਵਿਚ ( ਪਰਕਾਸ਼ਿਤ ਕੀਤਾ ਜਾਂਦਾ ) ਜਿਨਹਾਂ ਦੀ ਨਿਸਬਤ ਖੁਦਾ ਨੇ ਹੁਕਮ ਦਿਤਾ ਹੈ ਕਿ ਓਹਨਾਂ ਦੀ ਵਡਿਆਈ ਕੀਤੀ ਜਾਵੇ ਅਰ ਓਹਨਾਂ ਵਿਚ ਖੁਦਾ ਦਾ ਨਾਮ ਲੀਤਾ ਜਾਵੇ ਓਹਨਾਂ ( ਅਸਥਾਨਾਂ ) ਵਿਚ ਸੰਧਿਆ ਪ੍ਰਾਤ ਨੂੰ ॥ ੩੬ ॥ ਐਸੇ ਲੋਕ ਖੁਦਾ ( ਦੇ ਨਾਮ ) ਦੀ ਮਹਿਮਾਂ ( ਤਥਾ ਉਸਤੁਤੀ ) ਕਰਦੇ ਰਹਿੰਦੇ ਹਨ ਜਿਨਹਾਂ ਨੂੰ ਸੌਦਾਗਰੀ ਅਰ ਖਰੀਦ ਫਰੋਖਤ ਖੁਦਾ ਦੇ ਜ਼ਿਕਰ ਅਰ ਨਮਾਜ਼ ਦੇ ਪੜ੍ਹਨੇ ਅਰ ਜ਼ਕਾਤ ਦੇ ਦੇਵਣ ਤੋਂ ਗਾਫਲ ਨਹੀਂ ਹੋਵਣ ਦੇਂਦੀ ( ਕਾਹੇ ਤੇ ਵੁਹ ਲੋਕ ) ਓਸ ਦਿਨ ਪਾਸੋਂ ਡਰਦੇ ਹਨ ਜਦੋਂ ( ਡਰਦਿਆਂ ਮਾਰਿਆਂ ਹੋਇਆਂ ) ਕਲੇਜੇ ਪਾਟ ਜਾਵਣਗੇ ਅਰ ਅਖੀਆਂ (ਫਿਰੀਆਂ ਦੀਆਂ ਫਿਰੀਆਂ ਰਹਿ ਜਾਵਣਗੀਆਂ ) ॥ ੩੭ ॥ ( ਅਰ ਏਸੇ ਖਿਆਲ ਕਰਕੇ ਇਹ ਲੋਕ ਇਬਾਦਤ ਵਿਚ ਲਗੇ ਰਹਿੰਦੇ ਹਨ ) ਕਿ ਅੱਲਾ ਓਹਨਾਂ ਨੂੰ ਉਨਹਾਂ ਦੇ ਕਰਮਾ ਦਾ ਉੱਤਮ ਤੋਂ ਉੱਤਮਫਲ ਦੇਵੇ ਅਰ ਓਹਨਾਂ ਨੂੰ ਅਪਣੇ ਫਜ਼ਲ ਕਰਕੇ ਕੁਛ ਹੋਰ ਭੀ ਦੇਵੇ ਅਰ ਅੱਲਾ ਜਿਸ ਨੂੰ ਚਾਹੁੰਦਾ ਹੈ ਅਟੁਟ ਭੰਡਾਰ ਦੇ ਦੇਂਦਾ ਹੈ ॥ ੩੮ ॥ ਅਰ ਜੋ ਲੋਕ ( ਇਸ-ਲਾਮ ਤੋਂ ) ਮੁਨਕਰ ਹਨ ਉਨਹਾਂ ਦੇ ਕਰਮ ( ਨਿਰੇ ਪੁਰੇ ਧੋਖੇ ਦੀ ਹੀ ਟਟੀ ਹਨ ਜੈਸੇ)ਮਾਰੂੰਥਲ ਵਿਚ ਲਿਸ਼ਕਾਰੇ ਮਾਰਦੀ ਹੋਈ ਰੇਤ ਕਿ ਤ੍ਰਿਖਾਵੰਤ ਉਸਨੂੰ ( ਦੂਰੋਂ ਹੀ ) ਪਾਣੀ ਸਮਝਦਾ ਹੈ ਏਥੋਂ ਤਕ ਕਿ ਜਦੋਂ ਉਸ ਦੇ ਪਾਸ ਆਇਆ ਤਾਂ ਉਸ ਨੂੰ ਕੁਛ ਭੀ ਨਾ ਮਿਲਿਆ ( ਅਰ ਤ੍ਰਿਖਾਤੁਰ ਤੜਫ ਤੜਫ ਕੇ ਮਰ ਗਿਆ ) ਅਰ ( ਦੇਖਿਆ ਤਾਂ ) ਖੁਦਾ ਨੂੰ ਆਪਣੇ ਸਨਮੁਖ ਪਾਇਆ ਅਰ ਓਸ ਨੇ ਓਸ ( ਦੇ ਕਰਮ ) ਦਾ ਹਿਸਾਬ ਪੂਰਾ ਪੂਰਾ ਭੁਗਤਾ ਦਿਤਾ ਅਰ

Digitized by Panjab Digital Library | www.panjabdigilib.org

ਅੱਲਾ ਇਕ ਚੁਟਕੀ ਵਿਚ ਹਿਸਾਬ ਕਰਨੇ ਵਾਲਾ ਹੈ ॥ ੩੯ ॥ ਕਿੰਬਾ (ਉਹਨਾਂ ਦੇ ਕਰਮਾਂ ਦਾ ਦ੍ਰਿਸ਼ਟਾਂਤ) ਬੜੇ ਗੰਭੀਰ ਦਰਿਯਾ ਦੇ ਅੰਦਰੂਨੀ ਅੰਧੇਰਿਆਂ ਵਰਗਾ (ਹੈ) ਕਿ ਦਰੀਯਾ ਨੂੰ ਤਰੰਗਾਂ ਨੇ ਢਕ ਰਖਿਅ ਹੈ ਅਰ (ਤਰੰਗ ਭੀ ਇਕ ਨਹੀਂ ਪ੍ਰਤਯੁਤ) ਲਹਿਰ ਦੇ ਉੱਪਰ ਲਹਿਰ ਉਸ ਦੇ ਉਪਰ ਬਦਲ (ਭਾਵ) ਅੰਧੇਰੇ ਹਨ। ਇਕ ਦੇ ਉਪਰ ਇਕ (ਦਰੀਯਾ ਦੇ ਤਲੇ ਵਿਚ) ਕੋਈ (ਆਦਮੀ) ਆਪਣਾ ਹਥ ਨਿਕਾਲੇ ਤਾਂ ਆਸ਼ਾ ਨਹੀਂ ਕਿ ਉਸ ਨੂੰ ਦੇਖ ਸਕੇ ਅਰ ਜਿਸ ਨੂੰ ਅੱਲਾ ਹੀ ਪਰਕਾਸ਼ (ਅਰਥਾਤ ਸਿਛਾ) ਨਾ ਦੇਵੇ ਤਾਂ ਓਸ ਨੂੰ (ਕਿਸੇ ਪਾਸਿਓਂ ਭੀ) ਨੂਰ (ਦਾ ਸਹਾਰਾ) ਨਹੀਂ ॥ ੪੦ ॥ ਰੁਕੂਹ ੫ ॥

(ਹੇ ਸਰੋਤਾ) ਕੀ ਤੂਨੇ (ਇਸ ਬਾਰਤਾ ਉਤੇ) ਨਜ਼ਰ ਨਹੀਂ ਦਿਤੀ ਕਿ ਜਿਤਨੀ ਸਰਿਸ਼ਟੀ ਪ੍ਰਿਥਵੀ ਅਕਾਸ਼ ਦੇ ਮਧ ਮੇਂ ਹੈ (ਸੰਪੂਰਨ) ਅੱਲਾ ਦੀ ਹੀ ਮਹਿਮਾਂ (ਤਥਾ ਉਪਮਾਂ) ਕਰਦੇ ਰਹਿੰਦੇ ਹਨ। ਅਰ ਪੰਖੀ (ਭੀ ਜੋ) ਪੰਖ ਫੈਲਾਏ (ਉਡਦੇ ਫਿਰਦੇ ਹਨ) ਸੰਪੂਰਨਾਂ ਨੂੰ ਆਪੋ (ਆਪਣੀ) ਨਮਾਜ਼ ਅਰ ਆਪੋ (ਆਪਣੀ) ਮਹਿਮਾਂ (ਦਾ ਮਾਰਗ) ਮਾਲੂਮ ਹੈ ਅਰ ਜੋ ਕੁਛ ਇਹ ਕਰਦੇ ਹਨ ਅੱਲਾ ਉਸ ਤੋਂ ਗਿਆਤ ਹੈ ॥ ੪੧ ॥ ਅਰ ਪ੍ਰਿਥਵੀ ਅਕਾਸ਼ ਦੀ ਸਾਸ਼ਨਾ (ਹਕੂਮਤ) ਅੱਲਾ ਦੀ ਹੀ ਹੈ ਅਰ ਅੱਲਾ ਦੇਹੀ ਪਾਸੇ (ਸਾਰਿਆਂ) ਲੋਟ ਕਰ ਜਾਣਾ ਹੈ ॥੪੨॥ (ਹੇ ਸ੍ਰੋਤਾ) ਕੀ ਤੂਨੇ (ਇਸ ਬਾਰਤਾ ਉਤੇ (ਦ੍ਰਿਸ਼ਟ ਨਹੀਂ ਦਿਤੀ ਕਿ ਅੱਲਾ (ਹੀ) ਬਦਲਾਂ ਨੂੰ ਪ੍ਰੇਰਦਾ ਹੈ ਅਰ ਫੇਰ ਬਦਲਾਂ (ਦਿਆਂ ਟੁਕੜਿਆਂ) ਨੂੰ ਆਪਸ ਵਿਚ ਜੋੜਦਾ ਹੈ। ਫੇਰ ਓਹਨਾਂ ਨੂੰ ਤਹਿ ਉਤੇ ਤ੍ਰੇਹ (ਕਰਕੇ) ਰਖਦਾ ਹੈ ਫੇਰ (ਹੇ ਸ੍ਰੋਤਾ) ਤੂੰ ਬਦਲ ਦੇ ਵਿਚੋਂ ਬਰਖਾ ਹੁੰਦੀ ਦੇਖਦਾ ਹੈਂ ਅਰ ਆਕਾਸ਼ ਦੇ ਵਿਚ ਜੋ (ਗੜਿਆਂ) ਦੇ ਪਰਬਤ (ਅਰਥਾਤ ਜੰਮੇ ਹੋਏ ਬਦਲ) ਹਨ ਉਹੀ ਓਹਨਾਂ ਵਿਚੋਂ ਗੜੇ ਬਰਸਾਉਂਦਾ ਹੈ ਤਾਂ ਜਿਸ ਉਤੇ ਚਾਹੁੰਦਾ ਹੈ ਗੜੇ ਬਰਸਾਉਂਦਾ ਅਰ ਜਿਸ ਉਤੇ ਚਾਹੁੰਦਾ ਹੈ ਉਹਨਾਂ ਨੂੰ ਹਟਾ ਦੇਂਦਾ ਹੈ ਬਦਲਾਂ ਦੀ ਬਿਜਲੀ ਦਾ ਚਮਿ-ਤਕਾਰ ਹੈ ਕਿ ਮਾਨੋ ਅਖੀਆਂ (ਦੇ ਨੂਰ) ਨੂੰ ਖਿਚੀ ਲਈ ਚਲੀ ਜਾਂਦੀ ਹੈ ॥ ੪੩ ॥ ਅੱਲਾ ਰਾਤ੍ਰੀ ਦਿਵਸ ਦਾ ਹੇਰ ਫੇਰ ਕਰਦਾ ਰਹਿੰਦਾ ਹੈ ਜੋ ਲੋਗ ਸੂਝ ਰਖਦੇ ਹਨ ਓਹਨਾਂ ਵਾਸਤੇ ਇਸ ਵਿਚ ਬੜੀ ਸਿਖਸ਼ਾ ਹੈ ॥ ੪੪ ॥ ਅਰ ਅੱਲਾ ਨੇ (ਹੀ) ਸੰਪੂਰਨ (ਤੁਰਨ ਫਿਰਨ ਵਾਲਿਆਂ) ਸਜੀਵਾਂ ਨੂੰ ਪਾਣੀ ਤੋਂ ਉਤਪਤ ਕੀਤਾ ਫਿਰ ਓਹਨਾਂ ਵਿਚੋਂ (ਕਈਕੁ) ਉਹ ਹਨ ਜੋ ਆਪਣੇ ਪੇਟ ਦੇ ਸਹਾਰੇ ਤੁਰਦੇ ਫਿਰਦੇ ਹਨ ਅਰ (ਕਈਕੁ) ਓਹਨਾਂ ਵਿਚ ਉਹ ਹਨ ਜੋ ਦੋ ਪੈਰਾਂ ਦੇ ਸਹਾਰੇ ਤੁਰਦੇ ਹਨ ਅਰ (ਕਈਕੁ) ਓਹਨਾਂ ਵਿਚੋਂ

Digitized by Panjab Digital Library | www.panjabdigilib.org

ਓਹ ਹਨ ਜੋ ਚਾਰ ( ਤਥਾ ਅਧਿਕ ਪੈਰਾਂ ਦੇ ) ਸਹਾਰੇ ਤੁਰਦੇ ਹਨ ਅੱਲਾ ਜੋ ਚਾਹੁੰਦਾ ਹੈ ਰਚ ਲੈਂਦਾ ਹੈ। ਨਿਰਸੰਦੇਹ ਅੱਲਾ ਸੰਪੂਰਨ ਵਸਤੂਆਂ ਉਤੇ ਕਾਦਿਰ ਹੈ ॥ ੪੫ ॥ ਅਸਾਂ ਨੇ ਹੀ ( ਇਹ ) ਆਇਤਾਂ ਉਤਾਰੀਆਂ ਹਨ। ਜੋ ( ਲੋਕਾਂ ਨੂੰ ਸਾਡੀਆਂ ਕੁਦਰਤਾਂ ) ਸਮਝਾਉਂਦੀਆਂ ਹਨ ਅਰ ਅੱਲਾ ( ਹੀ ) ਜਿਸ ਨੂੰ ਚਾਹੁੰਦਾ ਹੈ ਸੂਧੇ ਮਾਰਗ ਦੇ ਪਾਸੇ ਦੀ ਸਿਛਾ ਦੇਂਦਾ ਹੈ ॥੪੬ ॥ ਅਰ ( ਦੋ ਦਿਲੇ ਲੋਕ ) ਕਹਿੰਦੇ ਹਨ ਕਿ ਅਸੀਂ ਅੱਲਾ ਉਤੇ ਅਰ ( ਹੋਰ ) ਰਸੂਲ ਉਤੇ ਈਮਾਨ ਧਾਰ ਲੀਤਾ ਅਰ ( ਖੁਦਾ ਤਥਾ ਰਸੂਲ ਦਾ ) ਹੁਕਮ ਮੰਨਿਆ। ਫਿਰ ਇਹਦੇ ਪਿਛੋਂ ਇਹਨਾਂ ਵਿਚੋਂ ਦਾ ਇਕ ਜਥਾ ( ਖੁਦਾ ਰਸੂਲ ਦੀ ਆਗਿਆਂ ਤੋਂ ) ਬੇਮੁਖੀ ਕਰਦਾ ਹੈ। ਅਰ ਉਹ ( ਆਦ ਤੋ )ਮੁਸਲਮਾਨ ( ਹੀ ) ਨਹੀਂ ॥ ੪੭ ॥ ਅਰ ਜਦੋਂ ਓਹਨ ਨੂੰ ਖੁਦਾ ਤਥਾ ਓਸ ਦੇ ਰਸੂਲ ਦੇ ਪਾਸ ਬੁਲਾਇਆ ਜਾਂਦਾ ਹੈ ਤਾ ਕਿ ਓਹਨਾਂ ਵਿਚ ( ਓਹਨਾਂ ਦੇ ਆਪਸ ਵਿਚ ਝਗੜਿਆਂ ਦਾ ) ਨਬੇੜਾ ਕਰ ਦੇਵੀਏ ਤਾਂ ਬਸ ਓਹਨਾਂ ਵਿਚੋਂ ਦਾ ਇਕ ਫਰੀਕ ਕਨੀਕਤ ਰੇਂਦਾ ਹੈ ॥ ੪੮॥ਅਰ ਯਦੀ ਸਚ ਏਹਨਾਂ ਦੇ ਪਾਸ ਹੋਵੇ ਤਾਂ ( ਬਲਾਤਕਾਰ ) ਕੰਨ ਦਬਾਈ ਰਸੂਲ ਦੇ ਪਾਸੇ ( ਦੌੜੇ ) ਚਲੇ ਆਂਵਦੇ ਹਨ ॥ ੪੯ ॥ ਕੀ ਏਹਨਾਂ ਦੇ ਦਿਲਾਂ ਵਿਚ ( ਬੇਈਮਾਨੀ ਦਾ ) ਰੋਗ ਹੈ ਕਿੰਬਾ ਭਰਮ ਵਿਚ ਪਏ ਹੋਏ ਹਨ। ਕਿੰਬਾ ( ਏਸ ਬਾਰਤਾ ਤੋਂ ) ਡਰਦੇ ਹਨ ਕਿ ( ਕਿਤੇ ) ਅੱਲਾ ਅਰ ਓਸ ਦਾ ਰਸੂਲ ਓਹਨਾਂ ਦੀ ਹਕਤਲਫੀ(ਪਹੇਮਾਨਗੀ ਨਾ)ਕਰ ਬੈਠਣ(ਖੁਦਾ ਅਰ ਰਸੂਲ ਤੋਂ ਕਿਉਂ ਬੇਇਨਸਾਫੀ ਕਰਨ ਲਗੇ ਸਨ ) ਪ੍ਰਤੁਤ ਇਹ ਆਪ ( ਸਭਨਾ ਨਾਲੋਂ ਵਧ ਕੇ ) ਬੇਇਨਸਾਫ ਹਨ ॥ ੫੦ ॥ ਰੁਕੂਹ ੬ ॥

ਮੁਸਲਮਾਨਾਂ ( ਦੀ ਤਾਂ ਇਹ ਸ਼ਾਨ ਹੈ ਕਿ ਓਹਨਾਂ ) ਨੂੰ ਜਦੋਂ ਖ਼ੁਦਾ ਤਥਾ ਉਸਦੇਰਸੂਲ ਦੇ ਪਾਸ ਬੁਲਾਇਆ ਜਾਂਦਾ ਹੈ ਕਿ ਓਹਨਾਂ ਵਿਚ(ਓਹਨਾਂ ਦੇ ਆਪਸ ਵਿਚ ਝਗੜਿਆਂ ਦਾ ) ਚਕੂਤਾ ਕਰ ਦੇਵਣ ਤਾਂ ਬਸ ( ਦੋ ਟੁਕ ਬਾਰਤਾ ) ਕਹਿ ਦੇਂਦੇ ਹਨ ਕਿ ਅਸਾਂ ਨੇ ( ਤਲਬੀ ਦਾ ਹੁਕਮ ) ਸੁਣਿਆਂ ਅਰ ( ਖੁਦਾ ਰਸੂਲ ਦਾ ) ਹੁਕਮ ਮੰਨਿਆਂ ਅਰ ਯਹੀ ਲੋਗ ( ਆਖਰਤ ਵਿਚ ) ਸਫਲਤਾਈ ਦੇ ਅਧਿਕਾਰੀ ਹੋਵਣਗੇ॥ ੫੧ ॥ ਅਰ ਜੋ ਪੁਰਖ ਅੱਲਾ ਅਰ ਉਸ ਦੇ ਰਸੂਲ ਦਾ ਹੁਕਮ ਮੰਨੇ ਅਰ ਅੱਲਾ ਪਾਸੋਂ ਡਰੇ ਅਰ ਓਸ ਦੀ ( ਅਪ੍ਰਸੰਨਤਾਈ ) ਪਾਸੋਂ ਡਰਦਾ ਰਹੇ ਤਾਂ ਐਸੇ ਹੀ ਲੋਗ ( ਆ-ਖਰਕਾਰ ਆਪਣੀ ) ਮੁਰਾਦ ਨੂੰ ਪਰਾਪਤ ਹੋਵਣਗੇ ॥ ੫੨ ॥ ਅਰ ( ਹੇ ਪੈਯੰਬਰ ਦੋ ਦਿਲੇ ਮੁਨਾਫਿਕ ) ਅੱਲਾ ਦੀਆਂ ਬੜੀਆਂ ਪਕੀਆਂ ( ਪੀਡੀਆਂ) ਸੁਗੰਧਾਂ ਖਾ ਖਾ ਕੇ ਕਹਿੰਦੇ ਹਨ ( ਕਿ ਅਸੀਂ ਤਾਂ ਆਪ ਦੇ ਐਸੇ ਫਰਮਾ

Digitized by Panjab Digital Library | www.panjabdigilib.org

ਬਰਦਾਰ ਹਾਂ ) ਕਿ ਯਦੀ ਆਪ ਆਗਜ਼ਾ ਕਰੋ ਤਾਂ ਬਿਲਾ ਉਜ਼ਰ ( ਘਰਬਾਰ ਸੰਪੂਰਨ ਛਡ ਕੇ ਬਾਹਰ) ਨਿਕਲ ਖੜੇ ਹੋ ਜਾਈਏ (ਹੇ ਪੈਗੰਬਰ ਏਹਨਾਂ ਲੋਕਾਂ ਨੂੰ ) ਕਹੋ ਕਸਮਾਂ ਨਾ ਖ਼ਾਓ ( ਤੁਸਾਂ ਦੀ ) ਫਰਮਾ ਬਰਦਾਰੀ (ਦੀ ਹਕੀਕਤ ) ਮਾਲੂਮ ਹੈ ਅਰ ਜੋ ਕੁਛ ਤੁਸੀਂ ਕਰਦੇ ਹੋ ਅੱਲਾ ਨੂੰ ਉਸ ਦੀ ( ਸੰਪੂਰਨ ) ਖਬਰ ਹੈ ॥ ੫੩ ॥ (ਹੇ ਪੈਗੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਅੱਲ਼ਾ ਦਾ ਹੁਕਮ ਮੰਨੋ ਅਰ ਰਸੂਲ ਦਾ ਹੁਕਮ ਮੰਨੋ ਫੇਰ ਯਦੀ ਤੁਸੀਂ ( ਖੁਦਾ ਰਸੂਲ ਦੇ ਹੁਕਮ ਤੋਂ ) ਬੇਮੁਖਤਾਈ ਕਰੋਗੇ ਤਾਂ ( ਉਪਦੇਸ਼ ਦੀ) ਜੋ ਜ਼ਿੰਮੇਵਾਰੀ ਰਸੂਲ ਉਤੇ ਹੈ ਉਸ ਦੇ ਜਵਾਬ ਦੇਣ ਵਾਲੇ ਉਹ ਹਨ ਅਰ(ਫਰਮਾਂ ਬ੍ਰਦਾਰੀ ਦੀ)ਜੋ ਜ਼ਿੰਮੇਵਾਰੀ ਤੁਸਾਂ ਉਤੇਹੈ ਉਸਦੇ ਜਵਾਬ ਦੇਣ ਵਾਲੇ ਤੁਸੀਂ ਹੋ ਅਰ ਯਦੀ ਤੁਸੀਂ ਰਸੂਲ ਦੇ ਕਹੇ ਉਤੇ ਚਲੋਗੇ ਤਾਂ ਰਾਹ ਸਿਰ ਜਾ ਲਗੋਗੇ ਅਰ ਰਸੂਲ ਦੇ ਜ਼ਿੰਮੇ ਤਾਂ ( ਖੁਦਾ ਦੇ ਹੁਕਮ ਦਾ ) ਸਾਫ ਤੌਰ ਉਤੇ ਪਹੁੰਚਾ ਦੇਣਾ ਹੈ ਹੋਰ ਬਸ ॥ ੫੪ ॥ ਤੁਸਾਂ ਵਿਚੋਂ ਜੋ ਲੋਗ ਈਮਾਨ ਲੈ ਆਏ ਅਰ ਸ਼ੁਭ ਕਰਮ ( ਭੀ ) ਕਰਦੇ ਹਨ ਓਹਨਾਂ ਨਾਲ ਖੁਦਾ ਦੀ ਪਰਤਿ-ਗਯਾ ਹੈ ਕਿ ( ਇਕ ਨਾ ਇਕ ਦਿਨ ) ਓਹਨਾਂ ਨੂੰ ਮੁਲਖ ਦੀ ਖਲਾਫਤ ( ਅਰਥਾਤ ਸਲਤਨਤ ) ਜ਼ਰੂਰ ਪਰਦਾਨ ਕਰੇਗਾ । ਜਿਸ ਪ੍ਰਕਾਰ ਓਹਨਾਂ ਲੋਕਾਂ ਨੂੰ ਖਲਾਫਤ ਪਰਦਾਨ ਕੀਤੀ ਸੀ ਜੋ ਏਹਨਾਂ ਲੋਕਾਂ ਨਾਲੋਂ ਪ੍ਰਥਮ ਹੋ ਚੁਕੇ ਹਨ ਅਰ ਜਿਸ ਦੀਨ ਨੂੰ ਉਸ ਨੇ ਓਹਨਾਂ ਵਾਸਤੇ ਪਸੰਦ ਕੀਤਾ ਹੈ ( ਅਰਥਾਤ ਇਸਲਾਮ ) ਉਸ ਨੂੰ ਏਹਨਾਂ ਦੇ ਵਾਸਤੇ ਇਕੱਤ੍ਰ ਕਰਦਾ ਰਹੇਗਾ ਅਰ ਖੌਫ ( ਤਥਾ ਖਤਰਾ ) ਜੋ ਏਹਨਾਂ ਨੂੰ ( ਪ੍ਰਾਪਤ ਹੈ ) ਏਸ ਦੇ ਪਿਛੋਂ ( ਸਮੀਪ ਹੀ ) ਏਹਨਾਂ ਨੂੰ ( ਏਸ ਦੇ ) ਬਦਲੇ ਵਿਚ ਅਮਨ ਦੇਵੇਗਾ ਕਿ (ਸੁਖ ਪੂਰਵਕ ) ਸਾਡੀ ਇਬਾਦਤ ਕੀਤਾ ਕਰੇਂਗੇ ( ਅਰ ) ਕਿਸੇ ਵਸਤੂ ਨੂੰ ਸਾਡਾ ਸਜਾਤੀ ਨਾ ਨਿਯਤ ਕਰਨਗੇ ਅਰ ਜੋ ਪੁਰਖ ਏਹਨਾਂ ( ਸੰਪੂਰਨ ਉਪਕਾਰਾਂ ) ਦੇ ਪਿਛੋਂ ਕ੍ਰਿਤਘਨਤਾ ਕਰੇ ਤਾਂ ਐਸੇ ਹੀ ਲੋਗ ਅਮੋੜ ਹਨ ॥ ੫੫ ॥ ਅਰ ( ਮੁਸਲਮਾਨੋ ! ) ਨਮਾਜ਼ ਪੜ੍ਹਿਆ ਕਰੋ ਅਰ ਜ਼ਕਾਤ ਦਿਤਾ ਕਰੋ ਅਰ ਰਸੂਲ ਦੇ ਕਹੇ ਉਤੇ ਚਲੋ ਤਾ ਕਿ ਤੁਸਾਂ ਉਤੇ ਰਹਿਮ ਕੀਤਾ ਜਾਵੇ ॥ ੫੬ ॥ ( ਹੇ ਪੈਗੰਬਰ ) ਐਸਾ ਖਿਆਲ ਨਾ ਕਰਨਾ ਕਿ ਕਾਫਰ ਦੇਸ ਵਿਚ ( ਕਿਤੇ ਪਾਸੇ ਭਜ ਕੇ ਸਾਨੂੰ ) ਪਰਾਜੇ ਕਰ ਲੈਣਗੇ (ਨਹੀਂ ਇਹ ਖੁਦ ਪਰਾਜੇ ਹੋ ਜਾਣਗੇ ) ਅਰ ( ਅੰਤ ਨੂੰ ) ਏਹਨਾਂ ਦਾ ਅਸਥਾਨ ਨਰਕ ਹੈ ਅਰ ਨਿਰਸੰਦੇਹ ( ਵੁਹ ਬਹੁਤ ਹੀ ) ਬੁਰਾ ਅਸਥਾਨ ਹੈ ॥ ੫੭ ॥ ਰੁਕੂਹ ੭ ॥

ਮੁਸਲਮਾਨੋ ! ਤੁਸਾਂ ਦੇ ਹਥਾਂ ਦਾ ਮਾਲ ( ਅਰਥਾਤ ਦਾਸ ਦਾਸੀਆਂ )

Digitized by Panjab Digital Library | www.panjabdigilib.org

ਅਰ ਤੁਸਾਂ ਵਿਚੋਂ ਜੋ (ਅਜੇ) ਯੁਵਕ ਨਹੀਂ ਹੋਏ ਤਿੰਨਾਂ ਸਮਿਆਂ ਵਿਚ (ਤੁਸਾਂ ਦੇ ਪਾਸ ਆਵਣ ਦੀ) ਤੁਸਾਂ ਪਾਸੋਂ ਆਗਿਆ ਲੈ ਲੀਤਾ ਕਰਨ (ਇਕ ਤਾਂ) ਪ੍ਰਾਤਕਾਲ ਦੀ ਨਮਾਜ਼ ਤੋਂ ਪ੍ਰਥਮ ਅਰ (ਦੂਸਰੇ) ਜਦੋਂ ਤੁਸੀਂ ਮਧਜਾਨ ਦੇ ਸਮੇਂ (ਬਿਸਰਾਮ ਕਰਨ ਵਾਸਤੇ ਸੁਭਾਵ ਦੇ ਅਨੁਸਾਰ) ਬਸਤਰ ਉਤਾਰ ਦਿਤਾ ਕਰਦੇ ਹੋ ਅਰ (ਤੀਸਰੇ) ਅਸ਼ਾ ਦੀ ਨਮਾਜ਼ ਦੇ ਪਿਛੋਂ (ਇਹ) ਤਿੰਨ ਸਮੇਂ ਤੁਸਾਂ ਦੇ ਪਰਦੇ ਦੇ ਸਮੇਂ ਹਨ। ਏਹਨਾਂ (ਸਮਿਆਂ) ਤੋਂ ਸਿਵਾ ਨਾ (ਤਾਂ ਬਿਨਾਂ ਆਗਯਾ ਆਵਣ ਦੇਵਣ ਵਿਚ) ਤੁਸਾਂ ਉਤੇ ਕੋਈ ਗੁਨਾਹ ਅਰ ਨਾ (ਬਿਨਾਂ ਆਗਯਾ ਤੋਂ ਚਲੇ ਆਵਣ ਵਿਚ) ਉਹਨਾਂ ਉਤੇ (ਕੋਈ ਗੁਨਾਹ।) ਕਾਹੇ ਤੇ (ਵੁਹ) ਪ੍ਰਾਯਾ ਤੁਸਾਂ ਦੇ ਪਾਸ ਆਂਵਦੇ ਜਾਂਵਦੇ ਰਹਿੰਦੇ ਹਨ (ਅਰ) ਤੁਸਾਂ ਵਿਚੋਂ ਕਈਆਂਕੁ ਨੂੰ (ਅਰਥਾਤ ਦਾਸ ਦਾਸੀਆਂ ਨੂੰ) ਕਈਆਂਕੁ (ਅਰਥਾਤ ਤੁਸਾਂ ਦੇ) ਪਾਸ ਆਵਣ ਜਾਵਣ ਦੀ ਲੋੜ ਲਗੀ ਹੀ ਰਹਿੰਦੀ ਹੈ (ਤਾਂ ਬਾਰੰਬਾਰ ਆਗਿਆ ਮੰਗਣ ਵਿਚ ਤੁਸਾਂ ਲੋਗਾਂ ਨੂੰ ਬੜੀ ਤਕਲੀਫ ਹੋਵੇਗੀ) ਇਸ ਪਰਕਾਰ ਅੱਲਾ (ਆਪਣੇ) ਹੁਕਮ ਤੁਸਾਂ ਅਗੇ ਸਫੁਟ ਕਰ ਕਰਕੇ ਵਰਣਨ ਕਰਦਾ ਹੈ ਅਰ ਅੱਲਾ ਜਾਨਣੇ ਵਾਲਾ (ਤਥਾ) ਯੁਕਤੀਵਾਨ ਹੈ ॥ ੫੮ ॥ ਅਰ (ਮੁਸਲਮਾਨੋ!) ਜਦੋਂ ਤੁਸਾਂ ਦੇ ਬਾਲਿਕ ਯੁਵਾ ਅਵਸਥਾ ਨੂੰ ਪਰਾਪਤ ਹੋਵਣ ਤਾਂ ਜਿਸ ਪਰਕਾਰ ਏਹਨਾਂ ਨਾਲੋਂ ਅਗਲੇ (ਅਰਥਾਤ ਏਹਨਾਂ ਨਾਲੋਂ ਵਡੀ ਉਮਰ ਦੇ ਘਰਾਂ ਵਿਚ ਆਉਣ ਵਾਸਤੇ) ਆਗਿਆ ਮੰਗਦੇ ਹਨ (ਇਸੀ ਪਰਕਾਰ) ਏਹਨਾਂ ਨੂੰ ਭੀ ਆਗਿਆ ਮੰਗਣੀ ਚਾਹੀਦੀ ਹੈ ਇਸ ਪਰਕਾਰ ਅੱਲਾ ਆਪਣੇ ਹੁਕਮ ਤੁਸਾਂ ਅਗੇ ਸਫੁਟ ਕਰ ਕਰਕੇ ਵਰਣਨ ਕਰਦਾ ਹੈ ਅਰ ਅੱਲਾ ਜਾਨਣੇ ਵਾਲਾ ਤਥਾ ਹਿਕਮਤ ਵਾਲਾ ਹੈ ॥ ੫੯ ॥ ਅਰ ਬੜੀਆਂ ਬ੍ਰਿਧਾ ਇਸਤ੍ਰੀਆਂ ਜਿਨਹਾਂ ਨੂੰ ਨਕਾਹ ਦੀ ਆਸ਼ਾ (ਬਾਕੀ) ਨਹੀਂ (ਰਹੀ) ਯਦੀ ਆਪਣੇ ਬਸਤਰ (ਦੁਪੱਟਾ ਵਗੈਰਾ) ਉਤਾਰ ਰਖਿਆ ਕਰਨ ਤਾਂ ਏਸ ਵਿਚ ਓਹਨਾਂ ਉਤੇ ਕੋਈ ਗੁਨਾਹ ਨਹੀਂ ਏਸ ਨਿਯਮ ਉਤੇ ਕਿ ਓਹਨਾਂ ਨੂੰ (ਆਪਣੀ) ਬਨਾਵਟ ਦਿਖਲਾਨੀ ਅਭੀਸ਼ਟ ਨਾ ਹੋਵੇ ਅਰ (ਯਦੀ ਏਸ ਦੀ ਭੀ) ਰਾਖੀ ਰਖਣ ਤਾਂ ਓਹਨਾਂ ਵਾਸਤੇ ਉਤਮ ਹੈ ਅਰ ਅੱਲਾ (ਸੰਪੂਰਨਾਂ ਦੀਆਂ) ਸੁਣਦਾ (ਅਰ ਸਭ ਕੁਛ) ਜਾਣਦਾ ਹੈ ॥ ੬੦ ॥ ਨਾ (ਤਾਂ) ਅੰਧੇ (ਆਦਮੀ) ਵਾਸਤੇ ਕੋਈ ਤੰਗੀ ਹੈ ਅਰ ਨਾ ਹੀ ਲੰਗੜੇ (ਆਦਮੀ) ਵਾਸਤੇ ਹੀ ਕੋਈ ਤੰਗੀ ਹੈ ਅਰ ਨਾ ਹੀ ਬੀਮਾਰ ਵਾਸਤੇ ਕੋਈ ਧਿੰਗੋਜੋਰੀ ਹੈ ਅਰ ਨਾਂ (ਵਿਸ਼ੇਖ ਕਰਕੇ) ਤੁਸਾਂ ਮੁਸਲਮਾਨਾ ਵਾਸਤੇ (ਏਸ ਵਿਚ ਕੋਈ ਤੰਗੀ ਹੈ) ਕਿ ਆਪ-

Digitized by Panjab Digital Library | www.panjabdigilib.org

ਣਿਆਂ ਘਰਾਂ ਤੋਂ ( ਪ੍ਰਸ਼ਾਦ ) ਛਕੋ ਕਿੰਬਾ ਆਪਣੇ ਪਿਤਾ ਦੇ ਘਰੋਂ ਕਿੰਬਾ ਆਪਣੀ ਮਾਈ ਦੇ ਘਰੋਂ ਕਿੰਬਾ ਆਪਣਿਆਂ ਭਿਰਾਵਾਂ ਦੇ ਘਰਾਂ ਤੋਂ ਕਿੰਬਾ ਆਪਣੀਆਂ ਭੈਣਾਂ ਦੇ ਘਰਾਂ ਤੋਂ ਕਿੰਬਾ ਆਪਣਿਆਂ ਚਾਚਿਆਂ ਦੇ ਘਰਾਂ ਤੋਂ ਕਿੰਬਾ ਆਪਣੀਆਂ ਫੁਫੀਆਂ ਦੇ ਘਰਾਂ ਵਿਚੋਂ ਕਿੰਬਾ ਆਪਣਿਆਂ ਮਾਮਿਆਂ ਦਿਆਂ ਘਰਾਂ ਵਿਚੋਂ ਕਿੰਬਾ ਆਪਣੀਆਂ ਮਾਸੀਆਂ ਦੇ ਘਰਾਂ ਤੋਂ ਕਿੰਬਾਂ ਓਹਨਾਂ ਘਰਾਂ ਵਿਚੋਂ ਜਿਨਹਾਂ ਦੀਆਂ ਕੁੰਜੀਆਂ ਤੁਸਾ ਦੇ ਅਖਤਿਆਰ ਵਿਚ ਹਨ ਕਿੰਬਾ ਆਪਣਿਆਂ ਮਿਤ੍ਰਾਂ ਦੇ ਘਰਾਂ ਵਿਚੋਂ ( ਫੇਰ ਏਸ ਗਲੋਂ ਭੀ ) ਤੁਸਾਂ ਉਤੇ ਕੋਈ ਦੋਸ਼ ਨਹੀਂ ਕਿ ਸਾਰੇ ਮਿਲ ਕੇ ਪ੍ਰਸ਼ਾਦ ਛਕੋ ਕਿੰਬਾ ਅਲਗ ਅਲਗ ਤਾਂ ਜਦੋਂ ਘਰੀਂ ਜਾਵਣ ਲਗਿਆ ਕਰੋ ਤਾਂ ਆਪਣਿਆਂ ( ਲੋਕਾਂ ) ਨੂੰ ਸਲਾਮ ਕਰ ਲੀਤਾ ਕਰੋ। (ਸਲਾਮ ਇਕ) ਖੈਰ ਦੀ ਅਸੀਸ ( ਹੈ ਜੋ ਤੁਸਾਂ ਮੁਸਲਮਾਨਾਂ ਨੂੰ ) ਖੁਦਾ ਦੇ ਪਾਸਿਓਂ ( ਸਿਛਾ ਦਿਤੀ ਗਈ ਹੈ ) ਬਰਕਤ ਵਾਲੀ, ( ਤਥਾ ) ਉਤਮ। ਇਸ ਪ੍ਰਕਾਰ ਅੱਲਾ ( ਆਪਣੇ ) ਹੁਕਮ ਤੁਸਾਂ ਅਗੇ ਸਫੁਟ ਕਰ ਕਰਕੇ ਵਰਣਨ ਕਰਦਾ ਹੈ ਤਾਂ ਕਿ ਤੁਸੀਂ ਸਮਝੋ ॥ ੬੧ ॥ ਰੁਕੂਹ ੮ ॥

ਸਚੇ ਮੁਸਲਮਾਨ ਤਾਂ ਬਸ ਉਹ ਹਨ ਜੋ ਅੱਲਾ ਅਰ ਉਸ ਦੇ ਰਸੂਲ ਉਤੇ ਈਮਾਨ ਧਾਰ ਬੈਠੇ ਹਨ। ਅਰ ਜਦੋਂ ਕਿਸੇ ਐਸੀ ਬਾਰਤਾ ਵਾਸਤੇ ਜਿਸ ਵਿਚ ਲੋਗਾਂ ਦੇ ਇਕੱਤ੍ਰ ਹੋਣ ਦੀ ਆਵਸ਼ਕਤਾ ਹੈ । ਪੈਯੰਬਰ ਦੇ ਪਾਸ ਹੁੰਦੇ ਹਨ ਤਾਂ ਜਦੋਂ ਤਕ ਪੈਯੰਬਰ ਪਾਸੋਂ ਆਗਿਆ ਨਾ ਲੈ ਲਵਣ ( ਸਭਾ ਵਿਚੋਂ ਉਠ ਕੇ ) ਨਹੀਂ ਜਾਂਦੇ। ( ਹੇ ਪੈਯੰਬਰ ) ਜੋ ਲੋਕ ( ਐਸੇ ਸਮੇਂ ) ਤੁਸਾਂ ਪਾਸੋਂ ਆਗਿਆ ਲੈ ਲੈਂਦੇ ਹਨ ਸਚ ਮਚ ਵਹੀ ਲੋਕ ਹਨ ਜੋ (ਸਚੇ ਦਿਲ ਨਾਲ) ਅੱਲਾ ਅਰ ਉਸ ਦੇ ਰਸੂਲ ਉਤੇ ਇਮਾਨ ਧਾਰ ਬੈਠੇ ਹਨ । ਤਾਂ ਜਦੋਂ ਇਹ ਲੋਕ ਆਪਣੇ ਕਿਸੇ ( ਜਰੂਰੀ ) ਕਾਰਜ ਵਾਸਤੇ ਤੁਸਾ ਪਾਸੋਂ ( ਜਾਵਣ ਦੀ ) ਆਗਿਆਂ ਮੰਗਿਆ ਕਰਨ ਤਾਂ ਤੁਸੀਂ ਏਹਨਾਂ ਵਿਚੋਂ ਜਿਸ ਨੂੰ ( ਯੋਗ ਸਮਝ ਕੇ ) ਚਾਹੋ ( ਚਲੇ ਜਾਵਣ ਦੀ ) ਆਗਿਆ ਦੇ ਦਿਤਾ ਕਰੋ ਅਰ ਖੁਦਾ ਦੀ ਜਨਾਬ ਵਿਚ ਓਹਨਾਂ ਵਾਸਤੇ ਬਖਸ਼ੇ ਜਾਨ ਦੀ ਅਸੀਸ ਭੀ ਕਰੋ । ਨਿਰਸੰਦੇਹ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੬੨ ॥ ( ਮੁਸਲਮਾਨੋਂ ! ਜਦੋਂ ) ਪੈਯੰਬਰ (ਤੁਸਾਂ ਵਿਚੋਂ ਕਿਸੇ ਨੂੰ ਬੁਲਾਵਣ ਤਾਂ ਓਹਨਾ ) ਦੇ ਬੁਲਾਵਣ ਨੂੰ ਆਪਸ ਵਿਚ ( ਸਾਮਨਜ ਤੇ ਬੁਲਾਵਣਾ ) ਨਾ ਸਮਝਿਆ ਕਰੋ ਜੈਸੇ ਤੁਸਾਂ ਵਿਚੋਂ ਇਕ ਨੂੰ ਇਕ ਬੁਲਾਇਆ ਕਰਦਾ ਹੈ । ਅੱਲਾ ਓਹਨਾਂ ਲੋਕਾਂ ਨੂੰ ਭਲੀ ਪਰਕਾਰ ਜਾਣਦਾ ਹੈ ਜੋ ਤੁਸਾਂ ਵਿਚੋਂ ਛਿਪ ਕੇ ( ਪੈਯੰਬਰ ਦੀ ਸਭਾ ਵਿਚੋਂ ਆਗਿਆ ਤੋਂ ਬਿਨਾਂ ) ਖਿਸਕ

Digitized by Panjab Digital Library | www.panjabdigilib.org

ਜਾਂਦੇ ਹਨ। ਤਾਂ ਜੋ ਲੋਗ ਰਸੂਲ ਦੇ ਹੁਕਮ ਦੀ ਮੁਖਾਲਫਤ ਕਰਦੇ ਹਨ ਓਹਨਾਂ ਨੂੰ ਏਸ ( ਵਾਰਤਾ ) ਤੋਂ ਡਰਨਾ ਚਾਹੀਏ ਕਿ ( ਕਿਤੇ ) ਓਹਨਾਂ ਉਤੇ ਕੋਈ ਆਫਤ ( ਨਾ ) ਆਨ ਪੜੇ ਕਿੰਬਾ ਓਹਨਾਂ ਉਤੇ ( ਕੋਈ ਹੋਰ ) ਭਿਆਨਕ ਕਸ਼ਟ ( ਨਾ ) ਆ ਉਤਰੇ ॥ ੬੩ ॥ ਸੁਣੋ ਜੀ ! ਅੱਲਾ ਦਾ ਹੀ ਹੈ ਜੋ ਕੁਛ ਪ੍ਰਿਥਵੀ ਆਕਾਸ਼ ਦੇ ਵਿਚ ਵਿਦਮਾਨ ਹੈ ਤੁਸੀਂ ( ਲੋਕ ) ਜਿਸ ( ਢੰਗ ) ਉਤੇ ਹੋ ਖੁਦਾ ਭਲੀ ਪਰਕਾਰ ਜਾਣਦਾ ਹੈ। ਅਰ ਜਿਸ ਦਿਨ ( ਲੋਗ ਪਰਲੋ ਨੂੰ ) ਖੁਦਾ ਦੇ ਪਾਸੇ ਲੋਟਾ ਕਰ ਲੈਆਂਦੇ ਜਾਵਣਗੇ ਤਾਂ ਜੈਸੇ ( ਕੁਛ ਸੰਸਾਰ ਵਿਚ ) ਕਰਮ ਕਰਦੇ ਰਹੇ ਹਨ ਖ਼ੁਦਾ ( ਉਸ ਦਾ ਸ਼ੁਭ ਅਸ਼ੁਭ ਹੋਣਾ ) ਓਹਨਾਂ ਨੂੰ ਬਤਾ ਦੇਵੇਗਾ ਅਰ ਅੱਲਾ ਸਭ ਕੁਛ ਜਾਣਦਾ ਹੈ ॥ ੬੪ ॥ ਰੁਕੂਹ ੯ ॥

# ਸੂਰਤ ਫੁਰਕਾਨ ਮੱਕੇ ਵਿਚ ਉਤਰੀ ਅਰ ਏਸ ਦੀਆਂ ਸਤੱਤ੍ਰ ਆਇਤਾਂ ਅਰ ਛੇ ਰੁਕੂਹ ਹਨ।

( ਪ੍ਰਾਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) (ਖ਼ੁਦਾ ਦਾ ਰੂਪ) ਬੜੀਆਂ ਰਿਧੀਆ ਸਿਧੀਆਂ ਦੇਣ ਵਾਲਾ (ਰੂਪ) ਹੈ ਜਿਸਨੇ ਆਪਣੇ ਦਾਸ(ਮੁਹੰਮਦ)ਪਰਕੁਰਾਨ ਉਤਾਰਿਆ ਤਾਂ ਕਿ ਸੰਪੂ-ਰਨ ਸਰਿਸ਼ਟੀ ਦੇ ( ਲੋਗਾਂ ) ਵਾਸਤੇ (ਖੁਦਾ ਦੇ ਕਸ਼ਟ) ਤੋਂ ਸਭੈ ਕਰਨੇ ਵਾਲਾ ਹੋਵੇ ॥ ੧ ॥ ਉਹੀ ਤਾਂ ਹੈ ਕਿ ਪ੍ਰਿਥਵੀ ਆਕਾਸ਼ ਦਾ ਰਾਜ ਓਸੇ ਦਾ ਹੀ ਹੈ ਅਰ ਉਸ ਦਾ ਕੋਈ ਪੁੱਤਰ ਭੀ ਨਹੀਂ ਅਰ ਨਾਹੀਂ ਰਾਜਧਾਨੀ ਵਿਚ ( ਕਦੇ ) ਕੋਈ ਉਸ ਦਾ ਸ਼ਰੀਕ ਰਹਿਆ ਅਰ ਓਸੇ ਨੇ ਸੰਪੂਰਨ ਵਸਤੂਆਂ ਨੂੰ ਉਤਪਤ ਕੀਤਾ ਫੇਰ ਹਰ ਇਕ ਵਸਤੂ ਵਾਸਤੇ ਇਕ ( ਮੁਨਾਸਿਬ ) ਅੰਦਾਜ਼ਾ ਠਹਿਰਾ ਦਿਤਾ ॥ ੨ ॥ ਅਰ ਕਾਫਰਾਂ ਨੇ ਖੁਦਾ ਤੋਂ ਸਿਵਾ ( ਅਨਜਾਨਜ) ਮਾਬੂਦ ਅਖਤਿਆਰ ਕਰ ਰਖੇ ਹਨ ਜੋ ਕਿਸੇ ਵਸਤੂ ਨੂੰ ਉਤਪਤ ਨਹੀਂ ਕਰ ਸਕਦੇ । ਪ੍ਰਤਯੁਤ ਉਹ ( ਆਪ ਹੀ ) ਦੂਸਰੇ ਦੇ ਬਨਾਏ ( ਅਰ ਉਤਪਤ ਕੀਤੇ )ਹੋਏ ਹਨ ਅਰ ਖੁਦ ਓਹਨਾਂ)ਦਾ ਆਪਣਾ ਭੈੜਾ ਚੰਗਾ ( ਭੀ ) ਓਹਨਾਂ ਦੇ ਵਸ ਵਿਚ ਨਹੀਂ ਅਰ ਨਾ ਮਰਨਾ ਅਰ ਨਾ ਜੀਵਣਾ ਅਰ ਨਾ ( ਮਰਿਆਂ ਪਿਛੋਂ ਸਰਜੀਤ ਹੋ ) ਉਠਣਾ ਓਹਨਾਂ ਦੇ ਵਸ ਵਿਚ ਹੈ ॥ ੩ ॥ ਅਰ ਕਾਫਰ ( ਕੁਰਾਨ ਵਲੋਂ ) ਕਹਿੰਦੇ ਹਨ ਕਿ ਇਹ ਤਾਂ ਨਿਰਾ ( ਪੂਰਾ ) ਝੂਠ ਹੈ । ਜਿਸ ਨੂੰ ਏਸ ਪੁਰਖ ( ਅਰਥਾਤ ਪੈਯੰਬਰ ) ਨੇ ( ਆਪਣੇ ਮਨੋਂ ) ਘੜ ਲੀਤਾ ਹੈ ਅਰ ਦੂਸਰਿਆਂ ਲੋਗਾਂ ਨੇ ਏਸ ( ਘਾੜਤ ) ਵਿਚ ਏਸ ਦੀ ਮਦਦ ਕੀਤੀ । ( ਐਸੀ ਬਾਰਤਾ ਕਹਿਣ ਨਾਲ ) ਇਹ ਲੋਗ

Digitized by Panjab Digital Library | www.panjabdigilib.org

( ਬੜਾ ਹੀ ) ਜੁਲਮ ਅਰ ( ਸਿਰ ਤੋਂ ਲੈਕੇ ਪੈਰਾਂ ਤਕ ) ਝੂਠ ਦੇ ਅਧਿਕਾਰ ਹੋਏ ॥ ੪ ॥ ਅਰ ( ਇਹ ਭੀ ) ਕਹਿੰਦੇ ਹਨ ਕਿ ( ਕੁਰਾਨ ) ਅਗਲਿਆਂ ਲੋਕਾਂ ਦੇ ਢਕੋਸਲੇ ਹਨ ਜਿਨਹਾਂ ਨੂੰ ਏਸ ( ਪੁਰਖ ) ਨੇ ਕਿਸੇ ਪਾਸੋਂ ਲਿਖਵਾ ਲੀਤਾ ਹੈ ਅਰ ਵੁਹੀ ਸੰਧਯਾ ਪ੍ਰਾਤਕਾਲ ਏਸ ਨੂੰ ਪੜ੍ਹ ਪੜ੍ਹ ਕਰ ਸੁਨਾਈ ( ਅਰ ਯਾਦ ਕਰਾਈ ਜਾਂਦੇ ਹਨ ) ॥ ੫ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਏਹ ( ਕੁਰਾਨ ਤਾਂ ) ਉਸ ( ਖੁਦਾ ) ਨੇ ਹੀ ਉਤਾਰਿਆ ਹੈ ਜੋ ਪ੍ਰਿਥਵੀ ਆਕਾਸ਼ ਦੀਆਂ ਸੰਪੂਰਨ ਛੁਪੀਆਂ ਹੋਈਆਂ ਵਸਤੂਆ ਨੂੰ ਜਾਣਦਾ ਹੈ। ਨਿਰਸੰਦੇਹ ਵੁਹ ਬੜਾ ਬਖਸ਼ਨੇ ਵਾਲਾ ਮੇਹਰਬਾਨ ਹੈ ( ਕਿ ਤੁਸਾਂ ਨੂੰ ਬਲਾਤਕਾਰ ਏਸ ਝੂਠ ਦੀ ਸਜਾ ਨਹੀਂ ਦੇਂਦਾ ) ॥ ੬ ॥ ਅਰ (ਕਾਫਰ ਇਹ ਭੀ ) ਕਹਿੰਦੇ ਕਿ ਇਹ ਰਸੂਲ ਕੈਸਾ ਹੈ ਜੋ ਪ੍ਰਸ਼ਾਦ ਛਕਦਾ ਅਰ ਬਜ਼ਾਰਾਂ ਵਿਚ ( ਪਿਆ ) ਫਿਰਦਾ ਹੈ। ਇਸ ਦੇ ਪਾਸ ਕੋਈ ਫਰਿਸ਼ਤਾ ਕਿਉਂ ਨਹੀਂ ਭੇਜ ਦਿਤਾ ਗਿਆ। ਕਿ ਏਸ ਦੇ ਸਹਿਜੋਗੀ ਹੋ ਕੇ (ਵੁਹ ਭੀ ਲੋਗਾਂ ਨੂੰ ਖੁਦਾ ਦੇ ਅਜਾਬ ਤੋਂ ) ਸਭੈ ਕਰਦਾ ॥ ੭ ॥ ਕਿੰਬਾ ਏਸ ਉਤੇ ਕੋਈ ਖਜਾਨਾ ( ਅਰਥਾਤ ਹੁੰਦੇ) ਬਰਸਾ ਦਿਤੇ ਹੁੰਦੇ ਕਿੰਬਾ ( ਅਧਿਕ ਨਹੀਂ ਤਾਂ ) ਏਸ ਦੇ ਪਾਸ ( ਇਕ ) ਬਾਗ ( ਹੀ ) ਹੁੰਦਾ ਕਿ ਉਸਦੇ ਵਿਚੋਂ ਛਕਦਾ ( ਛਕਾਂਦਾ ) ਅਰ ਇਹ ਪਾਪੀ ( ਮੁਸਲਮਾਨਾਂ ਨੂੰ ) ਕਹਿੰਦੇ ਹਨ ਕਿ ਤੁਸੀਂ ਤਾਂ ਬਸ ਐਸੇ ਆਦਮੀ ਦੇ ਪਿਛੇ ਲਗ ਟੁਰੇ ਹੋ ਜਿਸ ਪਰ ਕਿਸੇ ਨੇ ਟੂਣਾ ਟਾਮਣ ਕਰ ਦਿਤਾ ਹੈ ॥ ੮ ॥ ( ਹੇ ਪੈਯੰਬਰ ) ਦੇਖੋ ( ਤਾਂ ਸਹੀ ਇਹ ਲੋਕ ) ਤੁਸਾਂ ਵਾਸਤੇ ਕੈਸੀਆਂ ੨ ਬਾਰਤਾਂ ਬਣਾਂਵਦੇ ਹਨ। ਜਿਸ ( ਦੇ ਕਾਰਣ ਇਹ ਆਪ ) ਕੁਮਾਰਗੀ ਹੋ ਗਏ ਹਨ ਅਰ ( ਕਿਸੇ ਪ੍ਰਕਾਰ ) ਰਾਹ ਉਤੇ ਨਹੀਂ ਆ ਸਕਦੇ ॥ ੯ ॥ ਰੁਕੂਹ ੧ ॥

(ਖੁਦਾ ਦੇ ਘਰ ਕਿਸੇ ਪਰਕਾਰ ਦਾ ਭੀ ਘਾਟਾ ਨਹੀਂ) ਵੁਹ ਐਸੀਆਂ ਰਿੱਧੀਆਂ ਸਿੱਧੀਆਂ ਵਾਲਾ ਹੈ ਕਿ ਚਾਹੇ ਤਾਂ ( ਇਕ ਬਾਗ ਕੈਸਾ ) ਏਸ ਨਾਲੋਂ ਉਤਮ ੨ (ਬਹੁਤ ਸਾਰੇ) ਬਾਗ ਤੁਸਾਂ ਵਾਸਤੇ ( ਮੌਜੂਦ ) ਕਰ ਦੇਵੇ। ਜਿਨਹਾਂ ਦੇ ਤਲੇ ਨਹਿਰਾਂ ( ਪਈਆਂ ) ਵਗ ਰਹੀਆਂ ਹੋਵਣ ਅਰ ( ਬਾਗਾਂ ਤੋਂ ਸਿਵਾ ) ਤੁਸਾਂ ਦੇ ( ਰਹਿਣ ) ਵਾਸਤੇ ਮਹਲ ਮਾੜੀਆਂ ( ਤਿਆਰ ) ਕਰ ਦੇਵੇ ॥ ੧੦ ॥ ਅਸਲੀ ਇਹ ਬਾਰਤਾ ਹੈ ਕਿ ( ਇਹ ਸੰਪੂਰਣ ਤੁਤੂਨੀਆਂ ਏਸ ਵਾਸਤੇ ਹਨ ਕਿ ) ਇਹ ਲੋਕ ਪ੍ਰਲੈ ਨੂੰ ਝੂਠ ਸਮਝਦੇ ਹਨ। ਅਰ ਜੋ ਲੋਕ ਪ੍ਰਲੈ ਨੂੰ ਮਿਥਿਆ ਸਮਝਦੇ ਹਨ ਓਹਨਾਂ ਵਾਸਤੇ ਅਸਾਂ ਨੇ ਨਰਕ ਤਿਆਰ ਕਰ ਰਖਿਆ ਹੈ ॥ ੧੧ ॥ ਜਦੋਂ ਉਹ ਓਹਨਾਂ ਨੂੰ ਦੂਰੋਂ ਦੇਖੇਗੀ ਤਾਂ ( ਦੇਖਦੇ ਹੀ ਜੋਸ਼ ਮਾਰੇਗੀ ਅਰ ਇਹ ਦੂਰੋਂ ਹੀ ) ਉਸਦਾ ਜੋਸ਼ ਤਥਾ

Digitized by Panjab Digital Library | www.panjabdigilib.org

ਖਰੋਸ਼ ਸਰਵਣ ਕਰਨਗੇ ॥ ੧੨ ॥ ਅਰ ਜਦੋਂ ਨਰਕ ਦੀ ਕਿਸੇ ਤੰਗ ਜਗਹਾਂ ਵਿਚ ਮੁਸ਼ਕਾਂ ਬੰਨ੍ਹਕੇ ਸਿਟੇ ਜਾਣਗੇ ਤਾਂ ਓਥੇ ਮੌਤ ( ਹੀ ਮੌਤ ) ਨੂੰ ਵਾਜਾਂ ਮਾਰਨਗੇ ॥ ੧੩ ॥ ( ਫਰਿਸ਼ਤੇ ਓਹਨਾਂ ਦੇ ਸਾੜਨ ਨੂੰ ਕਹਿਣਗੇ ਕਿ ) ਇਕ ਮੌਤ ਨੂੰ ਨਾਂ ਵਾਜਾਂ ਮਾਰੋ ਪ੍ਰਤਯੁਤ ਬਹੁਤ ਸਾਰੀਆਂ ਮੌਤਾਂ ਨੂੰ ਪੁਕਾਰੋ ॥ ੧੪ ॥ ( ਹੇ ਪੈਯੰਬਰ ਏਹਨਾਂ ਲੋਕਾਂ ਨੂੰ ) ਕਹੋ ਕਿ ਇਹ (ਨਰਕ) ਉੱਤਮ ਅਸਥਾਨ ਹੈ । ਕਿੰਬਾ ਸਦੈਵ ਰਹਿਣ ਦਾ ਬਾਗ ( ਸਵਰਗ ) ਜਿਸ ਦੀ ਪਰਤਿਗਜ਼ਾ ਸੰਜਮੀ ਪੁਰਖਾਂ ਨਾਲ ਕੀਤੀ ਗਈ ਹੈ ਕਿ ਵੁਹ ਓਹਨਾਂ ( ਦੀ ਸੰਜਮਤਾਈ ) ਦੀ ਪ੍ਰਤੀਨਿਧ ਹੋਵੇਗੀ ਅਰ ( ਓਹਨਾਂ ਦਾ ) ਅੰਤਿ ਅਸਥਾਨ ॥ ੧੫ ॥ ਜੋ ਵਸਤੂ ਉਹ ਚਾਹੁਣਗੇ ਓਹਨਾਂ ਦੇ ਵਾਸਤੇ ਓਥੇ ਵਿਦਮਾਨ ਹੋਵੇਗੀ ( ਅਰ ਉਹ ਏਸੇ ਹਾਲ ਵਿਚ ) ਸਦੈਵ ( ਸਦੈਵ ) ਰਹਿਣਗੇ । ( ਹੇ ਪੈਯੰਬਰ ) ਇਹ ( ਇਕ ) ਪਰਤਿਗਜ਼ਾ ਹੈ ( ਜਿਸ ਦਾ ਪੂਰਾ ਕਰਨਾ ) ਤੁਸਾਂ ਦੇ ਪਰਵਰਦਿਗਾਰ ( ਨੇ ਆਪਣੇ ) ਉਪਰ ( ਲਾਜ਼ਮ ਕਰ ਲੀਤਾ ਹੈ ਅਰ ਪਰਤਿਗਜ਼ਾ ਦੇ ਕਾਰਨ ਉਸ ਪਾਸੋਂ ) ਤਲਬ ਕੀਤਾ ਜਾ ਸਕਦਾ ( ਹੈ ) ॥ ੧੬ ॥ ਅਰ ਜਿਸ ਦਿਨ ਦਾ ( ਸੰਪੂਰਨ ) ਕਾਫਰਾਂ ਨੂੰ ਅਰ (ਓਹਨਾਂ ਮਾਬੂਦਾਂ ਨੂੰ ) ਜਿਨਹਾਂ ਨੂੰ ( ਇਹ ਲੋਕ ) ਖੁਦਾ ਤੋਂ ਸਿਵਾ ਪੂਜਦੇ ਹਨ ( ਆਪਣੇ ਸਨਮੁਖ ) ਇਸਥਿਤ ਕਰੇਗਾ ਫੇਰ ( ਏਹਨਾਂ ਦਿਆਂ ਮਾਬੂਦਾਂ ਪਾਸੋਂ ) ਪੁਛੇਗਾ ਕਿ ਕੀ ਏਹਨਾਂ ਮੇਰਿਆਂ ਬੰਦਿਆਂ ਨੂੰ ਤੁਸਾਂ ਨੇ ਕੁਮਾਰਗੀ ਕੀਤਾ ਸੀ ? ਕਿੰਬਾ ਇਹ ( ਆਪ ਸੇ ) ਆਪ ਹੀ ਰਾਹੋਂ ਭੁਲ ਭਟਕ ਗਏ ॥ ੧੭ ॥ ( ਏਹਨਾਂ ਦੇ ਮਾਬੂਦ ) ਬੇਨਤੀ ਕਰਨਗੇ ਕਿ ਤੂੰ ਪਵਿਤਰ ( ਰੂਪ ) ਹੈਂ ( ਅਸੀਂ ਤਾਂ ਖੁਦ ਬੰਦੇ ਸਾਂ ) ਸਾਨੂੰ ਤਾਂ ਇਹ ਬਾਰਤਾ ਕਿਸੀ ਪਰਕਾਰ ਅਭੀਸ਼ਟ ਹੀ ਨਹੀਂ ਸੀ ਕਿ ਤੇਰੇ ਸਿਵਾ ( ਆਪਣੇ ਵਾਸਤੇ ) ਅਨਜਾਨਜ ਕਾਰਸਾਜ ਬਨਾ ਲੈਂਦੇ ( ਤਾਂ ਅਸੀਂ ਏਹਨਾਂ ਦੇ ਕਰਨ ਕਾਰਨ ਹੋਣੇ ਦਾ ਕਿਉਂ ਕਰ ਦਾਵਾ ਕਰ ਸਕਦੇ ਸੀ ) । ਪ੍ਰਤਯੁਤ ( ਇਹ ਬਾਰਤਾ ਹੋਈ ਕਿ ) ਤੂੰਨੇ ਏਹਨਾਂ ਨੂੰ ਅਰ ਏਹਨਾਂ ਦੇ ਵਡਿਆਂ ਨੂੰ ਆਸੂਦਗੀਆਂ ਦਿਤੀਆਂ ਏਥੋਂ ਤਕ ਕਿ ( ਤੇਰੀ ) ਯਾਦ ਨੂੰ ਭੁਲਾ ਬੈਠੇ ਅਰ ਇਹ ( ਆਪ ਹੀ ) ਹਲਾਕ ਹੋਵਣ ਵਾਲੇ ਲੋਗ ਸਨ ॥ ੧੮ ॥ ( ਇਸ ਗਲੋਂ ਅਸੀਂ ਕਾਫਰਾਂ ਵਲ ਮੁਖਾ- ਤਿਬ ਹੋਕਰ ਕਥਨ ਕਰਾਂਗੇ ਕਿ ) ਤੁਸਾਂ ਦੇ ਏਹਨਾਂ ਮਾਬੂਦਾਂ ਨੇ ਤੁਸਾਂ ਦੀਆਂ ( ਸਾਰੀਆਂ ) ਬਾਤਾਂ ਵਿਚ ਤੁਸਾਂ ਨੂੰ ਝੂਠਿਆਂ ਕੀਤਾ ਤਾਂ ( ਹੁਣ ) ਤੁਸੀਂ ਨਾ ਤਾਂ ( ਸਾਡੇ ਕਸ਼ਟ ਨੂੰ ਆਪਣੇ ਉਪਰੋਂ ) ਟਾਲਮਟੋਲ ਕਰ ਸਕਦੇ ਹੋ ਅਰ ਨਾ ( ਕਿਸੇ ਪਾਸੋਂ ਮਦਦ ਲੈ ਸਕਦੇ ਹੋ ਅਰ ( ਲੋਗੋ ! ਇਸ ਰੀਤੀ ਨਾਲ ) ਜੋ ਤੁਸਾਂ ਵਿਚੋਂ ( ਖੁਦਾ ਦੀ ਸਜਾਤੀ ਬਣਾਕੇ ) ਪਾਪ ਕਰੇਗਾ

Digitized by Panjab Digital Library | www.panjabdigilib.org

ਅਸੀਂ ਓਸ ਤਾਈਂ ( ਅੰਤ ਨੂੰ ) ਬੜੇ ( ਸਖਤ ) ਕਸ਼ਟ ( ਦਾ ਸਵਾਦ ) ਚਖਾਵਾਂਗੇ ॥ ੧੯ ॥ ਅਰ ( ਹੇ ਪੈਗੰਬਰ ) ਅਸਾਂ ਨੇ ਤੁਸਾਂ ਨਾਲੋਂ ਪ੍ਰਥਮ ਜਿਤਨੇ ਰਸੂਲ ਭੇਜੇ (ਹਨ) ਵੁਹ ਪ੍ਰਸ਼ਾਦ ਭੀ ਛਕਦੇ ਸਨ ਅਰ ਬਜਾਰਾਂ ਵਿਚ ( ਭੀ ) ਤੁਰਦੇ ਫਿਰਦੇ ਸਨ ਅਰ ਅਸਾਂ ਨੇ ਤੁਸਾਂ ਵਿਚ ਇਕ ਨੂੰ ਇਕ ਵਾਸਤੇ ਪਰੀਖਸ਼ਾ ( ਦਾ ਕਾਰਨ ) ਨਿਰਮਾਣ ਕੀਤਾ ਹੈ । ਤਾਂ ( ਮੁਸਲ-ਮਾਨੋ ) ਤੁਸੀਂ ( ਹੁਣ ਵੀ ਕਾਫਰਾਂ ਦੀਆਂ ਤਕਲੀਫਾਂ ਉਪਰ ) ਸਬਰ ਕਰੋਗੇ ( ਕਿੰਬਾ ਨਹੀਂ ) ਅਰ ( ਹੇ ਪੈਗੰਬਰ ) ਤੁਸਾਂ ਦਾ ਪਰਵਰਦਿਗਾਰ ( ਸੰਪੂਰਨਾਂ ਦੇ ਬਿਰਤਾਂਤ ਨੂੰ ) ਦੇਖ ਰਹਿਆ ਹੈ ॥ ੨੦ ॥ ਰੁਕੂਹ ੨ ॥

*ਅਰ ਜੋ ਲੋਕ ( ਅੰਤ ਨੂੰ ) ਸਾਡੇ ਨਾਲ ਮਿਲਣ ਦੀ ਆਸ਼ਾ ਨਹੀਂ ਰਖਦੇ ਉਹ ( ਏਸ ਢੰਗ ਦੀਆ ਬਾਤਾਂ ਭੀ ) ਕਹਿਆ ਕਰਦੇ ਹਨ ਕਿ ਸਾਡੇ ਉਤੇ ਫਰਿਸ਼ਤੇ ਕਿਉਂ ਨਹੀਂ ਉਤਰੇ ਕਿੰਬਾ ਅਸੀਂ ਆਪਣੇ ਪਰਵਰਦਿਗਾਰ ਦਾ ਦਰਸ਼ਨ ਪਾਈਏ (ਤੇ ਨਿਸ਼ਚਾ ਕਰੀਏ)। ਏਹਨਾਂ ਲੋਕਾਂ ਨੇ ਆਪਣੇ ਦਿਲਾਂ ਵਿਚ ਆਪਣਾ ਬੜਾ ਘਮੰਡ ਬਣਾ ਰਖਿਆਹੈ ਅਰ(ਪੁਰਖੱਤਵਾ ਦੀ ) ਸੀਮਾਂ ਨੂੰ ਉਲੰਘਨ ਕਰ ਗਏ ਹਨ ॥ ੨੧ ॥ ਜਿਸ ਦਿਨ ਲੋਗ ਫਰਿਸ਼ਤਿਆਂ ਨੂੰ ਦੇਖਣਗੇ ਓਸ ਦਿਨ ਦੋਖੀ ਪੁਰਖਾਂ ਨੂੰ ਕੋਈ ਅਨੰਦ ਨਹੀਂ ( ਪਰਾਪਤ ) ਹੋਵੇਗਾ ਅਰ ( ਫਰਿਸ਼ਤਿਆਂ ਨੂੰ ਦੇਖ ਕੇ ) ਕਹਿਣਗੇ ਕਿ ਦੂਰ ਦਫਾ ॥ ੨੨ ॥ ਅਰ ( ਸੰਸਾਰ ਵਿਚ ) ਜੋ ਇਹ ਲੋਕ ( ਕੋਈ ਧਾਰ-ਮਿਕ ) ਵਿਵਹਾਰ ਕਰ ਗਏ ਹਨ ਹੁਣ ਅਸੀਂ ਓਹਨਾਂ ( ਕਰਮਾਂ ) ਦੇ ਪਾਸੇ ਧਿਆਨ ਕਰਾਂਗੇ ਅਰ ਓਹਨਾਂ ਨੂੰ ( ਏਸ ਪਰਕਾਰ ਅਕਾਰਥ ) ਕਰ ਦੇਵਾਂਗੇ ( ਜਿਸ ਪਰਕਾਰ ) ਬਿਖਰੀ ਹੋਈ ਧੂਲ ॥ ੨੩ ॥ ਸਵਰਗੀਆਂ ਦੀ ਓਸ ਦਿਨ ( ਇਹ ਦਸ਼ਾ ਹੋਵੇਗੀ ਕਿ ਓਹਨਾਂ ਦਾ ) ਅਸਥਾਨ ਭੀ ਉਤਮ ਨਾਲੋਂ ਉਤਮ ਅਰ ਸੌਨ ਦਾ ਅਸਥਾਨ ਭੀ ਸਵਛ ਨਾਲੋਂ ਸਵਛ ॥੨੩ ॥ ਅਰ ਜਿਸ ਦਿਨ ਆਕਾਸ਼ ਇਕ ਬਦਲੀ ਵਾਲੇ ਅਸਥਾਨੋਂ ਫਟ ਜਾਏਗਾ ( ਅਰ ਵੁਹ ਬਦਲੀ ਉਸ ਦੇ ਅੰਦਰੋਂ ਨਿਕਸ ਆਵੇਗੀ ) ਅਰ ( ਉਸ ਬਦਲੀ ਵਿਚੋਂ ) ਫਰਿਸ਼ਤੇ ਜੂਥਾਂ ਦੇ ਜੂਥ ( ਪ੍ਰਿਥਵੀ ਉਤੇ ) ਉਤਾਰੇ ਜਾਂਵੇਂਗੇ ॥ ੨੫ ॥ ਓਸ ਦਿਨ ਸਚੀ ਬਾਦਸ਼ਾਹੀ ( ਖੁਦਾਇ ) ਰਹਿਮਾਨ ਦੀ ( ਹੀ ) ਹੋਵੇਗੀ ਅਰ ਉਹ ਦਿਨ ਕਾਫਰਾਂ ਉਤੇ ( ਬੜਾ ) ਸਖਤ ਹੋਵੇਗਾ ॥ ੨੬ ॥ ਅਰ ਜਿਸ ਦਿਨ ਅਮੋੜ ( ਆਦਮੀ ਪਸਚਾਤਾਪ ਦਾ ਮਾਰਿਆ ) ਆਪਣੇ ਹਥਾਂ ਨੂੰ ਦੰਦੀਆਂ ਵਢੇਗਾ ( ਅਰ ) ਕਹੇਗਾ ਹਾ ਦੈਵ ਮੈਂ ( ਭੀ ) ਰਸੂਲ ਦੇ ਸਾਥ (ਹੀ ਦੀਨ ਦੇ) ਰਸਤੇ ਪੈ ਜਾਂਦਾ ॥ ੨੭ ॥ ਹਾਇ ਮੇਰੀ ਪ੍ਰਾਰਬਧ ਹਾ ਦੈਵ ! ਮੈਂ

*"ਹੁਣ ਵਾਕਾਲਲਜ਼ੀਨਾ ਨਾਮੀ" ਉੱਨੀਸਵਾਂ ਪਾਰਾ ਚਲਿਆ ।

Digitized by Panjab Digital Library | www.panjabdigilib.org

ਅਮੁਕ ( ਪੁਰਖ ) ਨੂੰ ਮਿੱਤਰ ਨਾ ਕਰਦਾ ॥ ੨੮ ॥ ਉਸ ਨੇ ਤਾਂ ਸਿਛਾ ਪਾ ਲੀਤਿਆਂ ਪਿਛੋਂ ਭੀ ਮੈਨੂੰ ਉਸ ਥੀਂ ਬਹਿਕਾ ਦਿਤਾ ਅਰ ਸ਼ੈਤਾਨ ( ਦੀ ਤਾਂ ਰੀਤੀ ਹੈ ਕਿ ਸਮੇਂ ਸਿਰ ) ਇਨਸਾਨ ਨੂੰ ਛਡ ਕੇ ਅਲਗ ਹੋ ਜਾਂਦਾ ਹੈ ॥ ੨੯ ॥ ਅਰ ( ਉਸ ਸਮੇਂ ) ਪੈਯੰਬਰ ( ਅਰਥਾਤ ਮੁਹੰਮਦ ਖੁਦਾ ਦੇ ਦਰਬਾਰ ਵਿਚ ) ਬੇਨਤੀ ਕਰਨਗੇ ਕਿ ਹੇ ਮੇਰੇ ਪਰਵਰਦਿਗਾਰ ਮੇਰੀ ਉੱਮਤ ਨੇ ਇਸ ਕੁਰਾਨ ਨੂੰ ਮਿਥਜਾ ਸੰਭਾਖਣ ਸਮਝਿਆ ਹੈ ॥ ੩੦ ॥ ਅਰ ( ਹੇ ਪੈਯੰਬਰ ਜਿਸ ਪਰਕਾਰ ਤੁਸਾਂ ਦੇ ਸਮੇਂ ਦੇ ਕਾਫ਼ਰ ਤੁਸਾਂ ਦੇ ਦੁਸ਼ਮਨ ਹਨ ) ਉਸੀ ਪਰਕਾਰ ਸਦੋਖੀ ਪੁਰਖਾਂ ਨੂੰ ਅਸੀਂ ਹਰ ਇਕ ਨਬੀ ਦਾ ਦੁਸ਼-ਮਨ ਨਿਰਮਾਣ ਕਰਦੇ ਆਏ ਹਾਂ ਅਰ ( ਲੋਕਾਂ ਨੂੰ ) ਸਿਛਾ ਦੇਣ ਵਾਸਤੇ ਅਰ ( ਪੈਯੰਬਰਾਂ ਦੀ ) ਮਦਦ ਕਰਨ ਵਾਸਤੇ ਤੁਸਾਂ ਦਾ ਪਰਵਰਦਿਗਾਰ ( ਹੀ ) ਬਸ ਹੈ ॥ ੩੧ ॥ ਅਰ ਕਾਫਰ ਕਹਿੰਦੇ ਹਨ ਕਿ ਏਸ ( ਪੈਯੰਬਰ ) ਉਪਰ ਕੁਰਾਨ ਸਾਰੇ ਦਾ ਸਾਰਾ ਇਕੋ ਵਾਰੀ ਕਿਉਂ ਨਹੀਂ ਉਤਾਰਿਆ ਗਿਆ ( ਅਸੀਂ ਕਹਿੰਦੇ ਹਾਂ ਕਿ ਜੈਸੇ ਸਮੇਂ ਸਮੇਂ ਸਿਰ ਉਤਾਰਿਆ ਹੈ ) ਵੈਸੇ ਹੀ ( ਉਤਰਨਾ ਚਾਹੀਦਾ ਸੀ ਅਰ ਹੇ ਪੈਯੰਬਰ ਏਸ ਵਿਚ ਇਹ ਨਿਸਕਰਮ ਹੈ ) ਕਿ ਅਸੀਂ ( ਯਥਾ ਯੋਗ ਸਮੇਂ ੨) ਏਸ ਦੇ ਵਸੀਲੇ ਨਾਲ਼ ਤੁਸਾਂ ਦੇ ਦਿਲ ਨੂੰ ਧੀਰਜ ਪਰਦਾਨ ਕਰਦੇ ਰਹੀਏ ਅਰ ( ਏਸੇ ਕਾਰਨ ) ਅਸਾਂ ਨੇ ਏਸ ਨੂੰ ਧੀਰੇ ਧੀਰੇ ਉਤਾਰਿਆ ਹੈ ॥ ੩੨ ॥ ਅਰ ਇਹ ਲੋਗ ( ਪਖਪਾਤ ਦੀ ਰੀਤੀ ਉਪਰ ਆਪਣੇ ਖਿਆਲ ਵਿਚ ) ਕੈਸੀ ਹੀ ( ਅਦਭੁਤ ) ਬਾਰਤਾ ਤੁਸਾਂ ਪਾਸੋਂ ( ਸੋਚ ਬਿਚਾਰ ਕੇ ) ਲੈ ਆਵਣ ਅਸੀਂ ਉੱਤਮ ਉਤਰ ਅਰ ਅਤਯੁਤਮ ਯੁਕਤਿ ਤੁਸਾਂ ਨੂੰ ਦਸ ਦੇਂਦੇ ਹਾਂ ॥ ੩੩ ॥ ਜੋ ਲੋਕ ( ਪ੍ਰਲੈ ਦੇ ਦਿਨ ) ਆਪਣਿਆਂ ਮੂੰਹਾਂ ਦੇ ਭਾਰ ( ਘਸੀਟ ਘਸੀਟ ਕਰ) ਜਹੱਨਮ ਦੇ ਪਾਸੇ ਧਕੇਲੇ ਜਾਵਣਗੇ ਯਹੀ ਲੋਗ ਅਤਿ ਨਖਿਧ ਅਸਥਾਨ ( ਅਰਥਾਤ ਨਰਕਾਂ ) ਵਿਚ ਹੋਵਣਗੇ ਅਰ ( ਸਾਰਿਆਂ ਨਾਲੋਂ ) ਵਧੀਕ ਗੁਮਰਾਹ ॥ ੩੪ ॥ ਰੁਕੂਹ ੩ ॥

ਅਰ ਅਸਾਂ ਨੇ ਮੂਸੇ ਨੂੰ ( ਤੌਰਾਤ ਨਾਮੀ ) ਪੁਸਤਕ ਪਰਦਾਨ ਕੀਤੀ ਅਰ ਉਸ ਦੇ ਭਿਰਾ ਹਾਰੂੰ ਨੂੰ ( ਓਹਨਾਂ ਦਾ ) ਮਦਦਗਾਰ ( ਬਨਾ ਕੇ) ਓਹਨਾਂ ਦਾ ਸੰਗੀ ਕਰ ਦਿਤਾ ॥ ੩੫ ॥ ਫੇਰ ਅਸਾਂ ਨੇ ਆਗਿਆ ਦਿਤੀ ਕਿ ( ਤੁਸੀਂ ) ਦੋਨੋਂ (ਭਿਰਾ ) ਓਹਨਾਂ ਲੋਗਾਂ ਦੇ ਪਾਸ ਜਾਓ ਜੋ ਸਾਡੀ ( ਕੁਦਰਤ ਦੇ ) ਚਮਤਕਾਰਿਆਂ ਨੂੰ ਝੁਠਿਆਰਦੇ ਹਨ ( ਅਤਏਵ ਦੋਨੋਂ ਗਏ ਅਰ ਸਮ-ਝਾਇਆ ਅਰ ਓਹਨਾਂ ਨਾਂ ਮੰਨਿਆ ) ਤਾਂ ਅਸਾਂ ਨੇ ਓਹਨਾ ਦਾ ਖੋਜ ਖੁਰਾਹੀ ਉਡਾ ਦਿਤਾ ॥ ੩੬ ॥ ਅਰ ਨੂਹ ਦੀ ਜਾਤੀ ਨੇ ਭੀ ਜਦ

Digitized by Panjab Digital Library | www.panjabdigilib.org

(ਸਾਰਿਆਂ) ਰਸੂਲਾਂ ਨੂੰ ਝੁਠਿਆਰਿਆ ਤਾਂ ਅਸਾਂ ਨੇ ਓਹਨਾਂ ਨੂੰ ਗਰਕ ਕਰ ਦਿਤਾ ਅਰ ਉਨਹਾਂ ਨੂੰ ਲੋਕਾਂ ਦੇ ਵਾਸਤੇ ਸਿਛਾ ਦਾ (ਚਿੰਨ੍ਹ) ਬਨਾ ਦਿਤਾ ਅਰ ਅਸਾਂ ਨੇ ਅਮੋੜ ਲੋਕਾਂ ਵਾਸਤੇ ਭਿਆਨਕ ਦੁਖ ਤਿਆਰ ਕਰ ਰਖਿਆ ਹੈ ॥ ੩੭ ॥ ਅਰ (ਇਸੀ ਪਰਕਾਰ) ਆਦ ਅਰ ਸਮੂਦ ਅਰ ਖੰਦਕ ਵਾਲਿਆਂ ਅਰ ਉਹਨਾਂ ਦੇ ਵਿਚ ੨ ਹੋਰ ਬਹੁਤ ਸਾਰੀਆਂ ਉੱਮਤਾਂ ਨੂੰ (ਅਸਾਂ ਨੇ ਰੁਲਾ ਕੇ ਮਾਰਿਆ) ॥ ੩੮ ॥ ਅਰ ਸੰਪੂਰਨਾਂ ਨੂੰ ਤਾਂ ਅਸਾਂ ਨੇ ਹੋਰਨਾਂ ੨ ਲੋਗਾਂ ਦੇ ) ਦ੍ਰਿਸ਼ਟਾਂਤ ਦੇ ਦੇ ਕਰ ਸਮਝਾਇਆ ਸੀ (ਪਰੰਤੂ ਕਿਸੇ ਨੇ ਨਾ ਸਮਝਾਇਆ) ਅਰ ਅਸਾਂ ਨੇ ਸੰਪੂਰਨਾਂ ਦੀ ਸਤਿਆ ਨਾਸ ਕਰ ਦਿਤੀ ॥ ੩੯ ॥ ਅਰ ਇਹ (ਮੱਕੇ ਦੇ ਰਹਿਨ ਵਾਲੇ) ਜਰੂਰ (ਲੂਤ ਦੀ ਜਾਤੀ ਦੀ ਓਸ) ਨਗਰੀ ਦੇ ਉਪਰ ਦੀ (ਭੀ) ਹੋ ਗੁਜਰੇ ਹਨ ਜਿਸ ਦੇ ਉਪਰ ਪਥਰਾਂ ਦੀ ਬਰਖਾ ਕੀਤੀ ਗਈ ਸੀ। ਤਾਂ ਕੀ ਓਹਨਾਂ ਨੇ ਉਸ ਨੂੰ ਨਾ ਦੇਖਿਆ ਹੋਵੇਗਾ ਪਰੰਤੂ (ਇਹ ਬਾਰਤਾ ਹੈ ਕਿ) ਏਹਨਾਂ ਲੋਕਾਂ ਨੂੰ (ਮਰਿਆਂ ਪਿਛੋਂ ਦੁਬਾਰਾ) ਜੀਉਣੇ ਦਾ ਨਿਸਚਾ ਹੀ ਨਹੀਂ (ਤਾਂ ਈਮਾਨ ਕਿਸ ਪਰਕਾਰ ਧਾਰਨ ਕਰਨ) ॥ ੪੦ ॥ ਅਰ (ਹੇ ਪੈਗੰਬਰ) ਜਦੋਂ ਏਹ ਲੋਕ ਤੁਸਾਂ ਨੂੰ ਦੇਖਦੇ ਹਨ ਤੁਸਾਂ ਨੂੰ ਹਾਸੀ ਕਰਦੇ ਹਨ (ਅਰ ਛੇੜਨੇ ਦਵਾਰਾ ਕਹਿੰਦੇ ਹਨ) ਕਿ ਕੀ ਯਹੀ (ਮਹਾਤਮਾ) ਹਨ ਜਿਨਹਾਂ ਨੂੰ ਅੱਲਾ ਨੇ ਰਸੂਲ ਬਨਾ ਕੇ ਭੇਜਿਆ ਹੈ ॥ ੪੧ ॥ ਯਦੀ ਅਸੀਂ ਮੂਰਤਿ (ਪੂਜਾ) ਉਪਰ ਸਾਬਤ ਕਦਮ ਨਾ ਰਹਿੰਦੇ ਤਾਂ ਏਸ ਪੁਰਖ ਨੇ ਸਾਨੂੰ ਸਾਰਿਆਂ ਮਾਬੂਦਾਂ ਤੋਂ ਬੇਮੁਖ ਕਰ ਹੀ ਦਿਤਾ ਸੀ ਅਰ ਥੋਹੜਿਆਂ ਦਿਨਾਂ ਪਿਛੋਂ (ਪ੍ਰਲੇ ਦੇ ਦਿਨ) ਜਦੋਂ ਇਹ ਲੋਕ ਕਸ਼ਟ ਨੂੰ (ਆਪਣੇ ਨੇਤ੍ਰਾਂ ਦੁਆਰਾ) ਦੇਖ ਲੈਣਗੇ ਤਾਂ ਜਾਣ ਲੈਣਗੇ ਕਿ (ਮੁਸਲਮਾਨ ਤਥਾ ਕਾਫਰਾਂ ਦੇ ਟੋਲਿਆਂ ਵਿਚੋਂ) ਕੌਣ ਗੁਮਰਾਹ ਸੀ ॥ ੪੨ ॥ (ਹੇ ਪੈਗੰਬਰ) ਕੀ ਤੁਸਾਂ ਨੇ ਓਸ ਪੁਰਖ (ਦੇ ਹਾਲ) ਉਤੇ ਭੀ ਦ੍ਰਿਸ਼ਟੀ ਦਿਤੀ ਜਿਸਨੇ ਆਪਣੀਆਂ (ਮਨੋਂ) ਕਾਮਨਾ ਨੂੰ ਆਪਣਾ ਖੁਦਾ ਠਹਿਰਾ ਰਖਿਆ ਹੈ। ਤਾਂ ਕੀ ਤੁਸੀਂ ਓਸ ਦੀ ਰਾਖੀ ਕਰ ਸਕਦੇ ਹੋ (ਕਿ ਉਸ ਨੂੰ ਗੁਮਰਾਹ ਨਾ ਹੋਵਨ ਦੇਵੋ) ॥ ੪੩ ॥ ਕਿੰਬਾ ਤੁਸੀਂ ਖਿਆਲ ਕਰਦੇ ਹੋ ਕਿ ਏਹਨਾਂ (ਕਾਫਰਾਂ) ਦੇ ਵਿਚ ਪ੍ਰਾਯਾ (ਬਾਰਤਾ ਨੂੰ) ਸੁਣਦੇ ਕਿੰਬਾ ਸਮਝਦੇ ਹਨ। ਇਹ ਤਾਂ ਬਸ ਪਸ਼ੂਆਂ ਵਰਗੇ ਹਨ ਪ੍ਰਤਯੁਤ ਇਹ (ਓਹਨਾਂ ਨਾਲੋਂ ਭੀ) ਗਏ ਗੁਜਰੇ ਹਨ ॥ ੪੪ ॥ ਰੁਕੂਹ ੪ ॥

(ਹੇ ਪੈਗੰਬਰ) ਕੀ ਤੂਨੇ ਆਪਣੇ ਪਰਵਰਦਿਗਾਰ (ਦੀ ਉਸ ਕੁਦਰਤ) ਉਤੇ ਦ੍ਰਿਸ਼ਟੀ ਨਹੀਂ ਦਿਤੀ ਕਿ ਉਸ ਨੇ ਸਾਏ ਨੂੰ ਕਿਸ ਪਰਕਾਰ

Digitized by Panjab Digital Library | www.panjabdigilib.org

ਫੈਲਾ ਰਖਿਆ ਹੈ। ਅਰ ਯਦੀ ਅਭਿਲਾਖਾ ਕਰਦਾ ਤਾਂ ਉਸ ਨੂੰ (ਇਕ ਦਿਸ਼ਾ ਉਪਰ) ਠਹਰਿਆ ਹੋਇਆ ਕਰ ਦੇਂਦਾ। (ਪਰੰਤੂ ਅਸੀਂ ਉਸ ਨੂੰ ਵਿਸਤ੍ਰਿਤ ਕਰਦੇ ਰਹਿੰਦੇ ਹਾਂ) ਫੇਰ ਅਸਾਂ ਨੇ ਸੂਰਜ ਨੂੰ ਉਸਦਾ (ਜ਼ਾਹਿਰੀ) ਕਾਰਣ ਠਹਿਰਾ ਦਿਤਾ ਹੈ॥ ੪੫ ॥ ਫੇਰ ਅਸੀਂ ਉਸ ਨੂੰ ਆਪਣੀ ਤਰਫ ਸਨੈ ਸਨੈ ਸਮੇਟ ਲੈਂਦੇ ਹਾਂ ॥ ੪੬ ॥ ਅਰ ਵਹੀ (ਸ਼ਰਵ ਸ਼ਕਤੀਮਾਨ) ਹੈ ਜਿਸ ਨੇ ਤੁਸਾਂ ਲੋਕਾਂ ਦੇ ਵਾਸਤੇ ਰਾਤ੍ਰੀ ਨੂੰ ਪਰਦੇ ਪੋਸ਼ ਅਰ ਨੀਂਦ ਨੂੰ ਆਰਾਮ ਦਾ (ਕਾਰਣ) ਬਨਾਇਆ ਅਰ ਦਿਨ ਨੂੰ (ਇਸ ਭਾਵ ਉਪਰ) ਬਨਾਇਆ ਕਿ ਲੋਗ ਤੁਰਨ ਫਿਰਨ ॥ ੪੭ ॥ ਅਰ ਉਹੀ (ਸਰਵ ਸ਼ਕਤੀਮਾਨ) ਹੈ ਜੋ ਆਪਣੀ ਰਹਿਮਤ (ਅਰਥਾਤ ਬਰਖਾ) ਦੇ ਅਗੇ ੨ ਪਵਣ ਨੂੰ (ਵਰਖਾਂ ਦੀ) ਖੁਸ਼ ਖਬਰੀ ਦੇਣ ਵਾਸਤੇ ਭੇਜਦਾ ਹੈ ਅਰ ਅਸੀਂ ਹੀ ਆਕਾਸ਼ ਵਿਚੋਂ ਸੁਧ (ਪਵਿਤ੍ਰ) ਜਲ ਉਤਾਰਦੇ ਹਾਂ ॥੪੮॥ ਤਾਂ ਕੇ ਓਸ ਦੇ ਦਵਾਰਾ ਇਕ ਸ਼ਹਿਰ (ਦੀ) ਮੁਰਦਾ (ਜਮੀਨ ਅਰਥਾਤ ਬੰਜਰ) ਵਿਚ ਜਾਨ ਪਾ ਦੇਵੀਏ ਅਰ ਆਪਣੀ ਮਖਲੂਕਾਤ ਅਰਥਾਤ ਬਹੁਤ ਸਾਰੇ ਪਸ਼ੂ ਅਰ ਆਦਮੀਆਂ ਨੂੰ ਉਸ ਦਵਾਰਾ ਭਰਪੂਰ ਕਰੀਏ॥ ੪੯ ॥ ਅਰ ਅਸਾਂ ਨੇ ਹੀ ਲੋਗਾਂ ਵਿਚ (ਭਿੰਨ ਭਿੰਨ ਤਰੀਕੇ ਨਾਲ) ਜਲ ਨੂੰ ਵੰਡਿਆਂ ਤਾਂ ਤੇ ਲੋਗ ਧਿਆਨ ਦੇਣ। ਪਰੰਤੂ ਪ੍ਰਾਯਾ ਲੋਗਾਂ ਨੇ ਕ੍ਰਿਤਘਨਤਾ ਦੇ ਸਿਵਾ (ਕੁਛ ਭੀ ਉਪਕਾਰ) ਨਾ ਮੰਨਿਆਂ॥ ੫੦ ॥ ਅਰ ਯਦੀ ਸਾਡੀ ਇਛਾ ਹੁੰਦੀ ਤਾਂ ਸੰਪੂਰਨਾਂ ਬਸਤੀਆਂ ਵਿਚ (ਇਕ ੨) ਸਭੈ ਕਰਨੇ ਵਾਲਾ (ਅਰਥਾਤ ਪੈਗੰਬਰ) ਉਠਾ ਖੜਾ ਕਰਦੇ ॥ ੫੧ ॥ ਤਾਂ (ਹੇ ਪੈਗੰਬਰ) ਤੁਸੀਂ ਕਾਫਰਾਂ ਦਾ ਕਹਿਣਾ ਨਾ ਮੰਨੋ (ਕਿ ਲਗੋ ਸਤ ਉਪਦੇਸ਼ ਦੇ ਪ੍ਰਚਾਰ ਵਿਚ ਕਿਸੀ ਪ੍ਰਕਾਸ਼ ਦੀ ਸੁਸਤੀ ਕਰਨ) ਅਰ ਕੁਰਾਨ (ਦੀਆਂ ਉਕਤੀਆਂ ਯੁਕਤੀਆਂ) ਨਾਲ ਏਹਨਾਂ ਦਾ ਮੁਕਾਬਲਾ ਬੜੇ ਜੋਰ ਨਾਲ ਕਰੋ॥ ੫੨ ॥ ਅਰ ਓਹੀ (ਸਰਵ ਸ਼ਕਤੀਮਾਨ) ਹੈ ਜਿਸ ਨੇ ਦੋ ਨਦਾਂ ਨੂੰ (ਆਪਸ ਵਿਚ) ਮਿਲਾ ਦਿਤਾ ਕਿ ਇਕ (ਦਾ ਪਾਣੀ) ਮਧੁਰ ਸਵਾਦੂ ਅਰ ਇਕ (ਦਾ) ਖਾਰੀ ਤਥਾ ਕੜਵਾ ਅਰ ਦੋਨੋਂ ਮੇਂ ਇਕ ਰੋਕ ਅਰ ਅਟੱਲ ਆੜ ਬਨਾ ਦਿਤੀ॥ ੫੩ ॥ ਅਰ ਵਹੀ (ਸਰਵ ਸ਼ਕਤੀਮਾਨ) ਜਿਸ ਨੇ ਪਾਣੀ (ਅਰਥਾਤ ਬੀਰਜ) ਤੋਂ ਆਦਮੀ ਨੂੰ ਉਤਪਤ ਕਰ ਦਿਤਾ। ਫੇਰ ਓਸੇ ਨੂੰ ਕਿਸੇ ਦਾ ਬੇਟਾ (ਤਥਾ) ਬੇਟੀ ਅਰ ਕਿਸੀ ਦਾ ਜਵਾਈ ਬਹੂ ਬਨਾ ਦਿਤਾ। ਅਰ (ਹੇ ਪੈਗੰਬਰ) ਤੁਮਾਰਾ ਪਰਵਰਦਿਗਾਰ ਸੰਪੂਰਨ ਵਸਤੂਆਂ ਉਪਰ ਕਾਦਰ ਹੈ ॥ ੫੪ ॥ ਅਰ ਕਾਫਰ ਖੁਦਾ ਤੋਂ ਸਿਵਾ (ਝੂਠਿਆਂ ਮਾਬੂਦਾਂ) ਨੂੰ ਪੂਜਦੇ ਹਨ। ਜੋ ਨਾ ਓਹਨਾਂ ਨੂੰ ਨਫਾ ਪਹੁੰਚਾ ਸਕਦੇ ਹਨ ਅਰ ਨਾਂ ਓਹਨਾਂ ਨੂੰ

Digitized by Panjab Digital Library | www.panjabdigilib.org

ਨੁਕਸਾਨ ਪਹੁੰਚਾ ਸਕਦੇ ਹਨ ਅਰ ਕਾਫ਼ਰ ਤਾਂ ਆਪਣੇ ਪਰਵਰਦਿਗਾਰ (ਦੀ ਵਿਰੋਧਤਾ) ਉਪਰ (ਹਰ ਸਮੇਂ) ਲੱਕ ਬੰਧੀ ਤਿਆਰ ਬਰ ਤਿ-ਆਰ ਹਨ ॥ ੫੫ ॥ ਅਰ (ਹੇ ਪੈਯੰਬਰ) ਅਸਾਂ ਨੇ ਤੁਸਾਂ ਨੂੰ ਕੇਵਲ ਏਸ ਵਾਸਤੇ ਭੇਜਿਆ ਹੈ ਕਿ (ਧਾਰਮਕਾਂ ਨੂੰ ਸਵਰਗ ਦੀ) ਖੁਸ਼ਖਬਰੀ ਸੁਨਾਵੋ ਅਰ (ਅਧਰਮੀਆਂ ਨੂੰ ਖੁਦਾ ਦੇ ਕਸ਼ਟ ਤੋਂ) ਸਭੈ ਕਰੋ ॥ ੫੬ ॥ (ਏਹਨਾਂ ਲੋਗਾਂ ਨੂੰ) ਕਹੋ ਕਿ ਮੈਂ ਤੁਸਾਂ ਪਾਸੋਂ ਏਸ (ਉਪਦੇਸ) ਉਪਰ ਕੋਈ ਮਜਦੂਰੀ ਤਾ ਨਹੀਂ ਮੰਗਦਾ। ਹਾਂ (ਮੇਰੀ ਮਜਦੂਰੀ ਯਦੀ ਹੈ ਤਾਂ ਬਸ ਇਹ ਹੈ ਕਿ) ਜੋ ਚਾਹੇ ਆਪਣੇ ਪਰਵਰਦਿਗਾਰ ਤਕ ਪਰਾਪਤ ਹੋਣੇ ਦਾ ਮਾਰਗ ਅਖਤਿਆਰ ਕਰ ਲਵੇ ॥ ੫੭ ॥ (ਹੇ ਪੈਯੰਬਰ) ਉਸ ਚੇਤੰਨ (ਖੁਦਾ) ਪਰ ਭਰੋਸਾ ਰਖੋ ਜਿਸ ਨੂੰ ਕਾਲ ਨਹੀਂ ਅਰ ਉਸ ਦੀ ਮਹਿਮਾਂ ਦੇ ਸਾਥ (ਉਸ ਦੀ) ਉਸਤਤੀ (ਤਥਾ ਮਹਿਮਾਂ ਭੀ) ਕਰਦੇ ਰਹੋ ਅਰ ਆਪ-ਣਿਆਂ ਬੰਦਿਆਂ ਦੇ ਗੁਨਾਹਾਂ ਤੇ ਉਸ (ਖੁਦਾ) ਦਾ ਖਬਰਦਾਰ ਹੋਣਾ ਹੀ ਬਸ, ਕਰਦਾ ਹੈ (ਵੁਹ ਖੁਦ ਏਹਨਾਂ ਨਾਲ ਸਮਝ ਲਵੇਗਾ) ॥ ੫੮ ॥ ਜਿਸ ਨੇ ਅਕਾਸ਼ ਪ੍ਰਿਥਵੀ ਅਰ ਹੋਰ ਜੋ ਕੁਛ ਪ੍ਰਿਥਵੀ ਅਕਾਸ਼ ਵਿਚ ਹੈ (ਸੰਪੂ-ਰਣਾਂ ਨੂੰ) ਖਟ ਦਿਨ ਵਿਚ ਉਤਪਤ ਕੀਤਾ। ਫੇਰ ਸਿੰਘਾਸਨ ਪਰ ਜਾ ਬਿ-ਰਾਜਿਆ(ਅਰਥਾਤ ਸ਼ਾਸਨ ਕਰਨੇ ਲਗਾ ਵਹੀ ਖੁਦਾਇ)ਰਹਿਮਾਨ(ਹੈ)ਤਾ ਉਸ (ਦੇ ਪ੍ਰਤਾਪ)ਨੂੰ ਤਾਂ ਕਿਸੇ ਗਿਆਤਗੇ ਪਾਸੋਂ ਹੀ ਪੁਛਣਾ(ਚਾਹੀਦਾ ਹੈ ਇਹ ਕਾਫਰ ਬੇਖਬਰ ਕੀ ਜਾਣਦੇ ਹਨ)॥੫੯॥ਅਰ ਜਦੋਂ ਕਾਫਰਾਂ ਨੂੰ ਕਹਿਆ ਜਾਂਦਾ ਹੈ ਕਿ (ਖੁਦਾਇ) ਰਹਿਮਾਨ ਨੂੰ ਸਜਦਾ ਕਰੋ ਤਾਂ ਕਹਿੰਦੇ ਹਨ ਰਹਿਮਾਨ ਕੀ ਵਸਤੂ ਹੈ ? ਕੀ ਜਿਸ ਦੇ ਅਗੇ ਤੁਸੀਂ ਸਾਨੂੰ (ਸਜਦਾ ਕਰਨੇ ਨੂੰ) ਕਹੋ ਓਸੇ ਨੂੰ ਸਜਦਾ ਕਰਨ ਲਗੀਏ ਅਰ (ਰਹਿਮਾਨ ਦਾ ਨਾਮ ਸੁਣਕੇ) ਓਹਨਾਂ ਨੂੰ ਅਧਿਕ ਗਿਲਾਨੀ ਆਂਵਦੀ ਹੈ ॥ ੬੦ ॥ ਰੁਕੂਹ ੫ ॥

ਖੁਦਾ (ਦਾ ਰੂਪ ਬੜਾ) ਪ੍ਰਤਾਪ ਵਾਲਾ (ਰੂਪ) ਹੈ ਜਿਸ ਨੇ ਅਕਾਸ਼ ਵਿਚ ਬੁਰਜ ਬਣਾਏ ਅਰ (ਬੁਰਜਾਂ ਤੋਂ ਭਿੰਨ) ਉਸ ਵਿਚ (ਸੂਰਜ ਦੀ ਜਗ ਮਗਾਉਂਦੀ) ਮਸਾਲ ਅਰ ਪ੍ਰਕਾਸ਼ਵਾਨ ਚੰਦ੍ਰਮਾਹ ਬਨਾਇਆ ॥ ੬੧ ॥ ਅਰ ਵਹੀ (ਸਰਵ ਸ਼ਕਤੀਮਾਨ) ਹੈ ਜਿਸ ਨੇ ਦਿਨ ਰਾਤ੍ਰੀ ਨੂੰ ਬਨਾਇਆ (ਕਿ) ਇਕ ਦੇ ਪਿਛੋਂ ਇਕ ਆਉਂਦੇ ਜਾਂਦੇ ਰਹਿੰਦੇ ਹਨ। (ਅਰ ਇਹ ਸਭ ਕੁਛ) ਓਹਨਾਂ ਲੋਕਾਂ ਦੇ (ਸਮਝਣੇ) ਵਾਸਤੇ (ਬਨਾਇਆ) ਜੋ (ਸੰਸਾਰਿਕ ਪਰਬੰਧ ਵਿਚ) ਫਿਕਰ ਕਰਨਾ ਚਾਹੁੰਦੇ ਹਨ। ਕਿੰਬਾ (ਖੁਦਾ ਦੇ ਉਪਕਾਰਾਂ ਦੇ) ਧੰਨਯਵਾਦ ਕਰਨੇ ਦਾ ਸੰਕਲਪ ਰਖਦੇ ਹਨ ॥ ੬੨ ॥ (ਅਰ ਖੁਦਾਇ) ਰਹਿਮਾਨ ਦੇ (ਖਾਸ) ਬੰਦੇ ਤਾਂ ਉਹ ਹਨ ਜੋ ਪ੍ਰਿਥਵੀ

Digitized by Panjab Digital Library | www.panjabdigilib.org

ਉਪਰ ਨਿੰਮਰਤਾਈ ਨਾਲ ਚਲਨ ਅਰ ਜਦੋਂ ਮੂਰਖ ਓਹਨਾਂ ਨਾਲ (ਮੂਰਖ ਪੁਣੇ ਦੀਆਂ) ਬਾਤਾਂ ਕਰਨ ਲਗਣ ਤਾਂ (ਓਹਨਾਂ ਨੂੰ) ਮਥਾ ਟੇਕ ਕੇ (ਅਲਗ ਹੋ ਜਾਵਣ) ॥ ੬੩ ॥ ਅਰ ਜੋ ਰਾਤਾਂ ਨੂੰ ਆਪਣੇ ਪਰ-ਵਰਦਿਗਾਰ ਅਗੇ ਸਜਦਾ ਕਰਨ ਅਰ (ਹਥੀਂ ਬਧੀ) ਖੜੇ ਰਹਿਣ (ਅਰਥਾਤ ਨਮਾਜ਼ ਪੜ੍ਹਨ) ॥ ੬੪ ॥ ਅਰ ਜੋ ਦੁਆਏਂ ਮੰਗਿਆ ਕਰਨ ਕਿ ਹੇ ਸਾਡੇ ਪਰਵਰਦਿਗਾਰ ਨਾਰਕੀ ਕਸ਼ਟ ਨੂੰ ਸਾਡੇ ਪਾਸੋਂ ਪਰੇ ਪਰੇਰੇ ਹੀ ਰਖੀਓ। (ਕਾਹੇ ਤੇ) ਨਾਰਕੀ ਦੁਖ (ਬੜੀ ਭਾਰੀ) ਪੀੜਾ ਹੈ ॥ ੬੫ ॥ (ਅਰ) ਥੋਹੜੀ ਦੇਰ ਠਹਿਰਨਾ ਹੋਵੇ ਤਾਂ ਅਰ ਸਦੈਵ ਠਹਿਰਨਾ ਹੋਵੇ ਤਾਂ (ਦੋਨੋਂ ਹਾਲਤਾਂ ਵਿਚ) ਬੁਰਾ ਹੀ ਅਸਥਾਨ ਹੈ ॥ ੬੬ ॥ ਅਰ ਜੋ ਖਰਚ ਕਰਨ ਲਗਣ ਤਾਂ ਬਿਅਰਥ ਖਰਚ ਨਾ ਕਰਨ। ਅਰ ਨਾ ਬਹੁਤ ਤੰਗੀ ਹੀ ਕਰਨ। ਪ੍ਰਤ੍ਯੁਤ ਓਹਨਾਂ ਦਾ ਖਰਚ ਵਾਧੇ ਅਰ ਘਾਟੇ ਦੇ ਦਰ-ਮਿਆਨ ਵਿਚਲੀ ਰਾਸ ਦਾ ਹੋਵੇ ॥ ੬੭ ॥ ਅਰ ਜੋ ਖੁਦਾ ਦੇ ਸਾਥ (ਕਿਸੇ) ਦੂਸਰੇ ਮਾਬੂਦ ਨੂੰ ਨਾਂ ਪੁਕਾਰਨ ਅਰ ਨਾਹੱਕ (ਨਾ ਰਵਾ) ਕਿਸੇ ਪੁਰਖ ਨੂੰ ਜਾਨੋਂ ਨਾ ਮਾਰਨ ਕਿ ਏਸ ਨੂੰ ਖੁਦਾ ਨੇ ਹਰਾਮ ਕਰ ਰਖਿਆ ਹੈ ਅਰ ਨਾਹੀਂ ਵਿਭਚਾਰੀ ਹੋਣ। ਅਰ ਜੋ ਪੂਰਵੋਕਤ (ਸ਼ਰਕ ਤਥਾ ਗੁਨਾਹ) ਕਰੇਗਾ ਵੁਹ (ਆਪਣੇ) ਪਾਪ (ਦਾ ਫਲ) ਭੁਗਤੇਗਾ ॥ ੬੮ ॥ ਕੇ ਪ੍ਰਲੈ ਦੇ ਦਿਨ ਉਸ ਨੂੰ ਦੁਹਰਾ ਕਸ਼ਟ ਦਿਤਾ ਜਾਵੇਗਾ (ਸ਼ਰਕ ਦਾ ਅਲਗ ਅਰ ਦੂਜਿਆਂ ਗੁਨਾਹਾਂ ਦਾ ਅਲਗ) ਅਰ ਓਸੇ ਹਾਲ ਵਿਚ ਸਦੈਵ ਜ਼ਲੀਲ (ਤਥਾ ਖੁਵਾਰ) ਰਹੇਗਾ ॥ ੬੯ ॥ ਪਰੰਤੂ ਜਿਸ ਨੇ ਤੋਬਾ ਕੀਤੀ ਅਰ ਈਮਾਨ ਧਾਰਿਆ ਅਰ ਸ਼ੁਭ ਕਰਮ ਕੀਤੇ ਤਾਂ ਐਸਿਆਂ ਲੋਕਾਂ ਦੇ ਗੁਨਾਹਾਂ ਨੂੰ ਅੱਲਾ ਭਲਾਈਆਂ ਨਾਲ ਬਦਲ ਦੇਵੇਗਾ ਅਰ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੭੦ ॥ ਅਰ ਜੋ ਪੁਰਖ ਤੋਬਾ ਕਰੇ ਅਰ (ਉਸ ਦੇ ਪਾਸ-ਚਾਤ) ਸ਼ੁਭ ਕਰਮ (ਭੀ) ਕਰੇ ਤਾਂ ਵੁਹ ਅਸਲੋਂ ਵਿਚ ਖੁਦਾ ਦੇ ਪਾਸੇ ਝੁਕਦਾ ਹੈ ॥੭੧॥ (ਹਾਂ ਖੁਦਾ ਦੇ ਖਾਸ ਬੰਦੇ ਉਹ ਹਨ ਜਿਨਹਾਂ ਦਾ ਵਰਣਨ ਹੋਇਆ) ਅਰ (ਹੋਰ) ਉਹ ਜੋ ਝੂਠੀ ਗਵਾਹੀ ਨਾ ਦੇਵਣ ਅਰ ਜੋ (ਦੇਵ ਯੋਗ ਨਾਲ) ਭੈੜਿਆਂ ਮਸ਼ਗੂਲਿਆਂ ਦੇ ਪਾਸ ਹੋਕਰ ਗੁਜਰੇ ਤਾਂ ਵਫ਼ਾਦਾਰੀ (ਭਲਮਣਸਊ) ਦੇ ਨਾਲ ਗੁਜ਼ਰ ਜਾਵਣ ॥ ੭੨ ॥ ਅਰ (ਹੋਰ) ਉਹ ਲੋਗ ਕਿ ਜਦੋਂ ਓਹਨਾਂ ਨੂੰ ਓਹਨਾਂ ਦੇ ਪਰਵਰਦਿਗਾਰ ਦੀਆਂ ਆਇਤਾਂ ਸੁਨਾ ਸੁਨਾ ਕੇ ਨਸੀਹਤ ਕੀਤੀ ਜਾਵੇ ਤਾਂ ਅੰਨ੍ਹੇ ਬੋਲੇ ਹੋ ਕੇ ਓਹਨਾਂ ਉਤੇ ਨਾ ਡਿਗਣ (ਪ੍ਰਤ੍ਯੁਤ ਧਿਆਨ ਲਾ ਕੇ ਸ੍ਰਵਣ ਕਰਨ ਅਰ ਨਸੀਹਤ ਨੂੰ ਧਾਰਨ ਕਰਨ) ॥ ੭੩ ॥ ਅਰ ਜੋ ਪ੍ਰਾਰਥਨਾ ਕਰਦੇ ਹਨ ਕਿ ਹੇ ਸਾਡੇ ਪਰਵਰ

Digitized by Panjab Digital Library | www.panjabdigilib.org

ਦਿਗਾਰ ਸਾਨੂੰ ਸਾਡੀਆਂ ਇਸਤ੍ਰੀਆਂ ਵਲੋਂ ਤਥਾ ਸਾਡੇ ਬਾਲ ਬਚੇ ਵਲੋਂ ਅਖੀਆਂ ਨੂੰ ਠੰਢ ਪ੍ਰਦਾਨ ਕਰੇ ਅਰ ਸਾਨੂੰ ਸੰਜਮੀ ਪੁਰਖਾਂ ਦਾ ਪੇਸ਼ਵਾ ਬਨਾ ॥ ੭੪ ॥ ਯਹੀ ਲੋਗ ਹਨ ਜਿਨਹਾਂ ਨੂੰ ਓਹਨਾ ਦੇ ਸਬਰ ਦੇ ਬਦਲੇ (ਬਹਿਸ਼ਤ ਵਿਚ ਰਹਿਣ ਵਾਸਤੇ) ਚੌਬਾਰੇ ਮਿਲਨਗੇ ਅਰ ਓਥੇ ਦੁਆ ਤਥਾ ਸਲਾਮ ਦੇ ਨਾਲ ਓਹਨਾਂ ਦੀ ਆਓ ਭਗਤ ਕੀਤੀ ਜਾਵੇਗੀ (ਸੋ ਅਲਗ)॥ ੭੫ ॥ (ਅਰ ਯਹੀ ਲੋਗ) ਸਵਰਗ ਵਿਚ ਸਦੈਵ (ਸਦੈਵ) ਰਹਿਣਗੇ (ਸਵਰਗ ਭੀ) ਕੈਸਾ ਉਤਮ ਅਸਥਾਨ ਹੈ ਥੋਹੜਾ ਕਾਲ ਠਹਿਰਨੇ ਵਾਸਤੇ ਹੋਵੇ ਤਾਂ ਅਰ ਸਦੈਵ ਰਹਿਣ ਵਾਸਤੇ ਹੋਵੇ ਤਾਂ ॥ ੭੬ ॥ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਯਦੀ ਤੁਸੀਂ ਖ਼ੁਦਾ ਨੂੰ ਨਾ ਬੁਲਾਓ ਤਾਂ ਮੇਰਾ ਪਰਵਰਦਿਗਾਰ (ਭੀ) ਤੁਸਾਂ ਦੀ ਕੋਈ ਪਰਵਾਹ ਨਹੀਂ ਕਰਦਾ। ਸੋ ਤੁਸਾਂ ਨੇ ਓਸ ਦੀਆਂ ਆਇਤਾਂ ਨੂੰ ਝੁਠਿਆਰਿਆ (ਤਾਂ ਹੀ) ਹੁਣ ਤਾਂ ਓਸ ਦਾ ਵਬਾਲ (ਤੁਸਾਂ ਦੇ ਸਿਰ ਉਤੇ) ਪੈ ਕੇ ਹੀ ਹਟੇਗਾ ॥ ੭੭ ॥ ਰੁਕੂਹ ੬ ਪਾਦ ੧ ॥

# ਸੂਰਤ ਸ਼ੋਅਰਾ ਮੱਕੇ ਵਿਚ ਉਤਰੀ ਅਰ ਏਸ ਦੀਆਂ ਦੋ ਸੌ ਸਤਾਈਸ ਆਇਤਾਂ ਅਰ ਗਿਆਰਾਂ ਰੁਕੂਹ ਹਨ ॥

(ਪ੍ਰਾਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰ ਪਾਲੂ (ਹੈ) ਤਾਸਾਮਾ ॥ ੧ ॥ ਇਹ (ਸੂਰਤ) ਬੀ ਓਸੇ ਪੁਸਤਕ (ਅਰਥਾਤ ਕੁਰਾਨ) ਦੀਆਂ (ਕਈਕੁ) ਆਇਤਾਂ ਹਨ ਜਿਨਹਾਂ ਦਾ ਭਾਵ ਸਫੁਟ (ਅਰ ਪਰਗਟ) ਹੈ ॥ ੨ ॥ (ਹੇ ਪੈਯੰਬਰ ਤੁਸੀਂ ਤਾਂ ਕੋਈ ਐਸੇ ਚਿੰਤਾਤੁਰ ਹੋ ਰਹੇ ਹੋ ਕਿ) ਨਾ ਜਾਣੀਏ ਤੁਸੀਂ ਆਤਮਘਾਤ ਕਰ ਬੈਠੋ ਕਿ ਇਹ ਲੋਕ ਈਮਾਨ (ਕਿਉਂ) ਨਹੀਂ ਧਾਰਦੇ ॥ ੩ ॥ ਅਸੀਂ ਸੰਕਲਪ ਕਰੀਏ ਤਾਂ ਏਹਨਾਂ (ਲੋਗਾਂ) ਉਪਰ ਆਕਾਸ਼ ਵਿਚੋਂ ਇਕ (ਪ੍ਰਬਲ) ਨਿਸ਼ਾਨੀ ਉਤਾਰ ਦੇਈਏ ਅਰ ਏਹਨਾਂ ਦੀਆਂ ਧੌਣਾਂ ਓਸ ਦੇ ਅਗੇ ਨਿਉਂ ਕੇ ਰਹਿ ਜਾਣ ॥ ੪ ॥ ਅਰ (ਲੋਕਾਂ ਦਾ ਦਸਤੂਰ ਹੈ ਕਿ) ਜਦੋਂ ਕਦੀ (ਖੁਦਾਇ) ਰਹਿਮਾਨ ਦੇ ਪਾਸਿਓਂ ਓਹਨਾਂ ਦੇ ਪਾਸ ਕੋਈ ਉਪਦੇਸ਼ (ਦੀ) ਨਵੀਨ (ਬਾਰਤਾ) ਆਉਂਦੀ ਹੈ ਤਾਂ ਓਸ ਤੋਂ ਬੇਮੁਖ ਹੋਇਆਂ ਬਿਨਾਂ ਨਹੀਂ ਰਹਿੰਦੇ ॥ ੫ ॥ ਸੋ (ਖ਼ੈਰ) ਓਹਨਾਂ ਨੇ ਝੁਠਿਆਰਿਆ ਤਾਂ ਹੈ ਪਰੰਤੂ ਸ਼ੀਘਰ ਹੀ ਏਹਨਾਂ ਨੂੰ ਓਸ (ਕਸ਼ਟ) ਦੀ ਹਕੀਕਤ ਪਰਤੀਤ ਹੋ

Digitized by Panjab Digital Library | www.panjabdigilib.org

ਜਾਵੇਗੀ ਜਿਸ ਨੂੰ ਮਖੌਲ ਕੀਤਾ ਕਰਦੇ ਸਨ ॥ ੬ ॥ ਕੀ ਏਹਨਾ ਲੋਕਾਂ ਨੇ ਪ੍ਰਿਥਵੀ ਦੀ ਤਰਫ ਦਰਿਸ਼ਟੀ ਨਹੀਂ ਦਿਤੀ ਕਿ ਅਸਾਂ ਨੇ ਸਰਬ ਪਰਕਾਰ ਦੀਆਂ ਚੰਗੀਆਂ ੨ ਵਸਤਾਂ ਕਿਸ ਬਹੁਤਾਈ ਨਾਲ ਏਸ ਵਿਚ ਉਗਾਈਆਂ ਹਨ ॥੭॥ ਨਿਰਸੰਦੇਹ ਏਸ ਵਿਚ (ਭੀ ਖੁਦਾ ਦੀ ਕੁਦਰਤ ਦੀ ਬੜੀ) ਨਿਸ਼ਾਨੀ ਹੈ। ਪਰੰਤੂ ( ਅਜੇ ਭੀ ) ਏਹਨਾਂ ਵਿਚੋਂ ਪ੍ਰਾਯਾ ਈਮਾਨ ਧਾਰਨੇ ਵਾਲੇ ਨਹੀਂ ॥ ੮ ॥ ( ਅਰ ਹੇ ਪੈਯੰਬਰ ) ਨਿਰਸੰਦੇਹ ਤੁਸਾਂ ਦਾ ਪਰਵਰ-ਦਿਗਾਰ ਸਚਮੁਚ ਵਹੀ ਜ਼ਬਰਦਸਤ ( ਅਰ ) ਦਿਆਲੂ ਹੈ ॥ ੯ ॥ ਰੁਕੂਹ ੧ ॥

ਅਰ ( ਹੇ ਪੈਯੰਬਰ ) ਇਕ ( ਵੁਹ ) ਸਮਾਂ ( ਭੀ ਸੀ ) ਕਿ ਤੁਸਾਂ ਦੇ ਪਰਵਰਦਿਗਾਰ ਨੇ ਮੂਸਾ ਨੂੰ ਬੁਲਾਇਆ ਕਿ ( ਇਨਹਾਂ ) ਦੁਸ਼ਟ ਪੁਰਖਾਂ (ਅਰਥਾਤ) ਫਰਾਊਨ ਦੀ ਜਾਤੀ ਦੇ ਪਾਸ ਜਾਓ ॥੧੦॥ ਕਿ ਇਹ ਲੋਗ ( ਸਾਡੇ ਗਜ਼ਬ ਤੋਂ ) ਨਹੀਂ ਡਰਦੇ ॥ ੧੧ ॥ ( ਮੂਸਾ ਨੇ ) ਬੇਨਤੀ ਕੀਤੀ ਹੇ ਮੇਰੇ ਪਰਵਰਦਿਗਾਰ ਮੈਂ ਡਰਦਾ ਹਾਂ ਕਿ ( ਕਿਤੇ ) ਮੈਨੂੰ ਝੁਠਿਆਰ ਹੀ (ਨਾ) ਛੱਡਣ ॥ ੧੨ ॥ ਅਰ ( ਗਲ ਕਰਦਿਆਂ ) ਮੇਰਾ ਸਵਾਸ ਰੁਕ ਜਾਂਦਾ ਹੈ ਅਰ ਮੇਰੀ ਜਬਾਨ ( ਭਲੀ ਪਰਕਾਰ ) ਚਲਦੀ ਨਹੀਂ ਤਾਂ ਹਾਰੂੰ ਨੂੰ ਕਹਿਲਾ ਭੇਜ ( ਕਿ ਵੁਹ ਮੇਰਾ ਸਾਥ ਦੇਵੇ ) ॥ ੧੩ ॥ ਅਰ ਮੇਰੇ ਜ਼ਿੰਮੇ ਕਬਤੀਆਂ ਦਾ ਇਕ ਤਾਵਾਨ ( ਭੀ ) ਹੈ ( ਕਿ ਮੈਨੇ ਇਕ ਕਬਤੀ ਨੂੰ ਮਾਰ ਸਿਟਿਆ ਸੀ ) ਤਾਂ ਮੈਂ ਡਰਦਾ ਹਾਂ ਕਿ ( ਕਿਤੇ ਓਸਦੇ ਬਦਲੇ ਵਿਚ ) ਮੈਨੂੰ ਮਾਰ (ਨਾ) ਸਿਟਣ ॥ ੧੪ ॥ ਆਗਯਾ ਹੋਈ ਕੇ ( ਐਸਾ ) ਕਦਾਪੀ ਨਹੀਂ ਹੋਵੇਗਾ ( ਚੰਗਾ ) ਤਾਂ ਤੁਸੀਂ ਦੋਨੋਂ ( ਭਿਰਾ ) ਸਾਡੀਆਂ ਨਿਸ਼ਾਨੀਆਂ ਲੈਕੇ ਜਾਓ ਅਸੀਂ ਤੁਸਾਂ ਦੇ ਸਾਥ ਹਾਂ ( ਅਰ ਜੋ ਬਾਦ ਬਿਬਾਦ ਤੁਸਾਂ ਅਰ ਓਹਨਾਂ ਦੇ ਮਧ ਮੇਂ ਹੋਵੇਗਾ ਓਸ ਨੂੰ ) ਸ੍ਰਵਣ ਕਰਦੇ ਰਹਾਂਗੇ ॥ ੧੫ ॥ ਗਲ ਕਾਹਦੀ ਤੁਸੀਂ ਦੋਵੇਂ ਫਰਾਊਨ ਪਾਸ ਜਾਓ ਅਰ ( ਓਸ ਨੂੰ ) ਕਹੋ ਕਿ ਅਸੀਂ ਸੰਪੂਰ-ਰਣ ਜਹਾਨ ਦੇ ਪਰਵਰਦਿਦਗਾਰ ਦੇ ਭੇਜੇ ਹੋਏ ਹਾਂ ॥ ੧੬ ॥ ਕਿ ਆਪ ਬਨੀ ਅਸਰਾਈਲ ਨੂੰ ਸਾਡੇ ਨਾਲ ਭੇਜ ਦੀਜੀਏ ( ਅਤਏਵ ਮੂਸਾ ਅਰ ਹਾਰੂੰ ਖੁਦਾ ਦੀ ਆਗਿਆ ਲੈ ਕੇ ਫਰਾਊਨ ਦੇ ਪਾਸ ਗਏ) ॥ ੧੭ ॥ ਤਾਂ ਫਰਾਊਨ ਨੇ ਕਹਿਆ ( ਮੂਸਾ ) ਕੀ ਅਸਾਂ ਨੇ ਤੈਨੂੰ ਆਪਣੇ ਏਥੇ (ਰਖ ਕੇ ) ਬੱਚਾ ਸਾ ਨਹੀਂ ਪਾਲਿਆ ਅਰ ( ਤੇਰੀ ਇਤਨੀ ਉਮਰ ਹੋਈ ) ਤੂੰ ਆਪਣੀ ( ਇਤਨੀ ) ਉਮਰ ਵਿਚ ਬਰਸੋਂ ਸਾਡੇ ਪਾਸ ਏਥੇ ਰਹਿਆ ॥ ੧੮ ॥ ਅਰ ਤੂਨੇ ਇਕ ( ਹੋਰ ) ਭੀ ਕਰਤੂਤ ਕੀਤੀ ਸੀ ਜੋ ਕੀਤੀ ਸੀ ( ਅਰਥਾਤ ਕਬਤੀ ਦਾ ਖੂਨ ) ਅਰ ਤੂੰ (ਬੜਾ ਹੀ) ਕ੍ਰਿਤਘਨ ਹੈਂ ॥ ੧੯ ॥ ( ਮੂਸਾ ਨੇ

Digitized by Panjab Digital Library | www.panjabdigilib.org

ਆਖਿਆ ਮੈਂ ਓਹਨਾਂ ਦਿਨਾਂ ਵਿਚ ਉਹ ( ਕਰਤੂਤ ) ਕਰ ਬੈਠਾ ਅਰ ਮੈਂ ਭੁਲਣਾਂ ਉਤੇ ਸਾਂ ॥ ੨੦ ॥ ਫੇਰ ਜਦੋਂ ਮੈਨੂੰ ਤੁਹਾਡੇ ਪਾਸੋਂ ਡਰ ਲਗਾ ਤਾਂ ਮੈਂ ਤੁਸਾਂ ਪਾਸੋਂ ਭਜ ਗਇਆ ਫੇਰ ( ਕੁਝ ਕਾਲ ਪਿਛੋਂ ) ਮੇਰੇ ਪਰਵਰਦਿਗਾਰ ਨੇ ਮੈਨੂੰ ( ਪੈਗੰਬਰੀ ਦੇ ) ਅਧਿਕਾਰ ਪਰਦਾਨ ਕੀਤੇ ਅਰ ਪੈਗੰਬਰਾਂ ਵਿਚੋਂ ਮੈਨੂੰ ਭੀ ( ਇਕ ਪੈਗੰਬਰ ) ਬਨਾਇਆ ॥ ੨੧ ॥ ਅਰ ਇਹ ( ਭੀ ਕੋਈ ) ਉਪਕਾਰ ਹੈ ਜਿਸ ਦੀ ਆਪ ਮੇਰੇ ਉਤੇ ਮੰਨਤ ਰਖਦੇ ਹੋ ਕਿ ਆਪ ਨੇ ਬਨੀ ਅਸਰਾਈਲ ਨੂੰ ਟਹਿਲ ਵਾਲਾ ਬਨਾ ਰਖਿਆ ਸੀ ॥ ੨੨ ॥ ਫਰਾਊਨ ਨੇ ਪੁਛਿਆ ਅਰ ਸੰਪੂਰਨ ਸੰਸਾਰ ਦਾ ਪਰਵਰਦਿਗਾਰ ਕੀ (ਜਿਸ ਦੇ ਪਾਸਿਓਂ ਤੁਸਾਂ ਨੇ ਆਪਣਾ ਆਉਣਾ ਵਰਣਨ ਕੀਤਾ ਹੈ ) ॥੨੩॥ ( ਮੂਸਾ ਨੇ ) ਕਹਿਆ ( ਵਹੀ ) ਪ੍ਰਿਥਵੀ ਅਕਾਸ਼ ਅਰ ਜੋ ਕੁਛ ਪ੍ਰਿਥਵੀ ਆਕਾਸ਼ ਮੇਂ ਹੈ ਸੰਪੂਰਨਾਂ ਦਾ ਪਰਵਰ-ਦਿਗਾਰਿ। ਯਦੀ ਤੁਸੀਂ ਲੋਕ ਨਿਸਚਾ ਕਰੋ ॥ ੨੪ ॥ ( ਫਰਾਊਨ ਨੇ ) ਆਪਣਿਆਂ ਮੁਸਾਹਿਬਾਂ ਨੂੰ ਜੋ ਉਸ ਦੇ ਚਾਰ ਚੁਫੇਰੇ ( ਬੈਠੇ ) ਸੇ ਕਹਿਆ ਕੀ ਤੁਸੀਂ ( ਮੂਸਾ ਦੀਆਂ ਬਾਤਾਂ ) ਨਹੀਂ ਸੁਣਦੇ ॥ ੨੫ ॥ ਮੂਸਾ ਨੇ ਕਿਹਿਆ ਵਹੀ ਤੁਸਾਂ ਲੋਗਾਂ ਦਾ ਪਰਵਰਦਿਗਾਰ ਅਰ ਤੁਸਾਂ ਦੇ ਅਗਲੇ ਪਿਤਾ ਪਿਤਾਮਾਂ ਦਾ ਪਰਵਰਦਿਗਾਰ ॥ ੨੬ ॥ ( ਫਿਰਾਊਨ ਨੇ ਫੇਰ ਆਪਣਿਆਂ ਸਭਾਸਦਾਂ ਨੂੰ ਮੁਖਾਤਬ ਕਰਕੇ ) ਕਹਿਆ ਹੋਵੇ ਨਾ ਹੋਵੇ ( ਇਹ ) ਤੁਸਾਂ ਦਾ ਰਸੂਲ ਜੋ ਤੁਸਾਂ ਦੀ ਤਰਫ ਭੇਜਿਆ ਗਿਆ ਹੈ ਉਨਮਾਦੀ ਹੈ ॥ ੨੭ ॥ ( ਮੂਸਾ ਨੇ ) ਕਹਿਆ ( ਵਹੀ ) ਪੂਰਬ ਅਰ ਪਛਮ ਅਰ ਜੋ ਕੁਛ ਓਹਨਾਂ ਦੋਨਾਂ ਵਿਚ ਹੈ ਸੰਪੂਰਨਾ ਦਾ ਮਾਲਕ ਯਦੀ ਤੁਸੀਂ ਕੁਝ ਬੁਧਵਾਨ ਹੋ ॥ ੨੮॥ ( ਅੰਤ ਨੂੰ ਫਿਰਔਨ ਨੇ ਮੂਸਾ ਨੂੰ ) ਕਹਿਆ ਯਦੀ ਮੇਰੇ ਸਿਵਾ ( ਕਿਸੇ ਹੋਰ ਨੂੰ ) ਤੂਨੇ ਖੁਦਾ ਮੰਨਿਆਂ ਤਾਂ ਮੈਂ ਤੈਨੂੰ ਕੈਦੀਆਂ ਵਿਚ ( ਲੈ ਜਾਕੇ ਪਾ ਦੇਵਾਂਗਾ ॥ ੨੯ ॥(ਮੂਸਾ ਨੇ)ਕਹਿਆ ਕਿ ਯਦੀ ਮੈਂ ਇਕ ਖੁਲਮਖੁਲਾ ਮੋਜਜ਼ਾ (ਚਮਿਤਕਾਰ) ਭੀ ਆਪ ਨੂੰ ਲਿਆ ਦਿਖਲਾਵਾਂ ਤਾਂ ਭੀ ? ॥ ੩੦ ॥( ਫਿਰਊਨ ਨੇ ) ਕਹਿਆ ਯਦੀ ਤੂੰ ਸਚਾ ਹੈਂ ਤਾਂ ਉਸ ਨੂੰ ਲਿਆ ( ਦਿਖਲਾ ) ॥ ੩੧ ॥ ਏਸ ਉਤੇ ( ਮੂਸਾ ਨੇ ) ਆਪਣੀ ਲਾਠੀ ਸੁਟ ਦਿਤੀ ਤਾਂ ਕੀ ਵੇਖਦੇ ਹਨ ਕਿ ਵੁਹ ਪ੍ਰਤੱਖ ਇਕ ਸਰਪ ਹੈ ॥ ੩੨ ॥ ਅਰ ਆਪਣਾ ਹਥ ਬਾਹਰ ਨਿਕਾਲਿਆ ਤਾਂ ਵੁਹ ਨਿਕਲਦੇ ਹੀ ਸੰਪੂਰਨ ਦੇਖਨ ਵਾਲਿਆਂ ਦੀ ਦ੍ਰਿਸ਼ਟੀ ਵਿਚ ਚਮਕਦਾ ਪਰਤੀਤ ਹੋ ਰਹਿਆ ਸੀ ॥ ੩੩ ॥ ਰੁਕੂਹ ॥ ੨ ॥

( ਫਿਰਊਨ ਨੇ ਆਪਣਿਆਂ ) ਸਭਾਸਦਾਂ ਨੂੰ ਜੋ ਉਸਦੇ ਚਾਰ ਚੁਫੇਰੇ (ਬੈਠੇ) ਸਨ ਕਹਿਆ ਕਿ ਨਿਰਸੰਦੇਹ ਇਹ ਤਾਂ ਕੋਈ ਬੜਾ ਭਾਰੀ ਜਾਦੂਗਰ ਹੈ

Digitized by Panjab Digital Library | www.panjabdigilib.org

॥ ੩੪ ॥ ( ਅਰ ) ਇਛਾ ਕਰਦਾ ਹੈ ਕਿ ਆਪਣੇ ਜਾਦੂ ( ਦੇ ਜੋਰ ) ਨਾਲ ਤੁਸਾਂ ਨੂੰ ਤੁਸਾਂ ਦੇ ਦੇਸ ਵਿਚੋਂ ਨਿਕਾਲ ਕੇ ਬਾਹਰ ਕਰ ਦੇਵੇ। ਤਾਂ ( ਹੁਣ ) ਤੁਸੀਂ ਲੋਕ ਕੀ ਸਲਾਹ ਦੇਂਦੇ ਹੋ ॥ ੩੫ ॥ ( ਸਭਾ ਸਦਾਂ ਨੇ ) ਬੇਨਤੀ ਕੀਤੀ ( ਮਹਾਰਾਜ ) ! ਮੂਸਾ ਅਰ ਉਸ ਦੇ ਭਿਰਾ ( ਦੇ ਝੇੜੇ ) ਨੂੰ (ਥੋੜਿਆਂ ਦਿਨਾਂ ) ਵਾਸਤੇ ਢਿਲ ਵਿਚ ਰਖੀਏ। ਅਰ ਸ਼ਹਿਰਾਂ ਵਿਚ (ਜਾਦੂਗਰਾਂ ਦੇ ) ਇਕਤ੍ਰ ਕਰਨੇ ਵਾਸਤੇ ਦੂਤ ਭੇਜ ਦੀਜੀਏ ॥੩੬ ॥ ਕਿ ਉਹ ਸੰਪੂਰਨ ਵਡਿਆਂ ਵਡਿਆਂ ਗਜਾਤਗੇ ਤਾਂਤ੍ਰਕੀਆਂ ਨੂੰ ਸਰਕਾਰ ਵਿਚ ਲਿਆ ਕੇ ਹਾਜਰ ਕਰਨ ॥ ੩੭ ॥ ਭਾਵ ( ਦਿਨ ਨਿਯਤ ਕੀਤਾ ਗਿਆ ਅਰ ਓਸ) ਨਿਯਤ ਦਿਨ ਦੀ ਪ੍ਰਤਗਜਾ ਉਪਰ ਤਾਂਤ੍ਰਕੀ ਇਕਤ੍ਰ ਕੀਤੇ ਗਏ ॥ ੩੮ ॥ ਅਰ ਲੋਕਾਂ ਵਿਚ ਢੰਡੋਰਾ ਦਿਤਾ ਗਿਆ ਕਿ ( ਹੁਣ ਤਕ ਤਾਂ ਸੁਖ ਤੁਸੀਂ ਅਲਗ ਵਲਗ ਰਹੇ ਹੋ ਹੁਣ ਐਸੇ ਸਮੇਂ ਸਿਰ ਭੀ ) ਤੁਸੀਂ ਇਕਤ੍ਰ ਹੋਗਏ ਕਿੰਬਾ ਨਹੀਂ ? ॥ ੩੯ ॥ ( ਤਾ ਕਿ ) ਯਦੀ ਤਾਂਤ੍ਰਕੀ ( ਅਰਥਾਤ ਮੂਸਾ ਅਰ ਓਸ ਦੇ ਸਾਥੀ ) ਵਿਜਈ ਰਹੇ ਤਾਂ ਨਾ ਜਾਨੀਏਂ ਅਸੀਂ ਓਹਨਾਂ ਦਾ ਹੀ ਦੀਨ ਧਾਰ ਲਈਏ ॥ ੪੦ ॥ ਤਾਂ ਜਦੋਂ ਜਾਦੂਗਰ ( ਦੇਸ ਦੇ ਚਾਰ ਚੁਫੇਰਿਓਂ ) ਆ ਕੇ ਇਕਤ੍ਰ ਹੋਏ ਤਾਂ ਉਨਹਾਂ ਨੇ ਫਿਰਊਨ ਨੂੰ ਕਹਿਆ ਕਿ ਭਲਾ ਅਸੀਂ ਹੀ ਵਿਜਈ ਰਹੇ ਤਾਂ ਸਾਨੂੰ ( ਸਰਕਾਰੋਂ ) ਕੁਛ ਇਨਾਮ ਭੀ ਮਿਲੇਗਾ ॥ ੪੧ ॥ ( ਫਿਰਊਨ ਨੇ ) ਕਿਹਾ ਹਾਂ ( ਭਈ ਜਰੂਰ ) ਅਰ ( ਇਨਾਮ ਦੀ ਕੀ ਕਥਾ ਹੈ ) ਵਿਜਈ ਰਹਿਣ ਦੀ ਸੂਰਤ ਵਿਚ ਤਾਂ ਤੁਸੀਂ ( ਸ਼ਾਹੀ ਦਰਬਾਰ ਦੇ ) ਸਮੀਪੀ ਨਿਯਤ ਕੀਤੇ ਜਾਓਗੇ ॥ ੪੨ ॥ ਮੂਸਾ ਨੇ ( ਤਾਂਤ੍ਰਕੀਆਂ ਨੂੰ ) ਕਹਿਆ ਜੋ ਕੁਛ ਤੁਸਾਂ ਨੂੰ ਸੁਟਣਾ ਮਨਜੂਰ ਹੋਵੇ ( ਮੈਦਾਨ ਵਿਚ ) ਸੁਟ ਦੇਵੋ ॥ ੪੩ ॥ ਏਸ ਗਲੋਂ ਤਾਂਤ੍ਰਕੀਆਂ ਨੇ ਆਪਣੀਆਂ ਰਸੀਆਂ ਅਰ ਆਪਣੀਆਂ ਲਾਠੀਆਂ ਸੁਟ ਦਿਤੀਆਂ ਅਰ ਬੋਲੇ ਕਿ ਫਿਰਊਨ ਦੇ ਪ੍ਰਤਾਪ ਨਾਲ ਅਸੀਂ ਹੀ ਜਿਤ ਵਿਚ ਰਹਾਂਗੇ ॥ ੪੪ ॥ ਫਿਰ ਮੂਸਾ ਨੇ ਆਪਣਾ ਸੋਟਾ ( ਮੈਦਾਨ ਵਿਚ ) ਸਿਟਿਆ ਤਾਂ ਬਸ ਉਹ ਓਹਨਾਂ ( ਤਮਾਸ਼ਿਆਂ ) ਨੂੰ ਜੋ ਤਾਂਤ੍ਰਕੀ ਬਨਾ ਕੇ ਲੈ ਆਏ ਸਨ ਇਕ ਪਲਕ ਵਿਚ ਲਗਾ ਨਿਗ-ਲਨ ॥ ੪੫ ॥ ਇਹ ਦੇਖ ਕੇ ਜਾਦੂਗਰ ( ਐਸੇ ਪ੍ਰੇਮਵਾਨ ਹੋਏ ਕਿ ) ਮਥਾ ਟੇਕਣ ਲਗ ਪਏ ॥ ੪੬ ॥ ( ਅਰ ) ਲਗੇ ਕਹਿਣ ਕਿ ਅਸੀਂ ਸੰਪੂਰਨ ਸੰਸਾਰ ਦੇ ਪਰਵਰਦਿਗਾਰ ਉਪਰ ॥ ੪੭ ॥ ਕਿ ( ਓਹੀ ) ਮੂਸਾ ਅਰ ਹਾਰੂੰ ਦਾ ਪਰਵਰਦਿਗਾਰ ਹੈ ਈਮਾਨ ਧਾਰ ਲੀਤਾ ॥ ੪੮ ॥ ( ਫਿਰਊਨ ਨੇ ) ਕਹਿਆ ਕਿ ਕੀ ਮੇਰੀ ਆਗਿਆ ਦੇ ਪ੍ਰਥਮ ਹੀ ਤੁਸੀਂ ਮੂਸਾ ਉਪਰ ਅਮਾਨ ਲੈ ਆਏ। ਹੋਵੇ ਨਾ ਹੋਵੇ ਇਹ ( ਮੂਸਾ ) ਤੁਸਾਂ ਦਾ ਬੜਾ ( ਗੁਰੂ )

Digitized by Panjab Digital Library | www.panjabdigilib.org

ਹੈ ਜਿਸ ਨੇ ਤੁਸਾਂ ਨੂੰ ਜਾਦੂ ਸਿਖਾਇਆ ਹੈ। ਸੋ (ਖੈਰ) ਤੁਸਾਂ ਨੂੰ (ਏਸ ਦਾ ਨਤੀਜਾ) ਪ੍ਰਤੀਤ ਹੋ ਜਾਵੇਗਾ। ਅਸੀਂ ਤੁਸਾਂ ਦੇ ਹਥ ਅਰ ਪੈਰ ਪੁਠੇ (ਸਿਧੇ) ਕਟ ਦੇਵੀਏ। ਅਰ ਤੁਸਾਂ ਸਾਰਿਆਂ ਨੂੰ ਸੂਲੀ ਦੇ ਦੇਈਏ ਤਾਂ ਸਹੀ ॥ ੪੯ ॥ ਵੁਹ ਬੋਲੇ ਕੋਈ (ਹਰਜ ਦੀ) ਬਾਰਤਾ ਨਹੀਂ ਅਸਾਂ ਤਾਂ (ਸਰਬ ਪਰਕਾਰ) ਆਪਣੇ ਪਰਵਰਦਿਗਾਰ ਦੀ ਤਰਫ ਲੋਟ ਕਰ ਜਾਣਾ ਹੈ ॥ ੫੦ ॥ ਅਰ (ਅਸੀਂ) ਆਸਾ ਰਖਦੇ ਹਾਂ ਕਿ ਸਾਡਾ ਪਰਵਰ-ਦਿਗਾਰ ਸਾਡਿਆਂ ਦੋਖਾਂ ਨੂੰ ਬਖਸ਼ ਦੇਵੇਗਾ। ਏਸ ਵਾਸਤੇ ਕਿ ਅਸੀਂ ਸੰਪੂਰਨਾ ਨਾਲੋਂ ਪ੍ਰਥਵ ਈਮਾਨ ਲੈ ਆਏ ॥ ੫੧ ॥ ਰੁਕੂਹ ੩ ॥

ਅਰ ਅਸਾਂ ਨੇ ਮੂਸਾ ਦੀ ਤਰਫ ਵਹੀ ਭੇਜੀ ਕਿ ਸਾਡਿਆਂ ਬੰਦਿਆਂ (ਅਰਥਾਤ ਅਸਰਾਈਲ) ਨੂੰ ਰਾਤੋ ਰਾਤ ਲੈ ਨਿਕਲੋ (ਕਾਹੇ ਤੇ) ਤੁਸਾਂ ਦਾ ਪਿਛਾ ਕੀਤਾ ਜਾਵੇਗਾ ॥ ੫੨ ॥ ਏਸ ਉਪਰ ਫਰਊਨ ਨੇ (ਲੋਕਾਂ ਦੀ ਭੀੜ ਭੜੱਕਾ ਇਕਤ੍ਰ ਕਰਨ ਵਾਸਤੇ) ਨਗਰਾਂ ਵਿਚ ਦੂਤ ਦੋੜਾਏ ॥ ੫੩ ॥ ਕਿ ਬਨੀ ਅਸਰਾਈਲ ਥੋੜੀ ਸੀ ਜਮਾਇਤ ਹਨ ॥ ੫੪ ॥ ਅਰ ਓਹਨਾਂ ਨੇ ਅਸਾਂ ਨੂੰ ਸਖਤ ਨਾਰਾਜ਼ ਕੀਤਾ ਹੈ ॥ ੫੫ ॥ ਅਰ (ਯਦਯਪਿ) ਸਾਡਾ ਜਥਾ (ਵਧੇਰਾ) ਹੈ (ਤਥਾਪਿ) ਸਾਡੀ ਆਦਤ ਅਹਿਤਜਾਤ (ਬਚਾਓ) ਹੈ (ਏਸ ਕਰਕੇ ਤੁਸਾਂ ਨੂੰ ਮਦਦ ਵਾਸਤੇ ਬੁਲਾਂਵਦੇ ਹਾਂ) ॥ ੫੬ ॥ ਅਤਏਵ ਅਸਾਂ ਨੇ ਫਰਊਨ ਦੇ ਲੋਕਾਂ (ਮਿਸਰੀਆਂ) ਨੂੰ ਬਾਗਾਂ (ਵਿਚੋਂ) ਅਰ ਚਸ਼ਮਿਆਂ (ਵਿਚੋਂ) ॥ ੫੭ ॥ ਅਰ ਖਜਾਨਿਆਂ (ਵਿਚੋਂ) ਅਰ ਇਤਜ਼ ਵਾਲੀ ਜਗਹਾਂ ਵਿਚੋਂ ਨਿਕਾਲ ਬਾਹਰ ਕੀਤਾ ॥ ੫੮ ॥ ਐਸੇ ਹੀ (ਹੋਇਆ ਅਰ ਐਸੇ ਹੀ ਹੋਣਾ ਚਾਹੀਦਾ ਸੀ) ਅਰ (ਅੰਤ ਨੂੰ) ਬਨੀ ਅਸਰਾਈਲ ਨੂੰ ਓਹਨਾਂ ਵਸਤਾਂ ਦਾ ਵਾਰਸ ਬਨਾਇਆ ॥ ੫੯ ॥ (ਅਤਏਵ ਮੂਸਾ ਬਨੀ ਅਸਰਾ-ਈਲ ਨੂੰ ਰਾਤੋ ਰਾਤ ਮਿਸਰ ਵਿਚੋਂ ਲੈ ਕੇ ਨਿਕਲ ਗਇਆ) ਤਾਂ ਫਰਊਨ ਦਿਆਂ ਲੋਕਾਂ ਨੇ ਦਿਨ ਨਿਕਲਦਿਆਂ ੨ ਬਨੀ ਅਸਰਾਈਲ ਦਾ ਪਿਛਾ ਕੀਤਾ ॥ ੬੦ ॥ ਫੇਰ ਜਦੋਂ ਦੋਨੋਂ ਜਮਾਇਤਾਂ (ਐਸੀਆਂ ਨਗੀਚ ਨਗੀਚ ਹੋਈਆਂ ਕਿ) ਇਕ ਦੂਸਰੇ ਨੂੰ ਦੇਖਣ ਲਗੀਆਂ (ਤਾਂ ਮੂਸਾ ਦੇ) ਲੋਗ ਕਹਿਣ ਲਗੇ ਕਿ ਹੁਣ ਤਾਂ ਵੈਰੀ ਨੇ ਸਾਨੂੰ ਆਨ ਲਿਆ ॥ ੬੧ ॥ (ਮੂਸਾ ਨੇ) ਕਹਿਆ ਕਦਾਪੀ ਨਹੀਂ (ਕਾਹੇ ਤੇ) ਮੇਰੇ ਸਾਥ ਮੇਰਾ ਪਰਵਰ-ਦਿਗਾਰ ਹੈ। ਇਕ ਪਲਕ ਵਿਚ ਵੋਹ ਮੁਝ ਕੋ (ਮੁਕਤੀ ਦਾ) ਮਾਰਗ ਦਿਖਾ ਦੇਵੇਗਾ ॥ ੬੨ ॥ ਫੇਰ ਅਸਾਂ ਨੇ ਮੂਸਾ ਦੀ ਤਰਫ ਵਹੀ ਭੇਜੀ ਕਿ ਆਪਣੀ ਲਾਠੀ ਦਰਿਯਾ ਉਪਰ ਧੈਂ ਕਰਕੇ ਮਾਰੋ ਗਲ ਕਾਹਦੀ (ਮੂਸਾ ਨੇ ਲਾਠੀ ਧੈਂ ਮਾਰੀ ਅਰ) ਦਰਿਯਾ ਫਟ (ਕਰ ਟੁਕੜੇ ਟੁਕੜੇ

Digitized by Panjab Digital Library | www.panjabdigilib.org

ਹੋ ) ਗਿਆ ਅਰ ਹਰ ਇਕ ਟੁਕੜਾ ਮਾਨੋਂ ਇਕ ਬੜਾ ( ਉੱਚਾ ) ਪਰਬਤ ਸੀ ॥ ੬੩ ॥ ਅਰ ਉਸ ਸਮੇਂ ਸਿਰ ਅਸੀਂ ਦੂਸਰਿਆਂ ਲੋਗਾਂ ( ਅਰਥਾਤ ਫਰਊਨ ਵਾਲਿਆਂ ) ਨੂੰ (ਭੀ) ਲੈ ਆਏ ॥ ੬੪ ॥ ਅਰ ਅਸਾਂ ਨੇ ਮੂਸਾ ਅਰ ਜੋ ਲੋਗ ਓਹਨਾਂ ਦੇ ਸੰਗੀ ਸਨ ਸੰਪੂਰਨਾਂ ਨੂੰ ਬਚਾ ਲੀਤਾ ॥ ੬੫ ॥ ਫੇਰ ਦੂਸਰਿਆਂ ( ਅਰਥਾਤ ਫਰਊਨ ਵਾਲਿਆਂ ) ਨੂੰ ਗਰਕ ਕਰ ਦਿਤਾ ॥ ੬੬ ॥ ਨਿਰਸੰਦੇਹ ਕਿ ਇਸ ( ਪ੍ਰਸੰਗ ) ਵਿਚ ( ਇਕ ਬੜੀ ) ਸੈਥਾ ਹੈ ਅਰ ਫਰਊਨ ਦਿਆਂ ਲੋਕਾਂ ਵਿਚੋਂ ਕਈ ਪ੍ਰਾਯਾ ਈਮਾਨ ਧਾਰਨੇ ਵਾਲੇ ਭੀ ਨਹੀਂ ਸਨ ॥ ੬੭ ॥ ਅਰ ( ਹੇ ਪੈਯੰਬਰ ) ਨਿਰਸੰਦੇਹ ਤੁਸਾਂ ਦਾ ਪਰਵਰਦਿਗਾਰ ਅਲਬੱਤਾ ਵਹੀ ਸ਼ਕਤੀਮਾਨ ( ਅਰ ) ਦਿਆਲੂ ਹੈ ॥ ੬੮ ॥ ਰੁਕੂਹ ॥ ੪ ॥

ਅਰ ( ਹੇ ਪੈਯੰਬਰ ) ਏਹਨਾਂ ਲੋਕਾਂ ਨੂੰ ਇਬਰਾਹੀਮ ਦੀ ਵਿਥਯਾ ਪੜ੍ਹ ਕੇ ਸੁਨਾਓ ॥ ੬੯ ॥ ਕਿ ਜਦੋਂ ਓਹਨਾਂ ਨੇ ਆਪਣੇ ਪਿਤਾ ਅਰ ਆਪਣੀ ਜਾਤੀ ( ਦੇ ਲੋਕਾਂ ਨੂੰ ) ਪੁਛਿਆ ਕਿ ( ਤੁਸੀਂ ਲੋਕ ) ਕਿਸ ਵਸਤੂ ਨੂੰ ਪੂਜਦੇ ਹੋ ॥ ੭੦ ॥ ਤਾਂ ਓਹਨਾਂ ਨੇ ਉਤਰ ਦਿਤਾ ਕਿ ਅਸੀਂ ਤਾਂ ਮੂਰਤੀਆਂ ਨੂੰ ਪੂਜਦੇ ਹਾਂ ਅਰ ਓਹਨਾਂ ਦੀ ਹੀ ਸੇਵਾ ਕਰਦੇ ਰਹਿੰਦੇ ਹਾਂ ॥ ੭੧ ॥ ( ਇਬਰਾਹੀਮ ਨੇ ) ਪੁਛਿਆ ਕਿ ( ਭਲਾ ) ਜਦ ਤੁਸੀਂ ( ਏਹਨਾਂ ਨੂੰ ਬੁਲਾਂਵਦੇ ਚਲਾਂਵਏ ਹੋ ਤਾਂ ਕੀ ਇਹ ਤੁਸਾਂ ਦੀ ( ਕੁਛ ) ਸੁਣਦੇ ਗਿਣਦੇ ਹਨ ॥ ੭੨ ॥ ਕਿੰਬਾ ਤੁਸਾਂ ਨੂੰ ਕੋਈ ਲਾਭ ਕਿੰਬਾ ਹਾਨੀ ਪਹੁੰਚਾ ਸਕਦੇ ਹਨ ? ॥ ੭੩ ॥ ਓਹਨਾਂ ਨੇ ਕਹਿਆ ( ਇਹ ਤਾਂ ) ਨਹੀਂ ਪਰੰਤੂ ਅਸਾਂ ਨੇ ਆਪਣਿਆਂ ਵਡਿਆਂ ਨੂੰ ਐਸੇ ਹੀ ਕਰਦਿਆਂ ਦੇਖਿਆ (ਹੈ) ॥ ੭੪ ॥ ( ਏਸ ਉਤੇ ਇਬਰਾਹੀਮ ਨੇ ) ਕਹਿਆ ਕਿ ਕੁਛ ਗਯਾਤ ਭੀ ਹੈ ਜਿਨਹਾਂ ਵਸਤੂਆਂ ਨੂੰ ਤੁਸੀਂ ॥ ੭੫ ॥ ਅਰ ਤੁਸਾਂ ਦੇ ਅਗਲੇ ਪਿਤਾ ਪਿਤਾਮਾ ਪੂਜਦੇ ਤੁਰੇ ਆਏ ਹਨ ॥ ੭੬ ॥ ਇਹ ਤਾਂ ਮੇਰੇ ਦੁਸ਼ਮਨ ਹਨ ਹਾਂ ( ਮੇਰਾ ਸਚਾ ਮਿਤ੍ਰ ਤੇ ) ਪਰਵਰਦਿਗਾਰ ਆਲਿਮ ( ਹੈ ) ॥ ੭੭ ॥ ਜਿਸ ਨੇ ਮੇਰੇ ਤਾਈਂ ਉਤਪਤ ਕੀਤਾ ਫੇਰ ਵਹੀ ( ਇਸ ਲੋਕ ਅਰ ਪਰਲੋਕ ਦੇ ਦੁਖੜਿਆਂ ਤੋਂ ) ਮੈਨੂੰ ਰਾਹ ਪਾਉਂਦਾ ਹੈ ॥ ੭੮ ॥ ਅਰ ਜੋ ਮੈਨੂੰ ( ਪ੍ਰਸ਼ਾਦ ) ਛਕਾਂਦਾ ਹੈ ਅਰ ( ਜੋ ) ਮੈਨੂੰ ( ਪਾਣੀ ) ਪਿਲਾਂਵਦਾ ਹੈ ॥ ੭੯ ॥ ਅਰ ਜਦੋਂ ਮੈਂ ਰੋਗੀ ਹੋ ਜਾਂਦਾ ਹਾਂ ਉਹੀ ਮੇਰੇ ਤਾਈਂ ਨਿਰੋਗਤਾ ਪਰਦਾਨ ਕਰਦਾ ਹੈ ॥ ੮੦ ॥ ਅਰ ਜੋ ਮੇਰੇ ਤਾਈਂ ਮਾਰੇਗਾ ( ਅਰ ਮਾਰਿਆਂ ਪਿਛੋਂ ) ਫੇਰ ( ਉਹੀ ) ਮੇਰੇ ਤਾਈਂ ਸੁਰਜੀਤ ਕਰੇਗਾ ॥ ੮੧ ॥ ਅਰ ( ਜੋ ਬਖਸ਼ਨੇ ਵਾਲਾ ਮੇਹਰਬਾਨ ਹੈ ਅਰ ਉਸੇ ਉਪਰ ) ਮੇਰਾ ਭਰੋਸਾ ਹੈ ਕਿ ਬਦਲੇ ਦੇ

Digitized by Panjab Digital Library | www.panjabdigilib.org

ਦਿਨ ਮੇਰੇ ਅਵਗੁਣ ਖਿਮਾ ਕਰੇਗਾ ॥ ੮੨ ॥ ਹੇ ਮੇਰੇ ਪਰਵਰਦਿਗਾਰ ਮਨੂੰ (ਦੀਨ ਦੀ) ਸਮਝ ਪਰਦਾਨ ਕਰ ਅਰ ਮੈਨੂੰ (ਆਪਣਿਆਂ) ਧਾਰਮਿਕ ਪੁਰਖਾਂ ਦੀ ਸੰਗਤ ਪਰਦਾਨ ਕਰ ॥ ੮੩ ॥ ਅਰ ਭਵਿਖਤ ਵਾਲੀਆਂ ਅੰਸਾਂ ਵਿਚ ਮੇਰਾ ਜ਼ਿਕਰ ਖੈਰ ਜਾਰੀ ਰੱਖ ॥ ੮੪ ॥ ਅਰ ਸੁਖ ਰੂਪ ਸਵਰਗ ਦਿਆਂ ਮਾਲਕਾਂ ਵਿਚੋਂ ਮੇਰੇ ਤਾਈਂ (ਭੀ ਇਕ ਮਾਲਕ) ਬਨਾ ॥ ੮੫ ॥ ਅਰ ਮੇਰੇ ਪਿਤਾ ਪਰ ਖਿਮਾ ਕਰ ਕਿ ਵੁਹ ਕੁਮਾਰਗੀਆਂ ਵਿਚੋਂ ਹਨ ॥ ੮੬ ॥ ਅਰ ਜਦੋਂ ਲੋਗ (ਦੂਜੀ ਵੇਰ ਸੁਰ-ਜੀਤ ਕਰਕੇ) ਉਠਾ ਖੜੇ ਕੀਤੇ ਜਾਵਣਗੇ ਮੇਰੇ ਤਾਈਂ ਓਸ ਦਿਨ ਰਸਵਾ ਨਾ ਕੀਜੀਓ ॥ ੮੭ ॥ ਕਿ ਓਸ ਦਿਨ ਨਾ ਮਾਲ ਹੀ ਕੰਮ ਆਵੇਗਾ ਅਰ ਨਾ ਬੇਟੇ (ਹੀ ਕੰਮ ਆਵਣਗੇ) ॥ ੮੮ ॥ ਪਰੰਤੂ (ਹਾਂ ਓਸੇ ਦੀ ਮੁਕਤਿ ਹੋਵੇਗੀ) ਜੋ ਸ਼ੁਧਚਿਤ ਹੋ ਕੇ ਅੱਲਾ ਦੇ ਪਾਸ ਹਾਜਰ ਹੋਵੇਗਾ ॥ ੮੯ ॥ ਅਰ ਸਵਰਗ ਸੰਜਮੀ ਪੁਰਖਾਂ ਦੇ ਸਮੀਪ ਲੈ ਆਂਦਾ ਜਾਵੇਗਾ ॥ ੯੦ ॥ ਅਰ ਨਰਕ ਨਿਕਾਲ ਕੇ ਕੁਮਾਰਗੀਆਂ ਦੇ ਸਨਮੁਖ ਕੀਤਾ ਜਾਵੇਗਾ ॥ ੯੧ ॥ ਅਰ ਓਹਨਾਂ ਨੂੰ ਕਹਿਆ ਜਾਵੇਗਾ ਕਿ ਖੁਦਾ ਤੋਂ ਸਿਵਾ ਜਿਨਹਾਂ ਵਸਤੂਆਂ ਨੂੰ ਤੁਸੀਂ ਪੂਜਦੇ ਸੀ (ਹੁਣ) ਓਹ ਕਿਥੇ ਹਨ ॥ ੯੨ ॥ ਕੀ ਉਹ ਤੁਸਾਂ ਦੀ ਕੋਈ ਸਹਾਇਤਾ ਕਰ ਸਕਦੇ ਕਿੰਵਾ (ਤੁਸਾਂ ਵਲੋਂ ਕੁਛ) ਬਦਲਾ ਲੈ ਸਕ ਦੇ ਹਨ ? ॥ ੯੩ ॥ ਫੇਰ ਉਹ (ਮਾਬੂਦ) ਅਰ ਕੁਮਾਰਗੀ ਲੋਗ (ਜੋ ਓਹਨਾਂ ਦੀ ਪੂਜਾ ਕਰਦੇ ਸੀ) ॥ ੯੪ ॥ ਅਰ ਸ਼ੈਤਾਨ ਦੀ ਧਾੜ ਸਾਰਿਆਂ ਦੀ ਸਾਰੀ ਮੂਧੜੇ ਮੂੰਹ ਨਰਕ ਵਿਚ ਧਕੇਲ ਦਿਤੀ ਜਾਵੇਗੀ ॥ ੯੫ ॥ (ਅਰ) ਕੁਮਾਰਗੀ ਅਰ ਓਹਨਾਂ ਦੇ ਮਾਬੂਦ ਓਥੇ (ਆਪਸ ਵਿਚ) ਬਾਦ ਬਿਬਾਦ ਕਰਨ ਲਗਣਗੇ ॥ ੯੬ ॥ ਅਰ (ਬਾਦ ਬਿਬਾਦ ਕਰਦਿਆਂ ਵੇਲੇ) ਕੁਮਾ-ਰਗੀ ਲੋਗ (ਆਪਣਿਆਂ ਮਾਬੂਦਾਂ ਨੂੰ) ਕਹਿਣਗੇ ਰਬ ਜਾਣੇ ਅਸੀਂ ਤਾਂ ਪ੍ਰਤੱਛ ਕੁਮਾਰਗੀ ਵਿਚ ਹੀ ਥੇ ॥ ੯੭ ॥ ਕਿ ਅਸੀਂ ਤੁਸਾਂ ਤਾਈਂ ਸੰਸਾਰ ਦੇ ਪਾਲਨਹਾਰੇ ਦੇ ਬਰਾਬਰ ਸਮਝਦੇ ਸਾਂ ॥ ੯੮ ॥ ਅਰ ਸਾਨੂੰ ਤਾਂ ਬਸ (ਏਹਨਾਂ ਦੂਸਰਿਆਂ) ਪਾਪੀਆਂ ਨੇ ਕੁਮਾਰਗੀ ਕੀਤਾ ॥ ੯੯ ॥ ਤਾਂ (ਹੁਣ) ਨਾਂ ਤਾਂ ਕੋਈ ਜ਼ਾਤੀ ਸਪਾਰਸ਼ ਕਰਨ ਵਾਲੇ ਹਨ ॥ ੧੦੦ ॥ ਅਰ ਨਾ ਕੋਈ ਦਿਲ ਦੀ ਲੈਣ ਦੇਣ ਵਾਲਾ ਮਿੱਤ੍ਰ ॥ ੧੦੧ ॥ ਤਾਂ (ਹਾ) ਦੈਵ (ਯਦੀ) ਸਾਨੂੰ ਫੇਰ ਲੋਟ ਕੇ (ਸੰਸਾਰ ਵਿਚ) ਜਾਣਾ ਪ੍ਰਾਪਤ ਹੋਵੇ ਤਾਂ ਅਸੀਂ ਭੀ ਈਮਾਨ ਵਾਲਿਆਂ ਵਿਚ (ਪ੍ਰਾਪਤ ਹੋ ਕੇ) ਰਹੀਏ ॥ ੧੦੨ ॥ ਨਿਰ-ਸੰਦੇਹ (ਇਬਰਾਹੀਮ ਦੀ) ਏਸ (ਵਿਥਿਆ) ਵਿਚ (ਭੀ ਇਕ ਬੜੀ) ਸਿਖਿਆ ਹੈ ਅਰ ਇਬਰਾਹੀਮ ਦੀ ਉਮਤ ਵਿਚ ਪ੍ਰਾਯਾ ਈਮਾਨ ਧਾਰਨ

Digitized by Panjab Digital Library | www.panjabdigilib.org

ਵਾਲੇ ਹੈ ਭੀ ਨਹੀਂ ਸੇ ॥ ੧੦੩ ॥ ਅਰ (ਹੇ ਪੈਯੰਬਰ) ਨਿਰਸੰਦੇਹ ਕਿ ਤੁਸਾਂ ਦਾ ਪਰਵਰਦਿਗਾਰ ਸ਼ਕਤੀਮਾਨ (ਅਰ) ਦਿਆਲੂ ਹੈ॥ ੧੦੪ ॥ ਰੁਕੂਹ ੫॥

(ਇਸੀ ਪ੍ਰਕਾਰ) ਨੂਹ ਦੀ ਜਾਤੀ ਨੇ ਪੈਯੰਬਰਾਂ ਨੂੰ ਝੁਠਿਆ-ਰਿਆ ॥ ੧੦੫ ॥ ਕਿ ਉਹਨਾਂ ਨੂੰ ਓਹਨਾਂ ਦੇ ਭਿਰਾ ਨੂਹ ਨੇ ਕਹਿਆ ਕਿ ਤੁਸੀਂ (ਲੋਗ ਖੁਦਾ ਪਾਸੋਂ) ਨਹੀਂ ਡਰਦੇ ? ॥ ੧੦੬ ॥ ਮੈਂ ਤੁਸਾਂ ਵਾਸਤੇ ਏਮਾਨਤਦਾਰ ਪੈਯੰਬਰ ਹਾਂ ॥ ੧੦੭ ॥ ਤਾਂ ਖੁਦਾ ਪਾਸੋਂ ਡਰੋ ਅਰ ਮੇਰਾ ਬਚਨ ਮੰਨੋ ॥ ੧੦੮ ॥ ਅਰ ਮੈਂ ਏਸ (ਸਮਝਾਨ) ਦਾ ਤੁਸਾਂ ਪਾਸੋਂ ਕੋਈ ਮੋਖ ਤਾਂ ਨਹੀਂ ਮੰਗਦਾ। ਮੇਰਾ ਮੋਖ ਤਾਂ ਬਸ ਸੰਸਾਰ ਦੇ ਪਾਲਨ ਹਾਰੇ ਉਪਰ ਹੈ ॥ ੧੦੯ ॥ ਤਾਂ ਖੁਦਾ ਪਾਸੋਂ ਡਰੋ ਅਰ ਮੇਰਾ ਬਚਨ ਮੰਨੋ ॥ ੧੧੦ ॥ ਉਹ ਲਗੇ ਕਹਿਣ ਕਿ ਅਸੀਂ ਤੁਸਾਂ ਦੀ ਬਾਰਤਾ ਨੂੰ ਪਰ-ਵਾਨ ਕਰ ਲਵੀਏ। ਅਰ (ਅਸੀਂ ਦੇਖਦੇ ਹਾਂ ਕਿ) ਘਟ ਦਰਜੇ ਦੇ ਲੋਗ (ਮਜ਼ਦੂਰ ਵਗੈਰਾ ਲਾਲਚ ਦੇ ਮਾਰੇ) ਤੁਸਾਂ ਦੇ ਪਿਛੇ ਲਗ ਰਹੇ ਹਨ ॥ ੧੧੧ ॥ (ਨੂਹ ਨੇ) ਕਹਿਆ ਕਿ ਜੋ (ਕਰਤਬ) ਇਹ ਲੋਗ ਕਰਦੇ ਰਹੇ ਹੋਣ ਮੈਨੂੰ ਓਸ ਦੇ ਦਰਿਯਾਫਤ ਕਰਨ ਦਾ ਕੀ ਪ੍ਰਯੋਜਨ ॥ ੧੧੨ ॥ (ਪਿਛੇ ਰਹਿਆ ਲਾਲਚ ਤਾਂ) ਏਹਨਾਂ (ਦੇ ਕਿਰਦਾਰ) ਦਾ ਹਿਸਾਬ ਤਾਂ ਬਸ ਮੇਰੇ ਪਾਲਨਹਾਰੇ ਦਾ ਹੀ ਕੰਮ ਹੈ (ਕਿ ਵਹੀ ਓਹਨਾਂ ਦੀਆਂ ਨਿਯਤਾਂ ਤੋਂ ਗਿਆਤ ਹੈ ਹਾਇ) ਦੈਵ! ਤੁਸਾਂ ਨੂੰ (ਏਤਨੀ) ਸਮਝ ਹੋ ॥ ੧੧੩ ॥

ਅਰ ਮੈਂ ਮੁਸਲਮਾਨਾਂ ਨੂੰ (ਆਪਣੇ ਥੋਂ) ਧਕੇ ਦੇਣ ਵਾਲਾ ਨਹੀਂ ਹਾਂ ॥ ੧੧੪ ॥ ਮੈਂ ਤਾਂ (ਲੋਗਾਂ ਨੂੰ) ਸਾਫ ਤੌਰ ਉਪਰ (ਖੁਦਾ ਦੇ ਕਸ਼ਟ ਤੋਂ) ਡਰਾਣੇ ਵਾਲਾ ਹਾਂ ਹੋਰ ਬਸ ॥ ੧੧੫ ॥ ਉਹ ਬੋਲੇ ਨੂਹ! ਯਦੀ ਤੂੰ (ਆਪਣੀਆਂ ਗੱਲਾਂ ਤੋਂ) ਨਾ ਰੁਕੋਗੇ ਤਾਂ ਜਰੂਰ ਪਥਰਾਓ ਕੀਤੀ ਜਾਵੇਗੀ ॥ ੧੧੬ ॥ (ਅੰਤ ਨੂੰ ਨੂਹ ਨੇ) ਦੁਆ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਮੇਰੀ ਕੋਮ ਨੇ ਮੇਰੇ ਤਾਈਂ ਝੁਠਿਆਰਿਆ ॥ ੧੧੭ ॥ ਤਾਂ (ਹੁਣ) ਮੇਰੇ ਵਿਚ ਅਰ ਓਹਨਾਂ ਲੋਕਾਂ ਵਿਚ ਇਕ ਦੋ ਟੁਕ ਫੈਸਲਾ ਕਰਦੇ। (ਅਰਥਾਤ ਏਹਨਾਂ ਉਤੇ ਵਿਪਤੀ ਪ੍ਰਾਪਤ ਕਰ) ਅਰ ਮੇਰੇ ਤਾਈਂ ਅਰ ਈਮਾਨ ਵਾਲੇ ਲੋਗ ਜੋ ਮੇਰੇ ਨਾਲ ਹਨ ਓਹਨਾਂ ਦੀ ਰਛਾ ਕਰੋ ॥ ੧੧੮ ॥

ਅਤਇਵ ਅਸਾਂ ਨੇ (ਨੂਹ) ਅਰ ਓਹਨਾਂ ਲੋਗਾਂ ਨੂੰ ਜੋ (ਖਚਾ ਖਚ) ਭਰੀ ਹੋਈ ਤਰਣੀ ਵਿਚ ਓਹਨਾਂ ਦੇ ਸੰਗੀ ਸਨ। (ਤੁਫਾਨ ਦੇ ਕਸ਼ਟ

Digitized by Panjab Digital Library | www.panjabdigilib.org

ਤੋਂ ) ਬਚਾ ਲੀਤਾ ॥ ੧੧੯ ॥ ਫੇਰ ਏਸਦੇ ਪਿਛੋਂ ਅਸਾਂ ਨੇ ਬਾਕੀ ਦਿਆਂ ਲੋਕਾਂ ਨੂੰ ਗੜੂੰਦ ਕਰ ਦਿਤਾ ॥ ੧੨੦ ॥ ਨਿਰਸੰਦੇਹ ਏਸ ( ਪਰਸੰਗ ) ਵਿਚ ( ਵੀ ) ਸਚ ਮੁਚ ( ਇਕ ) ਸਿਖਸ਼ਾ ( ਇਬਰਤ ) ਹੈ ਅਰ ਨੂਹ ਦੀ ਜਾਤੀ ਦੇ ਪ੍ਰਾਯਾ ਲੋਗ ਈਮਾਨ ਧਾਰਨ ਵਾਲੇ ਭੀ ਨਹੀਂ ਸਨ ॥ ੧੨੧ ॥ ਅਰ ( ਹੇ ਪੈਗੰਬਰ ) ਤੁਮਾਰਾ ਪਰਵਰਦਿਗਾਰ ਨਿਰਸੰਦੇਹ ਵਹੀ ਸ਼ਕਤੀ-ਮਾਨ ( ਅਰ ) ਦਿਆਲੂ ਹੈ ॥ ੧੨੨ ॥ ਰੁਕੂਹ ੬ ॥

( ਇਸੀ ਪ੍ਰਕਾਰ ) ਆਦ ( ਦੀ ਜਾਤੀ ) ਨੇ ਪੈਗੰਬਰਾਂ ਨੂੰ ਝੁਠ-ਆਰਿਆ ॥ ੧੨੩ ॥ ਕਿ ਓਹਨਾਂ ਦੇ ਭਿਰਾ ਹੂਦ ਨੇ ਓਹਨਾਂ ਨੂੰ ਕਹਿਆ ਕੀ ਤੁਸੀਂ ( ਖੁਦਾ ਤੋਂ ) ਨਹੀਂ ਡਰਦੇ ॥ ੧੨੪ ॥ ਮੈਂ ਤੁਸਾਂ ਦਾ ਅਮਾਨਤ ਵਾਲਾ ਪੈਗੰਬਰ ਹਾਂ ॥ ੧੨੫ ॥ ਤਾਂ ਖੁਦਾ ਪਾਸੋਂ ਡਰੋ ਅਰ ਮੇਰਾ ਕਹਿਆ ਮੰਨੋ ॥ ੧੨੬ ॥ ਅਰ ਮੈਂ ਏਸ ( ਸਮਝਾਣੇ ) ਦਾ ਤੁਸਾਂ ਪਾਸੋਂ ਕੋਈ ਮੋਲ ਨਹੀ ਮੰਗਦਾ । ਮੇਰਾ ਮੋਲ ਤਾਂ ਬਸ ਸੰਸਾਰ ਦੇ ਪਾਲਨਹਾਰੇ ਉਪਰ ਹੈ ॥ ੧੨੭ ॥ ਕੀ ਤੁਸੀਂ ਸੰਪੂਰਨ ਉੱਚਿਆਂ ਅਸਥਾਨਾਂ ਉਪਰ ਅਕਾਰਨ ਯਾਦ ਗਾਰਾਂ ਬਨਾਂਵਦੇ ( ਹੋ ) ॥ ੧੨੮ ॥ ਅਰ ( ਬੜੀ ਕਾਰਾਗਰੀ ਦੇ ) ਮਹੱਲ ਉਸਾਰਦੇ ਹੋ ਮਾਨੋਂ ਸਦਾ ( ਹੀ ) ਤੁਸਾਂ ( ਸੰਸਾਰ ਵਿਚ ) ਰਹਿਣਾ ਹੈ ॥ ੧੨੯ ॥ ਅਰ ਜਦੋਂ ( ਕਿਸੇ ਤੇ ) ਹਥ ਪਾਂਵਦੇ ਹੋ ਤਾਂ ( ਉਸ ਨੂੰ ) ਬੜੀ ਸਖਤੀ ਨਾਲ ਪਕੜਦੇ ਹੋ ॥ ੧੩੦ ॥ ਤਾਂ ਖੁਦਾ ਪਾਸੋਂ ਡਰੋ ਅਰ ਮੇਰਾ ਕਹਿਆ ਮੰਨੋ ॥ ੧੩੧ ॥ ਅਰ ਉਸ ( ਦੇ ਗਜ਼ਬ ) ਪਾਸੋਂ ਡਰੋ ਜਿਸ ਨੇ ਤੁਸਾਂ ਦੀ ਓਹਨਾਂ ਵਸਤੂਆਂ ਨਾਲ ਸਹਾਇਤਾ ਕੀਤੀ ਜੋ ਤੁਸਾਂ ਨੂੰ ( ਭਲੀ ਪ੍ਰਕਾਰ ) ਮਾਲੂਮ ਹਨ ॥੧੩੨॥ (ਅਰਥਾਤ)ਮਾਲ ਡੰਗਰ ਅਰ ਪੁਤ੍ਰ ॥੧੩੩॥ ਅਰ ਬਾਗ ਅਰ ਚਸ਼ਮਿਆਂ ਦਵਾਰਾ ਤੁਸਾਂ ਦੀ ਮਦਦ ਕੀਤੀ ॥ ੧੩੪ ॥ ਮੈਨੂੰ ( ਤੁਸਾਂ ਦੀ ਬਦ ਕਿਰਦਾਰੀ ਦੇ ਕਾਰਨੋਂ ) ਤੁਸਾਂ ਵਲੋਂ ਇਕ ਦਿਨ ਭਿਆਨਕ ਕਸ਼ਟ ਦੀ ( ਬੜੀ ) ਚਿੰਤਾ ਹੈ ॥ ੧੩੫ ॥ ਉਹ ਬੋਲੇ ਤੁਸੀਂ ਸਾਨੂੰ ਉਪਦੇਸ਼ ਦੇ ਕਿੰਬਾ ਨਾ ਦੇ ਸਾਨੂੰ ( ਤਾਂ ਸਭ ) ਇਕ ਸਮਾਨ ਹੈ ॥ ੧੩੬ ॥ ਇਹ ( ਕਸ਼ਟਾਂਦਾ ਡਰਾਵਾ ਜੋ ਤੁਸੀਂ ਸਾਨੂੰ ਦੇਂਦੇ ਹੋ ) ਬਸ ਅਗਲਿਆਂ ਲੋਕਾਂ ਦੀ ਇਹ ( ਸਧਾਰਨ ) ਆਦਤ ਹੈ ॥ ੧੩੭ ॥ ਅਰ ਸਾਡੇ ਉਤੇ ਕੋਈ ਆਫ਼ਤ ਨਹੀਂ ਆਵਣ ਲਗੀ ॥ ੧੩੮ ॥ ਅਤਏਵ ਆਦ ਦੀ ਜਾਤੀ ਨੇ ਹੂਦ ਨੂੰ ਝੁਠਿਆਰਿਆ ਤਾਂ ਅਸਾਂ ਨੇ ਓਹਨਾਂ ਨੂੰ ਰੁਲਾ ਕੇ ਮਾਰ ਸਿਟਿਆ ਏਸ( ਪ੍ਰਸੰਗ )ਵਿਚ(ਭੀ) ਇਕ ( ਬੜੀ ) ਸਿਖਸ਼ਾ ਹੈ ਅਰ ਹੂਦ ਦੀ ਜਾਤੀ ਵਿਚ ਪ੍ਰਾਯਾ ਈਮਾਨ ਧਾਰਨੇ ਵਾਲੇ ਥੇ ਭੀ ਨਹੀਂ ॥ ੧੩੯ ॥ ਅਰ ( ਹੇ ਪੈਗੰਬਰ ) ਤੁਮਾਰਾ ਪਰਵਰ-

Digitized by Panjab Digital Library | www.panjabdigilib.org

ਦਿਗਾਰ ਨਿਰਸੰਦੇਹ ਵਹੀ ਸ਼ਕਤੀਮਾਨ ( ਅਰ ) ਦਿਆਲੂ ਹੈ ॥ ੧੪੦ ॥ ਰੁਕੂਹ ੭ ॥

( ਇਸੀ ਤਰਹ ) ਸਮੂਦ ( ਦੀ ਜਾਤੀ ) ਨੇ ( ਭੀ ) ਪੈਯੰਬਰਾਂ ਨੂੰ ਝੁਠਿਆਰਿਆ ॥ ੧੪੧ ॥ ਕਿ ਓਹਨਾਂ ਦੇ ਭਿਰਾ ਸਾਲਿਆ ਨੇ ਓਹਨਾਂ ਨੂੰ ਕਹਿਆ ਕੀ ਤੁਸੀਂ ( ਖੁਦਾ ਪਾਸੋਂ ) ਨਹੀਂ ਡਰਦੇ ॥ ੧੪੨ ॥ ਮੈਂ ਤੁਸਾਂ ਦਾ ਅਮਾਨਤ ਦਾਰ ਪੈਯੰਬਰ ਹਾਂ ॥ ੧੪੩ ॥ ਤਾਂ ਅੱਲਾ ਪਾਸੋਂ ਡਰੋ ਅਰ ਮੇਰਾ ਕਹਿਨਾ ਮੰਨੋ ॥ ੧੪੪ ॥ ਅਰ ਮੈਂ ਏਸ ( ਸਮਝਾਣੇ ) ਪਰ ਤੁਸਾਂ ਪਾਸੋਂ ਕੋਈ ਮੋਲ ਤਾਂ ਨਹੀਂ ਮੰਗਦਾ ਸੇਰਾ ਮੋਲ ਤਾਂ ਬਸ ਸੰਸਾਰ ਦੇ ਪਾਲਨ ਹਾਰੇ ਉਪਰ ਹੈ ॥ ੧੪੫ ॥ ਕੀ ਜੋ ਵਸਤਾਂ ਏਥੇ ( ਸੰਸਾਰ ਵਿਚ ) ਹਨ ॥ ੧੪੬ ॥ ਅਰਥਾਤ ਬਾਗ ਅਰ ਚਸ਼ਮੇ ॥ ੧੪੭ ॥ ਅਰ ਖੇਤੀਆਂ ਅਰ ਖਜੂਰਾਂ ਜਿਨਹਾਂ ਦੇ ਗੁਛੇ ( ਮਾਰੇ ਭਾਰ ਦੇ ) ਟੁਟ ਰਹੇ ਹਨ ॥ ੧੪੮ ॥ ਤੁਸੀਂ ਏਹਨਾਂ ਵਿਚ ਹੀ ਬੇ ਖਟਕੇ ( ਸਦੈਵ ਵਾਸਤੇ ) ਛਡੇ ਜਾਓਗੇ ॥ ੧੪੯ ॥ ਅਰ ( ਏਸ ਖਿਆਲ ਨਾਲ ) ਪ੍ਰਸੰਨ ਹੋ ਹੋਕੇ ਪਰਬਤਾਂ ਨੂੰ ਛਿਲ ੨ ਕੇ ਘਰ ਬਣਾਂਵਦੇ ਹੋ ॥ ੧੫੦ ॥ ਤਾਂ ਖੁਦਾ ਪਾਸੋਂ ਡਰੋ ਅਰ ਮੇਰਾ ਕਹਿਆ ਮੰਨੋ ॥ ੧੫੧ ॥ ਅਰ ( ਬੰਦਗੀ ਦੀ ਸੀਮਾਂ ਤੋਂ ) ਵਧ ਜਾਵਣ ਵਾਲਿਆਂ ਦੇ ਕਹੇ ਉਤੇ ਨਾ ਜਾਣਾ ॥ ੧੫੨ ॥ ਜੋ ਦੇਸ ਵਿਚ ਫਸਾਦ ਡਾਲਦੇ ਹਨ ਅਰ ( ਖਰਾਬੀਆਂ ਦਾ ) ਸੁਧਾਰ ਨਹੀ ਕਰਦੇ ॥ ੧੫੩ ॥ ਉਹ ਬੋਲੇ ਤੁਸਾਂ ਉਪਰ ਤਾਂ ਬਸ ਕਿਸੇ ਨੇ ਟੋਣਾ ਟਾਮਣ ਕਰ ਦਿਤਾ ਹੈ ॥ ੧੫੪ ॥ ਤੁਸੀਂ ਭੀ ਤਾਂ ਸਾਡੇ ਵਰਗੇ ਮਾਨੁਖ ਹੀ ਹੋ ਹੋਰ ਬਸ ਯਦੀ ਸਚੇ ਹੋ ਤਾਂ ਕੋਈ ਚਮਤਕਾਰ ( ਮੋਜਜ਼ਾ ) ਲਿਆ ਕੇ ਦਿਖਾਓ ॥ ੧੫੫ ॥ (ਸਾਲਯਾ ਨੇ ) ਕਹਿਆ ਇਹ ਊਟਣੀ ( ਮੋਜਜਾ ) ਹੈ। ਪਾਣੀ ਪੀਣੇ ਦੀ ( ਇਕ ਦਿਨ ਦੀ ) ਵਾਰੀ ਏਸ ਦੀ ਅਰ ਇਕ ਨਿਯਮ ( ਮੁਕਰਰ) ਦਿਨ ਪੀਣ ਦੀ ਵਾਰੀ ਤੁਸਾਂ ਦੀ ॥ ੧੫੬ ॥ ਅਰ ਏਸ ਨੂੰ ਕਿਸੇ ਪ੍ਰਕਾਰ ਦਾ ਕਸ਼ਟ ਨਾ ਪਹੁੰਚਾਨਾ ਨਹੀਂ ਤਾਂ ਇਕ ਸਖਤ ਦਿਨ ਦਾ ਕਸ਼ਟ ਤੁਸਾਂ ਨੂੰ ਆ ਘੇਰੇਗਾ ॥ ੧੫੭ ॥ ਏਸ ( ਸਮਝਾਣ ) ਕਰਕੇ ( ਭੀ ) ਲੋਕਾਂ ਨੇ ਓਸ ਦੀਆਂ ਸੜਾਂ ਵੱਡ ਸਿਟੀਆਂ ਫੇਰ ( ਬਹੁਤ ਹੀ ) ਪਸ਼ੇਮਾਨ ਹੋਏ ( ਪਰੰਤੂ ਓਸ ਵੇਲੇ ਦੀ ਪਸ਼ੇਮਾਨੀ ਨਕਮੀ ਸੀ ) ॥ ੧੫੮ ॥ ਆਖਰਕਾਰ ਓਹਨਾਂ ਨੂੰ ਕਸ਼ਟ ਨੇ ਆ ਘੇਰਿਆ। ਏਸ ( ਪ੍ਰਸੰਗ ) ਵਿਚ ( ਭੀ ਇਕ ਬੜੀ ) ਸਿਖਜਾ ਹੈ। ਅਰ ਸਾਲਿਆ ਦੀ ਜਾਤੀ ਦੇ ਪ੍ਰਾਯਾ ਲੋਕ ਈਮਾਨ ਧਾਰਨ ਵਾਲੇ ਭੀ ਨਹੀਂ ( ਥੇ ) ॥ ੧੫੯ ॥ ਅਰ ( ਹੇ ਪੈਯੰਬਰ ) ਤੁਸਾਂ ਦਾ ਪਰਵਰਦਿਗਾਰ ਨਿਰਸੰਦੇਹ ਵਹੀ ਸ਼ਕਤੀਮਾਨ ( ਅਰ ) ਦਿਆਲੂ ਹੈ ॥ ੧੬੦ ॥

Digitized by Panjab Digital Library | www.panjabdigilib.org

ਰੁਕੂਹ ੮ ॥

( ਇਸੀ ਪ੍ਰਕਾਰ ) ਲੂਤ ਦੀ ਜਾਤੀ ਨੇ ( ਭੀ ) ਪੈਯੰਬਰਾਂ ਨੂੰ ਝੁਠਿਆਰਿਆ ॥ ੧੬੦ ॥ ਕਿ ਓਹਨਾਂ ਦੇ ਭਿਰਾ ਲੂਤ ਨੇ ਓਹਨਾਂ ਨੂੰ ਕਹਿਆ ਕੀ ਤੁਸੀਂ ( ਖੁਦਾ ਪਾਸੋਂ ) ਨਹੀਂ ਡਰਦੇ ॥ ੧੬੧ ॥ ਮੈਂ ਤੁਸਾਂ ਦਾ ਅਮਾਨਤਦਾਰ ਪੈਯੰਬਰ ਹਾਂ ॥ ੧੬੨ ॥ ਤਾਂ ਅੱਲਾ ਪਾਸਂ ਡਰੋ ਅਰ ਮੇਰਾ ਕਹਿਆ ਮੰਨੋ ॥ ੧੬੩ ॥ ਅਰ ਮੈਂ ਏਸ ( ਸਮਝਾਣੇ ) ਦਾ ਤੁਸਾਂ ਪਾਸੋਂ ਕੋਈ ਮੋਲ ਤਾਂ ਮੰਗਦਾ ਨਹੀਂ । ਮੇਰਾ ਮੋਲ ਤਾਂ ਬਸ ਸੰਸਾਰ ਦੇ ਪਾਲਨ-ਹਾਰੇ ਉਪਰ ਹੈ ॥ ੧੬੪ ॥ ਕੀ ਤੁਸੀਂ ਸੰਸਾਰ ਦੇ ਲੋਗਾਂ ਵਿਚੋਂ ਲੜ-ਕਿਆਂ ਉਤੇ ਡਿਗੇ ਫਿਰਦੇ ( ਹੋ ) ॥ ੧੬੫ ॥ ਅਰ ਤੁਸਾਂ ਦੇ ਪਰਵਰ-ਦਿਗਾਰ ਨੇ ਜੋ ਤੁਸਾਂ ਵਾਸਤੇ ਇਸਤ੍ਰੀਆਂ ਉਤਪਤ ਕਰ ਦਿਤੀਆਂ ਹਨ ਓਹਨਾਂ ਪਾਸੋਂ ਕੰਨੀ ਕਤਰਦੇ ਹੋ ਬਾਰਤਾ ਇਹ ਹੈ ਤੁਸੀਂ ਐਸੇ ਲੋਗ ਹੋ ਜੋ ( ਈਸ਼ਵਰੀ ) ਸੀਮਾਂ ਤੋਂ ਬਾਹਰ ਨਿਕਲ ਗਏ ਹੋ ॥ ੧੬੬ ॥ ਵੁਹ ਬੋਲੇ ਲੂਤ ! ਯਦੀ ਤੂੰ ( ਆਪਣੀਆਂ ਏਹਨਾਂ ਗਲਾਂ ਤੋਂ ) ਬਾਜ਼ ਨਾ ਆਵੇਂ ਗਾ ਤਾਂ ਸ਼ੀਘਰ ਹੀ ਤੁਸਾਂ ਨੂੰ ਕਢਕੇ ਬਾਹਰ ਕੀਤਾ ਜਾਵੇਗਾ ॥ ੧੬੭ ॥ ( ਲੂਤ ਨੇ ) ਕਹਿਆ ਮੈਂ ਤੁਸਾਂ ਦੀ ( ਏਸ ) ਕਰਤੂਤ ਤੋਂ ( ਸਖਤ ) ਘਿਰਨਾਂ ਕਰਦਾ ਹਾਂ ॥ ੧੬੮ ॥ ( ਅਰ ਸਾਥ ਹੀ ਖੁਦਾ ਅਗੇ ਬੇਨਤੀ ਕੀਤੀ ਕਿ ) ਹੇ ਮੇਰੇ ਪਰਵਰਦਿਗਾਰ ਮੈਂਨੂੰ ਅਰ ਮੇਰੇ ਘਰ ਵਾਲਿਆਂ ਨੂੰ ਏਹਨਾਂ ( ਅਪਵਿਤ੍ਰ ) ਕਰਮਾਂ ( ਦੇ ਡੰਡ ) ਤੋਂ ਜੋ ਇਹ ਲੋਗ ਕਰ ਰਹੇ ਹਨ ਮੁਕਤਿ ਦੇ ॥ ੧੬੯ ॥ ਗਲ ਕਾਹਦੀ ਅਸਾਂ ਨੇ ਲੂਤ ਨੂੰ ਅਰ ਉਸਦੇ ਘਰ ਵਾਲਿਆਂ ਨੂੰ ਸਾਰਿਆਂ ਨੂੰ ਮੁਕਤਿ ਪ੍ਰਦਾਨ ਕੀਤੀ ॥ ੧੭੦ ॥ ਪਰੰਤੂ ( ਲੂਤ ਦੀ ) ਬ੍ਰਿਧ ਇਸਤ੍ਰੀ ( ਕਿ ਉਹ ) ਪਿਛੇ ਰਹਿਣ ਵਾਲਿਆਂ ਵਿਚ ( ਮਿਲ ਕੇ ਕਸ਼ਟ ਨੂੰ ਪ੍ਰਾਪਤ ਹੋਈ ) ॥ ੧੭੧ ॥ ਫੇਰ ਅਸਾਂ ਨੇ ਬਾਕੀ ਦਿਆਂ ਲੋਕਾਂ ਨੂੰ ਰੁਲਾ ਕੇ ਮਾਰ ਸਿਟਿਆ ॥ ੧੭੨ ॥ ਅਰ ਓਹਨਾਂ ਉਤੇ ਪਥਰਾਂ ਦੀ ਬਰਖਾ ਕੀਤੀ ਸੋ ( ਕੈਸੀ ਹੀ ) ਬੁਰੀ ਪੱਥਰਾਂ ਦੀ ਮਾਰ ਸੀ ਜੋ ਏਹਨਾਂ ਲੋਗਾਂ ਉਪਰ ਬਰਸੀ। ਜਿਨਹਾਂ ਨੂੰ ( ਸਾਡੇ ਕਸ਼ਟਾਂ ਪਾਸੋਂ ) ਡਰਾਇਆ ਗਇਆ ਸੀ ( ਅਰ ਓਹਨਾਂ ਨੇ ਨਹੀਂ ਮੰਨਿਆਂ ) ॥ ੧੭੩ ॥ ਨਿਰਸੰਦੇਹ ਏਸ ( ਪ੍ਰਸੰਗ ) ਵਿਚ ( ਭੀ ਇਕ ਬੜੀ ) ਸਿਖਜਾ ਹੈ ਅਰ ਲੂਤ ਦੀ ਜਾਤੀ ਦੇ ਪ੍ਰਾਯਾ ਲੋਗ ਈਮਾਨ ਧਾਰੀ ਹੈ ਭੀ ਨਹੀਂ ( ਸਨ ) ॥ ੧੭੪ ॥ ਅਰ ( ਹੇ ਪੈਯੰਬਰ ) ਤੁਸਾਂ ਦਾ ਪਰਵਰਦਿਗਾਰ ਨਿਰਸੰਦੇਹ ਵਹੀ ਸ਼ਕਤੀ ਮਾਨ (ਅਰ) ਦਿਆਲੂ ਹੈ ॥੧੭੫॥ ਰੁਕੂਹ ੯ ॥

( ਇਸੀ ਪ੍ਰਕਾਰ ) ਜੰਗਲ ਦੇ ਰਹਿਣ ਵਾਲਿਆਂ ਨੇ ( ਭੀ ) ਪੈਯੰ-

Digitized by Panjab Digital Library | www.panjabdigilib.org

ਬਰਾਂ ਨੂੰ ਝੁਠਿਆਰਿਆ ॥ ੧੭੬ ॥ ( ਜਦੋਂ ) ਸ਼ੁਈਬ ਨੇ ਓਹਨਾਂ ਨੂੰ ਕਹਿਆ ਕੀ ਤੁਸੀਂ ( ਖੁਦਾ ਪਾਸੋਂ ) ਨਹੀਂ ਡਰਦੇ ॥ ੧੭੭ ॥ ਮੈਂ ਤੁਸਾਂ ਦਾ ਅਮਾਨਤ ਦਾਰ ਪੈਯੰਬਰ ਹਾਂ ॥ ੧੭੮ ॥ ਤਾਂ ਖੁਦਾ ਪਾਸੋਂ ਡਰੋ ਅਰ ਮੇਰਾ ਕਹਿਆ ਮੰਨੋ ॥ ੧੭੯ ॥ ਅਰ ਮੈਂ ਏਸ ( ਸਮਝਾਣੇ ) ਦਾ ਤੁਸਾਂ ਪਾਸੋਂ ਕੋਈ ਮੋਲ ਤਾਂ ਨਹੀਂ ਮੰਗਦਾ ਮੇਰਾ ਮੋਲ ਤਾਂ ਬਸ ਸੰਸਾਰ ਦੇ ਪ੍ਰਤਿਪਾਲਕ ਉਪਰ ਹੈ ॥ ੧੮੦ ॥ ( ਕੋਈ ਵਸਤੂ ਲੋਕਾਂ ਨੂੰ ਟੋਪੇ ਪੜੋਪੀ ਨਾਲ ਮਿਣਕੇ ਦਿਤਾ ਕਰੋ ਤਾਂ ) ਟੋਪਾ ਪੜੋਪੀ ਭਰ ਕੇ ਕਰੋ ॥ ਅਰ ( ਲੋਗਾਂ ਨੂੰ ) ਨੁਕਸਾਨ ਪਹੁੰਚਾਨ ਵਾਲੇ ਨਾ ਬਣੋ ॥ ੧੮੧ ॥ ਅਰ ( ਤੋਲਿਆ ਕਰੋ ਤਾਂ ) ਤੁਲਾ ( ਦੀ ਡੰਡੀ ) ਸਿਧੀ ਰਖ ਕੇ ਦਿਤਾ ਕਰੋ ॥ ੧੮੨ ॥ ਅਰ ਲੋਗਾਂ ਨੂੰ ਓਹਨਾਂ ਦੀਆਂ ਵਸਤਾਂ ( ਜੋ ਖਰੀਦਣ ) ਘੱਟ ਨਾ ਦਿਤਾ ਕਰੋ ਅਰ ਦੇਸ ਵਿਚ ਭੜਥੂ ਨਾ ਪਾਂਦੇ ਫਿਰੋ ॥ ੧੮੩ ॥ ਅਰ ਉਸ ( ਖੁਦਾ ) ਪਾਸੋਂ ਡਰਦੇ ਰਹੋ ਜਿਸਨੇ ਤੁਸਾਂ ਨੂੰ ਅਰ ਅਗਲੀ ਸ੍ਰਿਸ਼ਟੀ ਨੂੰ ਉਤਪਤ ਕੀਤਾ ॥ ੧੮੪ ॥ ਉਹ ਬੋਲੇ ਤੇਰੇ ਉਤੇ ਤਾਂ ਬਸ ਕਿਸੇ ਨੇ ਜਾਦੂ ਕਰ ਦਿਤਾ ਹੈ ॥ ੧੮੫ ॥ ਅਰ ਤੁਸੀਂ ਤਾਂ ਸਾਡੇ ਵਰਗੇ ( ਹੀ ) ਬਸ ਇਕ ਮਨੁਖ ਹੋ ਅਰ ਅਸੀਂ ਤੁਸਾਂ ਨੂੰ ਮਿਥਯਾ ਵਾਦੀ ਹੀ ਸਮਝਦੇ ਹਾਂ ॥ ੧੮੬ ॥ ਅਰ ਸਚੇ ਹੋ ਤਾਂ ਸਾਡੇ ਉਪਰ ਆਕਾਸ਼ ਵਿਚੋਂ ਢੀਮਾਂ ਦੀ ਬਰਖਾ ਕਰਾਓ ॥ ੧੮੭ ॥ ( ਸ਼ੁਈਬ ਨੇ ) ਕਹਿਆ ਜੋ ਕੁਛ ਤੁਸੀਂ ਕਰ ਰਹੇ ਹੋ ਮੇਰਾ ਪਰਵਰਦਿਗਾਰ ਉਸ ਨੂੰ ਭਲੀ ਪ੍ਰਕਾਰ ਜਾਣਦਾ ਹੈ । ( ਅਰ ਵੁਹ ਤੁਸਾਂ ਨੂੰ ਜਰੂਰ ਡੰਡ ਦੇਕੇ ਹੀ ਰਹੇਗਾ ) ॥ ੧੮੮ ॥ ਅਤਏਵ ਉਨ੍ਹਾਂ ਲੋਗਾਂ ਨੇ ਸ਼ੁਈਬ ਨੂੰ ਝੁਠਿਆਰਿਆ ਤਾਂ ਓਹਨਾਂ ਨੂੰ ਸਚ ਮੁਚ ਸਾਏਬਾਨ(ਜੈਸੇ ਬਦਲ)ਦੇ ਕਸ਼ਟ ਨੇ ਆਨ ਘੇਰਿਆ ਨਿਰਸੰਦੇਹ ਕਿ ਸਾਏਬਾਨ ਦਾ ਹੋਣਾ ਭੀ ਬੜੇ ( ਹੀ ਸਖਤ ) ਦਿਨ ਦਾ ਕਸ਼ਟ ਸੀ ॥ ੧੮੯ ॥ ਨਿਰਸੰਦੇਹ ਏਸ ( ਪ੍ਰਸੰਗ ) ਵਿਚ ( ਭੀ ) ਸਚ ਮੁਚ ( ਬੜੀ ) ਸਿਖਯਾ ਹੈ ਅਰ ਸ਼ੁਈਬ ਦੀ ਜਾਤੀ ਦੇ ਪ੍ਰਾਯਾ ਲੋਗ ਈਮਾਨ ਧਾਰਨੇ ਵਾਲੇ ਭੀ ਨਹੀਂ ਥੇ ॥ ੧੯੦ ॥ ਅਰ ( ਹੇ ਪੈਯੰਬਰ ) ਤੁਮਾਰਾ ਪਰਵਰਦਿਗਾਰ ਨਿਰਸੰਦੇਹ ਉਹੀ ਸ਼ਕਤੀਮਾਨ ( ਅਰ ) ਦਿਆਲੂ ਹੈ ॥ ੧੯੧ ॥ ਰੁਕੂਹ ੧੦ ॥

ਅਰ ( ਹੇ ਪੈਯੰਬਰ ) ਨਿਰਸੰਦੇਹ ਇਹ ( ਕੁਰਾਨ ) ਸੰਸਾਰ ਦੇ ਪਾਲਨਹਾਰੇ ਦਾ ਉਤਾਰਿਆ ਹੋਇਆ ਹੈ ॥ ੧੯੨ ॥ ਏਸ ਨੂੰ ਅਮਾਨਤ ਦਾਰ ( ਜਬਰਾਈਲ ) ਨੇ ॥੧੯੩॥ ( ਸਾਡੇ ਹੁਕਮ ਨਾਲ ) ਸਰਲ ਅਰਬੀ ਬੋਲੀ ਵਿਚ ਤੁਸਾਂ ਦੇ ਦਿਲ ਵਿਚ ਪਾ ਦਿਤਾ ਹੈ ॥ ੧੯੪ ॥ ਤਾਂ ਕੇ ਹੋਰ ਪੈਯੰਬਰਾਂ ਦੀ ਤਰਹ ਤੁਸੀਂ ( ਭੀ ਲੋਗਾਂ ਨੂੰ ਖੁਦਾਈ ਕਸ਼ਟ ਸੇ ) ਡਰਾਓ ॥ ੧੯੫ ॥ ਅਰ ਏਸ ਵਿਚ ਭ੍ਰਮ ਨਹੀਂ ਕਿ ਇਹ ( ਅਰਥਾਤ ਏਸ ਦੀ

Digitized by Panjab Digital Library | www.panjabdigilib.org

ਭਵਿਖਤ ਬਾਣੀ ) ਅਗਲਿਆਂ ਪੈਗੰਬਰਾਂ ਦੀਆਂ ਪੁਸਤਕਾਂ ਵਿਚ (ਵਿਦ-ਮਾਨ ) ਹੈ ॥ ੧੯੬ ॥ ਕੀ ਲੋਕਾਂ ਵਾਸਤੇ ਇਹ ( ਏਸ ਦੀ ਸਚਾਈ ਦੀ ) ਦਲੀਲ ਨਹੀਂ ਹੈ ਕਿ ਬਨੀ ਅਸਰਾਈਲ ਦੇ ਪੰਡਿਤ ਏਸ ( ਦੀ ਭਵਿਖਤ ਬਾਣੀ ) ਤੋਂ ਗਿਆਤ ਹਨ ॥ ੧੯੭ ॥ ਅਰ ਯਦੀ ਅਸੀਂ ਕੁਰਾਨ ਨੂੰ ਕਿਸੇ ਓਪਰੀ ਜ਼ਬਾਨ ਵਾਲੇ ਉਪਰ ( ਓਸੇ ਦੀ ਜ਼ਬਾਨ ਵਿਚ ) ਉਤਾਰਦੇ ॥ ੧੯੮ ॥ ਅਰ ਉਹ ਏਸ ਨੂੰ ਏਹਨਾਂ ( ਅਰਬ ਨਿਵਾਸੀਆਂ ) ਨੂੰ ਪੜ ਕੇ ਸੁਣਾਉਂਦਾ ਤਾਂ ਇਹ ( ਲੋਗ ਕਦੇ ਭੀ ) ਉਸ ਉਪਰ ਈਮਾਨ ਨਾ ਧਾਰਦੇ ॥ ੧੯੯ ॥ ਇਸੀ ਪ੍ਰਕਾਰ ਇਨਕਾਰ ਨੂੰ ਅਸਾਂ ਨੇ ਪਾਪੀਆਂ ਦੇ ਦਿਲਾਂ ਵਿਚ ਜਮਾ ਰਖਿਆ ਹੈ ॥ ੨੦੦ ॥ ਕਿ ਜਦੋਂ ਤਕ ਭਿਆਨਕ ਕਸ਼ਟ ਨਾ ਵੇਖ ਲੈਣ ਏਸ ਪਰ ਈਮਾਨ ਨਹੀਂ ਧਾਰਨਗੇ ॥੨੦੧॥ ਕਿ ਉਹ ( ਕਸ਼ਟ ) ਇਕੋ ਵਾਰੀ ਏਹਨਾਂ ਦੇ ਸਨਮੁਖ ਆ ਇਸ ਥਿਤ ਹੋਵੇ ਅਰ ਏਹਨਾਂ ਨੂੰ ( ਓਸਦੇ ਆਉਣ ਦੀ ਕਦਾਂਪਿ ) ਖਬਰ ਨਾ ਹੋਵੇ ॥ ੨੦੨ ॥ ਤਾਂ ਚਿਚਲਾ ਉਠਣ ਕਿ ਭਲਾ ( ਹੁਣ ਭੀ ) ਸਾਨੂੰ ਕੁਛ ਅਵਕਾਸ਼ ਮਿਲ ਸਕਦਾ ਹੈ ॥੨੦੩॥ ਕੀ ਇਹ ਲੋਕ ਸਾਡੇ ਕਸ਼ਟ ਵਾਸਤੇ ਉਤਾਵਲ ਕਰ ਰਹੇ ਹਨ ॥ ੨੦੪ ॥ ਤਾਂ ( ਹੇ ਪੈਗੰਬਰ ) ਜ਼ਰਾ ਦੇਖੋ ਤਾਂ ਸਹੀ ਕਿ ਯਦੀ ਅਸੀਂ ਏਹਨਾਂ ਨੂੰ ਥੋਹੜੇ ਬਰਸ ( ਸਾਂਸਾਰਿਕ ) ਲਾਭ ਲੈਣ ( ਭੀ ) ਦੇਈਏ ॥ ੨੦੫ ॥ ਫੇਰ ਜਿਸ ( ਕਸ਼ਟ ) ਦੀ ਏਹਨਾਂ ਨਾਲ ਪ੍ਰਤਗਯਾ ਕੀਤੀ ਜਾਂਦੀ ਹੈ ਉਹ ਏਹਨਾਂ ਦੇ ਸਨਮੁਖ ਆ ਇਸਥਿਤ ਹੋਵੇ ॥੨੦੬॥ ਤਾਂ ਉਹ ਜੋ ਓਹਨਾਂ ਨੇ ( ਸਾਂਸਾਰਿਕ ) ਲਾਭ ਲੈ ਲੀਤੇ ਹਨ ( ਹੁਣ ਏਸ ਦਸ਼ਾ ਵਿਚ ) ਏਹਨਾਂ ਦੇ ਕਿਸੇ ਕੰਮ ਆ ਸਕਦੇ ਹਨ ॥ ੨੦੭ ॥ ਅਰ ਅਸਾਂ ਨੇ ਏਸ ਦੇ ਬਿਨਾਂ ਕਿਸੇ ਨਗਰ ਨੂੰ ਹਲਾਕ ਨਹੀਂ ਕੀਤਾ ਕਿ ਖਬਰ ਦੇਣੇ ਵਾਸਤੇ ਓਹਨਾਂ ਦੇ ਪਾਸ ਡਰ ਸੁਣਾਣੇ ਵਾਲੇ ( ਪੈਗੰਬਰ ) ਆਏ ( ਅਰ ਓਹਨਾਂ ਨੇ ਨਾ ਮੰਨਿਆਂ ) ॥੨੦੮॥ ਅਰ ਅਸੀਂ ਜ਼ਾਲਮ ਨਹੀਂ ਹਾਂ ॥ ੨੦੯ ॥ ਅਰ ਏਸ ( ਕੁਰਾਨ ) ਨੂੰ ( ਜੈਸਾ ਇਹ ਲੋਕ ਖਿਆਲ ਕਰਦੇ ਹਨ ) ਸ਼ੈਤਾਨ ਲੈਕੇ ਨਹੀਂ ਉਤਰੇ ॥ ੨੧੦ ॥ ਅਰ ਨਾ ਇਹ ਕੰਮ ਓਹਨਾਂ ਦੇ ਕਰਨ ਵਾਲਾ ਹੈ ਅਰ ਨਾ ਉਹ ( ਏਸ ਨੂੰ ) ਕਰ ( ਹੀ ) ਸਕਦੇ ਹਨ ॥ ੨੧੧ ॥ ( ਪ੍ਰਤ੍ਯੁਤ ) ਉਹ ਤਾਂ (ਆਕਾਸ਼ ਬਾਣੀ ਦੇ ) ਸੁਣਨੇ ਤੋਂ ( ਹੀ ਦੂਰ ) ਦੁਰਾਡੇ ਰਖੇ ਗਏ ਹਨ । ੨੧੨ ॥ ਤਾਂ ( ਹੇ ਪੈਗੰ-ਬਰ ) ਤੁਸੀਂ ਖੁਦਾ ਦੇ ਨਾਲ ਕਿਸੇ ਦੂਸਰੇ ਮਾਬੂਦ ਨੂੰ ਨਾ ਪੁਕਾਰਨ ਲਗ ਜਾਣੀ ਨਹੀਂ ਤਾਂ ( ਹੋਰ ਭੇਦ ਵਾਦੀਆਂ ਦੀ ਤਰਹ ) ਤੁਸੀਂ ਭੀ ਕਸ਼ਟ ਵਿਚ ਅਵੇਢਿਟ ਕੀਤੇ ਜਾਓਗੇ ॥ ੨੧੩ ॥ ਅਰ ( ਵਿਸ਼ੇਖ ਕਰਕੇ ) ਆਪਣੇ

Digitized by Panjab Digital Library | www.panjabdigilib.org

ਸਮੀਪੀ ਸੰਬੰਧੀਆਂ ਨੂੰ ( ਖੁਦਾ ਦੇ ਭੈ ਤੋਂ ) ਸੁਭੀਤ ਕਰੇ ॥ ੨੧੪ ॥ ਅਰ ਜੋ ਮੁਸਲਮਾਨ ਤੁਹਾਡੇ ਪਿਛੇ ਲਗ ਤੁਰੇ ਹਨ ਓਹਨਾਂ ਦੇ ਸਾਥ ਨਿੰਮ੍ਰਤਾ (ਨਰਮੀ) ਦਾ ਵਰਤਾਓ ਕਰੋ ॥ ੨੧੫ ॥ ਬਸ ਯਦੀ ਲੋਗ ਤੁਹਾਡਾ ਕਹਿਣਾ ਨਾ ਮੰਨਣ ਤਾਂ ( ਓਹਨਾਂ ਨੂੰ ਸਾਫ ) ਕਹਿ ਦੇਵੋ ਕਿ ਮੈਂ ਤੁਸਾਂ ਦੇ ਕਰਤਬਾਂ ਤੋਂ ਅਲਗ ਹਾਂ ॥ ੨੧੬ ॥ ਅਰ ( ਹੇ ਪੈਯੰਬਰ ) ਸ਼ਕਤੀਮਾਨ ਦਿਆਲੂ ( ਖੁਦਾ ) ਉਤੇ ਭਰੋਸਾ ਰਖੋ ॥ ੨੧੭ ॥ ਕਿ ਜਦੋਂ ਤੁਸੀਂ ( ਨਮਾਜ਼ ਵਿਚ ) ਖੜੇ ਹੁੰਦੇ ਹੋ ਉਹ ਤੁਸਾਂ ਦੇ ਖੜੇ ਹੋਣ ਨੂੰ ॥ ੨੧੮ ॥ ਅਰ ਨਮਾਜ਼ੀਆਂ ( ਦੀ ਪੰਕਤੀ ) ਵਿਚ ਤੁਸਾਂ ਦਾ ਹਿਲਣੇ ਤਥਾ ਜੁਲਣੇ ਨੂੰ ਦੇਖਦਾ ਹੈ ॥ ੨੧੯ ॥ ਨਿਰਸੰਦੇਹ ਵਹੀ ( ਸੰਪੂਰਨਾਂ ਦੀ ) ਸੁਣਦਾ ਅਰ ਸਭ ਕੁਛ ਜਾਣਦਾ ਹੈ ॥ ੨੦੦ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ਕਹੋ ਕਿ ਮੈਂ ਤੁਸਾਂ ਨੂੰ ਦਸਾਂ ਕਿ ਸ਼ੈਤਾਨ ਕਿਨਹਾਂ ਉਤੇ ਉਤਰਦੇ ਹਨ ॥ ੨੨੧ ॥ ( ਹਾਂ ਤਾਂ ) ਉਤਰਦੇ ਹਨ ਅਰ ਹਰ ਝੂਠੇ ਬਦ ਕਿਰਦਾਰ ਪੁਰਖਾਂ ਉਤੇ ॥ ੨੨੨ ॥ ਕਿ ਸ਼ੈਤਾਨ ਸੁਣੀ ਸੁਣਾਈ ਬਾਰਤਾ ( ਓਹਨਾਂ ਨੂੰ ) ਦਸ ਦੇਂਦਾ ਹੈ ਅਰ ਓਹਨਾਂ ਵਿਚ ਬਹੁਤ ਸਾਰੇ ਤਾਂ ( ਨਿਰੇ ਪੁਰੇ ) ਝੂਠੇ ਹੀ ਹੁੰਦੇ ਹਨ ॥ ੨੨੩ ॥ ਅਰ ( ਜੈਸਾ ਕਿ ਕਾਫਰ ਅਨੁਮਾਨ ਕਰਦੇ ਹਨ ਪੈਯੰਬਰ ਕਵੀਸ਼ਰ ਭੀ ਨਹੀਂ ਕਾਹੇ ਤੇ ) ਕਵੀਸ਼ਰ ( ਖੁਦ ਕੁਮਾਰਗੀ ਹੁੰਦੇ ਹਨ ਅਰ ਕੁਮਾਰਗਤਾ ਦੀ ਹੀ ਸਿਖਯਾ ਦੇਂਦੇ ਹਨ ਅਰ ) ਓਹਨਾਂ ਦੀ ਪੈਰਵੀ ( ਭੀ ) ਕੁਮਾਰਗੀ ( ਹੀ ) ਕਰਦੇ ਹਨ ॥ ੨੨੪ ॥ ( ਹੇ ਸਰੋਤਾ ) ਕੀ ਤੂਨੇ ਏਸ ਬਾਰਤਾ ਉਪਰ ਦ੍ਰਿਸ਼ਟੀ ਨਹੀਂ ਦਿਤੀ ਕਿ ਏਹ ( ਕਵੀਸ਼ਰ ਲੋਗ ਮਨ ਘੜੰਤੂ ਗਲਾਂ ਦੇ ) ਹਰ ਇਕ ਮੈਦਾਨ ਵਿਚ ਸਿਰ ਗਰਦਾਨ ਪਏ ਫਿਰਦੇ ਹਨ ॥ ੨੨੫ ॥ ਅਰ ਐਸੀਆਂ ਬਾਰਤਾਂ ਕਰਦੇ ਹਨ ਜੋ ਆਪ ਨਹੀਂ ( ਧਾਰਨ ) ਕਰਦੇ ॥ ੨੨੬ ॥ ਪਰੰਤੂ ( ਹਾਂ ) ਜੋ ਲੋਗ ਈਮਾਨ ਧਾਰ ਬੈਠੇ ਅਰ ਓਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ ਅਰ ( ਆਪਣੀ ਕਵਿਤਾ ਵਿਚ ) ਪ੍ਰਾਯਾ ਖੁਦਾ ਦਾ ਹੀ ਵਰਨਣ ਕੀਤਾ (ਅਰ ਕਿਸੇ ਦੀ ਨਿੰਦਾ ਭੀ ਕੀਤੀ ਤਾਂ ਪਹਿਲੋਂ ਆਪ ) ਓਹਨਾਂ ਉਤੇ ਜ਼ੁਲਮ ( ਭੀ ) ਹੋ ਗਿਆ ਹੈ ਓਸ ਦੇ ਪਸਚਾਤ ਓਹਨਾਂ ਨੇ (ਯਥਾ ਯੋਗ) ਬਦਲਾ ਲੀਤਾ ( ਤਾਂ ਐਸੀ ਕਵਤਾ ਦਾ ਕੋਈ ਦੋਖ ਨਹੀਂ ) ਅਰ ਜਿਨਹਾਂ ਨੇ ਲੋਗਾਂ ਉਪਰ ਜ਼ੁਲਮ( ਭੀ ) ਕੀਤੇ ਹੈਂ( ਯਥਾ ਨਿਰਾਪਰਾਧ ਕਿਸੇ ਦੀ ਨਿੰਦਾ ਕੀਤੀ ) ਓਹਨਾਂ ਨੂੰ ( ਮਰਨ ਦੇ ਪਿਛੋਂ ) ਨੇੜੇ ਹੀ ਪ੍ਰਤੀਤ ਹੋ ਜਾਏਗਾ ਕਿ ਕੈਸੀ ਜਗਹਾਂ ਓਹਨਾਂ ਨੇ ਲੋਟ ਕੇ ਜਾਣਾ ਹੈ ॥ ੨੨੭ ॥ ਰੁਕੂਹ ੧੧ ॥

Digitized by Panjab Digital Library | www.panjabdigilib.org

# ਸੂਰਤ ਨਮਲ ਮੱਕੇ ਵਿਚ ਉਤਰੀ ਅਰ ਏਸ ਦੀਆਂ ਤ੍ਰਿਆਨਵੇਂ ਆਇਤਾਂ ਅਰ ਸਤ ਰੁਕੂਹ ਹਨ।

( ਪ੍ਰਾਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ (ਅਰ) ਕਿਰ-ਪਾਲੂ (ਹੈ) ਤਾ–ਸਾ ਇਹ ਕੁਰਾਨ ਦੀ ( ਸੂਰਤ) ਅਰਥਾਤ ਉਸ ਪੁਸਤਕ ਦੀਆਂ ਕੁਝ ਆਇਤਾਂ ਹਨ ਜੋ ( ਬਹੁਤ ) ਸੁਖੇਨ ਹਨ ॥ ੧ ॥ ਅਰ ( ਬਹੁਤ ਸੁਖੇਨ ਹੋਣ ਤੋਂ ਵਖਰਾ ) ਈਮਾਨ ਵਾਲਿਆਂ ਵਾਸਤੇ ਸਿਖਿਆ ਅਰ ਖੁਸ਼ਖਬਰੀ ( ਭੀ ) ਹੈ ॥ ੨ ॥ ਜੋ ਨਮਾਜ ਪੜ੍ਹਦੇ ਅਰ ਜਕਾਤ ਦੇਂਦੇ ਅਰ ਓਹ ਪ੍ਰਲੈ ਦੇ ਦਿਨ ਦਾ ਭੀ ਨਿਸਚਾ ਰਖਦੇ ਹਨ ॥ ੩ ॥ ਜੋ ਲੋਕ ਪ੍ਰਲੈ ਦੇ ਦਿਨ ਦਾ ਨਿਸਚਾ ਨਹੀਂ ਰਖਦੇ ਅਸਾਂ ਨੇ ਓਹਨਾਂ ਦੇ ਕਰਤਬ ਓਹਨਾਂ ਨੂੰ ਉਮਦਾ ਕਰ ਦਿਖਾਏ ਹਨ । ਤਾਂ ਇਹ ਲੋਕ ਭੰਭਲ ਭੂਸੇ ਖਾਂਦੇ ਫਿਰਦੇ ਹਨ ॥ ੪ ॥ ਯਹੀ ਲੋਕ ਹਨ ਜਿਨਹਾਂ ਨੂੰ ਬੁਰੀ ਰੀਤੀ ਦਾ ਕਸ਼ਟ ਹੋਣਾ ਹੈ ਅਰ ਯਹੀ ਲੋਕ ਹਨ ਜੋ ਪ੍ਰਲੈ ਦੇ ਦਿਨ ( ਸਾਰਿਆਂ ਨਾਲੋਂ ) ਵਧ ਕੇ ਨੁਕਸਾਨ ਵਿਚ ਰਹਿਣਗੇ ॥ ੫ ॥

ਅਰ ( ਹੇ ਪੈਗੰਬਰ ) ਤੁਸਾਂ ਨੂੰ ਤਾਂ ਕੁਰਾਨ ( ਖੁਦਾਏ ) ਦਾਨਾ ( ਅਰ ) ਗਿਆਤਾ ਦੀ ਤਰਫੋਂ ( ਦਿਲ ਵਿਚ ) ਦਸਿਆ ਜਾਂਦਾ ਹੈ ॥ ੬ । ( ਤਾਂ ਲੋਗਾਂ ਨੂੰ ਇਹ ਪ੍ਰਸੰਗ ਯਾਦ ਕਰਾਓ ) ਜਦੋਂ ਕਿ ਮੂਸਾ ਨੇ ਆਪਣੇ ਘਰ ਵਾਲਿਆਂ ਨੂੰ ਕਿਹਾ ਕਿ ਮੈਨੂੰ ਤਾਂ ਅਗ ( ਜੈਸੀ ) ਦਿਖਾਈ ਦਿਤੀ ਹੈ । ਜ਼ਰਾ ( ਠਹਿਰੋ ਤਾਂ ) ਮੈਂ ਓਥੋਂ ਤੁਸਾਂ ਪਾਸ ( ਰਸਤੇ ਦੀ ) ਕੋਈ ਖਬਰ ਲੈ ਆਵਾਂ । ਜੇ ( ਹੋ ਸਕੇ ਤਾਂ ) ਧੁਖਦਾ ਹੋਇਆ ਇਕ ਅੰਗਾਰਾ ਤੁਸਾਂ ਦੇ ਪਾਸ ਲੈ ਆਵਾਂ ਤਾਂ ਕਿ ਤੁਸੀਂ ਸੇਕੋ ॥ ੭ ॥ ਫੇਰ ਜਦੋਂ ਮੂਸਾ ( ਅਗਨੀ ) ਦੇ ਪਾਸ ਆਇ ਤਾਂ ਉਸ ਨੂੰ ਆਵਾਜ ਆਈ ਕਿ ਮੁਬਾਰਕ ਹੈ ਵੁਹ ( ਰੂਪ ) ਜੋ ( ਏਸ ਪ੍ਰਕਾਸ਼ ਰੂਪ ) ਅਗਨੀ ਵਿਚੋਂ ( ਪ੍ਰਕਾਸ਼ਮਾਨ ) ਅਰ ( ਮੁਬਾਰਕ ਹਨ ) ਉਹ ਜੋ ਇਸ ( ਅਗਨੀ ) ਦੇ ਇਰਦ ਗਿਰਦ ਹਨ । ਅਰ ਅੱਲਾ ਸੰਸਾਰਾਂ ਦੇ ਪਾਲਨਹਾਰਾ ਪਵਿਤ੍ਰ ( ਰੂਪ ) ਹੈ ॥ ੮ ॥ ਮੂਸਾ ! ਇਹ ਤਾਂ ਅਸੀਂ ਅੱਲਾ ਹਾਂ ਸ਼ਕਤੀਮਾਨ ਯੁਕਤੀ ਵਾਲੇ ॥ ੯ ॥ ਅਰ ( ਹਾਂ ) ਆਪਣੀ ਲਾਠੀ ( ਹੇਠਾਂ ) ਰਖਦੇ ਤਾਂ ਜਦੋਂ ( ਮੂਸਾ ਨੇ ) ਦੇਖਿਆ ਕਿ ਲਾਠੀ ( ਇਸ ਪ੍ਰਕਾਰ ) ਚਲ ਰਹੀ ਹੈ ਮਾਨੋ ਉਹ ( ਸਜੀਵ ) ਸਰਪ ਹੈ ਤਾਂ ਪਿਠ ਫੇਰ ਕੇ ਭੱਜੇ ਅਰ ਪਿਛੇ ( ਮੁੜ ਕੇ ਭੀ ) ਨਾ ਦੇਖਿਆ ( ਅਸਾਂ ਨੇ ਆਗਿਆ ਕੀਤੀ ) ਮੂਸਾ ! ਸਭੇ ਨਾ ਹੋ ਸਾਡੇ ਸਨਮੁਖ ( ਪ੍ਰਾਪਤ ਹੋ ਕੇ ) ਪੈਗੰਬਰ ( ਸ਼ਾਂਤ ਮੈ ਹੋ ਜਾਂਦੇ ਹਨ ) ਡਰਿਆ ਨਹੀਂ ਕਰਦੇ ॥ ੧੦ ॥

Digitized by Panjab Digital Library | www.panjabdigilib.org

ਪਰੰਤੂ ( ਹਾਂ ) ਜਿਸ ਪਾਸੋਂ ਕੋਈ ਕਸੂਰ ਹੋ ਜਾਵੇ ਫੇਰ ( ਉਸ ) ਕਸੂਰ ਦੇ ਪਿਛੋਂ ਉਸ ਦੇ ਬਦਲੇ ਭਲਾਈ ਕਰਨ ਲਗਣ ਤਾਂ ਅਸੀਂ ਬਖਸ਼ਨੇ ਵਾਲੇ ਮੇਹਰਬਾਨ ਹਾਂ ॥ ੧੧ ॥ ਅਰ ਆਪਣਾ ਹਥ ਆਪਣੇ ਗਲਮੇ ਵਿਚ ਪਾ ਲਵੋ ( ਅਰ ਫੇਰ ਨਿਕਾਲੋ ) ਤਾਂ ਵੁਹ ( ਭਲਾ ਚੰਗਾ ) ਨੀਰੋਗ ਚਿਟਾ ( ਦੁਧ ਵਰਗਾ ) ਨਿਕਲੇਗਾ । ( ਇਹ ਦੋ ਮੋਜਜ਼ੇ ਓਹਨਾਂ ) ਨਵਾਂ ਮੋਜਜ਼ਿਆਂ ਵਿਚੋਂ ( ਹਨ ਜਿਨਹਾਂ ਦੇ ਨਾਲ ਤੁਸਾਂ ਨੂੰ ) ਫਰਾਊਨ ਅਰ ਉਸ ਦੀ ਜਾਤੀ ਦੀ ਤਰਫ ( ਭੇਜਣਾ ਹੈ ਕਾਹੇ ਤੇ ) ਵੁਹ ਨਾ ਫਰਮਾਨ ਲੋਗ ਹਨ ॥ ੧੨ ॥ ਤਾਂ ਜਦੋਂ ਓਹਨਾਂ ਦੇ ਪਾਸ ਸਾਡੇ ਚਮਿਤਕਾਰ ( ਮੋਜਜ਼ੇ ) ਆਏ ਅਖੀਆਂ ਖੋਹਲ ਦੇਣ ਵਾਲੇ ਤਾਂ ਲਗੇ ਆਖਣ ਇਹ ਤਾਂ ਪ੍ਰਤੱਖ ਜਾਦੂ ਹੈ ॥ ੧੩॥ ਅਰ ਹਾਲਾਂ ਕਿ ਓਹਨਾਂ ਦੇ ਦਿਲ ਓਹਨਾਂ ਦਿਆਂ ( ਮੋਜਜ਼ਿਆਂ ) ਦਾ ਨਿਸਚਾ ਕਰ ਬੈਠੇ ਸਨ । ( ਪਰੰਤੂ ) ਓਹਨਾਂ ਨੇ ਹਿਕ ਦੇ ਜੋਰ ਅਰ ਸ਼ੇਖੀ ਨਾਲ ਓਹਨਾਂ ਨੂੰ ਨਾ ਮੰਨਿਆਂ ਤਾਂ ( ਹੇ ਪੈਯੰਬਰ ) ਦੇਖੋ ! ਫਸਾਦੀਆਂ ਦਾ ਕੈਸਾ ( ਬੁਰਾ ) ਅੰਜਾਮ ਹੋਇਆ ॥ ੧੪ ॥ ਰੁਕੂਹ ੧ ॥

ਅਰ ਅਸਾਂ ਨੇ ਦਾਊਦ ਤਥਾ ਸੁਲੇਮਾਨ ਨੂੰ ( ਵਿਯਵਹਾਰ ਪਰਿਮਾਰਥ ਦੀ ) ਵਿਦਯਾ ਪ੍ਰਦਾਨ ਕੀਤੀ ਅਰ ਉਹ ਦੋਨੋਂ ( ਪਰਸੰਨ ਹੋ ਕੇ ) ਲਗੇ ਕਹਿਣ ਕਿ ਧੰਨਯਵਾਦ ਹੈ ਖੁਦਾ ਦਾ ਜਿਸਨੇ ਸਾਨੂੰ ਆਪਣੇ ਬਹੁਤ ਸਾਰੇ ਈਮਾਨ ਵਾਲਿਆਂ ਬੰਦਿਆਂ ਉਤੇ ਵਡਿਆਈ ਦਿਤੀ ਹੈ ॥ ੧੫ ॥ ਅਰ ਸੁਲੇਮਾਨ ਦਾਊਦ ਦੇ ਜਾ ਨਸ਼ੀਨ ਹੋਇ ਅਰ ਕਹਿਆ ਲੋਗੋ ਸਾਨੂੰ ( ਖੁਦਾ ਦੀ ਤਰਫੋਂ ) ਜਾਨਵਰਾਂ ਦੀ ਬੋਲੀ ( ਭੀ ) ਸਿਖਾਈ ਗਈ ਹੈ ਅਰ ਸਾਨੂੰ ਹਰ ਪ੍ਰਕਾਰ ਦੇ ਸਾਜੋ ਸਾਮਾਨ ਪਰਦਾਨ ਹੋਏ ਹਨ ਨਿਰਸੰਦੇਹ ਇਹ ( ਖੁਦਾ ਦੀ ) ਪਰਤੱਛ ਕਿਰਪਾ ਹੈ ॥ ੧੬ ॥ ਅਰ ਸੁਲੇਮਾਨ ਦੇ ( ਜਿਤਨੇ ) ਲਸ਼ਕਰ ਜਿਨ੍ਹਾਂ ਤੇ ਆਦਮੀਆਂ ਤੇ ਪੰਛੀਆਂ ਦੇ ( ਸਨ ) ਓਹਨਾਂ ( ਦੇ ਵੇਖਣ ) ਵਾਸਤੇ ਜਮਾਂ ਕੀਤੇ ਗਏ ਅਰ ਉਹ ਕਤਾਰਾਂ ਦੀ ਕਤਾਰ ਓਹਨਾਂ ਦੇ ਸਨਮੁਖ ਖੜੇ ਕੀਤੇ ਜਾਂਦੇ ਸਨ ॥ ੧੭ ॥ ( ਅਤਏਵ ਏਸ ਤਰਤੀਬ ਨਾਲ ਲਸ਼ਕਰ ਏਕ ਪਾਸੇ ਨੂੰ ਰਵਾਨਾ ਹੋਇਆ ) ਏਥੋਂ ਤਕ ਕਿ ਜਦੋਂ ਕੀੜੀਆਂ ਦੇ ( ਇਕ ) ਮੈਦਾਨ ਵਿਚ ਪਹੁੰਚੇ ਤਾਂ ਇਕ ਕੀੜੇ ਨੇ ਕਹਿਆ ਕੀ ਕੀੜੀਓ! ( ਆਪੋ ) ਆਪਣੀਆਂ ਖੋਣਾਂ ਵਿਚ ਵੜ ਜਾਓ ਐਸਾ ਨਾ ਹੋਵੇ ਕਿ ਸੁਲੇਮਾਨ ਅਰ ਸੁਲੇਮਾਨ ਦਾ ਲਸ਼ਕਰ ਤੁਸਾਂ ਨੂੰ ਲਿਤਾੜ ਜਾਵੇ ਅਰ ਓਹਨਾਂ ਨੂੰ ( ਇਸ ਬਾਤ ਦੀ ) ਖਬਰ ਭੀ ਨਾਂ ਹੋਵੇ ॥ ੧੮ ॥ ਕੀੜੀ ਦੀ ( ਏਸ ) ਬਾਰਤਾ ਤੋਂ ਸੁਲੇਮਾਨ ਹੱਸਿਆ ਅਰ ਮੁਸਕਰਾਇਆ ਅਰ ਲਗੇ ਕਹਿਣ ਕਿ ਹੇ ਮੇਰੇ ਪਰਵਰਦਿਗਾਰ ਮੈਨੂੰ ਸਮਰਥ ਦੇ ਕਿ ਜੈਸੇ ਜੈਸੇ

Digitized by Panjab Digital Library | www.panjabdigilib.org

ਉਪਕਾਰ ਤੂੰਨੇ ਮੇਰੇ ਉਪਰ ਅਰ ਮੇਰੇ ਮਾਤਾ ਪਿਤਾ ਉਤੇ ਕੀਤੇ ਹਨ ਤੇਰੇ ਓਹਨਾਂ ਉਪਕਾਰਾਂ ਦਾ ਧੰਨ ਜਵਾਦ ਕਰਾਂ ਅਰ ( ਜੀਵਣ ਪ੍ਰਯੰਤ ) ਐਸੇ ਸ਼ੁਭ ਕਰਮ ਕਰਦਾ ਰਹਾਂ ਜਿਨਹਾਂ ਨੂੰ ਤੂੰ ਪਸੰਦ ਕਰੇਂ ( ਅਰ ਅੰਤ ਨੂੰ ਮਰਿਆਂ ਪਿਛੋਂ ) ਤੂੰ ਮੈਨੂੰ ਆਪਣੀ ਕਿਰਪਾ ਦਵਾਰਾ ਆਪਣਿਆਂ ਭਲਿਆਂ ਪੁਰਖਾਂ ਵਿਚ ( ਲੈਜਾਕੇ ) ਪ੍ਰਾਪਤ ਕਰ ॥ ੧੯ ॥ ਅਰ ਸੁਲੇਮਾਨ ਨੇ ਪਰਿੰਦਿਆਂ ਦੀ ਹਾਜਰੀ ਲੈਕੇ ਕਹਿਆ ਕੀ ਬਾਤ ਹੈ ਕਿ ਸਾਨੂੰ ਚਕੀ ਰਾਹ ਨਹੀਂ ਦਿਸਦਾ । ( ਕੀ ਬਹੁਤ ਪਰਿੰਦੇ ਹੋਣੇ ਤੇ ਸਾਨੂੰ ਨਹੀਂ ਦਿਸਦਾ ) ਕਿੰਬਾ ( ਅਸਲ ਵਿਚ ) ਨਹੀਂ ਆਇਆ ॥ ੨੦ ॥ ( ਯਦੀ ਨਹੀਂ ਆ-ਇਆ ਤਾਂ ) ਅਸੀਂ ਉਸ ਨੂੰ ਜਰੂਰ ਹੀ ਸਖਤ ਸਜਾ ਦੇਵਾਂਗੇ ਕਿੰਬਾ ਉਸ ਨੂੰ ਹਲਾਲ ਹੀ ਕਰ ਸਿਟਾਂਗੇ ਕਿੰਬਾ ਉਹ ਸਾਡੇ ਸਨਮੁਖ ( ਆਪਣੇ ਨਾ ਆਉਣ ਦਾ ) ਕੋਈ ਕਾਰਣ ਦਸੇ । ( ਜਿਸ ਕਰਕੇ ) ਪ੍ਰਗਟ ( ਹੋਵੇ ਕਿ ਵੁਹ ਨਿਰਾਪਰਾਧ ਹੈ ) ॥ ੨੧ ॥ ਫੇਰ ਥੋਹੜੇ ਚਿਰ ਪਿਛੋਂ ਚਕੀ ਰਾਹ ਆ ਪ੍ਰਾਪਤ ਹੋਇਆ ਅਰ ਲਗਾ ਕਹਿਣ ਕਿ ਮੈਨੂੰ ਇਕ ਐਸਾ ਬ੍ਰਿਤਾਂਤ ਪਰਤੀਤ ਹੋਇਆ ਹੈ ਜੋ ( ਹੁਣ ਤਕ ) ਆਪ ਨੂੰ ਨਹੀਂ ਪ੍ਰਤੀਤ ਹੋਇਆ ਅਰ ਮੈਂ ਆਪ ਅਗੇ ਸਬਾ ( ਨਾਮੇ ਸ਼ਹਿਰ ) ਦੀ ਇਕ ਪੱਕੀ ਖਬਰ ਲੈ ਕੇ ਹਾਜਰ ਹੋਇਆ ਹਾਂ ॥ ੨੨ ॥ ਮੈਂ ਇਕ ਇਸਤ੍ਰੀ ਨੂੰ ਦੇਖਿਆ ਕਿ ਉਹ ਓਥੋਂ ਦੇ ਲੋਕਾਂ ਦੀ ਰਾਣੀ ਹੈ ( ਅਰ ਓਹਨਾਂ ਉਪਰ ਹੁਕਮ ਕਰ ਰਹੀ ਹੈ ) ਅਰ ਸਰਬ ਪ੍ਰਕਾਰ ਦੇ ( ਰਾਜ ) ਪ੍ਰਬੰਧ ਓਸੇ ਦੇ ਪਾਸ ਮੌਜੂਦ ਹਨ ਅਰ ਉਸਦੇ ਪਾਸ ਓਥੇ ( ਇਕ ਬਹੁਤ ) ਥੜਾ ਤਖਤ ( ਭੀ ) ਹੈ ॥ ੨੩ ॥ ਮੈਂ ਰਾਣੀ ਅਰ ਓਸ ਦੇ ਲੋਗਾਂ ਨੂੰ ਦੇਖਿਆ ਕਿ ਖੁਦਾ ਨੂੰ ਛਡ ਕੇ ਸੂਰਜ ਨੂੰ ਮਥਾ ਟੇਕਦੇ ਹਨ ਅਰੇ ਸ਼ੈਤਾਨ ਨੇ ਓਹਨਾਂ ਦੇ ਕਰਤਬਾਂ ਨੂੰ ਓਹਨਾਂ ਨੂੰ ਚੰਗਿਆਂ ਕਰ ਦਿਖਾਇਆ ਅਰ ਓਹਨਾਂ ਨੂੰ ਸਚੇ ਮਾਰਗੋਂ ਰੋਕ ਦਿਤਾ ਤਾਂ ਓਹਨਾਂ ਨੂੰ ( ਏਤਨੀ ਬਾਤ ਭੀ ) ਨਹੀਂ ਸੁਝਦੀ ॥ ੨੪ ॥ ਕਿ ਖੁਦਾ ਦੇ ਅਗੇ ਹੀ ( ਕਿਉਂ ) ਨਾ ਮਥਾ ਟੇਕੀਏ ਜੋ ਪ੍ਰਿਥਵੀ ਆਕਾਸ ਦੀਆਂ ਗੁਪਤ ਵਸਤਾਂ ਨੂੰ ਪ੍ਰਗਟ ਕਰਦਾ ਹੈ ਅਰ ਜੋ ਕਾਰਜ ਤੁਸੀਂ ਲੋਗ ਗੁਪਤ ਕਰੋ ਕਿੰਬਾ ਪ੍ਰਗਟ ਕਰੋ ਸੰਪੂਰਨਾਂ ਤੋਂ ਗਿਆਤ ਹੈ ॥ ੨੫ ॥ ਅੱਲਾ ( ਉਹ ਪਵਿਤ੍ਰ ਸਰੂਪ ਹੈ ਕਿ ) ਓਸ ਦੇ ਸਿਵਾ ਕੋਈ ਮਾਬੂਦ ਨਹੀਂ ( ਅਰ ) ਓਹੀ ਅਰਸ਼ ਉਚੇ ( ਦੇ ਤਖਤ ) ਦਾ ਮਾਲਿਕ ਹੈ ॥ ੨੬ ॥ ( ਸੁਲੇਮਾਨ ਨੇ ) ਕਹਿਆ ( ਭਲਾ ਚੰਗਾ ) ਅਸੀਂ ਹੁਣੇ ਹੀ ਦੇਖ ਲੈਂਦੇ ਹਾਂ ਕਿ ਤੂੰ ਸਚ ਕਹਿੰਦਾ ਹੈਂ ਕਿੰਬਾ ਝੂਠ ਕਹਿੰਦਾ ਹੈਂ ॥ ੨੭ ॥ ਇਹ ਸਾਡੀ ਲਿਖਤ ਲੈ ਕੇ ਜਾ ਅਰ ਉਸ ਨੂੰ ਓਹਨਾਂ ਦੇ ਪਾਸੇ ਸਿਟਦੇ ਫੇਰ ਓਹਨਾਂ ਕੋਲੋਂ ਅਲਗ ਹੋ ਜਾਈਂ ਫੇਰ ਦੇਖਦਾ

Digitized by Panjab Digital Library | www.panjabdigilib.org

ਰਹੀਂ ਕਿ ਵੁਹ ਲੋਗ ਕੀ ਉੱਤਰ ਦੇਂਦੇ ਹਨ ॥ ੨੮ ॥ (ਅਤਏਵ ਚਕੀਰਾਹ ਨੇ ਸੁਲੇਮਾਨ ਦਾ ਫਰਮਾਨ ਮਲਕਾਂ ਨੂੰ ਪਹੁੰਚਾ ਦਿਤਾ ਉਹ ਉਸ ਨੂੰ ਦੇਖ ਕੇ) ਬੋਲੀ ਕਿ ਹੇ ਸਭਾਸਦੋ ! ( ਇਹ ) ਇਕ ਫਰਮਾਨ ਆਦਰਯੋਗ ( ਵਾਜਬੁਲ-ਅਹਿਤਰਾਮ ) ਸਾਡੇ ਵਲ ਭੇਜਿਆ ਗਿਆ ਹੈ ॥ ੨੯ ॥ ਇਹ ਸੁਲੇਮਾਨ ਵਲੋਂ ਹੈ ਅਰ ਇਹ ( ਅਰਥਾਤ ਇਸ ਦੀ ਇਬਾਰਤ ਇਸ ਪ੍ਰਕਾਰ ਹੈ ਕਿ ਸਿਰਨਾਵਾਂ ਓਸ ਦਾ ) ਬਿਸਮਿਲਾ ਅਰਰਹਿਮਾਨ ਅਰਰਹੀਮ ਹੈ ॥ ੩੦ ॥ ( ਅਰ ਬਿਸਮਿਲਾ ਦੇ ਪਿਛੋਂ ) ਇਹ ਕਿ ਸਾਡੇ ਤੋਂ ਬੇ ਮੁਖ ਨਾ ਹਵੋ ਅਰ ਫਰਮਾ ਬਰਦਾਰ ਬਨ ਕੇ ਸਾਡੇ ਸਨਮੁਖ ਆ ਪ੍ਰਾਪਤ ਹੋਵੋ ॥ ੩੧ ॥ ਰੁਕੂਹ ੨ ॥

( ਸਭਾ ਦੀ ਰਾਣੀ ਸੁਲੇਮਾਨ ਦੀ ਆਗਿਯਾ ਸੁਨਾਣੇ ਤੋਂ ਪਿਛੋਂ) ਬੋਲੀ ਕਿ ਹੇ ਸਭਾ ਸਦੋ ਸਾਡੇ ( ਏਸ ) ਮੁਆਮਲੇ ਵਿਚ ਸਾਡੇ ਅਗੇ ਆ-ਪਣੀ ਰਾਇ ਵਰਣਨ ਕਰੋ ( ਸਾਡੇ ਸਦਾ ਹੀ ਇਹ ਬਰਤਾਓ ਰਹਿਆ ਹੈ ਕਿ ) ਉਤਨਾ ਚਿਰ ਜਿਤਨਾ ਚਿਰ ਤੁਸੀਂ ਸਾਡੇ ਸਨਮੁਖ ਵਿਦਮਾਨ ਨਾ ਹੋ ਅਸੀਂ ਕਿਸੇ ਪ੍ਰਕਾਰ ਉਕਾ ਹੁਕਮ ਨਹੀਂ ਦਿਤਾ ਕਰਦੇ ॥ ੩੨ ॥ ( ਦਰ-ਬਾਰੀਆਂ ਨੇ ) ਬੇਨਤੀ ਕੀਤੀ ਕਿ ਅਸੀਂ ( ਬੜੇ ) ਜੋਰਾਵਰ ਅਰ ਬੜੇ ਲੜਾਕੇ ਜਵਾਨ ਹਾਂ ਅਰ ( ਅਗੇ ) ਸਰਕਾਰ ਨੂੰ ਅਖਤਿਆਰ ਹੈ ਜੈਸੀ ਆਪ ਆਗਿਆ ਦੇਵੇ ਓਸ ( ਦੀ ਨੇਕੀ ਬਦੀ ) ਨੂੰ ( ਭਲੀ ਰੀਤੀ ) ਨਾਲ ਦੇਖ ਲੀਜੀਏ ॥ ੩੩ ॥ ( ਉਹ ) ਬੋਲੀ ਬਾਦਸ਼ਾਹ ਜਦੋਂ (ਹਿਕ ਦੇ ਜ਼ੋਰ ਨਾਲ ) ਕਿਸੇ ਸ਼ਹਿਰ ( ਨੂੰ ਜਿਤ ਕੇ ਓਸ ) ਵਿਚ ਦਾਖਲ ਹੁੰਦੇ ਹਨ ਤਾਂ ( ਓਹਨਾਂ ਦਾ ਦਸਤੂਰ ਹੈ ਕਿ ) ਉਸ ਨੂੰ ਖਰਾਬ ਅਰ ਓਥੋਂ ਦਿਆਂ ਪ੍ਰਧਾਨ ਪੁਰਖਾਂ ਨੂੰ ਬੇਇਜ਼ਤ ਕਰ ਦੇਂਦੇ ਹਨ ਅਰ ( ਅਸਲ ਵਿਚ ਭੀ ) ਏਸ ਤਰਹਾਂ ਕੀਤਾ ਕਰਦੇ ਹਨ ॥ ੩੪ ॥ ਅਰ ਅਸੀਂ ( ਏਲਚੀਆਂ ਦੇ ਹਥ ) ਓਹਨਾਂ ਦੀ ਤਰਫ ਤੋਫੇ ( ਸੁਗਾਤਾਂ ) ਭੇਜ ਕੇ ਦੇਖਦੇ ਹਾਂ ਕਿ ਏਲਚੀ ਕੀ ( ਉੱਤਰ ਪ੍ਰਸ਼ਨ ) ਲੈ ਆਉਂਦੇ ਹਨ ॥ ੩੫ ॥ ਫਿਰ ਜਦੋਂ ( ਏਲਚੀਆਂ ਦਾ ਟੋਲਾ ਤੋਫੇ ਤਹਾਇਫ ਲੈ ਕੇ ) ਸੁਲੇਮਾਨ ਦੇ ਸਨਮੁਖ ਹਾਜਰ ਹੋਇਆ ਤਾਂ ( ਸੁਲੇਮਾਨ ਨੇ ) ਕਿਹਾ ਕੀ ਤੁਸੀਂ ਮਾਲ ਦਵਾਰਾ ਸਾਡੀ ਮਦਦ ਕੀਤੀ ਚਾਹੁੰਦੇ ਹੋ ਸੋ ਜੋ ਕੁਛ ਸਾਨੂੰ ਖੁਦਾ ਨੇ ਦੇ ਰਖਿਆ ਹੈ ਉਹ ਉਸ ਨਾਲੋਂ ਜੋ ਤੁਸਾਂ ਨੇ ਦੇ ਰਖਿਆ ਹੈ (ਕਈ ਗੁਣਾ) ਉੱਤਮ ਹੈ ਸੋ ਕੁਛ ਤੁਸੀਂ ਹੀ ਆਪਣੇ ਤੋਹਫੇ ਨਾਲ ਖੁਸ਼ ਹੋਂਦੇ ਹੋਵੋਗੇ ॥ ੩੬ ॥ ( ਤਾਂ ਹੇ ਏਲਚੀਆਂ ਦੇ ਸਰਦਾਰ ਜਿਨਹਾਂ ਨੇ ਤੁਸਾਂ ਨੂੰ ਭੇਜਿਆ ਹੈ ) ਓਹਨਾਂ ਦੇ ਪਾਸ ( ਹੀ ਫੇਰ ) ਲੋਟ ਜਾਓ ਅਰ ( ਹਣ ਅਸੀਂ ) ਐਸੇ ਲਸ਼ਕਰ ਨੂੰ ਲੈ ਕੇ ਓਹਨਾਂ ਤੇ ਝੜਾਈ ਕਰਾਂਗੇ

Digitized by Panjab Digital Library | www.panjabdigilib.org

ਜਿਸਦਾ ਉਨਹਾਂ ਪਾਸੋਂ ਸਾਹਮਣਾ ਹੀ ਨਾ ਹੋ ਸਕੇਗਾ ਅਰ ਅਸੀਂ ਓਹਨਾਂ ਨੂੰ ਉਥੋਂ ਜ਼ਲੀਲ ਤਥਾ ਖੁਆਰ ( ਕਰਕੇ ) ਬਾਹਿਰ ਨਿਕਾਲ ਦੇਈਏ ਤਾਂ ਠੀਕ ਹੈ ॥ ੩੭ ॥ ( ਇਤਨੇ ਚਿਰ ਨੂੰ ਸੁਲੇਮਾਨ ਨੇ ) ਕਹਿਆ ਹੇ ਸਭਾਸਦੋ ਕੋਈ ਤੁਸਾਂ ਵਿਚੋਂ ਐਸਾ ਭੀ ਹੈ ਕਿ ਇਸ ਬਾਰਤਾ ਤੋਂ ਪ੍ਰਥਮ ਕਿ ਇਹ ਲੋਗ ਆਗਿਆਕਾਰੀ ਹੋ ਕੇ ਸਾਡੇ ਸਨਮੁਖ ਆ ਹਾਜਰ ਹੋਣ ਰਾਣੀ ਦੇ ਤਖਤ ਨੂੰ ਸਾਡੇ ਸਨਮੁਖ ਲਿਆ ਹਾਜਰ ਕਰੇ ॥ ੩੮ ॥ (ਇਸ ਗਲ ਨੂੰ ਸੁਣ ਕੇ ) ਜਿੰਨਾਂ ਦੀ ਕਿਸਮ ਵਿਚੋਂ ਇਕ ਦਿਓ ਬੋਲ ਉਠਿਆ ਕਿ ਆਪ ਦੀ ਸਭਾ ਉਠਾਓਣ ਤੋਂ ਪਹਿਲੋਂ ( ੨ ) ਮੈਂ ਤਖਤ ਨੂੰ ਹਜੂਰ ਦੇ ਸਨਮੁਖ ਲਿਆ ਹਾਜਰ ਕਰਾਂਗਾ ਅਰ ਮੈਂ ਇਸ ( ਮੁਹਿੰਮ ਦੇ ਵਿਜੇ ਕਰਨੇ ) ਦਾ ਬਲ ( ਭੀ ) ਰਖਦਾ ( ਹਾਂ ਅਰ ) ਅਮਾਨਤਦਾਰ (ਭੀ) ਹਾਂ ॥ ੩੯ ॥ (ਇਕ ਪੁਰਖ) ਜਿਸ ਨੂੰ ਕਿਤਾਬੀ ਵਿਦਿਆ ਸੀ ਬੋਲ ਉਠਿਆ ਕਿ ਆਪ ਦੀ ਅਖ ਝਮਕਨ ਤੋਂ ਪਹਿਲੇ ੨ ਮੈਂ ਤਖਤ ਨੂੰ ਲਿਆ ਹਾਜਰ ਕਰਾਂਗਾ ਤਾਂ ਜਦੋਂ ( ਸੁਲੈ-ਮਾਨ ਨੇ ) ਤਖਤ ਨੂੰ ਆਪਣੇ ਪਾਸ ਮੌਜੂਦ ਪਾਇਆ ਤਾਂ ਬੋਲ ਉਠਿਆ ਕਿ ਇਹ ਭੀ ਮੇਰੇ ਪਰਵਰਦਿਗਾਰ ਦਾ ਉਪਕਾਰ ਹੈ ਤਾ ਕਿ ਮੇਰੀ ਪ੍ਰੀਛਾ ਕਰੇ ਕਿ ਆਇਆ ਮੈਂ ( ਉਸ ਦਾ ) ਧੰਨਵਾਦ ਕਰਦਾ ਹਾਂ ਕਿੰਵਾ ਕ੍ਰਿਤਘਨ ਹੁੰਦਾ ਹੈ ਅਰ ( ਜੋ ) ਕੋਈ ਧੰਨਵਾਦ ਕਰਦਾ ਹੈ ਤਾਂ ਉਹ ਆਪਣੇ ( ਭਲੇ ) ਵਾਸਤੇ ਕਰਦਾ ਹੈ ਅਰ ( ਜੋ ) ਕੋਈ ਕ੍ਰਿਤਘਨਤਾਈ ਕਰਦਾ ਹੈ ਤਾਂ ਮੇਰਾ ਪਰਵਰਦਿਗਾਰ ( ਓਸਦੇ ਧਨਜਵਾਦ ਨਾਲੋਂ ) ਬੇ ਪਰਵਾਹ ( ਅਰ ਬੜਾ ) ਸਖੀ ਹੈ ॥ ੪੦ ॥ ( ਕਿ ਕ੍ਰਿਤਘਨਾਂ ਨੂੰ ਭੀ ਦਿੰਦਾ ਹੈ ਸੁਲੇਮਾਨ ਨੇ ) ਹੁਕਮ ਦਿਤਾ ਕਿ ਰਾਣੀ (ਦੀ ਬੁਧੀ ਦੀ ਪ੍ਰੀਛਾ) ਵਾਸਤੇ ਉਸਦੇ ਤਖਤ ਦੀ ਸੂਰਤ ਬਦਲ ਦੇਵੇ ਤਾ ਕਿ ਅਸੀਂ ਦੇਖੀਏ ਕਿ ( ਅੰਤ ਨੂੰ ਈਮਾਨ ਦੇ ਸਰਲ ) ਮਾਰਗ ਉਤੇ ਆਉਂਦੀ ਹੈ ਕਿੰਬਾ ਓਹਨਾਂ ਹੀ ਲੋਗਾਂ ਵਿਚ ਰਹਿੰਦੀ ਹੈ ਜੋ ( ਕਿਸੇ ਰੀਤੀ ਨਾਲ ) ਸਰਲ ਮਾਰਗ ਉਤੇ ਨਹੀਂ ਆਉਂਦੇ॥ ੪੧ ॥ ਫਿਰ ਜਦੋਂ ( ਬਿਲਕੀਸ ਸੁਲੇਮਾਨ ਦੇ ਸਨਮੁਖ ) ਹਾਜਰ ਹੋਈ ਤਾਂ ( ਓਸ ਪਾਸੋਂ ) ਪੁਛਿਆ ਗਿਆ ਕਿ ਕੀ ਆਪ ਦਾ ਤਖਤ ਵੀ ਐਸਾ ਹੀ ਹੈ ? ਉਹ ਬੋਲੀ ਇਹ ਤਾਂ ਮਾਨੋਂ (ਸਚ ਮੁਚ) ਉਹੀ ਹੈ ਅਰ ( ਫੇਰ ਸੁਲੇਮਾਨ ਨਾਲ ਮੁਖਾਤਿਬ ਹੋ ਕੇ ਬੋਲੀ ਕਿ ) ਸਾਨੂੰ ਤਾਂ ਇਸ ( ਪ੍ਰਸੰਗ ) ਤੋਂ ਪ੍ਰਥਮ ਹੀ ( ਆਪ ਦਾ ਖੁਦਾ ਦਾ ਪਿਅਰਾ ਹੋਣਾ ) ਮਾਲੂਮ ਹੋ ਗਿਆ ਸੀ ਅਰ ਅਸੀਂ ( ਤਾਂ ਹੀ ਆਪ ਨੂੰ ) ਮੰਨ ਗਏ ਸਾਂ ॥ ੪੨ ॥ ਅਰ ( ਅਸਲ ਵਿਚ ) ਉਹ ਜੋ ਖੁਦਾ ਤੋਂ ਸਿਵਾ ( ਸੂਰਜ ) ਦੀ ਪੂਜਾ ਕਰਦੇ ਸੀ ਓਸੇ ਨੇ ( ਹੁਣ ਤਕ ) ਏਸ ਨੂੰ (ਸੁਲੇਮਾਨ ਦੇ ਪਾਸ ਆਉਣ ਥੀਂ ) ਰੋਕ ਭੀ ਰਖਿਆ ਕਾਹੇ ਤੇ ਉਹ

Digitized by Panjab Digital Library | www.panjabdigilib.org

ਕਾਫਰ ਲੋਗਾਂ ਵਿਚੋਂ ਸੀ ॥ ੪੩ ॥ (ਫਿਰ) ਓਸ ਨੂੰ ਕਹਿਆ ਗਿਆ ਕਿ ਆਪ ਮਹਿਲ ਮੇਂ ਪਧਾਰੀਏ ਤਾਂ ਜਦੋਂ ਉਸ ਨੇ ਮਹਿਲ ( ਵਿਚ ਸ਼ੀਸ਼ਿਆਂ ਦੇ ਫਰਸ਼) ਨੂੰ ਦੇਖਿਆ ਤਾਂ ਉਸ ਨੂੰ ਪਾਣੀ ਸਮਝਿਆ ਅਰ ( ਓਥੋਂ ਲੰਘਣ ਵਾਸਤੇ ਇਸ ਰੀਤੀ ਨਾਲ ਪਾਓਂਚੇ ਟੰਗੇ ) ਆਪ-ਣੀਆਂ ਦੋਨੋਂ ਪਿੰਨੀਆਂ ਨੰਗੀਆਂ ਕਰ ਦਿਤੀਆਂ ! ( ਸੁਲੇਮਾਨ ਨੇ ) ਕਹਿਆ ਇਹ ਤਾਂ ( ਸ਼ੀਸ਼ ) ਮਹੱਲ ਹੈ ਜਿਸ ( ਦੇ ਫਰਸ਼ ) ਵਿਚ (ਵੀ) ਸ਼ੀਸ਼ੇ ( ਹੀ ) ਜੜੇ ਹੋਏ ਹਨ ( ਤਾਂ ਉਸ ਨੂੰ ਆਪਣੀ ਭੁਲਣਾ ਤਥਾ ਬੇ ਵਸੀ ਦਾ ਗਿਆਨ ਹੋਇਆ ਅਰ ) ਲਗੀ ( ਖੁਦਾ ਦੇ ਦਰਬਾਰ ਵਿਚ ) ਬੇਨੰਤੀ ਕਰਨ ਕਿ ਹੇ ਮੇਰੇ ਪਰਵਰਦਿਗਾਰ ( ਮੈਂ ਜੋ ਏਤਨੇ ਦਿਨ ਸੂਰਜ ਦੀ ਪੂਜਾ ਕਰਦੀ ਰਹੀ ਏਸ ਨਾਲ ) ਮੈਂ ਆਪਣਾ ਨੁਕਸਾਨ ਕੀਤਾ ਅਰ ਹੁਣ ਮੈਂ ਸੁਲੇਮਾਨ ਦੇ ਨਾਲ ਹੋ ਕੇ ਸਰਵ ਜਹਾਨਾਂ ਦੇ ਪਾਲਨ ਹਾਰੇ ਪਰ ਈਮਾਨ ਧਾਰਿਆ ॥ ੪੪ ॥ ਰੁਕੂਹ ੩ ॥

ਅਰ ਅਸਾਂ ਨੇ ਹੀ ਸਮੂਦ ( ਦੀ ਜਾਤੀ ) ਵਲ ਓਹਨਾਂ ਦੇ ਭਿਰਾ ਸਾਲ਼ਿਆ ਨੂੰ ( ਪੈਗੰਬਰ ਬਨਾ ਕੇ ) ਭੇਜਿਆ ਸੀ ਕਿ ( ਲੋਗੋ ) ਖੁਦਾ ਦੀ ਪੂਜਾ ਕਰੋ ਤਾਂ ਸਾਲ਼ਿਆ ਦੇ ਆਂਉਂਦਿਆ ਹੀ ਉਹ ਲੋਗ ( ਮੋਮਨ ਅਰ ਮੁਨਕਰ ) ਦੋ ਟੋਲੇ ਹੋ ਗਏ ( ਅਰ ) ਲਗੇ ਆਪਸ ਵਿਚ ਝਗੜਾ ਕਰਨ ॥ ੪੫ ॥ ( ਸਾਲ਼ਿਆ ਨੇ ) ਕਹਿਆ ਭਿਰਾਓ ! ਭੁਲਾਈ ਨਾਲੋਂ ਪਹਿਲੇ ਬੁਰਾਈ ਦੀ ਕਿਉਂ ਜਲਦੀ ਮਚਾਉਂਦੇ ਹੋ । ਅੱਲਾ ਦੀ ਜਨਾਬ ਵਿਚ ਤੋਬਾ ਅਰ ) ਬਖਸ਼ਸ ਕਿਉਂ ਨਹੀ ਮੰਗਦੇ ਕਿੰਬਾ ਤੁਸਾਂ ਉਤੇ ਰਹਿਮ ਕੀਤਾ ਜਾਵੇ ॥ ੪੬ ॥ ਉਹ ਬੋਲੇ ( ਸਾਲਯਾ ) ! ਅਸਾਂ ਨੇ ਤੈਨੂੰ ਅਰ ਓਹਨਾਂ ਲੋਗਾਂ ਨੂੰ ਜੋ ਤੇਰੇ ਸਾਥੀ ਹਨ ਬੜਾ ਹੀ ਮਨਹੂਸ ਪਾਇਆ ਹੈ ( ਸਾਲ਼ਯਾ ) ਨੇ ਕਹਿਆ ਤੁਸਾਂ ਦੀ ਨਹੂਸਤ ( ਸਭ ) ਖੁਦਾ ਦੇ ਪਾਸਿਓਂ ਹੈ ( ਅਰ ਏਸ ਵਿਚ ਸਾਨੂੰ ਦਖਲ ਨਹੀਂ ) ਪ੍ਰਤੁਜਤ ( ਬਾਤ ਇਹ ਹੈ ਕਿ ) ਤੁਸੀਂ ( ਕੁਛ ਐਸੇ ਢਿਲਮਢਿਲੇ ਯਕੀਨ ) ਲੋਗ ਹੋ ( ਕਿ ਸੁਖੈਨ ਹੀ ਸ਼ੈਤਾਨ ਦੇ ) ਫੰਦੇ ਵਿਚ ਆ ਜਾਂਦੇ ਹੋ ॥ ੪੭ ॥ ਅਰ ਸ਼ਹਿਰ ਵਿਚ ਨੌ ਆਦਮੀ ਸੇ ਜੋ ਦੇਸ ਵਿਚ ਫਸਾਦ ਕਰਦੇ ਅਰ ( ਕਿਸੇ ਪ੍ਰਕਾਰ ਭੀ ) ਸੁਧਾਰ ਵਲ ਧਿਆਨ ਨਹੀਂ ਕਰਦੇ (ਸੇ ) ॥ ੪੮ ॥ ਓਹਨਾਂ ਨੇ (ਇਕ ਦੂਸਰੇ ਨੂੰ) ਕਹਿਆ ਕਿ (ਆਓ ਜੀ) ਆਪਸ ਵਿਚ ਖੁਦਾ ਦੀ ਸੌਗੰਧ ਖਾਈਏ ਕਿ ਅਸੀਂ ਜਰੂਰ ਸਾਲਯਾ ਨੂੰ ਅਰ ਓਸ ਦੇ ਘਰ ਵਾਲਿਆਂ ਨੂੰ ਰਾਤ੍ਰੀ ਸਮੇਂ ਜਾ ਮਾਰਾਂਗੇ ਫੇਰ ( ਸਾਡੇ ਪਾਸੋਂ ਪੁਛਣ ਦਾ ਸਮਾਂ ਆਵੇਗਾ ਤਾਂ ) ਅਸੀਂ ਓਸ ਦੇ ਵਾਰਸਾਂ ਨੂੰ ਕਹਿ ਦੇਵਾਂਗੇ ਕਿ ਸਾਲਿਆ ਦੇ ਘਰ ਵਾਲਿਆਂ ਦੇ ਮਾਰੇ ਜਾਣੇ ਦੇ ਵੇਲੇ ਅਸੀਂ ਤਾਂ ਪਾਸ

Digitized by Panjab Digital Library | www.panjabdigilib.org

(ਹੀ) ਨਹੀਂ ਸੇ ਅਰ ਅਸੀਂ ਸਮੁਚਾ ਸਚ ਕਹਿੰਦੇ ਹਾਂ ॥ ੪੯ ॥ਅਤ-ਏਵ ਉਹ ਇਕ ਦਾਉ ਚਲੇ ਅਰ ਅਸੀਂ ਭੀ ਇਕ ਦਾਉ ਚਲੇ ਅਰ (ਸਾਡੇ ਦਾਉ ਦੀ) ਓਹਨਾਂ ਨੂੰ ਖਬਰ ਭੀ ਨਾ ਹੋਈ ॥ ੫੦॥ ਤਾਂ (ਹੇ ਪੈਯੰਬਰ) ਦੇਖੋ ਖਾਂ ਓਹਨਾਂ ਦੇ ਦਾਉ ਦਾ ਕੈਸਾ ਬੁਰਾ ਫਲ ਹੋਇਆ ਕਿ ਅਸਾਂ ਨੇ ਓਹਨਾਂ ਨੂੰ ਅਰ ਉਨਹਾਂ ਦੀ ਜਾਤੀ ਨੂੰ ਸਭਨਾਂ ਨੂੰ ਹੀ ਤਾਂ ਰੁਲਾ ਕੇ ਮਾਰਿਆ ॥ ੫੧ ॥ ਹੁਣੇ ਇਹ ਓਹਨਾਂ ਦੇ ਘਰ ਹਨ ਕਿ ਓਹਨਾਂ ਦੀ ਨਾ ਫਰਮਾਨੀ ਦੇ ਕਾਰਣ (ਓਹਨਾਂ ਉਤੇ ਕਸ਼ਟ ਆਇਆ ਅਰ ਉਹ ਘਰ) ਖਾਲੀ ਪਏ (ਭਾਂ ਭਾਂ ਕਰਦੇ) ਹਨ। ਏਸ (ਪ੍ਰਸੰਗ) ਵਿਚ ਓਹਨਾਂ ਲੋਕਾਂ ਵਾਸਤੇ ਜੋ ਜਾਣਦੇ (ਅਰ ਬੁਝਦੇ) ਹਨ (ਬੜੀ ਭਾਰੀ) ਸਿਖਿਆ ਹੈ ॥ ੫੨ ॥ ਅਰ ਜੋ ਲੋਗ ਈਮਾਨ ਧਾਰ ਬੈਠੇ ਅਰ ਖੁਦਾ ਪਾਸੋਂ ਡਰਦੇ ਰਹਿੰਦੇ ਸੇ ਓਹਨਾਂ ਨੂੰ ਅਸਾਂ ਨੇ ਬਚਾ ਲੀਤਾ ॥ ੫੩ ॥ ਅਰ (ਹੇ ਪੈਯੰਬਰ) ਲੂਤ (ਦਾ ਪ੍ਰਸੰਗ ਭੀ ਲੋਗਾਂ ਨੂੰ ਯਾਦ ਕਰਾਓ) ਕਿ ਜਦੋਂ ਓਹਨਾਂ ਨੇ ਆਪਣੀ ਜਾਤੀ ਨੂੰ ਕਹਿਆ ਕਿ ਤੁਸੀਂ ਬੇ ਹਯਾਈ (ਦੇ ਕੰਮ) ਕਰਦੇ ਹੋ ਅਰ (ਗਜ਼ਬ ਇਹ ਹੈ ਕਿ ਛਿਪਾਂਦੇ ਭੀ ਨਹੀਂ ਪ੍ਰਤ੍ਯੁਤ ਇਕ ਦੂਸਰੇ ਨੂੰ) ਦੇਖਦੇ (ਭੀ ਜਾਂਦੇ ਹੋ) ॥ ੫੪ ॥ ਕੀ ਤੁਸੀਂ ਔਰਤਾਂ ਨੂੰ ਛਡਕੇ ਕਾਮਚੇਸ਼ਟਾ ਦੇ (ਕਲਪਨਾ) ਨਾਲ ਲੜਕਿਆਂ ਉਤੇ ਪਏ ਡਿਗਦੇ ਹੋ ਗਲ ਇਹ ਹੈ ਕਿ ਤੁਸੀਂ (ਬੜੇ) ਬੇ ਸਮਝ ਲੋਗ ਹੋ ॥ ੫੫ ॥ ਤਾਂ ਲੂਤ ਦੀ ਜਾਤੀ ਦਾ ਏਸ ਦੇ ਸਿਵਾ ਹੋਰ ਕੋਈ ਜਵਾਬ ਨਹੀਂ ਸੀ ਕਿ ਓਹ ਲਗੇ ਆਖਣ ਕਿ ਲੂਤ ਦੇ ਖਾਨ ਦਾਨ ਨੂੰ ਆਪ ਪਿੰਡੋਂ ਬਾਹਰ ਕੱਢ ਸਿਟੋ (ਕਾਹੇ ਤੇ) ਇਹ ਲੋਕ ਬੜੇ ਸ਼ੁਧ ਪਵਿੱਤਰ ਬਣਨ ਦੀ ਇਛਾ ਕਰਦੇ ਹਨ ॥ ੫੬ ॥ ਤਾਂ ਅਸਾਂ ਨੇ ਲੂਤ ਨੂੰ ਅਰ ਓਸ ਦੇ ਖਾਨ ਦਾਨ ਦਿਆਂ ਲੋਕਾਂ ਨੂੰ (ਅਜ਼ਾਬ ਤੋਂ) ਬਚਾ ਲੀਤਾ ਪਰੰਤੂ ਓਸ ਦੀ ਇਸਤ੍ਰੀ ਜਿਸ ਦੇ ਭਾਗਾਂ ਵਿਚ ਅਸੀਂ ਲਿਖ ਚੁਕੇ ਸਾਂ ਕਿ ਉਹ (ਭੀ) ਪਿਛੇ ਰਹਿਣ ਵਾਲਿਆਂ ਵਿਚ ਹੋਵੇਗੀ ॥ ੫੭ ॥ (ਅਰ ਲੂਤ ਦੇ ਪਿਛੇ ਬਾਕੀ ਜੋ ਲੋਕ ਰਹਿ ਗਏ) ਓਹਨਾਂ ਉਤੇ ਅਸਾਂ ਨੇ ਪਾਖਾਣਾ ਦੀ ਬਰਖਾ ਕੀਤੀ ਤਾਂ (ਕੈਸੀ ਹੀ) ਬੁਰੀ ਓਹਨਾਂ ਲੋਗਾਂ ਉਤੇ ਪਾਖਾਣ ਬਰਖਾ ਕੀਤੀ ਜੋ (ਸਾਡੇ ਕਸ਼ਟ ਤੋਂ) ਸਭੈ ਕੀਤੇ ਗਏ ਸੇ ॥ ੫੮ ॥ ਰੁਕੂਹ ॥ ੪ ॥

(ਹੇ ਪੈਯੰਬਰ) ਕਹੋ ਕਿ (ਨਾ ਫਰਮਾਨਾ ਦੇ ਹਿਲਾਕ ਹੋਣੇ ਉਪਰ) ਖੁਦਾ ਦਾ ਧੰਨਯਬਾਦ ਹੈ ਅਰ (ਓਹਨਾਂ) ਖੁਦਾ ਦਿਆਂ (ਪਿਆਰਿਆਂ) ਬੰਦਿਆਂ ਨੂੰ ਸਲਾਮ ਹੈ ਜਿਨਹਾਂ ਨੂੰ ਓਸ ਨੇ ਚੁਣ ਲੀਤਾ ਭਲਾ (ਕੁਦਰਤ ਅਰ ਕਦਰ ਦਾਨੀ ਦੇ ਇਤਬਾਰ ਨਾਲ) ਅੱਲਾ ਬੇਹਤਰ ਹੈ ਕਿੰਬਾ ਵੁਹ (ਵਸਤਾਂ) ਜਿਨਹਾਂ ਨੂੰ ਇਹ ਲੋਕ (ਖੁਦਾ ਦੇ) ਸਜਾਤੀ ਨਿਯਤ ਕਰਦੇ

Digitized by Panjab Digital Library | www.panjabdigilib.org

ਹਨ ॥ ਪ੯ ॥ *ਭਲਾ ਅਕਾਸ਼ ( ਪ੍ਰਿਥਵੀ ) ਨੂੰ ਕਿਸ ਨੇ ਉਤਪਨ ਕੀਤਾ ਅਰ ਅਕਾਸ ਵਿਚੋਂ ਤੁਸਾਂ ਲੋਗਾਂ ਵਾਸਤੇ ( ਕਿਸ ਨੇ ) ਬਰਖਾ ਕੀਤੀ ( ਅਸਾਂ ਨੇ ਹੀ ਕੀਤੀ ) ਫੇਰ ਪਾਣੀ ਦੇ ਵਸੀਲੇ ਨਾਲ ਅਸਾਂ ਨੇ ( ਹੀ ) ਸੁੰਦਰ ਬਾਗ ਉਤਪੰਨ ਕੀਤੇ ( ਲੋਗੋ ! ) ਤੁਸਾਂ ਦੇ ਵਸ ਵਿਚ ਤਾਂ ਇਹ ਬਾਤ ਨਹੀਂ ਸੀ ਕਿ ਤੁਸੀਂ ਓਹਨਾਂ ਦਿਆਂ ਬੂਟਿਆਂ ਨੂੰ ਉਗਾ ਸਕੋ ਕੀ ਖੁਦਾ ਦੇ ਸਾਥ ( ਕੋਈ ਔਰ ) ਮਾਬੂਦ ( ਭੀ ) ਹੈ ? ( ਨਹੀਂ ) ਪਰੰਤੂ ਯਹੀ ( ਬੇ ਸਮਝ) ਲੋਗ ਹਨ ਕਿ ( ਨਾਹੱਕ ) ਬੇਮੁਖਤਾਈ ਕਰਦੇ ਹਨ ॥ ੬੦ ॥ ਭਲਾ ਕਿਸ ਨੇ ਪ੍ਰਿਥਵੀ ਨੂੰ ( ਆਦਮੀ ਅਰ ਜਾਨਵਰਾਂ ਦੇ ) ਇਸਥਿਤ ਹੋਣੇ ਦੀ ਜਗਹਾਂ ਬਨਾਇਆ ॥ ਅਰ ਉਸ ਦੇ ਵਿਚ ੨ ਨਦੀਆਂ ਨਾਲੇ ਬਨਾਏ ਅਰ ਉਸ ਦੇ ( ਇਕ ਖਾਸ ਤਰੀਕੇ ਉਤੇ ਰਖਣ ) ਵਾਸਤੇ ਅਟਲ ਪਰਬਤ ਬਨਾਏ ਅਰ ( ਮਧੁਰ ਤਥਾ ਖਜਾਰ ) ਦੋ ਸਮੁੰਦਰ ਵਿਭੇਦ ਵਾਸਤੇ ਸੀਮਾਂ ਨਿਰਮਾਣ ਕੀਤੀ ( ਕਿ ਇਕ ਦੂਸਰੇ ਨਾਲ ਮਿਲ ਜੁਲ ਨਾ ਜਾਣ ) ਕੀ ਅੱਲਾ ਦੇ ਸਾਥ ( ਕੋਈ ਔਰ ) ਮਾਬੂਦ ( ਭੀ ) ਹੈ ? ( ਨਹੀਂ ) ਪਰੰਤੂ ਏਹਨਾਂ ਲੋਗਾਂ ਵਿਚ ਪ੍ਰਾਯਾ ( ਏਤਨੀ ਮੋਟੀ ਬਾਰਤਾ ਭੀ ) ਨਹੀਂ ਜਾਣਦੇ ॥ ੬੧ ॥ ਭਲਾ ਕੌਣ ਹੈ ਕਿ ਜਦੋਂ ਕੋਈ ਪੁਰਖ ( ਖਿਨ ਮਨ ਹੋਕੇ ) ਓਸ ਅਗੇ ਫਰਯਾਦ ਕਰੇ ਉਹ ਓਸ ਖਿਨ ਮਨ ਦੀ ਪੁਕਾਰ ਨੂੰ ਪਹੁੰਚੇ ਅਰ ( ਓਸ ਦੀ ) ਵਿਪੱਤੀ ਨੂੰ ਟਾਲ ਦੇਵੇ ਅਰ ( ਕੌਣ ਹੈ ਜੋ ) ਪ੍ਰਿਥਵੀ ਉਪਰ ਤੁਸਾਂ ਲੋਗਾਂ ਨੂੰ ( ਆਪਣਾ ) ਨਾਇਬ ਬਨਾਉਂਦਾ ਹੈ ( ਕਿ ਤੁਸੀਂ ਓਸ ਵਿਚ ਮਾਲਕਾਨਾ ਕਬਜ਼ਾ ਕਰਦੇ ਹੋ ) ਕੀ ਅੱਲਾ ਦੇ ਸਾਥ ਕੋਈ ਹੋਰ ਭੀ ਪੂਜ ਹੈ ? ( ਨਹੀਂ ਪਰੰਤੂ ) ਤੁਸੀਂ ਲੋਗ ਵਿਚਾਰ ( ਤਥਾ ਚਿੰਤਾ ) ਨੂੰ ਬਹੁਤ ਹੀ ਘਟ ਵਰਤਣ ਵਿਚ ਲਿਆਉਂਦੇ ਹੋ ॥ ੬੨ ॥ ਭਲਾ ਕੌਣ ( ਹੈ ਜੋ ) ਤੁਸਾਂ ਲੋਗਾਂ ਨੂੰ ਜਲ ਥਲ ਦੇ ਅੰਧੇਰਿਆਂ ਵਿਚ ਰਾਹ ਦਿਖਾਉਂਦਾ ਹੈ ਅਰ ਕੌਣ ( ਹੈ ਜੋ ) ਆਪਣੀ ਰਹਿਮਤ ( ਅਰਥਾਤ ਬਰਖਾ ) ਦੇ ਅਗੇ ( ੨ ) ਵਾਯੂ ਨੂੰ ( ਬਰਖਾ ਦੀ ) ਖੁਸ਼ਖਬਰੀ ਦੇਣ ਵਾਸਤੇ ਭੇਜਦਾ ਹੈ ਕੀ ਅੱਲਾ ਦੇ ਸਾਥ ( ਕੋਈ ਔਰ ) ਮਾਬੂਦ ( ਭੀ ਹੈ ) ? ਇਹ ਲੋਗ ਜੈਸੇ ੨ ਸ਼ਿਰਕ ਕਰਦੇ ਹਨ ਅੱਲਾ ਦਾ ( ਵਡੱਪਣ ) ਓਸ ਨਾਲੋਂ ਬਹੁਤ ਉੱਚਾ ਹੈ ॥ ੬੩ ॥ ਭਲਾ ਕੌਣ ਹੈ ਜੋ ਜੀਆ ਜੰਤ ਨੂੰ ਪ੍ਰਥਮ ਬਾਰ ਉਤਪਤ ਕਰਦਾ ਹੈ ਫੇਰ ਇਸੀ ਪ੍ਰਕਾਰ ਦੇ ਜੀਆ ਜੰਤ ਬਾਰੰਬਾਰ ਉਤਪਤ ਕਰਦਾ ਰਹਿੰਦਾ ਹੈ ਅਰ ਕੌਣ ( ਹੈ ਜੋ ) ਤੁਸਾਂ ਲੋਗਾਂ ਨੂੰ ਪ੍ਰਿਥਵੀ ਆਕਾਸ਼ ਵਿਚ ਅੰਨ ਪਾਣੀ ਦੇਂਦਾ ਹੈ ਕੀ ਅੱਲਾ ਦੇ ਸਾਥ ( ਕੋਈ ਔਰ )

*ਹੁਣ 'ਆਮਨ ਖਲਕ' ਨਾਮੀ ਬੀਸਵਾਂ ਪਾਰਾ ਚਲਿਆ।

Digitized by Panjab Digital Library | www.panjabdigilib.org

ਮਾਬੂਦ ( ਭੀ ) ਹੈ ? ( ਨਹੀਂ ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਯਦੀ ( ਸ਼ਿਰਕ ਦੇ ਪਖ ਵਿਚ ) ਸਚੇ ਹੋ ਤਾਂ ਆਪਣੀ ਕੋਟੀ ਵਰਣਨ ਕਰੋ ॥ ੬੪ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਜਿਤਨੇ ਜੀਆ ਜੰਤ ਪ੍ਰਿਥਵੀ ਆਕਾਸ਼ ਵਿਚ ਹਨ ਓਹਨਾਂ ਵਿਚੋਂ ( ਗੁਪਤ ਬਾਰਤਾਂ ) ਨੂੰ ਖ਼ੁਦਾ ਦੇ ਸਿਵਾ ਕੋਈ ਨਹੀਂ ਜਾਣਦਾ ਅਰ ਨਾ ਲੋਗਾਂ ਨੂੰ ਇਹ ਪਰਤੀਤ ਹੈ ਕਿ ਕਦੋਂ ( ਪਰਲੈ ਹੋਵੇਗੀ ਅਰ ਦੂਜੀ ਬੇਰ ) ਉਠਾ ਕੇ ਖੜੇ ਕੀਤੇ ਜਾਣਗੇ ॥ ੬੫ ॥ ਬਾਰਤਾ ਇਹ ਹੈ ਕਿ ( ਜਾਂ ਤਾਂ ) ਪਰਲੈ ( ਦੇ ਪਰਕਰਣ ) ਵਿਚ ਏਹਨਾਂ ਲੋਗਾਂ ਦੇ ਇਲਮ ਦਾ ਹੀ ਅੰਤ ਹੋ ਗਿਆ ਹੈ ( ਕਿੰਬਾ ਇਹ ) ਨਹੀਂ ( ਤਾਂ ) ਓਸ ਦੇ ਪਰਕਰਣ ਵਿਚ ਏਹਨਾਂ ਨੂੰ ਭਰਮ ਹੈ ( ਕਿੰਬਾ ਇਹ ) ਨਹੀਂ ( ਤਾਂ ) ਇਹ ਲੋਗ ਓਸ ਪਾਸਿਓਂ ਜਾਣ ਬੁਝਕੇ ਅੰਧੇ ਬਣੇ ਹੋਏ ਹਨ ॥ ੬੬ ॥ਰੁਕੂਹ ੫ ॥

ਅਰ ਜੋ ਲੋਗ ਮੁਨਕਰ ਹਨ ਉਹ ( ਤਅਜਬ ਦਵਾਰਾ ) ਕਹਿੰਦੇ ਹਨ ਕਿ ਕੀ ਜਦੋਂ ਅਸੀਂ ਅਰ ਸਾਡੇ ਪਿਤਾ ਪਿਤਾਮਾ ( ਗਲ ਸੜ ਕੇ ) ਮਿਟੀ ਹੋ ਜਾਣਗੇ ਤਾਂ ਕੀ ਅਸੀਂ ਫੇਰ ( ਪ੍ਰਿਥਵੀ ਵਿਚੋਂ ) ਨਿਕਾਸੇ ਜਾਵਾਂਗੇ ॥ ੬੭ ॥ ਪਹਿਲੋਂ ਤੋਂ ਭੀ ਸਾਡੇ ਅਰ ਸਾਡੇ ਪਿਤਾ ਪਿਤਾਮਾ ਨਾਲ ਐਸੀਆਂ ਪਰਤਿੱਗਜਾ ਹੁੰਦੀਆਂ (ਹੀ) ਆਈਆਂ ਹਨ ਹੋਵੇ ਨਾ ਹੋਵੇ ਇਹ ਪੁਰਾਣਿਆਂ ਲੋਗਾਂ ਦੇ ਢਕੌਂਸਲੇ ਹਨ ॥ ੬੮ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਦੇਸ ਵਿਚ ਤੁਰੋ ਫਿਰੋ ਅਰ ਦੇਖੋ ਕਿ ਦੋਖੀ ਪੁਰਖਾਂ ਦਾ ਅੰਤ ਨੂੰ ਕੀ ਹਾਲ ਹੋਇਆ ॥ ੬੯ ॥ ਅਰ (ਹੇ ਪੈਯੰਬਰ ਤੁਸੀਂ) ਏਹਨਾਂ (ਲੋਕਾਂ ਦੀ ਬਿਵ-ਸਥਾ ) ਉਤੇ ਕੋਈ ਅਫਸੋਸ ਨਾ ਕਰੋ ਅਰ ਜੈਸੀਆਂ ੨ ਯੁਕਤੀਆਂ ( ਤੁਸਾਂ ਤੋਂ ਵਿਰੁਧ ) ਕਰਦੇ ਰਹੇ ਹਨ ਓਹਨਾਂ ਕਰਕੇ ਚਿੰਤਾਤੁਰ ਨਾ ਹੋਵੋ ॥ ੭੦ ॥ ਅਰ ( ਮੁਨਕਰ–ਮੁਸਲਮਾਨਾਂ ਨੂੰ ) ਕਹਿੰਦੇ ਹਨ ਕਿ ਯਦੀ ਤੁਸੀਂ ਸਚੇ ਹੋ ਤਾਂ ( ਭਲਾ ) ਇਹ ( ਸੰਸਾਰਕ ਕਸ਼ਟ ) ਦੀ ਪਰਤਿੱਗਜਾ ਕਦੋਂ ( ਪੂਰੀ ) ਹੋਵੇਗੀ ॥ ੭੧ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਅਸਚਰਜ ਨਹੀਂ ਕਿ ਜਿਸ ( ਕਸ਼ਟ ) ਦੀ ਤੁਸੀਂ ਉਤਾਵਲ ਕਰ ਰਹੇ ਹੋ ਓਸ ਵਿਚੋਂ ਕਛ ( ਹਿੱਸਾ ) ਤੁਸਾਂ ਪਾਸ ਆ ਲਗਾ ਹੋਵੇ ॥ ੭੨ ॥ ਅਰ ( ਹੇ ਪੈਯੰਬਰ ) ਏਸ ਵਿਚ ਭਰਮ ਨਹੀਂ ਕਿ ਤੁਸਾਂ ਦਾ ਪਰਵਰ-ਦਿਗਾਰ ਲੋਗਾਂ ਉਤੇ ( ਆਪਣਾ ਬੜਾ ) ਫਜ਼ਲ ਰਖਦਾ ਹੈ ( ਕਿ ਸ਼ੀਘਰ ਹੀ ਕਸ਼ਟ ਨਹੀਂ ਉਤਾਰ ਦੇਂਦਾ )। ਪਰੰਤੂ ਪ੍ਰਾਯਾ ਲੋਗ ( ਓਸ ਦਾ ) ਧੰਨਜਵਾਦ ਨਹੀਂ ਕਰਦੇ ॥ ੭੩ ॥ ਅਰ ਏਸ ਵਿਚ ( ਭੀ ) ਭਰਮ ਨਹੀਂ ਕਿ ਜੈਸੀਆਂ ੨ ਬਾਤਾਂ ਲੋਗਾਂ ਦਿਆਂ ਦਿਲਾਂ ਵਿਚ ਗੁਪਤ ਹਨ ਅਰ ਜੋ ਕੁਛ

Digitized by Panjab Digital Library | www.panjabdigilib.org

ਇਹ ਪਰਗਟ ਕਰਦੇ ਹਨ। ਤੁਸਾਂ ਦੇ ਪਰਵਰਦਿਗਾਰ ਨੂੰ (ਸਭ) ਮਾਲੂਮ ਹਨ॥ ੭੪ ॥ ਅਰ ਪ੍ਰਿਥਵੀ ਆਕਾਸ਼ ਵਿਚ ਐਸੀ ਕੋਈ ਗੁਪਤ ਵਾਰਤਾ ਨਹੀਂ ਜੋ ਪਰਗਟ ਪੁਸਤਕ (ਅਰਥਾਤ ਲੋਹ ਮਾਫੂਜ਼) ਵਿਚ ਨਾ ਲਿਖੀ ਹੋਵੇ ॥ ੭੫ ॥ ਨਿਰਸੰਦੇਹ ਇਹ ਕੁਰਾਨ ਬਨੀ ਅਸਰਾਈਲ ਦੀਆਂ ਪ੍ਰਾਯਾ ਬਾਤਾਂ (ਦਾ ਤਾਤਪਰਜ ਅਸਲੀ) ਨੂੰ ਜਿਨਹਾਂ ਵਿਚ ਵਿਭੇਦ ਕਰਦੇ ਹਨ ਓਹਨਾਂ ਉਪਰ ਪਰਗਟ ਕਰਦਾ ਹੈ ॥ ੭੬ ॥ ਅਰ ਨਿਰ-ਸੰਦੇਹ ਏਹ (ਕੁਰਾਨ) ਸ਼੍ਰੀਮਾਨ ਵਾਲਿਆਂ ਵਾਸਤੇ (ਸਿਰ ਤੋਂ ਲੈ ਕੇ ਪੈਰਾਂ ਤਕ) ਸਿਖਯਾ ਅਰ ਰਹਿਮਤ ਹੈ॥ ੭੭ ॥ (ਹੇ ਪੈਯੰਬਰ) ਨਿਰ-ਸੰਦੇਹ ਤੁਸਾਂ ਦਾ ਪਰਵਰਦਿਗਾਰ (ਕੁਰਾਨ ਨੂੰ ਉਤਾਰ ਕੇ) ਆਪਣੇ ਹੁਕਮ ਨਾਲ ਏਹਨਾਂ ਦੇ ਆਪੋ ਵਿਚੀ (ਦੇ ਝਗੜਿਆਂ ਝਾਂਜਿਆਂ) ਦਾ ਫੈਸਲਾ ਕਰਦਾ ਹੈ ਅਰ ਉਹ ਜਬਰਦਸਤ ਅਰ (ਸਭ ਕੁਛ) ਜਾਣਦਾ ਹੈ ॥ ੭੮ ॥ ਤਾਂ (ਹੇ ਪੈਯੰਬਰ ਤੁਸੀਂ) ਅੱਲਾ ਉਪਰ ਹੀ ਭਰੋਸਾ ਰਖੋ ਨਿਰ-ਸੰਦੇਹ ਕਿ ਤੁਸੀਂ ਸਪਸ਼ਟ ਸਚ ਉਤੇ ਹੋ ॥ ੭੯ ॥ ਨਿਰਸੰਦੇਹ ਤੁਸੀਂ ਮੁਰਦਿਆਂ ਨੂੰ (ਆਪਣੀਆਂ ਬਾਤਾਂ) ਨਹੀਂ ਸੁਣਾ ਸਕਦੇ ਅਰ ਨਾ ਬੋਲਿਆਂ ਨੂੰ (ਆਪਣੀ) ਆਵਾਜ਼ ਸੁਣਾ ਸਕਦੇ ਹੋ (ਖਾਸ ਕਰਕੇ) ਐਸੀ ਦਸ਼ਾ ਵਿਚ ਕਿ ਵੁਹ ਪਿਠ ਦੇ ਕੇ ਭੱਜ ਖਲੋਣ ॥ ੮੦ ॥ ਅਰ ਨਾ ਤੁਸੀਂ ਅੰਧਿਆਂ ਨੂੰ ਓਹਨਾਂ ਦੀ ਕੁਮਾਰਗੀ ਤੋਂ (ਰੋਕ ਕਰ) ਮਾਰਗ ਦਿਖਾ ਸਕਦੇ ਹੋ ਤੁਸੀਂ ਤਾਂ ਬਸ ਓਹਨਾਂ ਨੂੰ ਹੀ (ਆਪਣੀਆਂ ਬਾਤਾਂ) ਸੁਣਾ ਸਕਦੇ ਹੋ ਜੋ ਸਾ-ਡੀਆਂ ਆਇਤਾਂ ਉਪਰ ਨਿਸਚਾ ਰਖਦੇ ਹਨ ਤਾਂ ਉਹ ਮੰਨ ਭੀ ਜਾਂਦੇ ਹਨ ॥ ੮੧ ॥ ਅਰ ਜਦੋਂ (ਖੁਦਾ ਦੀ) ਪਤਿੱਗਯਾ (ਪਰਲੇ) ਏਹਨਾਂ ਲੋਕਾਂ ਉਮਰ ਪੂਰੀ (ਹੋਣ ਨੂੰ) ਹੋਵੇਗੀ ਤਾਂ ਅਸੀਂ ਪ੍ਰਿਥਵੀ ਵਿਚੋਂ ਏਹਨਾਂ ਵਾਸਤੇ ਇਕ ਜਾਨਵਰ ਨਿਕਾਲ ਕੇ ਖੜਾ ਕਰਾਂਗੇ ਕਿ ਉਹ ਏਹਨਾਂ ਨੂੰ ਕਹਿ ਦੇਵੇਗਾ ਕਿ ਫਲਾਣੇ ੨ ਆਦਮੀ ਸਾਡੀਆਂ ਬਾਤਾਂ ਦਾ ਯਕੀਨ ਨਹੀਂ ਕਰ ਦੇ ਸਨ ॥ ੮੨ ॥ ਰੁਕੂਹ ॥ ੬ ॥

ਅਰ (ਹੇ ਪੈਯੰਬਰ ਏਹਨਾਂ ਲੋਕਾਂ ਨੂੰ ਓਸ ਦਿਨ ਦੀ ਵਿਪਤੀ ਯਾਦ ਕਰਾਓ) ਜਦੋਂ ਕਿ ਅਸੀਂ ਹਰ ਇਕ ਉੱਮਤ ਵਿਚੋਂ ਓਸ ਟੋਲੇ ਨੂੰ ਇਕੱ-ਤਰ ਕਰਾਂਗੇ ਜੋ ਸਾਡੀਆਂ ਆਇਤਾਂ ਨੂੰ ਝੁਠਿਆਰਿਆ ਕਰਦੇ ਸਨ ਫੇਰ ਓਹਨਾਂ ਦੀਆਂ ਮਿਸਲਾਂ ਬਨਾਈਆਂ ਜਾਣਗੀਆਂ ॥ ੮੩ ॥ ਏਥੋਂ ਤਕ ਕਿ ਜਦੋਂ (ਉਹ ਖੁਦਾ ਦੇ ਸਨਮੁਖ) ਹਾਜਰ ਹੋਣਗੇ ਤਾਂ (ਖੁਦਾ ਓਹਨਾਂ ਪਾਸੋਂ) ਪੁਛੇਗਾ ਕਿ ਇਸਦੇ ਹੁੰਦਿਆਂ ਸੁੰਦਿਆਂ ਕਿ ਤੁਸਾਂ ਨੇ ਸਾਡੀਆਂ ਆਇਤਾਂ ਨੂੰ ਭਲੀ ਪਰਕਾਰ ਸਮਝਿਆ ਭੀ ਨਹੀਂ ਸੀ ਕਿ ਤੁਸਾਂ ਨੇ ਓਹਨਾਂ

Digitized by Panjab Digital Library | www.panjabdigilib.org

ਨੂੰ ( ਬਿਨਾਂ ਸਮਝਿਆਂ ) ਝੁਠਿਆਰਿਆ ਕਿੰਬਾ ( ਇਹ ਨਹੀਂ ਕੀਤਾ ਤਾਂ ਹੋਰ ) ਕੀ ਕਰਦੇ ਰਹੇ ॥ ੮੪ ॥ ਅਰ ਇਸ ਕਾਰਨ ਕਿ ਇਹ ਲੋਗ ( ਸੰਸਾ-ਰਿਕ ਜੀਵਨ ਵਿਚ ਹੀ ) ਬੇਮੁਖਤਾਈ ਕਰਦੇ ਰਹੇ ( ਓਸ ਦਾ ਇਹ ਫਲ ਹੋਇਆ ਕਿ ) ਕਸ਼ਟ ( ਦੀ ਪਰਤਿਗਯਾ ) ਓਹਨਾਂ ਉਪਰ ਪੂਰੀ ਹੋਈ ਅਰ ਇਹ ਲੋਕ ਬਾਤ ਭੀ ਨਹੀਂ ਕਰ ਸਕਣਗੇ ॥ ੮੫ ॥ ਕੀ ਏਹਨਾਂ ਲੋਗਾਂ ਨੇ ਇਸ ( ਬਾਰਤਾ ) ਉਪਰ ਦਰਿਸ਼ਟੀ ਨਹੀਂ ਦਿਤੀ ਕਿ ਅਸਾਂ ਨੇ ਰਾਤਰੀ ਨੂੰ ( ਏਸ ਭਾਵ ਉਤੇ ਅੰਧੇਰੀ ) ਬਨਾਇਆ ਕਿ ਓਸ ਵਿਚ ਅਰਾਮ ਕਰਨ ਅਰ ਦਿਨ ਨੂੰ ਪਰਕਾਸ਼ ਮਾਨ ( ਕਿ ਉਸ ਵਿਚ ਵਸਤੂਆਂ ਨੂੰ ਦੇਖਣ ਭਾਲਣ ) ਨਿਰਸੰਦੇਹ ( ਰਾਤ੍ਰੀ ਦਿਨ ਦੀ ) ਏਸ ( ਵਿਭੇਦ ਵਾਲੀ ਹਾਲਤ ) ਵਿਚ ਓਹਨਾਂ ਲੋਕਾਂ ਵਾਸਤੇ ਜੋ ਈਮਾਨਧਾਰੀ ਹਨ ( ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ) ਨਿਸ਼ਾਨੀਆਂ ( ਵਿਦਮਾਨ ) ਹਨ ॥ ੮੬ ॥ ਅਰ ਜਿਸ ਦਿਨ ਕਰਨਾ ਬਜਾਈ ਜਾਵੇਗੀ ਤਾਂ ਜੋ ( ਫਰਿਸ਼ਤੇ ) ਅਕਾਸ਼ ਵਿਚ ਹਨ ਅਰ ਜੋ ( ਲੋਕ ) ਪ੍ਰਿਥਵੀ ਉਪਰ ਹਨ ਸਾਰੇ ਹੀ ਤਾਂ ਓਸ ਦੀ ਅਵਾਜ ਸੁਣ ਕੇ ) ਘਬਰਾ ਜਾਣਗੇ ਪਰੰਤੂ ਜਿਸ ਨੂੰ ਖੁਦਾ ਦੀ ਇਛਾ ਹੋਵੇ ( ਉਹ ਸ਼ਾਂਤੀ ਨਾਲ ਰਹੇਗਾ ) ਅਰ ਸਾਰਿਆਂ ( ਦੇ ਸਾਰੇ ) ਓਸ ਦੇ ਸਨਮੁਖ ਦਬੇ ਝੁਕੇ ਹਾਜਰ ਹੋ ਜਾਣਗੇ ॥ ੮੭ ॥ ਅਰ ( ਹੇ ਸਰੋਤਾ ) ਤੂੰ ਪਰਬਤਾਂ ਨੂੰ ਦੇਖ ਕੇ ਖਿਆਲ ਕਰਦਾ ਹੈਂ ਕਿ ( ਆਪਣੀ ਥਾਂ ) ਜੰਮੇ ਹੋਏ ਹਨ ( ਅਰ ਹਿਲ ਨਹੀਂ ਸਕਦੇ ) ਪਰੰਤੂ ਇਹ ( ਪਰਲੋ ਦੇ ਦਿਨ ) ਬੱਦਲਾਂ ਦੀ ਤਰਹਾਂ ਉਡਦੇ ੨ ਫਿਰਨਗੇ ( ਇਹ ਭੀ ) ਅੱਲਾ ਦੀ ਕਾਰੀਗਰੀ ( ਹੈ ) ਜਿਸ ਨੇ ਹਰ ਵਸਤੂ ਨੂੰ ਖੂਬ ਪਕਿਆਈ ਨਾਲ ਬਨਾਇਆਂ ਹੈ ਨਿਰਸੰਦੇਹ ਜੋ ਕੁਛ ਭੀ ਤੁਸੀਂ ਲੋਕ ਕਰਦੇ ਹੋ ਉਹ ਉਸ ਤੋਂ ਗਿਆਤ ਹੈ ॥ ੮੮ ॥ ਜੋ ਪੁਰਖ ਸ਼ੁਭ ਕਰਮ ਲੈਕੇ ਸਨਮੁਖ ਹੋਵੇਗਾ ਤਾਂ ਉਸ ਨੂੰ ਓਸ ਨਾਲੋਂ ਉੱਤਮ ( ਬਦਲਾ ) ਮਿਲੇਗਾ ਅਰ ਐਸੇ ਲੋਕ ਓਸ ਦਿਨ ਖੌਫ ( ਖਤਰਿਓਂ ਭੀ ) ਅਮਨ ਵਿਚ ਹੋਣਗੇ ॥ ੮੯ ॥ ਅਰ ਜੋ ਮੰਦ ਕਰਮ ਲੈ ਕੇ ਆਉਣਗੇ ਤਾਂ ਉਹ ਮੂਧੜੇ ਮੂੰਹ ਨਰਕ ਵਿਚ ਧਕੇਲ ਦਿਤੇ ਜਾਣਗੇ (ਅਰ ਉਨਹਾਂ ਨੂੰ ਡੰਡ ਦੇ ਤੌਰ ਉਤੇ ਕਹਿਆ ਜਾਵੇਗਾ ਕਿ ਇਹ ਤਾਂ ) ਤੁਸਾਂ ਨੂੰ ਉਨਹਾਂ ਹੀ ਕਰਮਾਂ ਦੀ ਸਜ਼ਾ ਦਿਤੀ ਜਾ ਰਹੀ ਹੈ ਜੋ ਤੁਸੀਂ ( ਸੰਸਾਰ ਵਿਚ ) ਕਰਦੇ ਸੀ ॥ ੯੦ ॥ ( ਹੇ ਪੈਗੰਬਰ ਏਹਨਾਂ ਲੋਕਾਂ ਨੂੰ ਕਹੋ ਕਿ ) ਮੈਨੂੰ ਤਾਂ ਬਸ ਯਹੀ ਆਗਿਆ ਮਿਲੀ ਹੈ ਕਿ ਏਸ ( ਮੱਕੇ ) ਸ਼ਹਿਰ ਦੇ ( ਸਚੇ ) ਮਾਲਕ ਦੀ ਇਬਾਦਤ ਕਰੂੰ ਜਿਸ ਨੇ ਏਸ ਨੂੰ ਇਜ਼ਤ ਦਿਤੀ ਹੈ ਅਰ ਸਭ ਕੁਛ ਓਸੇ ਦਾ ਹੈ। ਅਰ ( ਹੋਰ ) ਮੈਨੂੰ ਇਹ ਆਗਿਆ ਮਿਲੀ ਹੈ ਕਿ ( ਓਹ

Digitized by Panjab Digital Library | www.panjabdigilib.org

ਦਿਆਂ ) ਦਾਸਾਂ ਵਿਚ ਰਹਾਂ ॥ ੯੧ ॥ ਅਰ ਇਹ ਕਿ ਲੋਕਾਂ ਨੂੰ ਕੁਰਾਨ ਪੜ੍ਹ ਪੜ੍ਹ ਕੇ ਸੁਨਾਵਾਂ ਤਾਂ ਜੋ ਰਾਹ ਉਪਰ ਆਗਿਆ ਤਾਂ ਉਹ ਅਪਣੇ ਭਲੇ ਵਾਸਤੇ ਹੀ ਰਾਹ ਉਪਰ ਆਉਂਦਾ ਹੈ ਅਰ ਜੋ ਕੁਮਾਰਗੀ ਹੋਇਆ ਤਾਂ ਤੁਸੀਂ ਕਹਿ ਦੇਵੋ ਕਿ ( ਜਿਥੇ ਖੁਦਾ ਨੇ ਔਰ ਸਚੇ ਕਰਨੇ ਵਾਲੇ ਪੈਯੰਬਰ ਭੇਜੇ ਹਨ ) ਮੈਂ ਭੀ ( ਓਹਨਾਂ ) ਸਚੇ ਕਰਨ ਵਾਲਿਆਂ ਵਿਚੋਂ ( ਇਕ ਸਚੇ ਕਰਨੇ ਵਾਲਾ ) ਹਾਂ ਹੋਰ ਬਸ ॥ ੯੨ ॥ ਅਰ ਕਹੋ ਕਿ ਖੁਦਾ ਦਾ ਧੰਨਜਵਾਦ ਹੈ ਓਹ ਨੇੜੇ ਹੀ ਤੁਸਾਂ ਨੂੰ ਆਪਣੀਆਂ ਨਿਸ਼ਾਨੀਆਂ ਦਿਖਾਵੇਗਾ । ਅਰ ( ਉਸ ਵੇਲੇ ) ਤੁਸੀਂ ਏਹਨਾਂ ਨੂੰ ਪਹਿਚਾਨ ਲਵੋਗੇ ਅਰ ਜੈਸੇ ਜੈਸੇ ( ਬੁਰੇ ਭਲੇ ) ਕੰਮ ਤੁਸੀਂ ਲੋਗ ਕਰ ਰਹੇ ਹੋ ( ਹੇ ਪੈਯੰਬਰ ) ਤੁਸਾਂ ਦਾ ਪਰਵਰਦਿਗਾਰ ਉਹਨਾਂ ਤੋਂ ਅਗਯਾਤ ਨਹੀਂ ( ਜੋ ਜੈਸਾ ਕਰੇਗਾ ਵੈਸਾ ਹੀ ਬਦਲਾ ਦੇਵੇਗਾ) ॥ ੯੩ ॥ ਰੁਕੂਹ ੭ ॥

# ਸੂਰਤ ਕਸਸ ਮੱਕੇ ਵਿਚ ਉਤਰੀ ਅਰ ਏਸ ਦੀਆਂ ਅਠਾਸੀ ਆਇਤਾਂ ਅਰ ਨੌਂ ਰੁਕੂਹ ਹਨ ॥

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਤਾ-ਸ-ਮ ॥ ੧ ॥ ਇਹ ( ਸੂਰਤ ਭੀ ) ਕਿਤਾਬ (ਅਰਥਾਤ ਕੁਰਾਨ ) ਦੀਆਂ ਚੰਦ ਆਇਤਾਂ ਹਨ ਜਿਨਹਾਂ ਦੇ ਭਾਵ ਪਰਗਟ ( ਅਰ ਸਪਸ਼ਟ ) ਹਨ ॥ ੨ ॥ ( ਹੇ ਪੈਯੰਬਰ ) ਅਸੀਂ ਓਹਨਾਂ ਲੋਗਾਂ ਦੇ ( ਲਾਭਾਰਥ ) ਜੋ ਯਕੀਨ ਕਰਦੇ ਹੈਂ ਮੂਸਾ ਅਰ ਫਰਾਊਨ ਦੇ ਕਈਕ ਅਸਲੀ ਪਰਸੰਗ ਤੁਸਾਂ ਨੂੰ ਸੁਣਾਉਂਦੇ ਹਾਂ ॥ ੩ ॥ ਕਿ ਫਰਾਊਨ ( ਮਿਸਰ ) ਦੇਸ ਵਿਚ ਬਹੁਤ ਵਧ ਰਹਿਆ ਸੀ ਅਰ ਓਸ ਨੇ ਓਥੋਂ ਦੇ ਲੋਗਾਂ ਦੇ ਅਲਗ ਅਲਗ ਟੋਲੇ ਬਣਾ ਛਡੇ ਸਨ ਉਨਹਾਂ ਵਿਚੋਂ ਇਕ ਟੋਲਾ (ਅਰਥਾਤ ਬਨੀ ਅਸਰਾਈਲ ) ਨੂੰ ( ਇਸ ਕਦਰ ) ਨਿਰਬਲ ਸਮਝ ਰਖਿਆ ਸੀ ਕਿ ਉਨਾਂ ਦਿਆਂ ਪੁਤਰਾਂ ਨੂੰ ਮਰਵਾ ਸਿਟਦਾ ਅਰ ਉਨਹਾਂ ਦੀਆਂ ਇਸਤ੍ਰੀਆਂ ( ਅਰਥਾਤ ਪੁਤਰੀਆਂ ) ਨੂੰ ਜੀਉਦਿਆਂ ਰਖਦਾ। ਏਸ ਵਿਚ ਸੰਦੇਹ ਨਹੀਂ ਕਿ ਉਹ ( ਭੀ ) ਫਸਾਦੀਆਂ ਵਿਚੋਂ ( ਇਕ ਹੀ ਫਸਾਦੀ ) ਸੀ ॥ ੪ ॥ ਅਰ ਸਾਡਾ ਇਹ ਸੰਕਲਪ ਸੀ ਕਿ ਜੋ ਲੋਗ ( ਉਸ ਦੇ ) ਦੇਸ ਵਿਚ ਨਿਰਬਲ ਸਮਝੇ ਗਏ ਸਨ ਉਹਨਾਂ ਉਪਰ ਉਪਕਾਰ ਕਰੀਏ ਅਰ ਉਹਨਾਂ ਨੂੰ ( ਹੀ ) ਸਰਦਾਰ ਬਨਾਈਏ ਅਰ ਉਹਨਾਂ ਨੂੰ ( ਹੀ ਰਾਜ ਦਾ ) ਵਾਰਸ

Digitized by Panjab Digital Library | www.panjabdigilib.org

ਨਿਯਤ ਕਰੇਂ ॥ ੫ ॥ ਅਰ ਉਹਨਾਂ ਨੂੰ ( ਹੀ ) ਦੇਸ ਵਿਚ ਅਸਥਾਪਨ ਕਰੇਂ ਅਰ ਫਰਊਨ ਅਰ ਹਾਮਾਨ ਅਰ ਉਸ ਦੇ ਲਸ਼ਕਰ ਨੂੰ ( ਬਨੀ ਅਸਰਾ-ਈਲ ਦੇ ਪਾਸਿਓਂ ) ਜਿਸ ਬਾਤ ਦਾ ਖਤਰਾ ਸੀ ਉਹ ਉਨਹਾਂ ਹੀ ( ਬਨੀ ਅਸਰਾਈਲ ਦੇ ਹਥੋਂ ) ਉਹਨਾਂ ਦੇ ਅਗੇ ਲੈ ਆਈਏ ॥ ੬ ॥ ਅਰ ਅਸਾਂ ਨੇ ( ਉਸ ਦੀ ਇਹ ਯੁਕਤਿ ਕੀਤੀ ਕਿ ਮੂਸਾ ਉਤਪੰਨ ਹੋਏ ਅਰ ) ਅਸਾਂ ਨੇ ) ਮੂਸੇ ਦੀ ਮਾਈ ਵਲ ਵਹੀ ਭੇਜੀ ਕਿ ਇਹਨਾਂ ਨੂੰ ਦੁਧ ਪਿਲਾਓ ਫੇਰ ਜਦੋਂ ਏਹਨਾਂ ਦੀ ਬਾਬਤ ਤੁਸਾਂ ਨੂੰ ( ਕਿਸੀ ਪਰਕਾਰ ਦਾ ) ਭੈ ਹੋਵੇ ਤਾਂ ਏਹਨਾਂ ਨੂੰ ਦਰੀਯਾ ਵਿਚ ਸੁਟ ਦੇਣਾ ਅਰ ( ਕੋਈ ) ਭੈ ਨਾ ਕਰਨਾ ਅਰ ਨਾਂ ਰੰਜ ਕਰਨਾ ( ਕਾਹੇ ਤੇ ) ਅਸੀਂ ਏਸ ਨੂੰ ਫੇਰ ਤੇਰੇ ਪਾਸ ਪਹੁੰਚਾ ਦੇਵਾਂਗੇ ਅਰ ( ਅੰਤ ਨੂੰ ) ਏਹਨਾਂ ਨੂੰ ਪੈਯੰਬਰਾਂ ਵਿਚੋਂ ( ਇਕ ਪੈਯੰਬਰ ) ਬਣਾ ਦੇਵਾਂਗੇ ॥ ੭ ॥ ( ਅਤ ਏਵ ਮੂਸਾ ਦੀ ਮਾਈ ਨੇ ਓਹਨਾਂ ਨੂੰ ਦਰਿਯਾ ਵਿਚ ਸਿਟ ਦਿਤਾ ) ਤਾਂ ਫਰਊਨ ਦਿਆਂ ਲੋਗਾਂ ਨੇ ਓਹਨੂੰ ( ਰੁੜ੍ਹਦਿਆਂ ਨੂੰ ) ਚੁਕ ਲੀਤਾ ਕਿ ( ਅੰਤ ਨੂੰ ਏਹੀ ਮੂਸਾ ) ਓਹਨਾਂ ਦੇ ਵੈਰੀ ਅਰ ( ਓਹਨਾਂ ਦੀ ) ਹੈਰਾਨੀ ( ਦਾ ਕਾਰਨ ) ਹੋਣ । ਨਿਰਸੰਦੇਹ ਕਿ ਫਰਊਨ ਅਰ ਹਾਮਾਨ ਅਰ ਓਹਨਾਂ ਦੇ ਸਿਪਾਹੀਆਂ ਨੇ ( ਆਪਣੇ ਵਾਸਤੇ ਬੜੀ ) ਭੁਲਣਾ ਕੀਤੀ ॥ ੮ ॥ ਅਰ ਫਰਊਨ ਦੀ ਇਸਤਰੀ ( ਆਪਣੇ ਪਤੀ ਨੂੰ ) ਕਹਿਣ ਲਗੀ ਕਿ ਇਹ ਮੇਰੀ ਅਰ ਆਪ ਦੀ ( ਦੋਹਾਂ ਦੀ ) ਅੱਖੀਆਂ ਦੀ ਠੰਡਕ ਹੈ ( ਤਾਂ ਤੁਸੀਂ ਲੋਗ ) ਏਸ ਨੂੰ ਮਾਰੋਂ ਨਹੀਂ ਅਚੰਭਾ ਨਹੀਂ ਕਿ ਸਾਨੂੰ ( ਕੋਈ ) ਲਾਭ ਦੇਵੇ ਕਿੰਬਾ ਏਸ ਨੂੰ ਆਪਣਾ ਪੁਤਰੇਲਾ ਹੀ ਬਣਾ ਲਈਏ । ਅਰ ਉਨਹਾਂ ਲੋਕਾਂ ਨੂੰ ( ਅੰਤ ਦੀ ) ਖਬਰ ਨਹੀਂ ਸੀ ॥ ੯ ॥ ਅਰ ( ਓਧਰ ) ਮੂਸੇ ਦੀ ਮਾਈ ਦਾ ਮਨ ਖਿਨ ਹੋ ਗਇਆ । ( ਅਰ ) ਯਦੀ ਅਸੀਂ ਉਸ ਦੇ ਦਿਲ ਨੂੰ) ਪਕਿਆਂ ਨਾ ਕਰੀ ਰਖੀਏ ਤਾਂ ਉਸ ਪਾਸੋਂ ਕੋਈ ਦੂਰ ਨਹੀਂ ਸੀ ਕਿ ਮੂਸੇ ( ਦੇ ਬਿਰਤਾਂਤ ) ਨੂੰ ( ਸਾਰਿਆਂ ਅਗੇ ) ਪਰਗਟ ਕਰ ਦੇ ( ਪਰੰਤੂ ਅਸਾਂ ਨੇ ਉਸ ਦੀ ਢਾਰਸ ਬੰਧਾਈ ਰਖੀ ) ਤਾ ਕਿ ਸਾਡੀ ਪਰ-ਤਿਗਯਾ ਪਰ ਨਿਸਚਾ ਕਰਕੇ ਬੈਠੀ ਰਹੇ ॥ ੧੦ ॥

ਅਰ ( ਸੰਦੂਕ ਨੂੰ ਦਰਿਯਾ ਵਿਚ ਸਿਟ ਦੇਣ ਦੇ ਸਮੇਂ ਮੂਸਾ ਦੀ ਮਾਈ ਨੇ ) ਮੂਸਾ ਦੀ ਭੈਣ ਨੂੰ ਕਹਿਆ ਕਿ ਏਸ ਦੇ ਪਿਛੇ ੨ ਤੁਰੀ ਜਾ ਤਾਂ ਉਹ ਓਹਨਾਂ ਨੂੰ ( ਦੂਰੋਂ ਹੀ ) ਦੇਖਦੀ ਰਹੀ ਅਰ ਫਰਊਨ ਦੇ ਲੋਗਾਂ ਨੂੰ ( ਏਸ ਦੀ ) ਉਕ੍ਰੀ ਖਬਰ ਨਾ ਹੋਈ ॥ ੧੧ ॥ ਅਰ ( ਏਥੇ ) ਅਸਾਂ ਨੇ ਮੂਸਾ ਤਾਈਂ ਪਹਿਲੇ ਹੀ ( ਹੋਰਨਾਂ ਦਾਈਆਂ ਦੇ ) ਦੁਧ ਤੋਂ ਬੰਦ ਕਰ ਰਖਿਆ ਸੀ ( ਕਿ ਉਹ ਕਿਸੇ ਥਾ ਥਣ ਮੂੰਹ ਵਿਚ ਪਾਉਂਦੇ ਹੀ ਨਹੀਂ ਸਨ )

Digitized by Panjab Digital Library | www.panjabdigilib.org

ਏਸ ਗਲੋਂ ( ਮੂਸਾ ਦੀ ਭੈਣ ਨੇ ਫਰਊਨ ਦੇ ਲੋਗਾਂ ਨੂੰ ) ਕਹਿਆ ਕਿ ਕਹੋ ਤਾਂ ਮੈਂ ਤੁਸਾਂ ਨੂੰ ਇਕ ਘਰਾਣੇ ਦਾ ਪਤਾ ਦਸਾਂ ਕਿ ਉਹ ਤੁਸਾਂ ਵਾਸਤੇ ਏਸ ( ਬਾਲਕ ) ਦੀ ਪਾਲਨਾ ਕਰਨਗੇ ਅਰ ਉਹ ਇਸ ਦੀ ਖੈਰਖਾਹੀ ਦੇ ਨਾਲ ਰਾਖੀ ਭੀ ਕਰਨਗੇ ॥ ੧੨ ॥ ਗਲ ਕਾਹਦੀ ਅਸਾਂ ਨੇ ਮੂਸੇ ਨੂੰ ਫੇਰ ਓਸ ਦੀ ਮਾਤਾ ਦੇ ਪਾਸ ਪਹੁੰਚਾ ਦਿਤਾ ਤਾ ਕਿ ( ਪੁਤਰ ਨੂੰ ਦੇਖ ਕੇ ) ਓਸ ਦੀਆਂ ਅੱਖੀਆਂ ਠੰਢੀਆਂ ਹੋਣ ਅਰ ( ਕਿਸੀ ਪਰਕਾਰ ) ਚਿੰਤਾਤਰ ਨਾ ਰਹੇਂ ਅਰ ਤਾ ਕਿ ਇਹ ਭੀ ਜਾਣ ਲਵੇ ਕਿ ਅੱਲਾ ਦੀ ਪਰਤਿਗਯਾ ਸਚੀ ਹੈ ਪਰੰਤੂ ( ਅਫਸੋਸ ਕਿ ) ਪ੍ਰਾਯਾ ਲੋਗ ( ਇਸਦਾ ) ਯਕੀਨ ਨਹੀਂ ਕਰਦੇ ॥ ੧੩ ॥ ਰੁਕੂਹ ੧ ॥

ਅਰ ਜਦੋਂ ਮੂਸਾ ਅਪਨੀ ਜਵਾਨੀ ਨੂੰ ਪਰਾਪਤ ਹੋਇ ਅਰ ਪੂਰੇ (ਜੁਆਨ) ਹੋਏ ਅਸਾਂ ਨੇ ਉਸ ਨੂੰ ਚੰਗੀ ਸਮਝ ਅਰ ਬੁਧਮਤਾ ਪ੍ਰਦਾਨ ਕੀਤੀ ਅਰ ਸੁਕਰਮੀ ਪੁਰਖਾਂ ਨੂੰ ਅਸੀਂ ਇਸ ਰੀਤੀ ਨਾਲ ਬਦਲਾ ਦਿਤਾ ਕਰਦੇ ਹਾਂ ॥ ੧੪ ॥ ਅਰ ( ਦੇਵ ਯੋਗ ਨਾਲ ਇਕ ਦਿਨ ) ਮੂਸਾ ਐਸੇ ਸਮੇਂ ਸ਼ਹਿਰ ਵਿਚ ਆਇਆ ਕਿ ਲੋਗ ( ਦੁਪਹਿਰ ਨੂੰ ) ਬੇ ਖਬਰ ( ਘਰਾਂ ਵਿਚ ਲੇਟੇ ਹੋਏ ) ਸਨ ਤਾਂ ਕੀ ਦੇਖਦੇ ਹਨ ਕਿ ਦੋ ਆਦਮੀ ਆਪਸ ਵਿਚ ਲੜ ਰਹੇ ਹਨ ਇਕ ਤਾਂ ਓਹਨਾਂ ਦੀ ਜਾਤੀ ( ਅਰਥਾਤ ਬਨੀ ਅਸਰਾਈਲ ਵਿਚੋਂ ) ਸੀ ਅਰ ਇਕ ਓਹਨਾਂ ਦੇ ਦੁਸ਼ਮਨਾਂ ( ਅਰਥਾਤ ਫਰਾਊਨੀਆਂ ) ਵਿਚੋਂ ਦਾ ਤਾਂ ਜੋ ਮੂਸਾ ਦੀ ਜਾਤੀ ਦਾ ਸੀ ਉਸ ਨੇ ਉਸ ਪੁਰਖ ਦੇ ਮੁਕਾਬਲੇ ਵਿਚ ਜੋ ਓਹਨਾਂ ਦੇ ਦੁਸ਼ਮਨਾਂ ਵਿ ੋਂ ਦਾ ਸੀ ਮੂਸਾ ਪਾਸੋਂ ਮਦਦ ਮੰਗੀ ਤਾਂ ਮੂਸਾ ਨੇ ਓਸ ( ਦੁਸ਼ਮਨ ) ਨੂੰ ਮੁਕੀ ਮਾਰੀ ਅਰ ( ਓਥੇ ਹੀ ) ਉਸ ਦਾ ਕੰਮ ਪੂਰਾ ਕਰ ਦਿਤਾ ( ਫਿਰ ) ਲਗੇ ਕਹਿਣ ਇਹ ਤਾਂ ਮੇਰੇ ਪਾਸੋਂ ਇਕ ਸ਼ੈਤਾਨੀ ਕਰਤੂਤ ਹੋਗਈ ਹੈ ਨਿਰਸੰਦੇਹ ਕਿ ਸ਼ੈਤਾਨ ( ਆਦਮੀ ਦਾ ) ਵੈਰੀ ( ਅਰ ਉਸ ਨੂੰ ) ਖੁਲਮਖੁਲਾ ਕੁਮਾਰਗੀ ਕਰਨੇ ਵਾਲਾ ਹੈ ॥ ੧੫ ॥ ( ਅਰ ਮੂਸਾ ਨੇ ਉਸ ਵੇਲੇ ) ਦੁਆ ਕੀਤੀ ਕਿ ਹੇ ਮੇਰੇ ਪਰਵਰਦਿਗਾਰ ( ਇਹ ਤਾਂ ) ਮੈਂ ਆਪਣੇ ਉਪਰ ( ਬੜਾ ਹੀ ) ਜ਼ੁਲਮ ਕੀਤਾ ਤੂੰ ਮੇਰੀ ਅਵਗਜਾ ਬਖਸ਼ ! ਅਤ ਇਹ ਖੁਦਾ ਨੇ ਉਨਹਾਂ ਦਾ ਗੁਨਾਹ ਬਖਸ਼ ਦਿਤਾ ( ਅਰ ) ਉਹ ਬੜਾ ਬਖਸ਼ਨੇ ਵਾਲਾ ( ਅਰ ) ਮੇਹਰਬਾਨ ਹੈ ॥ ੧੬ ॥ ( ਫੇਰ ਮੂਸਾ ਨੇ ਕਹਿਆ ਕਿ ਹੇ ਮੇਰੇ ਪਰਵਰਦਿਗਾਰ ਜੈਸਾ ਤੂਨੇ ਮੇਰੇ ਉਪਰ ( ਇਹ ) ਉਪਕਾਰ ਕੀਤਾ ਹੈ ਮੈਂ ਭੀ ਅਗੇ ਵਾਸਤੇ ਕਦਾਪਿ (ਕਿਸੇ) ਖੋਟੇ ਪੁਰਖ ਦਾ ਮਦਦਗਾਰ ਨਾ ਬਣਾਂਗਾ ॥ ੧੭ ॥ ਭਾਵ (ਰਾਤ੍ਰੀ ਸੁਖਸਾਂਦ ਨਾਲ ਗੁਜਰੀ ਅਗਲੇ ਦਿਨ ) ਪ੍ਰਾਤਕਾਲ ਡਰਦੇ ਡਰਦੇ ਸ਼ਹਿਰ

Digitized by Panjab Digital Library | www.panjabdigilib.org

ਵਿਚ ਗਏ ਕਿ ਦੇਖੀਏ ( ਕੀ ਹੁੰਦਾ ਹੈ ) ਏਤਨੇ ਵਿਚ ਕੀ ਦੇਖਦੇ ਹਨ ਕਿ ਵਹੀ ਪੁਰਖ ਜਿਸਨੇ ਕਲ ਏਨਹਾਂ ਪਾਸੋਂ ਮਦਦ ਮੰਗੀ ਸੀ ( ਅਜ ਫੇਰ ) ਏਹਨਾਂ ਨੂੰ ਬੁਲਾ ਰਹਿਆ ਹੈ ( ਉਸਦੀ ਅਵਾਜ਼ ਸੁਣ ਕੇ ) ਮੂਸਾ ਨੇ ਓਸ ਨੂੰ ਕਹਿਆ ਕਿ ਏਸ ਵਿਚ ਭਰਮ ਨਹੀਂ ਕਿ ਤੂੰ ਪਰਤੱਖ ਖੋਟਾ (ਆ-ਦਮੀ ) ਹੈਂ ॥ ੧੮ ॥ ( ਰੋਜ ਦਿਹਾੜੀ ਲੋਗਾਂ ਨਾਲ ਲੜਦਾ ਰਹਿੰਦਾ ਹੈ) ਫੇਰ ਜਦੋਂ ਮੂਸਾ ਨੇ ਉਸ ( ਕਿਬਤੀ ) ਨੂੰ ਜੋ ਏਹਨਾਂ ਦਾ ਅਰ ਓਸ ਪੁਕਾ-ਰਨ ਵਾਲੇ ਦੋਹਨਾਂ ਦਾ ਵੈਰੀ ਸੀ ਪਕੜਨਾ ਚਾਹਿਆ ਤਾਂ ( ਇਸਰਾਈਲੀ ਨੂੰ ਭਰਮ ਹੋ ਗਇਆ ਕਿ ਮੈਨੂੰ ਪਕੜਨਾ ਚਾਹੁੰਦਾ ਹੈ ਅਰ ਉਹ ) ਖਿਚਲਾ ਉਠਿਆ ਕਿ ਮੂਸਾ ! ਜਿਸ ਪਰਕਾਰ ਤੂੰਨੇ ਕਲ ਇਕ ਆਦਮੀ ਨੂੰ ਮਾਰ ਸਿਟਿਆ ਕੀ ( ਉਸੇ ਪਰਕਾਰ ਅਜ ) ਮੈਨੂੰ ਭੀ ਮਾਰ ਸਿਟਣ ਦੀ ਇਛਾ ਕਰਦਾ ਹੈਂ ? ( ਪਰਤੀਤ ਹੁੰਦਾ ਹੈ ਕਿ ) ਬਸ ਤੂੰ ਇਹ ਚਾਹੁੰਦਾ ਹੈਂ ਕਿ ਦੇਸ਼ ਵਿਚ ਮਾਰ ਧਾੜ ਕਰਦਾ ਫਿਰੇਂ ਅਰ ਭਲਾਮਾਣਸ ਬਨ ਕੇ ਨਹੀਂ ਰਹਿਣਾ ਚਾਹੁੰਦਾ ॥ ੧੯ ॥ ਅਰ ਸ਼ਹਿਰ ਦੇ ਪਰਲੇ ਸਿਰਿਓਂ ਇਕ ਆਦਮੀ ਦੌੜਦਾ ਹੋਇਆ ਆਇਆ ( ਅਰ ) ਉਸ ਨੇ ਖਬਰ ਦਿਤੀ ਕਿ ਮੂਸਾ ਬੜੇ ੨ ਆਦਮੀ ਤੇਰੇ ਸੰਬੰਧ ਵਿਚ ਘੋਰਮਸੋਰਾ ਕਰ ਰਹੇ ਹਨ ਤਾਕਿ ਤੈਨੂੰ ਵਢ ਸਿਟਨ ਤਾਂ ਤੂੰ ( ਸ਼ਹਿਰ ਵਿਚੋਂ ) ਨਿਕਲ ਜਾ ਮੈਂ ਤੇਰੇ ਭਲੇ ਦੀ ਕਹਿੰਦਾ ਹਾਂ ॥ ੨੦ ॥ ਗਲ ਕਾਹਦੀ ( ਮੂਸਾ ) ਸ਼ਹਿਰੋਂ ਨਿਕਲ ਭਜਿਆ ( ਅਰ ) ਡਰਦਾ ਜਾਂਦਾ ਸੀ ਕਿ ਵੇਖੀਏ ( ਕੀ ਹੁੰਦਾ ਹੈ ਅਰ ਮੂਸਾ ਨੇ ਸ਼ਹਿਰੋਂ ਨਿਕਲਦੀ ਵਾਰੀ ) ਦੁਆ ( ਭੀ ) ਕੀਤੀ ਕਿ ਹੇ ਮੇਰੇ ਪਰਵਰਦਿਗਾਰ ਮੈਨੂੰ ( ਏਹਨਾਂ ) ਜ਼ਾਲਮ ਲੋਕਾਂ ਪਾਸੋਂ ਮੁਕਤ ਦੇਹ ॥ ੨੧ ॥ ਰਕੂਹ ੨ ॥

ਅਰ ਜਦੋਂ ਮਦੀਅਨ ਦੇ ਪਾਸੇ ਮੂੰਹ ਕੀਤਾ ( ਓਸ ਪਾਸੇ ਦਾ ਰਸਤਾ ਮਲੂਮ ਨਹੀਂ ਸੀ ) ਤਾਂ ( ਆਪ ਹੀ ਆਪ ) ਕਹਿਆ ਕਿ ਮੈਨੂੰ ਆਪਣੇ ਪਰਵਰਦਿਗਾਰ ਥੀਂ ਉਮੇਦ ਹੈ ਕਿ ਉਹ ਮੈਨੂੰ ਸੂਧਾ ਮਾਰਗ ਦਿਖਾਵੇਗਾ ॥ ੨੨ ॥ ਅਰ ਜਦੋਂ ਮਦੀਨੇ ਸ਼ਹਿਰ ਦਿਆਂ ਖੂਹਾਂ ਉਪਰ ( ਜੋ ਸ਼ਹਿਰੋਂ ਬਾਹਰ ਸੀ) ਪੁਜਾ ਤਾਂ ਦੇਖਿਆ ਕਿ ਖੂਹੇ ਉਪਰ ਲੋਗਾਂ ਦੀ ਇਕ ਭੀੜ( ਲਗੀ ) ਹੋਈ ਹੈ ( ਅਰ ਉਹ ਆਪਣੇ ਮਾਲ ਡੰਗਰ ਨੂੰ ) ਪਾਣੀ ਪਿਲਾ ਰਹੇ ਹਨ। ਅਰ (ਇਹ ਭੀ)ਦੇਖਿਆ ਹੈ ਕਿ ਓਹਨਾਂ ਦੇ ਇਕ ਪਾਸੇ (ਅਲਗ)ਦੋ ਇਸਤ੍ਰੀਆਂ ( ਆਪਣੀਆਂ ਬਕਰੀਆਂ ) ਨੂੰ ਡਕੀ ਖਲੋਤੀਆਂ ਹਨ ( ਤਾਂ ਮੂਸਾ ਨੇ ) ਪੁਛਿਆ ਕਿ ਤੁਸਾਂ ਦਾ ਕੀ ਮਤਲਬ ਹੈ ? ਉਹ ਬੋਲੀਆਂ ਜਦੋਂ ਤਕ ( ਦੂਸਰੇ ) ਵਾਗੀ ( ਆਪਣੇ ਵਗ ਨੂੰ ਪਾਣੀ ਪਿਲਾ ਕੇ ) ਹਟਾ ਨਾ ਜਾਣ ਅਸੀਂ ( ਆਪਣੀਆਂ ਬਕਰੀਆਂ ਨੂੰ ਪਾਣੀ ) ਨਹੀਂ ਪਿਲਾ ਸਕਦੀਆਂ

Digitized by Panjab Digital Library | www.panjabdigilib.org

ਅਰ ਸਾਡਾ ਪਿਤਾ ਬਹੁਤ ਬ੍ਰਿਧ ਹੈ ॥ ੨੩ ॥ ਇਹ ਸੁਣਕੇ (ਮੂਸਾ ਨੇ) ਉਨਹਾਂ ਵਾਸਤੇ (ਪਾਣੀ ਖਿਚਕੇ ਉਨਹਾਂ ਦੀਆਂ ਬਕਰੀਆਂ ਨੂੰ) ਪਿਲਾ ਦਿਤਾ ਫੇਰ (ਓਥੋਂ) ਹਟ ਕੇ (ਇਕ ਜਗਹਾਂ) ਛਾਇਆ ਹੇਠਾਂ ਜਾ ਬੈਠੇ ਅਰ (ਭੁਖੇ ਸਨ) ਦੁਆ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਤੂੰ (ਆਪਣੇ ਦਰਗਾਹੋਂ ਏਸ ਵੇਲੇ) ਜੋ (ਨਿਆਮਤ ਭੀ) ਮੈਨੂੰ ਭੇਜਦੇਂ ਮੈਂ ਉਸ ਦਾ (ਬੜਾ) ਲੋੜ ਵੰਦ ਹਾਂ ॥ ੨੪ ॥ ਏਤਨੇ ਚਿਰ ਵਿਚ ਓਹਨਾਂ ਦੋ ਇਸਤ੍ਰੀਆਂ ਵਿਚੋਂ ਇਕ (ਨੂੰ ਦੇਖਦੇ ਹਨ ਕਿ) ਓਹਨਾਂ ਦੀ ਤਰਫ ਸ਼ਰਮਾਉਂਦੀ ਹੋਈ ਚਲੀ ਆਉਂਦੀ ਹੈ ਉਸ ਨੇ (ਆਕੇ ਮੂਸੇ ਨੂੰ) ਕਹਿਆ ਕਿ ਮੇਰਾ ਪਿਤਾ ਤੁਸਾਂ ਨੂੰ ਬੁਲਾਉਂਦਾ ਹੈ ਕਿ ਉਹ ਜੋ ਤੁਸਾਂ ਨੇ ਸਾਡੇ ਵਾਸਤੇ (ਸਾਡੀਆਂ ਬਕਰੀਆਂ ਨੂੰ ਪਾਣੀ) ਪਿਲਾ ਦਿਤਾ ਸੀ ਤੁਸਾਂ ਨੂੰ ਉਸ ਦੀ ਮਜਦੂਰੀ ਦੇਣ ਤਾਂ ਜਦੋਂ ਮੂਸਾ ਉਸ (ਬ੍ਰਿਧ) ਪੁਰਖ ਦੇ ਪਾਸ ਪਹੁੰਚਿਆ ਅਰ ਓਹਨਾਂ ਅਗੇ (ਆਪਣਾ) ਹਾਲ ਵਰਨਣ ਕੀਤਾ ਤਾਂ (ਓਹਨਾਂ ਨੇ) ਕਹਿਆ ਕਿ (ਹੁਣ ਕਿਸੀ ਪਰਕਾਰ ਦੀ) ਚਿੰਤਾ ਨਾ ਕਰੋ ਤੁਸੀਂ ਜ਼ਾਲਿਮ ਲੋਗਾਂ ਪਾਸੋਂ ਬਚ ਆਏ ॥ ੨੫ ॥ ਫਿਰ ਉਨਹਾਂ ਦੋ (ਇਸਤ੍ਰੀਆਂ) ਵਿਚੋਂ ਇਕ ਨੇ (ਆਪਣੇ ਪਿਤਾ ਨੂੰ) ਕਹਿਆ ਕਿ ਪਿਤਾ ਜੀ ! ਇਨਹਾਂ ਨੂੰ ਨੌਕਰ ਰਖ ਲੀਜੀਏ ਕਾਹੇ ਤੇ ਭਲੇ ਨਾਲੋਂ ਭਲਾ ਆਦਮੀ ਜੋ ਆਪ ਨੌਕਰ ਰਖਣਾ ਚਾਹੇ ਤਕੜਾ (ਤਥਾ) ਅਮਾਨਤਦਾਰ ਹੋਣਾ ਚਾਹੀਦਾ ਹੈ (ਅਰ ਏਸ ਪੁਰਖ ਵਿਚ ਪਰਤੱਛ ਦੋਵੇਂ ਗਲਾਂ ਦੇਖੀਆਂ ਜਾਂਦੀਆਂ ਹਨ) ॥ ੨੬ ॥ (ਇਸ ਗਲ ਉਤੇ ਉਸ ਮਹਾਂ ਪੁਰਖ ਨੇ ਮੂਸਾ ਨੂੰ) ਕਹਿਆ ਕਿ ਮੈਂ ਚਾਹੁੰਦਾ ਹਾਂ ਕਿ ਆਪਣੀਆਂ ਏਹਨਾਂ ਦੋਹਾਂ ਬੇਟੀਆਂ ਵਿਚੋਂ ਇਕ ਨੂੰ ਏਸ (ਮਿਹਰ) ਉਪਰ ਤੈਨੂੰ ਨਕਾਹ ਵਿਚ ਦੇ ਦੇਵਾਂ ਕਿ ਤੂੰ ਅਠ ਬਰਸ ਮੇਰੀ ਨੌਕਰੀ ਕਰ ਅਰ ਯਦੀ ਤੂੰ ਦਸ (ਬਰਸ) ਪੂਰੇ ਕਰ ਦਵੇ ਤਾਂ ਤੇਰਾ ਉਪਕਾਰ ਹੈ ਅਰ ਮੈਨੂੰ ਤੇਰੇ ਉਤੇ (ਕੰਮ ਕਾਜ ਦਾ ਬਹੁਤ) ਬੋਝਾ ਪਾਉਣਾ ਅਭੀਸ਼ਟ ਨਹੀਂ (ਅਰ) ਤੂੰ ਮੈਨੂੰ ਈਸ਼ਵਰ ਚਾਹੇ (ਖੁਸ਼ ਮੁਆਮਲਾ) ਭਲਾਮਾਨਸ ਦੇਖੇਂ ਗਾ ॥ ੨੭ ॥ (ਮੂਸਾ ਨੇ) ਕਹਿਆ (ਬਸ ਤਾਂ) ਇਹ ਬਾਤ ਮੇਰੇ ਅਰ ਆਪ ਦੇ ਦਰਮਿਆਨ (ਪਕੀ) ਹੋ ਚੁਕੀ (ਮੈਨੂੰ ਅਖਤਿਆਰ ਹੈ) ਕਿ ਦੋਨਾਂ ਮੁਦਤਾਂ ਵਿਚੋਂ ਜਿਸ ਨੂੰ (ਚਾਹਾਂ) ਪੂਰਿਆਂ ਕਰ ਦੇਵਾਂ । ਮੇਰੇ ਉਤੇ ਕਿਸੇ ਪਰਕਾਰ ਦਾ ਜਬਰ ਨਹੀਂ ਅਰ (ਇਹ) ਜੋ ਮੇਰੇ ਅਰ ਆਪ ਦੇ ਮਧ ਮੇਂ ਬਚਨ ਹੋ ਗਿਆ ਹੈ ਅੱਲਾ ਏਸ ਦਾ ਸਾਖੀ ਹੈ ॥ ੨੮ ॥ ਰੁਕੂਹ ੩ ॥

ਫੇਰ ਜਦੋਂ ਮੂਸਾ ਨੇ (ਆਪਣੀ ਨੌਕਰੀ ਦੀ) ਮੁਦਤ ਪੂਰੀ ਕਰ ਦਿਤੀ

Digitized by Panjab Digital Library | www.panjabdigilib.org

ਅਰ ਆਪਣੀ ਪਤਨੀ ਨੂੰ ਲੈਕੇ ਤੁਰ ਪਏ ਤਾਂ ( ਪਰਬਤ ) ਤੂਰ ਦੇ ਪਾ-
ਸਿਓਂ ਏਹਨਾਂ ਨੂੰ ਇਕ ਅਗਨੀ ( ਜੈਸੀ ) ਦ੍ਰਿਸ਼ਟੀ ਆਈ ( ਮੂਸਾਨੇ )
ਆਪਣਿਆਂ ਘਰ ਦਿਆਂ ਆਦਮੀਆਂ ਨੂੰ ਕਹਿਆ ਤੁਸੀਂ ( ਏਥੇ )
ਠਹਿਰੋ ਮੈਨੂੰ ( ਇਕ ) ਅਗਨੀ ( ਜੈਸੀ ) ਦਿਖਾਈ ਦਿਤੀ ਹੈ ( ਅਰ
ਮੈਂ ਓਥੇ ਜਾਂਦਾ ਹਾਂ ) ਸ਼ਾਇਦ ਓਥੇ ਤੁਸਾਂ ਪਾਸ ( ਰਸਤੇ ਦੀ ) ਕੋਈ
ਸੁਧ ( ਲੈ ਆਵਾਂ ) ਜੇ ( ਹੋ ਸਕੇ ਤਾਂ ) ਅਗਨੀ ਦੀ ਇਕ ਅੰਗਿਆਰੀ
ਲੈਂਦਾ ਆਵਾਂ ਤਾਂ ਕਿ ਤੁਸੀ ਲੋਗ ਸੇਕੋ ॥ ੨੯ ॥ ਫੇਰ ਜਦੋਂ ਮੂਸਾ ਅਗਨੀ
ਪਾਸ ਗਇਆ ਤਾਂ ( ਉਸ ) ਪਵਿਤਰ ਅਸਥਾਨ ਵਿਚ ਮੈਦਾਨ ਦੇ ਸਜੇ
ਪਾਸੇ ( ਇਕ ) ਦਰਖਤ ( ਸੀ ਓਸ ਵਿਚੋਂ ) ਉਹਨਾਂ ਨੂੰ ਅਵਾਜ ਆਈ ਕਿ
ਮੂਸਾ ! ( ਇਹ ਤਾਂ ) ਮੈਂ ਅੱਲਾ ਹਾਂ ਸਾਰੇ ਜਹਾਨ ਦਾ ਪਰਵਰਦਿਗਾਰ
॥ ੩੦ ॥ ਅਰ ( ਨਾਲ ਹੀ ) ਇਹ ( ਭੀ ਅਵਾਜ਼ ਆਈ ) ਕਿ ਤੁਸੀਂ
ਆਪਣੀ ਲਾਠੀ ( ਪ੍ਰਿਥਵੀ ਉਤੇ ) ਸਿਟ ਦਿਓ ਤਾਂ ਜਦੋਂ ( ਮੂਸਾ ਨੇ )
ਲਾਠੀ ਨੂੰ ( ਸਿਟਿਆ ਅਰ ਉਸ ਨੂੰ ਐਉਂ ) ਤੁਰਦਿਆਂ ਡਿਠਾ ਕਿ ਮਾਨੋ
ਉਹ ( ਜੀਉਂਦਾ ਜਾਗਦਾ ) ਸਰਪ ਹੈ ਤਾਂ ਪਿਠ ਦੇਕੇ ਭਜੇ ਅਰ ਪਿਛਾਂਹ
( ਮੁੜ ਕੇ ਭੀ ) ਨਾ ਵੇਖਿਆ ( ਅਲਾ ਨੇ ਕਹਿਆ ) ਮੂਸਾ ! ਅਗੇ ਆਜਾ
ਅਰ ( ਕਿਸੇ ਬਾਤ ਦਾ ) ਭੈ ਨਾ ਕਰੋ ਤੁਸੀਂ ( ਸਰਬ ਪਰਕਾਰ ) ਆਨੰਦ
ਵਿਚ ਹੋ ॥ ੩੧ ॥ ਆਪਣਾ ਹਥ ਆਪਣੇ ਗਲਮੇ ਦੇ ਅੰਦਰ ਪਾਓ ( ਅਰ
ਫੇਰ ਨਿਕਾਲੋ ਤਾਂ ਉਹ ) ਬਗੈਰ ਕਿਸੇ ਰੋਗ ਦੇ ( ਭਲਾ ਚੰਗਾ ) ਸਪੈਦ
ਨਿਕਲੇਗਾ ਅਰ ਭੈ ਦੇ ਦੂਰ ਕਰਨੇ ਵਾਸਤੇ ਆਪਣੀਆਂ ਭੁਜਾਂ ਆਪਣੇ ਵਲ
ਸੁਕੇੜਲੋ ਭਾਵ ( ਸੋਟਾ ਅਰ ਸਪੈਦ ਹਥ ) ਇਹ ਦੋਨੋਂ ਮੋਜਜ਼ੇ ਰਬ ਦੇ
ਪਰਦਾਨ ਕੀਤੇ ਹੋਏ ਹਨ ( ਤੇ ਤੁਸਾਂ ਦੁਆਰਾ ) ਫਰਊਨ ਅਰ ਉਸ ਦੇ
ਸਭਾ ਸਦਾਂ ਵਲ ( ਭੇਜੇ ਜਾਂਦੇ ਹਨ ) ਕਾਹੇ ਤੇ ਉਹ ( ਬੜੇ ) ਨਾ ਫਰਮਾਨ
ਲੋਗ ਹਨ ॥ ੩੨ ॥ ( ਮੂਸਾ ਨੇ ) ਬੇਨਤੀ ਕੀਤੀ ਕਿ ਹੇ ਮੇਰੇ ਪਰਵਰ-
ਦਿਗਾਰ ਮੈਨੇ ਓਹਨਾਂ ਵਿਚੋਂ ਇਕ ਆਦਮੀ ( ਕਿਬਤੀ ) ਦਾ ਖ਼ੂਨ ਕਰ
ਦਿਤਾ ਹੋਇਆ ਹੈ ਤਾਂ ਮੈਨੂੰ ਅੰਦੇਸ਼ਾ ਹੈ ਕਿ ( ਕਿਤੇ ) ਮੈਨੂੰ ( ਉਸ ਦੀ ਪ੍ਰਤੀ
ਨਿਧੀ ਵਿਚ ਪਕੜ ਕੇ ) ਮਾਰ ( ਨਾ ) ਸਿਟਨ ॥ ੩੩ ॥ ਅਰ ਮੇਰਾ
ਭਿਰਾ ਹਾਰੂੰ ਉਸ ਦੀ ਜ਼ਬਾਨ ਮੇਰੇ ਨਾਲੋਂ ਅਧਿਕ ਸਫਾ ਹੈ ਤਾਂ
ਓਸ ਨੂੰ ( ਮੇਰਾ ) ਮਦਦਗਾਰ ਬਨਾ ਕੇ ਮੇਰੇ ਸਾਥ ਭੇਜ ਕਿ ਉਹ ਮੇਰੀ
ਤਸਦੀਕ ਕਰਨ ( ਕਾਹੇ ਤੇ ) ਮੈਨੂੰ ਅੰਦੇਸ਼ਾ ਹੈ ਕਿ ( ਫਰਊਨ
ਦੇ ਲੋਗ ) ਮੈਨੂੰ ਝੂਠਿਆਂ ਕਰਨਗੇ ॥ ੩੪ ॥ ( ਤਾਂ ਓਹਨਾਂ ਨੂੰ ਭਲੀ
ਪਰਕਾਰ ਨਿਰੁਤ੍ਰ ਕਰਨ ਵਾਸਤੇ ਬੋਲਣ ਦੀ ਜਰੂਰਤ ਹੈ ) ਆਗਿਆ ਹੋਈ

Digitized by Panjab Digital Library | www.panjabdigilib.org

(ਚੰਗਾ) ਅਸੀਂ ਤੇਰੇ ਭਿਰਾ ਨੂੰ ਤੇਰੀ ਬਾਂਹ ਦਾ ਬਲ ਬਨਾਵਾਂਗੇ ਅਰ ਤੁਸਾਂ ਦੋਨਾਂ ਨੂੰ ਐਸੀ ਸ਼ਕਤੀ ਦੇਵਾਂਗੇ ਕਿ ਫਰਊਨ ਦੇ ਲੋਗ ਤੁਸਾਂ ਤਕ ਪੁਜ ਭੀ ਨਾ ਸਕਨਗੇ ਤਾਂ (ਜਲਦੀ ਹੀ) ਸਾਡੇ ਚਮਤਕਾਰ ਲੈ ਕੇ ਜਾਓ (ਕਿ) ਤੁਸੀਂ ਦੋਨੋਂ ਅਰ ਜੋ ਤੁਸਾਂ ਦੋਨਾਂ ਦੀ ਪੈਰਵੀ ਕਰੇ (ਸਭ) ਬਲਵਾਨ ਰਹੋਗੇ ॥ ੩੫ ॥ ਤਾਂ ਜਦੋਂ ਮੂਸਾ ਸਾਡੇ ਖੁਲਮਖੁਲ੍ਹੇ ਮੋਜਜ਼ੇ ਲੈਕੇ ਓਹਨਾਂ ਦੇ ਪਾਸ ਆਯਾ ਉਹ ਲਗੇ ਕਹਿਣ ਕਿ ਇਹ (ਮੋਜਜ਼ੇ ਤਾਂ ਕੁਛ ਨਹੀਂ ਇਕ ਪਰਕਾਰ ਦਾ) ਤੰਤਰ ਹਨ (ਅਰ ਏਹਨਾਂ ਨੂੰ) ਨਾਹੱਕ (ਖੁਦਾ ਦੇ ਪਾਸੇ ਮਨਸੂਬ ਕੀਤਾ ਜਾਂਦਾ ਹੈ) ਅਰ ਅਸਾਂ ਨੇ ਤਾਂ ਆਪਣਿਆਂ ਪਿਤਾ ਪਿਤਾਮਾ ਵਿਚ ਐਸੀਆਂ ਬਾਤਾਂ ਸੁਣੀਆਂ ਨਹੀਂ ॥ ੩੬ ॥ ਅਰ ਮੂਸਾ ਨੇ ਕਹਿਆ ਕਿ ਜੋ ਪੁਰਖ ਖੁਦਾ ਦੇ ਪਾਸਿਓਂ ਸਚਾ (ਦੀਨ) ਲੈ ਕੇ ਆਇਆ ਹੈ ਅਰ ਅੰਤ ਨੂੰ ਜਿਸ ਦਾ ਅੰਜਾਮ ਸ਼ੁਭ ਹੋਣਾ ਹੈ ਮੇਰੇ ਪਰਵਰਦਿਗਾਰ ਨੂੰ (ਉਸ ਦਾ ਹਾਲ) ਭਲੀ ਪਰਕਾਰ ਮਾਲੂਮ ਹੈ ਕਿ ਇਹ ਸਤਬਾਰਤਾ ਹੈ ਕਿ ਜੋ ਲੋਕ ਅਸਤ ਉੱਪਰ ਹਨ ਉਨਹਾਂ ਦੀ (ਕਦੇ) ਭਲਾਈ ਨਹੀਂ ਹੋਣੀ ॥ ੩੭ ॥ ਅਰ ਫਰਊਨ ਨੇ ਕਹਿਆ ਹੇ ਸਭਾ ਸਦੋ ਮੈਨੂੰ ਤਾਂ ਆਪਣੇ ਸਿਵਾ ਤੁਸਾਂ ਦਾ ਕੋਈ ਖੁਦਾ ਮਲੂਮ ਨਹੀਂ (ਅਰ ਮੂਸਾ ਇਕ ਖੁਦਾ ਦਾ ਨਿਸ਼ਾਨ ਦੇਂਦਾ ਹੈ ਅਰ ਆਪਣੇ ਵਜ਼ੀਰ ਨੂੰ ਮੁਖ਼ਾਤਬ ਕਰਕੇ ਕਹਿਆ ਕਿ) ਹੇ ਹਾਮਾਨ ਚੰਗਾ। ਤੂੰ ਸਾਡੇ ਵਾਸਤੇ ਮਿਟੀ (ਦੀਆਂ ਇੱਟਾਂ) ਨੂੰ ਅਗਨੀ ਲਗਾ (ਅਰਥਾਤ ਆਵੇ ਪਕਵਾ) ਅਰ (ਉਨਹਾਂ ਨਾਲ) ਸਾਡੇ ਵਾਸਤੇ ਇਕ (ਪੱਕਾ) ਮਹਿਲ ਉਸਰਵਾ ਤਾਂ ਕਿ ਅਸੀਂ (ਉਸ ਉਪਰ ਚੜ ਕੇ) ਮੂਸਾ ਦੇ ਖੁਦਾ ਨੂੰ ਝਾਕੀਏ ਅਰ ਅਸੀਂ ਤਾਂ (ਏਸੇ ਪੱਖ ਵਿਚ) ਮੂਸੇ ਨੂੰ ਝੂਠਿਆਂ ਹੀ ਸਮਝਦੇ ਹਾਂ ॥ ੩੮ ॥ ਅਰ ਫਰਊਨ ਅਰ ਉਸਦੇ ਲਸ਼ਕਰਾਂ ਨੇ ਨਾਹੱਕ (ਅਯੋਗ) ਦੇਸ ਵਿਚ ਬਹੁਤ ਸਿਰ ਚੁਕਿਆ ਅਰ ਓਹਨਾਂ ਨੇ ਐਸਾ ਸਮਝਿਆ ਕਿ ਉਹ (ਮਰਿਆਂ ਪਿਛੋਂ) ਸਾਡੀ ਤਰਫ ਲੋਟਾਕੇ ਨਹੀਂ ਲਿਆਂਦੇ ਜਾਣਗੇ ॥ ੩੯ ॥ ਤਾਂ ਅਸਾਂ ਨੇ ਫਰਊਨ ਅਰ ਉਸ ਦੇ ਲਸ਼ਕਰਾਂ ਨੂੰ ਧਰ ਪਕੜਿਆ ਅਰ ਉਨਹਾਂ ਨੂੰ ਸਮੁੰਦਰ ਵਿਚ ਸਿਟ ਕੇ ਮਾਰਿਆ ਤਾਂ (ਹੇ ਪੈਯੰਬਰ) ਦੇਖੋ (ਤਾਂ ਸਹੀ) ਜ਼ਾਲਮਾਂ ਦਾ ਕੈਸਾ (ਬੁਰਾ) ਅੰਜਾਮ ਹੋਇਆ ॥ ੪੦ ॥ ਅਰ ਅਸਾਂ ਨੇ ਉਨਹਾਂ ਨੂੰ ਸਰਦਾਰ (ਤਾਂ) ਕੀਤਾ ਸੀ (ਪਰੰਤੂ ਐਸੇ ਬੁਰੇ ਸਰਦਾਰ) ਕਿ ਯਾਵਤਕਾਲ ਸਰਿਸ਼ਟੀ ਵਿਚ ਰਹੇ ਤਾਵਤਕਾਲ ਲੋਕਾਂ ਨੂੰ ਨਰਕਾਂ ਦੀ ਤਰਫ ਹੀ ਬੁਲਾਉਂਦੇ ਰਹੇ ਅਰ ਪਰਲੈ ਦੇ ਦਿਨ (ਸਰਦਾਰੀ ਤਾਂ) ਏਹਨਾਂ ਨੂੰ (ਕਿਸੇ ਤਰਫੋਂ) ਮਦਦ (ਤਾਂ) ਮਿਲਨੀ (ਹੀ) ਨਹੀਂ ॥ ੪੧ ॥ ਅਰ ਅਸਾਂ ਨੇ ਏਸ ਦੁਨੀਆਂ ਵਿਚ ਓਹਨਾਂ

Digitized by Panjab Digital Library | www.panjabdigilib.org

ਦੇ ਪਿਛੋਂ ਫਿਟਕਾਰ ਪਾ ਦਿਤੀ ਅਰ ਪ੍ਰਲੈ ਦੇ ਦਿਨ ਤਾਂ ਓਹਨਾਂ ਦੀ ਦੁਰ-ਦਸ਼ਾ ਹੋਣੀ ਹੀ ਹੈ ॥ ੪੨ ॥ ਰੁਕੂਹ ੪ ॥

ਅਰ ਅਗਲੀਆਂ ਉੱਮਤਾਂ ਦੇ ਹਲਾਕ ਕੀਤਿਆਂ ਪਿਛੋਂ ਅਸਾਂ ਨੇ ਮੂਸੇ ਨੂੰ ( ਐਸੀ ਉੱਤਮ ) ਪੁਸਤਕ ( ਅਰਥਾਤ ਤੌਰਾਤ ) ਪਰਦਾਨ ਕੀਤੀ ਜਿਸ ਨਾਲ ਲੋਕਾਂ ਦੀਆਂ ਅੱਖੀਆਂ ਖੁਲਦੀਆਂ ਸਨ ਅਰ ( ਓਹਨਾਂ ਵਾਸਤੇ ) ਹਿਦਾਇਤ ਤਥਾ ਰਹਿਮਤ ਸੀ ( ਅਰ ) ਏਸ ਵਾਸਤੇ ( ਦਿਤੀ ਗਈ ਸੀ ) ਕਿ ਲੋਕਾਂ ਨੂੰ ਸਿਖਯਾ ਪਰਾਪਤ ਹੋਵੇ ॥ ੪੩ ॥ ਅਰ ( ਹੇ ਪੈਗੰ-ਬਰ ) ਜਿਸ ਵੇਲੇ ਅਸਾਂ ਨੇ ਮੂਸਾ ਨੂੰ ( ਰਸਾਲਤ ਦੇ ) ਅਧਿਕਾਰ ਦਿਤੇ ਤਾਂ ਤੁਸੀਂ ( ਤੂਰ ਦੇ ) ਪਸ਼ਚਮੀ ਪਾਸੇ ( ਜਿਥੇ ਮੂਸਾ ਨੂੰ ਰਸਾਲਤ ਮਿਲੀ ਸੀ ਵਿਦਮਾਨ ) ਨਹੀਂ ਸੇ । ਅਰ ਨਾ ਤੁਸੀਂ (ਏਸ ਪਰਸੰਗ ਨੂੰ) ਅੱਖੀਂ ਵੇਖਣ ਵਾਲਿਆਂ ਵਿਚੋਂ ਸੇ ॥ ੪੪ ॥ ਪਰੰਤੂ ( ਬਾਤ ਇਹ ਹੈ ਕਿ ) ਅਸਾਂ ਨੇ ਬਹੁਤ ਸਾਰੀਆਂ ਉੱਮਤਾਂ ਨਿਕਾਲ ਖੜੀਆਂ ਕੀਤੀਆਂ ਅਰ ਓਹਨਾਂ ਉਤੇ ਬਹੁਤ ਸਾਰੀਆਂ ਪ੍ਰਨਾਲੀਆਂ ਗੁਜਰ ਗਈਆਂ । (ਅਰ) ਨਾ ਤੁਸੀਂ ਮਦੀਆਨ ਦਿਆਂ ਲੋਗਾਂ ਵਿਚ ਰਹੇ ਕਿ ਤੁਸੀਂ ਓਹਨਾਂ ਨੂੰ ਸਾਡੀਆਂ ਆਇਤਾਂ ਪੜ੍ਹ ੨ ਕੇ ਸੁਣਾਉਂਦੇ ਸੇ ( ਅਰ ਇਸ ਪਰਕਾਰ ਤੁਸਾਂ ਨੂੰ ਉਸ ਵੇਲੇ ਦੇ ਪਰਸੰਗ ਮਾਲੂਮ ਕਰਨ ਦਾ ਮੌਕਿਆ ਮਿਲਿਆ ਹੋਵੇ ) ਪ੍ਰਤਯੁਤ ਅਸਾਂ ਨੂੰ ( ਤੁਸਾਂ ਤਾਈਂ ਪੈਯੰਬਰ ਬਨਾ ਕੇ ) ਭੇਜਣਾ ( ਅਭੀਸ਼ਟ ) ਸੀ ॥ ੪੫ ॥ ਅਰ ਨਾ ਓਸ ਸਮੇਂ ਕਿ ਅਸਾਂ ਨੇ ( ਮੂਸਾ ਨੂੰ ) ਬੁਲਾਇਆ ਸੀ ਤੁਸੀਂ ਤੂਰ ਦੇ ( ਕਿਸੇ ) ਪਾਸੇ ਇਸਥਿਤ ਸੇ ( ਕਿ ਤੁਸਾਂ ਨੇ ਇਹ ਪਰਸੰਗ ਆਪਣੀਆਂ ਅੱਖੀਆਂ ਨਾਲ ਦੇਖੇ ਹੋਣ ) ਪ੍ਰਤਯੁਤ (ਇਹ) ਤੁਸਾਂ ਦੇ ਪਰਵਰਦਿਗਾਰ ਦੀ ( ਇਕ ) ਮੇਹਰ-ਬਾਨੀ ਹੈ ਤਾਂ ਕਿ ਤੁਸੀਂ ਓਹਨਾਂ ਲੋਗਾਂ ਨੂੰ ਸਭੈ ਕਰੋ ਜਿਨਹਾਂ ਦੇ ਪਾਸ ਤੁਸਾਂ ਨਾਲੋਂ ਪਹਿਲੇ ਕੋਈ ਸਭ ਕਰਨੇ ਵਾਲਾ ਨਹੀਂ ਆਇਆ। ਅਸਚਰਜ ਨਹੀਂ ( ਤੁਸਾਂ ਦੇ ਡਰਾਉਣ ਨਾਲ ) ਇਹ ਸਿਖਯਾ ਪਾ ਜਾਣ ॥ ੪੬ ॥ ਅਰ (ਅਸਾਂ ਨੇ ਇਹ ਕੁਰਾਨ ਕੇਵਲ ਕੋਟੀ ਪੂਰੀ ਕਰਨ ਵਾਸਤੇ ਉਤਾਰਿਆ ਹੈ ਕਿ ) ਨਾ ਜਾਣੀਏਂ ਏਹਨਾਂ ਦੀਆਂ ਆਪਣੀਆਂ ਹੀ ਕਰਤੂਤਾਂ ਦੇ ਬਦਲੇ ਵਿਚ ਏਹਨਾਂ ਉਪਰ ਕੋਈ ਵਿਪੱਤੀ ਆ ਪਰਾਪਤ ਹੋਵੇ ਤਾਂ ( ਉਸ ਸਮੇਂ ) ਕਹਿਣ ਲੱਗਣ ਕਿ ਹੇ ਸਾਡੇ ਪਰਵਰਦਿਗਾਰ ਤੁਸਾਂ ਨੇ ਸਾਡੇ ਪਾਸ ਕੋਈ ਪੇਯੰਬਰ ਕਿਉਂ ਨਾ ਭੇਜਿਆ ( ਯਦੀ ਪੈਯੰਬਰ ਭੇਜਦਾ ) ਤਾਂ ਅਸੀਂ ਤੇਰਿਆਂ ਹੁਕਮਾਂ ਦੀ ਪੈਰਵੀ ਕਰਦੇ ਅਰ ਧਾਰਮਿਕਾਂ ਵਿਚ ਹੁੰਦੇ ॥ ੪੭ ॥ ਫੇਰ ਜਦੋਂ ਸਾਡੀ ਤਰਫੋਂ ਸਚਾ ( ਦੀਨ ) ਓਹਨਾਂ ਦੇ ਪਾਸ ਪਹੁੰਚਿਆ ਤਾਂ ਲਗੇ ਕਹਿਣ ਕਿ ਜੈਸੇ ( ਮੋਜਜ਼ੇ ) ਮੂਸਾ ਨੂੰ ਮਿਲੇ ਥੇ ਐਸੇ ਹੀ ਇਸ ( ਪੈਯੰਬਰ ਨੂੰ ) ਕਿਉਂ

Digitized by Panjab Digital Library | www.panjabdigilib.org

ਨਹੀਂ ਮਿਲੇ ਕੀ ਜੋ ( ਮੋਜਜ਼ੇ ) ਪਹਿਲੇ ਮੂਸਾ ਨੂੰ ਮਿਲੇ ਸਨ ਲੋਗ ਓਹਨਾਂ ਦੇ ਮੁਨਕਰ ਨਹੀਂ ਹੋਏ ( ਕਾਫ਼ਰਾਂ ਦਾ ) ਕਥਨ ਤਾਂ ਇਹ ਹੈ ਕਿ ( ਮੂਸਾ ਅਰ ਪੈਯੰਬਰ ) ਦੋਨੋਂ ਤਾਂਤ੍ਰਕੀ ਹਨ ਅਰ ਇਕ ਦੂਜੇ ਦੇ ਮਦਦਗਾਰ (ਹਨ) ਅਰ ( ਹੋਰ ਖੁਲੇ ਡੁਲੇ ) ਕਹਿੰਦੇ ਹਨ ਕਿ ਅਸੀਂ ( ਏਹਨਾਂ ਦੋਨਾਂ ਵਿਚੋਂ ) ਕਿਸੇ ਨੂੰ ਭੀ ਨਹੀਂ ਮੰਨਦੇ ( ਅਰ ਨਾਂ ਏਹਨਾਂ ਦੀਆਂ ਪੁਸਤਕਾਂ ਨੂੰ ) ॥ ੪੮ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਯਦੀ ( ਕੁਰਾਨ ਅਰ ਤੌਰਾਤ ਦੋਨੋ ਪੁਸਤਕਾਂ ਝੂਠੀਆਂ ਹਨ ਅਰ ) ਤੁਸੀਂ ( ਆਪਣੇ ਪਖ ਵਿਚ ) ਸਚੇ ਹੋ ਤਾਂ ਖੁਦਾ ਪਾਸੋਂ ( ਹੋਰ ) ਕੋਈ ਪੁਸਤਕ ਲੈ ਆਓ ਜੋ ਏਹਨਾਂ ਦੋਨਾਂ ਨਾਲੋਂ ਸਿਖਯਾ ਦੇਣ ਵਿਚ ਉੱਤਮ ਹੋਵੇ ਮੈਂ ਉਸ ਦੀ ਪੈਰਵੀ ਕਰਨੇ ਨੂੰ ( ਮੌਜੂਦ ) ਹਾਂ ॥ ੪੯ ॥ ਤਾਂ ਯਦੀ ਇਹ ਲੋਗ ਤੁਸਾਂ ਦੇ ਕਹਿਣ ਅਨੁਸਾਰ ਨਾ ਕਰ ਦਿਖਲਾਣ ਤਾਂ ਜਾਣ ਲਵੋ ( ਕਿ ਸਚ ਦੀ ਨਹੀਂ ਪ੍ਰਤਯੁਤ ) ਕੇਵਲ ਆਪਣੀਆਂ ( ਮਨੋ ) ਕਾਮਨਾਂ ਦੀ ਪੈਰਵੀ ਕਰਦੇ ਹਨ ਅਰ ਓਸ ਨਾਲੋਂ ਵਧ ਕੇ ਕੁਮਾਰਗੀ ਕੌਣ ਕਿ ਖੁਦਾ ਦੇ ਪਾਸਿਓਂ ਤਾਂ ਉਸ ਦੇ ਪਾਸ ਸਿਖਯਾ ਹੋ ਨਹੀਂ ( ਅਰ ਉਹ ) ਆਪਣੀ ( ਮਨੋ ) ਕਾਮਨਾ ਦੀ ਪੈਰਵੀ ਕਰੇ ਨਿਰਸੰਦੇਹ ਅੱਲਾ ਪਾਪੀਆਂ ਨੂੰ ਸਿਖਯਾ ਨਹੀਂ ਦਿਤਾ ਕਰਦਾ ॥ ੫੦ ॥ ਰੁਕੂਹ ੫ ॥

( ਅਰ ਤੌਰਾਤ ਅਰ ਕੁਰਾਨ ਦੋਨੋਂ ਪੁਸਤਕਾਂ ਸਾਡੀਆਂ ਉਤਾਰੀਆਂ ਹੋਈਆਂ ਹਨ ) ਅਰ ਅਸੀਂ ਲਗਾਤਾਰ ਲੋਗਾਂ ਉਪਰ ( ਆਪਣੇ ) ਹੁਕਮ ਭੇਜਦੇ ਰਹੇ ਹਾਂ ਤਾਂ ਕਿ ਉਹ ਸਿਖਯਾ ਪਾਉਣ ॥ ੫੧ ॥ ਜਿਨਹਾਂ ਲੋਗਾਂ ਨੂੰ ਕੁਰਾਨ ਨਾਲੋਂ ਪਹਿਲੋਂ ਅਸਾਂ ਨੇ ਕਿਤਾਬ ਪਰਦਾਨ ਕੀਤੀ (ਅਰ ਉਹ ਗਯਾਤ-ਵਾਨ ਤਥਾ ਸਚ ਪਸੰਦ ਭੀ ਹਨ ) ਉਹ ਤਾਂ ਏਸ ( ਕੁਰਾਨ ) ਉਪਰ ਈਮਾਨ ਲੈ ਆਉਂਦੇ ਹਨ ॥ ੫੨ ॥ ਅਰ ਜਦੋਂ ਓਹਨਾਂ ਨੂੰ ਕੁਰਾਨ ਸੁਣਾ-ਇਆ ਜਾਂਦਾ ਹੈ ਤਾਂ ਬੋਲ ਉਠਦੇ ਹਨ ਕਿ ਸਾਨੂੰ ਤਾਂ ਏਸ ਦਾ ਯਕੀਨ ਆ ਗਿਆ ਕਿ ਨਿਰਸੰਦੇਹ ਇਹ ਸਚਾ ਹੈ ( ਅਰ ) ਸਾਡੇ ਪਰਵਰਦਿਗਾਰ ਦੇ ਪਾਸਿਓਂ ( ਉਤਰਿਆ ਹੈ ) ਅਸਲ ਵਿਚ ਅਸੀਂ ਤਾਂ ਏਸ ( ਦੇ ਉਤਰਨ) ਨਾਲੋਂ ਪ੍ਰਥਮ ( ਭੀ ਏਸ ਨੂੰ ) ਮੰਨਦੇ ਸਾਂ ॥ ੫੩ ॥ ਏਹੀ ਲੋਗ ਹਨ ਜਿਨਹਾਂ ਨੂੰ ਏਹਨਾਂ ਦੇ ਸਬਰ ਦੇ ਬਦਲੇ ਦੁਗਨਾ ਫਲ ਦਿਤਾ ਜਾਵੇਗਾ। ( ਕਿ ਓਧਰ ਤੌਰਾਤ ਪਰ ਈਮਾਨ ਧਾਰਿਆ ਏਧਰ ਕੁਰਾਨ ਪਰ। ) ਅਰ ( ਧੀਰਜੀ ਐਸੇ ਹਨ ਕਿ ) ਭਲਾਈ ਨਾਲ ਬੁਰਾਈ ਨੂੰ ਦੂਰ, ਕਰਦੇ ਹਨ ਅਰ ਅਸਾਂ ਨੇ ਜੋ ਏਹਨਾ ਨੂੰ ਦਿਤਾ ਹੈ ਓਸ ਵਿਚੋਂ ( ਰੱਬ ਦੇ ਪਾਸੇ ) ਖਰਚ ਕਰਦੇ ਹਨ ॥ ੫੪ ॥ ਅਰ ਬਦੋਂ ( ਕਿਸੇ ਪਾਸੋਂ ) ਮਿਥਯਾ ਬਾਰਤਾ

Digitized by Panjab Digital Library | www.panjabdigilib.org

ਸੁਣਦੇ ਹਨ ਤਾਂ ਓਸ ਪਾਸੋਂ ਕੰਨੀ ਕਤਰ ਜਾਂਦੇ ਹਨ ਅਰ ( ਐਸਿਆਂ ਲੋਗਾਂ ਨੂੰ ) ਕਹਿ ਦੇਂਦੇ ਹਨ ਕਿ ਸਾਡਾ ਕੀਤਾ ਸਾਨੂੰ ਅਰ ਤੁਸਾਂ ਦਾ ਕੀਤਾ ਤੁਸਾਂ ਨੂੰ ( ਅਸੀਂ ) ਤੁਸਾਂ ਨੂੰ ( ਦੂਰੋਂ ਹੀ ) ਸਲਾਮ ( ਕਰਦੇ ਹਾਂ ) ਅਸੀਂ ਮੂਰਖਾਂ ਦੇ ਗਾਹਕ ਨਹੀਂ ॥੫੫॥ ( ਹੇ ਪੈਯੰਬਰ ਆਪਣੀ ਇਛਾਨੁਸਾਰ ) ਤੁਸੀਂ ਜਿਸਨੂੰ ਚਾਹੋ ਸਿਖਜਾ ਨਹੀਂ ਦੇ ਸਕਦੇ ਪ੍ਰਤੁਤ ਅੱਲਾ ਜਿਸਨੂੰ ਚਾਹੁੰਦਾ ਸਿਖਜਾ ਦੇ ਦੇਂਦਾ ਹੈ । ਅਰ ਉਹੀ ਸੁਮਾਰਗੀਆਂ ( ਦੀ ਬਿਵਸਥਾ ) ਤੋਂ ਭਲੀ ਪਰਕਾਰ ਗਿਆਤ ਹੈ ॥ ੫੬ ॥ ਅਰ ( ਹੇ ਪੈਯੰਬਰ ਕਈਕੁ ਮਕੇ ਦੇ ਨਿਵਾਸੀ ਤੁਸਾਂ ਨੂੰ ) ਕਹਿੰਦੇ ਹਨ ਕਿ ਯਦੀ ਅਸੀਂ ਤੁਸਾਂ ਦੇ ਨਾਲ ਸਚੇ ਦੀਨ ਦੀ ਪੈਰਵੀ ਕਰੀਏ ਤਾਂ ਅਸੀਂ ਆਪਣੇ ਅਸਥਾਨੋਂ ਟੁੰਬੇ ਜਾਈਏ ( ਪਰੰਤੂ ) ਕੀ ਅਸਾਂ ਨੇ ਓਹਨਾਂ ਨੂੰ ਹਰਮ ( ਮਕੇ ) ਵਿਚ ਜਿਥੇ ( ਸਰਬ ਰੀਤੀ ਦਾ ) ਅਮਨ ( ਤਥਾ ਇਤਮੀਨਾਨ ) ਹੈ ਜਗਹਾਂ ਨਹੀਂ ਦਿਤੀ ? ਕਿ ਸਰਬ ਪਰਕਾਰ ਦੇ ਫਲ ਏਥੇ ਖਿਚੇ ਚਲੇ ਆਉਂਦੇ ਹਨ ( ਘਰ ਬੈਠੇ ਬਿਠਾਏ ਏਹਨਾਂ ਦਾ ) ਰਿਜਕ ( ਏਹਨਾਂ ਨੂੰ ) ਸਾਡੇ ਏਥੋਂ ( ਪਹੁੰਚਦਾ ਹੈ ) ਅਰ ਪਰੰਤੂ ਏਹਨਾਂ ਵਿਚ ਪ੍ਰਾਯਾ ( ਇਸ ਪਦਾਰਥ ਦੀ ਕਦਰ ) ਨਹੀਂ ਜਾਣਦੇ ॥ ੫੭ ॥ ਅਰ ਅਸਾਂ ਨੇ ਬਹੁਤ ਸਾਰੀਆਂ ਨਗਰੀਆਂ ਹਲਾਕ ਕਰਕੇ ਮਾਰੀਆਂ ਜੋ ਆਪਣੀ (ਬਹੁਤੀ) ਜੀਉਕਾ (ਦੀ ਦਸ਼ਾ) ਵਿਚ (ਖਾ ਖਾਕੇ ) ਆਫਰ ਗਈਆਂ ਸਨ ਤਾਂ ( ਹੁਣ ) ਇਹ ਓਹਨਾਂ ( ਹੀ ਲੋਗਾਂ ) ਦੇ ਘਰ ਹਨ ਜੋ ਓਹਨਾਂ ਦੇ ( ਮਰ ਗਿਆਂ ) ਪਿਛੋਂ ਵਸੇ ( ਹੀ ) ਨਹੀਂ ਪਰੰਤੂ ਕਦੀ ਕਦਾਈਂ ਅਰ ( ਅੰਤ ਓਹਨਾਂ ਦੇ ਧਨ ਮਾਲ ਦੇ ) ਅਸੀਂ ਹੀ ਮਾਲਕ ਹੋਏ ॥ ੫੮ ॥ ਅਰ ( ਹੇ ਪੈਯੰਬਰ ) ਜਦੋਂ ਤਕ ਤੁਹਾਡਾ ਪਰਵਰਦਿਗਾਰ ਕਿਸੇ ਨਗਰੀ ਵਿਚ ਪੈਯੰਬਰ ਨਾਂ ਭੇਜ ਲਵੇ ਅਰ ਉਹ ਉਹਨਾਂ ਨੂੰ ਸਾਡੀਆਂ ਆਇਤਾਂ ਪੜ ਕੇ ਨਾ ਸੁਣਾ ਦੇਵੇ ਉਹਦੇ ( ਇਨਸਾਫ ਦਾ ਸੁਹੱਪਣ ) ਤੋਂ ਬਾਹਰ ਹੈ ਕਿ(ਕੋਟੀ ਪੂਰੀ ਕੀਤੇ ਬਨਾ ) ਨਗਰੀਆਂ ਨੂੰ ਮਾਰ ਸਿਟਿਆ ਕਰੇ ਅਰ ਅਸੀਂ ਤਦੋਂ ਹੀ ਬਸਤੀਆਂ ਨੂੰਮਾਰਦੇ ਹਾਂ ਜਦੋਂ ਕਿ ਓਥੋਂ ਦੇ ਲੋਗ ਨਾਫਰਮਾਨੀ ਪੇਟੇ ਪਾ ਲੈਂਦੇ ਹਨ ॥ ੫੯ ॥ ਅਰ(ਲੋਗੋ !)ਜੋ ਕੁਛ ਭੀ ਤੁਸਾਂ ਨੂੰ ਦਿਤਾ ਗਿਆ ਹੈ ( ਉਹ ) ਸਾਂਸਾਰਿਕ ਜੀਵਨ ਦੇ ( ਚਾਰ ਦਿਨ ) ਦੇ ਫਾਇਦੇ ਹਨ ਅਰ ਏਥੋਂ ਦਾ ਸੋਹੱਪਣ ਅਰ ਜੋ ( ਕੁਛ ਬਦਲਾ ) ਅੱਲਾ ਦੇ ਪਾਸ ਹੈ ਉਹ ( ਇਸ ਨਾਲੋਂ ) ਕਈ ਗੁਣਾਂ ਉੱਤਮ ਅਰ ਚਿਰ ਅਸਥਾਈ ਹੈ ਕੀ ਤੁਸੀਂ ਲੋਗ ( ਏਤਨੀ ਬਾਰਤਾ ਭੀ ) ਨਹੀਂ ਸਮਝਦੇ ॥ ੬੦ ॥ ਰੁਕੂਹ ੬ ॥

ਭਲਾ ਉਹ ਪੁਰਖ ਜਿਸ ਦੇ ਨਾਲ ਅਸਾਂ ਨੇ ( ਸੁਵਰਗ ਦੀ ) ਚੰਗੀ ਪਰਤਿਗਜਾ ਕਰ ਰਖੀ ਹੈ ਅਰ ਉਹ ( ਅੰਤ ਦੇ ਦਿਨ ) ਉਸ ਨੂੰ ਮਿਲਨੇ

Digitized by Panjab Digital Library | www.panjabdigilib.org

ਵਾਲੀ ਹੈ ਕੀ (ਆਰਾਮ ਤਥਾ ਸੁਖ ਦੇ ਇਤਬਾਰ ਨਾਲ) ਉਸ ਜੈਸਾ ਹੋ ਸਕਦਾ ਹੈ ਜਿਸ ਨੂੰ ਅਸਾਂ ਨੇ ਸਾਂਸਾਰਿਕ ਜੀਵਨ ਦੇ (ਚਾਰ ਦਿਨ) ਦੇ ਫਾਇਦੇ ਪੁਚਾਏ ਫੇਰ ਪ੍ਰਲੈ ਦੇ ਦਿਨ ਉਹ ਓਹਨਾਂ ਲੋਗਾਂ ਵਿਚ ਹੋਵੇਗਾ ਜੋ (ਜਵਾਬ ਦੇਣ ਦੇ ਵਾਸਤੇ ਖੁਦਾ ਦੇ ਸਨਮੁਖ) ਹਾਜਰ ਕੀਤੇ ਜਾਣਗੇ ॥ ੬੧ ॥ ਅਰ ਜਿਸ ਦਿਨ ਖੁਦਾ ਕਾਫਰਾਂ ਨੂੰ ਬੁਲਾਕੇ ਪੁਛੇਗਾ ਕਿ ਜਿਨਹਾਂ ਲੋਗਾਂ ਨੂੰ ਤੁਸੀਂ (ਸਾਡੇ ਸ਼ਰੀਕ) ਸਮਝਦੇ ਸੇ (ਉਹ) ਸਾਡੇ ਸ਼ਰੀਕ ਕਿਥੇ ਹਨ ? ॥ ੬੨ ॥ (ਅਤ ਇਵ ਉਹ ਸ਼ਰੀਕ ਭੀ ਸਨਮੁਖ ਕੀਤੇ ਜਾਣਗੇ ਤਾਂ ਇਹ ਸ਼ਰੀਕ) ਜਿਨ੍ਹਾਂ ਤੇ ਬਾਰਤਾ (ਦੇਖ) ਸਾਬਤ ਹੋ ਜਾਇਗੀ ਬੋਲ ਉਠਣਗੇ ਕਿ ਹੇ ਸਾਡੇ ਪਰਵਰਦਿਗਾਰ (ਨਿਰਸੰਦੇਹ) ਯਹ ਵਹੀ ਲੋਗ ਹਨ ਜਿਨਹਾਂ ਨੂੰ ਅਸਾਂ ਨੇ ਬਹਿਕਾਇਆ (ਪਰੰਤੂ) ਜਿਸ ਪਰਕਾਰ ਅਸੀਂ ਆਪ (ਬਿਲਾ ਜਬਰ) ਬ੍ਰਹਿਕੇ ਸੇ ਉਸੀ ਪ੍ਰਕਾਰ ਅਸਾਂ ਨੇ ਉਨਹਾਂ ਨੂੰ ਭੀ (ਬਿਲਾ ਜਬਰ) ਬਹਿਕਾਇਆ ਅਸੀਂ ਤੇਰੇ ਸਨਮੁਖ (ਏਹਨਾਂ ਦੀ ਕੁਮਾਰਗੀ ਦੇ ਜਵਾਬ ਦੇਣ ਥੀਂ) ਦਸਤ ਬਰਾਦਰੀ ਕਰਦੇ (ਹਥ ਉਠਾਂਦੇ) ਹਾਂ ਇਹ ਲੋਗ ਸਾਨੂੰ ਨਹੀਂ ਪੂਜਦੇ ਸੇ ॥ ੬੩ ॥ ਅਰ (ਫੇਰ ਭੇਦ-ਵਾਦੀਆਂ ਨੂੰ) ਕਹਿਆ ਜਾਵੇਗਾ ਕਿ ਆਪਣਿਆਂ (ਓਹਨਾਂ) ਸ਼ਰੀਕਾਂ ਨੂੰ (ਜਿਨਹਾਂ ਨੂੰ ਤੁਸੀਂ ਖੁਦਾ ਦੇ ਸ਼ਰੀਕ ਸਮਝਦੇ ਸੇ ਆਪਣੀ ਸਹਾਇਤਾ ਵਾਸਤੇ) ਬੁਲਾਓ ਅਤ ਇਵ ਇਹ ਲੋਗ ਉਨਹਾਂ ਨੂੰ ਬੁਲਾਉਣਗੇ ਤਾਂ ਉਹ ਏਹਨਾਂ ਨੂੰ ਉਤਰ ਤਕ ਭੀ ਨਾ ਦੇਵਣਗੇ ਅਰ (ਭੇਦ ਵਾਦੀ ਆਪਣੀ ਅੱਖੀਂ) ਕਸ਼ਟ ਨੂੰ ਦੇਖ ਲੈਣਗੇ। ਕਿ ਹਾ ਦੈਵ ਇਹ ਲੋਗ (ਸੰਸਾਰ ਵਿਚ) ਸੂਧੇ ਮਾਰਗ ਉਪਰ ਹੁੰਦੇ (ਤਾਂ ਏਸ ਨਖਿਧ ਦਿਨ ਨੂੰ ਪਰਾਪਤ ਨਾ ਹੁੰਦੇ) ॥ ੬੪ ॥ ਅਰ ਜਿਸ ਦਿਨ ਖੁਦਾ (ਕਾਫਰਾਂ ਨੂੰ) ਬੁਲਾਕੇ ਪੁਛੇਗਾ ਕਿ ਪੈਯੰਬਰਾਂ (ਨੇ ਤੁਸਾਂ ਨੂੰ ਸਮਝਾਇਆ ਬੁਝਾਇਆ ਤਾਂ ਓਹਨਾਂ) ਨੂੰ ਤੁਸਾਂ ਕੀ ਉੱਤਰ ਦਤਾ ॥ ੬੫ ॥ ਤਾਂ ਓਸ ਦਿਨ ਓਹਨਾਂ ਨੂੰ ਕੋਈ ਜਵਾਬ ਨਹੀਂ ਆਵੇਗਾ ਅਰ ਉਹ ਆਪਸ ਵਿਚ (ਕੋਈ) ਪੁਛ ਗਿਛ (ਭੀ) ਨਾ ਕਰ ਸਕਣਗੇ ॥ ੬੬ ॥ ਤਾਂ ਜਿਸ ਨੇ (ਸੰਸਾਰ ਵਿਚ) ਤੋਬਾ ਕੀਤੀ ਅਰ ਈਮਾਨ ਧਾਰਿਆ ਅਰ ਸ਼ੁਭ ਕਰਮ (ਭੀ) ਕੀਤੇ ਤਾਂ ਸੰਭਾਵਨਾ ਹੈ ਕਿ (ਅੰਤ ਨੂੰ) ਐਸਾ ਪੁਰਖ ਭਲਾਈ ਪਾਉਣ ਵਾਲਿਆਂ ਵਿਚੋਂ ਹੋਵੇ ॥ ੬੭ ॥ ਅਰ (ਹੇ ਪੈਯੰਬਰ) ਤੁਸਾਂ ਦਾ ਪਰਵਰਦਿਗਾਰ ਜਿਸ ਪਰਕਾਰ ਦੇ ਲੋਗ ਚਾਹੁੰਦਾ ਹੈ ਉਤਪਤ ਕਰ ਦੇਂਦਾ ਹੈ ਅਰ (ਓਹਨਾਂ ਵਿਚੋਂ ਜਿਸ ਨੂੰ ਚਾਹੁੰਦਾ ਹੈ) ਚੁਣ ਲੈਂਦਾ ਹੈ ਚੋਣ ਲੋਕਾਂ ਦੇ ਵਸ ਵਿਚ ਨਹੀਂ ਇਹ ਲੋਗ ਜੈਸੇ ਜੈਸੇ ਸ਼ਿਰਕ ਕਰਦੇ ਹਨ ਅੱਲਾ (ਦਾ ਸਰੂਪ) ਓਸ ਨਾਲੋਂ ਪਵਿੱਤਰ ਅਰ

Digitized by Panjab Digital Library | www.panjabdigilib.org

( ਓਸ ਦਾ ਪਰਤਾਪ ਏਸ ਨਾਲੋਂ ਬਹੁਤ ) ਉੱਚਾ ਹੈ ॥ ੬੮ ॥ ਅਰ ( ਹੇ ਪੈਯੰਬਰ ) ਜੋ ( ਮਨੋ ਰਾਜ ) ਇਹ ਲੋਗ ਆਪਣਿਆਂ ਦਿਲਾਂ ਵਿਚ ਛਿਪਾਉਂਦੇ ਅਰ ਜੋ ਪਰਗਟ ਕਰਦੇ ਹਨ ਤੁਸਾਂ ਦਾ ਪਰਵਰਦਿਗਾਰ ਓਹਨਾਂ ਨੂੰ (ਖੂਬ ਜਾਣਦਾ ) ਹੈ ॥ ੬੯ ॥ ਅਰ ਉਹੀ ਅੱਲਾ ਹੈ ਕਿ ਉਸਦੇ ਸਿਵਾ ਕੋਈ (ਔਰ) ਮਾਬੂਦ ਨਹੀਂ ਸੰਸਾਰ ਵਿਚ ਤਥਾ ਪ੍ਰਲੈ ਦੇ ਦਿਨ ( ਦੋਨਾਂ ) ਵਿਚ ਓਸੇ ਦੀ ਵਡਿਆਈ ਹੈ ਅਰ ਓਸੇ ਦਾ ਹਾਜ ਹੈ ਅਰ ਓਸੇ ਪਾਸੇ ਹੀ ਤੁਸਾਂ ਲੋਗਾਂ ਨੇ ਲੌਟ ਕੇ ਜਾਣਾ ਹੈ ॥ ੭੦ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਭੁਲਾ ਦੇਖੋ ਤਾਂ ਸਹੀ ਕਿ ਯਦੀ ਅੱਲਾ ਪ੍ਰਲੈ ਦੇ ਦਿਨ ਤਕ ਸਦੈਵ ਤੁਸਾਂ ਉਤੇ ਰਾਤ੍ਰੀ ਹੀ ਕਰੀ ਰਖੇ ਤਾਂ ਅੱਲਾ ਤੋਂ ਸਿਵਾ ਕੋਈ ਔਰ ਖੁਦਾ ਹੈ ਜੋ ਤੁਸਾਂ ਵਾਸਤੇ ( ਦਿਨ ਦਾ ) ਚਾਂਦਨਾਂ ਲੈ ਆਵੇ ਕੀ ਤੁਸੀਂ (ਐਸੀ ਜੋਗ ਬਾਰਤਾ ਭੀ ) ਨਹੀਂ ਸੁਣਦੇ ॥ ੭੧ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਭਲਾ ਦੇਖੋ ਤਾਂ ਸਹੀ ਯਦੀ ਅੱਲਾ ਪ੍ਰਲੈ ਦੇ ਦਿਨ ਤਕ ਤੁਸਾਂ ਉਤੇ ਸਦੈਵ ਦਿਨ ਹੀ ਕਰੀ ਰਖੇ ਤਾਂ ਅੱਲਾ ਦੇ ਸਿਵਾ ਕੋਈ ਔਰ ਖੁਦਾ ਹੈ ਜੋ ਤੁਸਾਂ ਵਾਸਤੇ ਰਾਤ੍ਰੀ ਲਿਆ ਵਿਦਮਾਨ ਕਰੇ ਕਿ ਤੁਸੀਂ ਓਸ ਵਿਚ ਸੁਖ ਪਾਓ। ਕੀ ਤੁਸੀਂ ਲੋਗ (ਖੁਦਾ ਦੀਆਂ ਐਸੀਆਂ ਜ਼ਾਹਰਾ ਜ਼ਹੂਰ ਨਿਆਮਤਾਂ ਨੂੰ ਭੀ) ਨਹੀਂ ਦੇਖਦੇ ॥ ੭੨ ॥ ਅਰ ( ਉਸ ਨੇ ) ਆਪਣੀ ਰਹਿਮਤ ਨਾਲ ਤੁਸਾਂ ਵਾਸਤੇ ਰਾਤ੍ਰੀ ਤਥਾ ਦਿਨ ਨੂੰ ਬਨਾਇਆ ਹੈ ਤਾ ਕਿ ਤੁਸੀਂ ( ਰਾਤ੍ਰੀ ) ਵਿਚ ਆਰਾਮ ਪਾਓ ਅਰ ਤਾ ਕਿ ( ਦਿਨ ਵਿਚ ) ਉਸਦੇ ਫਜ਼ਲ ( ਅਰਥਾਤ ਆਪਣੇ ਅਨਦਾਣੇ ) ਦੀ ਢੂੰਡ ਵਿਚ ਲਗੇ ਰਹੋ ਅਰ ਤਾ ਕਿ ਤੁਸੀਂ ( ਉਸ ਦਾ ) ਧੰਨਜਬਾਦ ਕਰੋ ॥ ੭੩ ॥ ਅਰ ਜਿਸ ਦਿਨ ( ਖੁਦਾ ) ਭੇਦ ਵਾਦੀਆਂ ਨੂੰ ਬੁਲਾ ਕੇ ਪੁਛੇਗਾ ਕਿ ਜਿਨਹਾਂ ਨੂੰ ਤੁਸੀਂ ( ਸਾਡੇ ਸ਼ਰੀਕ ) ਸਮਝਦੇ ਸੇ (ਹੁਣ) ਉਹ ਸਾਡੇ ਸ਼ਰੀਕ ਕਿਥੇ ਹਨ (ਅਰ ਇਵ ਉਹ ਸ਼ਰੀਕ ਸਨਮੁਖ ਕੀਤੇ ਜਾਣਗੇ)॥ ੭੪ ॥ ਅਰ ਹਰ ਇਕ ਉੱਮਤ ਵਿਚੋਂ ਅਸੀਂ ਇਕ ਸਾਖੀ (ਅਰਥਾਤ ਪੈਯੰਬਰ ) ਨੂੰ ਅਲਗ ਕਰ ਲਵਾਂਗੇ ( ਅਰ ਉਹ ਕਾਫਰਾਂ ਦੇ ਉਲਟ ਸਾਖੀ ਦੇਣਗੇ ) ਫੇਰ ਅਸੀਂ ( ਉੱਮਤ ਦਿਆਂ ਲੋਗਾਂ ਨੂੰ ) ਕਹਾਂਗੇ ਕਿ ਆਪਣੀ ( ਛੁਟਕਾਰੇ ਦੀ ) ਯੁਕਤੀ ਪੇਸ਼ ਕਰੋ ਓਸ ਵੇਲੇ ਏਹਨਾਂ ਲੋਗਾਂ ਨੂੰ ਪਰਤੀਤ ਹੋ ਜਾਵੇਗਾ ਕਿ ਸਚ ਖੁਦਾ ਦੇ ਹੀ ਪਾਸੇ ਹੈ ਅਰ ਏਸ ( ਸੰਸਾਰ ਵਿਚ ) ਜੈਸੀਆਂ (੨ ਮਿਥਿਆ ) ਬਾਰਤਾ ਮਨੋ ਰਚ ਲੀਤਾ ਕਰਦੇ ਸਨ ( ਓਸ ਦਿਨ ਸਾਰੀਆਂ ) ਏਹਨਾਂ ਪਾਸੋਂ ਗਈਆਂ ਗੁਜਰੀਆਂ ਹੋ ਜਾਣਗੀਆਂ ॥ ੭੫ ॥ ਰੁਕੂਹ ੭ ॥

(ਭੇਦ ਵਾਦ ਕਿ ਉਹ ਭੀ ਇਕ ਪਰਕਾਰ ਦੀ ਕ੍ਰਿਤਘਨਤਾਈ ਹੈ

Digitized by Panjab Digital Library | www.panjabdigilib.org

ਓਸ ਦੇ ਅਨੁਸਾਰ ਇਹ ਇਕ ਸਾਖੀ ਹੈ ਕਿ) ਕਾਰੂੰ ਮੂਸਾ ਦੀ ਜਾਤੀ (ਅਰਥਾਤ ਬਨੀ ਅਸਰਾਈਲ) ਵਿਚੋਂ ਹੀ ਸੀ ਫਿਰ ਉਹ ਓਹਨਾਂ ਉੱਪਰ ਜੋਰ ਜੁਲਮ ਲਗਾ ਕਰਨ ਅਰ ਅਸਾਂ ਨੇ ਓਹਨਾਂ ਨੂੰ ਇਤਨੇ ਖਜਾਨੇ ਦੇ ਰਖੇ ਸਨ ਕਿ ਕਈ ਬਲਵਾਨ ਪੁਰਖ ਉਸ ਦੀਆਂ ਕੁੰਜੀਆਂ ਮੁਸ਼ਕਲ ਨਾਲ ਚੁਕ ਸਕਦੇ ਸਨ ਇਕ ਵੇਰੀ ਉਸਦੀ ਜਾਤੀ ( ਦੇ ਲੋਗਾਂ ) ਨੇ ਓਸ ਨੂੰ ਕਹਿਆ ਕਿ ਘੁਮੰਡ ਨਾ ਕਰ ( ਕਾਹੇ ਤੇ ) ਅੱਲਾ ਘੁਮੰਡ ਕਰਨ ਵਾਲਿਆਂ ਨੂੰ ਪਸੰਦ ਨਹੀਂ ਕਰਦਾ ॥ ੭੬ ॥ ਅਰ ( ਇਹ ) ਜੋ ( ਸੰਸਾਰਿਕ ਸਾਮਗਰੀ) ਖੁਦਾ ਨੇ ਤੇਰੇ ਤਾਈਂ ਦੇ ਰਖੀ ਹੈ ਓਸ ਵਿਚੋਂ ( ਕੁਛ ) ਪਰਲੋਕ ਦੇ ਘਰ ਦਾ ( ਭੀ ) ਫਿਕਰ ਕਰਦਾ ਰਹੇਂ ਅਰ ਸੰਸਾਰ ਵਿਚੋਂ ਜੋ ਤੇਰਾ ਹਿਸਾ ਹੈ ਉਸਨੂੰ ਭੁਲਾ ਨਾ ਅਰ ਜਿਸ ਪਰਕਾਰ ਅੱਲਾ ਨੇ ਤੇਰੇ ਸਾਥ ਅਹਿਸਾਨ ਕੀਤਾ ਹੈ ਤੂੰ ਭੀ ( ਹੋਰਨਾਂ ਦੇ ਨਾਲ ) ਅਹਿਸਾਨ ਕਰ ਅਰ ਦੇਸ ਵਿਚ ਫਸਾਦ ਦਾ ਅਭਿਲਾਖੀ ਨਾ ਹੋ ( ਕਾਹੇ ਤੇ ) ਅੱਲਾ ਫਸਾਦੀਆਂ ਨੂੰ ਪਸੰਦ ਨਹੀਂ ਕਰਦਾ ॥ ੭੭ ॥ ( ਕਾਰੂੰ ਬੋਲਿਆ ) ਇਹ ( ਧਨ ਅਰ ਮਾਲ ) ਤਾਂ ਮੈਨੂੰ ਆਪਣੀ ਬੁਧਮਤ ਨਾਲ ਪਰਾਪਤ ਹੋਇਆ ਹੈ ( ਕੀ ਕਾਰੂੰ ਨੇ ) ਇਹ ਖਿਆਲ ਨਾ ਕੀਤਾ ਕਿ ਏਸ ਨਾਲੋਂ ਪਹਿਲੇ ਖੁਦਾ ( ਪਿਛਲੀਆਂ ) ਉੱਮਤਾਂ ਵਿਚੋਂ ਐਸਿਆਂ ਐਸਿਆਂ ਲੋਗਾਂ ਨੂੰ ਹਲਾਕ ਕਰ ਬੈਠਾ ਹੈ ਜੋ ( ਨੌਕਰਾਂ ਚਾਕਰਾਂ ਦਾ ) ਇਸ ਨਾਲੋਂ ਕਈ ਗੁਣਾ ਅਧਿਕ ਠਾਠ ਬਾਠ ਰਖਦੇ ਸਨ ਅਰ ਓਹਨਾਂ ਦੇ ਪਾਸ ਜਮਾਂ ( ਪੂੰਜੀ ) ਭੀ (ਏਸ ਨਾਲੋਂ) ਬਹੁਤ ਅਧਿਕ ਸੀ ਅਰ ਸਦੋਖੀਆਂ ਪਾਸੋਂ ( ਸਜਾ ਦੇਣ ਵਾਸਤੇ ਯੋਗਤਾ ਦਵਾਰਾ ਮੰਨਣ ਦੀ ਰੀਤੀ ਨਾਲ ) ਓਹਨਾਂ ਦੇ ਪਾਪਾਂ ਦੀ ਬਾਬਤ ਨਹੀਂ ਪੁਛਿਆ ਜਾਂਦਾ ॥ ੭੮ ॥ ਗਲ ਕਾਹਦੀ ( ਇੱਕ ਦਿਨ ) ਕਾਰੂੰ ਆ-ਪਣੇ ਠਾਠ ਬਾਠ ਨਾਲ ਆਪਣੀ ਜਾਤੀ ( ਦੇ ਲੋਗਾਂ ) ਉਪਰ ਨਿਕਲਿਆ ਤਾਂ ਜੋ ਲੋਕ ਸੰਸਾਰਕ ਜੀਵਣ ਦੇ ਅਭਿਲਾਖੀ ਸੇ ( ਉਸ ਨੂੰ ਦੇਖ ਕੇ )ਲਗੇ ਕਹਿਣ ਕਿ ਜੈਸਾ ਕੁਛ ( ਸਾਜੋ ਸਾਮਾਨ ) ਕਾਰੂੰ ਨੂੰ ਮਿਲਿਆ ਹੈ ਹੇ ਦੇਵ ਸਾਡੇ ਪਾਸ ਭੀ ਹੁੰਦਾ ! ਇਸ ਵਿਚ ਭਰਮ ਨਹੀਂ ਕਿ ਕਾਰੂੰ ਬੜਾ ਪ੍ਰਾਲਬਧ ਵਾਲਾ ਹੈ ॥ ੭੯ ॥ ਅਰ ਜਿਨਹਾਂ ਲੋਗਾਂ ਨੂੰ ( ਖੁਦਾ ਪਾਸੋਂ ) ਵਿਦਯਾ ਦੀ ਦੌਲਤ ਦਿਤੀ ਗਈ ਸੀ ( ਇਨਹਾਂ ਲੋਗਾਂ ਨੂੰ ) ਕਹਿਣ ਲਗੇ ਤੁਸਾਂ ਦਾ ਜਾਇ ਨਾਸ ਜਿਸ ਪੁਰਖ ਨੇ ਈਮਾਨ ਧਾਰਿਆ ਅਰ ਉਸ ਨੇ ਸ਼ੁਭ ਕਰਮ (ਭੀ ) ਕੀਤੇ ਓਸਦੇ ਵਾਸਤੇ ਖੁਦਾ ਦਾ ਸਵਾਬ ( ਕਾਰੂੰ ਦੇ ਮਾਲ ਦੌਲਤ ਨਾਲੋਂ ਕਈ ਗੁਣਾਂ ) ਉੱਤਮ ਹੈ ਪਰੰਤੂ ਸੰਤੋਖ ਕਰਨ ਵਾਲਿਆਂ ਤੋਂ ਸਿਵਾ ਉਹ ( ਸਵਾਬ ਹਰ ਇਕ ਨੂੰ ) ਨਹੀਂ ਮਿਲਿਆ ਕਰਦਾ ॥ ੮੦ ॥ ਫੇਰ ਅਸਾਂ ਨੇ

Digitized by Panjab Digital Library | www.panjabdigilib.org

ਕਾਰੂੰ ਅਰ ਉਸ ਦੇ ਘਰ ਨੂੰ ਪ੍ਰਿਥਵੀ ਵਿਚ ਧਸਾ ਦਿਤਾ ਅਰ ਖੁਦਾ ਦੇ ਸਿਵ ਕੋਈ ਜਮਾਇਤ ਉਸ ਦੀ ਸਹਾਇਤਾ ਵਾਸਤੇ ਨਾ ( ਖੜੀ ) ਹੋਈ ਅਰ ਨਾ (ਆਪ ਹੀ ਕਿਸੇ ਯੁਕਤੀ ਨਾਲ ) ਆਪਣੇ ਤਾਂਈ ਬਚਾ ਸਕਿਆ ॥ ੮੧ ॥ ਅਰ ਜੋ ਲੋਕ ਕਲ ( ਸ਼ਾਮ ) ਉਸ ਦੀ ਜਗਹਾਂ ( ਹੋਣੇ ) ਦੀ ਇਛਾ ਕਰਦੇ ਸਨ ਉਹ ( ਅਜ ) ਪ੍ਰਾਤ ਨੂੰ ਲਗੇ ਕਹਿਣ ਹਾਇ ਗਜਬ ! ਇਹ ਤਾਂ ਅੱਲਾ ਹੀ ਆਪਣਿਆਂ ਬੰਦਿਆਂ ਵਿਚੋਂ ਜਿਸ ਦੀ ਰੋਜੀ ਚਾਹੰਦਾ ਹੈ ਖਲਾਸੀ ਕਰ ਦੇਂਦਾ ਹੈ ਅਰ ( ਜਿਸ ਦੀ ਰੋਜੀ ਚਾਹੁੰਦਾ ਹੈ ) ਤੋਲੀ ਮਿਣੀ ਕਰ ਦੇਂਦਾ ਹੈ ਯਦੀ ਖੁਦਾ ਸਾਡੇ ਉਪਰ ( ਆਪਣਾ ) ਕਰਮ ਨਾ ਕਰਦਾ ਤਾਂ ( ਕਾਰੂੰ ਦੀ ਤਰਹਾਂ ) ਸਾਨੂੰ ਭੀ ਧਸਾ ਦੇਂਦਾ ਹਾਇ ਗਜ਼ਬ ! ਬਾਰਤਾ ਤਾਂ ਇਹ ਹੈ ਕਿ ਕ੍ਰਿਤ ਘਨਾਂ ਦੀ ( ਕਦੇ ) ਭਲਾਈ ਨਹੀਂ ਹੋਣੀ ॥ ੮੨ ॥ ਰੁਕੂਹ ੮ ॥

( ਸੰਸਾਰ ਦੀਆਂ ਨਿਆਮਤਾਂ ਤਾਂ ਉੱਤਮ ਮੰਦ ਨੂੰ ਮਿਲ ਹੀ ਜਾਂਦੀਆਂ ਹਨ ਪਰੰਤੂ ) ਇਹ ਅੰਤ ਦਾ ਘਰ ਹੈ ਜਿਸ ( ਦੀਆਂ ਨਿਆਮਤਾਂ ) ਨੂੰ ਅਸਾਂ ਨੇ ਉਨਹਾਂ ਲੋਗਾਂ ਵਾਸਤੇ ( ਖਾਸ ) ਕਰ ਰਖਿਆ ਹੈ ਜੋ ਸੰਸਾਰ ਵਿਚ ਕਿਸੇ ਪਰਕਾਰ ਦੀ ਸ਼ੇਖੀ ਨਹੀਂ ਕਰਨੀ ਚਾਹੁੰਦੇ ਅਰ ਨਾ ਫਸਾਦ ( ਦੇ ਅਭਿਲਾਖੀ ਹਨ ) ਅਰ ਅੰਤ ( ਦਾ ਭਲਾ ਤਾਂ ) ਪਰਹੇਜਗਾਰਾਂ ਦਾ ( ਹੀ ) ਹੈ ॥ ੮੩ ॥ ਜੋ ਪੁਰਖ ( ਪ੍ਰਲੈ ਦੇ ਦਿਨ ) ਸ਼ੁਭ ਕਰਮ ਲੈ ਕੇ ਸਨਮੁਖ ਹੋਵੇਗਾ ਉਸ ਨੂੰ ਓਸ ਨਾਲੋਂ ਉੱਤਮ ( ਬਦਲਾ ਮਿਲੇਗਾ ) ਅਰ ਜੋ ਮੰਦ ਕਰਮ ਲੈ ਕੇ ਸਨਮੁਖ ਹੋਵੇਗਾ ਤਾਂ ਜਿਨਹਾਂ ਲੋਗਾਂ ਨੇ ਮੰਦ ਕਰਮ ਕੀਤੇ ਹਨ ਉਹਨਾਂ ਨੂੰ ਬਸ ਵਹੀ ਬਦਲਾ ਮਿਲੇਗਾ ਜੈਸੇ ( ਸੰਸਾਰ ਵਿਚ ) ਕਰਦੇ ਰਹੇ ਹਨ ॥ ੮੪ ॥ ( ਹੇ ਪੈਯੰਬਰ ਉਹ ਖੁਦਾ ) ਜਿਸ ਨੇ ਕੁਰਾਨ ( ਦੇ ਹੁਕਮਾਂ ਦੇ ਮੰਨਣ ) ਨੂੰ ਤਸਾਂ ਉਪਰ ਫਰਜ ਕੀਤਾ ਹੈ ( ਉਹ ) ਤੁਸਾਂ ਨੂੰ ਜਰੂਰ ( ਅਸਲ ) ਠਿਕਾਣੇ ਲਗਾ ਦੇਵੇਗਾ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਮੇਰੇ ਪਰਵਰਦਿਗਾਰ ਨੂੰ ਭਲੀ ਪਰਕਾਰ ਮਾਲੂਮ ਹੈ ਕਿ ਕੌਣ ( ਉਸ ਦੇ ਪਾਸਿਓਂ ) ਸਚਾ ਦੀਨ ਲੈ ਕੇ ਆਇਆ ਹੈ ਅਰ ਕੌਣ ਪਰਤੱਖ ਕੁਮਾਰਗਤਾ ਵਿਚ ( ਪਇਆ ) ਹੋਇਆ ਹੈ ॥ ੮੫ ॥ ਅਰ ( ਹੇ ਪੈਯੰਬਰ ) ਤੁਸਾਂ ਨੂੰ ਤਾਂ ( ਕਦਾਪਿ ) ਨਿਸਚਾ ਨਹੀਂ ਸੀ ਕਿ ( ਖੁਦਾ ਦੀ ਤਰਫੋਂ ) ਤੁਸਾਂ ਉਪਰ ਕਿਤਾਬ ਉਤਾਰੀ ਜਾਵੇਗੀ ਪਰੰਤੂ ਤੁਸਾਂ ਦੇ ਪਰਵਰ-ਦਿਗਾਰ ਦੀ ( ਤੁਸਾਂ ਉਪਰ ਬੜੀ ) ਮਿਹਰਬਾਨੀ ( ਹੋਈ ਕਿ ਕੁਰਾਨ ਉਤਾਰਿਆ ) ਤਾਂ ਤੁਸੀਂ ( ਬੇਲਾਗ ਲਪੇਟ ਸੁਣਾਓ ਅਰ ) ਕਦਾਪਿ ਕਾਫਰਾਂ ਦੀ ਤਰਫਦਾਰੀ ਨਾ ਕਰਨੀ ॥ ੮੬ ॥ ਅਰ ਐਸਾ ਨਾਂ ਹੋਵੇ ਕਿ ਜਦੋਂ ਅੱਲਾ ਦੇ ਹੁਕਮ ਤੁਸਾਂ ਉਤੇ ਉਤਰ ਚੁਕਣ ਉਸ ਦੇ ਪਿਛੋਂ ਇਹ

Digitized by Panjab Digital Library | www.panjabdigilib.org

ਲੋਗ ਤੁਸਾਂ ਨੂੰ ਓਹਨਾਂ (ਦੀ ਪਾਲਣਾਂ) ਥੀਂ ਰੋਕਣ (ਅਰ ਤੁਸੀਂ ਸਬਰ ਤਥਾ ਸੰਤੋਖ ਦੇ ਨਾਲ ਲੋਕਾਂ ਨੂੰ ਸਿਧੇ ਰਾਹ ਪਾਈ ਜਾਓ) ਅਰ ਆਪਣੇ ਪਰਵਰਦਿਗਾਰ ਦੇ ਪਾਸੇ (ਲੋਗਾਂ ਨੂੰ) ਬੁਲਾਈ ਚਲੇ ਜਾਓ ਅਰ (ਖਬਰਦਾਰ) ਭੇਦ ਵਾਦੀਆਂ ਵਿਚ ਕਦਾਪਿ ਨਾ (ਮਿਲ) ਜਾਨਾਂ ॥ ੮੭ ॥ ਅਰ ਨਾ (ਕਦੇ) ਅੱਲਾ ਦੇ ਸਾਥ ਕਿਸੇ ਦੂਸਰੇ ਮਾਬੂਦ (ਪੂਜਜ) ਨੂੰ ਪੁਕਾਰਨਾ (ਕਾਹੇ ਤੇ) ਉਸ ਦੇ ਸਿਵਾ ਔਰ ਕੋਈ ਮਾਬੂਦ ਨਹੀਂ ਓਸ ਦੇ ਸਰੂਪ ਸਿਵਾ ਸੰਪੂਰਨ ਵਸਤਾਂ ਨਾਸ ਹੋਣ ਵਾਲੀਆਂ ਹਨ ਓਸੇ ਦੀ ਹਕੂਮਤ ਹੈ ਓਸੇ ਦੀ ਤਰਫ ਤੁਸਾਂ (ਸਾਰਿਆਂ) ਲੌਟ ਕੇ ਜਾਣਾ ਹੈ ॥ ੮੮ ॥ ਰੁਕੂਹ ੯ ॥

# ਸੂਰਤ ਅਨਕਬੂਤ ਮੱਕੇ ਵਿਚ ਉਤਰੀ ਅਰ ਏਸ ਦੀਆਂ ਉਨੱਤਰ ਆਇਤਾਂ ਅਰ ਸਤ ਰੁਕੂਹ ਹਨ ।

(ਪ੍ਰਾਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕ੍ਰਿਪਾਲੂ (ਹੈ) ਆਲਾਮ ॥ ੧ ॥ ਕੀ ਲੋਗਾਂ ਨੇ ਇਹ ਸਮਝ ਰਖਿਆ ਹੈ ਕਿ (ਜਬਾਨੀ) ਇਤਨੀ ਕਹਿਣ ਨਾਲ ਛੁਟ ਜਾਵਾਂਗੇ ਕਿ ਅਸੀਂ ਈਮਾਨ ਧਾਰ ਬੈਠੇ ਅਰ ਓਹਨਾਂ ਦੀ ਪਰੀਛਾ ਨਾ ਕੀਤੀ ਜਾਏਗੀ ॥ ੨ ॥ ਅਰ ਅਸਾਂ ਨੇ (ਤਾਂ) ਓਹਨਾਂ ਲੋਗਾਂ ਦੀ (ਭੀ) ਪ੍ਰੀਖਜਾ ਕੀਤੀ ਸੀ ਜੋ ਏਹਨਾਂ ਨਾਲੋਂ ਪ੍ਰਥਮ (ਹੋ ਚੁਕੇ) ਹਨ ਤਾਂ ਖੁਦਾ ਓਹਨਾਂ ਲੋਗਾਂ ਨੂੰ ਜਰੂਰ ਮਾਲੂਮ ਕਰ ਕੇ ਰਹੇਗਾ ਜੋ (ਈਮਾਨ ਦੇ ਪਰਗਟ ਕਰਨ ਵਿਚ) ਸਚੇ ਹਨ ਅਰ ਝੂਠਿਆਂ ਨੂੰ ਭੀ ਜਰੂਰ ਮਾਲੂਮ ਕਰ ਕੇ ਹਟੇਗਾ ॥ ੩ ॥ ਕੀ ਜੋ ਲੋਗ ਮੰਦ ਕਰਮ ਕਰਦੇ ਹਨ ਓਹਨਾਂ ਨੇ ਸਮਝ ਰਖਿਆ ਹੈ ਕਿ ਸਾਡੇ ਕਾਬੂ ਵਿਚੋਂ ਬਾਹਰ ਹੋ ਜਾਣਗੇ। (ਐਸਾ ਸਮਝਦੇ ਹਨ ਤਾਂ) ਯਿਹ ਲੋਗ ਕੈਸੀਆਂ ਹੀ ਬੁਰੀਆਂ ਤਜਵੀਜ਼ਾਂ ਕਰਦੇ ਹਨ ॥ ੪ ॥ ਜਿਸ ਨੂੰ (ਪ੍ਰਲੇ ਵਿਚ) ਅੱਲਾ ਨਾਲ ਮਿਲਨ ਦੀ ਆਸ ਹੋਵੇ ਤਾਂ (ਓਸ ਵਾਸਤੇ ਤਿਆਰੀ ਕਰ ਲਵੇ ਕਾਹੇ ਤੇ) ਖੁਦਾ ਦਾ ਨਿਯਤ ਕੀਤਾ ਹੋਇਆ ਸਮਾ ਜਰੂਰ ਆਵਣ ਵਾਲਾ ਹੈ ਅਰ ਉਹ (ਸਾਰਿਆਂ ਦੀ) ਸੁਣਦਾ (ਅਰ ਸਭ ਕੁਛ) ਜਾਣਦਾ ਹੈ ॥ ੫ ॥

ਅਰ ਜੋ (ਖੁਦਾ ਦੇ ਵਾਸਤੇ) ਮੇਹਨਤ ਕਰਦਾ ਹੈ ਤਾਂ ਉਹ ਆਪਣੇ ਹੀ (ਭਲੇ) ਵਾਸਤੇ ਮੇਹਨਤ ਕਰਦਾ ਹੈ (ਨਹੀਂ ਤਾਂ) ਖੁਦਾ ਤਾਂ (ਸੰਸਾਰ ਭਰ ਦੇ ਸਾਰਿਆਂ) ਲੋਗਾਂ ਨਾਲੋਂ ਬੇ ਪਰਵਾਹ ਹੈ ॥ ੬ ॥ ਅਰ ਜੋ ਲੋਗ

Digitized by Panjab Digital Library | www.panjabdigilib.org

ਈਮਾਨ ਧਾਰ ਬੈਠੇ ਅਰ ਓਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ ਅਸੀਂ ਜ਼ਰੂਰ ਓਹਨਾਂ ਦੇ ਗੁਨਾਹ ਓਹਨਾਂ ਪਾਸੋਂ ਦੂਰ ਕਰ ਦੇਵਾਂਗੇ ਅਰ ( ਸੰਸਾਰ ਵਿਚ ) ਜੋ ( ਯਿਹ ਲੋਗ ਸ਼ੁਭ ) ਕਰਮ ਕਰਦੇ ਰਹੇ ਹਨ ਏਹਨਾਂ ਨੂੰ ਇਹਨਾਂ ਦਾ ਉੱਤਮ ਥੀਂ ਉੱਤਮ ਬਦਲਾ ਦੇਵਾਂਗੇ ॥ ੭ ॥ ਅਰ ਅਸਾਂ ਨੇ ਪੁਰਖ ਨੂੰ ਆਪਣੇ ਮਾਤਾ ਪਿਤਾ ਦੇ ਨਾਲ ਚੰਗਾ ਬਰਤਾਓ ਕਰਨ ਦਾ ਹੁਕਮ ਦਿਤਾ ਅਰ ( ਇਹ ਭੀ ਸਮਝਾ ਦਿਤਾ ਕਿ) ਯਦੀ ਮਾਤਾ ਪਿਤਾ ਤੇਰੇ ਪਿਛੇ ਪੈਣ ਕਿ ਤੂੰ ਕਿਸੇ ਨੂੰ ਸਾਡਾ ਸ਼ਰੀਕ ਨਿਯਤ ਕਰ ਜਿਸ ( ਦੇ ਸ਼ਰੀਕ ਖੁਦਾ ਹੋਣ ) ਦੀ ਤੇਰੇ ਪਾਸ ਕੋਈ ਮਾਕੂਲ ਦਲੀਲ ਹੈ ਹੀ ਨਹੀਂ ਤਾਂ ( ਏਸ ਬਾਰਤਾ ਵਿਚ ) ਓਹਨਾਂ ਦਾ ਕਹਿਣਾ ਨਾ ਮੰਨਣਾ ਤੁਸਾਂ ( ਸਾਰਿਆਂ ) ਸਾਡੀ ਤਰਫ ਲੋਟ ਕੇ ਆਉਣਾ ਹੈ ਫੇਰ ਜੋ ( ਕੁਛ ਭੀ ) ਤੁਸੀਂ ( ਲੋਗ ਸੰਸਾਰ ਵਿਚ ) ਕਰਦੇ ਰਹੇ ਓਸ ਵੇਲੇ ਓਸ ਦਾ ( ਬੁਰਾ ਭਲਾ ) ਅਸੀਂ ਤੁਸਾਂ ਨੂੰ ਦਸ ਦੇਵਾਂ ਗੇ ॥ ੮ ॥ ਅਰ ਜੋ ਲੋਗ ਈਮਾਨ ਧਾਰ ਬੈਠੇ ਅਰ ਓਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ (ਪ੍ਰਲੈ ਦੇ ਦਿਨ ) ਅਸੀਂ ਜ਼ਰੂਰ ਓਹਨਾਂ ਨੂੰ ਭਲਿਆਂ ਪੁਰਖਾਂ ਵਿਚ ( ਲੈ ਜਾਕੇ ) ਪਰਾਪਤ ਕਰਾਂਗੇ ॥ ੯ ॥ ਅਰ ਕੁਛ ਐਸੇ ਲੋਗ ਭੀ ਹਨ ਜੋ ( ਮੂੰਹੋਂ ਤਾਂ ) ਕਹਿੰਦੇ ਹਨ ਕਿ ਅਸੀਂ ਖੁਦਾ ਉਪਰ ਈਮਾਨ ਧਾਰ ਬੈਠੇ ਤੇ ਫੇਰ ਜਦੋਂ ਓਹਨਾਂ ਨੂੰ ਖੁਦਾ ( ਦੇ ਮਾਰਗੋਂ ਕਿਸੇ ਪਰਕਾਰ ਦਾ) ਕਸ਼ਟ ਪਰਾਪਤ ਹੋ ਜਾਂਦਾ ਹੈ ਤਾਂ ਲੋਗਾਂ ਦੇ ਕਸ਼ਟਾਂ ਨੂੰ ਖੁਦਾ ਦੇ ਕਸ਼ਟ ਦੀ ਤਰਹਾਂ ( ਇਕ ਧੀਰਜ ਥੀਂ ਬਾਹਰੀ ਵਜਬਾ) ਬਣਾ ਲੈਂਦੇ ਹਨ ਅਰ ( ਹੇ ਪੈਯੰਬਰ ) ਯਦੀ ਤੁਸਾਂ ਦੇ ਪਰਵਰਦਿਗਾਰ ਦੀ ਮਦਦ ਆ ਪਹੁੰਚੇ ( ਅਰ ਮੁਸਲਮਾਨਾਂ ਦੀ ਵਿਜੈ ਹੋ ਜਾਏ ) ਤਾਂ ਇਹੀ ਲੋਗ( ਮੁਸਲਮਾਨਾਂ ਨੂੰ ) ਕਹਿਣ ਲਗਦੇ ਹਨ ਕਿ ਅਸੀਂ ਭੀ ਤਾਂ ਤੁਸਾਂ ਦੇ ਹੀ ਸੰਗੀ ਥੇ ਭਲਾ ਜੋ ਕੁਛ ਸੰਸਾਰ ਭਰ ਦੇ ਜੀਵਾਂ ਦੇ ਦਿਲਾਂ ਵਿਚ ਹੈ ਕੀ ਖੁਦਾ ਓਸ ਤੋਂ ਭਲੀ ਪਰਕਾਰ ਗਿਯਾਤ ਨਹੀਂ ? ॥ ੧੦ ॥ ਅਰ ਜੋ ਲੋਗ ਈਮਾਨ ਧਾਰ ਬੈਠੇ ਹਨ ਅੱਲਾ ਓਹਨਾਂ ਨੂੰ ਅਵੱਸ਼ ਮਾਲੂਮ ਕਰਕੇ ਰਹੇਗਾ ਅਰ ਮੁਨਾਫਕਾਂ ਨੂੰ ਭੀ ਜ਼ਰੂਰ ਮਾਲੂਮ ਕਰ ਕੇ ਹੀ ਰਹੇਗਾ ॥ ੧੧ ॥ ਅਰ ਕਾਫਰ ਮੁਸਲਮਾਨਾਂ ਨੂੰ ਕਹਿੰਦੇ ਹਨ ਕਿ ਸਾਡੀ (ਧਾਰਮਕ) ਰੀਤੀ ਉਤੇ ਚਲੋ ਅਰ (ਪ੍ਰਲੈ ਨੂੰ) ਤੁਸਾਂ ਦੇ ਦੋਖ ਅਸੀਂ ਚੁਕ ਲਵਾਂਗੇ ਹਾਲਾਂ ਕਿ ਇਹ ਲੋਗ ਜ਼ਰਾ ਭੀ ਤਾਂ ਓਹਨਾਂ ਦੇ ਦੋਖ ਚੁਕਣ ਵਾਲੇ ਨਹੀਂ ਨਿਰਸੰਦੇਹ ਇਹ ਲੋਕ ਮਿਥਯਾ ਵਾਦੀ ਹਨ ॥ ੧੨ ॥ ਪਰੰਤੂ ਹਾਂ ( ਪ੍ਰਲੈ ਦੇ ਦਿਨ ) ਆਪਣਿਆਂ ( ਦੋਖਾਂ ਦੇ ਭਾਰ ( ਭੀ ) ਚੁਕਣਗੇ ਅਰ ਆਪਣੇ ਭਾਰ ਦੇ ਸਾਥ ਔਰ ਭਾਰ ਭੀ ( ਅਰਥਾਤ ਓਹਨਾਂ ਲੋਕਾਂ ਦੇ ਭਾਰ ਭੀ ਜਿਨਹਾਂ ਨੂੰ ਓਹਨਾਂ ਨੇ ਬਹਿਕਾਇਆ ਭਟ-

Digitized by Panjab Digital Library | www.panjabdigilib.org

ਕਾਇਆ ) ਅਰ ਜੈਸੇ ੨ ਝੂਠ ਇਹ ਕੇਰਾ ਲੋਗ ਥਪਦੇ ਰਹੇ ਹਨ ਪ੍ਰਲੈ ਦੇ ਦਿਨ ਏਹਨਾਂ ਪਾਸੋਂ ਅਵਸ਼ ਓਹਨਾਂ ਦੀ ਪੁਛ ਗਿਛ ਹੋਣੀ ਹੈ ॥ ੧੩ ॥ ਰੁਕੂਹ ੧ ॥

ਅਰ ਅਸਾਂ ਨੇ ਨੂਹ ਨੂੰ ਓਹਨਾਂ ਦੀ ਜਾਤੀ ਦੇ ਪਾਸੇ ( ਪੈਗੰਬਰ ਬਨਾ ਕੇ ) ਭੇਜਿਆ ਤਾਂ ਉਹ ਪਚਾਸ ਬਰਸ ਘਟ ਹਜ਼ਾਰ ਬਰਸ ਓਹਨਾਂ ਲੋਕਾਂ ਵਿਚ ਰਹੇ ਫੇਰ ( ਅੰਤ ਨੂੰ ) ਓਹਨਾਂ ( ਦੀ ਜਾਤੀ ) ਨੂੰ ਤੂਫਾਨ ਨੇ ਆਣ ਘੇਰਿਆ ਅਰ ਉਹ ( ਬਦਸਤੂਰ ) ਨਾ-ਫਰਮਾਨੀਆਂ ਕਰ ਰਹੇ ਸਨ ॥ ੧੪ ॥ ਤਾਂ ਅਸਾਂ ਨੇ ਨੂਹ ਨੂੰ ਅਰ ਜੋ ( ਨੂਹ ਦੇ ਸਾਥ ਤਰਨੀ ਵਿਚ ਸਨ ਉਨਹਾਂ ਨੂੰ ( ਤੁਫਾਨ ਦੇ ਉਪਦ੍ਰਵ ਤੋਂ ) ਮੁਕਤੀ ਦਿਤੀ ਅਰ ਅਸਾਂ ਨੇ ਏਸ ( ਪਰਸੰਗ ) ਨੂੰ ਸੰਪੂਰਨ ਸੰਸਾਰ ਵਾਸਤੇ ਸਿਖਯਾ ਰੂਪ ਬਣਾ ਦਿਤਾ ॥ ੧੫ ॥ ਅਰ ( ਹੇ ਪੈਗੰਬਰ ) ਇਬਰਾਹੀਮ ( ਦੇ ਬਿਰਤਾਂਤ ਏਹਨਾਂ ਲੋਕਾਂ ਅਗੇ ਵਰਨਣ ਕਰੋ)। ਜਦੋਂ ਓਹਨਾਂ ਨੇ ਆਪਣੀ ਜਾਤੀ ( ਦੇ ਲੋਕਾਂ ) ਨੂੰ ਕਹਿਆ ਕਿ ਖ਼ੁਦਾ ਦੀ ਪੂਜਾ ਕਰੋ ਅਰ ਉਸ ਪਾਸੋਂ ਡਰੋ ਯਦੀ ਤੁਸੀਂ ਬੁਧੀਮਾਨ ਹੋ ਤਾਂ ਇਹ ਤੁਸਾਂ ਵਾਸਤੇ ਉੱਤਮ ਹੈ ॥ ੧੬ ॥ ( ਪਰੰਤੂ ) ਤੁਸੀਂ ਤਾਂ ਖ਼ੁਦਾ ਦੇ ਸਿਵਾ ਬਸ ਬੁਤਾਂ ਦੀ ਹੀ ਪੂਜਾ ਕਰਦੇ ਹੋ ਅਰ ਝੂਠ ਮੂਠ ਗਲਾਂ ( ਮਨੋਂ ਹੀ ) ਬਣਾ ਲੈਂਦੇ ਹੋ ਖ਼ੁਦਾ ਦੇ ਸਿਵਾ ਜਿਨਹਾਂ ( ਮਾਬੂਦਾਂ ) ਦੀ ਤੁਸੀਂ ਪੂਜਾ ਕਰਦੇ ਹੋ ਤੁਸਾਂ ਨੂੰ ਰੋਜੀ ਦੇਣ ਦਾ ਤਾਂ ( ਤਨੀਸਾ ਭੀ ) ਅਧਿਕਾਰ ਨਹੀਂ ਰਖਦੇ ਤਾਂ ਰੋਜ਼ੀ ( ਭੀ ) ਖ਼ੁਦਾ ਪਾਸੋਂ ਹੀ ਮੰਗੋ ਅਰ ਉਸੇ ਦੀ ਪੂਜਾ ਕਰੋ ਅਰ ਉਸੇ ( ਦੀਆਂ ਨਿਆਮਤਾਂ ) ਦਾ ਧੰਨਯ-ਬਾਦ ਕਰੋ ( ਕਾਹੇ ਤੇ ) ਤੁਸਾਂ ਉਸੇ ਦੀ ਤਰਫ ਲੌਟ ਕੇ ਜਾਣਾ ਹੈ ॥ ੧੭ ॥ ਅਰ ਯਦੀ ਤੁਸੀਂ ( ਮੇਰੇ ਤਾਈਂ ) ਝੂਠਾ ਸਮਝੋ ਤਾਂ ਤੁਸਾਂ ਨਾਲੋਂ ਪਹਿਲੇ ਭੀ ਉੱਮਤਾਂ ( ਆਪਣਿਆਂ ਪੈਗੰਬਰਾਂ ਨੂੰ ) ਝੁਠਿਆਰ ਚੁਕੀਆਂ ਹਨ ਅਰ ਰਸੂਲ ਦੇ ਜ਼ਿੰਮੇ ਤਾਂ ( ਖ਼ੁਦਾ ਦੇ ਹੁਕਮਾਂ ਨੂੰ ) ਸਰਲ ਰੀਤੀ ਨਾਲ ਪਹੁੰਚਾ ਦੇਣਾ ਹੈ ਹੋਰ ਬਸ ॥ ੧੮ ॥ ਕੀ ਲੋਕਾਂ ਨੇ (ਇਸ ਬਾਰਤਾ ਉਪਰ) ਦਰਿਸ਼ਟੀ ਨਹੀਂ ਦਿਤੀ ਕਿ ਖ਼ੁਦਾ ਕਿਸ ਪਰਕਾਰ ਸ੍ਰਿਸ਼ਟੀ ਨੂੰ ਪ੍ਰਥਮ ਬਾਰ ਉਤਪਤ ਕਰ ਕੇ ਫੇਰ ਉਸੇ ਰੀਤੀ ਦੀ ਸਰਿਸ਼ਟੀ ਬਾਰੰਬਾਰ ਉਤਪਤ ਕਰਦਾ ਰਹਿੰਦਾ ਹੈ ਇਹ ਅੱਲਾ ਅਗੇ ਇਕ ਸੁਖੇਨ ਜੈਸੀ ਬਾਰਤਾ ਹੈ ॥ ੧੯ ॥ (ਅਰ ਅਸਾਂ ਨੇ ਇਬਰਾਹੀਮ ਨੂੰ ਇਹ ਵੀ ਆਗਿਆ ਕੀਤੀ ਕਿ ਏਹਨਾਂ ਲੋਕਾਂ ਨੂੰ) ਸਮਝਾਓ ਕਿ ਤੁਸੀਂ ਦੇਸ ਵਿਚ ਤੁਰੋ ਫਿਰੋ ਅਰ ਦੇਖੋ ਕਿ ਖ਼ੁਦਾ ਨੇ ਕਿਸ ਪਰਕਾਰ ਪ੍ਰਿਥਮ ਬਾਰ ( ਸਰਿਸ਼ਟੀ ਨੂੰ ) ਉਤਪਤ ਕੀਤਾ ਫੇਰ ( ਉਸੀ ਪਰਕਾਰ ਵਹੀ ) ਅੱਲਾ ( ਲੋਕਾਂ ਨੂੰ ਪਲੈ ਦੇ ਦਿਨ ) ਆਖਰੀ ਕਣਾ ( ਭੀ

Digitized by Panjab Digital Library | www.panjabdigilib.org

ਚੁਕ ਲਵੇਗਾ ਨਿਰਸੰਦੇਹ ਅੱਲਾ ਸੰਪੂਰਣ ਵਸਤਾਂ ਉਪਰ ਕਾਦਰ ਹੈ ॥ ੨੦ ॥ ਜਿਸ ਨੂੰ ਚਾਹੇ ਕਸ਼ਟ ਦੇਵੇ ਅਰ ਜਿਸ ਉੱਪਰ ਚਾਹੇ ਰਹਿਮ ਕਰੇ ਅਰ ਤੁਸੀਂ ( ਸਾਰੇ ) ਉਸੇ ਦੀ ਤਰਫ ਲੋਟਾ ਕੇ ਲੈ ਆਂਦੇ ਜਾਓਗੇ ॥ ੨੧ ॥ ਅਰ ਤੁਸੀਂ ਨਾਂ ਤਾਂ ਪ੍ਰਿਥਵੀ ਵਿਚ ( ਛਿਪ ਕੇ ਖੁਦਾ ਨੂੰ ) ਪ੍ਰਾਜੇ ਕਰ ਸਕਦੇ ਹੋ ਅਰ ਨਾਂ ਅਕਾਸ਼ ਵਿਚ ( ਉਡ ਕੇ ) ਅਰ ਖੁਦਾ ਦੇ ਸਿਵਾ ਨਾਂ ਤਾਂ ਕੋਈ ਤੁਸਾਂ ਦਾ ਕਾਰਸਾਜ ਹੈ ਅਰ ਨਾ ਕੋਈ ਮਦਦਗਾਰ ॥੨੨ ॥ ਰੁਕੂਹ ੨ ॥

ਅਰ ਜੋ ਲੋਕ ਖੁਦਾ ਦੀਆਂ ਆਇਤਾਂ ਨੂੰ ਅਰ ( ਪ੍ਰਲੈ ਦੇ ਦਿਨ ) ਉਸ ਦੇ ਸਨਮੁਖ ਹਾਜਰ ਹੋਣ ਨੂੰ ਨਹੀਂ ਮੰਨਦੇ ( ਤਾਂ ) ਯਹੀ ਲੋਕ ਸਾਡੀ ਰਹਿਮਤ ਤੋਂ ਨਾ ਉਮੈਦ ਹੋ ਬੈਠੇ ਹਨ ਅਰ ਯਹੀ ਸਨ ਜਿਨਾਂ ਨੂੰ (ਪ੍ਰਲੈ ਦੇ ਦਿਨ ) ਭਿਆਨਕ ਕਸ਼ਟ ਹੋਣਾ ਹੈ ॥ ੨੩ ॥ ਬਸ ਇਬਰਾਹੀਮ ਦੀ ਜਾਤੀ ਦੇ ਪਾਸ ( ਓਹਨਾਂ ਦੀਆਂ ਬਾਤਾਂ ਦਾ ) ਏਸ ਤੋਂ ਸਿਵਾ ( ਹੋਰ ਕੋਈ ) ਉੱਤਰ ਨਹੀਂ ਸੀ ਕਿ ( ਆਪ ਵਿਚ ) ਲਗੇ ਕਹਿਣ ਕਿ ਏਸ ਨੂੰ ਮਾਰ ਸਿਟੋ ਅਥਵਾ (ਅਗ ਵਿਚ) ਸਾੜ ਦਿਓ ਅਤ ਏਵ ( ਓਹਨਾਂ ਨੂੰ ਅਗ ਵਿਚ ਸਿਟ ਦਿਤਾ ਪਰੰਤੂ ) ਖੁਦਾ ਨੇ ਓਹਨਾਂ ਨੂੰ ਅਗ ਤੋਂ ਮੁਕਤੀ ਦਿਤੀ ਨਿਰਸੰਦੇਹ ਏਸ ( ਪਰਸੰਗ ) ਵਿਚ ( ਭੀ ) ਓਹਨਾਂ ਲੋਕਾਂ ਵਾਸਤੇ ਜੋ ਈਮਾਨ ਧਾਰੀ ਹਨ ( ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ) ਨਿਸ਼ਾਨੀਆਂ ਹਨ ॥ ੨੪ ॥ ਅਰ ( ਇਬਰਾਹੀਮ ਨੇ ਆਪਣੀ ਜਾਤੀ ਦੇ ਲੋਕਾਂ ਨੂੰ ਇਹ ਭੀ ਕਹਿਆ (ਸੀ) ਕਿ ਤੁਸੀਂ ਜੋ ਖੁਦਾ ਤੋਂ ਸਿਵਾ ਬੁਤਾਂ ਨੂੰ ਮੰਨਦੇ ਹੋ ( ਤਾਂ ) ਕੇਵਲ ਸੰਸਾਰਕ ਜੀਵਨ ਆਪੋ ਵਿਚ ਦੀ ਦੋਸਤੀ ਮੁਹੱਬਤ ਦੇ ਲਿਹਾਜ਼ ਨਾਲ ( ਮੰਨਦੇ ਹੋ ) ਫੇਰ ਪ੍ਰਲੈ ਦੇ ਦਿਨ ਤਾਂ ( ਤੁਸਾਂ ਦਾ ਇਹ ਹਾਲ ਹੋਣਾ ਹੈ ਕਿ ) ਤੁਸਾਂ ਵਿਚੋਂ ਇਕ ਦਾ ਦੂਸਰਾ ਇਨਕਾਰ ਕਰੇਗਾ ਅਰ ਇਕ ਦੂਜੇ ਨੂੰ ਇਕ ਦੂਜਾ ਲਾਨਤ (ਫਿਟਕ ) ਕਰੇਗਾ ਅਰ ਤੁਸਾਂ ਸਾਰਿਆਂ ਦਾ ( ਆਖਰੀ ) ਠਿਕਾਣਾਂ ਦੋਜਖ ਹੋਵੇਗਾ ਅਰ ( ਇਨਹਾਂ ਬੁਤਾਂ ਵਿਚੋਂ ) ਕੋਈ ਭੀ ਤੁਸਾਂ ਦੇ ਸਹਾਇਕ ਨਹੀਂ ਹੋਣਗੇ ॥ ੨੫ ॥ ਇਸ ਥੀਂ ( ਕੇਵਲ ) ਲੂਤ ਨੇ ( ਹੀ ) ਇਬਰਾਹੀਮ ਉਪਰ ਈਮਾਨ ਧਾਰਿਆ ਅਰ ( ਇਬਰਾਹੀਮ ਨੇ ) ਕਹਿਆ ਕਿ ਮੈਂ ਤਾਂ ਦੇਸ ਛਡ ਕੇ ਆਪਣੇ ਪਰਵਰਦਿਗਾਰ ਦੀ ਤਰਫ ( ਜਿਥੇ ਕਿਤੇ ਉਸ ਨੂੰ ਮਨ ਜੂਰ ਹੋਵੇ ) ਨਿਕਲ ਜਾਵਾਂਗਾ ਨਿਰਸੰਦੇਹ ਓਹ ਸਰਵ ਸ਼ਕਤੀ ਮਾਨ ( ਅਰ) ਹਿਕਮਤ ਵਾਲਾ ਹੈ ॥ ੨੬ ॥ ਅਰ ਅਸਾਂ ਨੇ ਇਬਰਾਹੀਮ ਨੂੰ ਇਸ-ਹਾਕ ( ਨਾਮੀ ਪੁਤਰ ) ਅਰ ਯਕੂਬ ( ਨਾਮੀ ਪਰਪੁਤ੍ਰ ) ਪਰਦਾਨ ਕੀਤਾ ਅਰ ਓਹਨਾਂ ਦੀ ਵੰਸ ਵਿਚ ਪੈਯੰਬਰੀ ਔਰ ਕਿਤਾਬ ਦਾ ( ਉਤਾਰਨਾ ਜਾਰੀ ) ਰਖਿਆ ਅਰ ਅਸਾਂ ਨੇ ਇਬਰਾਹੀਮ ਨੂੰ ਸੰਸਾਰ ਵਿਚ ( ਭੀ )

Digitized by Panjab Digital Library | www.panjabdigilib.org

ਉਨਹਾਂ ਦਾ ਫਲ ਦੇ ਦਿਤਾ ਅਰ ਅੰਤ ਨੂੰ ( ਭੀ ) ਉਹ ਨਿਰਸੰਦੇਹ (ਸਾਡਿਆਂ ਭਲਿਆਂ ਪੁਰਖਾਂ ਵਿਚ ਹੋਣਗੇ ॥ ੨੭ ॥ ਅਰ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਲੂਤ ( ਦਾ ਬਿਰਤਾਂਤ ਭੀ ਸੁਣਾ ਦਿਓ ਕਿ ) ਜਦੋਂ ਉਨਹਾਂ ਨੇ ਆਪਣੀ ਜਾਤੀ ( ਦੇ ਲੋਗਾਂ ) ਨੂੰ ਕਹਿਆ ਕਿ ਤੁਸੀਂ ( ਐਸੀ ) ਬੇਹਯਾਈ ਦਾ ਕੰਮ ਕਰਦੇ ਹੋ ਜੋ ਤੁਸਾਂ ਨਾਲੋਂ ਪ੍ਰਥਮ ਸੰਸਾਰ ਭਰਦੇ ਲੋਗਾਂ ਵਿਚੋਂ ਕਿਸੇ ਨੇ ਨਹੀਂ ਕੀਤਾ ॥ ੨੮ ॥ ਕੀ ਤੁਸੀਂ ( ਇਸਤ੍ਰੀਆਂ ਨੂੰ ਛਡ ਕੇ ) ਲੜ-ਕਿਆਂ ਉਪਰ ਢਹਿੰਦੇ ਅਰ ( ਰਾਹੀਆਂ ਦੇ ) ਰਾਹ ਮਾਰਦੇ ਅਰ ਆਪ-ਣੀਆਂ ਮਜਲਸਾਂ ਵਿਚ ਅਯੋਗ ਕਰਤੂਤਾਂ ਕਰਦੇ ਹੋ ਤਾਂ ਲੂਤ ਦੀ ਜਾਤੀ ਦੇ ਪਾਸ ਏਸਦੇ ਸਿਵਾ ( ਕੁਛ ) ਜਵਾਬ ਹੀ ਨਹੀਂ ਸੀ ਕਿ ਲਗੇ ਕਹਿਣ ਯਦੀ ਤੂੰ ਸਚਾ ਹੈਂ ਤਾਂ ਸਾਡੇ ਉਪਰ ਖੁਦਾਈ ਕਸ਼ਟ ਲਿਆ ਉਤਾਰ ॥ ੨੯ ॥ ( ਏਸ ਗਲੋਂ ਲੂਤ ਨੇ ਖੁਦਾ ਅਗੇ ) ਬੇਨਤੀ ਕੀਤੀ ਕਿ ਹੇ ਮੇਰੇ ਪਰਵਰ-ਦਿਗਾਰ ( ਏਹਨਾਂ ) ਫਸਾਦੀ ਲੋਗਾਂ ਦੇ ਮੁਕਾਬਲੇ ਵਿਚ ਮੇਰੀ ਮਦਦ ਕਰ ॥ ੩੦ ॥ ਰੁਕੂਹ ੩ ॥

ਅਰ ਜਦੋਂ ਸਾਡੇ ਫਰਿਸ਼ਤੇ ਇਬਰਾਹੀਮ ਦੇ ਕੋਲ (ਬੁਢਾਪੇ ਵਿਚ ਬੇਟੇ ਦੇ ਉਤਪਤ ਹੋਣ ਦੀ ਖੁਸ਼ਖਬਰੀ ਲੈ ਕੇ ਆਏ ਤਾਂ ਓਹਨਾਂ ਨੇ ( ਇਬਰਾਹੀਮ ਨੂੰ ) ਕਹਿਆ ਕਿ ਅਸੀਂ ( ਸੀਘਰ ਹੀ ਲੂਤ ਦੀ ) ਏਸ ਨਗਰੀ ਦੇ ਰਹਿਣ ਵਾਲਿਆਂ ਨੂੰ ( ਦੁਰਦਸ਼ਾ ਨਾਲ ) ਮਾਰਨ ਵਾਲੇ ਹਾਂ। ( ਕਾਹੇ ਤੇ ) ਏਸ ਨਗਰੀ ਦੇ ਲੋਗ ( ਬਹੁਤ ਹੀ ) ਦੁਸ਼ਟ ਹਨ ॥ ੩੧ ॥ ( ਏਸ ਗਲੋਂ ਇਬਰਾਹੀਮ ਨੇ ) ਕਹਿਆ ਕਿ ਓਸ ( ਨਗਰੀ ) ਵਿਚ ਤਾਂ ਲੂਤ ( ਭੀ ) ਹੈ ਉਹ ਬੋਲੇ ਕਿ ਜੋ ਲੋਗ ਉਸ ( ਨਗਰੀ ) ਵਿਚ ਹਨ ਅਸੀਂ ਸਾਰਿਆਂ ( ਦੇ ਬਿਰਤਾਂਤ ) ਤੇ ਭਲੀ ਪਰਕਾਰ ਗਿਆਤ ਹਾਂ ਲੂਤ ਨੂੰ ਅਰ ਉਸ ਦੇ ( ਸਾਰਿਆਂ ) ਘਰ ਵਾਲਿਆਂ ਨੂੰ ( ਨਗਰ ਵਿਚੋਂ ਨਿਕਾਲ ਕੇ ) ਅਸੀਂ ਜਰੂਰ ਬਚਾ ਲਵਾਂਗੇ ਪਰੰਤੂ ( ਇਕ ) ਲੂਤ ਦੀ ਇਸਤ੍ਰੀ ਕਿ ਉਹ ( ਨਿਰ-ਸੰਦੇਹ ) ਪਿਛੇ ਰਹਿਣ ਵਾਲਿਆਂ ਵਿਚ ਹੋਵੇਗੀ ॥ ੩੨ ॥ ਅਰ ਜਦੋਂ ਸਾਡੇ ਫਰਿਸ਼ਤੇ ਲੂਤ ਦੇ ਪਾਸ ਆਏ ਤਾਂ ( ਲੂਤ ) ਉਹਨਾਂ ( ਦੇ ਆਉਣ ) ਕਰਕੇ ਆ੍ਸੰਨ ( ਜੈਸੇ ) ਹੋਏ ਅਰ ਓਹਨਾਂ ਦੇ ਕਾਰਨ ( ਆਪਣੇ ) ਮਨ ਵਿਚ ਬਹੁਤ ਘੁਟੇ ਵਟੇ ਅਰ ਫਰਿਸ਼ਤਿਆਂ ਨੇ ਕਹਿਆ ਆਪ ( ਕਿਸੀ ਪ੍ਰਕਾਰ ਦਾ ) ਭੈ ਨਾ ਕਰੋ ਅਰ ਨਾ ਚਿੰਤਾਤਰ ਹੋਵੋ ਅਸ਼ੀਂ ( ਕਸ਼ਟ ਦੇਣ ਵਾਲੇ ਫਰਿਸ਼ਤੇ ਹਾਂ ਪਰੰਤੂ ) ਆਪ ਨੂੰ ਅਰ ਆਪ ਦੇ ਟਬਰ ਨੂੰ ਬਚਾ ਲਵਾਂਗੇ ਪਰੰਤੂ ਆਪ ਦੀ ਇਸਤ੍ਰੀ ਕਿ ਉਹ ਤਾਂ ਪਿਛੇ ਰਹਿਣ ਵਾਲਿਆਂ ਵਿਚ ਹੋਵੇਗੀ ॥ ੩੩ ॥ ਇਸ ਨਗਰੀ ਦੇ ਲੋਗ ਜੈਸੀਆਂ ੨ ਕਰਤੂਤਾਂ ਕਰਦੇ ਰਹੇ ਹਨ

Digitized by Panjab Digital Library | www.panjabdigilib.org

ਓਸ ਦੀ ਸ਼ਜਾ ਵਿਚ ਅਸੀਂ ਏਹਨਾਂ ਉਪਰ ਇਕ ਅਸਮਾਨੀ ਆਫਤ ਉਤਾਰਨੇ ਵਾਲੇ ਹਾਂ ॥ ੩੪ ॥ ( ਅਤ ਇਵ ਫਰਿਸ਼ਤਿਆਂ ਨੇ ਓਹਨਾਂ ਨਗਰੀਆਂ ਨੂੰ ਉਲਟਾ ਦਿਤਾ ) ਅਰ ਅਸਾਂ ਨੇ ਓਹਨਾਂ ਲੋਗਾਂ ਵਾਸਤੇ ਜੋ ਅਕਲ ਰਖਦੇ ਹਨ ਉਸ ( ਉਲਟੀ ਹੋਈ ਨਗਰੀ ) ਨੂੰ ( ਇਕ ) ਪਰਤੱਛ ਸਿਖਿਆ ਰੂਪ ਬਨਾ ਛਡਿਆ ਹੈ ॥ ੩੫ ॥ ਅਰ ਅਸਾਂ ਨੇ ਮਦੀਆਨ ( ਦੇ ਰਹਿਣ ਵਾਲਿਆਂ ) ਦੀ ਤਰਫ ਉਨਹਾਂ ਦੇ ਭਿਰਾ ਸ਼ਏਬ ਨੂੰ ( ਪੈਯੰਬਰ ਬਣਾ ਕੇ ਭੇਜਿਆ ) ਤਾਂ ਉਨਹਾਂ ਨੇ ( ਉਨਹਾਂ ਨੂੰ ਜਾ ਕੇ ) ਕਹਿਆ ਕਿ ਭਰਾਓ ! ਖੁਦਾ ਦੀ ਪੂਜਾ ਕਰੋ ਅਰ ਪ੍ਰਲੈ ਦੇ ਦਿਨ ਦਾ ਭੈ ਰਖੋ ਅਰ ਦੇਸ ਵਿਚ ਰੌਲਾ ਗੌਲਾ ਨਾ ਕਰਦੇ ਫਿਰੋ ॥ ੩੬ ॥ ਤਾਂ ਓਹਨਾਂ ਨੇ ( ਸ਼ਈਬ ) ਨੂੰ ਝੁਠਾਰਿਆ ਬਸ ਭੂਕੰਪ ਨੇ ਉਨਹਾਂ ਨੂੰ ਆਣ ਘੇਰਿਆ ਅਰ ਪ੍ਰਾਤ ਨੂੰ ਆਪਣਿਆਂ ਘਰਾਂ ਵਿਚ ਬੈਠੇ ( ਦੇ ਬੈਠੇ ਹੀ) ਰਹਿ ਗਏ ॥ ੩੭ ॥ ਅਰ ( ਅਸਾਂ ਨੇ ) ਆਦ ( ਦੀ ਜਾਤੀ ) ਅਰ ਸਮੂਦ ਨੂੰ ( ਭੀ ਮਾਰ ਸਿਟਿਆ ) ਅਰ ( ਹੇ ਮੱਕੇ ਦੇ ਨਿਵਾਸੀਓ ਸ਼ਾਮ ਦੇਸ ਨੂੰ ਆਉਦਿਆਂ ਜਾਂਦਿਆਂ ) ਤੁਸਾਂ ਨੂੰ ਉਨਹਾਂ ਦੇ ( ਉਜੜੇ ਪੁਜੜੇ ਹੋਏ ) ਘਰ ਬਾਰ ( ਭੀ ) ਦਿਖਾਈ ਦੇਂਦੇ ਹਨ ਅਰ ਸ਼ੈਤਾਨ ਨੇ ਉਹਨਾਂ ਨੂੰ ਉਹਨਾਂ ਦੇ ਕਰਤਬਾਂ ਨੂੰ ਚੰਗਾ ਕਰ ਦਿਖਾਇਆ ਸੀ ( ਅਰ ਏਸ ਯੁਕਤੀ ਨਾਲ ) ਉਨਹਾਂ ਸੁਮਾਰਗ ( ਪਕੜਨੇ ) ਰੋਕ ਭੀ ਦਿਤਾ ਸੀ ਅਰ ( ਉਹ ਕਰਮਾਂ ਦੇ ਵਸ ਵਿਚ ਹੋ ਕੇ ਸ਼ੈਤਾਨ ਦੇ ਭਰਮਾਣ ਵਿਚ ਭੀ ਆ ਗਏ ਨਹੀਂ ਤਾਂ ਅਸਲ ਵਿਚ ) ਓਹ ( ਤਾਂ ਬੜੇ ) ਬੁਧੀਵਾਨ ਪੁਰਖ ਸਨ ॥ ੩੮ ॥ ਅਰ ( ਅਸਾਂ ਨੇ ) ਕਾਰੂ ਤਥਾ ਫਰਊਨ ਅਰ ( ਫਰਊਨ ਦੇ ਵਜ਼ੀਰ ) ਹਾਮਾਨ ਨੂੰ ਭੀ ( ਮਾਰ ਸਿਟਿਆ ) ਅਰ ( ਇਸ ਗਲ ਦੇ ਹੁੰਦਿਆਂ ਸੁੰਦਿਆਂ ਕਿ ) ਮੂਸਾ ਓਹਨਾਂ ਦੇ ਪਾਸ ਖੁਲਮਖੁਲੇ ਮੋਜਜੇ ਲੈ ਕੇ ( ਭੀ ) ਆਇਆ ਤਾਂ ਭੀ ਉਹ ਦੇਸ ਵਿਚ ਆਕੜੇ ( ੨ ) ਫਿਰੇ ਅਰ ( ਕਿਤੇ ਭੀ ਸਾਡੇ ਕੋਲੋਂ ) ਭਜ ਕੇ ਨਾ ਜਾ ਸਕੇ ॥ ੩੯ ॥ ਤਾਂ ਅਸਾਂ ਨੇ ਸਾਰਿਆਂ ਨੂੰ ਓਹਨਾਂ ਦੀਆਂ ਕਰਤੂਤਾ (ਦੀ ਸਜਾ) ਵਿਚ ਧਰ ਦਬਿਆ ਅਤ ਇਵ ਓਹਨਾਂ ਵਿਚ ਕਈਕੁ ਤਾਂ ਉਹ ਸਨ ਜਿਨਹਾਂ ਉਤੇ ਅਸਾਂ ਨੇ ਪਾਖਾਣਾ ਦੀ ਬਰਖਾ ਕੀਤੀ ( ਜੈਸੇ ਆਦ ਦੀ ਜਾਤੀ ) ਅਰ ਕਈ ਕੁ ਓਹਨਾਂ ਵਿਚੋਂ ਉਹ ਸਨ ਕਿ ਜਿਨਹਾਂ ਨੂੰ ਬੜੀ ਉੱਚੀ ਧਵਨੀ ਨੇ ਆਨ ਘੇਰਿਆ ( ਜੈਸੇ ਸਮੂਦ ) ਅਰ ਉਹਨਾਂ ਵਿਚੋਂ ਕਈਕੁ ਉਹ ਸਨ ਕਿ ਜਿਨਹਾਂ ਨੂੰ ਅਸਾਂ ਨੇ ਪ੍ਰਿਥਵੀ ਵਿਚ ਧਸਾ ਦਿਤਾ ( ਯਥਾ ਕਾਰੂੰ ) ਅਰ ਕਈਕੁ ਓਹਨਾਂ ਵਿਚੋਂ ਉਹ ਸਨ ਕਿ ਜਿਨਹਾਂ ਨੂੰ ਡੋਬ ਦਿਤਾ ( ਯਥਾ ਫਰਊਨ ਹਾਮਾਨ ) ਅਰ ਖੁਦਾ ਨੂੰ ਏਹਨਾਂ ਉਤੇ ਜੁਲਮ ਕਿਉਂ ਕਰਨ ਲਗਾ

Digitized by Panjab Digital Library | www.panjabdigilib.org

( ਪਰੰਤੂ ਯਹੀ ਲੋਗ ਖੁਦਾ ਦੀ ਨਾ ਫਰਮਾਨੀ ਕਰਕੇ ) ਆਪ ਆਪਣੇ ਉਪਰ ਜੁਲਮ ਕੀਤਾ ਕਰਦੇ ਸਨ ॥ ੪੦ ॥ ਜਿਨਹਾਂ ਲੋਗਾਂ ਨੇ ਖੁਦਾ ਤੋਂ ਸਿਵਾ ਹੋਰ ੨ ਕਾਰਸਾਜ ਬਨਾ ਰਖੇ ਹਨ ਉਨਹਾਂ ਉਤੇ ਮਕੜੀ ਦਾ ਦਰਿਸ਼ਟਾਂਤ ( ਠੀਕ ) ਲਗਦਾ ਹੈ ਕਿ ਉਸਨੇ ( ਭੀ ਆਪਣੇ ਅਹੰਕਾਰ ਨਾਲ ਇਕ ) ਘਰ ਬਨਾਇਆ ਅਰ ਨਿਰਸੰਦੇਹ ਘਰਾਂ ਵਿਚੋਂ ਬੋੜੇ ਨਾਲੋਂ ਬੋੜਾ। ਮਕੜੀ ਦਾ ਘਰ ਹਾ ਦੈਵ ਇਹ ਲੋਗ ( ਏਤਨੀ ਬਾਤ ) ਸਮਝਦੇ ॥ ੪੧ ॥ ( ਜਿਨਹਾਂ ) ਜਿਨਹਾਂ ਵਸਤੂਆਂ ਨੂੰ ਖੁਦਾ ਦੇ ਸਿਵਾ ( ਇਹ ਲੋਗ ) ਪੁਕਾਰਦੇ ਹਨ ਨਿਰਸੰਦੇਹ ਕਿ ਖੁਦਾ ਓਹਨਾਂ ( ਸਾਰਿਆਂ ਦੇ ਬਿਰਤਾਂਤ ) ਤੋਂ ਗਿਆਤ ਹੈ ਅਰ ਉਹ ਸ਼ਕਤੀਮਾਨ (ਅਰ) ਹਿਕਮਤ ਵਾਲਾ ਹੈ ॥ ੪੨ ॥ ਅਰ ਅਸੀ ਇਹ ( ਥੋਹੜੇ ) ਸੇ ਦ੍ਰਿਸ਼ਟਾਂਤ ਲੋਗਾਂ ਦੇ ( ਸਮਝਾਣੇ ਵਾਸਤੇ ) ਵਰਨਣ ਕਰਦੇ ਹਾਂ ਅਰ ਸਮਝਦਾਰ ਹੀ ਏਹਨਾਂ ਨੂੰ ਸਮਝਦੇ ਹਨ ॥ ੪੩ ॥ ਖੁਦਾ ਨੇ ਪ੍ਰਿਥਵੀ ਆਕਾਸ਼ ਨੂੰ ( ਕਿਸੇ ਲੋੜ ) ਤਥਾ ਮਸਲਹਤ ( ਭਲਾਈ ) ਨਾਲ ਪੈਦਾ ਕੀਤਾ ਹੈ ਈਮਾਨ ਧਾਰੀਆਂ ਵਾਸਤੇ ਤਾਂ ਏਸੇ ਵਿਚ ( ਖੁਦਾ ਦੀ ਕੁਦਰਤ ਦੀਆਂ ਬੜੀਆਂ ) ਨਿਸ਼ਾਨੀਆਂ ( ਵਿਦਮਾਨ ) ਹਨ ॥ ੪੪ ॥ ਰੁਕੂਹ ੪ ॥

*( ਹੇ ਪੈਗੰਬਰ ਯਿਹ ) ਪੁਸਤਕ ਜੋ ਤੁਸਾਂ ਵਲ ਵਹੀ ਕੀਤੀ ਗਈ ਹੈ ਏਸ ਦਾ ਜਪ ਕਰਦੇ ਅਰ ਨਮਾਜ਼ ਪੜਦੇ ਰਹੋ ਕੋਈ ਭ੍ਰਮ ਨਹੀਂ ਕਿ ਨਮਾਜ਼ ਬੇਹਯਾਈ ( ਦੇ ਕੰਮ ) ਅਰ ਅਯੋਗ ਕਰਤਬਾਂ ਥੀਂ ਰੋਕਦੀ ( ਰਹਿੰਦੀ ) ਹੈ ਅਰ ਖੁਦਾ ਦੀ ਯਾਦ ਨਿਰਸੰਦੇਹ ਬੜੀ ( ਵਸਤੂ ) ਹੈ ਅਰ ਜੋ ਕੁਛ ( ਭੀ ) ਤੁਸੀਂ ਲੋਗ ਕਰਦੇ ਹੋ ਅੱਲਾ ਜਾਣਦਾ ਹੈ ॥ ੪੫ ॥ ਅਰ ( ਮੁਸਲਮਾਨੋ ! ) ਪੁਸਤਕ ਵਾਲਿਆਂ ਨਾਲ ਬਾਦ ਬਿਬਾਦ ਨਾ ਕੀਤਾ ਕਰੋ ਪਰੰਤੂ ਐਸੀ ਰੀਤੀ ਨਾਲ ਕਿ ਉਹ ਨਿਹਾਇਤ ਹੀ ਉਤਮ ਹੋਵੇ ਹਾਂ ਜੋ ਲੋਗ ਓਹਨਾਂ ਵਿਚੋਂ ਵਧੀਕੀ ਕਰਨ ( ਓਹਨਾਂ ਨੂੰ ਆਮੋ ਸਾਹਮਣਾ ਜਵਾਬ ਦੇਣ ਦਾ ਕੋਈ ਡਰ ਨਹੀਂ ) ਅਰ ( ਏਹਨਾਂ ਲੋਗਾਂ ਨੂੰ ) ਕਹੋ ਕਿ ਜੋ ( ਕਿਤਾਬ ) ਸਾਡੇ ਉਤੇ ਉਤਰੀ ਅਰ ( ਜੋ ਕਿਤਾਬਾਂ ) ਤੁਸਾਂ ਉਤੇ ਉਤਰੀਆਂ ਅਸੀਂ ਤਾਂ ਸਾਰਿਆਂ ਨੂੰ ਮੰਨਦੇ ਹਾਂ ਅਰ ਅਸਾਂ ਦਾ ਖੁਦਾ ਅਰ ਤੁਸਾਂ ਦਾ ਖੁਦਾ ਇਕ ਹੀ ਹੈ ਅਰ ਅਸੀਂ ਓਸੇ ਦੇ ਫਰਮਾ-ਬਰਦਾਰ ਹਾਂ ॥ ੪੬ ॥ ਅਰ ( ਹੇ ਪੈਗੰਬਰ ਜਿਸ ਰੀਤੀ ਨਾਲ ਅਸਾਂ ਨੇ ਭੂਤਕਾਲ ਦਿਆਂ ਪੈਗੰਬਰਾਂ ਉਤੇ ਕਿਤਾਬਾਂ ਉਤਾਰੀਆਂ ਸਨ ) ਓਸੇ ਰੀਤੀ ਨਾਲ ਅਸਾਂ ਨੇ ਤੁਹਾਡੇ ਉਪਰ ( ਇਹ ) ਕਿਤਾਬ ਉਤਾਰੀ ਤਾਂ ਜਿਨਹਾਂ ਨੂੰ

*ਹੁਣ ਉਤਲੋ ਮਾਊਹੀਆ ਨਾਮੀ ਇੱਕੀਵਾਂ ਪਾਰਾ ਚਲਾ ॥

Digitized by Panjab Digital Library | www.panjabdigilib.org

ਅਸਾਂ ਨੇ ( ਤੇਰੇ ਨਾਲੋਂ ਪਹਿਲੇ ) ਕਿਤਾਬ ਪਰਦਾਨ ਕੀਤੀ ਹੈ ( ਅਰਥਾਤ ਪੁਸਤਕਾਂ ਵਾਲੇ ਓਹਨਾਂ ਵਿਚੋਂ ਜੋ ਹੱਕ ਪਸੰਦ ਹਨ ਉਹ ਸ਼ੀਘਰ ਹੀ ) ਏਸ ( ਕੁਰਾਨ ) ਉਪਰ ਈਮਾਨ ਧਾਰ ਲੈਂਦੇ ਹਨ ਅਰ ਏਹਨਾਂ ( ਅਰਬ ਦਿਆਂ ਭੇਦ ਵਾਦੀਆਂ ) ਵਿਚੋਂ ਭੀ (ਕਈਕੁ ) ਐਸੇ ( ਬੁਧੀਮਾਨ ਹਨ ) ਕਿ ਉਹ ਭੀ ( ਸੋਚ ਸਮਝ ਕੇ ) ਏਹਨਾਂ ਉਪਰ ਈਮਾਨ ਲੈ ਔਂਦੇ ਹਨ ਅਰ ( ਜੋ ਨਿਰੇ ਪੁਰੇ ) ਹਠਧਰਮੀ ( ਹਨ ) ਉਹੀ ਸਾਡੀਆਂ ਆਇਤਾਂ ਨੂੰ ਨਹੀਂ ਮੰਨਦੇ ॥੪੭॥ ਅਰ (ਹੇ ਪੈਯੰਬਰ) ਕੁਰਾਨ ਨਾਲੋਂ ਪ੍ਰਥਮ ਨਾ ਤਾਂ ਤੁਸੀਂ ਕੋਈ ਕਿਤਾਬ ਹੀ ਪੜ੍ਹਦੇ ( ਪੜ੍ਹਾਉਂਦੇ ) ਸੇ ਅਰ ਨਾ ਤੁਸਾਂ ਨੂੰ ਆਪਣੀ ਹਥੀਂ ਲਿਖਣਾ ਹੀ ਆਉਂਦਾ ਸੀ ਕਿ ਐਸੇ ਹੁੰਦਾ ਤਾਂ ਇਹ ਬੇਈਮਾਨ ਅਵਸ਼ ਹੀ ਭ੍ਰਮ ਕਰ ਲੈਂਦੇ ॥ ੪੮ ॥ ਪਰੰਤੂ ਜਿਨਹਾਂ ਲੋਗਾਂ ਨੂੰ ਬੁਧੀ ਪ੍ਰਦਾਨ ਕੀਤੀ ਗਈ ਹੈ ਓਹਨਾਂ ਦੇ ਨਿਸਚੇ ਵਿਚ ਤਾਂ ਇਹ (ਕੁਰਾਨ ਐਸੀਆਂ ਖੁਲਮ ) ਖੁਲੀਆਂ ਆਇਤਾਂ ਹੈਂ ( ਕਿ ਕੋਈ ਸਮਦਰਸੀ ਪੁਰਖ ਉਹਨਾਂ ਦਾ ਇਨਕਾਰ ਨਹੀਂ ਕਰ ਸਕਦਾ ) ਅਰ ਜੋ ਬੇਇਨਸਾਫ ਹਨ ਵਹੀ ਸਾਡੀਆਂ ਆਇਤਾਂ ਨੂੰ ਨਹੀਂ ਮੰਨਦੇ ॥ ੪੯ ॥ ਅਰ (ਕਈਕੁ ਲੋਗ ਤੁਸਾਂ ਦੀ ਨਿਸਬਤ ) ਕਹਿੰਦੇ ਹਨ ਕਿ ਓਸ (ਪੁਰਖ) ਉਤੇ ਏਸ ਦੇ ਪਰਵਰਦਿਗਾਰ ( ਦੀ ਤਰਫੋਂ ) ਮੋਜਜ਼ੇ (ਚਮਿਤਕਾਰ) ਕਿਉਂ ਨਹੀਂ ਉਤਰੇ (ਹੇ ਪੈਯੰਬਰ ਇਹਨਾਂ ਲੋਗਾਂ ਨੂੰ) ਕਹੋ ਕਿ ਚਮਿਤਕਾਰ ਤਾਂ ਖੁਦਾ ਦੇ ਹੀ ਪਾਸ (ਅਰਥਾਤ ਓਸ ਦੇ ਵਸ ਵਿਚ ਹਨ) ਅਰ ਮੈਂ ਤਾਂ ਸਪਸ਼ਟ ਰੀਤੀ ਨਾਲ ਸਭੇ ਕਰਨੇ ਵਾਲਾ ਹਾਂ ਹੋਰ ਬਸ ॥ ੫੦ ॥ ( ਹੇ ਪੈਯੰਬਰ ) ਕੀ ਏਹਨਾਂ ਲੋਗਾਂ ਵਾਸਤੇ ( ਇਹ ਚਮਿਤ-ਕਾਰ ) ਪੁਸ਼ਟੀ ਕਾਰਕ ਨਹੀਂ ਕਿ ਅਸਾਂ ਨੇ ਤੁਸਾਂ ਉਪਰ ਕੁਰਾਨ ਉਤਾਰਿਆ ਜੋ ਏਹਨਾਂ ਨੂੰ ਪੜ੍ਹਕੇ ਸੁਣਾਇਆ ਜਾਂਦਾ ਹੈ ਜੋ ਲੋਗ ਈਮਾਨ ਧਾਰੀ ਹਨ ਓਹਨਾਂ ਵਾਸਤੇ ਤਾਂ ਇਸ ਵਿਚ ( ਖੁਦਾ ਦੀ ਬੜੀ ) ਮੇਹਰਬਾਨੀ ਅਰ ( ਮੇਹਰਬਾਨੀ ਤੋਂ ਸਿਵਾ ) ਸਿਖਿਆ ਹੈ ॥ ੫੧ ॥ ਰੁਕੂਹ ੫ ॥

( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਮੇਰੇ ਅਰ ਤੁਸਾਂ ਦੇ ਮਧ ਮੇਂ ਅੱਲਾ ਹੀ ਸਾਖੀ ਬਸ ਹੈ (ਕਿ) ਉਹ ਪ੍ਰਿਥਵੀ ਅਕਾਸ ਮਧ ਵਰਤੀ( ਸਾਰੀ-ਆਂ ) ਵਸਤਾਂ ਨੂੰ ਜਾਣਦਾ ਹੈ ਅਰ ਜੋ ਲੋਗ ਝੂਠਿਆਂ ( ਮਾਬੂਦਾਂ ) ਉਤੇ ਈਮਾਨ ਧਾਰਦੇ ਅਰ ਅੱਲਾ ਵਲੋਂ ਬੇਮੁਖ ਹਨ ਤਾਂ ਯਹੀ ( ਪ੍ਰਲੈ ਦੇ ਦਿਨ ਖੜੇ ) ਘਾਟੇ ਵਿਚ ਰਹਿਣਗੇ ॥ ੫੨ ॥ ਅਰ ( ਹੇ ਪੈਯੰਬਰ ਇਹ ਲੋਗ ) ਤੁਸਾਂ ਨਾਲ ( ਅੰਤਿਮ ) ਕਸ਼ਟ ਵਾਸਤੇ ਉਤਾਉਲ ਕਰ ਰਹੇ ਹਨ ਅਰ ਯਦੀ ( ਖੁਦਾ ਦੇ ਸਮੀਪ ਕਸ਼ਟ ਦਾ ) ਇਕ ਨਿਯਤ ਸਮਾ ਨਾ ਹੁੰਦਾ ਤਾਂ ਇਨਹਾਂ ਉਤੇ ( ਕਦੇ ਦਾ ) ਕਸ਼ਟ ਪ੍ਰਾਪਤ ਹੋ ਗਿਆ ਹੁੰਦਾ ਅਰ ਉਹ ( ਇਕ

Digitized by Panjab Digital Library | www.panjabdigilib.org

ਨਾ ਇਕ ਦਿਨ ) ਯੁਗ ਪਦ ਏਹਨਾਂ ਉਤੇ ਆਕੇ ਰਹੇਗਾ ਅਰ ਏਹਨਾਂ ਨੂੰ ਖਬਰ ਭੀ ਨਾ ਹੋਵੇਗੀ ॥ ੫੩ ॥ ( ਹੇ ਪੈਯੰਬਰ ਇਹ ਲੋਗ ) ਤੁਸਾਂ ਨਾਲ ( ਅੰਤਿਮ ) ਕਸ਼ਟ ਵਾਸਤੇ ਉਤਾਵਲ ਕਰ ਰਹੇ ਹਨ ਅਰ ਕੁਝ ਭ੍ਰਮ ਨਹੀਂ ਕਿ ਨਰਕ ਨੇ ਕਾਫਰਾਂ ਨੂੰ ਆਵੇਢਿਤ ਕੀਤਾ ਹੋਇਆ ਹੈ ( ਕੋਈ ਉਸ ਤੋਂ ਨਹੀਂ ਬਚੇਗਾ ) ॥ ੫੪ ॥ ਜਦੋਂ ਕਿ ਕਸ਼ਟ ਨੇ ਏਹਨਾਂ ਦੇ ( ਸਿਰ ਦੇ ) ਉਪਰੋਂ ਅਰ ਏਹਨਾਂ ਦੇ ਪੈਰਾਂ ਦੇ ਹੇਠੋਂ ਏਹਨਾਂ ਨੂੰ ਢਕਿਆ ਹੋਇਆ ਹੋਵੇਗਾ ਅਰ ( ਖੁਦਾ ਏਹਨਾਂ ਨੂੰ ) ਕਹੇਗਾ ਕਿ ਜੈਸੇ ੨ ਕਰਮ ਤੁਸੀਂ ( ਸੰਸਾਰ ਵਿਚ ) ਕਰਦੇ ਰਹੇ ਹੋ ( ਹੁਣ ਓਹਨਾਂ ਦਾ ਸਵਾਦ ) ਚਖੋ ॥ ੫੫ ॥ ਸਾਡੇ ਸੇਵਕੋ ! ਜੋ ਈਮਾਨ ਧਾਰ ਬੈਠੇ ਹੋ ਸਾਡੀ ਵਿਸਾਲ ਪ੍ਰਿਥਵੀ ਹੈ ਤਾਂ ( ਜਿਥੇ ਰਹੋ) ਸਾਡੀ ਹੀ ਪੂਜਾ ਕਰੋ ॥ ੫੬ ॥ ਸੰਪੂਰਨ ਜੀਆ ਜੰਤ (ਇਕ ਨਾ ਇਕ ਦਿਨ ) ਮੌਤ ( ਦਾ ਸਵਾਦ ) ਚਖਣ ਵਾਲੇ ਹਨ ਫੇਰ ( ਤੁਸੀਂ ਸਾਰੇ ਲੋਗ ) ਸਾਡੀ ਤਰਫ ਲੌਟਾ ਕਰ ਲੈ ਆਂਦੇ ਜਾਓਗੇ ॥ ੫੭ ॥ ਅਰ ਜਿਨਹਾਂ ਲੋਕਾਂ ਨੇ ਈਮਾਨ ਧਾਰਿਆ ਅਰ ਓਹਨਾਂ ਨੇ ( ਸ਼ੁਭ ) ਕਰਮ ਭੀ ਕੀਤੇ ਓਹਨਾਂ ਨੂੰ ਅਸੀਂ ਸਵਰਗ ਦਿਆਂ ਚੋਬਾਰਿਆਂ ਵਿਚ ਅਸਥਾਨ ਦੇਵਾਂਗੇ ਜਿਨਹਾਂ ਦੇ ਨੀਚੇ ਨਦੀਆਂ ( ਪਈਆਂ ) ਲਹਿਰਾ ਰਹੀਆਂ ਹੋਣਗੀਆਂ ( ਅਰ ਉਹ ਸ਼ੁਭ ) ਕਰਮ ਕਰਨ ਵਾਲੇ ਓਹਨਾਂ ਵਿਚ ਸਦੈਵ ( ਸਦੈਵ ) ਰਹਿਣਗੇ ॥ ੫੮ ॥ ਜਿਨਹਾਂ ਨੇ ( ਸੰਸਾਰ ਵਿਚ ) ਸਬਰ ਕੀਤਾ ਅਰ ਆਪਣੇ ਪਰਵਰਦਿਗਾਰ ਉਪਰ ਭਰੋਸਾ ਰਖਦੇ ਰਹੇ ਓਹਨਾਂ ਦਾ ( ਭੀ ਕੈਸਾ ਹੀ ) ਉੱਤਮ ਫਲ ਹੈ ॥ ੫੯ ॥ ਅਰ ਕਿਤਨੇ ਜੀਵ ਹਨ ਜੋ ਆਪਣੀ ਰੋਜ਼ੀ ( ਆਪਣੇ ਉੱਪਰ ) ਚੁਕੀ ( ੨ ) ਨਹੀਂ ਫਿਰਦੇ ਅੱਲਾ ਹੀ ਓਹਨਾਂ ਨੂੰ ਰੋਜ਼ੀ ਪਰਦਾਨ ਕਰਦਾ ਹੈ ਅਰ ਤੁਸਾਂ ਲੋਗਾਂ ਨੂੰ ( ਭੀ ) ਅਰ ਉਹ ( ਸੰਪੂ- ਰਣਾਂ ਦੀ ) ਸੁਣਦਾ (ਅਰ ਸਭ ਕੁਛ) ਜਾਣਦਾ ਹੈ ॥ ੬੦ ॥ ਅਰ (ਹੇ ਪੈਯੰਬਰ) ਯਦੀ ਤੁਸੀਂ ਏਹਨਾਂ ( ਲੋਗਾਂ ) ਨੂੰ ਪੁਛੋ ਕਿ ( ਭਲਾ ) ਪ੍ਰਿਥਵੀ ਅਕਾਸ਼ ਨੂੰ ਕਿਸ ਨੇ ਉਤਪਤ ਕੀਤਾ ਹੈ ਅਰ ਚੰਦ ਅਰ ਸੂਰਜ ਨੂੰ(ਆਪਣੇ)ਵਸ ਵਿਚ ਕਰ ਰਖਿਆ ਹੈ ਤਾਂ (ਇਹ) ਜਰੂਰ(ਯਹੀ)ਉਤਰ ਦੇਣਗੇ ਕਿ ਅੱਲਾ ਨੇ। ਫੇਰ(ਏਸਦੇ ਹੋਂਦਿਆਂ ਸੁੰਦਿਆਂ ਯਿਹ ਲੋਗ)ਕਿਧਰ ਭਰਮ ਵਿਚ ਪਏ ਚਲੇ ਜਾਂਦੇਹਨ॥੬੧॥ ਅੱਲਾ ਹੀ ਆਪਣਿਆਂ ਬੰਦਿਆਂ ਵਿਚੋਂ ਜਿਸ ਦੀ ਰੋਜ਼ੀ ਚਾਹੁੰਦਾ ਹੈ ਖੁਲਾਸੀ ਕਰ ਦੇਂਦਾ ਹੈ ਅਰ ਜਿਸਦੀ ਚਾਹੁੰਦਾ ਹੈ ਤੋਲਵੀਂ ਮਿਣਵੀਂ ਕਰ ਦੇਂਦਾ ਹੈ ਨਿਰਸੰਦੇਹ ਅੱਲਾ ਹੀ ਸੰਪੂਰਨ ਵਸਤੂਆਂ ( ਦੇ ਬਿਰਤਾਂਤ ) ਥੀਂ ਗਿਆਤ ਹੈ ॥੬੨॥(ਅਰ ਹੇ ਪੈਯੰਬਰ)ਯਦੀ ਤੁਸੀਂ ਏਹਨਾਂ (ਲੋਗਾਂ) ਨੂੰ ਪੁਛੋ ਕਿ ਆਕਾਸ਼ ਵਿਚੋਂ ਕੌਣ ਬਰਖਾ ਕਰਦਾ ਫੇਰ ਓਸ ਪਾਣੀ ਦੀ ਸਹਾਇਤਾ ਨਾਲ ਪ੍ਰਿਥਵੀ

Digitized by Panjab Digital Library | www.panjabdigilib.org

ਨੂੰ ਉਸ ਦੇ ਮਾਰਿਆਂ ( ਅਰਥਾਤ ਬੰਜਰ ਪਿਆਂ ) ਪਿਛੋਂ ਸੁਰਜੀਤ ਕਰ ਦਿਖਾਉਂਦਾ ਹੈ ਤਾਂ ਜ਼ਰੂਰ ( ਯਹੀ ) ਉੱਤਰ ਦੇਣਗੇ ਕਿ ਅੱਲਾ ( ਹੇ ਪੈਯੰਬਰ ਤੁਸੀਂ ) ਕਹੋ ਸੰਪੂਰਣ ਮਹਿਮਾਂ ਅੱਲਾ ਦੇ ਯੋਗ ਪਰੰਤੂ ਏਹਨਾਂ ਵਿਚੋਂ ਦੇ ਪ੍ਰਾਯਾ ਬੁਧੀ ਕੋਲੋਂ ਕੰਮ ਨਹੀਂ ਲੈਂਦੇ ॥ ੬੩ ॥ ਰੁਕੂਹ ੬ ॥

ਅਰ ਇਹ ਸੰਸਾਰਿਕ ਜੀਵਨ ਤਾਂ ਬਸ ( ਜੀਵ ਦਾ ) ਪਰਚਾਵਾ ਅਰ ਖੇਲ ( ਤਮਾਸ਼ਾ ) ਹੈ ਅਰ ਅੰਤ ( ਦੀ ਜ਼ਿੰਦਗੀ ਵਹੀ ਅਸਲ ) ਜ਼ਿੰਦਗੀ ਹੈ ( ਹੇ ) ਦੇਵ ਇਹ ਲੋਗ ( ਏਤਨੀ ਬਾਰਤਾ ) ਸਮਝਦੇ ॥ ੬੪ ॥ ਫੇਰ ਜਦੋਂ ( ਲੋਗ ) ਕਿਸ਼ਤੀ ਵਿਚ ਅਸਵਾਰ ਹੁੰਦੇ ਹਨ ਤਾਂ ਬੜੇ ਨਿਰਮਲ ਚਿਤ ਨਾਲ ਖ਼ੁਦਾ ਦੀ ਹੀ ਬੰਦਗੀ ਦਾ ਵਰਣਨ ਕਰਕੇ ਉਸੇ ਦਾ ਆਵਾਹਨ ਕਰਦੇ ਹਨ ਫੇਰ ਜਦੋਂ ( ਖ਼ੁਦਾ ) ਓਹਨਾਂ ਨੂੰ ( ਦਰਿਆ ਵਿਚੋਂ ) ਮੁਕਤ ਦੇ ਕੇ ਪ੍ਰਿਥਵੀ ਉਪਰ ਪਹੁੰਚਾ ਦੇਂਦਾ ਹੈ ਤਾਂ ਮੁਕਤਿ ਪਾਉਂਦੇ ਹੀ ਉਹ ਵਿਭੇਦ ਕਰਨ ਲਗ ਪੈਂਦੇ ਹਨ ॥ ੬੫ ॥ ਤਾ ਕਿ ਜੋ ( ਪਦਾਰਥ ) ਅਸਾਂ ਨੇ ਓਹਨਾਂ ਨੂੰ ਪਰਦਾਨ ਕੀਤੇ ਹਨ ਓਹਨਾਂ ਦੀ ਕ੍ਰਿਤਘਨਤਾ ਕਰਨ ਅਰ ਤਾਂ ਕਿ ( ਨਜ਼ੂਨ ਕਾਲ ਸੰਸਾਰ ਵਿਚ ਹੋਰ ) ਬਸ ਰਸ ਲੈਣ ਤਾਂ ( ਭਲਾ ਚੰਗਾ ) ਅਗੇ ਚਲਕੇ ( ਪ੍ਰਲੈ ਦੇ ਦਿਨ ਆਪਣੀ ਕ੍ਰਿਤਘਨਤਾ ਦਾ ਫਲ ) ਮਾਲੂਮ ਕਰ ਲੈਣਗੇ ॥ ੬੬ ॥ ਕੀ ਮੱਕੇ ਦਿਆਂ ਕਾਫਰਾਂ ਨੇ ( ਇਸ ਬਾਰਤਾ ਉਪਰ ) ਦਰਿਸ਼ਟੀ ਨਹੀਂ ਦਿਤੀ ਕਿ ਅਸਾਂ ਨੇ ਹਰਮ ( ਮੱਕਾ ) ਨੂੰ ਅਨੰਦ ਮੰਗਲ ਦਾ ਅਸਥਾਨ ਬਣਾ ਰਖਿਆ ਹੈ ਅਰ ਲੋਗ ( ਹਨ ਕਿ ) ਏਹਨਾਂ ਦੇ ਚਾਰ ਚੁਫੇਰਿਓਂ ਪਕੜੇ ਚਲੇ ਜਾ ਰਹੇ ਹਨ ਤਾਂ ਕੀ ਇਹ ਲੋਗ ਝੂਠਿਆਂ (ਮਾ-ਬੂਥਾਂ ) ਉਤੇ ਨਿਸਚਾ ਕਰਦੇ ਅਰ ਅੱਲਾ ਦੇ ਪਦਾਰਥਾਂ ਦੀ ਕ੍ਰਿਤਘਣਤਾ ਕਰਦੇ ਹਨ ॥ ੬੭ ॥ ਤਾਂ ਓਹਨਾਂ ਨਾਲੋਂ ਵਧਕੇ ਹੋਰ ਅਪਰਾਧੀ ਕੌਣ ? ਜੋ ਖ਼ੁਦਾ ਉਤੇ ਝੂਠ ਉਪਦ੍ਰਵ ਥਪੇ ਕਿੰਬਾ ਜਦੋਂ ਸਚੀ ਬਾਰਤਾ ਉਸਨੂੰ ਪ੍ਰਾਪਤ ਹੋਵੇ ਉਹ ਉਸਨੂੰ ਝੁਠਿਆਇ ਕੀ ( ਐਸਿਆਂ ) ਮੁਨਕਰਾਂ ਦਾ ( ਅੰਤਮ ) ਅਸਥਾਨ ਨਰਕ ਨਹੀਂ ਹੈ ॥ ੬੮ ॥ ਅਰ ਜਿਨਹਾਂ ਲੋਗਾਂ ਨੇ ਸਾਡੇ ਧਾਰਮਿਕ ( ਕਾਰਜਾਂ ) ਵਿਚ ਯਤਨ ਕੀਤੇ ਅਸੀਂ ( ਭੀ ) ਓਹਨਾਂ ਨੂੰ ਜ਼ਰੂਰ ( ਹੀ ) ਆਪਣੇ ਮਾਰਗ ਦਿਖਾਵਾਂਗੇ ਅਤੇ ਕੋਈ ਭਰਮ ਨਹੀਂ ਕਿ ਅੱਲਾ ਓਹਨਾਂ ( ਲੋਗਾਂ ) ਦਾ ਸਾਥੀ ਹੈ ਜੋ ( ਸ਼ੁਧ ਚਿਤ ਹੋਕੇ ) ਸ਼ੁਭ ਕਰਮ ਕਰਦੇ ਹਨ ॥ ੬੯ ॥ ਰੁਕੂਹ ੭ ॥

Digitized by Panjab Digital Library | www.panjabdigilib.org

# ਸੂਰਤ ਰੂਮ ਮੱਕੇ ਵਿਚ ਉਤਰੀ ਅਰ ਏਸ ਦੀਆਂ ਸਠ ਆਇਤਾਂ ਅਰ ਛੇ ਰੁਕੂਹ ਹਨ

(ਪ੍ਰਾਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ ਅਰ ਕਿਰਪਾਲੂ (ਹੈ) ਅਲਫ ਲਾਮ ਮੀਮ ॥ ੧ ॥ ਸਮੀਪੀ ਦੇਸ ( ਅਰਥਾਤ ਫਾਰਸ ) ਵਿਚ ਰੂਮੀ ( ਜੋ ਇਸਾਈ ਫਾਰਸ ਦੇ ਮਾਲਿਕਾਂ ਪਾਸੋਂ ਜੋ ਅਗਨ ਪੂਜਕ ਹਨ ) ਪ੍ਰਾਜੇ ਹੋ ਗਏ ਹਨ ॥ ੨ ॥ ਪਰੰਤੂ ਇਹ ਲੋਗ ਆਪਣੇ ਪਰਾਜੇ ਹੋ ਗਿਆ ਪਿਛੋਂ ਸਮੀਪ ਹੀ ਥੋੜੇ ਕਾਲ ਵਿਚ ਵਿਜੈਈ ਹੋ ਜਾਣਗੇ ॥ ੩ ॥ ( ਏਸ ਨਾਲੋਂ ) ਪ੍ਰਥਮ ਭੀ ( ਵਿਜੇਤਾ ਪ੍ਰਾਜੇਤਾ ) ਦਾ ਅਖਤਿਆਰ ਭੀ ਅੱਲਾ ਨੂੰ ਹੀ ਸੀ ( ਅਰ ਏਸ ਹੋਣੀ ਦੇ ) ਪਿਛੋਂ ਭੀ ( ਉਸ ਨੂੰ ਹੀ ਅਖਤਿਆਰ ਹੈ ) ਅਰ ਓਸ ਦਿਨ ( ਜਦੋਂ ਕਿ ਰੂਮੀ ਵਿਜਈ ਹੋਣਗੇ ) ਮੁਸਲਮਾਨ ਅੱਲਾ ਦੀ ਸਹਾਇਤਾ ਨਾਲ ਪਰਸੰਨ ਹੋ ਜਾਣਗੇ ॥ ੪ ॥ ਉਹ ਜਿਸਦੀ ਚਾਹੁੰਦਾ ਹੈ ਸਹਾਇਤਾ ਕਰਦਾ ਹੈ ਅਰ ਉਹ ਜ਼ਬਰਦਸਤ ( ਤਥਾ ) ਰਹਿਮ ਵਾਲਾ ਹੈ ॥ ੫ ॥ ਯਿਹ ਅੱਲਾ ਦੀ ਪਰਤਿਗਯਾ ( ਹੈ ) ਅਰ ਅੱਲਾ ਆ-ਪਣੀ ਪਰਤਿਗਯਾ ਥੀਂ ਵਿਰੁਧ ਨਹੀਂ ਕੀਤਾ ਕਰਦਾ ਪਰੰਤੂ ਪ੍ਰਾਯਾ ਲੋਗ ਸਮਝਦੇ ਹੀ ਨਹੀਂ ॥ ੬ ॥ ( ਯਿਹ ਲੋਗ ਬਸ ) ਪਰਤੱਛ ਸੰਸਾ-ਰਿਕ ਜੀਵਨ ਨੂੰ ਹੀ ( ਜੀਵਨ ) ਸਮਝਦੇ ਹਨ ਅਰ ਪ੍ਰਲੈ ਤੋਂ ਤਾਂ ਇਹ ਲੋਕ ਸਮੁਚੇ ਹੀ ਅਗਯਾਤ ਹਨ ॥ ੭ ॥ ਕੀ ਏਹਨਾਂ ਲੋਗਾਂ ਨੇ ਆਪਣੇ ਦਿਲ ਵਿਚ ਪਰਾਮਰਸ਼ ਨਹੀਂ ਕੀਤਾ ਕਿ ਅੱਲਾ ਨੇ ਪ੍ਰਿਥਵੀ ਅਕਾਸ਼ ਨੂੰ ਅਰ ਉਹਨਾਂ ਵਸਤੂਆਂ ਨੂੰ ਜੋ ਏਹਨਾਂ ਦੋਹਨਾਂ ਦੇ ਮਧਯ ਵਿਚ ਹਨ ਕਿਸੇ ਭਲਾਈ ਦੇ ਕਾਰਨ ਅਰ ( ਇਕ ) ਨਿਯਤ ਸਮੇਂ ਦੇ ਵਾਸਤੇ ਉਤਪਤ ਕੀਤਾ ਹੈ ਅਰ ਬਹੁਤ ਸਾਰੇ ਆਦਮੀ ( ਤਾਂ ਪ੍ਰਲੈ ਦੇ ਦਿਨ ) ਆ-ਪਣੇ ਪਰਵਰਦਿਗਾਰ ਦੇ ਮਿਲਾਪ ਨੂੰ ( ਸਿਰੇ ਥੀ ) ਮੰਨਦੇ ਹੀ ਨਹੀਂ ॥ ੮ ॥ ਕੀ ਇਹ ਲੋਗ ਦੇਸ ਵਿਚ ਤੁਰੇ ਫਿਰੇ ਨਹੀਂ ( ਤੁਰਦੇ ਫਿਰਦੇ ) ਤਾਂ ਦੇਖਦੇ ਕਿ ਜੋ ਲੋਗ ਏਹਨਾਂ ਨਾਲੋਂ ਭੂਤਕਾਲ ਵਿਚ ਹੋ ਚੁਕੇ ਹਨ ਓਹਨਾਂ ਦਾ ਅੰਤ ਕੈਸਾ ( ਬੁਰਾ ) ਹੋਇਆ ਅਰ ਉਹ ਲੋਗ ਏਹਨਾਂ ਨਾਲੋਂ ਬਲ ਵਿਚ ਭੀ ਕਈ ਗੁਣਾਂ ਵਧਕੇ ਸਨ ਅਰ ਓਹਨਾਂ ਨੇ ਪ੍ਰਿਥਵੀ ਭੀ ਵਾਹੀ ਅਰ ਪ੍ਰਿਥਵੀ ਨੂੰ ਜਿਤਨਾਂ ਏਹਨਾਂ ਲੋਗਾਂ ਨੇ ਵਸਾਇਆ ਹੈ ਏਸ ਨਾਲੋਂ ਕਈ ਗੁਣਾਂ ਅਧਿਕ ਓਹਨਾਂ ਲੋਗਾਂ ਨੇ ਵਸਾਇਆ ਸੀ ਅਰ ਓਹਨਾਂ ਦੇ ਪਾਸ ( ਭੀ)

Digitized by Panjab Digital Library | www.panjabdigilib.org

ਓਹਨਾਂ ਦੇ ਪੈਗੰਬਰ ਮੋਜਜ਼ੇ ( ਚਮਿਤਕਾਰ ) ਲੈ ਕੇ ਆਏ ਸਨ (ਪਰੰਤੂ ਓਹਨਾਂ ਨੇ ਨਾਂ ਮੰਨਿਆਂ ਅਰ ਆਪਣੇ ਕੀਤੇ ਦੀ ਸਜਾ ਪਈ) ਤਾਂ ਖੁਦਾ ( ਤਾਂ ਐਸਾ ਅਨਿਆਈ ) ਨਹੀਂ ਸੀ ਕਿ ਓਹਨਾਂ ਉਪਰ ਜ਼ੁਲਮ ਕਰੇ ਪਰੰਤੂ ਉਹ ਲੋਗ ( ਕੁਫਰ ਤਥਾ ਸ਼ਰਕ ਕਰਕੇ ) ਆਪ ਹੀ ਆਪਣੇ ਉਤੇ ਅਨਰਥ ਕੀਤਾ ਕਰਦੇ ਸਨ ॥ ੯ ॥ ਫੇਰ ਜਿਨਹਾਂ ਲੋਗਾਂ ਨੇ ਬੁਰਾ ਕੀਤਾ ਓਹਨਾਂ ਦਾ ਭੀ ਅੰਤ ਨੂੰ ਬੁਰਾ ਹੋਇਆ ਕਾਹੇ ਤੇ ਓਹਨਾਂ ਨੇ ਖੁਦਾ ਦੀਆਂ ਆਇਤਾਂ ਨੂੰ ਝੁਠਿ-ਆਰਿਆ ਅਰ ਓਹਨਾਂ ਨੂੰ ਹਾਸੀ ਦਾ ਅਸਥਾਨ ਬਨਾਇਆ ॥ ੧੦ ॥ ਰੁਕੂਹ ੧ ॥

ਅੱਲਾ ਹੀ ਸਰਿਸ਼ਟੀ ਨੂੰ ਪ੍ਰਥਮ ਬਾਰ ਉਤਪਤ ਕਰਦਾ ਹੈ ਫੇਰ ਵਹੀ ( ਓਸੇ ਪ੍ਰਕਾਰ ਦੀ ) ਸ੍ਰਿਸ਼ਟੀ ਬਾਰੰਬਾਰ ਉਤਪਤ ਕਰਦਾ ਰਹਿੰਦਾ ਹੈ ਫੇਰ ( ਤੁਸੀਂ ਸਾਰੇ ਲੋਗ ) ਓਸੇ ਦੇ ਪਾਸੇ ਲੌਟਾ ਕੇ ਲੈ ਆਂਦੇ ਜਾਓਗੇ ॥ ੧੧ ॥ ਅਰ ਜਿਸ ਦਿਨ ਪ੍ਰਲੈ ਪਰਾਪਤ ਹੋਵੇਗੀ ਦੋਖੀ ਨਾ ਉਮੈਦ ਹੋ ਕੇ ਬੈਠ ਜਾਣਗੇ ॥ ੧੨ ॥ ਅਰ ( ਜਿਨਹਾਂ ਨੂੰ ਇਹ ਲੋਗ ਖੁਦਾ ਦੇ ਸਜਾਤੀ ਨਿਯਤ ਕਰਦੇ ਹਨ ) ਇਹਨਾਂ ਦਿਆਂ ( ਓਹਨਾਂ ) ਸ਼ਰੀਕਾਂ ਵਿਚੋਂ ਕੋਈ ਏਹਨਾਂ ਦਾ ਸਪਾਰਸ਼ੀ ਨਹੀਂ ਹੋਵੇਗਾ ਅਰ ( ਓਸ ਸਮੇਂ ਇਹ ਲੋਗ ਭੀ ) ਆਪਣਿਆਂ ਸ਼ਰੀਕਾਂ ਪਾਸੋਂ ਬੇਮੁਖ ਹੋ ਬੈਠਣਗੇ ॥ ੧੩ ॥ ਅਰ ਜਿਸ ਦਿਨ ਪਰਲੈ ਪ੍ਰਾਪਤ ਹੋਵੇਗੀ ਓਸ ਦਿਨ ( ਮੋਮਨ ਤਥਾ ਕਾਫਰ ਇਕ ਦੂਸਰੇ ਪਾਸੋਂ ) ਅਲਗ ੨ ਹੋ ਜਾਣਗੇ ॥ ੧੪ ॥ ਫੇਰ ਜਿਨਹਾਂ ਲੋਗਾਂ ਨੇ ਈਮਾਨ ਧਾਰਿਆ ਅਰ ਓਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ ਉਹ ਤਾਂ ( ਬਹਿਸ਼ਤ ) ਦਿਆਂ ਬਾਗਾਂ ਵਿਚ ਹੋਣਗੇ ( ਅਰ ) ਉਹਨਾਂ ਦੀਆਂ ( ਟਹਿਲ ਸੇਵਾ ) ਅਗਤਾਂ ਭਾਗਤਾਂ ਹੋਰਹੀਆਂ ਹੋਣਗੀਆਂ ॥ ੧੫ ॥ ਅਰ ਜਿਨਹਾਂ ਲੋਗਾਂ ਨੇ ਕੁਫਰ ਕੀਤਾ ਅਰ ਸਾਡੀਆਂ ਆਇਤਾਂ ਅਰ ਪ੍ਰਲੈ ਦੇ ਦਿਨ ਦੇ ਸਿਰ ਉਪਰ ਆਉਣ ਨੂੰ ਮਿਥਯਾ ਕਥਨ ਕਰਦੇ ਰਹੇ ਤਾਂ ਯਹੀ ਲੋਗ ਕਸ਼ਟ ਵਿਚ ਪਕੜੇ ਹੋਏ ਹੋਣਗੇ ॥ ੧੬ ॥ ਪਸ ਜਿਸ ਵੇਲੇ ਤੁਸਾਂ ਲੋਗਾਂ ਉੱਪਰ ਸੰਧਯਾ ਹੋਵੇ ਅਰ ਜਿਸ ਵੇਲੇ ਤੁਸਾਂ ਉਤੇ ਪ੍ਰਾਤ ਹੋਵੇ ਅੱਲਾ ਦੀ ਉਸਤਤੀ (ਤਥਾ ਪ੍ਰਾਰਥਨਾ) ਕਰੋ ॥ ੧੭ ॥ ਅਰ ਪ੍ਰਿਥਵੀ ਆਕਾਸ਼ ਦੇ ਮਧਯ ਵਿਚ ਵਹੀ ਅੱਲਾ ਉਸਤੁਤੀ ਦੇ ਯੋਗ ਹੈ ਅਰ ( ਹੋਰ ) ਤੀਸਰੇ ਪਹਿਰ ਜਦੋਂ ਤੁਸਾਂ ਲੋਗਾਂ ਨੂੰ ਮਧ-ਯਾਨ ਹੋਵੇ ( ਅੱਲਾ ਦੀ ਮਹਿਮਾਂ ਤਥਾ ਉਸਤੁਤੀ ਕਰੋ ) ॥ ੧੮ ॥ ( ਉਹੀ ) ਸਜੀਵਾਂ ਨੂੰ ਮ੍ਰਿਤਕਾਂ ਵਿਚੋਂ ਨਿਕਾਲਦਾ ਹੈ ਅਰ (ਵਹੀ) ਮ੍ਰਿਤਕਾਂ ਨੂੰ ਸਜੀਵਾਂ ਵਿਚੋਂ ਨਿਕਾਲਦਾ ਹੈ ਅਰ ( ਵਹੀ ) ਪ੍ਰਿਥਵੀ ਨੂੰ ਉਸ ਦੇ ਮਰਿਆਂ ( ਅਰਥਾਤ ਬੰਜਰ ਪਇਆਂ ) ਪਿਛੋਂ ਸਜੀਵ ( ਤਥਾ ਹਰੀ ਭਰੀ ) ਕਰਦਾ

Digitized by Panjab Digital Library | www.panjabdigilib.org

ਹੈ ਅਰ ਇਸੀ ਰੀਤੀ ਨਾਲ ਤੁਸੀਂ ( ਲੋਗ ਭੀ ਮਰਿਆਂ ਪਿਛੋਂ ਪ੍ਰਿਥਵੀ ਵਿਚੋਂ ) ਨਿਕਾਲੇ ਜਾਓਗੇ ॥ ੧੯ ॥ ਰੁਕੂਹ ੨ ॥

ਅਰ ਓਸੇ ਦੀ ( ਕੁਦਰਤ ਦੀਆਂ ) ਨਿਸ਼ਾਨੀਆਂ ਵਿਚੋਂ ( ਇਕ ਯਿਹ ਭੀ ) ਹੈ ਕਿ ਓਸ ਨੇ ਤੁਸਾਂ ( ਲੋਗਾਂ ) ਨੂੰ ਮਿਟੀ ਵਿਚੋਂ ਉਤਪਤ ਕੀਤਾ ਫੇਰ ਹੁਣ ਤੁਸੀਂ ਮਾਨੁਖ ਹੋ ਕੇ ( ਸਾਰੀ ਪ੍ਰਿਥਵੀ ਉਤੇ ਚਾਰੋਂ ਦਿਸ਼ਾਂ ਵਿਚ ) ਫੈਲੇ ਹੋਏ ਹੋ ॥ ੨੦ ॥ ਅਰ ਓਸੇ ਦੀ ( ਕੁਦਰਤ ਦੀਆਂ ) ਨਿਸ਼ਾਨੀਆਂ ਵਿਚੋਂ ( ਇਕ ਯਿਹ ਭੀ ) ਹੈ ਕਿ ਓਸ ਨੇ ਤੁਸਾਂ ਵਾਸਤੇ ਤੁਸਾਂ ਦੀ ਜਿਨਸ ਦੀਆਂ ਹੀ ਇਸਤ੍ਰੀਆਂ ਉਤਪਤ ਕੀਤੀਆਂ ਤਾ ਕਿ ਤੁਸਾਂ ਨੂੰ ਓਹਨਾਂ ਦੀ ਤਰਫ ( ਚੇਸ਼ਟਾ ਕਰਨ ਨਾਲ ) ਆਨੰਦ ਮਿਲੇ ਅਰ ਤੁਸਾਂ ( ਦੰਪਤੀ ) ਵਿਚ ਪਿਆਰ ਅਰ ਪਰੇਮ ਪੈਦਾ ਕੀਤਾ। ਜੋ ਲੋਗ ਸੋਚ ਸਮਝ ਨੂੰ ਵਿਵਹਾਰ ਵਿਚ ਵਿਵਾਹ੍ਰਿਤ ਕਰਦੇ ਹਨ ਓਹਨਾਂ ਵਾਸਤੇ ਏਹਨਾਂ ( ਬਾਤਾਂ ) ਵਿਚ ( ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ) ਨਿਸ਼ਾਨੀਆਂ ਹਨ ॥ ੨੧ ॥ ਅਰ ਪ੍ਰਿਥਵੀ ਆਕਾਸ਼ ਨੂੰ ਉਤਪਤ ਕਰਨਾ ਅਰ ਤੁਸਾਂ ਦੀਆਂ ਬੋਲੀਆਂ ਅਰ ਤੁਸਾਂ ਦੇ ਰੰਗ ਢੰਗ ਦਾ ਭਿੰਨ ੨ ਹੋਣਾ ( ਇਹ ਭੀ ) ਓਸੇ ਦੀ ( ਕੁਦ-ਰਤ ਦੀਆਂ ) ਨਿਸ਼ਾਨੀਆਂ ਵਿਚੋਂ ਹੈ ਨਿਰਸੰਦੇਹ ਸਮਝਣ ਵਾਲਿਆਂ ਵਾਸਤੇ ( ਇਨਹਾਂ ਬਾਤਾਂ ਵਿਚ ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ) ਨਿ-ਸ਼ਾਨੀਆਂ ਹਨ ॥ ੨੨ ॥ ਅਰ ਤੁਹਾਡਾ ਰਾਤ੍ਰੀ ( ਵਿਖੇ ਸੈਨ ਕਰਨਾ ) ਅਰ ਦਿਨ ਵਿਖੇ ਸੈਨ ਕਰਨਾ ਅਰ ਓਸ ਦੇ ਫਜ਼ਲ ( ਅਰਥਾਤ ਆਪਣੇ ਰੋਜ਼-ਗਾਰ ) ਵਾਸਤੇ ਤੁਸਾਂ ਦੀ ਤਲਾਸ਼ ਕਰਨੀ ( ਇਹ ਭੀ ) ਓਸ ਦੀਆਂ ਕੁਦਰਤ ਦੀਆਂ ਨਿਸ਼ਾਨੀਆਂ ਵਿਚੋਂ ਹੈ ਜੋ ਲੋਗ ( ਦਿਲ ਦਿਆਂ ਕੰਨਾਂ ਨਾਲ ) ਸੁਣਦੇ ਹਨ ਓਹਨਾਂ ਵਾਸਤੇ ਇਨਹਾਂ ( ਗਲਾਂ ) ਵਿਚ ( ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ) ਨਿਸ਼ਾਨੀਆਂ ਹਨ ॥ ੨੩ ॥ ਅਰ ਓਸੇ ਦੀ (ਕੁਦਰਤ ਦੀਆਂ) ਨਿਸ਼ਾਨੀਆਂ ਵਿਚੋਂ ( ਇਕ ਇਹ ਭੀ ) ਹੈ ਕਿ ਉਹ ਤੁਸਾਂ ਨੂੰ ਡਰਨ ਵਾਸਤੇ ਤਥਾ ਉਮੈਦ ਕਰਨ ਵਾਸਤੇ ਬਿਜਲੀਆਂ ਦਿਖਾਉਂਦਾ ਹੈ ਅਰ ਆਕਾਸ਼ ਵਿਚੋਂ ਬਰਖਾ ਕਰਦਾ ਅਰ ਓਸ ( ਪਾਣੀ ) ਦੇ ਵਸੀਲੇ ਨਾਲ ਪ੍ਰਿਥਵੀ ਨੂੰ ਓਸ ਦੇ ਮਰਿਆਂ ( ਅਰਥਾਤ ਬੰਜਰ ਪਿਆਂ ) ਪਿਛੋਂ ਸਰਜੀਤ ਕਰ ਦੇਂਦਾ ਹੈ ਜੋ ਲੋਗ ਬੁਧੀਮਾਨ ਹਨ ਓਹਨਾਂ ਵਾਸਤੇ ਏਹਨਾਂ ( ਬਾਤਾਂ ) ਵਿਚ ( ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ) ਨਿਸ਼ਾਨੀਆਂ ਹਨ ॥ ੨੪ ॥ ਅਰ ਓਸੇ ਦੀ ( ਕੁਦਰਤ ਦੀ ) ਨਿਸ਼ਾਨੀਆਂ ਵਿਚੋਂ (ਇਕ ਯਿਹ ਭੀ) ਹੈ ਕਿ ਪ੍ਰਿਥਵੀ ਆਕਾਸ਼ ਓਸੇ ਦੀ ਆਗਿਆ ਵਿਚ ਇਸਥਿਤ ਹੈ (ਅਰ ਤੁਸੀਂ ਇਕ ਨਿਯਤ ਸਮੇਂ ਤਕ ਆਯੂ ਭੋਗਕੇ ਪ੍ਰਿਥਵੀ ਵਿਚ ਦਬਾਏ ਜਾਂਦੇ ਹੋ) ਫੇਰ ( ਪ੍ਰਲੈ ਦੇ

Digitized by Panjab Digital Library | www.panjabdigilib.org

ਦਿਨ ) ਜਦੋਂ ਉਹ ਤੁਸਾਂ ਨੂੰ ਇਹ ਆਵਾਜ਼ ਮਾਰ ਕੇ ਪ੍ਰਿਥਵੀ ਵਿਚੋਂ ਬੁਲਾਏ ਗਾ ਤਾਂ ਬਸ ( ਆਵਾਜ਼ ਦੇ ਸੁਣਦਿਆਂ ਹੀ ) ਤੁਸੀਂ ( ਸਾਰਿਆਂ ਦੇ ਸਾਰੇ ) ਨਿਕਲ ਆਓਗੇ ॥ ੨੫ ॥ ਅਰ ਜੋ ( ਫਰਿਸ਼ਤੇ ) ਆਕਾਸ਼ ( ਵਿਚ ਹਨ ) ਅਰ ( ਜੋ ਲੋਗ ) ਪ੍ਰਿਥਵੀ ਉਤੇ ਹਨ ( ਸੰਪੂਰਨ ) ਓਸੇ ਦੇ ਹੀ ਹਨ ( ਅਰ ) ਸਾਰੇ ਓਸੇ ਦੀ ( ਸ਼ਾਸਨਾ ਦੇ ) ਅਧੀਨ ਹਨ ॥ ੨੬ ॥ ਅਰ ਓਹੀ (ਸਰਵ ਸ਼ਕਤੀਮਾਨ) ਹੈ ਜੋ ਸਰਿਸ਼ਟੀ ਨੂੰ ਪ੍ਰਥਮ ਬਾਰ ਉਤਪਤ ਕਰਦਾ ਹੈ ਫੇਰ ( ਏਸੇ ਰੀਤੀ ਨਾਲ ਪ੍ਰਲੈ ਦੇ ਦਿਨ ) ਓਹਨਾਂ ਨੂੰ ਦੂਜੀ ਵੇਰੀ ਉਤਪਤ ਕਰੇਗਾ ਅਰ ਇਹ ਓਸਦੇ ਵਾਸਤੇ ਬਹੁਤ ਹੀ ਸੁਖੈਨ ਹੈ ਅਰ ਪ੍ਰਿਥਵੀ ਆਕਾਸ਼ ਦੇ ਮਧਜ ਮੇਂ ਓਸਦਾ ਹੀ ਪਰਤਾਪ ( ਸਾਰਿਆਂ ਨਾਲੋਂ ) ਅਧਿਕਤਰ ਹੈ ਅਰ ਉਹ ਸ਼ਕਤ ਸ਼ਾਲੀ ( ਤਥਾ ) ਯੁਕਤੀਮਾਨ ਹੈ ॥ ੨੭ ॥ ਰੁਕੂਹ ੩ ॥

ਉਹ ਤੁਸਾਂ ਦੇ ( ਸਮਝਣ ਵਾਸਤੇ ) ਤੁਸਾਂ ਵਿਚੋਂ ਹੀ ਇਕ ਦ੍ਰਿਸ਼ਟਾਂਤ ਵਰਣਨ ਕਰਦਾ ਹੈ ਕਿ ਜਿਨਹਾਂ ( ਟਹਿਲ ਵਾਲਿਆਂ ) ਦੇ ਤੁਸੀਂ ਸਵਾਮੀ ਹੋ ਏਹਨਾਂ ਵਿਚੋਂ ਓਸ ( ਰੋਜੀ ) ਵਿਚੋਂ ਜੋ ਅਸਾਂ ਨੇ ਤੁਸਾਂ ਨੂੰ ਦੇ ਰਖੀ ਹੈ ਕੋਈ ( ਭੀ ) ਤੁਸਾਂ ਦੇ ਸ਼ਰੀਕ ਹਨ ਕਿ ਤੁਸੀਂ ( ਅਰ ਉਹ ) ਓਸ (ਰੋਜੀ) ਵਿਚ ਬਰਾਬਰ ਦਾ ਹਕ ਰਖਦੇ ( ਅਰ ) ਤੁਸੀਂ ਓਹਨਾਂ ਦੀ ( ਵੈਸੀ ਹੀ ) ਪਰਵਾਹ ਕਰਦੇ ਹੋ ਜੈਸੀ ਕਿ ਤੁਸੀਂ ਆਪਣੀ ਪਰਵਾਹ ਕਰਦੇ ਹੋ ਜੋ ਲੋਗ ਬੁਧਿਮਾਨ ਹਨ ਓਹਨਾਂ ਦੇ ਵਾਸਤੇ ਅਸੀਂ ( ਆਪਣੀਆਂ ) ਆਇਤਾਂ ਨੂੰ ਇਸੀ ਪਰਕਾਰ ਸਫੁਟ ਕਰ ਕਰਕੇ ਵਰਣਨ ਕਰਦੇ ਹਾਂ ॥ ੨੮ ॥ ਪਰੰਤੂ ਜੋ ਲੋਗ ( ਖੁਦਾ ਦੇ ਸਜਾਤੀ ਬਣਾਕੇ ) ਅਨਰਥ ਕਰਦੇ ਹਨ ਉਹ ਤਾਂ ਬਿਨਾਂ ਜਾਣਿਆਂ ਬੁਝਿਆਂ ਆਪਣਿਆਂ ( ਮਾਨਸਿਕ ) ਸੰਕਲਪਾਂ ਉੱਤੇ ਤੁਰਦੇ ਹਨ ਤਾਂ ਜਿਸਨੂੰ ਖੁਦਾ ਕੁਮਾਰਗੀ ਕਰੇ ਓਸ ਨੂੰ ਕੌਣ ਸੁਮਾਰਗ ਉੱਤੇ ਲਿਆ ਸਕਦਾ ਹੈ ਅਰ ( ਖੁਦਾ ਦੇ ਮੁਕਾਬਲੇ ਵਿਚ ) ਐਸਿਆਂ ਲੋਗਾਂ ਦਾ ਕੋਈ ਭੀ ਸਹਾਇਕ ਨਹੀਂ ॥ ੨੯ ॥ ਤਾਂ ( ਹੇ ਪੈਗੰਬਰ ) ਤੁਸੀਂ ਤਾਂ ਇਕ ( ਖੁਦਾ ) ਦੇ ਹੋ ਕੇ ( ਓਸੇ ਦੀ ) ਪੰਥ ਦੀ ਤਰਫ ਆਪਣਾ ਰੁਖ ਕਰੀ ਰਖੋ ( ਇਹ ) ਖੁਦਾ ਦੀ (ਬਣਾਈ ਹੋਈ) ਸ੍ਰਿਸ਼ਟੀ ਹੈ ਜਿਸ ਉੱਤੇ ਖੁਦਾ ਨੇ ਲੋਗਾਂ ਨੂੰ ਉਤਪਤ ਕੀਤਾ ਹੈ ਖੁਦਾ ਦੀ ( ਬਣਾਈ ਹੋਈ ) ਬਨਾਵਟ ਵਿਚ ਅਦਲ ਬਦਲ ਨਹੀਂ ਹੋ ਸਕਦਾ ਯਹੀ ਦੀਨ ( ਦਾ ) ਸੂਧਾ ( ਮਾਰਗ ) ਹੈ ਪਰੰਤੂ ਪ੍ਰਾਯਾ ਲੋਗ ਸਮਝਦੇ ਨਹੀਂ ॥ ੩੦ ॥ ( ਲੋਗੋ ! ) ਓਸੇ ( ਇਕ ਖੁਦਾ ) ਦੇ ਪਾਸੇ ਧਿਆਨ ਲਗਾ (ਕੇ ਦੀਨ ਇਸਲਾਮ ਉਤੇ ਪੈਰ ਜਮਾਈ ਰਖੋ ) ਅਰ ਓਸੇ ( ਇਕ ਖੁਦਾ ) ਦਾ ਡਰ

Digitized by Panjab Digital Library | www.panjabdigilib.org

ਮੰਨੋ ਅਰ ਨਮਾਜ਼ ਪੜਦੇ ਰਹੋ ਅਰ ਭੇਦ ਵਾਦੀਆਂ ਵਿਚੋਂ ਨਾ ਬਣ ਜਾਣਾ ॥ ੩੧ ॥ ਜਿਨਹਾਂ ਨੇ ਆਪਣੇ (ਅਸਲੀ) ਦੀਨ ਵਿਚ ਵਿਭੇਦ ਪਾ ਦਿਤਾ ਅਰ ਟੋਲੇ (੨) ਹੋ ਗਏ ਜੋ (ਦੀਨ) ਜਿਸ ਟੋਲੇ ਦੇ ਪਾਸ ਹੈ ਉਹ ਓਸੇ ਵਿਚ ਮਗਨ ਹੈ ॥ ੩੨ ॥ ਅਰ ਜਦੋਂ ਲੋਗਾਂ ਨੂੰ ਕੋਈ ਵਿਪਤੀ ਪਰਾਪਤ ਹੁੰਦੀ ਹੈ ਤਾਂ ਉਹ ਆਪਣੇ ਪਰਵਰਦਿਗਾਰ ਦੇ ਪਾਸੇ ਝੁਕ ਕੇ ਉਸੇ ਨੂੰ ਪੁਕਾਰਨੇ ਲਗਦੇ ਹਨ ਫੇਰ ਜਦੋਂ ਉਹ ਓਹਨਾਂ ਨੂੰ ਆਪਣੀ ਰਹਿਮਤ (ਦਾ ਰਸ) ਚਖਾ ਦੇਂਦਾ ਹੈ ਤਾਂ ਬਸ ਓਹਨਾਂ ਵਿਚੋਂ ਕੁਛ ਲੋਗ (ਮਿਥਜਾ ਮਾਬੂਦਾਂ ਨੂੰ) ਆਪਣੇ ਪਰਵਰਦਿਗਾਰ ਦਾ ਸ਼ਰੀਕ ਬਣਾ ਲੈਂਦੇ ਹਨ ॥ ੩੩ ॥ ਤਾਂ ਕਿ ਜੋ (ਪਦਾਰਥ) ਅਸਾਂ ਨੇ ਓਹਨਾਂ ਨੂੰ ਦਿਤੇ ਹਨ ਓਹਨਾਂ ਦੀ ਕ੍ਰਿਤਘਣਤਾ ਕਰਨ ਤਾਂ (ਲੋਗੋ ਸੰਸਾਰ ਦੇ ਖਿਣ ਭੰਗਰ) ਸੁਖ ਲੈ ਲਵੋ ਅਗੇ ਚਲ ਕੇ ਤਾਂ ਤੁਸੀਂ (ਆਪਣੇ ਕੀਤੇ ਦੀ ਹਕੀਕਤ) ਮਾਲੂਮ ਕਰ ਹੀ ਲਵੋਗੇ ॥ ੩੪ ॥ ਕੀ ਅਸਾਂ ਨੇ ਏਹਨਾਂ ਲੋਗਾਂ ਉਪਰ ਕੋਈ ਸਨਦ ਉਤਾਰੀ ਹੈ ਕਿ ਜਿਸ ਕਰਕੇ ਏਹ ਲੋਗ ਖੁਦਾ ਦੇ ਨਾਲ ਸ਼ਰਕ ਕਰ ਰਹੇ ਹਨ ਉਹ (ਸਨਦ ਏਹਨਾਂ ਨੂੰ ਸ਼ਰਕ ਕਰਨਾ) ਦਸ ਰਹੀ ਹੈ ॥ ੩੫ ॥ ਅਰ ਜਦੋਂ ਲੋਗਾਂ ਨੂੰ ਅਸੀਂ (ਆਪਣੀ) ਰਹਿਮਤ ਦਾ (ਸਵਾਦ) ਚਖਾ ਦੇਂਦੇ ਹਾਂ ਤੇ ਉਹ ਓਸ ਕਰਕੇ ਪ੍ਰਸੰਨ ਹੁੰਦੇ ਹਨ ਅਰ ਯਦੀ ਓਹਨਾਂ (ਦੇ ਅਸ਼ੁਭ ਕਰਮਾਂ) ਦੇ ਬਦਲੇ ਵਿਚ ਜੋ ਪਹਿਲੇ ਆਪਣੀ ਹਥੀਂ ਕਰ ਚੁਕੇ ਹਨ ਓਹਨਾਂ ਉਪਰ (ਕਿਸੀ ਪ੍ਰਕਾਰ ਦੀ) ਵਿਪਤੀ ਆ ਜਾਵੇ ਤੇ ਬਸ ਉਹ ਆਸ ਤੋੜ ਬੈਠਦੇ ਹਨ ॥ ੩੬ ॥ ਕੀ ਲੋਗਾਂ ਨੇ (ਏਸ ਬਾਰਤਾ ਉਪਰ) ਦ੍ਰਿਸ਼ਟੀ ਨਹੀਂ ਦਿਤੀ ਕਿ ਅੱਲਾ (ਹੀ) ਜਿਸਦੀ ਰੋਜ਼ੀ ਚਾਹੁੰਦਾ ਹੈ ਵਿਸ਼ਾਲ ਕਰ ਦੇਂਦਾ ਹੈ ਅਰ (ਜਿਸ ਦੀ ਚਾਹੁੰਦਾ ਹੈ) ਤੋਲੀ ਮਿਣੀ ਕਰ ਦੇਂਦਾ ਹੈ ਜੋ ਲੋਗ ਈਮਾਨ ਧਾਰੀ ਹਨ ਓਹਨਾਂ ਵਾਸਤੇ ਏਸ ਵਿਚ (ਭੀ ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ) ਨਿਸ਼ਾਨੀਆਂ ਹਨ ॥ ੩੭ ॥ ਤੇ (ਹੇ ਪੈਯੰਬਰ) ਸੰਬੰਧੀਆਂ ਨੂੰ ਓਹਨਾਂ ਦਾ ਵਿਭਾਗ ਦੇਂਦੇ ਰਹੋ ਅਰ ਮੁਹਤਾਜ ਤਥਾ ਮੁਸਾਫਰਾਂ ਨੂੰ (ਓਹਨਾਂ ਦਾ ਵਿਭਾਗ) ਜੋ ਲੋਗ ਖੁਦਾ ਦੀ ਪ੍ਰਸੰਨਤਾਈ ਦੇ ਅਭਿਲਾਖੀ ਹਨ ਯਿਹ ਓਹਨਾਂ ਦੇ ਵਾਸਤੇ (ਅਤੀ) ਉੱਤਮ ਹੈ ਅਰ ਯਹੀ ਲੋਗ (ਅੰਤ ਦੇ ਦਿਨ) ਭਲਾਈ ਪਾਉਣ ਵਾਲੇ ਹਨ ॥ ੩੮ ॥ ਅਰ (ਯਿਹ) ਜੋ ਤੁਸੀਂ ਲੋਗ ਬਯਾਜ ਦੇਂਦੇ ਹੋ ਤਾਂ ਕਿ ਲੋਗਾਂ ਦੇ ਧਨ ਮਾਲ ਵਿਚ ਬੜ੍ਹਾਉ ਹੋਵੇ ਤੇ ਉਹ (ਬਯਾਜ) ਖੁਦਾ ਦੇ ਓਥੇ (ਫੁਲਦਾ) ਫਲਦਾ ਨਹੀਂ (ਅਰਥਾਤ ਓਸ ਵਿਚ ਬਰਕਤ ਨਹੀਂ ਹੁੰਦੀ) ਅਰ (ਉਹ) ਜੋ ਤੁਸੀਂ ਕੇਵਲ ਖੁਦਾ ਦੀ ਪ੍ਰਸੰਨ ਤਾਈ ਦੇ ਖਿਆਲ ਨਾਲ

Digitized by Panjab Digital Library | www.panjabdigilib.org

ਜ਼ਕਾਤ ਦੇਂਦੇ ਹੋ ਤੇ ਜੋ ਲੋਗ ਐਸਾ ਕਰਦੇ ਹਨ ਓਹੋ ( ਆਪਣੇ ਦਿਤੇ ਨੂੰ ਖੁਦਾ ਦੇ ਪਾਸ ) ਵਧਾ ਰਹੇ ਹਨ ॥ ੩੯ ॥( ਲੋਗੋ ! ) ਅੱਲਾ ਹੀ ਉਹ ( ਸ੍ਵ ਸ਼ਕਤੀ-ਵਾਨ ) ਹੈ ਜਿਸ ਨੇ ਤੁਸਾਂ ਨੂੰ ਉਤਪਤ ਕੀਤਾ। ਪੁਨਾ ਤੁਸਾਂ ਨੂੰ ਰੋਜੀ ਦਿਤੀ ਫੇਰ ( ਉਹੀ ) ਤੁਸਾਂ ਨੂੰ ਮਾਰਦਾ ਹੈ ਫੇਰ ( ਉਹੀ ) ਤੁਸਾਂ ਨੂੰ ਸੁਰਜੀਤ ਕਰੇਗਾ ਭਲਾ ਤੁਸਾਂ ਦੇ ( ਨਿਯਤ ਕੀਤਿਆਂ ਹੋਇਆਂ ) ਸ਼ਰੀਕਾਂ ਵਿਚੋਂ ਕੋਈ ਹੈ ਜੋ ਏਹਨਾਂ ( ਕੰਮਾਂ ) ਵਿਚੋਂ ਕੁਛ ਭੀ ਕਰ ਸਕੇ ਏਹ ਲੋਗ ਜਿਸ ੨ ਪ੍ਰਕਾਰ ਦੇ ਸ਼ਰਕ ਕਰਦੇ ਹਨ ਖੁਦਾ ( ਦਾ ਸਰੂਪ ) ਓਹਨਾਂ ਥੀਂ ਪਵਿਤ੍ਰ ਤਥਾ ਊਚ ਥੀਂ ਊਚ ਹੈ ॥ ੪੦ ॥ ਰੁਕੂਹ ੪ ॥

ਖੁਦਾ ਲੋਗਾਂ ਦੀਆਂ ਹੀ ਕਰਤੂਤਾਂ ਕਰਕੇ ( ਕਿਆ ) ਥਲ ( ਵਿਚ ) ( ਕਿਆ ) ਜਲ ਵਿਚ ( ਅਰਥਾਤ ਸਰਬ ਜਗਾ ਸਰਬ ਪ੍ਰਕਾਰ ਦੀਆਂ ) ਖਰਾਬੀਆਂ ਪ੍ਰਗਟ ਹੋ ਚੁਕੀਆਂ ਹਨ ( ਅਰ ਏਸ ਦਾ ਜਰੂਰੀ ਫਲ ਇਹ ਹੈ ) ਕਿ ਲੋਗ ਜੈਸੇ ੨ ਕਰਮ ਕਰ ਰਹੇ ਹਨ ਖੁਦਾ ) ਓਹਨਾਂ ਨੂੰ ਓਹਨਾਂ ਦੇ ਕਈ ਕਰਮਾਂ ਦਾ ਸ੍ਵਾਦ ਚਖਾਏ ਤਾਂ ਕਿ ਉਹ ( ਐਸੀਆਂ ਕਰਤੂਤਾਂ ਥੀਂ ) ਹਟ ਜਾਣ ॥ ੪੧ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਪ੍ਰਿਥਵੀ ਮਾਤ੍ਰ ਉਤੇ ਤੁਰੋ ਫਿਰੋ ਅਰ ਦੇਖੋ ਕਿ ਜੋ ਲੋਗ ( ਤੁਸਾਂ ਨਾਲੋਂ ) ਪਹਿਲੇ ਹੋ ਚੁਕੇ ਹਨ ਓਹਨਾਂ ਦਾਂ ਕੈਸਾ ( ਬੁਰਾ ) ਹਾਲ ਹੋਇਆ ਓਹਨਾਂ ਵਿਚੋਂ ਪ੍ਰਾਯਾ ਭੇਦਵਾਦੀ ਹੀ ਸਨ ॥ ੪੨ ॥ ਤੇ ( ਹੇ ਪੈਯੰਬਰ ਏਸ ਨਾਲੋਂ ਪਹਿਲੇ ਕਿ ਖੁਦਾ ਦੀ ਤਰਫੋਂ ਉਹ ਦਿਨ ਅਵਿਦਮਾਨ ਹੋਵੇ ਜੋ ( ਕਿਸੇ ਦੇ ਟਾਲਿਆਂ ) ਨਹੀਂ ਟਲ ਸਕਦਾ ਦੀਨ ( ਦੇ ) ਸੂਧੇ ( ਮਾਰਗ ) ਉਪਰ ( ਸੰਤੋਖ ਦੇ ਨਾਲ ) ਆਪਣਾ ਰੁਖ ਕਰੀ ਰਖੋ ਓਸ ਦਿਨ ( ਮੋਮਨ ਅਰ ਕਾਫਰ ਇਕ ਦੂਸਰੇ ਨਾਲੋਂ ) ਅਲਗ ੨ ਹੋ ਜਾਣਗੇ ॥ ੪੩ ॥ ਜੋ ਕੁਫਰ ਕਰਦਾ ਹੈ ਤੇ ਓਸੇ ਉਪਰ ਉਸਦੇ ਕੁਫਰ ਦਾ ਵਬਾਲ ਪਵੇਗਾ ਅਰ ਜੋ ਸ਼ੁਭ ਕਰਮ ਕਰਦਾ ਹੈ ( ਯਿਹ ਲੋਗ ) ਆਪਣੇ ਵਾਸਤੇ ਹੀ ( ਅੰਤ ਦੇ ਦਿਨ ਦਾ ) ਸਾਮਾਨ ਕਰ ਰਹੇ ਹਨ ॥ ੪੪ ॥ ਤਾਂ ਕਿ ਜੋ ਲੋਗ ਈਮਾਨ ਧਾਰ ਬੈਠੇ ਅਰ ਓਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ ਓਹਨਾਂ ਨੂੰ ( ਪ੍ਰਲੈ ਦੇ ਦਿਨ ) ਅੱਲਾ ਆਪਣੀ ਕਿਰਪਾ ਨਾਲ ( ਓਹਨਾਂ ਦੇ ਕੀਤੇ ਦਾ ) ਪ੍ਰਤਿ ਬਦਲਾ ਦੇਵੇ ਨਿਰਸੰਦੇਹ ਅੱਲਾ ਕਾਫਰਾਂ ਨੂੰ ਪਸੰਦ ਨਹੀਂ ਕਰਦਾ ॥ ੪੫ ॥ ਅਰ ਓਸ ਦੀ ( ਕੁਦਰਤ ਦੀਆਂ ) ਨਿਸ਼ਾਨੀਆਂ ਵਿਚੋਂ ( ਇਕ ਯਿਹ ) ਹੈ ਕਿ ਉਹ ਪੌਣ ਨੂੰ (ਇਸ ਵਾਸਤੇ) ਭੇਜਦਾ ਹੈ ਕਿ ( ਲੋਗਾਂ ਨੂੰ ਬਰਖਾ ਦਾ ) ਸ਼ੁਭ ਸਮਾਚਾਰ ਪਹੁੰ-ਚਾਵਣ ਤਾਂ ਕਿ ( ਪੌਣ ਦੇ ਚਲਣੇ ਨਾਲ ਪਾਣੀ ਬਰਸੇ ਅਰ ) ਅੱਲਾ ਤੁਸਾਂ ਲੋਗਾਂ ਨੂੰ ਆਪਣੀ ਰਹਿਮਤ ( ਦਾ ਸਵਾਦ ) ਚਖਾਵੇ ਅਰ ਤਾਂ ਕਿ

Digitized by Panjab Digital Library | www.panjabdigilib.org

ਓਸ ਦੀ ਆਗਜਾ ਨਾਲ ( ਦਰੀਯਾਵਾਂ ਵਿਚ ) ਤਰਨੀਆਂ ਤੈਰਨ ਅਰ ਤਾਂ ਕਿ ਤੁਸੀਂ ( ਦਰਯਾਈ ਵਜਾਪਾਰ ਦੇ ਵਸੀਲੇ ਨਾਲ ) ਓਸ ਦੀ ਕਿਰਪਾ ( ਅਰਥਾਤ ਆਪਣੀ ਮੁਆਸ਼ ) ਤਲਾਸ਼ ਕਰੋ ਅਰ ਤਾਕਿ ਤੁਸੀਂ ( ਉਸ ਦਾ ) ਉਪਕਾਰ ਜਾਣੋ ॥ ੪੬ ॥ ਅਰ ( ਹੇ ਪੈਯੰਬਰ )ਅਸਾਂ ਨੇ ਤੁਸਾਂ ਨਾਲੋਂ ਪਹਿਲੇ ( ਔਰ ) ਪੈਯੰਬਰ ( ਭੀ ) ਉਹਨਾਂ ਦੀ ਜਾਤੀਆਂ ਦੀ ਤਰਫ ਭੇਜੇ ਤਾਂ ਉਹ ( ਪੈਯੰਬਰ ) ਚਮਿਤਕਾਰ ( ਲੈ ) ਲੈਕੇ ਓਹਨਾਂ ਦੇ ਪਾਸ ਆਏ ( ਪਰੰਤੂ ਉਹਨਾਂ ਨੇ ਝੁਠਿਆਰਿਆ ) ਤੇ ਜੋ ਲੋਗ ( ਝੁਠਿਆਰਨ ਦੇ ) ਜੁਰਮ ਦੇ ਭਾਗੀ ਹੋਏ ਓਹਨਾਂ ਪਾਸੋਂ ਅਸਾਂ ਨੇ ( ਝੁਠਿਆਰਨ ਦਾ ) ਬਦਲਾ ( ਭੀ )ਲੀਤਾ ਅਰ ਈਮਾਨ ਵਾਲਿਆਂ ਦੀ ਸਹਾਇਤਾ ਕਰਨੀ ਸਾਡੇ ਉਪਰ ਲਾਜ਼ਮ ਸੀ ( ਅਰ ਅਸਾਂ ਨੇ ਕੀਤੀ ) ॥ ੪੭ ॥ ਅੱਲਾ ( ਹੀ ) ਉਹ ( ਸ੍ਰਵ ਸ਼ਕਤੀਮਾਨ ) ਹੈ ਜੋ ਪੌਣਾਂ ਨੂੰ ਭੇਜਦਾ ਹੈ ਉਹ ( ਪੌਣਾਂ ) ਬਦਲਾਂ ਨੂੰ ( ਓਹਨਾਂ ਦੇ ਅਸਥਾਨਾਂ ਥੀਂ ) ਉਦਿਤ ਕਰਦੀਆਂ ਹੈਂ ਫੇਰ ( ਖੁਦਾ ) ਜਿਸ ਪ੍ਰਕਾਰ ਚਾਹੁੰਦਾ ਹੈ ( ਕਦੀ) ਬਦਲ ਨੂੰ ( ਸਾਰੇ ) ਅਕਾਸ਼ ਉਪਰ ਫੈਲਾ ਦੇਂਦਾ ਹੈ ਅਰ ( ਕਦੇ ) ਓਹਨਾਂ ਨੂੰ ਟੁਕੜੇ ( ੨ ) ਕਰ ਦੇਂਦਾ ਹੈ ਤੇ ( ਹੇ ਸ੍ਰੋਤਾ ) ਤੂੰ ਦੇਖਦਾ ਹੈਂ ਕਿ ਮੇਘਾਂ ਦੇ ਵਿਚੋਂ ਦੀ ਬਰਖਾ ਹੁੰਦੀ ਚਲੀ ਜਾਂਦੀ ਹੈ ਫੇਰ ਜਦੋਂ ਖੁਦਾ ਆਪਣਿਆਂ ਬੰਦਿਆਂ ਵਿਚੋਂ ਜਿਸ ਉਪਰ ਚਾਹੁੰਦਾ ਹੈ ਓਸ ( ਮੇਘ ) ਦੀ ਬਰਖਾ ਕਰ ਦੇਂਦਾ ਹੈ ਤਾਂ ਬਸ ਉਹ ਲੋਗ ਖੁਸ਼ੀਆਂ ਮਨਾਉਣ ਲਗਦੇ ਹਨ ॥ ੪੮ ॥ ਇਸ ਗਲ ਦੇ ਹੁੰਦਿਆਂ ਸੁੰਦਿਆਂ ਕਿ ਬਰਖਾ(ਰਹਿਮਤ)ਦੇ ਉਤਰਨ ਥੀਂ ਪਹਿਲੇ ਏਹ ਲੋਗ (ਬਰਖਾ ਵਲੋਂ) ਆਦ ਤੋਂ ਹੀ ਨਾ ਉਮੈਦ ਸਨ ॥ ੪੯॥ ਤੇ (ਹੇ ਸ੍ਰੋਤਾ ਬਰਖਾ ਅਰਥਾਤ ) ਪ੍ਰਮਾਤਮਾਂ ਦੀ ਕਿਰਪਾ ਦੇ ਹੇਠਾਂ ਦ੍ਰਿਸ਼ਟੀਕਰਕਿ (ਖੁਦਾ) ਪ੍ਰਿਥਵੀ ਨੂੰ ਓਸ ਦੇ ਮਰਿਆਂ ( ਅਰਥਾਤ ਬੰਜਰ ਪਿਆਂ ) ਪਿਛੋਂ ਕਿਸ ਪ੍ਰਕਾਰ ਸੁਰਜੀਤ ਕਰ ਦਿਖਾਉਂਦਾ ਹੈ । ਨਿਰਸੰਦੇਹ ਕਿ ਯੇਹੀ ( ਖੁਦਾ ਤੋਂ ਪ੍ਰਲੈ ਦੇ ਦਿਨ ) ਮੁਰਦਿਆਂ ਨੂੰ ( ਭੀ ) ਸੁਰਜੀਤ ਕਰਨ ਵਾਲਾ ਹੈ ਅਰ ਉਹ ਸਰਬ ਵਸਤੂਆਂ ਉਪਰ ਕਾਦਰ ਹੈ ॥ ੫੦ ॥ ਅਰ ਯਦੀ ਅਸੀਂ ( ਐਸੀ ਪੌਣ ਛਡ ਦੇਈਏ ( ਕਿ ਉਹ ਤਰੀ ਨੂੰ ਖੁਸ਼ਕ ਕਰ ਦੇਵੇ ) ਅਰ ਯਿਹ ਲੋਗ ਖੇਤੀ ਨੂੰ ਪੀਲੀ ( ਪਿਆ ਹੋਯਾ ) ਦੇਖਣ ਤੇ ਖੇਤੀ ਦੇ ਪੀਲੀ ਹੋਯਾਂ ਪਿਛੋਂ ਨਿਸਚੇ ਹੀ ( ਸਾਡੀਆਂ ਪਹਿਲੀਆਂ ਨਿਆਮਤਾਂ ਦਾ) ਅਧੰਨਵਾਦ ਕਰਨ ਲਗਣ ॥ ੫੧ ॥ ਤੇ ( ਹੇ ਪੈਯੰਬਰ ) ਤੁਸੀਂ ਨਾ ਤਾਂ ਮੁਰਦਿਆਂ ਨੂੰ ਸੁਣਾ ਸਕਦੇ ਹੋ, ਅਰ ਨਾ ਬੋਲਿਆਂ ਨੂੰ ( ਆਪਣੀ ) ਆਵਾਜ਼ ਸੁਣਾ ਸਕਦੇ ਹੋ ( ਖਾਸ ਕਰਕੇ ) ਓਸ ਸਮੇਂ ਕਿ ਬੋਲੇ ਪਿਠ ਫੇਰਕੇ ( ਤੁਸਾਂ ਪਾਸੋਂ ਦੂਰ ) ਭਜ ਜਾਣ ॥ ੫੨ ॥ ਅਰ ਨਾ ਅੰਧਿਆਂ ਨੂੰ ਤੁਸੀਂ ਪੁਠੇ ਰਸਤਿਓਂ

Digitized by Panjab Digital Library | www.panjabdigilib.org

ਸਿਧੇ ਰਸਤੇ ਉਪਰ ਪਾ ਸਕਦੇ ਹੋ ਤੁਸੀਂ ਤਾਂ ਬਸ ਓਹਨਾਂ ਲੋਗਾਂ ਨੂੰ ਹੀ ਸੁਣਾ (ਸਮਝਾ) ਸਕਦੇ ਹੋ ਜੋ ਸਾਡੀਆਂ ਆਇਤਾਂ ਦਾ ਨਿਸਚਾ ਰਖਦੇ ਹਨ ਤੇ ਯਿਹ ਲੋਗ ( ਤੁਸਾਂ ਦਾ ਕਹਿਣਾ ) ਮੰਨ ਭੀ ਲੈਂਦੇ ਹਨ ॥ ੫੩ ॥ ਰੁਕੂਹ ੫ ॥

ਅੱਲਾ ( ਹੀ ) ਓਹ ( ਸਰਵ ਸ਼ਕਤੀਮਾਨ ਹੈ ) ਜਿਸ ਨੇ ਤੁਸਾਂ ਲੋਗਾਂ ਨੂੰ ਕਮਜ਼ੋਰ ਦਸ਼ਾ ਥੀਂ ( ਜੋ ਮਾਤਾ ਦੇ ਉਦਰ ਵਿਚ ਹੁੰਦੀ ਹੈ ) ਬਨਾਕੇ ਖੜਾ ਕੀਤਾ ਫੇਰ ( ਬਚਪਨ ਦੀ ) ਕਮਜ਼ੋਰੀ ਦੇ ਪਿਛੋਂ ( ਜਵਾਨੀ ਦਾ ) ਬਲ ਦਿਤਾ ਫੇਰ ਬਲ ਦੇ ਪਿਛੋਂ ਕਮਜ਼ੋਰੀ ਅਰ ਬੁਢਾਪੇ ( ਦੀ ਦਸ਼ਾ ) ਕਰ ਦਿਤੀ ( ਉਹ ) ਜੋ ਚਾਹੁੰਦਾ ਹੈ ਉਤਪਤ ਕਰ ਦੇਂਦਾ ਹੈ ਅਰ ਵਹੀ ( ਪੁਰਖ ਦੀਆਂ ਸਾਰੀਆਂ ਅਵਸਥਾ ਥੀਂ ) ਗਜਾਤ ( ਅਰ ) ਕੁਦਰਤ ਵਾਲਾ ਹੈ ॥ ੫੪ ॥ ਅਰ ਜਿਸ ਦਿਨ ਪ੍ਰਲੈ ਪ੍ਰਾਪਤ ਹੋਵੇਗੀ ਸਦੋਖੀ ਲੋਗ ਸੌਗੰਧਾਂ ਕਰਨਗੇ ਕਿ (ਸੰਸਾਰ ਵਿਚ) ਇਕ ਘੜੀ ਨਾਲੋਂ ਅਧਿਕ ਨਹੀਂ ਠਹਿਰੇ ਇਸ ਪ੍ਰਕਾਰ ਇਹ ਲੋਗ ( ਸੰਸਾਰ ਵਿਚ ਭੀ ) ਬਹਿਕੇ ਰਹੇ ॥ ੫੫ ॥ ਅਰ ਜਿਨਹਾਂ ਲੋਗਾਂ ਨੂੰ ਵਿਦਯਾ ਤਥਾ ਈਮਾਨ ਦਿਤਾ ਗਿਆ ਹੈ ਉਹ ( ਉਹਨਾਂ ਨੂੰ ) ਉਤਰ ਦੇਣਗੇ ਕਿ ( ਨਹੀਂ ) ਤੁਸੀਂ ਤਾਂ ( ਜੈਸਾ ਕਿ ) ਅੱਲਾ ਦੀ ਪੁਸਤਕ ਵਿਚ ( ਹੈ ) ਪ੍ਰਲੈ ਦੇ ਦਿਨ ਤਕ ਇਸਥਿਤ ਹੋਏ ਅਰ ( ਆਜ ) ਯਿਹ ਪ੍ਰਲੈ ਦਾ ਦਿਨ ਹੀ ਹੈ ਪਰੰਤੂ ਤੁਸਾਂ ਨੂੰ ( ਏਸ ਦਾ ) ਨਿਸਚਾ ( ਹੀ ) ਨਹੀਂ ਸੀ ॥ ੫੬ ॥ ਤੇ ਓਸ ਦਿਨ ਨਾ ਤੇ ਨਾਫਰਮਾਨਾਂ ਨੂੰ ਓਹਨਾਂ ਦੇ ਹੁਟਰ ਹੀ ( ਕੁਛ ) ਲਾਭ ਦੇਣਗੇ ਅਰ ਨਾ ਓਹਨਾਂ ਨੂੰ ( ਖੁਦਾ ਦੇ ) ਪ੍ਰਸੰਨ ਕਰ ਲੈਣ ਦਾ ਹੀ ਸਮਾ ਪ੍ਰਾਪਤ ਹੋਵੇਗਾ ॥ ੫੭ ॥ ਅਰ ਅਸਾਂ ਨੇ ਲੋਗਾਂ ਦੇ ( ਸਮਝਣ ਦੇ ) ਵਾਸਤੇ ਏਸ ਕੁਰਾਨ ਵਿਚ ਸਰਬ ਪ੍ਰਕਾਰ ਦੇ ਦ੍ਰਿਸ਼ਟਾਂਤ ਵਰਨਣ ਕਰ ਦਿਤੇ ਹਨ ਅਰ ( ਹੇ ਪੈਯੰਬਰ ) ਯਦੀ ਤੁਸੀਂ ਏਹਨਾਂ ( ਲੋਗਾਂ ) ਨੂੰ ਕਿਸੀ ਪ੍ਰਕਾਰ ਦਾ ਚਮਿਤਕਾਰ ਭੀ ਲਿਆ ਦਿਖਾ-ਲਾਓ ਤੇ ਜੋ ਮੁਨਕਰ ਹਨ ਉਹ ਤਾਂ ਬਸ ਯਹੀ ਕਹਿਣਗੇ ਕਿ ਤੁਸੀਂ ( ਮੁਸਲ-ਮਾਨ ) ਨਿਰੇ ਪੂਰੇ ਪਖੰਡੀ ਹੋ ॥ ੫੮ ॥ ਜੋ ਲੋਗ ਅਗਯਾਨੀ ਹਨ ਓਹਨਾਂ ਦੇ ਦਿਲਾਂ ਉਪਰ ਅੱਲਾ ਇਸੀ ਪ੍ਰਕਾਰ ਮੁਹਰ ਲਗਾ ਦਿਤਾ ਕਰਦਾ ਹੈ ॥ ੫੯ ॥ ਤੇ ( ਹੇ ਪੈਯੰਬਰ ) ਤੁਸੀਂ ਸਬਰ ਕਰਕੇ ( ਬੈਠੇ ) ਰਹੋ ਨਿਰਸੰਦੇਹ ਅੱਲਾ ਦੀ ਪ੍ਰਤਗਯਾ ਸਚੀ ਹੈ ਅਰ ਐਸਾ ਨਾ ਹੋਵੇ ਕਿ ਜੋ ਲੋਗ ( ਤੁਸਾਂ ਦੇ ਕਹਿਣੇ ) ਦਾ ਨਿਸਚਾ ਨਹੀਂ ਕਰਦੇ ਤੁਸਾਂ ਤਾਂਈ ਛਛੋਰਾ ਬਨਾ ਦੇਣ ॥ ੬੦ ॥ ਰੁਕੂਹ ੬ ॥

Digitized by Panjab Digital Library | www.panjabdigilib.org

# ਸੂਰਤ ਲੁਕਮਾਨ ਮੱਕੇ ਵਿਚ ਉਤਰੀ ਅਰ ਇਸਦੀਆਂ ਚੌਤੀਸ ਆਇਤਾਂ ਅਰ ਚਾਰ ਰੁਕੂਹ ਹਨ।

(ਪ੍ਰਾਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰਪਾਲੂ (ਹੈ) ਆਲਾਮ ॥ ੧ ॥ ਯਿਹੀ (ਉਸੇ) ਕਿਤਾਬ (ਅਰਥਾਤ ਕੁਰਾਨ) ਦੀਆਂ ਆਇਤਾਂ ਹਨ ਜਿਨਹਾਂ ਵਿਚ ਹਿਕਮਤ (ਤਥਾ ਬੁਧੀਮਤਾ) ਦੀਆਂ ਬਾਤਾਂ ਹਨ ॥ ੨ ॥ ਧਾਰਮਿਕ ਪੁਰਖ ਜੋ ਨਮਾਜ਼ ਪੜ੍ਹਦੇ ॥ ੩ ॥ ਅਰ ਜ਼ਕਾਤ ਦੇਂਦੇ ਅਰ ਉਹ ਆਖਰਤ ਦਾ ਭੀ ਨਿਸਚਾ ਰਖਦੇ ਹਨ ਓਹਨਾਂ ਵਾਸਤੇ (ਯਿਹ) ਆਇਤਾਂ ਸਿਖ੍ਯਾ (ਦਾ ਕਾਰਣ) ਅਰ ਰਹਿਮਤ ਹਨ ॥੪॥ ਯਹੀ ਲੋਗ ਆਪਣੇ ਪਰਵਰਦਿਗਾਰ ਦੇ ਸੂਧੇ ਮਾਰਗ ਉਪਰ ਹਨ ਅਰ ਯਹੀ ਲੋਗ (ਅੰਤ ਨੂੰ) ਭਲਾਈ ਪਾਉਣ ਵਾਲੇ ਹਨ ॥ ੫ ॥ਅਰ ਲੋਗਾਂ ਵਿਚੋਂ ਕੋਈ (੨) ਐਸੇ ਭੀ (ਅਪਕਰਮੀ) ਹੈ ਜੋ ਵਾਹਯਾਤ ਕਿੱਸੇ (ਕਹਾਣੀ-ਆਂ) ਮੁਲ ਲੈ ਲੈਂਦਾ ਹੈ। ਤਾਂ ਕਿ (ਲੋਗਾਂ ਨੂੰ ਸੁਣਾਕੇ) ਬਿਨਾਂ ਸਮ-ਝਿਆਂ ਸੋਚਿਆਂ ਖੁਦਾ ਦੇ ਮਾਰਗੋਂ ਭਟਕਾਏ ਅਰ ਇਲਾਹੀ ਆਇਤਾਂ ਨੂੰ ਹਾਸੀ ਮਖੌਲ ਕਰੇ ਐਸਿਆਂ ਲੋਗਾਂ ਨੂੰ (ਪ੍ਰਲੈ ਦੇ ਦਿਨ) ਸ਼ਰਮਿੰਦਗੀ ਦੀ ਸਜ਼ਾ ਹੋਵੇਗੀ ॥ ੬ ॥ ਅਰ ਜਦੋਂ (ਏਹਨਾਂ ਵਿਚੋਂ) ਕਿਸੇ ਨੂੰ ਸਾਡੀਆਂ ਆਇਤਾਂ ਪੜ੍ਹਕੇ ਸੁਣਾਈਆਂ ਜਾਂਦੀਆਂ ਹਨ ਤਾਂ ਆਕੜਦਾ ਹੋਇਆ ਮੂੰਹ ਭੁਆ ਕੇ ਤੁਰ ਜਾਂਦਾ ਹੈ ਜਿਸ ਪ੍ਰਕਾਰ ਉਸ ਨੇ ਸਾਡੀਆਂ ਆਇਤਾਂ ਨੂੰ ਸੁਣਿਆਂ ਹੀ ਨਹੀਂ ਮਾਨੋ ਉਸ ਦਿਆਂ ਦੋਨਾਂ ਕੰਨਾਂ ਵਿਚ ਡਪੇ ਹਨ ਤੋ (ਹੇ ਪੈਗੰਬਰ) ਐਸੇ ਪੁਰਖ ਨੂੰ ਭਯਾਨਕ ਕਸ਼ਟ ਦੀ ਖੁਸ਼ਖਬਰੀ ਸੁਣਾ ਦੇਓ ॥ ੭ ॥ ਨਿਰਸੰਦੇਹ ਜੋ ਲੋਗ ਈਮਾਨ ਧਾਰ ਬੈਠੇ ਅਰ ਓਹਨਾਂ ਨੇ ਸੁਭ ਕਰਮ (ਭੀ) ਕੀਤੇ ਉਹਨਾਂ ਦੇ (ਰਹਿਣ ਬਹਿਣ) ਵਾਸਤੇ (ਬੜੇ) ਅਨੰਦ ਮੰਗਲ ਦੇ ਬਾਗ (ਸ੍ਵਰਗ) ਤਿਆਰ ਹਨ ॥ ੮ ॥ ਕਿ (ਉਹ) ਓਹਨਾਂ ਵਿਚ ਸਦੈਵ ੨ ਰਹਿਣ ਬਹਿਣਗੇ। (ਯਿਹ) ਖੁਦਾ ਦੀ ਸਤ ਪ੍ਰਤਗ੍ਯਾ (ਹੈ) ਅਰ ਉਹ ਜ਼ਬਰਦਸਤ (ਅਰ) ਹਿਕਮਤ ਵਾਲਾ ਹੈ ॥ ੯ ॥ ਓਸੇ ਨੇ ਆਕਾਸ਼ ਨੂੰ (ਜੈਸਾ) ਕਿ ਤੁਸੀਂ (ਲੋਗ) ਉਸ ਨੂੰ ਦੇਖਦੇ ਹੋ ਬਿਲਾ ਥੰਮਾਂ ਦੇ ਬਨਾ ਕੇ ਖੜਾ ਕੀਤਾ ਅਰ ਓਸੇ ਨੇ ਪ੍ਰਿਥਵੀ ਉਪਰ (ਭਾਰੀ ਬੋਝ ਵਾਲੇ ਪਰਬਤਾਂ ਦੇ) ਲੰਗਰ ਪਾ ਦਿਤੇ ਕਿ (ਨਾ ਜਾਣੀਏ) ਤੁਸਾਂ ਨੂੰ ਲੈਕੇ (ਕਿਸੇ ਪਾਸੇ ਨੂੰ) ਝੁਕ ਨਾ ਪਵੇ ਅਰ ਓਸ ਉਪਰ ਸਰਬ ਪ੍ਰਕਾਰ ਦੇ ਜੀਵ ਧਾਰੀ ਪਸਾਰ ਦਿਤੇ ਅਰ ਅਸਾਂ ਨੇ (ਹੀ) ਅਕਾਸ਼ ਵਿਚੋਂ ਬਰਖਾ ਕੀਤੀ ਫੇਰ (ਓਸ ਬਰਖਾ ਦੇ ਦਵਾਰਾ) ਪ੍ਰਿਥਵੀ ਵਿਚੋਂ ਸਰਬ ਪ੍ਰਕਾਰ

Digitized by Panjab Digital Library | www.panjabdigilib.org

ਦੀਆਂ ਉੱਤਮ ਵਸਤਾਂ ਉਤਪਤ ਕੀਤੀਆਂ ॥ ੧੦ ॥ ( ਹੇ ਪੈਯੰਬਰ ) ਏਹਨਾਂ ਲੋਗਾਂ ਨੂੰ ਕਹੋ ਕਿ ) ਯਿਹ ਤਾਂ ਖੁਦਾ ਦੀ ( ਉਤਪਤ ਕੀਤੀ ਹੋਈ ) ਉਤਪਤੀ ਹੈ । ਤੇ ਹੁਣ ਤੁਸੀਂ ਲੋਗ ਮੈਨੂੰ ਦਿਖਾਓ ਕਿ ਖੁਦਾ ਦੇ ਸਿਵਾ ਜੋ ( ਮਾਬੂਦ ਤੁਸਾਂ ਲੋਗਾਂ ਨੇ ਬਨਾ ਰਖੇ ) ਹਨ ਓਹਨਾਂ ਨੇ ਕੀ ਕੁਛ ਉਤਪਤ ਕੀਤਾ ਹੈ ਬਾਰਤਾ ( ਇਹ ) ਹੈ ਕਿ ਯਿਹ ਦੁਸ਼ਟ ਖੁਲਮਖੁਲੇ ਕੁਮਾਰਗੀ ਵਿਚ ( ਪਏ ) ਹੋਏ ਹਨ ॥ ੧੧ ॥ ਰੁਕੂਹ ੧ ॥

ਅਰ ਅਸਾਂ ਨੇ ਲੁਕਮਾਨ ਨੂੰ ਸੁਬੁਧੀ ਪਰਦਾਨ ਕੀਤੀ ਅਰ ( ਅਰ ਆਗਜਾ ਕੀਤੀ) ਕਿ ਅੱਲਾ ਦਾ ਧਨਵਾਦ ਕਰਦੇ ਰਹੋ ਅਰ ਜੋ ਧਨਵਾਦ ਕਰਦਾ ਹੈ ਸੋ ਆਪਣੇ ਹੀ ( ਭਲੇ ਵਾਸਤੇ ) ਸ਼ੁਕਰ ਕਰਦਾ ਹੈ ਅਰ ਜੋ ਨਾਸ਼ੁਕਰੀ ਕਰਦਾ ਹੈ ਤੇ ਅੱਲਾ ਬੇ ਪਰਵਾਹ ( ਅਰ ਸਰਬ ਦਸ਼ਾ ਵਿਚ ) ਉਸਤੁਤੀ ਜੋਗ ਹੈ ॥ ੧੨ ॥ ਅਰ ਇਕ ( ਉਹ ਭੀ ) ਸਮਾ ( ਸੀ ਕਿ ) ਲੁਕਮਾਨ ਨੇ ਆਪਣੇ ਪੁਤ੍ਰ ਨੂੰ ਸਿਖਜਾ ਕਰਨ ਦੇ ਸਮੇਂ ਓਸ ਨੂੰ ਕਹਿਆ ਕਿ ਪੁਤ੍ਰ ! ( ਕਿਸੇ ਨੂੰ ) ਖੁਦਾ ਦਾ ਸ਼ਰੀਕ ਨਾ ਨਿਯਤ ਕਰਨਾ ਏਸ ਵਿਚ ਭਰਮ ਨਹੀਂ ਕਿ ਸ਼ਰਕ ਬੜੇ ਹੀ ਪਾਪ ਦੀ ਬਾਰਤਾ ਹੈ ॥ ੧੩ ॥ ਅਰ ਅਸਾਂ ਨੇ ਆਦਮੀ ਨੂੰ ਓਸ ਦੇ ਮਾਈ ਬਾਪ ਦੇ ਹੱਕ ਵਿਚ ਪਕੀ ਕੀਤੀ ( ਕਿ ਸਰਬ ਪ੍ਰਕਾਰ ਨਾਲ ਉਨਹਾਂ ਦਾ ਅਦਬ ਦ੍ਰਿਸ਼ਟੀ ਗੋਚਰ ਰਖੇ ) ਕਿ ਓਸ ਦੀ ਮਾਈ ਨੇ ਨਿਰਬਲਤਾ ਥੀਂ ਨਿਰਬਲਤਾ ਦੀ ਦਿਸ਼ਾ ਵਿਚ ਓਸ ਨੂੰ ਉਠਾਇਆ ਅਰ ( ਇਸ ਥੀਂ ਵਧ ਕੇ ਕਿਤੋਂ ) ਦੋ ਬਰਸਾਂ ( ਵਿਚ ਜਾਕੇ ) ਓਸ ਦਾ ਦੁਧ ਛੁਟਦਾ ਹੈ ( ਏਸ ਕਾਰਨ ਅਸਾਂ ਨੇ ਪੁਰਖ ਨੂੰ ਆਗਿਆ ਦਿਤੀ ) ਕਿ ਸਾਡਾ ( ਭੀ ) ਧੰਨਵਾਦ ਕਰੇ ਅਰ ਆਪਣੇ ਮਾਤਾ ਪਿਤਾ ਦਾ ( ਭੀ । ਅੰਤ ਨੂੰ ) ਸਾਡੀ ਹੀ ਤਰਫ ( ਤੁਸਾਂ ਸਾਰਿਆਂ ) ਲੌਟ ਕੇ ਆਉਣਾ ਹੈ ॥ ੧੪ ॥ ਅਰ ਹੇ (ਸ੍ਰੋਤਾ) ਯਦੀ ਤੇਰੇ ਮਾਤਾ ਪਿਤਾ ਤੇਰੇ ਤਾਂਈ ਏਸ ( ਬਾਰਤਾ ) ਉਪਰ ਅਕੁੰਠਤ ਕਰਨ ਕਿ ਤੂੰ ਸਾਡੇ ਨਾਲ ( ਕਿਸੇ ਨੂੰ ) ਖੁਦਾ ਦਾ ਸ਼ਰੀਕ ਬਨਾ ਜਿਸ ਦੀ ਤੇਰੇ ਪਾਸ ਕੋਈ ਯੁਕਤੀ ਹੈ ਨਹੀਂ ਤੇ ( ਏਸ ਬਾਰਤਾ ਵਿਚ ) ਓਹਨਾਂ ਦਾ ਕਹਿਣਾ ਨਾ ਮੰਨਣਾ ( ਪਰੰਤੂ ) ਹਾਂ ਸੰਸਾਰ ਵਿਚ ( ਬਰਖੁਰਦਾਰਾਂ ਦੀ ਭਾਂਤ ) ਉਨਹਾਂ ਦਾ ਸਾਥ ਦਿਓ ਅਰ ਓਹਨਾਂ ਲੋਗਾਂ ਦੇ ਤਰੀਕ ਉਪਰ ਚਲ ਜੋ ( ਹਰ ਬਾਰਤਾ ਵਿਚ ) ਸਾਡੀ ਤਰਫ ਝੁਕਦੇ ਅਰ ਸਾਡੀ ਆਗਿਆ ਪਾਲਨ ਕਰਦੇ ਹਨ ਫੇਰ (ਅੰਤ ਨੂੰ) ਤੁਸਾਂ ਸਾਰਿਆਂ ਸਾਡੀ ਤਰਫ (ਹੀ) ਲੌਟ ਕਰਕੇ ਆਉਣਾ ਹੈ ਤੇ ਜੈਸੇ (੨) ਕਰਮ ਤੁਸੀਂ ਲੋਗ ਕਰਦੇ ਰਹੇ (ਓਸ ਵਕਤ ਓਹਨਾਂ ਦਾ ਬੁਰਾ ਭਲਾ) ਅਸੀਂ ਤੁਸਾਂ ਨੂੰ ਦਸ ਦੇਵਾਂਗੇ ॥ ੧੫ ॥ ਪੁਤ੍ਰ ! ਯਦੀ ਰਾਈ ਦੇ ਦਾਣੇ ਸਮਾਨ ਭੀ ਕੋਈ ਕਰਮ ਹੋਵੇ ਅਰ (ਫੇਰ ਫਰਜ਼ ਕਰੋ ਕਿ) ਉਹ ਕਿਸੇ

Digitized by Panjab Digital Library | www.panjabdigilib.org

ਪਥਰ ਦੇ ਵਿਚ (ਰਖਯਾ ਹੋਵੇ) ਕਿੰਬਾ ਆਕਾਸ਼ਾਂ ਵਿਚ ਯਾਂ ਪ੍ਰਿਥਵੀ ਵਿਚ ਹੋਵੇ ਤੇ ਓਸ ਨੂੰ (ਭੀ ਪ੍ਰਲੈ ਦੇ ਦਿਨ ਹਿਸਾਬ ਲੈਣ ਦੇ ਸਮੇਂ) ਖੁਦਾ ਲਿਆ ਸਨਮੁਖ ਕਰੇਗਾ ਕੋਈ ਭ੍ਰਮ ਨਹੀਂ ਕਿ ਅੱਲਾ ਬੜਾ ਸੂਖਮ ਦ੍ਰਿਸ਼ਟਾ (ਅਰ) ਗਜਾਤ ਗੋਯ ਹੈ ॥ ੧੬ ॥ ਪੁਤ੍ਰ! ਨਮਾਜ ਪੜਿਆ ਕਰ ਅਰ (ਲੋਗਾਂ ਨੂੰ) ਸ਼ੁਭ ਕਰਮਾਂ (ਦੇ ਕਰਨ) ਦੀ ਸਿਖਯਾ ਕੀਤਾ ਕਰ ਅਰ ਅਸ਼ੁਭ ਕਰਮਾਂ ਥੀਂ ਹਟਕਿਆ ਕਰ ਅਰ ਤੇਰੇ ਉਪਰ ਜੈਸੀ ਪੜੇ ਝਲ ਨਿਰਸੰਦੇਹ ਯਿਹ (ਬੜੀ) ਹਿੰਮਤ ਦੇ ਕੰਮ ਹਨ ॥ ੧੭ ॥ ਅਰ ਲੋਗਾਂ ਨਾਲੋਂ ਬੇਰੁਖੀ ਨਾ ਕਰ ਅਰ ਪ੍ਰਿਥਵੀ ਉਪਰ ਆਕੜ ਕੇ ਨਾ ਚਲ (ਕਾਹੇ ਤੇ) ਅੱਲਾ ਕਿਸੇ ਆਕੜਨ ਵਾਲੇ ਸ਼ੇਖੀ ਖੋਰੇ ਨੂੰ ਪਸੰਦ ਨਹੀਂ ਕਰਦਾ ॥ ੧੮ ॥ ਅਰ ਆਪਣੀ ਤੋਰ ਵਿਚ ਦਰਮਿਆਨੀ ਚਾਲ (ਚਲ) ਅਰ (ਕਿਸੇ ਨਾਲ ਬਾਰਤਾ ਕਰੇਂ ਤੋਂ ਧੀਰੇ ਸੇ ਬਾਤ ਕਰ (ਕਾਹੇ ਤੇ) ਅਵਾਜਾਂ ਵਿਚੋਂ ਬੁਰੀ ਨਾਲੋਂ ਬੁਰੀ (ਅਵਾਜ) ਖੋਤਿਆਂ ਦੀ ਅਵਾਜ ਹੈ ॥ ੧੯ ॥ ਰੁਕੂਹ ੨ ॥

ਕੀ ਤੁਸਾਂ ਨੇ (ਇਸ ਬਾਰਤਾ ਪਰ) ਦਰਿਸ਼ਟੀ ਨਹੀਂ ਦਿਤੀ ਕਿ ਜੋ ਕੁਛ ਆਕਾਸ਼ ਵਿਚ ਅਰ ਧਰਤੀ ਵਿਚ ਹੈ ਸਭ ਨੂੰ ਅੱਲਾ ਨੇ ਤੁਹਾਡਾ ਦਾਸ ਬਣਾ ਰਖਿਆਹੈ ਅਰ ਤੁਸਾਂ ਉਪਰ ਆਪਣੀਆਂ ਗੁਪਤ ਅਰ ਪ੍ਰਗਟ (ਸਭ ਪ੍ਰਕਾਰ ਦੀਆਂ) ਨਿਆਮਤਾਂ ਪੂਰੀਆਂ ਕੀਤੀਆਂ ਹਨ ਅਰ ਲੋਗਾਂ ਵਿਚੋਂ ਕੁਛਕੁ ਐਸੇ ਭੀ ਹਨ ਜੋ ਖੁਦਾ ਦੇ ਬਾਰੇ ਵਿਚ ਝਗੜਦੇ ਹਨ ਨਾ (ਤਾਂ ਓਹਨਾਂ ਨੂੰ ਕੁਛ ਆਪਣੀ) ਵਿਦਯਾ ਹੈ ਅਰ ਨਾ ਹੀ ਸਰਲ ਮਾਰਗ ਉਪਰ ਹਨ ਅਰ ਨਾਂ (ਉਹਨਾਂ ਦੇ ਪਾਸ ਕੋਈ) ਪੁਸਤਕ (ਹੈ) ਜੋ (ਉਹਨਾਂ ਨੂੰ ਸਿਧਾ ਮਾਰਗ) ਦਿਖਾਵੇ ॥ ੨੦ ॥ ਅਰ ਜਦੋਂ ਏਹਨਾਂ (ਲੋਗਾਂ) ਨੂੰ ਕਹਿਆ ਜਾਂਦਾ ਹੈ ਕਿ (ਕੁਹਾਨ) ਜੋ ਖੁਦਾ ਨੇ ਉਤਾਰਿਆ ਹੈ ਏਸ ਉਪਰ ਚਲੋ ਤਾਂ ਉੱਤਰ ਦੇਂਦੇ ਹਨ ਕਿ ਨਹੀਂ ਅਸੀਂ ਤਾਂ ਓਸੇ (ਤਰੀਕ) ਉਪਰ ਚਲਾਂਗੇ ਜਿਸ ਉਪਰ ਅਸਾਂ ਨੇ ਆਪਣਿਆਂ ਵਡ ਵਡੇਰਿਆਂ ਨੂੰ ਦੇਖਿਆ ਭਲਾ ਜੇਕਰ ਸ਼ੈਤਾਨ ਏਹਨਾਂ ਦਿਆਂ ਵਡ ਵਡੇਰਿਆਂ ਨੂੰ ਨਾਰਕੀ ਦੁਖਾਂ ਦੀ ਤਰਫ ਬੁਲਾਉਂਦਾ ਰਹਿਆ ਹੋਵੇ (ਤਾਂ ਭੀ ਉਹਨਾਂ ਦੇ ਹੀ ਤਰੀਕਿਆਂ ਦੀ ਪਾਲਨਾ ਕਰਨਗੇ) ॥੨੧॥ ਅਰ ਜੋ ਪੁਰਖ ਖੁਦਾ ਦੇ ਸਨਮਖ ਆਪਣਾ ਸੀਸ ਨਿਵਾਏ ਅਰ ਉਹ ਧਾਰਮਕ (ਭੀ) ਹੋਵੇ ਤਾਂ ਬਸ ਉਸ ਨੇ ਪੱਕੀ ਪੀਡੀ ਰੱਸੀ ਨੂੰ ਫੜ ਲੀਤਾ ਅਰ ਅੰਤ ਨੂੰ ਸੰਪੂਰਨ ਵਿਵਹਾਰ ਖੁਦਾ ਦੇ ਸਨਮੁਖ ਹੋਣ ਵਾਲੇ ਹਨ ॥ ੨੨ ॥ ਅਰ (ਹੇ ਪੈਗੰਬਰ) ਜੋ ਪੁਰਖ ਕੁਫਰ ਕਰਦਾ ਹੈ ਤੇ ਉਸਦੇ ਕੁਫਰ ਦੇ ਨਮਿਤ ਤੁਸਾਂ ਨੂੰ ਚਿੰਤਾਤੁਰ ਨਹੀਂ ਹੋਣਾ ਚਾਹੀਦਾ। ਏਹਨਾਂ (ਸਾਰਿਆਂ) ਸਾਡੀ ਤਰਫ ਲੋਟਕੇ (ਹੀ) ਆਉਣਾ ਹੈ ਤੇ ਜੋ ਕੁਛ ਏਹ (ਸੰਸਾਰ ਵਿਚ)

Digitized by Panjab Digital Library | www.panjabdigilib.org

ਕਰਦੇ ਰਹੇ ( ਹਨ ਉਸ ਸਮੇਂ ਉਹਨਾਂ ਦਾ ਬੁਰਾ ਭਲਾ ) ਅਸੀਂ ਏਹਨਾਂ ਨੂੰ ਦਸ ਦੇਵਾਂਗੇ ਅੱਲਾ ਤੇ (ਲੋਗਾਂ ਦੇ) ਹਾਰਦਿਕ ਸੰਕਲਪਾਂ ਨੂੰ (ਭੀ) ਜਾਣਦਾ ਹੈ ॥ ੨੩ ॥ ਅਸੀਂ ਏਹਨਾਂ ਨੂੰ ਥੋਹੜੇ ( ਦਿਨ ਸਾਂਸਾਰਿਕ ) ਫ਼ਾਇਦੇ ਪ੍ਰਦਾਨ ਕਰਦੇ ਰਹਾਂਗੇ ਫੇਰ ਏਹਨਾਂ ਨੂੰ ਭਿਆਨਕ ਦੁਖ ਦੀ ਤਰਫ ਖਿਚ ਕੇ ਸਦ ਲਵਾਂਗੇ ॥ ੨੪ ॥ ਅਰ ( ਹੇ ਪੈਗ਼ੰਬਰ ) ਯਦੀ ਤੁਸੀਂ ਏਹਨਾਂ ਲੋਕਾਂ ਨੂੰ ਪੁਛੋ ਕਿ ਪ੍ਰਿਥਵੀ ਅਰ ਅਕਾਸ਼ ਨੂੰ ਕਿਸੇ ਨੇ ਉਤਪਤ ਕੀਤਾ ਹੈ ਤੇ ਨਿਸਚੇ ਏਹੋ ਉੱਤਰ ਦੇਣਗੇ ਕਿ ਖ਼ੁਦਾ ਨੇ ( ਇਸ ਬਾਰਤਾ ਥੀਂ ਤੁਸੀਂ ਏਹਨਾਂ ਤਾਈਂ ) ਕਹੋ ਕਿ ਸਰਬ ਮਹਿਮਾਂ ਅੱਲਾ ਦੇ ਯੋਗ ਪਰੰਤੂ ਏਹਨਾਂ ਵਿਚੋਂ ਪ੍ਰਾਯਾ ਤੋਂ ( ਇਤਨਾ ਵੀ ) ਨਹੀਂ ਜਾਣਦੇ ॥ ੨੫ ॥ ਅੱਲਾ ਦਾ ਹੀ ਹੈ ਜੋ ਕੁਛ ਆਕਾਸ਼ ਪ੍ਰਿਥਵੀ ਉਪਰ ਹੈ ਨਿਰਸੰਦੇਹ ਅੱਲਾ ਹੀ ਬੇ ਪ੍ਰਵਾਹ ( ਅਰ ਹਰ ਦਸ਼ਾ ਵਿਚ ) ਉਸਤਤੀ ਜੋਗ ਹੈ ॥ ੨੬ ॥ ਅਰ ਪ੍ਰਿਥਵੀ ਉਪਰ ਜਿਤਨੇ ਬ੍ਰਿਛ ਹਨ ਯਦੀ ( ਉਹਨਾਂ ਸਾਰਿਆਂ ਦੀ ) ਹੋਵੇ ਲੇਖਣੀ ਅਰ ਸਮੁੰਦਰ ( ਹੋਵੇ ਮਸਵਾਣੀ ਦਾ ਅਰ ਉਹ ਵੀ ਏਸ ਰੀਤੀ ਪਰ ) ਕਿ ਉਸ ਦੇ ( ਮੁਕ ਚੁਕਿਆਂ ) ਪਿਛੋਂ ਵੈਸੇ ਹੀ ਸਪਤ ਸਾਗਰ ( ਹੋਰ ) ਓਸ ਦੀ ਸਹਾਇਤਾ ਕਰਨ ( ਅਤ ਇਵ ਇਹਨਾਂ ਸੰਪੂਰਨ ਲੇਖਣੀਆਂ ਅਰ ਏਹਨਾਂ ਸਾਰੀਆਂ ਮਸਵਾਣੀਆਂ ਨਾਲ ਖ਼ੁਦਾ ਦੀਆਂ ਬਾਰਤਾਂ ਲਿਖੀਆਂ ਜਾਣ ਤੋਂ ਭੀ ) ਤਾਂ ਖ਼ੁਦਾ ਦੀਆਂ ਬਾਰਤਾਂ ਦਾ ਅੰਤ ਨਾ ਹੋਵੇ। ਨਿਰਸੰਦੇਹ ਅੱਲਾ ਸ਼ਕਤੀਮਾਨ ( ਅਰ ) ਯੁਕਤੀ ਵਾਲਾ ਹੈ ॥ ੨੭ ॥ (ਲੋਗੋ!) ਤੁਸਾਂ ਸਾਰਿਆਂ ਦਾ ਸੁਰਜੀਤ ਕਰਨਾ ਅਰ ਤੁਸਾਂ ਦਾ ਉਠਾ ਖੜਿਆਂ ਕਰਨਾ ਬਸ ਐਸਾਹੀ ਹੈ ਜੈਸਾ ਇਕ ਪੁਰਖ ਦਾ ( ਉਤਪਤ ਕਰਨਾ ਅਰ ਸਜੀਵ ਕਰਕੇ ਉਠਾਉਣਾ) ਨਿਰਸੰਦੇਹ ਅੱਲਾ (ਸੰਪੂਰਨਾਂ ਦੀਆਂ) ਸੁਣਦਾ (ਗਿਣਦਾ ਅਰ ਸਭ ਕੁਛ ) ਦੇਖਦਾ (ਚਾਖਦਾ) ਹੈ ॥ ੨੮ ॥ ( ਹੇ ਸਰੋਤਾ ) ਕੀ ਤੂੰ ਏਸ ਬਾਰਤਾ ਉਪਰ ) ਦ੍ਰਿਸ਼ਟੀ ਨਹੀਂ ਦਿਤੀ ਕਿ ਅੱਲਾ ਹੀ ( ਰਾਤ੍ਰੀ ( ਦੇ ਇਕ ਵਿਭਾਗ ) ਨੂੰ ਦਿਨ ਵਿਚ ਦਾਖਲ ਕਰ ਦੇਂਦਾ ਹੈ ( ਤੇ ਦਿਨ ਲੰਬਾ ਹੋ ਜਾਂਦਾ ਹੈ ਅਰ ਰਾਤ੍ਰੀ ਛੋਟੀ ) ਅਰ ( ਵਹੀ ) ਦਿਨ ( ਦੇ ਇਕ ਵਿਭਾਗ ਨੂੰ ਰਾਤ੍ਰੀ ਵਿਚ ਦਾਖਲ ਕਰ ਦੇਂਦਾ ਹੈ ( ਤੇ ਰਾਤ੍ਰੀ ਲੰਬੀ ਹੋ ਜਾਂਦੀ ਹੈ ਅਰ ਦਿਨ ਛੋਟਾ ) ਅਰ ( ਓਸੇ ਨੇ ) ਸੂਰਜ ਚੰਦ੍ਰ ਨੂੰ ( ਇਕ ਦ੍ਰਿਸ਼ਟੀ ਨਾਲ ਤੁਸਾਂ ਲੋਕਾਂ ਦੇ ) ਅਧੀਨ ਕਰ ਰਖਿਆ ਹੈ ਹਰ ਇਕ ਨਿਯਤ ਸਮੇਂ ਤਕ ( ਇਸੀ ਪਰਕਾਰ ) ਚਲਦਾ ਰਹੇਗਾ। ਅਰ ( ਹੇ ਸਰੋਤਾ ਕੀ ਤੂਨੇ ) ਏਸ ਬਾਰਤਾ ਉਪਰ ( ਦ੍ਰਿਸ਼ਟੀ ਨਹੀਂ ਦਿਤੀ ) ਕਿ ਜੋ ਕੁਛ ( ਭੀ ਤੁਸੀਂ ਲੋਕ ) ਕਰ ਰਹੇ ਹੋ ਅੱਲਾ ਨੂੰ ਉਸ ਦੀ ( ਸਾਰੀ ) ਗਜ਼ਾਤ ਹੈ ॥ ੨੯ ॥ ਯਿਹ ( ਸੰਪੂਰਨ ਹੇਰ ਫੇਰ ) ਏਸ ਬਾਰਤਾ ਦੀ ਦਲੀਲ ਹਨ ਕਿ ਅੱਲਾ ਹੀ ਸਚਾ ( ਕਾਦਰ )

Digitized by Panjab Digital Library | www.panjabdigilib.org

ਹੈ ਅਰ ਇਸਦੀ ਕਿ ਜਿਨਹਾਂ ( ਮਾਬੂਦਾਂ ) ਨੂੰ ( ਲੋਕ ) ਉਸ ਦੇ ਸਿਵਾ ਪੁਕਾਰਦੇ ਹਨ ( ਸੰਪੂਰਣ ) ਮਿਥਿਆ ਹਨ ਅਰ ਏਸ ਦੀ ਕਿ ਅੱਲਾ ਹੀ ( ਸੰਪੂਰਣਾਂ ਨਾਲੋਂ ) ਉੱਚਾ ( ਅਰ ) ਬੜੇ ਪ੍ਰਤਾਪ ਵਾਲਾ ਹੈ ॥ ੩੦ ॥ ਰੁਕੂਹ ੩ ॥

( ਹੇ ਸ੍ਰੋਤਾ ) ਕੀ ਤੂੰ ਨੇ ( ਏਸ ਬਾਰਤਾ ਉਪਰ ) ਦ੍ਰਿਸ਼ਟੀ ਨਹੀਂ ਦਿਤੀ ਕਿ ਅੱਲਾ ਦੀ ਹੀ ਕਿਰਪਾ ਨਾਲ ਤਰੁਣੀ ਦਰਯਾ ਉਪਰ ਤੈਰਦੀ ਹੈ ( ਅਰ ਉਸ ਨੇ ਪਾਣੀ ਅਰ ਲਕੜੀ ਵਿਚ ਯਿਹ ਸਵਭਾਵ ਏਸ ਵਾਸਤੇ ਪਾਇਆ ਹੈ ) ਕਿ ਆਪਣੀ ( ਕੁਦਰਤ ਦੀਆਂ ) ਕਈਕ ਨਿਸ਼ਾਨੀਆਂ ਤੁਸਾਂ ਲੋਕਾਂ ਨੂੰ ਦਿਖਾਏ ਕੋਈ ਭਰਮ ਨਹੀਂ ਕਿ ਤਰੁਣੀ ਦੇ ਤੈਰਨ ਵਿਚ ( ਭੀ ) ਹਰ ਇਕ ਸਨਤੋਖੀ ਧੰਨਵਾਦੀ ( ਬੰਦੇ ) ਦੇ ਵਾਸਤੇ ( ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ) ਨਿਸ਼ਾਨੀਆਂ ਹਨ ॥ ੩੧ ॥ ਅਰ ਜਦੋਂ ( ਦਰੀਯਾ ਦੀਆਂ ) ਲਹਿਰਾਂ ( ਉੱਚੀਆਂ ਹੋਕੇ ) ਤਰੁਨੀ ਦਿਆਂ ਅਸਵਾਰਾਂ ਉਪਰ ਸਾਇਬਾਨ ਦੀ ਤਰਹਾਂ ਛਾ ਜਾਂਦੀਆਂ ਹਨ ਤੇ ਉਹ ਸ਼ੁਧ ਚਿਤ ਹੋ ਕੇ ਅੱਲਾ ਦੀ ਹੀ ਬੰਦਗੀ ਨੂੰ ਵਰਨਣ ਕਰਕੇ ਉਸੇ ਨੂੰ ਪੁਕਾਰਨ ਲਗਦੇ ਹਨ ਫੇਰ ਜਦੋਂ ਖੁਦਾ ਓਹਨਾਂ ਨੂੰ ਮੁਕਤਿ ਦੇ ਕਰ, ਅਸਥਲ ਭੂਮੀ ਉਪਰ ਪਹੁੰਚਾ ਦੇਂਦਾ ਹੈ ਤੇ ਉਨਹਾਂ ਵਿਚੋਂ ਕਈਕੁ ਤਾਂ ਬਰਾਬਰ ਦੀ ਸੀਮਾ ਉਪਰ ਇਸਥਿਤ ਰਹਿੰਦੇ ਹਨ ( ਅਰਥਾਤ ਖੁਦਾ ਨੂੰ ਯਾਦ ਰਖਦੇ ) ਹਨ ( ਅਰ ਬਹੁਤ ਸਾਰੇ ਖੁਦਾ ਨੂੰ ਭੁਲਾ ਦੇਂਦੇ ਹਨ ) ਅਰ ਸਾਡੀ ( ਕੁਦਰਤ ਦੀਆਂ ) ਨਿਸ਼ਾਨੀਆਂ ਥੀਂ ਤਾਂ ਵਹੀ ਲੋਕ ਇਨਕਾਰ ਕਰਦੇ ਹਨ ਜੋ ਪਰ-ਤਿਗਜਾ ਭੰਗੀ ਅਰ ਨਾਸ਼ੁਕਰੇ ਹਨ ॥ ੩੨ ॥ ਲੋਗੋ ! ਆਪਣੇ ਪਰਵਰਦਿਗਾਰ ਦਾ ਭੈ ਰਖੋ ਅਰ ਓਸ ਦਿਨ ਥੀਂ ਡਰੋ ਕਿ ਨਾ ਕੋਈ ਪਿਤਾ ਆਪਣੇ ਪੁਤਰ ਦੇ ਕੰਮ ਆਵੇਗਾ ਅਰ ਨਾ ਕੋਈ ਪੁਤਰ ਆਪਣੇ ਪਿਤਾ ਦੇ ਕੰਮ ਆ ਸਕੇ ਖੁਦਾ ਦੀ ਪਰਤਿਗਜਾ ( ਅਰਥਾਤ ਪ੍ਰਲੈ ਦਾ ਦਿਨ ) ਸੱਚ ਹੈ ਤੇ ( ਲੋਗੋ ! ) ਸੰਸਾਰਿਕ ਜੀਵਨ ਦੇ ਧੋਖੇ ਵਿਚ ਨਾ ਆ ਜਾਣਾ ਅਰ ਨਾ ਖੁਦਾ ( ਦੇ ਬਾਰੇ ) ਵਿਚ ਉਸ ਚਲਿਤਰ ਹਥੇ ( ਸ਼ੈਤਾਨ ) ਦਾ ਧੋਖਾ ਖਾਣਾ ॥੩੩॥ ਨਿਰ-ਸੰਦੇਹ ਅੱਲਾ ਹੀ ਹੈ ਜਿਸ ਨੂੰ ਪ੍ਰਲੈ ( ਦੇ ਆਉਣ ) ਦੀ ਗਿਯਾਤ ਹੈ ਅਰ ਵਹੀ ( ਇਕ ਨਿਯਤ ਸਮੇਂ ਉਪਰ ਜਿਸ ਨੂੰ ਉਸ ਦੇ ਸਿਵਾ ਕੋਈ ਨਹੀਂ ਜਾਣਦਾ ) ਬਰੰਖਾ ਕਰਦਾ ਅਰ ( ਇਸਤ੍ਰੀ ਪੁਰਖ ) ਜੋ ਕੁਝ ( ਮਾਤਾਓਂ ਦੇ ) ਉਦਰ ਵਿਚ ਹੈ ( ਵਹੀ ) ਉਸ ਨੂੰ ਵੀ ਜਾਣਦਾ ਹੈ ਅਰ ਕੋਈ ਪੁਰਖ ਨਹੀਂ ਜਾਣਦਾ ਕਿ ( ਉਹ ਆਪ ) ਕਲ ਕੀ ਕਰੇਗਾ ਅਰ ਕੋਈ ਪੁਰਖ ਨਹੀਂ ਜਾਣਦਾ ਕਿ ਕਿਸ ਦੇਸ ਵਿਚ ਮਰੇਗਾ ਨਿਰਸੰਦੇਹ ਅੱਲਾ ( ਸੰਪੂਰਣ ਬਾਤਾਂ

Digitized by Panjab Digital Library | www.panjabdigilib.org

ਦੇ ) ਜਾਨਣੇ ਵਾਲਾ ( ਅਰ ) ਗਯਾਤ ਗੇਯ ਹੈ ॥ ੩੪ ॥ ਰੁਕੂਹ ੪ ॥

# ਸੂਰਤ ਸਜਦਾ ਮੱਕੇ ਵਿਚ ਉਤਰੀ ਅਰ ਏਸ ਦੀਆਂ ਤੀਸ ਆਇਤਾਂ ਅਰ ਤਿੰਨ ਰੁਕੂਹ ਹਨ ।

( ਪ੍ਰਾਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰ-ਪਾਲੂ ( ਹੈ ) ਆਲਮ ॥ ੧ ॥ ( ਹੇ ਪੈਗੰਬਰ ) ਏਸ ਵਿਚ ਕੋਈ ( ਭੀ ) ਭਰਮ ਨਹੀਂ ਕਿ ਕਰਾਨ ( ਜੋ ਤੁਸਾਂ ਉਪਰ ਉਤਰਦਾ ਹੈ ) ਸੰਸਾਰ ਦੇ ਪਾਲਨ ਹਾਰੇ ਦੀ ਤਰਫੋਂ ਉਤਰਦਾ ਹੈ ॥ ੨ ॥ ਕੀ ( ਯਿਹ ਲੋਗ ) ਕਹਿੰਦੇ ਹਨ ਕਿ ਏਸ ( ਕਿਤਾਬ ) ਨੂੰ ਏਸ ( ਪੁਰਖ ਅਰਥਾਤ ਤੂੰ ) ਨੇ ( ਆਪਣੇ ਦਿਲੋਂ ) ਘੜ ਲੀਤਾ ਹੈ ( ਸੋ ਹੇ ਪੈਗੰਬਰ ਏਹਨਾਂ ਦਾ ਯਿਹ ਕਥਨ ਸਿਰ ਥੀਂ ਪੈਰਾਂ ਤਕ ਮਿਥਿਆ ਹੈ ) ਪ੍ਰਤ੍ਯੁਤ ਯਿਹ ਸਚੀ ( ਪੁਸਤਕ ਹੈ ਅਰ ) ਤੁਸਾਂ ਦੇ ਪਰਵਰਦਿਗਾਰ ਦੇ ਪਾਸਿਓਂ ( ਉਤਰੀ ਹੈ ) ਤਾਂ ਕਿ ਤੁਸੀਂ ਉਨਹਾਂ ਲੋਗਾਂ ਨੂੰ ਜਿਨਹਾਂ ਦੇ ਪਾਸ ਤੁਸਾਂ ਨਾਲੋਂ ਪਹਿਲੋਂ ਕੋਈ ਸਭੈ ਕਰਨੇ ਵਾਲਾ ਨਹੀਂ ਪਰਾਪਤ ਹੋਇਆ ( ਖੁਦਾ ਦੇ ਕਸ਼ਟ ਥੀਂ ) ਡਰਾਓ ਅਸਚਰਜ ਨਹੀਂ ਕਿ ਯਿਹ ਲੋਗ ਸੁਮਾਰਗ ਉੱਪਰ ਆ ਜਾਣ ॥ ੩ ॥ ਅੱਲਾ ਹੀ ਉਹ ( ਸ੍ਵ ਸ਼ਕਤੀ ਮਾਨ ) ਹੈ ਜਿਸਨੇ ਖਟ ਦਿਨਾਂ ਵਿਚ ਪ੍ਰਿਥਵੀ ਅਕਾਸ਼ ਅਰ ਓਹਨਾਂ ਵਸਤੂਆਂ ਨੂੰ ਉਤਪਤ ਕੀਤਾ ਤੇ ਪ੍ਰਿਥਵੀ ਅਕਾਸ਼ ਦੇ ਮਧ ਮੇਂ ਹਨ ਫੇਰ ( ਓਹ ) ਸ਼ਾਸਨਾ ਕਰਨੇ ਲਗਾ ਉਸ ਦੇ ਸਿਵਾ ਤੁਸਾਂ ਲੋਗਾਂ ਦਾ ਨਾ ਕੋਈ ਕਾਰਸਾਜ ਹੈ ਅਰ ਨਾ ਕੋਈ ਸਪਾਰਸ਼ੀ ਕੀ ਤੁਸੀਂ ( ਲੋਗ ਏਤਨੀ ਬਾਤ ਭੀ ) ਨਹੀਂ ਵਿਚਾਰਦੇ ॥ ੪ ॥ ਆਕਾਸ਼ ਥੀਂ ( ਲੈ ਕੇ ) ਪ੍ਰਿਥਵੀ ਪ੍ਰਯੰਤ ( ਵਹੀ ਹਰ ਇਕ ) ਬਾਰਤਾ ਦਾ ਪ੍ਰਬੰਦ ਕਰਦਾ ਹੈ ਫੇਰ ਤੁਸਾਂ ਲੋਗਾਂ ਦੀ ( ਸਾਂਸਾਰਿਕ ) ਗਣਨਾਂ ਦੇ ( ਅਨੁਸਾਰ ) ਹਜ਼ਾਰ ਬਰਸ ਦੇ ਸਮੇਂ ਦਾ ਇਕ ਦਿਨ ਹੋਵੇਗਾ ਉਸ ਦਿਨ ਸੰਪੂਰਨ ਪ੍ਰਬੰਦ (ਦਾ ਸਿਟਾ) ਉਸਦੇ ਸਨਮੁਖ ਗੁਜ਼ਰੇਗਾ ॥ ੫ ॥ ਯਹੀ ( ਤੇ ਖੁਦਾ ) ਹੈ ਗੁਪਤ ਪਰਗਟ ( ਸੰਪੂਰਣ ) ਬਾਰਤਾਂ ਦੇ ਜਾਨਣ ਵਾਲਾ ਜ਼ਬਰਦਸਤ ਮੇਹਰਬਾਨ ॥ ੬ ॥ ਉਸ ਨੇ ਜੋ ਵਸਤੂ ਬਨਾਈ ਭਲੀ ਭਲੇਰੀ ਹੀ ਬਨਾਈ ਅਰ ਪੁਰਖ ਦੀ ਉਤਪਤੀ ਨੂੰ ਮਿਟੀ ਥੀਂ ਆਰੰਭ ਕੀਤਾ ॥ ੭ ॥ ਫੇਰ ( ਮਿਟੀ ਦੇ ) ਨਚੋੜ ( ਅਰਥਾਤ ਬੀਰਜ ) ਥੀਂ ਜੋ ਇਕ ਭੇੜਾ ਪਾਣੀ ਹੈ ਓਸ ਦੀ ਅੰਸ ਚਲਾਈ ॥ ੮ ॥ ਫੇਰ ਉਸ ( ਦੇ ਪੁਤਲੇ ) ਨੂੰ ਦਰੁਸਤ ਕੀਤਾ ਅਰ ਓਸ ਵਿਚ ਆਪਣੀ ( ਵਲੋਂ ) ਰੂਹ ਪਾ ਦਿਤੀ ਅਰ ਤੁਸਾਂ ਲੋਗਾਂ ਦੇ ( ਸੁਣਨ ਵਾਸਤੇ ) ਕਰਨ ਅਰ ( ਦੇਖਣ ਵਾਸਤੇ ) ਨੇਤ੍ਰ ਅਰ ( ਸਮਝਣ ਵਾਸਤੇ )

Digitized by Panjab Digital Library | www.panjabdigilib.org

ਹਿਰਦੇ ਬਨਾਇ ( ਅਜੇ ਭੀ ਤੁਸੀਂ ਉਸਦਾ ) ਬਹੁਤ ਹੀ ਥੋਹੜਾ ਉਪ-ਕਾਰ ਮੰਨਦੇ ਹੋ ॥ ੯ ॥ ਅਰ ( ਪ੍ਰਲੈ ਦੇ ਮੁਨਕਿਰ ) ਕਹਿੰਦੇ ਹਨ ਕਿ ਜਦੋਂ ਅਸੀਂ ਮ੍ਰਿਤਕਾ ਵਿਚ ਰਲ ਮਿਲ ਜਾਵਾਂਗੇ ਤਾਂ ਕੀ ਅਸੀਂ ( ਫੇਰ ) ਨਵੀਨ ਜਨਮ ਵਿਚ ਆਵਾਂਗੇ ( ਯਿਹ ਲੋਗ ਦੁਬਾਰਾ ਪੈਦਾ ਹੋਣ ਨੂੰ ਨਹੀਂ ) ਪ੍ਰਤੁਤ ( ਅਸਲ ਵਿਚ ) ਆਪਣੇ ਪਰਵਰਦਿਗਾਰ ਦੇ ਸਨਮੁਖ ਹਾਜਰ ਹੋਣ ਨੂੰ ਨਹੀਂ ਮੰਨਦੇ ॥ ੧੦ ॥ ( ਹੇ ਪੈਯੰਬਰ ਤੁਸੀਂ ਏਹਨਾਂ ਲੋਗਾਂ ਨੂੰ ) ਕਹੋ ਕਿ ਮ੍ਰਿਤਕ ਦਿਓਤਾ ਜੋ ਤੁਸਾਂ ਉਪਰ ਇਸਥਿਤ ਹੈ ( ਵਹੀ ) ਤੁਸਾਂ ਦਿਆਂ ਰੂਹਾਂ ਨੂੰ ਕਬਜ਼ ਕਰਦਾ ਹੈ ਫੇਰ ( ਤੁਸੀਂ ਸਾਰੇ ) ਆਪਣੇ ਪਰਵਰਦਿਗਾਰ ਦੀ ਤਰਫ ਲੌਟਾ ਕੇ ਲੈ ਆਂਦੇ ਜਾਂਦੇ ਹੋ ॥੧੧॥ ਰੁਕੂਹ ੧ ॥

ਅਰ ( ਹੇ ਪੈਯੰਬਰ ) ਕਾਸ਼ ਤੁਸੀਂ ਮੁਜਰਮਾਂ ਨੂੰ ਦੇਖੋ ਕਿ ( ਪ੍ਰਲੈ ਵਿਚ ਕਰਮਾਂ ਦੇ ਹਿਸਾਬ ਦੇ ਵੇਲੇ ) ਆਪਣੇ ਪਰਵਦਿਗਾਰ ਦੇ ਸਨਮੁਖ ਸਿਰ ਝੁਕਾ ਕੇ ਖੜੇ ਹਨ ( ਅਰ ਬੇਨਤੀ ਕਰ ਰਹੇ ਹਨ ਕਿ ) ਹੇ ਸਾਡੇ ਪਰਵਰਦਿਗਾਰ ( ਹੁਣ ) ਸਾਡੀਆਂ ਅੱਖੀਆਂ ਅਰ ਸਾਡੇ ਕੰਨ ਖੁਲ੍ਹੇ ਤੋ ਸਾਨੂੰ ( ਇਕ ਵੇਰੀ ) ਫੇਰ ( ਸੰਸਾਰ ਵਿਚ ) ਭੇਜ ਕਿ ਅਸੀਂ ਸ਼ੁਭ ਕਰਮ ਕਰੀਏ ( ਅਰ ਹੁਣ ) ਸਾਨੂੰ ( ਪ੍ਰਲੈ ਦਾ ਪੂਰਾ ਪੂਰਾ ) ਨਿਸਚਾ ਹੈ ॥ ੧੨ ॥ ( ਖੁਦਾ ਆਗਜਾ ਕਰੇਗਾ ) ਅਸੀਂ ਚਾਹੁੰਦੇ ਤੋ ( ਸੰਸਾਰ ਵਿਚ ਹੀ) ਹਰ ਪੁਰਖ ਨੂੰ ( ਐਸੀ ) ਸੂਝ ਪਰਦਾਨ ਕਰਦੇ ( ਕਿ ਉਹ ਸੁਧੇ ਮਾਰਗ ਉਪਰ ਆ ਜਾਂਦਾ ) ਪਰੰਤੂ ਸਾਡੀ ( ਉਹ ) ਬਾਰਤਾ ( ਜੋ ਅਸੀਂ ਪ੍ਰਿਥਮ ਦੇ ਦਿਨ ਵਾਸਤੇ ਫਰਮਾ ਚੁਕੇ ਥੇ ਪੂਰੀ ਹੋਣੀ ਹੀ ਸੀ ਅਰ ਉਹ ) ਪੂਰੀ ਹੋ ਕੇ ਹੀ ਰਹੀ ਕਿ ਜਿੰਨ ਔਰ ਆਦਮੀ ( ਏਹਨਾਂ ) ਸਾਰਿਆਂ ਨਾਲ ਅਸੀਂ ਨਰਕ ਨੂੰ ਭਰਕੇ ਹੀ ਰਹਾਂਗੇ ॥ ੧੩ ॥ ਤੋ ( ਸਦੇਖੀਓ ! ) ਜਿਸ ਪਰਕਾਰ ਤੁਸੀਂ ਇਸ ਦਿਨ ਦੇ ਪਰਾਪਤ ਹੋਣੇ ਨੂੰ ਭੁਲੇ ਰਹੇ ( ਅਜ ਓਸ ਦਾ ਸਵਾਦ ਚਖੋ ਕਿ ਅਸਾਂ ਨੇ ( ਭੀ ) ਤੁਸਾ ਨੂੰ ( ਜਾਨ ਬੁਝ ਕੇ ) ਭੁਲਾ ਦਿਤਾ ਅਰ ਜੈਸੇ ੨ ਤੁਸੀਂ ਕਰਮ ਕਰਦੇ ਰਹੇ ਹੋ ਉਸ ਦੇ ਬਦਲੇ ਵਿਚ ਸਦੈਵ ਦੇ ਕਸ਼ਟ ( ਦਾ ਸਵਾਦ ) ਚਖੋ ॥ ੧੪॥ ਸਾਡੀਆਂ ਆਇਤਾਂ ਉਪਰ ਤਾਂ ਬਸ ਵਹੀ ਲੋਗ ਈਮਾਨ ਧਾਰਦੇ ਹਨ ਕ੍ਰਿ ਜਦੋਂ ਓਹਨਾਂ ਨੂੰ ਉਹ ( ਆਇਤਾਂ ) ਯਾਦ ਕਰਾਈਆਂ ਜਾਂਦੀਆਂ ਹਨ ਮੱਥਾ ਟੇਕਣ ਲਗ ਪੈਂਦੇ ਅਰ ਆਪਣੇ ਪਾਲਨ ਹਾਰੇ ਦੀ ਉਸਤਤੀ ਦੇ ਨਾਲ ਮਹਿਮਾਂ ਕਰਨ ਲਗਦੇ ਹਨ ਅਰ ਉਹ ( ਕਿਸੀ ਪਰਕਾਰ ਦਾ ) ਘਮੰਡ ਨਹੀਂ ਕਰਦੇ ॥ ੧੫ ॥ ( ਰਾਤ੍ਰੀ ਦੇ ਸਮੇਂ ) ਓਹਨਾਂ ਦੇ ਪਾਸੇ ਬਿਸਤਰਿਆਂ ਦੇ ਨਾਲ ਪਰੀਤ ਨਹੀਂ ਕਰਦੇ ( ਅਰ ਕਸ਼ਟ ਦੇ ) ਭੈ ਅਰ ( ਦਇਆ ਦੀ ) ਆਸ ਨਾਲ ਆਪਣੇ

Digitized by Panjab Digital Library | www.panjabdigilib.org

ਪਰਵਰਦਿਗਾਰ ਪਾਸੋਂ ਪ੍ਰਾਰਥਨਾ ਕਰਦੇ ਅਰ ਜੋ ਕੁਛ (ਵੀ) ਅਸਾਂ ਨੇ ਓਹਨਾਂ ਨੂੰ ਦੇ ਰਖਿਆ ਹੈ ਉਸ ਵਿਚੋਂ ( ਖੁਦਾ ਦੇ ਮਾਰਗ ਵਿਚ ) ਖਰਚ ਕਰਦੇ ਹਨ ॥ ੧੬ ॥ ਤੇ ਕੋਈ ਪੁਰਖ ਵੀ ਨਹੀਂ ਜਾਣਦਾ ਕਿ ਲੋਗਾਂ ਦੇ ( ਸ਼ੁਭ ) ਕਰਮਾਂ ਦੇ ਬਦਲੇ ਵਿਚ ਕੈਸੀ ੨ ਅੱਖੀਆਂ ਦੀ ਠੰਢਕ ਓਹਨਾਂ ਵਾਸਤੇ ਗੁਪਤ ਪਰਦੇ ਵਿਚ ਵਿਦਮਾਨ ਹੈ ॥ ੧੭ ॥ ਤੇ ਕੀ ਈਮਾਨ ਧਾਰਨੇ ਵਾਲਾ ਉਸ ਦੇ ਸਮਾਨ ਹੋ ਜਾਏਗਾ ਜੋ ਨਾ ਫਰਮਾਨੀ ਕਰਦਾ ਹੈ ( ਦੋਨੋਂ ਫਰੀਕ ਕਦਾਪੀ ) ਬਰਾਬਰ ਨਹੀਂ ਹੋ ਸਕਦੇ ॥ ੧੮ ॥ ਤੇ ਜੋ ਲੋਗ ਈਮਾਨ ਧਾਰ ਬੈਠੇ ਅਰ ਓਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ ਓਹਨਾਂ ਵਾਸਤੇ ਰਹਿਣ ਨੂੰ ਬਾਗ ਹੋਣਗੇ ( ਯਿਹ ) ਪਾਹੁਨਚਾਰੀ ਓਹਨਾਂ ਦੇ ( ਸ਼ੁਭ ) ਕਰਮਾਂ ਦਾ ਬਦਲਾ ( ਹੈ ) ਜੋ ( ਸੰਸਾਰ ਵਿਚ ) ਕਰਦੇ ਰਹੇ ॥ ੧੯ ॥ ਅਰ ਜੋ ਲੋਗ ਨਾ ਫਰਮਾਨੀ ਕਰਦੇ ਰਹੇ ਓਹਨਾਂ ਦਾ ਟਿਕਾਣਾ ਨਰਕ ਹੋਵੇਗਾ। ਜਦੋਂ ੨ ਉਸ ਵਿਚੋਂ ਨਿਕਲਣ ਦੀ ਇਛਾ ਕਰਨਗੇ ਉਸੇ ਵਿਚ ਲੋਟਾ ਦਿਤੇ ਜਾਣਗੇ ਅਰ ਓਹਨਾਂ ਨੂੰ ਕਿਹਾ ਜਾਵੇਗਾ ਕਿ ਜਿਸ ਨਾਰਕੀ ( ਦੁਖ ) ਨੂੰ ਤੁਸੀਂ ਮਿਥਯਾ ਕਹਿੰਦੇ ਰਹੇ ਹੁਣ ਉਸੇ ਦੇ ਸਵਾਦ ਚਖੋ ॥ ੨੦ ॥ ਅਰ ( ਪ੍ਰਲੈ ਦੇ ) ਬੜੇ ਕਸ਼ਟ ਥੀਂ ਪਹਿਲੇ ਅਸੀਂ ਏਹਨਾਂ ( ਮੱਕੇ ਦਿਆਂ ਕਾਫਰਾਂ ) ਨੂੰ ( ਇਕ ਐਸੇ ) ਕਸ਼ਟ ਦਾ ਸਵਾਦ ਭੀ ਜਰੂਰ ਚਖਾਵਾਂਗੇ ਜੋ ( ਇਸੇ ਸੰਸਾਰ ਵਿਚ ਏਹਨਾਂ ਉਪਰ ) ਸਮੀਪ ( ਹੀ ਪਰਾਪਤ ) ਹੋਵੇਗਾ ਤਾਂ ਕਿ ਯੇਹ ਲੋਗ ਸਾਡੀ ਤਰਫ ਝੁਕਣ ॥ ੨੧ ॥

ਅਰ ਓਸ ਨਾਲੋਂ ਵਧ ਕੇ ਪਾਪੀ ਕੌਣ ਹੈ ਕਿ ਉਸ ਨੂੰ ਉਸ ਦੇ ਪਰਵਰਦਿਗਾਰ ਦੀਆਂ ਆਇਤਾਂ ਦੁਵਾਰਾ ਸਿਖਿਆ ਕੀਤੀ ਜਾਵੇ ਅਰ ਉਹ ਉਸ ਵਲੋਂ ਮੂੰਹ ਫੇਰ ਜਾਏ ਨਿਰਸੰਦੇਹ ਅਸੀਂ ਸਦੋਖੀਆਂ ਪਾਸੋਂ ਬਦਲਾ ਲੈ ਕੇ ਹੀ ਰਹਾਂਗੇ ॥ ੨੨ ॥ ਰੁਕੂਹ ੨ ॥

ਅਰ ਅਸਾਂ ਨੇ ਮੂਸਾ ਨੂੰ ਭੀ ( ਅਸਮਾਨੀ ਕਿਤਾਬ ਅਰਥਾਤ ਤੋਰਾਤ ) ਦਿਤੀ ਸੀ ਤੇ ( ਹੇ ਪੈਯੰਬਰ ) ਤੁਸੀਂ ਭੀ ( ਖੁਦਾ ਦੀ ਤਰਫ ਥੀਂ ) ਕਿਤਾਬ ( ਅਸਮਾਨੀ ਅਰਥਾਤ ਕੁਰਾਨ ) ਦੇ ਮਿਲਨ ਨਾਲ ਭ੍ਰਮ ਵਿਚ ਨਾ ਰਹੋ ਅਰ ਅਸਾਂ ਨੇ ਓਸ ( ਤੌਰਾਤ ) ਨੂੰ ਬਨੀ ਅਸਰਾਈਲ ਵਾਸਤੇ ਸਿਖਿਆ ਨਿਰਮਾਣ ਕੀਤਾ ਸੀ ॥ ੨੩ ॥ ਅਰ ਅਸਾਂ ਨੇ ਬਨੀ ਅਸਰਾਈਲ ਵਿਚੋਂ ( ਦੀਨ ਦੇ ) ਆਗੂ ਬਨਾਏ ਥੇ ਜੋ ਸਾਡੀ ਆਿ ਆ ਨਾਲ ( ਲੋਗਾਂ ਨੂੰ ) ਸਿਖਮਤ ਦਿਤਾ ਕਰਦੇ ਸਨ ( ਅਰ ਯਿਹ ਗੁਰ ਪਦਵੀ ਓਹਨਾਂ ਨੂੰ ਓਸ ਵੇਲੇ ਮਿਲੀ ) ਜਦੋਂ ਕਿ ਉਹ ( ਕਾਫਰਾਂ ਦੇ ਕਸ਼ਟ ਦੇਣ ਉਪਰ ) ਸਬਰ ਕਰਕੇ ਬੈਠੇ ਰਹੇ ਅਰ ( ਓਸ ਥੀਂ ਸਿਵਾ ) ਸਾਡੀਆਂ

Digitized by Panjab Digital Library | www.panjabdigilib.org

ਆਇਤਾਂ ਦਾ ਨਿਸਚਾ ਭੀ ਰਖਦੇ ਸਨ ॥ ੨੪ ॥ (ਹੇ ਪੈਯੰਬਰ) ਕੋਈ ਭ੍ਰਮ ਨਹੀਂ ਕਿ ਬਨੀ ਅਸਰਾਈਲ ਜਿਨਹਾਂ ਜਿਨਹਾਂ ਬਾਰਤਾਂ ਵਿਚ ਵਿਭੇਦ ਕਰਦੇ ਰਹੇ ਹਨ ਤੁਸਾਂ ਦਾ ਪਰਵਰਦਿਗਾਰ ਪ੍ਰਲੈ ਦੇ ਦਿਨ ਓਹਨਾਂ ਵਿਚੋਂ ਉਹਨਾਂ (ਵਿਭ੍ਰਮਾਂ) ਦਾ ਫੈਸਲਾ ਕਰ ਦੇਵੇਗਾ ॥ ੨੫ ॥ (ਹੇ ਪੈਯੰਬਰ) ਕੀ (ਤੁਸਾਂ ਦੇ ਸਮੇਂ ਦਿਆਂ) ਲੋਗਾਂ ਨੂੰ ਇਸ ਨਾਲ ਸਿਖਿਆ ਨਾ ਆਈ ਕਿ ਅਸਾਂ ਨੇ ਏਹਨਾਂ ਨਾਲੋਂ ਪਹਿਲੇ ਕਿਤਨੀਆਂ ਉਮਤਾਂ ਰੁਲਾ ਕੇ ਮਾਰ ਸਿਟੀਆਂ (ਅਰ) ਯੇਹ ਲੋਗ ਉਹਨਾਂ ਦਿਆਂ ਘਰਾਂ ਵਿਚ ਹੀ ਤੁਰਦੇ ਫਿਰਦੇ ਹਨ ਏਸ ਵਿੱਚ ਭ੍ਰਮ ਨਹੀਂ ਕਿ ਏਸ ਹੇਰ ਫੇਰ ਵਿੱਚ (ਲੋਗਾਂ ਵਾਸਤੇ ਬੜੀਆਂ) ਸਿਖਯਾ ਹਨ ਤੋ ਕੀ (ਯਿਹ ਲੋਗ) ਸੁਣਦੇ (ਸਮਝਦੇ) ਨਹੀਂ ॥ ੨੬ ॥ ਅਰ ਕੀ ਓਹਨਾਂ ਨੇ ਏਸ (ਬਾਰਤਾ) ਉਪਰ ਦ੍ਰਿਸ਼ਟੀ ਨਹੀਂ ਦਿਤੀ ਕਿ ਅਸੀਂ ਪਈ ਹੋਈ ਪ੍ਰਿਥਵੀ ਦੀ ਤਰਫ ਪਾਣੀ (ਦਿਆਂ ਬਦਲਾਂ) ਨੂੰ ਪ੍ਰੇਰ ਦੇਂਦੇ ਹਾਂ ਫੇਹ ਪਾਣੀ ਦੇ ਵਸੀਲੇ ਨਾਲ ਖੇਤੀ ਨੂੰ ਉਗਾ ਦੇਂਦੇ ਹਾਂ ਜਿਸ ਵਿਚੋਂ ਏਹਨਾਂ ਦੇ ਚਤੁਸ਼ਪਾਦੀ ਭੀ ਖਾਂਦੇ ਹਨ ਅਰ ਯਿਹ ਆਪ ਭੀ। ਤੋ ਕਿਆ (ਯਿਹ ਲੋਗ ਏਸ ਕੁਦਰਤ ਦੇ ਨਮੂਨੇ ਨੂੰ) ਨਹੀਂ ਦੇਖਦੇ ॥ ੨੭ ॥ ਅਰ (ਕਾਫਰ) ਕਹਿੰਦੇ ਹਨ ਕਿ (ਮੁਸਲਮਾਨੋ) ਯਦੀ ਤੁਸੀਂ ਸਚੇ ਹੋ ਤੋ (ਪ੍ਰਲੈ ਦਾ) ਯਿਹ (ਅੰਤਮ) ਫੈਸਲਾ (ਜਿਸ ਥੀਂ ਤੁਸੀਂ ਸਾਨੂੰ ਡਰਾਉਂਦੇ ਹੋ) ਕਦੋਂ ਹੋਵੇਗਾ (ਅਸੀਂ ਦੇਖਾਂਗੇ ਤੇ ਨਿਸਚਾ ਕਰਾਂਗੇ) ॥ ੨੮ ॥ (ਹੇ ਪੈਯੰਬਰ ਤੁਸੀਂ ਏਹਨਾਂ ਨੂੰ) ਉਤਰ ਦੇਓ ਕਿ ਜੋ ਲੋਗ (ਸੰਸਾਰ ਵਿਚ) ਕੁਫਰ ਕਰਦੇ ਰਹੇ ਫੈਸਲੇ ਦੇ ਦਿਨ ਓਹਨਾਂ ਦਾ ਈਮਾਨ ਧਾਰਨਾ ਓਹਨਾਂ ਦੇ ਕੁਛ ਭੀ ਕੰਮ ਨਾ ਆ- ਵੇਗਾ ਅਰ ਨਾ ਓਹਨਾਂ ਨੂੰ ਅਵਧੀ ਹੀ ਮਿਲੇਗੀ ॥ ੨੯ ॥ ਤੋ (ਹੇ ਪੈਯੰਬਰ) ਏਹਨਾਂ ਦੀਆਂ (ਗਲਾਂ ਦੀ ਕੋਈ) ਭੀ ਪਰਵਾਹ ਨਾ ਕਰੋ ਅਰ ਦੇਖੋ ਤੋ ਸਹੀ (ਅੰਤ ਨੂੰ ਕੀ ਹੁੰਦਾ ਹੈ) ਯਿਹ (ਭੀ ਤੋ ) ਦੇਖ (ਹੀ) ਰਹੇ ਹਨ ॥ ੩੦ ॥ ਰੁਕੂਹ ੩ ॥

## ਸੂਰਤਲ ਇਹਜ਼ਾਬ ਮਦੀਨੇ ਵਿਚ ਉਤਰੀ ਅਰ ਏਸ ਦੀਆਂ ਤਿਹੱਤ੍ਰ ਆਇਤਾਂ ਅਰ ਨੌਂ ਰੁਕੂਹ ਹਨ।

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ ਅਰ ਕਿਰ- ਪਾਲੂ (ਹ) ॥ ਹੇ ਪੈਯੰਬਰ ਖੁਦਾ ਪਾਸੋਂ (ਹੀ) ਡਰਦੇ ਰਹੋ ਅਰ ਕਾਫਰਾਂ ਤਥਾ ਮੁਨਾਫਿਕਾਂ (ਪਾਸੋਂ ਡਰ ਕੇ ਓਹਨਾਂ) ਦੇ ਕਹਿਣੇ ਵਿਚ ਨਾ ਆ ਜਾਣਾ ਨਿਰਸੰਦੇਹ ਅੱਲਾ (ਸੰਪੂਰਨਾਂ ਦੇ ਬ੍ਰਿਤਾਂਤ) ਥੀਂ ਗਜਾਤ੍ਰ (ਅਰ)

Digitized by Panjab Digital Library | www.panjabdigilib.org

ਸ਼ਕਤੀਮਾਨ ਹੈ ॥ ੧ ॥ ਅਰ ਤੁਸਾਂ ਦੇ ਪਰਵਰਦਿਗਾਰ (ਦੀ ਤਰਫੋਂ) ਜੋ ਕੁਛ ਤੁਸਾਂ ਉਪਰ ਵਹੀ ਕੀਤਾ ਜਾਂਦਾ ਹੈ ਓਸੇ ਉਪਰ (ਤੁਰੇ) ਚਲੇ ਜਾਓ। ਕੋਈ ਭ੍ਰਮ ਨਹੀਂ ਕਿ ਤੁਸੀਂ ਲੋਗ ਜੈਸੇ ਜੈਸੇ ਕਰਮ ਕਰਦੇ ਹੋ ਅੱਲਾ ਨੂੰ ਓਸ ਦੀ ਸਭ ਖ਼ਬਰ ਹੈ ॥ ੨ ॥ ਅਰ (ਹੇ ਪੈਯੰਬਰ) ਅੱਲਾ ਉਪਰ ਭਰੋਸਾ ਰਖੋ ਅਰ ਅੱਲਾ ਹੀ (ਬਸ) ਕਰਨ ਕਾਰਨ ਹੈ ॥ ੩ ॥ ਅੱਲਾ ਨੇ ਕਿਸੇ ਆਦਮੀ ਦੀ ਛਾਤੀ ਵਿਚ ਦੋ ਹਿਰਦੇ ਨਹੀਂ ਉਤਪਤ ਕੀਤੇ ਅਰ ਨਾ ਤੁਸਾਂ ਲੋਗਾਂ ਦੀਆਂ ਇਸਤ੍ਰੀਆਂ ਨੂੰ ਜਿਨਹਾਂ ਨੂੰ ਤੁਸੀਂ ਮਾਤਾ ਕਹਿ ਬੈਠੇ ਹੋ ਤੁਸਾਂ ਦੀ ਮਾਂ ਬਣਾਯਾ ਅਰ ਨਾ ਹੀ ਤੁਸਾਂ ਦਿਆਂ ਲੇਪਾਲਕਾਂ ਨੂੰ ਤੁਸਾਂ ਦੇ ਪੁਤ੍ਰ ਬਨਾ-ਇਆ ਯੇਹ (ਕੇਵਲ) ਤੁਸਾਂ ਦੇ ਆਪਣੇ ਮੂੰਹ ਦਾ ਹੀ ਕਥਨ ਹੈ ਅਰ ਅੱਲਾ ਤੋ ਸਚੀ ਬਾਰਤਾ ਵਰਨਣ ਕਰਦਾ ਅਰ ਵਹੀ (ਲੋਗਾਂ ਨੂੰ ਸੂਧਾ) ਮਾਰਗ ਦਿਖਾ ਦੇਂਦਾ ਹੈ ॥ ੪ ॥ ਲੇ ਪਾਲਕਾਂ ਨੂੰ ਓਹਨਾਂ ਦੇ (ਸਚੇ) ਪਿਤਾਓਂ ਦੇ ਨਾਮ ਲੈਕੇ ਬੁਲਾਇਆ ਕਰੋ ਯਹੀ ਬਾਰਤਾ ਅੱਲਾ ਦੇ ਸਮੀਪ ਅਧਿਕ ਤਰ ਨਜਾਯ ਸ੍ਰੇਣੀ ਵਿਚ ਹੈ ਬਸ ਯਦੀ ਤੁਸਾਂ ਨੂੰ ਉਨਹਾਂ ਦੇ ਪਿਤਾ ਨਾ ਮਾਲੂਮ ਹੋਣ ਤੋ ਤੁਸਾਂ ਦੇ ਦੀਨੀ ਭਾਈ ਅਰ ਤੁਸਾਂ ਦੇ (ਦੀਨੀ) ਮਿਤ੍ਰ ਹਨ। (ਤੋ ਓਹਨਾਂ ਦੀ ਹੀ ਦਸ਼ਾ ਅਨੁਸਾਰ ਪਦਾਂ ਨਾਲ ਉਨਹਾਂ ਨੂੰ ਬੁਲਾ-ਇਆ ਕਰੋ) ਅਰ ਤੁਸਾਂ ਪਾਸੋਂ ਇਸ ਵਿਚ ਭੁਲ ਚੁਕ ਹੋ ਜਾਵੇ ਤੋ ਇਸ ਵਿਚ ਤੁਸਾਂ ਪਰ ਕੋਈ ਦੋਖ ਨਹੀਂ ਪਰੰਤੂ ਹਾਂ ਦਿਲੋਂ ਧਿਆਨ ਕਰਕੇ ਐਸਾ ਕਰੇ (ਤੋ ਨਿਰਸੰਦੇਹ ਗੁਨਾਹ ਦੀ ਬਾਰਤਾ ਹੈ) ਅਰ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੫ ॥ ਪੈਯੰਬਰ ਮੁਸਲਮਾਨਾਂ ਉਪਰ ਖੁਦ ਓਹਨਾਂ ਦੀ ਜਾਨ ਨਾਲੋਂ ਵੀ ਅਧਿਕ ਹੱਕ ਰਖਦੇ ਹਨ (ਅਰ ਉਹ ਮੁਸਲਮਾਨਾਂ ਦੇ ਪਿਤਾ ਦੀ ਜਗਹਾਂ ਹੈਂ) ਅਰ ਪੈਯੰਬਰ ਦੀਆਂ ਇਸਤ੍ਰੀਆਂ (ਉੱਚੇ ਅਦਬ ਨਾਲ) ਉਹਨਾਂ ਦੀਆਂ ਮਾਤਾਂ ਹਨ ।ਅਰ ਸਾਕ ਸਨਬੰਧੀ ਅੱਲਾ ਦੀ ਪੁਸਤਕ ਦੇ ਅਨੁਸਾਰ (ਸੰਪੂਰਨ) ਮੁਸਲਮਾਨਾਂ ਅਰ ਮਹਾਜਰਾਂ ਨਾਲੋਂ ਵਧ ਕੇ ਇਕ ਦੇ ਹੱਕ-ਦਾਰ ਇਕ ਹਨ ਪਰੰਤੂ ਯਿਹ ਕਿ ਤੁਸਾਂ ਆਪਣਿਆਂ ਮਿਤਰਾਂ ਨਾਲ ਮੈਤ੍ਰੀ ਕਰਨੀ ਚਾਹੋ (ਤੋ ਵੁਹ ਅਲਗ ਬਾਰਤਾ ਹੈ) ਯਹੀ ਆਗਯਾ ਪੁਸਤਕ ਵਿਚ ਲਿਖੀ ਹੋਈ ਹੈ ॥ ੬ ॥ ਅਰ (ਹੇ ਪੈਯੰਬਰ ਉਸ ਸਮੇਂ ਨੂੰ ਯਾਦ ਕਰੋ) ਜਦੋਂ ਅਸਾ ਨੇ (ਸੰਪੂਰਨ) ਪੈਯੰਬਰਾਂ ਥੀਂ (ਰਸਾਲਤ ਦੇ ਉਪਦੇਸ਼ ਦੀ) ਪਰਤਿਗਯਾ ਲੀਤੀ ਅਰ (ਖਾਸ ਕਰਕੇ) ਤੁਸਾਂ ਪਾਸੋਂ ਅਰ ਨੂਹ ਅਰ ਇਬਰਾਹੀਮ ਅਰ ਮੂਸਾ ਅਰ ਮਰੀਯਮ ਦੇ ਪੁਤਰ ਈਸਾ ਪਾਸੋਂ ਅਰ ਓਹਨਾਂ ਪਾਸੋਂ ਪਰਤਿਗਯਾ (ਭੀ) ਲੀਤੀ (ਤੇ) ਪੱਕੀ ਪੀਡੀ ॥ ੭ ॥ ਕਿ ਆਖਰਕਾਰ (ਪ੍ਰਲੈ ਦੇ ਦਿਨ ਖੁਦਾ) ਸਾਰਿਆਂ (ਅਰਥਾਤ ਪੈਯੰਬਰਾਂ) ਪਾਸੋਂ

Digitized by Panjab Digital Library | www.panjabdigilib.org

ਓਹਨਾਂ ਦੇ ਸਚ (ਅਰਥਾਤ ਰਸਾਲਤ ਦੇ ਉਪਦੇਸ਼) ਦਾ ਬਿਰਤਾਂਤ ਦਰੀਯਾਫਤ ਕਰੇ ਅਰ ਉਸ ਨੇ (ਮੰਨਣ ਵਾਲਿਆਂ ਵਾਸਤੇ ਫਲ ਅਰ) ਨਾ ਮੰਨਣ ਵਾਲਿਆਂ ਵਾਸਤੇ ਭਿਆਨਕ ਕਸ਼ਟ ਤਿਆਰ ਕਰ ਰਖਿਆ ਹੈ ॥ ੮ ॥ ਰੁਕੂਹ ੧ ॥

ਮੁਸਲਮਾਨੋ! ਖ਼ੁਦਾ ਦੇ ਉਸ ਉਪਕਾਰ ਨੂੰ ਯਾਦ ਕਰੋ ਜੋ ਉਸ ਨੇ ਤੁਸਾਂ ਉਪਰ ਕੀਤਾ ਸੀ ਜਦੋਂ ਕਿ ਤੁਸਾਂ ਉਪਰ ਫੌਜਾਂ (ਦੀਆਂ ਫੌਜਾਂ) ਆ ਚੜੀਆਂ ਸਨ ਤਾਂ ਅਸਾਂ ਨੇ ਓਹਨਾਂ ਤੇ ਅੰਧੇਰੀ ਭੇਜੀ ਅਰ (ਅੰਧੇਰੀ ਥੀਂ ਵਧਕੇ ਫਰਿਸ਼ਤਿਆਂ ਦੀ) ਫੌਜ ਜੋ ਤੁਸਾਂ ਨੂੰ ਦਿਖਾਈ (ਭੀ) ਨਹੀਂ ਦੇਂਦੀ ਸੀ । ਅਰ (ਉਸ ਵੇਲੇ ਜੰਗ ਦੀਆਂ) ਜੋ (ਤਦਬੀਰਾਂ) ਤੁਸੀਂ ਲੋਗ ਕਰ ਰਹੇ ਥੇ ਅੱਲਾ (ਓਹਨਾਂ ਨੂੰ ਭੀ) ਦੇਖ ਰਹਿਆ ਸੀ ॥ ੯ ॥ ਜਿਸ ਸਮੇਂ ਕਿ (ਵੈਰੀ) ਤੁਸਾਂ ਉਪਰ ਤੁਸਾਂ ਦੀ ਉਪਰ ਦੀ ਤਰਫੋਂ ਭੀ ਉਤਰੇ ਅਰ ਤੁਸਾਂ ਦੇ ਨੀਚੇ ਦੀ ਤਰਫੋਂ ਬੀ ਅਰ (ਡਰਦਿਆਂ ਮਾਰਿਆਂ ਤੁਸਾਂ ਦੀਆਂ) ਅੱਖਾਂ ਫਿਰੀਆਂ (ਦੀਆਂ ਫਿਰੀਆਂ) ਰਹਿ ਗਈਆਂ ਸਨ (ਅਰਥਾਤ ਭੰਭਰ ਤਾਰੇ ਛਾ ਗਏ ਸਨ) ਅਰ ਕਾਲਜੇ ਮੂੰਹ ਨੂੰ ਆ ਗਏ ਸਨ ਅਰ ਖ਼ੁਦਾ ਦੀ ਨਿਸਬਤ ਤੁਸੀਂ (ਲੋਗ ਤਰਹਾਂ ਤਰਹਾਂ ਦੇ) ਸੰਕਲਪ ਵਿਕਲਪ ਕਰਨ ਲਗੇ ਸੀ ॥ ੧੦ ॥ ਏਸ ਸਮੇਂ ਪਰ ਮੁਸਲਮਾਨਾਂ (ਦੇ ਧੈਰਜ) ਦੀ ਪ੍ਰੀਖਿਆ ਕੀਤੀ ਗਈ ਅਰ ਖ਼ੂਬ ਹੀ ਝਾੜੇ ਝੜਾਏ ਗਏ ॥ ੧੧ ਅਰ ਜਦੋਂ ਮੁਨਾਫਿਕ ਅਰ ਉਹ ਲੋਗ ਜਿਨਹਾਂ ਦੇ ਦਿਲਾਂ ਵਿਚ (ਭ੍ਰਮ ਦੀਆਂ) ਬੀਮਾਰੀਆਂ ਸਨ (ਬੇ ਵਸ) ਬੋਲ ਉਠੇ ਕਿ ਖ਼ੁਦਾ ਅਰ ਉਸ ਦੇ ਰਸੂਲ ਨੇ ਜੋ ਸਾਡੇ ਨਾਲ ਪਰਤਿਗਯਾ ਕੀਤੀ ਸੀ ਬਸ ਨਿਰਾ ਪੁਰਾ ਧੋਖਾ (ਹੀ ਧੋਖਾ) ਸੀ ॥੧੨॥ ਅਰ ਜਦੋਂ ਓਹਨਾਂ ਵਿਚੋਂ ਇਕ ਟੋਲਾ ਕਹਿਣ ਲਗਾ ਕਿ ਮਦੀਨੇ ਦੇ ਲੋਕੋ! ਤੁਸਾਂ ਪਾਸੋਂ (ਏਸ ਜਗਹਾਂ ਵੈਰੀਆਂ ਦੇ ਮੁਕਾਬਲੇ ਵਿਚ) ਨਹੀਂ ਠਹਰਿਆ ਜਾਵੇਗਾ। ਤੇ (ਚੰਗਾ ਹੈ ਕਿ) ਲੋਟ ਚਲੋ ਅਰ ਉਨਹਾਂ ਵਿਚੋਂ ਕਈਕੁ ਲੋਗ ਲਗੇ ਪੈਗੰਬਰ ਪਾਸੋਂ (ਘਰ ਲੋਟ ਜਾਣ ਦੀ) ਆਗਯਾ ਮੰਗਣ (ਅਰ) ਕਹਿਣ ਕਿ ਸਾਡੇ ਘਰ ਲੁਗੇ ਹਨ ਹਾਲਾਂ ਕਿ ਉਹ ਲੁਗੇ ਨਹੀਂ (ਪ੍ਰਤਯੁਤ) ਉਨਹਾਂ ਦਾ ਸੰਕਲਪ ਤਾਂ ਕੇਵਲ ਭਜ ਜਾਣਦਾ ਹੀ ਸੀ ॥ ੧੩ ॥ ਅਰ ਯਦੀ (ਐਸੀਆਂ ਹੀ ਫੌਜਾਂ) ਮਦੀਨੇ ਦੇ ਚਾਰ ਚੁਫੇਰਿਓਂ ਏਹਨਾਂ ਵਿਚ ਆ ਵੜਨ ਅਰ ਏਹਨਾਂ ਨੂੰ ਫਸਾਦ (ਕਰਨ) ਵਾਸਤੇ ਕਹਿਆ ਜਾਵੇ ਤੋਂ (ਯਿਹ ਬਿਨਾਂ ਦੇਰੀ) ਫਸਾਦ ਖੜਾ ਕਰ ਦੇਣ ਅਰ ਆਪਣਿਆਂ ਘਰਾਂ ਵਿਚ ਕੁਛ ਐਵੇਂ ਕਿਵੇਂ ਦੀ ਹੀ ਢਿਲ ਕਰਨ (ਤੇ ਕਰਨ) ॥ ੧੪ ॥ ਹਾਲਾਂ ਕਿ (ਯਹੀ ਲੋਗ ਏਸ ਥੀਂ) ਪਹਿਲੇ ਖ਼ੁਦਾ ਦੇ ਨਾਲ ਪਰਤਿਗਿਆ ਕਰ ਚੁਕੇ ਸਨ ਕਿ (ਅਸੀਂ

Digitized by Panjab Digital Library | www.panjabdigilib.org

ਵੈਰੀ ਦੇ ਮੁਕਾਬਲੇ ਵਿਚ) ਪਿਠ ਨਾ ਫੇਰਾਂਗੇ ਅਰ (ਏਹਨਾਂ ਲੋਗਾਂ ਨੇ ਜੋ) ਖੁਦਾ ਦੇ (ਨਾਲ) ਪਰਤਗਿਆ ( ਕੀਤੀ ਸੀ ਓਸ ) ਦੀ (ਤਾਂ ਓਹਨਾਂ ਪਾਸੋਂ) ਬਾਜ਼ ਪੁਰਸ਼ੀ ਹੋਕੇ ਹੀ ਰਹੇਗੀ ॥ ੧੫ ॥ (ਹੇ ਪੈਯੰਬਰ ਤੁਸੀਂ ਇਹਨਾਂ ਲੋਗਾਂ ਨੂੰ) ਕਹੋ ਯਦੀ ਤੁਸੀਂ ਮੌਤ ਕਿੰਬਾ ਕਤਲ (ਦੇ ਭੈ) ਨਾਲ ਭਜਦੇ ਹੋ ਤੇ ਯਿਹ ਭਜਣਾਂ ਤੁਸਾਂ ਨੂੰ ਕਦਾਪੀ (ਕੋਈ) ਸੁਖ ਨਾ ਦੇਵੇਗਾ। ਅਰ ਯਦੀ ਨਸ ਭਜ ਕੇ ਬਚ ਭੀ ਗਏ ਤੇ ਬਸ ਯਹੀ ਨਾ ਕਿ (ਸੰਸਾਰ ਵਿਚ) ਚੰਦ ਦਿਨ (ਹੋਰ) ਵਸ ਰਸ ਲਵੋਗੇ ॥ ੧੬ ॥ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਯਦੀ ਖੁਦਾ ਤੁਸਾਂ ਨਾਲ ਬੁਰਾਈ (ਕਰਨ) ਦੀ ਇਛਾ ਕਰੇ ਤੇ ਕੌਣ ਐਸਾ (ਸੂਰਮਾਂ) ਹੈ ਜੋ ਤੁਸਾਂ ਨੂੰ ਉਸ (ਦੀ ਪਕੜ) ਥੀਂ ਬਚਾ ਸਕੇ ਕਿੰਬਾ ਤੁਸਾਂ ਉਪਰ (ਆਪਣਾ) ਫਜ਼ਲ ਕਰਨਾ ਚਾਹੇ (ਤੇ ਕੌਣ ਓਸ ਨੂੰ ਰੋਕ ਸਕਦਾ ਹੈ) ਅਰ ਖੁਦਾ ਥੀਂ ਸਿਵਾ ਨਾ ਤੇ (ਕਿਸੇ ਨੂੰ ) ਆਪਣਾ ਸਹਾਇਕ ਹੀ ਦੇਖਣਗੇ ਅਰ ਨਾ ਮਦਦਗਾਰ ॥ ੧੭ ॥ (ਮੁਸਲਮਾਨੋ) ਖੁਦਾ ਤੁਸਾਂ ਵਿਚੋਂ ਓਹਨਾਂ (ਮੁਨਾਫਿਕਾਂ) ਨੂੰ ਭਲੀ ਪ੍ਰਕਾਰ ਜਾਣਦਾ ਹੈ ਜੋ (ਦੂਸ-ਰਿਆਂ ਨੂੰ ਲੜਾਈ ਵਿਚ ਸ਼ਰੀਕ ਹੋਣ ਥੀਂ) ਰੋਕਦੇ ਹਨ। ਅਰ ਆਪ-ਣਿਆਂ ਸਾਕਾਂ ਅੰਗਾਂ ਨੂੰ ਕਹਿੰਦੇ ਹਨ ਕਿ (ਲੜਾਈ ਥੀਂ ਅਲਗ ਹੋਕੇ) ਸਾਡੇ ਪਾਸ ਚਲੇ ਆਉ ਅਰ (ਉਹ ਖੁਦ ਭੀ) ਤੁਸਾਂ ਨਾਲ ਬਖੀਲੀ ਰਖਦੇ ਹਨ ਜੁਧ ਵਿਚ ਵਿਦਮਾਨ ਨਹੀਂ ਹੁੰਦੇ ਪਰੰਤੂ (ਉਲਾਂਬਾ ਲਹੁਣ ਨੂੰ) ਥੋੜੀ ਦੇਰ (ਵਾਸਤੇ) ॥ ੧੮ ॥ ਤੂੰ (ਹੇ ਪੈਯੰਬਰ) ਜਦੋਂ (ਕੋਈ) ਭੈ ਦਾ (ਸਮਾਂ) ਪਰਾਪਤ ਹੁੰਦਾ ਹੈ ਤੂੰ ਏਹਨਾਂ ਨੂੰ ਦੇਖਦਾ ਹੈ ਕਿ (ਨਿਰਾਸ ਜੈਸੇ) ਤੁਸਾਂ ਨੂੰ ਦੇਖਦੇ ਹਨ ਓਹਨਾਂ ਦੀਆਂ ਅੱਖੀਆਂ ਹਨ (ਕਿ ਚਾਰ ਚੁਫੇਰੇ) ਫਿਰਦੀਆਂ ਜਾਂਦੀਆਂ ਹਨ ਜੈਸੇ ਕਿਸੇ ਉਪਰ ਮੌਤ ਦੀ ਬੇਹੋਸ਼ੀ (ਛਾ) ਜਾਏ । ਫਿਰ ਜਦੋਂ ਭੈ ਦੂਰ ਹੋ ਜਾਂਦਾ (ਅਰ ਮੁਸਲ-ਮਾਨਾਂ ਦੀ ਵਿਜੈਤਾ ਹੋ ਜਾਂਦੀ ) ਹੈ ਤਾਂ ਮਾਲ (ਗਨੀਮਤ) ਉਪਰ ਡਿਗ ਪੈਂਦੇ (ਅਰ) ਦਿਲ ਦਖੌਣ ਵਾਲੀਆਂ ਬਾਤਾਂ ਕਰ ਕਰ ਕੇ ਤੁਸਾਂ ਨੂੰ ਤਾਨੇ ਮਾਰਦੇ ਹਨ। ਏਹਨਾਂ ਲੋਗਾਂ ਨੇ ( ਆਦ ਥੀਂ ) ਈਮਾਨ ਧਾਰਿਆ ਹੀ ਨਹੀਂ ਤੇ ਅੱਲਾ ਨੇ ਏਹਨਾਂ ਦੇ ਕਰਮ ( ਜੋ ਕੁਛ ਭੀ ਕੀਤੇ ਸਨ ) ਅਕਾਰਥ ਕਰ ਦਿਤੇ ਅਰ ਅੱਲਾ ਦੇ ਸਮੀਪ ਯਿਹ ( ਇਕ ) ਸੁਖੈਨ ( ਜੈਸੀ ) ਬਾਰਤਾ ਹੈ ॥ ੧੯ ॥ ( ਇਸ ਥੀਂ ਹੁੰਦਿਆਂ ਸੁੰਦਿਆਂ ਕਿ ਘੇਰਾ ਘੱਤਨ ਵਾਲੀਆਂ ਫੌਜਾਂ ਘੇਰਾ ਉਠਾ ਕੇ ਤੁਰ ਭੀ ਗਈਆਂ ਪਰੰਤੂ ਯਿਹ ਹੁਣ ਤਕ ਯਹੀ ) ਖਿਆਲ ਕਰ ਰਹੇ ਹਨ ਕਿ ( ਯਿਹ ) ਫੌਜਾਂ ( ਅਜੇ ) ਨਹੀਂ ਗਈਆਂ ਅਰ ਯਦੀ ( ਵੈਰੀਆਂ ਦੀਆਂ ) ਫੌਜਾਂ ( ਫੇਰ ) ਆਣ ਵਿਦਮਾਨ ਹੋਣ ਤਾਂ

Digitized by Panjab Digital Library | www.panjabdigilib.org

ਇਹ ਲੋਗ ਇਸ ਦੀ ਇਛਾ ਕਰੇਂ ਕਿ ( ਹੇ ) ਦਿਓ ਪਿੰਡਾਂ ਵਿਚ ਕਿਸੀ (ਤ਼ਰਫ ਨੂੰ ) ਨਿਕਲ ਜਾਣ (ਅਰ ਦੂਰ ਬੈਠੇ) ਤੁਸਾਂ ਦੇ ਬਿਰਤਾਂਤ ਦਰਯਾਫਤ ਕਰਦੇ ਰਹਿਣ ਅਰ ਯਦੀ ( ਕਿਸੀ ਮੁਸ਼ਕਲ ) ਨਾਲ ਏਹਨਾਂ ਨੂੰ ਤੁਸਾਂ ਵਿਚ ਰਹਿਣਾ ਪਵੇ ਤੋ ( ਦੁਸ਼ਮਨਾਂ ਨਾਲ ) ਨਾ ਲੜਨ ਪਰੰਤੂ ( ਉਲਾਂਬਾ ਉਤਾ-ਰਨ ਨੂੰ ) ਥੋੜੀ ਦੇਰ ( ਵਾਸਤੇ ) ॥ ੨੦ ॥ ਰੁਕੂਹ ੨ ॥

( ਮੁਸਲਮਾਨੋ ! ) ਤੁਸਾਂ ਵਾਸਤੇ ( ਅਰਥਾਤ ) ਓਹਨਾਂ ਲੋਗਾਂ ਵਾਸਤੇ ਜੋ ਅੱਲਾ ਅਰ ਪ੍ਰਲੈ ਦੇ ਦਿਨ ( ਦੇ ਡਰ ) ਥੀਂ ਡਰਦੇ ਅਰ ਪ੍ਰਾਯਾ ਰਬ ਦੀ ਯਾਦਗੀਰੀ ਕੀਤਾ ਕਰਦੇ ਸਨ ( ਪੈਰਵੀ ਕਰਨ ਵਾਸਤੇ ) ਅੱਲਾ ਦਾ ਰਸੂਲ ਇਕ ਉਤਮ ਨਮੂਨਾ ਵਿਦਮਾਨ ਸੀ ॥ ੨੧ ॥ ਅਰ ਜਦੋਂ ਸਚਿਆਂ ਮੁਸਲਮਾਨਾਂ ਨੇ ( ਵੈਰੀਆਂ ਦੇ ) ਟੋਲਿਆਂ ਨੂੰ ਦੇਖਿਆ ਤਾਂ ਬੋਲ ਉਠੇ ਕਿ ਯਿਹ ਤੋਂ ਉਹੀ ( ਸਮਾ ) ਹੈ ਜੋ ਖੁਦਾ ਅਰ ਓਸ ਦੇ ਰਸੂਲ ਨੇ ਸਾਨੂੰ ਪਹਿਲੋਂ ਹੀ ਦਸ ਰਖਿਆ ਸੀ ਅਰ ਅੱਲਾ ਅਰ ਉਸ ਦੇ ਰਸੂਲ ਨੇ ਸਚ ਫਰਮਾਇਆ ਸੀ ਅਰ ਓਸ ( ਸਮੇਂ ਦੇ ਪ੍ਰਾਪਤ ਹੋਣ ) ਥੀਂ ਲੋਗਾਂ ਦਾ ਈਮਾਨ ਅਰ ਟਹਿਲ ਭਾਓ ਹੋਰ ਭੀ ਅਧਿਕ ਹੋਗਿਆ ॥ ੨੨ ॥ ( ਏਹਨਾਂ ਹੀ ) ਮੁਸਲਮਾਨਾਂ ਵਿਚ ਕੁਛ ਲੋਗ ਤਾਂ ਐਸੇ ਹਨ ਕਿ ਖੁਦਾ ਦੇ ਨਾਲ ਜੋ ਉਨਹਾਂ ਨੇ ( ਤਨ ਅਰਪਨ ) ਦੀ ਪ੍ਰਤਗਯਾ ਕੀਤੀ ਸੀ ਓਸ ਵਿਚ ਸਚੇ ਉਤਰੇ ਸੋ ( ਕਈਕੁ ਤੋ ) ਏਹਨਾਂ ਵਿਚ ਐਸੇ ਸਨ ਜੋ ਆਪਣੀ ਮੰਨਤਾ ਪੂਰੀ ਕਰ ਗਏ ( ਅਰਥਾਤ ਸ਼ਹੀਦ ਹੋ ਗਏ ) ਅਰ ਕਈਕੁ ਏਹਨਾ ਵਿਚੋਂ ਐਸੇ ਹਨ ਕਿ ਜੋ ( ਸ਼ਹਾਦਤ ਦੇ ) ਅਕਾਂਖੀ ਹਨ ਅਰ ਓਹਨਾਂ ਨੇ ( ਆਪਣੀ ਬਾਰਤਾ ਵਿਚ ) ਜਰਾ ਸਾ ਭੀ ਤੋ ਹੇਰ ਫੇਰ ਨਹੀਂ ਕੀਤਾ ॥ ੨੩ ॥ ( ਗਲ ਕਾਹਦੀ ਯਿਹ ਲੜਾਈ ਏਸ ਵਾਸਤੇ ਪ੍ਰਾਪਤ ਹੋਈ ) ਕਿ ਖੁਦਾ ਸਚਿਆਂ ਮੁਸਲਮਾਨਾਂ ਨੂੰ ਓਹਨਾਂ ਦੇ ਸਚ ਦਾ ਬਦਲਾ ਦੇ ਅਰ ਮੁਨਾ-ਫਿਕਾਂ ਨੂੰ ਭਾਵੇਂ ਸਜ਼ਾ ਦੇਵੇ ਕਿੰਬਾ ( ਭਾਵੇਂ ) ਓਹਨਾਂ ( ਨੂੰ ਤੋਬਾ ਦੀ ਤੌਫੀਕ ਦੇਵੇ ਅਰ ਓਹ ਤੋਬਾ ਕਰਨ ਅਰ ਖੁਦਾ ਉਨਹਾਂ ) ਦੀ ਤੋਬਾ ਕਬੂਲ ਕਰ ਲਵੇ ਨਿਰਸੰਦੇਹ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੨੪ ॥ ਅਰ ਖੁਦਾ ਨੇ ( ਆਪਣੀ ਕੁਦਰਤ ਨਾਲ ) ਕਾਫਰਾਂ ਨੂੰ ਮਦੀਨੇ ਥੀਂ ) ਹਟਾ ਦਿਤਾ ( ਅਰ ਓਹ ) ਆਪਣੇ ਕ੍ਰੋਧ ਵਿਚ ( ਭਰੇ ਹੋਏ ਹਟ ਗਏ ਅਰ ) ਓਹਨਾਂ ਨੂੰ ( ਏਸ ਲੜਾਈ ਥੀਂ ) ਕੋਈ ਲਾਭ ਭੀ ਨਾਂ ਪ੍ਰਾਪਤ ਹੋਇਆ ਅਰ ਖੁਦਾ ਨੇ ( ਆਪਣੀ ਮਦਦ ਨਾਲ ) ਮੁਸਲਮਾਨਾਂ ਨੂੰ ਲੜਨ ਦੀ ਨੌਬਤ ਨਾ ਆਉਣ ਦਿਤੀ ਅਰ ਅੱਲਾ ਸ਼ਕਤੀਮਾਨ ( ਅਰ ) ਬਲੀ ਹੈ ॥ ੨੫ ॥ ਅਰ ਕਿਤਾਬ ਵਾਲਿਆਂ ਵਿਚੋਂ ਜੋ

Digitized by Panjab Digital Library | www.panjabdigilib.org

ਲੋਗ (ਅਰਥਾਤ ਯਹੂਦੀ) ਭੇਦਵਾਦੀਆਂ ਦੇ ਮਦਦਗਾਰ ਹੋਏ ਸਨ ਖੁਦਾ ਓਹਨਾਂ ਨੂੰ ਓਹਨਾਂ ਦੀਆਂ ਗੜ੍ਹੀਆਂ ਥੀਂ ਨੀਚੇ ਉਤਾਰ ਕੇ ਲੈ ਆਇਆ ਅਰ ਓਹਨਾਂ ਦਿਆਂ ਦਿਲਾਂ ਵਿਚ (ਤੁਸਾਂ ਦੀ ਐਸੀ) ਧਾਂਕ ਬੈਠਾਇ ਦਿਤੀ (ਕਿ) ਤੁਸੀਂ (ਬੇਧੜਕ) ਲਗੇ ਕਈਆਂ ਨੂੰ ਕਤਲ ਕਰਨ ਅਰ ਕਈਆਂ ਨੂੰ ਕੈਦ ਕਰਨ ॥ ੨੬ ॥ ਅਰ ਓਹਨਾਂ ਦੀ ਪ੍ਰਿਥਵੀ ਅਰ ਓਹਨਾਂ ਦੇ ਘਰਾਂ ਅਰ ਓਹਨਾਂ ਦੇ ਧਨ ਮਾਲ ਦਾ ਅਰ (ਹੋਰ) ਉਸ ਜਮੀਨ (ਖੈਬਰ) ਦਾ ਜਿਸ ਵਿਚ ਤੁਸਾਂ ਨੇ ਪੈਰ ਤਕ ਨਹੀਂ ਰਖਿਆ ਸੀ ਤੁਸਾਂ ਨੂੰ (ਹੀ) ਅਧਿਪਤੀ ਕਰ ਦਿਤਾ ਅਰ ਅੱਲਾ ਸੰਪੂਰਨ ਵਸਤਾਂ ਉਪਰ ਕਾਦਰ ਹੈ ॥ ੨੭ ॥ ਰੁਕੂਹ ੩ ॥

ਹੇ ਪੈਯੰਬਰ ਆਪਣੀਆਂ ਇਸਤ੍ਰੀਆਂ ਨੂੰ ਕਹਿ ਦੇਵੋ ਕਿ ਯਦੀ ਤੁਸੀਂ ਸਾਂਸਾਰਿਕ ਜੀਵਨ ਅਰ ਉਸ ਦੇ ਸੋਹੱਪਣ ਦੇ ਅਭਲਾਸ਼ੀ ਹੋ ਤੇ ਆਉ ਮੈਂ ਤੁਸਾਂ ਨੂੰ (ਕੁਛ) ਦੇ ਦਿਵਾ ਕੇ ਚੰਗੀ ਤਰਹਾਂ ਨਾਲ ਵਿਦਾ ਕਰ ਦੇਵਾਂ ॥ ੨੮ ॥ ਅਰ ਯਦੀ ਤੁਸੀਂ ਖੁਦਾ ਅਰ ਓਸ ਦੇ ਰਸੂਲ ਅਰ ਪ੍ਰਲੈ ਦੇ ਘਰ ਦੇ ਅਕਾਂਖੀ ਹੋ ਤੇ ਤੁਸਾਂ ਵਿਚੋਂ ਜੋ ਧਾਰਮਿਕ ਪੁਰਖ ਹਨ ਉਹਨਾਂ ਵਾਸਤੇ ਖੁਦਾ ਨੇ ਬੜੇ (ਬੜੇ) ਫਲ ਤਿਆਰ ਕਰ ਰਖੇ ਹਨ ॥ ੨੯ ॥ ਪੈਯੰਬਰ ਦੀ ਇਸਤ੍ਰੀਓ ! ਤੁਸਾਂ ਵਿਚੋਂ ਜੋ ਕੋਈ ਕਿਸੇ ਖੁਲਮਖੁਲਾ ਅਯੋਗ ਕਰਮ ਨੂੰ ਕਰੇਗੀ ਓਸ ਨੂੰ ਦੁਗਨੀ ਸਜ਼ਾ ਦਿਤੀ ਜਾਵੇਗੀ ਅਰ ਅੱਲਾ ਦੇ ਸਮੀਪ ਯਿਹ (ਇਕ) ਸੁਖੈਨ (ਸੀ ਬਾਰਤਾ) ਹੈ ॥ ੩੦ ॥ *ਅਰ ਤੁਸਾਂ ਵਿਚੋਂ ਜੋ ਅੱਲਾ ਅਰ ਉਸ ਦੇ ਰਸੂਲ ਦੀ ਆਗਿਆਕਾਰੀ ਅਰ ਸ਼ੁਭ ਕਰਮ ਕਰੇਗੀ ਉਸ ਨੂੰ ਅਸੀਂ ਓਸ ਦਾ ਫਲ (ਭੀ) ਦੁਗਣਾ ਦੇਵਾਂਗੇ ਅਰ ਅਸਾਂ ਨੇ (ਪਰਲੈ ਦੇ ਦਿਨ) ਉਸ ਦੇ ਵਾਸਤੇ ਇੱਜ਼ਤ ਦੀ ਰੋਜ਼ੀ ਭੀ ਤਿਆਰ ਕਰ ਰਖੀ ਹੈ ॥ ੩੧ ॥ ਪੈਯੰਬਰ ਦੀ ਇਸਤਰੀਓ ! ਤੁਸੀਂ ਕੋਈ ਸਾਮਾਨ ਸੀ ਇਸਤਰੀਆਂ ਦੀ ਤਰਹਾਂ ਤਾਂ ਹੋ ਨਹੀਂ ਯਦੀ ਤੁਸਾਂ ਨੂੰ ਪਰਹੇਜ਼ਗਾਰੀ ਅਭੀ-ਸ਼ਟ ਹੋ ਤੇ ਦਬੀ ਜ਼ਬਾਨ (ਅਰਥਾਤ ਹੌਲੀ ਜੇਹੀ ਕਿਸੇ ਨਾਲ) ਬਾਰਤਾ ਨਾ ਕੀਤਾ ਕਰੋ (ਕਿ ਐਸੇ ਕਰੋਗੀਆਂ) ਤੇ ਜਿਸ ਦੇ ਦਿਲ ਵਿਚ (ਕਿਸੀ ਪਰਕਾਰ ਦਾ) ਖੋਟ ਹੈ ਉਹ (ਖੁਦਾ ਜਾਣੇ) ਤੁਸਾਂ ਪਾਸੋਂ (ਕਿਸੀ ਪਰਕਾਰ ਦੀ) ਅਭਿਲਾਖਾ ਪੈਦਾ ਕਰ ਲਵੇਗਾ ਅਰ ਬਾਰਤਾ (ਭੀ) ਕਰੋ (ਤੇ ਲਲੋ ਪਤੋ ਥੀਂ ਬਿਨਾਂ) ਜੈਸੇ ਕਿ ਸ਼ੁਧ ਪਵਿਤ੍ਰ ਲੋਗਾਂ ਦੀ ਰੀਤੀ ਹੈ ॥ ੩੨ ॥ ਅਰ ਆਪਣਿਆਂ ਘਰਾਂ ਵਿਚ ਇਸਥਿਰ ਹੋਕੇ (ਬੈਠੀਆਂ) ਰਹੋ ਅਰ ਪਿਛਲੇ ਮੂਰਖਤਾ ਦੇ ਸਮਿਆਂ ਵਰਗੇ ਹਾਰ ਸ਼ਿੰਗਾਰ ਨਾ ਦਿਖਾਉਂਦੀਆਂ ਫਿਰੋ

*ਹੁਣ "ਵਾਮਨ ਯਕ੍ਨੁਤ" ਨਾਮੀ ਬਾਈਸਵਾਂ ਪਾਰਾ ਚਲਾ ॥

Digitized by Panjab Digital Library | www.panjabdigilib.org

ਅਰ ਨਮਾਜ਼ ਪੜੋ ਅਰ ਜ਼ਕਾਤ ਦਿਓ ਅਰ ਅੱਲਾ ਅਰ ਉਸ ਦੇ ਰਸੂਲ ਦੀ ਆਗਿਆਕਾਰੀ ਬਨੇ ਰਹੋ ( ਹੇ ਪੈਯੰਬਰ ਦੇ ) ਘਰ ਵਾਲਿਓ ! ਖੁਦਾ ਨੂੰ ਤੇ ਬਸ ਯਹੀ ਅਭੀਸ਼ਟ ਹੈ ਕਿ ਤੁਸਾਂ ਉਤੋਂ ( ਹਰ ਪਰਕਾਰ ਦੀ ) ਮੈਲ ਕੁਚੈਲ ਨੂੰ ਦੂਰ ਕਰੇ ਅਰ ਤੁਸਾਂ ਨੂੰ ਐਸਾ ਸੁਧ ਪਵਿੱਤਰ ਬਨਾਏ ਜੈਸਾ ਸੁਧ ਪਵਿੱਤਰ ਬਨਾਣ ਦਾ ਧਰਮ ਹੈ ॥ ੩੩ ॥ ਅਰ ਤੁਸਾਂ ਦਿਆਂ ਘਰਾਂ ਵਿਚ ਜੋ ਖੁਦਾ ਦੀਆਂ ਆਇਤਾਂ ਅਰ ਦਾਨਾਈਆਂ ਦੀਆਂ ਬਾਤਾਂ ਪੜ੍ਹ ਪੜ੍ਹ ਕੇ ਸੁਣਾਈਆਂ ਜਾਂਦੀਆਂ ਹਨ ਓਹਨਾਂ ਨੂੰ ਯਾਦ ਰਖੋ। (ਕਾਹੇ ਤੇ) ਅੱਲਾ (ਸੰਪੂਰਨਾਂ ਦਾ) ਭੇਦੀ ਅਰ (ਸੰਪੂਰਨਾਂ ਦੇ ਬ੍ਰਿਤਾਂਤ ਥੀਂ) ਗਿਆਤ ਹੈ ॥ ੩੪ ॥ ਰੁਕੂਹ ੪॥

ਨਿਰਸੰਦੇਹ ਮੁਸਲਮਾਨ ਪੁਰਖ ਅਰ ਮੁਸਲਮਾਨ ਇਸਤ੍ਰੀਆਂ ਅਰ ਈਮਾਨ ਧਾਰੀ ਪੁਰਖ ਅਰ ਈਮਾਨ ਧਾਰੀ ਇਸਤ੍ਰੀਆਂ ਅਰ ਫਰਮਾ-ਬਰਦਾਰ ਪੁਰਖ ਅਰ ਫਰਮਾ ਬਰਦਾਰ ਇਸਤਰੀਆਂ ਅਰ ਸੱਚ ਬੋਲਣ ਵਾਲੇ ਪੁਰਖ ਅਰ ਸਚ ਬੋਲਣ ਵਾਲੀ ਇਸਤਰੀਆਂ ਅਰ ਸਬਰ ਕਰਨ ਵਾਲੇ ਪੁਰਖ ਅਰ ਸਬਰ ਕਰਨ ਵਾਲੀਆਂ ਇਸਤਰੀਆਂ ਅਰ ਧੂੜੀ ਵਿਚ ਲਿਟੰਦੜੇ* ਪੁਰਖ ਅਰ ਧੂੜੀ ਵਿਚ ਲਿਟੰਦੜੀਆਂ ਇਸਤ੍ਰੀਆਂ ਅਰ ਦਾਨ ਕਰਨ ਵਾਲੇ ਪੁਰਖ ਅਰ ਦਾਨ ਕਰਨ ਵਾਲੀਆਂ ਇਸਤਰੀਆਂ ਅਰ ਰੋਜ਼ਾ ਰੱਖਣ ਵਾਲੇ ਪੁਰਖ ਅਰ ਰੋਜ਼ਾ ਰਖਣ ਵਾਲੀਆਂ ਇਸਤਰੀਆਂ ਅਰ ਆਪਣੇ ਗੁਪਤੇਂਦ੍ਰਯ ਦੀ ਰਾਖੀ ਕਰਨੇ ਵਾਲੇ ਪੁਰਖ ਅਰ ਰਾਖੀ ਕਰਨ ਵਾਲੀਆਂ ਇਸਤ੍ਰੀਆਂ ਅਰ ਪ੍ਰਾਯਾ ਖੁਦਾ ਨੂੰ ਯਾਦ ਕਰਨ ਵਾਲੇ ਪੁਰਖ ਅਰ ਯਾਦ ਕਰਨ ਵਾਲੀਆਂ ਇਸਤ੍ਰੀਆਂ ਏਹਨਾਂ ( ਸਾਰੀਆਂ ) ਵਾਸਤੇ ਅੱਲਾ ਨੇ ( ਏਹਨਾਂ ਦੇ ਕੀਤੇ ਦਾ ਪ੍ਰਤਿ ਬਦਲਾ ਅਰਥਾਤ ) ਦੋਖਾਂ ਦੀ ਬਖਸ਼ਸ਼ ਤਿਆਰ ਕਰ ਰਖੀ ਹੈ ਅਰ ( ਮੁਆਫੀ ਥੀਂ ਵਧਕੇ ਬੜੇ ) ਬੜੇ ਫਲ ॥ ੩੫ ॥ ਅਰ ਕਿਸੇ ਮੁਸਲਮਾਨ ਪੁਰਖ ਕਿੰਵਾ ਕਿਸੇ ਮੁਸਲਮਾਨ ਇਸਤ੍ਰੀ ਨੂੰ ਯੋਗ ਨਹੀਂ ਹੈ ਕਿ ਜਦੋਂ ਅੱਲਾ ਅਰ ਓਸ ਦਾ ਰਸੂਲ ( ਉਹਨਾਂ ਦੇ ਬਾਰੇ ਵਿਚ ) ਕੋਈ ਬਾਰਤਾ ਠਹਿਰਾ ਦੇਣ ਤੇ ( ਆਪਣੀ ਰਾ ਪਾਸੋਂ ਭੀ ਕੰਮ ਲੈਣ ਅਰ ) ਓਸ ਬਾਰਤਾ ਵਿਚ ਓਹਨਾਂ ਦਾ ( ਆਪਣਾ ) ਅਖਤਿਆਰ ( ਬਾਕੀ ) ਰਹੇ। ਅਰ ਜੋ ਪੁਰਖ ਅੱਲਾ ਅਰ ਉਸਦੇ ਰਸੂਲ ਦੀ ਆਗਿਆ ਨਹੀਂ ਮੰਨੇਗਾ ਤੇ ਓਹ ਪਰਤੀਕਸ਼ ਕੁਮਾਰਗੀ ਵਿਚ ਹੋਗਿਆ ॥ ੩੬ ॥ ਅਰ ( ਹੇ ਪੈਯੰਬਰ ਓਸ ਬਾਰਤਾ ਨੂੰ ਯਾਦ ਕਰੋ ਕਿ ) ਜਦੋਂ ਤੁਸੀ ਉਸ ਆਦਮੀ ਨੂੰ ਸਿਖਯਾ ਦੇਂਦੇ ਸੀ ( ਅਰਥਾਤ ਜ਼ੈਦ ਦੇ ਪੁਤ੍ਰ ਹਾਰਸ ਨੂੰ) ਜਿਸ ਉਪਰ ਅੱਲਾ ਨੇ ( ਆਪਣਾ ) ਉਪਕਾਰ ਕੀਤਾ (ਕਿ ਉਸ ਨੂੰ ਈਮਾਨ ਧਾਰਨ ਦੀ ਤੌਫੀਕ ਦਿਤੀ ) ਅਰ ਤੁਸੀਂ

* ਅਰਥਾਤ ਦਾਸਤਾ ਭਾਓ ਅਖਤਿਆਰ ਕਰਨ ਵਾਲੇ।

Digitized by Panjab Digital Library | www.panjabdigilib.org

ਭੀ ਉਸ ਪਰ ਉਪਕਾਰ ਕਰਦੇ ਰਹੇ ਕਿ ਆਪਣੀ ਇਸਤ੍ਰੀ ਨੂੰ ਆਪਣੀ ਇਸਤ੍ਰੀ ਬਣਾਈ ਰਖ ਅਰ ਅੱਲਾ ਪਾਸੋਂ ਡਰ ( ਅਰ ਉਸਨੂੰ ਛੱਡ ਨਹੀਂ ) ਅਰ ਤੁਸੀਂ ਉਸ ( ਬਾਰਤਾ ) ਨੂੰ ਆਪਣੇ ਦਿਲ ਵਿਚ ਛਿਪਾਉਂਦੇ ਸੀ ਜਿਸ ਨੂੰ ( ਆਖਰਕਾਰ ) ਅੱਲਾ ਪਰਗਟ ਕਰਨੇ ਵਾਲਾ ਸੀ ਅਰ ਤੁਸੀਂ ( ਏਸ ਮੁਆਮਲੇ ਵਿਚ ) ਲੋਗਾਂ ਪਾਸੋਂ ਡਰਦੇ ਸੀ ਅਰ ਖ਼ੁਦਾ ਉਸ ਦਾ ਪ੍ਰਾਯਾ ਹੱਕ-ਦਾਰ ਹੈ ਕਿ ਤੁਸੀਂ ਓਸ ਪਾਸੋਂ ਡਰੋ ਫੇਰ ਜਦੋਂ ਜ਼ੈਦ ਓਸ ( ਇਸਤ੍ਰੀ ) ਨਾਲੋਂ ਸੰਬੰਧ ਤੋੜ ਬੈਠਾ ( ਅਰਥਾਤ ਤਿਲਾਕ ਦੇ ਦਿਤੀ ਅਰ ਇਦਿਤ ਦੀ ਅਵਧੀ ਪੂਰੀ ਹੋ ਗਈ ) ਤੇ ਅਸਾਂ ਨੇ ਤੁਸਾਂ ਨਾਲ ਓਸ ( ਔਰਤ ) ਦਾ ਨਿਕਾਹ ਕਰ ਦਿਤਾ ਤਾਂ ਕਿ ( ਆਮ ) ਮੁਸਲਮਾਨਾਂ ਦੇ ਲੇਪਾਲਕ ਜਦੋਂ ਆਪਣੀਆਂ ਇਸਤ੍ਰੀਆਂ ਨਾਲੋਂ ਨਿਰਸੰਬੰਧ ਹੋ ਜਾਣ ਤੇ ਮੁਸਲਮਾਨਾਂ ਵਾ-ਸਤੇ ਓਹਨਾਂ ( ਇਸਤ੍ਰੀਆਂ ਨਾਲ ਨਕਾਹ ਕਰ ਲੈਣ ) ਵਿਚ ( ਕਿਸੇ ਪਰਕਾਰ ਦੀ ) ਤੰਗੀ ਨਾ ਰਹੇ ਅਰ ਖ਼ੁਦਾ ਦੀ ਆਗਿਆ ਤੇ ਹੋ ਕੇ ਹੀ ਹਟ ਦੀ ਹੈ ॥ ੩੭ ॥ ਅੱਲਾ ਨੇ ਪੈਯੰਬਰ ਵਾਸਤੇ ਜੋ ਬਾਰਤਾ ਨਿਯਤ ਕਰ ਦਿਤੀ ਹੋਵੇ ਉਸ ( ਦੇ ਕਰਨ ) ਵਿਚ ਪੈਯੰਬਰ ਵਾਸਤੇ ਕੁਛ ਤੰਗੀ ( ਦੀ ਬਾਰਤਾ ) ਨਹੀਂ । ਜੋ ( ਪੈਯੰਬਰ ਪਹਿਲੇ ਹੋ ਚੁਕੇ ਹਨ ਓਹਨਾਂ ਵਿਚ ( ਭੀ ਯਹੀ ) ਇਲਾਹੀ ਆਦਤ ( ਰਹੀ ) ਹੈ ( ਕਿ ਓਹਨਾਂ ਉਪਰ ਖ਼ੁਦਾ ਨੇ ਨਕਾਹ ਦੇ ਬਾਰੇ ਵਿਚ ਤੰਗੀ ਨਹੀਂ ਕੀਤੀ ) ਅਰ ਖ਼ੁਦਾ ਦੇ ( ਜਿਤਨੇ ) ਕੰਮ ( ਹਨ ਇਕ ) ਤਕਦੀਰੀ ( ਅਮਰ ਹਨ ਜੋ ਆਦ ਥੀਂ ) ਠਹਿਰੇ ਹੋਏ ਹਨ ॥ ੩੮ ॥ ਉਹ ਅਗਲੇ ਪੈਯੰਬਰ ( ਏਸ ਸਿਫ਼ਤ ਵਾਲੇ ਸਨ ਕਿ ) ਖ਼ੁਦਾ ਦੇ ਸੰਦੇਸੇ ( ਲੋਗਾਂ ਨੂੰ ) ਪਹੁੰਚਾਉਂਦੇ, ਅਰ ਖ਼ੁਦਾ ਦਾ ਭੈ ਰਖਦੇ ਸਨ ਅਰ ਖ਼ੁਦਾ ਥੀਂ ਸਿਵਾ ਕਿਸੇ ਪਾਸੋਂ ਨਹੀਂ ਡਰਦੇ ਸਨ। ( ਤੇ ਹੇ. ਪੈਗ਼ੰਬਰ ਤੁਸੀਂ ਕਿਉਂ ਡਰੋ ) ਅਰ ( ਕਰਮਾਂ ) ਦੇ ਹਿਸਾਬ ਵਾਸਤੇ ਅੱਲਾ ਹੀ ਪੂਰਣ ਹੈ। ( ਉਹ ਸੰਪੂਰਨਾਂ ਨਾਲ ਸਮਝ ਲਵੇਗਾ ) ॥ ੩੯ ॥ ( ਲੋਗੋ ) ਮੁਹੰਮਦ ਤੁਸਾਂ ਦਿਆਂ ਪੁਰਖਾਂ ਵਿਚੋਂ ਕਿਸੇ ਦਾ ਪਤਾ ਨਹੀਂ ਹੈ ( ਤੇ ਜ਼ੈਦ ਦਾ ਕਿਉਂ ਹੋਵੇ ) ਉਹ ਤੇ ਅੱਲਾ ਦੇ ਰਸੂਲ ਹੈਂ ਅਰ ( ਚਿਠੀਆਂ ਦੀ ਮੁਹਰ ਦੀ ਭਾਂਤ ਸੰਪੂਰਨ ) ਪੈਯੰਬਰਾਂ ਦੇ (ਅੰਤ ਵਿਚ) ਮੁਹਰ ਹਨ। ਅਰ ਅੱਲਾ ਸੰਪੂਰਨ ਵਸਤਾਂ ਦਾ ਗਿਆਤਾ ਹੈ ॥ ੪੦ ॥ ਰੁਕੂਹ ੫ ॥

ਮੁਸਲਮਾਨੋ ! ਪ੍ਰਾਯਾ ਅੱਲਾ ਨੂੰ ਯਾਦ ਕੀਤਾ ਕਰੋ ॥ ੪੧ ॥ ਅਰ ਸੰਧਯਾ ਪ੍ਰਾਤ ਨੂੰ ਓਸੇ ਦੀ ਉਸਤੁਤੀ ( ਤਥਾ ਮਹਿਮਾਂ ) ਕਰਦੇ ਰਹੋ ॥ ੪੨ ॥ ਵਹੀ ਹੈ ਜੋ ਤੁਸਾਂ ਉਪਰ ਦਰੂਦ ਭੇਜਦਾ ਹੈ ਅਰ ਓਸ ਦੇ ਫਰਿਸ਼ਤੇ ( ਭੀ ) ਤਾਂ ਕਿ ਖ਼ੁਦਾ ਤੁਸਾਂ ਨੂੰ ( ਕੁਫ਼ਰ ਦੇ ) ਅੰਧੇਰਿਓਂ ਨਿਕਾਲ ਕੇ ( ਈਮਾਨ

Digitized by Panjab Digital Library | www.panjabdigilib.org

ਦੇ ) ਪਰਕਾਸ਼ ਵਿਚ ਲੈ ਜਾਵੇ ਅਰ ਖੁਦਾ ਈਮਾਨ ਧਾਰੀਆਂ ( ਦੀ ਦਸ਼ਾ ) ਉਪਰ ਮੇਹਰਬਾਨ ਹੈ ॥ ੪੩ ॥ ਜਿਸ ਦਿਨ ਯਿਹ ਲੋਗ ਖੁਦਾ ਨੂੰ ਮਿਲਣਗੇ ( ਉਸ ਦਾ ) ਸਲਾਮ ਓਹਨਾਂ ਦੀ ਆਗਤ ਭਾਗਤ ਹੋਵੇਗੀ ਅਰ ਖੁਦਾ ਨੇ ਓਹਨਾਂ ਵਾਸਤੇ ( ਆਪਣੇ ਪਾਸ ਬੜੀ ) ਆਓ ਭਗਤ ਦਾ ਫਲ ਤਿਆਰ ਕਰ ਰਖਿਆ ਹੈ ॥ ੪੪ ॥ ਹੇ ਪੈਯੰਬਰ ਅਸਾਂ ਨੇ ਤੁਹਾਨੂੰ ਗਵਾਹੀ ਦੇਣ ਵਾਲਾ ਅਰ ( ਭਲਿਆਂ ਨੂੰ ਖੁਦਾ ਦੀ ਖੁਸ਼ਨੂਦੀ ਦੀ ) ਖੁਸ਼ਖਬਰੀ ਸੁਨਾਉਣ ਵਾਲਾ ॥ ੪੫ ॥ ( ਅਰ ਅਪਕਰਮੀਆਂ ਨੂੰ ਖੁਦਾ ਦੇ ਗਜ਼ਬ ਥੀਂ ) ਡਰਾਉਣ ਵਾਲਾ ਅਰ ਅੱਲਾ ਦੇ ਹੁਕਮ ਨਾਲ ਉਸ ਦੀ ਤਰਫ ( ਲੋਗਾਂ ਨੂੰ ) ਬੁਲਾਉਣ ਵਾਲਾ ਅਰ ( ਸਿਖਿਆ ਦਾ ) ਪਰਕਾਸ਼ ਵਾਨ ਦੀਵਾ ਬਣਾ ਕੇ ਭੇਜਿਆ ਹੈ ॥ ੪੬ ॥ ਅਰ ਈਮਾਨ ਵਾਲਿਆਂ ਨੂੰ ਏਸ ( ਬਾਰਤਾ ) ਦੀ ਖੁਸ਼ਖਬਰੀ ਸੁਣਾ ਦਿਓ ਕਿ ਓਹਨਾਂ ਉਪਰ ਅੱਲਾ ਦਾ ਵਡਾ ਫਜ਼ਲ ਹੈ ॥ ੪੭ ॥ ਅਰ ( ਹੇ ਪੈਯੰਬਰ ) ਕਾਫਰਾਂ ਦਾ ਅਰ ਮੁਨਾਫਿਕਾਂ ਦਾ ਕਹਿਣਾ ਨਾ ਮੰਨੋ । ਅਰ ਓਹਨਾਂ ਦੇ ਦੁਖ ਦੇਣ ਦੀ ( ਕੋਈ ) ਪਰਵਾਹ ਨਾ ਕਰੋ । ਅਰ ਖੁਦਾ ਉਪਰ ਭਰੋਸਾ ਰਖੋ ਅਰ ਖੁਦਾ ਪੂਰਨ ਕਰਨ ਕਾਰਨ ਬਸ ਹੈ ॥ ੪੮ ॥ ਮੁਸਲਮਾਨੋ ! ਜਦੋਂ ਤੁਸੀਂ ਮੁਸਲਮਾਨ ਇਸਤ੍ਰੀਆਂ ਨੂੰ ( ਆਪਣੇ ) ਨਾਲ ਨਕਾਹ ਲਵੋ ਫੇਰ ਓਹਨਾਂ ਨੂੰ ਹਥ ਲਾਉਣ ਥੀਂ ਪਹਿਲਾਂ ਤਲਾਕ ਦੇ ਦਿਓ ਤੇ ਇਦਿਤ ( ਵਿਚ ਬੈਠਾਉਣ ਦਾ ) ਤੁਸਾਂ ਨੂੰ ਉਹਨਾਂ ਉਪਰ ਕੋਈ ( ਅਧਿਕਾਰ ) ਨਹੀਂ ਕਿ ਲਗੋ ( ਓਹਨਾਂ ਪਾਸੋਂ ) ਇਦਿਤ ਦੀ ਗਿਣਤੀ ਪੂਰੀ ਕਰਾਉਣ । ਤੇ ( ਐਸੀ ਦਸ਼ਾ ਵਿਚ ) ਕੁਛ ਉਨਹਾਂ ਨੂੰ ਦੇ ਦਿਵਾ ਕੇ ਚੰਗੀ ਤਰਹਾਂ ਨਾਲ ਵਿਦਾ ਕਰ ਦਿਓ ॥ ੪੯ ॥ ਹੇ ਪੈਯੰਬਰ ਅਸਾਂ ਨੇ ਤੁਸਾਂ ਵਾਸਤੇ ਤੁਸਾਂ ਦੀਆਂ ਇਸਤ੍ਰੀਆਂ ਹਲਾਲ ਕਰ ਦਿਤੀਆਂ ਹਨ ਜਿਨਹਾਂ ਦੇ ਤੁਸਾਂ (ਹਕ) ਮਹਿਰ ਦੇ ਦਿਤੇ ਹਨ ਅਰ ਤੁਸਾਂ ਦੇ ਹਥ ਦਾ ਮਾਲ ( ਅਰਥਾਤ ਦਾਸੀਆਂ ) ਜੋ ਖੁਦਾ ਨੇ ਤੁਸਾਂ ਨੂੰ ( ਵੈਰੀਆਂ ਦੀਆਂ ਲੜਾਈਆਂ ਵਿਚੋਂ ਬਤੌਰ ਗਨੀਮਤ ) ਦਿਲਵਾ ਦਿਤੀਆਂ ਹਨ ਅਹ ਤੁਸਾਂ ਦੇ ਚਾਚੇ ਦੀਆਂ ਬੇਟੀਆਂ ਅਰ ਤੁਸਾਂ ਦੀਆਂ ਭੂਆ ਦੀਆਂ ਧੀਆਂ ਅਰ ਤੁਸਾਂ ਦੇ ਮਾਮੇ ਦੀਆਂ ਲੜਕੀਆਂ ਅਰ ਤੁਸਾਂ ਦੀ ਮਾਸੀ ਦੀਆਂ ਪੁਤਰੀਆਂ ਜੋ ਤੁਸਾਂ ਨਾਲ ਹਜਰਤ ਕਰਕੇ ਆਈਆਂ ਹਨ ਅਰ ਕੋਈ ਮੁਸਲ-ਮਾਨ ਇਸਤ੍ਰੀ ਯਦੀ ( ਬਿਨਾਂ ਦੰਮਾਂ ਥੀਂ ) ਆਪਣੇ ਆਪ ਨੂੰ ਪੈਯੰਬਰ ਤਾਂਈ ਦੇ ਦੇਵੇ ( ਅਰਥਾਤ ਬਿਨਾਂ ਹਕ ਮਹਿਰ ਥੀਂ ਨਕਾਹ ਵਿਚ ਆਉਣ ਦੀ ਇਛਾ ਕਰੇ ) ਏਸ ਪਰਤਿਗਯਾ ਉਪਰ ਕਿ ਪੈਯੰਬਰ ( ਭੀ ) ਉਸ ਨੂੰ ਨਕਾਹ ਵਿਚ ਲੈਣ ਦੀ ਅਭਿਲਾਖਾ ਕਰੇ । ( ਯਿਹ ਬਾਰਤਾ ) ਕੇਵਲ ਤੇਰੇ ਹੀ ਵਾਸਤੇ ਹੈ ਆਮ ਮੁਸਲਮਾਨਾਂ ਵਾਸਤੇ ਨਹੀਂ । ਅਸਾਂ ਨੇ ਜੋ ਸਾਮਾਨਯ

Digitized by Panjab Digital Library | www.panjabdigilib.org

ਮੁਸਲਮਾਨਾਂ ਉਪਰ ਓਹਨਾਂ ਦੀਆਂ ਇਸਤ੍ਰੀਆਂ ਅਰ ਓਹਨਾਂ ਦੇ ਹਥ ਦਾ ਧਨ ( ਅਰਥਾਤ ਦਾਸੀਆਂ ) ਦਾ ਹੱਕ ( ਮਹਿਰ ) ਨਿਯਤ ਕਰ ਦਿਤਾ ਹੈ ਸਾਨੂੰ ਮਾਲੂਮ ਹੈ ( ਉਹ ਉਹਨਾਂ ਨੂੰ ਦੇਣਾ ਹੋਵੇਗਾ। ਅਰ ਤੁਸਾਂ ਨਾਲ ਯਿਹ ਵਿਸ਼ੇਸ਼ ਰਿਆਇਤ ) ਏਸ ਵਾਸਤੇ ( ਕੀਤੀ ਗਈ ) ਹੈ ਕਿ ( ਇਸਤ੍ਰੀਆਂ ਦੇ ਬਾਰੇ ਵਿਚ ) ਤੁਸਾਂ ਉਪਰ ( ਕਿਸੀ ਪਰਕਾਰ ਦੀ ) ਤੰਗੀ ਨਾ ਰਹੇ ਅਰ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੫੦ ॥ ( ਫੇਰ ਦੂਸਰੀ ਰਿਆਇਤ ਇਹ ਹੈ ਕਿ ) ਆਪਣੀਆਂ ਇਸਤ੍ਰੀਆਂ ਵਿਚੋਂ ਜਿਸ ਨੂੰ ਚਾਹੋ ( ਅਰ ਜਿਤਨੇ ਦਿਨ ਚਾਹੋ ਆਪਣੇ ਥੀਂ ) ਅਲੱਗ ਰਖੋ ਅਰ ਜਿਸ ਨੂੰ ਚਾਹੋ (ਅਰ ਜਦੋਂ ਤਕ ਚਾਹੋ ) ਆਪਨੇ ਪਾਸ ਰਖੋ ਅਰ ਜਿਨਹਾਂ ਨੂੰ ਤੁਸਾਂ ਨੇ (ਇਕ ਖਾਸ ਸਮੇਂ ਤਕ) ਅਲਗ ਕਰ ਦਿਤਾ ਸੀ ਓਹਨਾਂ ਵਿਚੋਂ ਕਿਸੇ ਨੂੰ ਫੇਰ ( ਆਪਣੇ ਪਾਸ) ਬੁਲਾ ਲਵੋ ਤੇ ( ਏਸ ਗਲੇ ਭੀ ) ਤੁਸਾਂ ਉਪਰ ਕੋਈ ਦੋਖ ਨਹੀਂ ਯੇਹ ( ਅਧਿਕਾਰ ਤੁਸਾਂ ਨੂੰ ) ਏਸ ਭਾਵ ਉਪਰ ( ਦਿਤਾ ਗਇਆ ਹੈ ) ਕਿ ( ਏਸ ਕਰਕੇ) ਕਿ ਪ੍ਰਾਯਾ ਤੁਹਾਡੀਆ ਇਸਤ੍ਰੀਆਂ ਦੀਆਂ ਅੱਖੀਆਂ ਠੰਡੀਆਂ ਰਹਿਣ ਗੀਆਂ ਅਰ ਚਿੰਤਾਤੁਰ ਨਹੀਂ ਹੋਣਗੀਆਂ ਅਰ ਜੋ ( ਕੁਛ ਭੀ ) ਤੁਸੀ ਉਹਨਾਂ ਨੂੰ ਦੇ ਦਿਓਗੇ ਉਸ ਨੂੰ ਲੈ ਕੇ ਸਾਰੀਆਂ ਰਾਜੀ ਰਹਿਣਗੀਆਂ। ਅਰ ਜੋ ਕੁਛ ਤੁਸਾਂ ਲੋਗਾਂ ਦਿਆਂ ਮਨਾਂ ਵਿਚ ਹੈ ਅੱਲਾ ਉਸ ਨੂੰ ਜਾਣਦਾ ਹੈ ਅਰ ਅੱਲਾ ਜਾਨਣੇ ਵਾਲਾ ਤਬਾ ਧੀਰਜ ਵਾਲਾ ਹੈ॥ ੫੧ ॥ ( ਹੇ ਪੈਯੰ-ਬਰ ਏਸ ਸਮੇਂ ਦੇ ) ਪਿਛੋਂ ( ਦੂਸਰੀਆਂ ) ਇਸਤ੍ਰੀਆਂ ਤੁਸਾਂ ਨੂੰ ਦਰੁਸਤ ਨਹੀਂ ਅਰ ਨਾ ਯਿਹ ( ਯੋਗ ) ਕਿ ਏਹਨਾਂ ਨੂੰ ਬਦਲ ਕੇ ਦੂਸਰੀਆਂ ਇਸਤ੍ਰੀਆਂ ਕਰ ਲਵੋ ਯਦਜਪਿ ਓਹਨਾਂ ਦਾ ਸੁਹਾਵਨਾ ( ਸਰੂਪ ) ਤੁਸਾਂ ਨੂੰ ( ਕਿਤਨਾ ਹੀ ) ਚੰਗਾ ( ਕਿਉਂ ਨਾ ) ਲਗੇ ਤਥਾਪਿ ਆਪਣੇ ਹਥ ਦਾ ਧਨ ( ਅਰਥਾਤ ਦਾਸੀਆਂ ਦੀ ਤੰਗੀ ਨਹੀਂ ) ਅਰ ਅੱਲਾ ਹਰ ਵਸਤੂ ( ਦੇ ਹਾਲ ) ਥੀਂ ਗਿਆਤ ਹੈ ॥ ੫੨ ॥ ਰੁਕੂਹ ੬ ॥

ਮੁਸਲਮਾਨੋ ! ਪੈਯੰਬਰ ਦਿਆਂ ਘਰਾਂ ਵਿਚ ਨਾ ਜਾਇਆ ਕਰੋ ਪਰੰਤੂ ਇਹ ਕਿ ਤੁਸਾਂ ਨੂੰ ਪ੍ਰਸ਼ਾਦ ਛਕਣ ਵਾਸਤੇ (ਆਉਣ ਦੀ ) ਆਗਿਆ ਦਿਤੀ ਜਾਵੇ ( ਤੇ ਏਸ ਦਸ਼ਾ ਵਿਚ ਐਸਾ ਸਮਾਂ ਤਾੜ ਕੇ ਜਾਓ ) ਕਿ ਤੁਸਾਂ ਨੂੰ ਪਰਸ਼ਾਦ ਦੇ ਤਿਆਰ ਹੋਣ ਦੀ ਉਡੀਕ ਨਾ ਕਰਨੀ ਪਵੇ ਪਰੰਤੂ ਜਦੋਂ ਤੁਸਾਂ ਨੂੰ ਬੁਲਾਇਆ ਜਾਵੇ ਤੇ ( ਠੀਕ ੨ ਸਮੇਂ ਉਪਰ ) ਜਾਓ ਅਰ ਜਦੋਂ ਛਕ ਚੁਕੋ ਤੇ ਆਪਣੇ ਆਪ ਹੀ ਤੁਰ ਪਓ। ਅਰ ਗਲੀਂ ਕਥੀਂ ਨਾ ਲਗ ਜਾਓ ਏਸ ਕਰਕੇ ਪੈਯੰਬਰ ਨੂੰ ਕਸ਼ਟ ਹੁੰਦਾ ਸੀ ਅਰ ਉਹ ਤੁਸਾਂ ਦਾ ਲਿਹਾਜ਼ ਕਰਦੇ ਸਨ ਅਰ ਅੱਲਾ ਤੋਂ ( ਸਚੀ ਬਾਰਤਾ ਦੇ ਕਹਿਣ ) ਵਿਚ ( ਕਿਸੇ

Digitized by Panjab Digital Library | www.panjabdigilib.org

ਦਾ ਕੋਈ ) ਪਖਪਾਤ ਨਹੀਂ ਕਰਦਾ ਅਰ ਜਦੋਂ ਪੈਯੰਬਰ ਦੀਆਂ ਇਸਤ੍ਰੀਆਂ ਪਾਸੋਂ ਤੁਸਾਂ ਕੋਈ ਵਸਤੂ ਮੰਗਣੀ ਹੋਵੇ ਤੇ ਪਰਦੇ ਥੀਂ ਬਾਹਰ ( ਖੜਿਆਂ ਹੋ ਕੇ ) ਓਹਨਾਂ ਪਾਸੋਂ ਮੰਗੋ ਏਸ ਕਰਕੇ ਤੁਸਾਂ ਦੇ ਦਿਲ (ਉਹ-ਨਾਂ ਦੀ ਤਰਫੋਂ ) ਖ਼ੂਬ ਸ਼ੁਧ ( ਪਵਿਤ੍ਰ ) ਰਹਿਣਗੇ ਅਰ ( ਇਸੀ ਪ੍ਰਕਾਰ ) ਓਹਨਾਂ ਦੇ ਦਿਲ ( ਭੀ ) ਅਰ ਤੁਸਾਂ ਨੂੰ ( ਕਿਸੀ ਪ੍ਰਕਾਰ ) ਯੋਗ ਨਹੀਂ ਕਿ ਖ਼ੁਦਾ ਦੇ ਰਸੂਲ ਨੂੰ ਦੁਖ ਦਿਓ। ਅਰ ਨਾ ਹੀਂ ਯਿਹ ( ਬਾਰਤਾ ਜੋਗ ਹੈ ) ਕਿ ਓਹਨਾਂ ਦੇ ਪਿਛੋਂ ਕਦੀ ਓਹਨਾਂ ਦੀਆਂ ਇਸਤ੍ਰੀਆਂ ਨਾਲ ਨਕਾਹ ਕਰ ਲਓ ਖ਼ੁਦਾ ਦੇ ਸਮੀਪ ਯਿਹ ਬੜੀ ( ਅਯੋਗ ) ਬਾਰਤਾ ਹੈ ॥ ੫੩ ॥ ਤੁਸੀਂ ਕਿਸੇ ਵਸਤ ਨੂੰ ਪਰਗਟ ਕਰੋ ਕਿੰਵਾ ਗੁਪਤ ਅੱਲਾ ( ਨੂੰ ) ਤਾਂ ( ਦੋਨੋਂ ਬਾਤਾਂ ਬਰਾਬਰ ਹਨ ਕਾਹੇ ਤੇ ਉਹ ) ਸੰਪੂਰਣ ਵਸਤੂਆਂ ਥੀਂ ਗਿਆਤ ਹੈ ॥ ੫੪ ॥ ਪੈਯੰਬਰ ਦੀਆਂ ਇਸਤ੍ਰੀਆਂ ਨੂੰ ਆਪਣੇ ਪਿਤਾਓਂ ( ਦੇ ਸਾਹਮਣੇ ਹੋਣ ) ਵਿਚ ਕੋਈ ਦੋਖ ਨਹੀਂ ਅਰ ਨਾ ਆਪਣਿਆਂ ਪੁਤ੍ਰਾਂ ਦੇ ਅਰ ਨਾ ਆਪਣਿਆਂ ਭਿਰਾਵਾਂ ਦੇ ਅਰ ਨਾ ਆਪਣਿਆਂ ਭਤੀਜਿਆਂ ਦੇ ਅਰ ਨਾਂ ਆਪਣਿਆਂ ਭਣੇਵਿਆਂ ਦੇ ਅਰ ਨਾ ਆਪਣੀ ( ਭਾਂਤ ਦੀਆਂ ) ਔਰਤਾਂ ਦੇ ਅਰ ਨਾ ਹੱਥ ਧਨ ( ਅਰਥਾਤ ਦਾਸੀਆਂ ) ਦੇ (ਸਨਮੁਖ ਹੋਣ ਵਿਚ ਓਹਨਾਂ ਨੂੰ ਕੋਈ ਦੋਖ ਹੈ ) ਅਰ ( ਹੇ ਪੈਯੰਬਰ ਦੀ ਇਸਤ੍ਰੀਓ ਪਰਪੁਰਖਾਂ ਦੇ ਸਨਮੁਖ ਹੋਣ ਵਿਚ ) ਅੱਲਾ ਪਾਸੋਂ ਡਰਦੀਆਂ ਰਹੋ ਨਿਰਸੰਦੇਹ ਅੱਲਾ ਹਰ ਵਸਤੂ ( ਦੇ ਹਾਲ ) ਦਾ ਸਾਖੀ ਹੈ ॥ ੫੫ ॥ ਅੱਲਾ ਅਰ ਉਸ ਦੇ ਫਰਿ-ਸ਼ਤੇ ਪੈਯੰਬਰ ਵਲ ਦਰੂਦ ਭੇਜਦੇ ਰਹਿੰਦੇ ਹਨ ( ਤੇ ) ਮਸਲਮਾਨੋ ! ( ਤੁਸੀਂ ਭੀ ) ਪੈਯੰਬਰ ਦੀ ਤਰਫ ਦਰੂਦ ਅਰ ਸਲਾਮ ਭੇਜਦੇ ਰਹੋ ॥ ੫੬ ॥ ਜੋ ਲੋਗ ਅੱਲਾ ਅਰ ਉਸ ਦੇ ਰਸੂਲ ਨੂੰ ( ਕਿਸੀ ਪਰਕਾਰ ਦਾ ) ਕਸ਼ਟ ਦੇਂਦੇ ਹਨ ਓਹਨਾਂ ਨੂੰ ਸੰਸਾਰ ਵਿਚ ਅਰ ਪ੍ਰਲੈ ਦੇ ਦਿਨ ( ਦੋਨਾਂ ) ਵਿਚ ਖ਼ੁਦਾ ਦੀ ਫਿਟਕਾਰ ਹੈ ਅਰ ਖ਼ੁਦਾ ਨੇ ਓਹਨਾਂ ਵਾਸਤੇ ਜ਼ਿਲਤ ਦਾ ਕਸ਼ਟ ਤਿਆਰ ਕਰ ਰਖਿਆ ਹੈ ॥ ੫੭ ॥ ਅਰ ਜੋ ਲੋਗ ਮੁਸਲਮਾਨ ਪੁਰਖਾਂ ਅਰ ਮੁਸਲਮਾਨ ਇਸਤ੍ਰੀਆਂ ਨੂੰ ਬਿਨਾਂ ਏਸ ਬਾਰਤਾ ਦੇ ਕਿ ਉਹ ਸਦੋਖੀ ਹੋਣ ( ਅਨਰਥ ਦੀ ਊਜ ਲਾਕੇ ) ਕਸ਼ਟ ਦੇਂਦੇ ਹਨ ਤੇ ( ਉਹ ਝੂਠ ਮੂਠ ) ਤੁਫਾਨ ਅਰ ਪ੍ਰਤਛ ਸਦੋਖਤਾ ਦਾ ਭਾਰ ( ਆਪਣੇ ਸਿਰ ਉਪਰ ) ਚੁਕਦੇ ਹਨ ॥ ੫੮ ਰੁਕੂਹ ੭ ॥

ਹੇ ਪੈਯੰਬਰ ਆਪਣੀਆਂ ਇਸਤ੍ਰੀਆਂ ਅਰ ਆਪਣੀਆਂ ਬੇਟੀਆਂ ਅਰ ਮੁਸਲਮਾਨਾਂ ਦੀਆਂ ਇਸਤ੍ਰੀਆਂ ਨੂੰ ਕਹਿ ਦੇਓ ਕਿ ਆਪਣੀਆਂ ਚਾਦਰਾਂ ਦੇ ਘੁੰਡ ਕਢ ਲੀਤਾ ਕਰਨ। ਏਸ ਕਰਕੇ ਪ੍ਰਾਯਾ ਯਿਹ ( ਅਲਗ )

Digitized by Panjab Digital Library | www.panjabdigilib.org

ਪਹਿਚਾਨੀਆਂ ਜਾਣਗੀਆਂ ( ਕਿ ਭਲਿਆਂ ਭਾਗਾਂ ਵਾਲੀਆਂ ਹਨ ) ਅਰ ਕੋਈ ਛੇੜ ਛਾੜ ਨਹੀਂ ਕਰੇਗਾ ਅਰ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੫੯ ॥

ਦੰਭੀ ( ਮੁਨਾਫਿਕ ) ਅਰ ਉਹ ਲੋਗ ਜਿਨਹਾਂ ਦੀਆਂ ਬਦਨੀਤਾਂ ਹਨ ਅਰ ਜੋ ਲੋਗ ਮਦੀਨੇ ਵਿਚ ( ਝੂਠ ਮੂਠ ) ਗਲਾਂ ਫੈਲਾ ਦੇਂਦੇ ਹਨ ਯਦੀ ( ਆਪਣੀਆਂ ਚਾਲੀਆਂ ਥੀਂ ) ਨਾ ਹਟਣਗੇ ਤੋ ਹੇ ( ਪੈਯੰਬਰ ) ਅਸੀਂ ਤੇਰੇ ( ਤਾਈਂ ) ਹੀ ( ਇਕ ਨਾ ਇਕ ਦਿਨ ) ਓਹਨਾਂ ਉਪਰ ਉਦਿਤ ਕਰ ਦੇਵਾਂਗੇ ਫੇਰ ( ਯਿਹ ਲੋਗ ) ਮਦੀਨੇ ਵਿਚ ਤਾਂ ਤੁਸਾਂ ਦੇ ਪੜੋਸ ਵਿਚ ਠਹਿਰ ਨ ਸਕਣਗੇ ਪਰੰਤੂ ਥੋੜੇ ਦਿਨ ॥ ੬੦ ॥ ( ਫੇਰ ) ਏਹਨਾਂ ਦਾ ਯਿਹ ਹਾਲ ਹੋਵੇਗਾ ਕਿ ਚਾਰ ( ਚੁਫੇਰਿਓਂ ) ਫਿਟਕਾਰੇ ਹੋਏ ਜਿਥੇ ਮਿਲੇ ਪਕੜ ਪਕੜਾ ਲੀਤੇ ਅਰ ਮਾਰ ਕੇ ਟੋਟੇ ਕਰ ਸਿਟੇ ॥ ੬੧ ॥ ਜੋ ਲੋਗ ਪਹਿਲੇ (ਸਮਿਆਂ ਵਿਚ) ਹੋ ਗੁਜਰੇ ਹਨ ਓਹਨਾਂ ਵਿਚ ( ਭੀ ) ਖੁਦਾ ਦਾ ( ਯਹੀ ) ਦਸਤੂਰ ਰਹਿਆ ਹੈ ਅਰ ( ਹੇ ਪੈਯੰਬਰ ) ਤੁਸੀਂ ਖੁਦਾ ਦੇ ਦਸਤੂਰ ਵਿਚ ( ਕਿਸੀ ਪ੍ਰਕਾਰ ਦਾ ) ਕਦਾਪਿ ਹੇਰ ਫੇਰ ਨਾ ਦੇਖੋਗੇ ॥ ੬੨ ॥ ( ਹੇ ਪੈਯੰਬਰ ) ਲੋਗ ਤੁਸਾਂ ਪਾਸੋਂ ਪ੍ਰਲੈ ਦਾ ਬ੍ਰਿਤਾਂਤ ਪੁਛਦੇ ਹਨ ਤੁਸੀਂ ( ਏਹਨਾਂ ਨੂੰ ) ਕਹੋ ਕਿ ਪ੍ਰਲੈ ਦੀ ਖਬਰ ਤੋ ਬਸ ਅੱਲਾ ਹੀ ਦੇ ਪਾਸ ਹੈ ਅਰ ( ਹੇ ਪੈਯੰਬਰ ) ਤੁਸੀਂ ਕੀ ਜਾਣੋ ਸ਼ਾਇਦ ਪ੍ਰਲੈ ਸਮੀਪ ਹੀ ਆ ਪਰਾਪਤ ਹੋਈ ਹੋਵੇ ॥ ੬੩ ॥ ਨਿਰਸੰਦੇਹ ਅੱਲਾ ਨੇ ਕਾਫਰਾਂ ਨੂੰ ਫਿਟਕਾਰ ਦਿਤਾ ਹੈ ਅਰ ਓਹਨਾਂ ਵਾਸਤੇ ਦਗ ੨ ਕਰਦੀ ਹੋਈ ਅਗਨੀ ਤਿਆਰ ਕਰ ਰੱਖੀ ਹੈ ॥ ੬੪ ॥ ਓਸ ਵਿਚ ਸਦਾ ਵਾਸਤੇ ਅਰ ਨਿਤਰਾਂ ( ਨਿਤਰਾਂ ) ਰਹਿਣਗੇ ( ਅਰ ) ਨਾ ( ਕਿਸੇ ਨੂੰ ਆਪਣਾ ) ਸਹਾਇਕ ਦੇਖਣਗੇ ਅਰ ਨਾਹੀਂ ਮਦਦਗਾਰ ॥ ੬੫ ॥ ( ਯਿਹ ਉਹ ਸਮਾ ਹੋਵੇਗਾ ) ਜਦੋਂ ਕਿ ਏਹਨਾਂ ਦੇ ਮੁਖੜੇ ( ਸੀਖ ਵਾਲੇ ਕਬਾਬ ਦੀ ਤਰਾਂ ਨਾਰਕੀ ) ਅਗਨੀ ਵਿਚ ਉਲਟ ਪੁਲਟ ਕੀਤੇ ਜਾਣਗੇ ਅਰ ( ਅਫਸੋਸ ਦੇ ਤੌਰ ਉਪਰ ) ਕਹਿਣਗੇ ਕਿ ਹਾਇ ਰਬਾ ਅਸਾਂ ( ਸੰਸਾਰ ਵਿਚ ) ਅੱਲਾ ਦਾ ਕਹਿਣਾ ਮੰਨਿਆਂ ਹੁੰਦਾ ॥ ੬੬ ॥ ਅਰ ( ਹਾਇ ਰਬਾ ) ਅਸਾਂ ਨੇ ਰਸੂਲ ਦਾ ਕਹਿਣਾ ਮੰਨਿਆਂ ਹੁੰਦਾ ਅਰ ( ਯੇਹ ਭੀ ) ਕਹਿਣਗੇ ਕਿ ਹੇ ਸਾਡੇ ਪਰਵਰਦਿਗਾਰ ਅਸਾਂ ਨੇ ਆਪਣਿਆਂ ਸਰਦਾਰਾਂ ਅਰ ਆਪ-ਣਿਆਂ ਵਡ ਵਡੇਰਿਆਂ ਦਾ ਕਹਿਣਾ ਮੰਨਿਆਂ ਅਰ ਓਹਨਾਂ ਨੇ ( ਹੀ ) ਸਾਨੂੰ ਗੁਮਰਾਹੀ ਵਿਚ ( ਭੀ ) ਸਿਟਿਆ ॥ ੬੭ ॥ ਤੋ ਹੇ ਸਾਡੇ ਪਰਵਰਦਿਗਾਰ ਓਹਨਾਂ ਨੂੰ ਦੋ ਗੁਣਾਂ ਕਸ਼ਟ ਦੇ ਅਰ ਓਹਨਾਂ ਉਪਰ ਵਡੀ ( ਨਾਲੋਂ ਵਡੀ )

Digitized by Panjab Digital Library | www.panjabdigilib.org

ਫਿਟਕਾਰ ਪਾ ॥ ੬੮ ॥ ਰੁਕੂਹ ॥ ੮ ॥

ਮੁਸਲਮਾਨੋ ! ਓਹਨਾਂ ਲੋਗਾਂ ਜੈਸੇ ਨਾ ਬਨੋ ਜਿਨਹਾਂ ਨੇ ਮੂਸਾ ਨੂੰ ( ਅਨਰਥ ਦੀ ਅਯੋਗ ਤੁਹਮਤ ਦੇਕੇ ) ਕਸ਼ਟ ਦਿਤਾ ਤੇ ਅੱਲਾ ਨੇ ਓਹਨਾਂ ਦੀ ਤੁਹਮਤ ਥੀਂ ਮੂਸਾ ਦੀ ਬਰਾਇਤ (ਨਿਰਦੋਸ਼ਤਾ ਸਾਬਤ) ਕੀਤੀ ਅਰ ਅੱਲਾ ਦੇ ਸਮੀਪ ( ਮੂਸਾ ਬੜੇ ) ਭਗਵਾਨ ( ਪੈਗੰਬਰ ਸਨ ) ॥ ੬੯ ॥ ਮੁਸਲ-ਮਾਨੋ ! ਅੱਲਾ ਪਾਸੋਂ ਡਰਦੇ ਰਹੋ ਅਰ ਬਾਰਤਾ ( ਭੀ ) ਕਰੋ ( ਤੇ ਕਿਸੇ ਰਾਹ ਦੀ ਅਰ ) ਸਰਲ ( ਤਥਾ ਸਚੀ ) ੭੦ ॥ ( ਐਸੇ ਕਰੋਗੇ ) ਤੇ ( ਖੁਦਾ ) ਤੁਸਾਂ ਨੂੰ ( ਭਲਿਆਂ ਪੁਰਖਾਂ ਵਰਗੇ ) ਚੰਗੇ ਕਰਮ ਕਰਨੇ ਦੀ ਤੌਫੀਕ ਦੇਵੇਗਾ ਅਰ ਤੁਸਾਂ ਦੇ ਗੁਨਾਹ ( ਭੀ ) ਬਖਸ਼ ਦੇਵੇਗਾ । ਅਰ ਜਿਸ ਨੇ ਅੱਲਾ ਅਰ ਉਸ ਦੇ ਰਸੂਲ ਦਾ ਕਹਿਣਾ ਮੰਨਿਆਂ ਤੇ ਉਸ ਨੇ ਬੜੀ ਹੀ ਸਫਲਤਾ ਪਾਈ ॥ ੭੧ ॥ ਅਸਾਂ ਨੇ ਜ਼ਿੰਮੇਵਾਰੀ ਨੂੰ (ਜੋ ਇਨਸਾਨ ਉਪਰ ਹੈ ) ਆਕਾਸ਼ਾਂ ( ਵਿਚ ) ਅਰ ਪ੍ਰਿਥਵੀ ਪਰਬਤ਼ਾਂ ਉਪਰ ਪੇਸ਼ ਕੀਤਾ । ( ਅਰ ਯਿਹ ਬੋਝ ਓਹਨਾਂ ਉਪਰ ਲਦਣ ਦੀ ਇਛਾ ਕੀਤੀ ) ਤੇ ਉਹਨਾਂ ਨੇ ( ਹਾਲ ਦੀ ਜ਼ਬਾਨ ਸਾਥ ) ਉਸ ਦੇ ਚੁਕਣ ਥੀਂ ਇਨਕਾਰ ਕੀਤਾ ਅਰ ਓਸ ਥੀਂ ਡਰ ਗਏ ਅਰ ਆਦਮੀ ਨੇ ( ਮਾਨੋਂ ਸੰਕਲਪਣ ਸਾਹਸੀ ਨਾਲ ) ਓਸ ਨੂੰ ਉਠਾ ਲੀਤਾ ਏਸ ਵਿਚ ਭਰਮ ਨਹੀਂ ਕਿ ( ਉਹ ਆਪਣੇ ਵਾਸਤੇ ) ਬੜਾ ਹੀ ਜ਼ਾਲਮ ( ਸੀ ਅਰ ਜ਼ਾਲਿਮ ਹੋਣ ਥੀਂ ਵਧ ਕੇ) ਬੜਾ ਹੀ ਅਦਾਨਾ ( ਨਾਦਾਨ ਭੀ ) ਸੀ ॥ ੭੨ ॥ ( ਅਰ ਉਠਾਇਆ ਤੇ ਉਸ ਦਾ ਜਰੂਰੀ ਅੰਤਿਮ ਫਲ ਭੀ ਯਿਹ ਹੋਣਾ ਹੀ ਸੀ ) ਕਿ ਅੱਲਾ ਮੁਨਾਫਿਕ ਪੁਰਖ ਅਰ ਮੁਨਾਫਿਕ ਇਸਤਰੀਆਂ ਅਰ ਮੁਸ਼ਰਕ ਪੁਰਖ ਅਰ ਮੁਸ਼ਰਿਕ ਇਸ-ਤਰੀਆਂ ਨੂੰ ( ਓਹਨਾਂ ਦੇ ਕੀਤੇ ਦੀ ) ਸਜ਼ਾ ਦੇਵੇ ਅਰ ਮੁਸਲਮਾਨ ਪੁਰਖ ਅਰ ਮੁਸਲਮਾਨ ਇਸਤਰੀਆਂ ਉਪਰ ( ਆਪਣੀ ) ਮੇਹਰ ਕਰੇ ਅਰ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੭੩ ॥ ਰੁਕੂਹ ੯ ॥

# ਸੂਰਤ ਸਬਾ ਮੱਕੇ ਵਿਚ ਉਤਰੀ ਅਰ ਏਸ ਦੀਆਂ ਚੁਰਿੰਜਾ ਆਇਤਾਂ ਅਰ ਛੇ ਰੁਕੂਹ ਹਨ ॥

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ (ਅਰ)ਕਿਰ-ਪਾਲੂ ( ਹੈ ) ( ਸੰਸਾਰ ਵਿਚ ਭੀ ) ਸੰਪੂਰਣ ਉਸਤਤੁਤੀਆਂ ਓਸੇ ਅੱਲਾ ਨੂੰ ਹੀ ( ਯੋਗ ) ਹਨ ਕਿ ਜੋ ਕੁਛ ਆਕਾਸ ਉਪਰ ਹੈ ਅਰ ਜੋ ਕੁਛ ਧਰਤੀ ਵਿਚ ਹੈ ( ਸਭ ਕੁਛ ) ਓਸੇ ਦਾ ਹੀ ਹੈ ਅਰ ਅੰਤ ਨੂੰ ( ਭੀ ) ਉਸੇ ਦੀ ਹੀ ਉਸਤੁਤੀ ਹੈ ਅਰ ਵਹੀ ਯੁਕਤੀਮਾਨ ( ਅਰ) ਗਿਜਾਤਗੋਯ ਹੈ ॥ ੧ ॥ ਜੋ

Digitized by Panjab Digital Library | www.panjabdigilib.org

ਕੁਛ ਪ੍ਰਿਥਵੀ ਵਿਚ ਦਾਖਲ ਹੁੰਦਾ ( ਯਥਾ ਬੀਜ ) ਅਰ ਜੋ ਕੁਛ ਓਸ ਥੀਂ ਨਿਕਲਦਾ ਹੈ ( ਯਥਾ ਬਨਸਪਤੀ ) ਅਰ ਜੋ ਕੁਛ ਆਕਸ਼ ਥੀਂ ਉਤਰਦਾ ( ਯਥਾ ਜਲ ) ਅਰ ਜੋ ਕੁਛ ਉਸ ਵਿਚ ਚੜ੍ਹ ਕੇ ਜਾਂਦਾ ਹੈ ( ਯਥਾ ਬੁਖਾਰਾਤ ) ਉਹ ( ਸਭ ਕੁਛ ) ਜਾਣਦਾ ਹੈ ਅਰ ਵਹੀ ਮੇਹਰਬਾਨ ( ਅਰ ) ਬਖ਼ਸ਼ਣੇ ਵਾਲਾ ਹੈ ॥ ੨ ॥ ਅਰ ਮੁਨਕਰ ਕਹਿੰਦੇ ਹਨ ਕਿ ਸਾਨੂੰ ਤੇ ਪ੍ਰਲੈ ( ਪਰਾਪਤ ) ਨਹੀਂ ਹੋਣੀ ( ਹੇ ਪਯੰਬਰ ਤੁਸੀਂ ਏਹਨਾਂ ਲੋਗਾਂ ਨੂੰ ) ਕਹੋ ਹਾਂ ਭਾਈ ਹਾਂ ਮੈਨੂੰ ਆਪਣੇ ( ਓਸ ) ਪਰਵਰਦਿਗਾਰ ਦੀ ਸੌਗੰਧ ਹੈ ਜੋ ਅੰਤਰਜਾਮੀ ਹੈ ( ਅਰ ) ਜਰਾਕੁ ਜਿਤਨੀ ( ਵਸਤੂ ਭੀ ) ਆਕਾਸ਼ਾਂ ਅਰ ਪ੍ਰਿਥਵੀ ਵਿਚ ਓਸ ਥੀਂ ਛਿਪੀ ਹੋਈ ਨਹੀਂ ਅਰ ਪ੍ਰਮਾਣੂ ਥੀਂ ਛੋਟੀ ਅਰ ਪ੍ਰਮਾਣੂ ਥੀਂ ਵਡੀ ਜਿਤਨੀਆਂ ਵਸਤੂਆਂ ਹਨ ਸੰਪੂਰਨ ( ਉਸ ਦੇ ਓਥੇ ) ਪ੍ਰਗਟ ਪੁਸਤਕ ( ਅਰਥਾਤ ਲੋਹ ਮਾਫੂਜ਼ ) ਵਿਚ ਸਪਸ਼ਟ ੨ ਲਿਖੀਆਂ ਹੋਈਆਂ ( ਵਿਦਮਾਨ ) ਹਨ ॥ ੩ ॥ ( ਗਲ ਕਾਹਦੀ ਮੈਨੂੰ ਆਪਣੇ ਪਰਵਰਦਿਗਾਰ ਦੀ ਸੌਗੰਧ ਹੈ ਕਿ ) ਪ੍ਰਲੈ ਤੇ ਜਰੂਰ ਤੁਸਾਂ ਨੂੰ ਪਰਾਪਤ ਹੋ ਕੇ ਹੀ ਹਟੇਗੀ ਤਾ ਕਿ ਜੋ ਲੋਗ ਈਮਾਨ ਧਾਰ ਬੈਠੇ ਅਰ ਉਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ ( ਖੁਦਾ ) ਓਹਨਾਂ ਨੂੰ ( ਓਹਨਾਂ ਦੇ ਕੀਤੇ ਦੀ ) ਪ੍ਰਤੀਨਿਧ ਦੇਵੇ ਯਹੀ ਉਹ ਲੋਗ ਹਨ ਜਿਨਹਾਂ ਵਾਸਤੇ ( ਪ੍ਰਲੈ ਦੇ ਦਿਨ ਗੁਨਾਹ ਦੀ ) ਬਖਸ਼ਸ਼ ਅਰ ( ਸਵਰਗ ਵਿਚ ) ਇੱਜ਼ਤ ਦੀ ਰੋਜ਼ੀ ਹੈ ॥ ੪ ॥ ਅਰ ਜੋ ਲੋਗ ਸਾਡੀਆਂ ਆਇਤਾਂ ( ਦੇ ਤੋੜ ) ਵਿਚ ਵਰੁਧਤਾ ਦੀ ਕੋਸ਼ਸ਼ ਕਰਦੇ ਰਹੇ ਏਹੀ ਹਨ ਜਿਨਹਾਂ ਨੂੰ (ਪ੍ਰਲੈ ਵਿਚ) ਭਿਆਨਕ ਕਸ਼ਟ ਦੀ ਸਜ਼ਾ (ਹੋਣੀ) ਹੈ ॥ ੫ ॥ ਅਰ ( ਹੇ ਪੈਯੰਬਰ ) ਜਿਨਹਾਂ ਲੋਗਾਂ ਨੂੰ ( ਆਸਮਾਨੀ ਪੁਸਤਕਾਂ ਦੀ ) ਵਿਦਯਾ ਦਿਤੀ ਗਈ ਹੈ ( ਅਰ ਉਹ ਸਮਦ੍ਰਿਸ਼ਟਾ ਬੀ ਹਨ ਉਹ ਤੇ ) ਏਸ ( ਕੁਰਾਨ ) ਨੂੰ ਜੋ ਤੁਸਾਂ ਦੇ ਪਰਵਰਦਿਗਾਰ ਦੀ ਤਰਫੋਂ ਤੁਸਾਂ ਉਤੇ ਉਤਰਿਆ ਹੈ ( ਐਸਾ ਹੀ ) ਸਮਝਦੇ ਹਨ ਕਿ ਯਿਹ ਸਚਾ ਹੈ ਅਰ ਓਸ ( ਖੁਦਾ ) ਦਾ ਮਾਰਗ ਦਿਖਾਉਂਦਾ ਹੈ ਜੋ ਬਲੀ ਅਰ ਉਸਤਤੀ ( ਮਹਿਮਾਂ ) ਦੇ ਜੋਗ ਹੈ ॥ ੬ ॥ ਅਰ ਜੋ ਲੋਗ ਮੁਨਕਰ ਹਨ ਉਹ ( ਇਕ ਦੂਸਰੇ ਨਾਲ ਤੁਸਾਂ ਨੂੰ ਮਖੌਲ ਕਰਨ ਵਾਸਤੇ ) ਕਹਿੰਦੇ ਹਨ ਕਿ ਕਹੋ ਤੇ ਅਸੀਂ ਤੁਸਾਂ ਨੂੰ ਐਸਾ ਆਦਮੀ ਦਸੀਏ, ਜੋ ਤੁਸਾਂ ਨੂੰ ( ਏਸ ਅਸਚਰਜ ਬਾਰਤਾ ਦੀ ) ਖਬਰ ਦੇਵੇਗਾ ਕਿ ਜਦੋਂ ਤੁਸੀ ( ਮਰਿਆਂ ਪਿਛੋਂ ) ਸਿਰ ਥੀਂ ਲੈਕੇ ਪੈਰਾਂ ਤਕ ਜਰਾ ਜਰਾ ਹੋਜਾਓਗੇ ਤੇ ( ਇਕ ਵੇਰੀ ) ਜਰੂਰ ਤੁਸਾਂ ਨੂੰ ਨਵੀਨ ਜਨਮ ਵਿਚ ਆਉਣਾ ਹੋਵੇਗਾ ॥ ੭ ॥ ਪਤਾ ਨਹੀਂ ਏਸ ਪੁਰਖ ਨੇ ਖੁਦਾ ਉਪਰ ਝੂਠ (ਮੂਠ) ਥਪਿਆ ਹੈ ਕਿੰਬਾ ਏਸ ਨੂੰ ਕਿਸੇ ਰੀਤੀ ਦਾ ਉਨਮਾਦ ਹੈ

Digitized by Panjab Digital Library | www.panjabdigilib.org

( ਸੋ ਨਾ ਤੇ ਝੂਠ ਥਪਿਆ ਹੈ ਅਰ ਨਾ ਹੀ ਉਨਮਾਦ ਹੈ ) ਪ੍ਰਤਯੁਤ ਜੋ ਲੋਗ ਪ੍ਰਲੈ ਦਾ ਨਿਹਚਾ ਨਹੀਂ ਰਖਦੇ ( ਭਿਆਨਕ ) ਵਿਪਤੀ ਅਰ ਪਰਲੇ ਦਰਜੇ ਦੀ ਗੁਮਰਾਹੀ ਵਿਚ (ਆਵੇਂਢਿਤ) ਹਨ ॥ ੮ ॥ ਤੇ ਕੀ ਇਹਨਾਂ ਲੋਗਾਂ ਨੇ ਪ੍ਰਿਥਵੀ ਅਰ ਆਕਾਸ਼ ਦੀ ਤਰਫ ਜੋ (ਇਹਨਾਂ ਨੂੰ) ਇਹਨਾਂ ਦੇ ਅਗੇ ਅਰ ਇਹਨਾਂ ਦੇ ਪਿਛੇ (ਅਰਥਾਤ ਚਾਰ ਚੁਫੇਰਿਓਂ ਆਵੇਂਢਿਤ ਕੀਤੇ ਹੋਏ) ਹਨ ਦ੍ਰਿਸ਼ਟੀ ਨਹੀਂ ਦਿਤੀ ਕਿ ਅਸੀਂ ਇਛਾ ਕਰੀਏ ਤੇ ਇਹਨਾਂ ਨੂੰ ਪ੍ਰਿਥਵੀ ਵਿਚ ਧਸਾ ਦੇਈਏ ਕਿੰਬਾ ਇਹਨਾਂ ਉਪਰ ਆਸਮਾਨ ਦੇ ਟੁਕੜੇ ਗਿਰਾ ਦੇਈਏ ਹਰ ਇਕ ਪੁਰਖ ਜੋ (ਖੁਦਾ ਦੀ ਤਰਫ) ਝੁਕਦਾ ਹੈ ਉਸ ਦੇ ਵਾਸਤੇ ਤੇ ਏਸ ਵਿਚ (ਬੜੀ) ਸਿਖਿਆ ਹੈ ॥ ੯ ॥ ਰੁਕੂਹ ॥ ੧ ॥

ਅਰ ਅਸਾਂ ਨੇ ਦਾਊਦ ਨੂੰ ਆਪਣੀ ਤਰਫੋਂ (ਕਈ ਪ੍ਰਕਾਰ ਦੀਆਂ) ਉੱਤਮਤਾਈਆਂ ਦਿਤੀਆਂ ਸਨ । (ਅਤਏਵ ਅਸਾਂ ਨੇ ਪਰਬਤਾਂ ਨੂੰ ਆਗਿਆ ਦਿਤੀ ਕਿ) ਪਰਬਤੋ ਉਸਤਤੀ ਤਥਾ ਪਾਠ ਵਿਚ ਦਾਊਦ ਦੇ ਨਾਲ ਉਹਨਾਂ ਦੇ ਉਤਰ ਦੇਣ ਵਾਲੇ ਬਣੋ ਅਰ ਐਸੀ ਹੀ ਆਗਿਆ ਪੰਛੀਆਂ ਨੂੰ ਭੀ ਦਿਤੀ ਅਰ (ਏਸ ਥੀਂ ਸਿਵਾ) ਦਾਊਦ ਵਾਸਤੇ ਅਸਾਂ ਨੇ ਲੋਹੇ ਨੂੰ (ਭੀ) ਨਰਮ ਕਰ ਦਿਤਾ ਸੀ ॥ ੧੦ ॥ ਕਿ (ਏਸ ਦੀਆਂ ਚੰਗੀਆਂ ਪੂਰੀਆਂ) ੨ ਸੰਜੋਆਂ ਬਨਾਓ ਅਰ ਕੜੀਆਂ ਦੇ ਜੋੜਨ ਵਿਚ (ਮੁਨਾਸਬੀ) ਅੰਦਾਜ਼ੇ ਦਾ ਖਿਆਲ ਰਖੋ ਅਰ (ਦਾਊਦ ਦੀ ਬੰਸ ਦੇ ਲੋਗੋ ! ਇਹਨਾਂ ਨਿਆਮਤਾਂ ਦੇ ਧੰਨਜਵਾਦ ਵਿਚ) ਭਲੇ ਕਰਮ ਕਰੋ (ਅਰ) ਜੋ ਕੁਛ ਭੀ ਤੁਸੀਂ ਕਰ ਰਹੇ ਹੋ ਅਸੀਂ ਦੇਖ ਰਹੇ ਹਾਂ ॥ ੧੧ ॥ ਅਰ (ਇਸੀ ਪ੍ਰਕਾਰ) ਪੌਣ ਨੂੰ ਸੁਲੇਮਾਨ ਦੀ ਆਗਿਆ ਵਿਚ ਕਰ ਦਿਤਾ ਸੀ ਕਿ ਓਸ ਦੀ ਪ੍ਰਾਤਾਕਾਲ ਮੰਜ਼ਲ ਇਕ ਮਹੀਨੇ ਭਰ ਦਾ (ਮਾਰਗ) ਹੁੰਦਾ ਅਰ (ਇਸੀ ਪ੍ਰਕਾਰ) ਓਸ ਦੀ ਸੰਧਜਾਂ ਦੀ ਮੰਜ਼ਲ ਮਹੀਨੇ ਭਰ ਦਾ ( ਮਾਰਗ ਹੁੰਦਾ ) ਅਰ ਅਸਾਂ ਨੇ ਉਹਨਾਂ ਵਾਸਤੇ ਤਾਮਰ (ਨੂੰ ਗਲਿਤ ਕਰਕੇ ਓਸ) ਦਾ (ਇਕ) ਸੋਮਾਂ ਬਹਾ ਦਿਤਾ ਸੀ ਅਰ ਜਿਨਾਂ ਨੂੰ ਭੀ ਸੁਲੇਮਾਨ ਦੇ ਵਸ ਵਿਚ ਕਰ ਦਿਤਾ ਸੀ ਅਰ ਓਹਨਾਂ) ਵਿਚੋਂ ਐਸੇ ਭੀ ਸਨ ਜੋ ਉਹਨਾਂ ਦੇ ਪਰਵਰਦਗਾਰ ਦੇ ਹੁਕਮ ਨਾਲ ਓਹਨਾਂ ਦੇ ਹਥਾਂ ਹੇਠਾਂ (ਤਰਾਂ ਤਰਾਂ) ਦੇ ਕੰਮ ਕਰਦੇ ਸਨ ਅਰ (ਅਸਾਂ ਨੇ ਯਿਹ ਭੀ ਆਗਿਆ ਕੀਤੀ ਸੀ ਕਿ) ਇਹਨਾਂ ਵਿਚੋਂ ਜੋ ਕੋਈ ਸਾਡੇ ਹੁਕਮ ਥੀਂ ਬਦਲੇਗਾ ਅਸੀਂ ਉਸ ਤਾਂਈ (ਪ੍ਰਲੈ ਦੇ ਦਿਨ) ਨਾਰਕੀ ਕਸ਼ਟ (ਦਾ ਸ੍ਵਾਦ) ਚਖਾਵਾਂਗੇ ॥ ੧੨ ॥ (ਤੇ) ਸੁਲੇਮਾਨ ਨੂੰ ਜੋ ਕੁਛ (ਬਨਵਾਨਾ) ਅਭੀਸ਼ਟ ਹੋਂਦਾ (ਯਿਹ ਜਿੰਨ) ਓਹਨਾਂ ਵਾਸਤੇ ਬਨਾ ਦੇਂਦੇ।

Digitized by Panjab Digital Library | www.panjabdigilib.org

ਉੱਚੀਆਂ ਸੁਭਾਇਮਾਨ ਅਮਾਰਤਾਂ ਅਰ (ਢਲੀਆਂ ਹੋਈਆਂ) ਮੂਰਤਾਂ ਅਰ (ਐਸੇ ਬੜੇ ੨) ਲਗਣ ਵਰਗੇ ਹੌਜ਼ ਅਰ (ਬੜੀਆਂ ਭਾਰੀਆਂ ੨) ਦੇਗਾਂ ਜੋ ਇਕ ਹੀ ਜਗਾਂ ਪੜੀਆਂ ਰਹਿਣ (ਅਰ ਅਸਾਂ ਨੇ ਦਾਊਦ ਦੀ ਨਸਲ ਨੂੰ ਆਗਿਆ ਦਿਤੀ ਕਿ ) ਹੇ ਦਾਊਦ ਦੀ ਨਸਲ (ਏਹਨਾਂ ਨਿ-ਆਮਤ਼ਾਂ ਦੀ ਪ੍ਰਤੀਨਿਧੀ ਵਿਚ) ਸਾਡਾ ਧੰਨਬਾਦ ਕਰਦੇ ਰਹੋ ਅਰ ਸਾ-ਡਿਆਂ ਬੰਦਿਆਂ ਵਿਚੋਂ (ਬਹੁਤ ਹੀ) ਥੋੜੇ (ਬੰਦੇ) ਧੰਨਵਾਦੀ (ਹੁੰਦੇ) ਹਨ ॥ ੧੩ ॥ ਫੇਰ ਜਦੋਂ ਅਸਾਂ ਨੇ ਸੁਲੇਮਾਨ ਉਪਰ ਮੌਤ ਦਾ ਹੁਕਮ ਜਾਰੀ ਕੀਤਾ ਤੋਂ ਜਿੰਨਾਂ ਨੂੰ (ਕਸੇ ਚੀਜ਼ ਨੇ) ਓਹਨਾਂ ਦੇ ਮਰਨੇ ਦਾ ਪਤਾ ਨਾ ਦਸਿਆ ਪਰੰਤੂ ਘੁਣ ਦੇ ਕੀੜੇ ਨੇ ਕਿ ਉਹ ਸੁਲੇਮਾਨ ਦੇ ਸੋਟੇ ਨੂੰ ਖਾਂਦਾ ਸੀ ਅਰਥਾਤ ਜਦੋਂ ਡਿਗ ਪਏ ਤਦੋਂ ਜਿੰਨਾਂ ਨੇ ਜਾਨਿਆਂ ਕਿ ਯਦੀ (ਅਸੀਂ) ਗੁਪਤ ਵਾਰਤਾ ਜਾਣਦੇ ਹੋਂਦੇ ਤ੍ਰੇ (ਏਸ) ਜ਼ਿਲਤ (ਹਾਨੀ) ਦੀ ਵਿਪੱਤੀ ਵਿਚ ਨਾ ਰਹਿੰਦੇ ॥੧੪॥ ਸਬਾ (ਦਿਆਂ ਲੋਗਾਂ) ਵਾਸਤੇ ਓਹਨਾਂ ਦਿਆਂ (ਆਪਣਿਆਂ ਹੀ) ਘਰਾਂ ਵਿਚ (ਖੁਦਾ ਦੀ ਕੁਦਰਤ ਦੀ) ਨਿਰਸੰਦੇਹ ਇਕ (ਬੜੀ) ਨਿਸ਼ਾਨੀ (ਮੌਜੂਦ) ਸੀ ( ਭੂਮੀ ਕੈਸੀ ਥੀ ਕਿ ਵਿਚ ਦੀ ਲੰਘ ਜਾਣ ਵਾਲੇ ਵਾਸਤੇ) ਸਜੇ ਹਥ ਅਰ ਖਬੇ ਹਥ ਦੋ ਬਾਗ ਸਨ। (ਅਸਾਂ ਨੇ ਇਹਨਾਂ ਨੂੰ ਹੁਕਮ ਦਿਤਾ ਕਿ) ਆਪਣੇ ਪਰਵਰਦਿਗਾਰ ਦੀ (ਦਿਤੀ ਹੋਈ) ਰੋਜ਼ੀ ਖਾਓ ਅਰ ਓਸ ਦਾ ਧੰਨਜਵਾਦ ਕਰੋ (ਸੰਸਾਰ ਵਿਚ ਰਹਿਣ ਵਾਸਤੇ ਐਸਾ) ਸੁਸ਼ੀਲ ਸ਼ਹਿਰ ਅਰ (ਅੰਤ ਨੂੰ ਗੁਨਾਹ) ਬਖਸ਼ਨੇ ਵਾਲਾ ਪਰਵਰਦਿਗਾਰ ॥ ੧੫ ॥ ਇਸ ਗਲੋਂ (ਭੀ) ਉਨਹਾਂ ਨੇ (ਸਾਡੇ ਹੁਕਮ ਦੀ) ਕੋਈ ਪਰ-ਵਾਹ ਨਾ ਕੀਤੀ ਤੋਂ ਅਸਾਂ ਨੇ (ਭੀ ਬੰਨ ਤੋੜ ਕੇ) ਉਨਹਾਂ ਉਪਰ ਬੜੇ ਜ਼ੋਰ ਦੀ ਸਿਲਾਬ ਭੇਜ ਦਿਤੀ (ਅਰ ਉਸ ਨੇ ਸੰਪੂਰਨ ਦੇਸ ਦਾ ਨਾਸ ਮਾਰ ਦਿਤਾ) ਅਰ (ਸਿਲਾਬ ਦੇ ਆਇਆਂ ਪਿਛੋਂ) ਅਸਾਂ ਨੇ ਓਹਨਾਂ ਦੇ ਦੋ ਬਾਗਾਂ ਦੇ ਬਦਲੇ ਵਿਚ ਦੋ ਬਾਗ ( ਤੇ ) ਦਿਤੇ ( ਪਰੰਤੂ ) ਐਸੇ ਕਿ ਉਨਹਾਂ ਦੇ ਫਲ ਬੇਸਵਾਦ ਸਨ ਅਰ ਓਹਨਾਂ ਵਿਚ ( ਕੁਝਕੁ ) ਝਾਊਸੀ ਅਰ ਥੋਹੜੀ ਜੇਹੀ ਬੇਰੀ ॥ ੧੬ ॥ ਯਿਹ ਅਸਾਂ ਨੇ ਉਨਹਾਂ ਨੂੰ ਉਨਹਾਂ ਦੀ ਕ੍ਰਿਤ-ਘਨਤਾ ਦਾ ਬਦਲਾ ਦਿਤਾ ਅਰ ਅਸੀਂ ਕ੍ਰਿਤਘਨਾਂ ਨੂੰ ( ਐਸੇ ) ਬਦਲੇ ਦਿਤਾ ਕਰਦੇ ਹਾਂ ॥ ੧੭ ॥ ਅਰ ਅਸਾਂ ਨੇ ਸਬਾ ਦਿਆਂ ਰਹਿਣ ਵਾਲਿਆਂ ਦੀਆਂ ( ਬਸਤੀਆਂ ) ਅਰ ( ਸ਼ਾਮ ਦੇਸ ਦੇ ) ਉਨਹਾਂ ਪਿੰਡਾਂ ਦੇ ਮਧਜ ਵਿਚ ਜਿਨਹਾਂ ( ਦੀ ਪੈਦਾਵਾਰ ) ਵਿਚ ਅਸਾਂ ਨੇ ਬਰਕਤ ਦੇ ਰਖੀ ਸੀ ( ਅਰ ਬਹੁਤ ਸਾਰੇ ) ਪਿੰਡ ( ਅਬਾਦ ) ਕਰ ਰਖੇ ਸਨ ਜੋ ( ਸਮੀਪ ਸਮੀਪ )

Digitized by Panjab Digital Library | www.panjabdigilib.org

ਦਿਖਾਈ ਦਿੰਦੇ ਸਨ ਅਰ ਓਹਨਾਂ ਪਿੰਡਾਂ) ਵਿਚ (ਰਾਹੀਆਂ ਦੇ) ਤੁਰਨ ਵਾਸਤੇ ਇਕ ਹੱਦ ਬੰਨ ਦਿਤੀ ਸੀ ਕਿ ਬਿਨਾਂ ਰੋਕ ਟੋਕ ਥੀਂ ਏਹਨਾਂ ਵਿਚ ਰਾਤ ਦਿਨ ਤੁਰੋ (ਫਿਰੋ) ॥ ੧੮ ॥ ਤੇ ਵੁਹ ਲਗੇ ਕਹਿਣ ਕਿ ਹੇ ਸਾਡੇ ਪਰਵਰਦਿਗਾਰ (ਐਸੇ ਸਮੀਪ ਵਰਤੀ ਪਿੰਡਾਂ ਵਿਖੇ ਤੁਰਨ ਫਿਰਨ ਕਰਕੇ ਸਫਰ ਦਾ ਸਵਾਦ ਨਹੀਂ ਆਉਂਦਾ ਤੇ) ਸਾਡੀਆਂ ਵਾਟਾਂ ਨੂੰ ਦੂਰ ਦੂਰ ਕਰਦੇ। ਭਾਵ ਏਹਨਾਂ ਲੋਗਾਂ ਨੇ (ਨਿਆਮਤ ਦੀ ਨਾਕਦਰੀ ਕਰਕੇ) ਆਪਣੇ ਉਪਰ ਆਪ ਜੁਲਮ ਕੀਤਾ ਫੇਰ (ਤਾਂ) ਅਸਾਂ ਨੇ ਭੀ ਓਹਨਾਂ ਦੀ ਐਸੀ ਜੜ ਪੁਟੀ ਕਿ) ਓਹਨਾਂ ਦੇ ਕਿੱਸੇ ਕਹਾਣੀਆਂ ਬਨਾ ਦਿਤੇ ਅਰ ਅਸਾਂ ਨੇ ਓਹਨਾਂ ਦੀਆਂ ਧਜੀਆਂ ਬਖੇਰ ਦਿਤੀਆਂ ਜਿਤਨੇ (ਪੁਰਖ) ਸਬਰ ਸ਼ੁਕਰ ਕਰਨ ਵਾਲੇ ਹਨ ਓਹਨਾਂ ਵਾਸਤੇ (ਸਬਾ ਦੇ ਏਸ ਪਰ-ਸੰਗ) ਵਿਚ (ਬੜੀਆਂ ਬੜੀਆਂ) ਸਿਖਿਆ ਹਨ ॥ ੧੯ ॥ ਅਰ ਸ਼ੈਤਾਨ ਨੇ (ਜੋ) ਏਹਨਾਂ (ਲੋਗਾਂ) ਦੇ ਬਾਰੇ ਵਿਚ ਜੋ ਆਪਣੀ ਸਮਤੀ (ਲਗਾਈ ਸੀ ਕਿ ਯਿਹ ਮੇਰਾ ਸਾਥ ਦੇਣਗੇ) ਅਸਲ ਵਿਚ (ਉਸ ਨੇ ਆਪਣੀ ਰਾ) ਸਚ ਕਰ ਦਿਖਾਈ ਕਿ ਯਿਹ ਲੋਗ ਓਸੇ ਦੇ ਪਿਛੇ ਲਗ ਪਏ ਪਰੰਤੂ ਈਮਾਨ ਵਾਲਿਆਂ ਦਾ ਇਕ ਟੋਲਾ (ਕਿ ਉਹ ਉਸ ਦੇ ਭੁਚਲਾਉਣ ਵਿਚ ਨਾ ਆਇਆ) ॥ ੨੦ ॥ ਅਰ ਸ਼ੈਤਾਨ ਦਾ ਉਨਹਾਂ ਉਪਰ ਕੋਈ ਜ਼ੋਰ ਤੇ ਹੈ ਹੀ ਨਹੀਂ ਸੀ ਪਰੰਤੂ (ਅਸਾਂ ਨੇ ਓਸ ਦਾ ਇਕ ਹੀਲਾ ਬਨਾ ਦਿਤਾ ਸੀ ਅਰ) ਅਸਲੀ ਭਾਵ ਯਿਹ ਸੀ ਕਿ ਜੋ ਲੋਗ ਪ੍ਰਲੈ ਦਾ ਨਿਸਚਾ ਰਖਦੇ ਹਨ ਅਸੀਂ ਓਹਨਾਂ ਲੋਗਾਂ ਨੂੰ ਓਹਨਾਂ ਲੋਗਾਂ ਥੀਂ (ਅਲਗ) ਪਰਤੀਤ ਕਰ ਲਈਏ ਜੋ ਉਸ ਦੀ ਤਰਫੋਂ ਭਰਮ ਵਿਚ ਹਨ ਅਰ (ਹੇ ਪੈਯੰਬਰ) ਤੁਸਾਂ ਦਾ ਪਰਵਰਦਿਗਾਰ ਹਰ (ਇਕ) ਵਸਤੂ ਦਾ ਰਾਖਾ ਹੈ ॥ ੨੧ ॥ ਰੁਕੂਹ ੨ ॥

(ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਖੁਦਾ ਥੀਂ ਸਿਵਾ ਜਿਨਹਾਂ (ਫਰਿਸ਼ਤਿਆਂ) ਨੂੰ ਤੁਸੀਂ (ਇਕ ਰੀਤੀ ਨਾਲ ਖੁਦਾਈ ਵਿਚ ਕੁਛ ਦਖਲ ਦੇਣ ਵਾਲੇ) ਸਮਝਦੇ ਹੋ ਓਹਨਾਂ ਨੂੰ ਬੁਲਾਓ (ਅਰ ਪਰਾ-ਮਰਸ਼ ਕਰੋ ਤੇ ਤੁਸਾਂ ਨੂੰ ਪ੍ਰਤੀਤ ਹੋ ਜਾਏਗੀ ਕਿ ਉਹ ਨਾ ਤੇ ਆਕਾਸ਼ ਵਿਚ ਹੀ ਜ਼ਰਾ ਭਰ ਅਧਿਕਾਰ ਰਖਦੇ ਹਨ ਅਰ ਨਾ ਪ੍ਰਿਥਵੀ ਵਿਚ ਅਰ ਨਾ ਹੀ ਆਕਾਸ਼ ਪ੍ਰਿਥਵੀ (ਦੇ ਬਨਾਉਣ) ਵਿਚ ਕੁਛ ਏਹਨਾਂ ਦੀ ਸਾਂਝ ਹੈ ਅਰ ਨਾ ਏਹਨਾਂ ਵਿਚੋਂ ਕੋਈ ਖੁਦਾ ਦਾ ਸਹਾਇਕ ਹੈ ॥ ੨੨ ॥ ਅਰ ਖੁਦਾ ਦੇ ਏਥੇ (ਏਹਨਾਂ ਵਿਚੋਂ ਕਿਸੇ ਦੀ) ਸ਼ਫਾਰਸ਼ (ਭੀ ਕੁਛ) ਕੰਮ ਨਹੀਂ ਆਉਂਦੀ ਪਰੰਤੂ (ਹਾਂ) ਓਸ ਦੇ (ਕੰਮ ਆਵੇਗੀ) ਜਿਸ ਦੀ ਨਿਸਬਤ (ਖੁਦਾ ਸਫਾਰਸ਼ ਦੀ) ਆਗਿਆ ਦੇਵੇ (ਏਹਨਾਂ ਫਰਿਸ਼ਤਿਆਂ

Digitized by Panjab Digital Library | www.panjabdigilib.org

ਦਾ ਤੇ ਯਿਹ ਹਾਲ ਹੈ ਕਿ ਜਦੋਂ ਕੋਈ ਹੁਕਮ ਖੁਦਾ ਦੇ ਏਥੋਂ ਉਤਰਦਾ ਹੈ ਤੇ ਮਾਰੇ ਡਰਦੇ ਘਬਰਾ ਉਠਦੇ ਹਨ ) ਏਥੋਂ ਤਕ ਕਿ ਜਦੋਂ ਘਬਰਾਹਟ ਓਹਨਾਂ ਦਿਆਂ ਦਿਲਾਂ ਥੀਂ ਦੂਰ ਹੋ ਜਾਂਦੀ ਹੈ ( ਤੇ ਇਕ ਦੂਸਰੇ ਪਾਸੋਂ ਪੁਛਦੇ ਹਨ) ਕਿ ਤੁਸਾਂ ਦੇ ਪਰਵਰਦਿਗਾਰ ਨੇ ਕੀ ਹੁਕਮ ਦਿਤਾ ( ਏਸ ਗਲੋਂ ਜੋ ਅਧਿਕ ਸਮੀਪੀ ਹਨ ) ਕਹਿੰਦੇ ਹਨ ਕਿ ਜੋ ( ਹੁਕਮ ਦੇਣਾ ) ਚਾਹੀਦਾ ਸੀ ( ਉਹੀ ਹੁਕਮ ) ਦਿਤਾ ਅਰ ਉਹ ਬੜੇ ਪ੍ਰਤਾਪ ( ਵਾਲਾ ਸਭਨਾਂ ਨਾਲੋਂ ) ਉੱਚਾ ਹੈ ॥ ੨੩ ॥ ( ਹੇ ਪੈਯੰਬਰ ਏਹਨਾਂ ਲੋਗਾਂ ਪਾਸੋਂ ) ਪੁਛੋ ਕਿ ਭਲਾ ਤੁਸਾਂ ਨੂੰ ਪ੍ਰਿਥਵੀ ਆਕਾਸ਼ ਵਿਚੋਂ ਕੌਣ ਰੋਜੀ ਦਿੰਦਾ ਹੈ ( ਯਿਹ ਤੇ ਏਸ ਦਾ ਕੀ ਜਵਾਬ ਦੇਣਗੇ ਤੁਸੀਂ ਹੀ ਏਹਨਾਂ ਨੂੰ ) ਕਹੋ ਕਿ ਅੱਲਾ ਅਰ ਅਸੀਂ ( ਹੋਈਏ ) ਕਿੰਬਾ ਤੁਸੀਂ ( ਹੋ ਇਕ ਨਾ ਇਕ ਟੋਲਾ ਤੇ ) ਜਰੂਰ ਸਰਲ ਮਾਰਗ ਉਪਰ ਹੈ ਅਰ ( ਦੂਸਰਾ ) ਖੁਲਮਖੁਲੀ ਕੁਮਾਰਗੀ ਉਪਰ ॥ ੨੪ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਨਾ ਤੇ ਸਾਡਿਆਂ ਗੁਨਾਹਾਂ ਦੀ ਤੁਸਾਂ ਪਾਸੋਂ ਪੁਛ ਗਿਛ ਹੋਣੀ ਹੈ ਅਰ ਨਾ ਤੁਸਾਂ ਦਿਆਂ ਕਰਤਬਾਂ ਦੀ ਸਾਡੇ ਕੋਲੋਂ ਪੁਛ ਗਿਛ ਹੋਣੀ ਹੈ ॥ ੨੫ ॥ ਅਰ ਏਹਨਾਂ ਨੂੰ ਯਿਹ ਭੀ ) ਕਹਿ ਦਿਓ ਕਿ ਸਾਡਾ ਪਰਵਰਦਿਗਾਰ ( ਪ੍ਰਲੈ ਦੇ ਦਿਨ ) ਅਸਾਂ ( ਦੋਨਾਂ ਫਰੀਕਾਂ ) ਨੂੰ ( ਇਕ ਅਸਥਾਨ ਵਿਚ ) ਇਕਤ੍ਰ ਕਰੇਗਾ ਫੇਰ ਅਸਾਂ ( ਤੁਸਾਂ ਵਿਚੋਂ ) ਇਨਸਾਫ ਦੇ ਨਾਲ਼ ਫੈਸਲਾ ਕਰ ਦੇਵੇਗਾ ਅਰ ਉਹ ਬੜਾ ( ਠੀਕ ) ਫੈਸਲਾ ਕਰਨੇ ਵਾਲਾ ਅਰ ( ਸੰਪੂਰਨਾਂ ਦੇ ਹਾਲ ਥੀਂ ) ਗਿਆਤ ਹੈ ॥ ੨੬ ॥ ( ਹੇ ਪੈਯੰਬਰ ( ਏਹਨਾਂ ਲੋਕਾਂ ਨੂੰ ) ਕਹੋ ਜਿਨਹਾਂ ਨੂੰ ਤੁਸੀਂ ( ਖੁਦਾ ਦੇ ) ਸ਼ਰੀਕ ਬਣਾਕੇ ਖੁਦਾ ਦੇ ਨਾਲ ਮਿਲਾ-ਉਂਦੇ ਹੋ ( ਜਰਾ ) ਓਹਨਾਂ ਨੂੰ ਮੈਨੂੰ ( ਭੀ ਤਾਂ ) ਦਿਖਾਓ ਬਸ ( ਜੀ ) ਬਸ ! ( ਕੋਈ ਓਸ ਦਾ ਸ਼ਰੀਕ ਨਹੀਂ ) ਪ੍ਰਤਯੁਤ ਵਹੀ ( ਇਕ ) ਅੱਲਾ ਸ਼ਕਤੀਮਾਨ ਅਰ ਯੁਕਤੀ ਵਾਲਾ ਹੈ ॥ ੨੭ ॥ ਅਰ (ਹੇ ਪੈਯੰਬਰ ) ਅਸਾਂ ਨੇ ਤਾਂ ਤੈਨੂੰ ਸੰਪੂ-ਰਨ ( ਸੰਸਾਰੀ ) ਲੋਗਾਂ ਦੀ ਤਰਫ ( ਪੈਯੰਬਰ ਬਣਾਕੇ ) ਭੇਜਿਆ ਹੈ ਕਿ ( ਓਹਨਾਂ ਨੂੰ ਈਮਾਨ ਧਾਰਨੇ ਕਰ ਸਾਡੇ ਖੁਸ਼ੀ ਹੋਣ ਦੀ ) ਖੁਸ਼ਖਬਰੀ ਸੁਣਾ ਦਿਓ ਅਰ ( ਕੁਫਰ ਕਰਨ ਕਰਕੇ ਸਾਡੇ ਕਸ਼ਟ ਥੀਂ ) ਡਰਾ ਦਿਓ ਪਰੰਤੂ ਪ੍ਰਾਯਾ ਲੋਗ ਸਮਝਦੇ ਨਹੀਂ ੨੮ ॥ ਅਰ ( ਜੋ ਮੁਨਕਰ ਲੋਗ ਹਨ ਮੁਸਲਮਾਨਾਂ ਨੂੰ ) ਕਹਿੰਦੇ ਹਨ ਕਿ ( ਭਲਾ ) ਯਦੀ ਤੁਸੀਂ ਸਚੇ ਹੋ ਤੇ ਯੇਹ ( ਪ੍ਰਲੈ ਦੀ ) ਪਰਤਿਗਜਾ ਕਦੋਂ ( ਪੂਰੀ ) ਹੋਵੇਗੀ ॥ ੨੯ ॥ ( ਹੇ ਪੈਯੰਬਰ ਤੁਸੀਂ ਏਹਨਾਂ ਨੂੰ) ਕਹੋ ਕਿ ਤੁਸਾਂ ਨਾਲ ਜਿਸ ਦਿਨ ਦਾ ਬਚਨ ਹੈ ਤੁਸੀਂ ਨਾਂ ਓਸ ਥੀਂ ਇਕ ਘੜੀ ਪਿਛੇ ਰਹਿ ਸਕੋਗੇ ਅਰ ਨਾ ਅਗੇ ਵਧ ਸਕੋਗੇ ॥ ੩੦ ॥ ਰੁਕੂਹ ੩ ॥

Digitized by Panjab Digital Library | www.panjabdigilib.org

ਅਰ ( ਮੱਕੇ ) ਦੇ ਕਾਫਰ ਕਹਿੰਦੇ ਹਨ ਕਿ ਅਸੀਂ ਤਾਂ ਏਸ ਕੁਰਾਨ ਨੂੰ ਕਦਾ ਭੀ ਨਾ ਮੰਨੀਏ ਅਰ ਨਾ ਏਸ ਨਾਲੋਂ ਪਹਿਲੀਆਂ ( ਕਿਤਾਬਾਂ ) ਨੂੰ ( ਮੰਨੀਏ ) ਅਰ ( ਹੇ ਪੈਗੰਬਰ ) ਕਾਸ਼ ਤੁਸੀਂ ਦੇਖੋ ਜਦੋਂ ( ਕਿਆਮਤ ਦੇ ਦਿਨ ਯਿਹ ) ਜ਼ਾਲਿਮ ਆਪਣੇ ਪਰਵਰਦਿਗਾਰ ਦੇ ਸਨਮੁਖ ( ਜਵਾਬ ਦੇਈ ਵਾਸਤੇ ) ਖੜੇ ਕੀਤੇ ਜਾਣਗੇ ( ਅਰ ) ਇਕ ਬਾਰਤਾ ਨੂੰ ਦੂਜਾ ਖੰਡਨ ਕਰ ਰਹਿਆ ਹੋਵੇਗਾ ਨਿਰਬਲ ( ਅਰਥਾਤ ਛੋਟੇ ਆਦਮੀ ) ਬੜਿਆਂ ਲੋਗਾਂ ਨੂੰ ਕਹਿਣਗੇ ਕਿ ਯਦੀ ਤੁਸੀਂ ਨ ਹੁੰਦੇ ਤਾਂ ਅਸੀਂ ਅਵਸ਼ ਈਮਾਨ ਧਾਰ ਬੈਠੇ ਹੁੰਦੇ ॥ ੩੧ ॥ (ਇਸ ਗਲੋਂ) ਬੜੇ ਲੋਗ ਨਿਰਬਲਾਂ (ਛੋਟਿਆਂ) ਨੂੰ ਕਹਿਣਗੇ ਕਿ ਜਦੋਂ ਤੁਸਾਂ ਪਾਸ ( ਖੁਦਾ ਦੀ ਤਰਫੋਂ ) ਸਿਖਜਾ ਆਈ ਤਾਂ ਕੀ ਉਸ ਥੀਂ ਆਇਆਂ ਪਿਛੋਂ ਅਸਾਂ ਨੇ ਤੁਸਾਂ ਨੂੰ (ਜੋਰ ਧਿੰਗਾਣੇ ) ਓਸ (ਉਪਰ ਵਰਤਾਓ ਕਰਨ ) ਥੀਂ ਰੋਕਿਆ ( ਐਸੀ ਬਾਰਤਾ ਤੇ ਹੋਈ ਨਹੀਂ ) ਪ੍ਰਤੁਜਤ ਤੁਸੀਂ (ਆਪ ਹੀ) ਦੋਖੀ ਥੇ ॥੩੨॥ ਅਰ ਨਿਰਬਲ ਲੋਗ ਬੜਿਆਂ ਲੋਗਾਂ ਨੂੰ ਕਹਿ-ਣਗੇ (ਜ਼ੋਰ ਧਿੰਗਾਣੇ ਤਾਂ ਨਹੀਂ ਹਾਂ) ਪਰੰਤੂ (ਹਾਂ ਤੁਸਾਂ ਦੀ) ਰਾਤ ਦਿਨ ਦੀਆਂ ਜੁਗਤੀਆਂ ਨੇ (ਰੋਕਿਆ) ਕਿ ਲਗਾਤਾਰ ਸਾਨੂੰ ਖੁਦਾ ਨੂੰ ਨਾ ਮੰਨਣ ਅਰ ਉਸਦੇ ਨਾਲ ਸ਼ਰੀਕ ਨਿਯਤ ਕਰਨੇ ਨੂੰ ਕਹਿੰਦੇ ਰਹੇ ਅਰ ਜਦੋਂ ਯਿਹ ਲੋਗ ਕਸ਼ਟ ਨੂੰ ( ਆਪਣੀ ਅੱਖੀਂ ) ਦੇਖ ਲੈਣਗੇ ਤੋ ਸ਼ਰਮਿੰਦਗੀ ਪਰਗਟ ਕਰਨਗੇ ਅਰ ਜੋ ਲੋਗ (ਸੰਸਾਰ ਵਿਚ) ਕੁਫਰ ਕਰਦੇ ਰਹੇ ਅਸੀਂ ਓਹਨਾਂ ਦਿਆਂ ਗਲਾਂ (ਗਰਦਨਾਂ) ਵਿਚ ਤੌਕ ਪਵਾ ਦੇਵਾਂਗੇ ਜੈਸੇ ਜੈਸੇ ਕਰਮ ਯਿਹ ਲੋਗ ਕਰਦੇ ਰਹੇ ਓਹਨਾਂ ਦਾ ਹੀ ਤੇ ਬਦਲਾ ਏਹਨਾਂ ਨੂੰ ਮਿਲ ਰਹਿਆ ਹੈ ॥੩੩॥ ਅਰ ਅਸਾਂ ਨੇ ਕਿਸੇ ਬਸਤੀ ਵਿਚ ਕੋਈ ( ਰਸੂਲ ਖੁਦਾ ਦੇ ਕਸ਼ਟ ਥੀਂ ) ਡਰਾਉਣ ਵਾਲਾ ਨਹੀਂ ਭੇਜਿਆ ਪਰੰਤੂ ਓਥੋਂ ਦਿਆਂ ਖੁਸ਼ਹਾਲ ਲੋਗਾਂ ਨੇ (ਬਿਦ ਬਦਾ ਕੇ ਪੈਗੰਬਰਾਂ ਨੂੰ ) ਕਹਿਆ ਕਿ ਜੋ ( ਹੁਕਮ ) ਦੇ ਕੇ ਤੁਸਾਂ ਨੂੰ ਭੇਜਿਆ ਗਇਆ ਹੈ ਅਸੀਂ ਤਾਂ ਓਹਨਾਂ ਨੂੰ ਮੰਨਦੇ ਨਹੀਂ ॥ ੩੪ ॥ ਅਰ ( ਇਸੀ ਪਰਕਾਰ ਇਹ ਮੱਕੇ ਦੇ ਕਾਫਰ ਭੀ ਮੁਸਲਮਾਨਾਂ ਨੂੰ ) ਕਹਿੰਦੇ ਹਨ ਕਿ ਅਸੀਂ ਧਨ ਮਾਲ ਅਰ ਔਲਾਦ ( ਭੀ ਤੁਸਾਂ ਨਾਲੋਂ ) ਬਹੁਤੀ ਰਖਦੇ ਹਾਂ ਅਰ ( ਅੰਤ ਨੂੰ ਵੀ ) ਸਾਨੂੰ ਕਸ਼ਟ ਨਹੀਂ ਹੋਵੇਗਾ ॥ ੩੫ ॥ ( ਹੇ ਪ੍ਰੈਗੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਮੇਰਾ ਪਰਵਰਦਿਗਾਰ ਜਿਸ ਦੀ ਰੋਜ਼ੀ ਚਾਹੁੰਦਾ ਹੈ ਖੁਲੀ ਕਰ ਦੇਂਦਾ ਹੈ ਅਰ ( ਜਿਸ ਦੀ ਚਾਹੁੰਦਾ ਹੈ ) ਮਿਣੀ ਤੋਲੀ ਕਰ ਦੇਂਦਾ ਹੈ ਪਰੰਤੂ ਪ੍ਰਾਯਾ ਲੋਗ ਵਾਕਫ ਨਹੀਂ ॥ ੩੬ ॥ ਰੁਕੂਹ ੪ ॥

ਅਰ ( ਲੋਕੋ ) ਤੁਸਾਂ ਦਾ ਧਨ ( ਮਾਲ ) ਅਰ ਤੁਸਾਂ ਦੀ ਔਲਾਦ (ਸਾਡੇ

Digitized by Panjab Digital Library | www.panjabdigilib.org

ਏਥੇ ਕੁਛ ) ਐਸਾ ( ਕਦਰ ) ਨਹੀਂ (ਰਖਦੇ)ਕਿ ਤੁਸਾਂ ਨੂੰ ਸਾਡੇ ਸਮੀਪੀ ਬਨਾ ਦੇਣ ਪਰੰਤੂ ਜਿਸਨੇ ਈਮਾਨ ਧਾਰਿਆ ਅਰ ਉਸ ਨੇ ਸ਼ੁਭ ਕਰਮ ( ਭੀ ) ਕੀਤੇ ( ਪ੍ਰਲੈ ਦੇ ਦਿਨ ) ਐਸਿਆਂ ਲੋਗਾਂ ਵਾਸਤੇ ਓਹਨਾਂ ਦਿਆਂ ਕਰਮਾਂ ਦਾ ਦੁਗਣਾ ਫਲ ਹੈ ਅਰ ਉਹ ( ਸਵਰਗ ਦਿਆਂ ) ਚੋਬਾਰਿਆਂ ਵਿਚ ਸ਼ਾਂਤੀ ਪੂਰਬਕ ( ਬੈਠੇ ) ਹੋਣਗੇ ॥ ੩੭ ॥ ਅਰ ਜੋ ਲੋਗ ਵਰੋਧ ਨਾਲ ਸਾਡੀਆਂ ਆਇਤਾਂ ਦੇ ਤੋੜਨ ਦੇ ਪਿਛੇ ਪਏ ਰਹਿੰਦੇ ਹਨ ਉਹ ਕਸ਼ਟ ਵਿਚ ਰਖੇ ਜਾਣਗੇ ॥ ੩੮ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਮੇਰਾ ਪਰਵਰਦਿਗਾਰ ਆਪਣਿਆਂ ਬੰਦਿਆਂ ਵਿਚੋਂ ਜਿਸ ਦੀ ਰੋਜ਼ੀ ਚਾਹੁੰਦਾ ਹੈ ਵਿਸਤਾਰ ਕਰ ਦੇਂਦਾ ਹੈ । ਅਰ ਜਿਸ ਦੀ ਚਾਹੁੰਦਾ ਹੈ ਤੋਲੀ ਮਿਣੀ ਕਰ ਦੇਂਦਾ ਹੈ । ਅਰ ਤੁਸੀਂ ਲੋਗ ਕੁਛ ਭੀ ( ਰਬ ਦੇ ਰਾਹ ਵਿਚ ) ਖਰਚ ਕਰੋ ਉਹ ਉਸ ਦਾ ਬਦਲਾ ਦੇਵੇਗਾ ਅਰ ਉਹ ਸਾਰਿਆਂ ਰੋਜ਼ੀ ਦੇਣ ਵਾਲਿਆਂ ਵਿਚੋਂ ਉਤਮ ( ਰੋਜ਼ੀ ਦੇਣ ਵਾਲਾ ) ਹੈ ॥ ੩੯ ॥ ਅਰ (ਲੋਗੋ ਉਸ ਦਿਨ ਨੂੰ ਦ੍ਰਿਸ਼ਟੀ ਅਗੇ ਰਖੋ ) ਜਦੋਂ ਕਿ ਖੁਦਾ ਸਾਰਿਆਂ ਲੋਗਾਂ ਨੂੰ ਇਕੱਤ੍ਰ ( ਕਰੇ ਗਾ ਅਰ ਇਕੱਤ੍ਰ ) ਕਰਿਆਂ ਪਿਛੋਂ ਫਰਿਸ਼ਤਿਆਂ ਨੂੰ ਪੁਛੇਗਾ ਕਿ ਕੀ ਯਿਹ ( ਮਾਨੁਸ਼ ) ਤੁਸਾਂ ਦੀ ਹੀ ਪੂਜਾ ਕਰਿਆ ਕਰਦੇ ਸਨ । ( ਅਰ ਤੁਸੀਂ ਏਸ ਬਾਰਤਾ ਥੀਂ ਪਰਸੰਨ ਸੋ ) ॥ ੪੦ ॥ ਉਹ ਬੇਨਤੀ ਕਰਨਗੇ ਕਿ ( ਖੁਦਾ-ਇਆ ) ਤੂੰ ਪਵਿਤ੍ਰ ਹੈਂ । ਸਾਨੂੰ ਆਪ ਦੇ ਨਾਲ ਸਰੋਕਾਰ ਹੈ ਨਾ ਕਿ ਏਹਨਾਂ ਨਾਲ ( ਸਾਡੀ ਨਹੀਂ ) ਪ੍ਰਤ੍ਯੁਤ ( ਯਿਹ ਲੋਗ ਅਸਲ ਵਿਚ ਤਾਂ ) ਸ਼ੈਤਾਨਾਂ ਦੀ ਪੂਜਾ ਕੀਤਾ ਕਰਦੇ ਸਨ ( ਕਿ ਓਹਨਾਂ ਦੇ ਭੁਚਲਾਉਣ ਵਿਚ ਆਗਏ ਅਰ ) ਏਹਨਾਂ ਵਿਚੋਂ ਪ੍ਰਾਯਾ ਓਹਨਾਂ ਉਪਰ ਹੀ ਸ਼ਰਧਾ ਰਖਦੇ ਸਨ ॥ ੪੧ ॥ ( ਏਸ ਬਾਰਤਾ ਉਪਰ ਖੁਦਾ ਕਹੇਗਾ ਕਿ ) ਅਜ ਤੁਸਾਂ ਵਿਚੋਂ ਨਾ ਤਾਂ ਕੋਈ ਕਿਸੇ ਨੂੰ ਨਫਾ ਪਰਾਪਤ ਕਰਨੇ ਨੂੰ ਹੀ ਸਾਮਰਥ ਹੈ ਅਰ ਨਾ ਹੀ ਨੁਕਸਾਨ ਪਰਾਪਤ ਕਰਨੇ ਉਪਰ ਅਰ ਅਸੀਂ ਸਰਕਸ਼ ਲੋਗਾਂ ਨੂੰ ਕਹਾਂਗੇ ਕਿ ਨਾਰਕੀ ਦੁਖ ਜਿਸ ਨੂੰ ਤੁਸੀਂ ਝੁਠਿਆਰਿਆ ਕਰਦੇ ਸੀ ( ਹੁਣ ਉਸ ਦਾ ਸਵਾਦ ) ਚਖੋ ॥ ੪੨ ॥ ਅਰ ਜਦੋਂ ਏਹਨਾਂ ( ਕਾਫਰਾਂ ) ਨੂੰ ਸਾਡੀਆਂ ਖੁਲਮਖੁਲੀਆਂ ਆਇਤਾਂ ਪੜ ਕਰ ਸੁਣਾਈਆਂ ਜਾਂਦੀਆਂ ਹਨ ਤੇ ( ਇਕ ਦੂਸਰੇ ਨੂੰ ) ਕਹਿੰਦੇ ਹਨ ਕਿ ਯਿਹ ( ਪੁਰਖ ਜੋ ਪੈਯੰਬਰੀ ਵਿਚ ਪੈਰ ਰਖਦਾ ਹੈ ) ਬਸ ( ਸਾਡੇ ਵਰਗਾ ) ਆਦਮੀ ਹੈ ( ਅਰ ) ਏਸ ਦਾ ਸੰਕਲਪ ਯਿਹ ਹੈ ਜਿਨਹਾਂ ( ਮਾਬੂਦਾਂ ) ਦੀ ਤੁਸਾਂ ਦੇ ਪਿਤਾ ( ਪਿਤਾਮਾ ) ਪੂਜਾ ਕਰਦੇ ਸਨ ਤੁਸਾਂ ਨੂੰ ਓਹਨਾਂ ( ਦੀ ਪੂਜਾ ) ਥੀਂ ਰੋਕ ਦੇਵੇ ਅਰ ( ਕੁਰਾਨ ਦੇ ਪ੍ਰਕਰਣ ਵਿਚ ) ਕਹਿੰਦੇ ਹਨ ਕਿ ਯਿਹ ਤੋ ਬਸ ਨਿਰਾ ਘੜਾ

Digitized by Panjab Digital Library | www.panjabdigilib.org

ਝੂਠ (ਅਰ ਏਸ ਦਾ ਆਪਣਾ) ਰਚਿਆ ਹੋਇਆ ਹੈ ਅਰ ਜੋ ਲੋਗ ਮੁਨ-ਕਰ ਹਨ ਜਦੋਂ ਓਹਨਾਂ ਦੇ ਪਾਸ ਸਚੀ ਬਾਰਤਾ ਆਈ ਤੇ ਉਹ ਉਸ ਦੀ ਨਿਸਬਤ ਕਹਿਣ ਲਗੇ ਕਿ ਯਿਹ ਤਾਂ ਬਸ ਪਰਤੱਖ ਤੰਤਰ ਹੈ॥ ੪੩। ਅਰ ( ਹੇ ਪੈਯੰਬਰ ) ਅਸਾਂ ਨੇ ਏਹਨਾਂ ਨੂੰ ( ਆਸਮਾਨੀ ) ਕਿਤਾਬਾਂ ਨਹੀਂ ਦਿਤੀਆਂ ਕਿ ਓਹਨਾਂ ਨੂੰ ਪੜ੍ਹਦੇ ( ਪੜ੍ਹਾਉਂਦੇ ) ਹੋਣ ਅਰ ਨਾ ਤੁਸਾਂ ਨਾਲੋਂ ਪਹਿਲਾਂ ਏਹਨਾ ਦੇ ਪਾਸ ਕੋਈ ਡਰਾਉਣ ਵਾਲਾ ਭੇਜਿਆ ( ਅਜੇ ਭੀ ਏਹਨਾਂ ਨੇ ਕੁਰਾਨ ਅਰ ਪੈਯੰਬਰ ਦੀ ਕਦਰ ਨਾ ਕੀਤੀ )॥ ੪੪॥ ਅਰ ਏਹਨਾਂ ਨਾਲੋਂ ਅਗਲਿਆਂ ਲੋਗਾਂ ਨੇ ( ਭੀ ਪੈਯੰਬਰਾਂ ਨੂੰ ) ਝੁਠਿਆਰਿਆ ਸੀ ਅਰ ਜੋ ਕੁਛ ਅਸਾਂ ਨੇ ਲੋਗਾਂ ਨੂੰ ਦੇ ਰਖਿਆ ਸੀ ਯਿਹ ਲੋਗ ਤੇ ( ਅਜੇ ) ਓਸ ਦੇ ਦਸਵੇਂ ਬਿਸਵੇ ਨੂੰ ਭੀ ਨਹੀਂ ਪਹੁੰਚੇ ਭਾਵ ਅਗਲਿਆਂ ਲੋਗਾਂ ਨੇ ਸਾਡਿਆਂ ਪੈਯੰਬਰਾਂ ਨੂੰ ਝੁਠਿਆਰਿਆ ( ਅਰ ਪੈਯੰਬਰਾਂ ਦਾ ਝੁਠਿਆਰਨਾ ਸਾਨੂੰ ਅਯੋਗ ਪਰਤੀਤ ਹੋਇਆ ) ਤਾਂ ( ਤੁਸਾਂ ਨੇ ਵੇਖ ਲਿਆ ਹੋਵੇਗਾ ਕਿ ) ਸਾਡੀ ਅਪਰਸਿੰਨਤਾ ( ਓਹਨਾਂ ਦੇ ਹਕ ਵਿਚ ) ਕੇਹੋ ਜੇਹੀ ( ਭੈੜੀ ) ਹੋਈ ॥ ੪੫ ॥ ਰਕੂਹ ੫ ॥

(ਹੇ ਪੈਯੰਬਰ ਤੁਸੀਂ ਏਹਨਾਂ ਲੋਗਾਂ ਨੂੰ ) ਕਹੋ ਕਿ ਮੈਂ ਸਿਖਿਆ ਦੀ ਰੀਤੀ ਪੂਰਬਕ ਤੁਹਾਨੂੰ ਕੇਵਲ ਇਕ ਬਾਰਤਾ ਕਹਿੰਦਾ ਹਾਂ ਕਿ ਖੁਦਾ ਦੇ ਵਾਸਤੇ ਦੋ ਦੋ ( ਮਿਲ ਕੇ ) ਅਰ ਅਕੱਲੇ ੨ ਖੜੇ ਹੋ ਜਾਓ ਫੇਰ ਬਿਚਾਰੋ ( ਤੇ ਤੁਸਾਂ ਨੂੰ ਪ੍ਰਤੀਤ ਹੋ ਜਾਏਗਾ ) ਕਿ ਤੁਸਾਂ ਦੇ ਮਿੱਤਰ ( ਅਰ-ਥਾਤ ਮੇਰੇ ) ਤਾਂਈ ਕਿਸੇ ਪ੍ਰਕਾਰ ਦਾ ( ਭੀ ) ਉਨਮਾਦ ਨਹੀਂ ਹੈ ਪ੍ਰਤ੍ਯੁਤ ( ਤੁਸਾਂ ਉਪਰ ਇਕ ) ਭਿਆਨਕ ਕਸ਼ਟ ( ਉਤਰਨ ਵਾਲਾ ਹੈ ਅਰ ਓਸ ) ਦੇ ਅਗੇ ੨ ਯਿਹ ਤੁਸਾਂ ਨੂੰ ਸਭੈ ਕਰਦਾ ਹੈ ਅਰ ਬਸ॥ ੪੬॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਮੈਨੇ ਤੁਸਾਂ ਪਾਸੋਂ ਕੋਈ ਮਜ਼ਦੂਰੀ ਮੰਗੀ ਹੋਵੇ ਤੇ ਉਹ ਤੁਸਾਂ ਨੂੰ ਹੀ ( ਸੁਹਾਉਣੀ ਹੋਵੇ ) ਮੇਰੀ ਮਜਦੂਰੀ ਤਾਂ ਬਸ ਅੱਲਾ ਪਾਸ ਹੀ ਹੈ ਅਰ ਵੁਹ ਸਰਬ ਵਸਤੂਆਂ ਦੇ ( ਬ੍ਰਿਤਾਂਤ ) ਥੀਂ ਗਿਆਤ ਹੈ॥ ੪੭॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਮੇਰਾ ਪਰਵਰਦਿਗਾਰ ( ਝੂਠੀ ਬਾਰਤਾ ਦੇ ਮਿਟਾ ਦੇਣ ਨੂੰ ) ਸਚ ( ਦੇ ਹਥਿਆਰ ) ਚਲਾ ਰਹਿਆ ਹੈ ( ਅਰ ਉਹ ) ਗੈਬ ਦੀਆਂ ਬਾਤਾਂ ਨੂੰ ਖੂਬ ਜਾਣਦਾ ਹੈ॥ ੪੮॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਸਚਾ (ਦੀਨ) ਆ ਪਹੁੰਚਿਆ ਅਰ ਝੂਠੇ (ਦੀਨ) ਪਾਸੋਂ ਨਾ ਤੇ ਅਜੇ ਕੁਛ (ਲਾਭ) ਹੋਂਦਾ ਹੈ ਅਰ ਨਾ ਅਗੇ ਹੋਵੇਗਾ॥ ੪੯ ॥(ਹੇ ਪੈਯੰਬਰ ਇਹਨਾਂ ਲੋਗਾਂ ਨੂੰ ਕਹੋ) ਕਿ ਯਦੀ ਮੈਂ ਭੁਲ ਉਪਰ ਹਾਂ ਤੇ

Digitized by Panjab Digital Library | www.panjabdigilib.org

ਮੇਰੀ ਭੁੱਲ (ਦਾ ਉਪਦ੍ਰਵ) ਮੇਰੇ ਹੀ ਉਪਰ ਹੈ ਅਰ ਯਦੀ ਸੁਧੇ ਮਾਰਗ ਉਪਰ ਹਾਂ ਤੇ (ਯਿਹ) ਏਸ (ਕੁਰਾਨ) ਦੀ ਬਰਕਤ ਨਾਲ (ਹੈ) ਜੋ ਮੇਰਾ ਪਰਵਰਦਿਗਾਰ ਮੇਰੀ ਤਰਫ ਆਕਾਸ਼ਬਾਣੀ ਦੇ ਦਵਾਰਾ ਉਤਾਰਦਾ ਹੈ ਨਿਰਸੰਦੇਹ ਉਹ (ਹਰ ਇਕ ਦੀ ਪੁਕਾਰ ਸੁਣਨੇ ਵਾਲਾ ਅਰ ਹਰ ਇਕ ਪੁਕਾਰ ਕਰਨ ਵਾਲੇ ਦੇ) ਸਮੀਪ ਹੈ ॥ ੫੦ ॥ ਅਰ (ਹੇ ਪੈਗੰਬਰ) ਹਾਇ (ਵੁਹ ਦਸ਼ਾ) ਤੁਸਾਂ ਦੀਆਂ ਅਖੀਆਂ ਅਗੇ ਹੋਵੇ ਜਦੋਂ ਕਿ ਯਿਹ ਲੋਗ (ਪ੍ਰਲੈ ਦੇ ਦਿਨ) ਘਬਰਾਏ ੨ ਫਿਰਨਗੇ ਅਰ (ਕਿਸੇ ਪਾਸੇ ਨੂੰ) ਭਜਕੇ ਨਾ ਜਾ ਸਕਣਗੇ ਅਰ ਪਾਸੋਂ ਹੀ ਪਾਸੋਂ ਪਕੜ ਲੀਤੇ ਜਾਣਗੇ ॥ ੫੧ ॥ ਅਰ (ਬੇ ਅਖਤਿਆਰ) ਬੋਲ ਉਠਨਗੇ ਕਿ (ਹੁਣ) ਅਸੀਂ ਰਸੂਲ ਉਪਰ ਈਮਾਨ ਧਾਰ ਬੈਠੇ ਅਰ (ਇਤਨੀ) ਦੂਰੋਂ ਈਮਾਨ ਕਿਸਤਰਹਾਂ ਏਹਨਾਂ ਦੇ ਹਥ ਆ ਸਕਦਾ ਹੈ ॥ ੫੨ ॥ ਅਰ (ਏਹਨਾਂ ਦਾ ਯਿਹ ਹਾਲ ਹੈ ਕਿ) ਪਹਿਲੇ ਓਸ ਥੀਂ ਇਨਕਾਰ ਕਰਦੇ ਅਰ ਬਿਨਾ ਦੇਖੇ ਭਾਲੇ ਦੂਰ ਹੀ ਥੀਂ (ਅਟਕਲਪਚੂ ਤੀਰ) ਤੁਕੇ ਚਲਾਉਂਦੇ ਰਹੇ ॥ ੫੩ ॥ ਅਰ (ਹੁਣ) ਏਹਨਾਂ ਵਿਚ ਅਰ ਏਹਨਾਂ ਦੀ ਕਾਮਨਾਉਂ ਵਿਚ ਇਕ ਰੋਕ ਕਰ ਦਿਤੀ ਜਾਵੇਗੀ ਕਿ ਐਸਾ ਹੀ (ਸਲੂਕ) ਓਹਨਾਂ ਲੋਗਾਂ ਨਾਲ ਕੀਤਾ ਗਇਆ ਜੋ ਏਹਨਾਂ ਦੇ ਹਮਜਿਨਸੀ ਥੇ (ਅਰ) ਏਨਹਾਂ ਥੀਂ ਪਹਿਲੋਂ (ਕੁਫਰ ਕਰ ਚੁਕੇ ਸਨ) ਉਹ (ਭੀ ਏਹਨਾਂ ਦੀ ਹੀ ਤਰਾਂ) ਭ੍ਰਮ ਹੀ ਭ੍ਰਮ ਵਿਚ (ਪੜੇ) ਹੋਏ ਸਨ ॥ ੫੪ ॥ ਰੁਕੂਹ ੬ ॥

## ਸੂਰਤ ਫਾਤਰ ਮੱਕੇ ਵਿਚ ਉਤਰੀ ਅਰ ਏਸ ਦੀਆਂ ਪੰਤਾਲੀ ਆਇਤਾਂ ਅਰ ਪੰਜ ਰੁਕੂਹ ਹਨ।

(ਪ੍ਰਾਰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ ਅਰ ਕਿਰ-ਪਾਲੂ (ਹੈ) ਸਰਬ ਪਰਕਾਰ ਦੀਆਂ ਉਸਤਤੀਆਂ ਦੇ (ਯੋਗ) ਅੱਲਾ ਹੀ ਹੈ ਜਿਸ ਨੇ (ਕੇਵਲ ਅਭਾਵ ਥੀਂ) ਆਕਾਸ਼ ਵਾ ਪ੍ਰਿਥਵੀ ਬਨਾ ਨਿਕਾਸੇ (ਅਰ) ਓਸੇ ਨੇ ਫਰਿਸ਼ਤਿਆਂ ਨੂੰ (ਆਪਣਾ) ਦੂਤ ਬਣਾਇਆ ਜਿਨਹਾਂ ਦੇ ਦੋ ਦੋ ਅਰ ਤਿੰਨ ੨ ਅਰ ਚਾਰ ੨ ਪੰਖ ਹਨ (ਆਪਣੀ ਸ੍ਰਿਸ਼ਟੀ ਦੀ) ਉਤਪਤੀ ਵਿਚ ਜਿਸ ਵਸਤੂ ਨੂੰ ਚਾਹੁੰਦਾ ਹੈ ਅਧਿਕ ਕਰ ਦੇਂਦਾ ਹੈ ਨਿਰਸੰਦੇਹ ਅੱਲਾ ਸੰਪੂਰਨ ਵਸਤੂਆਂ ਉਪਰ ਕਾਦਰ ਹੈ ॥ ੧ ॥ ਅੱਲਾ (ਆਪਨੀ) ਰਹਿਮਤ (ਦਾ ਲੰਗਰ) ਜੋ ਲੋਗਾਂ ਦੇ ਵਾਸਤੇ ਖੋਲੇ ਤੇ ਕੋਈ (ਭੀ) ਉਸ ਦੇ ਬੰਦ ਕਰਨ ਵਾਲਾ ਨਹੀਂ ਅਰ ਬੰਦ ਕਰ ਲਵੇ ਤਾਂ ਤੇ ਉਸ ਦੇ (ਬੰਦ ਕੀਤਿਆਂ) ਪਿਛੋਂ

Digitized by Panjab Digital Library | www.panjabdigilib.org

ਕੋਈ ਉਸ ਦੇ ਜਾਰੀ ਕਰਨੇ ਵਾਲਾ ਨਹੀਂ ਅਰ ਵੁਹ ਸ਼ਕਤੀਮਾਨ ( ਅਰ ) ਯੁਕਤੀ ਵਾਲਾ ਹੈ ॥ ੨ ॥ ਲੋਗੋ ! ਅੱਲਾ ਦੇ ਉਪਕਾਰ ਜੋ ਤੁਸਾਂ ਉਪਰ ਹਨ ਓਹਨਾਂ ਨੂੰ ਯਾਦ ਕਰੋ ਭਲਾ ਅੱਲਾ ਦੇ ਸਿਵਾ ਕੋਈ ( ਹੋਰ ਭੀ ) ਪੈਦਾ ਕਰਨੇ ਵਾਲਾ ਹੈ ? ਜੋ ਪ੍ਰਿਥਵੀ ਅਕਾਸ਼ ਵਿਚੋਂ ਤੁਸਾਂ ਨੂੰ ਰੋਜ਼ੀ ਦੇਵੇ ( ਤੇ ) ਉਸ ਦੇ ਸਵਾ ਕੋਈ ਮਾਬੂਦ ਨਹੀਂ ਫੇਰ ਤੁਸੀ ( ਲੋਕ ) ਕਿਸ ਪਾਸੇ ਭੰਬਲ ਭੂਸੇ ਖਾਂਦੇ ਚਲੇ ਜਾ ਰਹੇ ਹੋ ॥ ੩ ॥ ਅਰ ( ਹੇ ਪੈਯੰਬਰ ) ਯਦੀ ( ਯਿਹ ਲੋਕ ) ਤੁਸਾਂ ਨੂੰ ਝੁਠਿਆਰਨ ਤੇ ਤੁਸਾਂ ਨਾਲੋਂ ਅਗਲੇ ਪੈਯੰਬਰ ਭੀ ਝੁਠਿਆਰੇ ਜਾ ਚੁਕੇ ਹਨ ਅਰ ( ਅੰਤ ਨੂੰ ) ਸਾਰੀਆਂ ਬਾਤਾਂ ਅੱਲਾ ਦੇ ਹੀ ਸਨਮੁਖ ਪਰਗਟ ਕੀਤੀਆਂ ਜਾਣਗੀਆਂ ॥ ੪ ॥ ਲੋਗੋ ਅੱਲਾ ਦਾ ਬਚਨ ( ਪ੍ਰਲੈ ) ਸਚ ਹੈ ਤੇ ਐਸਾ ਨਾ ਹੋਵੇ ਕਿ ਸੰਸਾਰਿਕ ਜੀਵਨ ਤੁਸਾਂ ਨੂੰ ਧੋਖੇ ਵਿਚ ਪਾਈ ਰਖੇ ਅਰ ਐਸਾ ਨਾ ਹੋਵੇ ਕਿ ( ਸ਼ੈਤਾਨ ) ਕਪਟੀ ਖ਼ੁਦਾ ਦੇ ਬਾਰੇ ਵਿਚ ਤੁਸਾਂ ਨੂੰ ਧੋਖਾ ਦੇ ( ਕੇ ਨਾ ਫਰਮਾਨੀਆਂ ਕਰੋ ਅਰ ਦਿਆਲਤਾ ਦੇ ਅਭਿਲਾਖੀ ਰਹੋ ) ॥ ੫ ॥ ਨਿਰਸੰਦੇਹ ਕਿ ਸ਼ੈਤਾਨ ਤੁਸਾਂ ਦਾ ( ਪੱਕਾ ) ਵੈਰੀ ਹੈ ਤੇ ( ਤੁਸੀਂ ਭੀ ) ਉਸ ਨੂੰ ( ਆਪਣਾ ) ਵੈਰੀ ਹੀ ਸਮਝੀ ਰਖੋ ਉਹ ਤਾਂ ਆਪਣਿਆਂ ਲੋਗਾਂ ਨੂੰ (ਆਪਣੀ ਤਰਫ) ਕੇਵਲ ਏਸ ਭਾਵ ਨਾਲ ਬੁਲਾਉਂਦਾ ਹੈ ਕਿ ਉਹ ਲੋਗ (ਅੰਤ ਨੂੰ) ਨਾਰਕੀਆਂ ਵਿਚ (ਜਾ ਪਰਾਪਤ) ਹੋਣ ॥ ੬ ॥ ਜੋ ਲੋਗ ਮੁਨਕਰ ਹਨ ਓਹਨਾਂ ਨੂੰ ਕਰੜੀ ਸਜ਼ਾ ਹੋਣੀ ਹੈ ਅਰ ਜੋ ਲੋਗ ਈਮਾਨ ਧਾਰ ਬੈਠੇ ਅਰ ਓਹਨਾਂ ਨੇ ਭਲੇ ਕਰਮ (ਭੀ) ਕੀਤੇ ਓਹਨਾਂ ਵਾਸਤੇ (ਗੁਨਾਹਾਂ ਦੀ) ਬਖਸ਼ਸ਼ ਅਰ (ਭਲਿਆਂ ਕਰਮਾਂ ਦਾ) ਬੜਾ ਫਲ ਹੈ ॥ ੭ ਰੁਕੂਹ ੧ ॥

ਤੇ ਕੀ ਵੁਹ ਪੁਰਖ ਜਿਸ ਨੂੰ ਉਸ ਦੇ ਨਖਿੱਧ ਕਰਮ (ਸ਼ੈਤਾਨ ਨੇ) ਚੰਗਾ ਕਰ ਦਿਖਾਇਆ ਅਰ ਉਹ (ਮਨੋਂ ਕਲਪਨਾਂ ਦੀ ਪੈਰਵੀ ਕਰਕੇ) ਉਸ ਨੂੰ ਚੰਗਾ ਸਮਝਦਾ ਹੈ (ਕਿੰਤੂ ਈਮਾਨਦਾਰੀ ਨੇਕੋਕਾਰ ਦੇ ਬਰਾਬਰ ਹੋ ਸਕਦਾ ਹੈ) ਬਾਰਤਾ ਯਿਹ ਹੈ ਕਿ ਅੱਲਾ ਜਿਸ ਨੂੰ ਚਾਹੁੰਦਾ ਹੈ ਗੁਮਰਾਹ ਕਰ ਦੇਂਦਾ ਹੈ ਅਰ ਜਿਸ ਨੂੰ ਚਾਹੁੰਦਾ ਹੈ ਸੂਧਾ ਮਾਰਗ ਦਸ ਦੇਂਦਾ ਹੈ ਤਾਂ (ਹੇ ਪੈਯੰਬਰ) ਇਹਨਾ ਲੋਗਾਂ (ਦੀ ਦਸ਼ਾ) ਉਪਰ ਅਫਸੋਸ ਕਰ ਕਰਕੇ (ਕਿਤੇ) ਤੁਸਾਂ ਦੀ ਜਿੰਦੜੀ ਨਾ ਹਵਾ ਹੋ ਜਾਏ (ਤੁਸੀਂ ਸਬਰ ਕਰਕੇ ਬੈਠੇ ਰਹੋ ਕਾਹੇ ਤੇ) ਜੈਸੇ ੨ ਕਰਮ ਯਿਹ ਲੋਗ ਕਰ ਰਹੇ ਹਨ ਅੱਲਾ ਓਹਨਾ ( ਸੰਪੂਰਨਾਂ ) ਥੀਂ ਗਿਆਤ ਹੈ (ਸਮੇਂ ਸਿਰ ਇਹਨਾਂ ਨਾਲ ਸਮਝ ਲਵੇਗਾ) ॥ ੮ ॥ ਅਰ ਅੱਲਾ (ਹੀ) ਉਹ (ਸਰਵ ਸ਼ਕਤੀਮਾਨ) ਹੈ ਜੋ ਪੌਣਾਂ ਚਲਾਉਂਦਾ ਹੈ ਫੇਰ ਪੌਣਾਂ ਮੇਘਾਂ ਨੂੰ ਉਦਤ

Digitized by Panjab Digital Library | www.panjabdigilib.org

ਕਰਦੀਆਂ ਹਨ ਫੇਰ ਮੇਘਾਂ ਨੂੰ ਅਸੀਂ ਐਸਿਆਂ ਸ਼ਹਿਰਾਂ ਵਲ ਪਰੇਰ ਦੇਂਦੇ ਹਾਂ ਜੋ (ਖੁਸ਼ਕੀ ਦੇ ਕਾਰਣੋਂ) ਮੁਰਦਾ (ਅਰਥਾਤ ਬੰਜਰ ਪਿਆ) ਹੋਇਆ ਹੈ ਫੇਰ ਅਸੀਂ ਵਰਖਾ ਦੇ ਵਸੀਲੇ ਨਾਲ ਪ੍ਰਿਥਵੀ ਨੂੰ ਉਸ ਦੇ ਮਰਿਆਂ ਪਿਛੋਂ ਸੁਰਜੀਤ ਕਰ ਦੇਂਦੇ ਹਾਂ ਇਸੀ ਪ੍ਰਕਾਰ (ਲੋਗਾਂ ਨੂੰ ਭੀ ਪ੍ਰਲੈ ਵਿਚ ਜੀ) ਉਠਣਾ ਹੋਵੇਗਾ ॥ ੯ ॥ ਜੋ ਮਾਨ ਦਾ ਅਭਿਲਾਖੀ ਹੋਵੇ ਤੇ (ਉਸ ਨੂੰ ਚਾਹੀਦਾ ਹੈ ਖ਼ੁਦਾ ਦੀ ਫਰਮਾ ਬਰਦਾਰੀ ਕਰੇ ਕਾਹੇ ਤੇ) ਸਾਰੀ ਇਜ਼ਤ ਖ਼ੁਦਾ ਦੀ (ਦਾਤ) ਹੈ ਚੰਗੀਆਂ ਚੰਗੀਆਂ ਬਾਤਾਂ ਉਸ (ਦੀ ਦਰਗਾਹ) ਤਕ ਪਹੁੰਚਦੀਆਂ ਹਨ ਅਰ (ਵਹੀ) ਸ਼ੁਭ ਕਰਮ (ਕਰਨ ਵਾਲ਼ਿਆਂ ਦੇ ਦਰਜਿਆਂ) ਨੂੰ ਬੁਲੰਦ ਕਰਦਾ ਹੈ ਅਰ (ਹੇ ਪੈਯੰਬਰ) ਜੋ ਲੋਗ (ਤੈਨੂੰ ਦੁਖ ਦੇਣ ਵਾਸਤੇ ਬੁਰੀਆਂ) ਬੁਰੀਆਂ ਯੁਕਤੀਆਂ ਵਿਚਾਰਦੇ ਰਹਿੰਦੇ ਹਨ ਓਹਨਾਂ ਨੂੰ ਸਖਤ ਸਜ਼ਾ ਹੋਣੀ ਹੈ ਅਰ ਓਹਨਾਂ ਦੀਆਂ (ਸਾਰੀ-ਆਂ) ਯੁਕਤੀਆਂ ਓਹ ਹੀ (ਅੰਤ ਨੂੰ) ਭਸਮੀ ਭੂਤ ਹੋ ਜਾਣਗੀਆਂ ॥ ੧੦ ॥ ਅਰ (ਲੋਗੋ) ਅੱਲਾ ਹੀ ਨੇ ਤੁਸਾਂ ਨੂੰ (ਪਹਿਲੇ) ਮਿਟੀ ਥੀਂ ਉਤਪਤ ਕੀਤਾ ਫੇਰ ਬੀਰਜ ਥੀਂ ਫੇਰ (ਇਸਤ੍ਰੀ ਪੁਰਖ ਬਨਾ ਕੇ) ਤੁਸਾਂ ਨੂੰ ਜੋੜਾ ਜੋੜਾ ਬਨਾਇਆ ਅਰ ਨਾ ਕਿਸੇ ਇਸਤ੍ਰੀ ਨੂੰ ਗਰਭ ਠਹਿਰਦਾ ਹੈ ਅਰ ਨਾ (ਵੁਹ ਬਚਾ) ਜਣਦੀ ਹੈ ਪਰੰਤੂ (ਯਿਹ ਸਭ) ਕੁਛ ਅੱਲਾ ਦੇ ਹੀ ਗਿਆਨ (ਅਰ ਆਗਿਆ) ਨਾਲ (ਹੁੰਦਾ ਹੈ) ਅਰ ਨਾ ਕਿਸੀ ਪੁਰਖ ਦੀ ਉਮਰ ਅਧਿਕ ਅਰ ਨਾ ਕਿਸੀ ਦੀ ਉਮਰ ਨਯੂਨ ਕੀਤੀ ਜਾਂਦੀ ਹੈ ਪਰੰਤੂ (ਯਿਹ ਸਭ ਕੁਛ) ਕਿਤਾਬ ਵਿਚ (ਲਿਖਿਆ ਹੋਇਆ ਵਿਦਮਾਨ) ਹੈ (ਅਰ) ਕੋਈ ਭਰਮ ਨਹੀਂ ਕਿ ਯਿਹ (ਸਭ) ਕੁਛ ਅੱਲਾ ਦੇ ਸਮੀਪ (ਇਕ) ਸੁਖੈਨ (ਸੀ ਬਾਰਤਾ) ਹੈ ॥ ੧੧ ॥ ਅਰ (ਸਾਗਰ) ਦੋ (ਪ੍ਰਕਾਰ ਦੇ ਹੋਂਦੇ ਹਨ ਅਰ ਵੁਹ ਦੋਨੋਂ) ਸਮੁੰਦਰ ਇਕ ਪ੍ਰਕਾਰ ਦੇ ਨਹੀਂ ਹਨ ਇਕ (ਐਸਾ ਕਿ) ਉਸ ਦਾ ਪਾਣੀ ਮਿਠਾ ਸੁੰਦਰ ਸਵਾਦੂ ਭਲਾ ਚੰਗਾ ਸੁਹਾਉਣਾ ਹੈ ਅਰ ਇਕ (ਐਸਾ ਹੈ ਕਿ ਉਸ ਦਾ ਪਾਣੀ) ਖਾਰਾ ਤਥਾ (ਕੌੜਾ) ਹੈ ਅਰ (ਇਸ ਵਿਭੇਦ ਦੇ ਹੁੰਦਿਆਂ ਸੁੰਦਿਆਂ) ਤੁਸੀਂ (ਲੋਗ) ਦੋਨੋਂ (ਸਮੁੰਦਰਾਂ) ਵਿਚੋਂ (ਮਛੀਆਂ ਸ਼ਿਕਾਰ ਕਰਕੇ ਓਹਨਾਂ ਦਾ ਸਜਰਾ) ਸਜਰਾ ਮਾਸ ਖਾਂਦੇ ਅਰ ਭੂਖਣ (ਅਰਥਾਤ ਮੋਤੀ) ਨਿਕਾਲਦੇ ਜਿਨਹਾਂ ਨੂੰ ਪਹਿਰਦੇ ਹੋ। ਅਰ (ਹੇ ਸ੍ਰੋਤਾ) ਤੂੰ ਵੇਖਦਾ ਹੈਂ ਕਿ ਕਿਸ਼ਤੀਆਂ ਦਰਿਯਾ ਵਿਚ (ਪਾਣੀ ਨੂੰ ਮਿਠਾ ਹੋਵੇ ਕਿੰਬਾ ਖਾਰਾ) ਫਾੜ-ਦੀਆਂ ਤੁਰੀਆਂ ਜਾਂਦੀਆਂ ਹਨ ਤਾ ਕਿ ਤੁਸੀਂ (ਲੋਗ) ਖ਼ੁਦਾ ਦੀ ਕਿਰਪਾ (ਅਰਥਾਤ ਵਯਾਪਾਰੀ ਲਾਭ) ਢੂੰਡੋ ਅਰ ਤਾਂ ਕਿ ਤੁਸੀਂ (ਓਸਦਾ) ਉਪਕਾਰ ਮੰਨੋ ॥੧੨॥ ਉਹ ਰਾਤ੍ਰੀ (ਦੇ ਇਕ ਵਿਭਾਗ) ਨੂੰ ਦਿਨ ਵਿਚ ਮਿਲਾ ਦੇਂਦਾ ਹੈ

Digitized by Panjab Digital Library | www.panjabdigilib.org

ਅਰ ਦਿਨ ( ਦੇ ਇਕ ਵਿਭਾਗ ) ਨੂੰ ਰਾਤ੍ਰੀ ਵਿਚ ਮਿਲਾ ਦੇਂਦਾ ਹੈ ਅਰ ਓਸੇ ਨੇ ਸੂਰ ਚੰਦ ਨੂੰ ( ਆਪਣੇ ) ਸਵਾਧੀਨ ਕਰ ਰਖਿਆ ਹੈ ਕਿ ਦੋਨੋਂ ( ਇਸੀ ਪਰਕਾਰ ਆਪਣਿਆਂ ) ਨਿਯਤ ਸਮਿਆਂ ਉਪਰ ਪੜੇ ਚਲ ਰਹੇ ਹਨ ( ਲੋਗੋ ! ) ਯਹੀ ਅੱਲਾ ਤੇ ਤੁਸਾਂ ਦਾ ਪਰਵਰਦਿਗਾਰ ਹੈ ਓਸੇ ਦੀ ਹੀ ਰਾਜਧਾਨੀ ਹੈ ਅਰ ਉਸ ਦੇ ਸਿਵਾ ਜਿਨਹਾਂ ( ਮਾਬੂਦਾਂ ) ਦਾ ਤੁਸੀਂ ਆਵਾ-ਹਨ ਕਰਦੇ ਹੋ ਜ਼ਰਾ ਸਾ ਭੀ ਤੋ ਅਖਤਿਆਰ ਨਹੀਂ ਰਖਦੇ ॥ ੧੩ ॥ ਤੁਸੀਂ ਓਹਨਾਂ ਨੂੰ ( ਕਿਤਨਾ ਹੀ ) ਬੁਲਾਓ ( ਪ੍ਰਥਮ ) ਤੋ ਉਹ ਤੁਸਾਂ ਦੇ ਬੁਲਾਉਣ ਨੂੰ ਸੁਨਣਗੇ ਨਹੀਂ• ਅਰ ( ਯਦੀ ਸੰਕਲਪ ਕੀਤਾ ਜਾਏ ) ਕਿ ਸੁਣ ਭੀ ਲੈਣ ਤੋ ਤੁਸਾਂ ਦੀ ਫਰਿਆਦਰਸੀ ਨਾ ਕਰ ਸਕਨਗੇ ਅਰ ( ਤੁਸਾਂ ਜੋ ਓਹਨਾਂ ਨੂੰ ਖੁਦਾ ਦੇ ਸ਼ਰੀਕ ਬਨਾ ਰਹੇ ਹੋ ) ਪ੍ਰਲੈ ਦੇ ਦਿਨ ( ਯਹੀ ) ਤੁਸਾਂ ਦੇ ਸ਼ਰਕ ਥੀਂ ਮੁਕਰ ਬੈਠਣਗੇ ਅਰ ( ਹੇ ਸ੍ਰੋਤਾ ਖੁਦਾ ਜੋ ਹਰ ਵਸਤੂ ਦੀ ਹਾਲ ਥੀਂ ) ਵਾਕਫ ( ਹੈ ਏਹਨਾਂ ਸ਼ਰੀਕਾਂ ਦੀ ਬੇ ਹਕੀਕਤੀ ਓਸ ) ਜੈਸਾ ਤੋ ਤੁਸਾਂ ਨੂੰ ਕੋਈ ਦਸਨ ਵਾਲਾ ਨਹੀਂ ॥ ੧੪ ॥ ਰੁਕੂਹ ੨ ॥

ਲੋਗੋ ! ਤੁਸੀਂ ( ਹਰ ਵੇਲੇ ) ਖੁਦਾ ਦੇ ਮੁਹਤਾਜ ਹੋ ਅਰ ਅੱਲਾ ( ਜੋ ਹੈ ਤੋ ) ਵਹੀ ਬੇ ਪਰਵਾਹ ( ਹੈ ਅਰ ਸਾਰੀਆਂ ) ਚੰਗਿਆਈਆਂ ਰਖਦਾ ਹੈ ॥ ੧੫ ॥ ਉਹ ਇਛਾ ਕਰੇ ਤੋ ਤੁਸਾਂ ( ਸਾਰਿਆਂ ) ਨੂੰ (ਪ੍ਰਿਥਵੀ ਦੇ ਪਰਦੇ ਥੀਂ ਉਠਾ ਕੇ ਲੈਜਾਏ ਅਰ ਨਵੀਨ ਸ੍ਰਿਸ਼ਟੀ ਲਿਆ ਬਸਾਵੇ ॥ ੧੬ ॥ ਅਰ ਯਿਹ ( ਬਾਰਤਾ ) ਅੱਲਾ ਅਗੇ ( ਕੋਈ ) ਕਠਿਨ ਨਹੀਂ ॥ ੧੭ ॥ ਅਰ ( ਪ੍ਰਲੈ ਦੇ ਦਿਨ ) ਕੋਈ ਪੁਰਖ ਕਿਸੇ ਦੂਸਰੇ ( ਦੇ ਗੁਨਾਹਾਂ ) ਦਾ ਭਾਰ ਅਪਣੇ ਉਪਰ ਨਹੀਂ ਲਵੇਗਾ ਅਰ ਯਦੀ ਕਿਸੇ ਉਪਰ ( ਗੁਨਾਹਾਂ ਦਾ ) ਭਾਰੀ ਬੋਝ ਹੋਵੇ ਅਰ ਉਹ ਆਪਣਾ ਬੋਝ ਬਟਾਉਣ ਵਾਸਤੇ ( ਕਿਸੇ ਨੂੰ ) ਬੋਲਾਇ ਤੋ ਓਸ ਦਾ ਜ਼ਰਾ ਸਾ ਬੋਝ ਭੀ ਨਹੀਂ ਬਟਾਇਆ ਜਾਵੇਗਾ ਯਦਯਪੀ ਉਹ ( ਜਿਸ ਨੂੰ ਓਸ ਨੇ ਬੁਲਾਇਆ ਹੈ ਏਸ ਦਾ ) ਸਾਕ ਅੰਗ ( ਹੀ ਕਿਉਂ ਨਾ ) ਹੋਵੇ ( ਹੇ ਪੈਗੰਬਰ) ਤੁਸੀਂ ਤੇ ਬਸ ਓਹਨਾਂ ਲੋਗਾਂ ਨੂੰ ਹੀ ਸਭੋ ਕਰ ਸਕਦੇ ਹੋ ਜੋ ਬਿਨਾਂ ਦੇਖਿਆਂ ਆਪਣੇ ਪਰਵਰਦਿਗਾਰ ਪਾਸੋਂ ਡਰਦੇ ਅਰ ਨਮਾਜ ਪੜਦੇ ਹਨ ਅਰ ਜੋ ਪੁਰਖ ਸੁਧਰਦਾ ਹੈ ਤੋ ਆਪਣੇ ਹੀ ( ਫਾਇਦੇ ) ਵਾਸਤੇ ਸੁਧਰਤਾ ਹੈ ਅਰ ( ਅੰਤ ਨੂੰ ਸਾਰਿਆਂ ਨੇ ) ਅੱਲਾ ਦੀ ਹੀ ਤਰਫ ਲੋਟ ਕੇ ਜਾਣਾ ਹੈ ॥ ੧੮ ॥ ਅਰ ਅੰਧਾ ਅਰ ਅਖੀਆਂ ਵਾਲਾ ਬਰਾਬਰ ਨਹੀਂ ( ਹੋ ਸਕਦਾ ) ॥ ੧੯ ॥ ਅਰ ਨਾ ਅੰਧੇਰਾ ਅਰ ਪ੍ਰਕਾਸ਼ ॥ ੨੦ ॥ ਅਰ ਨਾਂ ਛਾਇਆ ਅਰ ਨਾ ਧੁਪ ॥ ੨੧ ॥ ਅਰ ਨਾਂ ਜੀਉਂਦੇ ਅਰ ਮੁਰਦੇ ਬਰਾਬਰ ਹੋ ਸਕਦੇ ਹਨ ਅੱਲਾ ਜਿਸ ਨੂੰ ਚਾਹੁੰਦਾ ਹੈ

Digitized by Panjab Digital Library | www.panjabdigilib.org

ਬਾਰਤਾ ਦੇ ਸ੍ਰਵਣ ਦੀ (ਅਰ ਮਨਨ) ਦੀ ਸਾਮਰਥ ਦੇ ਦੇਂਦਾ ਹੈ ਅਰ (ਹੇ ਪੈਗੰਬਰ) ਜੋ ਲੋਗ ਕਬਰਾਂ ਵਿਚ (ਦਬੇ ਹੋਏ) ਹਨ ਤੁਸੀਂ ਓਹਨਾਂ ਨੂੰ (ਆਪਣੀਆਂ ਬਾਤਾਂ) ਸੁਣਾ ਨਹੀਂ ਸਕਦੇ (ਅਰ ਏਹਨਾਂ ਕਾਫਰਾਂ ਨੂੰ ਭੀ ਮੁਰਦੇ ਹੀ ਸਮਝੋ) ॥ ੨੨ ॥ ਤੁਸੀਂ ਤੇ (ਰਬ ਦੇ ਭੈ ਥੀਂ) ਸਭੈ ਕਰਨ ਵਾਲੇ ਹੋ ਹੋਰ ਬਸ ॥ ੨੩ ॥ ਸਚ ਮੁਚ ਅਸਾਂ ਨੇ ਹੀ ਤੁਸਾਂ ਨੂੰ (ਖੁਦਾ ਦੀ ਪ੍ਰਸੰਨਤਾਈ ਦੀ) ਖੁਸ਼ਖਬਰੀ ਸੁਨਾਣੇ ਵਾਲਾ ਅਰ (ਖੁਦਾ ਦੇ ਕਸ਼ਟ ਥੀਂ) ਸਭੈ ਕਰਨੇ ਵਾਲਾ (ਬਣਾ ਕੇ) ਭੇਜਿਆ ਹੈ ਅਰ ਕੋਈ ਜਾਤੀ ਐਸੀ ਨਹੀਂ (ਹੋਈ) ਕਿ ਓਸ ਵਿਚ ਕੋਈ ਸਭੈ ਕਰਨੇ ਵਾਲਾ ਨਾ ਹੋ ਚੁਕਿਆ ਹੋਵੇ ॥ ੨੪ ॥ ਅਰ ਯਦੀ (ਯਿਹ ਕਾਫਰ) ਤੁਸਾਂ ਨੂੰ ਝੁਠਿਆਰਣ ਤੇ ਜੋ ਲੋਗ ਏਹਨਾਂ ਥੀਂ ਪਹਿਲਾਂ ਹੋ ਚੁਕੇ ਹਨ ਉਹ ਭੀ (ਆਪਣਿਆਂ ਸਮਿਆਂ ਵਿਚ ਆਪਣਿਆਂ ਪੈਗੰਬਰਾਂ ਨੂੰ) ਝੁਠਿ-ਆਰ ਚੁਕੇ ਹਨ (ਭਾਵੇਂ) ਓਹਨਾਂ ਦੇ ਪੈਗੰਬਰ ਓਹਨਾਂ ਪਾਸ ਚਮਿਤਕਾਰ ਅਰ ਕਿਤਾਬਾਂ ਅਰ ਐਸੀਆਂ ਪੁਸਤਕਾਂ ਲੈ ਕੇ ਆਏ ਜਿਨਹਾਂ ਵਿਚ ਸਿ-ਖਯਾ ਦਾ) ਪਰਕਾਸ਼ ਸੀ (ਪਰੰਤੂ ਉਸ ਉਤੇ ਬੀ ਝੁਠਲਾਏ ਗਏ) ॥ ੨੫ ॥ ਫੇਰ (ਤਾਂ) ਅਸਾਂ ਨੇ (ਭੀ) ਮੁਨਕਰਾਂ ਨੂੰ ਧਰ ਦਬਾਇਆ ਤੇ (ਹੇ ਪੈਗੰਬਰ ਤੁਸਾਂ ਨੇ ਦੇਖ ਲੀਤਾ ਹੋਵੇਗਾ ਕਿ) ਸਾਡਾ ਕ੍ਰੋਧ (ਓਹਨਾਂ ਦੇ ਵਾਸਤੇ) ਕੈਸਾ (ਹਾਨੀਕਾਰਕ) ਹੋਇਆ ॥ ੨੬ ॥ ਰੁਕੂਹ ੩ ॥

(ਹੇ ਸ੍ਰੋਤਾ!) ਕੀ ਤੂੰ (ਏਸ ਬਾਰਤਾ ਉਪਰ) ਦ੍ਰਿਸ਼ਟੀ ਨਹੀਂ ਦਿਤੀ ਕਿ ਅੱਲਾ ਨੇ ਹੀ ਆਕਾਸ਼ ਵਿਚੋਂ ਬਰਖਾ ਕੀਤੀ ਫੇਰ ਉਸ (ਜਲ) ਦਵਾਰਾ ਅਸਾਂ ਨੇ ਭਿੰਨ ੨ ਰੰਗਾਂ ਦੇ ਫੁਲ ਉਪਜਾਏ ਅਰ (ਇਸੀ ਪਰਕਾਰ) ਪਰਬਤਾਂ ਵਿਚ ਭਿੰਨ ੨ ਰੰਗਾਂ ਦੇ ਕੁਛ ਪਟਲ ਹਨ (ਕਈਕੁ) ਸਪੈਦ ਅਰ (ਕਈਕੁ) ਲਾਲ ਅਰ (ਕਈਕੁ) ਕਾਲੇਧੂਤ ॥ ੨੭ ॥ ਅਰ ਇਸੀ ਪਰਕਾਰ ਆਦਮੀਆਂ ਅਰ ਜਾਨਵਰਾਂ ਅਰ ਚਤੁਸ਼ਪਾਦੀਆਂ ਦੀਆਂ ਰੰਗਤਾਂ ਭੀ ਕਈ ੨ ਪ੍ਰਕਾਰ ਦੀਆਂ ਹਨ ਖੁਦਾ ਪਾਸੋਂ ਤੇ ਉਸ ਦੇ ਵਹੀ ਬੰਦੇ ਡਰਦੇ ਹਨ ਜੋ (ਖੁਦਾ ਦੀਆਂ ਕੁਦਰਤਾਂ ਦੇ ਚਿਨ੍ਹਾਂ ਦੀ) ਵਿਦਯਾ ਰਖਦੇ ਹਨ ਨਿਰਸੰਦੇਹ ਅੱਲਾ ਸ਼ਕਤੀਵਾਨ (ਅਰ) ਬਖਸ਼ਨ ਹਾਰ ਹੈ ॥ ੨੮ ॥ ਜੋ ਪੁਰਖ ਅੱਲਾ ਦੀ ਪੁਸਤਕ ਦਾ ਪਾਠ ਕਰਦੇ ਅਰ ਨਮਾਜ਼ ਪੜ੍ਹਦੇ ਅਰ ਜੋ ਕੁਛ ਅਸਾਂ ਨੇ ਉਨਹਾਂ ਨੂੰ ਦੇ ਰਖਿਆ ਹੈ ਓਸ ਵਿਚੋਂ ਛਿਪਾ ਕੇ ਅਰ ਖੁਲਮਖੁਲੇ (ਈਸ਼ਵਰੀ ਮਾਰਗ ਵਿਚ) ਖਰਚ ਕਰਦੇ ਹਨ। ਨਿਰਸੰਦੇਹ ਉਹ ਐਸੇ ਬਯਾਪਾਰ ਦੀ ਆਸਾ ਲਗਾਈ ਬੈਠੇ ਹਨ ਜਿਸ ਵਿਚ ਘਾਟਾ ਕਦਾਪਿ ਨਹੀਂ ਹੋ ਸਕਦਾ ॥ ੨੯ ॥ ਕਾਹੇ ਤੇ ਖੁਦਾ ਉਨਹਾਂ ਨੂੰ ਉਨਹਾਂ

Digitized by Panjab Digital Library | www.panjabdigilib.org

ਦੇ ਫਲ ਪੂਰੇ ੨ ਦੇ ਦੇਵੇਗਾ। ਅਰ ਆਪਣੀ ਕ੍ਰਿਪਾ ਨਾਲ ਉਨਹਾਂ ਨੂੰ ਅਧਿਕ ਭੀ ਦੇਵੇਗਾ ( ਕਾਹਿ ਤੇ ) ਉਹ ( ਬੜਾ ) ਬਖਸ਼ਨੇ ਵਾਲਾ ਅਰ ( ਬੜਾ ) ਕਦਰਦਾਨ ਹੈ॥ ੩੦ ॥ ਅਰ ( ਹੇ ਪੈਗੰਬਰ ਯੇਹ ) ਪੁਸਤਕ ਜੋ ਅਸਾਂ ਨੇ ਆਕਾਸ਼ ਬਾਣੀ ਦਵਾਰਾ ਤੁਸਾਂ ਉਪਰ ਉਤਾਰੀ ਹੈ ਯਿਹ ( ਉੱਕੀ ) ਸਚ ਹੈ ਅਰ ਜੋ ( ਕਿਤਾਬਾਂ ) ਏਸ ਥੀਂ ਭੂਤ ਕਾਲ ਦੀਆਂ ਹਨ ( ਯਿਹ ) ਉਨਹਾਂ ਨੂੰ ਸਚਿਆਂ ( ਭੀ ) ਕਰਦੀ ਹੈ ਨਿਰਸੰਦੇਹ ਅੱਲਾ ਆਪਣਿਆਂ ਬੰਦਿਆਂ ( ਦੇ ਹਾਲ ) ਥੀਂ ਖਬਰਦਾਰ ( ਅਰ ਉਨਹਾਂ ਦਿਆਂ ਕਰਮਾਂ ਨੂੰ ) ਦੇਖ ਰਿਹਾ ਹੈ ॥ ੩੧ ॥ ਫੇਰ ਅਸਾਂ ਨੇ ਆਪਣਿਆਂ ਬੰਦਿਆਂ ਵਿਚੋਂ ਓਨਹਾਂ ਲੋਕਾਂ ਨੂੰ ( ਏਸ ) ਕਿਤਾਬ ਦਾ ਵਾਰਸ ਨੀਯਤ ਕੀਤਾ ਜਿਨਹਾਂ ਨੂੰ ਅਸਾਂ ਨੇ ( ਯੋਗ ਸਮਝ ਕਰਕੇ ਉਸ ਦੀ ਸੇਵਾ ਵਾਸਤੇ ) ਚੁਣਿਆਂ ਸੀ ( ਅਰਥਾਤ ਮੁਸਲਮਾਨਾਂ ਨੂੰ ) ਫੇਰ ਓਹਨਾਂ ਵਿਚੋਂ ( ਕਈਕੁ ਤੇ ਏਸ ਉਪਰ ਵਰਤਾਓ ਨਾ ਕਰਕੇ ) ਆਤਮ ਹੱਤਯਾ ਕਰ ਰਹੇ ਹਨ ਅਰ ( ਕਈਕੁ ) ਓਹਨਾਂ ਵਿਚੋਂ ਵਿਚ-ਕਾਰਲੇ ਦਰਜੇ ਦੀ ਚਾਲ ਚਲੇ ਜਾਂਦੇ ਹਨ ਅਰ ( ਕਈਕੁ ) ਓਹਨਾਂ ਵਿਚੋਂ ( ਐਸੇ ਭੀ ਹਨ ) ਜੋ ਖੁਦਾ ਦੇ ਹੁਕਮ ਨਾਲ ਨੇਕੀਆਂ ਵਿਚ ( ਹੋਰਨਾਂ ਨਾਲੋਂ ) ਅੱਗੇ ਵਧੇ ਹੋਏ ਹਨ ਯਹੀ ਤੋ ( ਖੁਦਾ ਦਾ ) ਬੜਾ ਫਜ਼ਲ ਹੈ ॥ ੩੨ ॥ ( ਅਰ ਉਸ ਦੀ ਪ੍ਰਤੀਨਿਧੀ ਹੈ ) ਸਦੈਵ ਰਹਿਣ ਵਾਸਤੇ ( ਸ੍ਵਰਗ ਦੇ ) ਬਾਗ ਕਿ ਯਿਹ ਲੋਗ ( ਰਹਿਣ ਵਾਸਤੇ ) ਓਹਨਾਂ ਵਿਚ ਪ੍ਰਾਪਤ ਹੋਣ ਗੇ ( ਅਰ ) ਓਥੇ ਉਨਹਾਂ ਨੂੰ ਸ੍ਵਰਣ ਦੇ ਕੰਗਣ ਅਰ ਮੋਤੀ ਪਹਿਰਾਏ ਜਾਣਗੇ ਅਰ ਉਥੇ ਉਨਹਾਂ ਦੇ ( ਸਾਧਾਰਣ ) ਬਸਤ੍ਰ ਭੀ ਰੇਸ਼ਮੀ ਹੋਣਗੇ ॥ ੩੩ ॥ ਅਰ ( ਯਿਹ ਲੋਗ ਨਿਆਮਤਾਂ ਪਾ ਕੇ ) ਕੁਹਿਣਗੇ ਕਿ ਭਗ-ਵਾਨ ਦਾ ਧੰਨਵਾਦ ਹੈ ਜਿਸ ਨੇ ( ਹਰ ਪ੍ਰਕਾਰ ਦਾ ਰੰਜ ਤਥਾ ) ਸੋਗ ਸਾਡੇ ਪਾਸੋਂ ਦੂਰ ਕਰ ਦਿਤਾ ਨਿਰਸੰਦੇਹ ਸਾਡਾ ਪਰਵਰਦਿਗਾਰ ਬੜਾ ਬਖਸ਼ਣਹਾਰ ( ਅਰ ਐਸਾ ) ਬੜਾ ਕਦਰਦਾਨ ਹੈ॥ ੩੪ ॥ ਕਿ ਉਸ ਨੇ ਸਾਨੂੰ ਆਪਣੇ ਫਜ਼ਲ ਨਾਲ ਠਹਿਰਨ ( ਵਾਸਤੇ ਐਸੇ ਉੱਤਮ ) ਘਰ ਵਿਚ ਲਿਆ ਉਤਾਰਿਆ ਕਿ ਏਥੇ ਸਾਨੂੰ ਨਾ ਤੇ ( ਕਿਸੇ ਪਰਕਾਰ ਦੀ ) ਤਕਲੀਫ ਪ੍ਰਾਪਤ ਹੁੰਦੀ ਹੈ ਅਰ ਨਾ ਏਥੇ ਸਾਨੂੰ ( ਕਿਸੇ ਪਰਕਾਰ ਦਾ ) ਥਕੇਵਾਂ ਪਰਾਪਤ ਹੁੰਦਾ ਹੈ॥ ੩੫ ॥ ਅਰ ਜੋ ਲੋਗ ਮੁਨਕਰ ਹਨ ਉਨਹਾਂ ਵਾਸਤੇ ਨਰਕਾ-ਗਨੀ ( ਤਿਆਰ ) ਹੈ ਨਾ ਤੇ ਉਨਹਾਂ ਨੂੰ ਮੌਤ ਆਉਂਦੀ ਹੈ ਕਿ ਮਰ ਜਾਣ ਅਰ ਨਾ ਨਰਕਾਂ ਦਾ ਦੁਖ ਹੀ ਉਨਹਾਂ ਉਪਰੋਂ ਹੌਲਾ ਕੀਤਾ ਜਾਂਦਾ ਹੈ। ਅਸੀਂ ਹਰ ਇਕ ਕ੍ਰਿਤਘਨ ਨੂੰ ਇਸੀ ਪ੍ਰਕਾਰ ਸਜ਼ਾ ਦਿਤਾ ਕਰਦੇ ਹਾਂ ॥ ੩੬ ॥ ਅਰ ਯਿਹ ਲੋਗ ਨਰਕਾਂ ਵਿਚ ( ਪਏ ) ਚਿਚਲਾਂਦੇ ਹੋਣਗੇ ਕਿ ਹੇ ਸਾਡੇ ਪਰ-

ਵਰਦਿਗਾਰ ਸਾਨੂੰ ( ਏਥੋਂ ) ਨਿਕਾਲ ( ਕੇ ਫੇਰ ਸੰਸਾਰ ਵਿਚ ਲੈ ਚਲ ) ਕਿ ਅਸੀਂ ਜੈਸੇ ਕਰਮ ਕਰਦੇ ਰਹੇ ਸੀ ਵੈਸੇ ਨਹੀਂ ( ਪ੍ਰਤਯੁਤ ) ਸ਼ੁਭ ਕਰਮ ਕਰਾਂਗੇ ( ਅਸੀਂ ਓਹਨਾਂ ਨੂੰ ਉੱਤਰ ਦੇਵਾਂਗੇ ਕਿ ) ਕੀ ਅਸਾਂ ਨੇ ਤੁਸਾਂ ਨੂੰ ਏਤਨੀ ਆਉਖਾ ਨਹੀਂ ਦਿਤੀ ਸੀ ਕਿ ਜਿਸ ਨੂੰ ਵਿਚਾਰਨਾ ( ਅਭੀਸ਼ਟ ) ਹੋਂਦਾ ਵੁਹ ਏਤਨੀ ਹੀ ਆਉਖਾ ਵਿਚ ( ਭਲੀ ਪ੍ਰਕਾਰ ) ਸੋਚ ਸਮਝ ਲੈਂਦਾ ਅਰ ( ਏਸ ਥੀਂ ਅਲਗ ) ਤੁਸਾਂ ਪਾਸ ( ਸਾਡੇ ਭੈ ਥੀਂ ) ਸਭੈ ਕਰਨੇ ਵਾਲਾ ( ਰਸੂਲ ਭੀ ) ਪਰਾਪਤ ਹੋਇਆ ਤੇ ਹੁਣ ( ਆਪਣੇ ਕੀਤੇ ਨੂੰ ) ਭੋਗੋ ਕਿ ਨਾ ਫਰਮਾਨ ਲੋਗਾਂ ਦਾ ( ਏਥੇ ) ਕੋਈ ਸਹਾਇਕ ਨਹੀਂ ॥ ੩੭ ॥

ਰੁਕੂਹ ੪ ॥

ਨਿਰਸੰਦੇਹ ਅੱਲਾ ਆਕਾਸ਼ ਪ੍ਰਿਥਵੀ ( ਦੀਆਂ ) ਗੁਪਤ ਬਾਰਤਾਂ ਨੂੰ ਜਾਨਣੇ ਵਾਲਾ ਹੈ ਨਿਰਸੰਦੇਹ ਉਹ ( ਲੋਗਾਂ ਦੇ ) ਮਾਨਸਿਕ ਸੰਕਲਪਾਂ ਥੀਂ ( ਭੀ ) ਗਿਆਤ ਹੈ ॥ ੩੮ ॥ ਉਹੀ ( ਸਰਵ ਸ਼ਕਤੀਮਾਨ ) ਹੈ ਜਿਸ ਨੇ ਤੁਸਾਂ ਨੂੰ ਪ੍ਰਿਥਵੀ ਉਪਰ (ਅਗਲਿਆਂ ਦਾ ) ਅਸਥਾਨੀ ਬਨਾਇਆ ਫੇਰ ( ਅਜੇ ਭੀ ) ਜੋ ਕੁਫਰ ਕਰਦਾ ਹੈ ਉਸ ਦੇ ਕੁਫਰ ਦਾ ਉਪਦ੍ਰਵ ਓਸੇ ਉਪਰ ( ਹੀ ਪੜੇਗਾ ) ਅਰ ਜੋ ਲੋਗ ਕੁਫਰ ਕਰਦੇ ਹਨ ਉਨਹਾਂ ਦੇ ਕੁਫਰ ਕਰਨੇ ਕਰਕੇ ਖ਼ੁਦਾ ਦੇ ਏਥੇ ( ਏਹਨਾਂ ਥੀਂ ) ਨਾ ਰਜਾਮੰਦੀ ਹੀ ਵਧਦੀ ਚਲੀ ਜਾਂਦੀ ਹੈ ਅਰ ਕੁਫਰ ਦੇ ਕਾਰਣੋਂ ਕਾਫਰਾਂ ਦਾ ਘਾਟਾ ਹੀ ਹੁੰਦਾ ਤੁਰਿਆ ਜਾਂਦਾ ਹੈ ॥ ੩੯ ॥ ( ਹੇ ਪੈਗੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਤੁਸਾਂ ਨੂੰ ਆਪਣੇ ( ਏਹਨਾਂ ) ਸ਼ਰੀਕਾਂ ( ਦੇ ਬ੍ਰਿਤਾਂਤ ) ਦੀ ( ਭੀ ਕੁਛ ) ਖਬਰ ਹੈ ਜਿਨਹਾਂ ਨੂੰ ਤੁਸੀਂ ਖ਼ੁਦਾ ਥੀਂ ਸਿਵਾ ( ਪਏ ) ਬੁਲਾਇਆ ਕਰਦੇ ਹੋ ( ਜਰਾ ਪਲ ਦਾ ਪਲ ) ਮੇਰੇ ਤਾਈਂ ( ਭੀ ) ਦਿਖਾਓ ਓਹਨਾਂ ਨੇ ਕੇਹੜੀ ਪ੍ਰਿਥਵੀ ਬਣਾਈ ਹੈ ਕਿੰਵਾ ਅਕਾਸ਼ ( ਦੇ ਬਨਾਉਣ ) ਵਿਚ ਉਹਨਾਂ ਦੀ ( ਕੁਝ ) ਸਾਂਝ ਭਿਆਲੀ ਹੈ ਕਿੰਬਾ ਅਸਾਂ ਨੇ ਏਹਨਾਂ ( ਮੁਸ਼ਰਕਾਂ ) ਨੂੰ ਕੋਈ ਕਿਤਾਬ ਹੀ ਦਿਤੀ ਹੈ ਕਿ ਯਿਹ ਉਸ ਦਾ ਪ੍ਰਮਾਣ ਰਖਦੇ ਹਨ ( ਇਨਹਾਂ ਵਿਚੋਂ ਕੋਈ ਬੀ ਬਾਰਤਾ ਨਹੀਂ ) ਪ੍ਰਤਯੁਤ ( ਯਿਹ ) ਜ਼ਾਲਮ ਜੋ ਇਕ ਦੂਸਰੇ ਨਾਲ ਪਰ-ਤਿਗਯਾ ਕਰਦੇ ਹਨ ਬਸ ( ਨਿਰੀਆਂ ਪੁਰੀਆਂ ) ਧੋਖੇ ( ਦੀਆਂ ਟੱਟੀਆਂ ) ਹਨ ॥ ੪੦ ॥ ਨਿਰਸੰਦੇਹ ਅੱਲਾ ਪ੍ਰਿਥਵੀ ਅਰ ਅਕਾਸ ਨੂੰ ਥੰਮੀ ਖੜਾ ਹੈ ਕਿ ( ਕਿਤੇ ਆਪਣੇ ਅਸਥਾਨੋਂ ) ਚਲ ਵਿਚਲ ਨਾ ਜਾਣ ਅਰ ( ਯਦੀ ) ਚਲ ਵਿਚਲ ਹੋ ਜਾਣ ਤੋਂ ਫਿਰ ਉਸ ਦੇ ਸਿਵਾ ਕੋਈ ( ਭੀ ਐਸਾ ) ਨਹੀਂ ਜੋ ਓਹਨਾਂ ਨੂੰ ਥੰਮ ਸਕੇ ਨਿਰਸੰਦੇਹ ਅੱਲਾ ( ਬਹੁਤ ) ਧੀਰਜੀ ( ਅਰ ਪੁਰਖਾਂ ਦੇ ਗੁਨਾਹਾਂ ਨੂੰ ) ਬਖਸ਼ਨੇ ਵਾਲਾ ਹੈ ॥ ੪੧ ॥ ਅਰ ਯਿਹ ( ਮੁਨਕਰ

Digitized by Panjab Digital Library | www.panjabdigilib.org

ਤੇ ਅੱਲਾ ਦੀਆਂ ਬੜੀਆਂ ਪੱਕੀਆਂ ਪੀਡੀਆਂ ਸੌਗੰਧਾਂ ਕੀਤਾ ਕਰਦੇ ਸਨ ਕਿ ਉਹਨਾਂ ਦੇ ਪਾਸ (ਖੁਦਾ ਦੀ ਤਰਫੋਂ) ਕੋਈ ਸਭੈ ਕਰਨੇ ਵਾਲਾ ਆਏਗਾ ਤਾਂ (ਕੋਈ ਭੀ ਉੱਮਤ ਹੋਵੇ) ਉਹ ਜਰੂਰ ਹਰ ਇਕ ਉੱਮਤ ਨਾਲੋਂ ਅਧਿਕ ਸਤਿਮਾਰਗੀ ਹੋਣਗੇ ਫੇਰ ਜਦੋਂ ਸਭੈ ਕਰਨੇ ਵਾਲਾ ਏਹਨਾਂ ਦੇ ਪਾਸ ਆ ਪਰਾਪਤ ਹੋਇਆ ਤੇ (ਉਸਦੇ ਆਉਣ ਕਰਕੇ) ਏਹਨਾਂ ਦੀ ਨਫਰਤ ਦਾ (ਪ੍ਰਤਯੁਤ) ਵਾਧਾ ਹੋਇਆ ॥ ੪੨ ॥ ਕਿ ਲਗੇ ਦੇਸ ਵਿਚ ਉਪਦੱਰਵ ਅਰ ਬੁਰੀਆਂ (ਬੁਰੀਆਂ) ਤਦਬੀਰਾਂ ਕਰਨ ਅਰ ਬੁਰੀ ਤਦਬੀਰ (ਪ੍ਰਤਯੁਤ) ਬੁਰੀ ਤਦਬੀਰ ਕਰਨ ਵਾਲੇ ਉਪਰ ਹੀ ਪੈਂਦੀ ਹੈ ਤੇ ਹੋਵੇ ਨਾ ਹੋਵੇ (ਯਿਹ) ਲੋਗ ਓਸੇ ਬਰਤਾਓ ਦੀ ਉਡੀਕ ਵਿਚ ਹਨ ਜੋ ਅਗ-ਲਿਆਂ ਲੋਗਾਂ ਦੇ ਨਾਲ ਹੁੰਦਾ ਰਹਿਆ ਹੈ ਤੇ (ਹੇ ਪੈਯੰਬਰ) ਤੁਸੀਂ ਖੁਦਾ ਦੇ ਨਿਯਮ ਨੂੰ ਕਦਾਪਿ ਅਦਲ ਬਦਲ ਹੁੰਦਾ ਨਾ ਦੇਖੋਗੇ ਅਰ ਨਾ ਹੀ ਖੁਦਾ ਦੇ ਨਿਯਮ ਨੂੰ ਕਦਾਪ ਟਲਦਾ ਹੋਇਆ ਹੀ ਦੇਖੋਗੇ ॥ ੪੩ ॥ ਕੀ (ਯਿਹ ਲੋਗ) ਦੇਸ ਵਿਚ ਤੁਰੇ ਫਿਰੇ ਨਹੀਂ ਅਰ ਨਹੀਂ ਦੇਖਿਆ ਕਿ ਜੋ ਲੋਗ ਏਹਨਾਂ ਨਾਲੋਂ ਭੂਤਕਾਲ ਵਿਚ ਹੋ ਚੁਕੇ ਹਨ ਓਹਨਾਂ ਦਾ ਕੈਸਾ (ਬੁਰਾ) ਅੰਤ ਹੋਇਆ ਹਾਲਾਂ ਕਿ ਬਲ ਬੋਤੇ ਵਿਚ (ਉਹ ਲੋਗ) ਏਹਨਾਂ ਨਾਲੋਂ ਕਈ ਗੁਣਾਂ ਵਧ ਕੇ ਸਨ ਅਰ ਅੱਲਾ (ਕੋਈ ਗਇਆ ਗੁਜਰਿਆ ਹੋਇਆ) ਨਹੀਂ ਹੈ ਕਿ ਪ੍ਰਿਥਵੀ ਅਰ ਅਕਾਸ਼ ਵਿਚ ਉਸ ਨੂੰ ਕੋਈ ਵਸਤੂ ਦੀਨ ਕਰ ਸਕੇ ਨਿਰਸੰਦੇਹ ਉਹ (ਸੰਪੂਰਨਾਂ ਦੇ ਬਿਰਤਾਂਤ ਥੀਂ) ਗਿਆਤ (ਅਰ) ਬੜੀ ਕੁਦਰਤ ਵਾਲਾ ਹੈ ॥ ੪੪ ॥ ਅਰ ਯਦੀ ਖੁਦਾ ਲੋਗਾਂ ਨੂੰ ਓਹਨਾਂ ਦੇ ਨਖਿਧ ਕਰਮਾਂ ਦੇ ਬਦਲੇ ਵਿਚ ਪਕੜਦਾ ਤੇ ਪ੍ਰਿਥਵੀ ਮਾਤਰ ਉਪਰ ਕਿਸੀ ਜੀਵ ਨੂੰ (ਪਿਛੇ) ਨਾ ਛਡ ਦੇਂਦਾ ਪਰੰਤੂ (ਉਹ) ਇਕ ਨਿਯਤ ਸਮਾਂ (ਅਰਥਾਤ ਪ੍ਰਲੈ) ਤਕ ਲੋਕਾਂ ਨੂੰ ਅਵਧੀ ਦੇਂਦਾ ਹੈ ਫੇਰ ਜਦੋਂ ਓਹਨਾਂ ਦਾ (ਉਹ ਸਮਾਂ ਆ ਪਹੁੰਚੇਗਾ ਤੇ ਅੱਲਾ ਆਪਣਿਆਂ ਬੰਦਿਆਂ (ਦੀ ਦਸ਼ਾ) ਨੂੰ ਦਖ ਰਹਿਆ ਹੈ (ਜੈਸਾ ਜਿਸ ਦਾ ਕਰਮ ਹੋਵੇਗਾ ਵੈਸਾ ਓਸ ਨੂੰ ਬਦਲਾ (ਦੇਵੇਗਾ) ॥ ੪੫ ॥ ਰੁਕੂਹ ੫ ॥

## ਸੂਰਤ ਯਾਸੀਨ ਮੱਕੇ ਵਿਚ ਉਤਰੀ ਅਰ ਏਸ ਦੀਆਂ ਤਿਰਿਆਸੀ ਆਇਤਾਂ ਅਰ ਪੰਜ ਰੁਕੂਹ ਹਨ।

(ਪ੍ਰਾਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰ-ਪਾਲੂ (ਹੈ) ਯਾਸਾ ॥ ੧ ॥ ਕੁਰਾਨ ਦੀ ਸੌਗੰਧ ਜਿਸ ਵਿਚ (ਸਿਰ ਥੀਂ ਲੈਕੇ ਪੈਰਾਂ ਤਕ) ਬੁਧੀ ਮਤਾ ਦੀਆਂ ਬਾਤਾਂ ਹਨ ॥ ੨ ॥ ਕਿ (ਹੇ ਮੁਹੰਮਦ)

Digitized by Panjab Digital Library | www.panjabdigilib.org

ਕੋਈ ਭ੍ਰਮ ਨਹੀਂ ਕਿ ਸਰਬ ਪੈਗੰਬਰਾਂ ਵਿਚੋਂ ਤੁਸੀਂ ( ਭੀ ) ਪੈਗੰਬਰ ਹੋ ॥੩॥ ( ਅਰ ਦੀਨ ਦੇ ) ਸਰਲ ਮਾਰਗ ਉਪਰ ( ਹੋ ) ॥ ੪ ॥ ( ਯਿਹ ਕੁਰਾਨ ਖੁਦਾਇ ) ਸ਼ਕਤੀਮਾਨ ( ਅਰ ) ਦਿਆਲੂ ਨੇ ਉਤਾਰਿਆ ਹੈ ॥ ੫ ॥ ਤਾ ਕਿ ਤੁਸੀਂ ਐਸਿਆਂ ਲੋਗਾਂ ਨੂੰ ( ਖੁਦਾ ਦੇ ਕਸ਼ਟ ਥੀਂ ) ਡਰਾਓ ਜਿਨਹਾਂ ਦੇ ਪਿਤਾ ( ਪਿਤਾਮਾ ਤੁਸਾਂ ਥੀਂ ਪਹਿਲਾਂ ਕਿਸੀ ਪੈਗੰਬਰ ਦੇ ਦਵਾਰਾ ਖੁਦਾ ਦੇ ਕਸ਼ਟ ਥੀਂ ) ਨਹੀਂ ਡਰਾਏ ਗਏ ਅਰ ( ਯਹੀ ਕਾਰਣ ਹੈ ਕਿ ) ਉਹ ( ਦੀਨ ਥੀਂ ) ਗਾਫਿਲ ਹਨ ॥ ੬ ॥ ਇਹਨਾਂ ਵਿਚੋਂ ਬਹੁਤੇਰਿਆਂ ਉਪਰ ਤੋ ( ਖੁਦਾ ਦੀ ) ਆਗਿਆ ਪੂਰੀ ਹੋ ਚੁਕੀ ਹੈ ਤੇ ਯਿਹ ( ਕਿਸੀ ਪਰਕਾਰ ) ਮੰਨਣ ਵਾਲੇ ਨਹੀਂ ॥ ੭ ॥ ਅਸਾਂ ਨੇ ਏਹਨਾਂ ਦੀਆਂ ਗਰਦਨਾਂ ਵਿਚ ( ਭਾਰੇ ੨ ) ਤੌਕ ਪਾ ਦਿਤੇ ਹਨ ਅਰ ਉਹ ਠੋਡੀਆਂ ਤਕ ( ਫਸੇ ਹੋਏ ) ਹਨ ਤੇ ਏਹਨਾਂ ਦੇ ਸਿਰ ( ਐਸੇ ) ਉਲਾਰ ਹੋ ਹੋ ਕੇ ਰਹਿ ਗਏ ਹਨ ( ਕਿ ਏਹਨਾਂ ਨੂੰ ਰਾਹ ਖੇਹੜਾ ਹੀ ਨਹੀਂ ਦਿਸਦਾ ) ॥ ੮ ॥ ਅਰ ਅਸਾਂ ਨੇ ਇਕ ਦੀਵਾਰ ( ਤਾਂ ) ਏਹਨਾਂ ਦੇ ਅਗੇ ਬਨਾਈ ਅਰ ਇਕ ਦੀਵਾਰ ਏਨਾਂ ਦੇ ਪਿਛੇ ਅਰ ਉਪਰੋਂ ਏਹਨਾਂ ਨੂੰ ਦਿਤਾ ਢੱਕ ਤੇ ਯਿਹ ਦੇਖ ਹੀ ਨਹੀਂ ਸਕਦੇ ॥ ੯ ॥ ਅਰ ( ਹੇ ਪੈਗੰਬਰ ) ਏਹਨਾਂ ਵਾਸਤੇ ਇਕੋ ਜੈਸਾ ਹੈ ਕਿ ਤੁਸੀਂ ਏਹਨਾਂ ਨੂੰ ( ਖੁਦਾ ਦੇ ਕਸ਼ਟ ਥੀਂ ) ਡਰਾਓ ਕਿੰਬਾ ਨਾ ਡਰਾਓ ਯਿਹ ਤੋ ਈਮਾਨ ਧਾਰਨੇ ਵਾਲੇ ਹੈਂ ਨਹੀਂ ॥ ੧੦ ॥ ਤੁਸੀਂ ਤੋ ਬਸ ਓਸੇ ਨੂੰ ਸਭੇ ਕਰ ਸਕਦੇ ਹੋ ਜੋ ਸਿਖਿਆ ਉਪਰ ਤੁਰੇ ਅਰ ਬਿਨਾਂ ਦੇਖਿਆਂ ( ਖੁਦਾ-ਇ ) ਰਹਿਮਾਨ ਪਾਸੋਂ ਡਰੇ ਤੋ ਉਸ ਨੂੰ ( ਗੁਨਾਹਾਂ ਦੀ ) ਮਾਫੀ ਅਰ (ਸ਼ੁਭ ਕਰਮਾਂ ਦੀ ਪ੍ਰਤਿਨਿਧਿ ਵਿਚ) ਇਜ਼ਤ ਦੇ (ਅਰਥਾਤ ਸ਼ੁਭ) ਫਲ ਦੀ ਵਿਦਾਈ ਸੁਣਾ ਦਿਓ ॥ ੧੧ ॥ ਨਿਰਸੰਦੇਹ ਅਸੀਂ ਹੀ ਮੁਰਦਿਆਂ ਨੂੰ ਸੁਰਜੀਤ ਕਰਾਂਗੇ ਅਰ ਜੋ ( ਕਰਮ ਅੰਤਮ ਮਾਰਗ ਦਾ ਸਹਾਰਾ ਬਣਾ ਕੇ ਲੋਗ ਆਪਣੇ ਅਗੇ ) ਅਗੇ ਭੇਜਦੇ ਹਨ ਅਰ ( ਜੋ) ਚਿੰਨ ਓਹਨਾਂ ਦੇ ( ਮਰਿਆਂ ਪਿਛੋਂ ਬਾਕੀ ਰਹਿ ਜਾਂਦੇ ਹਨ), ਅਸੀਂ ( ਸਾਰਿਆਂ ਨੂੰ ) ਲਿਖ ਰਹੇ ਹਾਂ ਅਰ ਅਸਾਂ ਨੇ ਤਾਂ ਸੰਪੂਰਨਾਂ ਵਸਤੂਆਂ ਨੂੰ ਸਪਸ਼ਟ ਪੁਸਤਕ ਵਿਚ ਲਿਖ ਰਖਿਆ ਹੈ ॥ ੧੨ ॥ ਰੁਕੂਹ੧॥

ਅਰ ( ਹੇ ਪੈਗੰਬਰ ) ਏਹਨਾਂ ( ਲੋਗਾਂ ) ਪਾਸੋਂ ਦ੍ਰਿਸ਼ਟਾਂਤ ਦੇ ਤਰੀਕੇ ਉਪਰ ਇਕ ਪਿੰਡ ਵਾਲਿਆਂ ਦਾ ਹਾਲ ਵਰਨਣ ਕਰੋ ਕਿ ਜਦੋਂ ਓਹਨਾਂ ਦੇ ਪਾਸ ਪੈਗੰਬਰ ਆਏ ॥ ੧੩ ॥ ਏਸ ਰੀਤੀ ਨਾਲ ਕਿ ( ਪਹਿਲੇ ਤੇ ) ਅਸਾਂ ਨੇ ਓਹਨਾਂ ਦੀ ਤਰਫ ਦੋ ( ਪੈਗੰਬਰ ) ਭੇਜੇ ਤੇ ਓਹਨਾਂ ਨੇ ਓਹਨਾਂ ਦੋਨੂਆਂ ਨੂੰ ਝੁਠਿਆਰਿਆ ਏਸ ਗਲੋਂ ਅਸਾਂ ਨੇ ਤੀਸਰੇ ( ਪੈਗੰਬਰ ) ਨਾਲ ( ਉਨ੍ਹਾਂ

Digitized by Panjab Digital Library | www.panjabdigilib.org

ਦੀ ਹੋਰ ) ਸਹਾਇਤਾ ਕੀਤੀ ਤੇ ਇਨਹਾਂ ਤਿੰਨਾਂ ਨੇ ( ਮਿਲ ਕੇ ਉਨਹਾਂ ਨੂੰ ) ਕਹਿਆ ਕਿ ਅਸੀਂ ਤੁਸਾਂ ਦੇ ਪਾਸ (ਖੁਦਾ ਦੇ) ਭੇਜੇ ਹੋਏ ਆਏ ਹਾਂ ॥ ੧੪ ॥ ਉਹ ਲਗੇ ਕਹਿਣ ਕਿ ਤੁਸੀਂ ਤਾਂ ਕੇਵਲ ਸਾਡੀ ਹੀ ਤਰਹਾਂ ਦੇ ਆਦਮੀ ਹੋ ਅਰ ( ਖੁਦਾਇ ) ਰਹਿਮਾਨ ਨੇ ਤੇ ਕੋਈ ਵਸਤੂ ( ਪੁਸਤਕ ਆਦ ਦੀ ਤਰਹਾਂ ਦੀ ਕਦੇ ) ਉਤਾਰੀ ਨਹੀਂ । ਤੁਸੀਂ ਤੇ ਨਿਰਾ ਝੂਠ ਬੋਲਦੇ ਹੋ ॥ ੧੫ ॥ ( ਪੈਯੰਬਰਾਂ ਨੇ ) ਕਹਿਆ ਕਿ ਸਾਡਾ ਪਰਵਰਦਿਗਾਰ ਗਿਆਤ ਹੈ ਕਿ ਅਸੀਂ ਨਿਰਸੰਦੇਹ (ਓਸੇ ਦੇ) ਹੀ ਭੇਜੇ ਹੋਏ ਤੁਸਾਂ ਪਾਸ ਆਏ ਹਾਂ ॥ ੧੬ ॥ ਅਰ ਸਾਡਾ ਕੰਮ ਤੇ ( ਖੁਦਾ ਦੇ ਹੁਕਮ ਨੂੰ ਸਾਫ ) ਸਾਫ ਪਹੁੰਚਾ ਦੇਣਾ ਹੈ ਹੋਰ ਬਸ ॥ ੧੭ ॥ ਉਹ ਲਗੇ ਕਹਿਣ ਕਿ ਅਸਾਂ ਤਾਂ ਤੁਸਾਂ ਨੂੰ ( ਬੜਾ ਹੀ ) ਮਨਹੂਸ ਵੇਖਿਆ ਹੈ । ( ਕਿ ਤੁਸਾਂ ਦੇ ਆਉਂਦਿਆਂ ਹੀ ਦੁਹ ਕਾਲ ਵਿਚ ਆਵੇਢਿਤ ਹੋ ਗਏ ) ਯਦੀ ਤੁਸੀਂ ( ਆਪਣੀ ਸਿਖਜਾ ਦੇ ਵਜਖਿਜਾਨ ਥੀਂ ) ਨਹੀਂ ਹਟੋਗੇ ਤੇ ਅਸੀਂ ਜਰੂਰ ਤੁਸਾਂ ਨੂੰ ਪਥਰ ਮਾਰ ੨ ਕੇ ਮਾਰ ਸਿਟਾਂਗੇ ਅਰ ਜਰੂਰ ਤੁਸਾਂ ਨੂੰ ਸਾਡੇ ਪਾਸੋਂ ( ਬੜੀ ) ਕਰੜੀ ਵਿਪੱਤੀ ਪਰਾਪਤ ਹੋਵੇਗੀ ॥ ੧੮ ॥ ( ਪੈਯੰਬਰਾਂ ਨੇ ) ਕਹਿਆ ( ਯਿਹ ਤੇ ) ਤੁਸਾਂ ਦੇ ( ਹੀ ) ਕਰਤਬਾਂ ( ਦੀ ਕਰਤੂਤ ਹੈ ਕਿਤੇ ਭੀ ਰਹੋ ) ਤੁਸਾਂ ਦੇ ਸਾਥ ਹੀ ਹੈ ਕਿਆ ( ਇਸ ਗਲੋਂ ਕਿ ) ਤੁਸਾਂ ਨੂੰ ਸਮਝਾਇਆ ਗਿਆ ( ਤੁਸੀਂ ਲਗੇ ਉਲਟਾ ਸਾਨੂੰ ਉਪਾਲੰਭ ਦੇਣ ਨਹੀਂ ) ਪ੍ਰਤੁਤ ਤੁਸੀਂ ( ਆਪ ਹੀ ਇਸ ਵਜ਼ਬ ਦੇ ) ਲੋਗ ਹੋ ਜ ( ਦਾਸਤਾ ਦੀ ਸੀਮਾਂ ਥੀਂ ) ਵਧ ਗਏ ਹੋ ॥ ੧੯ ॥ ਅਰ ਸ਼ਹਿਰ ਦੇ ਪਾਰਲੇ ਪਾਸਿਓਂ ਇਕ ਆਦਮੀ ਦੌੜਦਾ ਹੋਇਆ ਆਇਆ ( ਅਰ ਆ ਕੇ ) ਲਗਾ ਕਹਿਣ ਕਿ ਭਿਰਾਓ ! ( ਏਹਨਾਂ ) ਪੈਯੰ-ਬਰਾਂ ਦੇ ਕਹਿਣੇ ਉਪਰ ਚਲੋ ॥ ੨੦ ॥ (ਜਰੂਰ) ਐਸਿਆਂ ਲੋਗਾਂ ਦੇ ਕਹਿਣੇ ਉਪਰ ਚਲੋ ਜੋ ਤੁਸਾਂ ਪਾਸੋਂ ( ਕੋਈ ) ਮੋਲ (ਭੀ) ਨਹੀਂ ਮੰਗਦੇ ਅਰ ਆਪ (ਭੀ)ਸੂਧੇ ਮਾਰਗ ਉਪਰ ਹਨ ॥ ੨੧ ॥ *ਅਰ ਮੈਨੂੰ ਕੋਈ ( ਉਨਮਾਦ ) ਹੈ ਕਿ ਜਿਸ ਨੇ ਮੈਨੂੰ ਉਤਪਤ ਕੀਤਾ ਹੈ ਉਸ ਦੀ ਪੂਜਾ ਨਾ ਕਰਾਂ ਹਾਲਾਂ ਕਿ ਤੁਸਾਂ ( ਸਾਰੇ ) ਓਸ ਦੀ ਹੀ ਤਰਫ ਲੋਟਾ ਕੇ ਲੈ ਆਂਦੇ ਜਾਓਗੇ ॥ ੨੨ ॥ ਕੀ ਓਸ ਦੇ ਸਿਵਾ ਦੂਸਰਿਆਂ ਨੂੰ ਪੂਜਜ ਮੰਨ ਲਵਾਂ ਯਦੀ (ਖੁਦਾਇ) ਰਹਿਮਾਨ ਮੈਨੂੰ ਕੋਈ ਤਕਲੀਫ ਪਰਾਪਤ ਕਰਨੀ ਚਾਹੇ ਤੇ ਏਹਨਾਂ ਦੀ ਸਫਾ-ਰਸ਼ ਮੇਰੇ ਕੁਛ ਭੀ ਕੰਮ ਨਾ ਆਵੇ ਅਰ ਨਾ ਯਿਹ ਮੈਨੂੰ ( ਓਸ ਮੁਸੀਬਤ ਥੀਂ ) ਛੁਡਾ ਸਕਣ ॥ ੨੩ ॥ ( ਯਦੀ ) ਐਸਾ ਕਰਾਂ ਤੇ (ਬਸ) ਮੈਂ ਪਰਤੱਛ ਗੁਮਰਾਹੀ ਵਿਚ ਜਾ ਪਇਆ ॥ ੨੪ ॥ ਮੈਂ ਤੇ ਤੁਸਾਂ ਦੇ ਪਰਵਰਦਿਗਾਰ ਉਪਰ ਈਮਾਨ

*ਹੁਣ ਵਾਮਾਲੀ ਨਾਮੀ ਤੇਈਸਵਾਂ ਪਾਰਾ ।

ਧਾਰ ਬੈਠਾ ਹਾਂ ਸੋ ਮੇਰੀ (ਸਿਖਯਾ) ਸੁਣੋ ਅਰ (ਕੰਨੀ ਬੰਨੋ) ॥ ੨੫ ॥ ਤਾਂ ਭੀ ਲੋਕਾਂ ਪਰ ਕੁਝ ਅਸਰ ਨਾ ਹੋਇਆ ਪ੍ਰਤਿਯੁਤ ਉਸ ਨੂੰ ਸ਼ਹੀਦ ਕਰ ਦਿਤਾ ਤਾਂ ਭਗਵਾਨ ਵਲੋਂ (ਉਸ ਨੂੰ) ਆਗਿਯਾ ਹੋਈ ਕਿ ਸਵਰਗ ਵਿਚ ਜਾ ਪਰਾਪਤ ਹੋ (ਅਰ ਉਹ ਅਜੇ ਭੀ ਕੌਮ ਦੀ ਭਲਾਈ ਦੇ ਫਿਕਰ ਵਿਚ ਸੀ ਕਿ) ਲਗਾ ਬੇਨਤੀ ਕਰਨ ਕਿ ਯਿਹ ਜੋ ਮੇਰੇ ਪਰਵਰਦਿਗਾਰ ਨੇ ਮੈਨੂੰ ਬਖਸ਼ ਦਿਤਾ ਅਰ ਆਪਣਿਆਂ ਨਿਵਾਜਿਆਂ ਹੋਇਆਂ ਵਿਚ ਮੈਨੂੰ (ਲਿਆ ਪਰਾਪਤ) ਕੀਤਾ ॥ ੨੬ ॥ (ਹਾਇ) ਦੇਵ ! ਮੇਰੀ ਜਾਤੀ (ਦਿਆਂ ਲੋਗਾਂ) ਨੂੰ ਏਹ ਬਿਰਤਾਂਤ ਪਰਤੀਤ ਹੋ ॥ ੨੭ ॥ ਅਰ (ਮੇਰੀ ਤਰਹਾਂ ਉਹ ਭੀ ਈਮਾਨ ਧਾਰ ਲੈਣ ਅਰ ਖੁਦਾ ਪਾਸੋਂ ਡਰਨ ਸੋ) ਅਸਾਂ ਨੇ (ਉਹਨਾਂ ਉਪਰ) ਅਕਾਸ਼ ਵਿਚੋਂ (ਫਰਿਸ਼ਤਿਆਂ ਦਾ) ਕੋਈ ਕਟਕ ਨਾ ਉਤਾਰੀ ਅਰ ਸਾਨੂੰ (ਕਟਕ ਦੇ) ਉਤਾਰਨ ਦੀ ਕੋਈ ਜਰੂਰਤ ਭੀ ਨਹੀਂ ਸੀ ॥ ੨੮ ॥ ਉਹ ਤਾਂ ਬਸ ਇਕ ਬਹੁਤ ਉੱਚੀ ਧੁਨੀ ਸੀ (ਕਿ ਕਰ ਦਿਤੀ ਗਈ) ਉਹ ਖਜਨ (ਅੱਗ ਦੀ ਤਰਹਾਂ) ਬੁੱਝਕੇ ਰਹਿ ਗਏ ॥ ੨੯ ॥ ਬੰਦਿਆਂ (ਦੀ ਦਸ਼ਾ) ਉਪਰ (ਭੀ ਬੜਾ ਹੀ) ਅਫਸੋਸ ਹੈ ਕਦੇ ਏਹਨਾਂ ਦੇ ਪਾਸ ਕੋਈ ਰਸੂਲ ਨਹੀਂ ਆਇਆ ਜਿਸ ਨੂੰ ਓਹਨਾਂ ਨੇ ਹਾਸੀ ਦਾਸ ਪਦ ਨਾ ਨਿਯਤ ਕੀਤਾ ਹੋਵੇ ॥ ੩੦ ॥ ਕੀ ਏਹਨਾਂ ਲੋਗਾਂ ਨੇ (ਇਸ ਬਾਰਤਾ ਉਪਰ) ਦ੍ਰਿਸ਼ਟੀ ਨਹੀਂ ਦਿਤੀ ਕਿ ਏਹਨਾਂ ਨਾਲੋਂ ਪਹਿਲੇ (ਅਸਾਂ ਨੇ ਕਿਤਨੀਆਂ ਉਮਤਾ ਨੂੰ ਰੁਲਾਕੇ ਮਾਰਿਆ (ਅਰ ਜਿਨਹਾਂ ਨੂੰ ਰੁਲਾਕੇ ਮਾਰਿਆ ਫਿਰ) ਉਹ ਏਹਨਾਂ ਦੀ ਤਰਫ ਲੌਟ ਕੇ ਨਹੀਂ ਆਉਂਦੇ ॥ ੩੧ ॥ ਹਾਂ ਜਿਤਨੇ ਹਨ ਸਭ ਸਾਡੇ ਸਨਮੁਖ ਹਾਜਰ ਰਖੇ ਗਏ ਹਨ ॥ ੩੨ ॥ ਰੁਕੂਹ ੨ ॥

ਅਰ ਏਹਨਾਂ ਦੇ (ਸਮਝਣ) ਵਾਸਤੇ ਸਾਡੀ (ਕੁਦਰਤ ਦੀ) ਇਕ ਨਿਸ਼ਾਨੀ ਮਰੀ ਹੋਈ (ਅਰਥਾਤ ਬੰਜਰ ਪਈ ਹੋਈ) ਪ੍ਰਿਥਵੀ ਹੈ ਕਿ ਅਸਾਂ ਨੇ ਉਸਨੂੰ (ਬਰਖਾ ਕਰਕੇ) ਸਰਜੀਵ ਕਰ ਦਿਖਾਇਆ ਅਰ ਉਸ ਵਿਚੋ ਅੰਨ ਨਿਕਾਸਿਆ ਕਿ ਓਸੇ ਵਿਚੋਂ (ਯਿਹ ਲੋਗ ਭੀ ਆਪਣਿਆਂ ਭਾਗਾਂ ਦਾ) ਭੋਗਦੇ ਹਨ ॥ ੩੩ ॥ ਅਰ ਪ੍ਰਿਥਵੀ ਉਪਰ ਅਸਾਂ ਨੇ ਖਜੂਰਾਂ ਅਰ ਅੰਗੂਰਾਂ ਦੇ ਬਾਗ ਲਗਾ ਦਿਤੇ ਅਰ ਓਹਨਾਂ ਵਿਚ (ਪਾਣੀ ਦੇ) ਚਸ਼ਮੇ ਵਗਾ ਦਿਤੇ ॥ ੩੪ ॥ ਤਾਕਿ ਬਾਗ ਦਿਆਂ ਫੁਲਾਂ ਵਿਚੋਂ (ਆਪਣੇ ਭਾਗਾਂ ਦਾ) ਭੋਗ ਭੋਗਣ ਅਰ (ਮਾਲੂਮ ਹੈ ਕਿ) ਯਿਹ (ਫਲ) ਏਹਨਾਂ ਹਥਾਂ ਦੇ ਬਨਾਏ ਹੋਏ ਨਹੀਂ ਤੋ ਕੀ (ਯਿਹ ਲੋਗ ਏਸ ਨਿਆਮਤ ਦਾ) ਧੰਨਯਵਾਦ ਨਹੀਂ ਕਰਦੇ ॥ ੩੫ ॥ ਪਵਿਤ੍ਰ ਹੈ ਉਹ (ਰੂਪ) ਜਿਸ ਨੇ ਪ੍ਰਿਥਵੀ ਨੂੰ ਰੂਵੀਦਗੀ

Digitized by Panjab Digital Library | www.panjabdigilib.org

ਦੀ ਕਿਸਮ ਵਿਚੋਂ ਅਰ (ਖੁਦ) ਏਹਨਾਂ ਦੀ ਆਪਣੀ (ਅਰਥਾਤ ਇਨ-
ਸਾਨ ਦੀ) ਕਿਸਮ ਵਿਚੋਂ ਅਰ ਓਨ (ਜੀਆ ਜੰਤੂ) ਦੀ ਕਿਸਮ ਵਿਚੋਂ ਜਿਨਹਾਂ
ਨੂੰ ਯਿਹ ਨਹੀਂ ਜਾਣਦੇ ਹਰ ਪਰਕਾਰ ਦੀਆਂ ਵਸਤੂ ਪੈਦਾ ਕੀਤੀਆਂ ਹਨ
॥੩੬॥ ਅਰ ਏਹਨਾਂ ਦੇ (ਸਮਝਣ) ਵਾਸਤੇ (ਸਾਡੀ ਕੁਦਰਤ ਦੀ)
ਇਕ ਨਿਸ਼ਾਨੀ ਰਾਤ੍ਰੀ ਹੈ ਕਿ ਅਸੀਂ ਓਸ ਵਿਚੋਂ ਦਿਵਸ ਨੂੰ ਖਿਚ ਕੇ ਨਿਕਾਸ
ਲੈਂਦੇ ਹਾਂ ਤੇ ਬਸ ਇਹ ਲੋਗ ਅੰਧੇਰੇ ਵਿਚ ਰਹਿ ਜਾਂਦੇ ਹਨ ॥ ੩੭ ॥
ਅਰ ਸੂਰਜ (ਹੈ ਕਿ) ਆਪਣੇ ਟਿਕਾਣੇ ਦੀ ਤਰਫ ਨੂੰ ਚਲਿਆ ਜਾਂਦਾ ਹੈ
ਇਹ ਅੰਦਾਜ਼ਾ ਖੁਦਾ ਦਾ ਬੰਨਿਆ ਹੋਇਆ ਹੈ ਜੋ ਸ਼ਕਤੀਵਾਨ (ਅਰ ਹਰ
ਵਸਤੂ ਥੀਂ) ਗਿਆਤਗੋਯ ਹੈ ॥ ੩੮ ॥ ਅਰ ਚਾਂਦ (ਹੈ ਕਿ) ਉਸਦੇ ਵਾਸਤੇ
ਅਸਾਂ ਨੇ ਮੰਜ਼ਲਾਂ ਨਿਯਤ ਕਰ ਦਿਤੀਆਂ ਏਥੋਂ ਤਕ ਕਿ (ਮਹੀਨੇ ਦੇ ਅੰਤ ਨੂੰ
ਘਟਦਾ ੨) ਫੇਰ (ਐਸਾ ਵਕ੍ਰ ਅਰ ਸੂਖਮ ਜੇਹਾ) ਰਹਿ ਜਾਂਦਾ ਹੈ ਜਿਸ ਤਰਹਾਂ
(ਖਜੂਰ ਦੀਆਂ) ਪੁਰਾਣੀਆਂ ਸ਼ਾਖਾਂ ॥੩੯॥ ਨਾ ਤਾਂ ਸੂਰਜ ਕੋਲੋਂ ਹੀ ਹੋ ਸਕਦਾ
ਹੈ ਕਿ ਚਾਂਦ ਨੂੰ ਜਾ ਲਵੇ ਅਰ ਨਾ ਰਾਤ੍ਰੀ ਹੀ ਦਿਨ ਨਾਲੋਂ ਪਹਿਲੇ
ਆ ਕਦੀ ਹੈ ਅਰ (ਕੀ ਚਾਂਦ ਅਰ ਕੀ ਸੂਰਜ ਸੰਪੂਰਣ ਆਪਣੇ
ਆਪਣੇ) ਜਿਸੂਅਰ ਚੱਕ੍ਰ (ਅਰਥਾਤ ਕਖਜ਼ਾਂ) ਉਪਰ (ਪੜੇ) ਤਾਰੀਆਂ
ਲਾ ਰਹੇ ਹਨ ॥ ੪੦ ॥ ਅਰ ਏਹਨਾਂ ਦੇ (ਸਮਝਣ) ਵਾਸਤੇ (ਸਾਡੀ
ਕੁਦਰਤ ਦੀ) ਇਕ ਯਿਹ ਨਿਸ਼ਾਨੀ ਹੈ ਕਿ ਅਸੀਂ ਏਹਨਾਂ (ਆਦਮੀਆਂ)
ਦੀ ਨਸਲ ਨੂੰ ਭਰੀਆਂ ਹੋਈਆਂ ਕਿਸ਼ਤੀਆਂ ਵਿਚ ਚੁਕੀ ਫਿਰਦੇ ਹੈਂ
॥ ੪੧ ॥ ਅਰ ਕਿਸ਼ਤੀ ਦੀ ਰੀਤੀ ਦੀਆਂ ਅਸਾਂ ਨੇ ਏਹਨਾਂ ਦੇ ਵਾਸਤੇ ਹੋਰ
ਵਸਤੂਆਂ (ਡੋਂਗੀ ਵਗੈਰਾ ਦੀਆ ਕਿਸਮਾਂ ਵਿਚੋਂ) ਪੈਦਾ ਕੀਤੀਆਂ ਹਨ
ਜਿਨਹਾਂ ਉਪਰ (ਯਿਹ ਦਰਿਯਾਵਾਂ ਵਿਚ) ਅਸਵਾਰ ਹੁੰਦੇ ਹਨ ॥ ੪੨ ॥
ਅਰ ਅਸੀਂ ਇਛਾ ਕਰੀਏ ਤੇ ਏਹਨਾਂ ਨੂੰ ਡੋਬ ਦਈਏ ਫੇਰ ਨਾ ਕੋਈ
ਏਹਨਾਂ ਦੀ ਪੁਕਾਰ ਸੁਣੇ ਅਰ ਨਾ ਯਿਹ (ਡੁਬਣ ਥੀਂ) ਮੁਕਤੀ ਪਾਉਣ
॥ ੪੩ ॥ ਪਰੰਤੂ (ਯਿਹ) ਸਾਡੀ ਕਿਰਪਾ (ਹੈ) ਅਰ ਇਕ (ਨਿ-
ਯਤ) ਸਮੇਂ ਤਕ (ਏਹਨਾਂ ਨੂੰ ਸਾਂਸਾਰਿਕ) ਲਾਭ (ਪਰਾਪਤ ਕਰਨੇ
ਅਭੀਸ਼ਟ ਹਨ ॥ ੪੪ ॥ ਅਰ ਜਦੋਂ ਏਹਨਾਂ ਨੂੰ ਕਹਿਆ ਜਾਂਦਾ ਹੈ ਕਿ
ਜੋ (ਵਿਪਤੀਆਂ ਤੁਸਾਂ ਨੂੰ) ਤੁਸਾਂ ਦੇ ਅਗੇ ਅਰ ਤੁਸਾਂ ਦੇ ਪਿਛੇ (ਘੇਰੀਆਂ
ਬੈਠੀਆਂ) ਹਨ ਓਹਨਾਂ ਪਾਸੋਂ ਡਰਦੇ ਰਹੋ ਤਾ ਕਿ ਤੁਸਾਂ ਉਪਰ ਰਹਿਮ
ਕੀਤਾ ਜਾਵੇ (ਤੇ ਉਹ ਏਸ ਦੀ ਕੁਝ ਵੀ ਪਰਵਾਹ ਨਹੀਂ ਕਰਦੇ) ॥ ੪੫ ॥

ਅਰ ਏਹਨਾਂ ਦੇ ਪਰਵਰਦਿਗਾਰ ਦੀਆਂ ਨਿਸ਼ਾਨੀਆਂ ਵਿਚੋਂ ਕੋਈ ਭੀ
ਨਿਸ਼ਾਨੀ ਏਹਨਾਂ ਦੇ ਪਾਸ ਆਵੇ ਤੇ ਯਿਹ ਉਸ ਥੀਂ ਮੂੰਹ ਮੋੜਿਆਂ ਬਿਨਾਂ ਨਹੀਂ

Digitized by Panjab Digital Library | www.panjabdigilib.org

ਰਹਿੰਦੇ ॥ ੪੬ ॥ ਅਰ ਜਦੋਂ ਏਹਨਾਂ ਨੂੰ ਕਹਿਆ ਜਾਂਦਾ ਹੈ ਕਿ ਖ਼ੁਦਾ ਨੇ ਜੋ ਤੁਸਾਂ ਨੂੰ ਰਿਜ਼ਕ ਦੇ ਰਖਿਆ ਹੈ ਉਸ ਦੇ ਵਿਚੋਂ (ਕੁਛ ਉਸ ਦੇ ਮਾਰਗ ਵਿਚ ਗਰੀਬਾਂ ਉਪਰ ਭੀ) ਖਰਚ ਕਰਦੇ ਰਿਹਾ ਕਰੋ ਤਾਂ ਕਾਫਰ ਮੁਸਲਮਾਨਾਂ ਨੂੰ ਕਹਿੰਦੇ ਹਨ ਕਿ ਕੀ ਅਸੀਂ ਐਸਿਆਂ ਲੋਗਾਂ ਨੂੰ ਛਕਾਈਏ ਜਿਹਨਾਂ ਨੂੰ ਖ਼ੁਦਾ ਚਾਹੇ ਤੇ (ਤੁਸੀਂ ਮੁਸਲਮਾਨਾਂ ਦੇ ਨਿਸਚੇ ਅਨੁਸਾਰ) ਆਪ (ਬਹੁਤ ਕੁਛ) ਛਕਾ ਸਕਦਾ ਹੈ (ਫੇਰ ਹੁਣ ਤੁਸੀਂ ਜੋ ਖ਼ੁਦਾ ਦੀ ਮਰਜ਼ੀ ਦੇ ਖਿਲਾਫ ਏਹਨਾਂ ਦੀ ਸਫਾਰਸ਼ ਕਰਦੇ ਹੋ ਤੇ) ਬਸ ਤੁਸੀਂ ਸਪਸ਼ਟ ਕੁਮਾਰਗੀ ਵਿਚ (ਪੜੇ) ਹੋ ॥ ੪੭ ॥ ਅਰ (ਮੁਨਕਰ ਮੁਸਲਮਾਨਾਂ ਨੂੰ) ਕਹਿੰਦੇ ਹਨ ਕਿ ਯਦੀ ਤੁਸੀਂ ਸਚੇ ਹੋ ਤੇ ਯਿਹ (ਪਰਲੇ ਦਾ) ਬਚਨ ਕਦੋਂ (ਪੂਰਾ) ਹੋਵੇਗਾ ॥੪੮॥ (ਬਸ) ਯਿਹ ਏਸੇ ਦੀ ਉਡੀਕ ਵਿਚ ਹਨ ਕਿ ਯਿਹ ਲੋਗ ਆਪਸ ਵਿਚ (ਇਕ ਦੂਸਰੇ ਨਾਲ ਸਾਧਾਰਨ ਤੌਰ ਉਪਰ) ਝਗੜਾ ਝਾਂਜਾ ਕਰ ਰਹੇ ਹੋਣ ॥ ੪੯ ॥ ਅਰ ਇਕ ਜੋਰ ਦੀ ਧੁਨੀ (ਸੂਰ) ਏਹਨਾਂ ਨੂੰ (ਇਕੋ ਵੇਰੀ) ਆਨ ਘੇਰੇ ਫੇਰ ਨਾਂ ਤੇ ਵਸੀਹਤ ਹੀ ਕਰ ਸਕਣਗੇ ਅਰ ਨਾ ਆਪਣਿਆਂ ਬਾਲ ਬਚਿਆਂ ਵਿਚ ਲੋਟਕੇ ਜਾ ਸਕਣਗੇ ॥੫੦॥ ਰੁਕੂਹ ੩ ॥

ਅਰ (ਫੇਰ ਦੁਬਾਰਾ) ਸੂਰ (ਕਰਨਾਹ) ਵਜਾਇਆ ਜਾਵੇਗਾ ਤੇ ਇਕੋ ਵੇਰੀ (ਸਾਰਿਆਂ ਦੇ ਸਾਰੇ) ਕਬਰਾਂ ਵਿਚੋਂ (ਨਿਕਲ ੨) ਆਪਣੇ ਪਰਵਰ-ਦਿਗਾਰ ਦੀ ਤਰਫ ਤੁਰ ਪੈਣਗੇ ॥ ੫੧ ॥ (ਅਰ ਸਭ੍ਰਮ ਹੋਏ ਹੋਏ ਇਕ ਦੂਸਰੇ ਪਾਸੋਂ) ਪੁਛਣਗੇ ਕਿ ਹਾਇ ! ਸਾਡੇ ਮੰਦ ਭਾਗ (ਅਸੀਂ ਤਾਂ ਸੁਤੇ ਪਏ ਹੋਏ ਸਾਂ) ਕਿਸ ਨੇ ਸਾਨੂੰ ਸਾਡਿਆਂ ਬਿਸਤਰਿਆਂ ਉਤੋਂ (ਜਗਾ) ਉਠਾਇਆ ! (ਫਰਿਸ਼ਤੇ ਉਤਰ ਦੇਣਗੇ ਕਿ) ਯਦੀ ਤੇ ਵੁਹ (ਪਰਲੈ) ਹੈ ਜਿਸ ਦੀ ਪਰਤਗਯਾ (ਖ਼ੁਦਾਇ) ਰਹਿਮਾਨ ਨੇ ਕਰ ਰਖੀ ਸੀ ਅਰ ਪੈਯੰ-ਬਰ ਸਚ ਕਹਿੰਦੇ ਸਨ ॥ ੫੨ ॥ ਗਲ ਕਾਹਦੀ ਪਰਲੈ ਬਸ ਇਕ ਜੋਰ ਦੀ ਅਵਾਜ਼ ਹੋਵੇਗੀ ਤੇ ਇਕੋ ਵਾਰੀ ਸਾਰੇ ਲੋਗ ਸਾਡੇ ਸਨਮੁਖ ਲਿਆਕੇ ਹਾਜ਼ਰ ਕੀਤੇ ਜਾਣਗੇ ॥ ੫੩ ॥ ਫੇਰ ਓਸ ਦਿਨ ਕਿਸੇ ਆਦਮੀ ਉਪਰ ਜਰਾ ਸਾ ਭੀ ਜ਼ੁਲਮ ਨਾ ਹੋਵੇਗਾ ਅਰ ਤੁਸੀਂ ਲੋਗਾਂ ਨੂੰ ਓਸੇ ਦਾ ਬਦਲਾ ਪਾਉਗੇ ਜੋ (ਸੰਸਾਰ ਵਿਚ) ਕਰਦੇ ਰਹੇ (ਹੋ) ॥ ੫੪ ॥ ਨਿਰ-ਸੰਦੇਹ ਸਵਰਗੀ ਲੋਗ ਓਸ ਦਿਨ ਮਜ਼ੇ ਨਾਲ (ਆਪਣੇ) ਚਿਤ ਪਰਸੰਨ ਕਰ ਰਹੇ ਹੋਣਗੇ ॥ ੫੫ ॥ ਉਹ (ਅਰ) ਉਨਹਾਂ ਦੀਆਂ ਇਸਤ੍ਰੀਆਂ ਸਾਇਆਂ ਵਿਚ ਤਖਤਾਂ ਉਪਰ ਉਪਧਾਨ ਲਗਾਈ (ਬੈਠੇ) ਹੋਣਗੇ ॥ ੫੬ ॥ ਸਵਰਗ ਵਿਚ ਓਹਨਾਂ ਵਾਸਤੇ ਮੇਵੇ (ਮੌਜੂਦ) ਹੋਣਗੇ ਜੋ ਇਛਾ ਕਰਨਗੇ ਉਨਹਾਂ

Digitized by Panjab Digital Library | www.panjabdigilib.org

ਵਾਸਤੇ ( ਹਾਜ਼ਰ ਹੈ ) ॥ ੫੭ ॥ ਪਰਵਰਦਿਗਾਰ ਮੇਹਰਬਾਨ ਆਪਣੀ ਤਰਫੋਂ ਸਲਾਮ ਅਖਵਾ ਘਲੇਗਾ ॥ ੫੮ ॥ ਅਰ ( ਅਸੀਂ ਮੰਦ ਕਰਮੀਆਂ ਨੂੰ ਆਗਿਆ ਕਰਾਂਗੇ ਕਿ ) ਪਾਪੀਓ ! ਅਜ ਏਹਨਾਂ ਸਵਰਗ ਵਾਲਿਆਂ ਥੀਂ ਅਲਗ ਰਹੋ ॥ ੫੯ ॥ ਹੇ ਆਦਮ ਦੀ ਸੰਤਾਨ ਕੀ ਅਸਾਂ ਨੇ ਤੁਸਾਂ ਨੂੰ ਪਕੀ ਨਹੀਂ ਕਰ ਦਿਤੀ ਸੀ ਕਿ ਸ਼ੈਤਾਨ ਦੀ ਪੂਜਾ ਨਾ ਕਰਨੀ ਕਿ ਉਹ ਤੁਸਾਂ ਦਾ ਖੁਲਮਖੁਲਾ ਦੁਸ਼ਮਨ ਹੈ ॥ ੬੦ ॥ ਅਰ ਯਿਹ ਕਿ ਸਾਡੀ ਹੀ ਪੂਜਾ ਕਰਨੀ ਕਿ ਯਹੀ ( ਦੀਨ ਦਾ ) ਸੂਧਾ ਮਾਰਗ ਹੈ ॥ ੬੧ ॥ ਅਰ ( ਏਸ ਦੇ ਹੁੰਦਿਆਂ ਸੁੰਦਿਆਂ ) ਉਸ ਨੇ ਤੁਸਾਂ ਵਿਚੋਂ ਪ੍ਰਾਯਾ ਲੋਗਾਂ ਨੂੰ ਕੁਕਰਮੀ ਕਰ ਦਿਤਾ ਕੀ ਤੁਸੀਂ ਬੁਧੀ ਨਹੀਂ ਰਖਦੇ ਸੀ ॥ ੬੨ ॥ ( ਤੇ ਹੁਣ ) ਯਿਹ ਜਹੱਨਮ ਹੈ ਜਿਸ ਦੀ ਤੁਸਾਂ ਨਾਲ ਪਰਤਗਿਆ ਕੀਤੀ ਜਾਂਦੀ ਸੀ ॥ ੬੩ ॥ ਹੁਣ ਆਪਣੇ ਕੁਫਰ ( ਤਥਾ ਇਨਕਾਰ ) ਦੀ ਪ੍ਰਤਿਨਿਧਿ ਮੇਂ ਇਸ ਵਿਚ ਦਾਖਲ ਹੋ ॥ ੬੪ ॥ ਅਜ ਅਸੀਂ ਏਹਨਾਂ ਦਿਆਂ ਮੂੰਹਾਂ ਉਪਰ ਮੋਹਰਾਂ ਲਗਾ ਦੇਵਾਂਗੇ ਅਰ ਜੈਸੀ ਕਰਤੂਤ ਯਿਹ ਲੋਗ ਕਰ ਰਹੇ ਸਨ ਏਹਨਾਂ ਦੇ ਹਥ ਸਾਨੂੰ ਦਸ ਦੇਣਗੇ ਅਰ ਏਹਨਾਂ ਦੇ ਪੈਰ ( ਭੀ ) ਗਵਾਹੀ ਦੇਣਗੇ ॥ ੬੫ ॥ ਅਰ ਅਸੀਂ ਚਾਹੀਏ ਤੋ ਏਹਨਾਂ ਦੀਆਂ ਅੱਖੀਆਂ ਤੇ ਬਹਾਰੀ ਫੇਰ ਦੇਈਏ ( ਅਰ ) ਫੇਰ ਯਿਹ ਰਸਤੇ ਦੀ ਤਰਫ ਦੌੜਨ ਤੇ ਦੇਖਣ ਕਿਥੋਂ ? ॥ ੬੬ ॥ ਅਰ ਯਦੀ ਅਸੀਂ ਇਛਾ ਕਰੀਏ ਤੋ ਜਿਥੇ ਹਨ ਓਥੇ ਹੀ ਏਹਨਾਂ ਜਾ ਕਪਰਿਣਾਮ ਅਰ (ਮਸਖ ਕਰ ਕੇ ਯਥਾ ਪਖਾਣ ਕਿੰਬਾ ਲੂਲੇ ਬਨਾ) ਦੇਈਏ ਫੇਰ ਨਾ ਤੋ ਏਹਨਾਂ ਪਾਸੋਂ ( ਅਗੇ ) ਹੀ ਤੁਰਿਆ ਜਾਏ ਅਰ ਨਾ ਪਿਛੇ ਹੀ ਜਾਇਆ ਜਾਏ ॥ ੬੭ ॥ ਰੁਕੂਹ ੪ ॥

ਅਰ ਅਸੀਂ ਜਿਸ ਦੀ ਆਯੂ ਅਧਿਕ ਕਰਦੇ ਹਾਂ ਬਨਾਉਟ ਵਿਚ ਓਸ ਨੂੰ ਉਲਟਾ ਨਿਊਨ ਕਰਦੇ ਚਲੇ ਜਾਂਦੇ ਹਾਂ ਕਿ ਯਿਹ ਲੋਗ ( ਏਤਨੀ ਬਾਰਤਾ ਭੀ ) ਨਹੀਂ ਸਮਝਦੇ ॥ ੬੮ ॥ ਅਰ ਅਸਾਂ ਨੇ ਏਸ ( ਪੈਗੰਬਰ ਅਰਥਾਤ ਮੁਹੰਮਦ ) ਨੂੰ ਕਵਿਤਾ ਨਹੀਂ ਸਿਖਾਈ ਅਰ ਕਵਿਤਾ ਏਹਨਾਂ ( ਦੇ ਪ੍ਰਤਾਪ ਦੇ) ਜੋਗ ਭੀ ਨਹੀਂ ਯਿਹ (ਕੁਰਾਨ) ਤੋ ਬਸ (ਨਿਰੀ ਪੁਰੀ) ਸਿਖਿਆ ਹੈ ਅਰ ਪੜ੍ਹਨੇ ਦੇ ਯੋਗ ਅਰ ਆਮ ਫਹਿਮ ( ਸਾਧਾਰਣ ਸਮਝ ਵਾਸਤੇ ) ਹੈ ॥ ੬੯ ॥ ( ਅਰ ਏਸ ਦੇ ਉਤਾਰਨ ਦਾ ਭਾਵ ਯਿਹ ਹੈ ) ਕਿ ਜੋ ਜੀਉਂਦੇ ( ਜਾਗਦੇ ਚਿਤ ) ਹੋਣ ਉਹਨਾਂ ਨੂੰ (ਖੁਦਾ ਦੇ ਡਰ ਥੀਂ) ਸਭੈ ਕਰੇ ਅਰ ਮੁਨ-ਕਰਾਂ ਉਪਰ ( ਇਲਾਹੀ ) ਹੁਜਤ ਸਥਾਪਤ ਹੋ ॥ ੭੦ ॥ ਕੀ ਏਹਨਾਂ ਲੋਗਾਂ ਨੇ ( ਇਸ ਬਾਰਤਾ ਉਪਰ ) ਦ੍ਰਿਸ਼ਟੀ ਨਹੀਂ ਦਿਤੀ ਕਿ ਅਸਾਂ ਨੇ ਇਹਨਾਂ ਵਾਸਤੇ ਚਤੁਸ਼ਪਾਦੀ ਉਤਪਤ ਕੀਤੇ ਕਿ ਵੁਹ ਭੀ ਸਾਡੇ ( ਹੀ )

ਹਥਾਂ ਦੇ ਬਣਾਏ ਹੋਇ ਹਨ ਅਰ ( ਹੁਣ ) ਯਿਹ ਓਹਨਾਂ ਦੇ ਅਧਪਤ ( ਬਣੇ ਬੈਠੇ ) ਹਨ ॥ ੭੧ ॥ ਅਰ ਅਸਾਂ ਨੇ ਓਹਨਾਂ ( ਚਤੁਸ਼ਪਾਦੀਆਂ ) ਨੂੰ ਏਹਨਾਂ ਦੇ ਅਧੀਨ ਕਰ ਦਿਤਾ ਹੈ ਤੋ ( ਕਈ ਕੁ ) ਓਹਨਾਂ ਵਿਚੋਂ ਏਹਨਾਂ ਦੇ ਆਵਾਹਨ (ਸਵਾਰੀਆਂ) ਹਨ ਅਰ ਓਹਨਾਂ ਵਿਚੋਂ ( ਕਈਆਂ ) ਨੂੰ ਖਾਂਦੇ ਹਨ ॥ ੭੨ ॥ ਅਰ ਓਹਨਾਂ ( ਚਤੁਸ਼ਪਾਦੀਆਂ ) ਵਿਚੋਂ ਏਹਨਾਂ ਦੇ ਵਾਸਤੇ ( ਔਰ ਭੀ ) ਲਾਭ ਹਨ ਅਰ ( ਵਸ਼ੇਸ਼ ਕਰਕੇ ) ਪਾਨ ਕਰਨ ਵਾਲੀ ਵਸਤੂ ( ਅਰਥਾਤ ਦੁਗਧ ) ਤੇ ਕੀ ( ਯਿਹ ਲੋਗ ਏਹਨਾਂ ਪਦਾਰਥਾਂ ਦਾ ) ਧੰਨਬਾਦ ਨਹੀਂ ਕਰਦੇ ॥ ੭੩ ॥ ਅਰ ਲੋਗਾਂ ਨੇ ਖੁਦਾ ਥੀਂ ਸਿਵਾ ( ਅਨਜਾਨਜ ) ਮਾਬੂਦ ( ਭੀ ) ਇਸ ਅਭਿਪ੍ਰਾਯ ਕਰਕੇ ਬਨਾ ਰਖੇ ਹਨ ਕਿ ਏਹਨਾਂ ਨੂੰ ( ਓਹਨਾਂ ) ਪਾਸੋਂ ਸਹਾਇਤਾ ਮਿਲੇ ॥ ੭੪ ॥ ਸੋ ਵੁਹ ਏਹਨਾਂ ਦੀ ਸਹਾਇਤਾ ( ਤੋਂ ਕੁਛ ਭੀ ) ਨਹੀਂ ਕਰ ਸਕਦੇ ਪ੍ਰਤੁਤ ਯਿਹ ( ਬੁਤ ਉਲਟੇ ) ਬੁਤ ਪ੍ਰਸਤਾਂ ਦੇ ( ਪਖਪਾਤੀ ਅਰਥਾਤ ਬੇਮੁਖਾਂ ਦਾ ) ਕਟਕ ਨੀਯਤ ਕਰਕੇ ( ਪ੍ਰਲੈ ਦੇ ਦਿਨ ਜਵਾਬ ਦੇਣ ਵਿਚ ) ਪਕੜੇ ਹੋਏ ਹੋਣਗੇ ॥ ੭੫ ॥ ਤੋ ( ਹੇ ਪੈਯੰਬਰ ) ਏਹਨਾਂ ਲੋਗਾਂ ਦੀਆਂ ਗਲਾਂ ਤੁਸਾਂ ਦੀ ਚਿੰਤਾ ਦਾ ਕਾਰਨ ਨਾ ਹੋਣ ਕਾਹੇ ਤੇ ( ਯਿਹ ਲੋਗ ) ਜੋ ਕੁਛ ਗੁਪਤ ਕਰਦੇ ਹਨ ਅਰ ਜੋ ਕੁਛ ਪ੍ਰਤਖ ਪ੍ਰਗਟ ਕਰਦੇ ਹਨ ਅਸੀਂ ( ਸਭ ਕੁਛ ) ਜਾਣਦੇ ਹਾਂ ( ਅਰ ਜੋ ਜੈਸਾ ਕਰੇਗਾ ਵੈਸਾ ਹੀ ਪਾਵੇਗਾ ) ॥ ੭੬ ॥ ਕੀ ਆਦਮੀ ਨੂੰ ਮਾਲੂਮ ਨਹੀਂ ਕਿ ਅਸਾਂ ਨੇ ਓਸ ਨੂੰ ਬੀਰਜ ਥੀਂ ਉਤ-ਪਤ ਕੀਤਾ ਇਸ ਦੇ ਹੁੰਦਿਆਂ ਸੁੰਦਿਆਂ ਉਹ ( ਸਾਡਾ ) ਖੁਲਮਖੁਲਾ (ਮੁਕਾਬਲਾ ਬਨਕੇ ) ਲਗਾ ਵਿਵਾਦ ਕਰਨ ॥ ੭੭ ॥ ਅਰ ਲਗਾ ਸਾਡੀ ਨਿਸਬਤ ਗਲਾਂ ਬਨਾਉਨ ਅਰ ਆਪਣੇ ਅਸਲੇ ਨੂੰ ਭੁਲ ਗਇਆ ਕਹਿੰਦਾ ( ਕੀ ) ਹੈ ਕਿ ਕੌਣ ( ਐਸਾ ਪ੍ਰਭਾਵ ਸ਼ਾਲੀ ) ਹੈ ਕਿ ( ਆਦਮੀ ਦੀਆਂ ) ਅਸ-ਥੀਆਂ ਗਲ ( ਕੇ ਖਾਕ ਹੋ ) ਗਈਆਂ ਹੋਣ ਅਰ ਉਹ ਓਹਨਾਂ ਨੂੰ ਸੁਰਜੀਤ ਕਰਕੇ ਖੜਾ ਕਰ ਦੇਵੇ ॥ ੭੮ ॥ ( ਹੇ ਪੈਯੰਬਰ ਤੁਸੀਂ ਏਸ ਮੂੰਹ ਪਾਟੇ ਨੂੰ ) ਕਹੋ ਕਿ ਜਿਸਨੇ ਅਸਥੀਆਂ ਨੂੰ ਪ੍ਰਥਮ ਬਾਰ ਉਤਪਤ ਕੀਤਾ ਸੀ ਵਹੀ ਏਹਨਾਂ ਨੂੰ ( ਦੁਬਾਰਾ ਭੀ ) ਸੁਰਜੀਤ ( ਉਠਾਵੇ ) ਗਾ ਅਰ ਉਹ ਸਭ ( ਪ੍ਰਕਾਰ ਦੀ ) ਉਤਪਤ ਕਰਨੀ ਜਾਣਦਾ ਹੈ ॥ ੭੯ ॥ ਵਹੀ ਤੋ ( ਮੁਤਲਿਕ ਕਾ ਰ ) ਹੈ ਕਿ ( ਕਈਆਂਕੁ ) ਹਰਿਆਂ ਭਰਿਆਂ ਬ੍ਰਿਛਾਂ ( ਦੇ ਆਪਸ ਵਿਚ ਰਗੜੇ ) ਜਾਣ ਕਰਕੇ ਤੁਸਾਂ ਲੋਗਾਂ ਵਾਸਤੇ ਅਗਨੀ ਉਤਪਤ ਕਰਦਾ ਹੈ ਫੇਰ ਤੁਸੀਂ ਓਸ ( ਅਗਨੀ ) ਥੀਂ ( ਹੋਰ ਅਗ ਨੀ ) ਸੁਲਗਾ ਲੈਂਦੇ ਹੋ ॥ ੮੦ ॥ ਕੀ ਜਿਸ ( ਖੁਦਾ ) ਨੇ ਅਕਾਸ਼ ਪ੍ਰਿਥਵੀ

Digitized by Panjab Digital Library | www.panjabdigilib.org

ਉਤਪਤ ਕੀਤੇ ਉਹ ਇਸ ( ਬਾਰਤਾ ) ਉਪਰ ਕਾਦਰ ਨਹੀਂ ਕਿ (ਪ੍ਰਲੈ ਦੇ ਦਿਨ ) ਏਹਨਾਂ ਜੈਸੇ ( ਆਦਮੀਆਂ ਨੂੰ ਦੁਬਾਰਾ ) ਉਤਪਤ ਕਰੇ ਹਾਂ ( ਜਰੂਰ ਕਾਦਰ ) ਹੈ ਅਰ ਉਹ ( ਤੋ ) ਬੜਾ ਪੈਦਾ ਕਰਨੇ ਵਾਲਾ ( ਅਰ ) ਮਾਹਰ ਹੈ ॥੮੧॥ ਓਸ ਦਾ ਤੋ ਯਿਹ ਪ੍ਰਭਾਵ ਹੈ ਕਿ ਜਦੋਂ ਉਹ ਕਿਸੇ ਵਸਤੂ ਦਾ ਸੰਕਲਪ ਕਰਦਾ ਹੈ ਤੋ ਬਸ ਉਹ ਓਸ ਨੂੰ ( ਏਤਨੀ ਹੀ ) ਆਗਜਾ ਕਰ ਦੇਂਦਾ ਹੈ ਕਿ ਹੋ, ਅਰ ਉਹ ਹੋ ਜਾਂਦੀ ਹੈ ॥ ੮੨ ॥ ਬਸ ਉਹ ਪਵਿਤ੍ਰ ( ਰੂਪ ) ਹੈ ਜਿਸਦੇ ਹਥ ਵਿਚ ਸੰਪੂਰਨ ਵਸਤੂਆਂ ਦਾ ਪੂਰਨ ਅਧਿਕਾਰ ਹੈ ਅਰ(ਮੇਰੇਪਿਛੋਂ) ਓਸੇ ਦੀ ਤਰਫ ਤੁਸਾਂ ( ਸਾਰੇ ) ਲੋਟਕੇ ਲਿਆਂਦੇ ਜਾਓਗੇ ॥ ੮੩ ॥ ਰੁਕੂਹ ੫ ॥

# ਸੂਰਤ ਸਾਫਾਤ ਮੱਕੇ ਵਿਚ ਉਤਰੀ ਅਰ ਇਸ ਦੀਆਂ ਇਕ ਸੌ ਬਿਆਸੀ ਆਇਤਾਂ ਅਰ ਪੰਜ ਰੁਕੂਹ ਹਨ।

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕ੍ਰਿਪਾਲੂ ( ਹੈ )( ਜੋਧਿਆਂ ਦੇ ਓਹਨਾਂ ) ਲਸ਼ਕਰਾਂ ਦੀ ਸੌਗੰਧ ਜੋ ( ਵੈਰੀਆਂ ਦੇ ਨਾਲ ਲੜਨ ਵਾਸਤੇ ) ਪੰਕਤੀਆਂ ਬੰਨ੍ਹਕੇ ਖੜੇ ਹੁੰਦੇ ਹਨ ॥ ੧ ॥ ( ਫੇਰ ਆਪਣਿਆਂ ਘੋੜਿਆਂ ਨੂੰ ਜੋਰ ਨਾਲ ) ਡਾਂਟਦੇ ( ਅਰ ਵੈਰੀਆਂ ਉਪਰ ਹੱਲਾ ਕਰਦੇ ) ਹਨ ॥ ੨ ॥ ਫੇਰ ( ਲੜਾਈ ਥੀਂ ਫਾਰਗ ਹੋਕੇ ) ਜਿਕਰ ( ਇਲਾਹੀ ਅਰਥਾਤ ਕੁਰਾਨ ) ਦਾ ਪਾਠ ਕਰਦੇ ਹਨ ( ਭਾਵ ਸਾਨੂੰ ਏਹਨਾਂ ਵਸਤੂਆਂ ਦੀ ਸੌਗੰਧ ਹੈ ) ॥ ੩ ॥ ( ਕਿ ) ਨਿਰਸੰਦੇਹ ਤੁਸਾਂ ਸਾਰਿਆਂ ਦਾ ਮਾਬੂਦ ਇਕ ( ਖੁਦਾ ) ਹੈ ॥ ੪ ॥ ਅਕਾਸ਼ ਅਰ ਪ੍ਰਿਥਵੀ ਅਰ ਜੋ ਵਸਤੂਆਂ ਪ੍ਰਿਥਵੀ ਆਕਾਸ਼ ਦੇ ਮਧ ਮੇਂ ਹਨ ਸੰਪੂਰਨਾਂ ਦਾ ਪਰਵਰਦਿਗਾਰ ਅਰ ( ਹੋਰ ) ਓਹਨਾਂ ਅਸਥਾਨਾਂ ਦਾ ਪਰਵਰਦਿਗਾਰ ਜਿਥੋਂ ਜਿਥੋਂ ( ਸੂਰਜ ਭਿੰਨ ੨ ਸਮਿਆਂ ਵਿਚ ) ਉਦੇ ਹੁੰਦਾ ਹੈ ॥ ੫ ॥ ਅਸਾਂ ਨੇ ਹੀ ਵਰਲੇ ਆਕਾਸ਼ ਨੂੰ ( ਇਕ ) ਸੁੰਦਰਤਾਈ ਅਰਥਾਤ ਨਛਤ੍ਰ ਗਣ ਨਾਲ ਸਜਾਇਆ ॥ ੬ ॥ ਅਰ ਹਰ ਸ਼ੈਤਾਨ ਅਮੋੜ ਥੀਂ ਰਾਖੀ ਵਿਚ ਕਰ ਰਖਿਆ ਹੈ ॥ ੭ ॥ ਕਿ ਉਹ ਉਪਰ ਦੇ ਲੋਗਾਂ ( ਅਰਥਾਤ ਫਰਿਸ਼ਤਿਆਂ ਦੀਆਂ ਬਾਤਾਂ ) ਦੀ ਤਰਫ ਕੰਨ ਬੀ ਨਹੀਂ ਲਗਾ ਸਕਦੇ ਅਰ ਖਦੇੜਨ ਵਾਸਤੇ ਚਾਰ ਚੁਫੇਰਿਓਂ ( ਓਹਨਾਂ ਉਪਰ ਸ਼ੁਹਾਬ ) ਸੁਟੇ ਜਾਂਦੇ ਹਨ ॥ ੮ ॥ ਅਰ ( ਯਿਹ ) ਉਹਨਾਂ ਵਾਸਤੇ ਅਵਸ਼ ਕਸ਼ਟ ਹੈ ( ਭਾਵ ਸ਼ੈਤਾਨ ਫਰਿਸ਼ਤਿਆਂ ਦੀਆਂ ਬਾਤਾਂ ਸੁਣ ਨਹੀਂ ਸਕਦੇ ) ॥ ੯ ॥ ਪਰੰਤੂ ( ਹਾਂ ਕਦੇ ਕਦਾਂਈ ) ਕੋਈ ( ਕਿਸੇ ਬਾਰਤਾ ਨੂੰ ) ਝੁਰਾਟੇ ਨਾਲ ਉੜੰਬ ਲੈ

Digitized by Panjab Digital Library | www.panjabdigilib.org

ਜਾਂਦਾ ਹੈ ਤੇ ਸ਼ਹਾਬ ਦਾ ਦਗਦਾ ਹੋਇਆ ਅੰਗਾਰ ਇਸੇ ਪਿਛੇ ਲਗਾ ਹੁੰਦਾ ਹੈ ॥ ੧੦ ॥ ਤੇ (ਹੇ ਪੈਯੰਬਰ) ਏਹਨਾਂ (ਮੁਨਕਰਾਂ) ਪਾਸੋਂ ਪੁਛੋ ਕਿ ਕੀ ਏਹਨਾਂ ਦਾ ਉਤਪਤ ਕਰਨਾ ਬਹੁਤ ਔਖਾ ਹੈ ਕਿੰਬਾ (ਪੂਰਵੋਕਤ ਵਸ-ਤੂਆਂ ਦਾ) ਜਿਨਹਾਂ ਨੂੰ ਅਸਾਂ ਨੇ ਬਨਾਇਆ ਹੈ ? ਇਸ ਮਨੁਸ਼ ਮਾਤਰ ਨੂੰ ਤੇ ਅਸਾਂ ਨੇ (ਏਸ ਸਾਧਾਰਣ) ਲੇਸਲੀ ਮਿਟੀ ਥੀਂ ਉਤਪਤ ਕੀਤਾ ਹੈ ॥ ੧੧ ॥ (ਹੇ ਪੈਯੰਬਰ) ਬਾਰਤਾ ਇਹ ਹੈ ਕਿ ਤੁਸੀਂ ਤੇ (ਏਹਨਾਂ ਦੇ ਪ੍ਰਲੈ ਦੇ ਇਨਕਾਰ ਥੀਂ) ਅਸਚਰਜ ਹੁੰਦੇ ਹੋ ਅਰ ਯਿਹ (ਤੁਸਾਂ ਦੀਆਂ ਬਾਤਾਂ ਨੂੰ) ਹਸਦੇ ਹਨ ॥ ੧੨ ॥ ਅਰ ਜਦੋਂ ਏਹਨਾਂ ਨੂੰ ਸਮਝਾਯਾ ਜਾਂਦਾ ਹੈ ਤੇ (ਅੜੀ ਕਰਦੇ ਅਰ) ਨਹੀਂ ਸਮਝਦੇ ॥ ੧੩ ॥ ਅਰ ਜਦੋਂ ਕੋਈ ਨਿਸ਼ਾਨੀ (ਅਰਥਾਤ ਚਮਿਤਕਾਰ) ਦੇਖਦੇ ਹਨ (ਤੇ ਉਸ ਨੂੰ) ਮਖੌਲ ਅਗੇ ਧਰ ਲੈਂਦੇ ਹਨ ॥ ੧੪ ॥ ਅਰ ਕਹਿੰਦੇ ਹਨ ਯਿਹ ਤੇ ਬਸ ਪਰਤੱਖ ਜਾਦੂ ਹੈ ॥ ੧੫ ॥ ਕੀ (ਸਚ ਮੁਚ) ਜਦੋਂ ਅਸੀਂ ਮਰ ਗਏ ਅਰ ਮਿਟੀ ਤਥਾ ਹੱਡੀਆਂ ਹੋ ਕੇ ਰਹਿ ਗਏ ਕੀ ਅਸੀਂ (ਪਰਲੈ ਨੂੰ ਦੁਬਾਰਾ) ਉਠਾ ਕੇ ਖੜੇ ਕੀਤੇ ਜਾਵਾਂਗੇ ॥ ੧੬ ॥ ਅਰ ਕੀ ਸਾਡੇ ਅਗਲੇ ਪਿਤਾ (ਪਰ ਪਿਤਾ) ਭੀ ॥ ੧੭ ॥ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਹਾਂ (ਸਚ ਮੁਚ ਉਠਾ ਕੇ ਖੜੇ ਕੀਤੇ ਜਾਓਗੇ) ਅਰ ਤੁਸੀਂ (ਓਸ ਵੇਲੇ ਬਿਲਕੁਲ ਦੀਨ) ਅਰ ਨਿਰਬਲ ਹੋਵੋਗੇ ॥ ੧੮ ॥

ਪ੍ਰਲੈ ਤੇ ਬਸ ਇਕ ਲਲਕਾਰ ਹੈ ਏਧਰ ਲਲਕਾਰ ਹੋਈ ਅਰ ਓਧਰ ਸਾਰਿਆਂ (ਦੇ ਸਾਰੇ ਸੁਜੀਵ ਹੋ ਕੇ) ਲਗੇ ਦੇਖਣ ॥ ੧੯ ॥ ਅਰ ਜੋ (ਪ੍ਰਲੈ ਦੇ ਮੁਨਕਰ ਹਨ ਉਹ ਓਸ ਵੇਲੇ) ਬੋਲ ਉਠਣਗੇ ਕਿ ਹਾਇ ! ਸਾਡੇ ਮੰਦ ਭਾਗ ਯਿਹ ਤੇ (ਵਹੀ) ਜਜ਼ਾ ਸਜ਼ਾ ਵਾਲਾ ਦਿਨ (ਪਰਤੀਤ ਹੁੰਦਾ) ਹੈ ॥ ੨੦ ॥ (ਅਸੀਂ ਕਹਾਂਗੇ ਕਿ ਹਾਂ) ਯਹੀ ਉਹ ਫੈਸਲੇ ਦਾ ਦਿਨ ਹੈ ਜਿਸ ਨੂੰ ਤੁਸੀਂ ਝੁਠਿਆਰਿਆ ਕਰਦੇ ਸੀ ॥ ੨੧ ॥ ਰੁਕੂਹ ੧ ॥

(ਅਰ ਅਸੀਂ ਫਰਿਸ਼ਤਿਆਂ ਨੂੰ ਹੁਕਮ ਦੇਵਾਂਗੇ ਕਿ) ਜੋ ਲੋਗ (ਸੰਸਾਰ ਵਿਚ) ਨਾ ਫਰਮਾਨੀਆਂ ਕਰਦੇ ਰਹੇ ਹਨ ਓਹਨਾਂ ਨੂੰ ਅਰ ਓਹਨਾਂ ਦਿਆਂ ਸਾਥੀਆਂ ਨੂੰ ॥ ੨੨ ॥ ਅਰ ਖੁਦਾ ਦੇ ਸਿਵਾ ਜਿਨਹਾਂ (ਮਾਬੂਦਾਂ) ਨੂੰ ਪੂਜਦੇ ਰਹੇ ਹਨ ਓਹਨਾਂ (ਸਾਰਿਆਂ ਨੂੰ ਇਕ ਜਗਹਾਂ) ਇਕਤਰ ਕਰੋ। (ਅਰ) ਫੇਰ ਓਹਨਾਂ ਨੂੰ ਨਰਕਾਂ ਦੇ ਰਸਤੇ ਲੈ ਚਲੋ ॥ ੨੩ ॥ ਅਰ (ਹਾਂ ਥੋਹੜਾ ਸਾ) ਏਹਨਾਂ ਨੂੰ ਠਹਿਰਾਓ ਏਹਨਾਂ ਪਾਸੋਂ (ਕੁਛ) ਪੁਛਣਾ ਹੈ ॥ ੨੪ ॥ ਕਿ (ਹੁਣ) ਤੁਸਾਂ ਨੂੰ ਕੀ ਹੋ ਗਇਆ ਕਿ ਇਕ ਦੂਸਰੇ ਦੀ ਮਦਦ ਨਹੀਂ ਕਰਦੇ (ਯਿਹ ਕੁਛ ਭੀ ਜਵਾਬ ਨਹੀਂ ਦੇਣਗੇ) ॥ ੨੫ ॥ ਪ੍ਰਤਯਤ ਯਿਹ

Digitized by Panjab Digital Library | www.panjabdigilib.org

( ਤੇ ਕੁਛ ) ਓਸ ਦਿਨ ਨੀਵੀ ਧੌਨ ਕੀਤੀ (ਖੜੇ ਹੋਏ) ਹੋਣਗੇ ॥ ੨੬ ॥ ਅਰ ਇਕ ਦੇ ਪਾਸੇ ਦੂਸਰਾ ਧਿਆਨ ਦੇ ਕੇ ਪੁਛ ਗਿਛ ਕਰੇਗਾ ॥ ੨੭ ॥ ਇਕ ਟੋਲਾ (ਦੂਸਰੇ ਟੋਲੇ ਨੂੰ) ਕਹੇਗਾ ਕਿ ਤੁਸੀਂ ਸਾਡੇ ਉਪਰ ਸਜਿਓਂ (ਹਲ ਕਰ ੨) ਕੇ ਆਉਂਦੇ ਸੀ ॥੨੮॥ਉਹ ਕਹਿਣਗੇ ( ਕਿ ਨਹੀਂ ) ਪ੍ਰਤਯੁਤ ਤੁਸਾਂ ( ਆਪ ) ਈਮਾਨ ਨਹੀਂ ਧਾਰਿਆ ॥ ੨੯ ॥ ਅਰ ਤੁਸਾਂ ਉਪਰ ਸਾਡਾ ਕੋਈ ਜੋਰ ਤੇ ਨਹੀਂ ਸੀ ਪ੍ਰਤਯੁਤ ਤੁਸੀਂ ( ਆਪ ) ਹੀ ਅਮੋੜ ਲੋਗ ਸੇ ॥ ੩੦ ॥ ਬਸ ਸਾਡੇ ਪਰਵਰਦਿਗਾਰ ਦੀ ਪਰਤਿੱਗਯਾ ( ਕਸ਼ਟ ) ਸਾਡੇ ( ਸਾਰਿਆਂ ਦੇ ) ਹਕ ਵਿਚ ਪੂਰਾ ਹੋਇਆ ਤੇ ਅਸਾਂ ( ਸਾਰਿਆਂ ਨੇ ) ਹੀ ( ਕਸ਼ਟ ਦੇ ) ਸਵਾਦ ਚਖਣੇ ਹੋਣਗੇ ॥ ੩੧ ॥ ਅਸੀਂ ( ਆਪ ) ਬਹਿਕੇ ਹੋਏ ਸੇ ਸੋ ਅਸਾਂ ਨੇ ਤੁਸਾਂ ਨੂੰ ਭੀ ਬਹਿਕਾ ਦਿਤਾ ( ਪਰੰਤੂ ਧਿਕੋ ਜੋਰੀ ਨਹੀਂ ) ॥ ੩੨ ॥ ਭਾਵ ਓਸ ਦਿਨ ਯਿਹ ( ਸਾਰੇ ਲੋਗ ) ਕਸ਼ਟ ਵਿਚ ਸ਼ਰੀਕ ਹੋਣਗੇ ॥ ੩੩ ॥ ਦੋਖੀਆਂ ਨਾਲ ਅਸੀਂ ਐਸਾ ਹੀ ( ਵਰਤਾਵਾ ) ਕੀਤਾ ਕਰਦੇ ਹਾਂ ॥ ੩੪ ॥ ਯਿਹ ਐਸੇ ( ਸਰਕਸ਼ ) ਸਨ ਕਿ ਜਦੋਂ ਏਹਨਾਂ ਨੂੰ ਕਹਿਆ ਜਾਂਦਾ ਸੀ ਕਿ ਖੁਦਾ ਥੀਂ ਸਿਵਾ ਕੋਈ ਮਾਬੂਦ ਨਹੀਂ ਤੇ ਯਿਹ ਆਕੜ ਬੈਠਦੇ ਸਨ ॥ ੩੫ ॥ ਅਰ ( ਹੇ ਪੈਯੰਬਰ ਤੇਰੇ ਸਮੇਂ ਦੇ ਮੁਨਕਰ ) ਕਹਿੰਦੇ ਹਨ ਕਿ ਭਲਾ ( ਕਿਤੇ ) ਅਸੀਂ ਆਪਣਿਆਂ ਮਾਬੂਦਾਂ ਨੂੰ ਇਕ ਉਨਮਾਦੀ ਕਵੀ ਦੇ ਪਿਛੇ ਛੱਡ ਦੇਂਦੇ ਹਾਂ ( ਸੋ ਪੈਯੰਬਰ ਨਾ ਉਨਮਾਦੀ ਹਨ ਨਾ ਕਵੀ ) ॥ ੩੬ ॥ ਪ੍ਰਤਯੁਤ ( ਖੁਦਾ ਪਾਸੋਂ ) ਸਚਾ ( ਦੀਨ ) ਲੈਕੇ ਆਏ ਹਨ ਅਰ ( ਅਗਲਿਆਂ ) ਪੈਯੰਬਰਾਂ ਦਾ ਮੰਡਨ ਕਰਦੇ ਹਨ ॥ ੩੭ ॥ ਤੁਸੀਂ ( ਏਹਨਾਂ ਨੂੰ ਨਹੀਂ ਮੰਨੋਗੇ ਤੇ ) ਜ਼ਰੂਰ ਭਿਆਨਕ ਕਸ਼ਟ ( ਦੇ ਸਵਾਦ ) ਚਖੋਗੇ ॥੩੮॥ ਅਰ ਜੈਸੇ ੨ ਕਰਮ ਕਰਦੇ ਰਹੇ ਹੋ ਓਹਨਾਂ ਦਾ ਹੀ ਫਲ ਭੁਗਤੋਗੇ ॥ ੩੯ ॥ ਪਰੰਤੂ ਅੱਲਾ ਦੇ ਖਾਸ ਬੰਦੇ ॥ ੪੦ ॥ ਯਿਹ ਐਸੇ ( ਸੋਭਾਗੀ ) ਹੋਣਗੇ ਕਿ ਏਹਨਾਂ ਦੇ ਰਾਤਬ ( ਭੋਜਨ ) ਬੰਧੇ ਹੋਏ ਹੋਣਗੇ ॥ ੪੧ ॥ ( ਅਰ ਰਾਤਬ ਭੀ ਐਸੇ ਵੈਸੇ ਨਹੀਂ ਕਿੰਤੂ ) ਮੇਵੇ ॥੪੨॥ ਅਰ ਉਹ ਆਰਾਮ ( ਤਥਾ ਸੁਖ ) ਦੇ ਬਾਗਾਂ ਵਿਚ ॥ ੪੩ ॥ ਬੜੀ ਇਜ਼ਤ ਨਾਲ ਤਖਤਾਂ ਉਪਰ ਆਮੋਂ ਸਾਹ-ਮਣੇ ( ਬੈਠੇ ) ਹੋਣਗੇ ॥ ੪੪ ॥ ਏਹਨਾਂ ਵਿਚ ਨਿਰਮਲ ਤਥਾ ਸਪੇਦ ਸ਼ਰਾਬ ਦੇ ਪਿਆਲਿਆਂ ਦਾ ਦੌਰ ਚਲ ਰਹਿਆ ਹੋਵੇਗਾ ॥ ੪੫ ॥ ( ਅਰ ) ਪੀਣ ਵਾਲਿਆਂ ਨੂੰ ( ਉਹ ਸ਼ਰਾਬ ਬਹੁ ) ਸਵਾਦੂ ਪਰਤੀਤ ਹੋਵੇਗੀ ॥ ੪੬ ॥ ਨਾ ਤੇ ਓਸ ਵਿਚ ਖੁਮਾਰੀ ਹੋਵੇਗੀ ਅਰ ਨਾ ਓਸ ਨਾਲ ਏਹਨਾਂ ਦੀਆਂ ਅਕਲਾਂ ਵਿਚ ਹੀ ਫਰਕ ਆਵੇਗਾ ॥ ੪੭ ॥ ਅਰ ਏਹਨਾਂ ਦੇ ਪਾਸ ਨੀਵੇਂ ਦ੍ਰਿਸ਼ਟੀ ( ਅਰ ) ਵਿਸ਼ਾਲਖ ਨੇਤਰਾਂ ਵਾਲੀਆਂ ( ਹੂਰਾਂ ) ਹੋਣਗੀਆਂ ॥ ੪੮ ॥ ( ਓਹਨਾਂ ਦੀ

Digitized by Panjab Digital Library | www.panjabdigilib.org

ਗੋਰੀਆਂ ੨ ਰੰਗਤਾਂ ਵਿਚ ਥੋਹੜੀ ੨ ਪੀਯਰਾਈ (ਜ਼ਰਦੀ) ਐਸੀ ਝਲਕਦੀ ਹੋਵੇਗੀ) ਕਿ ਮਾਨੋ ਉਹ (ਸ਼ੁਤਰ ਮੁਰਗ ਦੇ) ਆਂਡੇ ਹਨ ਜੋ (ਅਹਿਤਯਾਤ ਨਾਲ) ਪਰਦਿਆਂ ਵਿਚ ਰਖੇ ਹੋਏ ਹਨ ॥ ੪੯ ॥ ਫੇਰ ਯਿਹ (ਸਵਰਗੀ) ਇਕ ਦੂਸਰੇ ਦੀ ਤਰਫ ਧਿਆਨ ਦੇ ਕੇ ਆਪਸ ਵਿਚ ਪੁਛਾ ਗਿਛੀ ਕਰਨਗੇ ॥ ੫੦ ॥ ਏਹਨਾਂ ਵਿਚੋਂ ਇਕ ਕਹਿਣ ਵਾਲਾ ਕਹੇਗਾ ਕਿ (ਸੰਸਾਰ ਵਿਚ) ਇਕ ਮੇਰਾ ਸਾਥੀ ਸੀ ॥ ੫੧ ॥ (ਅਰ ਉਹ ਮੇਰੇ ਪਾਸੋਂ ਵਿਸਮੇ ਹੋ ਕੇ) ਪੁਛਿਆ ਕਰਦਾ ਸੀ ਕਿ ਕੀ ਤੂੰ (ਭੀ) ਓਹਨਾਂ ਲੋਗਾਂ ਵਿਚੋਂ ਹੈਂ ਜੋ (ਪ੍ਰਲੈ ਨੂੰ) ਸਵੀਕਾਰ ਕਰਦੇ ਹਨ ॥ ੫੨ ॥ ਕੀ (ਵਾਸਤਵ ਵਿਚ) ਜਦੋਂ ਅਸੀਂ ਮਰ ਜਾਵਾਂਗੇ ਅਰ ਮਿਟੀ ਤਥਾ ਹਡੀਆਂ ਹੋਕੇ ਰਹਿ ਜਾਵਾਂਗੇ (ਕੀ ਸਚ ਮੁਚ ਅਸੀਂ ਦੁਬਾਰਾ ਉਠਾਕੇ ਖੜੇ ਕੀਤੇ ਜਾਵਾਂਗੇ ਅਰ) ਸਾਨੂੰ (ਆਪਣੇ ਕੀਤੇ ਦਾ) ਬਦਲਾ ਮਿਲਨਾ ਹੈ ? ॥ ੫੩ ॥ (ਫੇਰ ਉਹ ਆਪਣਿਆਂ ਦੂਸ-ਰਿਆਂ ਸਾਥੀਆਂ ਨੂੰ) ਕਹੇਗਾ ਕਿ ਮੈਂ ਤੇ ਆਪਣੇ ਉਸ (ਮਿੱਤ੍ਰ ਨੂੰ ਦੇਖਣਾ ਚਾਹੁੰਦਾ ਹਾਂ) ਕੀ ਤੁਸੀਂ (ਭੀ ਉਸਨੂੰ) ਝਾਕਣਾ ਚਾਹੁੰਦੇ ਹੋ ॥ ੫੪ ॥ ਯੇਹ ਕਹਿ ਕਰ ਉਹ (ਉਪਰੋਂ ਨਰਕਾਂ ਨੂੰ) ਦੇਖੇਗਾ ਤੇ (ਆਪਣੇ) ਉਸ (ਮਿਤ੍ਰ) ਨੂੰ ਦੇਖੇਗਾ (ਕਿ) ਨਰਕਾਂ ਦੇ ਵਿਚੋ ਵਿਚ ॥ ੫੫ ॥ (ਪਇਆ ਹੈ ਉਹ ਉਸ ਨੂੰ ਏਸ ਦਸ਼ਾ ਵਿਚ ਦੇਖਕੇ) ਬੋਲ ਉਠੇਗਾ ਕਿ ਖੁਦਾ ਦੀ ਸੁਗੰਧ ਤੂੰ ਤਾਂ ਮੈਨੂੰ ਨਸ਼ਟ ਕਰਨ ਵਿਚ ਹੀ ਸੈਂ ॥੫੬॥ ਅਰ ਯਦੀ ਮੇਰੇ ਪਰਵਰਦਿਗਾਰ ਦਾ ਫਜਲ ਨਾ ਹੁੰਦਾ ਤੇ (ਅਜ) ਮੈਂ (ਭੀ) ਓਹਨਾਂ ਹੀ ਲੋਗਾਂ ਵਿਚ ਹੀ ਹੁੰਦਾ ਜੋ (ਕਸ਼ਟ) ਵਿਚ ਗ੍ਰਸਤ ਹਨ ॥ ੫੭ ॥ ਕੀ ਅਸਾਂ (ਸਵਰਗੀਆਂ ਦਾ ਯਿਹ ਹਾਲ) ਨਹੀਂ ਕਿ ਪਹਿਲੀ ਵਾਰ ਮਰਨਾਂ ਸੀ (ਸੋ ਮਰ ਚੁਕੇ) ॥ ੫੮ ॥ ਹੁਣ ਅਗੇ ਵਾਸਤੇ ਅਸਾਂ ਮਰਨਾਂ ਨਹੀਂ ਅਰ ਨਾ ਅਸੀਂ ਕਸ਼ਟ ਵਿਚ ਆ-ਵੇਸ਼ਿਤ ਹੈਂ ॥ ੫੯ ॥ ਨਿਰਸੰਦੇਹ ਯਿਹ ਬੜੀ ਸਫ਼ਲਤਾ (ਦੀ ਬਾਰਤਾ) ਹੈ ॥ ੬੦ ॥ (ਅਰ) ਯੋਗ ਹੈ ਕਿ ਐਸੀ ਹੀ (ਸਫਲਤਾ ਪਰਾਪਤ ਕਰਨ) ਵਾਸਤੇ ਕਰਮ ਕਰਨੇ ਵਾਲੇ ਕਰਮ ਕਰਨ ॥ ੬੧ ॥ ਭਲਾ ਯਿਹ ਪਦਾਰਥ ਉੱਤਮ ਹਨ ਕਿੰਬਾ ਥੋਹਰ ਦਾ ਬ੍ਰਿਛ ॥੬੨॥ ਕਿ ਅਸਾਂ ਨੇ ਉਸ ਨੂੰ (ਏਨ੍ਹਾਂ) ਦੁਸ਼ਟਾਂ (ਦੇ ਧਰਮ) ਦੀ ਪਰੀਖਯਾ ਨੀਯਤ ਕੀਤੀ ਹੈ ॥ ੬੩ ॥ ਉਹ ਇਕ ਬਿਰਛ ਹੈ ਜੋ ਨਰਕਾਂ ਦੇ ਮੂਲ ਵਿਚੋਂ ਉਤਪਤ ਹੁੰਦਾ ਹੈ ॥ ੬੪ ॥ ਉਸ ਦੇ ਫਲ (ਐਸੇ ਕਰੂਪ ਹਨ) ਜੈਸੇ ਸਰਪ ਦੀ ਫਣ ॥੬੫॥ ਤੇ ਯਿਹ (ਦੋਜ਼ਖੀ) ਉਸੇ ਵਿਚੋਂ ਖਾਣਗੇ ਅਰ ਉਸੇ ਵਿਚੋਂ ਪੇਟ ਭਰਨਗੇ ॥ ੬੬ ॥ ਫੇਰ ਉਸਦੇ ਉਪਰੋਂ ਏਹਨਾਂ ਨੂੰ ਉਬਲਦਾ ਹੋਇਆ ਪਾਣੀ (ਪੀਪ ਆਦ ਨਾਲ) ਮਿਲਾ ਮਿਲਾ (ਕੇ ਪੀਣ ਵਾਸਤੇ) ਦਿਤਾ ਜਾਵੇਗਾ ॥ ੬੭ ॥ ਫੇਰ (ਯਿਹ ਕੁਛ ਖਾ

Digitized by Panjab Digital Library | www.panjabdigilib.org

ਪੀ ਕੇ ) ਏਨਹਾਂ ਨੂੰ ਜਹੱਨਮ ਦੀ ਤਰਫ ਮੁੜਨਾਂ ਹੋਵੇਗਾ ॥ ੬੮ ॥ ( ਹੇ ਪੈ-ਗੰਬਰ ) ਏਹਨਾਂ ( ਨੇ ਅਰਥਾਤ ਮੱਕੇ ਦਿਆਂ ਕਾਫਰਾਂ ) ਨੇ ਆਪਣਿਆਂ ਪਿਤਾ ਪਿਤਾਮਾਂ ਨੂੰ ਕੁਮਾਰਗੀ ਪਾਇਆ ॥ ੬੯ ॥ ਬਸ ਇਹ ਅੰਨੇਵਾਹ ਉਹ-ਨਾਂ ਦੇ ਹੀ ਪਿਛੇ ਦੌੜੇ ਚਲੇ ਜਾਂਦੇ ਹਨ ॥ ੭੦ ॥ ਅਰ ਏਹਨਾਂ ਨਾਲੋਂ ਪਹਿਲੇ ਅਗਲਿਆਂ ( ਲੋਕਾਂ ਵਿਚ ਭੀ ) ਪ੍ਰਾਯਾ ਕੁਮਾਰਗੀ ਹੋ ਚੁਕੇ ਹਨ ॥ ੭੧ ॥ ਅਰ ਓਹਨਾਂ ਵਿਚ ਭੀ ਅਸਾਂ ਨੇ ਸਭੈ ਕਰਨੇ ਵਾਲੇ ( ਪੈਗੰਬਰ ) ਭੇਜੇ ਸਨ ॥ ੭੨ ਤਾਂ ਦੇਖਿਆ ਓਹਨਾਂ ਲੋਗਾਂ ਦਾ ਅੰਤ ਨੂੰ ਕੈਸਾ ( ਬੁਰਾ ) ਹਾਲ ਹੋਇਆ ਜੋ ( ਪਹਿਲੋਂ ਹੀ ) ਡਰਾਏ ਗਏ ਸਨ ( ਅਰ ਓਹਨਾਂ ਨੇ ਨਹੀਂ ਮੰਨਿਆ ਸੀ ॥ ੭੩ ॥ ਹਾਂ ( ਓਹਨਾਂ ਵਿਚੋਂ ਜੋ ) ਅੱਲਾ ਦੇ ਖਾਸ ਬੰਦੇ ( ਸਨ ਵੁਹ ਅਜ਼ਾਬ ਥੀਂ ਨਿਰਲੇਪ ਰਹੇ ) ॥ ੭੪ ॥ ਰੁਕੂਹ ੨ ॥

ਅਰ ਨੂਹ ਨੇ ਭੀ ਸਾਨੂੰ ( ਮਦਦ ਵਾਸਤੇ ) ਪੁਕਾਰਿਆ ਸੀ ਤੋ ( ਅਸਾਂ ਨੇ ਓਹਨਾਂ ਦੀ ਫਰੀਯਾਦ ਸੁਣ ਲੀਤੀ ਅਰ ) ਅਸੀਂ ( ਕੈਸੇ ) ਚੰਗੇ ਫਰੀਯਾਦ ਸੁਣਨ ਵਾਲੇ ਹਾਂ ॥ ੭੫ ॥ ਕਿ ਨੂਹ ਅਰ ਉਸ ਦੇ ਘਰ ਵਾਲਿਆਂ ਨੂੰ ਸਖਤ ਵਿਪੱਤੀ ਥੀਂ ਬਚਾ ਲੀਤਾ ॥ ੭੬ ॥ ਅਰ ਓਹਨਾਂ ਦੀ ਵੰਸ ਨੂੰ ਐਸਾ ( ਬਰਕਤ ਵਾਲਾ ) ਕੀਤਾ ਕਿ ਵਹੀ ( ਪ੍ਰਲੈ ਤਕ ) ਬਾਕੀ ਰਹਿਣਗੇ ॥ ੭੭ ॥ ਅਰ ( ਓਹਨਾਂ ਦੇ ਪਿਛੇ ) ਆਉਣ ਵਾਲੀਆਂ ਉਮਤਾਂ ਵਿਚ ਓਹਨਾਂ ਦਾ ਜ਼ਿਕਰ ਖ਼ੈਰ ਬਾਕੀ ਰਖਿਆ॥ ੭੮ ॥ ਕਿ ਸਾਰੇ ਜਹਾਨ ਵਿਚ ( ਚਾਰ ਚੁਫੇਰਿਓਂ ਯਹੀ ਅਵਾਜ਼ ਹੈ ) ਕਿ ਨੂਹ ਤਾਂਈਂ ਸਲਾਮ ॥ ੭੯ ॥ ਭਲਿਆਂ ਪੁਰਖਾਂ ਨੂੰ ਅਸੀਂ ਐਸੇ ਹੀ ਬਦਲਾ ਦਿਤਾ ਕਰਦੇ ਹਾਂ ॥ ੮੦ ॥ ਕੋਈ ਭਰਮ ਨਹੀਂ ਕਿ ਨੂਹ ਸਾਡਿਆਂ ਈਮਾਨ ਧਾਰੀਆਂ ਪੁਰਖਾਂ ਵਿਚੋਂ ਹੈ ॥ ੮੧ ॥ ਫੇਰ ਹੋਰਨਾਂ ਨੂੰ ਅਸਾਂ ਨੇ ਗਰਕ ਕਰ ਦਿਤਾ ॥ ੮੨ ॥ ਅਰ ਨੂਹ ਦੀ ਰੀਤੀ ਉਪਰ ਚਲਣ ਵਾਲਿਆਂ ਵਿਚੋਂ ਇਕ ਇਬਰਾਹੀਮ ਭੀ ਸੀ ॥ ੮੩ ॥ ਜਦੋਂ ਕਿ ਸ਼ੁਧ ਚਿਤ ਹੋ ਕੇ ਆਪਣੇ ਪ੍ਰਵਰਦਗਾਰ ਵਲ ਝੁਕੇ ॥ ੮੪ ॥ ( ਅਰ ) ਜਦੋਂ ਕਿ ਓਹਨਾਂ ਨੇ ਆਪਣੇ ਪਿਤਾ ਅਰ ਆਪਨੀ ਜਾਤੀ ( ਦੇ ਲੋਗਾਂ ) ਨੂੰ ਕਹਿਆ ਕਿ ਇਹ ( ਬੁਤ ) ਕੀ ਵਸਤੂ ਹਨ ਜਿਨਹਾਂ ਦੀ ਤੁਸੀਂ ਪੂਜਾ ਕਰਦੇ ਹੋ ॥ ੮੫ ॥ ਕੀ ਝੂਠ ਮੂਠ ਖੁਦਾ ਥੀਂ ਸਿਵਾ (ਮਨਘੜਤ) ਮਾਬੂਦਾਂ ਦੇ ਮਗਰ ਲਗੇ ਹੋਏ ਹੋ ॥ ੮੬ ॥ ਤੇ ਤੁਸਾਂ ਨੇ ( ਅੱਲਾ ) ਦੁਨੀਆਂ ਦੇ ਪਰਵ-ਦਿਗਾਰ ਨੂੰ ਕੀ ਸਮਝ ਰਖਿਆ ਹੈ ॥ ੮੭ ॥ਫੇਰ (ਇਬਰਾਹੀਮ ਨੇ)ਨਛੱਤ੍ਰ ਗਣ (ਦੀ ਗਤਿ) ਉਪਰ ਦ੍ਰਿਸ਼ਟੀ ਕਰਕੇ ॥ ੮੮ ॥ ਕਿਹਾ ਕਿ ਮੈਂ ਬੀਮਾਰ ( ਹੋ ਜਾਣ ਨੂੰ ) ਹਾਂ ॥ ੮੯ ॥ ਤੇ ਉਹ ਲੋਗ ਓਹਨਾਂ ਨੂੰ ਛਡਕੇ ਚਲੇ ਗਏ ॥ ੯੦ ॥ ਓਹਨਾਂ ਦਾ ( ਤੁਰ ) ਜਾਣਾ ਸੀ ਕਿ ਇਬਰਾਹੀਮ ਚੁਪ ਚੁਪਾਤੇ

Digitized by Panjab Digital Library | www.panjabdigilib.org

ਓਹਨਾਂ ਦਿਆਂ ਬੁਤਾਂ ਵਿਚ ਜਾ ਵੜੇ ਅਰ ( ਓਹਨਾਂ ਨੂੰ ਮਖੌਲ ਦੀ ਰੀਤੀ ਨਾਲ ) ਕਹਿਆ ( ਕਿ ਏਤਨੇ ਚੜ੍ਹਾਵੇ ਤੁਸਾਂ ਅਗੇ ਚੜੇ ਹੋਏ ਹਨ ) ਤੁਸੀਂ ( ਏਹਨਾਂ ਨੂੰ ) ਖਾਂਦੇ ਨਹੀਂ ? ॥ ੯੧ ॥ ਤੁਸਾਂ ਦਾ ਕੀ ਹਾਲ ਹੈ ਕਿ ਤੁਸੀਂ ( ਤਾਂ ) ਬੋਲ ( ਭੀ ) ਨਹੀਂ ਸਕਦੇ ॥ ੯੨ ॥ ਫੇਰ ਤਾਂ ( ਇਬਰਾਹੀਮ ) ਬੜੇ ਜੋਰ ਨਾਲ ਓਹਨਾਂ ਦੇ ਮਾਰਨ ਨੂੰ ਲਪਕੇ (ਦੌੜੇ) ॥ ੯੩ ॥ (ਅਰ ਤੋੜ ਤਾੜ ਕੇ ਓਹਨਾਂ ਦੇ ਟੋਟੇ ਟੋਟੇ ਕਰ ਦਿਤੇ ਲੋਗਾਂ ਨੂੰ ਖਬਰ ਹੋਈ) ਤੇ ਇਬਰਾਹੀਮ ਪਾਸ ਦੌੜਦੇ ਆਏ ॥ ੯੪ ॥ ( ਇਬਰਾਹੀਮ ਨੇ ) ਕਹਿਆ ਕੀ ਤੁਸੀਂ ਐਸੀਆਂ ( ਨਿਰਮੂਲ ) ਵਸਤੂਆਂ ਨੂੰ ਪੂਜਦੇ ਹੋ ਜਿਨਹਾਂ ਨੂੰ ਤੁਸੀਂ ( ਆਪ ) ਘੜਦੇ ਹੋ ॥ ੯੫ ॥ ਹਾਲਾਂ ਕਿ ਤੁਸਾਂ ਨੂੰ ਅਰ ਜਿਨਹਾਂ ਵਸਤੂ-ਆਂ ਨੂੰ ਤੁਸੀਂ ਬਣਾਉਂਦੇ ਹੋ ( ਸਾਰਿਆਂ ਨੂੰ ) ਅੱਲਾ ਹੀ ਨੇ ਉਤਪਤ ਕੀਤਾ ਹੈ ॥ ੯੬ ॥ ( ਯਿਹ ਸ੍ਰਵਨ ਕਰਕੇ ਉਹ ਲੋਗ ਆਪਸ ਵਿਚ ) ਲਗੇ ਕਹਿਣ ਕਿ ਇਬਰਾਹੀਮ ਦੇ ਵਾਸਤੇ ( ਭਠੀ ਵਰਗਾ ) ਇਕ ਸਥਾਨ ਬਨਾਓ ( ਅਰ ਉਸ ਵਿਚ ਅਗਨੀ ਦਗਾਓ ) ਅਰ ਉਸ ਨੂੰ ਦਗਦੀ ਹੋਈ ਅਗਨੀ ਵਿਚ ਸਿਟ ਦਿਓ ॥ ੯੭ ॥ ਅਤਏਵ ਲੋਗਾਂ ਨੇ ਇਬਰਾਹੀਮ ਦੇ ਨਾਲ ਇਕ ਛਲ ਕਰਨ ਦੀ ਇਛਾ ਕੀਤੀ ਪਰੰਤੂ ਅਸਾਂ ਨੇ ਓਹਨਾਂ ਨੂੰ ਹੀ ਹੀਣਿਆਂ ਕਰ ਦਿਤਾ ॥ ੯੮ ॥ ਅਰ ( ਜਦੋਂ ਇਬਰਾਹੀਮ ਨੂੰ ਬੁਤਪ੍ਰਸਤਾਂ ਦੇ ਰਾਜਾ ਦੀ ਖਾਤਰ ਪਿਤਾ ਨੇ ਘਰੋਂ ਨਿਕਾਲ ਦਿਤਾ ਤੇ ਇਬਰਾਹੀਮ ਨੇ ) ਕਹਿਆ ਕਿ ਮੈਂ ਤੇ ਆਪਣੇ ਪਰਵਰਦਿਗਾਰ ਦੇ ਮਾਰਗ ਉਪਰ ਕਿਸੇ ਦਿਸ਼ਾ (ਨੂੰ) ਚਲਿਆ ਜਾਂਦਾ ਹਾਂ ਉਹ ਮੈਨੂੰ ( ਕਿਸੇ ਚੰਗੇ ਹੀ ) ਟਿਕਾਣੇ ਲਾ ਦੇਵੇਗਾ ॥ ੯੯ ॥ ਅਰ ( ਇਬਰਾਹੀਮ ਨੇ ਯਿਹ ਭੀ ਦੁਆ ਮੰਗੀ ਕਿ ) ਹੇ ਮੇਰੇ ਪਰਵਰਦਿਗਾਰ ਮੈਨੂੰ ਪਵਿਤ੍ਰ ਆਤਮਾਓਂ ਵਿਖੇ( ਇਕ ਪਵਿਤ੍ਰ ਆਤਮਾ ਪੁਤ੍ਰ ਰੂਪ ਸੇ) ਪ੍ਰਦਾਨ ਕਰ ॥ ੧੦੦ ॥ ਤੇ ਅਸਾਂ ਨੇ ਉਸ ਨੂੰ ਬੜੇ ਬੁਰਦਬਾਰ ਲੜਕੇ ( ਇਸਮਾਈਲ ਦੇ ਉਤਪਤ ਹੋਣੇ ) ਦੀ ਖੁਸ਼ਖਬਰੀ ਦਿਤੀ ॥ ੧੦੧ ॥ ਫੇਰ ਜਦੋਂ ਲੜਕਾ ( ਜਵਾਨ ਹੋਇਆ ਅਰ ) ਇਬਰਾਹੀਮ ਦੇ ਨਾਲ ਤੁਰਨ ਫਿਰਨ ਲਗਾ ਤਾਂ ਇਬਰਾਹੀਮ ਨੇ ਕਹਿਆ ਕਿ ਪੁਤ੍ਰ ! ਮੈਂ ਸੁਪਨ ਵਿਚ (ਕੀ) ਦੇਖਦਾ ਹਾਂ ਕਿ (ਜੈਸੇ) ਮੈਂ ਤੈਨੂੰ ਜ਼ਿਬਾ (ਹਲਾਲ) ਕਰ ਰਹਿਆ ਹਾਂ ਬਸ ਤੂੰ ( ਭੀ ਆਪਣੀ ਜਗਾ ) ਵਿਚਾਰ ਕਿ ਤੇਰਾ ਕੀ ਸੰਕਲਪ ਹੈ ( ਪੁਤ੍ਰ ਨੇ ਕਹਿਆ ਹੇ ਪਿਤਾ ) ! ਆਪ ਨੂੰ ਜੋ ਆਗਿਆ ਹੋਈ ਹੈ (ਸ਼ੀਘਰ) ਉਸ ਨੂੰ ਕਰੋ ਪਰਮਾਤਮਾ ਚਾਹਿਆ ਤਾਂ ਤੁਸੀਂ ਮੈਨੂੰ ਭੀ ਸੰਤੋਖੀ ( ਹੀ ) ਦੇਖੋਗੇ ॥ ੧੦੨ ॥ ਫੇਰ ਜਦੋਂ ਦੋਨੋਂ ( ਉਹ ਪਿਤਾ ਪੁਤ੍ਰ ) ਆਗਿਆ ਪਾਲਨ ਕਰਨੇ ਵਾਸਤੇ ਉਦਿਤ ਹੋਏ ਅਰ ਪਿਤਾ ਨੇ ( ਹਲਾਲ ਕਰਨ ਵਾਸਤੇ ) ਪੁਤ੍ਰ

Digitized by Panjab Digital Library | www.panjabdigilib.org

ਨੂੰ ਮੂੰਹ ਦੇ ਭਾਰ ਪਛਾੜਿਆ ॥ ੧੦੩ ॥ ਤੇ ( ਸਾਨੂੰ ਓਹਨਾਂ ਦਾ ਸੇਵਕਪੁਣਾ ਅਤੀ ਪਸੰਦ ਆਇਆ ਅਰ ) ਅਸਾਂ ਨੇ ਇਬਰਾਹੀਮ ਨੂੰ ਕੂਕ ਮਾਰ ਕੇ ਕਹਿਆ ॥ ੧੦੪ ॥ ਕਿ ਇਬਰਾਹੀਮ ਤੂੰ ਨੇ ( ਆਪਣੇ ) ਸੂਪਨੇ ਨੂੰ ਚੰਗਾ ਸਚ ਕਰ ਦਿਖਾਇਆ ( ਹੁਣ ਅਸੀਂ ਤੁਸਾਂ ਨੂੰ ਬੜੇ ੨ ਦਰਜੇ ਦੇਵਾਂਗੇ ਅਰ ) ਭਲਿਆਂ ਪੁਰਖਾਂ ਨੂੰ ਅਸੀਂ ਐਸਾ ਹੀ ਬਦਲਾ ਦਿਤਾ ਕਰਦੇ ਹਾਂ ॥ ੧੦੫ ॥ ਨਿਰਸੰਦੇਹ ਯਿਹ ਸਫੁਟ ਪ੍ਰੀਖਿਆ ਸੀ ॥ ੧੦੬ ॥ ਅਰ ਅਸਾਂ ਨੇ ਬੜੀ ਕੁਰਬਾਨੀ ਨੂੰ ਇਸਮਾਈਲ ਦਾ ਸਿਰ ਸਦਕਾ ਕੀਤਾ ॥ ੧੦੭ ॥ ਅਰ ( ਇਬਰਾਹੀਮ ਦੇ ਪਿਛੋਂ ) ਆਉਣ ਵਾਲੀਆਂ ਉਮਤਾਂ ਵਿਚ ਓਹਨਾਂ ਦੀ ਭਲੀ ਖੁਸ਼ਬੋ ਬਾਕੀ ਰਖੀ ॥ ੧੦੮ ॥ ਕਿ ( ਸਾਰੇ ਸੰਸਾਰ ਵਿਚ ਯਹੀ ਅਵਾਜ਼ ਹੋ ਰਹੀ ਹੈ ਕਿ ) ਇਬਰਾਹੀਮ ਨੂੰ ਸਲਾਮ ॥ ੧੦੯ ॥ ਅਸਾਂ ਭਲਿਆਂ ਪੁਰਖਾਂ ਨੂੰ ਐਸਾ ਹੀ ਬਦਲਾ ਦਿਤਾ ਕਰਦੇ ਹਾਂ ॥ ੧੧੦ ॥ ਇਸ ਵਿਚ ਭ੍ਰਮ ਨਹੀਂ ਕਿ ਇਬਰਾਹੀਮ (ਭੀ)ਸਾਡਿਆਂ ਈਮਾਨਦਾਰ ਪੁਰਖਾਂ ਵਿਚੋਂ ਹੈ ॥ ੧੧੧ ॥ ਅਰ ਅਸਾਂ ਨੇ ਇਬਰਾਹੀਮ ਨੂੰ (ਇਕ ਦੂਸਰੇ ਪੁਤ੍ਰ ) ਇਸਹਾਕ ( ਦੇ ਉਤਪਤ ਹੋਣ ) ਦੀ ( ਭੀ ) ਖੁਸ਼ਖਬਰੀ ਦਿਤੀ ਸੀ ( ਅਰ ਕਹਿ ਦਿਤਾ ਸੀ ਕਿ ਯਿਹ ਭੀ ਪੈਯੰਬਰ ( ਅਰ ਸਾਡੇ ) ਭਲਿਆਂ ਪੁਰਖਾਂ ਵਿਚੋਂ ( ਹੋਵੇਗਾ ) ॥ ੧੧੨ ॥ ਅਰ ਅਸਾਂ ਨੇ ਇਬਰਾਹੀਮ ਉਪਰ ਅਤ ( ਹੋਰ ) ਇਸਹਾਕ ਉਪਰ ( ਆਪਣੀਆਂ ) ਬਰਕਤਾਂ ਉਤਾਰੀਆਂ ਅਰ ਏਹਨਾਂ ਦੋਨਾਂ ਦੀ ਬੰਸ ਵਿਚ ( ਕਈਕੁ ) ਧਾਰਮਿਕ ਪੁਰਖ ਹਨ ਅਰ ( ਕਈਕੁ ਨਾ ਫਰਮਾਨੀਆਂ ਕਰਕੇ ) ਆਪਣੇ ਆਤਮਾ ਉਪਰ ਪ੍ਰਤਛ ਜ਼ੁਲਮ ਕਰ ਰਹੇ ਹਨ ॥ ੧੧੩ ॥ ਰੁਕੂਹ ੩ ॥

ਅਰ ਅਸਾਂ ਨੇ ਮੂਸਾ ਅਰ ਹਾਰੂਨ ਪਰ ( ਭੀ ਬਹੁਤ ਸਾਰੇ ) ਉਪਕਾਰ ਕੀਤੇ ॥ ੧੧੪ ॥ ਅਰ ( ਆਖਰਕਾਰ ) ਦੋਹਾਂ ( ਭਰਾਵਾਂ ) ਨੂੰ ਅਰ ਉਸ ਦੀ ਬੰਸ ਨੂੰ ਬੜੀ ਬਿਪਤੀ ( ਅਰਥਾਤ ਫਰਾਊਨ ਦੇ ਅਤਿਆ-ਚਾਰਾਂ ) ਸੇ ਮੁਕਤ ਦਿਤੀ ॥ ੧੧੫ ॥ ਅਰ ( ਫਰਾਊਨ ਦੇ ਮੁਕਾਬਲੇ ਵਿਚ ) ਓਹਨਾਂ ਦੀ ਸਹਾਇਤਾ ਕੀਤੀ ਤੇ ( ਆਖਰਕਾਰ ) ਯਹੀ ਲੋਗ ਸ਼ਕਤਸ਼ਾਲੀ ਰਹੇ ॥ ੧੧੬ ॥ ਅਰ ਦੋਨਾਂ ( ਭਰਾਵਾਂ ) ਨੂੰ ( ਤੋਰਾਤ ਨਾਮੀ ) ਪੁਸਤਕ ਦਿਤੀ ਜਿਸ ਵਿਚ ਸਰਬ ਪ੍ਰਕਾਰ ਦੇ ਹੁਕਮ ਸਾਫ ( ਲਿਖੇ ਹੋਏ ਹਨ ) ॥ ੧੧੭ ॥ ਅਰ ਦੋਹਾਂ ਨੂੰ ( ਦੀਨ ਦਾ ) ਸਰਲ ਮਾਰਗ ਦਿਖਾਇਆ ॥ ੧੧੮ ॥ ਅਰ ( ਓਹਨਾਂ ਥੀਂ ਪਸਚਾਤ ) ਆਉਣ ਵਾਲੀਆਂ ਉਮਤਾਂ ਵਿਚ ਓਹਨਾਂ ਦੀ ਭਲੀ ਖੁਸ਼ਬੋ ਬਾਕੀ ਰਖੀ ॥ ੧੧੯ ॥ ਕਿ ( ਸਾਰੇ ਸੰਸਾਰ ਵਿਚੋਂ ਯਹੀ ਅਵਾਜ਼ ਆ ਰਹੀ ਹੈ ) ਕਿ ਮੂਸਾ ਅਰ ਹਾਰੂਨ ਨੂੰ ਸਲਾਮ

Digitized by Panjab Digital Library | www.panjabdigilib.org

॥ ੧੨੦ ॥ ਨਿਰਸੰਦੇਹ ਅਸੀਂ ਭਲਿਆਂ ਪੁਰਖਾਂ ਨੂੰ ਐਸਾ ਹੀ ਬਦਲਾ ਦਿਤਾ ਕਰਦੇ ਹਾਂ ॥ ੧੨੧ ॥ ਏਸ ਵਿਚ ਭਰਮ ਨਹੀਂ ਕਿ ਉਹ ਦੋਨੋਂ ਸਾਡੇ ਈਮਾਨ ਧਾਰੀਆਂ ਪੁਰਖਾਂ ਵਿਚੋਂ ਹਨ ॥ ੧੨੨ ॥ ਅਰ ਸਚ ਮੁਚ ਅਲਜ਼ਾਸ (ਭੀ) ਨਿਰਸੰਦੇਹ ਪੈਯੰਬਰਾਂ ਵਿਚੋਂ ਹੈ ॥ ੧੨੩ ॥ ਜਦੋਂ ਓਹਨਾਂ ਨੇ ਆਪਣੀ ਜਾਤੀ (ਦੇ ਲੋਗਾਂ) ਨੂੰ ਕਹਿਆ ਕੀ ਤੁਸੀਂ (ਲੋਗ ਖੁਦਾ ਪਾਸੋਂ) ਨਹੀਂ ਡਰਦੇ ॥ ੧੨੪ ॥ ਕੀ ਤੁਸੀਂ • ਬਾਲ (ਬੁਤ) ਨੂੰ ਪੂਜ ਦੇ ਅਰ ਅੱਲਾ ਨੂੰ ਛਡੀ ਬੈਠੇ ਹੋ ਜੋ ਸੰਪੂਰਨਾਂ ਨਾਲੋਂ ਉੱਤਮ ਉਤਪਤ ਕਰਨੇ ਵਾਲਾ ॥ ੧੨੫ ॥ (ਅਰ) ਤੁਸਾਂ ਦਾ (ਭੀ) ਪਰਵਰਦਿਗਾਰ ਹੈ ਅਰ ਤੁਹਾਡੇ ਅ-ਗਲੇ ਪਿਤਾ ਪਿਤਾਮਾਓਂ ਦਾ (ਭੀ) ਪਰਵਰਦਿਗਾਰ ਹੈ ॥ ੧੨੬ ॥ ਤੇ ਲੋਗਾਂ ਨੇ ਅਲਜ਼ਾਸ ਨੂੰ ਝੁਠਿਆਰਿਆ ਸੋ ਯਿਹ ਲੋਗ (ਪ੍ਰਲੈ ਵਿਚ) ਜ਼ਰੂਰ (ਕਸ਼ਟ) ਵਿਚ ਆਵੇਢਿਤ ਹੋਣਗੇ ॥੧੨੭॥ ਪਰੰਤੂ (ਹਾਂ) ਅੱਲਾ ਦੇ ਖ਼ਾਲਸ ਬੰਦੇ (ਕਿ ਨਾ ਓਹਨਾਂ ਨੇ ਝੁਠਿਆਰਿਆ ਅਰ ਨਾ ਓਹਨਾਂ ਨੂੰ ਕਸ਼ਟ ਹੋਵੇ) ॥੧੨੮॥ ਅਰ (ਅਲਜ਼ਾਸ ਦੇ ਪਿਛੋਂ) ਆਉਣ ਵਾਲੀਆਂ ਉਮਤਾਂ ਵਿਚ ਅਸਾਂ ਨੇ ਓਹਨਾਂ ਦੀ ਭਲੀ ਖੁਸ਼ਬੋ ਬਾਕੀ ਰਖੀ ॥ ੧੨੯ ॥ ਕਿ (ਸਾਰੇ ਜਹਾਨ ਵਿਚੋਂ ਯਹੀ ਅਵਾਜ ਆ ਰਹੀ ਹੈ ਕਿ) ਅੱਲ ਯਾਸੀਨ (ਅਰਥਾਤ ਅੱਲਜ਼ਾਸ) ਤਾਈਂ ਸਲਾਮ ॥ ੧੩੦ ॥ ਨਿਰਸੰਦੇਹ ਅਸੀਂ ਭਲਿਆਂ ਪੁਰਖਾਂ ਨੂੰ ਏਸੇ ਪਰਕਾਰ ਬਦਲਾ ਦਿਤਾ ਕਰਦੇ ਹਾਂ ॥੧੩੧ ॥ ਏਸ ਵਿਚ ਭਰਮ ਨਹੀਂ ਕਿ ਅਲਜ਼ਾਸ ਸਾਡਿਆਂ ਈਮਾਨ ਧਾਰੀਆਂ ਪੁਰਖਾਂ ਵਿਚੋਂ ਹੈ ॥ ੧੩੨ ॥ ਅਰ ਕੋਈ ਭਰਮ ਨਹੀਂ ਕਿ ਸਚ ਮੁਚ ਲੂਤ (ਭੀ) ਪੈਯੰਬਰਾਂ ਵਿਚੋਂ ਹੈ ॥ ੧੩੩ ॥ ਕਿ ਅਸਾਂ ਨੇ ਲੂਤ ਨੂੰ ਅਰ ਉਸ ਦੇ ਸੰਪੂਰਨ ਪਰਿਵਾਰ ਨੂੰ (ਵਿਪਤੀ ਥੀਂ) ਬਚਾ ਲੀਤਾ ॥ ੧੩੪ ॥ ਪਰੰਤੂ ਇਕ (ਓਹਨਾਂ ਦੀ) ਬ੍ਰਿਧਾ (ਇਸਤ੍ਰੀ ਕਿ ਵੁਹ) ਪਿਛੇ ਰਹਿਣ ਵਾਲਿਆਂ ਵਿਚ (ਰਹਿ ਗਈ ਸੀ) ॥ ੧੩੫ ॥ ਫੇਰ (ਏਹਨਾਂ ਦਿਆਂ ਨਿਕਲਿਆਂ ਪਿਛੋਂ) ਅਸਾਂ ਨੇ ਹੋਰਨਾਂ ਨੂੰ ਰੁਲਾ ਕੇ ਮਾਰ ਸਿਟਿਆ ॥ ੧੩੬ ॥ ਅਰ (ਹੇ ਮੱਕੇ ਦੇ ਨਿਵਾਸੀਓ!) ਤੁਸੀਂ ਤਾਂ (ਸ਼ਾਮ ਦੇਸ ਨੂੰ ਵਪਾਰ ਵਾਸਤੇ ਆਉਂਦੇ ਜਾਂਦੇ ਕਦੇ) ਪ੍ਰਾਤਾਕਾਲ ਦੇ ਸਮੇਂ ॥ ੧੩੭ ॥ ਅਰ (ਕਦੇ) ਰਾਤ੍ਰੀ ਦੇ ਸਮੇਂ ਓਹਨਾਂ ਲੋਗਾਂ (ਦੀਆਂ ਬਸਤੀਆਂ) ਦੇ ਉਪਰ (ਦੀ ਹੋ ਕੇ) ਲੰਘਿਆ ਹੀ ਕਰਦੇ ਹੋ ਤੇ ਕੀ ਤੁਸੀਂ ਲੋਕ ਅਕਲ ਪਾਸੋਂ (ਏਤਨਾ ਭੀ) ਕੰਮ ਨਹੀਂ ਲੈਂਦੇ (ਕਿ ਓਹਨਾਂ ਨੂੰ ਦੇਖ ਕੇ ਸਿਖਿਜਾ ਪਕੜੋ) ॥ ੧੩੮ ॥ ਰੁਕੂਹ ੪ ॥

ਅਰ ਨਿਰਸੰਦੇਹ ਯੂਨਸ (ਭੀ) ਸਚ ਮੁਚ ਪੈਯੰਬਰਾਂ ਵਿਚੋਂ ਹੈ ॥ ੧੩੯ ॥ ਕਿ ਜਦੋਂ ਦੌੜ ਕੇ ਭਰੀ ਹੋਈ ਕਿਸ਼ਤੀ ਦੇ ਪਾਸ ਪਰਾਪਤ ਹੋਏ

Digitized by Panjab Digital Library | www.panjabdigilib.org

॥ ੧੪੦ ॥ ਅਰ ( ਓਥੇ ਕਿਸ਼ਤੀ ਦੇ ਮਾਲਕਾਂ ਨਾਲ ) ਕੁਰਾਹ ਸਿਟਿਆ ( ਕਾਹੇ ਤੇ ਕੁਰੇ ਵਿਚ ਓਹਨਾਂ ਦਾ ਨਾਮ ਨਿਕਲਿਆ ) ਇਸ ਵਾਸਤੇ (ਦਰੀਯਾ ਵਿਚ ) ਸਿਟ ਦਿਤੇ ਗਏ ॥ ੧੪੧ ॥ ਫੇਰ ( ਦਰੀਯਾ ਵਿਚ ਡਿਗਿਆਂ ਪਿਛੋਂ ) ਓਹਨਾਂ ਨੂੰ ਮਛਲੀ ਨੇ ਨਿਗਲ ਲੀਤਾ ਅਰ ਉਹ ( ਉਸ ਵੇਲੇ ਆਪਣੇ ਆਪ ਦਾ ਬਹੁਤ ਹੀ ) ਧਿਕਾਰ ਕਰਦੇ ਸਨ ॥ ੧੪੨ ॥ ਤੇ ਯਦੀ ਯੂਨਸ ( ਉਸ ਵੇਲੇ ਖੁਦਾ ਦੀ ) ਉਸਤੁਤੀ ਤਥਾ ( ਮਹਿਮਾਂ ) ਕਰਨ ਵਾਲਿਆਂ ਵਿਚੋਂ ਨਾ ਹੁੰਦੇ ॥ ੧੪੩ ॥ ਤੇ ਉਸ ਦਿਨ ਤਕ ਜਦੋਂ ਕਿ ਲੋਗ ਉਠਾ ਕੇ ਖੜੇ ਕੀਤੇ ਜਾਣਗੇ ( ਅਰਥਾਤ ਪ੍ਰਲੈ ਤਕ ) ਮਛਲੀ ਦੇ ਹੀ ਪੇਟ ਵਿਚ ਰਹਿੰਦੇ ( ਪਰੰਤੂ ਓਹਨਾਂ ਨੇ ਉਸਤੁਤੀ ਤਥਾ ਮਹਿਮਾਂ ਕੀਤੀ ) ॥ ੧੪੪ ॥ ਤੇ ਅਸਾਂ ਨੇ ਓਹਨਾਂ ਨੂੰ ( ਮਛਲੀ ਦੇ ਪੇਟ ਵਿਚੋਂ ਨਿਕਾਲ ਕੇ ) ਖੁਲੇ ਮੈਦਾਨ ਵਿਚ ਸਿਟ ਦਿਤਾ ਅਰ ਵੁਹ ( ਨਜੂਨ ਕਾਲ ਹੀ ਮਛਲੀ ਦੇ ਪੇਟ ਵਿਚ ਰਹਿਣ ਕਰਕੇ ਬਹੁਤ ਹੀ) ਨਿਢਾਲ (ਹੋ ਗਏ ) ਸਨ ॥ ੧੪੫ ॥ ਅਰ ( ਫੇਰ ) ਅਸਾਂ ਨੇ ਓਹਨਾਂ ਉਪਰ ( ਕੱਦੂ ਦੀ ) ਇਕ ਵੇਲ ਰੂਪ ਬ੍ਰਿਛ ਭੀ ਉਗਾ ਦਿਤਾ ॥ ੧੪੬ ॥

ਅਰ ਓਹਨਾਂ ਨੂੰ ( ਰਾਜੀ ਬਾਜੀ ਕਰਕੇ ) ਲਖ ਆਦਮੀ ਦੇ ਪਾਸੇ ( ਪੈਯੰਬਰ ਬਨਾ ਕੇ ) ਭੇਜਿਆ ਪ੍ਰਤੁਤ ( ਉਹ ਇਕ ਰੀਤੀ ਨਾਲ ਲਖ ਥੀਂ ਭੀ ) ਅਧਿਕ ਸਨ ॥ ੧੪੭ ॥ ਤੇ ਉਹ ਲੋਗ ( ਓਹਨਾਂ ਉਪਰ ) ਈਮਾਨ ਧਾਰ ਬੈਠੇ ਤੇ ਅਸਾਂ ਨੇ ਓਹਨਾਂ ਨੂੰ ਇਕ ( ਖਾਸ ) ਸਮੇਂ ਤਕ ( ਸੰਸਾਰ ਵਿਚ ਅਨੰਦ ਮੰਗਲ ਨਾਲ ) ਵਸਨ ਦਿਤਾ ॥ ੧੪੮ ॥ ਤੇ ( ਹੇ ਪੈਯੰਬਰ ) ਏਹਨਾਂ ( ਮੱਕੇ ਦਿਆਂ ਕਾਫਰਾਂ ) ਨੂੰ ਪੁਛ ਕਿ ਕੀ ਖੁਦਾ ਵਾਸਤੇ ਬੇਟੀਆਂ ਅਰ ਏਹਨਾਂ ਵਾਸਤੇ ਬੇਟੇ ॥ ੧੪੯ ॥ ਕਿੰਬਾ ਅਸਾਂ ਨੇ ( ਸਚ ਮੁਚ ) ਫਰਿਸ਼-ਤਿਆਂ ਨੂੰ ਇਸਤ੍ਰੀ ਰੂਪ ਬਣਾਇਆ ਅਰ ਯਿਹ ਦੇਖ ਰਹੇ ਸਨ ॥ ੧੫੦ ॥ ਸੁਣੋ ਜੀ ! ਯਿਹ ਤੇ ਆਪਣੇ ਦਿਲੋਂ ਹੀ ਗੰਢਨ ਗੰਢ ੨ ਕੇ ਕਹਿੰਦੇ ਹਨ ॥ ੧੫੧ ॥ ਕਿ ਖੁਦਾ ਅੰਸ ਵਾਲਾ ਹੈ ਅਰ ਕੋਈ ਭ੍ਰਮ ਨਹੀਂ ਕਿ ਯਿਹ ਲੋਗ ਜਰੂਰ ਝੂਠੇ ਹਨ ॥ ੧੫੨ ॥ ਕੀ ( ਖੁਦਾ ਨੇ ) ਬੇਟਿਆਂ ਉਪਰ ( ਬੇਟੀਆਂ ਨੂੰ ਭੁਲਾਈ ਦੇਕੇ ) ਬੇਟੀਆਂ ( ਆਪਣੇ ਵਾਸਤੇ ) ਪਸੰਦ ਕੀਤੀ-ਆਂ ॥ ੧੫੩ ॥ ਤੁਸਾਂ ( ਲੋਗਾਂ ) ਨੂੰ ਕੀ ( ਹੋ ਗਿਆ ) ਹੈ ਕੈਸੇ ( ਅਯੋਗ ) ਹੁਕਮ ਕਰਦੇ ਹੋ ॥ ੧੫੪ ॥ ਕੀ ਤੁਸੀਂ ਵਿਚਾਰ ਪਾਸੋਂ ਕੰਮ ਨਹੀਂ ਲੈਂਦੇ ॥ ੧੫੫ ॥ ਕਿੰਬਾ ਤੁਸਾਂ ਪਾਸ ਕੋਈ ਸਫੁਟ ( ਪੁਸਤਕੀ ) ਪਰਮਾਣ ਹੈ ॥ ੧੫੬ ॥ ਸਚੇ ਹੋ ਤੇ ਆਪਣੀ ਪੁਸਤਕ ਲਿਆ ਪੇਸ਼ ਕਰੋ ॥ ੧੫੭ ॥ ਅਰ ਏਹਨਾਂ ਲੋਗਾਂ ਨੇ ਖੁਦਾ ਵਿਚ ਅਰ ਜਿਨ੍ਹਾਂ ਵਿਚ ਸਾਕ ਸੰਬੰਧ ਠਹਿਰਾਯਾ

Digitized by Panjab Digital Library | www.panjabdigilib.org

ਹੈ। ਹਾਲਾਂ ਕਿ ਜਿਨ੍ਹਾਂ ਨੂੰ ਭਲੀ ਪਰਕਾਰ ਮਾਲੂਮ ਹੈ ਕਿ ਉਹ ( ਭੀ ਦੂਸਰਿਆਂ ਬੰਦਿਆਂ ਦੀ ਤਰ੍ਹਾਂ ਹੁਕਮ ਅੰਦਰ ਹਨ ਅਰ ਓਹਨਾਂ ਵਿਚ ਜੋ ਬਦ ਕਿਰਦਾਰ ਹਨ ਕਸ਼ਟ ਵਿਚ ) ਜਰੂਰ ਸਨਮੁਖ ਰਖੇ ਜਾਣਗੇ ॥ ੧੫੮ ॥ ( ਖੁਦਾ ਦੀ ਨਿਸਬਤ ) ਜੈਸੀਆਂ ੨ ( ਮਿਥਯਾ ) ਬਾਤਾਂ ( ਯਿਹ ਲੋਗ ) ਕਰਦੇ ਹਨ ਖੁਦਾ ( ਦਾ ਰੂਪ ) ਓਹਨਾਂ ਥੀਂ ਪਵਿੱਤਰ ਹੈ ॥ ੧੫੯ ॥ ਪਰੰਤੂ ਹਾਂ ਅੱਲਾ ਦੇ ਖਾਸ ਬੰਦੇ ( ਨਾ ਖੁਦਾ ਦੇ ਬਾਰੇ ਵਿਚ ਮਿਥਯਾ ਨਿਸਚੇ ਰਖਦੇ ਅਰ ਨਾ ਓਹਨਾਂ ਨੂੰ ਕਸ਼ਟ ਹੋਵੇਗਾ ) ॥ ੧੬੦ ॥ ਸੋ ( ਹੇ ਮੱਕੇ ਦਿਓ ਕਾ-ਫਰੋ ) ਤੁਸੀਂ ਅਰ ( ਤੁਸਾਂ ਦੇ ਮਾਬੂਦ ) ਜਿਨਹਾਂ ਦੀ ਤੁਸੀਂ ਪੂਜਾ ਕਰਦੇ ਹੋ ॥੧੬੧॥ ਖੁਦਾ ਦੇ ਨਾਲ ਹੋਡ (ਜ਼ਿਦ) ਬੰਨ ਕੇ ( ਤੇ ਕਿਸੇ ਨੂੰ) ਬਹਿਕਾ ਭਟਕਾ ਨਹੀਂ ਸਕਦੇ ॥ ੧੬੨ ॥ ਪਰੰਤੂ ਓਸੇ ਨੂੰ ਜੋ ( ਭਾਵੀ ਵਸ ) ਨਰਕ ਵਿਚ ਜਾਣ ਵਾਲਾ ਹੈ ॥ ੧੬੩ ॥ ਅਰ ( ਰਹੇ ਫਰਿਸ਼ਤੇ ਓਹਨਾਂ ਦਾ ਤੇ ਯਿਹ ਕਥਨ ਹੈ ) ਕਿ ਸਾਡੇ ਵਿਚੋਂ ਹਰ ਇਕ ਦੀ ਪਦਵੀ ਨੀਯਤ ਹੈ ॥ ੧੬੪ ॥ ਅਰ ਅਸੀਂ ਤੇ ( ਹਰ ਵੇਲੇ ਖੁਦਾ ਦੀ ਬੰਦਗੀ ਵਿਚ ) ਪੰਕਤੀ ਬੰਨ੍ਹੀ ( ਸਨਮੁਖ ) ਖੜੇ ਹਾਂ ॥ ੧੬੫ ॥ ਅਰ ਅਸੀਂ ਤਾਂ ( ਹਰ ਵੇਲੇ ਓਸ ਦੀ ) ਉਸਤੁਤੀ ( ਤਥਾ ਮ-ਹਿਮਾਂ ) ਵਿਚ ਲਗੇ ਰਹਿੰਦੇ ਹਾਂ ॥ ੧੬੬ ॥ ਅਰ ਯਿਹ ( ਮੱਕੇ ਦੇ ਕਾਫਰ ਕੁਰਾਨ ਦੇ ਉਤਰਨ ਥੀਂ ਪਹਿਲਾਂ ) ਕਹਿਆ ਹੀ ਕਰਦੇ ਸਨ ॥ ੧੬੭ ॥ ਕਿ ਅਗਲਿਆਂ ਲੋਗਾਂ ਦੀ ਪੁਸਤਕ ( ਰੱਬੀ ) ਸਾਡੇ ਪਾਸ ਹੁੰਦੀ ॥ ੧੬੮ ॥ ਤੇ ਅਸੀਂ ਭੀ ਖੁਦਾ ਦੇ ਪਸੰਦ ਕੀਤੇ ਬੰਦੇ ਹੁੰਦੇ ॥ ੧੬੯ ॥ ਸੋ ( ਹੁਣ ਯਿਹ ਰਬੀ ਪੁਸਤਕ ਏਹਨਾਂ ਦੇ ਪਾਸ ਆਈ ਅਰ ) ਏਹਨਾਂ ਨੇ ਏਸ ਨੂੰ ਨਾ ਮੰਨਿਆ ਤੇ ( ਖੈਰ ) ਅਗੇ ਚਲ ਕੇ ( ਆਪਣੇ ਇਨਕਾਰ ਦਾ ਫਲ ) ਮਾ-ਲੂਮ ਕਰ ਲੈਣਗੇ ॥ ੧੭੦ ॥ ਅਰ ਆਪਣਿਆਂ ( ਖਾਸ ) ਬੰਦਿਆਂ ਅਰ-ਥਾਤ ) ਪੈਯੰਬਰਾਂ ਦੇ ਹੱਕ ਵਿਚ ਸਾਡੀ ਪਹਿਲੇ ਹੀ ਆਗਿਆ ਹੋ ਚੁਕੀ ਹੈ ॥ ੧੭੧ ॥ ਕਿ ( ਸਾਡੇ ਏਥੋਂ ) ਨਿਰਸੰਦੇਹ ਏਹਨਾਂ ਨੂੰ ਹੀ ਸਹਾਇਤਾ ਮਿ-ਲਦੀ ਹੈ ॥ ੧੭੨ ॥ ਅਰ ਨਿਰਸੰਦੇਹ ਸਾਡਾ ਲਸ਼ਕਰ ( ਇਸਲਾਮ ) ਜਰੂਰ ਵਿਜੈਗੀ ਹੋਕੇ ਰਹੇਗਾ ॥ ੧੭੩ ॥ ਤੇ ( ਹੇ ਪੈਯੰਬਰ ) ਥੋਹੜੇ ਰੋਜ਼ ਇਹਨਾਂ ਮੁਨਕਰਾਂ ਥੀਂ ਮੂੰਹ ਫੇਰ ਲੈ ॥੧੭੪ ॥ ਅਰ ਏਹਨਾਂ ਨੂੰ ਦੇਖਦੇ ਰਹੋ ਅਗੇ ਚਲ ਕੇ ( ਯਿਹ ਆਪ ਹੀ ਆਪਣਾ ਫਲ ) ਦੇਖ ਲੈਣਗ ॥ ੧੭੫ ॥ ਤੇ ਕੀ ( ਯਿਹ ਲੋਗ ) ਸਾਡੇ ਕਸ਼ਟ ਵਾਸਤੇ ਉਤਾਵਲ ਕਰ ਰਹੇ ਹਨ ॥ ੧੭੬ ॥ ਸੋ ਜਦੋਂ ( ਉਹ ਕਸ਼ਟ ) ਏਹਨਾਂ ਦੇ ( ਘਰਾਂ ਦਿਆਂ ) ਅੰਗਣਾਂ ਵਿਚ ਆ ਉਤਰੇਗਾ ਤੇ ਜਿਨਹਾਂ ਲੋਗਾਂ ਨੂੰ ਪ੍ਰਥਮ ਹੀ ਡਰਾਇਆ ਗਇਆ ਸੀ ( ਅਰ ਓਹਨਾਂ ਨੇ ਨਾ ਮੰਨਿਆਂ ) ਓਹਨਾਂ ਦਾ ( ਯਿਹ ) ਪ੍ਰਾਤ

Digitized by Panjab Digital Library | www.panjabdigilib.org

ਸਮਾਂ ( ਬੜਾ ਹੀ ) ਨਖਿਧ ( ਪ੍ਰਾਤ ਸਮਾਂ ) ਹੋਇਆ ॥ ੧੭੭ ॥ ਅਰ ( ਹੇ ਪੈਯੰਬਰ ) ਇਹਨਾਂ ਥੀਂ ਥੋਹੜੇ ਸਮੇਂ ਮੂੰਹ ਮੋੜ ਲੈ ॥ ੧੭੮ ॥ ਅਰ ਦੇਖਦੇ ਰਹੋ ਅਗੇ ਚਲ ਕੇ ਯਿਹ ਭੀ ( ਆਪਣਾ ਫਲ ) ਦੇਖ ਲੈਣਗੇ ॥੧੭੯॥ ( ਹੇ ਪੈਯੰਬਰ ) ਜੈਸੀਆਂ ੨ ਬਾਤਾਂ ( ਯਿਹ ਲੋਗ ਖੁਦਾ ਦੇ ਬਾਰੇ ਵਿਚ ) ਕਰਦੇ ਹਨ ਓਹਨਾਂ ਥੀਂ ਤੁਸਾਂ ਦਾ ਪਰਵਰਦਿਗਾਰ ਪਵਿਤ੍ਰ ਹੈ ( ਕਿ ਵੁਹ ਇਜ਼ਤ ਵਾਲਾ ॥ ੧੮੦ ॥ (ਹੈ) ਅਰ ਪੈਯੰਬਰਾਂ ਉਪਰ (ਦਰੂਦ) ਸਲਾਮ ॥ ੧੮੧ ॥ ਅਰ ਸਭ ਉਸਤੁਤੀਆਂ ਅੱਲਾ ਨੂੰ ਹੀ ਸੋਭਦੀਆਂ ਹਨ ਜੋ ਸਾਰੇ ਜਹਾਨ ਦਾ ਪਰਵਰਦਿਗਾਰ ਹੈ ॥ ੧੮੨ ॥ ਰੁਕੂਹ ॥ ੫ ॥

# ਸੂਰਤ ਸਾ ਮੱਕੇ ਵਿਚ ਉਤਰੀ ਅਰ ਏਸ ਦੀਆਂ ਅਠਾਸੀ ਆਇਤਾਂ ਅਰ ਪੰਜ ਰੁਕੂਹ ਹਨ ॥

( ਅਰੰਭ ) ਅੱਲਾ ਦੇ ਨਾਮ ਨਾਲ(ਜੋ)ਅਤੀ ਦਿਆਲੂ ਕਿਰਪਾਲੂ (ਹੈ)। ਸਾ ਕੁਰਾਨ ਦੀ ਸੋਗੰਧ ਜਿਸ ਵਿਚ ਸਿਖ੍ਯਾ ( ਹੀ ਸਿਖ੍ਯਾ ) ਹੈ ( ਕਿ ਯਿਹ ਕੁਰਾਨ ਸਾਡਾ ਉਤਾਰਿਆ ਹੋਇਆ ਹੈ ) ॥ ੧ ॥ ਪਰੰਤੂ ਜੋ ਲੋਗ ਮੁਨ-ਕਰ ਹਨ ( ਅਕਾਰਨ ਦੀ ) ਹੈਂਕੜੀ ਅਰ ਵਿਰੁਧਤਾਈ ਵਿਚ ( ਪਏ ) ਹੋਏ ਹਨ ॥ ੨ ॥ ਅਸਾਂ ਨੇ ਏਹਨਾਂ ਨਾਲੋਂ ਪਹਿਲੋਂ ਕਿਤਨੀਆਂ ਉਮਤਾ ਰੁਲਾਕੇ ਮਾਰੀਆਂ ਤੇ ( ਅਜ਼ਾਬ ਦੇ ਉਤਰਨ ਦੇ ਵੇਲੇ ) ਚਿਚਲਾ ਉਠੇ ਅਰ ( ਓਸ ਵੇਲੇ ਚਿਚਲਾਉਣ ਨਾਲ ਕੀ ਹੁੰਦਾ ਸੀ ) ਛੁਟਣ ਦਾ ਅਵਕਾਸ਼ ਹੀ ( ਬਾਕੀ ) ਨਹੀਂ ਸੀ ॥ ੩ ॥ ਅਰ ਏਹਨਾਂ ਲੋਗਾਂ ਨੇ ( ਏਸ ਬਾਰਤਾ ਥੀਂ ਭੀ ) ਅਸਚਰਜ ਕੀਤਾ ਕਿ ਏਹਨਾਂ ਵਿਚੋਂ ਦਾ ( ਹੀ ਇਕ ਪੁਰਖ ਖੁਦਾ )ਥੀਂ ਸਭੈ ਕਰਨੇ ਵਾਲਾ ( ਖੁਦਾ ਦੀ ਤਰਫੋਂ ) ਏਹਨਾਂ ਦੇ ਪਾਸ ਆਯਾ ਅਰ ( ਯਿਹ ) ਮੁਨਕਰ ਲਗੇ ਕਹਿਣ ਕਿ ਯਿਹ ਤਾਂਤ੍ਰਕੀ ਝੂਠਾ ਲਫਾਟੀਆ ਹੈ ॥ ੪ ॥ ਕੀ ਏਸ ਨੇ ( ਸਾਰਿਆਂ ) ਮਾਬੂਦਾਂ ਦਾ ( ਖੋਜ ਉਡਾ ਕੇ ) ਇਕ ਹੀ ਮਾਬੂਦ ਰਖਿਆ ਕਿ ਯਿਹ ਤੋ ਬੜੀ ਹੀ ਅਸਚਰਜ ਬਾਰਤਾ ਹੈ ॥ ੫ ॥ ਅਰ ਇਨਹਾਂ ਵਿਚੋਂ ਥੋਹੜੇ ਸੇ ਰੋ ਦਾਰ ਲੋਗ ਯਿਹ ਕਹਿ ਕਰ ( ਵਿਆ-ਖ੍ਯਾਨ ਦੀ ਸਭਾ ) ਵਿਚੋਂ ਉਠ ਖੜੋਤੇ ਕਿ ਚਲੋ ਜੀ ( ਏਸ ਦੀ ਨਾ ਸੁਣੋਂ ਨਾ ਗਿਣੋਂ ) ਅਰ ਆਪਨਿਆਂ ਮਾਬੂਦਾਂ ਉਪਰ ਨਿਸਚਾ ਰਖੀ ਰਖੋ ਯਿਹ ਬਾਰਤਾ ( ਜੋ ਯਿਹ ਪੁਰਖ ਸਮਝਾਉਂਦਾ ਹੈ ) ਨਿਰਸੰਦੇਹ ਏਸ ਬਾਰਤਾ ਵਿਚ ( ਏਸ ਦਾ ) ਕੋਈ ( ਆਪਣਾ ) ਪਰਯੋਜਨ ਹੈ ॥ ੬ ॥ ਅਸਾਂ ਨੇ ਤੋ ਯਿਹ (ਨ-ਵੀਨ ) ਬਾਰਤਾ (ਆਪਣੇ ) ਪਿਛਲੇ ਪੰਥ ਵਿਚ ( ਕਦੇ ) ਸੁਣੀ ਗਿਣੀ ਨਹੀਂ ਹੋਵੇ ਨਾ ਹੋਵੇ ਯਿਹ ( ਏਸ ਦੀ ਆਪਣੀ ) ਘੜੰਤ ਹੈ ॥ ੭ ॥ ਕੀ ਅਸਾਂ

Digitized by Panjab Digital Library | www.panjabdigilib.org

ਵਿਚੋਂ ਏਸੇ ਉਪਰ ਹੀ ਅੱਲਾ ਦੀ ਕਲਾਮ ਉਤਰੀ ਹੈ ਬਾਰਤਾ ਯਿਹ ਹੈ ਕਿ ਏਹਨਾਂ ਨੂੰ (ਮੁਢੋਂ) ਸਾਡੇ ਕਲਾਮ ਵਿਚ (ਹੀ) ਭ੍ਰਮ ਹੈ (ਕਿ ਯਿਹ ਕਰਾਨ ਸਾਡੀ ਕਲਾਮ (ਹੈ ਕਿੰਬਾ ਨਹੀਂ) ਪ੍ਰਤਯੁਤ (ਅਸਲੀ ਬਾਰਤਾ ਯਿਹ ਹੈ ਕਿ) ਏਹਨਾਂ ਨੇ ਅਜੇ ਸਾਡੇ ਕਸ਼ਟ ਦੇ ਸਵਾਦ ਨਹੀਂ ਚਖੇ (ਨਹੀਂ ਤਾਂ ਏਹਨਾਂ ਦੀ ਅਕਲ ਟਿਕਾਣੇ ਆ ਗਈ ਹੁੰਦੀ) ॥ ੮ ॥ ਕਿੰਬਾ (ਹੇ ਪੈਯੰਬਰ) ਤੁਸਾਂ ਦੇ ਪਰਵਰਦਿਗਾਰ ਸ਼ਕਤੀਮਾਨ (ਅਰ) ਦਾਤਾਰ ਦੀ ਦਾਤ ਦੇ ਖਜ਼ਾਨੇ ਏਨਾਂ ਦੇ ਹੀ ਪਾਸ ਹਨ ॥ ੯ ॥ ਕਿੰਬਾ ਪ੍ਰਿਥਵੀ ਆ-ਕਾਸ਼ ਅਰ ਵੁਹ ਵਸਤਾਂ ਜੋ ਪ੍ਰਿਥਵੀ ਆਕਾਸ ਦੇ ਮਧ ਮੇਂ ਹਨ ਓਹਨਾਂ (ਸਾਰਿਆਂ) ਦਾ ਅਧਿਕਾਰ ਏਹਨਾਂ ਨੂੰ ਹੀ ਹੈ (ਯਦੀ ਹੈ) ਤੋ ਏਹਨਾਂ ਨੂੰ ਚਾਹੀਦਾ ਹੈ ਕਿ ਪੌੜੀਆਂ ਲਗਾ ਕੇ (ਆਕਾਸ਼ ਉਪਰ) ਚੜ੍ਹਨ (ਅਰ ਖੁਦਾ ਦੇ ਨਾਲ ਲੜਨ) ॥ ੧੦ ॥ (ਬਸ ਹੇ ਪੈਯੰਬਰ ਯਿਹ ਲੋਗਾਂ ਦੀ) ਇਕ ਭੀੜ ਹੈ (ਕਿ) ਏਥੇ (ਤੁਸਾਂ ਦੀ ਮੁਖਾਲਫਤ ਉਪਰ ਤਿਆਰ ਹੈ ਜਿਥੇ ਹੋਰ ਖੁਦਾ ਥੀਂ ਵਿਰੋਧੀਆਂ ਦੇ) ਟੋਲਿਆਂ (ਨੂੰ ਹਾਰ ਹੋਈ ਹੈ ਓਹਨਾਂ ਦੇ ਹੀ ਵਿਚ ਸ਼ਾਮਲ) ਹੋਣ ਕਰਕੇ ਏਹਨਾਂ ਨੂੰ ਭੀ ਹਾਰ ਹੋਵੇਗੀ ॥ ੧੧ ॥ ਏਹਨਾਂ ਨਾਲੋਂ ਪਹਿਲੇ ਨੂਹ ਦੀ ਜਾਤੀ ਅਰ ਆਦ ਅਰ ਮੇਖਾਂ ਵਾਲਾ ਫਰਊਨ ॥ ੧੨ ॥ ਅਰ ਸਮੂਦ ਅਰ ਲੂਤ ਦੀ ਜਾਤੀ ਅਰ ਬਨ ਦੇ ਲੋਗ (ਅਰਥਾਤ ਸ਼ਈਬ ਦੀ ਜਾਤੀ ਯਿਹ ਸੰਪੂਰਨ) ਪੈਯੰਬਰਾਂ ਨੂੰ ਝੁਠਿਆਰ ਚੁਕੇ ਹਨ ਯਹੀ ਵੁਹ ਟੋਲੇ ਹਨ (ਜਿਨ੍ਹਾਂ ਨੇ ਖੁਦਾ ਦੇ ਮੁਕਾਬਲੇ ਵਿਚ ਹਾਰ ਖਾਧੀ) ॥ ੧੩ ॥ (ਕਿ ਏਹਨਾਂ) ਸਾਰਿਆਂ ਨੇ ਹੀ ਤੋ ਪੈਯੰਬਰ ਨੂੰ ਝੁਠਿਆਰਿਆ ਤੋ ਸਾਡਾ ਕਸ਼ਟ ਆ ਪਰਾਪਤ ਹੋਇਆ ॥ ੧੪ ਰੁਕੂਹ ੧ ॥

ਅਰ ਯਿਹ (ਮੱਕੇ ਦੇ ਕਾਫਰ ਭੀ) ਬਸ ਇਕ ਜ਼ੋਰ ਦੀ ਧਵਨੀ (ਅਰਥਾਤ ਨਰਸਿੰਗਾ ਪ੍ਰਥਮ ਬਾਰ ਬਜਾਏ ਜਾਣਦੇ) ਉਡੀਕਵਾਨ ਹਨ ਜੋ (ਆਰੰਭ ਹੋਇਆਂ ਪਿਛੋਂ ਜਦੋਂ ਤਕ ਸਾਰਿਆਂ ਨੂੰ ਵਿਨਸ਼ਟ ਨਾ ਕਰ ਲਵੇ ਗੀ) ਮਧਯ ਮੇਂ ਵਿਸ੍ਰਾਮ ਨਾ ਕਰੇਗੀ ॥ ੧੫ ॥ ਅਰ (ਹਾਸੀ ਦੀ ਰੀਤੀ ਨਾਲ) ਕਹਿੰਦੇ ਹਨ ਕਿ ਹੇ ਸਾਡੇ ਪਰਵਰਦਿਗਾਰ (ਜੋ) ਸਾਡੀ ਪ੍ਰਾਰਬਧ (ਲਿਖੀ ਹੋਈ ਹੈ) ਹਿਸਾਬ ਦੇ ਦਿਨ (ਅਰਥਾਤ ਪ੍ਰਲੈ) ਥੀਂ ਪਹਿਲੇ ਸਾਨੂੰ (ਕਿਤੇ) ਸ਼ੀਘਰ ਹੀ ਦੇ ਛਡ ॥ ੧੬ ॥ (ਹੇ ਪੈਯੰਬਰ) ਜੈਸੀਆਂ ੨ ਬਾਤਾਂ ਯਿਹ ਲੋਗ ਕਰਦੇ ਹਨ ਓਹਨਾਂ ਉਪਰ ਸਬਰ ਕਰੋ ਅਰ ਸਾਡੇ ਬੰਦੇ ਦਾਊਦ ਨੂੰ ਯਾਦ ਕਰੋ ਕਿ (ਯਦਯਪਿ ਉਹ ਹਰ ਪ੍ਰਕਾਰ ਦਾ) ਬਲ ਰਖਦੇ ਸਨ (ਤਥਾਪਿ) ਵੁਹ (ਹਰ ਵੇਲੇ ਖੁਦਾਂ ਦੇ ਪਾਸੇ) ਧਿਆਨ ਲਾਈ ਰਖਦੇ ਸਨ ॥ ੧੭ ॥ ਅਸਾਂ ਨੇ (ਇਕ ਰੀਤੀ ਨਾਲ) ਪਰਬਤਾਂ ਨੂੰ (ਭੀ ਓਹਨਾਂ

Digitized by Panjab Digital Library | www.panjabdigilib.org

ਦੀ ) ਆਗਿਆ ਦੇ ( ਅਧੀਨ ) ਰਖਿਆਂ ਸੀ ਕਿ ਸਾਯੰ ਪ੍ਰਾਤਾ ਓਹਨਾਂ ਦੇ ( ਨਾਲ ਖੁਦਾ ਦੀ ) ਉਪਮਾਂ ( ਤਥਾ ਮਹਿਮਾਂ ) ਕਰਦੇ ॥ ੧੮ ॥ ਅਰ ( ਇਸੀ ਪ੍ਰਕਾਰ ) ਪੰਖੀਆਂ ਨੂੰ ਭੀ ( ਓਹਨਾਂ ਦੇ ਅਧੀਨ ਕਰ ਰਖਿਆ ਸੀ ) ਕਿ ( ਵੁਹ ਉਪਮਾਂ ਤਥਾ ਮਹਿਮਾਂ ਸੁਣ ਕੇ ਓਹਨਾਂ ਦੇ ਪਾਸ ) ਇਕੱਤਰ ਹੋ ਜਾਂਦੇ ( ਅਰ ) ਸਾਰੇ ਓਹਨਾਂ ਨੂੰ ਪ੍ਰਤਿ ਉੱਤਰ ਦੇਂਦੇ ॥ ੧੯ ॥ ਅਰ ਅਸਾਂ ਨੇ ਓਹਨਾਂ ਦੇ ਰਾਜ ਨੂੰ ( ਬਹੁਤ ) ਪੁਖਤਾ ਕਰ ਦਿਤਾ ਸੀ ਅਰ ਓਹਨਾਂ ਨੂੰ ( ਪਰਬੰਧ ) ਬੁਧਿ ਦੇ ਦਿਤੀ ਸੀ ਅਰ ਵਿਵਾਦ ਦੇ ਪੂਰਨ ਕਰ ਦੇਣ ਦਾ ਸਲੀਕਾ( ਜੁਕਤੀ)॥ ੨੦ ॥ ਅਰ( ਹੇ ਪੈਯੰਬਰ ) ਭਲਾ( ਓਹਨਾਂ ਦਾਵੇ ਦਾਰਾਂ ਦੀ ( ਭੀ ) ਖਬਰ ਤੁਸਾਂ ਤਕ ਪਹੁੰਚੀ ਹੈ ਕਿ ਜਦੋਂ ਉਹ ਹੁਜਰਾ ( ਪੂਜਾ ਅਸਥਾਨ)ਦੀ ਦਵਾਰ ਟੱਪ ਕੇ ॥ ੨੧ ॥ ਦਾਊਦ ਦੇ ਪਾਸ ਆਏ ਤੇ ਉਹ ਓਹਨਾਂ ( ਦੇ ਕੁਸਮੇਂ ਅਰ ਸਵਭਾਵ ਥੀਂ ਵਿਰੁਧ ਆਉਣ )ਕਰਕੇ ਡਰ ਗਏ ਓਹਨਾਂ ਨੇ ਬੇਨਤੀ ਕੀਤੀ ਕਿ ਆਪ ਡਰੀਏ ਨਾ ਅਸਾਂ ਦੋਨਾਂ ਵਿਚ ਇਕ ਵਿਵਾਦ ਹੈ ਕਿ ਸਾਡੇ ਵਿਚੋਂ ਇਕ ਨੇ ਦੂਸਰੇ ਉਪਰ ਵਧੀਕੀ ਕੀਤੀ ਹੈ ਤੇ ਆਪ ਸਾਡੇ ਵਿਚ ਸਮਦ੍ਰਿਸ਼ਟੀ ਦਾ ਫੈਸਲਾ ਕਰ ਦੀਜੀਏ ਅਰ ਇਨਸਾਫ ਥੀਂ ਨਾ ਉਲੰ-ਘੀਏ ਅਰ ਸਾਨੂੰ ਸਿਧੇ ਰਸਤੇ ਲਗਾ ਦੇਈਏ ॥ ੨੨ ॥ ਕਿ ਯਿਹ ( ਭੀ ) ਮੇਰਾ ਭਰਾ ਹੈ ( ਅਰ ) ਏਸ ਦੇ ( ਪਾਸ ) ਨੜਿੰਨਵੇਂ ਦੁੰਬੀਆਂ ਹਨ ਅਰ ਮੇਰੇ ( ਪਾਸ ਕੇਵਲ ) ਇਕ ਹੀ ਦੁੰਬੀ ਹੈ ਹੁਣ ਯਿਹ ਕਹਿੰਦਾ ਹੈ ਕਿ ਆਪਣੀ ਇਕ ਦੁੰਬੀ ਭੀ ਮੈਨੂੰ ਦੇ ਦੇ ਅਰ ਗਲ ਬਾਤ ਵਿਚ ਮੈਨੂੰ ਦਬਾ ਲੈਂਦਾ ਹੈ ॥ ੨੩ ॥ ( ਦਾਊਦ ਨੇ ) ਕਹਿਆ ਯਿਹ ਜੋ ਤੇਰੀ ਦੁੰਬੀ ਮੰਗ ਕੇ ਆਪਣੀਆਂ ਦੁੰਬੀਆਂ ਵਿਚ ਮਿਲਾਣ ਦੀ ਅਭਿਲਾਖਾ ਕਰਦਾ ਹੈ ਤੇ ਯਿਹ ਤੇਰੇ ਉਪਰ ਜੁਲਮ ਕਰਦਾ ਹੈ ਅਰ ਪ੍ਰਾਯਾ ਸ਼ਰੀਕ ਇਕ ਦੂਸਰੇ ਉੱਪਰ ਵਧੀਕੀ ਕਰਦੇ ਰਹਿੰਦੇ ਹਨ ਪਰੰਤੂ ( ਹਾਂ ) ਜੋ ਲੋਗ ਈਮਾਨ ਧਾਰੀ ਅਰ ਸ਼ੁਭ ਕਰਮ ( ਭੀ ) ਕਰਦੇ ਹਨ ( ਉਹ ਵਧੀਕੀ ਨਹੀਂ ਕੀਤਾ ਕਰਦੇ ) ਅਰ ਐਸੇ ਲੋਗ ਬਹੁਤ ਹੀ ਨਯੂਨ ਹਨ ਅਰ ( ਹੁਣ ) ਦਾਊਦ ਨੂੰ ਖਿਆਲ ਆਇਆ ਕਿ ਅਸਾਂ ਨੇ ਓਹਨਾਂ ਨੂੰ ਕੇਵਲ ਇਕ ਚਕਮਾ ਦਿਤਾ ਹੈ ਤੇ ਓਹਨਾਂ ਨੇ ਆਪਣੇ ਪਰਵਰਦਿਗਾਰ ਦੇ ਅਗੇ ( ਤੋਬਾ ਤਥਾ ) ਬਖਸ਼ਸ਼ ਮੰਗੀ ਅਰ ਡੰਡੌਤ ਕਰ ਦਿਤੀ ॥ ੨੪ ॥ ਅਰ ( ਖੁਦਾ ਵਲ ) ਧਿਆਨ ਲਗਾਇਆ ਤੇ ਅਸਾਂ ਨੇ ਓਹਨਾਂ ਦੀ ਉਹ ( ਭੁਲਣਾ ) ਬਖਸ਼ ਦਿਤੀ ਅਰ ਸਾਡੇ ਏਥੇ ਓਹਨਾਂ ਦਾ ਸਮੀਪੀ ਹੋਣਾ ਅਰ ( ਓਹਨਾਂ ਦੀ ) ਉਤਮ ਪਦਵੀ ਹੈ ॥ ੨੫ ॥ ( ਅਸਾਂ ਨੇ ਦਾਊਦ ਨੂੰ ਯਿਹ ਬੀ ਕਹਿਆ ਕਿ ) ਹੇ ਦਾਊਦ ਅਸਾਂ ਨੇ ਤੁਹਾਨੂੰ ਦੇਸ਼ ਵਿਚ ਰਾਜਾ ਬਨਾਇਆ ਹੈ ਤੇ ਲੋਗਾਂ ( ਦੇ ਵਿਵਹਾਰਾਂ ) ਵਿਚ ਨਿਆਇ ਦੇ ਨਾਲ

Digitized by Panjab Digital Library | www.panjabdigilib.org

ਫੈਸਲਾ ਕੀਤਾ ਕਰੋ ਅਰ ( ਅਪਣਿਆਂ ਮਨੋ ) ਸੰਕਲਪਣਾਂ ਉਪਰ ਨਹੀਂ ਤੁਰਨਾ ( ਐਸਾ ਕਰੋਗੇ ) ਤੇ ਤੁਸਾਂ ਨੂੰ ( ਮਨੋ ਕਲਪਨਾਂ ) ਖੁਦਾ ਦੇ ਰਸਤੇ ਥੀਂ ਭੁਟਕਾ ਦੇਗੀ ( ਅਰ ਜੋ ਲੋਗ ਖੁਦਾ ਦੇ ਰਸਤੇ ਥੀਂ ਭਟਕਦੇ ਹਨ ਓਹਨਾਂ ਨੂੰ ( ਬੜੀ ) ਸਖਤ ਸਜਾ ਹੋਣੀ ਹੈ ਏਸ ਵਾਸਤੇ ਕਿ ਉਹ ਹਿਸਾਬ ਦੇ ਦਿਨ ( ਅਰਥਾਤ ਪ੍ਰਲੈ ) ਨੂੰ ਭੁਲੇ ਬੈਠੇ ਰਹੇ ॥ ੨੬ ॥ ਰੁਕੂਹ ੨ ॥

ਅਰ ਅਸਾਂ ਨੇ ਪ੍ਰਿਥਵੀ ਆਕਾਸ਼ ਨੂੰ ਅਰ ਜੋ ਵਸਤਾਂ ਆਕਾਸ਼ ਪ੍ਰਿਥਵੀ ਵਿਚ ਹਨ ਓਹਨਾਂ ਨੂੰ ਨਿਰਾਰਥ ਨਹੀਂ ਪੈਦਾ ਕੀਤਾ ਯਿਹ ਓਹਨਾਂ ਲੋਗਾਂ ਦਾ ਖਿਆਲ ਹੈ ਜੋ ਕਾਫਰ ਹਨ ਅਰ ਨਰਕਾਂ ਵਲ ( ਧਿਆਨ ਕਰਕੇ ) ਕਾਫਰਾਂ ਦੇ ਹਾਲ ਉਪਰ ( ਬੜਾ ਹੀ ) ਅਫਸੋਸ ਹੈ ॥ ੨੭ ॥ ਕੀ ਜੋ ਲੋਗ ਈਮਾਨ ਧਾਰ ਬੈਠੇ ਅਰ ਓਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ ਓਹਨਾਂ ਨੂੰ ਅਸੀਂ ਓਹਨਾਂ ਵਰਗਾ ਹੀ ਕਰਕੇ ਰਖਾਂਗੇ ਜੋ ਦੇਸ ਵਿਚ ਫਸਾਦ (ਉਪਦਰ) ਖਿਲਾਰਦੇ ਫਿਰਦੇ ਹਨ ਕਿੰਬਾ ਅਸੀਂ ਸੰਜਮੀ ਪੁਰਖਾਂ ਨੂੰ ਅਸੰਜਮੀ ਪੁਰਖਾਂ ਦੀ ਤਰਾਂ ਕਰਕੇ ਰਖਾਂਗੇ ? ॥ ੨੮ ॥ ( ਹੇ ਪੈਯੰਬਰ ਯਿਹ ਕੁਰਾਨ ਬੜੀ ਹੀ ) ਭਾਗ ਸ਼ਾਲੀ ਪੁਸਤਕ ਹੈ ਜੋ ਅਸਾਂ ਨੇ ਤੇਰੀ ਤਰਫ ਉਤਾਰੀ ਹੈ ਤਾਂ ਕਿ ਲੋਗ ਏਸ ਦੀਆਂ ਆਇਤਾਂ ਵਿਚ ਚਿੰਤਾ ਕਰਨ ਅਰ ਤਾਂ ਕਿ ਜੋ ਬੁਧਿਮਾਨ ਹਨ ( ਏਸ ਦੇ ਭਾਵ ਥੀਂ ) ਸੁਮਾਰਗ ਲਗਾਣ ॥ ੨੯ ॥ ਅਰ ਅਸਾਂ ਨੇ ਦਾਊਦ ਨੂੰ ਸੁਲੇਮਾਨ ( ਪੁਤ੍ਰ ) ਪ੍ਰਦਾਨ ਕੀਤਾ ( ਸੁਲੇਮਾਨ ਭੀ ਕੈਸਾ ਹੀ ) ਭਲਾ ਲੋਕ ਸੀ ਕਿ ਉਹ (ਬਾਤ ਬਾਤ ਵਿਚ ਖੁਦਾ ਦੀ ਤਰਫ ) ਧਿਆਨ ਲਾਉਂਦੇ ਸਨ ॥ ੩੦ ॥ ਕਿ ਇਕ ਵੇਰੀ ਸੰਧਜਾ ਸਮੇਂ ਖਾਸੇ ਦੇ ਅਸੀਲ ਘੋੜੇ ਓਹਨਾਂ ਦੇ ਸਨਮੁਖ ਪੇਸ਼ ਕੀਤੇ ਗਏ ॥ ੩੧ ॥ ( ਤੇ ਉਹ ਓਹਨਾਂ ਦੇ ਦੇਖਣ ਵਿਚ ਐਸੇ ਤਤਪਰ ਹੋਏ ਕਿ ਅਸਰ ਦੀ ਨਮਾਜ ਵਿਸਰ ਗਈ ਫੇਰ ਖਿਆਲ ਆਇਆ ) ਤੇ ਕਹਿਣ ਲਗੇ ਕਿ ਮੈਂ ਨੇ ਆਪਣੇ ਪਰਵਰ-ਦਿਗਾਰ ਦੇ ਧਿਆਨ ਥੀਂ ( ਬੇਮੁਖ ਹੋਕੇ ) ਮਾਲ ਦੀ ਮੁਹੱਬਤ ਨੂੰ ਵਧੀਕੀ ਦਿਤੀ ਏਥੋਂ ਤਕ ਕਿ ਸੂਰਜ (ਪਸਚਮੀ) ਪਰਦੇ ਵਿਚ ਛਿਪ ਗਇਆ ॥ ੩੨ ॥ ( ਤਾਂ ਚੰਗਾ ) ਏਹਨਾਂ ( ਘੋੜਿਆਂ ) ਨੂੰ ਮੇਰੇ ਪਾਸ ਲੋਟਾ ਕੇ ਲੈ ਆਓ ਅਰ ਹੁਣ ( ਗੁੱਸੇ ਦੇ ਮਾਰੇ ) ਲਗੇ ( ਤੇਗ ਨਾਲ ਘੋੜਿਆਂ ਦੀਆਂ ) ਪਿੰਡਲੀਆਂ ਅਰ ਗਰਦਨਾਂ ਨੂੰ ਤਹਿ ਤੇਗ ਕਰਨ ॥ ੩੩ ॥ ਅਰ ਅਸਾਂ ਨੇ ਸੁਲੇਮਾਨ ਨੂੰ ( ਇਕ ਹੋਰ ਤਰੀਕੇ ਨਾਲ ਭੀ ) ਅਜ਼ਮਾਇਆ ਅਰ ਓਹਨਾਂ ਦੇ ਤਖਤ ਉਪਰ ਇਕ ਧੜ ਲਿਆ ਸਿਟਿਆ ਫੇਰ ( ਸੁਲੇਮਾਨ ਨੇ ਖੁਦਾ ਦੀ ਦਰਗਾਹ ਵਿਚ ) ਧਿਆਨ ਧਰਿਆ ॥੩੪॥ ( ਅਰ ) ਬੇਨਤੀ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਮੇਰਾ ਕਸੂਰ ਬਖਸ਼ਦੇ ਅਰ ਮੈਨੂੰ

Digitized by Panjab Digital Library | www.panjabdigilib.org

ਐਸਾ ਰਾਜ ਪ੍ਰਦਾਨ ਕਰ ਕਿ ਮੇਰੇ ਪਿਛੋਂ ਕਿਸੇ ਨੂੰ ਪ੍ਰਾਪਤ ਨਾ ਹੋਵੇ ਨਿਰ-ਸੰਦੇਹ ਤੂੰ ਬੜਾ ਪਰੋਪਕਾਰੀ ਹੈਂ ॥ ੩੫ ॥ ਤੇ ਅਸਾਂ ਨੇ ਪੌਣ ਨੂੰ ਉਸ ਦੇ ਅਧੀਨ ਕਰ ਦਿਤਾ ਕਿ ਜਿਥੇ ਪਹੁੰਚਣਾ ਚਾਹੁੰਦੇ ਓਸ ਦੀ ਆਗਯਾ ਅਨੁਸਾਰ ( ਉਸੇ ਪਾਸੇ ਨੂੰ ) ਧੀਰੇ ੨ ਚਲਦੀ ॥ ੩੬ ॥ ਅਰ ਇਸੀ ਤਰਾਂ ਜਿਤਨੇ ਦੇਵ ਦਾਨੋਂ ਰਾਜ ( ਤਰਖਾਣ ) ਅਰ ਟੋਬੇ ਸਨ ਸੰਪੂਰਨਾਂ ਨੂੰ ( ਓਹਨਾਂ ਦੇ ਅਧੀਨ ਕਰ ਦਿਤਾ ) ॥ ੩੭ ॥ ਅਰ ( ਏਹਨਾਂ ਥੀਂ ਅਲਗ ) ਦੂਸਰਿਆਂ ਦੇਵਾਂ ਨੂੰ ( ਭੀ ਓਹਨਾਂ ਦੇ ਅਧੀਨ ਕਰ ਰਖਿਆ ਸੀ ) ਜੋ ਜੰਜੀਰਾਂ ਵਿਚ ਕਾਬੂ ਕੀਤੇ ਰਹਿੰਦੇ ਸਨ ॥ ੩੮ ॥ (ਅਸਾਂ ਨੇ ਸੁਲੇਮਾਨ ਨੂੰ ਕਹਿਆ ) ਯਿਹ ਸਾਡਾ ਬੇਹਿਸਾਬ ਦੇਣ ਹਣ ਤੁਸੀਂ ( ਚਾਹੋ ਲੋਗਾਂ ਨੂੰ ਦੇਓ ਅਰ ਓਹਨਾਂ ਉਪਰ ) ਉਪਕਾਰ ਕਰੋ ਕਿੰਬਾ ( ਸੰਪੂਰਨ ਸਾਮਗਰੀ ) ਆਪਣੇ ਪਾਸ ਹੀ ਰਖੀ ਰਖੋ ॥ ੩੯ ॥ ਅਰ ਨਿਰਸੰਦੇਹ ਸੁਲੇਮਾਨ ਨੂੰ ਸਾਡੇ ਏਥੇ ਸਮੀਪਤਾਈ ਹੈ ਅਰ ਉਚ ਪਦਵੀ ॥ ੪੦ ॥ ਰੁਕੂਹ ੩ ॥

ਅਰ ( ਹੇ ਪੈਯੰਬਰ ) ਸਾਡੇ ਬੰਦੇ ਅਯੂਬ ਨੂੰ ਯਾਦ ਕਰੋ ਕਿ ਓਹਨਾਂ ਨੇ ਇਕ ਸਮੇਂ ਆਪਣੇ ਪਰਵਰਦਿਗਾਰ ਅਗੇ ਫਰਯਾਦ ਕੀਤੀ ਕਿ ਮੈਨੂੰ ਸ਼ੈਤਾਨ ਨੇ ਦੁਖ ਅਰ ਵਿਪੱਤੀ ਦੇ ਰਖੀ ਹੈ ॥ ੪੧ ॥ ( ਸਾਨੂੰ ਓਸ ਦੇ ਹਾਲ ਉਪਰ ਦਯਾ ਆਈ ਅਰ ਆਗਿਆ ਕੀਤੀ ਕਿ ) ਆਪਣੇ ਪੈਰ ਨਾਲ ( ਪ੍ਰਿਥਵੀ ਨੂੰ ) ਠੇਡਾ ਮਾਰ ( ਅਤਏਵ ਠੇਡਾ ਮਾਰਿਆ ਤੇ ਇਕ ਚਸ਼ਮਾ ਨਿਕਲਿਆ ਤੇ ਅਸਾਂ ਨੇ ਅਯੂਬ ਨੂੰ ਆਗਿਆ ਕੀਤੀ ) ਕਿ ਤੁਸਾਂ ਦੇ ਇਸ਼ਨਾਨ ਵਾਸਤੇ ਅਰ ਪੀਣ ਵਾਸਤੇ ਯਿਹ ਠੰਡਾ ਪਾਣੀ ਵਿਦਮਾਨ ਹੈ ॥ ੪੨ ॥ ਅਰ ਅਸਾਂ ਨੇ ਉਨ੍ਹਾਂ ਨੂੰ ਓਹਨਾਂ ਦਾ ਸੰਬੰਧੀ ( ਬਾਲ ਬਚਾ ) ਅਰ ਓਹਨਾਂ ਦੇ ਨਾਲ ਉਤਨੇ ਹੀ ਔਰ ਪ੍ਰਦਾਨ ਕੀਤੇ ( ਯਿਹ ਅਸਾਂ ਨੇ ਓਹਨਾਂ ਦੇ ਨਾਲ ) ਆਪਣੀ ਤਰਫੋਂ ਮੇਹਰਬਾਨੀ ( ਕੀਤੀ ) ਅਰ ਭਾਵ ( ਯਿਹ ਭੀ ਸੀ ਕਿ ) ਜੋ ਬੁਧੀਵਾਨ ਹਨ ਓਹਨਾਂ ਵਾਸਤੇ ( ਯਿਹ ਪ੍ਰਸੰਗ ) ਯਾਦ ਰਹੇ ॥ ੪੩ ॥ ਅਰ ( ਅਸਾਂ ਨੇ ਅਯੂਬ ਨੂੰ ਆਗਿਆ ਕੀਤੀ ਕਿ ) ਸੀਖਾਂ ਦਾ ਮੁਠਾ ਅਪਣੇ ਹਥ ਵਿਚ ਲੈ ਅਰ ( ਆਪਣੀ ਇਸਤ੍ਰੀ ਨੂੰ ) ਓਸ ਦੇ ਨਾਲ ਮਾਰ ਲੈ ਅਰ ( ਆਪਣੀ ) ਸੌਗੰਧ ਨਾ ਤੋੜ ਨਿਰਸੰਦੇਹ ਅਸਾਂ ਨੇ ਅਯੂਬ ਨੂੰ ( ਬੜਾ ਹੀ ) ਸਾਬਰ ਦੇਖਿਆ ( ਉਹ ਭੀ ਕਿਆ ਹੀ ) ਭਲੇ ਲੋਗ ਥੇ ਕਿ ਉਹ ( ਗਲੇ ਕਥੇ ਖੁਦਾ ਦੀ ਤਰਫ ) ਧਿਆਨ ਕਰਦੇ ਸਨ ॥ ੪੪ ॥ ਅਰ ( ਹੇ ਪੈਯੰਬਰ ) ਸਾਡੇ ਬੰਦੇ ਇਬਰਾਹੀਮ ਅਰ ਇਸਹਾਕ ਅਰ ਯਾਕੂਬ ਨੂੰ ( ਭੀ ) ਯਾਦ ਕਰੋ ( ਉਹ ) ਹਥਾਂ ਤਥਾ ਨੇਤਰਾਂ ਵਾਲੇ ( ਸਨ ) ॥ ੪੫ ॥ ਅਰ ਅਸਾਂ ਨੇ ਓਹਨਾਂ ਨੂੰ ਇਕ ਖਾਸ ਬਾਰਤਾ ( ਅਰਥਾਤ ) ਅੰਤ ਦੀ ਯਾਦ ਵਾਸਤੇ ਚੁਣਿਆ ਸੀ

Digitized by Panjab Digital Library | www.panjabdigilib.org

॥ ੪੬ ॥ ਅਰ ਨਿਰਸੰਦੇਹ ਉਹ ( ਸਬ ) ਸਾਡੇ ਏਥੇ ਚੁਨੇ ਹੋਇ ( ਅਰ ) ਭਲਿਆਂ ਪੁਰਖਾਂ ਵਿਚੋਂ ਹਨ ॥ ੪੭ ॥ ਅਰ ਇਸਮਾਈਲ ਅਰ ਯਸਾ ਅਰ ਜ਼ੁਉਲ ਕੁਫਲ ( ਨੂੰ ) ਭੀ ਯਾਦ ਕਰੋ ਅਰ ਯਿਹ ਸਾਰੇ ਹੀ ਭਲਿਆਂ ਪੁਰਖਾਂ ਵਿਚੋਂ ਹਨ ॥ ੪੮ ॥ ਯਿਹ ( ਪੂਰਬੋਕਤ ਬ੍ਰਿਤਾਂਤ ਆਪਣੀ ਜਗਹਾਂ ਲੋਗਾਂ ਵਾਸਤੇ ) ਸਿਖਿਆ ਹਨ ਅਰ ਨਿਰਸੰਦੇਹ ਸੰਜਮੀ ਪੁਰਖਾਂ ਵਾਸਤੇ ਪ੍ਰਲੈ ਦੇ ਦਿਨ ) ਭਲਾ ਅਸਥਾਨ ਹੈ ॥ ੪੯ ॥ ( ਅਰਥਾਤ ) ਸਦੈਵ ਰਹਿਣ ਵਾਸਤੇ ( ਸ੍ਵਰਗ ) ਦੇ ਬਾਗ ਜਿਨਹਾਂ ਦੇ ਦਰਵਾਜੇ ਓਹਨਾਂ ਵਾਸਤੇ ( ਪਹਿਲੋਂ ਹੀ ) ਖੋਲੇ ਹੋਣਗੇ ॥ ੫੦ ॥ ( ਅਰ ਉਹ ) ਓਹਨਾਂ ਵਿਚ ( ਜਾਕੇ ) ਉਪਧਾਨ ( ਤਕੀਏ ) ਲਗਾ ਕਰਕੇ ਬੈਠਣਗੇ ਓਥੇ ( ਸੁਰਗ ਦੇ ਸੇਵਕਾਂ ਥੀਂ ) ਬਾਹੋਂ ਮੇਵੇ ਅਰ ਪਾਨੀ ਮੰਗਵਾਉਣਗੇ ( ਅਰ ਸੁਆਦ ਨਾਲ ਖਾਣ ਪੀਣਗੇ ) ॥ ੫੧ ॥ ਅਰ ਓਹਨਾਂ ਦੇ ਪਾਸ ਨੀਵੀਂ ਨਜਰ ਵਾਲੀਆਂ ਇਸਤ੍ਰੀਆਂ ਹੋਣ-ਗੀਆ ) ਅਰ ਏਸ ਥੀਂ ਵਧ ਕੇ ਅਨੰਦ ਯਿਹ ਕਿ ਓਹਨਾਂ ਦੀ ) ਅਉਖਾ (ਉਮਰ ਭੀ ) ਸਾਮਾਨ ( ਹੋਵੇਗੀ ) ॥ ੫੨ ॥ ( ਮੁਸਲਮਾਨੋ) ! ਯਿਹ ਹਨ ਉਹ ( ਪਦਾਰਥ ) ਜਿਨਹਾਂ ਦਾ ਤੁਸਾਂ ਨਾਲ ਹਿਸਾਬ ਦੇ ਦਿਨ ( ਅਰਥਾਤ ਪ੍ਰਲੈ ) ਦੇ ਵਾਸਤੇ ਬਚਨ ਕੀਤਾ ਜਾਂਦਾ ਹੈ ॥ ੫੩ ॥ ਨਿਰਸੰਦੇਹ ਯਿਹ ਸਾਡੀ ( ਦਿਤੀ ਹੋਈ) ਰੋਜ਼ੀ ਹੈ ਜੋ ਕਦੇ ਭੀ ਨਿਬੜਨ ਵਿਚ ਨਹੀਂ ਆਵੇਗੀ॥ ੫੪ ॥ (ਸੰਜਮੀ ਪੁਰਖਾਂ ਦਾ ਅੰਤ ) ਯਿਹ ਹੈ ਅਰ ( ਬਾਕੀ ਰਹੇ ਬੇਮੁਖ ) ਤੋ ਬੇਮੁਖਾਂ ਦਾ ਬੁਰਾ ਅਸਥਾਨ ਹੈ ॥ ੫੫ ॥ ਨਰਕ ਕਿ ਓਸ ਵਿਚ ਏਹਨਾਂ ਨੂੰ ਜਾਣਾ ਪਵੇਗਾ ਅਰ ਉਹ (ਕੈਸਾ ਹੀ) ਬੁਰਾ ਅਸਥਾਨ ਹੈ ॥ ੫੬ ॥ ਯਿਹ ਉਬਲਦਾ ਹੋਇਆ ਪਾਣੀ ਅਰ ਪੀਪ ॥ ੫੭ ॥ ਅਰ ਏਸੇ ਪ੍ਰਕਾਰ ਦੀਆਂ ( ਹੋਰ ਵਸਤਾਂ ਨਾਰਕੀਆਂ ਦੇ ਖਾਣ ਪੀਣ ਵਾਸਤੇ ਵਿਦਮਾਨ ) ਹਨ ਤੋ ਏਹਨਾਂ ( ਵਸਤੂਆਂ ਦੇ ਸ੍ਵਾਦ ) ਪਏ ਚਖਿਆ ਕਰਨ ॥ ੫੮ ॥ (ਫੇਰ ਜਦੋਂ ਨਾਰਕੀਆਂ ਦੇ ਆਗੂ ਨਰਕਾਂ ਵਿਚ ਜਾਣ ਲਗਣਗੇ ਤੋ ਓਹਨਾਂ ਨੂੰ ਕਹਿਆ ਜਾਵੇਗਾ) ਕਿ ਤੁਸਾਂ ਦੇ ਆਗਜਾ ਕਾਰੀਆਂ ਦੀ ( ਇਕ ) ਪੰਕਤੀ ( ਹੋਰ ਭੀ ਹੈ ਜਿਸਨੂੰ ) ਤੁਸਾਂ ਦੇ ਨਾਲ ( ਨਰਕਾਂ ਵਿਚ ) ਧਕੇਲਨਾ ਹੈ ਓਹਨਾਂ ਦਾ ਵੀ ਮੂੰਹ ਕਾਲਾ (ਨੀਲੇਪੈਰ) ਯਿਹ (ਭੀ)ਨਰਕਾਂ ਵਿਚ ਹੀ ਜਾਣ ਵਾਲੇ ਹਨ ॥ ੫੯ ॥ ( ਯਿਹ ਸੁਣ ਕੇ ਸਿਖ, ਗੁਰੂ ਦੇ ਸਿਰ ਚੜ੍ਹ ਜਾਣਗੇ ਅਰ ਓਹਨਾਂ ਨੂੰ ਮੁਖਾਤਬ ਕਰਕੇ ) ਕਹਿਣਗੇ ਕਿ ( ਸਾਡਾ ਨਹੀਂ ) ਪ੍ਰਤਯੁਤ ਤੁਸਾਂ ਦਾ ਮੂੰਹ ਕਾਲਾ ( ਨੀਲੇ ਪੈਰ ਕਾਹੇ ਤੇ ) ਤੁਸੀਂ ਹੀ ਤੇ ਯਿਹ ( ਬਲਾ ) ਸਾਡੇ ਅਗੇ ਲੈ ਆਏ ਤੋ ( ਯਿਹ ਜਹੱਨਮ ਕੈਸਾ ਹੀ ) ਬੁਰਾ ਅਸ-ਥਾਨ ਹੈ ॥ ੬੦ ॥ (ਜਿਸ ਵਿਚ ਤੁਸਾਂ ਨੇ ਸਾਨੂੰ ਲਿਆ ਫਸਾਇਆ ਯਿਹ ਕਹਿ ਕੇ ਚੇਲੇ ) ਪ੍ਰਾਰਥਨਾ ਕਰਨਗੇ ਕਿ ਹੇ ਸਾਡੇ ਪਰਵਰਦਿਗਾਰ ਜੋ ਯਿਹ

Digitized by Panjab Digital Library | www.panjabdigilib.org

(ਬਲਾ) ਸਾਡੇ ਅਗੇ ਲੈ ਆਇਆ ਓਸ ਨੂੰ (ਸਾਡੇ ਨਾਲੋਂ) ਵਧ ਕੇ ਨਰਕ ਵਿਚ ਦੋ ਗੁਨਾ ਸਜਾ ਦੇ ॥ ੬੧ ॥ ਅਰ (ਨਾਰਕੀ ਆਪਸ ਵਿਚ ਯਿਹ ਭੀ) ਕਹਿਣਗੇ ਕਿ ਜਿਨ੍ਹਾਂ ਲੋਗਾਂ ਨੂੰ ਅਸੀਂ ਮੰਦ ਪੁਰਖਾਂ ਵਿਚ ਗਿਣਿਆਂ ਕਰਦੇ ਸੀ ਕੀ ਬਾਤ ਹੈ ਕਿ ਅਸੀਂ ਓਹਨਾਂ ਨੂੰ (ਏਥੇ ਨਰਕਾਂ ਵਿਚ) ਨਹੀਂ ਦੇਖਦੇ ॥ ੬੨ ॥ ਕੀ ਅਸਾਂ ਨੇ ਓਹਨਾਂ ਨੂੰ (ਅਯੋਗ) ਹਾਸਾ ਮਖੌਲ ਕੀਤਾ (ਅਰ ਓਹ ਏਸ ਲਾਇਕ ਨਹੀਂ ਸੇ ਅਤਇਵ ਨਰਕ ਵਿਚ ਕਿਤੇ ਦਿਖਾਈ ਨਹੀਂ ਦੇਂਦੇ) ਕਿੰਬਾ (ਨਰਕਾਂ ਵਿਚ ਹਨ ਪਰੰਤੂ ਸਾਡੀਆਂ) ਅੱਖਾਂ ਓਹਨਾਂ ਨੂੰ ਤਾੜਦੀਆਂ ਨਹੀਂ ॥ ੬੩ ॥ ਨਾਰਕੀਆਂ ਦਾ ਆਪਸ ਵਿਚ ਝਗੜਨਾ ਯਿਹ (ਇਕ) ਸਚੀ (ਬਾਰਤਾ) ਹੈ (ਅਰ ਹੋਕੇ ਹੀ ਹਟੇਗੀ) ॥ ੬੪ ॥ ਰੁਕੂਹ ੪ ॥

(ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਮੈਂ (ਤਾਂ) ਕੇਵਲ (ਤੁਸਾਂ ਨੂੰ ਖੁਦਾ ਦੇ ਭੈ ਥੀਂ) ਸਭੈ ਕਰਨੇ ਵਾਲਾ ਹਾਂ (ਹੋਰ ਬਸ) ਅਰ ਇਕ ਖੁਦਾ ਥੀਂ ਸਿਵਾ (ਜੋ ਸੰਪੂਰਨਾਂ ਉਪਰ) ਸ਼ਕਤੀਮਾਨ ਹੈ ॥ ੬੫ ॥ (ਔਰ) ਕੋਈ ਮਾਬੂਦ ਨਹੀਂ (ਉਹੀ) ਆਕਾਸ਼ ਪ੍ਰਿਥਵੀ ਅਰ ਓਹਨਾਂ ਵਸਤੂਆਂ ਦਾ ਅਧਪਤਿ (ਹੈ) ਜੋ ਪ੍ਰਿਥਵੀ ਆਕਾਸ਼ ਦੇ ਮੱਧਜ ਮੇਂ ਹਨ (ਉਹ) ਸ਼ਕਤ-ਸ਼ਾਲੀ (ਅਰ) ਬੜਾ ਬਖਸ਼ਣੇ ਵਾਲਾ ਹੈ ॥ ੬੬ ॥ (ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ (ਸੰਸਾਰ ਦੇ ਪਰਸੰਗਾਂ ਵਿਚੋਂ) ਕੁਰਾਨ (ਦਾ ਉਤ-ਰਨਾ ਭੀ ਇਕ ਬਹੁਤ) ਬੜਾ ਸਮਾਚਾਰ ਹੈ ॥ ੬੭ ॥ (ਪਰੰਤੂ) ਤੁਸੀਂ ਲੋਗ ਏਸ ਦੀ (ਕੋਈ) ਪਰਵਾਹ ਨਹੀਂ ਕਰਦੇ ॥੬੮॥ ਅੰਤਰਿਖ (ਪ੍ਰਲੋਕ) ਦੇ ਰਹਿਣ ਵਾਲੇ (ਅਰਥਾਤ ਫਰਿਸ਼ਤੇ) ਜਦੋਂ ਆਪਸ ਵਿਚ ਲਗੇ ਚਰਚਾ ਕਰਨੇ ਤੇ ਮੈਨੂੰ ਓਹਨਾ ਦੀ (ਚਰਚਾ ਦੀ) ਕੋਈ ਭੀ ਤਾਂ ਖਬਰ ਨਹੀਂ ਸੀ ॥੬੯॥ (ਅਰ ਯਿਹ ਬਾਤਾਂ ਮੈਨੂੰ ਆਕਾਸ਼ ਬਾਣੀ ਦੇ ਵਸੀਲੇ ਨਾਲ ਪ੍ਰਾਪਤ ਹੋਈਆਂ ਅਰ) ਆਕਾਸ਼ ਬਾਣੀ (ਜੋ) ਮੇਰੇ ਪਾਸ ਆਉਂਦੀ ਹੈ (ਤੇ) ਕੇਵਲ ਏਸ ਆਸ਼ੇ ਉਤੇ (ਆਉਂਦੀ ਹੈ) ਕਿ ਮੈਂ (ਤਸਾਂ ਨੂੰ) ਸਰਲ ਰੀਤੀ ਨਾਲ ਭੈ ਸੁਣਾ ਦੇਵਾਂ ॥ ੭੦ ॥ (ਹੇ ਪੈਯੰਬਰ ਫਰਿਸ਼ਤਿਆਂ ਦੀ ਆਪੇ ਵਿਚ ਇਹ ਚਰਚਾ ਸੀ) ਕਿ ਤੇਰੇ ਪਰਵਰਦਿਗਾਰ ਨੇ ਫਰਿਸ਼ਤਿਆਂ ਨੂੰ ਫਰਮਾਇਆ ਕਿ ਮੈਂ ਮਿੱਟੀ ਵਿਚੋਂ ਇਕ ਆਦਮੀ ਬਣਾਉਣ ਲਗਾ ਹਾਂ ॥ ੭੧ ॥ ਤਾਂ ਜਦੋਂ ਮੈਂ ਏਸ ਨੂੰ ਸੰਪੂਰਨ ਕਰ ਚੁਕਾਂ ਅਰ ਆਪਣੀ ਰੂਹ ਓਸ ਵਿਚ ਫੂਕ ਦੇਵਾਂ (ਅਰਥਾਤ ਪਰਾਪਤ ਕਰ ਦੇਵਾਂ) ਤੇ ਤੁਸਾਂ ਉਸ ਦੇ ਅਗੇ ਮੱਥਾ ਟੇਕਣ ਵਾਸਤੇ ਢਹਿ ਪੈਣਾ ॥ ੭੨ ॥ ਅਤਇਵ ਸਾਰਿਆਂ ਹੀ ਫਰਿਸ਼ਤਿਆਂ ਨੇ ਮੱਥਾ ਟੇਕਿਆ ॥ ੭੩ ॥ ਪਰੰਤੂ (ਇਕ) ਇਬਲੀਸ ਕਿ ਅਹੰਕਾਰ ਵਿਚ ਆਗਿਆ ਅਰ

Digitized by Panjab Digital Library | www.panjabdigilib.org

ਬੇ ਮੁਖ ਬਨ ਬੈਠਾ ॥ ੭੪ ॥ ( ਖ਼ੁਦਾ ਨੇ ਇਬਲੀਸ ਪਾਸੋਂ ) ਪੁਛਿਆ ਕਿ ਹੇ ਇਬਲੀਸ ਜਿਸ ਵਸਤੂ ਨੂੰ ਅਸਾਂ ਨੇ ਆਪਣੀ ਹਥੀਂ ਬਨਾਇਆ ਉਸ ਨੂੰ ਮੱਥਾ ਟੇਕਣ ਵਿਚ ਤੈਨੂੰ ਕੌਣ ਵਸਤੂ ਰੋਕ ਹੋਈ ਕੀ ਤੂੰ ਅਹੰਕਾਰ ਵਿਚ ਆ ਗਇਆ ਯਾ ਤੂੰ ( ਸਚ ਮੁਚ ) ਮਹਾਨ ਪੁਰਖਾਂ ਵਿਚੋਂ ਹੈਂ ॥ ੭੫ ॥ ( ਉਹ ) ਬੋਲਿਆ ( ਉਸ ਨੂੰ ਕਿਸ ਤਰਹਾਂ ਨਮਸਕਾਰ ਕਰਾਂ ) ਮੈਂ ਉਸ ਨਾਲੋਂ ਕਈ ਗੁਣਾਂ ਉਤਮ ਹਾਂ ਮੈਨੂੰ ਤੁਸਾਂ ਨੇ ਅਗਨੀ ਥੀਂ ਉਤਪੰਨ ਕੀਤਾ ਅਰ ਇਸ ਨੂੰ ਤੁਸਾਂ ਨੇ ਮਿਟੀ ਵਿਚੋਂ ਬਨਾਇਆ ॥ ੭੬ ॥ ਆਗਿਆ ਕੀਤੀ ਤੂੰ ਏਥੋਂ (ਬਾਹਰ) ਨਿਕਲ ਕਿ ਤੂੰ ( ਸਾਡੀ ਬਾਰਗਾਹ ਵਿਚੋਂ ) ਵਾਂਜਿਆ ਗਿਆ ॥ ੭੭ ॥ ਅਰ ਪ੍ਰਲੈ ਦੇ ਦਿਨ ਤਕ ਤੇਰੇ ਉਪਰ ਸਾਡੀ ਫਿਟਕ ( ਪਈ ) ਬਰਸ਼ਿਆਂ ਕਰੇਗੀ ॥ ੭੮ ॥ ( ਉਹ ) ਬੋਲਿਆ ਤੇ ਹੇ ਮੇਰੇ ਪਰਵਰਦਿਗਾਰ ਮੈਨੂੰ ਓਸ ਦਿਨ ਤਕ ਦੀ ਅਵੱਧਿ ਦੇ ਜਦੋਂ ਕਿ ( ਸਾਰੇ ਲੋਗ ਦੂਜੀ ਵੇਰੀ) ਉਠਾ ਕੇ ਖੜੇ ਕੀਤੇ ਜਾਣਗੇ ॥ ੭੯ ॥ ਆਗਿਆ ਹੋਈ ( ਹਾਂ ) ਤੈਨੂੰ ਓਸ ਦਿਨ ਤਕ ਦੀ ਅਵਧ ਹੈ ॥ ੮੦ ॥ ਜਿਸ ਦਾ ਸਮਾਂ ( ਸਾਨੂੰ ਹੀ ) ਪਰ-ਤੀਤ ਹੈ ॥ ੮੧ ॥ ( ਉਹ ) ਬੋਲਿਆ ਤੇ ( ਮੈਨੂੰ ਭੀ ) ਤੇਰੀ ( ਹੀ ) ਇਜ਼ਤ ਦੀ ਸੌਗੰਧ ਹੈ ਕਿ ਏਹਨਾਂ ( ਬਨੀ ਆਦਮਾਂ ) ਵਿਚੋਂ ੮੨ ॥ ਜੋ ਤੇਰੇ ਹੀ ਕੇਵਲ ਬੰਦੇ ਹਨ ਓਹਨਾਂ ਨੂੰ ਛਡ ਕੇ ਏਹਨਾਂ ਸਾਰਿਆਂ ਨੂੰ ਕੁਮਾਰਗੀ ਹੀ ਕਰ ਕੇ ਰਹਾਂਗਾ ਤੇ ਚੰਗਾ ॥ ੮੩ ॥ ਆਗਿਜਾ ਭਈ ਤੇ ( ਅਸੀਂ ਭੀ ) ਸਚੀ ਬਾਰਤਾ ( ਕਹਿ ਦੇਂਦੇ ਹਾਂ ) ਅਰ ਅਸੀਂ ਸਚ ਹੀ ਕਹਿਆ ਕਰਦੇ ਹਾਂ ॥ ੮੪ ॥ ਕਿ ਅਸੀਂ ਭੀ ਤੇਰੇ ਨਾਲ ਅਰ ਜੋ ਲੋਗ ਤੇਰੇ ਪਿਛੇ ਤੁਰਨਗੇ ਓਹਨਾਂ ਸਾਰਿਆਂ ਨਾਲ ਨਰਕਾਂ ਨੂੰ ਪੂਰਨ ਕਰ ਦੇਵਾਂਗੇ ॥ ੮੫ ॥ ( ਹੇ ਪੈਗੰ-ਬਰ ਤੁਸੀਂ ਏਹਨਾਂ ਲੋਗਾਂ ਨੂੰ ਕਹੋ ) ਕਿ ਮੈਂ ਏਸ ( ਸਤ ਪਰਚਾਰ ) ਦਾ ਤੁਸਾਂ ਪਾਸੋਂ ਕੁਛ ਮੋਖ ਤੇ ਮੰਗਦਾ ਨਹੀਂ ਅਰ ਨਾ ਮੈਨੂੰ ਖੇਚਲ ਕਰਨੀ ਆ-ਉਂਦੀ ਹੈ ॥ ੮੬ ॥ ਯਿਹ ( ਕੁਰਾਨ ਜੋ ਮੈਂ ਤੁਸਾਂ ਨੂੰ ਸੁਣਾਉਂਦਾ ਹਾਂ ) ਸੰਸਾਰ ਭਰ ਦਿਆਂ ਲੋਗਾਂ ਵਾਸਤੇ ਸਿਖਜਾ ਰੂਪ ਹੈ ਹੋਰ ਬਸ ॥ ੮੭ ॥ ਅਰ ਕੁਝ ਦਿਨਾਂ ਪਿਛੋਂ ਤੁਸਾਂ ( ਲੋਗਾਂ ) ਨੂੰ ਏਸ ਦਾ ਮਰਮ ਮਾਲੂਮ ਹੋ ਜਾਵੇਗਾ ॥ ੮੮ ॥ ਰੁਕੂਹ ੫ ॥

## ਸੂਰਤ ਜ਼ੁਮਰ ਮੱਕੇ ਵਿਚ ਉਤਰੀ ਅਰ ਏਸ ਦੀਆਂ ਪੰਝੱਤਰ ਆਇਤਾਂ ਅਰ ਅਠ ਰੁਕੂਹ ਹਨ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ਅਰ ਕਿਰ-ਪਾਲੂ ( ਹੈ ) ( ਯਿਹ ) ਲਿਖੀ ਹੋਈ ਆਗਜਾ ਖ਼ੁਦਾਵੰਦ ਪਾਸੋਂ ਪਰਾਪਤ

Digitized by Panjab Digital Library | www.panjabdigilib.org

ਹੁੰਦੀ ਹੈ ਜੋ ਜ਼ਬਰਦਸਤ ( ਸ਼ਕਤਸ਼ਾਲੀ ਅਰ) ਹਿਕਮਤ ਵਾਲਾ (ਯੁਕਤੀਮਾਨ) ਹੈ ॥ ੧ ॥ ( ਹੇ ਪੈਯੰਬਰ ) ਯਿਹ ਕਿਤਾਬ ਹਕੀਕਤ ਵਿਚ ਅਸਾਂ ਨੇ ਹੀ ਤੁਸਾਂ ਉਪਰ ਉਤਾਰੀ ਹੈ ਕੇਵਲ ਖ਼ੁਦਾ ਦੀ ਫਰਮਾ ਬਰਦਾਰੀ ਦ੍ਰਿਸ਼ਟੀ ਗੋਚਰ ਰਖ ਕੇ ਓਸੇ ਦੀ ਪੂਜਾ ਕਰੀ ਜਾਓ ॥ ੨ ॥ ਸੁਣੋ ਜੀ ! ਖਾਲਸ ਫਰਮਾ ਬਰਦਾਰੀ ਖ਼ੁਦਾ ਦੇ ਵਾਸਤੇ ਹੀ ਹੈ ਅਰ ਜਿਨਹਾਂ ਲੋਗਾਂ ਨੇ ਖ਼ੁਦਾ ਥੀਂ ਸਿਵਾ ( ਹੋਰ ਹੋਰ )ਸਹਾ-ਇਕ ਬਨਾ ਰਖੇ ਹਨ ( ਅਰ ਕਹਿੰਦੇ ਹਨ ਕਿ ) ਅਸੀਂ ਤਾਂ ਏਹਨਾਂ ਦੀ ਪੂਜਾ ਕੇਵਲ ਏਸ ਵਾਸਤੇ ਕਰਦੇ ਹਾਂ ਕਿ ਸਾਨੂੰ ਖ਼ੁਦਾ ਦੇ ਸਮੀਪ ਕਰ ਦੇਣ ਤੇ ਜਿਨਹਾਂ ਜਿਨਹਾਂ ਬਾਤਾਂ ਵਿਚ ਯਿਹ ਲੋਗ ਵਿਭੇਦ ਕਰ ਰਹੇ ਹਨ ਖ਼ਦਾ ( ਪ੍ਰਲੈ ਦੇ ਦਿਨ ) ਓਹਨਾਂ ਵਿਚ ਏਸ ( ਵਿਭੇਦ ) ਦਾ ਫੈਸਲਾ ਕਰ ਦੇਵੇਗਾ ਨਿਰਸੰਦੇਹ ਜੋ ਪੁਰਖ ਮਿਥ੍ਯਾ ਵਾਦੀ ( ਅਰ ) ਕ੍ਰਿਤਘਨ ਹੋਵੇ ਖ਼ੁਦਾ ਉਸ ਨੂੰ ( ਭਲੀ ) ਸਿਖਯਾ ਨਹੀਂ ਦਿਤਾ ਕਰਦਾ ॥ ੩ ॥ ਯਦੀ ਖ਼ੁਦਾ ਕਿਸੇ ਨੂੰ ਆਪਣਾ ਪੁਤ੍ਰ ਬਨਾਉਣ ਦੀ ਇਛਾ ਕਰਦਾ ਤੇ ਆਪਣੀ ਸ੍ਰਿਸ਼ਟੀ ਵਿਚੋਂ ਜਿਸ ਨੂੰ ਚਾਹੁੰਦਾ ਪਸੰਦ ਕਰ ਲੈਂਦਾ ( ਪਰੰਤੂ ) ਉਸ ਦਾ ਸਰੂਪ ( ਇਸਤ੍ਰੀ ਪੁਤਰ ਦੇ ਬਖੇੜਿਆਂ ਥੀਂ ) ਪਵਿੱਤਰ ਹੈ ਉਹ ਖ਼ੁਦਾ ਅਕੇਲਾ ਹੈ ਬੜਾ ਸ਼ਕਤੀ-ਮਾਨ ॥ ੪ ॥ ਉਸ ਨੇ (ਕਿਸੇ) ਭਲਾਈ ਨਾਲ ਪ੍ਰਿਥਵੀ ਆਕਾਸ਼ ਨੂੰ ਉਤਪਤ ਕੀਤਾ ( ਵਹੀ ) ਰਾਤ੍ਰੀ ਨੂੰ ਦਿਵਸ ਉਪਰ ਲਪੇਟਦਾ ਹੈ ਅਰ ( ਵਹੀ ) ਦਿ-ਵਸ ਨੂੰ ਰਾਤ੍ਰੀ ਉਪਰ ਲਪੇਟਦਾ ਹੈ ਅਰ ਓਸੇ ਨੇ ਸੂਰਜ ਅਰ ਚੰਦ ਨੂੰ ਸਵਾ-ਧੀਨ ਕਰ ਰਖਿਆ ਹੈ ਕਿ (ਯਿਹ) ਸਭ ( ਇਕ ) ਨਿਯਤ ਸਮੇਂ ਤਕ ( ਇਸੀ ਪਰਕਾਰ ) ਚਲੇ ਜਾਣਗੇ। ਸੁਣ ਜੀ ! ਵਹੀ ( ਖ਼ੁਦਾ ) ਸ਼ਕਤੀਮਾਨ ( ਅਰ ) ਬੜਾ ਬਖਸ਼ਣੇ ਵਾਲਾ ਹੈ ॥ ੫ ॥ ਓਸੇ ਨੇ ਤੁਸਾਂ ਲੋਗਾਂ ਨੂੰ ( ਆਦਮ ਦੇ ) ਇਕ ਸਰੀਰ ਥੀਂ ਉਤਪਤ ਕੀਤਾ ਫੇਰ ਓਸੇ ਨੇ ਉਸ ਦਾ ਜੋੜਾ ਬਨਾਇਆ ਅਰ ਤੁਸਾਂ ਵਾਸਤੇ ਅਠ ਪਰਕਾਰ ਦੇ ਚਤੁਸ਼ਪਾਦੀ ( ਆਪਣੀ ਕੁਦਰਤ ਨਾਲ ) ਉਤਾਰੇ ਵਹੀ ਤੁਸਾਂ ਨੂੰ ਤੁਸਾਂ ਦੀ ਮਾਤਾ ਦੇ ਉਦਰ ਵਿਚ ( ਸਨੇ ਸਨੇ ) ਇਕ ਅਵਸਥਾ ਦੇ ਪਿਛੋਂ ਦੂਸਰੀ ਅਵਸਥਾ ਤਿੰਨ ਅੰਧੇਰਿਆਂ ਵਿਚ ਬਨਾਉਂਦਾ ਹੈ ਯਹੀ ਅੱਲਾ ਤੇ ਤੁਸਾਂ ਦਾ ਪਰਵਰਦਿਗਾਰ ਹੈ ਓਸੇ ਦਾ ਹੀ ਰਾਜ ਹੈ ਓਸੇ ਦੇ ਸਿਵਾ ਕੋਈ ਪੂਜਯ ਨਹੀਂ ਫੇਰ ( ਅਜੇ ਭੀ ਤੁਸੀਂ ਲੋਗ ) ਕਿਧਰ ਨੂੰ ਫਿਰੇ ਚਲੇ ਜਾਂਦੇ ਹੋ ॥ ੬ ॥ ਯਦੀ ਤੁਸੀਂ ( ਖ਼ੁਦਾ ਦੀ ) ਨਾਸ਼ੁਕਰੀ ਕਰੋ ਤੇ ਅੱਲਾ ਤੁਸਾਂ ਨਾਲ ( ਉਕਾ ) ਬੇ ਪਰਵਾਹ ਹੈ ਅਰ ਆ-ਪਣਿਆਂ ਬੰਦਿਆਂ ਵਾਸਤੇ ਨਾਸ਼ੁਕਰੀ ਨੂੰ ਪਸੰਦ ਨਹੀਂ ਕਰਦਾ ਅਰ ਯਦੀ ਤੁਸੀਂ ( ਉਸ ਦਾ ) ਧਨਵਾਦ ਕਰੋ ਤੇ ਵੁਹ ਤੁਸਾਂ ਦੀ ਏਸ ਗਲ ( ਅਦਾ ) ਨੂੰ ਪਸੰਦ ਕਰਦਾ ਹੈ ਅਰ (ਪ੍ਰਲੈ ਦੇ ਦਿਨ) ਕੋਈ ( ਕਿਸੇ ਦੇ ਪਾਪਾਂ) ਦਾ ਭਾਰ ( ਆਪਣੇ

Digitized by Panjab Digital Library | www.panjabdigilib.org

ਸਿਰ ਉਪਰ ) ਨਹੀਂ ਚੁਣੇਗਾ ਫੇਰ ਤੁਸਾਂ ( ਸਾਰਿਆਂ ) ਨੇ ਆਪਣੇ ਪਰਵਰ-ਦਿਗਾਰ ਦੀ ਤਰਫ ਲੌਟ ਕੇ ਜਾਣਾ ਹੈ ਤੇ ਜੈਸੇ ੨ ਕਰਮ ( ਸੰਸਾਰ ਵਿਚ ) ਤੁਸੀਂ ਕਰਦੇ ਰਹੇ ਹੋ ਉਹ ਤੁਸਾਂ ਨੂੰ ਦਸ ਦੇਵੇਗਾ ਉਹ ( ਤੇ ਲੋਗਾਂ ਦੇ) ਮਾਨ-ਸਿਕ ਸੰਕਲਪਾਂ (ਤਕ) ਦੀ ਜਾਣਦਾ ਹੈ ॥ ੭ ॥ ਅਰ ਜਦੋਂ ਆਦਮੀ ਨੂੰ ਕੋਈ ਤਕਲੀਫ ਪਰਾਪਤ ਹੁੰਦੀ ਹੈ ਤੇ ਆਪਣੇ ਪਰਵਰਦਿਗਾਰ ਦੀ ਤਰਫ ਧਿ-ਆਨ ਧਰ ਕੇ ਉਸ ਨੂੰ ਪੁਕਾਰਦਾ ਹੈ ਫੇਰ ਜਦੋਂ ( ਖੁਦਾ ) ਆਪਣੀ ਤਰਫੋਂ ਉਸਨੂੰ ਕੋਈ ਪਦਾਰਥ ਪ੍ਰਦਾਨ ਕਰ ਦੇਂਦਾ ਹੈ ਤੇ ਜਿਸ ( ਮਤਲਬ ) ਵਾਸਤੇ ਓਸ ਨੇ ਪਹਿਲੇ ( ਖੁਦਾ ਨੂੰ ) ਪੁਕਾਰਿਆ ਸੀ ਓਸ ਨੂੰ ਵਿਸਾਰ ਦੇਂਦਾ ਅਰ ਖੁਦਾ ਦੇ ਸ਼ਰੀਕ ਬਨਾ ਤੁਰਦਾ ਹੈ ਤਾਂ ਕਿ ( ਆਪਣਾ ਮੰਦ ਨਮੂਨਾ ਦਿਖਾ ਕੇ ਦੂਸਰਿਆਂ ਨੂੰ ਭੀ ) ਖੁਦਾ ਦੇ ਮਾਰਗੋਂ ਕੁਮਾਰਗੀ ਕਰੇ ( ਹੇ ਪੈਯੰਬਰ ਐਸੇ ਪੁਰਖ ਨੂੰ ) ਕਹਿ ਦਿਓ ਕਿ ਥੋੜੇ ਰੋਜ ਆਪਣੇ ਕੁਫਰ ( ਦੀ ਅਵਸ-ਥਾ ) ਵਿਚ ਵਸ ਰਸ ਲੈ ( ਅੰਤ ਨੂੰ ਤਾਂ ) ਤੂੰ ਨਾਰਕੀਆਂ ਵਿਚ ਹੀ ਹੋਵੇਂਗਾ ॥ ੮ ॥ ਭਲਾ ਜੋ ਪੁਰਖ ਰਾਤ ਦੇ ਸਮੇਂ ( ਏਕਾਂਤ ) ਵਿਚ ( ਖੁਦਾ ਦੀ ) ਬੰਦਗੀ ਵਿਚ ਲਗਾ ਹੋਇਆ ਹੈ ( ਕਦੇ ਓਸ ਦੀ ਦਰਗਾਹ ਵਿਚ ) ਨਮਸਕਾਰ ਕਰਦਾ ਹੈ ਅਰ ( ਕਦੇ ਓਸ ਦੇ ਸਨਮੁਖ ਹੱਥ ਬੰਨ ਕੇ ) ਖੜਾ ਹੁੰਦਾ । ਪ੍ਰਲੈ ਥੀਂ ਡਰਦਾ ਅਰ ਆਪਣੇ ਪਰਵਰਦਿਗਾਰ ਦੇ ਫ਼ਜ਼ਲ ਦਾ ਉਮੈਦਵਾਰ ਹੈ ( ਕਿਤੇ ) ਐਸਾ ਪੁਰਖ ਬੇਮੁਖ ਦੇ ਸਮਾਨ ਹੋ ਸਕਦਾ ਹੈ ? ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਕਿਤੇ ਗਿਆਤਵਾਨ ਅਰ ਅਗਿਆਤਵਾਨ ਭੀ ਸਮਾਨ ਹੋਏ ਹਨ ( ਪਰੰਤੂ ਏਹਨਾਂ ਬਾਤਾਂ ਥੀਂ ) ਵਹੀ ਲੋਕ ਸਿਖਿਆ ਧਾਰਦੇ ਹਨ ਜੋ ਬੁਧਿਮਾਨ ਹਨ ॥ ੯ ॥ ਰੁਕੂਹ ੧ ॥

( ਹੇ ਪੈਯੰਬਰ ਸਾਡੀ ਤਰਫੋਂ ਮੁਸਲਮਾਨਾਂ ਨੂੰ ) ਸਮਝਾ ਦਿਓ ਕਿ ਹੇ ਸਾਡਿਓ ਬੰਦਿਓ ਜੋ ਈਮਾਨ ਧਾਰ ਚੁਕੇ ਹੋ ਆਪਣੇ ਪਰਵਰਦਗਾਰ ਪਾਸੋਂ ( ਅਰਥਾਤ ਸਾਡੇ ਪਾਸੋਂ ) ਡਰਦੇ ਰਹੋ ਜੋ ਲੋਗ ਇਸ ਸੰਸਾਰ ਵਿਚ ਭਲਾਈ ਕਰਦੇ ਹਨ ਓਹਨਾਂ ਵਾਸਤੇ ( ਪ੍ਰਲੈ ਨੂੰ ) ਭਲਾਈ ਹੈ ਅਰ ਖੁਦਾ ਦੀ ਪ੍ਰਿਥਵੀ ( ਬੜੀ ) ਵਿਸ਼ਾਲੀ ਹੈ ਉਹ ਤਾਂ ਸੰਤੋਖ ਦੇ ਹੀ ਬੰਦੇ ਹਨ ਜਿਨਹਾਂ ਨੂੰ ( ਪ੍ਰਲੈ ਵਿਚ ) ਓਹਨਾਂ ਦਾ ਫਲ ਬੇਹਿਸਾਬ ਭਰ ਦਿਤਾ ਜਾਵੇਗਾ ॥ ੧੦ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਮੈਨੂੰ ( ਤੇ ਖੁਦਾ ਦੇ ਏਥੋਂ ਯਹੀ ) ਆਗਿਆ ਮਿਲੀ ਹੈ ਕਿ ਮੈਂ ਕੇਵਲ ਖੁਦਾ ਦੀ ਹੀ ਫਰਮਾਂ ਬਰਦਾਰੀ ਦ੍ਰਿਸ਼ਟੀ ਗੋਚਰ ਰਖਕੇ ਓਸੇ ਦੀ ਪੂਜਾ ਕੀਤਾ ਕਰਾਂ ॥ ੧੧ ॥ ਅਰ (ਹੋਰ) ਮੈਨੂੰ ਯਿਹ ਆਗਿਆ ਮਿਲੀ ਹੈ ਕਿ ਮੈਂ ਸਾਰਿਆਂ ਨਾਲੋਂ ਪਹਿਲੇ ਮੁਸਲ-ਮਾਨ ਬਣਾ ॥ ੧੨ ॥ ( ਹੇ ਪੈਯੰਬਹ ਏਹਨਾਂ ਲੋਗਾਂ ਨੂੰ ) ਕਹੋ ਕਿ ਯਦੀ

Digitized by Panjab Digital Library | www.panjabdigilib.org

ਮੈਂ ਆਪਣੇ ਪਰਵਰਦਿਗਾਰ ਦੀ ਨਾਫਰਮਾਨੀ ਕਰਾਂ ਤੇ ( ਏਸ ਸੂਰਤ ਵਿਚ ) ਮੈਨੂੰ ਬੜੇ ( ਸਖਤ ) ਦਿਨ ( ਅਰਥਾਤ ਪ੍ਰਲੈ ਦੇ ਦਿਨ ) ਦੇ ਕਸ਼ਟ ਥੀਂ ਬਹੁਤ ਹੀ ਭੈ ਪ੍ਰਾਪਤ ਹੁੰਦਾ ਹੈ ॥ ੧੩ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਮੈਂ ਤਾਂ ਖੁਦਾ ਦੀ ਹੀ ਫਰਮਾਂ ਬਰਦਾਰੀ ਦ੍ਰਿਸ਼ਟੀ ਗੋਚਰ ਰਖ ਕੇ ਓਸੇ ਦੀ ਹੀ ਪੂਜਾ ਕਰਦਾ ਹਾਂ ॥ ੧੪ ॥ ( ਪਿਛੇ ਰਹੇ ਤੁਸੀਂ ) ਸੋ ਓਸ ਥੀਂ ਸਿਵਾ ਜਿਸ ਨੂੰ ਚਾਹੋ ਪੂਜੋ (ਤੁਸਾਂ ਨੂੰ ਹੀ ਉਸਦਾ ਫਲ ਭੁਗਤਨਾਂ ਪਵੇਗਾ ਹੇ ਪੈਯੰਬਰ ਏਹਨਾਂ ਲੋਗਾਂ ਨੂੰ)ਕਹਿ ਦਿਓ ਕਿ ਅਸਲ ਵਿਚ ਘਾਟੇ ਵਿਚ ਉਹ ਲੋਗ ਹਨ ਜੋ ਪ੍ਰਲੈ ਦੇ ਦਿਨ ਆਪਣਾ ਅਰ ਆਪਣੇ ਬਾਲ ਬਚੇ ਦਾ ਨੁਕਸਾਨ ਕਰ ਲੈਣਗੇ ਸੁਨੋ ਜੀ ! ਯਹੀ ਤੇ ਪ੍ਰਤੱਖ ਘਾਟਾ ਹੈ ॥ ੧੫ ॥ ਓਹਨਾਂ ਦੇ ਉਪਰ ਅਗਨੀ ਦਾ ਹੀ ਓੜ੍ਹਣਾ ਹੋਵੇਗਾ ਅਰ ਓਹਨਾਂ ਦੇ ਹੇਠਾਂ ( ਅਗਨੀ ਦਾ ਹੀ ) ਬਿਛਾਉਨਾਂ ਯਹੀ ( ਤੇ ਉਹ ਕਸ਼ਟ ਹੈ ) ਜਿਸ ਥੀਂ ਖੁਦਾ ਆਪਣਿਆਂ ਬੰਦਿਆਂ ਨੂੰ ਡਰਾਉਂਦਾ ਹੈ ਤੇ ਹੇ ਸਾਡੇ ਬੰਦਿਓ ਸਾਡਾ ਹੀ ਡਰ ਮੰਨੋ॥੧੬॥ ਅਰ ਜੋ ਲੋਗ ਮੂਰਤੀ ਪੂਜਾ(ਬੁਤਪਰਸਤੀ) ਥੀਂ ਬਚਦੇ ਰਹੇ ਅਰ ਖੁਦਾ ਦੀ ਤਰਫ ਝੁਕੇ ਓਹਨਾਂ ਵਾਸਤੇ ( ਸੂਰਗ ਦੀ ) ਖੁਸ਼ਖਬਰੀ ਹੈ ਤੇ ( ਹੇ ਪੈਯੰਬਰ ) ਸਾਡਿਆਂ ਓਹਨਾਂ ਬੰਦਿਆਂ ਨੂੰ ਖੁਸ਼ਖਬਰੀ ਸੁਨਾਓ ॥ ੧੭ ॥ ਜੋ ( ਸਾਡੀ ) ਕਲਾਮ ਨੂੰ ਕੰਨ ਧਰ ਕੇ ਸੁਣਦੇ ਅਰ ਓਸ ਦੀਆਂ ਚੰਗੀਆਂ ੨ ਬਾਤਾਂ ਉਪਰ ਚਲਦੇ ਹਨ ਯਹੀ ਤੇ ਵੁਹ ਲੋਗ ਹਨ ਜਿਨਹਾਂ ਨੂੰ ਖੁਦਾ ਨੇ ( ਭਲੀ ) ਸਿਖਿਆ ਦਿਤੀ ਹੈ ਅਰ ਯਹੀ ਤੋਂ ਬੁਧੀ ( ਭੀ ) ਰਖਦੇ ਹਨ ॥ ੧੮ ॥ ( ਹੇ ਪੈਯੰਬਰ ) ਭਲਾ ਜੋ ਪੁਰਖ ਸਭੇ ਕਸ਼ਟ ਦਾ ਹਕਦਾਰ ਹੋਗਿਆ ਕੀ ਤੁਸੀਂ ( ਓਸ ) ਨਾਰਕੀ ਨੂੰ ( ਨਰਕ ਥੀਂ ) ਨਿਕਾਸ ਸਕੋਗੇ ॥ ੧੯ ॥ ਪਰੰਤੂ ਜੋ ਲੋਗ ਆਪਣੇ ਪਰਵਰਦਿਗਾਰ ਥੀਂ ਡਰਦੇ ਰਹੇ ਓਹਨਾਂ ਦੇ ( ਰਹਿਣ ) ਵਾਸਤੇ ( ਸੂਰਗ ਵਿਚ ) ਚੌਬਾਰੇ ( ਅਰ ) ਚੋਬਾਰਿਆਂ ਦੇ ਉਪਰ ( ਹੋਰ ) ਚੁਬਾਰੇ ਬਣੇ ਹੋਏ ( ਵਿਦਮਾਨ ) ਹਨ ਜਿਨਹਾਂ ਦੇ ਨੀਚੇ ਨਹਿਰਾਂ ( ਪੜੀਆਂ ) ਲਹਿਰਾ ਰਹੀਆਂ ਹੋਵਨਗੀਆਂ ( ਯਿਹ ਓਹਨਾਂ ਨਾਲ ) ਖੁਦਾ ਦਾ ਬਚਨ ( ਹੈ ਅਰ ) ਖੁਦਾ ਆਪਣੇ ਬਚਨ ਨੂੰ ਮਿਥਯਾ ਨਹੀਂ ਹੋਣ ਦੇਂਦਾ ॥ ੨੦ ॥ ( ਹੇ ਸ੍ਰੋਤਾ) ਕੀ ਤੂਨੇ ( ਇਸ ਬਾਰਤਾ ਉਪਰ ) ਦ੍ਰਿਸ਼ਟੀ ਨਹੀਂ ਦਿਤੀ ਕਿ ਅੱਲਾ ਨੇ ਅਸ-ਮਾਨ ਥੀਂ ਬਰਖਾ ਕੀਤੀ ਫੇਰ ਪ੍ਰਿਥਵੀ ਉਤੇ ਓਸ ਦੇ ਚਸ਼ਮੇ ਵਗਾਏ ਫੇਰ ਵਹੀ ਓਸ ( ਪਾਣੀ ) ਦੇ ਵਸੀਲੇ ਨਾਲ ਰੰਗਾ ਰੰਗ ਦੀ ਖੇਤੀ ਉਤਪਤ ਕਰਦਾ ਹੈ ਫੇਰ ਉਹ ਜੋਰ ਉਪਰ ਆਉਂਦੀ ਹੈ ਫੇਰ ( ਪਕਿਆਂ ਪਿਛੋਂ ) ਤੂੰ ਓਸ ਨੂੰ ਦੇਖਦਾ ਹੈਂ ਕਿ ਪੀਲੀ ਪੈ ਗਈ ਹੈ ਫੇਰ ਖੁਦਾ ਉਸ ਨੂੰ ਚੂਰਾ ੨ ਕਰ ਸਿਟਦਾ ਹੈ ਨਿਰਸੰਦੇਹ ( ਖੇਤੀ ਦੀ ) ਇਸ ( ਉਤਪਤੀ ਵਿਨਾਸ਼ ) ਵਿਚ

Digitized by Panjab Digital Library | www.panjabdigilib.org

ਬੁਧੀਵਾਨਾਂ ਦੇ ਵਾਸਤੇ (ਬੜੀ) ਸਿਖਿਆ ਹੈ ॥ ੨੧ ॥ ਰੁਕੂਹ ੨ ॥

ਕੀ ਉਹ ਪੁਰਖ(ਸ਼ਖਸ)ਜਿਸਦਾ ਸੀਨਾ ਖ਼ੁਦਾ ਨੇ ਇਸਲਾਮ ਦੇ(ਕਬੂਲ) ਵਾਸਤੇ ਖੋਹਲ ਦਿਤਾ ਹੈ ਅਰ ਉਹ ਆਪਣੇ ਪਰਵਰਦਿਗਾਰ ਦੀ ( ਸਿਖਿਆ ਰੂਪ ਮਸ਼ਾਲ ਅਗੇ ਰਖਦਾ ਅਰ ਉਸ ਦੇ ) ਪਰਕਾਸ਼ ਨਾਲ ( ਤੁਰਦਾ ਫਿਰ-ਦਾ ) ਹੈ ( ਉਸ ਦੇ ਸਮਾਨ ਹੋ ਸਕਦਾ ਹੈ ਜੋ ਕੁਫਰ ਦੇ ਅੰਧਕਾਰ ਵਿਚ ਪੜਿ-ਆ ਹੋਇਆ ਹੈ ) ਤੇ ਅਫਸੋਸ ਹੈ ਓਹਨਾਂ ਲੋਗਾਂ ਉਪਰ ਜਿਨਹਾਂ ਦਾ ਦਿਲ ਖ਼ੁਦਾ ਦੀ ਯਾਦਗੀਰੀ ਥੀਂ ( ਗਾਫਿਲ ਹੋ ਕੇ ) ਸਖਤ ( ਹੋਗਏ ) ਹਨ ਯਹੀ ਲੋਗ ਤੇ ਪਰਗਟ ਗੁਮਰਾਹੀ ਵਿਚ ਹਨ ॥ ੨੨ ॥ ਅੱਲਾ ਨੇ ਬਹੁਤ ਹੀ ਭਲਾ ਕਲਾਮ ( ਅਰਥਾਤ ਯਿਹ ) ਕਿਤਾਬ ਉਤਾਰੀ ( ਜਿਸ ਦੀਆਂ ਬਾਤਾਂ ਇਕ ਦੂਸਰੇ ਨਾਲ ) ਮਿਲਦੀਆਂ ਜੁਲਦੀਆਂ ( ਹਨ ਅਰ ਇਕ ਹੀ ਬਾਰਤਾ ਸਮਝਾਉਣ ਵਾਸਤੇ ) ਬਾਰੰਬਾਰ ਦੁਹਰਾਈ ਗਈ ਹੈ ( ਇਸ ਪੁਸਤਕ ਦਾ ਯਿਹ ਪਰਭਾਵ ਹੈ ) ਕਿ ਜੋ ਲੋਕ ਆਪਣੇ ਪਰਵਰਦਿਗਾਰ ਪਾਸੋਂ ਡਰਦੇ ਹਨ ਏਸ ( ਦੇ ਸ੍ਰਵਣ ਕਰਨੇ ਸੇ ) ਓਹਨਾਂ ਦੇ ਸਰੀਰ ਕੰਪਮਾਨ ਹੋ ਜਾਂਦੇ ਹਨ ਫੇਰ ਓਹਨਾਂ ਦੇ ਸਰੀਰ ਅਰ ਦਿਲ ਨਰਮ ਹੋ ਕੇ ਪਰਮੇਸ਼ਰ ਦੀ ਯਾਦਗੀਰੀ ਵਲ ( ਲਗ ) ਜਾਂਦੇ ਹਨ ਯਿਹ ( ਕੁਰਾਨ ) ਅੱਲਾ ਦੀ ਸਿਖਯਾ ਹੈ ਜਿਸ ਨੂੰ ਚਾਹੁੰਦਾ ਹੈ ਇਸ ਦੇ ਵਸੀਲੇ ਨਾਲ ( ਦੀਨ ਦਾ ਸਰਲ ਮਾਰਗ) ਦਿਖਾ ਦਿੰਦਾ ਹੈ ਅਰ ਜਿਸਨੂੰ ਖ਼ੁਦਾ ਗੁਮਰਾਹ ਕਰੇ ਤੋ ਫੇਰ ਕੋਈ ਭੀ ਓਸ ਨੂੰ ਸਿਖਿਆ ਦੇਣ ਵਾਲਾ ਨਹੀਂ ॥ ੨੩ ॥ ਤਾਂ ਕੀ ਜੋ ਪੁਰਖ ਪਰਲੈ ਦੇ ਦਿਨ ਆਪਣੇ ਮੂੰਹ ਨੂੰ ਬਹੁਤ ਬੁਰੀ ਸਜਾ ( ਅਰਥਾਤ ਨਰਕਾਗਨੀ ) ਦੀ ਢਾਲ ਬਣਾਉਂਦਾ ਹੈ ( ਉਹ ਓਸ ਜੈਸਾ ਹੋ ਸਕਦਾ ਹੈ ਜੋ ਸੁਖ ਪੂਰਵਕ ਸਵਰਗ ਵਿਚ ਬੈਠਾ ਹੈ ) ਅਰ ਨਾ ਫਰਮਾਨਾਂ ਨੂੰ ਕਹਿਆ ਜਾਵੇਗਾ ਕਿ(ਸੰਸਾਰ ਵਿਚ) ਜੈਸਾ ਕੁਛ ਕਰਦੇ ਰਹੇ ਹੋ ( ਹੁਣ ਉਸ ਦਾ ਸਵਾਦ) ਚਖੋ ॥ ੨੪ ॥ ਜੋ ਲੋਗ ਏਹਨਾਂ ਨਾਲੋਂ ਪਹਿਲਾਂ ਹੋ ਚੁਕੇ ਹਨ ਓਹਨਾਂ ਨੇ ਭੀ ( ਪੈਯੰਬਰਾਂ ਨੂੰ ) ਝੁਠਿਆਰਿਆ ਤੇ ਓਹਨਾਂ ਨੂੰ ਕਸ਼ਟ ਨੇ ਐਸੀ ਤਰਫੋਂ ਆ ਘੇਰਿਆ ਕਿ ਉਨਹਾਂ ਨੂੰ ਉਸ ਦੀ ਖਬਰ ਭੀ ਨਾ ਸੀ ॥ ੨੫ ॥ ਤੇ ਓਹਨਾਂ ਨੂੰ ( ਏਸੇ ) ਸੰਸਾਰਿਕ ਜੀਵਨ ਵਿਚ ਅੱਲਾ ਨੇ (ਜ਼ਿਲਤ ਅਰ) ਬਦਨਾਮੀ ਦਾ ਸਵਾਦ ਚਖਾ ਦਿਤਾ ਅਰ ਅੰਤ ਦਾ ਕਸ਼ਟ ਤੇ ( ਏਸ ਨਾਲੋਂ ) ਕਈ ਗੁਣਾਂ ਅਧਿਕ ਹੈ ਹੇ ਦੇਵ ਇਹ ਲੋਗ ( ਇਤਨੀ ਬਾਰਤਾ ) ਜਾਣਦੇ ॥ ੨੬ ॥ ਅਰ ਅਸਾਂ ਨੇ ਲੋਗਾਂ ਦੇ (ਸਮ-ਝਾਵਨ ਵਾਸਤੇ ) ਏਸ ਕੁਰਾਨ ਵਿਚ ਸਭ ਪਰਕਾਰ ਦੇ ਦ੍ਰਿਸ਼ਟਾਂਤ ਵਰਨਣ ਕੀਤੇ ਹਨ ਤਾਂ ਕਿ ਇਹ ਲੋਗ ਸਿਖਿਆ ਧਾਰਨ ਕਰਨ ॥ ੨੭ ॥ ( ਇਹ ) ਕੁਰਾਨ ( ਸਰਲ ) ਅਰਬੀ ( ਜ਼ਬਾਨ ਵਿਚ ਹੈ ) ਇਸ ਵਿਚ ਕਿਸੇ

Digitized by Panjab Digital Library | www.panjabdigilib.org

ਪਰਕਾਰ ਦੀ ਕਠਿਨਤਾਈ ਨਹੀਂ ਤਾ ਕਿ (ਪ੍ਰਥਮ) ਇਹ (ਅਰਬ ਵਾਸੀ ਆਪਣੀ ਮਾਤ ਭਾਸ਼ਾ ਹੋਣ ਦੇ ਕਾਰਨ ਏਸ ਨੂੰ ਭਲੀ ਪਰਕਾਰ ਸਮਝਣ ਅਰ ਸਮਝ ਕੇ ਖੁਦਾ ਥੀਂ) ਡਰਨ ॥ ੨੮ ॥ (ਹੁਣ) ਅੱਲਾ ਇਕ ਦ੍ਰਿਸ਼ਟਾਂਤ ਵਰਨਣ ਕਰਦਾ ਹੈ ਕਿ ਇਕ ਪੁਰਖ (ਟਹਿਲੀਆ) ਹੈ ਓਸ ਵਿਚ ਕਈ ਹਿਸੇਦਾਰ ਹਨ (ਜੋ) ਆਪਸ ਵਿਚ ਬੜੀ ਖਿਚਾ ਤਾਣੀ ਰਖਦੇ (ਹਨ) ਅਰ ਇਕ ਪੁਰਖ (ਉਹ ਵੀ ਟਹਿਲੀਆ ਹੈ ਪਰੰਤੂ) ਸਮੁਚਾ ਇਕ ਆਦਮੀ ਦਾ। ਕੀ ਏਹਨਾਂ ਦੋਨਾਂ (ਸੇਵਕਾਂ) ਦੀ ਦਸ਼ਾ ਸਮਾਨ ਹੋ ਸਕਦੀ ਹੈ? (ਯਿਹ ਲੋਗ ਏਸ ਨੂੰ ਸੁਣਕੇ ਕਹਿਣਗੇ ਕਿ ਨਹੀਂ ਹੋ ਸਕਦੀ।ਹੇ ਪੈਯੰਬਰ ਯਿਹ ਜਵਾਬ ਲੈ ਕੇ ਕਹੋ) ਅਲਹਮਦੁਲਿਲਾ (ਸਰਬ ਉਸਤਤੀਆਂ ਪ੍ਰਮਾਤਮਾ ਦੇ ਯੋਗ) ਪਰੰਤੂ (ਅਫਸੋਸ ਹੈ ਕਿ) ਏਹਨਾਂ ਵਿਚੋਂ ਪ੍ਰਾਇਆ (ਏਤਨੀ ਬਾਰਤਾ ਭੀ) ਨਹੀਂ ਸਮਝਦੇ ॥੨੯॥ (ਹੇ ਪੈਯੰਬਰ) ਨਿਰਸੰਦੇਹ ਕਿ ਤੁਸਾਂ ਭੀ ਮਰਨਾ ਹੈ ਅਰ ਕੋਈ ਭ੍ਰਮ ਨਹੀਂ ਕਿ ਏਨਹਾਂ ਭੀ ਮਰਨਾ ਹੈ ॥ ੩੦ ॥ ਫੇਰ ਪ੍ਰਲੈ ਦੇ ਦਿਨ ਤੁਸੀਂ (ਦੋਨੋਂ ਦਲ) ਆਪਣੇ ਪਰਵਰਦਿਗਾਰ ਦੇ ਸਨਮੁਖ (ਆਪੋ ਆਪਣੇ) ਝਗੜੇ (ਪੇਸ਼) ਕਰੋਗੇ (ਓਸ ਵੇਲੇ ਸਚ ਝੂਠ ਪਰਤੀਤ ਹੋ ਜਾਵੇਗਾ) ॥ ੩੧ ॥ ਰੁਕੂਹ ੩ ॥

*ਤੋ ਓਸ ਨਾਲੋਂ ਵਧਕੇ ਕੌਣ ਜ਼ਾਲਿਮ ਜੋ ਖੁਦਾ ਪਰ ਝੂਠ ਥਪੇ ਅਰ (ਹੋਰ ਓਸ ਨਾਲੋਂ ਕਿ) ਸਚੀ ਬਾਰਤਾ ਉਸ ਨੂੰ ਪਰਾਪਤ ਹੋਵੇ ਅਰ ਉਹ ਓਸ ਨੂੰ ਝੁਠਿਆਰੇ ਕੀ ਕਾਫਰ ਦਾ ਅਸਥਾਨ ਨਰਕਾਂ ਵਿਚ ਨਹੀਂ ਹੈ? ॥ ੩੨ ॥ ਅਰ ਜੋ ਸਚੀ ਬਾਰਤਾ ਲੈ ਕੇ ਆਇਆ ਅਰ (ਹੋਰ ਉਹ ਜਿਸ ਨੇ) ਓਸ ਨੂੰ ਸਤਯ ਰੂਪ ਜਾਣਿਆ ਯਹੀ ਤੇ ਸੰਜਮੀ ਪੁਰਖ ਹਨ ॥ ੩੩ ॥ ਜਿਸ ਬਾਤ ਦੀ ਇਛਾ ਕਰਨਗੇ ਓਹਨਾਂ ਦੇ ਪਰਵਰਦਿਗਾਰ ਪਾਸੋਂ ਏਥੇ ਓਹਨਾਂ ਵਾਸਤੇ (ਵਿਦਮਾਨ) ਹੋਵੇਗਾ ਭਲਾਈ ਕਰਨ ਵਾਲਿਆਂ ਦੀ ਯਿਹ ਪ੍ਰਤਿਨਿਧਿ ਹੈ ॥ ੩੪ ॥ ਤਾਂ ਕਿ ਖੁਦਾ ਉਹਨਾਂ ਦੇ ਮੰਦ ਕਰਮਾਂ (ਦਾ ਬੋਝ) ਓਹਨਾਂ (ਉਪਰੋਂ ਉਤਾਰ ਦੇਵੇ ਅਰ ਓਹਨਾਂ ਨੂੰ ਓਹਨਾਂ ਦੇ ਭਲਿਆਂ ਕਰਮਾਂ ਦੀ ਪ੍ਰਤਿਨਿਧਿ ਵਿਚ ਓਹਨਾਂ ਦਾ ਫਲ ਪ੍ਰਦਾਨ ਕਰੇ ॥ ੩੫ ॥ ਕੀ ਖੁਦਾ ਆਪਣੇ ਬੰਦੇ (ਮੁਹੰਮਦ ਦੀ ਰਖਿਆ) ਵਾਸਤੇ ਪੂਰਨ ਨਹੀਂ? ਅਰ (ਹੇ ਪੈਯੰਬਰ ਯਿਹ ਲੋਗ) ਤੁਸਾਂ ਨੂੰ ਖੁਦਾ ਥੀਂ ਸਿਵਾ (ਹੋਰ ਹੋਰ ਮਾਬੂਦਾਂ) ਥੀਂ ਡਰਾਉਂਦੇ ਹਨ ਅਰ ਜਿਸ ਨੂੰ ਖੁਦਾ ਗੁਮਰਾਹ ਕਰੇ ਤੇ ਓਸ ਨੂੰ ਕੋਈ (ਭੀ) ਸਿਖਿਆ ਦੇਣ ਵਾਲਾ ਨਹੀਂ ॥ ੩੬ ॥ ਅਰ ਜਿਸ ਨੂੰ ਖੁਦਾ ਸਿਖਿਆ ਦੇਵੇ ਤਾਂ ਓਸ ਨੂੰ ਕੋਈ (ਭੀ) ਗੁਮਰਾਹ ਕਰਨ ਵਾਲਾ ਨਹੀਂ ਕੀ ਖੁਦਾ

*ਹੁਣ ਫਮਨ ਅਜ਼ਲਮ ਨਾਮੀ ੨੪ ਚੌਬੀਸਵਾਂ ਪਾਰਾ ਚਲਾ।

Digitized by Panjab Digital Library | www.panjabdigilib.org

ਸ਼ਕਤੀਮਾਨ ( ਅਰ ) ਬਦਲਾ ਲੈਣ ਵਾਲਾ ਨਹੀਂ ਹੈ ? ॥ ੩੭ ॥ ਅਰ ( ਹੇ ਪੈਯੰਬਰ ) ਯਦੀ ਤੁਸੀਂ ਏਹਨਾਂ ( ਲੋਗਾਂ ) ਪਾਸੋਂ ਪੁਛੋ ਕਿ ਪ੍ਰਿਥਵੀ ਅਰ ਅਕਾਸ਼ ਨੂੰ ਕਿਸ ਨੇ ਉਤਪਤ ਕੀਤਾ ਤੇ ਅਸਮੇਵ ( ਯਹੀ ) ਕਹਿਣਗੇ ਕਿ ਖੁਦਾ ਨੇ ( ਹੁਣ ਤੁਸੀਂ ਏਹਨਾਂ ਲੋਗਾਂ ਤਾਈਂ ) ਕਹੋ ਕਿ ਭਲਾ ਦੇਖੋ ਤੇ ਸਹੀ ਖੁਦਾ ਥੀਂ ਭਿੰਨ ਜਿਨਹਾਂ ( ਮਾਬੂਦਾਂ )ਦਾ ਤੁਸੀਂ ਆਵਾਹਿਨ ਕਰਦੇ ਹੋ ਯਦੀ ਖੁਦਾ ਮੈਨੂੰ ਕੋਈ ਕਸ਼ਟ ਦੇਣ ਦੀ ਇਛਾ ਕਰੇ ਕੀ ਯਿਹ ( ਮਾਬੂਦ ) ਉਸ ਦੀ ( ਭੇਜੀ ਹੋਈ ) ਵਿਪਤਾ ਨੂੰ ਦੂਰ ਕਰ ਸਕਦੇ ਹਨ ਅਥਵਾ ਖੁਦਾ ਮੇਰੇ ਉਪਰ ( ਆਪਣੀ ਕ੍ਰਿਪਾ ਕਰਨੀ ਚਾਹੇ ਕੀ ਯਿਹ ( ਮਾਬੂਦ ) ਉਸ ਦੀ ਕਿਰਪਾ ਨੂੰ ਰੋਕ ਸਕਦੇ ਹਨ ? (ਹੇ ਪੈਯੰਬਰ ਤੁਸੀਂ) ਕਹੋ ਕਿ ਮੈਨੂੰ ਤਾਂ ਖੁਦਾ ਹੀ ਪੂਰਨ ਕਰਦਾ ਹੈ ( ਅਰ ) ਭਰੋਸਾ ਰਖਣ ਵਾਲੇ ਉਸੇ ਉਪਰ (ਹੀ) ਭਰੋਸਾ ਰਖਦੇ ਹਨ ॥ ੩੮ ॥ ( ਹੇ ਪੈਯੰਬਰ ਤੁਸੀਂ ਏਹਨਾਂ ਲੋਗਾਂ ਨੂੰ ) ਕਹੋ ਕਿ ਭਿਰਾਓ ! ਤੁਸੀਂ ਆਪਣੀ ਜਗਾ ਕਰਮ ਕਰਦੇ ਰਹੋ ਮੈਂ ( ਆਪਣੀ ਜਗਾ ) ਕਰਮ ਕਰ ਰਹਿਆ ਹਾਂ ਫੇਰ ਅਗੇ ਚਲਕੇ ਤੁਸਾਂ ਨੂੰ ਮਾਲੂਮ ਹੋ ਜਾਵੇਗਾ ॥ ੩੯ ॥ ਕਿ ਕਿਸ ਉਪਰ ਐਸੀ ਵਿਪੱਤੀ ਆਉਂਦੀ ਹੈ ਜੋ ਉਸ ਨੂੰ ( ਸੰਸਾਰ ਵਿਚ ) ਬਦਨਾਮ ਕਰ ਦੇਵੇਗੀ ਅਰ ( ਪਰਲੈ ਦੇ ਦਿਨ ) ਉਸ ਉਪਰ ਇਸਥਿਰ ਕਸ਼ਟ ਪਰਾਪਤ ਹੋਵੇਗਾ ( ਸੋ ਅਲੱਗ ) ॥ ੪੦ ॥ ( ਹੇ ਪੈਯੰਬਰ) ਨਿਰਸੰਦੇਹ (ਯਿਹ)ਕਿਤਾਬ ਅਸਾਂ ਨੇ ਲੋਕਾਂ ਦੇ (ਲਾਭਾਰਥ ) ਤੁਸਾਂ ਉਪਰ ਉਤਾਰੀ ਹੈ ( ਅਰ ) ਏਸ ਵਿਚ ਸਤ (ਮਾਰਗ ਦਾ ਉਪਦੇਸ਼) ਹੈ ਤੇ ਜੋ ਸੁਮਾਰਗ ਹੋਇਆ ਉਹ ਕੇਵਲ ਆਪਣੇ ਹੀ ( ਭਲੇ ਦੇ ) ਵਾਸਤੇ ਸੁਮਾਰਗੀ ਹੋਇਆ ਅਰ ਜੋ ਬੇ ਮੁਖ ਹੋਇਆ ਤੇ ਉਸ ਦੇ ਬੇਮੁਖ ਹੋਣ ਦਾ ਭੀ ਉਪਦ੍ਰ ਉਸੇ ਉਪਰ ( ਪਵੇਗਾ ) ਅਰ ਤੁਸੀਂ ਓਹਨਾਂ ਦੇ ਕੋਈ ਥਾਣੇਦਾਰ ਤੇ ਹੈ ਨਹੀਂ ॥ ੪੧ ॥ ਰੁਕੂਹ ੪ ॥

ਲੋਗਾਂ ਦੇ ਮਰਨ ਦੇ ਸਮੇਂ ਅੱਲਾ ਉਹਨਾਂ ਦੇ ਜੀਵਾਤਮਾਂ ਨੂੰ ( ਆਪਣੇ ਪਾਸ ) ਬੁਲਾ ਲੈਂਦਾ ਹੈ ਅਰ ਜੋ ਲੋਗ ਮਰੇ ਨਹੀਂ ਉਹਨਾਂ ਦੇ ( ਜੀਵਾਤਮਾਂ ਭੀ ) ਉਹਨਾਂ ਦੇ ਸੈਨ ਕਰਨੇ ਦੇ ਸਮੇਂ ( ਖੁਦਾ ਦੇ ਪਾਸ ਬੁਲਾ ਲਈਆਂ ਜਾਂਦੀਆਂ ਹਨ ) ਤੇ ਜਿਨਹਾਂ ਵਾਸਤੇ ( ਖੁਦਾ ) ਮੌਤ ਦਾ ਹੁਕਮ ਦੇ ਚੁਕਿਆ ਹੈ ਓਹਨਾਂ ਨੂੰ ( ਤਾਂ ਆਪਣੇ ਪਾਸ ) ਰੋਕ ਰਖਦਾ ਹੈ ਅਰ ਬਾਕੀ ( ਸੈਨ ਕਰਨ ਵਾਲਿਆਂ ) ਨੂੰ ਇਕ ਨਿਯਤ ਸਮੇਂ ਤਕ ( ਫੇਰ ਸੰਸਾਰ ਵਿਚ) ਭੇਜ ਦੇਂਦਾ ਹੈ । ਜੋ ਲੋਗ ( ਵਿਚਾਰ ) ਵਿਵੇਕ ਨੂੰ ਆਪਣੇ ਕੰਮ ਵਿਚ ਵਰਤਦੇ ਹਨ ਕੋਈ ਭਰਮ ਨਹੀਂ ਕਿ ਓਹਨਾਂ ਵਾਸਤੇ ਏਸ ਵਿਚ ( ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ) ਨਿਸ਼ਾਨੀਆਂ ਹਨ ॥ ੪੨ ॥ ਕੀ ਏਹਨਾਂ ਲੋਗਾਂ ਨੇ

Digitized by Panjab Digital Library | www.panjabdigilib.org

ਖ਼ੁਦਾ ਥੀਂ ਸਿਵਾ ( ਅਨਜਾਨਜ ) ਸਫਾਰਸ਼ੀ ਨਿਯਤ ਕਰ ਰਖੇ ਹਨ ( ਹੇ ਪੈਗੰ-ਬਰ ਏਹਨਾਂ ਲੋਗਾ )ਨੂੰ ਕਹੋ ਯਦਯਪਿ ( ਯਿਹ ਤੁਸਾਂ ਦੇ ਸਫਾਰਸ਼ੀ ) ਕੁਛ ਬੀ ਅਖਤਿਆਰ ਨਾ ਰਖਦੇ ਹੋਣ ਅਰ ਨਾ ( ਕੁਛ ) ਮਤ ( ਤਥਾ ਬੁਧ ) ਵਾਲੇ ਹੋਣ (ਕੀ ਏਸ ਦਸ਼ਾ ਵਿਚ ਭੀ ਤੁਸੀਂ ਓਹਨਾਂ ਨੂੰ ਆਪਣੇ ਸਫਾਰਸ਼ੀ ਹੀ ਬਣਾ-ਈ ਜਾਓਗੇ ? )॥ ੪੩ ॥ ( ਅਰ ਏਹਨਾਂ ਲੋਗਾਂ ਨੂੰ ) ਕਹੋ ਕਿ ਸਫਾਰਸ਼ ਤਾਂ ਸਾਰੀ ਪਰਮੇਸ਼ੁਰ ਦੇ ਵਸ ਵਿਚ ਹੈ ਅਕਾਸ਼ ਅਰ ਪ੍ਰਿਥਵੀ ਵਿਚ ਓਸੇ ਦੀ ਹੀ ਪਾਤਸ਼ਾਹੀ ਹੈ ਫੇਰ ਤੁਸੀਂ ( ਲੋਗ ) ਓਸੇ ਦੀ ਤਰਫ਼ ਹੀ ਲੋਟਾ ਕੇ ਲਿਆਏ ਜਾਓਗੇ ॥ ੪੪ ॥ ਅਰ ਜਦੋਂ ਕੇਵਲ ਖ਼ੁਦਾ ਦਾ ਵਰਣਨ ਕੀਤਾ ਜਾਂਦਾ ਹੈ ਤੇ ਜੋ ਲੋਗ ਪਰਲੈ ਦੇ ਯਕੀਨ ਵਾਲੇ ਨਹੀਂ ਓਹਨਾਂ ਦੇ ਦਿਲ ਸੰਕੁਚਿਤ ਹੋਣ ਲਗ ਜਾਂਦੇ ਹਨ ਅਰ ਜਦੋਂ ਖ਼ੁਦਾ ਥੀਂ ਸਿਵਾ ( ਅਨਜਾਨਜ ਮਾਬੂਦਾਂ ) ਦਾ ਵਰਣਨ ਕੀਤਾ ਜਾਂਦਾ ਹੈ ਤੇ ਬਸ ਯਿਹ ਲੋਗ ਪਰਸੰਨ ਹੋ ਜਾਂਦੇ ਹਨ ॥ ੪੫ ( ਹੇ ਪੈਗੰਬਰ ਤੁਸੀਂ ) ਕਹੋ ਕਿ ਹੇ ਭਗਵਾਨ ! ਪ੍ਰਿਥਵੀ ਅਕਾਸ਼ ਦੇ ਉਤਪਤ ਕਰਨੇ ਵਾਲੇ ਗੁਪਤ ਅਰ ਪਰਗਟ ਦੇ ਜਾਨਣੇ ਵਾਲੇ ਜਿਨਹਾਂ ਬਾਤਾਂ ਵਿਚ ( ਯਿਹ ) ਤੇਰੇ ਬੰਦੇ ਆਪਸ ਵਿਚ ਬਾਦ ਵਿਵਾਦ ਕਰ ਰਹੇ ਹਨ ਤੂੰ ਹੀ ਏਹਨਾਂ ਦੇ ਝਗੜਿਆਂ ਨੂੰ ਨਬੇੜੇਂਗਾ ॥ ੪੬ ॥ ਅਰ ਯਦੀ ਮਨਮੁਖਾਂ ਦੇ ਪਾਸ ਪ੍ਰਿਥਵੀ ਮਾਤ੍ਰ ਦੀ ਸੰਪੂਰਨ ਪੂੰਜੀ ਹੋਵੇ ਅਰ ਉਸ ਨਾਲ ਉਤਨੀ ਹੀ ਹੋਰ ( ਭੀ ) ਹੋਵੇ ਤੇ ਪਰਲੈ ਦੇ ਦਿਨ ਭਿਆਨਕ ਭੈ ਦੀ ਪ੍ਰਤਿਨਿਧਿ ਵਿਚ ( ਬਲਾਤਕਾਰ ) ਉਸ ਨੂੰ ਦੇ ਨਿਕਲਣ ਅਰ (ਉਸ ਵੇਲੇ ) ਏਹਨਾਂ ( ਲੋਗਾਂ ) ਨੂੰ ਖ਼ੁਦਾ ਦੀ ਤਰਫੋਂ ਅਸੀ ( ਵਿਪੱਤੀ ) ਪਰਾਪਤ ਹੋਵੇਗੀ ਜਿਸ ਦਾ ਏਹਨਾਂ ਨੂੰ (ਚਿਤ)ਚੇਤਾ ਭੀ ਨਹੀਂ ਸੀ॥੪੭॥ ਅਰ ਜੈਸੀਆਂ ਜੈਸੀਆਂ ਕਰਤੂਤਾਂ ( ਯੇਹ ਲੋਗ ) ਕਰਦੇ ਰਹੇ ਹਨ ਓਹਨਾਂ ਦੀਆਂ ਖਰਾਬੀਆਂ ਓਹਨਾਂ ਉਪਰ ਪ੍ਰਗਟ ਹੋ ਜਾਣਗੀਆਂ ਅਰ ਜਿਸ ( ਕਸ਼ਟ ) ਨੂੰ ਹਾਸਾ ਠਠਾ ਸਮਝਦੇ ਰਹੇ ਹਨ ਓਹ (ਕਸ਼ਟ) ਏਹਨਾਂ ਉਪਰ ਆ ਪਰਾਪਤ ਹੋਵੇਗਾ ॥ ੪੮ ॥ ਤੇ ਪੁਰਖ ( ਦਾ ਸਵਭਾਵ ਹੈ ) ਕਿ ਜਦੋਂ (ਉਸ ਨੂੰ) ਕੋਈ ਤਕਲੀਫ ਪਰਾਪਤ ਹੁੰਦੀ ਹੈ ਤੇ ਸਾਨੂੰ ਪੁਕਾਰਦਾ ਹੈ ਫੇਰ ਜਦੋਂ ਅਸੀਂ ਉਹਨੂੰ ਆਪਣੇ ਪਾਸਿਓਂ ਕੋਈ ਪਦਾਰਥ ਪਰਦਾਨ ਕਰਦੇ ਹਾਂ ਤੇ ਕਹਿਣ ਲਗਦਾ ਹੈ ਕਿ ਯਿਹ ਤੇ ਮੈਨੂੰ ਬਸ ( ਮੇਰੀ ) ਬੁਧੀ ਦੇ ਚਮਿਤਕਾਰ ਦੇ ਕਾਰਨੋਂ ਮਿਲੀ ਹੈ ( ਪੁਰਖ ਦਾ ਐਸਾ ਸਮਝਣਾ ਅਲੀਕ ਹੈ ) ਪ੍ਰਤ੍ਯੁਤ ਯਿਹ (ਪਦਾਰਥ) ਪਰੀਖਯਾ ਰੂਪ ਹੈ ਪਰੰਤੂ ਪ੍ਰਾਯਾ ਲੋਗ ( ਏਸ ਬਾਰਤਾ ਥੀਂ ) ਗਿਯਾਤ ਨਹੀਂ ॥ ੪੯ ॥ ਜੋ ਲੋਗ ਏਹਨਾਂ ਨਾਲੋਂ ਭੂਤ ਸਮੇਂ ਵਿਚ ਹੋ ਚੁਕੇ ਹਨ ( ਉਹ ਭੀ ) ਐਸੀਆਂ ਹੀ ( ਬਾਤਾਂ ) ਬਕਿਆ ਕਰਦੇ ਸਨ ਤੇ ਜੋ ਕੁਛ ਉਹ ਕਰਦੇ ਰਹੇ ( ਕੁਛ ਭੀ ) ਉਨਹਾਂ ਦੇ ਕੰਮ ਨਾ

Digitized by Panjab Digital Library | www.panjabdigilib.org

ਆਇਆ ॥ ੫੦ ॥ ਅਰ ਓਹਨਾਂ ਦੇ ( ਮੰਦ ) ਕਰਮਾਂ ਦੇ ਬੁਰੇ ਫਲ ਉਨਹਾਂ ਨੂੰ ਪਰਾਪਤ ਹੋਏ ਅਰ ਏਨਹਾਂ ( ਮੱਕੇ ਦਿਆਂ ਕਾਫਰਾਂ ) ਵਿਚੋਂ ਜੋ ਲੋਗ ਆਗਜਾ ਭੰਗ ਕਰਦੇ ਹਨ ਓਹਨਾਂ ਨੂੰ ( ਭੀ ) ਉਨਹਾਂ ਦੇ ਮੰਦ ਕਰਮਾਂ ਦੇ ਫਲ ਬਲਾਤਕਾਰ ਹੀ ਪ੍ਰਾਪਤ ਹੋਣ ਵਾਲੇ ਹਨ ਅਰ ਯਿਹ ( ਲੋਗ ਖੁਦਾ ਨੂੰ ਤਾਂ ) ਬਿਜੈ ਕਰ ਨਹੀਂ ਸਕਦੇ ॥ ੫੧ ॥ ਕੀ ਏਹਨਾਂ ਨੂੰ ( ਏਤਨੀ ਬਾਰਤਾ ) ਮਾਲੂਮ ਨਹੀਂ ਕਿ ਅੱਲਾ ਜਿਸ ਦੀ ਰੋਜੀ ਚਾਹੁੰਦਾ ਹੈ ਵਿਸ਼ਾਲ ਕਰ ਦੇਂਦਾ ਹੈ ਅਰ ( ਜਿਸ ਦੀ ਚਾਹੁੰਦਾ ਹੈ ) ਤੋਲੀ ਮਿਨੀ ਕਰ ਦੇਂਦਾ ਹੈ। ਕੋਈ ਭਰਮ ਨਹੀਂ ਕਿ ਏਸ ( ਬਾਰਤਾ ) ਵਿਚ ਈਮਾਨ ਵਾਲਿਆਂ ਵਾਸਤੇ (ਤੋ ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ) ਨਿਸ਼ਾਨੀਆਂ ( ਵਿਦਮਾਨ ) ਹਨ ॥ ੫੨ ॥ ਰੁਕੂਹ ੫ ॥

( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹਿ ਦਿਓ ਕਿ ਹੇ ਸਾਡੇ ਬੰਦਿਓ ਜਿਨਹਾਂ ਨੇ ( ਪਾਪ ਕਰਕੇ ) ਆਪਣੇ ਉਪਰ ਵਧੀਕੀਆਂ ਕੀਤੀਆਂ ਹਨ ਅੱਲਾ ਦੀ ਕ੍ਰਿਪਾ ਥੀਂ ਨਿਆਸ ਨਾ ਰਹੋ ਕਾਹੇ ਤੇ ਅੱਲਾ ਸੰਪੂਰਨ ਪਾਪਾਂ ਨੂੰ ਮੁਆਫ ਕਰਦਾ ਹੈ ( ਅਰ ) ਉਹ ਨਿਰਸੰਦੇਹ ( ਬੜਾ ) ਬਖਸ਼ਨੇ ਵਾਲਾ ਮੇਹਰਬਾਨ ਹੈ ॥ ੫੩ ॥ ਅਰ ਆਪਣੇ ਪਰਵਰਦਿਗਾਰ ਦੇ ਪਾਸੇ ਝੁਕ ਜਾਓ ਅਰ ਉਸ ਦੀ ਆਗਜਾ ਪਾਲਨ ਕਰੋ ( ਪਰੰਤੂ ) ਏਸ ਥੀਂ ਪਹਿਲੋਂ ਕਿ ਤੁਸਾਂ ਉਪਰ ਕਸ਼ਟ ਆ ਪਰਾਪਤ ਹੋਇਆ ਹੋਵ ਅਰ ਉਸ ਵੇਲੇ ਤੁਸਾਂ ਨੂੰ ( ਕਿਸੇ ਤਰਫੋਂ ) ਸਹਾਇਤਾ ਭੀ ਨਾ ਪਹੁੰਚ ਸਕੇ ॥ ੫੪ ॥ ਅਰ ਤੁਸਾਂ ਦ ਪਰਵਰਦਿਗਾਰ ਦੀ ਤਰਫੋਂ ਜੋ ਉੱਤਮ ਉੱਤਮ (ਸਿਖਜਾ ਦੀਆਂ) ਬਾਤਾਂ ਤੁਸਾਂ ਉਪਰ ਉਤਰੀਆਂ ਹਨ ਓਨਹਾਂ ਉਪਰ ਤੁਰੋ ( ਪਰੰਤੂ ) ਏਸ ਥੀਂ ਪਹਿਲੋਂ ਕਿ ਅੱਚਨਚੇਤ ਤੁਸਾਂ ਉਪਰ ਕਸ਼ਟ ਆ ਪਰਾਪਤ ਹੋਵੇ ਅਰ ਤੁਸਾਂ ਨੂੰ ( ਉਸ ਦੇ ਆਉਣ ਦੀ ) ਸੂਹ ( ਭੀ ) ਨਾ ਲੱਗੇ ॥ ੫੫ ॥ ( ਕਿਤੇ ਐਸਾ ਨਾ ਹੋਵੇ ) ਕਿ ( ਓੜਕ ਦੀ ਬਾਕੀ ਤੁਸਾਂ ਨੂੰ ) ਕੋਈ ਕਹਿਣ ਲਗੇ ਕਿ ਹਾਇ ਅਫਸੋਸ ਮੇਰੀ ਏਸ ਸੁਸਤੀ ਉਪਰ ਜੋ ਮੈਂ ਖੁਦਾ ਦੇ ਵਾਸਤੇ ਦਰਿ-ਸ਼ਟੀ ਗੋਚਰ ਰਖਣ ) ਵਿਚ ਕੀਤੀ ਅਰ ਮੈਂ ਤਾਂ (ਏਹਨਾਂ ਬਾਤਾਂ ਨੂੰ) ਹਾਸਾ ਮਖੌਲ ਹੀ ਕਰਦਾ ਰਹਿਆ ॥ ੫੬ ॥ ਕਿੰਬਾ ਲਗੇ ਕਹਿਣ ਕਿ ਯਦੀ ਖੁਦਾ ਮੈਨੂੰ ( ਭਲੀ ਸਿਖਜਾ ਦੇਂਦਾ ਤੇ ਮੈਂ ਭੀ ਸੰਜਮੀ ਪੁਰਖਾਂ ਵਿਚੋਂ ਹੁੰਦਾ ॥ ੫੭ ॥ ਕਿੰਬਾ ਜਦੋਂ ਕਸ਼ਟ ( ਸਨਮੁਖ ) ਆਣ ਇਸਥਿਤ ਹੋਵੇ ਉਸ ) ਨੂੰ ਦੇਖ ਕੇ ਲਗੇ ਕਹਿਣ ਕਿ ( ਐ ) ਦੇਵ ਮੈਨੂੰ ( ਸੰਸਾਰ ਵਿਚ ) ਫੇਰ ਲੋਟ ਜਾਣਾ ( ਪ੍ਰਾਪਤ ) ਹੋਵੇ ਤੇ ਮੈਂ ( ਭੀ ਭੁਲਾ ਲੋਗ ਬਨ ਕੇ ) ਨੇਕਾਂ ( ਦੇ ਟੋਲੇ ) ਵਿਚ ਰਹਾਂ ॥ ੫੮ ॥ ( ਓਸ ਸਮੇਂ ਖੁਦਾ ਉਸ ਨੂੰ ਕਹੇਗਾ ਹਾਂ ਭਈ )

Digitized by Panjab Digital Library | www.panjabdigilib.org

ਹਾਂ ਸਾਡੇ ਹੁਕਮ ਤੈਨੂੰ ਪਰਾਪਤ ਹੋਏ ਅਰ ਤੂੰ ਉਨਹਾਂ ਨੂੰ ਝੁਠਿਆਰਿਅ ਅਰ ਆਕੜ ਬੈਠਾ ਅਰ ਬੇਮੁਖਾਂ ਵਿਚੋਂ (ਤੂੰ ਭੀ ਇਕ ਬੇ ਮੁਖ) ਸੈਂ ( ਹੁਣ ਤੇਰੇ ਨਾਲ ਕੋਈ ਰਿਆਇਤ ਨਹਾਂ ਹੋ ਸਕਦੀ ) ॥ ੫੯ ॥ ਅਰ ( ਹੇ ਪੈਯੰਬਰ ਤੁਸੀਂ ) ਕਿਆਮਤ ਦੇ ਦਿਨ ਵੇਖੋਗੇ ਕਿ ਜਿਨਹਾਂ ਲੋਗਾਂ ਨੇ ਖੁਦਾ ਉਪਰ ਲੂਣ ਬਪਿਆ ਹੈ ਉਨਹਾਂ ਦੇ ਮੂੰਹ ਕਾਲੇ ਹੋਣਗੇ ਕੀ ਅਹੰਕਾਰ ਕਰਨ ਵਾਲਿਆਂ ਦਾ ਅਸਥਾਨ ਨਰਕ ਨਹੀਂ ਹੈ ॥ ੬੦ ॥ ਅਰ ਜੋ ਲੋਗ ਸੰਜਮਤਾਈ ਕਰਦੇ ਰਹੇ ਹਨ ਉਨਹਾਂ ਨੂੰ ਖੁਦਾ ਸਫਲਤਾ ਦੇ ਨਾਲ ਮੁਕਤਿ ਦੇਵੇਗਾ ਕਿ ਉਨਹਾਂ ਨੂੰ ( ਕਿਸੇ ਪਰਕਾਰ ਦੀ ਭੀ ਕਸ਼ਟ ) ਪੀੜਾ ਨਹੀਂ ਪਹੁੰਚੇਗੀ ਅਰ ਨਾਂ ਉਹ ( ਕਿਸੇ ਰੀਤੀ ਨਾਲ ) ਚਿੰਤਾਤੁਰ ਹੋਣਗੇ ॥ ੬੧ ॥ ਅੱਲਾ ਹੀ ਸੰਪੂ-ਰਨ ਵਸਤਾਂ ਦੇ ਉਤਪਤ ਕਰਨੇ ਵਾਲਾ ਹੈ ਅਰ ਵਹੀ ਸਰਬ ਵਸਤੂਆਂ ਦਾ ਰਖਸ਼ਕ ਹੈ ॥ ੬੨ ॥ ਅਕਾਸ਼ ਪ੍ਰਿਥਵੀ ( ਦੇ ਖਜ਼ਾਨਿਆਂ ) ਦੀਆਂ ਚਾਬੀਆਂ ਓਸੇ ਦੀਆਂ ਹਨ ਅਰ ਜੋ ਲੋਗ ਖੁਦਾ ਦੀਆਂ ਆਇਤਾਂ ਨੂੰ ਨਹੀਂ ਮੰਨਦੇ ( ਅੰਤ ਨੂੰ ) ਵਹੀ ਘਾਟੇ ਵਿਚ ਰਹਿਣਗੇ ॥ ੬੩ ॥ ਰੁਕੂਹ ੬ ॥

( ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹੋ ਕਿ ਹੇ ਮੂਰਖੋ ਕੀ ਤੁਸੀਂ ਮੈਨੂੰ ( ਇਹ ) ਸਲਾਹ ਦੇਂਦੇ ਹੋ ਕਿ ਖੁਦਾ ਥੀਂ ਸਿਵਾ ( ਕਿਸੇ ਦੂਸਰੇ ) ਦੀ ਬੰਦਗੀ ਕਰਾਂ ॥ ੬੪ ॥ ਅਰ ( ਹੇ ਪੈਯੰਬਰ ਨਿਰਸੰਦੇਹ ) ਤੇਰੀ ਤਰਫ ਅਰ ਉਨਹਾਂ (ਪੈਯੰਬਰਾਂ) ਦੀ ਤਰਫ ਜੋ ਤੁਸਾਂ ਥੀਂ ਭੂਤ ਸਮੇਂ ਵਿਚ ਹੋ ਗੁਜਰੇ ਹਨ (ਇਕ ੨ ਦੀ ਤਰਫ) ਅਕਾਸ਼ ਬਾਣੀ ਭੇਜੀ ਗਈ ਹੈ ਕਿ ਯਦੀ ਤੁਸਾਂ ਨੇ ਭੇਦ ਬੁਧਿ ਕੀਤੀ (ਸ਼ਰਕ) ਤੋ ਜਰੂਰ ਤੁਸਾਂ ਦੇ (ਸਾਰੇ) ਕਰਮ ਨਿਸ਼ਟ ਹੋ ਜਾਣਗੇ ਅਰ ਜਰੂਰ ਤੁਸੀਂ ਘਾਟ ਵਿਚ ਆ ਜਾਓਗੇ (ਤੇ ਕਾਫਰਾਂ ਦਾ ਕਹਿਣਾ ਨਾ ਮੰਨੋ) ॥ ੬੫ ॥ ਪ੍ਰਤਯੁਤ ਅੱਲਾ ਹੀ ਦੀ ਪੂਜਾ ਕਰੋ ਅਰ(ਉਸ ਦਾ) ਧੰਨਜਵਾਦ ਕਰਨ ਵਾਲਿਆਂ ਪੁਰਖਾਂ (ਦੇ ਟੋਲੇ) ਵਿਚ ਰਹੋ ॥ ੬੬ ॥ ਅਬ ਉਨਹਾਂ ਲੋਗਾਂ ਨੇ ਤੇ ਖੁਦਾ ਦੀ ਜੈਸੀ ਕਦਰ ਕਰਨੀ ਚਾਹੀਦੀ ਸੀ ਨਾ ਕੀਤੀ ਹਾਲਾਂ ਕਿ ( ਉਹ ਐਸਾ ਪਰਤਾਪ ਸ਼ਾਲੀ ਅਰ ਕੁਦਰਤਾਂ ਵਾਲਾ ਹੈ ਕਿ ) ਪਰਲੈ ਦੇ ਦਿਨ (ਯਿਹ) ਸਾਰੀ ਪ੍ਰਿਥਵੀ ਉਸ ਦੀ ਇਕ ਮੁਠ ( ਵਿਚ ) ਹੋਵੇਗੀ ਅਰ ਅਕਾਸ (ਪਤ੍ਰਕਾ ਦੀ ਤਰਹਾਂ ) ਲਪੇਟਿਆ ਹੋਇਆ ਉਸਦੇ ਸੱਜੇ ਹਥ ਵਿਚ । ਲੋਗ ਜੈਸੇ ੨ ਸ਼ਰਕ ਕਰਦੇ ਹਨ ਖੁਦਾ ( ਦਾ ਸਰੂਪ ) ਓਹਨਾਂ ਥੀਂ ਪਵਿੱਤਰ ਅਰ ( ਉਸ ਦਾ ਪਰਤਾਪ ਉਸ ਥੀਂ ਊਚ ਤੇ ) ਊਚਾ ਹੈ ॥ ੬੭ ॥ ਅਰ ( ਪ੍ਰਥਮ ਬਾਰ ) ਨਰਸਿੰਘਾ ਬਜਾਇਆ ਜਾਵੇਗਾ ਤੋ ਜੋ ( ਸ੍ਰਿਸ਼ਟੀਆਂ ) ਅਕਾਸ਼ਾਂ ਵਿਚ ਹਨ ਅਰ ਜੋ ਪ੍ਰਿਥਵੀ ਉਪਰ ਹਨ ਉਨਹਾਂ ( ਸਾਰਿਆਂ ) ਉਪਰ ( ਮੌਤ ਦੀ ) ਮੂਰਛਾ ਪਰਾਪਤ ਹੋ ਜਾਵੇਗੀ ਪਰੰਤੂ ਜਿਸ ਨੂੰ ਖੁਦਾ ਚਾਹੇ ਫੇਰ ਦੂਜੀ ਵੇਰੀ

Digitized by Panjab Digital Library | www.panjabdigilib.org

ਨਰਸਿੰਘਾ ਬਜਾਇਆ ਜਾਵੇਗਾ ਤੇ ਹੁਣ ਸਾਰਿਆਂ ਦੇ ਸਾਰੇ ਯਕ ਬਾਰਗੀ ( ਕਬਰਾਂ ਥੀਂ ਨਿਕਲ ਕਰ ) ਖੜੇ ਹੋ ਜਾਣਗੇ ( ਅਰ ਚੌਦਿਸਾ ) ਝਾਕਣ ਲਗਣਗੇ ॥ ੬੮ ॥ ਅਰ ਪ੍ਰਿਥਵੀ ਆਪਣੇ ਪਰਵਰਦਿਗਾਰ ਦੇ ਨੂਰ ਨਾਲ ਚਮਕ ਉਠੇਗੀ ਅਰ ( ਲੋਗਾਂ ਦੇ ਕਰਤਬ ਨਾਮਿਆਂ ਦੀ ) ਪੁਸਤਕ ( ਲਿਆ ਕੇ ਸਨਮੁਖ) ਰਖ ਦਿਤੀ ਜਾਵੇਗੀ ਅਰ ਪੈਯੰਬਰ ਅਰ ਗਵਾਹ ਲਿਆ ਸਨਮੁਖ ਵਿਦਵਾਨ ਕੀਤੇ ਜਾਣਗੇ ਅਰ ਲੋਗਾਂ ਦੇ ਵਿਚ ਨਿਆਇ ਦ੍ਰਿਸ਼ਟੀ ਨਾਲ ( ਉਨਹਾਂ ਦੇ ਵਿਭੇਦਾਂ ਦਾ ) ਫੈਸਲਾ ਕਰ ਦਿਤਾ ਜਾਵੇਗਾ ਅਰ ਉਨਹਾਂ ਉਪਰ ( ਕਿਸੀ ਪਰਕਾਰ ਦਾ ) ਜ਼ੁਲਮ ਨਾ ਹੋਵੇਗਾ ॥ ੬੯ ॥ ਅਰ ਜਿਸ ਨੇ ਜੈਸੇ ਕਰਮ ਕੀਤੇ ਹਨ ਸਾਰਿਆਂ ਨੂੰ ਪੂਰਾ ੨ ਫਲ ਦਿਤਾ ਜਾਵੇਗਾ ਅਰ ( ਲੋਗ ) ਜੋ ਕੁਛ ਵੀ ਕਰ ਰਹੇ ਹਨ ਖੁਦਾ ਉਸ ਥੀਂ ਭਲੀ ਪਰਕਾਰ ਗਿਆਤ ਹੈ ॥ ੭੦ ॥ ਰੁਕੂਹ ੭ ॥

ਅਰ ਜੋ ਲੋਗ ਕੁਫਰ ਕਰਦੇ ਰਹੇ ਹਨ ਨਰਕਾਂ ਦੀ ਤਰਫ ਟੋਲੀਆਂ ਬਨਾ ਬਨਾ ਕੇ ਧਕੇਲੇ ਜਾਣਗੇ ਏਥੋਂ ਤਕ ਕਿ ਜਦੋਂ ਨਰਕਾਂ ਦੇ ਪਾਸ ਪਹੁੰਚਨਗੇ ਤੇ ( ਏਹਨਾਂ ਵਾਸਤੇ ) ਓਹਨਾਂ ਦੇ ਦਰਵਾਜੇ ਖੋਲ ਦਿਤੇ ਜਾਣਗੇ ਅਰ ਨਰਕਾਂ ਦੇ ਦੂਤ ਓਹਨਾਂ ਨੂੰ ਕਹਿਣਗੇ ਕਿ ਕੀ ਤੁਸਾਂ ਦੇ ( ਹੀ ) ਵਿਚੋਂ ਰਸੂਲ ਤੁਸਾਂ ਪਾਸ ਨਹੀਂ ਆਏ ਕਿ ਉਹ ਤੁਸਾਂ ਦੇ ਪਰਵਰਦਿਗਾਰ ਦੀਆਂ ਆਇਤਾਂ ਤੁਸਾਂ ਨੂੰ ਪੜ ੨ ਕੇ ਸੁਣਾਉਂਦੇ ਅਰ ਤੁਸਾਂ ਦੇ ਏਸ ( ਨਖਿਧ ) ਦਿਨ ਦੇ ਪ੍ਰਾਪਤ ਹੋਣ ਥੀਂ ਤੁਸਾਂ ਤਾਈਂ ਡਰਾਉਂਦੇ । ਇਹ ਉਤਰ ਦੇਣਗੇ ਕਿ ਹਾਂ ( ਰਸੂਲ ਤੇ ਆਏ ਅਰ ਓਹਨਾਂ ਨੇ ਡਰਾਇਆ ਭੀ ) ਪਰੰਤੂ ਕਸ਼ਟ ਪ੍ਰਤਗਜਾ ( ਅਸਾਂ ) ਕਾਫਰਾਂ ਤੇ ਪੂਰੀ ਹੋਕੇ ਹੀ ਰਹੀ ॥ ੭੧ ॥ ਫੇਰ ( ਓਹਨਾਂ ਨੂੰ ) ਕਹਿਆ ਜਾਵੇਗਾ ਕਿ ਨਰਕਾਂ ਦੇ ਦਰਾਂ ਅੰਦਰ ਵੜੋ ( ਅਰ ਸਦਾ ) ਸਦਾ ਏਸ ( ਨਰਕ ) ਵਿਚ ਰਹੋ ਗਲ ਕਾਦੀ ( ਖ਼ੁਦਾ ਦੇ ) ਨਾਲ ਆਕੜਨ ਵਾਲਿਆਂ ਦਾ ( ਭੀ ਕੈਸਾ ਹੀ ) ਬੁਰਾ ਅਸਥਾਨ ਹੈ ॥ ੭੨ ॥ ਅਰ ਜੋ ਲੋਗ ( ਸੰਸਾਰ ਵਿਚ ) ਆਪਣੇ ਪਰਵਰ-ਦਿਗਾਰ ਥੀਂ ਡਰਦੇ ਰਹੇ ਓਹਨਾਂ ਨੂੰ ( ਭੀ ) ਟੋਲੀਆਂ ਬਨਾ ਬਨਾ ਕੇ ਸਵਰਗਾਂ ਦੀ ਤਰਫ ਲੈ ਜਾਣਗੇ ਏਥੋਂ ਤਕ ਕਿ ਜਦੋਂ ( ਇਹ ਲੋਗ ) ਸਵਰਗ ਦੇ ਸਮੀਪ ਪਹੁੰਚਣਗੇ ਅਰ ਓਹਨਾਂ ਦੇ ਦਰਵਾਜੇ ( ਤੇ ਏਹਨਾਂ ਦੇ ਵਾਸਤੇ ਪਹਿਲੋਂ ਤੋਂ ਹੀ ) ਖੁਲੇ ਹੋਣਗੇ । ( ਤਾਂ ਕਿ ਓਹਨਾਂ ਨੂੰ ਖੋਲਣ ਦਾ ਔਖ ਨਾ ਕਰਨਾ ਪਵੇ ਤੇ ਓਹਨਾਂ ਦੀ ਬੜੀ ਆਗਤ ਭਾਗਤ ਕੀਤੀ ਜਾਵੇਗੀ ) ਅਰ ਸਵਰਗ ਦੇ ਦੇਵਤਾ ਏਹਨਾਂ ਨੂੰ ਸਲਾਮ ਅਲੈਕ ਕਰਕੇ ਕਹਿਣਗੇ ) ਕਿ ਤੁਸੀਂ ( ਬੜੇ ) ਅਨੰਦ ਮੰਗਲ ਵਿਚ ਰਹੇ ਤੇ ਸਵਰਗ

Digitized by Panjab Digital Library | www.panjabdigilib.org

ਵਿਚ ਸਦੈਵ ੨ ਵਾਸਤੇ ਪ੍ਰਾਪਤ ਹੋਵੇ ॥ ੭੩ ॥ ਅਰ ( ਇਹ ਲੋਗ ) ਕਹਿਣਗੇ ਕਿ ਭਗਵਾਨ ਦਾ ਧੰਨਵਾਦ ਹੈ ਜਿਸ ਨੇ ਆਪਣਾ ਬਚਨ ਸਾਨੂੰ ਪੂਰਾ ਕਰ ਦਿਖਾਇਆ ਅਰ ਸਾਨੂੰ ( ਸਵਰਗ ਦੀ ) ਪ੍ਰਿਥਵੀ ਦਾ ਅਧਿਪਤਿ ਬਨਾਇਆ ਕਿ ਅਸੀਂ ਸਵਰਗ ਵਿਚ ਜਿਥੇ ਚਾਹੀਏ ਰਹੀਏ ਬਹੀਏ ਤੇ ( ਸੁਕਰਮ ) ਕਰਨੇ ਵਾਲਿਆਂ ਨੂੰ ( ਕੈਸਾ ਹੀ ) ਉਤਮ ਫਲ ਹੈ ॥ ੭੪ ॥ ਅਰ ( ਹੇ ਪੈਯੰਬਰ ਉਸ ਦਿਨ ਤੁਸੀਂ ) ਫਰਿਸ਼ਤਿਆਂ ਨੂੰ ਦੇਖੋਗੇ ਕਿ ਸਵਰਗ ਦੇ ਚਾਰ ਚੁਫੇਰੇ ਘੇਰਾ ਘੱਤੀ ( ਖੜੇ ਹਨ ਅਰ ) ਆਪਣੇ ਪਰਵਰਦਿਗਾਰ ਦੀ ਉਸਤਤੀ ( ਤਥਾ ਮਹਿਮਾਂ ) ਕਰ ਰਹੇ ਹਨ ਅਰ ਲੋਗਾਂ ਦੇ ਵਿਚਕਾਰ ਨਿਆਇ ਦੇ ਨਾਲ ਫੈਸਲਾ ਕਰ ਦਿਤਾ ਜਾਵੇਗਾ ਅਰ (ਸਭ ਕੁਛ ਹੋ ਹੁਵਾ ਕੇ ਆਖਰਕਾਰ ਚਾਰ ਚੁਫੇਰਿਓਂ ਯਹੀ ਉਚੀ ) ਧੁਨੀ ਹੋਵੇਗੀ ਕਿ ਸੰਪੂਰਨ ਉਸ-ਤੁਤੀਆਂ ਖੁਦਾ ਨੂੰ ਹੀ ਸੰਸ਼ੋਭਿਤ ਹਨ ਜੋ ਸੰਪੂਰਨ ਸੰਸਾਰ ਦਾ ਪਰਵਰਦਿਗਾਰ ਹੈ ॥ ੭੫ ॥ ਪਾਦ ੧ ॥ ਰੁਕੂਹ ੮ ॥

## ਸੂਰਤ ਮੋਮਨ ਮੱਕੇ ਵਿਚ ਉਤਰੀ ਅਰ ਏਸ ਦੀਆਂ ਪਚਾਸੀ ਆਇਤਾਂ ਅਰ ਨੌਂ ਰੁਕੂਹ ਹਨ।

(ਆਰੰਭ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ਅਰ ਕਿਰ-ਪਾਲੂ ( ਹੈ ) ਹਾ ਮਾ ॥ ੧ ॥ ( ਯਿਹ ) ਲਿਖੀ ਹੋਈਆਗਿਆ ਖੁਦਾ ਦੇ ਦਰਬਾਰ ਥੀਂ ਪਰਾਪਤ ਹੁੰਦੀ ਹੈ ਜੋ ਸ਼ਕਤੀਮਾਨ (ਅਰ ਸਰਬ ਵਸਤੂਆਂ ਥੀਂ) ਗਿਆਤ ਹੈ ॥ ੨ ॥ ਪਾਪਾਂ ਦੇ ਬਖਸ਼ਨੇ ਵਾਲਾ ਅਰ ਤੋਬਾ ਦਾ ਕਬੂਲ ਕਰਨੇ ਵਾਲਾ ( ਦੁਸ਼ਟਾਂ ਨੂੰ ) ਸਖਤ ਸਜ਼ਾ (ਦੇਣੇ) ਵਾਲਾ ( ਭਲਿਆਂ ਪੁਰਖਾਂ ਦੇ ਹਾਲ ਉਪਰ ) ਬੜੀ ਕਿਰਪਾ ਕਰਨੇ ਵਾਲਾ ਉਸਦੇ ਸਿਵਾ ਕੋਈ ਮਾਬੂਦ ਨਹੀਂ ਓਸੇ ਦੀ ਤਰਫ ( ਸਾਰਿਆਂ ) ਲੋਟ ਕੇ ਜਾਣਾ ਹੈ ॥ ੩ ॥ ਖੁਦਾ ਦੀਆਂ ਆਇਤਾਂ ਉਪਰ ਕੇਵਲ ਵਹੀ ਪੁਰਖ ਵਾਦ ਵਿਵਾਦ ਕਰਦੇ ਹਨ ਜੋ ਮੁਨਕਰ ਹਨ ਤਾਂ ( ਹੇ ਪੈਯੰਬਰ ) ਏਹਨਾਂ ਲੋਗਾਂ ਦਾ (ਵਜਾਪਾਰਾਦੀ ਵਾਸਤੇ ) ਸ਼ਹਿਰਾਂ ਵਿਚ ਏਧਰ ਓਧਰ ਤੁਰਨਾ ਫਿਰਨਾਂ ਤੁਸਾਂ ਨੂੰ ਧੋਖੇ ਵਿਚ ਨਾ ਪਾ ਦੇਵੇ (ਕਿ ਇਹਨਾਂ ਨੂੰ ਕੁਫਰ ਨਾਲ ਕੋਈ ਭੀ ਹਾਨੀ ਨਾ ਪਰਾਪਤ ਹੋਈ) ॥ ੪ ॥ ਇਹਨਾਂ ਨਾਲੋਂ ਪਹਿਲੇ ਨੂਹ ਦੀ ਜਾਤੀ ਨੇ ਅਰ ਓਹਨਾਂ ਦੇ ਪਿਛੋਂ (ਹੋਰ) ਉਮਤਾਂ ਨੇ (ਭੀ ਆਪਣੇ ਪੈਯੰਬਰਾਂ ਨੂੰ) ਝੁਠਾਰਿਆ ਅਰ ਹਰ ਜਾਤੀ ਨੇ ਆਪਣੇ ਰਸੂਲ ਦੇ ਪਕੜਨੇ ਦਾ ਸੰਕਲਪ ਕੀਤਾ ਅਰ ਝੂਠ (ਮੂਠ) ਬਾਤਾਂ ਦਾ (ਪਮਾਣ ਦੇਕੇ ਪੈਯੰਬਰਾਂ ਨਾਲ ਝਗੜੇ ਤਾਂ ਕਿ ਆਪਣੀਆਂ ਉਕਤੀਆਂ ਜੁਕਤੀਆਂ ਨਾਲ ਸਚ ਨੂੰ ਆਪਣੇ (ਅਸਥਾਨੋਂ) ਅਚਲ ਵਿਚਲ ਕਰ

Digitized by Panjab Digital Library | www.panjabdigilib.org

ਦੇਣ ਤੇ (ਅੰਤ ਨੂੰ) ਅਸਾਂ ਨੇ ਓਹਨਾਂ ਨੂੰ ਧਰ ਦਬਾਇਆ ਤਾਂ ਅਸਾਂ ਨੇ ਓਹਨਾਂ ਨੂੰ ਕੈਸੀ ਸਜ਼ਾ ਦਿਤੀ ॥ ੫ ॥ ਅਰ ਇਸੀ ਪ੍ਰਕਾਰ ਇਹਨਾਂ ਕਾਫਰਾਂ ਉਪਰ (ਭੀ) ਤੁਸਾਂ ਦੇ ਪਰਵਰਦਿਗਾਰ ਦੀ ਸਚੀ ਆਗਿਆ ਆ ਚੁਕੀ ਹੈ ਕਿ ਇਹ ਨਾਰਕੀ ਹਨ ॥ ੬ ॥ ਜੋ (ਫਰਿਸ਼ਤੇ) ਅਰਸ਼ ਨੂੰ ਚੁਕੀ ਖੜੇ ਹਨ ਅਰ ਜੋ ਅਰਸ਼ ਦੇ ਚਾਰ ਚੌਫੇਰੇ (ਨੀਯਤ) ਹਨ (ਹਰ ਸਮੇਂ) ਆਪਣੇ ਪਰਵਰਦਿਗਾਰ ਦੀ ਉਸਤੁਤੀ ਦੇ ਨਾਲ ਓਸ ਦੀ ਮਹਿੰਮਾਂ ਕਰਦੇ ਰਹਿੰਦੇ ਅਰ ਓਸ ਉਪਰ ਈਮਾਨ ਰਖਦੇ ਅਰ ਈਮਾਨ ਵਾਲਿਆਂ ਵਾਸਤੇ ਕਲਿਆਨ ਦੀਆਂ (ਅਸੀਸਾਂ) ਮੰਗਦੇ ਰਹਿੰਦੇ ਹਨ ਕਿ ਹੇ ਸਾਡੇ ਪਰਵਰਦਿਗਾਰ ਤੇਰੀ ਕਿਰਪਾ ਅਰ ਤੇਰਾ ਗਿਆਨ ਸਾਰੀਆਂ ਵਸਤਾਂ ਉਪਰ ਘੇਰਾ ਘਤਣ ਵਾਲਾ ਹੈ ਤੋ ਜੋ ਲੋਗ (ਤੇਰੀ ਦਰਗਾਹ) ਵਿਚ ਤੋਬਾ ਕਰਦੇ ਅਰ ਤੇਰੇ (ਦੀਨ ਦੇ) ਰਸਤੇ ਉਪਰ ਤੁਰਦੇ ਹਨ ਓਹਨਾਂ ਨੂੰ ਬਖਸ਼ਦੇ ਅਰ ਹੋਰ ਓਹਨਾਂ ਨੂੰ ਨਾਰਕੀ ਕਸ਼ਟ ਥੀਂ ਬਚਾ ॥ ੭ ॥ ਅਰ ਹੇ ਸਾਡੇ ਪਰਵਰਦਿਗਾਰ ਓਹਨਾਂ ਨੂੰ (ਸਵਰਗ ਦੇ) ਸਦਾ ਰਹਿਣ ਵਾਲਿਆਂ ਬਾਗਾਂ ਵਿਚ ਭੀ ਲੈ ਜਾਕੇ ਪ੍ਰਾਪਤ ਕਰ ਜਿਸ ਦਾ ਤੁਸਾਂ ਨੇ ਓਹਨਾਂ ਨਾਲ ਬਚਨ ਕੀਤਾ ਹੈ ਅਰ ਓਹਨਾਂ ਦੇ ਪਿਤਾ ਪਿਤਾਮਾਂ ਅਰ ਓਸ ਦੀਆਂ ਇਸਤ੍ਰੀਆਂ ਅਰ ਓਹਨਾਂ ਦੇ ਪਰਿਵਾਰ ਵਿਚੋਂ ਜੋ ਜੋ ਭਲੇ ਹੋਣ ਓਹਨਾਂ ਨੂੰ (ਭੀ) ਨਿਰਸੰਦੇਹ ਤੂੰ ਹੀ ਸ਼ਕਤੀਵਾਨ ਅਰ ਯੁਕਤੀ ਵਾਲਾ ਹੈਂ ॥ ੮ ॥ ਅਰ (ਹਾਂ) ਓਹਨਾਂ ਨੂੰ (ਪ੍ਰਲੈ ਦੇ ਦਿਨ ਸਰਬ ਪ੍ਰਕਾਰ ਦੀ) ਵਿਪੱਤੀਆਂ ਥੀਂ ਨਿਰਲੇਪ ਰਖ ਅਰ ਜਿਸ ਨੂੰ ਤੂੰ ਓਸ ਦਿਨ ਵਿਪਤੀਆਂ ਥੀਂ ਨਿਰਲੇਪ ਰਖੇਂਗਾ ਤੋ ਓਸ ਉਪਰ ਤੂੰ ਨੇ (ਆਪਣੀ ਬੜੀ ਹੀ) ਕ੍ਰਿਪਾ ਕੀਤੀ ਅਰ ਯਹੀ (ਤੋ ਬਹੁਤ) ਬੜੀ ਕਾਰਜ ਸਿਧੀ ਹੈ ॥ ੯ ॥ ਰੁਕੂਹ ੧॥

ਜੋ ਲੋਗ (ਸਚੇ ਦੀਨ ਥੀਂ) ਮੁਨਕਰ ਹਨ (ਪਰਲੈ ਦੇ ਦਿਨ) ਓਹਨਾਂ ਨੂੰ ਉੱਚੀ ਅਵਾਜ਼ ਨਾਲ ਕੈਹ ਦਿਤਾ ਜਾਵੇਗਾ ਕਿ ਜੈਸੇ ਤੁਸੀਂ (ਅਜ) ਆਪਣੀ ਜਿੰਦਗੀ ਥੀਂ ਬੇਜ਼ਾਰ ਹੋ ਇਸ ਨਾਲੋਂ ਵਧ ਕੇ ਖੁਦਾ (ਤੁਸਾਂ ਪਾਸੋਂ) ਬੇਜ਼ਾਰ ਸੀ ਜਦੋਂ ਕਿ ਤੁਸੀਂ ਈਮਾਨ ਦੀ ਤਰਫ ਬੁਲਾਏ ਜਾਂਦੇ ਸੀ ਅਰ ਨਹੀਂ ਮੰਨਦੇ ਸੀ ॥ ੧੦ ॥ (ਉਹ ਲੋਗ) ਬੇਨਤੀ ਕਰਨਗੇ ਕਿ ਹੇ ਸਾਡੇ ਪਰਵਰਦਿਗਾਰ ਤੂੰ ਸਾਨੂੰ ਦੋ ਵੇਰੀ ਮੁਰਦਾ ਅਰ ਦੋ ਵੇਰੀ ਸਰਜੀਤ ਰਖ ਚੁਕਿਆ ਤੋ (ਅਬ) ਅਸੀਂ ਆਪਣਿਆਂ ਪਾਪਾਂ ਦਾ ਇਕ-ਰਾਰ ਕਰਦੇ ਹਾਂ ਫੇਰ (ਹੁਣ ਇਥੋਂ) ਨਿਕਲਣ ਦਾ (ਭੀ) ਕੋਈ ਉਪਾਵ ਹੈ ? ॥ ੧੧ ॥ (ਖੁਦਾ ਕਹੇਗਾ ਨਹੀਂ ਅਰ) ਯਿਹ ਇਸ ਵਾਸਤੇ ਕਿ (ਸੰਸਾਰ ਵਿਚ) ਜਦੋਂ ਏਕਲੇ ਖੁਦਾ ਨੂੰ ਪੁਕਾਰਿਆ ਜਾਂਦਾ ਸੀ ਤੋ ਤੁਸੀਂ (ਓਸ ਨੂੰ) ਨਹੀਂ ਮੰਨਦੇ ਸੀ ਅਰ ਯਦੀ ਓਹਨਾਂ ਦੇ ਨਾਲ ਸ਼ਰੀਕ ਬਨਾ

Digitized by Panjab Digital Library | www.panjabdigilib.org

ਦਿਤੇ ਜਾਂਦੇ ਸੇ ਤੋ ਤੁਸੀਂ ਨਿਸਚਾ ਕਰ ਲੈਂਦੇ ਸੀ ਤੇ ( ਅਜ ) ਅੱਲਾ ਦਾ ਹੀ ਰਾਜ ਹੈ ਜੋ ਵਡ ਪ੍ਰਤਾਪੀ ਅਰ ( ਸਭ ਨਾਲੋਂ ) ਉੱਚਾ ਹੈ ॥ ੧੨ ॥ ( ਲੋਗੋ ) ਵਹੀ ਤੋ ਹੈ ਜੋ ਤੁਸਾਂ ਨੂੰ ਆਪਣੀ ( ਕੁਦਰਤ ਦੀਆਂ ) ਨਿਸ਼ਾਨੀਆਂ ਦਿਖਾਉਂਦਾ ਹੈ ਅਰ ਆਕਾਸ਼ ਥੀਂ ਤੁਸਾਂ ਵਾਸਤੇ ਰੋਜੀ ਉਤਾਰਦਾ ਹੈ ( ਅਰ ਐਸੀਆਂ ਬਾਤਾਂ ਨੂੰ ) ਵਹੀ ਸੋਚਦਾ ( ਵਿਚਾਰਦਾ ) ਹੈ ਜੋ ( ਖੁਦਾ ਦੀ ਤਰਫ ) ਝੁਕਦਾ ਹੈ ॥ ੧੩ ॥ ਤੇ ( ਮੁਸਲਮਾਨੋ ) ! ਕੇਵਲ ਖੁਦਾ ਦੀ ਹੀ ਸਿਵਕਾਈ ਦਰਿਸ਼ਟੀ ਗੋਚਰ ਰਖ ਕੇ ਓਸੇ ਨੂੰ ਪੁਕਾਰੋ ਯਦਜਪੀ ਕਾਫਰਾਂ ਨੂੰ ਬੁਰਾ ( ਹੀ ਕਿਉਂ ਨਾ ) ਲਗੇ ॥ ੧੪ ॥ ( ਖੁਦਾ ) ਬੜੇ ਵਡੇ ਮਰਤਬੇ ਵਾਲਾ ( ਅਰ ) ਅਰਸ਼ਿ ( ਵਡੇ ) ਦਾ ਸਵਾਮੀ ( ਹੈ ) ਆਪਣਿਆਂ ਬੰਦਿਆਂ ਵਿਚੋਂ ਜਿਸ ਉਪਰ ਚਾਹੁੰਦਾ ਹੈ ਸਵਾਧੀਨਤਾ ਸੇ ਆਕਾਸ਼ ਬਾਣੀ ਭੇਜਦਾ ਹੈ ਤਾ ਕਿ ( ਉਹ ਪੈਗੰਬਰ ਲੋਗਾਂ ਨੂੰ ) ਪਰਲੋ ਦੇ ਦਿਨ ਦੀ ( ਵਿਪੱਤੀ ) ਥੀਂ ਡਰਾਵੇ ॥ ੧੫ ॥ ਜਦੋਂ ਕਿ ( ਸਾਰੇ ) ਆਦਮੀ ( ਖੁਦਾ ਦੇ ) ਸਨਮਖ ਆ ਇਸਥਿਤ ਹੋਣਗੇ ( ਅਰ ) ਇਨਹਾਂ ਦੀ ਕੋਈ ਬਾਰਤਾ ਭੀ ਖੁਦਾ ਪਾਸੋਂ ਛਿਪੀ ਹੋਈ ਨਾ ਹੋਵੇਗੀ ( ਖੁਦਾ ਦੀ ਤਰਫੋਂ ਧੁਨੀ ਹੋਵੇਗੀ ਕਿ ) ਅਜ ਕਿਸ ਦਾ ਰਾਜ ਹੈ ? ( ਤੇ ਸਭ ਮਾਰੇ ਡਰ ਦੇ ਚੁਪ ਰਹਿਣਗੇ ਆਪ ਸੇਂ ਆਪ ਰਬ ਦੇ ਦਰਬਾਰੋਂ ਧੁਨੀ ਹੋਵੇਗੀ ਕਿ ਰਾਜ ਤਾਂ ) ਕੇਵਲ ਖੁਦਾ ਦਾ ਹੀ ਹੈ ਜੋ ਬੜਾ ਸ਼ਕਤੀਮਾਨ ਹੈ ॥ ੧੬ ॥ ਅਜ ਸੰਪੂਰਨ ਪੁਰਖਾਂ ਨੂੰ ਉਹਨਾਂ ਦੇ ਕੀਤੇ ਦਾ ਫਲ ਦਿਤਾ ਜਾਵੇਗਾ ( ਅਰ ) ਅਜ ( ਕਿਸੇ ਉਪਰ ) ਮੁਤਲਿਕ ( ਕੁਝ ) ਜ਼ੁਲਮ ਨਾ ਹੋਵੇਗਾ ਨਿਰਸੰਦੇਹ ਅੱਲਾ ਬਹੁਤ ਸ਼ੀਘਰ ਹਿਸਾਬ ਕਰਨੇ ਵਾਲਾ ਹੈ ॥ ੧੭ ॥ ਅਰ ( ਹੇ ਪੈਗੰਬਰ ) ਇਨਹਾਂ ਲੋਗਾਂ ਨੂੰ ਉਸ ( ਪਰਲੋ ਦੇ ) ਦਿਨ ਦੇ ( ਦੁਖਾਂ ) ਥੀਂ ਸਚੇਤ ਕਰੋ ਜੋ ਸਿਰ ਉਪਰ ਤੁਰਿਆ ਆਉਂਦਾ ਹੈ ਜਦੋਂ ਕਿ ( ਮਾਰੇ ਗਮ ਦੇ ) ਘੁਟ ੨ ਕੇ ( ਲੋਗਾਂ ਦੇ ) ਕਲੇਜੇ ਮੂੰਹ ਨੂੰ ਆ ਜਾਨਗੇ ( ਓਸ ਵੇਲੇ ) ਮਨਮੁਖਾਂ ਦਾ ਨਾਂ ਤਾਂ ਕੋਈ ਦਿਲੀ ਮਿੱਤਰ ਹਵੇਗਾ ਅਰ ਨਾਂ ਕੋਈ ਸਫਾਰਸ਼ੀ ਜਿਸ ਦੀ ਬਾਤ ਮੰਨੀ ਜਾਵੇ ॥ ੧੮ ॥ ਖੁਦਾ ਅੱਖੀਆਂ ਦੀ ਚੋਰੀ ਨੂੰ ਜਾਣਦਾ ਹੈ ਅਰ ਉਹਨਾਂ ( ਭੇਦਾਂ ) ਨੂੰ ( ਭੀ ) ਜੋ ( ਲੋਕਾਂ ਦੇ ) ਮਨਾਂਤਰ ਗੁਪਤ ਹਨ ॥ ੧੯ ॥ ਅਰ ਅੱਲਾ ਤੋ ਠੀਕ ੨ ਆਗਿਆ ਦੇਂਦਾ ਹੈ ਅਰ ਉਸ ਦੇ ਸਿਵਾ ਜਿਨਹਾਂ ( ਮਾਬੂਦਾਂ ) ਨੂੰ ਯਿਹ ਲੋਗ ਪੁਕਾਰਦੇ ਹਨ ਉਹ ਤੋ ( ਠੀਕ ਕਿੰਬਾ ਬੇਠੀਕ ) ਕਿਸੀ ਪਰਕਾਰ ਦਾ ਹੁਕਮ ਭੀ ਨਹੀਂ ਦੇ ਸਕਦੇ ਨਿਰਸੰਦੇਹ ਅੱਲਾ ਹੀ ਸੁਨਣੇ ਵਾਲਾ ਅਰ ਵੇਖਨੇ ਵਾਲਾ ਹੈ ॥ ੨੦ ॥ ਰੁਕੂਹ ੨ ॥

ਅਰ ਕੀ ਏਹਨਾਂ ਲੋਗਾਂ ਨੇ ਦੇਸ ਵਿਚ ਤੁਰ ਫਿਰ ਕੇ ਨਹੀਂ ਦੇਖਿਆ

Digitized by Panjab Digital Library | www.panjabdigilib.org

ਕਿ ਜੋ ਲੋਗ ਏਹਨਾਂ ਥੀਂ ਪਹਿਲੋਂ ਹੋ ਚੁਕੇ ਹਨ ਓਹਨਾਂ ਦਾ ਕੈਸਾ ਹਾਲ ਹੋਇਆ ਉਹ ( ਲੋਗ ਚਾਹੇ ) ਬਲ ਬੁਤੇ ਦੇ ਅਪੇਖਿਆ ਨਾਲ ਅਰ ( ਕਿੰਬਾ ਓਹਨਾਂ ) ਚਿੰਨਾ ਦੀ ਅਪੇਖਿਆ ਨਾਲ ( ਜੋ ) ਪ੍ਰਿਥਵੀ ( ਮਾਤ੍ਰ ) ਉਪਰ ( ਛਡ ਗਏ ) ਏਹਨਾਂ ਨਾਲੋਂ ਕਈ ਗੁਣਾਂ ਵਾਧੇ ਵਿਚ ਸਨ । ( ਪਰੰਤੂ ਕਾਫਰ ਅਰ ਫਸਾਦੀ ਸਨ ) ਤੇ ਖੁਦਾ ਨੇ ਓਹਨਾਂ ਨੂੰ ਓਹਨਾਂ ਦੇ ਪਾਪਾਂ ਦੀ ਸਜ਼ਾ ਵਿਚ ਧਰ ਦਬਾਇਆ ਅਰ ਓਹਨਾਂ ਨੂੰ ਖੁਦਾ ( ਦੇ ਕੋਪ ) ਥੀਂ ਕੋਈ ਭੀ ਬਚਾਉਣ ਵਾਲਾ ਨਾ ਹੋਇਆ ॥ ੨੧ ॥ ( ਅਰ ) ਯਿਹ ਇਸ ਕਾਰਨ ਤੇ ਹੋਇਆ ਕਿ ਓਹਨਾਂ ਦੇ ਪੈਗੰਬਰ ਮੋਜਜ਼ੇ ਲੈ ਲੈਕੇ ਓਹਨਾਂ ਦੇ ਪਾਸ ਆਉਂਦੇ ਰਹੇ ਤਾਂ ( ਭੀ ) ਓਹਨਾਂ ਨੇ ਨਾ ਮੰਨਿਆਂ ਤੇ ਅੱਲਾ ਨੇ ਓਹਨਾਂ ਨੂੰ ਧਰ ਦਬਾਇਆ ਨਿਰਸੰਦੇਹ ਉਹ ( ਬਹੁ ) ਬਲਵਾਨ ( ਅਰ ਬੜੀ ) ਸਖਤ ਸਜ਼ਾ ਦੇਣ ਵਾਲਾ ਹੈ ॥ ੨੨ ॥ ਅਸਾਂ ਨੇ ਮੂਸਾ ਨੂੰ ਆਪਣੀਆਂ ਨਿਸ਼ਾਨੀਆਂ ( ਅਰਥਾਤ ਮੋਜਜ਼ੇ ) ਅਰ ਸਪਸ਼ਟ ੨ ਯੁਕਤੀਆਂ ਪ੍ਰਦਾਨ ਕਰਕੇ ॥ ੨੩ ॥ ਫਰਉਨ ਅਰ ਹਾਮਾਨ ਅਰ ਕਾਰੂਨ ਦੀ ਤਰਫ ਭੇਜਿਆ ਤੇ ਉਹ ( ਲੋਗ ਮੂਸਾ ਵਲੋਂ ) ਕਹਿਣ ਲਗੇ ਕਿ ( ਯਿਹ ) ਤਾਂ ਤਾਂਤ੍ਰੁੱਕੀ ( ਅਰ ) ਝੂਠਾ ਲਫਾਟੀਆ ਹੈ ॥ ੨੪ ॥ ਅਤ ਇਵ ਜਦੋਂ ਮੂਸਾ ਸਾਡੇ ਪਾਸੋਂ ਸਚਾ ( ਦੀਨ ) ਲੈਕੇ ਓਹਨਾਂ ਲੋਗਾਂ ਦੇ ਪਾਸ ਆਇਆ ਤੇ ਓਹਨਾਂ ਨੇ ( ਆਪਣਿਆਂ ਸੇਵਕਾਂ ਨੂੰ ) ਆਗਿਆ ਦਿਤੀ ਕਿ ਜੋ ਲੋਗ ਮੂਸਾ ਦੇ ਨਾਲ ( ਖ਼ੁਦਾ ਉਪਰ ) ਈਮਾਨ ਧਾਰ ਬੈਠੇ ਹਨ ਓਹਨਾਂ ਦਿਆਂ ਪੁਤਰਾਂ ਨੂੰ ਤੇ ਕਤਲ ਕਰ ਸਿਟੋ ਅਰ ਓਹਨਾਂ ਵਿਚੋਂ ( ਜੋ ) ਲੜਕੀਆਂ ( ਹੋਣ ਓਹਨਾਂ ) ਨੂੰ ਜੀਉਂਦਿਆਂ ਰਹਿਣ ਦਿਓ ਅਰ ਕਾਫਰਾਂ ਦੀਆਂ ਯੁਕਤੀਆਂ ਤੇ ( ਆਖਰਕਾਰ ਸੰਪੂਰਨ ) ਗਲਤ ਹੀ ਹੋ ਜਾਂਦੀਆਂ ਹਨ ॥ ੨੫ ॥ ਅਰ ਫਰਉਨ ਨੇ ( ਆਪਣਿਆਂ ਸਭਾ ਸਦਾਂ ਨੂੰ ) ਕਹਿਆ ਕਿ ਮੈਨੂੰ ਮੂਸਾ ਤਾਂਈ ਕਤਲ ਕਰ ਲੈਣ ਦਿਓ ਅਰ ਉਹ ਆਪਣੇ ਪਰਵਰਦਿਗਾਰ ਨੂੰ ( ਆਪਣੀ ਮਦਦ ਦੇ ਵਾਸਤੇ) ਬੁਲਾਵੇ ਮੈਨੂੰ ਸੰਭਾਵਨਾ ਹੈ ਕਿ ( ਕਿਤੇ ਐਸਾ ਨਾ ਹੋਵੇ ਕਿ ) ਤੁਸਾਂ ੇ ਦੀਨ ਨੂੰ ਉਲਟ ਪੁਲਟ ਕਰ ਸਿਟੇ ਅਥਵਾ ਦੇਸ ਵਿਚ ਉਪਦ੍ਰਵ ਖੜਾ ਕਰੇ ॥ ੨੬ ॥ ਅਰ ਮੂਸਾ ਨੇ ਕਹਿਆ ਕਿ ਮੈਂ ਤਾਂ ਆਪਣੇ ਪਰਵਰਦਿਗਾਰ ਅਰ ਤੁਸਾਂ ਦੇ ਪਰਵਰਦਿਗਾਰ (ਅਰਥਾਤ ਇਕ ਖੁਦਾ ) ਦਾ ਆਸਰਾ ਧਾਰ ੈਠਾ ਹਾਂ ( ਅਰ ੁਹ ਮੈਨੂੰ ) ਹਰ ਇਕ ਅਭਿਮਾਨੀ ( ਦੀ ਸ਼ਰਾਰਤ ) ਥੀਂ ( ਨਿਰਲੇਪ ਰਖੇਗਾ ) ਜੋ ਹਿਸਾਬ ਦਾ ਦਿਨ ( ਅਰਥਾਤ ਪ੍ਰਲੈ ) ਨੂੰ ਨਹੀਂ ਮੰਨਦਾ ॥ ੨੭ ॥ ਰੁਕੂਹ ੩ ॥

ਅਰ ਫਰਉਨ ਦਿਆਂ ਲੋਗਾਂ ਵਿ ੋਂ ਇਕ ਮਨੁਖ ਈਮਾਨ ਵਾਲਾ ਸੀ ( ਅਰ ) ਆਪਣੇ ਈਮਾਨ ਨੂੰ ਗੁਪਤ ਰਖਦਾ ਸੀ ਉਹ ( ਯਿਹ ਬ੍ਰਿਤਾਂਤ

Digitized by Panjab Digital Library | www.panjabdigilib.org

ਸੁਣਕੇ ) ਬੋਲਿਆ ਕਿ ਕੀ ਤੁਸੀਂ ( ਕੇਵਲ ਇਤਨੀ ਹੀ ਬਾਰਤਾ ਉਪਰ ) ਇਕ ਆਦਮੀ ਦੇ ਕਤਲ ਦੇ ਪਿਛੇ ਹੋ ਕਿ ਉਹ ਖੁਦਾ ਨੂੰ ਹੀ ਆਪਣਾ ਪਰ-ਵਰਦਿਗਾਰ ਦਸਦਾ ਹੈ ਹਾਲਾਂ ਕਿ ਉਹ ਤੁਸਾਂ ਦੇ ਪਰਵਰਦਿਗਾਰ ਦੀ ਤਰਫੋਂ ਤੁਸਾਂ ਪਾਸ ਚਮਤਕਾਰ ਲੈਕੇ ਭੀ ਆਇਆ ਹੈ ਅਰ ਯਦੀ ( ਯਿਹ ਪੁਰਖ ! ਝੂਠਾ ਭੀ ਹੋਵੇ ਤਾਂ ਓਸ ਦੇ ਝੂਠ ਦਾ ਉਪੱਦ੍ਰਵ ਓਸੇ ਉਪਰ ( ਪਏ-ਗਾ ) ਅਰ ਯਦੀ ਸਚਾ ਹੋਵੇ ਤੇ ਜਿਸ ੨ ( ਕਸ਼ਟ ) ਦਾ ਤੁਸਾਂ ਨਾਲ ਬਚਨ ਕਰਦਾ ਹੈ ਓਹਨਾਂ ਵਿਚੋਂ ਕੋਈ ਨਾ ਕੋਈ ( ਤੇ ) ਤੁਸਾਂ ਉਪਰ ( ਜਰੂਰ ) ਆ ਉਤਰੇਗਾ। ਨਿਰਸੰਦੇਹ ਜੋ ਪੁਰਖ ਹਦ ਨਾਲੋਂ ਵਧਿਆ ਹੋਇਆ ( ਅਰ ) ਝੂਠਾ ਹੋਵੇ ਖੁਦਾ ਉਸ ਨੂੰ ( ਭਲੀ ) ਸਿਖਿਆ ਨਹੀਂ ਦਿਤਾ ਕਰਦਾ ॥ ੨੮ ॥ ਭਿਰਾਓ ! ਅਜ ਤਾਂ ਤੁਸਾਂ ਦਾ ਰਾਜ ਹੈ ( ਅਰ ) ਦੇਸ ਵਿਚ ਤੁਸਾਂ ਦਾ ਹੀ ਬੋਲ ਬਾਲਾ ਹੈ ਪਰੰਤੂ ( ਦੈਵ ਯੋਗ ਸੇ ) ਯਦੀ ਖੁਦਾ ਦਾ ਕਸ਼ਟ ਸਾਡੇ ਸਨਮੁਖ ਆ ਵਿਦਮਾਨ ਹੋਵੇ ਤੇ ਫਿਰ ਕੌਣ ਹੈ ਜੋ ਸਾਡੀ ਮਦਦ ਵਾਸਤੇ ਖੜਾ ਹੋ ਜਾਵੇਗਾ। ਫਰਊਨ ਨੇ ਕਹਿਆ ਕਿ ਮੈਂ ਤੇ ਤੁਸਾਂ ਨੂੰ ਵਹੀ ਬਾਰਤਾ ਸਮਝਾਉਂਦਾ ਹਾਂ ਜੋ ਆਪ ਸਮਝਿਆ ਹਾਂ ਅਰ ਵਹੀ ਮਾਰਗ ਦਸਦਾ ਹਾਂ ਜੋ ਸੂਧਾ ਹੈ ॥ ੨੯ ॥ ਅਰ ਉਹ ਪੁਰਖ ਜੋ ( ਗੁਪਤ ) ਈਮਾਨ ਦਾਰ ਬੈਠਾ ਸੀ ( ਲੋਗਾਂ ਨੂੰ ) ਲਗਾ ਕਹਿਣ ਕਿ ਭਿਰਾਓ ! ਮੈਨੂੰ ਤੁਸਾਂ ਦੀ ਤਰਫੋਂ ਭੀ ( ਹੋਰ ) ਉਮਤਾਂ ਵਰਗੇ ( ਬੁਰੇ ) ਦਿਨ ਦਾ ਅੰਦੇਸ਼ਾ ਹੈ ॥ ੩੦ ॥ ( ਅਰਥਾਤ ਕਿਤੇ ਤੁਸਾਂ ਦੀ ਭੀ ਵੈਸੀ ਹੀ ਦਸ਼ਾ ਨਾ ਹੋਵੇ ) ਜੈਸੀ ਨੂਹ ਦੀ ਜਾਤੀ ਅਰ ਆਦ ਅਰ ਸਮੂਦ ਅਰ ਓਹਨਾਂ ਲੋਗਾਂ ਦੀ ਦਸ਼ਾ ( ਹੋਈ ਸੀ ) ਜੋ ਓਹਨਾਂ ਥੀਂ ਪਿਛੇ ਹੋਏ ਅਰ ਅੱਲਾ ਤੇ ਬੰਦਿਆਂ ਉਪਰ ਕਿਸੀ ਪ੍ਰਕਾਰ ਦੇ ਜੁਲਮ ਕਰਨ ਦੀ ਇਛਿਆ ਨਹੀਂ ਕਰਦਾ ॥ ੩੧ ॥ ਅਰ ਭਿਰਾਓ ! ਮੈਨੂੰ ਤੁਸਾਂ ਵਲੋਂ ਭੀ ਪ੍ਰਲੈ ਦੇ ਦਿਨ ਦਾ ਅੰਦੇਸ਼ਾ ਹੈ॥ ੩੨ ॥ ਜਦੋਂ ਕਿ ਤੁਸੀ ਪਿਠ ਦਿਖਲਾਈ ਹਰਨ ਹੋਣ ਲਗੋਗੇ ( ਓਸ ਦਿਨ ) ਤੁਸਾਂ ਨੂੰ ਖੁਦਾ ਦੇ ( ਕਸ਼ਟ ) ਥੀਂ ਕੋਈ ( ਭੀ ) ਬਚਾਉਣੇ ਵਾਲਾ ਨਹੀਂ ਹੋਵੇਗਾ ਅਰ ਜਿਸ ਨੂੰ ਖੁਦਾ ਬੇਮੁਖ ਕਰੇ ਤੇ ਓਸ ਦਾ ਕੋਈ ਭੀ ਸਿਖਯਾ ਦੇਣ ਵਾਲਾ ਨਹੀਂ ॥ ੩੩ ॥ ਅਰ ( ਏਸ ਨਾਲੋਂ ) ਪਹਿਲੇ ਯੂਸਫ ਸਫੁਟ ਸਰਲ ਹੁਕਮ ਲੈਕੇ ਤੁਸਾਂ ਪਾਸ ਆ ਚੁਕੇ ਹਨ ਤੇ ਜੋ ( ਹੁਕਮ ) ਉਹ ਤੁਸਾਂ ਪਾਸ ਲੈਕੇ ਆਏ ਸਨ ਤੁਸੀਂ ਓਹਨਾਂ ਉਪਰ ਭ੍ਰਾਮਕ ਬੁਧੀ ਹੀ ਰਹੇ ਏਥੋਂ ਤਕ ਕਿ ਜਦੋਂ ਉਹ ਸਵਰਗਬਾਸ ਕਰ ਗਏ ਤੇ ਤੁਸੀਂ ( ਉਨਹਾਂ ਦੇ ਮਰਿਆਂ ਪਿਛੋਂ ) ਲਗੇ ਕ-ਹਿਣ ਕਿ ( ਏਸ ਦਾ ਟੰਟਾ ਤੇ ਰਬ ਨੇ ਮੁਕਾ ਦਿਤਾ ਅਰ ਹੁਣ ) ਇਸ ਦੇ ਪਿਛੋਂ ( ਭੀ ) ਅੱਲਾ ਕੋਈ ਰਸੂਲ ਨਹੀਂ ਭੇਜੇਗਾ ਜੋ ਲੋਗ ( ਲੱਠ ਵਪ )

Digitized by Panjab Digital Library | www.panjabdigilib.org

ਗਏ ਹੋਏ ( ਅਰ ) ਭ੍ਰਾਮਕ ਬੁਧੀ ਹੋਏ ਹੁੰਦੇ ਹਨ ਇਸੀ ਪਰਕਾਰ ਉਨਹਾਂ ਨੂੰ ਅੱਲਾ ਗੁਮਰਾਹ ਕਰ ਦਿਤਾ ਕਰਦਾ ਹ ॥ ੩੪ ॥ ਕਿ ਕੋਈ ਪਰਮਾਣ ਤਾਂ ਓਹਨਾਂ ਦੇ ਪਾਸ ਆਇਆ ਨਹੀਂ ਹੁੰਦਾ ਅਰ ਉਹ ਖੁਦਾ ਦੀਆਂ ਆਇਤਾਂ ਵਿਚ ਘੁਤਕਲਾਂ ਛੇੜ ਬੈਠਦੇ ਹਨ ਅੱਲਾ ਦੇ ਸਮੀਪ ਅਰ ਈਮਾਨ ਵਾਲਿਆਂ ਦੇ ਨਗੀਚ ( ਉਨਹਾਂ ਦਾ ) ਇਹ ( ਕਰਤ਼ਬ ) ਬਹੁਤ ਹੀ ਨਾ ਪਸੰਦ ਹੈ ਜਿਤਨੇ ਅਭਿਮਾਨੀ ( ਅਰ ) ਬੇਮੁਖ ਹਨ ਅੱਲਾ ਉਨਹਾਂ ਦੇ ਦਿਲਾਂ ਉਪਰ ਇਸੀ ਪਰਕਾਰ ਮੁਹਰ ਲਗਾ ਦਿਤਾ ਕਰਦਾ ਹੈ ॥ ੩੫ ॥ ਅਰ ਫਰਊਨ ਨੇ ( ਆਪਣੇ ਮੰਤਰੀ ਹਾਮਾਨ ਨੂੰ ) ਕਹਿਆ ਕਿ ਹੇ ਹਾਮਾਨ ! ਸਾਡੇ ਵਾਸਤੇ ਇਕ ਮਹੱਲ ਬਨਵਾ ਤਾ ਕਿ ਜੋ ਅਕਾਸ ( ਵਿਚ ਚੜਣੇ ) ਦੇ ਮਾਰਗ ਹਨ ॥ ੩੬ ॥ ਅਸੀਂ ( ਓਹਨਾਂ ਮਾਰਗਾਂ ਉਪਰ ਜਾ ਪਹੁੰਚੀਏ ) ਫੇਰ ਅਸੀਂ ਮੂਸਾ ਦੇ ਖੁਦਾ ਤਕ ( ਸੁਖੈਨ ) ਹੀ ਪਹੁੰਚ ਜਾਵਾਂਗੇ ਅਰ ਅਸੀਂ ਤਾਂ ਮੂਸਾ ਨੂੰ ( ਏਸ ਬਿਆਨ ਵਿਚ ) ਝੂਠਾ ਹੀ ਸਮਝਦੇ ਹਾਂ ਅਰ ਇਸੀ ਪਰਕਾਰ ਫਰ- ਊਨ ਦੀਆਂ ਬਦ ਕਿਰਦਾਰੀਆਂ ਉਸੇ ਨੂੰ ਭਲੀਆਂ ਕਰਕੇ ਦਿਖਾਈਆਂ ਗਈ ਆਂ ਸਨ ਅਰ ਉਸ ਨੂੰ ਸਚੇ ( ਮਾਰਗੋਂ ) ਹਟਕ ਦਿਤਾ ਗਿਆ ਸੀ ਅਰ ਫਰਊਨ ਦੀਆਂ ਤਦਬੀਰਾਂ ( ਤੋਂ ) ਬਸ ਉੱਜੜ ਪੁੱਜੜ ( ਜਾਣ ਵਾਲੀਆਂ ਹੀ ) ਸਨ ॥ ੩੭ ॥ ਰੁਕੂਹ ੪ ॥

ਅਰ ਉਹ ਪੁਰਖ ਜੋ ( ਅੰਦਰ ਖਾਨੇ ) ਈਮਾਨ ਧਾਰੀ ਬੈਠਾ ਸੀ ਲਗਾ ਕਹਿਣ ਕਿ ਭਿਰਾਓ ! ਮੇਰੇ ਕਹਿਣ ਉਪਰ ਚਲੋ ਮੈਂ ਤੁਸਾਂ ਨੂੰ (ਦੀਨ ਦਾ ) ਸੁਮਾਰਗ ਦਿਖਾ ਦੇਵਾਂਗਾ ॥ ੩੮ ॥ ਭਾਈਓ ! ਯਿਹ ਸਾਂਸਾਰਿਕ ਜੀਵਨ ( ਤੋ ) ਬਸ ( ਖਿਣ ਭੰਗਰ ਦੇ ) ਸੁਖ ਹਨ ਅਰ ਪਰਲੋਕ ( ਜੋ ਹੈ ) ਵਹੀ ਸਦਾ ਰਹਿਣ ਦਾ ਘਰ ਹੈ ॥ ੩੯ ॥ ਜੋ ਨਖਿਧ ਕਰਮ ਕਰਦਾ ਹੈ ਤੋ ਉਸ ਨੂੰ ਵੈਸਾ ਹੀ ਬਦਲਾ ਮਿਲੇਗਾ ਅਰ ਜੋ ਸ਼ੁਭ ਕਰਮ ਕਰਦਾ ਹੈ ਪੁਰਖ ਹੋਵੇ ਅਥਵਾ ਇਸਤ੍ਰੀ ਪਰੰਤੂ ਹੋਵੇ ਈਮਾਨ ਵਾਲਾ ਤੋ ਇਹ ਲੋਗ ਸਵਰਗ ਵਿਚ ਪ੍ਰਾਪਤ ਹੋਣਗੇ ( ਅਰ ) ਉਥੇ ਉਹਨਾਂ ਨੂੰ ਬੇ ਹਿਸਾਬ ਰੋਜ਼ੀ ਮਿਲੇਗੀ ॥ ੪੦ ॥ ਅਰ ਭਿਰਾਓ ! ਮੇਰੀ ਭੀ ਵਚਿਤ੍ਰ ਬਾਰਤਾ ਹੈ ਕਿ ਮੈਂ ਤੁਸਾਂ ਨੂੰ ਮੁਕਤੀ ਦੇ ਪਾਸੇ ਬੁਲਾਉਂਦਾ ਹਾਂ ਅਰ ਤੁਸੀਂ ਮੈਨੂੰ ਨਰਕਾਂ ਪਾਸੇ ਬੁਲਾਉਂਦੇ ਹੋ ॥ ੪੧ ॥ ( ਅਰਥਾਤ ) ਤੁਸੀਂ ਮੈਨੂੰ ਏਸੇ ਵਾਸਤੇ ਬੁਲਾਉਂਦੇ ਹੋ ਕਿ ਮੈਂ ਅੱਲਾ ਦੇ ਸਾਥ ਕੁਫਰ ਕਰਾਂ ਅਰ ਉਸੇ ਦੇ ਹੀ ਸਾਥ ਉਸ ਵਸਤੂ ਨੂੰ ਸ਼ਰੀਕ ਕਰਾਂ ਜਿਸ ( ਦੇ ਖੁਦਾ ਦੇ ਸ਼ਰੀਕ ਹੋਣ ) ਦੀ ਮੇਰੇ ਪਾਸ ਕੋਈ ਭੀ ਦਲੀਲ ਨਹੀਂ ਅਰ ਮੈਂ ਤੁਸਾਂ ਨੂੰ ਓਸ ( ਖੁਦਾ ) ਦੀ ਤਰਫ ਬੁਲਾਉਂਦਾ ਹਾਂ ਜੋ ਸ਼ਕਤੀਵਾਨ ( ਅਰ ਪਾਪਾਂ ਦੇ ) ਬਖਸ਼ਨੇ ਵਾਲਾ ਹੈ ॥ ੪੨ ॥ ( ਬਸ ) ਕੋਈ ਸੰਦੇਹ

Digitized by Panjab Digital Library | www.panjabdigilib.org

ਨਹੀਂ ਕਿ ਜਿਸ ਵਸਤੂ ਦੀ ਤਰਫ ਤੁਸੀਂ ਮੈਨੂੰ ਬੁਲਾਉਂਦੇ ਹੋ ਉਹ ਨਾ ਤਾਂ ਸੰਸਾਰ ਵਿਚ ਹੀ ਬੁਲਾਉਣ ਦੇ ਯੋਗ ਹੈ ਅਰ ਨਾ ਪਰਲੋਕ ਵਿਚ ਅਰ ਕੋਈ ਸੰਸਾ ਨਹੀਂ ਕਿ ਅਸਾਂ ( ਸਾਰਿਆਂ ) ਨੇ ਖੁਦਾ ਦੀ ਤਰਫ ਲੌਟ ਕਰ ਜਾਣਾ ਹੈ ਅਰ ਕੋਈ ਸੰਸਾ ਨਹੀਂ ਕਿ ਜੋ ਲੋਗ (ਬੰਦਗੀ ਦੀ) ਸੀਮਾਂ ਥੀਂ ਵਧੇ ਹੋਏ ਹਨ ਵਹੀ ਨਾਰਕੀ ਹਨ ॥ ੪੩ ॥ ਸੋ ਅਗੇ ਚਲ ਕੇ ( ਤੁਸੀਂ ਮੇਰੀ ਬਾਰਤਾ ਨੂੰ ) ਜੋ ਮੈਂ ਤੁਸਾਂ ਨੂੰ ਕਹਿੰਦਾ ਹਾਂ ਯਾਦ ਕਰੋਗੇ ਅਰ ਮੈਂ ਤਾਂ ਆਪਣਾ ਮੁਆਮਲਾ ਖੁਦਾ ਦੇ ( ਹੀ ) ਸਪੁਰਦ ਕਰਦਾ ਹਾਂ ਨਿਰਸੰਦੇਹ ਅੱਲਾ (ਆਪਣਿਆਂ ) ਬੰਦਿਆਂ ਦੇ ਹਾਲ ਦਾ ਰਾਖਾ ਹੈ ॥ ੪੪ ॥ ਅਤਏਵ ਉਸ ( ਈਮਾਨ ਵਾਲੇ ) ਨੂੰ ਤੇ ਅੱਲਾ ਨੇ ਫਰਊਨੀਆਂ ਦੀਆਂ ਤਦਬੀਰਾਂ ਦੇ ਕਸ਼ਟ ਥੀਂ ਬਚਾ ਲਿਆ ਅਰ ਫਰਊਨੀਆਂ ( ਨੂੰ ) ਹੀ ( ਉਲਟੀ ) ਬੁਰੀ ਸਜਾ ਮਿਲੀ ॥ ੪੫ ॥ ( ਅਰਥਾਤ ਨਰਕ ਦੀ ) ਅਗਨੀ ਕਿ ਸਾਯੰ ਪ੍ਰਾਤ ਓਹਨਾਂ ਨੂੰ ਉਸ ਦੇ ਸਨਮੁਖ ਲਿਆ ਖੜਾ ਕੀਤਾ ਜਾਂਦਾ ਹੈ ਅਰ ਜਿਸ ਦਿਨ ਪਰਲੈ ਪਰਾਪਤ ਹੋਵੇਗੀ ( ਓਸ ਦਿਨ ਅਸੀਂ ਆਗਿਆ ਦੇਵਾਂ ਗੇ) ਕਿ ਫਰਊਨੀਆਂ ਨੂੰ ਕਠਿਨ ਥੀਂ ਕਠਿਨ ਕਸ਼ਟ ਵਿਚ (ਲੈ ਜਾਕੇ) ਦਾਖਲ ਕਰੋ ॥ ੪੬ ॥ ਅਰ ਇਕ ਸਮਾ (ਹੋਵੇਗਾ ਕਿ ਨਾਰਕੀ) ਇਕ ਦੂਜੇ (ਨਾਰਕੀ) ਨਾਲ ਨਰਕ ਵਿਚ ਝਗੜਾ ਕਰਨਗੇ ਤੇ ਨੀਚ ਲੋਗ ਮਹਦ ਲੋਗਾਂ ਤਾਈਂ ਕਹਿਣਗੇ ਕਿ ਅਸੀਂ ਤਾਂ ਤੁਸਾਂ ਦੇ ਅਧੀਨ ਸੇ ਸੋ ( ਹੁਣ ) ਆਪ ਥੋਹੜੀ ਜੇਸੀ ਅਗਨੀ ਭੀ ਸਾਡੇ ਉਪਰੋਂ ਹਟਾ ਸਕਦੇ ਹੋ ? ॥ ੪੭ ॥ ਵਡੇ ਲੋਗ ਕਹਿਣ ਗੇ ਕਿ ( ਹੁਣ ਤੇ ) ਅਸੀਂ ( ਤੁਸੀਂ ) ਸਾਰੇ ਐਸੇ ਹੀ ( ਅਗਨੀ ) ਵਿਚ ( ਪੜੇ ) ਹਾਂ ਅੱਲਾ ( ਤੇ ਆਪਣਿਆਂ ) ਬੰਦਿਆਂ ਦੇ ਬਾਰੇ ਵਿਚ ( ਜੋ ਕੁਛ ) ਹੁਕਮ ( ਦੇਣਾ ਸੀ ) ਦੇ ਚੁਕੇ ॥ ੪੦ ॥ ਅਰ ਜੋ ਲੋਗ ਨਰਕਾਂ ਵਿਚ ਹੋਣਗੇ ਉਹ ਨਰਕ ਦੇ ਦੂਤਾਂ ਅਗੇ ਬੇਨਤੀ ਕਰਨਗੇ ਕਿ ( ਤੁਸੀਂ ਹੀ ) ਆਪਣੇ ਪਰਵਰਦਿਗਾਰ ਅਗੇ ਬੇਨਤੀ ਕਰੋ ਕਿ ( ਭਲਾ ) ਕਿਸੀ ਦਿਨ ( ਤੇ ) ਸਾਡੇ ਉਪਰੋਂ ਕਸ਼ਟ ਹਲਕਾ ਕਰ ਦਿਤਾ ਕਰੇ ॥ ੪੯ ॥ ਉਹ ਉੱਤਰ ਦੇਣਗੇ ਕਿ ਤੁਸਾਂ ਪਾਸ ਤੁਸਾਂ ਦੇ ਰਸੂਲ ਮੋਜਜ਼ੇ ਲੈਕੇ ਨਹੀਂ ਆਉਂਦੇ ਰਹੇ ? ਉਹ ਕਹਿਣਗੇ ਹਾਂ ( ਆਉਂਦੇ ਤਾਂ ਰਹੇ ਤਦੋਂ ਨਾਰਕੀ ਦੂਤ ) ਕਹਿਣ ਗੇ ਕਿ ਫੇਰ ਤਾਂ ਤੁਸੀਂ ( ਆਪ ਹੀ ) ਬੇਨਤੀ ਕਰ ਲਵੋ ਅਰ ( ਉਸ ਦਿਨ ) ਕਾਫਰਾਂ ਦੀ ਬੇਨਤੀ ਕਰਨਾ ਉੱਕਾ ਹੀ ਬਿਅਰਥ ਹੋਵੇਗਾ ॥ ੫੦ ॥ ਰੁਕੂਹ ੫ ॥

ਅਸੀਂ ਸਾਂਸਾਰਿਕ ਜੀਵਨ ਵਿਚ ਭੀ ਆਪਣਿਆਂ ਪੈਯੰਬਰਾਂ ਦੀ ਅਰ ਈਮਾਨ ਵਾਲਿਆਂ ਦੀ ਸਹਾਇਤਾ ਕਰਦੇ ਹਾਂ ਅਰ ਓਸ ਦਿਨ ( ਭੀ ਕਰਾਂਗੇ ) ਜਦੋਂ ਕਿ ਗਵਾਹ ( ਅਰਥਾਤ ਪੈਯੰਬਰ ਅਰ ਫਰਿਸ਼ਤੇ ਮੁਨਕਰਾਂ

Digitized by Panjab Digital Library | www.panjabdigilib.org

ਦੇ ਮੁਕਾਬਲੇ ਵਿਚ ਗਵਾਹੀ ਦੇਣ ਵਾਸਤੇ ) ਵਿਦਮਾਨ ਹੋਣਗੇ ॥ ੫੧ ॥ ਜਿਸ ਦਿਨ ਮਨਮੁਖਾਂ ਨੂੰ ਓਹਨਾਂ ਦਾ ਬਹਾਨਾ ( ਕੁਛ ਭੀ ) ਲਾਭ ਨਾ ਕਰੇਗਾ ਅਰ ਓਹਨਾਂ ਉਪਰ ( ਖੁਦਾ ਦੀ ) ਫਿਟਕਾਰ ਹੋਵੇਗੀ ਅਰ ਓਹਨਾਂ ਨੂੰ ਬਹੁਤ ਬੁਰਾ ਘਰ ( ਰਹਿਣ ਵਾਸਤੇ ) ਮਿਲੇਗਾ ॥ ੫੨ ॥ ਅਰ ਅਸਾਂ ਨੇ ਹੀ ਮੂਸਾ ਨੂੰ ਸਿਖਜਾ ( ਮੰਜਰੀ ਅਰਥਾਤ ਤੌਰਾਤ ) ਅਰ ਬਨੀ ਅਸਰਾਈਲ ਨੂੰ ( ਉਸ ) ਪੁਸਤਕ ਦਾ ਅਧਿਪਤਿ ਬਨਾਇਆ ॥ ੫੩ ॥ ( ਜਿਸ ਵਿਚ ) ਬੁਧਵਾਨਾਂ ਵਾਸਤੇ ਸਿਖ ਮਤ ਹੈ ॥ ੫੪ ॥ ਤੇ ( ਹੇ ਪੈਯੰਬਰ ਕਾਫਰਾਂ ਦੇ ਦੁਖ ਦੇਣ ਵਲੋਂ ) ਸਬਰ ਕਰੋ ਨਿਰਸੰਦੇਹ ਖੁਦਾ ਦਾ ਬਚਨ ਸਚਾ ਹੈ ਅਰ ( ਖੁਦਾ ਪਾਸੋਂ ) ਆਪਣੇ ਗੁਨਾਹਾਂ ਦੀ ਭੁਲਣਾ ਬਖਸ਼ਾਉਂਦੇ ਰਹੋ ਅਰ ਸਾਯੰ ਪ੍ਰਾਤ ਆਪਣੇ ਪਰਵਰਦਿਗਾਰ ਦੀ ਉਸਤੁਤੀ ਦੇ ਨਾਲ ਮਹਿੰਮਾਂ ਕਰਦੇ ਰਹੋ ॥ ੫੫ ॥ ਜਿਨਹਾਂ ਲੋਗਾਂ ਦੇ ਪਾਸ ( ਖੁਦਾ ਦੀ ਤਰਫੋਂ ) ਕੋਈ ਪ੍ਰਮਾਨ ਤੇ ਆਇਆ ਨਹੀਂ ਅਰ ( ਝੂਠ ਮੂਠ ਹੀ ਅਯੋਗ ) ਖ਼ੁਦਾ ਦੀਆਂ ਆਇਤਾਂ ਵਿਚ ਘੁਤਕਲਾ ਨਿਕਾਸਦੇ ਹਨ ਓਹਨਾਂ ਦੇ ਦਿਲਾਂ ਵਿਚ ਤੋ ਬਸ ਵਡਿਆਈ ( ਦਾ ਇਕ ਐਸਾ ਅਜੋਗ ਲੋਭ ਸਮਾਇਆ ) ਹੈ ਕਿ ਉਹ ( ਆਪਣੇ ) ਏਸ ( ਸੰਕਲਪ ) ਨੂੰ ਕਦੀ ਪਹੁੰਚਣੇ ਵਾਲੇ ਨਹੀਂ ਤੇ ( ਹੇ ਪੈਯੰਬਰ ਏਹਨਾਂ ਲੋਗਾਂ ਦੀਆਂ ਸ਼ਰਾਰਤਾਂ ਪਾਸੋਂ ) ਰਬ ਦਾ ਆਸਰਾ ਤਕੀ ਰਖੋ ਨਿਰਸੰਦੇਹ ਉਹ ( ਸੰਪੂਰਨਾਂ ) ਦੀ ਸੁਣਦਾ ਅਰ ( ਸਭ ਕੁਛ ) ਦੇਖਦਾ ਹੈ ॥ ੫੬ ॥ ਆਕਾਸ਼ ਅਰ ਪ੍ਰਿਥਵੀ ਦਾ ਉਤਪਤ ਕਰਨਾਂ ਆਦਮੀਆਂ ਦੇ ( ਦੁਬਾਰਾ ) ਉਤਪਤ ਕਰਨ ਦੀ ਅਪੇਖਜਾ ਵਿਚ ਨਿਰਸੰਦੇਹ ਬੜਾ ( ਕੰਮ ) ਹੈ ਪਰੰਤੂ ਪ੍ਰਾਯਾ ਲੋਗ ( ਇਤਨੀ ਬਾਤ ਭੀ ) ਨਹੀਂ ਸਮਝਦੇ ॥ ੫੭ ॥ ਅਰ ਅੰਧਾ ਅਰ ਨੇਤ੍ਰਾਂ ਵਾਲਾ ਸਮਾਨ ਨਹੀਂ ( ਹੋ ਸਕਦਾ ) ਅਰ ( ਇਸੀ ) ਪ੍ਰਕਾਰ ) ਜੋ ਲੋਗ ਈਮਾਨ ਧਾਰ ਬੈਠੇ ਅਰ ਓਹਨਾਂ ਨੇ ਭਲੇ ਕਰਮ ( ਭੀ ) ਕੀਤੇ ( ਉਹ ) ਅਰ ਕੁਕਰਮੀ ( ਸਮਾਨ ਨਹੀਂ ਹੋ ਸਕਦੇ ਪਰੰਤੂ ) ਤੁਸੀਂ ਲੋਗ ( ਬਹੁਤ ਹੀ ) ਨਜ਼ੂਨ ਬਿਚਾਰ ਦਿਓ ॥ ੫੮ । ਪ੍ਰਲੈ ਤੇ ਜਰੂਰ ਆਉਣੀ ਹੈ ਉਸ ਵਿਚ ਕਿਸੀ ਪ੍ਰਕਾਰ ਦਾ ਭ੍ਰਮ ਨਹੀਂ ਪਰੰਤੂ ਪ੍ਰਾਯਾ ਲੋਗ ( ਉਸ ਦਾ ) ਯਕੀਨ ਨਹੀਂ ਕਰਦੇ ॥ ੫੯ ॥ ਅਰ ( ਲੋਗੋ ! ) ਤੁਸਾਂ ਦਾ ਪਰਵਰਦਿਗਾਰ ਆਗਜਾ ਕਰਦਾ ਹੈ ਕਿ ਸਾਡੇ ਅਗੇ ਬੇਨਤੀਆਂ ਕਰਦੇ ਰਹੋ ਅਸੀਂ ਤੁਸਾਂ ਦੀ ( ਪ੍ਰਾਰਥਨਾ ) ਕਬੂਲ ਕਰਾਂਗੇ ਜੋ ਲੋਗ ( ਅਹੰਕਾਰ ਕਰਕੇ ) ਸਾਡੀ ਪੂਜਾ ਥੀਂ ਬੇਮੁਖਤਾਈ ਕਰਦੇ ਹਨ ਬਲਾਤਕਾਰ ਹੀ ( ਮਰਿਆਂ ਪਿਛੋਂ ਉਹ ਹੀਣ ) ਹੋਕੇ ਨਰਕਾਂ ਵਿਚ ਪ੍ਰਾਪਤ ਹੋਣਗੇ ॥ ੬੦ ॥ ਰੁਕੂਹ ੬॥

( ਲੋਗੋ ) ਅੱਲਾ ਉਹ ( ਸ੍ਵ ਸ਼ਕਤੀਵਾਨ ) ਹੈ ਜਿਸ ਨੇ ਤੁਸਾਂ ਵਾਸਤੇ

Digitized by Panjab Digital Library | www.panjabdigilib.org

ਰਾਤ ਬਨਾਈ ਤਾਂ ਕਿ ਤੁਸੀਂ ਓਸ ਵਿਚ ਅਰਾਮ ਕਰੋ ਅਰ ਦਿਨ ( ਬਨਾਇਆ) ਤਾਂ ਕਿ ( ਚਾਂਦਨੀ ਵਿਚ ਤੁਸਾਂ ਨੂੰ ਸੰਪੂਰਨ ਵਸਤਾਂ ) ਦਿਖਲਾਏ ਨਿਰਸੰਦੇਹ ਅੱਲਾ ਤੇ ਲੋਗਾਂ ਪਰ ( ਬੜਾ ਹੀ ) ਮੇਹਰਬਾਨ ਹੈ ਪਰੰਤੂ ਪ੍ਰਾਯਾ ਲੋਗ ( ਓਸ ਦਾ ) ਧੰਨਜਵਾਦ ਨਹੀਂ ਕਰਦੇ ॥ ੬੧ ॥ ( ਲੋਗੋ ) ਯਹੀ ਅੱਲਾ ਤੁਸਾਂ ਦਾ ਪਰਵਰਦਿਗਾਰ ਹੈ ਸੰਪੂਰਨ ਵਸਤਾਂ ਦਾ ਉਤਪਤ ਕਰਨੇ ਵਾਲਾ ਉਸ ਦੇ ਸਿਵਾ ਕੋਈ ਮਾਬੂਦ ਨਹੀਂ ਫੇਰ ਤੁਸੀਂ ਕਿਧਰ ਨੂੰ ਬਹਿਕੇ ਤੁਰੇ ਜਾਂਦੇ ਹੋ ॥ ੬੨ ॥ ਜੋ ਲੋਗ ਖੁਦਾ ਦੀਆਂ ਆਇਤਾਂ ਦਾ ਇਨਕਾਰ ਕਰਦੇ ਹਨ ਉਹ ਇਸੀ ਪਰਕਾਰ ਬਹਿਕਦੇ ਰਹਿੰਦੇ ਹਨ ॥ ੬੩ ॥ ਅੱਲਾ ਉਹ ( ਸੂਬ ਸ਼ਕਤੀ ਵਾਨ) ਹੈ ਜਿਸ ਨੇ ਤੁਸਾਂ ਵਾਸਤੇ ਪ੍ਰਿਥਵੀ ਨੂੰ ਇਸਥਿਤ ਹੋਣ ਦੀ ਜਗਾ ਅਰ ਅਕਾਸ਼ ਨੂੰ ਛਤ ਬਨਾਇਆ ਅਰ ਓਸੇ ਨੇ ਤੁਸਾਂ ਦੀਆਂ ਸੂਰਤਾਂ ( ਮੂਰਤਾਂ) ਬਨਾਈਆਂ ਅਰ ਸੂਰਤਾਂ ( ਮੂਰਤਾਂ ਭੀ ) ਬਨਾਈਆਂ ( ਤੇ ) ਸੁੰਦਰ ਅਰ ਉੱਤਮ ਉੱਤਮ ਪਦਾਰਥ ਤੁਸਾਂ ਨੂੰ ( ਖਾਣ ਵਾਸਤੇ ) ਦਿਤੇ ਯਹੀ ਅੱਲਾ ਤੇ ਤੁਸਾਂ ਦਾ ਪਰਵਰਦਿਗਾਰ ਹੈ ਸੋ ਅੱਲਾ ( ਦਾ ਸ੍ਰੂਪ ਬੜਾ ) ਪ੍ਰਤਾਪ ਵਾਲਾ ਹੈ ( ਕਿ ਵੁਹ ) ਸੰਪੂਰਨ ਸ੍ਰਿਸ਼ਟੀ ਦੇ ਪਾਲਨੇ ਵਾਲਾ ( ਹੈ ) ॥ ੬੪ ॥ ਵਹੀ ( ਸਦੇਵ ) ਅਕਾਲ ਹੈ ਓਸ ਦੇ ਸਿਵਾ ਕੋਈ ਮਾਬੂਦ ਨਹੀਂ ਤਾਂ ਕੇਵਲ ਓਸੇ ਦੀ ਫਰਮਾਬਰਦਾਰੀ ਦ੍ਰਿਸ਼ਟੀ ਗੋਚਰ ਰਖ ਕੇ ਓਸੇ ਦੀ ਪੂਜਾ ਕਰੋ ਸੰਪੂਰਨ ਮਹਿਮਾਂ ਖੁਦਾ ਨੂੰ ਹੀ ( ਸੁਸ਼ੋਭਿਤ ) ਹਨ ਜੋ ਸਾਰੇ ਸੰਸਾਰ ਦਾ ਪਾਲਨੇ ਵਾਲ ਹੈ ॥ ੬੫ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਜਦੋਂ ਮੇਰੇ ਪਾਸ ਮੇਰੇ ਪਰਵਰਦਿਗਾਰ ਦੀ ਵਲੋਂ (ਸਫੁਟ ਅਰ ਸਰਲ) ਯੁਕਤੀਆਂ ਆ ਚੁਕੀਆਂ ਹਨ ਤੇ ਮੈਨੂੰ ਓਹਨਾਂ (ਮਾਬੂਦਾਂ) ਦੀ ਪੂਜਾ ਦੀ ਮਨਾਹੀ ਹੈ ਜਿਨਹਾਂ ਨੂੰ ਤੁਸੀਂ ਖੁਦਾ ਦੇ ਸਿਵਾ ਪੂਜਦੇ ਹੋ ਅਰ ਮੈਨੂੰ ਹੁਕਮ ਹੋਇਆ ਹੈ ਕਿ (ਅੱਲਾ) ਸੰਸਾਰ ਦੇ ਪਾਲਨ ਹਾਰੇ ਦਾ ਫਰਮਾਬਰਦਾਰ ਹੋਕੇ ਰਹਾਂ ॥ ੬੬ ॥ (ਲੋਗੋ !) ਉਹ ਖੁਦਾ ਹੀ ਤੇ) ਹੈ ਜਿਸ ਨੇ ਤੁਸਾਂ ਨੂੰ (ਪਹਿਲੀ ਵੇਰੀ) ਮਿਟੀ ਥੀਂ ਉਤਪਤ ਕੀਤਾ ਫੇਰ ਬੀਰਜ ਥੀਂ ਫੇਰ ਥਲਬ (ਲੋਥੜੇ)ਥੀਂ ਫੇਰ ਤੁਸਾਂ ਨੂੰ ਬਚਾ ਜੈਸਾ (ਮਾਤਾ ਦੇ ਪੇਟ ਵਿਚੋਂ)ਨਿਕਾਸ ਦਾ ਹੈ ਫੇਰ(ਤੁਸਾਂ ਨੂੰ ਜਿਉਂਦਿਆਂ ਰਖਦਾ ਹੈ)ਤਾਕਿ ਤੁਸੀਂ ਆਪਣੀ ਜਵਾਨੀ ਨੂੰ ਪਾਓ ਫੇਰ (ਤੁਸਾਂ ਨੂੰ ਹੋਰ ਜਿਉਂਦਿਆਂ ਰਖਦਾ ਹੈ) ਤਾਕਿ ਤੁਸੀਂ ਬ੍ਰਿਧ ਹੋ ਜਾਓ ਅਰ ਤੁਸਾਂ ਵਿਚੋਂ (ਕੋਈ ਏਨ੍ਹਾਂ ਸਮਿਆਂ ਥੀਂ) ਪਹਿਲੇ (ਭੀ) ਮਰ ਜਾਂਦਾ ਹੈ ਅਰ (ਜਿਨਹਾਂ ਨੂੰ ਜੁਆਨੀ ਤਥਾ ਬੁਢਾਪੇ ਤਕ ਜ਼ਿੰਦਿਆਂ ਰਖਿਆ ਜਾਂਦਾ ਹੈ ਤੇ) ਏਸ ਭਾਵ ਉਤੇ (ਜ਼ਿੰਦਿਆਂ ਰਖਿਆ ਜਾਂਦਾ ਹੈ) ਕਿ ਤੁਸੀਂ (ਲੋਗ ਮੌਤ ਦੇ ਨਿਯਤ ਸਮੇਂ ਤਕ ਪਹੁੰਚੋ ਅਰ (ਅਸਲੀ) ਰਹੱਸ ਯਿਹ ਹੈ ਕਿ (ਏਹਨਾਂ ਕੁਦਰਤ ਦਿਆਂ ਚਿੰਨ੍ਹਾਂ) ਨੂੰ ਸਮਝੋ ॥ ੬੭ ॥ ਵਹੀ ਹੈ ਜੋ ਜਿਵਾਉਂਦਾ ਅਰ

Digitized by Panjab Digital Library | www.panjabdigilib.org

ਮਾਰਦਾ ਹੈ ਫੇਰ ਜਦੋਂ ਉਹ ਕਿਸੇ ਕੰਮ ਦਾ ਕਰਨਾ ਧਾਰ ਲੈਂਦਾ ਹੈ ਤੇ ਬਸ ਉਸ ਨੂੰ ਕਹਿ ਦੇਂਦਾ ਹੈ ਕਿ ਹੋ, ਅਰ ਉਹ ਹੋ ਜਾਂਦਾ ਹੈ ॥ ੬੮ ॥ ਰੁਕੂਹ ੭ ॥

(ਹੇ ਪੈਗੰਬਰ) ਕੀ ਤੁਸਾਂ ਨੇ ਓਹਨਾਂ ਲੋਗਾਂ ਦੇ (ਹਾਲ) ਉਪਰ ਦਰਿਸ਼ਟੀ ਨਹੀਂ ਦਿਤੀ ਜੋ ਖ਼ੁਦਾ ਦੀਆਂ ਆਇਤਾਂ ਉਪਰ ਝਗੜੇ ਨਿਕਾਸਿਆ ਕਰਦੇ ਹਨ। ਕਿਧਰ ਨੂੰ ਬਹਿਕੇ ਚਲੇ ਜਾਂਦੇ ਹਨ ॥ ੬੯ ॥ (ਇਹ) ਉਹ ਲੋਗ (ਹਨ) ਜੋ (ਅੱਲਾ ਦੀ) ਕਿਤਾਬ (ਕੁਰਾਨ) ਨੂੰ ਝੂਠਿਆਰਦੇ ਹਨ ਅਰ ਓਹਨਾਂ ਕਿਤਾਬਾਂ ਨੂੰ ਵੀ ਝੂਠਿਆਰ ਦੇ ਹਨ) ਜੋ ਅਸਾਂ ਨੇ ਆਪਣੇ ਪੈਗੰਬਰ ਦਵਾਰਾ ਭੇਜੇ ਹਨ ਸੋ ਅੰਤ ਨੂੰ ਏਹਨਾਂ ਤਾਈਂ (ਏਸ ਝੂਠਿਆ-ਰਨ ਦਾ ਫਲ) ਪਰਤੀਤ ਹੋ ਜਾਵੇਗਾ ॥ ੭੦ ॥ ਜਦੋਂ ਕਿ ਤੋਕ ਏਹਨਾਂ ਦੇ ਗਲਾਂ ਵਿਚ ਹੋਣਗੇ ਅਰ (ਤੋਕ ਥੀਂ ਵਖਰੇ) ਜੰਜੀਰਾਂ (ਪਾਣੀ ਪਿਲਾਣ ਵਾਸਤੇ) ਘਸੀਟਦੇ ਏ ॥੭੧॥ ਏਹਨਾਂ ਨੂੰ ਉੱਬਲਦੇ ਹੋਇ ਪਾਣੀ ਵਿਚ ਲੈ ਜਾਣਗੇ ਫੇਰ ਅਗਨੀ ਵਿਚ ਝੋਕੇ ਜਾਣਗੇ ॥ ੭੨ ॥ ਫੇਰ ਏਹਨਾਂ ਨੂੰ ਪੁਛਿਆ ਜਾਵੇਗਾ ਕਿ ਖ਼ੁਦਾ ਥੀਂ ਸਿਵਾ ਤੁਸੀਂ ਜਿਨਹਾਂ (ਮਾਬੂਦਾਂ) ਨੂੰ (ਖ਼ੁਦਾ ਦੇ) ਸਜਾਤੀ ਨਿਯਤ ਕਰਦੇ ਸੀ) (ਹੁਣ) ਉਹ ਕਿਥੇ ਹਨ ॥ ੭੩ ॥ ਉਹ ਕਹਿਣਗੇ (ਹੁਣ ਤਾਂ ਉਹ) ਸਾਡੇ ਪਾਸੋਂ ਗਵਾਚ ਗਏ (ਕਿ ਕਿਤੇ ਨਜਰੀ ਨਹੀਂ ਆਉਂਦੇ) ਪ੍ਰਤ੍ਯੁਤ (ਸਚ ਬਾਰਤਾ ਤੇ ਯਿਹ ਹੈ ਕਿ) ਅਸੀਂ ਤੋਂ (ਏਸ ਥੀਂ) ਪਹਿਲੋਂ ਖ਼ੁਦਾ ਦੇ ਸਿਵਾ ਕਿਸੇ (ਹੋਰ) ਵਸਤੂ ਦੀ ਪੂਜਾ ਕਰਦੇ ਹੀ ਨਹੀਂ ਸੋ ਅੱਲਾ ਕਾਫਰਾਂ ਦੀ ਏਸੇ ਤਰਾਂ ਸੁਧ ਬੁਧ ਮਾਰ ਦੇਵੇਗਾ ॥ ੭੪ ॥ (ਕਿ ਉਨਹਾਂ ਨੂੰ ਉਤਰ ਦੇਣ ਦਾ ਕੋਈ ਰਸਤਾ ਨਹੀਂ ਸੁਝੇਗਾ ਅਰ ਉਨਹਾਂ ਨੂੰ ਕਹਿਆ ਜਾਵੇਗਾ ਕਿ) ਇਹ ਤੁਸਾਂ ਦੀਆਂ ਉਨਹਾਂ ਬਾਤਾਂ ਦੀ ਸਜ਼ਾ ਹੈ ਕਿ ਤੁਸੀਂ ਪ੍ਰਿਥਵੀ (ਮਾਤਰ) ਉਪਰ ਨਾਹਕ ਦੀਆਂ ਖ਼ੁਸ਼ੀਆਂ ਕਰਿਆ ਕਰਦੇ ਸੀ ਅਰ (ਹੋਰ) ਉਸਦਾ ਦੰਡ ਹੈ ਕਿ ਤੁਸੀਂ ਆਕੜਿਆ ਕਰਦੇ ਸੀ ॥ ੭੫ ॥ (ਤੇ ਅਬ) ਨਰਕਾਂ ਦੇ ਦਰਵਾਜਿਆਂ (ਥੀਂ ਨਰਕਾਂ) ਵਿਚ ਜਾ ਵੜੋ ਅਰ ਸਦਾ ੨ ਵਾਸਤੇ ਓਹਨਾਂ ਵਿਚ ਹੀ ਰਹੋ ਭਾਵ ਅਹੰਕਾਰ ਕਰਨ ਵਾਲਿਆਂ ਦਾ (ਭੀ ਕੈਸਾ ਹੀ) ਬੁਰਾ ਅਸਥਾਨ ਹੈ ॥ ੭੬ ॥ ਤੇ (ਹੇ ਪੈਗੰਬਰ) ਸਬਰ ਨਾਲ ਬੈਠੇ ਰਹੋ ਨਿਰਸੰਦੇਹ ਖ਼ੁਦਾ ਦਾ ਬਚਨ ਸਚਾ ਹੈ ਤੇ (ਕਸ਼ਟ ਦੇ ਜੈਸੇ) ੨ ਬਚਨ ਅਸੀਂ ਏਨਹਾਂ ਲੋਕਾਂ ਨਾਲ ਕਰਦੇ ਹਾਂ (ਉਨਹਾਂ ਵਿਚ) ਕੁਛ ਤੁਸਾਂ ਨੂੰ ਦਿਖਾਈਏ ਕਿੰਬਾ (ਉਨਹਾਂ ਬਚਨਾਂ ਦੇ ਪਰਾਪਤ ਹੋਣ ਥੀਂ ਪਹਿਲੇ) ਤੁਸਾਂ ਨੂੰ (ਸੰਸਾਰ ਵਿਚੋਂ) ਉਠਾ ਲਈਏ (ਸਰਬ ਤਰਹਾਂ) ਏਹਨਾਂ ਨੇ ਤੇ ਸਾਡੀ ਤਰਫ ਲੋਟ ਕੇ ਆਉਣਾ ਹੀ ਹੈ ॥ ੭੭ ॥ ਅਰ ਅਸਾਂ ਨੇ ਤੁਹਾਡੇ ਨਾਲੋਂ ਪਹਿਲੋਂ (ਭੀ ਕਿਤਨੇ) ਰਸੂਲ ਭੇਜੇ (ਸੋ) ਉਨਹਾਂ ਵਿਚੋਂ (ਕਈ

Digitized by Panjab Digital Library | www.panjabdigilib.org

ਕੁ ) ਐਸੇ ਹਨ ਕਿ ਜਿਨਹਾਂ ਦੇ ਬਿਰਤਾਂਤ ਅਸਾਂ ਨੇ ਤੁਹਾਨੂੰ ਸੁਨਾਇ ਅਰ ਉਹਨਾਂ ਵਿਚੋਂ (ਕਈਕ)ਐਸੇ ਹਨ ਜਿਨਹਾਂ ਦੇ ਬ੍ਰਿਤਾਂਤ ਅਸਾਂ ਨੇ ਤੁਹਾਨੂੰ ਨਹੀਂ ਸੁਣਾਏ ਅਰ ਕਿਸੇ ਰਸੂਲ ਦੀ ਮਜਾਲ ਨਹੀਂ ਸੀ ਕਿ ਖੁਦਾ ਦੀ ਆਗਿਆ ਦੇ ਬਿਨਾ ਕੋਈ ਚਮਤਕਾਰ ਲਿਆ ਦਿਖਲਾਵੇ ਫੇਰ ਜਦੋਂ ਖੁਦਾ ਦਾ ਹੁਕਮ ( ਅਰਥਾਤ ਕਸ਼ਟ ) ਆ ਪਰਾਪਤ ਹੋਇਆ ਤੇ ਇਨਸਾਫ ਦੇ ਨਾਲ ( ਉਮਤਾਂ ਅਰ ਪੈਯੰਬਰਾਂ ਵਿਚ ) ਫੈਸਲਾ ਕਰ ਦਿਤਾ ਗਇਆ ਅਰ ਜੋ ਲੋਗ ਗਲਤੀਤੇ ਸਨ ਉਸ ਵੇਲੇ (ਵਹੀ) ਘਾਟੇ ਵਿਚ ਰਹੇ ॥ ੭੮ ॥ਰਕੂਹ ੮ ॥

( ਲੋਗੋ ! ) ਅੱਲਾ ਐਸਾ (ਸਰਵ ਸ਼ਕਤੀਵਾਨ) ਹੈ ਜਿਸਨੇ ਤੁਸਾਂ ਵਾਸਤੇ ਚਤੁਸ਼ਪਾਦੀ ਬਨਾਏ ਹਨ ਤਾਂ ਕਿ ਉਨਹਾਂ ( ਵਿਚੋਂ ਕਈਆਂ ) ਪਾਸੋਂ ਅਸ-ਵਾਰੀ ਲਓ ਅਰ ( ਕਈਕੁ ) ਉਨਹਾਂ ( ਵਿਚੋਂ ਐਸੇ ਹਨ ਕਿ ਤੁਸੀਂ ਓਹਨਾਂ ਦਾ ਮਾਸ ) ਖਾਂਦੇ ਹੋ ॥ ੭੯ ॥ ਅਰ ਤੁਸਾਂ ਵਾਸਤੇ ਚਤੁਸ਼ਪਾਦੀਆਂ ਵਿਚੋਂ ( ਹੋਰ ਭੀ ਕਈਕੁ ) ਗੁਣ ਹਨ ਅਰ ( ਚਤੁਸ਼ਪਾਦੀਆਂ ਦੇ ਉਤਪਤ ਕਰਨ ਦੀ ਇਕ ) ਇਹ (ਭੀ) ਲੋੜ (ਹੈ) ਕਿ ਤੁਸੀਂ ਉਨਹਾਂ ਉਪਰ (ਅਰੂੜ) ਹੋ ਕੇ ਆਪਣੇ ਮਨੋਕਾਮਨਾਂ ਨੂੰ ਪੂਰਾ ਕਰੋ ਅਰ ਚਤੁਸ਼ਪਾਦੀਆਂ ਉਪਰ ਅਰ ( ਹੋਰ ) ਬੇੜੀਆਂ ਉਪਰ ਤੁਸੀਂ ( ਲੋਗ ਲਦੀ ) ਲਦੀ ਫਿਰਦੇ ਹੋ ॥ ੮੦ ॥ ਅਰ ( ਖ਼ੁਦਾ ) ਤੁਸਾਂ ਨੂੰ ਆਪਣੀ ( ਕੁਦਰਤ ਦੀਆਂ ਅਨੰਤ ) ਨਿਸ਼ਾਨੀਆਂ ਦਿਖਾਉਂਦਾ ਹੈ ਤੇ ਖ਼ੁਦਾ ਦੀ (ਕੁਦਰਤ ਦੀਆਂ) ਕੇਹੜੀਆਂ ੨ ਨਿਸ਼ਾਨੀਆਂ ਥੀਂ ਇਨਕਾਰ ਕਰੋਗੇ॥ ੮੧ ॥ ਕੀ ਇਹ ਲੋਗ ਦੇਸ਼ ਵਿਚ ਨਹੀਂ ਚਲੇ ਫਿਰੇ ਅਰ (ਏਹਨਾਂ ਨੇ ਏਸ ਬਾਰਤਾ ਉਪਰ) ਦਰਿਸ਼ਟੀ ਨਹੀਂ ਦਿਤੀ ਕਿ ਜੋ ਲੋਗ ਏਹਨਾਂ ਨਾਲੋਂ ਪਹਿਲੋਂ ਹੋ ਚੁਕੇ ਹਨ ਉਨ੍ਹਾਂ ਦਾ ਕੈਸਾ ਹਾਲ ਹੋਯਾ (ਉਹ ਏਨ੍ਹਾਂ ਨਾਲੋਂ ( ਗਣਨਾਂ ਵਿਚ ) ਕਈ ਗੁਣਾਂ ਅਧਿਕ ਸੇ ਅਰ ( ਕੀ ) ਬਲਬੂਤ ਦੀ ਅਪੇਖਜਾ ਨਾਲ ( ਕੀ ਓਹਨਾਂ ) ਚਿੰਨ੍ਹਾਂ ਦੀ ਅਪੇਖਯਾ ਨਾਲ ਜੋ ( ਉਹ ਲੋਗ ) ਪ੍ਰਿਥਵੀ ( ਮਾਤਰ ) ਉਪਰ ( ਛਡ ਗਏ ) ਹਨ ( ਏਹਨਾਂ ਨਾਲੋਂ ) ਕਈ ਗੁਣਾਂ ਪਰਤਾਪ ਸ਼ਾਲੀ ਸਨ ਤੇ ਉਨ੍ਹਾਂ ਦੀ (ਦੁਨੀਆਂ ਦੀ) ਕਮਾਈ ਉਨਹਾਂ ਦੇ ਕਿਸੇ ਭੀ ਕੰਮ ਨ ਆਈ ॥ ੮੨ ॥ ਅਰ ਜਦੋਂ ਉਨਹਾਂ ਦੇ ਰਸੂਲ ਉਨ੍ਹਾਂ ਪਾਸ ਸਫਟ ਯੁਕਤੀਆਂ ਲੈ ਕੇ ਆਏ ਤ ਇਹ ਲੋਗ ਆਪਣੀਆਂ ਵਿਦਜਾ ਦੇ ਬਲ ਤੇ ਬੜੇ ਆਕੜੇ ਅਰ ਜਿਸ ( ਕਸ਼ਟ ) ਨੂੰ ਮਖੌਲ ਕੀਤਾ ਕਰਦੇ ਸਨ ਉਹ ਏਹਨਾਂ ਉਪਰ ਹੀ ਉਲਟ ਪਇਆ ॥ ੮੩ ॥ ਫੇਰ ਜਦੋਂ ਉਨਹਾਂ ਨੇ ਸਾਡਾ ਕਸ਼ਟ (ਆਉਂਦਿਆਂ) ਦੇਖਿਆ ਤੇ ਲਗੇ ਕਹਿਣ ਕਿ ਹੁਣ ਅਸੀਂ ਇਕ ਖੁਦਾ ਉਪਰ ਈਮਾਨ ਧਾਰ ਬੈਠੇ ਅਰ ਜਿਨਹਾਂ ਵਸਤੂਆਂ ਨੂੰ ਅਸੀਂ ( ਖੁਦਾ ਦੇ ) ਸ਼ਰੀਕ ਸਥਾਪਿਤ ਕਰਦੇ ਸੀ ( ਹੁਣ ) ਅਸੀਂ ਉਨਹਾਂ ਨੂੰ ਨਹੀਂ ਮੰਨਦੇ ॥ ੮੪ ॥ ਪਰੰਤੂ ਜਦੋਂ ਉਨ੍ਹਾਂ

Digitized by Panjab Digital Library | www.panjabdigilib.org

ਨੇ ਸਾਡੇ ਕਸ਼ਟ ਨੂੰ ( ਆਉਂਦਿਆ ) ਦੇਖ ਲੀਤਾ ਤੇ ( ਉਸ ਸਮੇਂ ਉਨਹਾਂ ਦਾ ) ਈਮਾਨ ਧਾਰਨਾਂ ਉਨਹਾਂ ਨੂੰ ਕੁਛ ਭੀ ਲਾਭਦਾਇਕ ਨਾ ਹੋਇਆ ( ਇਹ ) ਪ੍ਰਮਾਤਮਾ ਦੀ ਰੀਤ ( ਹੈ ) ਜੋ ( ਸਦਾ ਕਾਲ ਥੀਂ ) ਉਸ ਦਿਆਂ ਬੰਦਿਆਂ ਵਿਚ ਪਰਚਲਿਤ ਰਹੀ ਹੈ ਅਰ ( ਜੋ ਲੋਗ ) ਮੁਨਕਰ ( ਸਨ ) ਕਸ਼ਟ ਦੇ ਉਤਰਨ ਵੇਲੇ ( ਵਹੀ ) ਘਾਟੇ ਵਿਚ ਰਹੇ ॥ ੮੫ ॥ ਰੁਕੂਹ ੯ ॥

## ਸੂਰਤ ਹਾਮਸਜਦਾ ਮੱਕੇ ਵਿਚ ਉਤਰੀ ਅਰ ਏਸ ਦੀਆਂ ਚੌਰੰਜਾ ਆਇਤਾਂ ਅਰ ਛੇ ਰੁਕੂਹ ਹਨ ॥

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਰਹਿਮ ਵਾਲਾ ਮੇਹਰਬਾਨ ( ਹੈ ) ਹਾਮ ॥ ੧ ॥ ( ਇਹ ਕੁਰਾਨ ਖ਼ੁਦਾਇ ) ਕਿਰਪਾਲੂ ( ਤਥਾ ) ਦਿਆਲ ( ਦੀ ਤਰਫੋਂ ) ਉਤਰਦਾ ਹੈ ॥ ੨ ॥ ਇਹ ਕੁਰਾਨ ਪੁਸਤਕ ਹੈ ਜਿਸ ਦੀਆਂ ਬਾਤਾਂ ਅਰਬੀ ਬੋਲੀ ਵਿਚ ਬੁਧੀਮਾਨ ਪੁਰਖਾਂ ਵਾਸਤੇ ਵਿਸ-ਤਾਰ ਪੂਰਵਕ ਵਰਨਣ ਕਰ ਦਿਤੀਆਂ ਗਈਆਂ ਹਨ ॥ ੩ ॥ ( ਮੰਨਣ ਵਾਲਿਆਂ ਨੂੰ ਖ਼ੁਦਾ ਦੀ ਪਰਸੰਨਤਾਈ ਦੀ ) ਖੁਸ਼ਖਬਰੀ ਸੁਣਾਉਂਦਾ ਅਰ ( ਮੁਨਕਰਾਂ ਨੂੰ ਖ਼ੁਦਾ ਦੇ ਕਸ਼ਟ ਥੀਂ ) ਸਭੇ ਕਰਦਾ ਹੈ ਇਸ ਥੀਂ (ਭੀ) ਏਹਨਾਂ ਵਿਚੋਂ ਅਕਸਰਾਂ ਨੇ ਮੂੰਹ ਮੋੜ ਲੀਤਾ ਅਰ ਉਹ ( ਏਸ ਨੂੰ ) ਸੁਣਦੇ ਹੀ ਨਹੀਂ ॥ ੪ ॥ ਅਰ ( ਹੇ ਪੈਯੰਬਰ ਇਹ ਲੋਗ ਇਹ ਭੀ ) ਕਹਿੰਦੇ ਹਨ ਕਿ ਜਿਸ ਬਾਰਤਾ ਦੀ ਤਰਫ ਤੁਸੀਂ ਸਾਨੂੰ ਬੁਲਾਉਂਦੇ ਹੋ ਸਾਡੇ ਦਿਲ ਤਾਂ ਓਸ ਥੀਂ ਪਰਦਿਆਂ ਵਿਚ ਹਨ ( ਕਿ ਤੁਸਾਂ ਦੀ ਬਾਤ ਦਿਲ ਵਿਚ ਜਚਦੀ ਨਹੀਂ ) ਅਰ ਸਾਡਿਆਂ ਕੰਨਾਂ ਵਿਚ ( ਇਕ ਪ੍ਰਕਾਰ ) ਦੀ ਗਿਰਾਨੀ ਹੈ ( ਕਿ ਤੁਸੀਂ ਜੋ ਕਹਿੰਦੇ ਹੋ ਸੁਣਾਈ ਨਹੀਂ ਦੇਂਦਾ ) ਅਰ ਅਸਾਂ ਵਿਚ ਅਰ ਤੁਸਾਂ ਵਿਚ ( ਇਕ ਪ੍ਰਕਾਰ ਦਾ ) ਪਰਦਾ (ਤਣਿਆ) ਹੋਇਆ ਹੈ ( ਕਿ ਤੁਸੀਂ ਸਾਡੇ ਉਪਰ ਕਿਸੀ ਪ੍ਰਕਾਰ ਦਾ ਅਸਰ ਨਹੀਂ ਪਾ ਸਕਦੇ ) ਤੇ ( ਏਸ ਨਾਲੋਂ ਉੱਤਮ ਹੈ ਕਿ) ਤੁਸੀਂ ( ਆਪਣੀ ਰੀਤੀ ਨਾਲ ) ਕਰਮ ਕਰੀ ਜਾਓ ਅਸੀਂ ( ਆਪਣੀ ਰੀਤੀ ਨਾਲ ) ਕਰਮ ਕਰ ਰਹੇ ਹਾਂ ॥ ੫ ॥

(ਹੇ ਪੈਯੰਬਰ ਤੁਸੀਂ ਏਹਨਾਂ ਲੋਗਾਂ ਨੂੰ ) ਕਹੋ ਕਿ ਮੈਂ ਭੀ ਤੁਸਾਂ ਵਰਗਾ ਹੀ ਆਦਮੀ ਹਾਂ ( ਪਰੰਤੂ ) ਮੇਰੇ ਪਾਸ ਅਕਾਸ਼ ਬਾਣੀ ਆਉਂਦੀ ਹੈ ਕਿ ਤੇਰਾ ਮਾਬੂਦ ਬਸ ( ਵਹੀ ) ਇਕ ਮਾਬੂਦ ਹੈ ਬਸ ਸੂਧੇ ਉਸੇ ਦੀ ਤਰਫ ( ਮੁਖੜਾ ਕਰੀ ) ਚਲੇ ਜਾਓ ਅਰ ਉਸ ਪਾਸੋਂ ( ਆਪਣਿਆਂ ਦੋਖਾਂ ਦੀ ) ਮੁਆਫੀ ਮੰਗੋ ਅਰ ਸ਼ਿਰਕ ਕਰਨ ਵਾਲਿਆਂ ਉਪਰ ਅਫਸੋਸ ॥ ੬ ॥ ਜੋ ਜ਼ਕਾਤ ਨਹੀਂ ਦੇਂਦੇ ਅਰ ਉਹ ਪ੍ਰਲੋ ਦੇ ਭੀ ਮੁਨਕਰ ਹਨ ॥ ੭ ॥ ਨਿਰਸੰਦੇਹ

Digitized by Panjab Digital Library | www.panjabdigilib.org

ਜੋ ਲੋਗ ਈਮਾਨ ਧਾਰ ਬੈਠੇ ਅਰ ਉਹਨਾਂ ਨੇ ਭਲੇ ਕਰਮ ( ਭੀ ) ਕੀਤੇ ਓਹਨਾਂ ਵਾਸਤੇ ( ਆਖਰਤ ਵਿਚ ) ਬੜਾ ਫਲ ਹੈ ਜੋ ( ਕਦੇ ਭੀ ) ਹਟਨ ਵਾਲਾ ਨਹੀਂ ॥ ੮ ॥ ਰੁਕੂਹ ੧ ॥

( ਹੇ ਪੈਯੰਬਰ ਤੁਸੀਂ ਏਹਨਾਂ ਲੋਗਾਂ ਨੂੰ ) ਕਹੋ ਕੀ ਤੁਸੀਂ ( ਉਸ ਸ੍ਵਸ਼ਕਤੀਵਾਨ ਦੀ ਖ਼ੁਦਾਈ ) ਥੀਂ ਇਨਕਾਰ ਕਰਦੇ ਹੋ ਜਿਸ ਨੇ ਦੋ ਦਿਨਾਂ ਵਿਚ ਪ੍ਰਿਥਵੀ ਨੂੰ ਉਤਪਤ ਕੀਤਾ ਅਰ ਤੁਸੀਂ ( ਦੂਸਰਿਆਂ ਨੂੰ ) ਉਸ ਦੇ ਸਦਰਸ ਬਨਾਉਂਦੇ ਹੋ ਯਹੀ ( ਖ਼ੁਦਾ ਤੇ ) ਸਾਰੇ ਸੰਸਾਰ ਦਾ ਪਾਲਨ-ਹਾਰ ਹੈ ॥ ੯ ॥ ਅਰ ਉਸੇ ਨੇ ਪ੍ਰਿਥਵੀ ਵਿਚ ਉਸੇ ਦੇ ਉਪਰੋਂ ( ਭਾਰੇ ਬੋਝ ਵਾਲੇ ) ਪਹਾੜ ਗਡ ਦਿਤੇ ਹਨ ਅਰ ਓਸ ਵਿਚ ( ਸਰਬ ਰੀਤੀ ਦੀ ) ਬਰਕਤ ਦਿਤੀ ਅਰ ਓਸੇ ਵਿਚ ਉਸ ਦੀ ਪੈਦਾਵਾਰ ਦਾ ਅੰਦਾਜ਼ਾ ਭੀ ਠਹਿਰਾ ਦਿਤਾ ( ਅਰ ਯਿਹ ਸਭ ਕੁਛ ) ਚਾਰ ਦਿਨਾਂ ਵਿਚ ( ਸਾਰਿਆਂ ) ਮੰਗਨ ਵਾਲਿਆਂ ਵਾਸਤੇ ਸਮਾਨ ॥ ੧੦ ॥ ਫੇਰ ਅਕਾਸ਼ ਵਲ ਧਿਆਨ ਕੀਤਾ ਅਰ ਵੁਹ ( ਓਸ ਸਮੇਂ ਤਕ ) ਧੁੰਧ ( ਦੀ ਤਰਾਂ ਦਾ ) ਸੀ ਤੋ ਓਸ ( ਧੁੰਧ ) ਨੂੰ ਅਰ ਪ੍ਰਿਥਵੀ ਨੂੰ ਆਗਜਾ ਦਿਤੀ ਕਿ ਤੁਸੀਂ ਦੋਨੋਂ ਆਓ। ਪ੍ਰਸੰਨਤਾਈ ਨਾਲ ਆਓ ਤੇ ਅਰ ਜਬਰਦਸਤੀ ਆਓ ਤੇ ( ਅਰ ਜੋ ਹੁਕਮ ਅਸੀਂ ਦੇਂਦੇ ਹਾਂ ਓਸ ਉਪਰ ਕਾਰਬੰਦ ਰਹੋ )। ਦੋਨਾਂ ਨੇ ਬੇਨਤੀ ਕੀਤੀ ਕਿ ਅਸੀਂ ਖੁਸ਼ੀ ਨਾਲ ( ਆਗਜਾ ਮੰਨਣ ਵਾਸਤੇ ) ਹਾਜਰ ਹਾਂ ॥ ੧੧ ॥ ਏਸ ਦੇ ਪਿਛੋਂ ਦੋ ਦਿਨ ਵਿਚੋਂ ਓਸ ( ਕੁਹਰ ਦੇ ਖੰਡਾਂ ) ਦੇ ਸਤ ਅਕਾਸ਼ ਬਨਾ ਦਿਤੇ ਅਰ ਹਰ ਇਕ ਅਕਾਸ਼ ਵਿਚ ( ਜੋ ਪ੍ਰਬੰਧ ਕਰਨਾਂ ਖ਼ੁਦਾ ਨੂੰ ਅਭੀਸ਼ਟ ਸੀ ਵੁਹ ) ਪ੍ਰਬੰਧ ( ਕਾਰਬਾਰੀ ਕਜਾ ਤਥਾ ਕਦਰ ਨੂੰ ) ਦਸ ਦਿਤਾ ਅਰ ਉਰਲੇ ਅਸਮਾਨ ਨੂੰ ਅਸਾਂ ਨੇ ( ਨਛਤ੍ਰ ਗਣਾਂ ) ਦੀਆਂ ਫਨੂਸਾਂ ਨਾਲ ਸੁਸਜਿਤ ਕੀਤਾ ਅਰ ( ਸੁਸਜਿਤ ਕਰਨ ਥੀਂ ਇਲਾਵਾ ) ਰਖਸ਼ਾ ਵਾਸਤੇ ਭੀ ਯਿਹ (ਅੰਦਾਜ਼ੇ) ਓਸ (ਖ਼ੁਦਾ) ਦੇ ਬੰਧੇ ਹੋਏ ਹਨ ਜੋ ਜ਼ਬਰ-ਦਸਤ ਅਰ ਬੁਧੀਮਾਨ ਹੈ ॥ ੧੨ ॥ ਬਸ ਯਦੀ ( ਏਤਨੇ ਸਮਝਾਉਣ ਨਾਲ ਭੀ ਮੱਕੇ ਦੇ ਕਾਫਰ ) ਬੇਮੁਖਤਾਈ ਕਰਨ ਤੇ ( ਹੇ ਪੈਯੰਬਰ ਤੁਸੀਂ ਏਹਨਾਂ ਨੂੰ ) ਕਹਿ ਦਿਓ ਕਿ ਜੈਸੀ ਕੜਕ ਆਦ ਅਰ ਸਮੂਦ ਉਪਰ ਹੋਈ ਸੀ ਉਸ ਪ੍ਰਕਾਰ ਦੀ ਕੜਕ ਨਾਲ ਮੈਂ ਤੁਸਾਂ ਨੂੰ ਭੀ ਸਭੈ ਕਰਦਾ ਹਾਂ ॥ ੧੩ ॥ ਕਿ ਉਹਨਾਂ ਦੇ ਪਾਸ ( ਭੀ ) ਓਹਨਾਂ ਦੇ ਅਗੋਂ ਅਰ ਓਹਨਾਂ ਦੇ ਪਿਛੋਂ (ਅਰ-ਥਾਤ ਬਹੁਲਤਾ ਕਰਕੇ ) ਪੈਯੰਬਰ ਆਏ ( ਅਰ ਪੈਯੰਬਰਾਂ ਨੇ ਓਹਨਾਂ ਨੂੰ ਸਮਝਾਇਆ ) ਕਿ ਖ਼ੁਦਾ ਦੇ ਸਿਵਾ ਕਿਸੇ ਦੀ ਬੰਦਗੀ ਨਾ ਕਰੋ ਵੁਹ ਲਗੇ ਕਹਿਣ ਯਦੀ ਸਾਡੇ ਪਰਵਰਦਿਗਾਰ ਨੂੰ ( ਪੈਯੰਬਰਾਂ ਦਾ ਭੇਜਣਾ ) ਅਭੀਸ਼ਟ

Digitized by Panjab Digital Library | www.panjabdigilib.org

ਹੁੰਦਾ ਤੇ ਅਕਾਸ਼ ਥੀਂ ) ਫਰਿਸ਼ਤੇ ਉਤਾਰਦਾ ਭਾਵ ਜੋ ( ਦੀਨ ) ਦੇਕੇ ਤੁਸੀਂ ਲੋਗ ਭੇਜੇ ਗਏ ਹੋ ਅਸੀਂ ਤਾਂ ਓਸ ਨੂੰ ਮੰਨਦੇ ਨਹੀਂ ॥ ੧੪ ॥ ਸੋ ( ਵੁਹ ਜੋ ) ਆਦ ਦੇ ਲੋਗ ਸਨ ਲਗੇ ਨਾਹਕ ਦੇਸ ਵਿਚ ਅਭਿਮਾਨ ਕਰਨ ਅਰ ਬੋਲੇ ਕਿ ਬਲ ਬੂਤੇ ਵਿਚ ਸਾਡੇ ਨਾਲੋਂ ਵਧ ਕੇ ਹੋਰ ਕੌਨ ( ਹੈ )? ਕੀ ਓਹਨਾਂ ਨੂੰ ਏਤਨੀ ਨਾ ਸੁਝੀ ਕਿ ਜਿਸ ਅੱਲਾ ਨੇ ਓਹਨਾਂ ਨੂੰ ਪੈਦਾ ਕੀਤਾ ਵੁਹ ਬਲ ਬੂਤੇ ਵਿਚ ਓਹਨਾ ਨਾਲੋਂ ਕਈ ਗੁਣਾ ਚੜਕੇ ਹੈ ਭਾਵ ਵੁਹ ਲੋਗ ਸਾਡੀਆਂ ਆਇਤਾਂ ਥੀਂ ਨਨਾਕਾਰ ਹੀ ਕਰਦੇ ਰਹੇ ॥ ੧੫ ॥ ਤੇ ਅਸਾਂ ਨੇ ( ਭੀ ਓਹਨਾਂ ਦੇ ) ਭੈੜਿਆਂ ਦਿਨਾਂ ਵਿਚ ਉਹਨਾਂ ਉਪਰ ਬੜੇ ਜੋਰ ਦੀ ਅੰਧੇਰੀ ਛਡੀ ਤਾਂ ਕਿ ਸੰਸਾਰਿਕ ਜੀਵਨ ਵਿਚ ਉਹਨਾਂ ਨੂੰ ਜ਼ਿਲਤ ( ਤਥਾ ਖਵਾਰੀ ) ਦੇ ਅਜ਼ਾਬ ਦਾ ਸਵਾਦ ਚਖਾਣ ਅਰ ਆਖਰਤ ਦਾ ਅਜ਼ਾਬ ( ਓਹਨਾਂ ਨੂੰ ) ਬਹੁਤ ਰੁਸਵਾ ਕਰਨ ਵਾਲਾ ਹੋਵੇਗਾ ਅਰ ( ਓਸ ਵੇਲੇ) ਓਹਨਾਂ ਨੂੰ ( ਕਿਸੇ ਪਾਸਿਓਂ ) ਮਦਦ ( ਭੀ ) ਨਹੀਂ ਮਿਲੇਗੀ ॥ ੧੬ ॥ ਅਰ ਰਹਿਆ ਸਮੂਦ ਤਾਂ ਓਸ ਨੂੰ ਅਸਾਂ ਨੇ ( ਸਰਲ ) ਮਾਰਗ ਦਸ ਦਿਤਾ ਸੀ ਪਰੰਤੂ ਓਹਨਾਂ ਨੇ ਸਰਲ ਮਾਰਗ ਛਡ ਕੇ ਕੁਮਾਰਗ ਤਾਈ ਧਾਰਨ ਕੀਤੀ ਫਲ ਯਿਹ ਹੋਇਆ ਕਿ ਓਹਨਾਂ ਦੀਆਂ ਬਦ ਕਰਦਾਰੀਆਂ ਦੇ ਕਾਰਨੋਂ ਓਹਨਾਂ ਨੂੰ ਜ਼ਿਲਤ ਦੇ ਅਜ਼ਾਬ ਦੀ ਕੜਕ ਨੇ ਆਣ ਘੇਰਿਆ ॥ ੧੭ ॥ ਅਰ ਜੋ ਲੋਗ ਈਮਾਨ ਧਾਰ ਬੈਠੇ ਅਰ ( ਸਾਡੇ ਪਾਸੋਂ ) ਡਰਦੇ ਸਨ ਓਹਨਾਂ ਨੂੰ ਅਸਾਂ ਨੇ ( ਏਸ ਮੁਸੀਬਤ ਥੀਂ ) ਬਚਾ ਲੀਤਾ ॥ ੧੮ ॥ ਰੁਕੂਹ ੨ ॥

ਅਰ ਜਿਸ ਦਿਨ ਖੁਦਾ ਦੇ ਬੈਰੀ ( ਅਰਥਾਤ ਕਾਫਰ ) ਨਰਕਾਂ ਦੀ ਤਰਫ ਧਕੇਲੇ ਜਾਣਗੇ ਫੇਰ ਵੁਹ ( ਹੋਰ ਨਾਰਕੀਆਂ ਦੇ ਇਕਤ੍ਰ ਹੋਣ ਦੀ ਉਡੀਕ ਵਿਚ ) ਰੋਕੇ ਜਾਣਗੇ ॥ ੧੯ ॥ ਏਥੋਂ ਤਕ ਕਿ ( ਜਦੋਂ ਸਾਰੇ ) ਨਰਕਾਂ ਉਪਰ ਆਣ ਇਕੱਤ੍ਰ ਹੋਣਗੇ ਤੇ ਜੈਸੇ ੨ ਕਰਮ ਯਿਹ ਲੋਗ ਕਰਦੇ ਰਹੇ ਹਨ ਓਹਨਾਂ ਦੇ ਕੰਨ ਅਰ ਓਹਨਾਂ ਦੀਆਂ ਅੱਖੀਆਂ ਅਰ ਓਹਨਾਂ ਦੇ ( ਮਾਂਸ ) ਤਵਚਾ ਓਹਨਾਂ ਦੇ ਮੁਕਾਬਲੇ ਵਿਚ (ਉਹਨਾਂ ਦੇ ਕਰਮਾਂ ਦੀ) ਗਵਾਹੀ ਦੇਣਗੇ ॥ ੨੦ ॥ ਅਰ ਯਿਹ ਲੋਗ ਆਪਣੀ ( ਮਾਸ ) ਤਵਚਾ ਪਾਸੋਂ ਪੁਛਣਗੇ ਕਿ ( ਭਲਾ ) ਤੂੰ ਨੇ ਸਾਡੇ ਵਿਰੁਧ ਗਵਾਹੀ ਕਿਉਂ ਦਿਤੀ ਹੋਵੇਗੀ ? ਉਹ ਜ਼ਵਾਬ ਦੇਣਗੇ ਕਿ ਜਿਸ ( ਖੁਦਾ ) ਨੇ ਸਰਬ ਵਸਤੂਆਂ ਨੂੰ ਬੁਲਾਇਆ ਹੈ ਓਸੇ ਨੇ ਸਾਨੂੰ ਭੀ ( ਆਪਣੀ ਸ਼ਕਤੀ ਨਾਲ ) ਬੁਲਾ ਲੀਤਾ ਅਰ ਓਸੇ ਨੇ ਤੁਸਾਂ ਨੂੰ ਪ੍ਰਥਮ ਬਾਰ ਉਤਪਤ ਕੀਤਾ ਸੀ ਅਰ ਹੁਣ ਤੁਸੀ ਲੋਗ ਓਸੇ ਦੀ ਤਰਫ ਲੋਟਾ ਕਰ ਲੈ ਆਂਦੇ ਜਾ ਰਹੇ ਹੋ ॥ ੨੧ ॥ ਅਰ ( ਪਾਪ ਕਰਨ ਦੇ ਵੇਲੇ ) ਤੁਸੀਂ ਪਰਦਾ ਪੋਸ਼ੀ ( ਭੀ ) ਕਰਦੇ ਸੀ ( ਤੇ ) ਐਸੇ ਖਿਆਲ

Digitized by Panjab Digital Library | www.panjabdigilib.org

ਨਾਲ ਨਹੀਂ ਕਿ ( ਕਲ ਨੂੰ ) ਤੁਸਾਂ ਦੇ ਕੰਨ ਅਰ ਤੁਸਾਂ ਦੀਆਂ ਅੱਖੀਆਂ ਅਰ ਤੁਸਾਂ ਦੀ ( ਮਾਸ ) ਤਵਚਾ ਤੁਸਾਂ ਦੇ ਵਿਰੁਧ ਗਵਾਹੀ ਦੇਣ ਨੂੰ ਖੜੇ ਹੋ ਜਾਣਗੇ ਪ੍ਰਤੁਤ ਤੁਸਾਂ ਨੂੰ ਤਾਂ ਯਿਹ ਖਿਆਲ ਸੀ ਕਿ ਤੁਸਾਂ ਦਿਆਂ ਬਹੁਤ ਸਾਰਿਆਂ ਕਰਮਾਂ ਥੀਂ ਖ਼ੁਦਾ ( ਭੀ ) ਗਜਾਤ ਨਹੀਂ ॥ ੨੨ ॥ ਅਰ ( ਯਿਹ ) ਬਦ ਗੁਮਾਨੀ ਜੋ ਤੁਸਾਂ ਨੇ ਆਪਣੇ ਪਰਵਰਦਿਗਾਰ ਦੇ ਹਕ ਵਿਚ ਕੀਤੀ ਤੁਸਾਂ ਦੀ ਏਸੇ ਬਦ ਗੁਮਾਨੀ ਨੇ ਤੇ ( ਅਜ ) ਤੁਸਾਂ ਨੂੰ ਬਰਬਾਦ ਕੀਤਾ ਅਰ ਤੁਸੀਂ ਘਾਟੇ ਵਿਚ ਆ ਗਏ ॥ ੨੩ ॥ ਤੇ ਯਦੀ ਯਿਹ ਲੋਗ ਸਬਰ ਕਰ ( ਕੇ ਚੁਪ ਕਰ ) ਰਹਿਣ ਤੇ ਭੀ ਏਹਨਾਂ ਦਾ ਟਿਕਾਣਾ ਨਰਕ ਹੈ ਅਰ ਯਦੀ ਮਾਫੀ ਦੀ ਇਛਾ ਕਰਨ ਤੇ ਏਹਨਾਂ ਨੂੰ ਮਾਫੀ ( ਭੀ ) ਨਹੀਂ ਦਿਤੀ ਜਾਵੇਗੀ ॥ ੨੪ ॥ ਅਰ ਅਸਾਂ ਨੇ ਏਹਨਾਂ (ਕਾਫਰਾਂ) ਦੇ ਨਾਲ (ਬੁਰੇ) ਹਮਜੋਲੀ ਨਿਯਤ ਕਰ ਦਿਤੇ ਸਨ ਤੇ ਓਹਨਾਂ ਨੇ ਏਹਨਾਂ ਦੇ ਅਗਲੇ ਅਰ ਪਿਛਲੇ ਸੰਪੂਰਨ ਬ੍ਰਿਤਾਂਤ ਏਹਨਾਂ ਦੀ ਦ੍ਰਿਸ਼ਟੀ ਵਿਚ ਚੰਗੇ ਕਰ ਦਿਖਾਏ ਅਰ ਏਹਨਾਂ ਨਾਲੋਂ ਪਹਿਲੇ ਜਿੰਨਾਂ ਦੀ ਅਰ ਆਦਮੀਆਂ ਦੀ (ਔਰ ) ਬਹੁਤ ਸਾਰੀਆਂ (ਮਨਮੁਖ) ਉਮਤਾਂ (ਜਾਤੀਆਂ)ਹੋ ਗੁਜਰੀਆਂ ਸਨ ਓਹਨਾਂ ਦੇ ਸ਼ਾਮਲ ਵਿਚ ( ਅਜਾਬ ਦਾ ) ਬਚਨ ਏਹਨਾਂ ਦੇ ਹਕ ਵਿਚ ਭੀ ਪੂਰਾ ਹੋਕੇ ਰਹਿਆ ਨਿਰਸੰਦੇਹ ਯਿਹ ਲੋਗ ( ਆਦ ਸੇ ) ਹੀ ਆਪਣੇ ਨੁਕਸਾਨ ਦੇ ਹੀ ਪਿਛੇ ਪਏ ਸਨ ॥ ੨੫ ॥ਰੁਕੂਹ੩॥

ਅਰ ਜੋ ਲੋਗ ਮੁਨਕਰ ਹਨ ਵੁਹ ( ਇਕ ਦੂਸਰੇ ਨੂੰ ) ਕਹਿਆ ਕਰਦੇ ਹਨ ਕਿ ਇਸ ਕੁਰਾਨ ਨੂੰ ਸੁਣੋ ਹੀ ਨਾ ਅਰ ( ਸੁਨਾਣ ਲਗਣ ਤੇ ) ਏਸ ( ਦੇ ਵਿਚ ) ਹੀ ਰੌਲਾ ਗੌਲਾ ਪਾ ਦਿਤਾ ਕਰੋ ਸੰਭਾਵਨਾ ਹੈ ਕਿ ( ਇਸ ਤਦਬੀਰ ਨਾਲ ) ਤੁਸੀਂ ( ਮੁਸਲਮਾਨਾਂ ) ਪਾਸੋਂ ਬਾਜੀ ਲੈ ਜਾਓ ॥ ੨੬ ॥ ਤੇ ਜੋ ਲੋਗ ( ਦੀਨ ਇਸਲਾਮ ਥੀਂ ) ਮੁਨਕਰ ਹਨ ਅਸੀਂ ਉਨ੍ਹਾਂ ਨੂੰ ਜਰੂਰ ( ਹੀ ) ਸਖਤ ( ਆਜ਼ਾਬ ਦਾ ) ਸਵਾਦ ਚਖਾ ਕੇ ਹਟਾਂਗੇ ਅਰ ਜ਼ਰੂਰ ਉਨਹਾਂ ਦੇ ( ਏਹਨਾਂ ) ਨਖਿਧ ਕਰਮਾਂ ਦਾ ਬਦਲਾ ਦੇਵਾਂਗੇ ॥ ੨੭ ॥ ਯਿਹ ਨਰਕ ( ਹੀ ) ਖੁਦਾ ਦੇ ਬੈਰੀਆਂ ( ਅਰਥਾਤ ਕਾਫਰਾਂ ) ਦਾ ਬਦਲਾ ਹੈ ਕਿ ਵੁਹ ਜੋ ਸਾਡੀਆਂ ਆਇਤਾਂ ਥੀਂ ਇਨਕਾਰ ਕਰਦੇ ਸਨ ਉਸ ਦੀ ਸਜਾ ਵਿਚ ਓਹਨਾਂ ਨੂੰ ਸਦੈਵ ਵਾਸਤੇ ਨਰਕਾਂ ਵਿਚ ਅਸਥਾਨ ਮਿਲਿਆ ॥ ੨੮ ॥ ਅਰ ਜੋ ਲੋਗ ਮੁਨਕਰ ਹਨ ( ਪ੍ਰਲੈ ਵਿਚ ) ਕਹਿਣਗੇ ਕਿ ਹੇ ਸਾਡੇ ਪਰਵਰਦਿਗਾਰ ਸ਼ੈਤਾਨ ਅਰ ਆਦਮੀ ਜਿਨਹਾਂ ਨੇ ਸਾਨੂੰ ਕੁਮਾਰਗੀ ਕੀਤਾ ਸੀ ( ਇਕ ਪਲ ਭਰ ) ਉਨਹਾਂ ਨੂੰ ਸਾਡੇ ਤਾਈਂ ( ਭੀ ਤੇ ) ਦਿਖਾ ਕਿ ਅਸੀਂ ਉਨਹੀਂ ਨੂੰ ਆਪਣਿਆਂ ਪੈਰਾਂ ਦੇ ਹੇਠਾਂ ( ਲਤਾੜ ) ਸਿਟੀਏ ਤਾਂ ਕਿ ਵੁਹ ਬਹੁਤ ਹਾ ਹੀਣ ਹੋਣ ॥ ੨੯ ॥ ਨਿਰਸੰਦੇਹ ਜਿਨਹਾਂ ਲੋਗਾਂ ਨੇ ਇਕਰਾਰ ਕੀਤ

Digitized by Panjab Digital Library | www.panjabdigilib.org

ਕਿ ਅੱਲਾ ਹੀ ਸਾਡਾ ਪਰਵਰਦਿਗਾਰ ਹੈ ਫੇਰ ( ਏਸੇ ਬਚਨ ਵਿਚ ) ਇਸਥਿਤ ਰਹੇ ( ਮਰਦੀ ਵੇਰੀ ) ਉਨਹਾਂ ਉਪਰ ( ਰਹਿਮਤ ਦੇ ) ਫਰਿਸ਼ਤੇ ਨਾਜ਼ਲ ਹੋਨਗੇ ( ਅਰ ਉਨਹਾਂ ਨੂੰ ਕਹਿਣਗੇ ) ਕਿ ( ਅਗੇ ਵਾਸਤੇ ) ਨਾਂ ਤਾਂ ( ਕਿਸੇ ਪਰਕਾਰ ਦਾ ) ਭੈ ਕਰੋ ਅਰ ਨਾ ( ਤਾਂ ਕਿਸੇ ਪਰਕਾਰ ਦਾ ) ਰੰਜ ਅਰ ਸਵਰਗ ਜਿਸ ਦਾ ਤੁਸਾਂ ਨਾਲ ਬਚਨ ਕੀਤਾ ਜਾਂਦਾ ਸੀ ਹੁਣ ਉਸ ਦੀਆਂ ਖੁਸ਼ੀਆਂ ਮਨਾਓ ॥੩੦॥ ਸੰਸਾਰਿਕ ਜੀਵਨ ਵਿਚ ਭੀ ਅਸੀਂ (ਖੁਦਾ ਦੇ ਹੁਕਮ ਨਾਲ ) ਤੁਸਾਂ ਦੇ ( ਹਾਮੀ ਤਥਾ ) ਮਦਦਗਾਰ ਸੇ ਅਰ ਅੰਤ ਨੂੰ ਭੀ ( ਹੋਵਾਂਗੇ ) ਅਰ ਜਿਸ ਵਸਤ ਨੂੰ ਤੁਸਾਂ ਦਾ ਚਿਤ ਚਾਹੇਗਾ ਤੁਸਾਂ ਵਾਸਤੇ ਸਵਰਗ ਵਿਚ ਮੌਜੂਦ ਹੋਵੇਗੀ ਅਰ ਜੋ ਵਸਤੂ ਤੁਸੀਂ ਮੰਗੋਗੇ ਓਥੇ ਵਿਦਮਾਨ ॥ ੩੧ ॥ ( ਯਿਹ ) ਬਖਸ਼ਨੇ ਵਾਲੇ ਮੇਹਰਬਾਨ ( ਅਰਥਾਤ ਖੁਦਾ ) ਦੀ ਤਰਫੋਂ ( ਤੁਸਾਂ ਦੀ ਆਗਤ ਭਾਗਤ ) ਪਾਹੁਨਚਾਰੀ ਹੈ ॥ ੩੨ ॥ ਰੁਕੂਹ ੪ ॥

ਅਰ ਉਸ ਨਾਲੋਂ ਉੱਤਮ ਕਿਸ ਦੀ ਬਾਰਤਾ ਹੋ ਸਕਦੀ ਹੈ ਜੋ ( ਲੋਗਾਂ ਨੂੰ ) ਖੁਦਾ ਦੀ ਤਰਫ ਬੁਲਾਏ ਅਰ ਭਲੇ ਕਰਮ ਭੀ ਕਰੇ ਅਰ ( ਲੋਗਾਂ ਨੂੰ ) ਕਹੇ ਕਿ ਮੈਂ ( ਭੀ ) ਖੁਦਾ ਦੇ ਫਰਮਾਬਰਦਾਰ ਬੰਦਿਆਂ ਵਿਚੋਂ ਹਾਂ ॥ ੩੩ ॥ ਅਰ ( ਹੇ ਪੈਗੰਬਰ ) ਭਲਾਈ ਅਰ ਬੁਰਾਈ ਬਰਾਬਰ ਨਹੀਂ ਹੋ ਸਕਦੀ ਬੁਰਾਈ ਦਾ ਵਿਨਸ਼ਟ ਐਸੇ ਵਰਤਾਓ ਨਾਲ ਕਰੋ ਕਿ ਉਹ ( ਦੇਖਣ ਵਾਲਿਆਂ ਦੀ ਦ੍ਰਿਸ਼ਟੀ ਵਿਚ ) ਬਹੁਤ ਹੀ ਸੁਹਾਵਣਾ ਹੋਵੇ ( ਯਦੀ ਐਸਾ ਕਰੋਗੇ ) ਤੇ ( ਤੁਸੀਂ ਦੇਖ ਲਵੋਗੇ ਕਿ ) ਤੁਸਾਂ ਵਿਚ ਅਰ ਕਿਸੇ ਪੁਰਖ ਵਿਚ ਬੈਰ ਭਾਵ ਸੀ ਤੇ ਹੁਣ ਏਕ ਬਾਰ ਹੀ ਮਾਨੋ ਉਹ ( ਤੁਸਾਂ ਦਾ ) ਪ੍ਰਾਣ ਪਿਆਰਾ ਮਿੱਤ੍ਰ ਹੈ ॥ ੩੪ ॥ ਅਰ ( ਇਹ ) ਸ਼ੁਭ ਬਾਰਤਾ ( ਦੀ ਸ਼ਕਤੀ ) ਓਹਨਾਂ ਹੀ ਲੋਗਾਂ ਨੂੰ ਦਿਤੀ ਜਾਂਦੀ ਹੈ ਜੋ ਸੰਤੋਖੀ ਹੁੰਦੇ ਹਨ ਅਰ ਯਿਹ ਉਨ੍ਹਾਂ ਹੀ ਲੋਗਾਂ ਨੂੰ ਦਿਤੀ ਜਾਂਦੀ ਹੈ ਜਿਨਹਾਂ ਦੇ ਬੜੇ ਉਚੇ ਭਾਗ ਹਨ ॥ ੩੫ ॥ ਅਰ ਯਦੀ ਤੁਸਾਂ ਨੂੰ ਕਿਸੇ ਰੀਤੀ ਦਾ ਸ਼ੈਤਾਨੀ ਵਿਸ ਵਸਾ ਕੁਤਕਤੀਆਂ ਕਰੇ ਤੇ ਖੁਦਾ ਪਾਸੋਂ ਟੇਕ ਮੰਗਲੀਤਾ ਕਰੋ ਕਿ ਵਹੀ ( ਸਾਰਿਆਂ ਦੀ ) ਸੁਣਦਾ ( ਅਰ ਸਭ ਕੁਛ ) ਜਾਣਦਾ ਹੈ ॥ ੩੬ ॥ ਅਰ ( ਜਿਥੇ ਹੋਰ ਬਹੁਤ ਸਾਰੀਆਂ ਨਿਸ਼ਾਨੀਆਂ ਹਨ ) ਖੁਦਾ ਦੀ ( ਕੁਦਰਤ ਦੀਆਂ ) ਨਿਸ਼ਾਨੀਆਂ ਵਿਚੋਂ ਰਾਤ ਅਰ ਦਿਨ ਅਰ ਸੂਰਜ ਚੰਦ੍ਰ ਭੀ ਹਨ ( ਤੇ ਲੋਗੋ ) ! ਨਾ ( ਤੇ ) ਸੂਰਜ ਨੂੰ ਮੱਥਾ ਟੇਕਣਾ ਅਰ ਨਾ ਚੰਦ੍ਰ ਨੂੰ । ਯਦੀ ਤੁਸਾਂ ਖੁਦਾ ਦੀ ਇਬਾਦਤ ਕਰਨੀ ਹੈ ਤੇ ਅੱਲਾ ਨੂੰ ਹੀ ਸਜਦਾ ਕਰਨਾ ਜਿਸ ਨੇ ਏਹਨਾਂ ਵਸਤੂਆਂ ਨੂੰ ਉਤਪਤ ਕੀਤਾ ਹੈ ॥ ੩੭ ॥ ਬਸ ( ਹੇ ਪੈਗੰਬਰ ) ਯਦੀ ( ਯਿਹ ਲੋਗ ਅਜੇ ਭੀ ) ਅਭਿਮਾਨ ਕਰਨ ਤੇ ( ਖੁਦਾ ਦੇ ਹਾਂ ਬੰਦਗੀ ਕਰਨ ਵਾਲਿਆਂ ਦਾ ਮਹਿੰਘ ਨਹੀਂ ) ਜੋ ( ਫਰਿਸ਼ਤੇ ) ਤੁਸਾਂ ਦੇ

Digitized by Panjab Digital Library | www.panjabdigilib.org

ਪਰਵਰਦਿਗਾਰ ਦੀ ਦਰਗਾਹ ਵਿਚ ਹਨ ਉਹ ਰਾਤ ਦਿਨ ਓਸੇ ਦੀ ਹੀ ਉਸਤਤੀ ਵਿਚ ਲਗੇ ਰਹਿੰਦੇ ਹਨ ਅਰ ਉਹ ( ਕਦੇ ਭੀ ) ਨਹੀਂ ਅਕਦੇ ॥ ੩੮ ॥ ਅਰ ( ਹੇ ਪੈਯੰਬਰ ) ਉਸਦੀਆਂ ( ਕੁਦਰਤ ਦੀਆਂ ) ਨਿਸ਼ਾਨੀਆਂ ਵਿਚੋਂ ਇਕ ਯਿਹ ਹੈ ਕਿ ਤੁਸੀਂ ਪ੍ਰਿਥਵੀ ਨੂੰ ਦੇਖਦੇ ਹੋ ਕਿ ( ਸੁਨਮਸਾਨ ) ਹਿਲਣ ਜੁਲਣ ਥੀਂ ਰਹਿਤ ( ਜੜ ਰੂਪ ) ਪਈ ਹੈ ਫੇਰ ਜਦੋਂ ਅਸੀਂ ਉਸ ਉਪਰ ਬਰਖਾ ਕਰ ਦੇਂਦੇ ਹਾਂ ਤੋ ਬਸ ਹਰੀ ਭਰੀ ਹੋ ਔਰ ਫੁਲ ਜਾਂਦੀ ਹੈ ਜਿਸ ਨੇ ਏਸ ( ਪ੍ਰਿਥਵੀ ) ਨੂੰ ਸੁਰਜੀਤ ਕੀਤਾ ਵਹੀ ( ਖੁਦਾ ਪ੍ਰਲੈ ਦੇ ਦਿਨ ) ਮੁਰਦਿਆਂ ਨੂੰ ਭੀ ਸੁਰਜੀਤ ਕਰਨ ਵਾਲਾ ਹੈ ਨਿਰਸੰਦੇਹ ਉਹ ਸਰਬ ਵਸਤੂਆਂ ਉਪਰ ਕਾਦਰ ਹੈ ॥ ੩੯ ॥ ਜੋ ਲੋਗ ਸਾਡੀਆਂ ਆਇਤਾਂ ਵਿਚ ਘੁਤਕਲਾਂ ਉਤਪਨ ਕਰਦੇ ਹਨ ਸਾਡੇ ਪਾਸੋਂ ( ਉਨਹਾਂ ਦਾ ਹਾਲ ) ਗੁਝਾ ਛਿੰਨਾ ਨਹੀਂ ਹੈ ਭਲਾ ਜੋ ਪੁਰਖ ( ਅੰਤ ) ਨਰਕਾਂ ਵਿਚ ਸਿਟਿਆ ਜਾਵੇ ਉਹ ਉੱਤਮ ਕਿੰਬਾ ਉਹ ਪੁਰਖ ਜੋ ਪ੍ਰਲੈ ਦੇ ਦਿਨ ਆਵੇ ਅਰ ਉਸ ਨੂੰ ( ਕਿਸੇ ਬਾਤ ਦਾ ) ਖਟਕਾ ਨਾ ਹੋਵੇ ? ( ਲੋਗੋ ) ਜੋ ਚਾਹੋ ਸੋ ਕਰੋ ਜੋ ਕੁਛ ਭੀ ਤੁਸੀਂ ਕਰਦੇ ਹੋ ਖੁਦਾ ਉਸ ਨੂੰ ਦੇਖ ਰਹਿਆ ਹੈ ॥ ੪੦ ॥ ਜਿਨਹਾਂ ਲੋਗਾਂ ਦੇ ਪਾਸ ( ਕੁਰਾਨ ਵਰਗੀ ) ਸਿਖਿਆ ਆਈ ਅਰ ਉਨਹਾਂ ਨੇ ਉਸ ਨੂੰ ਨਾਂ ਮੰਨਿਆਂ ( ਉਹ ਭੀ ਅੰਤ ਨੂੰ ਆਪਣਾ ਹਾਲ ਦੇਖ ਲੈਣਗੇ ) ਅਰ ਯਿਹ ( ਕੁਰਾਨ ) ਤੋ ਬੜੇ ਪਰਤਾਪ ਵਾਲੀ ਪੁਸਤਕ ਹੈ ॥ ੪੧ ॥ ਕਿ ਝੂਠ ਨਾਂ ਤੋ ਏਸ ਦੇ ਅਗਲੇ ( ਪਾਸਿਓਂ ਹੀ ) ਏਸ ਦੇ ਸਾਹਮਣੇ ਦਮ ਮਾਰ ਸਕਦਾ ਹੈ ਅਰ ਨਾਂ ਏਸ ਦੇ ਪਿਛਲੇ ( ਪਾਸਿਓਂ ਕਾਹੇ ਤੇ ) ਯੁਕਤੀ ਵਾਲੇ ਮਹਿਮਾਂ ਜੋਗ ( ਅਰਥਾਤ ਖੁਦਾ ) ਦੀ ( ਤਰਫੋਂ ) ਉਤਾਰੀ ਹੋਈ ਹੈ ॥ ੪੨ ॥ ( ਹੇ ਪੈਯੰਬਰ ) ਤੁਸਾਂ ਨੂੰ ( ਭੀ ) ਵਹੀ ਬਾਰਤਾ ਕਹੀ ਜਾਂਦੀ ਹੈ ਜੋ ਤੁਸਾਂ ਨਾਲੋਂ ਪਹਿਲੇ ( ਔਰ ) ਪੈਯੰਬਰਾਂ ਨੂੰ ਕਹੀ ਗਈ ਹੈ ਨਿਰਸੰਦੇਹ ਤੁਸਾਂ ਦਾ ਪਰਵਰਦਿਗਾਰ ( ਪਾਪਾਂ ਦੇ ) ਬਖਸ਼ਣੇ ਵਾਲਾ ਭੀ ਹੈ ਅਰ ਉਸ ਦਾ ਡੰਡ ਭੀ ਕਠਿਣ ਹੈ ॥ ੪੩ ॥ ਅਰ ਯਦੀ ਅਸੀਂ ਏਸ ਨੂੰ ਅਰਬੀ ਥੀਂ ਸਿਵਾ (ਕਿਸੇ) ਦੂਸਰੀ ਭਾਸ਼ਾ ਦਾ ਕੁਰਾਨ ਬਨਾਉਂਦੇ ਤੋ ( ਯਿਹ ਮੱਕੇ ਦੇ ਕਾਫਰ ) ਜਰੂਰ ਕਹਿੰਦੇ ਕਿ ਏਸ ਦੀਆਂ ਆਇਤਾਂ ( ਸਾਡੀ ਹੀ ਭਾਸ਼ਾ ਵਿਚ ਸਾਨੂੰ ) ਭਲੀ ਪਰਕਾਰ ਖੋਲ ( ਖੋਲ ) ਕੇ ਕਿਸ ਵਾਸਤੇ ਨਹੀਂ ਸਮਝਾਈਆਂ ਗਈਆਂ ਕੈਸੀ ( ਅਸਚਰਜ ਬਾਰਤਾ ਹੈ ਕਿ ਕੁਰਾਨ ਦੀ ਭਾਸ਼ਾ ) ਅਜਮੀ ( ਅਰਥਾਤ ਓਪਰੀ ) ਅਰ ( ਸਾਡੀ ) ਅਰਬੀ। ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਜੋ ਲੋਗ ਈਮਾਨ ਧਾਰੀ ਹਨ ਉਨ੍ਹਾਂ ਵਾਸਤੇ ਤਾਂ ( ਯਿਹ ਕੁਰਾਨ ਸਿਰ ਥੀਂ ਲੈਕੇ ਪੈਰਾਂ ਤਕ ) ਸਿਖਜਾ ਅਰ (ਮਾਨਸਿਕ ਵਜਬਾ ਅਰਥਾਤ ਭੇਦ ਬੁਧੀ ਤਥਾ ਬਦ-

Digitized by Panjab Digital Library | www.panjabdigilib.org

ਇਖਲਾਕੀ ਦੀ) ਔਖਧੀ ਹੈ ਅਰ ਜੋ ਈਮਾਨ ਥੀਂ ਬੇਮੁਖ ਹਨ ਉਨਹਾਂ ਦੇ ਕੰਨਾਂ (ਵਾਸਤੇ) ਗਿਰਾਨੀ ਅਰ ਵੁਹ ਉਨਹਾਂ ( ਦੀਆਂ ਅੱਖੀਆਂ ) ਵਾਸਤੇ ਅੰਧੇਰਾ ਹੈ (ਮਾਨੋਂ) ਜਿਹ ਲੋਗ ਬੜੇ ਦੁਰਾਡੇ ਅਸਥਾਨੋਂ ਬੁਲਾਏ ਜਾਂਦੇ ਹਨ (ਕਿ ਏਹਨਾਂ ਨੂੰ ਕੁਛ ਸੁਣਾਈ ਨਹੀਂ ਦੇਂਦਾ) ॥ ੪੪ ॥ ਰੁਕੂਹ ੫ ॥

ਅਰ ਅਸਾਂ ਨੇ ਹੀ ਮੂਸਾ ਨੂੰ ( ਭੀ ) ਕਿਤਾਬ ( ਅਰਥਾਤ ਤੌਰਾਤ ) ਦਿਤੀ ਸੀ ਉਸ ਵਿਚ (ਭੀ ਬੜੇ ੨) ਇਖਤਲਾਫ (ਫਰਕ) ਹੋਏ ਅਰ ( ਹੇ ਪੈਯੰਬਰ ) ਯਦੀ ਤੁਸਾਂ ਦੇ ਪਰਵਰਦਿਗਾਰ (ਦੀ ਤਰਫੋਂ ਪ੍ਰਲੈ ਵਿਚ ਹੀ ਫੈਸਲਾ ਕਰਨ ਦੀ ਆਗਯਾ ) ਪਹਿਲੇ ਤੋਂ ਹੀ ਆਈ ਨਾ ਹੁੰਦੀ ਤਾਂ ਇਸ ਵਿਚ ( ਏਹਨਾਂ ਦੇ ਫਰਕਾਂ ਦਾ ) ਫੈਸਲਾ ( ਕਦੋਂਕਣਾ ) ਕਰ ਦਿਤਾ ਗਿਆ ਹੁੰਦਾ ਅਰ ਐਸੇ ਹੀ ਜਿਹ ਲੋਗ ਕੁਰਾਨ ਵਲੋਂ ( ਭੀ ) ਭ੍ਰਾਮਕ ਬੁਧੀ ਵਿਚ ਹੀ ਪੜੇ ਹੋਏ ਹਨ ॥ ੪੫ ॥ (ਹੇ ਪੈਯੰਬਰ) ਜੋ ਭਲੇ ਕਰਮ ਕਰਦਾ ਹੈ ਤੇ ਕੇਵਲ ਆਪਣੇ ਵਾਸਤੇ, ਅਰ ਜੋ ਬੁਰੇ ਕਰਮ ਕਰਦਾ ਹੈ ਤੇ ( ਉਸੇ ਦਾ ਕਸ਼ਟ ) ਉਸੇ ਉਪਰ ( ਹੀ ਪਵੇਗਾ ) ਅਰ ਤੁਸਾਂ ਦਾ ਪਰਵਰਦਿਗਾਰ ਤੋਂ ਬੰਦਿਆਂ ਉਪਰ ਕਦਾਪਿ ਜੁਲਮ ਨਹੀਂ ਕਰਦਾ ॥ ੪੬ ॥ *ਉਸੇ ਦੀ ਤਰਫ ਪ੍ਰਲੈ ਦੇ ਗਿਆਨ ਦਾ ਹਵਾਲਾ ਦਿਤਾ ਜਾਂਦਾ ਹੈ (ਅਰਥਾਤ ਵਹੀ ਜਾਣਦਾ ਹੈ ਕਿ ਕਦੋਂ ਹੋਵੇਗੀ ) ਅਰ ਨਾ ਫਲ ਹੀ ਆਪਣਿਆਂ ਗਭਿਆਂ ਵਿਚੋਂ ਨਿਕਲਨ ਅਰ ਨਾ ਕਿਸੇ ਇਸਤ੍ਰੀ ਨੂੰ ਹੀ ਗਰਭ ਰਹੇ ਅਰ ਨਾ ਵੁਹ ਜਣੇ ਪਰੰਤੂ (ਜਿਹ ਸਭ ਕੁਛ) ਉਸੇ (ਖੁਦਾ) ਦੀ ਵਿਦਜਾ ( ਤਥਾ ਇੱਛਾ ) ਨਾਲ ( ਹੋ ਜਾਂਦਾ ਹੈ ) ਅਰ ਜਦੋਂ ( ਪ੍ਰਲੈ ਦੇ ਦਿਨ ) ਖੁਦਾ ਲੋਗਾਂ ਨੂੰ ਬੁਲਾਵੇਗਾ ( ਅਰ ਪੁਛੇਗਾ ) ਕਿ ( ਜਿਨਹਾਂ ਨੂੰ ਤੁਸੀਂ ਸਾਡੇ ਸ਼ਰੀਕ ਠਹਿਰਾਉਂਦੇ ਸੀ ਵੁਹ ) ਸਾਡੇ ਸ਼ਰੀਕ ( ਹੁਣ ) ਕਿਥੇ ਹਨ ਵੁਹ ਉਤਰ ਦੇਣਗੇ ਕਿ ਅਸੀਂ ਤਾਂ ਆਪ ਅਗੇ ਬੇਨਤੀ ਕਰ ਦੇਂਦੇ ਹਾਂ ਕਿ ਸਾਡੇ ਵਿਚੋਂ ਤਾਂ ਕੋਈ ( ਉਨਹਾਂ ਸ਼ਰੀਕਾਂ ਦਾ ) ਜਾਣੂ ਨਹੀਂ ॥ ੪੭ ॥ ਅਰ ਜਿਨਹਾਂ ਮਾਬੂਦਾਂ ਨੂੰ ਪਹਿਲੇ ਜਿਹ ਲੋਗ ਬੁਲਾਇਆ ਕਰਦੇ ਸਨ ਹੁਣ ਉਨਹਾਂ ( ਪਾਸੋਂ ਐਸੇ ) ਖੋਏ ਜਾਣਗੇ ( ਕਿ ਕਿਤੇ ਪਤਾ ਨਿਸ਼ਾਨ ਨਾ ਮਿਲੇਗਾ ) ਅਰ ਜਿਹ ਲੋਗ ਸਮਝ ਲੈਣਗੇ ਕਿ ( ਹੁਣ ) ਏਨਹਾਂ ਵਾਸਤੇ ਕਿਤੇ ਨੱਸ ਭੱਜ ਜਾਣ ਦੀ ਜਗਹਾਂ ਨਹੀਂ ॥ ੪੮ ॥ ਆਦਮੀ ਭਲਾਈ ਦੀ ਪ੍ਰਾਰਥਨਾਂ ਥੀਂ (ਕਦਾਪੀ ) ਨਹੀਂ ਉਕਤਾਂਦਾ ਅਰ ਯਦੀ ਉਸ ਨੂੰ ਤਕਲੀਫ ਪਹੁੰਚਦੀ ਹੈ ਤੇ ਖਿਣ ਚਿਤ ( ਅਰ ) ਬਿਲਕੁਲ ਨਾ ਉਮੈਦ ( ਹੋ ਜਾਂਦਾ ਹੈ ) ॥ ੪੯ ॥ ਅਰ ਯਦੀ ਉਸ ਨੂੰ ਕੋਈ ਤਕਲੀਫ ਪਹੁੰਚ ਜਾਂਦੀ ਹੈ ਅਰ ਏਸ ਥੀਂ ਪਿਛੋਂ ਅਸੀਂ ਉਸ ਨੂੰ ਆਪਣੀ ਮੇਹਰਬਾਨੀ ( ਦਾ ਸਵਾਦ )

*ਹੁਣ "ਇਲੈਹੇ ਯਰਦ" ਨਾਮੀ ਪਚੀਸਵਾਂ ਪਾਰਾ ਚਲਾ ॥

Digitized by Panjab Digital Library | www.panjabdigilib.org

ਚਖਾ ਦੇਂਦੇ ਹਾਂ ਤੇ ਕਹਿਣ ਲਗਦਾ ਹੈ ਕਿ ਯਿਹ ਤੋ ਮੇਰਾ ਹੋ ਗਇਆ ਅਰ ਮੈਂ ਨਹੀਂ ਸਮਝਦਾ ਕਿ ( ਕਦੇ ) ਪ੍ਰਲੈ ਪਰਾਪਤ ਹੋਵੇਗੀ ਅਰ ਯਦੀ ਮੈਨੂੰ ਆਪਣੇ ਪਰਵਰਦਿਗਾਰ ਦੀ ਤਰਫ ਲੋਟ ਕਰ ਜਾਣਾ ਹੋਇਆ ( ਭੀ ) ਤਾਂ ਓਸ ਦੇ ਓਥੇ ( ਭੀ ) ਮੇਰੇ ਵਾਸਤੇ ਭਲਾਈ ਹੀ ( ਭਲਾਈ ) ਹੈ ਤਾਂ ਜੋ ਲੋਗ ( ਪ੍ਰਲੈ ਦੇ ) ਮੁਨਕਰ ਹਨ ਜੈਸੇ ੨ ਕਰਮ ਇਹ ਲੋਗ ਕਰਦੇ ਰਹੇ ਹਨ ( ਪ੍ਰਲੈ ਦੇ ਦਿਨ ਅਸੀਂ ਓਹਨਾਂ ਦਾ ਬੁਰਾ ਭਲਾ ) ਏਨਹਾਂ ਨੂੰ ਜਰੂਰ ਦਸ ਦੇਵਾਂਗੇ ਅਰ ਏਹਨਾਂ ਨੂੰ ਕਠਿਨ ਕਸ਼ਟ ( ਦਾ ਸਵਾਦ ) ਚਖਾਂਵਾਂ ਗੇ ( ਸੋ ਅਲੱਗ ) ॥ ੫੦ ॥ ਅਰ ਜਦੋਂ ਅਸੀਂ ਆਦਮੀ ਉਪਰ ( ਆਪਣੀ ਦਿਆਲਤਾ ਤਥਾ ) ਕਿਰਪਾ ਕਰਦੇ ਹਾਂ ਤਾਂ ਵੁਹ ( ਸਾਡੀ ਤਰਫੋਂ ) ਬੇਮੁਖ ਹੋ ਜਾਂਦਾ ਹੈ ਅਰ ( ਸਾਡੇ ਪਾਸੋਂ ) ਕੰਨੀ ਕਤਰਾ ਜਾਂਦਾ ਹੈ ਅਰ ਜਦੋਂ ਉਸ ਨੂੰ ਤਕਲੀਫ ਪਹੁੰਚਦੀ ਹੈ ਤਾਂ ( ਲੰਬੀਆਂ ) ਚੌੜੀਆਂ ਬੇਨਤੀਆਂ ਕਰਨ ਲਗ ਜਾਂਦਾ ਹੈ ॥ ੫੧ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਭਲਾ ਦੇਖੋ ਤਾਂ ਸਹੀ ਕਿ ਯਦੀ ( ਇਹ ਕੁਰਾਨ ) ਖੁਦਾ ਪਾਸੋਂ ( ਆਇਆ ) ਹੋਵੇ ਅਰ ਇਸ ਥੀਂ ਭੀ ਤੁਸੀਂ ਏਸ ਪਾਸੋਂ ਇਨਕਾਰ ਰਖੋ ਤਾਂ ਜੋ ( ਐਸੇ ) ਪਰਲੇ ਦਰਜੇ ਦੇ ਵੈਰ ਵਿਰੋਧ ਵਿਚ ਪਇਆ ਹੋਵੇ ਓਸ ਨਾਲੋਂ ਵਧਕੇ ( ਹੋਰ ) ਕੌਣ ਕੁਮਾਰਗੀ ( ਹੋ ਸਕਦਾ ਹੈ ) ॥ ੫੨ ॥ ( ਸੋ ) ਸ਼ੀਘਰ ਹੀ ਅਸੀ ਏਹਨਾਂ ਲੋਗਾਂ ਨੂੰ ਆਪਣੀ ( ਕੁਦਰਤ ਦੀਆਂ ) ਨਿਸ਼ਾਨੀਆਂ ( ਸ੍ਰਿਸ਼ਟੀ ਦੀ ) ਤਰਫਾਂ ਵਿਚ ( ਭੀ ) ਦਿਖਲਾਵਾਂਗੇ ਅਰ ਉਨਹਾਂ ਦੇ ਆਪਣੇ ਮਧ ਮੇਂ (ਭੀ) ਏਥੋਂ ਤਕ ਕਿ ਓਹਨਾਂ ਉਪਰ ਪਰਗਟ ਹੋ ਜਾਵੇਗਾ ਕਿ ਇਹ (ਕੁਰਾਨ) ਸਚਾ ਹੈ ਕਿ ਇਸ ਦੀਆਂ ਪੇਸ਼ਗੋਈਆਂ ਪੂਰੀਆਂ ਹੁੰਦੀਆਂ ਚਲੀਆਂ ਜਾ ਰਹੀਆਂ ਹਨ ( ਹੇ ਪੈਯੰਬਰ ) ਕੀ ( ਤੇਰੀ ਤਸੱਲੀ ਵਾਸਤੇ ) ਇਹ ਬਾਤ ਕਾਫੀ ਨਹੀਂ ਕਿ ਤੁਸਾਂ ਦਾ ਪਰਵਰਦਿਗਾਰ ਹਰ ਵਸਤੂ ਦੇ (ਹਾਲ) ਥੀਂ ਗਿਜਾਤ ਹੈ ॥ ੫੩ ॥ ਸੁਣੋ ਜੀ ! ਇਹ ( ਲੋਗ ਤਾਂ ) ਆਪਣੇ ਪਰਵਰਦਿਗਾਰ ਦੇ ਸਨ-ਮੁਖ ਹਾਜ਼ਰ ਹੋਣ ਦੀ ਤਰਫੋਂ ਭ੍ਰਾਮਕ ਬੁਧੀ ਹੋ ਰਹੇ ਹਨ । ਸੁਣੋ ਜੀ ! ਖ਼ੁਦਾ ( ਦੇ ਗਿਆਨ ਅਰ ਉਸਦੀ ਕੁਦਰਤ ਨੇ ) ਹਰ ਵਸਤੂ ਨੂੰ ਘੇਰਿਆ ਹੋਇਆ ਹੈ ॥ ੫੪ ॥ ਰੁਕੂਹ ੬ ॥

# ਸੂਰਤ ਸ਼ੋਰਾ ਮੱਕੇ ਵਿਚ ਉਤਰੀ ਅਰ ਏਸ ਦੀਆਂ ਤ੍ਰਿਵੰਜਾ ਆਇਤਾਂ ਅਰ ਪੰਜ ਰੁਕੂਹ ਹਨ ।

(ਆਰੰਭ)ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ ਅਰ ਕ੍ਰਿਪਾਲੂ (ਹੈ) ਹਾਮ ॥ ੧ ॥ ਅ਼ਾਸਾਕ ॥ ੨ ॥ ( ਹੇ ਪੈਯੰਬਰ ਜਿਸ ਪਰਕਾਰ ਇਹ ਸੂਰਤ

Digitized by Panjab Digital Library | www.panjabdigilib.org

ਤੁਸਾਂ ਉਪਰ ਉਤਾਰੀ ਜਾਂਦੀ ਹੈ ) ਇਸੀ ਪਰਕਾਰ ਅੱਲਾ ਜੋ ਸ਼ਕਤੀਵਾਨ ( ਅਰ ) ਯੁਕਤੀ ਵਾਲਾ ਹੈ ਤੁਸਾਂ ਦੀ ਤਰਫ ਅਰ ਓਹਨਾਂ (ਪੈਯੰਬਰਾਂ ) ਦੀ ਤਰਫ ਜੋ ਤੁਸਾਂ ਨਾਲੋਂ ਪਹਿਲਾਂ ਹੋ ਚੁਕੇ ਹਨ ਵਹੀ (ਆਕਾਸ਼ ਬਾਣੀ ) ਭੇਜਦਾ ਰਹਿਆ ਹੈ ॥ ੩ ॥ ਓਸੇ ਦਾ ਹੀ ਹੈ ਜੋ ਕੁਛ ਅਸਮਾਨਾਂ ਵਿਚ ਹੈ ਅਰ ਜੋ ਕੁਝ ਪ੍ਰਿਥਵੀ ਵਿਚ ਹੈ ਅਰ ਵਹੀ ( ਸੰਪੂਰਨਾਂ ) ਨਾਲੋਂ ਵਡਾ ( ਅਰ ) ਉਚ ਤੇ ਉਚਾ ਹੈ ॥ ੪ ॥ ਅਰ ( ਕੋਈ ) ਦੂਰ ਨਹੀਂ ਕਿ ਆਕਾਸ਼ ( ਉਸ ਦੇ ਡਰਦਿਆਂ ਮਾਰਿਆਂ ) ਆਪਣੇ ਉਪਰ ਦੇ ਪਾਸਿਓਂ ਪਾਟ ਜਾਣ ਅਰ ਫਰਿਸ਼ਤੇ (ਹਨ ਕਿ) ਆਪਣੇ ਪਰਵਰਦਿਗਾਰ ਦੀ ਉਪਮਾਂ ਦੇ ਨਾਲ ( ਉਸ ਦੀ ) ਮਹਿਮਾਂ ਵਿਚ ਲਗੇ ਹਨ ਅਰ ਜੋ ਲੋਗ ਪ੍ਰਿਥਵੀ ਵਿਚ ( ਰਹਿੰਦੇ ) ਹਨ ਉਹਨਾਂ ਦੇ ( ਪਾਪਾਂ ) ਦੀ ਖਿਮਾਂ ਮੰਗਿਆ ਕਰਦੇ ਹਨ । ਭਲੀ ਪਰਕਾਰ ਕੰਨ ਖੋਹਲਕੇ ਸੁਣ ਲਓ ਕਿ ਅੱਲਾ ਹੀ ਪਾਪਾਂ ਦੇ ਮਾਫ ਕਰਨ ਵਾਲਾ ( ਅਰ ) ਮੇਹਰ ਬਾਨ ਹੈ ॥ ੫ ॥ ਅਰ ਜਿਨਹਾਂ ਲੋਗਾਂ ਨੇ ਖੁਦਾ ਥੀਂ ਸਿਵਾ ( ਦੂਸਰੇ ਤੀਸਰੇ ) ਕਾਰਸਾਜ ਠਹਿਰਾ ਰਖੇ ਹਨ। ਅੱਲਾ ਓਹਨਾਂ ਦਾ ਹਾਲ ਵੇਖ ਰਹਿਆ ਹੈ ਅਰ ( ਹੇ ਪੈਯੰਬਰ ) ਤੁਸੀਂ ਓਹਨਾਂ ਉਪਰ ਕੋਈ ਥਾਨੇਦਾਰ ਤਾਂ ਹੋ ਹੀ ਨਹੀਂ ॥ ੬ ॥ ਅਰ ਇਸੀ ਪਰਕਾਰ ਅਰਬੀ ( ਭਾਸ਼ਾ ਦਾ ) ਕੁਰਾਨ ਅਸਾਂ ਨੇ ਤੇਰੀ ਤਰਫ ਵਹੀ ਦਵਾਰਾ ਉਤਾਰਿਆ ਹੈ ਤਾ ਕਿ ਤੁਸੀਂ ਮੱਕੇ ਦੇ ਰਹਿਣ ਵਾਲਿਆਂ ਨੂੰ ਅਰ ਜੋ ਲੋਗ ਮੱਕੇ ਦੇ ਆਸ ਪਾਸ ( ਵਸਦੇ ) ਹਨ ਓਹਨਾਂ ਨੂੰ ( ਖ਼ੁਦਾ ਦੇ ਕਸ਼ਟ ਥੀਂ ) ਸਭੈ ਕਰੋ ਅਰ (ਹੋਰ) ਪ੍ਰਲੈ ਦੇ ਦਿਨ ( ਦੀ ਵਿਪਤੀ) ਥੀਂ ਸਭੈ ਕਰੋ ਜਿਸ ਦੇ ( ਆਉਣ ) ਵਿਚ ਜ਼ਰਾ ਭੀ ਸੰਦੇਹ ਨਹੀਂ (ਉਸ ਦਿਨ) ਕੁਝ ਲੋਗ ਸਵਰਗ ਵਿਚ ਹੋਣਗੇ ਅਰ ਕੁਛ ਨਰਕਾਂ ਵਿਚ ॥ ੭ ॥ ਅਰ ਖ਼ੁਦਾ ਦੀ ਇਛਾ ਹੁੰਦੀ ਤਾਂ ( ਮਜ਼ਹਬਾਂ ਦੇ ਇਤਬਾਰ ਨਾਲ ਸਾਰਿਆਂ ) ਲੋਗਾਂ ਦਾ ਇਕ ਹੀ ਫਿਰਕਾ ਬਣਾ ਦੇਂਦਾ ਪਰੰਤੂ ਵੁਹ ਜਿਸ ਨੂੰ ਚਾਹੁੰਦਾ ਹੈ ਆਪਣੀ ਰਹਿਮਤ ਅੰਦਰ ਕਰ ਲੈਂਦਾ ਹੈ ਅਰ (ਪਿਛੇ ਰਹੇ) ਮਨਮੁਖ( ਤਾਂ ) ਉਹਨਾਂ ਦਾ ( ਓਸ ਦਿਨ ) ਨਾ ਕੋਈ ਸਹਾਇਕ ਹੋਵੇਗਾ ਅਰ ਨਾ ਕੋਈ ਮਦਦਗਾਰ ॥ ੮ ॥ ਕੀ ਏਹਨਾਂ ਲੋਗਾਂ ਨੇ ਖ਼ੁਦਾ ਥੀਂ ਸਿਵਾ ( ਦੂਸਰੇ ਤੀਸਰੇ ) ਕਾਰ-ਸਾਜ ਬਨਾ ਰਖੇ ਹਨ ਸੋ ਅੱਲਾ ਹੀ ਕਾਰਸਾਜ ਅਰ ਵਹੀ ( ਪ੍ਰਲੈ ਦੇ ਦਿਨ ) ਮੁਰਦਿਆਂ ਨੂੰ ਸੁਰਜੀਤ ਕਰੇਗਾ ਅਰ ਵੁਹ ਸਰਬ ਵਸਤੂਆਂ ਉਪਰ ਕਾਦਰ ਹੈ ॥ ੯ ॥ ਰੁਕੂਹ ੧ ॥

ਅਰ ਜਿਨਹਾਂ ੨ ਬਾਤਾਂ ਵਿਚ ਤੁਸੀਂ ਲੋਗ ਆਪਸ ਵਿਚ ਇਖਤਲਾਫ (ਭੇਦ) ਰਖਦੇ ਹੋ ਓਸ ਦਾ ਫੈਸਲਾ ਖੁਦਾ ਦੇ ਹੀ ਹਵਾਲੇ ਹੈ। ( ਲੋਗੋ ! ) ਯਹੀ ਅੱਲਾ ਤਾਂ ਮੇਰਾ ਪਰਵਰਦਿਗਾਰ ਹੈ ਮੈਂ ਓਸੇ ਉਪਰ ਭਰੋਸਾ ਰਖਦਾ ਅਰ

Digitized by Panjab Digital Library | www.panjabdigilib.org

(ਹਰ ਬਾਰਤਾ ਵਿਚ) ਓਸੇ ਦੀ ਤਰਫ ਝੁਕਦਾ ਹਾਂ ॥ ੧੦ ॥ (ਵਹੀ) ਪ੍ਰਿਥਵੀ ਅਕਾਸ਼ ਦੇ ਉਤਪਤ ਕਰਨ ਵਾਲਾ (ਹੈ) ਓਸੇ ਨੇ ਤੁਸਾਂ ਵਾਸਤੇ ਤੁਸਾਂ ਦੀ ਜਿਨਸ ਦੇ ਜੋੜੇ ਬਨਾਏ (ਅਰਥਾਤ ਇਸਤਰੀਆਂ) ਅਰ (ਤੁਸਾਂ ਦੇ ਜੋੜਿਆਂ ਥੀਂ ਇਲਾਵਾ) ਚਤੁਸ਼ਪਾਦੀਆਂ ਦੇ ਜੋੜੇ (ਇਸੀ ਪ੍ਰਕਾਰ) ਤੁਸਾਂ ਨੂੰ ਪ੍ਰਿਥਵੀ ਮਾਤ੍ਰ ਉਪਰ ਫੈਲਾਉਂਦਾ ਰਹਿੰਦਾ ਹੈ ਕੋਈ ਵਸਤੂ (ਭੀ) ਓਸ ਜੈਸੀ ਨਹੀਂ ਅਰ ਵੁਹ (ਸੰਪੂਰਨਾਂ ਦੀ) ਸੁਣਦਾ ਅਰ (ਸਭ ਕੁਛ) ਦੇਖਦਾ ਹੈ ॥ ੧੧ ॥ ਪ੍ਰਿਥਵੀ ਅਕਾਸ਼ (ਦੀਆਂ ਨਿਧੀਆਂ) ਦੀਆਂ ਚਾਬੀਆਂ ਓਸੇ ਦੇ ਪਾਸ ਹਨ ਜਿਸ ਦੀ ਰੋਜ਼ੀ ਚਾਹੁੰਦਾ ਹੈ ਖੁਲ੍ਹੀ ਡੁਲ੍ਹੀ ਕਰ ਦੇਂਦਾ ਹੈ ਅਰ (ਜਿਸ ਦੀ ਚਾਹੁੰਦਾ ਹੈ) ਮਿਣਵੀਂ ਤੋਲਵੀਂ ਕਰ ਦੇਂਦਾ ਹੈ ਨਿਰਸੰਦੇਹ ਉਹ ਸਭਨਾਂ ਵਸਤੂਆਂ (ਦੇ ਹਾਲ) ਥੀਂ ਗ੍ਯਾਤ ਹੈ ॥ ੧੨ ॥ (ਲੋਗੋ !) ਓਸ ਨੇ ਤੁਸਾਂ ਵਾਸਤੇ ਦੀਨ ਦਾ ਵਹੀ ਰਸਤਾ ਠਹਿਰਾਇਆ ਹੈ ਜਿਸ (ਉਪਰ ਤੁਰਨ) ਦਾ ਓਸਨੇ ਨੂਹ ਨੂੰ ਹੁਕਮ ਦਿਤਾ ਸੀ ਅਰ (ਹੇ ਪੈਯੰਬਰ) ਤੇਰੀ ਤਰਫ (ਭੀ) ਅਸਾਂ ਨੇ ਓਸੇ ਰਸਤੇ ਦੀ ਵਹੀ ਭੇਜੀ ਹੈ ਅਰ ਓਸੇ ਦਾ ਅਸਾਂ ਨੇ ਇਬਰਾਹੀਮ ਅਰ ਮੂਸਾ ਅਰ ਈਸਾ ਨੂੰ (ਭੀ) ਹੁਕਮ ਦਿਤਾ ਸੀ ਕਿ (ਏਸੇ) ਦੀਨ ਨੂੰ ਕਾਇਮ ਰਖਨਾ ਅਰ ਏਸ ਵਿਚ ਫੁਟ ਨਾ ਪਾ ਦੇਣੀ। (ਹੇ ਪੈਯੰਬਰ) ਤੁਸੀਂ ਜਿਸ (ਦੀਨ) ਦੀ ਤਰਫ ਭੇਦਵਾਦੀਆਂ ਨੂੰ ਬੁਲਾਉਂਦੇ ਹੋ ਉਹ ਏਨ੍ਹਾਂ ਉੱਤੇ (ਬਹੁਤ ਹੀ) ਕਠਿਨ ਪ੍ਰਤੀਤ ਹੁੰਦਾ ਹੈ। ਅੱਲਾ ਜਿਸ ਨੂੰ ਚਾਹੁੰਦਾ ਹੈ ਚੁਣਕੇ ਆਪਣੀ ਤਰਫ ਖਿਚ ਕੇ ਬੁਲਾ ਲੈਂਦਾ ਹੈ ਅਰ ਜੋ (ਉਸ ਦੀ ਤਰਫ) ਝੁਕਦੇ ਹਨ ਉਨਹਾਂ ਨੂੰ ਹੀ ਆਪਣੇ ਤਕ (ਪਹੁੰਚਣੇ ਦਾ) ਰਸਤਾ ਦਿਖਾ ਦੇਂਦਾ ਹੈ ॥ ੧੩ ॥ ਅਰ (ਪੁਸਤਕ ਵਾਲੇ ਜੋ) ਅਲੱਗ ਅਲੱਗ ਫਿਰਕੇ (ਹੋਏ ਤਾਂ) ਸਮਝ ਆ-ਇਆਂ ਪਿਛੋਂ ਆਪਸ ਵਿਚ ਦੀ ਜ਼ਿਦ ਦੇ ਕਾਰਨ ਹੋਏ। ਅਰ (ਹੇ ਪੈਯੰਬਰ) ਯਦੀ ਤੁਸਾਂ ਦੇ ਪਰਵਰਦਿਗਾਰ ਦੀ ਤਰਫੋਂ ਇਕ ਨਿਯਤ ਸਮੇਂ ਤਕ ਦਾ ਬਚਨ ਪ੍ਰਥਮ ਸੇ ਹੀ ਨ ਹੋ ਗਿਆ ਹੁੰਦਾ (ਕਿ ਲੋਗਾਂ ਨੂੰ ਪ੍ਰਲੈ ਤਕ ਦੀ ਅਵਧੀ ਹੈ) ਤਾਂ ਏਹਨਾਂ ਵਿਚ (ਏਹਨਾਂ ਦੇ ਭੇਦ ਵਾਦ ਦਾ) ਫੈਸਲਾ (ਕਦੋਕਣਾ) ਕਰ ਦਿਤਾ ਗਇਆ ਹੁੰਦਾ ਅਰ ਜੋ ਲੋਗ ਅਗਲਿਆਂ ਦੇ ਪਿਛੋਂ (ਕਿਤਾਬ ਇਲਾਹੀ) ਦੇ ਮਾਲਕ ਹੋਏ (ਅਰਥਾਤ ਤੁਹਾਡੇ ਸਮੇਂ ਦੇ ਯਹੂਦ ਤਥਾ ਨਸਾਰਾ) ਉਹ ਅਸਲੀ ਦੀਨ ਦੀ ਤਰਫੋਂ ਭ੍ਰਮ ਵਿਚ ਹੀ (ਪੜੇ ਹੋਏ) ਹਨ ॥ ੧੪ ॥ ਤੇ (ਹੇ ਪੈਯੰਬਰ) ਤੁਸੀਂ ਤਾਂ (ਲੋਗਾਂ ਨੂੰ) ਓਸੇ (ਅਸਲੀ ਦੀਨ) ਦੀ ਤਰਫ ਬੁਲਾਉਂਦੇ ਰਹੋ ਅਰ (ਆਪ ਭੀ) ਜੈਸਾ ਤੁਸਾਂ ਨੂੰ ਆਗਿਆ ਕਰ ਦਿਤੀ ਗਈ ਹੈ (ਉਸ ਉਪਰ) ਇਸਥਿਤ ਰਹੋ ਅਰ ਏਹਨਾਂ (ਯਹੂਦ

Digitized by Panjab Digital Library | www.panjabdigilib.org

ਨਸਾਰਾ ) ਦੇ ਸੰਕਲਪਾਂ ਵਿਕਲਪਾਂ ਉਪਰ ਨਾ ਚਲੋ ਅਰ ( ਏਹਨਾਂ ਨੂੰ ਸਾਫ ) ਕਹਿ ਦਿਓ ਕਿ ਕਿਤਾਬ ( ਦੀ ਕਿਸਮ ਵਿਚੋਂ ) ਜੋ ਕੁਛ ਖੁਦਾ ਨੇ ਉਤਾਰਿਆ ਹੈ ਮੇਰਾ ਤਾਂ ਸਾਰਿਆਂ ਉਪਰ ਨਿਸਚਾ ਹੈ ਅਰ ਮੈਨੂੰ ( ਖੁਦਾ ਦੇ ਪਾਸੋਂ ) ਹੁਕਮ ਮਿਲਿਆ ਹੈ ਕਿ ਤੁਸਾਂ ਦੇ ਦਰਮਿਆਨ (ਤੁਸਾਂ ਦੇ ਇਖਤਲਾਫਾਤ ਦਾ ਫੈਸਲਾ) ਇਨਸਾਫ ( ਦੇ ਨਾਲ ) ਕਰਾਂ ( ਵਹੀ ) ਅੱਲਾ ( ਤਾਂ ) ਸਾਡਾ ਪਰਵਰਦਿਗਾਰ ( ਹੈ ) ਅਰ ( ਓਹੀ ) ਤੁਸਾਂ ਦਾ ਪਰਵਰਦਿਗਾਰ ( ਹੈ ) ਸਾਡਾ ਕੀਤਾ ਸਾਡੇ ਅਗੇ ਅਰ ਤੁਸਾਂ ਦਾ ਕੀਤਾ ਤੁਸਾਂ ਦੇ ਅਗੇ।ਸਾਡੇ ਅਰ ਤੁਹਾਡੇ ਵਿਚ ਕੋਈ ਝਗੜਾ ਨਹੀਂ ਅੱਲਾ ਹੀ ( ਪ੍ਰਲੈ ਦੇ ਦਿਨ ) ਸਾਨੂੰ ( ਅਰ ਤੁਸਾਂ ਨੂੰ ਇਕ ਜਗਾ ) ਇਕਤ੍ਰ ਕਰੇਗਾ ਅਰ ਉਸੇ ਦੇ ਪਾਸੇ ( ਸਾਰਿਆਂ ) ਲੌਟ ਕੇ ਜਾਣਾ ਹੈ ॥ ੧੫ ॥ ਅਰ ਜਦੋਂ ( ਬਹੁਤ ਸਾਰੇ ਲੋਗ ਇਸਲਾਮ ਧਾਰਨ ਕਰਕੇ ) ਖੁਦਾ ਨੂੰ ਮੰਨ ਬੈਠੇ ਤੇ ਜੋ ਲੋਗ ਇਸ ਥੀਂ ਪਿਛੋਂ ਅੱਲਾ ਦੇ ਬਾਰੇ ਵਿਚ ਘੁਤਘਲਾਂ ਕਢ ਬੈਠਣ ਤੇ ਓਹਨਾਂ ਦੇ ਪਰਵਰਦਿਗਾਰ ਦੇ ਸਨਮੁਖ ਓਹਨਾਂ ਦੀ ਹੁਜਤ ਵਿਅਰਥ ਅਰ ਓਹਨਾਂ ਉਪਰ ( ਖੁਦਾ ਦਾ ) ਕਸ਼ਟ ਹੈ ਅਰ ਓਹਨਾਂ ਨੂੰ ਸਖਤ ਕਸ਼ਟ ਹੋਣਾ ਹੈ ॥ ੧੬ ॥ ਅੱਲਾ ਹੀ ਤਾਂ ਹੈ ਜਿਸ ਨੇ ( ਪੈਯੰਬਰਾਂ ਦੇ ਦਵਾਰਾ ) ਪੁਸਤਕਾਂ ਉਤਾਰੀਆਂ ( ਅਰ ਉਹ ਸਾਰੀਆਂ ) ਸਚੀਆਂ ( ਹਨ ) ਅਰ ( ਉਹ ਆਪਣੇ ਅਸਥਾਨ ) ਤਰਾਜੂ ( ਤਕੜੀ ਹਨ ਜਿਨਾਂ ਨਾਲ ਭਾਰਾ ਹੌਲਾ ਅਰਥਾਤ ਸਚ ਝੂਠ ਤੋਲਿਆ ਜਾਂਦਾ ਹੈ ) ਅਰ ( ਹੇ ਪੈਯੰਬਰ ) ਤੁਸੀਂ ਕੀ ਜਾਣ ਸਕਦੇ ਹੋ ਨਾ ਜਾਣੀਏ ਕਿਆਮਤ ਨੇੜੇ ( ਹੀ ਆ ਗਈ ) ਹੋਵੇ ॥ ੧੭ ॥ ਜਿਨਹਾਂ ਨੂੰ ਕਿਆਮਤ ਦਾ ਨਿਸਚਾ ਨਹੀਂ ਉਹ ਤਾਂ ਉਸ ਵਾਸਤੇ ਉਤਾਵਲ ਕਰ ਰਹੇ ਹਨ ਅਰ ਜੋ ਈਮਾਨ ਵਾਲੇ ਹਨ ਉਹ ਓਸ ਪਾਸੋਂ ਡਰ ਰਹੇ ਹਨ ਅਰ ਜਾਣਦੇ ਹਨ ਕਿ ਪ੍ਰਲੈ ( ਦਾ ਆਉਣਾ ) ਸਚ ਹੈ । ਸੁਣੋ ਜੀ ! ਜੋ ਲੋਗ ਕਿਆਮਤ ( ਦੇ ਬਾਰੇ ਵਿਚ ) ਝਗੜਦੇ ਹਨ ਨਿਰਸੰਦੇਹ ਉਹ ਪਰਲੇ ਦਰਜੇ ਦੀ ਕੁਮਾਰਗਤਾਈ ਵਿਚ ਹਨ ॥ ੧੮ ॥ ਅੱਲਾ ਆਪਣਿਆਂ ਬੰਦਿਆਂ ਦੇ ਜ਼ਰਾ ਜ਼ਰਾ ਹਾਲ ਥੀਂ ਗਿਆਤ ਹੈ ਜਿਸ ਨੂੰ ( ਜਿਤਨੀ ਰੋਜ਼ੀ ) ਚਾਹੁੰਦਾ ਹੈ ਦੇਂਦਾ ਹੈ ਅਰ ਉਹ ਬੜਾ ਜ਼ੋਰਾਵਰ ( ਅਰ ) ਬਲਵਾਨ ਹੈ ॥ ੧੯ ॥ ਰੁਕੂਹ ੨ ॥

ਜੋ ਕੋਈ ਆਖਰਤ ਦੀ ਖੇਤੀ ਦਾ ਅਭਿਲਾਖੀ ਹੋਵੇ ਅਸੀਂ ਓਸ ਦੀ ਖੇਤੀ ਵਿਚ ਓਸ ਦੇ ਵਾਸਤੇ ਬਰਕਤ ਦੇਵਾਂਗੇ ਅਰ ਜੋ ਸੰਸਾਰਿਕ ਖੇਤੀ ਦਾ ਅਭਿਲਾਖੀ ਹੋਵੇ ਤਾਂ ਅਸੀਂ ਵਿਤ ਅਨੁਸਾਰ ਓਸ ਨੂੰ ਦੁਨੀਆਂ ਦੇਵਾਂਗੇ ( ਪਰੰਤੂ ) ਫੇਰ ਅੰਤ ਵਿਚ ਓਸ ਦਾ ਕੋਈ ਹਿਸਾ ਨਹੀਂ ॥ ੨੦ ॥ ਕੀ ਏਹਨਾਂ ਲੋਗਾਂ ( ਨੇ ਖੁਦਾ ) ਦੇ ਸ਼ਰੀਕ ( ਬਨਾ ਰਖੇ ) ਹਨ ਅਰ ਓਹਨਾਂ ਨੇ ਏਹਨਾਂ ਵਾਸਤੇ ਦੀਨ ਦਾ ਰਸਤਾ ਠਹਿਰਾ ਦਿਤਾ ਹੈ ਜਿਸਦਾ ਖੁਦਾ

Digitized by Panjab Digital Library | www.panjabdigilib.org

ਨੇ ਹੁਕਮ ਨਹੀਂ ਦਿਤਾ ਅਰ ( ਖੁਦਾ ਦੀ ਤਰਫੋਂ ਪ੍ਰਲੈ ਦਾ ) ਸਪਸ਼ਟ ਬਚਨ ਨਾ ਹੋਇਆ ਹੁੰਦਾ ਤਾਂ ਏਹਨਾਂ ਵਿਚ ( ਏਹਨਾਂ ਦੇ ਪਰਸਪਰ ਵਿਭੇਦ ਦਾ ) ਫੈਸਲਾ ( ਕਦੇ ਦਾ ) ਕਰ ਦਿਤਾ ਗਇਆ ਹੁੰਦਾ ਅਰ ਜੋ ਮਨਮਖ ਹਨ ਓਹਨਾਂ ਨੂੰ ਅੰਤ ਵਿਚ ਅਵਸ਼ ਅਸਹਿ ਕਸ਼ਟ ਹੋਣਾ ਹੈ ॥ ੨੧ ॥ ( ਹੇ ਪੈਯੰਬਰ ਤੁਸੀਂ ਓਸ ਦਿਨ ਏਹਨਾਂ ) ਮਨਮੁਖਾਂ ਨੂੰ ਦੇਖੋਗੇ ਕਿ ਓਹਨਾਂ ਨੇ ਜੈਸੇ ਜੈਸੇ ਕਰਮ ( ਦੁਨੀਆਂ ਵਿਚ ) ਕੀਤੇ ਹਨ ਓਹਨਾਂ ( ਦੇ ਉਪਦ੍ਰਵ ) ਥੀਂ ਸਭੈ ਹੋ ਰਹੇ ਹੋਣ ਗੇ ਅਰ ਉਹ ( ਔਖ ਸੌਖ ਨਾਲ ) ਏਹਨਾਂ ਉਪਰ ਪੈਕੇ ਹੀ ਹਟੇਗਾ ਅਰ ਜਿਨਹਾਂ ਲੋਗਾਂ ਨੇ ਈਮਾਨ ਧਾਰਿਆ ਅਰ ਓਹਨਾਂ ਨੇ ਭਲੇ ਕਰਮ ( ਭੀ ) ਕੀਤੇ ਉਹ ਸਵਰਗ ਦਿਆਂ ਲਹਿ ਲਹਿ ਕਰਦਿਆਂ ਬਾਗਾਂ ਵਿਚ ਹੋਣਗੇ ਜਿਸ ਵਸਤੂ ਦੀ ਓਹਨਾਂ ਨੂੰ ਇਛਾ ਹੋਵੇਗੀ ਓਹਨਾਂ ਦੇ ਪਰਵਰਦਿਗਾਰ ਦੇ ਏਥੇ ਓਹਨਾਂ ਵਾਸਤੇ ( ਵਿਦਮਾਨ ) ਹੋਵੇਗੀ ਯਹੀ ਤਾਂ ( ਖੁਦਾ ਦੀ ) ਬੜੀ ਕਿਰਪਾ ਹੈ ॥ ੨੨ ॥ (ਅਰ) ਯਹੀ ( ਤਾਂ ) ਵੁਹ ( ਨਿਆਮਤ ) ਹੈ ਜਿਸ ਦੀ ਖੁਸ਼ਖਬਰੀ ਖੁਦਾ ਆਪਣਿਆਂ ਓਹਨਾਂ ਬੰਦਿਆਂ ਨੂੰ ਦੇਂਦਾ ਹੈ ਜੋ ਈਮਾਨ ਧਾਰ ਬੈਠੇ ( ਅਰ ਈਮਾਨ ਥੀਂ ਸਿਵਾ ) ਓਹਨਾਂ ਨੇ ਭਲੇ ਕਰਮ ( ਭੀ ) ਕੀਤੇ । ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਮੈਂ ਤੁਸਾਂ ਪਾਸੋਂ ਏਸ ( ਉਪਦੇਸ਼ ) ਦੀ ਕੋਈ ਮਜਦੂਰੀ ਤਾਂ ਮੰਗਦਾ ਨਹੀਂ ਪਰੰਤੂ ਸਾਕਾ-ਗੀਰੀ ਦਾ ਪਜਾਰ ( ਤਾਂ ਕਾਇਮ ਰਖੋ ) ਅਰ ਜੋ ਪੁਰਖ ਭਲਾਈ ਕਰੇਗਾ ਓਸ ਵਾਸਤੇ ਅਸੀਂ ਓਸ ( ਦੀ ਭਲਾਈ ) ਵਿਚ ਹੋਰ ਅਧਿਕ ਚਮਿਤਕਾਰ ਉਤਪਤ ਕਰ ਦੇਵਾਂਗੇ ( ਕਾਹੇ ਤੇ ) ਅੱਲਾ ( ਪਾਪਾਂ ਦੇ ) ਬਖਸ਼ਨੇ ਵਾਲਾ ਕਦਰਦਾਨ ਹੈ ॥ ੨੩ ॥ ( ਹੇ ਪੈਯੰਬਰ ) ਕੀ ( ਯਿਹ ਲੋਗ ਤੁਹਾਡੀ ਨਿਸਬਤ ) ਕਹਿੰਦੇ ਹਨ ਕਿ ਏਸ ਪੁਰਖ ਨੇ ( ਕੁਰਾਨ ਦੇ ਬਾਰੇ ਵਿਚ ) ਖੁਦਾ ਉਪਰ ਝੂਠ ਮੂਠ ( ਤੁਫਾਨ ਤੋਦਾ ) ਥਪਿਆ ਹੈ ਸੋ ( ਏਸ ਸੂਰਤ ਵਿਚ ) ਖੁਦਾ ( ਤਾਂ ਏਸ ਬਾਰਤਾ ਉਪਰ ਕਾਦਰ ਹੈ ਕਿ ) ਯਦੀ ਇਛਾ ਕਰੇ ਤਾਂ ਤੁਸਾਂ ਦੇ ਦਿਲ ਉਪਰ ਮੁਹਰ ਲਗਾ ਦੇਵੇ ( ਅਰ ਤੁਸੀਂ ਐਸੇ ਕਲਾਮ ਦੇ ਬਨਾਉਣ ਦਾ ਸੰਕਲਪ ਭੀ ਨਾ ਕਰ ਸਕੋ ) ਪਰੰਤੂ ਅੱਲਾ ਆਪਣੀ ਬਾਣੀ ਨਾਲ ਝੂਠ ਨੂੰ ਨਾਸ ਕਰਦਾ ਅਰ ਸਚ ਨੂੰ ਇਸਥਿਤ ਕਰਦਾ ਹੈ ( ਅਰ ) ਉਹ ( ਲੋਗਾਂ ਦੇ ) ਮਾਨਸਿਕ ਸੰਕਲਪਾਂ ਥੀਂ ( ਭੀ ) ਗਿਆਤ ਹੈ ॥ ੨੪ ॥ ਅਰ ਵਹੀ ਤਾਂ ਹੈ ਜੋ ਆਪਣਿਆਂ ਬੰਦਿਆਂ ਦੀ ਤੋਬਾ ਕਬੂਲ ਕਰਦਾ ਹੈ ਅਰ (ਓਹਨਾਂ ਦੀਆਂ ) ਭੁਲਣਾਂ ਨੂੰ ਕੰਨਾਂ ਮੁਢੀ ਮਾਰ ਛਡਦਾ ਹੈ ਅਰ ਜੈਸੇ ਜੈਸੇ ਕਰਮ ਤੁਸੀਂ ਲੋਗ ਕਰਦੇ ਹੋ ਓਹਨਾਂ ਥੀਂ ਗਿਆਤ ਹੈ ॥ ੨੫ ॥ ਅਰ ਜੋ ਲੋਗ ਈਮਾਨ ਧਾਰ ਬੈਠੇ ਅਰ ਓਹਨਾਂ ਨੇ ਭਲੇ ਕਰਮ ( ਭੀ ) ਕੀਤੇ ਓਹਨਾਂ

Digitized by Panjab Digital Library | www.panjabdigilib.org

ਦੀਆਂ ( ਪ੍ਰਾਰਥਨਾ ) ਕਬੂਲ ਕਰਦਾ ਅਰ ਆਪਣੇ ਫਜ਼ਲ ਨਾਲ ਓਹਨਾਂ ਨੂੰ ( ਓਹਨਾਂ ਦੇ ਅਧਿਕਾਰ ਥੀਂ ) ਵਧਕੇ ਬਦਲਾ ਦੇਂਦਾ ਹੈ ਅਰ ਜੋ ਲੋਗ ਮੁਨਕਰ ਹਨ ਓਹਨਾਂ ਵਾਸਤੇ ਦੁਸਹਿ ਕਸ਼ਟ ਹੈ ॥੨੬॥ ਅਰ ਯਦੀ ਅੱਲਾ ਆ-ਪਣਿਆਂ ਬੰਦਿਆਂ ਵਾਸਤੇ ( ਓਹਨਾਂ ਦੀ ) ਰੋਜ਼ੀ ਵਿਸਾਲ ਕਰ ਦੇਵੇ ਤਾਂ ਵੁਹ ਜ਼ਰੂਰ ਦੇਸ ਵਿਚ ਆਪ ਹੁਦਰੀਆਂ ਕਰਨ ਲਗ ਪੈਣ ਪਰੰਤੂ ਉਹ ਯਥਾ ਯੋਗ ( ਹਰ ਇਕ ਦੀ ) ਜਿਤਨੀ ( ਰੋਜ਼ੀ) ਚਾਹੁੰਦਾ ਹੈ ਉਤਾਰਦਾ ਹੈ ( ਕਾਹੇ ਤੇ ) ਉਹ ਆਪਣਿਆਂ ਬੰਦਿਆਂ ( ਦੀਆਂ ਜ਼ਰੂਰਤਾਂ ) ਥੀਂ ਖਬਰਦਾਰ ਅਰ ( ਓਹਨਾਂ ਦੇ ਹਾਲ ਨੂੰ ) ਵੇਖਣ ਵਾਲਾ ਹੈ ॥ ੨੭ ॥ ਅਰ (ਵਹੀ ਤਾਂ ) ਹੈ ਕਿ ਲੋਗਾਂ ( ਨੂੰ ਵਰਖਾ ਦੀ ਤਰਫੋਂ ਨਰਾਸਾ ਹੋ ਜਾਂਦੀ ਹੈ ਤਾਂ ਵੁਹ ਓਹਨਾਂ ) ਦੇ ਨਰਾਸ ਹੋਇਆਂ ਪਿਛੋਂ ਬਰਖਾ ਕਰ ਦੇਂਦਾ ਹੈ ਅਰ ਆਪਣੀ ਕਿਰਪਾ ਦਾ ਵਿਸਤਾਰ ਕਰ ਦੇਂਦਾ ਹੈ ਅਰ ਉਹ ( ਸਾਰਿਆਂ ਦਾ ) ਕਰਨ ਕਾਰਨ ( ਅਰ ) ਮਹਿਮਾਂ ਯੋਗ ਹੈ ॥ ੨੮ ॥ ਅਰ ਓਸੇ ਦੀ ( ਕੁਦਰਤ ਦੀਆਂ) ਨਿਸ਼ਾਨੀਆਂ ਵਿਚੋਂ ਆਕਾਸ ਪ੍ਰਿਥਵੀ ਦਾ ਉਤਪਤ ਕਰਨਾ ਹੈ ਅਰ ( ਹੋਰ ) ਓਹਨਾਂ ਜੀਵਾਂ ਦਾ ਜੋ ਉਸ ਨੇ ਪ੍ਰਿਥਵੀ ਅਕਾਸ਼ ਦੇ ਮਧ ਮੇਂ ਫੈਲਾ ਰਖੇ ਹਨ ਅਰ ਉਹ ਜਦੋਂ ਇਛਾ ਕਰੇਗਾ ( ਅਰਥਾਤ ਪ੍ਰਲੈ ਦੇ ਦਿਨ ) ਓਹਨਾਂ ਦੇ ਇਕਤ੍ਰ ਕਰ ਲੇਣ ਨੂੰ ( ਭੀ ) ਸਾਮਰਥ ਹੈ ॥ ੨੯ ॥ ਰੁਕੂਹ ੩ ॥

ਅਰ ( ਲੋਗੋ ) ਤੁਸਾਂ ਉਪਰ ਜੋ ਵਿਪਤੀ ਪ੍ਰਾਪਤ ਹੁੰਦੀ ਹੈ ਤਾਂ ਤੁਸਾਂ ਦੀ ਆਪਣੀ ਹੀ ਕਰਤੂਤ ਨਾਲ ਅਰ ਖੁਦਾ ( ਤੁਸਾਂ ਦਿਆਂ ) ਬਹੁਤ ( ਸਾਰਿਆਂ ਕਸੂਰਾਂ ) ਨੂੰ ਕੰਨਾਂ ਕੋਲ ਦੀ ਲੰਘਾ ਛਡਦਾ ਹੈ ॥ ੩੦ ॥ ਨਹੀਂ ਤਾਂ ਤੁਸੀਂ ਪ੍ਰਿਥਵੀ ( ਮਾਤ੍ਰ ) ਉਪਰ ( ਕਿਸੇ ਦਿਸਾ ਨੂੰ ਭਜ ਕੇ ਖੁਦਾ ਨੂੰ ) ਪਰਾਜੈ ਤਾਂ ਕਰ ਨਹੀਂ ਸਕਦੇ ਅਰ ਖੁਦਾ ਥੀਂ ਸਿਵਾ ਨਾ ਕੋਈ ਤੁਸਾਂ ਦਾ ਕਰਨ ਕਾਰਨ ਹੈ ਅਰ ਨਾ ਕੋਈ ( ਹਾਮੀ ਤਥਾ ) ਸਹਾਇਕ ॥ ੩੧ ॥ ਅਰ ਉਸੇ ਦੀ ( ਕੁਦਰਤ ਦੀਆਂ ) ਨਿਸ਼ਾਨੀਆਂ ਵਿਚੋਂ ( ਬਾਦਬਾਨੀ ) ਜਹਾਜ਼ ਹਨ ਜੋ ਸਮੁੰਦਰ ਵਿਚ ਪਰਬਤਾਂ ਵਾਂਗਰ ( ਉੱਚੇ ੨ ਦਿਖਲਾਈ ਦੇਂਦੇ ) ਹਨ ॥ ੩੨ ॥ ਖੁਦਾ ਚਾਹੇ ਤਾਂ ਵਾਯੂ ਨੂੰ ਠਹਿਰਾ ਦੇਵੇ ਤਾਂ ਜਹਾਜ਼ ( ਭੀ ) ਸਮੁੰਦਰ ਦੀ ਸਿਤਾ ਉਤੇ ਖਲੋਤੇ ਦੇ ਖਲੋਤੇ ਰਹਿ ਜਾਣ ਜਿਤਨੇ ( ਬੰਦੇ ) ਸਬਰ ਸ਼ੁਕਰ ਕਰਨ ਵਾਲੇ ਹਨ ਉਨਹਾਂ ਵਾਸਤੇ ਜਹਾਜਾਂ ਦੇ ਹਰ ਤਰਫ਼ ਦੌੜਿਆ ੨ ਫਿਰਨ ਵਿਚ ( ਭੀ ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ) ਨਿਸ਼ਾ-ਨੀਆਂ ਹਨ ॥ ੩੩ ॥ ਜਾਂ ( ਇਛਾ ਕਰੇ ਤਾਂ ਜੋਰ ਸ਼ੋਰ ਦੀ ਹਵਾ ਛਡ ਦੇਵੇ ਅਰ ) ਜਹਾਜ਼ ਦੇ ਅਧਿਪਤਿ ਦੀ ਬਦਕਿਰਦਾਰੀਆਂ ਦੇ ਬਦਲੇ ਵਿਚ ਜਹਾਜ਼ ਨੂੰ ( ਤੂਫਾਨ ਨਾਲ ) ਛਿੰਨ ਭਿੰਨ ਕਰ ਦੇਵੇ ( ਤਾਂ ਕਈਕੁ ਡੁਬ

Digitized by Panjab Digital Library | www.panjabdigilib.org

ਜਾਣ )॥ ੩੪ ॥ ਅਰ ਬਹੁਤ ਸਾਰਿਆਂ ( ਦੇ ਕਸੂਰ ) ਥੀਂ ਦਰਗੁਜ਼ਰ ਕਰੇ (ਕਿ ਉਹ ਜਹਾਜ਼ ਦੀ ਤਬਾਹੀ ਹੋ ਗਇਆਂ ਹੋਇਆਂ ਭੀ ਕਿਸੇਰੀਤੀ ਨਾਲ ਬਚ ਬਚਾ ਜਾਣ ) ਅਰ ਜੋ ਲੋਗ ( ਸਾਡੀ ਕੁਦਰਤ ਦੀਆਂ ) ਨਿਸ਼ਾਨੀਆਂ ਵਿਚ ਘਦੂਤਾਂ ਛੇੜਦੇ ਹਨ ( ਜਹਾਜ਼ ਦੀ ਤਬਾਹੀ ਦੇ ਸਮੇਂ ) ਜਾਣ ਲੈਣਾ ਕਿ ਹੁਣ ਓਹਨਾਂ ਨੂੰ ਕਿਤੇ ਭੀ ਢੋਈ ਨਹੀਂ ॥ ੩੫ ॥ ਤਾਂ ( ਲੋਗੋ ) ਜੋ ਕੁਛ ਭੀ ਤੁਸਾਂ ਨੂੰ ਦਿਤਾ ਗਇਆ ( ਉਹ ) ਸੰਸਾਰਿਕ ਜੀਵਨ ਦਾ ( ਖਿਨ ਭੰਗਰ ) ਸਾਜ਼ੋ ਸਾਮਾਨ ( ਸਾਮਗਰੀ ) ਹੈ ਅਰ ਜੋ ( ਬਦਲਾ ) ਖੁਦਾ ਪਾਸ ਹੈ ( ਉਹ ਏਸ ਨਾਲੋਂ ) ਕਈ ਗੁਣਾਂ ਉੱਤਮ ਅਰ ਸਦੈਵ ਹੈ (ਪਰੰਤੂ) ਓਹਨਾਂ (ਹੀ) ਲੋਗਾਂ ਵਾਸਤੇ ਜੋ ਈਮਾਨ ਧਾਰ ਬੈਠੇ ਅਰ ( ਈਮਾਨ ਥੀਂ ਭਿਨ ) ਆਪਣੇ ਪਰਵਰਦਿਗਾਰ ਉਪਰ ( ਭੀ ) ਭਰੋਸਾ ਰਖਦੇ ਹਨ ॥ ੩੬ ॥ ਅਰ ਜੋ ਬੜੇ ੨ ਪਾਪਾਂ ਅਰ ਨਿਰਲਜਤਾ ਦੀਆਂ ਬਾਤਾਂ ਥੀਂ ਕਨਾਰਾ ਕਰੀ ਰਖਦੇ ਹਨ ਅਰ ਜਦੋਂ ਓਹਨਾਂ ਨੂੰ ਕ੍ਰੋਧ ਆ ਜਾਂਦਾ ਹੈ ( ਤੇ ਲੋਗਾਂ ਦੀਆਂ ਭੁਲਾਂ ਥੀਂ ) ਦਰ-ਗੁਜਰ ਕਰਦੇ ਹਨ ॥ ੩੭ ॥ ਅਰ ਜੋ ਆਪਣੇ ਪਰਵਰਦਿਗਾਰ ਦੀ ਆਗਿਆ ਮੰਨਦੇ ਅਰ ਨਮਾਜ਼ ਪੜ੍ਹਦੇ ਹਨ ਅਰ ਉਨਹਾਂ ਦੇ ( ਜਿਤਨੇ ) ਕੰਮ ( ਹਨ ) ਆਪੋ ਵਿਚ ਦੀ ਸਲਾਹ ਨਾਲ ( ਹੁੰਦੇ ) ਹਨ । ਅਰ ਅਸਾਂ ਨੇ ਜੋ ਓਹਨਾਂ ਨੂੰ ਦੇ ਰਖਿਆ ਹੈ ਉਸ ਵਿਚੋਂ ( ਰਬ ਦੇ ਰਸਤੇ ਉਪਰ ) ਖਰਚ ਕਰਦੇ ਹਨ ॥ ੩੮ ॥ ਅਰ ਜੋ ਐਸੇ ( ਗੈਰਤ ਵਾਲੇ ) ਹਨ ਕਿ ਜਦੋਂ ਉਹਨਾਂ ਉਪਰ ( ਕਿਸੇ ਵਲੋਂ ) ਅਯੋਗ ਵਧੀਕੀ ਹੁੰਦੀ ਹੈ ਤਾਂ ਉਹ ( ਵਾਜਬੀ ) ਬਦਲਾ ਲੈ ਲੈਂਦੇ ਹਨ ॥ ੩੯ ॥ ਅਰ ਬੁਰਾਈ ਦਾ ਬਦਲਾ ਹੈ ਵੈਸੀ ਹੀ ਬੁਰਾਈ ਇਸ ਥੀਂ ( ਭੀ ) ਜੋ ਮਾਫ ਕਰ ਦੇਵੇ ਅਰ ਸਮਸਜਾ ਕਰ ਲਵੇ ਤੇ ਓਸ ਦਾ ਸਵਾਬ ਅੱਲਾ ਦੇ ਜ਼ਿੰਮੇ ਹੈ । ਨਿਰਸੰਦੇਹ ਉਹ ਅਨਰਥ ਕਰਨ ਵਾਲਿਆਂ ਨੂੰ ਪਸੰਦ ਨਹੀਂ ਕਰਦਾ ॥ ੪੦ ॥ ਅਰ ਹਾਂ ਕਿਸੇ ਉਪਰ ਅਨਰਥ ਹੋਇਆ ਹੋਵੇ ਅਰ ਉਹ ਉਸਦੇ ਪਿਛੋਂ ਬਦਲਾ ਲਵੇ ਤਾਂ ਯਿਹ ਲੋਗ ( ਬੇ ਵਸੇ ਹਨ ) ਏਹਨਾਂ ਉਪਰ ਕੋਈ ਦੋਖ ਨਹੀਂ ॥ ੪੧ ॥ ਦੋਖ ( ਤਾਂ ) ਓਹਨਾਂ ਉਪਰ ਹੀ ਹੈ ਜੋ ਲੋਗਾਂ ਉਪਰ ਅਨਰਥ ਕਰਦੇ ਅਰ ਅਜੋਗ ( ਅਕਾ-ਰਣ ) ਦੇਸ ਵਿਚ ( ਲੋਗ੍ਰਾਂ ਉਪਰ ) ਵਧੀਕੀਆਂ ਕਰਦੇ ਹਨ ਯਹੀ ਲੋਗ ਹਨ ਜਿਨਹਾਂ ਨੂੰ ਅਸਹਿ ਕਸ਼ਟ ਹੋਣਾ ਹੈ ॥ ੪੨ ॥ ਅਰ ਅਲਬਤਾ ਜੋ ਪੁਰਖ ਸੰਤੋਖ ਕਰੇ ਅਰ ( ਦੂਸਰੇ ਦੀ ਭੁਲਣਾਂ ) ਬਖਸ਼ ਦੇਵੇ ਤਾਂ ਨਿਰਸੰਦੇਹ ਯਿਹ ਬੜੀ ਹਿੰਮਤ ਦੇ ਕੰਮ ਹਨ ॥ ੪੩ ॥ ਰੁਕੂਹ ੪ ॥

ਅਰ ਜਿਸ ਨੂੰ ਖੁਦਾ ਕੁਮਾਰਗੀ ਕਰੇ ਤਾਂ ਫੇਰ ਉਸਦਾ ਕੋਈ ( ਮਿਤਰ ) ਸਹਾਇਕ ਨਹੀਂ । ਅਰ ( ਹੇ ਪੈਯੰਬਰ ਕਿਆਮਤ ਦੇ ਦਿਨ ਤੁਸੀਂ)

Digitized by Panjab Digital Library | www.panjabdigilib.org

ਜ਼ਾਲਮਾਂ ਨੂੰ ਦੇਖੋਗੇ ਕਿ ਜਦੋਂ ਅਜ਼ਾਬ ਨੂੰ ( ਆਪਣੀ ਅੱਖੀਂ ) ਦੇਖ ਲੈਣਗੇ ( ਤਾਂ ਅਫਸੋਸ ਨਾਲ ) ਕਹਿਣਗੇ ਕਿ ਭਲਾ ( ਦੁਨੀਆਂ ਵਿਚ ) ਫੇਰ ਲੌਟ ਜਾਣ ਦੀ ਭੀ ਕੋਈ ਯੁਕਤੀ ਹੈ ॥ ੪੪ ॥ ਅਰ ਤੁਸੀਂ ਏਹਨਾਂ ਲੋਗਾਂ ਨੂੰ ਦੇਖੋਗੇ ਕਿ ਨਰਕਾਂ ਦੇ ਸਮੀਪ ਲੈਆਂਦੇ ਜਾਣਗੇ ( ਅਰ ) ਜ਼ਿਲਤ ਦੇ ਮਾਰੇ ਝੁਕੇ ਹੋਏ ਨੀਵੀਆਂ ਅੱਖੀਆਂ ਨਾਲ ਦੇਖਦੇ ( ਜਾਂਦੇ ) ਹੋਣਗੇ ਅਰ ( ਉਸ ਵੇਲੇ ) ਈਮਾਨ ਵਾਲੇ ਕਹਿਣਗੇ ਕਿ ਅਸਲ ਵਿਚ ( ਬੜੇ ) ਬਦ-ਨਸੀਬ ਤਾਂ ਉਹ ਹਨ ਜਿਨਹਾਂ ਨੇ ( ਆਪ ਕੁਮਾਰਗੀ ਹੋਣ ਕਰਕੇ ਅਜ ) ਪ੍ਰਲੇ ਦੇ ਦਿਨ ਆਪਣੇ ਆਪ ਦੀ ( ਭੀ ) ਸਤਯਾਨਾਸ ਕੀਤੀ ਅਰ ( ਅਪਣਾ ਬੁਰਾ ਨਮੂਨਾ ਦਿਖਲਾਣ ਕਰਕੇ ਅਰ ਬਹਿਕਾਣ ਕਰਕੇ ) ਆਪਣਿਆਂ ਘਰ ਵਾਲਿਆਂ ਨੂੰ (ਭੀ) । ਸੁਣੋ ਜੀ ! ਅਨਰਥ ਕਰਨ ਵਾਲੇ ਅਵਸ਼ ਸਦਾ ਦੇ ਕਸ਼ਟ ਵਿਚ ਰਹਿਣਗੇ ॥ ੪੫ ॥ ਅਰ ਖੁਦਾ ਥੀਂ ਸਿਵਾ ਓਹਨਾਂ ਦੇ ਕੋਈ ਸਹਾਇਕ ਨਾ ਹੋਣਗੇ ਕਿ ਓਹਨਾਂ ਦੀ ਸਹਾਇਤਾ ਕਰਨ ਅਰ ਜਿਸ ਨੂੰ ਖੁਦਾ ਕੁਮਾਰਗੀ ਕਰੇ ਤਾਂ ਉਸਦੇ ਵਾਸਤੇ ( ਮੁਕਤਿ ਦਾ ) ਕੋਈ ਮਾਰਗ ਹੀ ਨਹੀਂ ॥ ੪੬ ॥ ( ਲੋਗੋ ! ) ਉਸ ( ਕਿਆਮਤ ) ਦੇ ਦਿਨ ਆਉਣ ਥੀਂ ਪਹਿਲੋਂ ਜੋ ਖੁਦਾ ਦੀ ਤਰਫੋਂ ਟਲਨੇ ਵਾਲਾ ਨਹੀਂ ਆਪਣੇ ਪਰਵਰਦਿਗਾਰ ਦਾ ਕਹਿਆ ਮੰਨੋਂ ਕਿ ਓਸ ਦਿਨ ਨਾ ਤਾਂ ਤੁਸਾਂ ਨੂੰ ਕਿਦਾਈਓਂ ਸਹਾਇਤਾ ਹੋਵੇਗੀ ਅਰ ਨਾ ਤੁਸਾਂ ਪਾਸੋਂ ਪਾਪਾਂ ਦਾ ਇਨਕਾਰ ਹੀ ਕੀਤਾ ਜਾਵੇਗਾ ॥ ੪੭ ॥ ਤਾਂ ( ਹੇ ਪੈਗੰਬਰ ) ਯਦੀ ( ਇਤਨੇ ਸਮਝਾਉਣ ਨਾਲ ਭੀ ਯਿਹ ਲੋਕ ) ਮਨਮੁਖ-ਤਾਈ ਕਰਦੇ ਰਹਿਣ ਤਾਂ ਅਸਾਂ ਨੇ ਤੁਹਾਨੂੰ ਏਹਨਾਂ ਉਪਰ ਕੋਈ ਥਾਣੇਦਾਰ ਬਣਾਕੇ ਤਾਂ ਭੇਜਿਆ ਨਹੀਂ ਤੁਹਾਡੇ ਜ਼ਿੰਮੇ ਤਾਂ ( ਹੁਕਮਿ ਇਲਾਹੀ ਦਾ ) ਪਹੁੰਚਾ ਦੇਣਾ ਹੈ ਹੋਰ ਬਸ ਅਰ ਜਦੋਂ ਅਸੀਂ ਆਦਮੀ ਨੂੰ ਆਪਣੀ ਰਹਿਮਤ ( ਦਾ ਸਵਾਦ ) ਚਖਾਉਂਦੇ ਹਾਂ ਤਾਂ ਉਹ ਓਸੇ ਨਾਲ ਪਰਸੰਨ ਹੋ ਜਾਂਦਾ ਹੈ ਅਰ ਯਦੀ ਲੋਗਾਂ ਨੂੰ ਓਹਨਾਂ ਦੀਆਂ ਆਪਣੀਆਂ ਹੀ ਕਰਤੂਤਾਂ ਦੇ ਬਦਲੇ ਵਿਚ ਕੋਈ ਵਿਪੱਤੀ ਪਰਾਪਤ ਹੋਜਾਂਦੀ ਹੈ ਤਾਂ ( ਖੁਦਾ ਦੀ ਸ਼ਿਕਾਇਤ ਕਰਨ ਲਗ ਜਾਂਦੇ ਹਨ ਅਰ ) ਆਦਮੀ ਬੜਾ ਹੀ ਕ੍ਰਿਤਘਨ ਹੈ ॥ ੪੮ ॥ ਪ੍ਰਿਥਵੀ ਅਕਾਸ਼ ਦਾ ਰਾਜ ਅੱਲਾ ਦਾ ਹੀ ਹੈ ਜੋ ਚਾਹੁੰਦਾ ਹੈ ਉਤਪਤ ਕਰਦਾ ਹੈ ਜਿਸ ਨੂੰ ਚਾਹੁੰਦਾ ਹੈ ( ਨਿਰੀਆਂ ਪੁਰੀਆਂ ) ਬੇਟੀਆਂ ਪਰਦਾਨ ਕਰਦਾ ਹੈ ਅਰ ਜਿਸ ਨੂੰ ਚਾਹੁੰਦਾ ਹੈ (ਨਿਰੇ ਪੁਰੇ) ਪੁਤ੍ਰ ਪਰਦਾਨ ਕਰਦਾ ਹੈ ॥ ੪੯ ॥ ਕਿੰਬਾ ਬੇਟੇ ਅਰ ਬੇਟੀਆਂ ( ਮਿਲਾ ਕੇ ) ਓਹਨਾਂ ਨੂੰ ਦੋਨੋਂ ਪਰਕਾਰ ਦੀ ਔਲਾਦ ਦੇਂਦਾ ਹੈ ਅਰ ਜਿਸ ਨੂੰ ਚਾਹੁੰਦਾ ਹੈ ਐਸੇ ( ਨਾਮ ਨਿਸ਼ਾਨ ਥੀਂ ਬਿਨਾ ) ਕਰ ਦੇਂਦਾ ਹੈ ਕਿ ਉਸ ਦੇ ( ਘਰ ) ਔਲਾਦ ਹੀ ਨਹੀਂ ਹੁੰਦੀ ( ਅਰ ) ਵੁਹ

Digitized by Panjab Digital Library | www.panjabdigilib.org

ਗਿਆਤ ਕਾਰ ( ਅਰ ) ਸਾਮਰਥ ਹੈ ॥ ੫੦ ॥ ਅਰ ਕਿਸੇ ਆਦਮੀ ਦੀ ਤਾਬ ਨਹੀਂ ਕਿ ਖੁਦਾ ਉਸ ਦੇ ਨਾਲ ( ਆਮੋ ਸਾਹਮਣੇ ਹੋ ਕੇ ) ਬਚਨ ਕਰੇ ਪਰੰਤੂ ਅਕਾਸ਼ ਬਾਣੀ ( ਦਵਾਰਾ ) ਕਿੰਬਾ ਪਰਦੇ ਦੇ ਪਿਛਿਓਂ ਕਿੰਬਾ ਕਿਸੇ ਫਰਿਸ਼ਤੇ ਨੂੰ ਉਸ ਦੇ ਪਾਸ ਭੇਜ ਦੇਂਦਾ ਹੈ ਅਰ ਵੁਹ ਖੁਦਾ ਦੇ ਹੁਕਮ ਨਾਲ ਜੋ ਉਸ ਨੂੰ ਅਭੀਸ਼ਟ ਹੁੰਦਾ ਹੈ ( ਖੁਦਾ ਦਾ ਸੰਦੇਸਾ ) ਪਹੁੰਚਾ ਦੇਂਦਾ ਹੈ ਨਿਰ-ਸੰਦੇਹ ਖੁਦਾ ਉਚ ਤੇ ਊਦਾ ( ਅਰ ) ਯੁਕਤੀਮਾਨ ਹੈ ॥ ੫੧ ॥ ਅਰ ( ਹੇ ਪੈਗੰ-ਬਰ ) ਇਸੀ ਪਰਕਾਰ ਅਸਾਂ ਨੇ ਆਪਣੇ ਹੁਕਮ ਨਾਲ ( ਦੀਨ ਦੀ ) ਜਿੰਦ ਜਾਨ ( ਅਰਥਾਤ ਯਿਹ ਕਿਤਾਬ ) ਤੁਸਾਂ ਦੀ ਤਰਫ ਵਹੀ ਦਵਾਰਾ ਭੇਜੀ ਹੈ ਤੁਸੀਂ ਨਹੀਂ ਜਾਣਦੇ ਸੀ ਕਿ ਪੁਸਤਕ ਕੀ ਵਸਤੂ ਹੈ ਅਰ ਨਾ ( ਯਿਹ ਜਾਣਦੇ ਸੀ ) ਕਿ ਈਮਾਨ ( ਕਿਸ ਨੂੰ ਕਹਿੰਦੇ ਹਨ ) ਪਰੰਤੂ ਅਸਾਂ ਨੇ ਕੁਰਾਨ ਨੂੰ ਇਕ ਨੂਰ ( ਹੀ ਨੂਰ ) ਬਣਾ ਦਿੱਤਾ ਹੈ ਕਿ ਆਪਣਿਆਂ ਬੰਦਿਆਂ ਵਿਚੋਂ ਜਿਸ ਨੂੰ ਚਾਹੁੰਦੇ ਹਨ ਉਸ ਦੇ ਦਵਾਰਾ ( ਦੀਨ ਦਾ ) ਮਾਰਗ ਦਿਖਾ ਦਿੰਦੇ ਹਨ ਅਰ ( ਹੇ ਪੈਗੰਬਰ ) ਏਸ ਵਿਚ ਭਰਮ ਨਹੀਂ ਕਿ ਤੁਸੀਂ ( ਤਾਂ ਲੋਗਾਂ ਨੂੰ ) ਸੂਧਾ ਮਾਰਗ ਹੀ ਦਸਦੇ ਹੋ ॥ ੫੨ ॥ ( ਅਰਥਾਤ ) ਉਸ ਖੁਦਾ ਦਾ ਮਾਰਗ ਕਿ ਜੋ ਕੁਛ ਪ੍ਰਿਥਵੀ ਉਪਰ ਹੈ ਅਰ ਜੋ ਕੁਛ ਅਕਾਸ਼ ਵਿਚ ਹੈ ( ਸਭ ) ਉਸੇ ਦਾ ਹੀ ਹੈ ਸੁਣੋ ਜੀ ! ਅਖੀਰ ਤਾਂ ਖੁਦਾ ਦੀ ਹੀ ਤਰਫ ਸੰਪੂਰਨ ਕੰਮ ਫਿਰਦੇ ਹਨ॥ ੫੩ ॥ ਰੁਕੂਹ ੫ ॥

# ਸੂਰਤ ਜ਼ਖਰਫ ਮੱਕੇ ਵਿਚ ਉਤਰੀ ਅਰ ਇਸ ਦੀਆਂ ਉਨਾਨਵੇਂ (੮੯) ਆਇਤਾਂ ਅਰ ਸਤ ਰੁਕੂਹ ਹਨ ।

( ਪ੍ਰਾਰੰਭ ) ਅੱਲਾ ਦੇ ਨਾਮ ਨਾਲ ਜੋ ਅਤੀ ਦਿਆਲੂ ( ਅਰ ) ਕ੍ਰਿਪਾਲੂ ਹੈ ਹਾਮ ॥ ੧ ॥ ( ਏਸ ) ਪੁਸਤਕ ( ਅਰਥਾਤ ਕੁਰਾਨ ) ਦੀ ਕਸਮ ਹੈ ॥ ੨ ॥ ਜਿਸ ਦੇ ਆਸ਼ੇ ਸਪਸ਼ਟ ਅਰ ਸਰਲ ਹਨ ਕਿ ਅਸਾਂ ਨੇ ਏਸ ਨੂੰ ( ਸਾਫ ਅਰ ਸਰਲ ) ਅਰਬੀ ( ਭਾਸ਼ਾ ਦਾ ) ਕੁਰਾਨ ਬਨਾਇਆ ਹੈ ਤਾ ਕਿ ਤੁਸੀਂ ( ਅਰਬ ਨਿਵਾਸੀ ਏਸ ਨੂੰ ਸੁਖੈਨ ) ਸਮਝ ਜਾਓ( ਅਰ ਤੁਸਾਂ ਦਵਾਰਾ ਦੂਸਰੇ ਲੋਗ ) ॥ ੩ ॥ ਅਰ ( ਯਿਹ ਕੁਰਾਨ ) ਸਾਡੇ ਏਥੇ ਅਸਲ ਕਿਤਾਬ ਵਿਚ ( ਲਿਖਿਆ ਹੋਇਆ ਮੌਜੂਦ ਹੈ ਅਰ ) ਬੜੀ ਉਚੀ ਅਰ ਹਿਕਮਤ ( ਤਥਾ ਦਨਾਈ ) ਦੀ ( ਕਿਤਾਬ ਮੰਨੀ ਗਈ ) ਹੈ ॥ ੪ ॥ ਤਾਂ ਕੀ ਏਸ ਕਾਰਨ ਕਿ ਤੁਸੀਂ ਲੋਗ (ਬੰਦਗੀ) ਦੀ ਸੀਮਾਂ ਥੀਂ ਬਾਹਰ ਹੋ ਗਏ ਹੋ ਅਸੀਂ ( ਤੁਸਾਂ ਦੀ ਭਲਾਈ ਥੀਂ ) ਨਿਰਸੰਕਲਪ ਹੋਕੇ ਸਿਖਯਾ ਦੇਣੀ

Digitized by Panjab Digital Library | www.panjabdigilib.org

ਛਡ ਦੇਵਾਂਗੇ ॥ ੫ ॥ ਅਰ ਅਗਲਿਆਂ ਲੋਗਾਂ ਵਿਚ ਅਸਾਂ ਨੇ ਬਹੁਤ ਸਾਰੇ ਪੈਯੰਬਰ ਭੇਜੇ ॥ ੬ ॥ ਅਰ ( ਓਹਨਾਂ ਦਾ ਭੀ ਐਸਾ ਹੀ ਹਾਲ ਸੀ ਕਿ ) ਜੋ ਪੈਯੰਬਰ ਓਹਨਾਂ ਦੇ ਪਾਸ ਆਉਂਦਾ ਬਦ ਬਦਾ ਕੇ ਓਸ ਨੂੰ ਠਠਾ ਮਖੌਲ ਹੀ ਕਰਦੇ ॥ ੭ ॥ ਫੇਰ ( ਆਖਰ ਕਾਰ ) ਅਸਾਂ ਨੇ ਓਹਨਾਂ ਨੂੰ ਕਿ ਉਹ ਏਹਨਾਂ (ਮੱਕੇ ਦਿਆਂ ਕਾਫਰਾਂ) ਥੀਂ ਕਈ ਗੁਣਾਂ ਬਲਵਾਨ ਸਨ ਰੁਲਾ ਕੇ ਮਾਰ ਸਿਟਿਆ ਅਰ ( ਸੰਸਾਰ ਵਿਚ ਉਹਨਾਂ ) ਅਗਲਿਆਂ ਲੋਕਾਂ ਦੀਆਂ ਕਹਾਣੀਆਂ ਚਲ ਪਈਆਂ ॥ ੮ ॥ ਅਰ ( ਹੇ ਪੈਯੰਬਰ ) ਯਦੀ ਤੁਸੀਂ ਏਹਨਾਂ ਲੋਗਾਂ ਪਾਸੋਂ ਪੁਛੋ ਕਿ ( ਭਲਾ ) ਪ੍ਰਿਥਵੀ ਅਕਾਸ ਨੂੰ ਕਿਸ ਨੇ ਪੈਦਾ ਕੀਤਾ ਹੈ ਤਾਂ ਉਹ ਏਹਨਾਂ ਦੇ ਪੈਦਾ ਕਰਨੇ ਨੂੰ ( ਓਸੇ ਖੁਦਾ ) ਜ਼ਬਰਦਸਤ ( ਤਥਾ ) ਦਾਨੇ ( ਬੀਨੇ ) ਦੀ ਤਰਫ ਮਨਸੂਬ ਕਰਨਗੇ ॥ ੯ ॥ ਜਿਸ ਨੇ ਪ੍ਰਿਥਵੀ ਨੂੰ ਤੁਸਾਂ ਲੋਗਾਂ ਵਾਸਤੇ ਫਰਸ਼ ਬਨਾਇਆ ਹੈ ਅਰ ਤੁਸਾਂ ਦੇ ( ਤੁਰਨ ਫਿਰਨ ) ਵਾਸਤੇ ਓਸ ਵਿਚ ਰਸਤੇ ਨਿਕਾਸੇ ਹਨ ਤਾਂ ਕਿ ਤੁਸੀਂ ( ਆਪਣੇ ਅਭੀਸ਼ਟ ਅਸਥਾਨ ਉੱਤੇ ) ਪਹੁੰਚੋ ॥ ੧੦ ॥ ਅਰ ਜਿਸਨੇ ਇਕ ਅੰਦਾਜੇ ਨਾਲ ਅਕਾਸ ਥੀਂ ਪਾਣੀ ਦੀ ਬਰਖਾ ਕੀਤੀ ਹੈ । ਫੇਰ ਅਸੀਂ ਹੀ ਓਸੇ ( ਪਾਣੀ ਦਵਾਰਾ ) ਮਰਿਆਂ ਹੋਇਆਂ ( ਅਰਥਾਤ ਵੈਰਾਨ ਪਏ ਹੋਏ ) ਸ਼ਹਿਰ ਨੂੰ ਸੁਰਜੀਤ ਕਰ ਦਿਤਾ ਇਸੀ ਤਰਹਾਂ ਤੁਸੀਂ ਲੋਗ ਭੀ ( ਕਿਆਮਤ ਦੇ ਦਿਨ ਕਬਰਾਂ ਵਿਚੋਂ ) ਨਿਕਾਸੇ ਜਾਓਗੇ ॥ ੧੧ ॥ ਅਰ ਜਿਸ ਨੇ ਹਰ ਪ੍ਰਕਾਰ ਦੀਆਂ ਵਸਤਾਂ ਪੈਦਾ ਕੀਤੀਆਂ ਹਨ ਅਰ ਤੁਸਾਂ ਵਾਸਤੇ ਬੇੜੀਆਂ ਅਰ ਚੌਪਾਏ ਬਨਾਏ ਹਨ ਜਿਨਹਾਂ ਉਪਰ ਤੁਸੀਂ ਅਸਵਾਰ ਹੁੰਦੇ ਹੋ ॥ ੧੨ ॥ ਕਿ ਤੁਸੀਂ ਏਹਨਾਂ ਦੀ ਪਿਠ ਉਪਰ ( ਭਲੀ ਪ੍ਰਕਾਰ ) ਬੈਠ ਜਾਓ ਫੇਰ ਜਦੋਂ ( ਇਤਮੀਨਾਨ ਨਾਲ ) ਓਹਨਾਂ ਉਪਰ ਬੈਠ ਜਾਓ ਤਾਂ ਆਪਣੇ ਪਰਵਰਦਿਗਾਰ ਦਾ ਉਪਕਾਰ ਯਾਦ ਕਰੋ ਅਰ ( ਓਸ ਦਾ ) ਧੰਨਵਾਦ ਕਰੋ ਕਿ ਉਹ ਪਵਿਤ੍ਰ (ਰੂਪ) ਹੈ ਜਿਸ ਨੇ ਏਹਨਾਂ ਵਸਤੂਆਂ ਨੂੰ ਸਾਡੇ ਅਧੀਨ ਕਰ ਦਿਤਾ ਹੈ ਅਰ ਅਸਾਂ ( ਤਾਂ ਐਸੇ ਬਲਿਸ਼ਟ ) ਨਹੀਂ ਥੇ ਕਿ ਏਹਨਾਂ ਨੂੰ (ਆਪਣੇ) ਅਧੀਨ ਕਰ ਲੈਂਦੇ ॥ ੧੩ ॥ ਅਰ ਨਿਰਸੰਦੇਹ ਅਸਾਂ ਨੇ ਆਪਣੇ ਪਰਵਰਦਿਗਾਰ ਦੀ ਤਰਫ ਲੌਟ ਕਰ ਜਾਣਾ ਹੈ ॥ ੧੪ ॥ ਅਰ ਲੋਗਾਂ ਨੇ ਖੁਦਾ ਦਿਆਂ ਬੰਦਿਆਂ ਵਿਚੋਂ ( ਫਰਿਸ਼ਤਿਆਂ ਨੂੰ ) ਓਸ ਜਿਗਰ ਦਾ ਭਾਗ ( ਅਰਥਾਤ ਅੰਸ) ਬਨਾ ਰਖਿਆ ਹੈ ਕੋਈ ਭ੍ਰਮ ਨਹੀਂ ਕਿ ਆਦਮੀ ਖੁਲਮਖੁਲਾ ਬੜਾ ਹੀ ਕ੍ਰਿਤਘਨ ਹੈ ॥ ੧੫ ॥ ਰੁਕੂਹ ੧ ॥

ਕੀ ਖੁਦਾ ਨੇ ਆਪਣੀ ਮਖਲੂਕਾਤ ਵਿਚੋਂ ( ਆਪ ਤਾਂ ) ਬੇਟੀਆਂ ਲੀਤੀਆਂ ਅਰ ਤੁਸਾਂ ( ਲੋਗਾਂ ) ਨੂੰ ਬੇਟਿਆਂ ਵਾਸਤੇ ਚੁਣ ਲਿਆ ॥ ੧੬ ॥

Digitized by Panjab Digital Library | www.panjabdigilib.org

ਅਰ ( ਬ੍ਰਿਤਾਂਤ ਐਸੇ ਹੈ ਕਿ ) ਜਦੋਂ ਏਹਨਾਂ ਲੋਗਾਂ ਵਿਚੋਂ ਕਿਸੇ ਨੂੰ ਓਸ ਵਸਤੂ ਦੇ ਹੋਣ ਦੀ ਖੁਸ਼ਖਬਰੀ ਦਿਤੀ ਜਾਵੇ ( ਅਰਥਾਤ ਬੇਟੀ ਦੀ ) ਜਿਸ ਦੀ ਤੁਹਮਤ ਯਿਹ ( ਖੁਦਾਇ ) ਰਹਿਮਾਨ ਉਪਰ ਲਗੌਂਦਾ ਹੈ ਤਾਂ ( ਗੁਸੇ ਦਾ ਮਾਰਿਆ ਹੋਇਆ ) ਅੰਦਰ ਹੀ ਅੰਦਰ ਸੜ ਭੁਜ ਕੇ ਓਸਦਾ ਮੂੰਹ ਕਾਲਾ ਹੋ ਜਾਵੇ ॥ ੧੭ ॥ ਕੀ ( ਬੇਟੀ ਜ਼ਾਤ ) ਜੋ ਗਹਿਣਿਆਂ ਵਿਚ ਪਰਵਰਸ਼ ਪਾਵੇ ਅਰ (ਕੋਈ ਝਗੜਾ ਆ ਪਵੇ ਤਾਂ) ਝਗੜਦਿਆਂ ਸਮੇਂ (ਭਲੀ ਪ੍ਰਕਾਰ ਮਤਲਬ ਦਾ ) ਵਰਨਣ ਨਾ ਕਰ ਸਕੇ ( ਵੁਹ ਖੁਦਾ ਦੀ ਸ਼ਾਨ ਦੇ ਯੋਗ ਹੈ ) ॥ ੧੮ ॥ ਅਰ ਏਹਨਾਂ ਲੋਗਾਂ ਨੇ ਫਰਿਸ਼ਤਿਆਂ ਨੂੰ ਵੀ ਕਿ ਵੁਹ(ਭੀ ਔਰ ਸ੍ਰਿਸ਼ਟੀ ਦੀ ਤਰਾਂ ਖੁਦਾਏ ) ਰਹਿਮਾਨ ਦੇ ਬੰਦੇ ਹਨ ਇਸਤ੍ਰੀਆਂ ਨਿਯਤ ਕਰ ਰਖੀਆਂ ਹਨ । ਕੀ ਜਿਸ ਸਮੇਂ ਖੁਦਾ ਨੇ ਫਰਿਸ਼ਤਿਆਂ ਨੂੰ ਪੈਦਾ ਕੀਤਾ ਇਹ ਲੋਗ ਵਿਦਮਾਨ ਸਨ ( ਅਥਵਾ ਐਵੇਂ ਹੀ ਹਵਾਈ ਗਲਾਂ ਕਰਦੇ ਹਨ ) ਏਹਨਾਂ ਦਾ ( ਯਿਹ ) ਬਚਨ ਕਲਮ ਬੰਦ ਕੀਤਾ ਜਾਂਦਾ ਹੈ ਅਰ ( ਪ੍ਰਲੈ ਦੇ ਦਿਨ ਏਸ ਦੀ ) ਏਹਨਾਂ ਪਾਸੋਂ ਪੁਛਗਿਛ ਹੋਵੇਗੀ ॥ ੧੯ ॥ ਅਰ ਕਹਿੰਦੇ ਹਨ ਕਿ ( ਖੁਦਾਇ ) ਰਹਿਮਾਨ ਦੀ ਇਛਾ ਹੁੰਦੀ ਤਾਂ ਅਸੀਂ ਓਸ ਦੀ ਪੂਜਾ ਨਾ ਕਰਦੇ ਏਹਨਾਂ ਨੂੰ ਤਕਦੀਰ ਦੇ ਵਿਵਹਾਰ ਦੀ ਕੋਈ ਖਬਰ ਤਾਂ ਹੈ ਨਹੀਂ ਨਿਰੇ ਪੁਰੇ ਅਟਕਲਪੱਚੂ ਹੀ ਲਗਾ ਰਹੇ ਹਨ ॥ ੨੦ ॥ ਅਥਵਾ ਏਹਨਾਂ ਨੂੰ ਅਸਾਂ ਨੇ ਇਸ ਥੀਂ ਪਹਿਲਾਂ ਤੋਂ ਹੀ ਕੋਈ ਪੁਸਤਕ ਦੇ ਰਖੀ ਹੈ ਕਿ ਇਹ ਓਸ ਦਾ ਪ੍ਰਮਾਣ ਪਕੜਦੇ ਹਨ ॥ ੨੧ ॥ ( ਨਹੀਂ ) ਪ੍ਰਤਯੁਤ ( ਇਹ ਤਾਂ ਐਸੇ ) ਕਹਿੰਦੇ ਹਨ ਕਿ ਅਸਾਂ ਨੇ ਆਪਣਿਆਂ ਪਿਤਾ ਪਿਤਾਮਾਂ ਨੂੰ ਇਕਸੇ ਰੀਤੀ ਉਪਰ ਦੇਖਿਆ ਅਰ ਓਹਨਾਂ ਦੇ ਹੀ ਪਿਛੇ ੨ ਅਸੀਂ ਭੀ ਠੀਕ ਰਸਤੇ ਉਪਰ ਤੁਰੇ ਜਾਂਦੇ ਹਾਂ ॥ ੨੨ ॥ ਅਰ( ਹੇ ਪੈਗੰਬਰ ) ਇਸੀ ਪ੍ਰਕਾਰ ਅਸਾਂ ਨੇ ਤੇਰੇ ਨਾਲੋਂ ਪਹਿਲੇ ਜਦੋਂ ਕਦੇ ਕਿਸੇ ਨਗਰ ਵਿਚ ( ਕੋਈ ਪੈਗੰਬਰ ) ਡਰ ਸੁਨਾਉਣ ਵਾਲਾ ਭੇਜਿਆ ਓਥੋਂ ਦਿਆਂ ਆਸੂਦਾ ਲੋਗਾਂ ਨੇ ਐਸੇ ਹੀ ਕਹਿਆ ਕਿ ਅਸਾਂ ਨੇ ਆਪਣੇ ਪਿਤਾ ਪਿਤਾਮਾਂ ਨੂੰ ਇਕਸੇ ਤਰੀਕੇ ਉਪਰ ਦੇਖਿਆ ਅਰ ਓਹਨਾਂ ਦੇ ਹੀ ਪਿਛੇ ੨ ਅਸੀਂ ( ਭੀ ਓਹਨਾਂ ਦੀ ) ਪੈਰਵੀ ਕਰ ਰਹੇ ਹਾਂ ॥ ੨੩ ॥ ( ਏਸ ਗਲ ਉਤੇ ਓਹਨਾਂ ਦਿਆਂ ਪੈਗੰਬਰਾਂ ਨੇ ਓਹਨਾਂ ਨੂੰ ) ਕਹਿਆ ਕਿ ਜਿਸ ( ਰੀਤੀ ) ਉਪਰ ਤੁਸਾਂ ਨੇ ਆਪਣੇ ਪਿਤਾ ਪਿਤਾਮਾਂ ਨੂੰ ਦੇਖਿਆ ਯਦੀ ਮੈਂ ਓਸ ਨਾਲੋਂ ਕਈ ਗੁਣਾਂ ਸੂਧਾ ਮਾਰਗ ( ਅਰਥਾਤ ਸਚਾ ਦੀਨ ) ਲੈਕੇ ਤੁਸਾਂ ਪਾਸ ਆਇਆ ਹਾਂ ਤਾਂ ਭੀ ( ਤੁਸੀਂ ਓਸੇ ਪੁਰਾਣੇ ਧੜੇ ਉਪਰ ਹੀ ਚਲੇ ਜਾਓਗੇ ) ਉਹ ਬੋਲੇ ( ਕੁਛ ਭੀ ਹੋਵੇ ) ਜੋ ( ਦੀਨ ) ਤੁਸਾਂ ਨੂੰ ਦੇਕੇ ਭੇਜਿਆ ਗਇਆ ਹੈ

Digitized by Panjab Digital Library | www.panjabdigilib.org

ਅਸੀਂ ਤਾਂ ਓਸ ਨੂੰ ਮੰਨਣ ਵਾਲੇ ਹੈ ਨਹੀਂ ॥ ੨੪ ॥ ਆਖਰਕਾਰ ਅਸਾਂ ਨੇ ਓਹਨਾਂ ਪਾਸੋਂ ( ਓਹਨਾਂ ਦੀ ਮਨਮੁਖਤਾਈ ਦਾ ) ਬਦਲਾ ਲੀਤਾ ਤਾਂ ( ਹੇ ਪੈਯੰਬਰ ) ਵੇਖੋ ਕਿ ( ਪੈਯੰਬਰਾਂ ਦੇ ) ਝੁਠਿਆਰਨ ਵਾਲਿਆਂ ਦੀ ਕੀ ਦਸ਼ਾ ਹੋਈ ॥ ੨੫ ॥ ਰੁਕੂਹ ੨ ॥

ਅਰ ਇਕ ( ਉਹ ਭੀ ) ਸਮਾਂ ਸੀ ( ਕਿ ) ਇਬਰਾਹੀਮ ਨੇ ਆਪਣੇ ਪਿਤਾ ਅਰ ਆਪਣੀ ਜਾਤੀ ( ਦੇ ਲੋਗਾਂ ) ਨੂੰ ਕਹਿਆ ਕਿ ਜਿਨਹਾਂ ( ਬੁਤਾਂ ) ਦੀ ਤੁਸੀਂ ਪੂਜਾ ਕਰਦੇ ਹੋ ਮੇਰਾ ਤਾਂ ਓਹਨਾਂ ਨਾਲ ਕੋਈ ਪ੍ਰਯੋਜਨ ਨਹੀਂ ॥ ੨੬ ॥ ਪਰੰਤੂ ( ਹਾਂ ਮੈਨੂੰ ਓਸ ਖੁਦਾ ਦੇ ਨਾਲ ਪਰਯੋਜਨ ਹੈ ) ਜਿਸ ਨੇ ਮੈਨੂੰ ਪੈਦਾ ਕੀਤਾ ਸੋ ਓਹੀ ਮੈਨੂੰ ਸਚਾ ਮਾਰਗ ( ਭੀ ) ਦਿਖਾਵੇਗਾ ॥ ੨੭ ॥ ਅਰ ਓਹਨਾਂ ਨੇ ਏਸ ( ਏਕਤਾ ਦੇ ਨਿਸਚੇ ) ਨੂੰ ਐਸਿਆਂ ( ਪੱਕਿਆਂ ਪੁਖਤਿਆਂ ) ਕੀਤਾ ਕਿ ਉਹ ਬਾਤ ( ਚਿਰਕਾਲ ) ਓਹਨਾਂ ਦੀ ਬੰਸ ਵਿਚ ਬਾਕੀ ਚਲੀ ਆਈ ( ਏਸ ਕਰਕੇ ਓਹਨਾਂ ਦਾ ) ਐਸਾ ਸੰਕਲਪ ਸੀ ਕਿ ਲੋਗ ( ਏਕ ਓਅੰਕਾਰ ਦੀ ਤਰਫ ) ਲਗੇ ਰਹਿਣ ॥ ੨੮ ॥ ਪਰੰਤੂ ( ਅਰਬ ਨਿਵਾਸੀ ਯਦਜਪੀ ਓਹਨਾਂ ਦੀ ਹੀ ਨਸਲ ਹਨ ) ਅਸਾਂ ਨੇ ਏਹਨਾਂ ਨੂੰ ਅਰ ਏਹਨਾਂ ਦੇ ਪਿਤਾ ਪਿਤਾਮਾਂ ਨੂੰ ( ਸੰਸਾਰ ਵਿਚ ) ਵਸਾਇਆ ਰਸਾਇਆ ( ਤਾਂ ਇਹ ਇਬਰਾਹੀਮ ਦੇ ਦੀਨ ਥੀਂ ਗਾਫਲ ਹੋ ਗਏ ਅਰ ਲਗੇ ਸ਼ਰਕ ਕਰਨ ) ਏਥੋਂ ਤਕ ਕਿ ਹੁਣ ਏਹਨਾਂ ਦੇ ਪਾਸ ਸਚਾ ( ਦੀਨ ) ਆ ਪਰਾਪਤ ਹੋਇਆ ਅਰ ( ਹੋਰ ਇਹ ) ਪੈਯੰਬਰ (ਮੁਹੰਮਦ) ਜੋ (ਇਕ ਓਅੰਕਾਰ ਦੀ ਬਾਣੀ ਨੂੰ) ਸਰਲ ਰੀਤੀ ਨਾਲ (ਏਹਨਾਂ ਨੂੰ) ਸਮਝਾ-ਉਂਦੇ ਹਨ ॥ ੨੯ ॥ ਅਰ ਜਦੋਂ ਏਹਨਾਂ ਦੇ ਪਾਸ ਸਚਾ ( ਦੀਨ ) ਆਇਆ ਤਾਂ ਲਗੇ ਕਹਿਣ ਕਿ ਇਹ ਤਾਂ ਜਾਦੂ ( ਤੰਤ੍ਰ ) ਹੈ ਅਰ ਅਸੀਂ ਏਸ ਨੂੰ ਨਹੀਂ ਮੰਨਦੇ ॥ ੩੦ ॥ ਅਰ ( ਇਹ ਭੀ ) ਕਹਿੰਦੇ ਹਨ ਕਿ ( ਇਨਹਾਂ ) ਦੋ ਨਗ-ਰੀਆਂ ( ਅਰਥਾਤ ਮਕੇ ਅਰ ਤਾਇਫ ) ਵਿਚੋਂ ਕਿਸੇ ਪਰਤਾਪਸ਼ਾਲੀ ਆਦਮੀ ਉਪਰ ਇਹ ਕੁਰਾਨ ਕਿਉਂ ਨਾ ਉਤਾਰਿਆ ਗਇਆ ? ॥ ੩੧ ॥ ( ਹੇ ਪੈਯੰ-ਬਰ ) ਕੀ ਇਹ ਲੋਗ ਤੁਹਾਡੇ ਪਰਵਰਦਿਗਾਰ ਦੀ ਰਹਿਮਤ ( ਅਰਥਾਤ ਪੈਯੰਬਰੀ ) ਦੇ ਤਕਸੀਮ ਕਰਨ ਵਾਲੇ ਹਨ ? ਤਾਂ ਇਸ ( ਸੰਸਾਰਕ ) ਜੀਵਨ ਵਿਚ ਤਾਂ ਏਹਨਾਂ ਦੀ ਰੋਜੀ ਏਹਨਾਂ ਵਿਚ ਅਸੀਂ ਤਕਸੀਮ ਕਰਦੇ ਹਾਂ ਅਰ ਅਸਾਂ ਨੇ ( ਸੰਸਾਰਕ ) ਉਪਾਧੀਆਂ ਦੀ ਦ੍ਰਿਸ਼ਟੀ ਨਾਲ ਏਹਨਾਂ ਵਿਚ ਇਕ ਨੂੰ ਦੂਜੇ ਉਪਰ ਵਧੀਕੀ ਦਿਤੀ ਹੈ ਤਾ ਕਿ ਏਹਨਾਂ ਵਿਚ ਇਕ ਨੂੰ ਇਕ ( ਆਪਣਾ ) ਅਧੀਨ, ਬਣਾਏ ਰਹੇ । ਅਰ ਜੋ ( ਯਿਹ ਲੋਗ ) ਸਮੇਟ ਦੇ ਫਿਰਦੇ ਹਨ ਤੁਸਾਂ ਦੇ ਪਰਵਰਦਿਗਾਰ ਦੀ ਰਹਿਮਤ ( ਅਰਥਾਤ ਪੈਯੰਬਰੀ ਤਾਂ )

Digitized by Panjab Digital Library | www.panjabdigilib.org

ਏਸ ਨਾਲੋਂ ਕਈ ਗੁਣਾਂ ਉਤਮ ਹੈ ॥ ੩੨ ॥ ਅਰ ਯਦੀ ਯਿਹ ਬਾਰਤਾ ਨਾ ਹੁੰਦੀ ਕਿ ਸਭ ਲੋਗ ਇਕ ਹੀ ਰੀਤੀ ਦੇ ਹੋ ਜਾਣਗੇ (ਤਾਂ ਦੁਨੀਆਂ ਦੇ ਸਾਜੋ ਸਾਮਾਨ ਸਾਡੇ ਏਥੈਂ ਐਡੀ ਤੁਛ ਹੈ ਕਿ ) ਜੋ ਲੋਗ ( ਖੁਦਾਇ ) ਰਹਿਮਾਨ ਥੀਂ ਮੁਨਕਰ ਹਨ ਓਹਨਾਂ ਵਾਸਤੇ ਓਹਨਾਂ ਦੇ ਘਰਾਂ ਦੀਆਂ ਛਤਾਂ ਅਸੀਂ ਚਾਂਦੀ ਦੀਆਂ ਕਰਾ ਦੇਂਦੇ ਅਰ ( ਛਤਾਂ ਥੀਂ ਇਲਾਵਾ ਚਾਂਦੀ ਦੀ) ਪੌੜੀਆਂ ਕਿ ਓਹਨਾਂ ਉਪਰ ਚੜ੍ਹਦੇ ( ਉਤਰਦੇ ) ॥ ੩੩ ॥ ਅਰ ( ਚਾਂਦੀ ਦੇ ਹੀ ) ਓਹ ਨਾਂ ਦੇ ਘਰਾਂ ਦੇ ਦਰਵਾਜੇ ( ਬਣਾ ਦੇਂਦੇ ) ਅਰ ( ਚਾਂਦੀ ਦੇ ਹੀ ) ਤਖਤ ਕਿ ਓਹਨਾਂ ਉਪਰ ( ਹਸ ਰਸ ਕੇ ) ਉਪਧਾਨ ਲਗਾ ਲਗਾ ਕਰ ਬੈਠਦੇ ॥ ੩੪ ॥ ਅਰ ( ਚਾਂਦੀ ਹੀ ਨਹੀਂ ਪ੍ਰਤਯੁਤ ) ਸੋਨੇ ਦੇ ( ਭੀ ) ਅਰ ( ਫੇਰ ਭੀ ) ਇਹ ਸੰਪੂਰਨ ( ਸਾਜੋ ਸਮਾਨ ) ਇਸ ਸੰਸਾਰਕ ਜੀਵਨ ਦੇ ( ਚਾਰ ਦਿਨਾਂ ਦੇ ਭੰਗਰ ) ਸੁਖ ਹਨ । ਅਰ ( ਹੇ ਪੈਯੰਬਰ ) ਅੰਤ ਦੇ ( ਲਾਭ ) ਤੁਸਾਂ ਦੇ ਪਰਵਰਦਿਗਾਰ ਦੇ ਏਥੇ ਸੰਜਮੀਆਂ ਵਾਸਤੇ ( ਹੀ ) ਹੈ ॥ ੩੫ ॥ ਰੁਕੂਹ ॥ ੩ ॥

ਅਰ ਜੋ ਪੁਰਖ ( ਖੁਦਾਇ ) ਰਹਿਮਾਨ ਦੀ ਯਾਦ ਥੀਂ ਨਜ਼ਰ ਚੁਰਾਉਂਦਾ ਹੈ ਅਸੀਂ ਉਸ ਉਪਰ ਇਕ ਸ਼ੈਤਾਨ ਇਸਥਿਤ ਕਰ ਦੇਂਦੇ ਹਾਂ ਅਰ ਉਹ ਓਸ ਦੇ ਨਾਲ ਰਹਿੰਦਾ ਹੈ ॥ ੩੬ ॥ ਅਰ ਯਦਯਪੀ ਸ਼ੈਤਾਨ ਗੁਨਾਹਗਾਰਾਂ ਨੂੰ ( ਖੁਦਾ ) ਦੇ ਰਾਹੋਂ ਰੋਕਦੇ ਰਹਿੰਦੇ ਹਨ ਤਥਾਪੀ ਗੁਨਾਹ-ਗਾਰ ( ਆਪਣੇ ਤਾਈਂ ) ਖਿਆਲ ਕਰਦੇ ਹਨ ਕਿ ਓਹ ਸਚੇ ਮਾਰਗ ਉਤੇ ਹਨ ॥ ੩੭ ॥ ਏਥੋਂ ਤਕ ਕਿ ਜਦੋਂ ਗੁਨਾਹਗਾਰ ( ਪ੍ਰਲੈ ਦੇ ਦਿਨ ) ਸਾਡੇ ਸਨਮੁਖ ਹਾਜ਼ਰ ਹੋਵੇਗਾ ਤਾਂ ( ਉਹ ਆਪਣੇ ਸੰਗੀ ਸਾਥੀ ਸ਼ੈਤਾਨ ਨੂੰ ਦੇਖ ਕੇ ) ਕਹੇਗਾ ਕਿ ਹੇ ਦਿਓ ਮੇਰੇ ਵਿਚ ਅਰ ਤੇਰੇ ਵਿਚ ਪੂਰਬ ਅਰ ਪਛਮ ਦਾ ਫਾਸਲਾ ਰਹਿਆ ਹੁੰਦਾ ਤਾਂ ( ਸ਼ੈਤਾਨ ਭੀ ਆਦਮੀ ਦਾ ਕੈਸਾ ਹੀ ) ਬੁਰਾ ਸੰਗੀ (ਸਾਥੀ) ਹੈ॥ ੩੮ ॥ ਅਰ (ਗੁਨਾਹਗਾਰੋ) ਜਦੋਂ ਕਿ ਤੁਸਾਂ ਨੇ ( ਦੁਨੀਆਂ ਵਿਚ ) ਨਾ ਫਰਮਾਨੀਆਂ ਕੀਤੀਆਂ ਹਨ ਤਾਂ ਅਜ ਇਹ ਬਾਤ ਭੀ ਤੁਸਾਂ ਦੇ ਕਛ ਕੰਮ ਨਾਂ ਆਵੇਗੀ ਕਿ ਤੁਸੀਂ ਅਰ ( ਸ਼ੈਤਾਨ ) ਇਕੱਠੇ ਕਸ਼ਟ ਵਿਚ ਹੋਵੋ ॥ ੩੯ ॥ ਤਾਂ ( ਹੇ ਪੈਯੰਬਰ ) ਕੀ ਤੁਸੀਂ ਬਹਰਿਆਂ ਨੂੰ ਸੁਣਾ ਸਕਦੇ ਹੋ ਅਥਵਾ ਅੰਧਿਆਂ ਨੂੰ ਅਰ ਓਹਨਾਂ ਨੂੰ ਜੋ ਪਰਤੱਛ ਗੁਮਰਾਹੀ ਵਿਚ ( ਪਏ ਹੋਏ ) ਸਨ ਸਚੇ ਮਾਰਗ ਉਪਰ ਲਿਆ ਸਕਦੇ ਹੋ ? ॥ ੪੦ ॥ ਤਾਂ ਯਦੀ ਅਸੀਂ ਤੁਸਾਂ ਨੂੰ ( ਸੰਸਾਰ ਵਿਚੋਂ ) ਉਠਾ ਭੀ ਲਈਏ ਤਾਂ ਭੀ ਅਸਾਂ ਏਹਨਾਂ ( ਕਾਫਰਾਂ ) ਪਾਸੋਂ ਤਾਂ ਜ਼ਰੂਰ ਬਦਲਾ ਲੈਣਾ ਹੈ ॥ ੪੧ ॥ ਕਿੰਬਾ ( ਤੁਸਾਂ ਨੂੰ ਜੀਉਂਦਿਆਂ ਰਖੀਏ ਅਰ ) ਏਹਨਾਂ ਦੇ ਨਾਲ ਜੋ ( ਕਸ਼ਟ ਦਾ ) ਬਚਨ

Digitized by Panjab Digital Library | www.panjabdigilib.org

ਹੈ ( ਏਹਨਾਂ ਉਪਰ ਉਤਾਰ ਕੇ ) ਤੁਸਾਂ ਨੂੰ ਲਿਆ ਦਿਖਾਈਏ ਤਾਂ ( ਏਸ ਗਲੇ ਭੀ ਕੋਈ ਆਸਚਰਜ ਬਾਰਤਾ ਨਹੀਂ ਕਾਹੇ ਤੇ ) ਸਾਨੂੰ ਏਹਨਾਂ ਉਪਰ ( ਹਰ ਪਰਕਾਰ ਦੀ ) ਸਾਮਰਥ ਹਾਸਲ ਹੈ ॥ ੪੨ ॥ ਤਾਂ ( ਹੇ ਪੈਯੰਬਰ ਇਹ ਕੁਰਾਨ ) ਜੋ ਤੁਸਾਂ ਦੀ ਤਰਫ ਵਹੀ ਕੀਤਾ ਗਇਆ ਹੈ ਓਸ ਨੂੰ ਖ਼ੂਬ ਪਕਿਆਈ ਨਾਲ ਪਕੜੀ ਰਖੋ ਏਸ ਵਿਚ ਭ੍ਰਮ ਨਹੀਂ ਕਿ ਤੁਸੀਂ ਸਚੇ ਮਾਰਗ ਉਪਰ ਹੋ ॥ ੪੩ ॥ ਅਰ ਇਸ ਵਿਚ ਭੀ ਸੰਦੇਹ ਨਹੀਂ ਕਿ ਯਿਹ ( ਕੁਰਾਨ ) ਜ਼ਰੂਰ ਤੁਹਾਡੇ ਅਰ ਤੁਹਾਡੀ ਜਾਤੀ ਦੇ ਵਾਸਤੇ ਸਿਖ੍ਯਾ ਹੈ ਅਰ ਅਗੇ ਚਲ ਕੇ ਤੁਸੀਂ ( ਸਾਰਿਆਂ ) ਨਾਲ ( ਏਸ ਦੀ ਬਾਬਤ ) ਪੁਛ ਗਿਛ ਹੋਣੀ ਹੈ ॥ ੪੪ ॥ ਅਰ ( ਹੇ ਪੈਯੰਬਰ ) ਤੁਹਾਡੇ ਨਾਲੋਂ ਪਹਿਲੇ ਜੋ ਅਸਾਂ ਨੇ ਆਪਣੇ ਰਸੂਲ ਭੇਜੇ ਉਨਹਾਂ ਨੂੰ ਪੁਛ ਦੇਖੋ ਕੀ ਅਸਾਂ ਨੇ ( ਖ਼ੁਦਾਇ ) ਰਹਿਮਾਨ ਦੇ ਸਿਵਾ ( ਦੂਸਰੇ ਤੀਸਰੇ ) ਮਾਬੂਦ ਨਿਯਤ ਕਰ ਦਿਤੇ ਸੀ ਕਿ ਉਨਹਾਂ ਦੀ ਪੂਜਾ ਕੀਤੀ ਜਾਵੇ ? ॥ ੪੫ ॥ ਰੁਕੂਹ ੪ ॥

ਅਰ ਅਸਾਂ ਨੇ ਹੀ ਮੂਸਾ ਨੂੰ(ਭੀ)ਆਪਣੇ ਮੋਜਜ਼ੇ(ਚਮਤਕਾਰ)ਦੇਕੇ ਫਰਊਨ ਅਰ ਓਸ ਦੇ ਸਭਾਸਦਾਂ ਦੀ ਤਰਫ ਭੇਜਿਆ ਸੀ ਤਾਂ(ਮੂਸਾ ਨੇ ਉਨਹਾਂ ਲੋਗਾਂ ਨੂੰ) ਕਹਿਆ ਕਿ ਮੈਂ ਦੁਨੀਆਂ ਦੇ ਪਰਵਰਦਿਗਾਰ ਦਾ ਭੇਜਿਆ ਹੋਇਆ ਹਾਂ॥੪੬॥ ਤਾਂ ਜਦੋਂ ( ਮੂਸਾ ) ਸਾਡੇ ਚਮਤਕਾਰ ( ਮੋਜਜ਼ੇ ) ਲੈ ਕੇ ਉਨਹਾਂ ਪਾਸ ਆਇਆ ਤਾਂ ਬਸ ਉਹ ਲਗੇ ਮੋਜਜ਼ਿਆਂ ਨੂੰ ਹਾਸੀ ਮਸਖਰੀ ਕਰਨ ॥ ੪੭ ॥ ਅਰ ਅਸੀਂ ਜੋ ਮੋਜਜ਼ੇ ਓਹਨਾਂ ਨੂੰ ਦਿਖਾਉਂਦੇ ਸੀ ਉਹ ਦੂਸਰੇ ਮੋਜਜ਼ੇ ਨਾਲੋਂ ( ਜੋ ਓਹਨਾਂ ਨੂੰ ਦਿਖਾ ਦਿਤਾ ਗਇਆ ਸੀ ) ਵਧ ਕੇ ਹੀ ਹੁੰਦਾ ਸੀ ਅਰ ਅਸਾਂ ਨੇ ਓਹਨਾਂ ਨੂੰ ਅਜ਼ਾਬ ਵਿਚ ( ਭੀ ) ਅਵੇਢਿਤ ਕੀਤਾ ਕਿ ( ਅਜੇ ਭੀ ) ਇਹ ਲੋਗ ਬਾਜ਼ ਆ ਜਾਣ ॥ ੪੮ ॥ ਅਰ ਏਹਨਾਂ ਲੋਗਾਂ ਨੇ ( ਅਜ਼ਾਬ ਆਇਆ ਉਪਰ ਮੂਸਾ ਨੂੰ ) ਕਹਿਆ ਕਿ ਹੇ ਤਾਂਤ੍ਰਕੀ ਤੇਰੇ ਪਰਵਰਦਿਗਾਰ ਨੇ ਜੋ ਤੇਰੇ ਨਾਲ ( ਤੇਰੀ ਦੁਆ ਕਬੂਲ ਕਰਨ ਦਾ ) ਬਚਨ ਕਰ ਰਖਿਆ ਹੈ ਉਸ ਦੇ ਆਸਰੇ ਉਪਰ ਸਾਡੇ ਵਾਸਤੇ ਉਸ ਅਗੇ ਪ੍ਰਾਰਥਨਾ ਕਰ ( ਤੇਰੀ ਪ੍ਰਾਰਥਨਾ ਨਾਲ ਕਸ਼ਟ ਟਲ ਗਇਆ ਤਾਂ ) ਅਸੀਂ ਜ਼ਰੂਰ ਰਸਤੇ ਉਪਰ ਆ ਜਾਵਾਂਗੇ ॥੪੯॥ ਫੇਰ ਅਸਾਂ ਨੇ ਓਹਨਾਂ (ਲੋਗਾਂ)ਉਪਰੋਂ ਅਜ਼ਾਬ ਨੂੰ ਗਿਆ (ਗਵਾਤਾ) ਕਰ ਦਿਤਾ ਤਾਂ ਬਸ ਵੁਹ ਲਗੇ ( ਆਪਣੀ ) ਪਰਤਿਗਜਾ ਤੋੜਨ ॥ ੫੦ ॥ ਅਰ ਫਰਊਨ ਨੇ ਆਪਣਿਆਂ ਲੋਗਾਂ ਵਿਚ ਏਸ ਬਾਰਤਾ ਦੀ ਡੌਂਡੀ ਫਿਰਵਾ ਦਿਤੀ ਕਿ ਲੋਗੋ ! ਕੀ ਮਿਸਰ ਦੇਸ ਸਾਡਾ ਨਹੀਂ ? ਅਰ ( ਤੁਸੀਂ ਵੇਖ ਹੀ ਰਹੇ ਹੋ ਕਿ ) ਯਿਹ ਨਹਿਰਾਂ ਸਾਡੇ ( ਰਾਜਕੀ ਮਹਲ ) ਦੇ ਨੀਚੇ ( ਪੜੀਆਂ ) ਵਗ ਰਹੀਆਂ ਹਨ ਤਾਂ ਕੀ ਤੁਸਾਂ ਨੂੰ ( ਯਿਹ ਬਾਤਾਂ ) ਨਹੀਂ

Digitized by Panjab Digital Library | www.panjabdigilib.org

ਸੁਝਦੀਆਂ ? ॥ ੫੧ ॥ ਤਾਂ ਅਸੀਂ ਏਸ ( ਮੂਸਾ ) ਨਾਲੋਂ ਜੋ ਇਕ ਕਮੀਨਾ ( ਆਦਮੀ ) ਹੈ ਅਰ ਉਸ ਨਾਲ ਬਾਤ ਚੀਤ ਭੀ ਭਲੀ ਪਰਕਾਰ ਨਹੀਂ ਹੋ ਸਕਦੀ ( ਕਈ ਗੁਣਾਂ ) ਉਤਮ ਹਾਂ ॥ ੫੨ ॥ ਅਰ ਯਦੀ (ਮੂਸਾ ਸਾਡੇ ਨਾਲੋਂ ਉਤਮ ਹੁੰਦਾ ) ਤਾਂ ਉਸ ਵਾਸਤੇ ਸੋਨੇ ਦੇ ਕੰਗਣ (ਖੁਦਾ ਨੇ ਏਥੋਂ) ਕਿਉਂ ਨਹੀਂ ਉਤਾਰੇ ਅਥਵਾ ਫਰਿਸ਼ਤੇ ਇਕੱਠੇ ਕਰਕੇ ਏਸ ਦੇ ਨਾਲ ਆਏ ਹੁੰਦੇ ॥ ੫੩ ॥ ਭਾਵ ( ਐਸੀਆਂ ਬਾਤਾਂ ਕਰਕੇ ) ਫਰਊਨ ਨੇ ਆਪਣਿਆਂ ਲੋਗਾਂ ਨੂੰ ਭੁਚਲਾ ਲੀਤਾ ਅਰ ਉਹ ਉਸ ਦੇ ਕਹਿਣ ਵਿਚ ਆ ਗਏ ਇਸ ਵਿਚ ਸੰਦੇਹ ਨਹੀਂ(ਕਿ) ਉਹ ਕੁਛ ਸਨਹੀ ਮਨਮੁਖ ਲੋਗ ॥ ੫੪ ॥ ਫੇਰ ਜਦੋਂ ਏਹਨਾਂ ਲੋਗਾਂ ਨੇ ( ਆਪਣੀਆਂ ਮਨ ਮੁਖਤਾਈਆਂ ਨਾਲ ) ਸਾਨੂੰ ਕ੍ਰੋਧ ਚੜ੍ਹਾਇਆ ਤਾਂ ਅਸਾਂ ਨੇ ਏਹਨਾਂ ਪਾਸੋਂ ਬਦਲਾ ਲੀਤਾ ਅਰ ਏਹਨਾਂ ਸਾਰਿਆਂ ਨੂੰ ਡੋਬ ਦਿਤਾ ॥ ੫੫ ॥ ਅਰ ਏਹਨਾਂ ਨੂੰ ਗਏ ਗਵਾਤਿਆਂ ਕਰ ਦਿਤਾ ਅਰ ਆ-ਉਣ ਵਾਲੀਆਂ ਨਸਲਾਂ ਵਾਸਤੇ ਦ੍ਰਿਸ਼ਟਾਂਤ (ਰੂਪ ਬਣਾ ਦਿਤਾ) ॥ ੫੬ ॥ ਰੁਕੂਹ ॥ ੫ ॥

ਅਰ ( ਹੇ ਪੈਯੰਬਰ ) ਜਦੋਂ ਮਰੀਯਮ ਦੇ ਪੁਤ੍ਰ ( ਮਸੀਹ ) ਦਾ ਦਰਿਸ਼ਟਾਂਤ ਵਰਨਣ ਕੀਤਾ ਗਇਆ ਤਾਂ ਬਸ ਤੁਸਾਂ ਦੀ ਜਾਤੀ ਦੇ ਲੋਗ ਉਸ ( ਨੂੰ ਸੁਣ ਕੇ ਯੁਗ ਪਦ ) ਹੀ ਹਿਵ ਹਿਵ ਕਰਨ ਲਗ ਪਏ ॥ ੫੭ ॥ ਅਰ ਲਗੇ ਕਹਿਣ ਕਿ ( ਏਸ ਗਲੋਂ ) ਤਾਂ ਸਾਡੇ ਮਾਬੂਦ ਚੰਗੇ ( ਰਹੇ ) ਅਥਵਾ ਈਸਾ । ਏਹਨਾਂ ਲੋਗਾਂ ਨੇ ਈਸਾ ਦੀ ਮਿਸਾਲ ਜੋ ਤੁਸਾਂ ਦੇ ਸਾਹਮਣੇ ( ਮਧ ਮੇਂ ) ਲਿਆ ਸੁਟੀ ਤਾਂ ਕੇਵਲ ਵਤੰਡੇ ਦੇ ਤੋਰ ਉਪਰ ( ਲਿਆ ਸੁਟੀ ) ਬਾਤ ਇਹ ਹੈ ਕਿ ਇਹ ਲੋਗ ਹਨ ( ਹੀ ਕੁਛ ) ਝਗੜਾਲੂ ॥ ੫੮ ॥ ਤਾਂ ਈਸਾ ( ਭੀ ) ਬਸ ਸਾਡੇ ਇਕ ਬੰਦਾ ਸੀ ਕਿ ਅਸਾਂ ਨੇ ( ਉਹਨਾਂ ਨੂੰ ਪੈਯੰਬਰੀ ਦੀ ਸੇਵਾ ਪਰਵਾਨ ਕਰਕੇ ) ਉਹਨਾਂ ਉਪਰ ਅਹਿ-ਸਾਨ ਕੀਤਾ ਸੀ ਅਰ ਬਨੀ ਅਸਰਾਈਲ ਵਾਸਤੇ ਓਹਨਾਂ ਨੂੰ ( ਆਪਣੀ ਕੁਦਰਤ ਦਾ ) ਇਕ ਨਮੂਨਾ ਬਣਾਇਆ ਸੀ ॥ ੫੯ ॥ ਅਰ ਅਸੀਂ ਚਾਹੁੰਦੇ ਤਾਂ ਤੁਸਾਂ ( ਲੋਗਾਂ ) ਵਿਚੋਂ ਫਰਿਸ਼ਤੇ (ਪੈਦਾ) ਕਰ ਦੇਂਦੇ ਕਿ ਉਹ ਪ੍ਰਿਥਵੀ ਉਪਰ ਤੁਹਾਡੀ ਜਗਹਾਂ ਵਸਦੇ ਰਸਦੇ ॥ ੬੦ ॥ ਅਰ ਨਿਰਸੰਦੇਹ ਈਸਾ ( ਭੀ ) ਪ੍ਰਲੇ ਦੀ ਇਕ ਦਲੀਲ ਹੈ । ਤਾਂ ( ਹੇ ਪੈਯੰਬਰ ਏਨ੍ਹਾਂ ਲੋਗਾਂ ਨੂੰ ਕਹਿ ਦਿਓ ਕਿ ) ਤੁਸੀਂ ਲੋਗ ਪਰਲੈ (ਦੇ ਆਉਣ) ਵਿਚ ਭਰਮ ਨਾ ਕਰੋ ਅਰ ਮੇਰੇ ਕਹਿਣੇ ਉਪਰ ਚੱਲੋ ਯਹੀ ਸੂਧਾ ਮਾਰਗ ਹੈ ॥ ੬੧ ॥ ਅਰ ਐਸੇ ਨਾ ਹੋ ਜਾਵੇ ਕਿ ਸ਼ੈਤਾਨ ਤੁਸਾਂ ਨੂੰ ( ਏਸ ਰਸਤਿਓਂ ) ਹਟਾ ਦੇਵੇ ( ਕਾਹੇ ਤੇ ) ਵੁਹ ਤੁਸਾਂ ਦਾ ਪ੍ਰਤੱਖ ਬੈਰੀ ਹੈ ॥ ੬੨ ॥ ਅਰ ਜਦੋਂ ਈਸਾ ਮੋਜਜ਼ੇ ਲੈਕੇ ਆਇਆ ਤਾਂ ਓਸ ਨੇ ( ਲੋਗਾਂ

Digitized by Panjab Digital Library | www.panjabdigilib.org

ਨੂੰ ) ਕਹਿਆ ਕਿ ਮੈਂ ਤੁਸਾਂ ਪਾਸ ਬੁਧਿਮਤਾ ਦੀਆਂ ਬਾਤਾਂ ਲੈਕੇ ਆਇਆ ਹਾਂ ਅਰ (ਮੇਰੇ ਆਉਣ ਦਾ ਇਕ) ਇਹ (ਭੀ ਇਕ) ਪ੍ਰਯੋਜਨ ਹੈ ਕਿ ਕਈਕੁ ਗਲਾਂ ਜਿਨਹਾਂ ਵਿਚ ਤੁਸੀਂ ਲੋਗ ਵਿਭੇਦ ਕਰ ਰਹੇ ਹੋ ਤੁਸਾਂ ਨੂੰ ਸਮਝਾ ਦੇਵਾਂ ਤਾਂ ( ਲੋਗੋ ) ਅੱਲਾ ਪਾਸੋਂ ਡਰੋ ਅਰ ਮੇਰਾ ਕਹਿਆ ਮੰਨੋ ॥ ੬੩ ॥ ਨਿਰਸੰਦੇਹ ਮੇਰਾ ਅਰ ਤੁਸਾਡਾ ਅੱਲਾ ਹੀ ਪਰਵਰਦਿਗਾਰ ਹੈ ਤਾਂ ਉਸੇ ਦੀ ਪੂਜਾ ਕਰੋ ਯਹੀ ( ਦੀਨ ਦਾ ) ਸੂਧਾ ਮਾਰਗ ਹੈ ॥ ੬੪ ॥ ਤਾਂ ਓਹਨਾਂ ਵਿਚੋਂ ਹੀ ( ਬਹੁਤ ਸਾਰੇ ) ਲੋਗ ( ਉਸ ਨਾਲ ) ਵਿਭੇਦ ਲਗੇ ਕਰਨ ਤਾਂ ਜੋ ਲੋਗ ਮੂੰਹ ਜੋਰੀ ਕਰਦੇ ਹਨ ਪ੍ਰਲੈ ਦੇ ਦਿਨ ਵਾਲੇ ਭਯਾਨਕ ਕਸ਼ਟ ਦੇ ਇਤਬਾਰ ਨਾਲ ਓਹਨਾਂ (ਦੀ ਦਸ਼ਾ) ਉਪਰ ਬੜਾ ਅਫਸੋਸ ਹੈ॥੬੫॥ ਕੀ ਯਿਹ ਲੋਗ ਪ੍ਰਲੈ ਦੀ ਹੀ ਉਡੀਕ ਵਿਚ ਹਨ ਕਿ ਇਕੋ ਵਾਰੀ ਏਹਨਾਂ ਉਪਰ ਆ ਜਾਏ ਅਰ ਏਹਨਾਂ ਨੂੰ ਖਬਰ ਭੀ ਨਾ ਹੋਵੇ ॥ ੬੬ ॥ ਜੋ ਲੋਗ ( ਆਪਸ ਵਿਚ ) ਪ੍ਰੀਤੀਆਂ ਰਖਦੇ ਹਨ ਉਸ ਦਿਨ ਇਕ ਦੂਜੇ ਦੇ ਬੈਰੀ ਹੋ ਜਾਣਗੇ ਪਰੰਤੂ ਸੰਜਮੀ ਪੁਰਖ ॥ ੬੭ ॥ ਰੁਕੂਹ ੬ ॥

ਸਾਡੇ ਬੰਦਿਓ ਅਜ ਨਾ ਤਾਂ ਤੁਸਾਂ ਨੂੰ ( ਕਿਸੇ ਤਰਾਂ ਦਾ ) ਡਰ ਹੈ ਅਰ ਨਾ ਤੁਸੀਂ ( ਕਿਸੇ ਤਰਾਂ ) ਚਿੰਤਾਤੁਰ ਹੋਵੋਗੇ ॥ ੬੮ ॥ ( ਇਹ ਉਹ ਲੋਗ ਹਨ ) ਜੋ ( ਸੰਸਾਰ ਵਿਚ ) ਸਾਡੀਆਂ ਆਇਤਾਂ ਉਪਰ ਈਮਾਨ ਧਾਰ ਬੈਠੇ ਅਰ ( ਸਾਡੀ ) ਸਿਵਕਾਈ ਵਿਚ ਰਹੇ ॥ ੬੯ ॥ ( ਅਸੀਂ ਓਹਨਾਂ ਨੂੰ ਕਹਿ ਦੇਵਾਂਗੇ ਕਿ ) ਤੁਸੀਂ ਅਰ ਤੁਸਾਡੀਆਂ ਇਸਤ੍ਰੀਆਂ ਇਜ਼ਤ ਨਾਲ ਸਵਰਗ ਵਿਚ ਜਾ ਦਾਖਲ ਹੋਵੋ ॥ ੭੦ ॥ ਓਹਨਾਂ ਅਗੇ ਸਵਰਨ ਦੀਆਂ ਅਸਥਾਲੀਆਂ ਅਰ ਕਟੋਰਿਆਂ ਦਾ ਪਰੋਸ ਹੋਵੇਗਾ ਅਰ ਜਿਸ ਵਸਤੂ ਨੂੰ ( ਓਹਨਾਂ ਦਾ ) ਚਿਤ ਚਾਹੇ ਅਰ ( ਜੋ ਉਹਨਾਂ ਦੀ ) ਦ੍ਰਿਸ਼ਟੀ ਵਿਚ ਭਲੀ ਮਾਲੂਮ ਹੋਵੇ ਸਵਰਗ ਵਿਚ ( ਓਹਨਾਂ ਵਾਸਤੇ ਮੌਜੂਦ ) ਹੋਵੇਗੀ ਅਰ ( ਉਹਨਾਂ ਨੂੰ ਖੁਸ਼-ਖਬਰੀ ਸੁਨਾ ਦਿਤੀ ਜਾਵੇਗੀ ਕਿ ) ਤੁਸੀਂ ਸਦਾ ਕਾਲ ਵਾਸਤੇ ਏਥੇ ਹੀ ਰਹੋਗੇ ॥ ੭੧ ॥ ਅਰ ਇਹ ਸਵਰਗ ਦਾ ਅਧਿਕਾਰ ਜੋ ਤੁਸਾਂ ਨੂੰ ਮਿਲਿਆ ਹੈ ਤਾਂ ਓਹਨਾਂ ( ਸ਼ੁਭ ਕਰਮਾਂ ) ਦੀ ਪ੍ਰਤੀਨਿਧੀ ਵਿਚ ( ਮਿਲਿਆ ਹੈ ) ਜੋ ਤੁਸੀਂ ( ਸੰਸਾਰ ਵਿਚ ) ਕਰਦੇ ਰਹੇ ਹੋ ॥ ੭੨ ॥ ਏਥੇ ਤੁਸਾਂ ਵਾਸਤੇ ਬਾਹੁਲਤਾ ਕਰਕੇ ਮੇਵੇ ( ਵਿਦਮਾਨ ) ਹਨ ਜਿਨਹਾਂ ਵਿਚੋਂ ਖਾ ਰਹੇ ਹੋ ॥ ੭੩ ॥ ਨਿਰਸੰਦੇਹ ਗੁਨਾਹਗਾਰ ਸਦਾ ਕਾਲ ਵਾਸਤੇ ਨਰਕਾਂ ਦੇ ਦੁਖ ਵਿਚ ਰਹਿਣਗੇ॥੭੪॥ ਜੋ (ਕਦੀ ਭੀ) ਉਨਹਾਂ ਉਪਰੋਂ ਅਵਿਵਧਾਨ ਵਾਲਾ (ਨਾਗਾ) ਨਾ ਹੋਵੇਗਾ ਅਰ ਵੁਹ ਉਸੇ ( ਕਸ਼ਟ ) ਵਿਚ ਨਾ ਉਮੈਦ ( ਅਰ ਖਿੰਨਚਿਤ ) ਰਹਿਣਗੇ ॥ ੭੫ ॥ ਅਰ ਅਸਾਂ ਉਹਨਾਂ ਉਪਰ ਅਨਰਥ ਨਹੀਂ ਕੀਤਾ

Digitized by Panjab Digital Library | www.panjabdigilib.org

ਪੁਤਜੁਤ ( ਸਾਡੀ ਜੁਨਾਬ ਵਿਚ ਮਨਮੁਖਤਾਈਆਂ ਕਰਕੇ ਉਲਟੇ ) ਯਹੀ ਅਨਰਥ ਕਰਦੇ ਰਹੇ ॥ ੭੬ ॥ ਅਰ ( ਨਾਰਕੀ ਦਰੋਗਾ ਜਹੱਨਮ ਨੂੰ ) ਅਵਾਜਾਂ ਮਾਰਨਗੇ ਕਿ ਹੇ ਮਾਲਕ ( ਤੁਸੀਂ ਹੀ ਕੋਈ ਐਸੀ ਤਦਬੀਰ ਕਰੋ ਕਿ ਭਲਾ ) ਤੁਸਾਂ ਦਾ ਪਰਵਰਦਿਗਾਰ ਸਾਡਾ ਉੱਕਾ ਪੁੱਕਾ ਕੰਮ ਹੀ ਕਰ ਛਡੇ ਵੁਹ ਉੱਤਰ ਦੇਵੇਗਾ ਕਿ ਤੁਸਾਂ ਏਸੇ ਹਾਲ ( ਬਿਹਾਲ ) ਵਿਚ ਰਹਿਣਾ ਹੈ ॥ ੭੭ ॥ ( ਹੇ ਮੱਕੇ ਦੇ ਕਾਫਰੋ ! ) ਅਸਾਂ ਨੇ ਤੁਸਾਂ ਪਾਸ ਸਚਾ ਹੀ ( ਦੀਨ ) ਭੇਜਿਆ ਹੈ ਪਰੰਤੂ ਤੁਸਾਂ ਵਿਚੋਂ ਬਹੁਤੇਰਿਆਂ ( ਦਾ ਯਿਹ ਹਾਲ ਹੈ ਕਿ ਵੁਹ ) ਸਚੀ ਗਲੋਂ ਚਿੜਦੇ ਹਨ ॥ ੭੮ ॥ ਕੀ ਏਹਨਾਂ ਲੋਗਾਂ ਨੇ ਕੋਈ ( ਹੋੜ ) ਬਾਤ ਠਾਨ ਰਖੀ ਹੈ ਤਾਂ (ਯਾਦ ਰਖਣ ਕਿ) ਅਸਾਂ ਭੀ ਠਾਨ ਰਖੀ ਹੈ ॥ ੭੯ ॥ ਅਥਵਾ ( ਯਿਹ ਲੋਗ ਯਿਹ ) ਖਯਾਲ ਕਰਦੇ ਹਨ ਕਿ ਅਸੀਂ ਏਹਨਾਂ ਦੀਆਂ ਚੁਪ ਚੁਪਾਤੀਆਂ ਬਾਤਾਂ ਅਰ ਏਹਨਾਂ ਦੀਆਂ ਸਰਗੋਸ਼ੀਆਂ (ਘੁਸਮੁਸਰਾਂ) ਨੂੰ ਨਹੀਂ ਸੁਣਦੇ ( ਅਵਸ਼ ਸੁਣਦੇ ਹਾਂ ) ਅਰ ( ਸੁਣਨ ਨਾਲੋਂ ਵਧਕੇ ) ਸਾਡੇ ਫਰਿਸ਼ਤੇ ਇਨਹਾਂ ਦੇ ਪਾਸ ( ਇਸਥਿਤ ਹਨ ਕਿ ਵੁਹ ਏਨ੍ਹਾਂ ਦੀਆਂ ਸਾਰੀਆਂ ਬਾਤਾਂ ) ਲਿਖਦੇ ਜਾਂਦੇ ਹਨ ॥ ੮੦ ॥ (ਹੇ ਪੈਗੰਬਰ ਏਨਹਾਂ ਨੂੰ) ਕਹੋ ਕਿ ਯਦੀ ( ਖੁਦਾਇ ) ਰਹਿਮਾਨ ਦੇ ( ਕੋਈ ) ਔਲਾਦ ਹੋਵੇ ਤਾਂ ਸਾਰਿਆਂ ਨਾਲੋਂ ਪਹਿਲੇ (ਉਸ ਦੀ ) ਪੂਜਾ ਕਰਨ ਵਾਸਤੇ ਮੈਂ ( ਹਾਜ਼ਰ ) ਹਾਂ ॥ ੮੧ ॥ ਜੈਸੀਆਂ ੨ ਬਾਤਾਂ ( ਯਿਹ ਲੋਗ ਖੁਦਾ ਦੇ ਬਾਰੇ ਵਿਚ ) ਬਣਾਉਂਦੇ ਹਨ ਉਨਹਾਂ ਥੀਂ ਅਕਾਸ਼ ਅਰ ਪ੍ਰਿਥਵੀ ਦਾ ਮਾਲਿਕ ਅਰਸ਼ ਦਾ ਮਾਲਿਕ (ਸ਼ੁਧ) ਪਵਿੱਤਰ ਹੈ ॥ ੮੨ ॥ ਤਾਂ ( ਹੇ ਪੈਗੰਬਰ ) ਏਨਹਾਂ ਲੋਗਾਂ ਨੂੰ ਪਏ ਬਕਵਾਸ ਕਰਨ ਅਰ ਖੇਲ ਕਰਨ ਦਿਓ ਏਥੋਂ ਤਕ ਕਿ ਜਿਸ ਦਿਨ ਦਾ ਏਨਹਾਂ ਨਾਲ ਬਚਨ ਕੀਤਾ ਜਾਂਦਾ ਹੈ ( ਅਰਥਾਤ ਪਰ੍ਲੈ ਦਾ ਦਿਨ ) ਇਨਹਾਂ ਦੇ ਸਨਮੁਖ ਆ ਵਿਦਮਾਨ ਹੋ ( ਓਸ ਵੇਲੇ ਏਨਹਾਂ ਉਪਰ ਸਾਰੀ ਹਕੀਕਤ ਖੁਲ ਜਾਵੇ ਗੀ ) ॥ ੮੩ ॥ ਅਰ ਵਹੀ ( ਸਚਾ ਮਾਬੂਦ ) ਹੈ ਕਿ ਅਕਾਸ਼ ਵਿਚ ( ਭੀ ) ਓਸੇ ਦੀ ਬੰਦਗੀ ਹੈ ਅਰ ਪ੍ਰਿਥਵੀ ਉਪਰ ( ਭੀ ) ਓਸੇ ਦੀ ਬੰਦਗੀ ਹੈ ਅਰ ਵੁਹ ਹਿਕਮਤ ਵਾਲਾ ਅਰ ਸਭ ( ਵਸਤੂਆਂ ਦਾ ) ਜਾਨਣੇ ਵਾਲਾ ਹੈ ॥ ੮੪ ॥ ਅਰ ਬੜਾ ਬਾ ਬਰਕਤ ਹੈ ਵੁਹ ਸਰੂਪ ਕਿ ਪ੍ਰਿਥਵੀ ਅਰ ਅਕਾਸ਼ ਅਰ ਜੋ ਕੁਛ ਪ੍ਰਿਥਵੀ ਤਥਾ ਅਕਾਸ਼ ਵਿਚ ਹੈ ਸਭ ਦਾ ਓਹੋ ਹੀ ਸਵਾਮੀ ਹੈ ਅਰ ਪਰ੍ਲੈ ਦੀ ਖਬਰ (ਭੀ) ਉਸੇ ਨੂੰ ਹੈ ਅਰ ਤੁਸਾਂ (ਸਾਰੇ ਮਰਿਆਂ ਪਿਛੋਂ) ਓਸੇ ਦੀ ਤਰਫ ਲੋਟ ਕੇ ਲੈ ਆਂਦੇ ਜਾਓਗੇ ॥ ੮੫ ॥ ਅਰ ਖੁਦਾ ਥੀਂ ਸਿਵਾ ਜਿਨਹਾਂ ਨੂੰ ਯਿਹ ਲੋਗ ਪੁਕਾਰਦੇ ਹਨ ਵੁਹ ਤਾਂ ਸਪਾਰਸ਼ ( ਤਕ ) ਦਾ ( ਭੀ ) ਅਖਤਿਆਰ ਨਹੀਂ ਰਖਦੇ ਹਾਂ ਜੋ ਲੋਗ ਜਾਣ ਬੁਝਕੇ ਸਚੀ ( ਬਾਤ ਅਰਥਾਤ ਏਕਤਾ )

Digitized by Panjab Digital Library | www.panjabdigilib.org

ਤੇ ਧਰਮਧਾਰੀ ਹਨ ( ਨਿਰਸੰਦੇਹ ਓਹਨਾਂ ਦੀ ਸਪਾਰਸ਼ ਫਰਿਸ਼ਤੇ ਵਗੈਰਾ ਕਰਨਗੇ ) ॥ ੮੬ ॥ ਅਰ ( ਹੇ ਪੈਯੰਬਰ ) ਯਦੀ ਤੁਸੀਂ ਏਨਹਾਂ ( ਮੱਕੇ ਦਿਆਂ ਕਾਫਰਾਂ ) ਨੂੰ ਪੁਛੋ ਕਿ ਇਨਹਾਂ ਨੂੰ ( ਅਰਥਾਤ ਤੁਸਾਂ ਨੂੰ ) ਕਿਸ ਨੇ ਉਤਪਤ ਕੀਤਾ ਹੈ ਤਾਂ ( ਚਾਰੋਨਾਚਾਰ ) ਯਹੀ ਕਹਿਣਗੇ ਕਿ ਅੱਲਾ ਨੇ । ਫੇਰ ( ਏਤਨੀ ਸਮਝਨੇ ਉਪਰ ) ਕਿਧਰ ਨੂੰ ਬਹਿਕੇ ਚਲੇ ਜਾ ਰਹੇ ਹਨ ॥ ੮੭ ॥ ( ਅਸਾਂ ਨੂੰ ) ਰਸੂਲਾਂ ਦੇ ਹੇ ਪ੍ਰਮਾਤਮਾਂ ( ੨) ਕਹਿਣ ਦੀ ਸੌਗੰਧ ਹੈ ਕਿ ਯਿਹ ਨਿਰ-ਸੰਦੇਹ ਐਸੇ ( ਜ਼ਿਦੀ ) ਲੋਗ ਹਨ ਕਿ ( ਕਦਾਪੀ ) ਈਮਾਨ ਧਾਰਨੇ ਵਾਲੇ ਨਹੀਂ ॥ ੮੮ ॥ ਤਾਂ ( ਹੇ ਪੈਯੰਬਰ ਏਸ ਵੇਲੇ ਤਾਂ ) ਤੁਸੀਂ ਏਹਨਾਂ ਪਾਸੋਂ ਦਰਗੁਜਰ ਕਰੋ ਅਰ ਕਹੋ ( ਕਿ ਮੇਰੀ ਤੁਸਾਂ ਨੂੰ ) ਸਲਾਮ ਹੈ ਫੇਰ ਅਗੇ ਚਲਕੇ ( ਪ੍ਰਲੈ ਨੂੰ ) ਮਲੂਮ ਕਰ ਲੈਣਗੇ ॥ ੮੯ ॥ ਰੁਕੂਹ ੭ ॥

## ਸੂਰਤ ਦੁਖਾਨ ਮੱਕੇ ਵਿਚ ਉਤਰੀ ਅਰ ਇਸ ਦੀਆਂ ਉਨਾਠ ਆਇਤਾਂ ਅਰ ਤਿੰਨ ਰੁਕੂਹ ਹਨ ।

(ਪ੍ਰਾਰੰਭ) ਅੱਲਾ ਦੇ ਨਾਮ ਨਾਲ (ਜੋ)ਅਤੀ ਦਿਆਲੂ (ਅਰ) ਕਿਰਪਾਲੂ ( ਹੈ ) ਹਾਮ ॥ ੧ ॥ ( ਯਿਹ ) ਪੁਸਤਕ ਜੋ ( ਇਲਾਹੀ ਹੁਕਮ ਸਫੁਟ ਅਰ ਸਰਲ ਰੀਤੀ ਨਾਲ ) ਵਰਨਣ ਕਰ ਰਹੀ ਹੈ ( ਅਰਥਾਤ ਕੁਰਾਨ ) ਏਸੇ ਦੀ ਸੌਗੰਧ ਹੈ॥੨॥ ਕਿ ਅਸਾਂ ਨੇ (ਸ਼ਬਕਦਰ ਦੀ) ਮੁਬਾਰਕ (ਭਾਗੀ ਭਰੀ) ਰਾਤ ਵਿਚ ਏਸ ਨੂੰ (ਪਹਿਲੇ ਪਹਿਲ) ਉਤਾਰਿਆ ( ਕਾਹੇ ਤੇ ) ਅਸਾਂ ਨੂੰ ( ਲੋਗਾਂ ਤਾਂਈਂ ਆਪਣੇ ਕਸ਼ਟ ਥੀਂ ) ਸਭੇ ਕਰਨਾ ਅਭੀਸ਼ਟ ਸੀ ॥ ੩ ॥ ( ਸੰਸਾਰ ਦੇ ) ਸਾਰੇ ਪਰਬੰਧ ( ਜਿਨਹਾਂ ਦੇ ਮੂਲ ਕਾਰਣ ) ਯੁਕਤੀ ਉਪਰ ਹਨ ਓਸ ਰਾਤ ਨੂੰ ਨਪਟੇਰਾ ਪਾਉਂਦੇ ਹਨ ॥ ੪ ॥ ( ਅਤਏਵ ਕੁਰਾਨ ਭੀ ਸੀ ਜੋ ) ਸਾਡੇ ਖਾਸ ਹੁਕਮ ਨਾਲ (ਉਤਰਨਾ ਪ੍ਰਾਰੰਭ ਹੋਇਆ) ਕਾਹੇ ਤੇ ਸਾਨੂੰ (ਪੈਯੰਬਰ ਦਾ ) ਭੇਜਨਾਂ ਮਨਜ਼ੂਰ ਸੀ ॥ ੫ ॥ ( ਅਰ ਹੇ ਪੈਯੰਬਰ ਯਿਹ ਤੁਸਾਂ ਦੇ ਪਰਵਰਦਿਗਾਰ ਦਾ ਫਜ਼ਲ ( ਸੀ ਜੋ ਓਸ ਨੇ ਆਪਣਿਆਂ ਬੰਦਿਆਂ ਉਪਰ ਕੀਤਾ ਕਾਹੇ ਤੇ ) ਵੁਹ ( ਸਾਰਿਆਂ ਦੀ ) ਸੁਣਦਾ ( ਅਰ ਸਭ ਕੁਛ ) ਜਾਣਦਾ ਹੈ॥੬॥ ਅਕਾਸ਼ ਦਾ ਅਰ ਪ੍ਰਿਥਵੀ ਦਾ ਅਰ ਜੋ ਕੁਛ ਪ੍ਰਿਥਵੀ ਅਰ ਆਕਾਸ਼ ਦੇ ਮਧ ਮੇਂ ਹੈ (ਵਹੀ) ਓਹਨਾਂ (ਸਾਰਿਆਂ) ਦਾ ਮਾਲਿਕ (ਹੈ) ਯਦੀ ਤੁਸਾਂ ਲੋਗਾਂ ਵਿਚ ( ਸਚੀ ਬਾਰਤਾ ਦਾ ) ਨਿਸਚਾ ਕਰ ਲੈਣ ਦੀ ਯੋਗਤਾ ਹੈ ( ਤਾਂ ਓਸ ਨੂੰ ਭੀ ਮੰਨ ਲਓ ਗੇ ) ॥ ੭ ॥ ਓਸ ਥੀਂ ਸਿਵਾ ਕੋਈ ਮਾਬੂਦ ਨਹੀਂ ( ਵਹੀ ) ਉਤਪਤ ਕਰਦਾ ਅਰ ( ਵਹੀ ) ਮਾਰਦਾ ਹੈ ਅਰ ( ਵਹੀ ) ਤੁਸਾਂ ਦਾ ਭੀ ਪਰਵਰਦਿਗਾਰ ਹੈ ਅਰ ( ਵਹੀ ) ਤੁਸਾਂ ਦੇ ਪ੍ਰਾਚੀਨ

Digitized by Panjab Digital Library | www.panjabdigilib.org

ਪਿਤਾ ਪਿਤਾਮਾਓਂ ਦਾ ( ਭੀ ) ਪਰਵਰਦਿਗਾਰ ਹੈ ॥ ੮ ॥ ਪਰੰਤੂ ਯਿਹ ਲੋਗ ਤ੍ਰਾਂ ਭ੍ਰਮ ਵਿਚ ਪੜੇ ਹੋਏ ( ਏਹਨਾਂ ਬਾਤਾਂ ਨੂੰ ਹਾਂਸੀ) ਖੇਲ ( ਸਮਝ ) ਰਹੇ ਹਨ ॥ ੯ ॥ ਤੇ (ਹੇ ਪੈਯੰਬਰ) ਓਸ ਦਿਨ ਦੀ ਇੰਤਜਾਰੀ ਕਰੋ ਕਿ (ਸਾਰਿਆਂ ਦੇ ਸਾਹਮਣੇ) ਅਕਾਸ਼ ਵਿਚੋਂ ਇਕ ਧੂੰਆਂ ਪ੍ਰਗਟ ਹੋਵੇ ॥ ੧੦ ॥ ( ਅਰ ਵੁਹ) ਸਾਰਿਆਂ ਲੋਗਾਂ ਉਪਰ ਛਾ ਜਾਏ ਏਹੀ ਹੈ ਭ੍ਯਾਨਕ ਦੁਖ ॥ ੧੧ ॥ (ਜਿਸ ਨੂੰ ਦੇਖ ਕੇ ਯਿਹ ਮੁਨਕਰ ਭੀ ਦੁਆਏਂ ਮੰਗਨ ਲਗ ਪੈਣਗੇ ਕਿ ) ਹੇ ਸਾਡੇ ਪਰਵਰਦਿਗਾਰ ਸਾਡੇ ਉਪਰੋਂ ਇਸ ਵਿਪਤੀ ਨੂੰ ਟਾਲ ਕਿ ( ਹੁਣ ) ਅਸੀਂ ( ਤੇਰੇ ਉਪਰ ) ਈਮਾਨ ਧਾਰ ਬੈਠੇ ਹਾਂ ॥ ੧੨ ॥ ( ਪਰੰਤੂ ਏਸ ਧੂੰਏ ਨਾਲ ) ਏਹਨਾਂ ਨੂੰ ਕੀ ਸਿਖਿਆ ਹੋਵੇਗੀ ਅਰ ( ਏਹਨਾਂ ਦਾ ਹਾਲ ਤਾਂ ਇਹ ਹੈ ਕਿ) ਏਹਨਾਂ ਦੇ ਪਾਸ ਸਪਸ਼ਟ ਵਰਨਣ ਕਰਨ ਵਾਲਾ ਪੈਗੰਬਰ ਅਵਸ਼ ਆਇਆ ॥ ੧੩ ॥ ਏਸ ਗਲੋਂ ( ਭੀ ) ਇਹ ਲੋਗ ਓਸ ਪਾਸੋਂ ਬਦਿਕਤੇ ਰਹੇ ਅਰ ਇਹ ਯਹੀ ਕਹਿੰਦੇ ਰਹੇ ਕਿ ( ਇਹ ਤਾਂ ਕਿਸੇ ਦਾ ) ਸਿਖਿਆ ਸਿਖਾ-ਇਆ (ਕਿੰਬਾ ਪੜ੍ਹਿਆ ਪੜ੍ਹਾਇਆ ਅਰ ) ਉਨਮਾਦੀ ਹੈ ॥ ੧੪ ॥ (ਲੋਗੋ ਕੋਟੀ ਖੰਡਨ ਦੇ ਵਾਸਤੇ) ਅਸੀਂ ( ਤੁਸਾਂ ਉਪਰ ) ਚਾਰ ਦਿਨਾਂ ਵਾਸਤੇ ( ਓਸ ) ਕਸ਼ਟ ਨੂੰ ਨਵਿਰਤ ਕਰ ਦੇਵਾਂਗੇ ਪਰੰਤੂ ਤੁਸੀਂ ਫੇਰ (ਵਹੀ ਕੁਫਰ ) ਕਰੋਗੇ ॥ ੧੫ ॥ ( ਅਰ ) ਅਸੀਂ ( ਓਹਨਾਂ ਪਾਸੋਂ ਪੂਰਾ ਬਦਲਾ ਤਾਂ ਓਸ ਦਿਨ ਲਵਾਂਗੇ ) ਜਿਸ ਦਿਨ ਬੜੀ ( ਅਵੱਲੀ ) ਫੜਨੀ ਫੜਾਂਗੇ ( ਕਾਹੇ ਤੇ ਜਿਥੇ ) ਅਸੀਂ ( ਦਯਾ ਕਰਦੇ ਹਾਂ ) ਬਦਲਾ ( ਭੀ ) ਲੀਤਾ ਕਰਦੇ ਹਾਂ ॥ ੧੬ ॥ ਅਰ ਏਹਨਾਂ ਨਾਲੋਂ ਪਹਿਲੇ ਅਸੀਂ ਫਰਓਨ ਦੀ ਜਾਤੀ ਦੀ ( ਭੀ ) ਪ੍ਰੀਛਾ ਕਰ ਚੁਕੇ ਹਾਂ ਅਰ ਓਹਨਾਂ ਦੇ ਪਾਸ ਉਚ ਪਦਵੀ ਦਾ ਰਸੂਲ ( ਮੂਸਾ ) ਆਇਆ ॥ ੧੭ ॥ (ਅਰ ਓਹਨਾਂ ਨੇ ਆਕੇ ਫਰਾਊਨ ਦੇ ਲੋਗਾਂ ਨੂੰ ਕਹਿਆ) ਕਿ ( ਏਹਨਾਂ ) ਅੱਲਾ ਦਿਆਂ ਬੰਦਿਆਂ ( ਅਰਥਾਤ ਬਨੀ ਅਸਰਾਈਲ ) ਨੂੰ ਮੇਰੇ ਹਵਾਲੇ ( ਅਧਿਕਾਰ ) ਵਿਚ ਕਰੋ ਮੈਂ (ਖੁਦਾ ਦਾ) ਭੇਜਿਆ ਹੋਇਆ ਤੁਸਾਂ ਪਾਸ ਆਇਆ ਹਾਂ ( ਅਕਾਸ਼ ਬਾਨੀ ਦਾ ) ਅਮਾਨਤ ਦਾਰ ( ਹਾਂ ) ॥ ੧੮ ॥ ਅਰ ਇਹ ( ਭੀ ਕਹਿਆ ) ਕਿ ਖੁਦਾ ਨਾਲ ਸਰਕਸ਼ੀ ਨਾ ਕਰੋ ਮੈਂ ( ਆਪਣੇ ਪੈਯੰਬਰ ਹੋਣ ਦੀ ) ਇਕ ਸਰਲ ਯੁਕਤੀ ਤੁਸਾਂ ਦੇ ਸਨਮੁਖ ਪ੍ਰਕਾਸ਼ ਕਰਦਾ ਹਾਂ ॥ ੧੯ ॥ ਅਰ ਏਸ ਕਰਕੇ ਕਿ ਤੁਸੀਂ ਮੈਨੂੰ ਇੱਟਾਂ ਵੱਟੇ ਮਾਰੋ ਮੈਂ ਆਪਣੇ ਪਰਵਰਦਿਗਾਰ ਅਰ ਤੁਸਾਂ ਦੇ ਪਰਵਰਦਿਗਾਰ (ਅਰ ਥਾਤ ਮੈਂ ਇਕ ਓਂਕਾਰ ) ਦਾ ਆਸਰਾ ਚਾਹੁੰਦਾ ਹਾਂ ( ਵਹੀ ਮੈਨੂੰ ਬਚਾਇ ਗਾ ) ॥ ੨੦ ॥ ਅਰ ਯੰਦੀ ਤੁਸਾਂ ਨੂੰ ਮੇਰੀ ਬਾਰਤਾ ਦਾ ਨਿਸਚਾ ਨਹੀਂ ਤਾਂ ਮੈਥੀਂ ਇਕਲਵਾਂਜੇ ਹੋ ਜਾਓ ॥ ੨੧ ॥ ( ਪਰੰਤੂ ਅਦਯਾਪੀ ਵੁਹ ਮੂਸਾ

Digitized by Panjab Digital Library | www.panjabdigilib.org

ਨਾਲ ਛੇੜ ਛਾੜ ਕਰਦੇ ਰਹੇ) ਤਦੋਂ ਮੂਸਾ ਨੇ ਆਪਣੇ ਪਰਵਰਦਿਗਾਰ ਅਗੇ ਅਰਜ਼ੋਈ ਕੀਤੀ ਕਿ ਯਿਹ (ਬੜੇ) ਦੁਸ਼ਟਾਤਮਾਂ ਲੋਗ ਹਨ (ਮੈਨੂੰ ਇਹਨਾਂ ਪਾਸੋਂ ਮੁਕਤ ਦੇ)॥ ੨੨ ॥

(ਤਾਂ ਅਸਾਂ ਨੇ ਮੂਸਾ ਨੂੰ ਹੁਕਮ ਦਿਤਾ ਕਿ) ਮੇਰਿਆਂ ਬੰਦਿਆਂ (ਅਰਥਾਤ ਬਨੀ ਅਸਰਾਈਲ) ਨੂੰ ਲੈ ਕੇ ਰਾਤੋ ਰਾਤ ਨਿਕਲ ਵਗ (ਅਰ ਯਾਦ ਰਖਣਾ ਕਿ ਫਰਾਊਨ ਦੀ ਤਰਫੋਂ) ਤੁਸਾਂ ਲੋਗਾਂ ਦਾ ਪਿਛਾ ਕੀਤਾ ਜਾਵੇਗਾ ।੨੩॥ ਅਰ ਦਰਯਾ ਨੂੰ (ਆਪਣੀ ਜਗਹਾਂ) ਠਹਿਰਿਆ ਹੋਇਆ ਛਡ (ਕੇ ਪਾਰ ਉਤਰ) ਜਾਣਾ ਕਿ (ਉਸ ਵਿਚ) ਫਰਾਊਨੀਆਂ ਦਾ ਸਾਰਾ ਲਸ਼ਕਰ ਡਬੋ ਦਿਤਾ ਜਾਵੇਗਾ ॥ ੨੪ ॥ ਯਿਹ ਲੋਗ ਕਿਤਨੇ ਹੀ ਬਾਗ ਅਰ (ਕਿਤਨੀਆ ਹੀ) ਨਹਿਰਾਂ ॥ ੨੫ ॥ ਅਰ (ਕਿਤਨੀਆਂ ਹੀ) ਖੇਤੀਆਂ (ਅਰ ਕਿਤਨੇ ਹੀ ਸੁੰਦਰ) ਸੁਹਾ-ਵਣੇ ਮੰਦਰ॥ ੨੬ ॥ ਅਰ (ਕਿਤਨੇ ਹੀ) ਆਰਾਮ (ਅਰ ਆਸਾਇਸ਼) ਦੇ ਪ੍ਰਬੰਧ ਛਡ ਮਰੇ ਜਿਨਹਾਂ ਵਿਚ ਅਨੰਦ ਲੁਟਿਆ ਕਰਦੇ ਸਨ ॥੨੭॥ (ਅਸਲ ਵਿਚ) ਐਸਾ ਹੀ (ਹੋਇਆ) ਅਰ ਅਸਾਂ ਨੇ ਦੂਸਰਿਆਂ ਲੋਗਾਂ ਨੂੰ ਏਸ (ਸੰਪੂਰਨ ਸੁਖਸੰਪਤੀ) ਦਾ ਵਾਰਸ ਬਨਾ ਦਿਤਾ ॥ ੨੮ ॥ ਤਾਂ ਏਹਨਾਂ ਲੋਗਾਂ ਉਪਰ ਪ੍ਰਿਥਵੀ ਅਰ ਆਕਾਸ਼ ਕੋਈ (ਭੀ ਤਾਂ) ਨਾ ਰੋਇਆ ਅਰ ਨਾ ਉਹਨਾਂ ਨੂੰ (ਤੋਬਾ ਅਰ ਸ਼ਰਮਿੰਦਗੀ ਦੀ) ਮੋਹਲਤ (ਹੀ) ਮਿਲੀ॥ ੨੯ ॥ ਰੁਕੂਹ ੧ ॥

ਅਰ ਅਸਾਂ ਨੇ ਹੀ ਬਨੀ ਅਸਰਾਈਲ ਨੂੰ ਜ਼ਿੱਲਤ ਦੇ ਕਸ਼ਟ (ਅਰ ਥਾਤ) ਫਰਾਊਨ (ਦੇ ਭਯਾਨਕ ਪੰਜੇ) ਵਿਚੋਂ ਮੁਕਤੀ ਦਿਤੀ॥ ੩੦ ॥ ਏਸ ਵਿਚ ਭ੍ਰਮ ਨਹੀਂ ਕਿ ਵੁਹ (ਬੜਾ) ਮਨਮੁਖ (ਅਰ ਦਾਸਤਾ)ਦੀ ਸੀਮਾਂ ਥੀਂ ਬਾਹਰ ਹੋ ਗਇਆ ਸੀ॥ ੩੧॥ ਅਰ ਬਨੀ ਅਸਰਾਈਲ ਨੂੰ ਅਸੀਂ (ਦੇਖ) ਭਾਲ ਕੇ ਸੰਸਾਰੀ ਲੋਗਾਂ ਨਾਲੋਂ ਵਡਿਆਈ ਦਿਤੀ॥ ੩੨॥ ਅਰ ਉਹਨਾਂ ਨੂੰ (ਮਨ ਤਥਾ ਸਲਵਾ ਆਦ ਦੇ ਐਤਨੇ ਬਾਹਲੇ) ਚਮਤਕਾਰ ਦਿਤੇ ਜਿਨਹਾਂ ਕਰਕੇ (ਉਹਨਾਂ ਦੇ ਈਮਾਨ ਦੀ) ਪ੍ਰਤੱਖ ਪ੍ਰੀਖਯਾ ਹੀ ਅਭੀਸ਼ਟ ਸੀ॥ ੩੩ ॥ ਯਿਹ (ਮੱਕੇ ਦੇ ਕਾਫਰ ਤਾਂ) ਕਹਿੰਦੇ ਹੀ ਹਨ॥੩੪॥ ਕਿ ਯਿਹ ਸਾਡਾ ਪਹਿਲੀ ਹੀ ਵੇਰ ਦਾ ਹੀ ਮਰਨਾ ਹੈ ਹੋਰ ਬਸ (ਫੇਰ ਸਦਾ ਵਾਸਤੇ ਅੰਤ) ਅਰ ਅਸੀਂ (ਦੁਬਾਰਾ) ਨਹੀਂ ਉਠਾਏ ਜਾਵਾਂਗੇ ॥ ੩੫ ॥ ਬਸ ਯਦੀ ਤੁਸੀਂ (ਮੁਸਲਮਾਨ ਆਪਣੇ ਕਿਆਮਤ ਵਾਲੇ ਪਖ ਵਿਚ) ਸਚੇ ਹੋ ਤਾਂ ਸਾਡੇ ਪਿਤਾ ਪਿਤਾਮਾਂ ਨੂੰ (ਸੁਰਜੀਤ ਕਰਕੇ ਸਾਡੇ ਸਾਹਮਣੇ) ਲਿਆ ਮੌਜੂਦ ਕਰੋ॥ ੩੬ ॥ ਭਲਾ (ਯਿਹ ਲੋਗ ਬਲਬੋਤੇ ਵਿਚ) ਵਡੇ ਹਨ ਕਿੰਬਾ

Digitized by Panjab Digital Library | www.panjabdigilib.org

( ਯਮਨ ਦਾ ਬਾਦਸ਼ਾਹ ) * ਤੁਬਾ ਦੀ ਜਾਤੀ ( ਦੇ ਲੋਗ ) ਅਰ ( ਹੋਰ ਲੋਗ ) ਜੋ ਏਹਨਾਂ ਨਾਲੋਂ ਪਹਿਲੇ ਹੋ ਚੁਕੇ ਹਨ ਕਿ ਅਸਾਂ ਨੇ ਓਹਨਾਂ ( ਸਾਰਿਆਂ ਨੂੰ ) ਰੁਲਾ ਕੇ ਮਾਰਿਆ ( ਏਸ ਵਾਸਤੇ ਕਿ ) ਉਹ ਮਨਮੁਖ ਸਨ ॥ ੩੭ ॥ ਅਰ ਅਸਾਂ ਨੇ ਆਕਾਸ਼ ਅਰ ਪ੍ਰਿਥਵੀ ਨੂੰ ਅਰ ਜੋ ਵਸਤਾਂ ਆਕਾਸ਼ ਅਰ ਪ੍ਰਿਥਵੀ ਦੇ ਮਧ ਵਿਚ ਹਨ ਓਹਨਾਂ ਨੂੰ ਖੇਡ ਬਨਾ ਲੈਣ ਵਾਸਤੇ ਉਤਪਤ ਨਹੀਂ ਕੀਤਾ ॥ ੩੮ ॥ ਅਸਾਂ ਨੇ ਤਾਂ ਪ੍ਰਿਥਵੀ ਆਕਾਸ਼ ਨੂੰ ( ਇਕ ਪ੍ਰਯੋਜਨ ਅਰ) ਭਲਾਈ ਨਾਲ ਉਤਪਤ ਕੀਤਾ ਹੈ ਪਰੰਤੂ ਪ੍ਰਾਯਾ ਲੋਗ ਸਮਝਦੇ ਨਹੀਂ ॥ ੩੯ ॥ ਨਿਰਸੰਦੇਹ ਫੈਸਲੇ ( ਅਰਥਾਤ ਕਿਆਮਤ ) ਦਾ ਦਿਨ ਏਹਨਾਂ ਸਾਰਿਆਂ ( ਦੇ ਸਰਾਜੀਤ ਹੋਣ ) ਦਾ ਨਿਯਤ ਸਮਾਂ ਹੈ ॥ ੪੦ ॥ ਕਿ ਓਸ ਦਿਨ ਕੋਈ ਮਿਤ੍ਰ ਕਿਸੇ ਮਿਤ੍ਰ ਦੇ ਕੁਛ ਕੰਮ ਨਾ ਆਵੇਗਾ ਅਰ ਨਾ ਲੋਗਾਂ ਨੂੰ ( ਕਿਸੇ ਪਾਸਿਓਂ ) ਸਹਾਇਤਾ ਮਿਲੇਗੀ ॥ ੪੧ ॥ ਪਰੰਤੂ ਜਿਸ ਉਪਰ ਖੁਦਾ ਰਹਿਮ ਕਰੇ ਤਾਂ ( ਓਸ ਦਾ ਬੇੜਾ ਪਾਰ ਹੈ ) ਨਿਰਸੰਦੇਹ ਉਹ ਜ਼ਬਰਦਸਤ ( ਅਰ ) ਦਿਆਲੂ ਹੈ ॥ ੪੨ ॥ ਰੁਕੂਹ ੨ ॥

ਕੋਈ ਭਰਮ ਨਹੀਂ ਕਿ ( ਪਰਲੋ ਦੇ ਦਿਨ ) ਥੋਹਰ ਦਾ ਦਰਖਤ ॥ ੪੩ ॥ ( ਵਡਿਆਂ ) ਪਾਪੀਆਂ ( ਅਰਥਾਤ ਕਾਫਰਾਂ ) ਦਾ ਪਰਸ਼ਾਦ ਹੋਵੇ ਗਾ ॥ ੪੪ ॥ ਜੈਸੇ ਸੰਗਾਲਿਤ ਤਾਂਬਾ ( ਅਰ )ਉਹ ਪੇਟ ਵਿਚ ਐਸਾ ਉਬਲੇਗਾ ॥ ੪੫ ॥( ਕਿ )ਜੈਸੇ ਉਬਲਦਾ ਹੋਇਆ ਪਾਣੀ ਉਬਲਦਾ ਹੈ॥ ੪੬ ॥ (ਇਸ ਥੀਂ ਭਿਨ ਅਸੀਂ ਫਰਿਸ਼ਤਿਆਂ ਨੂੰ ਆਗਿਆ ਦੇਵਾਂਗੇ ਕਿ ) ਏਸ ਨੂੰ ਪਕੜੋ ਅਰ ਘਸੀਟਦੇ ਘਸੀਟਦੇ ਨਰਕਾਂ ਦੇ ਵਿਚਕਾਰ ਲੈ ਜਾਓ ॥ ੪੭ ॥ ਫੇਰ ( ਏਸ ਨੂੰ ਯਿਹ ) ਸਜ਼ਾ ਦਿਓ ਕਿ ਏਸ ਦੇ ਸਿਰ ਉਪਰ ਖੌਲਦਾ ਹੋਇਆ ਪਾਣੀ ਪਾ ਦਿਓ ॥ ੪੮ ॥ ( ਫੇਰ ਅਸੀਂ ਨਾਰਕੀਆਂ ਦੀ ਵਿਪੱਤੀ ਅਧਿਕ ਕਰਨ ਵਾਸਤੇ ਉਸ ਨੂੰ ਕਹਾਂਗੇ ਕਿ ਲੈ ਏਸ ਕਸ਼ਟ ਦੇ ਸਵਾਦ ) ਚਖ ( ਕਾਹੇ ਤੇ ਸਾਡੇ ਏਥੇ ) ਤੇਰਾ ਬੜਾ ਮਾਨ ਹੈ ॥ ੪੯ ॥ ਯਹੀ ਤਾਂ ਉਹ ( ਨਰਕ ) ਹੈ ਜਿਸ ਦੀ ਨਿਸਬਤ ਤੁਸੀਂ ਲੋਗ ਭਰਮ ਕੀਤਾ ਕਰਦੇ ਸੀ ॥ ੫੦ ॥ (ਬਾਕੀ ਰਹੇ) ਸੰਜਮੀ ਪੁਰਖ (ਸੋ ਵੁਹ ਤਾਂ) ਅਮਨ ਦੀ ਜਗਾਂ ॥੫੧॥ ( ਅਰਥਾਤ ) ਬਾਗ ਤਥਾ ਚਸ਼ਮਿਆਂ ਵਿਚ ਹੋਣਗੇ ॥ ੫੨ ॥ ( ਹੋਰ ) ਪਟੰ-ਬਰੀ ਮਹੀਨ ਤਥਾ ਮੋਟੇ ਬਸਤਰ ਪਹਿਰੇ ਹੋਏ ( ਇਕ ਦੂਸਰੇ ਦੇ ) ਆਮੋ ਸਾਹਮਣੇ ਬੈਠੇ (ਬਿਰਾਜ ਰਹੇ) ਹੋਣਗੇ ॥੫੩॥ ਐਸੇ ਹੀ ਹੋਵੇਗਾ ਅਰ ( ਇਸ ਥੀਂ ਭਿੰਨ) ਵਿਸ਼ਾਲਾਖੀਆਂ ਵਾਲੀਆਂ ਹੂਰਾਂ (ਪਰੀਆਂ) ਨਾਲ ਅਸਾਂ ਨੇ ਓਹਨਾਂ

*ਜਿਸ ਤਰਾਂ ਮਿਥਲੇਸਾਂ ਦਾ ਜਨਕ ਖਿਤਾਬ ਸੀ ਅਰ ਮਿਸਰ ਦੇ ਬਾਦਸ਼ਾਹ ਦਾ ਫਰਊਨ ਇਸ ਤਰਾਂ ਯਮਨੀਆਂ ਦਾ ਤੁਬਾ ਖਿਤਾਬ ਸੀ ।

Digitized by Panjab Digital Library | www.panjabdigilib.org

ਦੇ ਸਬੰਧ (ਜੋੜੇ) ਕਰ ਦਿਤੇ ਹੋਣਗੇ ॥ ੫੪ ॥ ਓਥੇ ਅਨੰਦ ਪੂਰਬਕ ਸਰਬ ਪਰਕਾਰ ਦੇ ਮੇਵੇ ਮੰਗਾ ( ਕੇ ਖਾ ) ਰਹੇ ਹੋਣਗੇ ॥ ੫੫ ॥ ਪਹਿਲੀ ( ਵੇਰ ਦੀ ) ਮੌਤ ਥੀਂ ਸਿਵਾ (ਜੋ ਸੰਸਾਰ ਵਿਚ ਚਖ ਚੁਕੇ ) ਓਥੇ ਓਹਨਾਂ ਨੂੰ ਮੌਤ (ਦੀ ਤਲਖੀ) ਚੱਖਣੀ ਹੀ ਨਹੀਂ ਪਵੇਗੀ ਅਰ ਖੁਦਾ ਓਹਨਾਂ ਨੂੰ ਨਾਰਕੀ ਦੁਖਾਂ ਥੀਂ ਨਿਰਲੇਪ ਰਖੇਗਾ ॥ ੫੬ ॥ ( ਅਰ ਹੇ ਪੈਯੰਬਰ ) ਤੁਸਾਂ ਦੇ ਪਰਵਰ-ਦਿਗਾਰ ਦਾ ਫਜ਼ਲ ( ਓਹਨਾਂ ਦੇ ਹਾਲ ਪਰ ਸ਼ਾਮਲ ਹੋਵੇਗਾ ਕਿ ਯਿਹ ਕੁਛ ਨਿਆਮਤਾਂ ਓਹਨਾਂ ਨੂੰ ਮਿਲਣਗੀਆਂ) ਯਿਹ ਬੜੀ ਕਾਰਜ ਸਿਧੀ ਹੈ ॥ ੫੭ ॥ ਤਾਂ ( ਹੇ ਪੈਯੰਬਰ ) ਅਸਾਂ ਨੇ ਏਸ ( ਕੁਰਾਨ ) ਨੂੰ ਤੁਹਾਡੀ ਬੋਲੀ ਵਿਚ ਏਸ ਵਾਸਤੇ ਸੁਖੈਨ ਕਰ ਦਿਤਾ ਹੈ ਕਿ ਯਿਹ (ਅਰਬ ਦੇਸ਼ ਦੇ ਬਾਸੀ ਏਸ ਦੇ ਪਰਸੰਗਾਂ ਨੂੰ ਸਮਝ ਕੇ ) ਸਿਖਜਾ ਪਾਉਣ ॥ ੫੮ ॥ ( ਪਰੰਤੂ ਇਸ ਸਮੇਂ ) ਤਾਂ (ਤੁਸੀਂ ਭੀ ਨਤੀਜੇ ਦੀ ) ਉਡੀਕ ਕਰੋ ਯਿਹ ਭੀ ਉਡੀਕ ਕਰ ਰਹੇ ਹਨ ॥ ੫੯ ॥ ਰੁਕੂਹ ੩ ॥

—o—

## ਸੂਰਤ ਜਾਸੀਆ ਮੱਕੇ ਵਿਚ ਉਤਰੀ ਅਰ ਏਸ ਦੀਆਂ ਸੈਂਤੀ ਆਇਤਾਂ ਅਰ ਚਾਰ ਰੁਕੂਹ ਹਨ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ਅਰ ਕਿਰ-ਪਾਲੂ ( ਹੈ ) ਹਾਮ ॥ ੧ ॥ ਯਿਹ ਲਿਖਿਆ ਹੋਇਆ ਹੁਕਮ ਪੇਸ਼ਗਾਹ ਖੁਦਾਵੰਦ ਥੀਂ ਪ੍ਰਾਪਤ ਹੁੰਦਾ ਹੈ (ਸਾਦਰ ਹੁੰਦਾ ਹੈ) ਜੋ ਬਲਵਾਨ (ਅਰ) ਯੁਕਤੀ ਵਾਲਾ ਹੈ ॥ ੨ ॥ ਨਿਰਸੰਦੇਹ ਈਮਾਨ ਵਾਲਿਆਂ ਵਾਸਤੇ ਅਕਾਸ਼ ਅਰ ਪ੍ਰਿਥਵੀ ਵਿਚ (ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ) ਨਿਸ਼ਾਨੀਆਂ ਹਨ ॥ ੩ ॥ ਅਰ ਲੋਗੋ ਤੁਸਾਂ ਦੇ ਪੈਦਾ ਕਰਨ ਵਿਚ ਅਰ ( ਹੋਰ ) ਜਾਨਵਰਾਂ ਵਿਚ ਜਿਨਹਾਂ ਨੂੰ ( ਵੁਹ ਸਾਰੀ ਪ੍ਰਿਥਵੀ ਉਪਰ ) ਪਸਾਰਦਾ ਰਹਿੰਦਾ ਹੈ ( ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ਹੀ ) ਨਿਸ਼ਾਨੀਆਂ ਹਨ (ਪਰੰਤੂ) ਓਹਨਾਂ ਲੋਗਾਂ ਵਾਸਤੇ ( ਹੀ ) ਜੋ ਨਿਸ਼ਚਾ ਧਾਰਨ ਦੀ ਯੋਗਤਾ ਰਖਦੇ ਹਨ ॥ ੪ ॥ ਅਰ ਹੋਰ ਦਿਨ ਰਾਤ ਦੇ ਹੇਰ ਫੇਰ (ਭੇਦ) ਵਿਚ ਅਰ ਜੋ ਖੁਦਾ ਨੇ ਅਕਾਸ਼ ਥੀਂ ਰਿਜ਼ਕ ਉਤਾਰਿਆ ਫਿਰ ਓਸ ਦਵਾਰਾ ਪ੍ਰਿਥਵੀ ਨੂੰ ਉਸ ਦੇ ਮਰਿਆਂ(ਅਰਥਾਤ ਬੰਜਰ ਪਇਆਂ) ਪਿਛੋਂ ਸੁਰਜੀਤ ਕਰ ਦੇਂਦਾ ਹੈ ਅਰ ਪੌਣਾਂ ਦੇ ਹੇਰ ਫੇਰ ਵਿਚ ( ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ) ਨਿਸ਼ਾਨੀਆਂ ਹਨ ( ਪਰੰਤੂ ) ਓਹਨਾਂ ( ਹੀ ) ਲੋਗਾਂ ਵਾਸਤੇ ਜੋ ਬੁਧੀਮਾਨ ਹਨ ॥ ੫ ॥ ( ਹੇ ਪੈਯੰਬਰ ) ਹਕੀਕਤ ਵਿਚ ਯਿਹ ਖੁਦਾ ਦੀਆਂ ( ਅਰ-

Digitized by Panjab Digital Library | www.panjabdigilib.org

ਬਾਤ ਸਾਡੀਆਂ ਹੀ ) ਅਇਤਾਂ ਹਨ ਜੋ ਅਸੀਂ ਤੁਸਾਂ ਨੂੰ ਪੜ੍ਹ ਪੜ੍ਹ ਕੇ ਸੁਨਾਉਂਦੇ ਹਾਂ ਤਾਂ ਅੱਲਾ ਅਰ ਓਸ ਦੀਆਂ ਆਇਤਾਂ ਦੇ ਪਿਛੋਂ ਹੋਰ ਕੋਣ ਸੀ ਬਾਰਤਾ ਹੋਵੇਗੀ ਜਿਸ ਨੂੰ ਸੁਣ ਕੇ ( ਇਹ ਲੋਗ ) ਈਮਾਨ ਧਾਰਨਗੇ ॥ ੬ ॥ ਹਰ ਇਕ ਝੂਠੇ ਬਦਕਾਰ ਦਾ ਖੋਜੜਾ ਜਾਏ ॥ ੭ ॥ ਕਿ ( ਜਦੋਂ ) ਖ਼ੁਦਾ ਦੀਆਂ ਆਇਤਾਂ ਓਸ ਦੇ ਸਨਮੁਖ ਪੜ੍ਹੀਆਂ ਜਾਂਦੀਆਂ ਹਨ ( ਅਰ ਵੁਹ ) ਉਹਨਾਂ ਨੂੰ ਸੁਣਦਾ ( ਭੀ ) ਹੈ ਫੇਰ ( ਭੀ ) ਅਹੰਕਾਰ ਦਾ ਮਾਰਿਆ ( ਕੁਫਰ ਉਪਰ ਏਸ ਤਰਾਂ ) ਅੜਿਆ ਰਹਿੰਦਾ ਹੈ ( ਕਿ ) ਮਾਨੋ ਓਸਨੇ ਏਹਨਾਂ ( ਆਇਤਾਂ ) ਨੂੰ ਸੁਣਿਆਂ ( ਗਿਣਿਆਂ ) ਹੀ ਨਹੀਂ ਤਾਂ ( ਹੇ ਪੈਯੰਬਰ ) ਐਸੇ ( ਨਾਲਾਇਕ ) ਨੂੰ ਭਜਾਨਕ ਕਸ਼ਟ ਦੀ ਖੁਸ਼ਖਬਰੀ ਸੁਣਾ ਦਿਓ ॥ ੮ ॥ ਅਰ ( ਕੁਫਰ ਉਪਰ ਅੜਨ ਦੇ ਸਿਵਾ ) ਜਦੋਂ ਉਹ ਸਾਡੀਆਂ ਆਇਤਾਂ ਦੀ ਕੁਛ ਭੀ ਸੋ ਪਾਂਦਾ ਹੈ ਤਾਂ ਓਹਨਾਂ ਨੂੰ ਹਾਸਾ ਠੱਠਾ ਕਰਦਾ ਹੈ ਐਸਿਆਂ ਹੀ ਲੋਗਾਂ ਵਾਸਤੇ ਹੀਨਤਾ ਦਾ ਕਸ਼ਟ ਹੈ ॥ ੯ ॥ ਕਿ ਅਗੇ ( ਚਲਕੇ ) ਏਹਨਾਂ ( ਵਾਸਤੇ ) ਜਹੱਨਮ ਹੈ ਅਰ ਸੰਸਾਰ ਵਿਚ ਜੋ ਕੁਛ ਕਰਮ ਕਰ ਗਏ ਨਾਂ ਤਾਂ ਵਹੀ ਏਹਨਾਂ ਦੇ ਕਿਸੇ ਕੰਮ ਆਉਣਗੇ ਅਰ ਨਾ ( ਏਹਨਾਂ ਦੇ ਮਾਬੂਦ ) ਜਿਨਹਾਂ ਨੂੰ ਏਨਹਾਂ ਨੇ ਖੁਦਾ ਥੀਂ ਸਿਵਾ ( ਆਪਣੇ ) ਕਰਨ ਕਾਰਨ ਬਨਾ ਰਖਿਆ ਸੀ ਅਰ ਏਹਨਾਂ ਨੂੰ ਬੜਾ ਕਸ਼ਟ ਹੋਣਾ ਹੈ ॥ ੧੦ ॥ ਯਿਹ ( ਕੁਰਾਨ ਸਿਰ ਥੀਂ ਲੈਕੇ ਪੈਰਾਂ ਤਕ ) ਸਿਖਜਾ ਰੂਪ ਹੈ ਅਰ ਜੋ ਲੋਗ ਆਪਣੇ ਪਰਵਰਦਿਗਾਰ ਦੀਆਂ ਆਇਤਾਂ ਥੀਂ ਮੁਨਕਰ ਹਨ ਓਹਨਾਂ ਨੂੰ ਬੜੇ ( ਕਰੜੇ ) ਕਸ਼ਟ ਦੀ ਭਿਆਣਕ ਸਜਾ ਹੋਣੀ ਹੈ ॥ ੧੧ ॥ ਰੁਕੂਹ ੧ ॥

( ਲੋਗੋ ! ) ਅੱਲਾ ਵੁਹ ( ਸਰਵ ਸ਼ਕਤੀਮਾਨ ) ਹੈ ਜਿਸ ਨੇ ਸਮੁੰਦ ਸਾਗਰ ਨੂੰ ਤੁਸਾਂ ਦੇ ਅਧੀਨ ਕਰ ਦਿਤਾ ਹੈ ਤਾਕਿ ਖੁਦਾ ਦੇ ਹੁਕਮ ਨਾਲ ਓਸ ਵਿਚ ਜਹਾਜ ਚਲਣ ਅਰ ਤਾ ਕਿ ਤੁਸੀਂ ਲੋਗ ਉਸਦੇ ਫ਼ਜ਼ਲ (ਅਰ ਬਾਤ ਅੰਨ ਪਾਣੀ ) ਦੀ ਤਲਾਸ਼ ਕਰੋ ਅਰ ਤਾ ਕਿ ਤੁਸੀਂ ( ਉਸ ਦਾ ) ਧੰਨਜ-ਬਾਦ ਕਰੋ ॥ ੧੨ ॥ ਅਰ ਜੋ ਕੁਛ ਅਕਾਸਾਂ ਵਿਚ ਹੈ ਅਰ ਜੋ ਕੁਛ ਪ੍ਰਿਥਵੀ ਉਪਰ ਹੈ ਓਸੇ ਨੇ ਆਪਣੀ ( ਕਿਰਪਾ ) ਦ੍ਰਿਸ਼ਟੀ ਨਾਲ ਏਹਨਾਂ ਸਾਰਿਆਂ ਨੂੰ ਤੁਸਾਡੇ ਕੰਮ ਵਿਚ ਲਗਾ ਰਖਿਆ ਹੈ ਨਿਰਸੰਦੇਹ ਏਹਨਾਂ ( ਬਾਤਾਂ ) ਵਿਚ ( ਖੁਦਾ ਦੀ ਕੁਦਰਤ ਦੀਆਂ ) ਬਹੁਤ ਸਾਰੀਆਂ ਹੀ ਨਿਸ਼ਾਨੀਆਂ ਹਨ ( ਪਰੰਤੂ) ਓਹਨਾਂ ( ਹੀ ) ਲੋਗਾਂ ਵਾਸਤੇ ਜੋ ਬਿਚਾਰ ( ਵਾਲੀ ਬੁਧੀ ਨੂੰ ) ਵਰਤਣ ਵਿਚ ਲਿਆਉਂਦੇ ਹਨ ॥੧੩॥ ( ਹੇ ਪੈਯੰਬਰ ) ਮੁਸਲਮਾਨਾਂ ਨੂੰ ਕਹੋ ਕਿ ਜੋ ਲੋਗ ਖੁਦਾ ਦੇ ਕਾਰਨਾਮਿਆਂ (ਭਾਣਿਆਂ) ਥੀਂ ਨਹੀਂ ਡਰਦੇ ਓਹਨਾਂ ਥੀਂ ਦਰਗੁਜ਼ਰ

Digitized by Panjab Digital Library | www.panjabdigilib.org

ਕਰਨ ( ਅਰ ਰੱਬ ਉੱਤੇ ਹੀ ਛਡੀ ਰਖਣ ) ਤਾ ਕਿ ਅੱਲਾ ( ਇਨ੍ਹਾਂ ) ਲੋਗਾਂ ਨੂੰ ਏਹਨਾਂ ਦੇ ਕੀਤੇ ਦਾ ਫਲ ਦੇਵੇ ॥ ੧੪ ॥ ਜੋ ਭਲੇ ਕਰਮ ਕਰਦਾ ਹੈ ਤਾਂ ਖ਼ਾਸ ਆਪਣੇ ਵਾਸਤੇ ਅਰ ਜੋ ਅਸ਼ੁਭ ਕਰਦਾ ਹੈ ਤਾਂ ( ਓਸਦਾ ਫਲ ) ਓਸ ਨੂੰ । ਫੇਰ ( ਆਖਰਕਾਰ ) ਤੁਸਾਂ ( ਸਾਰਿਆਂ ) ਨੇ ਆਪਣੇ ਪਰਵਰਦਿਗਾਰ ਦੀ ਤਰਫ (ਹੀ) ਲੋਟ ਕੇ ਜਾਣਾ ਹੈ ॥੧੫॥ ਅਰ ਅਵਸ਼ ਅਸਾਂ ਨੇ ਹੀ ਬਨੀ ਅਸਰਾਈਲ ਨੂੰ (ਤੋਰਾਤ ਨਾਮੀ ) ਪੁਸਤਕ ਅਰ ਹਕੂਮਤ ਅਰ ਪੈਯੰਬਰੀ ਪ੍ਰਦਾਨ ਕੀਤੀ। ਅਰ ( ਮਨ ਤਥਾ ਸਲਵਾ ਜੈਸੀਆਂ ) ਅਚੰਭਾ ਅਦਭੁਤ ਵਸਤੂਆਂ ਉਹਨਾਂ ਨੂੰ ਛਕਣ ਛਕਾਉਣ ਵਾਸਤੇ ਦਿਤੀਆਂ ਅਰ ਸਾਰੇ ਸੰਸਾਰ ਦੇ ਲੋਗਾਂ ਉਪਰ ਓਹਨਾਂ ਨੂੰ ਵਡਿਆਈ ਦਿਤੀ ॥ ੧੬ ॥ ਅਰ ਦੀਨ ਦੇ ਖੁਲੇ ਖੁਲੇ ਹੁਕਮ ਓਹਨਾਂ ਨੂੰ(ਦਸ)ਦਿਤੇ ਸੋ ਏਹਨਾਂ ਲੋਗਾਂ ਨੇ ਜੋ ਇਕ ਦੂਸਰੇ ਨਾਲ ਇਖਤਲਾਫ (ਭੇਦ)ਕੀਤਾ ਤਾਂ ਖਬਰ ਹੋ ਗਇਆਂ ਪਿਛੋਂ ਆਪੋ ਵਿਚ ਦੀ ਹਠ ਨਾਲ ।(ਕੀਤਾ ਹੇ ਪੈਯੰਬਰ) ਜਿਨਹਾਂ ( ਬਾਤਾਂ ) ਵਿਚ ਯਿਹ ਲੋਗ ਇਖਤਲਾਫ ਕਰ ਰਹੇ ਹਨ ਪ੍ਰਲੈ ਦੇ ਦਿਨ ਤੁਸਾਡਾ ਪਰਵਰਦਿਗਾਰ ਇਹਨਾਂ ਵਿਚ ਉਨਹਾਂ ( ਬਾਤਾਂ ) ਦਾ ਫੈਸਲਾ ਕਰ ਦੇਵੇਗਾ ॥ ੧੭ ॥ ਪੁਨ: ( ਹੇ ਪੈਯੰਬਰ ) ਅਸਾਂ ਨੇ ਤੁਸਾਂ ਨੂੰ ਦੀਨ ਦੀ ( ਇਕ ) ਸਰੀਯਤ ( ਮ੍ਰਯਾਦਾ ) ਦੇ ਨਾਲ ਲਗਾ ਦਿਤਾ ਹੈ ( ਤਾਂ ਤੁਸੀਂ ) ਓਸੇ ( ਸੜਕ ) ਉਪਰ ਚਲੇ ਜਾਓ ਅਰ ਉਨਹਾਂ ਲੋਗਾਂ ਦਿਆਂ ਸੰਕਲਪਾਂ ਉਪਰ ਨਾ ਚਲੋ ਜਿਨਹਾਂ ਨੂੰ ( ਏਹਨਾਂ ਬਾਤਾਂ ਦਾ ) ਗਯਾਨ ਨਹੀਂ ॥ ੧੮ ॥ ਅੱਲਾ ਦੇ ਮੁਕਾਬਲੇ ਵਿਚ ਯਿਹ ਲੋਗ ਤੁਹਾਡੇ ਕੁਝ ਭੀ ਕੰਮ ਨਹੀਂ ਆ ਸਕਦੇ ਅਰ ਨਾ ਫਰਮਾਨ ਲੋਗ ਇਕ ਦੇ ਨਾਲ ਦੂਸਰਾ ਅਰ ਸੰਜਮੀਆਂ ਦਾ ਸਾਥੀ ਪ੍ਰਮਾਤਮਾਂ ॥ ੧੯ ॥ ਯਿਹ ( ਕੁਰਾਨ ) ਲੋਗਾਂ ਵਾਸਤੇ (ਅਕਲ ਤਥਾ) ਦਾਨਸ਼ ਦੀਆਂ ਬਾਤਾਂ ਦਾ ਇਕੱਠ ਹੈ ਅਰ ਜੋ ਲੋਗ( ਏਸ ਦਾ ) ਯਕੀਨ ਰਖਦੇ ਹਨ ਉਨਹਾਂ ਵਾਸਤੇ ( ਸਿਰ ਥੀਂ ਲੈਕੇ ਪੈਰਾਂ ਤਕ ) ਸਿਖਜਾ ਅਰ ਰਹਿਮਤ ਹੈ ॥ ੨੦ ॥ ਜੋ ਲੋਗ ਅਸ਼ੁਭ ਕਰਮ ਕਰਦੇ ਰਹਿੰਦੇ ਹਨ ਕੀ ਓਨਹਾਂ ਨੇ ਏਹ ਸੰਕਲਪ ਕਰ ਰਖਿਆ ਹੈ ਕਿ ਅਸੀਂ ਉਨਹਾਂ ਨੂੰ ਉਨ-ਹਾਂ ਹੀ ਲੋਗਾਂ ਜੈਸੇ ਕਰ ਦੇਵਾਂਗੇ ਜੋ ਈਮਾਨ ਧਾਰ ਬੈਠੇ ਅਰ ( ਈਮਾਨ ਥੀਂ ਸਿਵਾ ) ਉਨਹਾਂ ਨੇ ਭਲੇ ਕਰਮ ( ਭੀ ) ਕੀਤੇ ਕਿ ਇਨਹਾਂ ( ਸਾਰਿਆਂ ) ਦਾ ਮਰਨਾ ਅਰ ਇਨਹਾਂ ( ਸਾਰਿਆਂ ) ਦਾ ਜੀਉਣਾ ਇਕ ਹੀ ਤਰਹਾਂ ਦਾ ਹੋਵੇ ਯਿਹ ( ਲੋਗ ਕੈਸਾ ਹੀ ) ਬੁਰਾ ਹੁਕਮ ਲਗਾਇਆ ਕਰਦੇ ਹਨ ॥ ੨੧ ॥ ਰੁਕੂਹ ੨ ॥

ਅਰ ਅੱਲਾ ਨੇ ਅਕਾਸ ਅਰ ਪ੍ਰਿਥਵੀ ਨੂੰ(ਕਿਸੇ ਪ੍ਰਯੋਜਨ ਅਰ)ਮਸਲਹਿਤ (ਭਲਾਈ) ਨਾਲ ਪੈਦਾ ਕੀਤਾ ਹੈ ਅਰ ਸੰਕਲਪ ਇਹ ਹੈ ਕਿ ਹਰ ਜੀਵ ਨੂੰ

Digitized by Panjab Digital Library | www.panjabdigilib.org

ਉਸ ਦੇ ਕੀਤੇ ਦਾ ਬਦਲਾ ਦਿਤਾ ਜਾਵੇ ( ਅਤਇਵ ਕਿਆਮਤ ਵਿਚ ਐਸੇ ਹੀ ਹੋਵੇਗਾ ) ਅਰ ਲੋਗਾਂ ਉਪਰ ( ਕਿਸੇ ਪ੍ਰਕਾਰ ਦਾ ) ਜ਼ੁਲਮ ਨਹੀਂ ਕੀਤਾ ਜਾਵੇਗਾ ॥ ੨੨ ॥ ( ਹੇ ਪੈਯੰਬਰ ) ਭਲਾ ਤੁਸਾਂ ਨੇ ਓਸ ਆਦਮੀ ( ਦੇ ਹਾਲ ) ਉਪਰ ਭੀ ਦ੍ਰਿਸ਼ਟੀ ਦਿਤੀ ਜਿਨਹਾਂ ਨੇ ਆਪਣਿਆਂ ( ਮਾਨਸਿਕ ਸੰਕਲਪਾਂ ) ਨੂੰ ਆਪਣੇ ਪੂਜ ਬਣਾ ਰਖਿਆ ਹੈ ਅਰ ਇਲਮ ਹੁੰਦਿਆਂ ਸੁੰਦਿਆਂ ਅੱਲਾ ਨੇ ਓਸ ਨੂੰ ਕੁਮਾਰਗੀ ਕਰ ਦਿਤਾ ਹੈ । ਅਰ ਓਸ ਦਿਆਂ ਕੰਨਾਂ ਉਤੇ ਅਰ ਓਸਦੇ ਦਿਲ ਉਪਰ ਮੁਹਰ ਲਗਾ ਦਿਤੀ ਹੈ ਅਰ ਓਸ ਦੀਆਂ ਅੱਖੀਆਂ ਅਗੇ ਛੋੜ ਪਰਦੇ ਪਾ ਦਿਤੇ ਹਨ ਤਾਂ ਖੁਦਾ ਦੇ ( ਕੁਮਾਰਗੀ ਕੀਤਿਆਂ ) ਪਿਛੋਂ ਓਸ ਨੂੰ ਕੌਣ ਸਿਖਜਾ ਦੇ ( ਸਕਦਾ ਹੈ ) ਕੀ ਤੁਸੀਂ ਲੋਗ ਸੋਚ ਸਮਝ ਕੋਲੋਂ ਕੰਮ ਨਹੀਂ ਲੈਂਦੇ ? ॥ ੨੩ ॥ ਅਰ ਕਹਿੰਦੇ ਹਨ ਸਾਡਾ ਤਾਂ ਯਿਹ ਸੰਸਾਰ ਦਾ ਹੀ ਜੀਉਣਾ ਹੈ ਹੋਰ ਬੱਸ ਕਿ ( ਏਥੇ ਹੀ ) ਮਰਦੇ ਹਾਂ ਅਰ ( ਏਥੇ ਹੀ ) ਜੀਉਂਦੇ ਹਾਂ ਅਰ ਕਾਲ ਹੀ ਸਾਨੂੰ ( ਇਕ ਖਾਸ ਸਮੇਂ ਤਕ ਜੀਉਂਦਿਆਂ ਰਖ ਕੇ ) ਮਾਰ ਦੇਂਦਾ ਹੈ ਅਰ ਏਹਨਾਂ ਨੂੰ ਏਸ ਦਾ ਕੋਈ ਪਤਾ ਨਿਸ਼ਾਨ ਤਾਂ ਹੈ ਹੀ ਨਹੀਂ ਇਹ ਤਾਂ ਨਿਰੇ ਪੁਰੇ ਅਟਕਲਪਚੂ ਦੇ ਹੀ ਤੁੱਕੇ ਮਾਰਦੇ ਹਨ ॥ ੨੪ ॥ ਅਰ ਜਦੋਂ ਇਹਨਾਂ ਨੂੰ ਸਾਡੀਆਂ ਸਰਲ ਸਫੁਟ ਆਇਤਾਂ ਪੜ ੨ ਕੇ ਸੁਣਾਈਆਂ ਜਾਂਦੀਆਂ ਹਨ ਤਾਂ ਬਸ ਏਸੇ ਤਰਾਂ ਦੀਆਂ ਘੁਤਕੁਲਾਂ ਕੀਤਾ ਕਰਦੇ ਹਨ ਕਿ ( ਮੁਸਲਮਾਣਾਂ ਨੂੰ ) ਕਹਿੰਦੇ ਹਨ ਕਿ ਜੇਕਰ ਤੁਸੀਂ ( ਆਪਣੇ ਕਿਆਮਤ ਵਾਲੇ ਪਖ ਵਿਚ ) ਸਚੇ ਹੋ ਤਾਂ ਸਾਡੇ ਪਿਤਾ ਪਿਤਾਮਾਂ ਹੋਰਾਂ ਨੂੰ ( ਸਰਾਜੀਤ ਕਰਕੇ ਸਾਡੇ ਸਨਮੁਖ ) ਲਿਆ ਮੌਜੂਦ ਕਰੋ ॥ ੨੫ ॥ ( ਹੇ ਪੈਯੰਬਰ ਤੁਸੀਂ ਏਹਨਾਂ ਲੋਗਾਂ ਨੂੰ ) ਕਹੋ ਕਿ ਅਲਾ ਹੀ ਤੁਸਾਂ ਨੂੰ ਸਰਜੀਤ ਰਖਦਾ ਹੈ ਅਰ ਫੇਰ ( ਵਹੀ ) ਤੁਸਾਂ ਨੂੰ ਮਾਰਦਾ ( ਭੀ ) ਹੈ ਫੇਰ ( ਏਸੇ ਤਰਹਾਂ ) ਕਿਆਮਤ ਦੇ ਦਿਨ ਜਿਸ ( ਦੇ ਹੋਣ ) ਵਿਚ ਕੋਈ ਭੀ ਭ੍ਰਮ ਨਹੀਂ ਉਹ ਤੁਸਾਂ ਨੂੰ ( ਦੁਬਾਰਾ ਸਰਜੀਤ ਕਰਕੇ ਹਿਸਾਬ ਦੇ ਵਾਸਤੇ ਇਕ ਜਗਾ ) ਇਕੱਤ੍ਰ ( ਭੀ ) ਕਰੇਗਾ । ਪਰੰਤੂ ਅਕਸਰ ਲੋਗ ਸਮਝਦੇ ਨਹੀਂ ॥ ੨੬ ॥ ਰੁਕੂਹ ੩ ॥

ਅਰ ਅਕਾਸ਼ ਅਰ ਪ੍ਰਿਥਵੀ ਦਾ ਰਾਜ ਅੱਲਾ ਦਾ ਹੀ ਹੈ ਅਰ ਜਿਸ ਦਿਨ ਪ੍ਰਲੈ ਦਾ ਵਰਤਾਰਾ ਵਰਤੇਗਾ ਓਸ ਦਿਨ ( ਪ੍ਰਲੈ ਦੇ ) ਮਿਥਜਾ ਕਰਨ ਵਾਲੇ ਬੜੇ ਹੀ ਘਾਟੇ ਵਿਚ ਆ ਜਾਣਗੇ ( ਇਸ ਵਾਸਤੇ ਕਿ ਉਹਨਾਂ ਨੇ ਕਿਆਮਤ ਵਾਸਤੇ ਕੋਈ ਭੀ ਤਿਆਰੀ ਨਹੀਂ ਕੀਤੀ ) ॥ ੨੭ ॥ ਅਰ ਹੇ ( ਪੈਯੰਬਰ ) ਤੁਸੀਂ ਦੇਖੋਗੇ ਕਿ ਹਰ ਇਕ ਪੰਥ ( ਫੈਸਲੇ ਦੀ ਉਡੀਕ ਵਿਚ) ਡੰਡੌਤ ਕਰਦਾ ਬੈਠਾ ਹੋਵੇਗਾ ਹਰ ਇਕ ਪੰਥ ਆਪਣੇ ( ਕਰਮ )

Digitized by Panjab Digital Library | www.panjabdigilib.org

ਕਾਂਡ ਦੇ ( ਦੇਖਣ ) ਵਾਸਤੇ ਬੁਲਾਈ ਜਾਵੇਗੀ ( ਅਰ ਉਹਨਾਂ ਨੂੰ ਕਹਿਆ ਜਾਵੇਗਾ ਕਿ ਸੰਸਾਰ ਵਿਚ)ਤੁਸੀਂ ਲੋਗ ਜੈਸੇ ੨ ਕਰਮ ਕਰਦੇ ਰਹੇ ਹੋ ਅਜ ਤੁਸਾਂ ਨੂੰ ਉਹਨਾਂ ਦਾ ਫਲ ਦਿਤਾ ਜਾਵੇਗਾ ॥ ੨੮ ॥ ਯਿਹ ਸਾਡੀ ਕਿਤਾਬ ( ਜਿਸ ਵਿਚ ਤੁਹਾਡੇ ਕਰਤਬ ਲਿਖੇ ਹੋਏ ਹਨ ) ਤੁਸਾਡੇ ਸਨਮੁਖ ਸਚੋ ਸਚ ਕਥਨ ਕਰ ਰਹੀ ਹੈ ( ਅਰ ) ਜੈਸੇ ਜੈਸੇ ਤੁਸੀਂ ਕਰਮ ਕਰਦੇ ਸੀ ਅਸੀਂ ਉਨਹਾਂ ਨੂੰ ਲਿਖਵਾਉਂਦੇ ਜਾਂਦੇ ਸਾਂ ॥ ੨੯ ॥ ਤਾਂ ਜਿਨਹਾਂ ਲੋਗਾਂ ਨੇ ਈਮਾਨ ਧਾਰਿਆ ਅਰ ਉਹਨਾਂ ਨੇ ਸੁਭ ਕਰਮ ( ਭੀ ) ਕੀਤੇ ਓਹਨਾਂ ਨੂੰ ਉਨਹਾਂ ਦਾ ਪਰਵਰਦਿਗਾਰ ਆਪਣੀ ਕਿਰਪਾ ਵਿਚ ਲੈ ਲਵੇਗਾ ਯਹੀ ਪ੍ਰਤਛ ਕਾਰਜ ਸਿਧੀ ਹੈ ॥ ੩੦ ॥ ਅਰ ਜੋ ਲੋਗ ਕੁਫਰ ਕਰਦੇ ਰਹੇ ( ਅਸੀਂ ਉਹਨਾਂ ਨੂੰ ਕਹਾਂਗੇ ) ਕੀ ਤੁਸਾਂ ਨੂੰ ਸਾਡੀਆਂ ਆਇਤਾਂ ਵਾਚ ੨ ਕੇ ਨਹੀਂ ਸੁਨਾਈਆਂ ਜਾਂਦੀਆਂ ਸਨ ( ਜਰੂਰ ਹੀ ਸੁਣਾਈਆਂ ਜਾਂਦੀਆਂ ਸਨ ) ਪਰੰਤੂ ਤੁਸਾਂ ਨੇ ਅਹੰਕਾਰ ਕੀਤਾ ਅਰ ਤੁਸੀਂ ਕੁਛ ਹੈ ਸੋ ਭੀ ਮਨਮੁਖ ਲੋਗ ॥ ੩੧ ॥ ਅਰ ਜਦੋਂ ( ਤੁਸਾਂ ਨੂੰ ) ਕਹਿਆ ਜਾਂਦਾ ਸੀ ਕਿ ਖੁਦਾ ਦਾ ਬਚਨ ਸਚਾ ਹੈ ਅਰ ਪ੍ਰਲੈ ( ਦੇ ਆਉਣ ) ਵਿਚ ਕੋਈ ਭੀ ਭ੍ਰਮ ਨਹੀਂ ਤਾਂ ਤੁਸੀਂ ਕਹਿੰਦੇ ਸੀ ਕਿ ਅਸੀਂ ਨਹੀਂ ਜਾਣਦੇ ਕਿਆਮਤ ਕਿਆ ਵਸਤੂ ਹੈ ? ਹਾਂ ਕੁਛ ਐਵੇਂ ਕਿਵੇਂ ਦਾ ਵਹਿਮ ਤਾਂ ਸਾਨੂੰ ਭੀ ਹੁੰਦਾ ਹੈ ਪਰੰਤੂ ( ਜਿਸ ਨੂੰ ) ਨਿਸਚਾ ( ਕਹਿੰਦੇ ਹਨ ਵੁਹ ) ਸਾਨੂੰ ( ਤਾਂ ਹੈ ) ਨਹੀਂ ॥ ੩੨ ॥ ਅਰ ਜੈਸੇ ਜੈਸੇ ਕਰਮ ਯਿਹ ਲੋਗ ਕਰਦੇ ਰਹੇ ( ਹਨ ਹੁਣ ) ਓਹਨਾਂ ਦੀਆਂ ਬੁਰਾ-ਈਆਂ ਏਹਨਾਂ ਉਪਰ ਜਾਹਿਰ ਹੋ ਜਾਣਗੀਆਂ ਅਰ ਜਿਸ ( ਕਸ਼ਟ ) ਨੂੰ ਹਾਸਾ ਮਖੌਲ ਕਰਦੇ ਰਹੇ ਹਨ ( ਹੁਣ ) ਵੁਹ ਏਹਨਾਂ ਉਪਰ ਆ ਉਤਰੇਗਾ ॥ ੩੩ ॥ ਅਰ ( ਏਹਨਾਂ ਨੂੰ ) ਕਹਿ ਦਿਤਾ ਜਾਵੇਗਾ ਕਿ ਜਿਸ ਤਰਾਂ ਤੁਸਾਂ ਨੇ ਆਪਣੇ ਏਸ ਦਿਨ ਦੇ ਆਉਣ ਨੂੰ ਵਿਸਮਰਣ ਕਰ ਰਖਿਆ ਅਜ ਅਸੀਂ ਭੀ ਤੁਸਾਂ ਨੂੰ ( ਦੇਖਦਿਆਂ ਚਾਖਦਿਆਂ ) ਭੁਲਾ ਦੇਵਾਂਗੇ ਅਰ ਤੁਸਾਡਾ ਟਿਕਾਣਾ ਨਰਕ ਹੈ ਅਰ ਕੋਈ ਤੁਸਾਡਾ ਮਦਦਗਾਰ ਨਹੀਂ ॥ ੩੪ ॥ ਇਹ ਉਸ ਦੀ ਸਜਾ ਹੈ ਕਿ ਤੁਸਾਂ ਨੇ ਖੁਦਾ ਦੀਆਂ ਆਇਤਾਂ ਨੂੰ ਹਾਸੀ ਦਾਸ ਪਦ ਠਹਿਰਾ-ਇਆ ਅਰ ਸੰਸਾਰਿਕ ਜੀਵਨ ਨੇ ਤੁਸਾਂ ਨੂੰ ਧੋਖੇ ਵਿਚ ਪਾ ਰਖਿਆ । ਭਾਵ ਅਜ ਨਾ ਤਾਂ ਯਿਹ ਲੋਗ ਨਰਕਾਂ ਥੀਂ ਨਿਕਾਸੇ ਜਾਣਗੇ ਅਰ ਨਾ ਏਹਨਾਂ ਨੂੰ ਅਵਕਾਸ਼ ਦਿਤਾ ਜਾਵੇਗਾ ( ਕਿ ਤੋਬਾ ਇਸਤਗੁਫਾਰ ਕਰਕੇ ਖੁਦਾ ਨੂੰ ) ਪਰਸੰਨ ਕਰ ਲੈਣ ॥ ੩੫ ॥ ਬਸ ਅੱਲਾ ਦੀ ਹੀ ਉਸਤੁਤੀ ਹੈ ( ਜੋ ) ਆਕਾਸ਼ ਦਾ ਮਾਲਕ ( ਹੈ ) ਅਰ ਪ੍ਰਿਥਵੀ ਦਾ ਮਾਲਿਕ ( ਹੈ ) (ਅਰ) ਸੰਸਾਰ ਸਾਗਰ ਦਾ ਮਾਲਿਕ ( ਹੈ ) ॥ ੩੬ ॥ ਅਰ ਆਕਾਸ਼ ਅਰ ਪ੍ਰਿਥਵੀ ਵਿਚ ਉਸੇ

Digitized by Panjab Digital Library | www.panjabdigilib.org

ਦੀ ਬਡਾਈ ਹੈ ਅਰ ਵਹੀ ਸ਼ਕਤਸ਼ਾਲੀ ( ਅਰ ) ਯੁਕਤੀਮਾਨ ਹੈ ॥ ੩੭ ॥ ਰੁਕੂਹ ੪ ॥

# ਸੂਰਤ ਅਹਿਕ਼ਾਫ਼ ਮੱਕੇ ਵਿਚ ਉਤਰੀ ਅਰ ਉਸਦੀਆਂ ਪੈਂਤੀਸ ਆਇਤਾਂ ਅਰ ਚਾਰ ਰੁਕੂਹ ਹਨ ।

(ਪ੍ਰਾਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ ਕਿਰਪਾਲੂ (ਹੈ) *ਹਾਮ ॥ ੧ ॥ ( ਯਿਹ ) ਲਿਖੀ ਹੋਈ ਆਗਿਆ ਪੇਸ਼ਗਾਹ ਖੁਦਾਵੰਦ ਥੀਂ ਉਤਰੀ ਹੈ ਜੋ ਸ਼ਕਤੀਮਾਨ ( ਅਰ ) ਯੁਕਤੀ ਵਾਲਾ ਹੈ ॥ ੨ ॥ ਅਸਾਂ ਨੇ ਅਕਾਸ਼ ਅਰ ਪ੍ਰਿਥਵੀ ਨੂੰ ਅਰ ਜੋ (ਵਸਤੂਆਂ)ਅਕਾਸ਼ ਅਰ ਪ੍ਰਿਥਵੀ ਵਿਚ ਹਨ ਉਹਨਾਂ ਨੂੰ ਕਿਸੇ ਭਲਾਈ ਨਾਲ ਹੀ ਅਰ ਇਕ ਖਾਸ ਸਮੇਂ ਤਕ ਦੇ ਵਾਸਤੇ ਪੈਦਾ ਕੀਤਾ ਹੈ ਅਰ ਕਾਫਰਾਂ ਨੂੰ ਜਿਸ ( ਵਸਤੂ ) ਥੀਂ ਡਰਾਇਆ ਜਾਂਦਾ ਹੈ (ਅਰਥਾਤ ਪ੍ਰਲੈ ਆਦਿ ਵੁਹ ਤਾਂ) ਉਸ ਵਲ ਧਿਆਨ ( ਹੀ ) ਨਹੀਂ ਕਰਦੇ ॥ ੩ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਭਲਾ ਦੇਖੋ ਤਾਂ ਸਹੀ ਕਿ ਖੁਦਾ ਥੀਂ ਸਿਵਾ ਜਿਨਹਾਂ ( ਮਾਬੂਦਾਂ ) ਦਾ ਤੁਸੀਂ ਆਵਾਹਨ ਕਰਦੇ ਹੋ ( ਜ਼ਰਾ ਦੀ ਜ਼ਰਾ ) ਮੈਨੂੰ ਤਾਂ ਦਿਖਲਾਓ ਕਿ ਉਹਨਾਂ ਨੇ ਕੌਣ ਸੀ ਪ੍ਰਿਥਵੀ ਪੈਦਾ ਕੀਤੀ ਹੈ, ਕਿੰਬਾ ਅਕਾਸ਼ਾਂ ( ਦੇ ਬਣਾਉਣ ਤਣਾਉਣ ) ਵਿਚ ਏਹਨਾਂ ਦੀ ਸਾਂਝ ਭਿਆਲੀ ਹੈ ਯਦੀ ਤੁਸੀਂ ਆਪਣੇ ( ਪੱਖ ਵਿਚ ) ਸਚੇ ਹੋ ਤਾਂ ਏਸ ਨਾਲੋਂ ਪਹਿਲਾਂ ਦੀ ਕੋਈ ਪੁਸਤਕ ਅਥਵਾ ਇਲਮੀ ਪਰਮਾਣ ਮੇਰੇ ਸਾਹਮਣੇ ਪੇਸ਼ ਕਰੋ ॥ ੪ ॥ ਅਰ ਉਸ ਨਾਲੋਂ ਵਧ ਕੇ ਕੁਮਾਰਗੀ ਕੌਣ ਜੋ ਖੁਦਾ ਥੀਂ ਸਿਵਾ ਐਸਿਆਂ ( ਮਾਬੂਦਾਂ ) ਦਾ ਅਵਾਹਨ ਕਰੇ ਜੋ ਪ੍ਰਲੈ ਦੇ ਦਿਨ ਤਕ ਉਸ ਨੂੰ ਜਵਾਬ ( ਬੇਨਤੀ ਤਕ ) ਨਾ ਦੇ ਸਕਣ ਅਰ ( ਜਵਾਬ ਦੇਣਾ ਤਾਂ ਕਿਥੇ) ਓਹਨਾਂ ਨੂੰ ( ਤਾਂ ) ਏਹਨਾਂ ਦੀ ਦੁਆ (ਬੇਨਤੀ ਤਕ) ਦੀ ( ਭੀ ) ਖਬਰ ਨਹੀਂ ॥ ੫ ॥ ਅਰ ਜਦੋਂ ( ਕਿਆਮਤ ਦੇ ਦਿਨ ) ਲੋਗ ( ਹਿਸਾਬ ਵਾਸਤੇ ) ਇਕੱਤਰ ਕੀਤੇ ਜਾਣਗੇ ਤਾਂ ਯਿਹ ( ਮਾਬੂਦ ਉਲਟੇ ) ਉਨਹਾਂ ਦੇ ਬੈਰੀ ਬਣ ਬੈਠਣਗੇ ਅਰ ਏਹਨਾਂ ਦੀ ਪ੍ਰਸਤਸ਼ ਥੀਂ ਇਨਕਾਰ ਕਰਣਗੇ ( ਸੋ ਅਲਗ ) ॥ ੬ ॥ ਅਰ ਜਦੋਂ ਸਾਡੀਆਂ ਸਰਲ ਸਫੁਟ ਆਇਤਾਂ ਏਹਨਾਂ ( ਲੋਗਾਂ ) ਨੂੰ ਪੜ ( ਵਾਚ ) ਕੇ ਸੁਣਾਈਆਂ ਜਾਂਦੀਆਂ ਹਨ ( ਤਾਂ ) ਜੋ ਲੋਗ ਮੁਨਕਰ ਹਨ ਸਚੇ ( ਕੁਰਾਨ ) ਦੇ ਆਇਆਂ ਪਿਛੋਂ ਉਸ ਦੀ ਨਿਸਬਤ ਕਹਿੰਦੇ ਹਨ ਕਿ ਯਿਹ ਤਾਂ ਪਰਤੱਖ ਜਾਦੂ (ਟੂਣਾ) ਹੈ ॥ ੭ ॥ ( ਹੇ ਪੈਯੰਬਰ ) ਕੀ ( ਯਿਹ ਲੋਗ ਕੁਰਾਨ ਦੀ ਨਿਸਬਤ ) ਕਹਿੰਦੇ ਹਨ ਕਿ ਇਸ ਨੂੰ

*ਹੁਣ "ਹਾਮ" ਨਾਮੀ ਛਬੀਸਵਾਂ ਪਾਰਾ ਅਰੰਭ ਹੋਇਆ ॥

Digitized by Panjab Digital Library | www.panjabdigilib.org

ਏਸ ( ਪੁਰਖ ਅਰਥਾਤ ਤੁਸਾਂ ਨੇ ) ਅਪਨੇ ਦਿਲੋਂ ਬਨਾ ਲੀਤਾ ਹੈ ( ਤੁਸੀਂ ਏਹਨਾਂ ਨੂੰ ) ਕਹੋ ਕਿ ਯਦੀ ਮੈਂ ਇਸ ਨੂੰ ਆਪਣੇ ਦਿਲੋਂ ਬਨਾਇਆ ਹੋਵੇ ਗਾ ਤਾਂ ਤੁਸੀਂ ਖ਼ੁਦਾ ਦੇ ਮੁਕਾਬਲੇ ਵਿਚ ਮੇਰੇ ਕਿਸੇ ਭੀ ਕੰਮ ਨਹੀਂ ਆ ਸਕਦੇ ਜੈਸੀਆਂ ੨ ਬਾਤਾਂ ਤੁਸੀਂ ਬਣਾਉਂਦੇ ਹੋ ਉਹ ( ਖ਼ੁਦਾ ) ਓਹਨਾਂ ਨੂੰ ਖ਼ੂਬ ਜਾਣਦਾ ਹੈ ਮੇਰੇ ਅਰ ਤੁਹਾਡੇ ਮਧ ਵਿਚ ਮਧਜਸਤ ਰੂਪ ( ਖ਼ੁਦਾ ਹੀ ) ਬਸ ਹੈ ਅਰ ਵਹੀ ਬਖ਼ਸ਼ਣੇ ਵਾਲਾ ਮਿਹਰਬਾਨ ਹੈ ॥ ੮ ॥ ( ਹੇ ਪੈਗ਼ੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਮੈਂ ਪੈਗ਼ੰਬਰਾਂ ਵਿਚੋਂ ਕੋਈ ਅਲੋਕਾਰ ਦਾ ( ਪੈਗ਼ੰਬਰ ) ਤਾਂ ਨਹੀਂ ਹਾਂ ਅਰ ਮੈਂ ਨਹੀਂ ਜਾਣਦਾ ਕਿ ( ਅਗੇ ) ਮੇ ਨਾਲ ਕੀ ਕੀਤਾ ਜਾਵੇਗਾ ਅਰ ਨਾ ( ਯਿਹ ਜਾਣਦਾ ਹਾਂ ) ਤੁਹਾਡੇ ਨਾਲ ( ਕੀ ਕੀਤਾ ਜਾਵੇਗਾ ) ਮੇਰੀ ਤਰਫ ਜੋ ਵਹੀ ਨਾਜ਼ਲ ਹੁੰਦੀ ਹੈ ਮੈਂ ਤਾਂ ਕੇਵਲ ਉਸੇ ਪਰ ਹੀ ਚਲਦਾ ਹਾਂ ਅਰ ਮੈਂ ਸਰਲ ਰੀਤੀ ਨਾਲ ਡਰ ਸੁਨਾਉਣ ਵਾਲਾ ਹਾਂ ਹੋਰ ਬਸ ॥ ੯ ॥ ( ਹੇ ਪੈਗ਼ੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਭਲਾ ਦੇਖੋ ਤਾਂ ਸਹੀ ਯਦੀ ਯਿਹ ( ਕੁਰਾਨ ) ਖ਼ੁਦਾ ਦੀ ਤਰਫੋਂ ਹੋਵੇ ਅਰ ਤੁਸੀਂ ਏਸ ਥੀਂ ਇਨਕਾਰ ਕਰ ਬੈਠੇ ਅਰ ਬਨੀ ਅਸਰਾਈਲ ਵਿਚੋਂ ਇਕ ਗਵਾਹ ਨੇ ਏਸੇ ਤਰਹਾਂ ਦੀ ਇਕ ( ਪੁਸਤਕ ਦੇ ਉਤਰਨ ) ਦੀ ਗਵਾਹੀ ( ਭੀ ) ਦਿਤੀ ਅਰ ਉਹ ਈਮਾਨ ( ਭੀ ) ਧਾਰ ਬੈਠਾ ਅਰ ਤੁਸੀਂ ਆਕੜੇ ਫਾਕੜੇ ਹੀ ਰਹੇ ( ਤਾਂ ਏਸ ਵਿਵਸਥਾ ਵਿਚ ਤੁਸਾਡਾ ਕੀ ਹਾਲ ਹੋਣਾ ਹੈ ) ਨਿਰਸੰਦੇਹ ਅੱਲਾ ਨਾ ਫਰਮਾਨ ਲੋਗਾਂ ਨੂੰ ਸਿਖਿਆ ਨਹੀਂ ਦਿਤਾ ਕਰਦਾ ॥ ੧੦ ॥ ਰੁਕੂਹ ੧ ॥

ਅਰ ਮੁਨਕਰ ਮੁਸਲਮਾਨਾਂ ਦੀ ਨਿਸਬਤ ਕਹਿੰਦੇ ਹਨ ਕਿ ਯਦੀ ( ਦੀਨ ਇਸਲਾਮ ) ਉੱਤਮ ਹੁੰਦਾ ਤਾਂ ( ਯਿਹ ਸੰਪੂਰਨ ਜੀਆ ਜੰਤ ) ਸਾਡੇ ਨਾਲੋਂ ਪਹਿਲੋਂ ( ਹੀ ) ਉਸ ਦੀ ਤਰਫ ਨਾਂ ਦੌੜ ਪੈਂਦੇ ਅਰ ਜਦੋਂ ਕੁਰਾਨ ਦਵਾਰਾ ਏਹਨਾਂ ਨੂੰ ਸੁਮਤ ਨਾ ਆਈ ਤਾਂ ਹੁਨ (ਏਸ ਥੀਂ ਸਿਵਾ ਹੋਰ ਕੀ ) ਕਹਿਣਗੇ ਕਿ ਯਿਹ ( ਤਾਂ ਇਕ ) ਆਦੀ ਝੂਠ ਹੈ ॥ ੧੧ ॥ ਹਾਲਾਂਕਿ ਕੁਰਾਨ ਥੀਂ ਪਹਿਲੇ ਮੂਸਾ ਦੀ ਕਿਤਾਬ ( ਅਰਥਾਤ ਤੌਰਾਤ ਉਤਰ ਚੁਕੀ ) ਹੈ (ਕਿ ਉਹ ਬਜਾਇ ਖ਼ੁਦ ਦੀਨ ਦੀ ) ਆਗੂ ਅਰ ( ਖ਼ੁਦਾ ਦੀ ) ਰਹਿਮਤ ( ਹੈ ) ਅਰ ਯਿਹ ( ਕੁਰਾਨ ਭੀ ਉਸੇ ਤਰਹਾਂ ਦੀ ਇਲਾਹੀ ) ਕਿਤਾਬ ਹੈ ( ਤੌਰਾਤ ਦਾ ) ਮੰਡਨ ਕਰਦੀ ( ਅਰ ) ਅਰਬੀ ਬੋਲੀ ਵਿਚ ( ਹੈ ) ਤਾ ਕਿ ਜੋ ਲੋਗ ( ਬੜੇ ) ਸਰਕਸ਼ ਹਨ ਓਹਨਾਂ ਨੂੰ ( ਖ਼ੁਦਾ ਦੇ ਕਸ਼ਟ ਥੀਂ ) ਸਭੈ ਕਰੇ ਅਰ ਜੋ ਲੋਗ ਧਾਰਮਿਕ ਹਨ ਉਨਹਾਂ ਨੂੰ ( ਖ਼ੁਦਾ ਦੇ ਪਰਸੰਨ ਹੋਣ ਦੀ ) ਖ਼ੁਸ਼ਖਬਰੀ ( ਦੇਵੇ ) ॥ ੧੨ ॥ ਨਿਰਸੰਦੇਹ ਜਿਨਹਾਂ ਲੋਗਾਂ ਨੇ ਕਹਿਆ ਕਿ

Digitized by Panjab Digital Library | www.panjabdigilib.org

ਸਾਡਾ ਪਰਵਰਦਗਾਰ ਅੱਲਾ ਹੈ ਫੇਰ ( ਅੰਤ ਦੇ ਸਵਾਸਾਂ ਤਕ ਏਸੇ ਨਿਸਚੇ ਉਤੇ ) ਦ੍ਰਿੜ ਰਹੇ ਤਾਂ ( ਆਖਰਤ ਵਿਚ ) ਨਾ ਤਾਂ ਉਨਹਾਂ ਉਪਰ ( ਕਿਸੇ ਪਰਕਾਰ ਦਾ ) ਖੌਫ ਹੋਵੇਗਾ ਅਰ ਨਾ ਉਹ ( ਕਿਸੇ ਤਰਹਾਂ ) ਚਿੰਤਾਤਰ ਰਹਿਣਗੇ ॥ ੧੩ ॥ ਯਹੀ ਤਾਂ ਹਨ ਸਵਰਗ ਦੇ ਮਾਲਕ ਕਿ ਓਸ ਵਿਚ ਸਦਾ ੨ ਕਾਲ ਰਹਿਣਗੇ ( ਯਿਹ ) ਓਹਨਾਂ ਦੇ ਕਰਮਾਂ ਦਾ ਫਲ ( ਹੈ ) ਜੋ ( ਸੰਸਾਰ ਵਿਚ ) ਕਰਦੇ ਰਹੇ ॥ ੧੪ ॥ ਅਰ ਅਸਾਂ ਨੇ ਆਦਮੀ ਨੂੰ ਆਪਣੇ ਮਾਤਾ ਪਿਤਾ ਨਾਲ ਭਲਾ ਵਰਤਾਓ ਕਰਨ ਦੀ ਪੱਕੀ ਕੀਤੀ ਹੈ ਕਿ ਕਠਨਾਈ ਨਾਲ ਉਸ ਦੀ ਮਾਤਾ ਨੇ ਉਸ ਨੂੰ ਪੇਟ ਵਿਚ ਰਖਿਆ ਅਰ ਕਠਨਾਈ ਨਾਲ ਹੀ ਉਸ ਨੂੰ ਜਣਿਆ ਅਰ ਉਸ ਦਾ ਪੇਟ ਵਿਚ ਰਹਿਣਾ ਅਰ ਉਸ ਦੇ ਦੁਧ ਦਾ ਛੁਟਣਾ ( ਘਟ ਥੀਂ ਘਟ ਕਿਤੇ ) ਤੀਹਾਂ (੩੦) ਮਹੀਨਿਆਂ (ਵਿਚ ਜਾਕੇ ਪੂਰਣ ਹੁੰਦਾ) ਹੈ ਏਥੋਂ ਤਕ ਕਿ ਜਦੋਂ ( ਆਦਮੀ ) ਆਪਣੇ ਪੂਰੇ ਬਲ ਨੂੰ ਪਹੁੰਚਦਾ ਹੈ ਅਰਥਾਤ ਚਾਲੀਆਂ ਬਰਸਾਂ ( ਦੀ ਉਮਰ ) ਨੂੰ ਪਹੁੰਚਦਾ ਹੈ ਤਾਂ ( ਖੁਦਾ ਅਗੇ ) ਬੇਨਤੀ ਕਰਦਾ ਹੈ ਕਿ ਹੇ ਮੇਰੇ ਪਰਵਰਦਿਗਾਰ ! ਮੈਨੂੰ ਏਸ ( ਬਾਤ ) ਦੀ ਸਾਮਰਥ ਦੇ ਕਿ ਤੂਨੇ ਜੋ ਮੇਰੇ ਅਰ ਮੇਰੇ ਮਾਤਾ ਪਿਤਾ ਉਪਰ ਉਪਕਾਰ ਕੀਤੇ ਮੈਂ ਤੇਰੇ ਓਹਨਾਂ ਉਪਕਾਰਾਂ ਦਾ ਧੰਨਯਵਾਦ ਕਰਦਾ ਹਾਂ ਅਰ ਏਸ ( ਬਾਤ ) ਦੀ ( ਭੀ ਸਾਮ-ਰਥ ਦੇ ) ਕਿ ਮੈਂ ਐਸੇ ਸ਼ੁਭ ਕਰਮ ਕਰਾਂ ਜਿਨਹਾਂ ਕਰਕੇ ਤੂੰ ਪਰਸੰਨ ਹੋਵੇਂ ਅਰ ਮੇਰੀ ਔਲਾਦ ਵਿਚ ਨੇਕਬਖਤੀ ਪੈਦਾ ਕਰ ( ਜੋ ) ਮੇਰੇ ਵਾਸਤੇ ( ਪ੍ਰਸੰਨਤਾ ਦਾ ਕਾਰਨ ਹੋਵੇ ) ਮੈਂ ( ਆਪਣੀਆਂ ਸੰਪੂਰਨ ਹਾਜਤਾਂ ਵਿਚ ) ਤੇਰੀ ਤਰਫ ਰੁਜੂ ਕਰਦਾ ਹਾਂ ਅਰ ਮੈਂ ਤੇਰਿਆਂ ਫਰਮਾਂਬਰਦਾਰ ਬੰਦਿਆਂ ਵਿਚੋਂ ਹਾਂ ॥ ੧੫ ॥ ਯਿਹੀ ਲੋਗ ਹਨ ਕਿ ( ਹੋਰ ) ਸਵਰਗ ਨਿਵਾਸੀਆਂ ( ਦੇ ਨਾਲ ) ਨਾਲ ਅਸੀਂ ਏਹਨਾਂ ਦੇ ਸ਼ੁਭ ਕਰਮਾਂ ਨੂੰ ਕਬੂਲ ਕਰਾਂਗੇ ਅਰ ਓਹਨਾਂ ਦੀਆਂ ਭੁੱਲਾਂ ਨੂੰ ਬਖਸ਼ ਦੇਵਾਂਗੇ ਸਚਾ ਬਚਨ ਜੋ ( ਸੰਸਾਰ ਵਿੱਚ ) ਏਹਨਾਂ ਨਾਲ ਕੀਤਾ ਜਾਂਦਾ ਸੀ(ਯਿਹ ਉਸਦਾ ਪੂਰਾ ਕਰਨਾ ਹੈ) ॥ ੧੬ ॥ ਅਰ ਜਿਸ ਨੇ ਆਪਣੇ ਪਿਤਾ ਪਿਤਾਮਾਂ ਨੂੰ ਕਹਿਆ ਕਿ ਤੁਸਾਂ ਉਪਰ ਤੁੱਫ ਹੈ ਕੀ ਤੁਸੀਂ ਮੈਨੂੰ ਬੁਤੇ (ਲਾਰੇ)ਦੇਂਦੇ ਹੋ ਕਿ (ਮਰਿਆਂ ਪਿਛੋ) ਮੈਂ ( ਦੁਬਾਰਾ ਸਰਾਜੀਤ ਕਰਕੇ ਕਬਰ ਵਿਚੋਂ ) ਨਿਕਾਸਿਆ ਜਾਵਾਂਗਾ ਹਾਲਾਂ ਕਿ ਮੇਰੇ ਨਾਲੋਂ ਪਹਿਲੋਂ ( ਕਿਤਨੀਆਂ ) ਉਮਤਾਂ ਬਤੀਤ ਹੋ ਗਈਆਂ ( ਅਰ ਕਿਸੇ ਨੂੰ ਮਰ ਕੇ ਸਰਾਜੀਤ ਹੁੰਦਿਆਂ ਨਹੀਂ ਦੇਖਿਆ ) ਅਰ ( ਮਾਤਾ ਪਿਤਾ ਦਾ ਯਿਹ ਹਾਲ ਹੈ ਕਿ ) ਵੁਹ ਖੁਦਾ ਦੀ ਦੋਹਾਈ ਦੇਂਦੇ ਹਨ ( ਅਰ ਪੁਤਰ ਨੂੰ ਕਹਿੰਦੇ ਹਨ ) ਕਿ ਤੇਰੀ ਸਤਿਆਨਾਸ ਹੋ ਜਾਏ ਈਮਾਨ ਧਾਰਨ ਕਰ । ਨਿਰਸੰਦੇਹ

Digitized by Panjab Digital Library | www.panjabdigilib.org

ਅੱਲਾ ਦਾ ਬਚਨ ( ਕਿਆਮਤ ) ਸਚ ਹੈ ਤਾਂ ( ਯਿਹ ਉਨਹਾਂ ਨੂੰ ) ਉੱਤਰ ਦੇਂਦਾ ਹੈ ਕਿ ਯਿਹ ਤਾਂ ਨਿਰੇ ਅਗਲਿਆਂ ਦੇ ਢਕੋਂਸਲੇ ਹਨ ॥ ੧੭ ॥ ਯਹੀ ਵੁਹ ਲੋਗ ਹਨ ਕਿ ਜਿਨਾਂ ਦੀ ਅਰ ਆਦਮੀਆਂ ਦੀ ਦੂਸਰੀਆਂ ਉੱਮਤਾਂ ਜੋ ਏਹਨਾਂ ਨਾਲੋਂ ਪਹਿਲੋਂ ਹੋ ਚੁਕੀਆਂ ਹਨ ਉਹਨਾਂ ( ਦੇ ਸ਼ਮੂਲ ) ਵਿਚ ਇਹ ਭੀ ਕਸ਼ਟ ਵਾਲੇ ਬਚਨ ਦੇ ਹਿਸੇਦਾਰ ਨਿਯਤ ਹੋਏ। ਨਿਰ-ਸੰਦੇਹ ਇਹ ਲੋਗ ( ਆਪਣੇ ਮੰਦ ਕਰਮਾ ਦੇ ਕਾਰਣ ) ਵਿਨਸ਼ਟ ਹੋਣ ਵਾਲੇ ਹੀ ਸਨ ( ਸੋ ਹੋ ਗਏ ) ॥ ੧੮ ॥ ਅਰ ਆਪੋ ਆਪਣਿਆਂ ਕਰਮਾਂ ਦੇ ਅਨੁਸਾਰ ਸਾਰਿਆਂ ਦੇ ( ਭਲੇ ਕਿੰਬਾ ਬੁਰੇ ) ਦਰਜੇ ਹੋਣਗੇ ਅਰ ( ਯਿਹ ) ਏਸ ਵਾਸਤੇ ਕਿ ਖੁਦਾ ਓਹਨਾਂ ਨੂੰ ਉਨਹਾਂ ਦੇ ਕਰਮਾਂ ਦਾ ਪੂਰਾ ੨ ਫਲ ਦੇਵੇ ਅਰ ਉਨਹਾਂ ਉਪਰ ( ਕਿਸੀ ਪਰਕਾਰ ਦਾ ) ਜੁਲਮ ਨਾ ਹੋਵੇ ॥ ੧੯ ॥ ਅਰ ( ਪਰਲੇ ਦੇ ਦਿਨ ) ਜਦੋਂ ਕਾਫ਼ਰ ਨਰਕਾਂ ਦੇ ਸਨ-ਮੁਖ ਲੈ ਆਂਦੇ ਜਾਉਣਗੇ ( ਤਾਂ ਉਨਹਾਂ ਨੂੰ ਕਹਿਆ ਜਾਵੇਗਾ ਕਿ ) ਤੁਸੀਂ ਆਪਣੇ ਸਾਂਸਾਰਿਕ ਜੀਵਣ ਵਿਚ. ਆਪਣੇ ( ਹਿਸੇ ਦਾ ) ਅਨੰਦ ਲੈ ਬੈਠੇ ਅਰ ਓਹਨਾਂ ਥੀਂ ( ਮਨ ਭਾਉਂਦਾ ) ਲਾਭ ( ਭੀ ) ਲੈ ਚੁਕੇ ਹੋ । ਤਾਂ ਅਜ ਤੁਸਾਂ ਨੂੰ ਜ਼ਿਲਤ ਦੀ ਸਜ਼ਾ ਦਿਤੀ ਜਾਵੇਗੀ ( ਇਹ ) ਇਸਦਾ ਫਲ ( ਹੈ ) ਕਿ ਤੁਸੀਂ ਅਕਾਰਣ ਪ੍ਰਿਥਵੀ ਉਪਰ ਆਕੜਿਆ ( ਫਾਕੜਿਆ ) ਕਰਦੇ ਸੀ ਅਰ ( ਇਹ ) ਇਸਦਾ ਬਦਲਾ ਹੈ ਕਿ ਤੁਸੀਂ ਨਾ ਫਰਮਾਨੀਆਂ ਕੀਤਾ ਕਰਦੇ ਸੀ ॥ ੨੦ ॥ ਰੁਕੂਹ ੨ ॥

ਅਰ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ਕੌਮ ) ਆਦਿ ਦੇ ਭਿਰਾ ਹੂਦ ( ਪੈਯੰਬਰ ) ਦੀ ਸਿਮ੍ਰਿਤੀ ਕਰਾਓ ਜਦੋਂ ਓਹਨਾਂ ਨੇ ਆਪਣੀ ਜਾਤੀ ਨੂੰ ਅਹਿਕ਼ਾਫ਼ ( ਦੀ ਧਰਤੀ ) ਵਿਚ ( ਖੁਦਾ ਦੇ ਕਸ਼ਟ ਥੀਂ) ਡਰਾਇਆ ਅਰ ( ਬਿਰਤਾਂਤ ਇਹ ਸੀ ਕਿ ) ਓਹਨਾਂ ਦੇ ਅੱਗੋਂ ਅਰ ਪਿਛੋਂ ( ਅਰਥਾਤ ਬਹੁਤ ਸਾਰੇ ਹੋਰ ) ਡਰਾਉਣ ਵਾਲੇ ਭੀ ਆ ਚੁਕੇ ਸਨ ( ਅਰ ਹੂਦ ਨੇ ਆਪਣੀ ਜਾਤੀ ਨੂੰ ਕਹਿਆ) ਕਿ ਖੁਦਾ ਥੀਂ ਸਿਵਾ ਕਿਸੇ ਦਾ ਭਜਨ ( ਪਾਠ ) ਨਾ ਕਰੋ ਮੈਨੂੰ ਤੁਹਾਡੀ ਵਲੋਂ ( ਇਕ ) ਭਿਆਨਕ ( ਕਸ਼ਟ ) ਵਾਲੇ ਦਿਨ ਦਾ ਖਤਰਾ ਹੈ ॥ ੨੧ ॥ ਵੁਹ ਲਗੇ ਕਹਿਣ ਕਿ ਕੀ ਤੂੰ ਏਸ ਆਸ਼ੇ ਨਾਲ ਸਾਡੇ ਵਲ ( ਪੈਯੰਬਰ ਬਨ ਕੇ ) ਆਇਆ ਹੈਂ ਕਿ ਸਾਨੂੰ ਸਾਡਿਆਂ ਮਾਬੂਦਾਂ ਵਲੋਂ ਮਨਮੁਖ ਕਰ ਦੇਵੇਂ ਯਦੀ (ਆਪਣੇ ਪੱਖ ਵਿਚ ) ਸਚਾ ਹੈਂ ਤਾਂ ਜਿਸ ( ਕਸ਼ਟ) ਦੀ ਪਰਤਿਗਜਾ ਤੂੰ ( ਸਾਡੇ ਨਾਲ ) ਕਰਦਾ ਹੈਂ ਉਸਨੂੰ ਸਾਡੇ ਉਪਰ ਲਿਆ ( ਉਤਾਰ ) ॥ ੨੨ ॥ ( ਹੂਦ ਨੇ ) ਕਹਿਆ ਕਿ ( ਏਸ ਦੀ )ਖਬਰ ਤਾਂ ਅੱਲਾ ਨੂੰ ਹੀ ਹੈ ਅਰ ਮੈਨੂੰ ਤਾਂ ਜੋ ( ਸੰਦੇਸਾ ) ਦੇ ਕੇ ਭੇਜਿਆ ਗਿਆ ਹੈ ਵੁਹ ਤੁਸਾਂ

Digitized by Panjab Digital Library | www.panjabdigilib.org

ਨੂੰ ਪਹੁੰਚਾ ਦੇਂਦਾ ਹਾਂ ਪਰੰਤੂ ਮੈਂ ਤੁਸਾਂ ਨੂੰ ਦੇਖਦਾ ਹਾਂ ਕਿ ਤੁਸੀ ਲੋਗ ਮੂਰਖਤਾ ਕਰਦੇ ਹੋ ॥ ੨੩ ॥ ਫੇਰ ਜਦੋਂ (ਓਹਨਾਂ ਲੋਗਾਂ ਨੇ) ਉਸ ਕਸ਼ਟ ਨੂੰ ਦੇਖਿਆ ਕਿ ਇਕ ਮੇਘ ਹੈ ਜੋ ਉਹਨਾਂ ਦਿਆਂ ਮੈਦਾਨਾਂ ਦੀ ਤਰਫ ਨੂੰ ਉੱਮਡਿਆ (ਦੌੜਿਆ)ਤੁਰਿਆ ਆਉਂਦਾ ਹੈ ਤਾਂ ਲਗੇ ਕਹਿਣ ਇਹ ਤਾਂ ਇਕ ਮੇਘ (ਮਾਲਾ) ਹੈ (ਅਰ)ਸਾਡੇ ਉਪਰ ਬਰਸਦਾ ਹੋਇਆ (ਪ੍ਰਤੀਤ ਹੁੰਦਾ ਹੈ। ਨਹੀਂ ਭਾਈ ਨਹੀਂ ਮੇਘ ਨਹੀਂ ਹੈ) ਪ੍ਰਤਯੁਤ ਯਿਹ ਵਹੀ (ਖ਼ੁਦਾ ਦਾ ਕਸ਼ਟ) ਹੈ ਜਿਸ ਦੇ ਵਾਸਤੇ ਤੁਸੀਂ ਉਤਾਉਲ ਕਰ ਰਹੇ ਸੀ ( ਅਰਥਾਤ ਬੜੀ ਸਬਲ ) ਅੰਧੇਰੀ ਹੈ ਜਿਸ ਵਿਚ ਭਿਆਨਕ ਕਸ਼ਟ ਹੈ ॥ ੨੪ ॥ ਕਿ ਯਿਹ ਆਪਣੇ ਪਰਵਰਦਿਗਾਰ ਦੇ ਹੁਕਮ ਨਾਲ ਸੰਪੂਰਨ ਵਸਤਾਂ ਨੂੰ ਨਸ਼ਟ ਵਿਨਸ਼ਟ ਕਰ ਦੇਵੇਗੀ। ਅਤਏਵ ( ਅਸਲ ਵਿਚ ) ਯਿਹ ਲੋਗ ਐਸੇ ( ਨਸ਼ਟ ) ਹੋ ਗਏ ਕਿ ਏਹਨਾਂ ਦੇ ਘਰਾਂ ਥੀਂ ਸਿਵਾ ਹੋਰ ਕੋਈ ਵਸਤੂ ਨਜ਼ਰ ਨਹੀਂ ਆਉਂਦੀ ਸੀ ਨਾ ਫਰਮਾਨ ਲੋਗਾਂ ਨੂੰ ਅਸੀਂ ਏਸੇ ਤਰਹਾਂ ਕਸ਼ਟ ਦਿਤਾ ਕਰਦੇ ਹਾਂ ॥ ੨੫ ॥ ਅਰ ਅਸਾਂ ਨੇ ਓਹਨਾਂ ਨੂੰ ਐਸਿਆਂ ੨ ਕੰਮਾਂ ਕਾਜਾਂ ਦੀ ਸਮਰਥਾ ਦਿਤੀ ਸੀ ਕਿ ਤੁਸੀਂ ( ਮੱਕੇ ਦਿਆਂ ਨਿਵਾਸੀਆਂ ) ਨੂੰ ( ਓਹਨਾਂ ਦਾ ਸੌਵਾਂ ਹਿੱਸਾ ਭੀ ) ਸਮਰਥ ਨਹੀਂ ਦਿਤੀ ਅਰ ਅਸਾਂ ਨੇ ਓਹਨਾਂ ਨੂੰ ਕੰਨ ਅਰ ਅੱਖੀਆਂ ਅਰ ਦਿਲ ( ਸਭ ਹੀ ਕੁਛ ) ਦਿਤਾ ਸੀ ਪਰੰਤੂ ਵੁਹ ਲੋਗ ( ਉਕਾ ) ਅੱਲਾ ਦੀਆਂ ਆਇਤਾਂ ਥੀਂ ਇਨਕਾਰ ਕਰਦੇ ਸਨ ਨਾਂ ਤਾਂ ਓਹਨਾਂ ਦੇ ਕੰਨ ਹੀ ਓਹਨਾਂ ਦੇ ਕਿਸੇ ਕੰਮ ਆਏ ਅਰ ਨਾਂ ਉਹਨਾਂ ਦੀਆਂ ਅੱਖੀਆਂ ਅਰ ਨਾ ਓਹਨਾਂ ਦੇ ਦਿਲ ਅਰ ਜਿਸ ( ਕਸ਼ਟ ) ਨੂੰ ਮਖੌਲ ਕੀਤਾ ਕਰਦੇ ਸਨ ( ਅੰਤ ਨੂੰ ) ਓਹਨਾਂ ਉਪਰ ਹੀ ਉਲਟ ਪਿਆ ॥ ੨੬ ॥ ਰੁਕੂਹ ੩ ॥

ਅਰ ( ਹੇ ਮੱਕੇ ਦੇ ਨਿਵਾਸੀਓ ! ) ਅਸਾਂ ਨੇ ਤੁਹਾਡੇ ਆਸ ਪਾਸ ਦੀਆਂ ( ਕਿਤਨੀਆਂ ) ਬਸਤੀਆਂ ਰੁਲਾ ਕੇ ਮਾਰੀਆਂ ਅਰ ਅਸਾਂ ਨੇ ਬਦਲ ਬਦਲ ਕੇ ( ਆਪਣੀ ਕੁਦਰਤ ਦੀਆਂ ) ਨਿਸ਼ਾਨੀਆਂ ( ਬਹੁਤ ਕੁਛ ) ਦਿਖਾਈਆਂ ਕਿ ਕਿਸੇ ( ਢੰਗ ਨਾਲ ) ਵੁਹ ਆਪਣਿਆਂ ਕਰਤਬਾਂ ਥੀਂ ) ਮੁੜ ਜਾਉਣ । ( ਪਰੰਤੂ ਓਹਨਾਂ ਨੇ ਇਕ ਨਾਂ ਸੁਣੀ ਅਰ ਅੰਤ ਨੂੰ ਕਸ਼ਟ ਵਿਚ ਆਵੇਸ਼ਿਤ ਹੋਏ ) ॥ ੨੭ ॥ ਤਾਂ ਖ਼ੁਦਾ ਥੀਂ ਸਿਵਾ ਜਿਨਹਾਂ ਵਸਤਾਂ ਨੂੰ ਓਹਨਾਂ ਨੇ ਖੁਦਾ ਦੀ ਸਮੀਪ ਤਾਈ (ਪ੍ਰਾਪਤ ਕਰਨ) ਵਾਸਤੇ ਆਪਣਾ ਮਾਬੂਦ ਬਨਾ ਰਖਿਆ ਸੀ ( ਯਦੀ ਓਹਨਾਂ ਵਿਚ ਸਮਰਥ ਸੀ ਤਾਂ ) ਓਹਨਾਂ ਨੇ ( ਅਜ਼ਾਬ ਦੇ ਉਤਰਨ ਦੇ ਵੇਲੇ ) ਏਹਨਾਂ ਦੀ ਕਿਉਂ ਨਾ ਸਹਾਇਤਾ ਕੀਤੀ ? ( ਸਹਾਇਤਾ ਤਾਂ ਕਰਨੀ ਕਿਤੇ ਰਹੀ ) ਪ੍ਰਤਯੁਤ ( ਉਲਟੇ ਸਮੇਂ ਸਿਰ ) ਏਹਨਾਂ ਦੀ ਨਜ਼ਰੋਂ ਭੀ ਗਾਇਬ ਗੁਲਾ ਹੋ ਗਏ

Digitized by Panjab Digital Library | www.panjabdigilib.org

ਅਰ ਏਹਨਾਂ ਦੇ ਝੂਠ ਅਰ ਏਹਨਾਂ ਦੇ ਬਹੁਤਾਨ ਬੰਦੀਆਂ ਦੀ ਯਿਹ ਹਕੀ-ਕਤ ਸੀ ( ਜੋ ਹੁਣ ਪ੍ਰਗਟ ਹੋਈ ) ॥ ੨੮ ॥ ਅਰ ( ਹੇ ਪੈਯੰਬਰ ਇਹਨਾਂ ਲੋਗਾਂ ਅਗੇ ਉਸ ਪ੍ਰਸੰਗ ਦਾ ਭੀ ਵਰਨਣ ਕਰੋ ) ਜਦੋਂ ਅਸੀਂ ਥੋਹੜੇ ਜੈਸਿਆਂ ਜਿਨਾਂ ਨੂੰ ( ਘੇਰ ਕੇ ) ਤੁਸਾਡੀ ਤਰਫ਼ ਲੈ ਆਏ ਕਿ ਉਹ ਕੁਰਾਨ ਸ੍ਰਵਨ ਕਰਨ ਫੇਰ ਜਦੋਂ ਉਹ ਏਸ ( ਸਮੇਂ ) ਸਿਰ ਆ ਹਾਜਰ ਹੋਏ ਤਾਂ ( ਇਕ ਦੂਸਰੇ ਨਾਲ ) ਬੋਲੇ ਕਿ ਚੁਪ ਚਾਪ ( ਬੈਠੇ ਸੁਣਦੇ ) ਰਹੋ ਫੇਰ ਜਦੋਂ ( ਕੁਰਾਨ ਦਾ ਪੜ੍ਹਨਾ ) ਸਮਾਪਤ ਹੋਇਆ ਤਾਂ ਵੁਹ ਆਪਣਿਆਂ ਲੋਗਾਂ ਵਲ ਲੌਟ ਗਏ ਕਿ ਓਹਨਾਂ ਨੂੰ ( ਖੁਦਾ ਦੇ ਕਸ਼ਟ ਥੀਂ ) ਸਭੈ ਕਰੇਂ ॥ ੨੯ ॥ (ਅਰ ਓਹਨਾਂ ਨੂੰ ਜਾਕੇ ) ਲਗੇ ਕਹਿਣ ਕਿ ਭਿਰਾਓ ! ਅਸੀਂ ਇਕ ਪੁਸਤਕ (ਦਾ ਪਾਠ) ਸੁਣ ਆਏ ਹਾਂ ਜੋ ਮੂਸਾ ਦੇ ਪਿਛੋਂ ਉਤਰੀਹੈਅਗਲੀਆਂ (ਪੁਸਤਕਾਂ) ਜੋ ਉਸ ਦੇ ਸਮੇਂ ਵਿਚ ਮੌਜੂਦ ਹਨ ਉਹਨਾਂ ਦਾ ਮੰਡਨ ਕਰਦੀ ਹੈ ਸਚਾ (ਧਰਮ ਦਸਦੀ ) ਅਰ ਸਰਲ ਮਾਰਗ ਦਿਖਾਉਂਦੀ ਹੈ ॥ ੩੦ ॥ ਭਿਰਾਓ ! (ਯਿਹ ਮੁਹੰਮਦ ਨਾਮੀ ਪੈਯੰਬਰ ) ਜੋ ਖੁਦਾ ਦੀ ਤਰਫੋਂ ਮੁਨਾਦੀ ਕਰਦੇ ਹਨ ਏਹਨਾਂ ਦੀ ਬਾਰਤਾ ਧਾਰਨ ਕਰੋ ਅਰ ਖੁਦਾ ਉਪਰ ਈਮਾਨ ਧਾਰੋ ਤਾਂਕਿ ਖੁਦਾ ਤੁਹਾਡੇ ਗੁਨਾਹ ਬਖਸ਼ੇ ਅਰ ( ਆਖਰਤ ਦੇ ) ਘ੍ਰਿਣਾਵੰਤ ਕਸ਼ਟ ਥੀਂ ਤੁਸਾਂ ਨੂੰ ( ਆਪਣੀ ) ਓਟ ਵਿਚ ਰਖੇ ॥ ੩੧ ॥ ਅਰ ( ਯਿਹ ਪੈਯੰਬਰ) ਜੋ ਖੁਦਾ ਦੀ ਤਰਫੋਂ ਮੁਨਾਦੀ ਕਰਦੇ ਹਨ ਜੋ ਕੋਈ ਏਹਨਾਂ ਦੀ ਬਾਰਤਾ ਨਾਂ ਮੰਨੇਗਾ ਵੁਹ ਪ੍ਰਿਥਵੀ ਮਾਤਰ ਉਪਰ ( ਕਿਤੇ ਪਾਸੇ ਨਸ ਭਜ ਕੇ ਖੁਦਾ ਨੂੰ ਤਾਂ ) ਆਜਜ਼ ਕਰ ਨਹੀਂ ਸਕਦਾ ਅਰ ਨਾ ਖੁਦਾ ਥੀਂ ਸਿਵਾ ਏਹਨਾਂ ਦੇ (ਕੋਈ ) ਸਹਾਇਕ ਹਨ ਯਿਹ ਲੋਗ ਪ੍ਰਤਖ ਕੁਮਾਰਗਤਾਈ ਵਿਚ (ਪੜੇ ਹੋਏ ) ਹਨ ॥ ੩੨ ॥ (ਜੋ ਕਿਆਮਤ ਨੂੰ ਨਾਂ ਮੰਨਣ ਵਾਲੇ ਹਨ) ਕੀ ਇਹਨਾਂ ( ਏਸ ਬਾਰਤਾ ਉਪਰ ) ਦ੍ਰਿਸ਼ਟੀ ਨਹੀਂ ਦਿਤੀ ਕਿ ਜਿਸ ਖੁਦਾ ਨੇ ਆਕਾਸ਼ ਪ੍ਰਿਥਵੀ ਨੂੰ ਉਤਪੰਨ ਕੀਤਾ ਅਰ ਓਹਨਾਂ ਦੇ ਉਤਪੰਨ ਕਰਨ ਵਿਚ ਉਸ ਨੂੰ ( ਜਰਾ ਭੀ ) ਥਕੇਵਾਂ ਨਾਂ ਹੋਇਆ ਵੁਹ ਮੁਰਦਿਆਂ ਦੇ ਸਰਜੀਤ ਕਰਨ ਨੂੰ ( ਭੀ ) ਸਮਰਥ ਹੈ ( ਅਰ ) ਕਿਉਂ ਨਾਂ ( ਸਮਰਥ ) ਹੋਵੇ ਵੁਹ ਤਾਂ ਸਰਬ ਵਸਤੂਆਂ ਦੀ ਸਮਰਥ ਰਖਦਾ ਹੈ ॥ ੩੩ ॥ ਅਰ ਜਿਸ ਦਿਨ ਕਾਫ਼ਰ ਦੋਜਖ ਦੇ ਸਨਮੁਖ ਲੈਆਂਦੇ ਜਾਉਣਗੇ ( ਉਹਨਾਂ ਨੂੰ ਪੁਛਿਆ ਜਾਵੇਗਾ ਕਿ ) ਕੀ ਯਿਹ ( ਦੋਜਖ ਹੁਣ ਭੀ ) ਸਚਾ ਨਹੀਂ ? ਵੁਹ ਕਹਿਣਗੇ ਸਾਨੂੰ ਆਪਣੇ ਪਰਵਰਦਿਗਾਰ ਦੀ ਸਪਤ ਜਰੂਰ ( ਬਰ ਜਰੂਰ ) ਸਚ ਹੈ ਤੋ (ਖੁਦਾ ਓਹਨਾਂ ਨੂੰ) ਹੁਕਮ ਦੇਵੇਗਾ ( ਕਿ ਭਲਾ ਚੰਗਾ ) ਆਪਣੇ ਕੁਫ਼ਰ ( ਤਥਾ ਇਨਕਾਰ ਦੀ ) ਪ੍ਰਤੀਨਿਧੀ ਵਿਚ ( ਏਸ ) ਕਸ਼ਟ ( ਦੇ ਸਵਾਦ ) ਚਖੋ॥੩੪॥

Digitized by Panjab Digital Library | www.panjabdigilib.org

ਤਾਂ ( ਹੇ ਪੈਯੰਬਰ ) ਜਿਸ ਤਰਹਾਂ ( ਔਰ ) ਹਿੰਮਤ ਵਾਲਿਆਂ ( ਉੱਦਮੀ ) ਪੈਯੰਬਰਾਂ ਨੇ ( ਕਾਫਰਾਂ ਦੀਆਂ ਵਿਪਤੀਆਂ ਉਪਰ ) ਸਬਰ ਕੀਤਾ ਤੁਸੀਂ ਭੀ ਸਬਰ ਕਰੋ ਅਰ ਏਹਨਾਂ ਵਾਸਤੇ ( ਕਸ਼ਟ ਦੀ ) ਉਤਾਉਲ ਨਾ ਕਰੋ ਜਿਸ ਦਿਨ ( ਪ੍ਰਲੈ ਨੂੰ ) ਦੇਖ ਲੈਣਗੇ ਜਿਸ ਦੀ ਪਰਤਿਗਜਾ ਏਹਨਾਂ ਨਾਲ ਕੀਤੀ ਜਾਂਦੀ ਹੈ ਤਾਂ ( ਏਹਨਾਂ ਨੂੰ ਐਸੇ ਪਰਤੀਤ ਹੋਵੇਗੀ ਕਿ ) ਮਾਨੋ ( ਸੰਸਾਰ ਵਿਚ ) ਬਹੁਤ ਰਹੇ ਹੋਵਾਂਗੇ ( ਤਾਂ ਸਾਰੇ ) ਦਿਨ ਵਿਚੋਂ ਇਕ ਘੜੀ ਭਰ ( ਲੋਗਾਂ ਨੂੰ ਖੁਦਾ ਦੇ ਹੁਕਮ ਦਾ ) ਪਹੁੰਚਾਨਾ ਸੀ ਸੋ ਪਹੁੰਚਾ ਦਿਤਾ ਗਇਆ ਸੋ ( ਹੁਣ ਏਸ ਦੇ ਪਿਛੋਂ ) ਜੋ ਲੋਗ ਨਾ ਫਰਮਾਨ ਹੋਣਗੇ ਵਹੀ ਮਾਰੇ ਜਾਣਗੇ ॥ ੩੫ ॥ ਰੁਕੂਹ ੪ ॥

# ਸੂਰਤ ਮੁਹੰਮਦ (*ਸੂਲੇ ਅੱਲਾ ਅਲੈਵਾਸਲਮ) ਮਦੀਨੇ ਵਿਚ ਉਤਰੀ ਅਰ ਏਸ ਦੀਆਂ ਅਠੱਤੀ ਆਇਤਾਂ ਅਰ ਚਾਰ ਰੁਕੂਹ ਹਨ ।

( ਆਰੰਭ ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰਪਾਲੂ (ਹੈ) ਜਿਨਹਾਂ ਲੋਗਾਂ ਨੇ (ਸਚੇ ਦੀਨ ਨੂੰ) ਨਾ ਮੰਨਿਆਂ ਅਰ ਪ੍ਰਮਾਤਮਾਂ ਦੇ ਮਾਰਗ ਥੀਂ ( ਲੋਗਾਂ ਨੂੰ ) ਰੋਕਿਆ ਖੁਦਾ ਨੇ ਓਸ ਦੇ ਕੀਤੇ ਕਰਮ ਗਏ ਗਵਾਤੇ ਕਰ ਦਿਤੇ ॥ ੧ ॥ ਅਰ ਜਿਨਹਾਂ ਲੋਗਾਂ ਨੇ ਈਮਾਨ ਧਾਰਿਆ ਅਰ ਓਹਨਾਂ ਨੇ ਸ਼ੁਭ ਕਰਮ ( ਭੀ ) ਕੀਤੇ ਅਰ ( ਕੁਰਾਨ ) ਜੋ ਮੁਹੰਮਦ ਉਪਰ ਉਤਾਰਿਆ ਹੈ ਉਸ ਉਪਰ ( ਭੀ ) ਈਮਾਨ ਲੈ ਆਏ ਅਰ ਵੁਹ ਸੱਚਾ ਹੈ ( ਅਰ ) ਉਹਨਾਂ ਦੇ ਪਰਵਰਦਿਗਾਰ ਦੀ ਤਰਫੋਂ ( ਹੀ ਉਤਰਿਆ ) ਹੈ ਖੁਦਾ ਨੇ ਉਨਹਾਂ ਦੇ ਗੁਨਾਹ ਉਨਹਾਂ ਉਪਰੋਂ ਉਤਾਰ ਦਿਤੇ ਅਰ ਉਨਹਾਂ ਦੀ ( ਲੋਕ ਪਰਲੋਕ ਦੀ ) ਦਿਸ਼ਾ ( ਭੀ ) ਸਵਾਰ ਦਿਤੀ ॥ ੨ ॥ ਯਿਹ ( ਦਿਸ਼ਾ ਦਾ ਭੇਦ ) ਏਸ ਵਾਸਤੇ ਹੈ ਕਿ ਜਿਨਹਾਂ ਲੋਗਾਂ ਨੇ ( ਸਚੇ ਦੀਨ ਥੀਂ ) ਇਨਕਾਰ ਕੀਤਾ ਵੁਹ ਗਲਤ ( ਰਸਤੇ ਉਪਰ ) ਚਲੇ ਅਰ ਜੋ ਈਮਾਨ ਧਾਰ ਬੈਠੇ ਵੁਹ ਆਪਣੇ ਪਰਵਰਦਿਗਾਰ ਦੇ ਠੀਕ ਰਸਤੇ ਉਪਰ ਚਲੇ ਅਮੁਨਾ ਪ੍ਰਕਾਰੇਣ ਅੱਲਾ ਲੋਗਾਂ ਦੇ ( ਸਮਝਾਉਣ ) ਵਾਸਤੇ ਓਹਨਾਂ ਦੇ ਬਰਤਾਂਤ ਵਰਣਨ ਕਰਦਾ ਹੈ ॥ ੩ ॥

ਤਾਂ ਮੁਸਲਮਾਨੋ ! ਜਦੋਂ ( ਲੜਾਈ ਵਿਚ ) ਕਾਫਰਾਂ ਦੇ ਨਾਲ ਤੁਹਾਡੀ ਮੁਠਭੇੜ ਹੋਵੇ ਤਾਂ (ਓਹਨਾਂ ਦੀਆਂ) ਧੌਣਾਂ ਵਢੋ ਏਥੋਂ ਤਕ ਕਿ ਜਦੋਂ

*ਅਰਥਾਤ ਈਸ਼ਵਰ ਦੀ ਉਹਨਾਂ ਉਤੇ ਸਦੈਵ ਦਜਾ ਅਰ ਕ੍ਰਿਪਾ ਰਹੇ।

Digitized by Panjab Digital Library | www.panjabdigilib.org

ਭਲੀ ਪ੍ਰਕਾਰ ਉਹਨਾਂ ਦਾ ਜ਼ੋਰ ਤੋੜ ਲਓ ਤਾਂ ( ਓਹਨਾਂ ਦੀਆਂ ) ਮੁਸ਼ਕਾਂ ਕਸ ਲਓ ( ਅਰਥਾਤ ਕੈਦ ਕਰ ਲਓ ) ਫੇਰ ( ਕੈਦ ਕੀਤਿਆਂ ) ਪਿਛੋਂ ਯਾ ਤਾਂ ਉਪਕਾਰ ਦ੍ਰਿਸ਼ਟੀ ਕਰਕੇ ( ਛਡ ਦੇਣਾ ) ਕਿੰਬਾ ਬਦਲਾ ਲੈਕੇ । ਏਥੋਂ ਤਕ ਕਿ ( ਬੈਰੀ ) ਜੰਗ ਜੁਧ ਦੇ ਹਥਿਆਰ ਸੁਟ ਦੇਣ ਯਿਹ ( ਸਾਡੀ ਆਗਜ਼ਾ ਹੈ ਅਰ ਏਸ ਦਾ ਪਾਲਣ ਕਰਨਾ ਚਾਹੀਦਾ ਹੈ ) ਅਰ ਖੁਦਾ ਦਾ ਸੰਕਲਪ ਹੁੰਦਾ ਤਾਂ ( ਲੜਨ ਭਿੜਨ ਦੀ ਨੌਬਤ ਨਾਂ ਆਉਂਦੀ ਅਰ ਐਸੇ ਹੀ ) ਓਹਨਾਂ ਪਾਸੋਂ ਬਦਲਾ ਲੈ ਲੈਂਦਾ ਪਰੰਤੂ ( ਓਸ ਨੂੰ ਤਾਂ ਯਿਹ ) ਅਭੀਸ਼ਟ ਹੋਇਆ ਕਿ ਇਕ ਨੂੰ ਇਕ ਨਾਲ ( ਲੜਵਾਕੇ ਤੁਸਾਂ ਸਾਰਿਆਂ ਦੀ ) ਪ੍ਰੀਖਿਆ ਕਰੇ ਅਰ ਜੋ ਲਗ ਰੱਬ ਦੀ ਰਾਹ ਵਿਚ ਮਾਰੇ ਗਏ ਓਹਨਾਂ ਦਿਆਂ ਕਰਮਾਂ ਨੂੰ ਖੁਦਾ ਕਦਾਪਿ ਨਿਸਫਲ ਨਹੀਂ ਹੋਣ ਦੇਵੇਗਾ ॥ ੪ ॥ ( ਪ੍ਰਤਯੁਤ ) ਓਹਨਾਂ ਨੂੰ ਅਭੀਸ਼ਟ ( ਅਸਥਾਨ ) ਉਪਰ ਪਹੁੰਚਾ ਦੇਵੇਗਾ ਅਰ ਓਹਨਾਂ ਨੂੰ ਖੁਸ਼ਹਾਲ ਕਰ ਦੇਵੇਗਾ ॥ ੫ ॥ ਅਰਥਾਤ ਓਹਨਾਂ ਨੂੰ ਸਵਰਗ ਵਿਚ ਲੈ ਜਾਕੇ ਪ੍ਰਾਪਤ ਕਰੇਗਾ ਜਿਸ ਦਾ ਹਾਲ ਓਸ ਨੇ ਉਹਨਾਂ ਨੂੰ ( ਪਹਿਲੋਂ ਹੀ ) ਦਸ ਰਖਿਆ ਹੈ ॥ ੬ ॥ ਮੁਸਲਮਾਨੋ ! ਯਦੀ ਤੁਸੀਂ ਅੱਲਾ ( ਦੇ ਦੀਨ ) ਦੀ ਸਹਾਇਤਾ ਕਰੋਗੇ ਤਾਂ ਵੁਹ ਤੁਹਾਡੀ ਸਹਾਇਤਾ ਕਰੇਗਾ ਅਰ ( ਬੈਰੀਆਂ ਦੇ ਮੁਕਾਬਲੇ ਵਿਚ ) ਤੁਹਾਡੇ ਪੈਰ ਜਮਾਈ ਰਖੇਗਾ ॥ ੭ ॥ ਅਰ ਜੋ ਲੋਗ ( ਸਚੇ ਦੀਨ ਥੀਂ ) ਮੁਨਕਰ ਹਨ ਉਹਨਾਂ ਦੇ ਪੈਰ ਉਖੜ ਜਾਉਣਗੇ ਅਰ ਓਹਨਾਂ ਦਾ ਸਾਰਾ ਕੀਤਾ ਕਤਰਿਆ ਖੁਦਾ ਗਇਆ ਗਵਾਤਾ ਕਰ ਦੇਵੇਗਾ ॥ ੮ ॥ ( ਅਰ ) ਯਿਹ ਏਸ ਸਬੱਬੋਂ ਕਿ ਖੁਦਾ ਨੇ ਜੋ ( ਦੀਨ ) ਉਤਾਰਿਆ ਓਸ ਨੂੰ ਓਹਨਾਂ ਨੇ ਪਸੰਦ ਨਾ ਕੀਤਾ । ਨਤੀਜਾ ਯਿਹ ਨਿਕ-ੱਲਿਆ ਕਿ ਖੁਦਾ ਨੇ ਓਹਨਾਂ ਦੇ ਕਰਮ ਅਕਾਰਥ ਕਰ ਦਿਤੇ ॥ ੯ ॥ ਕੀ ਏਹ ਲੋਗ ਦੇਸ ਵਿਚ ਤੁਰੇ ਫਿਰੇ ਨਹੀਂ (ਤੁਰਦੇ ਫਿਰਦੇ) ਤਾਂ ਦੇਖਦੇ ਕਿ ਜੋ ਲੋਗ ਏਹਨਾਂ ਨਾਲੋਂ ਪਹਿਲੇ ਹੋ ਚੁਕੇ ਹਨ ਓਹਨਾਂ ਦਾ ਕੈਸਾ ਅੰਤ ਹੋਇਆ ਕਿ ਖੁਦਾ ਨੇ ਓਹਨਾਂ ਦੀ ਸਤਯਾਨਾਸ ਕਰ ਦਿਤੀ ਅਰ ਐਸੇ ਹੀ ਕੁਛ ( ਏਹਨਾਂ ) ਕਾਫਰਾਂ ਦੇ ( ਭੀ ਪੇਸ਼ ਆਉਣਾ ) ਹੈ ॥ ੧੦ ॥ ਯਿਹ ਏਸ ਕਾਰਣ ਥੀਂ ਕਿ ਮੁਸਲਮਾਨਾਂ ਦਾ ਸਹਾਇਕ ( ਤਥਾ ਮਦਦਗਾਰ ) ਤਾਂ ਅੱਲਾ ਹੈ ਅਰ ਇਸ ਕਾਰਣੋ ਕਿ ਕਾਫਰਾਂ ਦਾ ਕੋਈ ਸਹਾਇਕ ( ਤਥਾ ਹਾਮੀ ) ਨਹੀਂ ॥ ੧੧ ॥ਰੁਕੂਹ ੧ ॥

ਜਿਨਾਂ ਲੋਗਾਂ ਨੇ ਈਮਾਨ ਧਾਰਿਆ ਅਰ ਓਹਨਾਂ ਨੇ ਭਲੇ ਕਰਮ ( ਭੀ ) ਕੀਤੇ ਨਿਰਸੰਦੇਹ ਖੁਦਾ ਓਹਨਾਂ ਨੂੰ ( ਸੁਰਗ ਦਿਆਂ ਐਸਿਆਂ ) ਬਾਗ ਬਗੀਚਿਆਂ ਵਿਚ ਲੈ ਜਾਕੇ ਦਾਖਲ ਕਰੇਗਾ ਜਿਨਹਾਂ ਦੇ ਨੀਚੇ ਨਦੀਆਂ

Digitized by Panjab Digital Library | www.panjabdigilib.org

(ਪੜ੍ਹੀਆਂ) ਲਹਿਰਾ ਰਹੀਆਂ ਹੋਣਗੀਆਂ ਅਰ ਜੋ ਲੋਗ ਮੁਨਕਰ ਹਨ (ਸੰਸਾਰ ਵਿਚ ਬੇ ਫਿਕਰੀ ਦੇ ਨਾਲ) ਵਸਦੇ ਰਸਦੇ ਅਰ ਜਿਸ ਪ੍ਰਕਾਰ ਚੌਪਾਏ ਖਾਂਦੇ (ਪੀਂਦੇ) ਹਨ ਯਿਹ ਭੀ ਅਨਾਪ ਸ਼ਨਾਪ) ਖਾਂਦੇ (ਪੀਂਦੇ) ਹਨ ਅਰ ਏਹਨਾਂ ਦਾ (ਅੰਤਿਮ) ਅਸਥਾਨ ਨਰਕ ਹੈ ॥ ੧੨ ॥ ਅਰ (ਹੇ ਪੈਯੰਬਰ) ਤੁਹਾਡੀ (ਯਿਹ) ਨਗਰੀ (ਮੱਕਾ) ਜਿਸ (ਦਿਆਂ ਲੋਗਾਂ) ਨੇ ਤੁਸਾਂ ਨੂੰ (ਘਰਾਂ ਥੀਂ) ਨਿਕਾਲ ਛਡਿਆ ਕਿਤਨੀਆਂ ਨਗਰੀਆਂ ਏਸ ਨਾਲੋਂ ਭੀ ਬਲ ਬੋਤੇ ਵਿਚ ਵਧੀਆਂ ਹੋਈਆਂ ਸਨ ਕਿ ਅਸਾਂ ਨੇ ਓਹਨਾਂ ਨੂੰ ਰੁਲਾ ਕੇ ਮਾਰਿਆ ਅਰ ਕੋਈ ਭੀ ਓਹਨਾਂ ਦੀ ਸਹਾਇਤਾ ਵਾਸਤੇ ਨਾਂ ਉਦਿਤ ਹੋਇਆ ॥ ੧੩ ॥ ਤਾਂ ਕੀ ਜੋ ਲੋਗ ਆਪਣੇ ਪਰਵਰਦਿਗਾਰ ਦੇ (ਸੂਧੇ) ਅਰ ਵਿਸਾਲ ਰਸਤੇ ਉਪਰ ਹਨ ਵੁਹ ਓਹਨਾਂ ਦੀ ਤਰਾਂ (ਗਏ ਗਵਾਤੇ ਹੋ ਸਕਦੇ) ਹਨ ਜਿਨਹਾਂ ਦੀਆਂ (ਬਦ ਕਿਰਦਾਰੀਆਂ) ਓਹਨਾਂ ਨੂੰ ਭਲੀਆਂ ਕਰਕੇ ਦਿਖਾਈਆਂ ਗਈਆਂ ਹਨ ਅਰ ਵੁਹ ਆਪਣਿਆਂ (ਮਾਨ-ਸਿਕ) ਸੰਕਲਪਾਂ ਉਪਰ ਚਲਦੇ ਹਨ ॥ ੧੪ ॥ ਜਿਸ ਸੇਵਰਗ ਦਾ ਬਚਨ ਸੰਜਮੀਆਂ ਨਾਲ ਕੀਤਾ ਜਾਂਦਾ ਹੈ ਉਸ ਦਾ ਬ੍ਰਿਤਾਂਤ ਯਿਹ ਹੈ ਕਿ ਉਸ ਵਿਚ (ਐਸੇ) ਪਾਣੀ ਦੀਆਂ ਨਹਿਰਾਂ ਹਨ ਜਿਸ ਵਿਚ ਦੁਰਗੰਧੀ (ਦਾ ਨਾਮ ਨਿ-ਸ਼ਾਨ) ਨਹੀਂ ਅਰ ਐਸੇ ਦੁਧ ਦੀਆਂ ਨਹਿਰਾਂ ਹਨ ਜਿਨਹਾਂ ਦਾ ਸਵਾਦ (ਕਦਾਪਿ) ਨਹੀਂ ਬਦਲਿਆ ਅਰ (ਐਸੀ) ਸ਼ਰਾਬ ਦੀਆਂ ਨਹਿਰਾਂ ਹਨ ਜੋ ਪੀਉਨ ਵਾਲਿਆਂ ਨੂੰ ਬਹੁਤ ਹੀ ਸਵਾਦਲ ਮਲੂਮ ਹੋਵੇਗੀ ਅਰ (ਹੋਰ) ਸੁਧ (ਤਥਾ ਪਵਿਤਰ) ਸ਼ਹਿਦ ਦੀਆਂ ਨਦੀਆਂ ਹਨ ਅਰ ਓਹਨਾਂ ਵਾਸਤੇ ਓਥੇ ਸਰਬ ਪਰਕਾਰ ਦੇ ਮੇਵੇ (ਵਿਦਮਾਨ) ਹੋਣਗੇ ਅਰ ਉਨਹਾਂ ਦੇ ਪਰਵਰਦਿਗਾਰ ਦੀ ਤਰਫੋਂ (ਦੋਖਾਂ ਦੀ) ਬਖਸ਼ਸ਼ (ਸੋ ਅਲਗ। ਕੀ ਐਸੇ ਸਵਰਗ ਦੇ ਰਹਿਣ ਵਾਲੇ) ਉਨਹਾਂ ਜੈਸੇ (ਹੋ ਸਕਦੇ ਹਨ) ਜੋ ਸਰਬਦਾ ਕਾਲ ਅਗਨੀ ਵਿਚ (ਪੜੇ ਸੜਦੇ ਭੁਜਦੇ) ਹੋਣਗੇ ਅਰ (ਪਿ-ਆਸ ਲਗੇ ਗੀ ਤਾਂ) ਉਨਹਾਂ ਨੂੰ ਉਬਲਿਆ ਹੋਇਆ ਪਾਣੀ ਪਿਲਾਇਆ ਜਾਵੇਗਾ ਅਰ ਵੁਹ (ਸਾੜਕੇ) ਉਨਹਾਂ ਦੀਆਂ ਆਂਦਰਾਂ ਦੇ ਟੁਕੜੇ ੨ ਕਰ ਸਿਟੇਗਾ ॥ ੧੫ ॥ ਅਰ (ਹੇ ਪੈਯੰਬਰ ਕਈਕੁ) ਏਹਨਾਂ ਵਿਚੋਂ ਐਸੇ (ਭੀ) ਹਨ ਜੋ (ਕੁਰਾਨ ਸੁਣਨ ਵਾਸਤੇ) ਤੁਹਾਡੀ ਵਲ ਕੰਨ (ਤਾਂ) ਧਰਦੇ ਹਨ ਪਰੰਤੂ ਜਦੋਂ ਤੁਹਾਡੇ ਪਾਸੋਂ (ਉੱਠ ਕੇ) ਬਾਹਰ ਜਾਂਦੇ ਹਨ ਤਾਂ ਜਿਨਹਾਂ ਲੋਗਾਂ ਨੂੰ (ਧਾਰਮਕ ਗਿਆਨ ਦਿਤਾ ਗਿਆ ਹੈ ਓਹਨਾਂ ਪਾਸੋਂ ਪੁਛਦੇ ਹਨ (ਕਿਉਂ ਜੀ) ਏਸ (ਪੁਰਖ ਨੇ) ਹੁਣੇ (ਹੁਣੇ) ਕੀ ਕਹਿਆ ? ਯਹੀ ਲੋਗ ਹਨ ਜਿਨਹਾਂ ਦੇ ਦਿਲਾਂ ਉਪਰ ਅੱਲਾ

Digitized by Panjab Digital Library | www.panjabdigilib.org

ਨੇ ਮੁਹਰਾਂ ਲਗਾ ਦਿਤੀਆਂ ਹਨ ਅਰ ਆਪਣਿਆਂ ( ਮਾਨਸਿਕ ਸੰਕਲਪਾਂ ) ਉਪਰ ਚਲਦੇ ਹਨ ॥ ੧੬ ॥ ਅਰ ਜੋ ਲੋਗ (ਸਤ) ਮਾਰਗ ਉਪਰ ਹਨ (ਜਦੋਂ ੨ ਕੁਰਾਨ ਸੁਣਦੇ ਹਨ ) ਓਹਨਾਂ ਨੂੰ ਖੁਦਾ ( ਉਸ ਕੁਰਾਨ ਦੀ ਬਰਕਤ ਨਾਲ ਹੋਰ ) ਜਿਆਦਾ ਸਿਖਿਜਾ ਦੇਂਦਾ ਅਰ (ਹੋਰ) ਉਨਹਾਂ ਨੂੰ ਸੰਜਮਤਾਈ ( ਦੀ ਸਮਰਥਾ ) ਪਰਦਾਨ ਕਰਦਾ ਹੈ ॥ ੧੭ ॥ ਤਾਂ ਕੀ ਯਿਹ ਲੋਗ ਬਸ ਪਰਲੈ ਦੇ ਹੀ ਅਕਾਂਖੀ ( ਉਡੀਕਵਾਨ ) ਹਨ ਕਿ ਇਕੋ ਵਾਰੀ ਏਨਹਾਂ ਉਪਰ ਆ ਉਤਰੇ ਸੋ ਉਸ ਦੀਆਂ ਨਿਸ਼ਾਨੀਆਂ ਤਾਂ ਆ ਹੀ ਚੁਕੀਆਂ ਹਨ ਫੇਰ ਜਦੋਂ ਕਿਆਮਤ ਏਹਨਾਂ ਦੇ ਸਾਹਮਣੇ ਆ ਇਸਥਿਤ ਹੋਵੇਗੀ ਤਾਂ ( ਓਸ ਵੇਲੇ ) ਏਹਨਾਂ ਦਾ ਸਮਝਣਾਂ ਏਹਨਾਂ ਦੇ ਕਿਸ ਕੰਮ ਆਵੇਗਾ ॥ ੧੮ ॥ ਤਾਂ ( ਹੇ ਪੈਯੰਬਰ ) ਚੰਗੀਤਰਾਂ ਜਾਣ ਲਓ ਕਿ ਅੱਲਾ ਦੇ ਸਿਵਾ ਕੋਈ ਮਾਬੂਦ ਨਹੀਂ ਅਰ (ਸਾਡੇ ਪਾਸੋਂ) ਆਪਣੇ ਗੁਨਾਹਾਂ ਦੀ ਮੁਆਫੀ (ਖਿਮਾਂ) ਮੰਗਦੇ ਰਹੋ ਅਰ ( ਹੋਰ ) ਈਮਾਨ ਵਾਲੇ ਆਦਮੀਆਂ ਅਰ ਈਮਾਨ ਵਾਲੀਆਂ ਇਸਤ੍ਰੀਆਂ ਵਾਸਤੇ ( ਭੀ ਮੁਆਫੀ ਮੰਗਦੇ ਰਹੋ ) ਅਰ ( ਕੰਮ ਕਾਜ ਵਾਸਤੇ ) ਤੁਸਾਂ ਲੋਗਾਂ ਦਾ ਤੁਰਨਾ ਫਿਰਨਾ ਅਰ ( ਵਿਸਰਾਮ ਵਾਸਤੇ ਘਰਾਂ ਵਿਚ ਆ ਕੇ ) ਠਹਿਰਨਾਂ ਅੱਲਾ ਨੂੰ ( ਸੰਪੂਰਨ ) ਮਾਲੂਮ ਹੈ ॥ ੧੯ ॥ ਰੁਕੂਹ ੨ ॥

ਅਰ ਸਚੇ ਮੁਸਲਮਾਨ ਤਾਂ ਯਿਹ ਇਛਾ ਪਰਗਟ ਕਰਦੇ ਹਨ ਕਿ ਹਾਇ ਰੱਬਾ ! ( ਜੇ ਕਦੇ ਯੁਧ ਜੰਗ ਦੇ ਵਾਸਤੇ ) ਕੋਈ ਸੂਰਤ ਉਤਰੇ (ਤਾ ਕਿ ਸਾਰੇ ਓਸ ਆਗਯਾ ਦੀ ਪਾਲਨਾ ਕਰਨ ) ਫੇਰ ਜਦੋਂ ਕੋਈ ਸੂਰਤ ਉਤਰੇ ਅਰ ਉਸ ਵਿਚ ( ਸਰਲ ਰੀਤੀ ਨਾਲ ਯੁਧ ਦਾ ਹੁਕਮ ਅਰ ) ਲੜਾਈ ਦਾ ਬਿਰਤਾਂਤ ਹੋਵੇ ਤਾਂ ( ਹੇ ਪੈਯੰਬਰ ) ਜਿਨਹਾਂ ਲੋਗਾਂ ਦੇ ਦਿਲਾਂ ਵਿਚ ( ਦੁਜੰਗੀ ਦਾ ) ਰੋਗ ਹੈ ਤੁਸੀਂ ਓਹਨਾਂ ਨੂੰ ਦੇਖੋਗੇ ਕਿ ਵੁਹ ਤੁਹਾਡੇ ਵਲੋਂ ਐਸੇ ( ਭੈ ਨੂੰ ਪਰਾਪਤ ਹੋਏ ਹੋਏ ) ਦੇਖ ਰਹੇ ਹਨ ਜੈਸੇ ਕਿਸੇ ਉਪਰ ਮੁਰਦੇਹਾਣੀ ਛਾ ਜਾਇ ( ਅਰ ਓਹਨਾਂ ਦੀਆਂ ਅੱਖੀਆਂ ਟੱਡੀਆਂ ਦੀਆਂ ਟੱਡੀਆਂ ਰਹਿ ਜਾਣ ) ਤਾਂ ਖੁਦਾ ਹੀ ਏਹਨਾਂ ਦਾ ਖੋਜ ਖੁਰਾ ਮਾਰੇ ॥ ੨੦ ॥ ( ਰਸੂਲ ਦੀ ) ਫਰਮਾ ਬਰਦਾਰੀ ( ਚਾਹੀਦੀ ਹੈ ) ਅਰ ( ਕੁਛ ਪੁਛਣ ਤਾਂ ) ਸਰਲ ਰੀਤੀ ਨਾਲ ( ਨਿਸ਼ਕਪਟਤਾ ਨਾਲ ) ਉਤਰ (ਦੇਣਾ ਚਾਹੀਦਾ ਹੈ) ਅਰ ਜਦੋਂ ਲੜਾਈ ਨਿਯਤ ਕੀਤੀ ਜਾਵੇ ਅਰ ( ਉਸ ਸੂਰਤ ਵਿਚ ) ਇਹ ਲੋਗ ਖੁਦਾ ਪਾਸੋਂ ਸਚੇ ਰਹਿਣ ਤਾਂ ਇਹ ਏਹਨਾਂ ਵਾਸਤੇ ਭਲਾਈ ਹੈ ॥੨੧ ॥ ਤਾਂ (ਮੁਨਾਫਿਕੋ) ਕੀ ਤੁਸਾਂ ਪਾਸੋਂ ਕੁਝ ਦੂਰ ਹੈ ਕਿ ਯਦੀ (ਜੁਧ ਕਰਨ ਥੀਂ) ਬੇਮੁਖ ਹੋ ਜਾਓ ਤਾਂ ( ਏਸ ਸੂਰਤ ਵਿਚ ਭੀ ) ਲਗੋ ਦੇਸ ਵਿਚ ਫਸਾਦ ਕਰਨ

Digitized by Panjab Digital Library | www.panjabdigilib.org

ਅਰ ਆਪਣਿਆਂ ਅੰਗਾਂ ਸਾਕਾਂ ਨੂੰ ਤੋੜਨ ॥ ੨੨ । ਯਹੀ ਲੋਗ ਹਨ ਜਿਨਹਾਂ ਨੂੰ ਖੁਦਾ ਨੇ ਫਿਟਕਾਰ ਛਡਿਆ ( ਹੈ ) ਅਰ ਉਨਹਾਂ ਨੂੰ ( ਸਚੀ ਬਾਰਤਾ ਦੇ ਸ੍ਰਵਣ ਕਰਨ ਥੀਂ ) ਬੋਲਾ ਅਰ ( ਸਚੇ ਮਾਰਗ ਦੇ ਦੇਖਣ ਥੀਂ ) ਏਹਨਾਂ ਨੂੰ ਅੱਖੀਆਂ ਥੀਂ ਅੰਧਿਆਂ ਕਰ ਦਿਤਾ ਹੈ ॥ ੨੩ ॥ ਕੀ ਯਿਹ ਲੋਗ ਕੁਰਾਨ (ਦੇ ਭਾਵਾਰਥ ) ਨੂੰ ਨਹੀਂ ਸੋਚਦੇ ਅਥਵਾ ਦਿਲਾਂ ਉਪਰ ਜਿੰਦਰੇ ( ਵਜ ਗਏ ) ਹਨ ॥ ੨੪ ॥ ਨਿਰਸੰਦੇਹ ਜਿਨਹਾਂ ਲੋਗਾਂ ਨੂੰ ( ਦੀਨ ਦਾ ) ਸੂਧਾ ਮਾਰਗ ਸਰਲ ਰੀਤੀ ਨਾਲ ਮਾਲੂਮ ਹੋਇਆ ( ਅਰ ) ਫੇਰ ਭੀ ਵੁਹ ਆ-ਪਣੀ ਪਿਛਲੀ ਪੈਰੀਂ ਲੌਟ ਗਏ ਸ਼ੈਤਾਨ ਨੇ ਉਨਹਾਂ ਨੂੰ ਬੁਤੇ (ਲਾਰੇ) ਦਿਤੇ ਅਰ ਓਹਨਾਂ ਦੇ ( ਮਾਨਸਿਕ ਸੰਕਲਪਾਂ ਦੇ ) ਜਾਲਾਂ ਨੂੰ ਵਿਸ਼ਾਲ ਕਰ ਦਿਤਾ ਹੈ ॥ ੨੫ ॥ (ਅਰ ) ਯਿਹ (ਏਹਨਾਂ ਲੋਗਾਂ ਦਾ ਫਿਰ ਬੈਠਣਾ ) ਏਸ ਸਬਬ ਨਾਲ ਹੈ ਕਿ ਜੋ ਲੋਗ ( ਕੁਰਾਨ ਨੂੰ ) ਜੋ ਖੁਦਾ ਨੇ ਉਤਾਰਿਆ ਹੈ ਨਾ ਪਸੰਦ ਕਰਦੇ ਹਨ ( ਯਥਾ ਯਹੂਦ ) ਯਿਹ ( ਮੁਨਾਫਿਕ ) ਓਹਨਾਂ ਨੂੰ ਕਹਿਆ ਕਰਦੇ ਹਨ ਕਿ ਕਈਆਂਕੁ ਬਾਤਾਂ ਵਿਚ ਅਸੀਂ ਤੁਹਾਡੀ ਹੀ ਸਲਾਹ ਵਿਚ ਚਲਾਂਗੇ ਅਰ ਅੱਲਾ ਏਹਨਾਂ ਦੀਆਂ ਸਰਗੋਸ਼ੀਆਂ ( ਨੂੰ ) ਖੂਬ ਜਾਣਦਾ ਹੈ ॥ ੨੬ ॥ ਫੇਰ ਉਸ ਵੇਲੇ ਏਹਨਾਂ ਦੀ ਕੈਸੀ ( ਭੁਗਤ ) ਹੋਏਗੀ ਜਦੋਂ ਫਰਿ-ਸ਼ਤੇ ਏਹਨਾਂ ਦੀਆਂ ਰੂਹਾਂ ਕਬਜ਼ ਕਰਦੇ ਅਰ ਏਹਨਾਂ ਦਿਆਂ ਮੂੰਹਾਂ ਉਪਰ ਅਰ ਏਹਨਾਂ ਦੀਆਂ ਪਿਠਾਂ ਉਪਰ ਮਾਰਦੇ ਜਾਂਦੇ ਹੋਣਗੇ ॥ ੨੭ ॥ ( ਅਰ ਏਹਨਾਂ ਦੀ ) ਏਹ ਦਸ਼ਾ ਏਸ ਵਾਸਤੇ ( ਹੋਵੇਗੀ ) ਕਿ ਜੋ ਵਸਤੂ ਖੁਦਾ ਨੂੰ ਬੁਰੀ ਲਗਦੀ ਹੈ ਯਿਹ ਓਸੇ ( ਦੇ ਰਸਤੇ ) ਉਪਰ ਹੀ ਚਲੇ ਅਰ ਉਸਦੀ ਪਰਸੰਨਤਾਈ ਨਾ ਚਾਹੀ ਤਾਂ ਖੁਦਾ ਨੇ ( ਭੀ ) ਉਨਹਾਂ ਦੇ ਕਰਮ ਮਲੀਆ ਮੇਟ ਕਰ ਦਿਤੇ ॥ ੨੮ ॥ ਰੁਕੂਹ ੩ ॥

ਕੀ ਵੁਹ ਲੋਗ ਜਿਨਹਾਂ ਦੇ ਦਿਲਾਂ ਵਿਚ ( ਨਫਾਕ ਦਾ ) ਰੋਗ ਹੈ ਏਸ ਖਯਾਲ ਵਿਚ ਹਨ ਕਿ ਖੁਦਾ ਓਹਨਾਂ ਦੀਆਂ ਦਿਲੀ ਦੁਸ਼ਮਨੀਆਂ ਨੂੰ ਕਦਾਪਿ ਪਰਗਟ ਨਹੀਂ ਕਰੇਗਾ ॥ ੨੯ ॥ ਅਰ ( ਹੇ ਪੈਯੰਬਰ ) ਅਸੀਂ ਇਛਾ ਕਰ-ਦੇ ਤਾਂ ਤੁਸਾਂ ਤਾਈਂ ਉਨਹਾਂ ਲੋਗਾਂ ਨੂੰ ( ਐਸੀ ਭਲੀ ਤਰਹਾਂ ) ਦਿਖਾ ਦੇਂਦੇ ਕਿ ਤੁਸੀਂ ਓਹਨਾਂ ਨੂੰ ਓਹਨਾਂ ਦੀ ਸੂਰਤੋਂ ਹੀ ਪਛਾਣ ਲੈਂਦੇ । ਅਰ ( ਐਸੇ ਭੀ ) ਤੁਸੀਂ ਉਨਹਾਂ ਨੂੰ ( ਉਨਹਾਂ ਦੇ ) ਬੋਲ ਚਾਲ ਥੀਂ ਜਰੂਰ ਪਹਿਚਾਨ ਲਓਗੇ ਅਰ ਅੱਲਾ ਤੁਸਾਂ ਸਾਰਿਆਂ ਦੇ ਕਰਮਾਂ ਨੂੰ ( ਖੂਬ ) ਜਾਣਦਾ ਹੈ ॥ ੩੦ ॥ ਅਰ ( ਮੁਸਲਮਾਨੋ ! ) ਤੁਸਾਂ ( ਸਾਰਿਆਂ ) ਦੀ ਅਸੀਂ ਜਰੂਰ ਪ੍ਰੀਖਸ਼ਾ ਕਰ ਕੇ ਛਡਾਂਗੇ ਤਾਕਿ ਤੁਸਾਂ ਵਿਚੋਂ ਜੋ ਜਹਾਦ ਕਰਨ ਵਾਲੇ ਅਰ ( ਲੜਾਈ ਦੀਆਂ ਤਕਲੀਫਾਂ ਨੂੰ ) ਝਲਣ ਵਾਲੇ ਹਨ ਓਹਨਾਂ ਨੂੰ ( ਅਸੀਂ

Digitized by Panjab Digital Library | www.panjabdigilib.org

ਖੂਬ ਠੋਕ ਬਜਾ ਕੇ ) ਮਾਲੂਮ ਕਰ ਲਵੀਏ ਅਰ ( ਤਾ ਕਿ ) ਤੁਸਾਡੀ ਅਸਲੀ ਦਿਸ਼ਾ ਨੂੰ ਜਾਚ ਲੈਣ ॥ ੩੧ ॥ ਨਿਰਸੰਦੇਹ ਜਿਨਹਾਂ ਲੋਗਾਂ ਉਪਰ ( ਦੀਨ ਦਾ ਸੂਧਾ ) ਮਾਰਗ ਸਫੁਟ ਪਰਗਟ ਹੋ ਗਿਆ ( ਅਰ ਪਰਗਟ ਹੋ ਗਇਆਂ ) ਪਿਛੋਂ ਉਹਨਾਂ ਨੇ ਇਨਕਾਰ ਕੀਤਾ ਅਰ ਅੱਲਾ ਦੇ ਰਸਤਿਓਂ (ਲੋਗਾਂ ਨੂੰ ) ਰੋਕਿਆ ਅਰ ਰਸੂਲ ਦੇ ਨਾਲ ਵਿਰੋਧ ਕੀਤਾ ਖੁਦਾ ਨੂੰ ਤਾਂ ਯਿਹ ਲੋਗ ਕਿਸੀ ਤਰਹਾਂ ਦਾ ਨੁਕਸਾਨ ਪਹੁੰਚਾ ਸਕਣਗੇ ਨਹੀਂ ਪ੍ਰਤੁਯੁਤ ( ਉਹ ) ਓਹਨਾਂ ਦੇ ਹੀ ਕਰਮਾਂ ਨੂੰ ਅਕਾਰਥ ਕਰ ਦੇਵੇਗਾ ॥ ੩੨ ॥ ਮੁਸਲ-ਮਾਨੋ ! ਅੱਲਾ ਦੇ ਹੁਕਮ ਉਪਰ ਚਲੋ ਅਰ ਰਸੂਲ ਦੇ ਹੁਕਮ ਉਪਰ ਚਲੋ ਅਰ ( ਰਸੂਲ ਨਾਲ ਦਵੇਖ ਕਰ ਕੇ ) ਆਪਣਿਆਂ ਕਰਮਾਂ ਨੂੰ ਅਕਾਰਥ ਨਾ ਕਰੋ ॥ ੩੩ ॥ ਨਿਰਸੰਦੇਹ ਜਿਨ੍ਹਾਂ ਲੋਗਾਂ ਨੇ ਕੁਫਰ ਕੀਤਾ ਅਰ ( ਲੋਗਾਂ ਨੂੰ ) ਖੁਦਾ ਦੇ ਪਾਸਿਓਂ ਰੋਕਿਆ ਅਰ ਫੇਰ ਕੁਫਰ ਦੀ ਹੀ ਹਾਲਤ ਵਿਚ ਮਰ ਗਏ ਖੁਦਾ ਓਹਨਾਂ ਨੂੰ ਕਦਾਪਿ ਨਹੀਂ ਬਖਸ਼ੇਗਾ ॥੩੪॥ ਤਾਂ ( ਮੁਸਲ-ਮਾਨੋ ! ) ਬੋਦੇ ਨਾ ਬਨੋ ਅਰ ( ਖੁਦ ਸੰਦੇਸਾ ਦੇ ਕੇ ਬੈਰੀਆਂ ਨੂੰ ) ਸੁਲਾ ਦੇ ਪਾਸੇ ਨਾ ਬੁਲਾਓ ਅਰ ( ਯਾਦ ਰੱਖੋ ਕਿ ਅੰਤ ਨੂੰ ) ਤੁਸੀਂ ਹੀ ਬਲਵਾਨ ਹੋਵੋਗੇ । ਅਰ ਅੱਲਾ ਤੁਹਾਡੇ ਸਾਥ ਹੈ ਅਰ ਤੁਸਾਡੇ ਕਰਮਾਂ ( ਦੇ ਸਵਾਬ ) ਵਿਚ ਕਿਸੇ ਪਰਕਾਰ ਦੀ ਕਮੀ ਨਾ ਕਰੇਗਾ ॥ ੩੫ ॥ ( ਯਿਹ ) ਸੰਸਾਰਿਕ ਜੀਵਣ ( ਜੋ ਹੈ ) ਤਾਂ ਬਸ ਨਿਰਾ ਪੁਰਾ ਖੇਲ ਅਰ ਤਮਾਸ਼ਾ ਹੈ ਅਰ ਯਦੀ ( ਖੁਦਾ ਉਪਰ ) ਈਮਾਨ ਰਖੋਗੇ ਅਰ ਸੰਜਮਤਾਈ ਕਰਦੇ ਰਹੋਗੇ ਤਾਂ ਉਹ ਤੁਸਾਂ ਨੂੰ ਤੁਹਾਡੇ ਫਲ ਪਰਦਾਨ ਕਰੇਗਾ ਅਰ ( ਆਂਪਣੇ ਵਾਸਤੇ ) ਤੁਹਾਡੇ ਮਾਲ ਤੁਸਾਂ ਪਾਸੋਂ ਨਹੀਂ ਮੰਗੇਗਾ ॥ ੩੬ ॥ (ਅਰ ਮੰਨ ਲੀਤਾ ਜਾਵੇ) ਕਿ ਯਦੀ ਉਹ ਤੁਸਾਂ ਪਾਸੋਂ ਆਪਣੇ ਵਾਸਤੇ ਤੁਸਾਡੇ ਮਾਲ ਮੰਗੇ ਅਰ ਤੁਸਾਂ ਨੂੰ ਚੰਬੜੇ ਤਾਂ ਤੁਸੀਂ ( ਜਰੂਰ ) ਬੁਖਲ ( ਕੰਜੂਸੀ ) ਕਰੋ ਅਰ ਏਸ ਕਰਕੇ ਤੁਹਾਡੀਆਂ ਦਿਲੀ ਅਦਾਵਤਾਂ ਪਰਗਟ ਹੋਣ ॥ ੩੭ ॥ ਤੁਸੀਂ ਲੋਗ ਸੁਣ ਲਓ ਕਿ ( ਖੁਦਾ ਨੂੰ ਤਾਂ ਤੁਸੀਂ ਕੀ ਦਿਓਗੇ ) ਤੁਸੀਂ ( ਤਾਂ ) ਐਸੇ ( ਤੰਗ ਦਿਲ ) ਹੋ ਕਿ ਤੁਸਾਂ ਨੂੰ ਰਬ ਦੇ ਪਾਸੇ (ਆਪਣੀ ਜ਼ਾਤੀ ਦੇ ਲਾਭ ਅਰਥ) ਖਰਚ ਕਰਨ ਨੂੰ ਬੁਲਾਇਆ ਜਾਂਦਾ ਹੈ ਤਾਂ ਇਸ ਥੀਂ ਹੀ ਤੁਸਾਂ ਵਿਚ ( ਬਹੁਤ ਸਾਰੇ ) ਹਨ ਜੋ ਬੁਖਲ ਕਰਦੇ ਹਨ । ਅਰ ਜੋ ਬੁਖਲ ਕਰਦਾ ਹੈ ਤਾਂ ਅਸਲ ਵਿਚ ਆਪਣੇ ਆਤਮਾ ਨਾਲ ਬੁਖਲ ਕਰਦਾ ਹੈ ਨਹੀਂ ਤੇ ਅੱਲਾ ਤਾਂ ਬੇ ਪਰਵਾਹ ਹੈ ਅਰ ਤੁਸੀਂ ( ਉਸ ਦੇ ) ਲੋੜਵੰਦੇ ( ਮੋਹਤਾਜ ) ਹੋ ਅਰ ਯਦੀ ਤੁਸੀਂ ( ਖੁਦਾ ਦੇ ਹੁਕਮ ) ਥੀਂ ਫਿਰ ਜਾਓਗੇ ਤਾਂ ( ਖੁਦਾ ) ਤੁਹਾਡੇ ਸਿਵਾ ਦੂਸਰਿਆਂ ਲੋਗਾਂ ਨੂੰ ( ਤੁਹਾਡੀ ਜਗਹਾਂ ) ਲਿਆ ਅਸਥਾਪਤ ਕਰੇਗਾ ਅਰ ਉਹ ਤੁਸਾਂ

Digitized by Panjab Digital Library | www.panjabdigilib.org

ਜੈਸੇ ( ਤੰਗ ਭੀ ) ਨਾ ਹੋਣਗੇ ॥ ੩੮ ॥ ਰੁਕੂਹ ੪ ॥

# ਸੂਰਤ ਫਤਹਿ ਮਦੀਨੇ ਵਿਚ ਉਤਰੀ ਅਰ ਇਸ ਦੀਆਂ ਉਨੱਤੀ ਆਇਤਾਂ ਅਰ ਚਾਰ ਰੁਕੂਹ ਹਨ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) । ( ਅਰ ਹੇ ਪੈਯੰਬਰ ਯਿਹ ਹਦੀਬੀਆਂ ਦੀ ਸੁਲਾ ਕੈਸੀ ਹੋਈ) ਵਾਸਤ੍ਵਿਕ ਅਸਾਂ ਨੇ ਖੁਲਮਖੁਲੀ ਤੁਹਾਡੀ ਜੈ ਕਰਾ ਦਿਤੀ ॥ ੧ ॥ ਤਾ ਕਿ ( ਤੁਸੀਂ ਏਸ ਵਿਜੈਤਾ ਦੇ ਧੰਨਜਵਾਦ ਵਿਚ ਸਚੇ ਦੀਨ ਦੇ ਵਾਧੇ ਵਾਸਤੇ ਹੋਰ ਅਧਿਕ ਉੱਦਮ ਕਰੋ ਅਰ ) ਖ਼ੁਦਾ ( ਉਸ ਦੀ ਪ੍ਰਤੀ ਨਿਧੀ ਵਿਚ ) ਤੁਹਾਡੇ ਅਗਲੇ ਅਰ ਪਿਛਲੇ ਦੋਖ ਬਖਸ਼ ਦੇਵੇ ਅਰ ਤੁਸਾਂ ਉਪਰ ਆਪਣੇ ਉਪਕਾਰ ਪੂਰੇ ਕਰੇ ਅਰ ਤੁਸਾਂ ਨੂੰ ( ਦੀਨ ਦੇ ) ਸਿਧੇ ਰਸਤੇ ਲੈ ਚਲੇ (ਅਰ ਕੋਈ ਤੁਹਾਡੇ ਮਨਾ ਕਰਨੇ ਵਾਲਾ ਅਰ ਸਿਰ ਆਉਣ ਵਾਲਾ ਨਾਂ ਹੋਵੇ ) ॥ ੨ ॥ ਅਰ ਖ਼ੁਦਾ ਤੁਹਾਡੀ ਸਬਲ ਸਹਾਇਤਾ ਕਰੇ ॥ ੩ ॥ ਉਹ ( ਖ਼ੁਦਾ ) ਹੀ ਤਾਂ ਸੀ ਜਿਸ ਨੇ ਮੁਸਲਮਾਨਾਂ ਦੇ ਦਿਲਾਂ ਵਿਚ ਧੀਰਜ ਦਿਤੀ ਤਾਕਿ ਓਹਨਾਂ ਦੇ ( ਪਹਿਲੇ ) ਈਮਾਨ ਦੇ ਨਾਲ ਹੋਰ ਈਮਾਨ ਅਧਿਕ ਹੋਵੇ ਅਰ ਪ੍ਰਿਥਵੀ ਅਕਾਸ ( ਦੇ ਮਧ ਵਰਤੀ ਜੀਆ ਜੰਤਾਂ ) ਦੇ ( ਸਿਬੂਹ ) ਲਸ਼ਕਰ ਸਭ ਅੱਲਾ ਦੇ ਹੀ ਹਨ ਅਰ ਅੱਲਾ ( ਹਰ ਵੇਲੇ ਦੀਆਂ ਭਲਾਈਆਂ ਦਾ ) ਜਾਨਣ ਵਾਲਾ ( ਅਰ ) ਹਿਕਮਤ ਵਾਲਾ ਹੈ ॥ ੪ ॥ ( ਅਰ ਮੁਸਲਮਾਨਾਂ ਦਿਆਂ ਦਿਲਾਂ ਵਿਚ ਧੀਰਜ ਪਾਣੇਂ ਦਾ ਇਕ ਇਹ ਭੀ ਕਾਰਨ ਸੀ ) ਕਿ ( ਮੁਸਲ-ਮਾਨ ਇਸਲਾਮ ਉਪਰ ਪੱਕੀ ਪੈਰੀਂ ਰਹਿਣ ਅਰ ਅੰਤ ਨੂੰ ) ਖ਼ੁਦਾ ਈਮਾਨ ਵਾਲਿਆਂ ਪੁਰਖਾਂ ਅਰ ਈਮਾਨ ਵਾਲੀਆਂ ਇਸਤ੍ਰੀਆਂ ਨੂੰ (ਬਹਿਸ਼ਤ ਦਿਆਂ) ਬਾਗਾਂ ਵਿਚ ਲੈ ਜਾਕੇ ਪ੍ਰਾਪਤ ਕਰੇ ਜਿਨਹਾਂ ਦੇ ਹੇਠਾਂ ਨਹਿਰਾਂ (ਪਈਆਂ) ਵਗ ਰਹੀਆਂ ਹੋਣਗੀਆਂ (ਅਰ ਵੁਹ) ਸਰਬ ਦਾ ਕਾਲ ਏਹਨਾਂ ( ਹੀ ਬਾਗਾਂ ) ਵਿਚ ਰਹਿਣਗੇ ਅਰ ( ਹੋਰ ਇਹ ਕਿ ) ਓਹਨਾਂ ਦੇ ਉਪਰੋਂ ਉਹਨਾਂ ਦੇ ਦੁਖਾਂ ਨੂੰ ਦੂਰ ਕਰ ਦੇਵੇ ਅਰ ਅੱਲਾ ਦੇ ਸਮੀਪ ਯਿਹ ਬੜੀ ਸਫਲਤਾ ਹੈ ॥ ੫ ॥ ਅਰ ( ਹੋਰ ਇਹ ਕਿ ) ਮੁਨਾਫਿਕ (ਧੰਬੀ)ਪੁਰਖ ਅਰ ਮੁਨਾਫਿਕ ਇਸਤਰੀਆਂ ਅਰ ਮੁਸ਼ਰਿਕ (ਭੇਦਵਾਦੀ)ਮਰਦ ਅਰ ਮੁਸ਼ਰਿਕ ਇਸਤਰੀਆਂ ਨੂੰ ਡੰਡ ਦੇਵੇ ਜੋ ਅੱਲਾ ਦੇ ਹਕ ਵਿਚ ( ਕਈ ਤਰਹਾਂ ਦੀਆਂ ) ਬਦਗੁਮਾਨੀਆਂ ਰਖਦੇ ਹਨ ਹੁਣ ਯਹੀ ਵਿਪੱਤੀ ਦੇ ਚੱਕਰ ਵਿਚ ਆ ਗਏ ਅਰ ਖ਼ੁਦਾ ਦਾ ਗ਼ਜ਼ਬ ਏਹਨਾਂ ਉਪਰ ( ਆ ਉਤਰਿਆ ) ਅਰ ਓਸ ਨੇ ਏਹਨਾਂ ਨੂੰ ਫਿਟਕਾਰ ਦਿਤਾ ਅਰ

Digitized by Panjab Digital Library | www.panjabdigilib.org

ਏਸ ਥੀਂ ਭਿੰਨ ਓਸ ਨੇ ਏਹਨਾਂ ਵਾਸਤੇ ਜਹੱਨਮ ਤਿਆਰ ਕਰ ਰਖਿਆ ਹੈ ਅਰ ( ਵੁਹ ਬਹੁਤ ਹੀ ) ਬੁਰਾ ਅਸਥਾਨ ਹੈ ॥ ੬ ॥ ਅਰ ਆਕਾਸ਼ ਪ੍ਰਿਥਵੀ ( ਦੀ ਸ੍ਰਿਸ਼ਟੀ ) ਦੇ ਲਸ਼ਕਰ ( ਸਭ ) ਅੱਲਾ ਦੇ ਹੀ ਹਨ ਅਰ ਅੱਲਾ ( ਬੜਾ ) ਜ਼ਬਰਦਸਤ ( ਅਰ ) ਯੁਕਤੀ ਵਾਲਾ ਹੈ ॥ ੭ ॥ ( ਹੇ ਪੈਯੰਬਰ ) ਅਸਾਂ ਨੇ ਤੈਨੂੰ ( ਆਪਣੀ ਜਾਤ ਤਥਾ ਸਫਾਤ ਦਾ ) ਗਵਾਹ ਅਰ ( ਈਮਾਨ ਵਾਲਿਆਂ ਨੂੰ ) ਖੁਸ਼ਖਬਰੀ ਅਰ ( ਕਾਫਰਾਂ ਨੂੰ ) ਡਰ ਸੁਨਾ-ਉਣ ਵਾਲਾ ( ਬਨਾਕੇ ) ਭੇਜਿਆ ਹੈ ॥ ੮ ॥ ( ਅਰ ਮੁਸਲਮਾਨੋ ! ਅਸਾਂ ਨੇ ਏਹਨਾਂ ਨੂੰ ਇਸ ਪ੍ਰਯੋਜਨ ਤੇ ਪੈਯੰਬਰ ਬਨਾ ਕੇ ਭੇਜਿਆ ਹੈ ) ਕਿ ਤੁਸੀਂ ( ਲੋਗ ) ਅੱਲਾ ਅਰ ਉਸ ਦੇ ਰਸੂਲ ਉਪਰ ਈਮਾਨ ਧਾਰੋ ਅਰ ( ਖੁਦਾ ਦੇ ਦੀਨ ਦੀ ਮਦਦ ਕਰਨ ਕਰਕੇ ) ਖੁਦਾ ਦੀ ਮਦਦ ਕਰੋ ਅਰ ਓਸ ਦਾ ਅਦਬ ਦ੍ਰਿਸ਼ਟੀ ਗੋਚਰ ਰਖੋ ਅਰ ਸਾਯੰ ਪ੍ਰਾਤ ਉਸ ਦੀ ਉਸਤੁਤੀ ( ਤਥਾ ਮਹਿਮਾਂ ) ਵਿਚ ਤਤਪਰ ਰਹੋ ॥ ੯ ॥ ( ਹੇ ਪੈਯੰਬਰ ) ( ਹਦੀਬੀਆ ਦੀ ਸੁਲਾ ਵਿਚ ) ਜੋ ਲੋਗ ਤੁਹਾਡੇ ਹਥੋਂ ( ਲੜਨ ਮਰਨ ਦੀ) ਬੈਯਤ ਕਰ ਰਹੇ ਹਨ ( ਵੁਹ ਤੁਸਾਂ ਦੀ ਨਹੀਂ ਪ੍ਰਤਯੁਤ ) ਖੁਦਾ ਦੀ ਬੈਯਤ ਕਰ ਰਹੇ ਹਨ ( ਤੁਹਾਡਾ ਹਥ ਨਹੀਂ ) ਪ੍ਰਤਯੁਤ ਖੁਦਾ ਦਾ ਹੀ ਹਥ ਉਨਹਾਂ ਦੇ ਹਥ ਉਪਰ ਹੈ ਤਾਂ ਜੋ ( ਐਸਾ ਪੱਕਾ ਬਚਨ ਕੀਤਿਆਂ ਪਿਛੋਂ ਉਸ ਨੂੰ ) ਤੋੜੇਗਾ ਤਾਂ ਤੋੜਨ ਦਾ ਵਬਾਲ ( ਪਾਪ ) ਖੁਦ ਓਸੇ ਉਪਰ ਹੀ ਪਵੇ-ਗਾ ਅਰ ਜੋ ਉਸ ( ਬਚਨ ) ਨੂੰ ਪੂਰਾ ਕਰ ਦਿਖਾਵੇਗਾ ਜੋ ਉਸਨੇ ਖੁਦਾ ਦੇ ਨਾਲ ਕਰ ਲੀਤਾ ਹੈ ਤਾਂ ਸਮੀਪ ਹੀ ਖੁਦਾ ਉਸਨੂੰ ਬੜਾ ਫਲ ਦੇਵੇਗਾ ॥ ੧੦ ॥ ਰੁਕੂਹ ੧ ॥

( ਹੇ ਪੈਯੰਬਰ ) ਪੇਂਡੂ ਲੋਗ ਜੋ ਪਿਛੇ ਰਹਿ ਗਏ ( ਅਰ ਏਸ ਹਦੀ-ਬੀਆ ਦੇ ਸਫ਼ਰ ਵਿਚ ਸ਼ਰੀਕ ਨਹੀਂ ਹੋਏ ) ਹੁਣ ਉਹ ਤੁਹਾਡੇ ਰੂਬਰੂ ਏਹ ( ਝੂਠਾ ਮੂਠਾ ) ਹੁਟਰ ( ਪੇਸ਼ ) ਕਰਨਗੇ ਕਿ ਅਸੀਂ ਆਪਣੇ ਮਾਲ ਅਰ ਬਾਲ ਬਚੇ ਦੇ ਧਿਆਨ ਵਿਚ ਲਗੇ ਰਹੇ ਤਾਂ ਆਪ ਸਾਡਾ (ਇਹੀ) ਅਪਰਾਧ ( ਖੁਦਾ ਪਾਸੋਂ ) ਮੁਆਫ ਕਰਾ ਦਿਓ ( ਯਿਹ ਲੋਗ ) ਆਪਣੇ ਮੂੰਹੋਂ ਐਸੀਆਂ ਬਾਤਾਂ ਕਹਿੰਦੇ ਹਨ ਜੋ ਏਹਨਾਂ ਦਿਆਂ ਦਿਲਾਂ ਵਿਚ ਨਹੀਂ । (ਹੇ ਪੈਯੰਬਰ ਤੁਸੀਂ ਏਹਨਾਂ ਨੂੰ ) ਕਹੋ ਕਿ ਯਦੀ ਖੁਦਾ ਤੁਸਾਂ ਨੂੰ ਹਾਨੀ ਪਹੁਚਾਨੀ ਚਾਹੇ ਕਿੰਬਾ ਤੁਸਾਂ ਨੂੰ ਲਾਭ ਪਹੁਚਾਨ ਦਾ ਸੰਕਲਪ ਕਰੇ ਤਾਂ ਕੌਣ ਹੈ ਜੋ ਖੁਦਾ ਦੇ ਮੁਕਾਬਲੇ ਵਿਚ ਤੁਹਾਡਾ ( ਨਫਾ ਨੁਕਸਾਨ ) ਕੁਛ ਭੀ ਕਰ ਸਕੇ ( ਮਾਲ ਅਰ ਔਲਾਦ ਦਾ ਤਾਂ ਹੀਲਾ ਹੀ ਹੈ ) ਪ੍ਰਤਯੁਤ ( ਬਾਰਤਾ ਏਹ ਹੈ ਕਿ ) ਜੋ ਕੁਛ ਭੀ ਤੁਸੀਂ ਲੋਗ ਕਰਦੇ ਹੋ ਖੁਦਾ ਓਸ ਥੀਂ ਗਿਆਤ ਹੈ ॥੧੧॥

Digitized by Panjab Digital Library | www.panjabdigilib.org

(ਅਰ ਉਹ ਜਾਣਦਾ ਹੈ ਕਿ ਤੁਸੀਂ ਮਾਲ ਅਰ ਔਲਾਦ ਦੇ ਨਮਿਤ ਕਰਕੇ ਪਿਛੇ ਨਹੀਂ ਰਹੇ ) ਪ੍ਰਤਯੁਤ ( ਡਰ ਦੇ ਮਾਰੇ ਪਿਛੇ ਰਹੇ ਅਰ ) ਤੁਸਾਂ ਨੇ ਐਸਾ ਸਮਝਿਆ ਕਿ ਪੈਯੰਬਰ ਅਰ ਮੁਸਲਮਾਨ ਆਪਣੇ ਬਾਲ ਬੱਚੜ ਵਿਚ ਕਦਾਪਿ ਮੁੜ ਕੇ ਨਹੀਂ ਆਉਣਗੇ ਅਰ ਇਹ ( ਬਾਰਤਾ ) ਤੁਹਾਡਿਆਂ ਦਿਲਾਂ ਵਿਚ ਖੁਭ ਗਈ ਸੀ ਔਰ ਤੁਸੀਂ ( ਭਾਂਤ ਭਾਂਤ ਦੀਆਂ ) ਬਦਗੁਮਾਨੀਆਂ ਕਰਨ ਲਗੇ ਸੀ ਅਰ ( ਐਸਿਆਂ ਸੰਕਲਪਾਂ ਕਰਕੇ ) ਤੁਸੀਂ ਲੋਗ ਆਪ ਬਰ-ਬਾਦ ਹੋਏ ॥੧੨॥ ਅਰ ਜਿਸ ਨੇ ਅੱਲਾ ਅਰ ਉਸ ਦੇ ਰਸੂਲ ਉਪਰ ਈਮਾਨ ਨਾ ਧਾਰਿਆ ਤਾਂ ਅਸਾਂ ਨੇ ( ਐਸਿਆਂ ) ਮੁਨਕਰਾਂ ਵਾਸਤੇ (ਜਹੱਨਮ ਦੀ) ਦਗ-ਦਗਾਂਦੀ ਹੋਈ ਅਗਨੀ ਤਿਆਰ ਕਰ ਰਖੀ ਹੈ ॥ ੧੩ ॥ ਅਰ ਅਕਾਸ਼ ਅਰ ਪ੍ਰਿਥਵੀ ਦੀ ਬਾਦਸ਼ਾਹਤ ਅੱਲਾ ਹੀ ਦੀ ਹੈ ਜਿਸਨੂੰ ਚਾਹੇ ਬਖਸ਼ ਦੇ ਅਰ ਜਿਸਨੂੰ ਚਾਹੇ ਦੰਡ ਦੇ ਦੇਵੇ ਅਰ ਅੱਲਾ ਬੜਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੧੪ ॥ ( ਮੁਸਲਮਾਨੋ ! ) ਹੁਣ ਜੋ ਤੁਸੀਂ ( ਖੈਬਰ ਦੀਆਂ ) ਲੁਟਾਂ ਦੇ ਲੈਣ ਵਾਸਤੇ ਜਾਣ ਲਗੋਗੇ ਤਾਂ ਜੋ ਲੋਗ ( ਹੁਦਬੀਆ ਦੀ ਯਾਤ੍ਰਾ ਥੀਂ ) ਪਿਛੇ ਰਹਿ ਗਏ ਸਨ ( ਤੁਸਾਨੂੰ ) ਕਹਿਣਗੇ ਕਿ ਸਾਨੂੰ ਭੀ ਆਪਣੇ ਨਾਲ ਚਲਣ ਦਿਓ ( ਏਸ ਥੀਂ ) ਏਹਨਾਂ ਦਾ ਇਹ ਮਤਲਬ ਹੈ ਕਿ ਖੁਦਾ ਦੇ ਉਚਾਰਣ ਨੂੰ ਬਦਲ ਦੇਂ ( ਅਰਥਾਤ ਨਾ ਹੋਣ ਦੇਈਏ ) ( ਹੇ ਪੈਯੰਬਰ ਏਹਨਾਂ ਲੋਗਾਂ ਨੂੰ) ਕਹਿ ਦਿਓ ਕਿ ਤੁਸੀਂ ਕਦਾਪਿ ਸਾਡੇ ਨਾਲ ਨਹੀਂ ਜਾ ਸਕੋਗੇ ਅਰ ਅੱਲਾ ਨੇ ਪਹਿਲੋਂ ਤੋਂ ਹੀ ਐਸੇ ਫਰਮਾ ਦਿਤਾ ਹੈ । ਇਹ ਸੁਣਕੇ ( ਇਹ ਲੋਗ ) ਕਹਿਣਗੇ ਕਿ ( ਖੁਦਾ ਨੇ ਤਾਂ ਕੀ ਫਰਮਾਇਆ ਹੋਵੇਗਾ ) ਪ੍ਰਤਯੁਤ ( ਬਾਰਤਾ ਏਹ ਹੈ ਕਿ ) ਤੁਸੀਂ ਸਾਡੇ ਨਾਲ ਈਰਖਾ ਰਖਦੇ ਹੋ ( ਈਰਖਾ ਨਹੀਂ ) ਪ੍ਰਤ-ਯੁਤ ਏਹ ਲੋਗ ( ਅਸਲ ਮਤਲਬ ਨੂੰ ) ਬਹੁਤ ਹੀ ਘਟ ਸਮਝਦੇ ਹਨ ( ਕਿ ਏਹ ਏਹਨਾਂ ਦੇ ਸਫਰ ਹੁਦਬੀਆ ਦੇ ਪਿਛੇ ਰਹਿ ਜਾਣ ਦਾ ਦੰਡ ਹੈ ) ॥ ੧੫ ॥ (ਹੇ ਪੈਯੰਬਰ) ਪੇਂਡੂ ਜੋ (ਹੁਦਬੀਆਂ ਦੇ ਸਫਰ ਥੀਂ) ਪਿਛੇ ਰਹੇ ਏਹਨਾਂ ਨੂੰ ਕਹਿ ਦਿਓ ਕਿ ਕੋਈ ਦਿਨ ਜਾਂਦਾ ਹੈ ਕਿ ਤੁਸੀਂ ਬੜੇ ਲੜਨ ਵਾਲੇ(ਅਰਥਾਤ ਫਾਰਸ ਤਥਾ ਰੂਮ ) ਦੇ ( ਮੁਕਾਬਲੇ ਦੇ ) ਵਾਸਤੇ ਬੁਲਾਏ ਜਾਓਗੇ ਕਿ ਤੁਸੀਂ ਓਹਨਾਂ ਨਾਲ ਲੜਦੇ ਰਹੋਗੇ ਅਥਵਾ ਉਹ ਮੁਸਲਮਾਨ ਹੀ ਹੋ ਜਾਣਗੇ ਤਾਂ ਯਦੀ ( ਉਸ ਵੇਲੇ)ਖੁਦਾ ਦਾ ਹੁਕਮ ਮੰਨੋਗੇ ਤਾਂ ਖੁਦਾ ਤੁਹਾਨੂੰ ਅੱਛਾ ਫਲ ਦੇਵੇਗਾ ਅਰ ਯਦੀ ਤੁਸਾਂ ( ਕਿਤੇ ) ਮਨਮੁਖਤਾਈ ਕੀਤੀ ਜੈਸੇ ਤੁਸੀਂ ਪਹਿਲੇ ( ਹੁਦੇਬੀਆ ਦੀ ਯਾਤ੍ਰਾ ਵਿਚ ) ਮਨਮੁਖਤਾਈ ਕਰ ਚੁਕੇ ਹੋ ਤਾਂ ਵੁਹ ਤੁਹਾਨੂੰ ਭਿਆਨਕ ਕਸ਼ਟ ਦਾ ਦੰਡ ਦੇਵੇਗਾ ॥ ੧੬ ॥ ( ਕਿਸੇ ) ਅੰਧੇ ਉਪਰ ਸਖਤੀ ਨਹੀਂ ( ਕਿ ਬਦੋ ਬਦੀ ਜਹਾਦ ਵਿਚ ਸ਼ਰੀਕ ਹੋਵੇ ) ਅਰ ਨਾਂ (ਕਿਸੇ) ਲੰਙੇ ਉਪਰ ਸਖਤੀ

Digitized by Panjab Digital Library | www.panjabdigilib.org

ਹੈ ਅਰ ਨਾ ( ਕਿਸੇ ) ਬੀਮਾਰ ਉਪਰ ਸਖਤੀ ਹੈ ਅਰ ਜੋ ਅੱਲਾ ਅਰ ਉਸਦੇ ਰਸੂਲ ਦਾ ਹੁਕਮ ਮੰਨੇਗਾ ( ਅੱਲਾ ) ਉਸ ਨੂੰ ( ਬਹਿਸ਼ਤ ਦਿਆਂ ਐਸਿਆਂ ) ਬਾਗਾਂ ਵਿਚ ਲੈਜਾ ਦਾਖਲ ਕਰੇਗਾ ਜਿਨਹਾਂ ਦੇ ਹੇਠਾਂ ਨਹਿਰਾਂ ਵਗ ਰਹੀਆਂ ਹੋਣਗੀਆਂ ਅਰ ਜੋ ਮਨਮੁਖਤਾਈ ਕਰੇਗਾ ਉਹ ਉਸ ਨੂੰ ਭਿਆ-ਨਕ ਕਸ਼ਟ ਦਾ ਦੰਡ ਦੇਵੇਗਾ ॥ ੧੭ ॥ ਰੁਕੂਹ ੨ ॥

( ਹੇ ਪੈਯੰਬਰ ) ਜਦੋਂ ਮੁਸਲਮਾਨ ( ਇਕ ਕਿੱਕਰ ਦੇ ) ਬ੍ਰਿਛ ਦੇ ਹੇਠਾਂ ਤੁਹਾਡੇ ਹਥ ਉਪਰ ( ਲੜਨ ਮਰਨ ਦੀ ) ਬੈਯਤ ਕਰ ਰਹੇ ਸਨ ਖੁਦਾ (ਇਹ ਹਾਲ ਦੇਖ ਕੇ ) ਉਹਨਾਂ ਮੁਸਲਮਾਨਾਂ ਨਾਲ ਪਰਸੰਨ ਹੋਇਆ ਅਰ ਉਸ ਨੇ ਉਹਨਾਂ ਦੇ ਮਾਨਸਿਕ ਨਿਸਚੇ ਨੂੰ ਜਾਣ ਲੀਤਾ ਅਰ ਉਨਹਾਂ ਨੂੰ ( ਚਿਤ ਦੀ ) ਸ਼ਾਂਤੀ ਪਰਦਾਨ ਕੀਤੀ ਅਰ ( ਉਸ ਦੀ ) ਪ੍ਰਤੀ-ਨਿਧੀ ਵਿਚ ਉਨਹਾਂ ਨੂੰ ਇਸ ਸਮੇਂ ( ਖੈਬਰ ਦੀ ) ਵਿਜੈਤਾ ਦਿਤੀ ॥ ੧੮ ॥ ਅਰ ( ਵਿਜੈਤਾ ਥੀਂ ਇਲਾਵਾ ) ਬਹੁਤ ਸਾਰੀਆਂ ਗਨੀਮਤਾਂ ਜਿਨਹਾਂ ਉਪਰ ਏਹਨਾਂ ਲੋਗਾਂ ਨੇ ਜਾ ਕੇ ਕਬਜਾ ਕਰ ਲੀਤਾ ਅਰ ਅੱਲਾ ਸ਼ਕਤੀਵਾਨ ਅਰ ਯੁਕਤੀਵਾਨ ਹੈ ॥ ੧੯ ॥ (ਮੁਸਲਮਾਨੋਂ!) ਅੱਲਾ ਤੁਹਾਡੇ ਨਾਲ ਬਹੁਤ ਸਾਰੀਆਂ ਗਨੀਮਤਾਂ ਦਾ ਬਚਨ ਕਰ ਚੁਕਾ ਹੈ ਕਿ ਤੁਸੀਂ ਓਨਹਾਂ ਉਪਰ ਕਾਬਜ ਹੋਵੋਗੇ ਤਾਂ ਏਹ ( ਖੈਬਰ ਦੀ ਗਨੀਮਤ ) ਤੁਸਾਂ ਨੂੰ ਇਸ ਸਮੇਂ ਦਿਲਵਾ ਦਿਤੀ ਅਰ ( ਹੁਦੈਬੀਆ ਦੀ ਸੁਲਾ ਦੇ ਨਮਿਤੋਂ ਹੀ ਅਰਬ ਦਿਆਂ ) ਲੋਗਾਂ ਦੇ ਹਥ ( ਵਲਛੋ ) ਨੂੰ ਤੁਸਾਂ ਉਪਰੋਂ ਰੋਕਿਆ ( ਸੋ ਅਲਗ ) ਅਰ ( ਇਕ ) ਪਰਯੋਜਨ ਏਹ ਭੀ ਸੀ ਕਿ ਏਹ ( ਬਿਰਤਾਂਤ ਤੁਸਾਂ ) ਮੁਸਲਮਾਨਾਂ ਵਾਸਤੇ ( ਪੈਯੰਬਰਾਂ ਦੀ ਸਚਾਈ ਦੀ ਇਕ ) ਦਲੀਲ ਹੋਣ ਅਰ ( ਹੋਰ ) ਇਹ ਕਿ ਖੁਦਾ ਤੁਸਾਂ ਨੂੰ ( ਇਸਲਾਮ ਦੇ ) ਸਿਧੇ ਮਾਰਗ ਉਪਰ ਲੈ ਚਲੇ ( ਅਰ ਕੋਈ ਤੁਹਾਡੇ ਰੋਕਣ ਵਾਲਾ ਤਥਾ ਟੋਕਣ ਵਾਲਾ ਨਾ ਹੋਵੇ ) ॥ ੨੦ ॥ ਅਰ ( ਏਸ ਦੇ ਸਿਵਾ ਇਕ ਵਿਜੈਤਾ ) ਹੋਰ ( ਭੀ ਹੋਣੀ ) ਹੈ ਜਿਸ ਉਪਰ ( ਇਦਾਨੀ ਕਾਲ ਤਕ ) ਤੁਸਾਂ ਕਾਬੂ ਨਹੀਂ ਪਾਇਆ ( ਪਰੰਤੂ ) ਉਹ ਖੁਦਾ ਦੀ ( ਕੁਦਰਤ ) ਦੇ ਅੰਦਰ ਹੈ ਅਰ ਖੁਦਾ ਹਰ ਵਸਤੂ ਉਪਰ ਸਾਮਰਥ ਹੈ ॥ ੨੧ ॥ ਅਰ ਯਦੀ ਕਾਫਰ ( ਇਦਾਨੀ ਕਾਲ ਵਿਚ ) ਤੁਸਾਂ ( ਮੁਸਲਮਾਨਾਂ ) ਨਾਲ ਲੜਦੇ ਤਾਂ ਜਰੂਰ ਪਿਠ ਦੇ ਦੇ ਕੇ ਭਜਦੇ ਫੇਰ ਉਨਹਾਂ ਦਾ ਨਾ ਕੋਈ ਸਹਾਇਕ ਹੀ ਮਿਲਦਾ ਅਰ ਨਾ ਕੋਈ ਮਦਦਗਾਰ ॥ ੨੨ ॥ ( ਏਹ ) ਅੱਲਾ ਦਾ ਦਸਤੂਰ ( ਹੈ ) ਜੋ ਪਹਿਲੋਂ ਤੋਂ ਹੀ ਹੁੰਦਾ ਚਲਿਆ ਆਇਆ ਹੈ ਅਰ ( ਹੇ ਪੈਯੰਬਰ ) ਤੁਸੀਂ ਅੱਲਾ ਦੇ ਨਿਯਮਾਂ ਵਿਚ ਕਦਾਪਿ ( ਭੀ ਹੇਰ ) ਫੇਰ ( ਹੁੰਦਾ ਹੋਇਆ ) ਨਾ ਦੇਖੋਗੇ

Digitized by Panjab Digital Library | www.panjabdigilib.org

॥ ੨੩ ॥ ਅਰ ( ਮੁਸਲਮਾਨੋਂ ! ) ਉਹ ( ਖੁਦਾ ) ਹੀ ਤਾਂ ਸੀ ਜਿਸਨੇ ਠੀਕ ਮੱਕੇ ( ਸ਼ਹਿਰ ) ਵਿਚ ਤੁਸਾਂ ਨੂੰ ਕਾਫਰਾਂ ਉਪਰ ਵਿਜੇਤਾ ਦਿਤੀਆਂ ਪਿਛੋਂ ਓਹਨਾਂ ਦਿਆਂ ਹਥਾਂ ਨੂੰ ਤੁਸਾਂ ਵਲੋਂ ਰੋਕ ਦਿਤਾ ਅਰ ਤੁਸਾਡਿਆਂ ਹਥਾਂ ਨੂੰ ਓਹਨਾਂ ਉਪਰੋਂ । ਅਰ ( ਉਸ ਵੇਲੇ ) ਜੋ ਕੁਛ ਭੀ ਤੁਸੀਂ ( ਲੋਗ ) ਕਰਦੇ ਸੀ ਅੱਲਾ ( ਸਭ ) ਦੇਖ ਰਹਿਆ ਸੀ ॥ ੨੪ ॥ ( ਏਹ ਮੱਕੇ ਵਾਲੇ ) ਓਹੀ ਤਾਂ ਹਨ ਜਿਨਹਾਂ ਨੇ ਕੁਫਰ ਕੀਤਾ ਅਰ ਤੁਹਾਨੂੰ ਹਰਾਮ ਮਸਜਦ ( ਵਿਚ ਜਾਉਣ ) ਥੀਂ ਰੋਕਿਆ ਅਰ ਕੁਰਬਾਨੀ ਵਾਲਿਆਂ ਜਾਨਵਰਾਂ ਨੂੰ ਭੀ ( ਨਾ ਆਉਣ ਦਿਤਾ ) ਕਿ ( ਉਹ ਜਿਥੇ ਸਨ ਓਥੇ ਹੀ ) ਰੁਕੇ ( ਖੜੇ ) ਰਹਿ (ਗਏ) ( ਅਰ ) ਆਪਣੇ ( ਮੰਨਤ ਵਾਲੇ ) ਅਸਥਾਨ ਉਪਰ ਪਹੁੰਚਣੇ ਨਾ ਪਾਏ ਅਰ ਯਦੀ ( ਮੱਕੇ ਸ਼ਹਿਰ ਵਿਚ ) ਕੁਛ ਮੁਸਲਮਾਨ ਪੁਰਖ ਅਰ ਕੁਝ ਮੁਸਲਮਾਨ ਇਸਤ੍ਰੀਆਂ ਨਾ ਹੁੰਦੀਆਂ ਕਿ ਤੁਸੀਂ ਓਹਨਾਂ ( ਦੇ ਹਾਲ ) ਥੀਂ ਵਾਕਫ ਨਹੀਂ ਸੇ ( ਅਰ ਲੜਾਈ ਦੀ ਸੂਰਤ ਵਿਚ ) ਤੁਸੀਂ ਉਨਹਾਂ ਨੂੰ ਰੋਲ ਦੇਂਦੇ ਅਰ ਨਾਂ ਜਾਣੇ ਓਹਨਾਂ ਦੀ ਤਰਫੋਂ ਤੁਹਾਨੂੰ ਨੁਕਸਾਨ ਪਹੁੰਚ ਜਾਂਦਾ ( ਤਾਂ ਹੁਣੇ ਮੁਆਮਲਾ ਇਕ ਤਰਫ ਕਰ ਦਿਤਾ ਜਾਂਦਾ ਪਰੰਤੂ ਪਰਮਾਤਮਾਂ ਨੇ ਸੁਲਾ ਹਦੇਬੀਆ ਦੇ ਸਮੇਂ ਇਸਕਾਰਨ ਯੁਧ ਨਾ ਹੋਣ ਦਿਤਾ)ਕਿ ਖੁਦਾ ਇਸ ਸਮੇਂ ਵਿਚ ਜਿਸ ੨ ਨੂੰ ਚਾਹੇ ਆਪਣੀ ਰਹਿਮਤ ( ਅਰਥਾਤ ਦੀਨ ਇਸਲਾਮ ) ਵਿਚ ਦਾਖਲ ਕਰੇ ਯਦੀ ( ਮੱਕੇ ਦੇ ਰਹਿਣ ਵਾਲੇ ਮੁਸਲਮਾਨ ਮੱਕੇ ਵਿਚੋਂ ਕਿਧਰੇ ਨੂੰ ) ਟਲ ਗਏ ਹੁੰਦੇ ਤਾਂ ਏਹਨਾਂ ( ਮੱਕੇ ਦਿਆਂ ਨਿਵਾਸੀਆਂ ) ਵਿਚੋਂ ਜਿਸ ੨ ਨੇ ਕੁਫਰ ਕੀਤਾ ਸੰਪੂਰਨਾਂ ਨੂੰ ਹੀ ਅਸੀਂ ਭਿਆਨਕ ਕਸ਼ਟ ਦਾ ਦੰਡ ਦੇਂਦੇ ॥ ੨੫ ॥ ( ਏਹ ਓਸ ਵੇਲੇ ਦੇ ਪਰਸੰਗ ਹਨ) ਜਦੋਂ ਕਾਫਰਾਂ ਨੇ ਆਪਣੇ ਦਿਲ ਵਿਚ ਜ਼ਿਦ ਠਾਣ ਲੀਤੀ ( ਅਰ ਹਟ ਭੀ ) ਅੜਬੰਗ ( ਸਮੇਂ ) ਦੀ ਜਿਦ ਵਰਗੀ ( ਸੀ ) ਤਾਂ ਅੱਲਾ ਨੇ ਆਪਣੇ ਰਸੂਲ ਅਰ ਮੁਸਲਮਾਨਾਂ ਨੂੰ ਆਪਣੀ ਵਲੋਂ ( ਧੀਰਜ ) ਤਥਾ ( ਦਿਲੀ ) ਸ਼ਾਂਤੀ ਪਰਦਾਨ ਕੀਤੀ ਅਰ ਓਹਨਾਂ ਨੂੰ ਸੰਜਮਤਾਈ ਦੀ ਬਾਰਤਾ ਉਪਰ ਜਮਾਈ ਰਖਿਆ ਅਰ ਉਹ ਉਸ ਦੇ ਯੋਗ ਤਥਾ ਅਧਿਕਾਰੀ ਭੀ ਸਨ ਅਰ ਅੱਲਾ ਤਾਂ ਸਰਬ ਵਸਤੂਆਂ ਥੀਂ ਗਜਾਤ ਹੈ ॥ ੨੬ ॥ ਰੁਕੂਹ ੩ ॥

ਨਿਰਸੰਦੇਹ ਅੱਲਾ ਨੇ ਆਪਣੇ ਰਸੂਲ ਨੂੰ ਅਸਲ ਵਿਚ ਸਚਾ ਹੀ ਸਵਪਨ ਦਿਖਾਇਆ ਸੀ ਕਿ ਇਨਸ਼ਾਇ ਅੱਲਾ ( ਪਰਮਾਤਮਾ ਚਾਹੇ ਤਾਂ ) ਤੁਸੀਂ ( ਮੁਸਲਮਾਨ ) ਹਰਾਮ ਮਸਜਦ ਵਿਚ ਬੇ ਖੌਫ ( ਤਥਾ ਨਿਡਰ ) ਸ਼ਾਂਤੀ ਨਾਲ ਪਰਾਪਤ ਹੋ ਗਏ ( ਉਥੇ ਜਾਕੇ ) ਤੁਸੀਂ ( ਕੁਛਕੁ ਤਾਂ ) ਆਪਣਾ ਸਿਰ ਮੁੰਡਾਓਗੇ ਅਰ ( ਕੁਛਕੁ ) ਬਾਲ ਹੀ ਕਤਰਾਓਗੇ ਭਾਵ ਜਿਸ ਬਾਰਤਾ ਦੀ ਤੁਹਾਨੂੰ ਖਬਰ ਨਹੀਂ ਸੀ ਖੁਦਾ ਨੂੰ ( ਪਹਿਲੋਂ ਤੋਂ ) ਹੀ ਮਾਲੂਮ ਸੀ ਫੇਰ ( ਉਸ

Digitized by Panjab Digital Library | www.panjabdigilib.org

ਸਵਪਨ ਦਾ ਏਹ ਫਲ ਹੋਇਆ ਕਿ ) ਮੱਕੇ ਦੀ ਵਿਜੈਤਾ ਥੀਂ ਪਹਿਲਾਂ ਇਕ ਸਮੀਪੀ ਵਿਜੈਤਾ ਕਰਾ ਦਿਤੀ ॥ ੨੭ ॥ ਉਹ ( ਖੁਦਾ ) ਹੀ ( ਤਾਂ ) ਹੈ ਜਿਸ ਨੇ ਆਪਣੇ ਰਸੂਲ ( ਮੁਹੰਮਦ ) ਨੂੰ ਸਿਖਯਾ ਅਰ ਸਚਾ ਦੀਨ ਦੇਕੇ ਭੇਜਿਆ ਹੈ ਤਾ ਕਿ ਉਸ ਨੂੰ ਸੰਪੂਰਨ ਪੰਥਾਂ ਉਪਰ ਸ਼ਕਤਸ਼ਾਲੀ ਰਖੇ ਅਰ ( ਦੀਨ ਇਸ-ਲਾਮ ਦੀ ਸਚਾਈ ਦੇ ਵਾਸਤੇ ) ਖੁਦਾ ਹੀ ਗਵਾਹ ਬਸ ਕਾਫੀ ਹੈ ॥ ੨੮ ॥ ਮੁਹੰਮਦ ਖੁਦਾ ਦੇ ਭੇਜੇ ਹੋਇ ( ਪੈਗੰਬਰ ) ਹੈਂ ਅਰ ਜੋ ਲੋਗ ਉਸ ਦੇ ਸਾਥ ਹਨ ਕਾਫਰਾਂ ਦੇ ਹੱਕ ਵਿਚ ( ਤਾਂ ਓਹਨਾਂ ਦੀ ਕਸ਼ਟ ਦੇ ਬਚਨ ਵਾਸਤੇ ) ਬੜੇ ਸਖਤ ( ਹਨ ਪਰੰਤੂ ) ਆਪਸ ਵਿਚ ਕੋਮਲ ਹਿਰਦਾ। (ਹੇ ਸ੍ਰੋਤਾ) ਤੂੰ ਏਹਨਾਂ ਨੂੰ ਦੇਖੇਂਗਾ ਕਿ(ਕਦੇ) ਰੁਕੂਹ (ਝੁਕ)ਕਰ ਰਹੇ ਹਨ(ਅਰ ਕਦੇ) ਸਜਦਾ ਕਰ (ਮਥਾ ਟੇਕ)ਰਹੇ ਹਨ (ਅਰ) ਖੁਦਾ ਦੇ ਫਜ਼ਲ ਤਥਾ ਪਰਸੰਨਤਾਈ ਦੀ ਅਭਿਲਾਖਾ ਵਿਚ ਲਗੇ ਹੋਏ ਹਨ ਓਹਨਾਂ ਦੀ ਪ੍ਰੀਖਿਆ ਏਹ ਹੈ ਕਿ ਸਜਦੇ ਦੇ ਚਿਨ੍ਹ ਓਹਨਾਂ ਦਿਆਂ ਮਥਿਆਂ ਉਪਰ ਹਨ ਈਹਾ ਮਹਿਮਾਂ ਓਹਨਾਂ ਦੀ ਤੌਰਾਤ ਵਿਚ ( ਭੀ ਵਰਨਣ ) ਹੈ ਅਰ ( ਈਹਾ ) ਉਸਤਤੀ ਓਹਨਾਂ ਦੀ ਅੰਜੀਲ ਵਿਚ ਭੀ ਹੈ ( ਅਰ ਉਹ ਦਿਨੋ ਦਿਨ ਇਸੀ ਪਰਕਾਰ ਵਾਧਾ ਕਰਦੇ ਜਾਣਗੇ ) ਜੈਸੇ ਖੇਤੀ । ਕਿ ਓਸੇ ਨੇ ( ਪਹਿਲੇ ਪ੍ਰਿਥਵੀ ) ਵਿਚੋਂ ਆਪਣਾ ਅੰਕੁਰ ਨਿਕਾਲਿਆ ਫੇਰ ਉਸ ਨੇ ( ਬਨਾਸਪਤੀ ਭੋਜਨ ਨੂੰ ਮਿਟੀ ਤਥਾ ਹਵਾ ਵਿਚੋਂ ਅਹਾਰ ਕਰਕੇ ਆਪਣੇ ) ਓਸ ( ਅੰਕੁਰ ) ਨੂੰ ਬਲਵਾਨ ਕੀਤਾ ਅਤ ਏਵ ਓਹ ( ਸਨੇਂ ੨ ) ਮੋਟਾ ਹੋਇਆ ( ਏਥੋਂ ਤਕ ਕਿ ) ਅੰਤ ਨੂੰ ( ਖੇਤੀ ) ਆਪਣੀ ਨਾਲ ਉਪਰ ਸਿਧੀ ਖੜੀ ਹੋ ਗਈ ( ਅਰ ਆਪਣੀ ਪ੍ਰਫੁਲਤਾਈ ਨਾਲ ) ਲਗੀ ਕਿਰਸਾਨਾਂ ਨੂੰ ਪਰਸੰਨ ਕਰਨ ( ਅਰ ਖੁਦਾ ਨੇ ਉਨਹਾਂ ਨੂੰ ਦਿਨੋ ਦਿਨ ਵਾਧਾ ਦਿਤਾ ) ਏਸ ਵਾਸਤੇ ( ਦਿਤਾ ਹੈ ) ਕਿ ਏਹਨਾਂ (ਦੇ ਵਾਦੇ ਦੇ) ਨਾਲ ( ਤਰਸਾ ਤਰਸਾ ਕੇ ) ਕਾਫਰਾਂ ਨੂੰ ਸਾੜੇ ਏਹਨਾਂ ਵਿਚੋਂ ਜੋ ( ਸਚੇ ਦਿਲ ਨਾਲ ) ਈਮਾਨ ਧਾਰ ਬੈਠੇ ਅਰ ਓਹਨਾਂ ਨੇ ਭਲੇ ਕਰਮ ( ਭੀ ) ਕੀਤੇ ਓਹਨਾਂ ਨਾਲ ਖੁਦਾ ਨੇ ਬਖਸ਼ਸ਼ ਅਰ ਬੜਾ ਭਾਰੀ ਬਦਲੇ ਦਾ ਬਚਨ ਕਰ ਲੀਤਾ ਹੈ ॥ ੨੯ ॥ ਰੁਕੂਹ ੪ ॥

## ਸੂਰਤ ਹਜਰਾਤ ਮਦੀਨੇ ਵਿਚ ਉਤਰੀ ਅਰ ਇਸ ਦੀਆਂ ਅਠਾਰਾਂ ਆਇਤਾਂ ਅਰ ਦੋ ਰੁਕੂਹ ਹਨ।

(ਪ੍ਰਾਰੰਭ)ਅੱਲਾ ਦੇ ਨਾਮਨਾਲ(ਜੋ)ਅਤੀ ਦਿਆਲੂ(ਅਰ)ਕਿਰਪਾਲੂ (ਹੈ)। ਮੁਸਲਮਾਨੋ ! ਅੱਲਾ ਅਰ ਓਸਦੇ ਰਸੂਲ ਦੇ ਅਗੇ ਵਧ ੨ ਕੇ ਗੱਲਾਂ ਨਾ ਕੀਤਾ

Digitized by Panjab Digital Library | www.panjabdigilib.org

ਕਰੋ ਅਰ ( ਹਰ ਵੇਲੇ ) ਅੱਲਾ ਪਾਸੋਂ ਡਰਦੇ ਰਹਿਆ ਕਰੋ ( ਕਾਹੇ ਤੇ ) ਅੱਲਾ ( ਸੰਪੂਰਨਾਂ ਦੀ ) ਸੁਣਦਾ ( ਅਰ ਸਭ ਕੁਛ ) ਜਾਣਦਾ ਹੈ ॥ ੧ ॥ ਮੁਸਲਮਾਨੋ ! ਆਪਣੀ ਸੂਰਾਂ ਨੂੰ ਪੈਗੰਬਰ ਦੀ ਸੂਰ ਨਾਲੋਂ ਉਚੀ ਨਾ ਹੋਣ ਦਿਓ ਅਰ ਨਾਂ ਓਹਨਾਂ ਨਾਲ ਬਹੁਤ ਜੋਰ ਦੀ ਬਾਤ ਕਰੋ ਜੈਸੇ ਤੁਸੀਂ ( ਆਪਸ ਵਿਖ ) ਇਕ ਦੂਸਰੇ ਨਾਲ ਉਚੀ ੨ ਬੋਲਿਆ ਕਰਦੇ ਹੋ। ( ਕਿਤੇ ਐਸਾ ਨ ਹੋਵੇ ) ਕਿ ਤੁਹਾਡਾ ਕੀਤਾ ਕਤਰਿਆ ਸੰਪੂਰਨ ਅਕਾਰਥ ਹੋ ਜਾਵੇ ਅਰ ਤੁਸਾਂ ਨੂੰ ਪਤਾ ਭੀ ਨਾ ਲਗੇ ॥ ੨ ॥ ਜੋ ਲੋਗ ਖੁਦਾ ਦੇ ਰਸੂਲ ਦੇ ਰੂਬਰੂ ਆਪਣੀਆਂ ਆਵਾਜਾਂ ਨੀਵੀਆਂ ਕਰ ਲੀਤਾ ਕਰਦੇ ਹਨ ਈਹਾ ਹਨ ਜਿਨਹਾਂ ਦੇ ਦਿਲਾਂ ਨੂੰ ਖੁਦਾ ਨੇ ਸੰਜਮਤਾਈ ਵਾਸਤੇ ( ਭਲੀ ਪ੍ਰਕਾਰ ) ਜਾਚ ਲੀਤਾ ਹੈ ਏਹਨਾ ਵਾਸਤੇ ( ਆਖਰਤ ਨੂੰ ਗੁਨਾਹਾਂ ਦੀ ) ਮੁਆਫੀ ਅਰ ਬੜਾ ਬਦਲਾ ਹੈ ॥ ੩ ॥ ( ਹੇ ਪੈਗੰਬਰ ) ਜੋ ਲੋਗ ਤੁਹਾਨੂੰ ( ਤੁਹਾਡੇ ਰਹਿਣ ਵਾਲਿਆਂ ) ਹੁਜਰਿਆਂ ਦੇ ਬਾਹਰੋਂ ਅਵਾਜਾਂ ਮਾਰਦੇ ਹਨ ਏਹਨਾਂ ਵਿਚੋਂ ਪ੍ਰਾਯਾ ( ਤਾਂ ਐਸੇ ਹਨ ਜਿਨਹਾਂ ) ਨੂੰ ( ਉੱਕੀ ਪੁਕੀ ) ਅਕਲ ਹੀ ਨਹੀਂ ॥ ੪ ॥ ਅਰ ਯਦੀ ਇਹ ( ਲੋਗ ) ਇਤਨਾਂ ਸਬਰ ਕਰਦੇ ਕਿ ਤੁਸੀਂ ( ਆਪ ਹੀ ) ਹੁਜਰਿਆਂ ਵਿਚੋਂ ਨਿਕਲ ਕੇ ਏਹਨਾਂ ਦੇ ਪਾਸ ਆਉਂਦੇ ਤਾਂ ਏਹਨਾਂ ਦੇ ਹੱਕ ਵਿਚ ਬਹੁਤ ਚੰਗਾ ਹੁੰਦਾ ਅਰ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੫ ॥ ਮੁਸਲਮਾਨੋ ! ਯਦੀ ਕੋਈ ਦੁਸ਼ਟ ( ਆਤਮਾ ) ਤੁਹਾਡੇ ਪਾਸ ਕੋਈ ਖਬਰ ਲੈ ਆਵੇ ਤਾਂ ਭਲੀ ਪ੍ਰਕਾਰ ( ਓਸ ਦਾ ) ਪਰਾਮਰਸ਼ ਕਰ ਲੀਤਾ ਕਰੋ ( ਐਸਾ ਨਾ ਹੋਵੇ ) ਕਿ ਅਨਜਾਣ ਭੁਲੇਖੇ ਤੁਸੀਂ ਕਿਸੇ ਜਾਤੀ ਉਤੇ ਜਾ ਚੜ੍ਹੋ ਫੇਰ ਆਪਣੇ ਕੀਤੇ ਉਪਰ ਸ਼ਰਮਿੰਦੇ ਹੋਵੋ ॥ ੬ ॥ ਅਰ ਜਾਣਦੇ ਰਹੋ ਕਿ ਤੁਸਾਂ ਵਿਚ ਖੁਦਾ ਦਾ ਰਸੂਲ ( ਵਿਦਮਾਨ ) ਹੈ ( ਅਰ ) ਬਹੁਤ ਸਾਰੀਆਂ ਬਾਤਾਂ ( ਏਸ ਕਿਸਮ ਦੀਆਂ ਹੁੰਦੀਆਂ ) ਹਨ ਯਦੀ ਓਹ ਓਹਨਾਂ ਵਿਚ ਤੁਹਾਡਾ ਕਹਿਣਾ ਮੰਨ ਲੀਤਾ ਕਰਨ ਤਾਂ ( ਉਲਟੀ ) ਤੁਹਾਡੇ ਉਪਰ ਹੀ ਵਿਪਤੀ ਪੈ ਜਾਵੇ ਪਰੰਤੂ ( ਭਲੇ ਵਾਸਤੇ ) ਖੁਦਾ ਨੇ ਤੁਹਾਨੂੰ ਈਮਾਨ ਦੀ ਮੁਹੱਬਤ ਦੇ ਦਿਤੀ ਹੈ ਅਰ ਓਸ ਨੂੰ ਤੁਹਾਡਿਆਂ ਦਿਲਾਂ ਵਿਚ ਉੱਤਮ ਕਰ ਦਿਖਾਇਆ ਹੈ ਅਰ ਕੁਫਰ ਅਰ ਖੁਦਸਰੀ ਅਰ ਨਾਫਰਮਾਨੀ ਥੀਂ ਤੁਸਾਂ ਨੂੰ ਘਿਰਣਾ ਕਰਵਾ ਦਿਤੀ ਹੈ ਏਹੋ ਲੋਗ ਹਨ ਜੋ ਖੁਦਾ ਦੀ ਦਯਾ ਮਯਾ ਨਾਲ ਸੁਕਰਮੀ ਹਨ ॥ ੭ ॥ ਅਰ ਅੱਲਾ ਗਜਾਤ ਗੇਯ (ਅਰ) ਯੁਕਤੀਵਾਨ ਹੈ ॥ ੮ ॥ ਅਰ ਯਦੀ ( ਤੁਸਾਂ ) ਮੁਸਲਮਾਨਾਂ ਦੇ ਦੋ ਫਿਰਕੇ ਆਪਸ ਵਿਚ ਲੜ ਪੈਣ ਤਾਂ ਓਹਨਾਂ ਵਿਚ ਸਮਮਜਾ ਕਰਾ ਦਿਓ ਫੇਰ ਯਦੀ ਓਹਨਾਂ ਵਿਚੋਂ ਦਾ ਇਕ ( ਫਿਰਕਾ ) ਦੂਸਰੇ ਉਪਰ ਵਾਧਾ ਕਰੇ ਤਾਂ ਜੋ

Digitized by Panjab Digital Library | www.panjabdigilib.org

ਜ਼ਿਆਦਤੀ ਕਰਦਾ ਹੈ ( ਤੁਸੀਂ ਭੀ ) ਓਸ ਦੇ ਨਾਲ ਲੜੋ ਏਥੋਂ ਤਕ ਕਿ ਓਹ ਖੁਦਾ ਦੇ ਹੁਕਮ ਦੀ ਤਰਫ਼ ਲੋਟ ਆਵੇ । ਫੇਰ ਜਦੋਂ ਰੁਜੂ ਕਰ ਲੇ ਤਾਂ ਦੋਆਂ ਧਿਰਾਂ ਵਿਚ ਸਮਦ੍ਰਿਸ਼ਟੀ ਦੇ ਨਾਲ ਸਮਸਜਾ ਕਰਾ ਦਿਓ ਅਰ ਇਨਸਾਫ ਨੂੰ ਦ੍ਰਿਸ਼ਟੀ ਗੋਚਰ ਰਖੋ ਨਿਰਸੰਦੇਹ ਅੱਲਾ ਇਨਸਾਫ ਕਰਨ ਵਾਲਿਆਂ ਨੂੰ ਦੋਸਤ ਰਖਦਾ ਹੈ ॥ ੯ ॥ ਮੁਸਲਮਾਨ ਤਾਂ ਬਸ ( ਆਪਸ ਵਿਚ ਭਿਰਾ ) ਭਿਰਾ ਹਨ ਤਾਂ ਆਪਣਿਆਂ ਦੋ ਭਿਰਾਵਾਂ ਵਿਚ ਮੇਲ ਜੋਲ ਕਰਾ ਦਿਤਾ ਕਰੋ ਅਰ ਖੁਦਾ ( ਦੇ ਗਜ਼ਬ ) ਥੀਂ ਡਰਦੇ ਰਹੋ ਤਾ ਕਿ ( ਖੁਦਾ ਦੀ ਤਰਫੋਂ ) ਤੁਹਾਡੇ ਉਪਰ ਰਹਿਮ ਕੀਤਾ ਜਾਵੇ ॥ ੧੦ ॥ ਰੁਕੂਹ ੧ ॥

ਮੁਸਲਮਾਨੋ ! ਪੁਰਖ ਪੁਰਖਾਂ ਤਾਈਂ ਨਾ ਹੱਸਣ ਅਚਰਜ ਨਹੀਂ ਕਿ ( ਜਿਨਹਾਂ ਤਾਈਂ ਹਸਦੇ ਹੋ ) ਓਹ ( ਖੁਦਾ ਦੇ ਸਮੀਪ ) ਓਹਨਾਂ ਨਾਲੋਂ ਉੱਤਮ ਹੋਣ ਅਰ ਨਾ ਇਸਤ੍ਰੀਆਂ ਇਸਤ੍ਰੀਆਂ ਨੂੰ ( ਹਾਸੀ ਕਰਨ ) ਅਚੰਭਾ ਨਹੀਂ (ਕਿ ਜਿਨਹਾਂ ਨੂੰ ਹਸਦੀਆਂ ਹਨ) ਵੁਹ ਏਹਨਾਂ ਨਾਲੋਂ ਭਲੀਆਂ (ਭਲੇ-ਰੀਆਂ) ਹੋਣ ਅਰ ਆਪਸ ਵਿਚ ਇਕ ਦੂਸਰੇ ਨੂੰ ਤਾਨੇ ( ਮੇਹਣੇ ) ਨਾ ਦਿਓ ਅਰ ਨਾ ਇਕ ਦੂਸਰੇ ਦਾ ਨਾਮ ਧਰੋ ਈਮਾਨ ਧਾਰਿਆਂ ਪਿਛੋਂ ਬਦਤਹਜ਼ੀਬੀ ਦਾ ਨਾਮ ਹੀ ਬੁਰਾ ਹੈ ਅਰ ਜੋ ( ਏਹਨਾਂ ਕਰਤੂਤਾਂ ਥੀਂ ) ਨਾ ਹਟਣ ਤਾਂ ਵਹੀ ( ਖੁਦਾ ਦੇ ਸਮੀਪ ) ਦੁਸ਼ਟ ਹਨ ॥ ੧੧ ॥ ਮੁਸਲਮਾਨੋ ! ( ਲੋਗਾਂ ਦੀ ਨਿਸਬਤ ) ਬਹੁਤ ਸ਼ਕ ਕਰਨ ਥੀਂ ਬਚਦੇ ਰਹੋ ਕਾਹੇ ਤੇ ਕਈਕ ਸ਼ਕ ਗੁਨਾਹ ਵਿਚ ( ਦਾਖਲ ) ਹਨ । ਅਰ ਇਕ ਦੂਸਰੇ ਦੀ ਟਟੋਲ ਵਿਚ ਨਾ ਰਹਿਆ ਕਰੋ ਅਰ ਨਾ ਤੁਸਾਂ ਵਿਚੋਂ ਇਕ ਦੂਸਰੇ ਦੀ ਪਿਠ ਪਿਛੇ ਇਕ ਦੂਸਰੇ ਦੀ ਨਿੰਦਿਆ ਕਰੋ ਭਲਾ ਤੁਸਾਂ ਵਿਚੋਂ ਕੋਈ ( ਏਸ ਬਾਰਤਾ ਨੂੰ ) ਗਵਾਰਾ ਕਰੇਗਾ ਕਿ ਆਪਣੇ ਮਰੇ ਹੋਏ ਭਿਰਾ ਦਾ ਗੋਸ਼ਤ ਖਾਏ, ਇਹ ਤਾਂ ਤੁਹਾਨੂੰ ( ਕਦਾਚਿਤ ) ਗਵਾਰਾ ਨਹੀਂ ( ਤਾਂ ਗ਼ੀਬਤ ਅਰਥਾਤ ਨਿੰਦਾ ਕਿਸਤਰਾਂ ਗਵਾਰਾ ਹੋਵੇ ਕਿ ਇਹ ਭੀ ਇਕ ਤਰਹਾਂ ਦਾ ਮੁਰਦਾਰ ਖਾਣਾ ਹੈ ) ਅਰ ਅੱਲਾ ( ਦੇ ਗਜ਼ਬ ) ਪਾਸੋਂ ਡਰਦੇ ਰਹੋ । ਨਿਰਸੰਦੇਹ ਅੱਲਾ ਬੜਾ ਤੋਬਾ ਕਬੂਲ ਕਰਨ ਵਾਲਾ ਮੇਹਰਬਾਨ ਹੈ ॥ ੧੨ ॥ ਲੋਗੋ ! ਅਸਾਂ ਨੇ ਤੁਸਾਂ ( ਸਾਰਿਆਂ ) ਨੂੰ ਇਕ ਮਰਦ ( ਆਦਮ ) ਅਰ ਇਕ ਔਰਤ ( ਹੱਵਾ ) ਥੀਂ ਪੈਦਾ ਕੀਤਾ ਅਰ ( ਫੇਰ ) ਤੁਹਾਡੀਆਂ ਗੋਤਾਂ ਅਰ ਬਿਰਾਦਰੀਆਂ ਨਿਯਤ ਕੀਤੀਆਂ ਤਾ ਕਿ ਇਕ ਦੂਸਰੇ ਦੀ ਪ੍ਰੀਖਜਾ ਕਰ ਸਕੋ ( ਨਹੀਂ ਤੇ ) ਅੱਲਾ ਦੇ ਸਮੀਪ ਤੁਸਾਂ ਵਿਚੋਂ ਬੜਾ ਭਲਾਮਾਣਸ ਵਹੀ ਹੈ ਜੋ ਤੁਹਾਡੇ ਵਿਚੋਂ ਬੜਾ ਸੰਜਮੀ ਹੈ ਨਿਰਸੰਦੇਹ ਅੱਲਾ ਜਾਨਣੇ ਵਾਲਾ ਗਜਾਤਵਾਨ ਹੈ ॥ ੧੩ ॥ ਅਰਬ ਦੇ ਪੇਂਡੂ ਕਹਿੰਦੇ ਹਨ ਕਿ ਅਸੀਂ ਈਮਾਨ ਧਾਰ ਬੈਠੇ । ( ਹੇ ਪੈਯੰਬਰ

Digitized by Panjab Digital Library | www.panjabdigilib.org

ਏਹਨਾਂ ਨੂੰ ) ਕਹਿ ਦੇਵੋ ਕਿ ਤੁਸਾਂ ਈਮਾਨ ਨਹੀਂ ਧਾਰਿਆ ਹਾਂ ( ਏਸ ਤਰਹਾਂ ) ਕਹੋ ਕਿ ਅਸੀਂ ਮੁਸਲਮਾਨ ਹੋ ਗਏ ਅਰ ਈਮਾਨ ਦਾ ਤਾਂ ਅਜੇ ਤਕ ਤੁਹਾਡੇ ਦਿਲਾਂ ਵਿਚ ਸੰਚਾਰ ਤਕ ਭੀ ਨਹੀਂ ਹੋਇਆ ਅਰ ਯਦੀ ਤੁਸੀਂ ਲੋਗ ਅੱਲਾ ਅਰ ਉਸਦੇ ਰਸੂਲ ਦੇ ਹੁਕਮ ਉਪਰ ਚਲੋ ਤਾਂ ਅੱਲਾ ਤੁਹਾ- ਡਿਆਂ ਕਰਮਾਂ ( ਦੇ ਫਲਾਂ ) ਵਿਚੋਂ ਕਿਸੇ ਪਰਕਾਰ ਦੀ ਕਾਂਟ ਛਾਂਟ ਨਹੀਂ ਕਰੇਗਾ ਨਿਰਸੰਦੇਹ ਅੱਲਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੧੪ ॥ ਬਸ ( ਸਚੇ ) ਮੁਸਲਮਾਨ ਤਾਂ ਓਹ ਹਨ ਜੋ ਅੱਲਾ ਅਰ ਉਸਦੇ ਰਸੂਲ ਉਪਰ ਈਮਾਨ ਲੈ ਆਏ ਫੇਰ ( ਕਿਸੇ ਤਰਹਾਂ ਦਾ ) ਸ਼ਕ ( ਤਥਾ ਸ਼ੁਭਾ ) ਨਹੀਂ ਕੀਤਾ ਅਰ ਅੱਲਾ ਦੇ ਰਸਤੇ ਵਿਚ ਆਪਣੀ ਜਾਨ ਤਥਾ ਮਾਲ ਦੇ ਨਾਲ ਕੋਸ਼ਸ਼ ਕੀਤੀ (ਵਾਸਤਵ ਵਿਚ) ਈਹਾ ਸਚੇ (ਮੁਸਲਮਾਨ) ਹਨ ॥ ੧੫ ॥ ( ਹੇ ਪੈਗੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਕੀ ਤੁਸੀਂ ਅੱਲਾ ਨੂੰ ਆਪਣੀ ਦੀਨਦਾਰੀ ਜਿਤਲਾਂਦੇ ਹੋ ? ਹਾਲਾਂ ਕਿ ਜੋ ਕੁਛ ਆਸਮਾਨਾਂ ਵਿਚ ਹੈ ਅਰ ਜੋ ਕੁਛ ਧਰਤੀ ਵਿਚ ਹੈ ਅੱਲਾ ( ਤਾਂ ਸਭ ਕੁਛ ਹੀ ) ਜਾਣਦਾ ਹੈ ਅਰ ਅੱਲਾ ਹਰ ਵਸਤੂ ( ਦੇ ਹਾਲ ) ਥੀਂ ਗਿਆਤ ਹੈ ॥ ੧੬ ॥ ( ਹੇ ਪੈਗੰ- ਬਰ ਇਹ ਲੋਗ ) ਤੁਸਾਂ ਉਪਰ ਆਪਣੇ ਇਸਲਾਮ ਧਾਰਨ ਦਾ ਅਹਿਸਾਨ ਰਖਦੇ ਹਨ ਤੁਸੀਂ ( ਏਹਨਾਂ ਨੂੰ ) ਕਹੋ ਕਿ ਮੇਰੇ ਉਪਰ ਆਪਣੇ ਇਸਲਾਮ ( ਧਾਰਨ ) ਦਾ ਅਹਿਸਾਨ ਨਾ ਰਖੋ ਪ੍ਰਤੁਤ ਅੱਲਾ ਤੁਸਾਂ ਉਪਰ ਅਹਿਸਾਨ ਰਖਦਾ ਹੈ ਕਿ ਉਸ ਨੇ ਤੁਹਾਨੂੰ ਈਮਾਨ ਦਾ ਰਸਤਾ ਦਿਖਾਇਆ ਏਸ ਪਰ- ਤਿਗਜਾ ਉਪਰ ਕਿ ਤੁਸੀਂ ( ਇਸਲਾਮ ਦੇ ਦਾਵੇ ਵਿਚ ) ਸਚੇ ਹੋ ॥ ੧੭ ॥ ਨਿਰਸੰਦੇਹ ਅੱਲਾ ਪ੍ਰਿਥਵੀ ਆਕਾਸ਼ ਦੀਆਂ ਗੁਪਤ ( ਬਾਤਾਂ ) ਨੂੰ ਜਾਣਦਾ ਹੈ ਅਰ ਤੁਸੀਂ ਲੋਗ ਜੈਸੇ ੨ ਕਰਮ ਕਰ ਰਹੇ ਹੋ ਅੱਲਾ ਓਹਨਾਂ ਨੂੰ ਦੇਖ ਰਹਿਆ ਹੈ ॥ ੧੮ ॥ ਰੁਕੂਹ ੨ ॥

## ਸੂਰਤ ਕ਼ਾ ਮੱਕੇ ਵਿਚ ਉਤਰੀ ਅਰ ਇਸ ਦੀਆਂ ਪੰਤਾਲੀ ਆਇਤਾਂ ਅਰ ਤਿੰਨ ਰੁਕੂਹ ਹਨ।

(ਪ੍ਰਾਰੰਭ)ਅੱਲਾ ਦੇ ਨਾਮ ਨਾਲ(ਜੋ)ਅਤੀ ਦਿਆਲੂ(ਅਰ)ਕਿਰਪਾਲੂ(ਹੈ) ਕ਼ਾ ( ਹੇ ਪੈਗੰਬਰ ) ਕੁਰਾਨ ਮਜੀਦ ਦੀ ਸੌਗੰਧ ( ਕਿ ਤੁਸੀਂ ਸਾਡੇ ਭੇਜੇ ਹੋਏ ਪੈਗੰਬਰ ਹੋ ) ॥ ੧ ॥ ਪਰੰਤੂ ਏਹਨਾਂ ਕਾਫਰਾਂ ਨੂੰ ( ਏਸ ਗਲੋਂ ) ਅਚੰਭਾ ਹੋਇਆ ਕਿ ਇਹਨਾਂ ਹੀ ਵਿਚੋਂ ਦਾ ਇਕ ਸਭੇ ਕਰਨੇ ਵਾਲਾ ਏਹਨਾਂ ਦੇ ਪਾਸ ( ਪੈਗੰਬਰ ਬਨ ਕੇ ) ਆਇਆ ਤਾਂ ( ਏਹ ) ਕਾਫਰ ਲਗੇ

Digitized by Panjab Digital Library | www.panjabdigilib.org

ਕਹਿਣ ਕਿ ਇਹ ( ਇਕ )ਅਜਚਰਜ ਬਾਰਤਾ ਹੈ ॥ ੨ ॥ਕੀ ਜਦੋਂ ਅਸੀਂ ਮਰ ਜਾਵਾਂਗੇ ਅਰ ( ਗਲ ਸੜ ਕੇ ) ਮਿਟੀ ਹੋ ਜਾਵਾਂਗੇ ( ਤਾਂ ਸਾਨੂੰ ਕਿਆ-ਮਤ ਵਿਚ ਦੁਬਾਰਾ ਸੁਰਜੀਤ ਕਰਕੇ ਉਠਾਇਆ ਜਾਵੇਗਾ ? ) ਇਹ ਦੁਬਾਰਾ ਸੁਰਜੀਤ ਹੋਣਾ ਤਾਂ ਬਿਲਕੁਲ ( ਅਸੰਭਵ ਬੁਧੀ ਥੀਂ ) ਬਾਹਰ ਹੈ ॥ ੩ ॥ ਮੁਰਦਿਆਂ ਦੇ ਜਿਨਹਾਂ ਪਰਮਾਣੂਆਂ ਨੂੰ ਮਿਟੀ ( ਖਾਂਦੀ ਤਥਾ ) ਘਟ ਕਰ ਦੀ ਹੈ ਸਾਨੂੰ ਤਾਂ ਮਾਲੂਮ ਹੀ ਹੈ ( ਫੇਰ ਜਦੋਂ ਚਾਂਹਾਂਗੇ ਓਹਨਾਂ ਨੂੰ ਇਕਤ੍ਰ ਕਰ ਲਵਾਂਗੇ ) ਅਰ ਸਾਡੇ ਪਾਸ ਕਿਤਾਬ ( ਲੌਹ ) ਮਾਫ਼ੂਜ਼ (ਸੰਭਾਲੀ ਹੋਈ ਪੁਸਤਕ ਭੀ ਮੌਜੂਦ)ਹੈ(ਅਰ ਓਸ ਵਿਚ ਜ਼ਰਾ ਜ਼ਰਾ ਲਿਖਿਆ ਹੋਇਆ ਹੈ)॥੪॥ ਪਰੰਤੂ ਏਹਨਾਂ ਲੋਗਾਂ ਦੇ ਪਾਸ ਇਕ ਸਚੀ ਬਾਰਤਾ ਪਹੁੰਚੀ ਅਰ (ਪਹੁੰਚਦਿਆਂ ਸਾਰ ਜ਼ਿਦ ਨਾਲ ਬਿਨਾ ਸੋਚਿਆਂ ਸਮਝਿਆਂ ) ਉਸ ਨੂੰ ਝੁਠਿਆਰ ਦਿਤਾ ਤਾਂ ਉਹ ਐਸੀ ਗਲ ਵਿਚ ( ਉਲਝ ਰਹੇ ਹਨ ) ਜਿਸਦਾ ਠਿਕਾਣਾਂ ਨਹੀਂ ॥ ੫ ॥ ਕੀ ਏਹਨਾਂ ਲੋਗਾਂ ਨੇ ਆਪਣੇ ਉਪਰ ਆਸਮਾਨ ਦੀ ਤਰਫ ( ਦਰਿ-ਸ਼ਟੀ ਭਰਕੇ ) ਨਹੀਂ ਦੇਖਿਆ ਕਿ ਅਸਾਂ ਨੇ ਉਸ ਨੂੰ ਕੈਸਾ ਬਨਾਇਆ ਅਰ ( ਨਛੱਤ੍ਰਾਂ ਨਾਲ ) ਉਸ ਨੂੰ ਸਜਾਇਆ ਅਰ ਉਸ ਵਿਚ ਕਿਤੇ ਤੇੜ ( ਦਾ ਨਾਮ ) ਨਹੀਂ ॥ ੬ ॥ ਅਰ ਪ੍ਰਿਥਵੀ ਨੂੰ ਅਸਾਂ ਨੇ ਫੈਲਾਇਆ ਅਰ ਓਸ ਦੇ ਅੰਦਰ ਭਾਰੀ ਬੋਝ ਵਾਲੇ ਪਰਬਤ ਫੈਲਾ ਦਿਤੇ ਅਰ ਸਭ ਪਰਕਾਰ ਦੀਆਂ ਸੁੰਦਰ ਵਸਤੂਆਂ ਓਸ ਵਿਚ ਉਗਾਈਆਂ ॥ ੭ ॥ ਤਾ ਕਿ ਜਿਤਨੇ ਬੰਦੇ ( ਸਾਡੀ ਤਰਫ ) ਆਉਣ ਵਾਲੇ ਹਨ ( ਉਹ ਸਾਡੀ ਕੁਦਰਤ ਦਾ ਤਮਾਸ਼ਾ ) ਦੇਖਣ ਅਰ ਸਿਖਿਆ ਪਾਉਣ ॥ ੮ ॥ ਅਰ ਅਸਾਂ ਨੇ ਆਕਾਸ਼ ਵਿਚੋਂ ਬਰਕਤ ਦਾ ਪਾਣੀ ਉਤਾਰਿਆ ਅਰ ( ਆਪਣਿਆਂ ) ਬੰਦਿਆਂ ਨੂੰ ਰੋਜ਼ੀ ਦੇਣ ਵਾਸਤੇ ਓਸ ( ਪਾਣੀ ) ਦਵਾਰਾ ਬਾਗ ਉਗਾਏ ॥ ੯ ॥ ਅਰ ਖੇਤੀ ਦਾ ਅਨਾਜ ਅਰ ਲੰਬੀਆਂ ਲੰਬੀਆਂ ਖਜੂਰਾਂ ਜਿਨਹਾਂ ਦੀਆਂ ਗੋਲਾਂ ਖੂਬ ਗੁਥੀਆਂ ਹੋਈਆਂ ਹੁੰਦੀਆਂ ਹਨ ॥ ੧੦ ॥ ਅਰ (ਹੋਰ) ਅਸਾਂ ਨੇ ਬਰਖਾ ਦਵਾਰਾ ਮਰੀ ਹੋਈ ( ਅਰਥਾਤ ਬੰਜਰ ਪੜੀ ਹੋਈ ) ਬਸਤੀ ਨੂੰ ਸੁਰਜੀਤ ਕਰ ਉਠਾਇਆ ਇਸੀ ਪਰਕਾਰ ( ਕਿਆਮਤ ਦੇ ਦਿਨ ਲੋਗਾਂ ਨੂੰ ਕਬਰਾਂ ਵਿਚੋਂ ) ਨਿਕਸਨਾ ਹੋਵੇਗਾ ॥ ੧੧ ॥ ਏਹਨਾਂ ( ਲੋਗਾਂ ) ਨਾਲੋਂ ਪਹਿਲੇ ਨੂਹ ਦੀ ਜਾਤੀ ਨੇ ( ਪੈਗੰਬਰਾਂ ਨੂੰ ) ਝੁਠਾਰਿਆ ਅਰ ਖੰਦਕ ਵਾਲਿਆਂ ਨੇ ਅਰ ਸਮੂਦ ਨੇ ॥ ੧੨ ॥ ਅਰ ਆਦ ਨੇ ਅਰ ਫਰਊਨ ਨੇ ਅਰ ਲੂਤ ਦੀ ਜਾਤੀ ਨੇ ॥ ੧੩ ॥ ਅਰ ਬਨ ਦੇ ਰਹਿਣ ਵਾਲਿਆਂ ਨੇ ਅਰ ਤੁਬਾ ਦੇ ਲੋਗਾਂ ਨੇ ( ਏਹਨਾਂ ) ਸਾਰਿਆਂ ਨੇ ਹੀ ( ਆਪੋ ਆਪਣੇ ) ਪੈਗੰਬਰਾਂ ਨੂੰ ਝੁਠਲਾਇਆ ਤਾਂ ਸਾਡਾ ਬਚਨ ( ਕਸ਼ਟ ਓਹਨਾਂ ਵਾਸਤੇ ) ਪੂਰਾ ਹੋਇਆ

Digitized by Panjab Digital Library | www.panjabdigilib.org

॥ ੧੪ ॥ ਕੀ ਅਸੀਂ ਅਵਲ ( ਬਾਰ ) ਪੈਦਾ ਕਰਨ ਵਿਚ ਥਕ ਗਏ ( ਕਿ ਪਰਲੋ ਵਿਚ ਦੂਜੀ ਵਾਰੀ ਪੈਦਾ ਨਹੀਂ ਕਰ ਸਕਾਂਗੇ ? ਨਹੀਂ ) ਪ੍ਰਤਯੁਤ ( ਅਸਲ ਬਾਰਤਾ ਏਹ ਹੈ ਕਿ ) ਏਹ ਲੋਗ ( ਖਿਲਾਫ ਆਦਤ ) ਮੁੜ ਥੀਂ ਪੈਦਾ ਕਰਨ ਦੀ ਤਰਫੋਂ ਭਰਮ ਵਿਚ ( ਪੜੇ ) ਹੋਏ ਹਨ ॥ ੧੫ ॥ ਰੁਕੂਹ ॥ ੧ ॥

ਅਰ ਨਿਰਸੰਦੇਹ ਅਸਾਂ ਨੇ ਹੀ ਇਨਸਾਨ ਨੂੰ ਉਤਪਤ ਕੀਤਾ ਅਰ ਅਸੀਂ ਓਸ ਦੀਆਂ ਚਿਤ ਬ੍ਰਿਤੀਆਂ ਨੂੰ ਭੀ ਜਾਣਦੇ ਹਾਂ ਅਰ ਅਸੀਂ ( ਉਸ ਦੀ ) ਸਵਾਸ ਵਾਹਿਕ ਨਸ ਥੀਂ ਭੀ ਅਧਿਕ ਉਸ ਦੇ ਸਮੀਪ ਹਾਂ ( ਪਰੰਤੂ ਓਸ ਦੀਆਂ ਅਖੀਆਂ ਉਪਰ ਗਫਲਤ ਦਾ ਪਟਲ ਛਾ ਗਇਆ ਹੈ) ॥ ੧੬ ॥ ਕਿ ਦੋ ਜ਼ਬਤ ਕਰਨੇ ਵਾਲੇ ( ਅਰਥਾਤ ਚਿਤ੍ਰ ਗੁਪਤ ਫਰਿਸ਼ਤੇ ਓਸ ਦੀਆਂ ਬਾਤਾਂ ) ਜ਼ਬਤ ( ਅਰਥਾਤ ਕਲਮ ਬੰਦ ) ਕਰਦੇ ਜਾਂਦੇ ਹਨ ( ਇਕ ) ਸਜੇ ਪਾਸੇ ਬੈਠਾ ਹੈ ਇਕ ਖਬੇ ਪਾਸੇ ॥ ੧੭ ॥ ਕੋਈ ਬਾਰਤਾ ਮੂੰਹੋਂ ਨਹੀਂ ਨਿਕਲਨੀ ਪਉਂਦੀ ਪਰੰਤੂ ਇਕ ਚੌਂਕੀਦਾਰ ਉਸ ਦੇ ਪਾਸ ( ਲਿਖਣ ) ਵਾਸਤੇ ਤਿਆਰ ( ਰਹਿੰਦਾ ) ਹੈ ॥ ੧੮ ॥ ਅਰ ਮੌਤ ਦੀ ਮੂਰਛਾ ਤਾਂ ਜਰੂਰ ਹੀ ਆ ਕੇ ਰਹੇਗੀ ( ਅਰ ਅਸੀਂ ਓਸ ਵੇਲੇ ਆਦਮੀ ਨੂੰ ਜਿਤਾ ਦੇਵਾਂਗੇ ਕਿ ) ਯਹੀ ਤਾਂ ਵੁਹ ( ਦਿਸ਼ਾ ) ਹੈ ਜਿਸ ਪਾਸੋਂ ਤੂੰ ਨਠਦਾ ਭਜਦਾ ਸੈਂ ॥ ੧੯ ॥ ਅਰ ( ਪ੍ਰਲੈ ਦੇ ਦਿਨ ) ਨਰਸਿੰਘਾ ਬਜਾਇਆ ਜਾਵੇਗਾ ਈਹਾ ਓਹ ਦਿਨ ਹੋਵੇਗਾ ( ਜਿਸ ਥੀਂ ਲੋਗਾਂ ਨੂੰ ) ਡਰਾਇਆ ਜਾਂਦਾ ਹੈ ॥ ੨੦ ॥ ਅਰ ਸਰਬ ਪੁਰਖ ( ਕਰਮਾਂ ਦੇ ਜਵਾਬ ਦੇਣ ਵਾਸਤੇ ) ਹਾਜਰ ਹੋਵੇਗਾ ( ਇਕ ਫਰਿਸ਼ਤਾ ਤਾਂ ) ਉਸ ਦੇ ਨਾਲ ਧਕੇਲਣੇ ਵਾਲਾ ਹੋਵੇਗਾ ਅਰ ( ਇਕ ਫਰਿਸ਼ਤਾ ਉਸ ਦਾ ਕਰਮ ਪੱਤਰ ਲੀਤਾ ਹੋਇਆ ਉਸ ਦੇ ਕਰਮਾਂ ਦਾ ) ਗਵਾਹ ॥ ੨੧ ॥ ( ਅਰ ਅਸੀਂ ਉਸ ਨੂੰ ਜਿਤਾ ਦੇਵਾਂਗੇ ) ਕਿ ਤੂੰ ਏਸ ( ਦਿਨ ) ਥੀਂ ਅਚਣ ਚੇਤ ਰਹਿਆ ਤਾਂ ( ਜੋ ਪਟਲ ਤੇਰੀਆਂ ਅੱਖੀਆਂ ਉਪਰ ਪੜਿਆ ਸੀ ਹੁਣ ) ਅਸਾਂ ਨੇ ਤੇਰੇ ( ਓਸ ) ਪਰਦੇ ਨੂੰ ਤੇਰੇ ਉਪਰੋਂ ਹਟਾ ਦਿਤਾ ਤਾਂ ਅਜ ਤੇਰੀ ਦ੍ਰਿਸ਼ਟੀ ਬੜੀ ਤੀਬ੍ਰ ( ਪਰਤੀਤ ਹੁੰਦੀ ) ਹੈ ॥ ੨੨ ॥ ਅਰ ਉਸਦਾ ਸਾਥੀ ( ਜੋ ਗਵਾਹੀ ਦੇਣ ਆਇਆ ਹੈ ) ਬੇਨਤੀ ਕਰੇਗਾ ਕਿ ( ਏਸ ਦਾ ਅਮਾਲ ਨਾਮਾ ) ਜੋ ਮੇਰੇ ਪਾਸ ( ਲਿਖਿਆ ਹੋਯਾ ) ਹੈ ਓਹ ਤਾਂ ਏਹ ( ਵਿਦਮਾਨ ) ਹੈ ॥ ੨੩ ॥ ( ਏਸ ਗਲੋਂ ਅਸੀਂ ਆਪਣਿਆਂ ਦੇ ਚੋਬਦਾਰਾਂ ਅਰਥਾਤ ਫਰਿਸ਼ਤਿਆਂ ਨੂੰ ਹੁਕਮ ਦੇਵਾਂਗੇ ਕਿ ) ਜਿਤਨੇ ਕਾਫਰ ਮਨਮੁਖ ॥ ੨੪ ॥ ਨੇਕੀ ਥੀਂ ਰੋਕਣੇ ਵਾਲੇ ( ਹਦ ) ਥੀਂ ਧੇ ਹੋਏ ( ਦੀਨ ਵਿਚ ) ਸੰਭ੍ਰਮ ਉਤਪਤ ਕਰਨੇ ਵਾਲੇ ਹਨ ॥ ੨੫ ॥ ਜੋ

Digitized by Panjab Digital Library | www.panjabdigilib.org

ਅੱਲਾ ਦੇ ਨਾਲ ਅਨਜਾ ( ੨ ) ਮਬੂਦ ਨਿਯਤ ਕੀਤਾ ਕਰਦੇ ਸਨ ਹੁਣ ( ਸਾਰਿਆਂ ਨੂੰ ਲੈ ਜਾਕੇ ) ਜਹੰਨਮ ਵਿਚ ਝੋਕ ਦਿਓ ਅਰ ਏਸ ( ਮੁਜ-ਰਮ ) ਨੂੰ ਭੀ ਸਖਤ ਕਸ਼ਟ ਵਿਚ ( ਲੈ ਜਾਕੇ ) ਸਿਟ ਦਿਓ ॥ ੨੬ ॥ ( ਫੇਰ ) ਉਸ ਦਾ ਸਾਥੀ ( ਸ਼ੈਤਾਨ ) ਬੇਨਤੀ ਕਰੇਗਾ ਕਿ ਹੇ ਸਾਡੇ ਪਰਵਰਦਿਗਾਰ ਮੈਂ ਤਾਂ ਏਸ ਨੂੰ ਮਨਮੁਖ ਨਹੀਂ ਬਨਾਇਆ ਪ੍ਰਤੁਤ ਏਹ ( ਆਪ ਹੀ ) ਪਰਲੇ ਦਰਜੇ ਦੀ ਕੁਮਾਰਗਤਾਈ ਵਿਚ ( ਪੜਿਆ ਹੋਇਆ ) ਸੀ ॥ ੨੭ ॥ ( ਏਸ ਗਲੋਂ ਖੁਦਾ ) ਫੁਰਮਾਏਗਾ ਕਿ ਸਾਡੇ ਸਨਮੁਖ ( ਐਸੇ ਰਗੜੇ ) ਝਗੜੇ ( ਦੀਆਂ ਬਾਤਾਂ ) ਨਾਂ ਕਰੋ ਅਰ ਅਸੀਂ ਤਾਂ ਤੁਹਾਨੂੰ ਪਹਿਲੋਂ ਤੋਂ ਹੀ ( ਆਪਣੇ ਕਸ਼ਟ ਦਾ ) ਡਰ ਸੁਨਵਾ ਚੁਕੇ ਸਾਂ ॥ ੨੮ ॥ ਸਾਡੇ ਏਥੇ ( ਜੋ ਇਕ ) ਬਾਰਤਾ ( ਨਿਯਤ ਹੋ ਜਾਂਦੀ ਹੈ ਫੇਰ ) ਨਹੀਂ ਬਦਲੀ ਜਾਂਦੀ ਅਰ ਅਸੀਂ ਤਾਂ ਬੰਦਿਆਂ ਉਪਰ ਜਰਾ ਭਰ ਭੀ ਜੁਲਮ ਨਹੀਂ ਕਰਦੇ ॥ ੨੯ ॥ ਰੁਕੂਹ ੨ ॥

ਉਸ ਦਿਨ ਅਸੀਂ ਨਰਕ ਪਾਸੋਂ ਪੁਛਾਂਗੇ ਕਿ ਤੂੰ ( ਨਾਰਕੀਆਂ ) ਥੀਂ ਭਰਪੂਰ ਹੋ ਗਇਆ ( ਅਥਵਾ ਨਹੀਂ ? ) ਵੁਹ ਬੇਨਤੀ ਕਰੇਗਾ ਕਿ ਕੁਛ ਹੋਰ ਭੀ ਹੈ ? ॥ ੩੦ ॥ ਅਰ ਸਵਰਗ ( ਐਡਾ ) ਸੰਜਮੀਆਂ ਦੇ ਸਮੀਪ ਲੈ ਆਂਦਾ ਜਾਵੇਗਾ ( ਕਿ ਕੁਛ ਭੀ ) ਫਾਸਲਾ ਨਾ ਹੋਵੇਗਾ ॥ ੩੧ ॥ ਈਹਾ ਤਾਂ ਓਹ ( ਸਵਰਗ ) ਹੈ ਜਿਸ ਦੀ ਤੁਸਾਂ ਵਿਚੋਂ ਹਰ ਇਕ ( ਖੁਦਾ ਦੀ ਤਰਫ ) ਰਜੂ ਕਰਨ ਵਾਲੇ ( ਹਕੂਕ ਦੀ ) ਰਕਸ਼ਾ ਕਰਨ ਵਾਲੇ ਦੇ ਵਾਸਤੇ ਪਰਤਿਗਜਾ ਕੀਤੀ ਜਾਂਦੀ ਹੈ ॥ ੩੨ ॥ ਜੋ ਪੁਰਖ ਬਿਨਾ ਦੇਖਿਆਂ ( ਖੁਦਾਇ ) ਰਹਿਮਾਨ ਪਾਸੋਂ ਡਰਦਾ ਰਹਿਆ ਅਰ ਮਨ ਮੋਹਿਆ ਹੋਇਆ ਲੈ ਕੇ ਹਾ-ਜਰ ਹੋਇਆ ॥ ੩੩ ॥ ( ਅਸੀਂ ਐਸਿਆਂ ਲੋਗਾਂ ਨੂੰ ਫਰਮਾਵਾਂਗੇ ) ਕਿ ਸਲਾਮਤੀ ਦੇ ਨਾਲ ਏਸ ( ਸਵਰਗ ) ਵਿਚ ਜਾ ਪਰਾਪਤ ਹੋਵੋ ਕਿ ਈਹਾ ਤਾਂ ਸਦੇਵ ਰਹਿਣ ਦਾ ਦਿਨ ਹੈ ( ਜੋ ਏਥੋਂ ਰਹਿਆ ਸੋ ਰਹਿਆ ) ॥ ੩੪ ॥ ਸਵਰਗ ਵਿਚ ਏਹਨਾਂ ਲੋਗਾਂ ਨੂੰ ਜੋ ਚਾਹੁਣਗੇ ਮਿਲੇਗਾ ਅਰ ਸਾਡੇ ਦਰ-ਬਾਰ ਵਿਚ ( ਤਾਂ ਏਸ ਥੀਂ ਭੀ ਕਈ ) ਗੁਣਾਂ ਅਧਿਕ ( ਮੌਜੂਦ ) ਹੈ ॥ ੩੫ ॥ ਅਰ ਇਨਾਂ ( ਮੱਕੇ ਦਿਆਂ ਕਾਫਰਾਂ ) ਦੇ ਪਹਿਲੋਂ ਅਸਾਂ ਨੇ ਕਿਤਨੀਆਂ ਉਮਤਾਂ ਰੁਲਾ ਕੇ ਮਾਰੀਆਂ ਕਿ ਉਹ ਏਹਨਾਂ ਨਾਲੋਂ ਬਲ ਬੋਤੇ ਵਿਚ ਕਈ ਗੁਣਾਂ ਵਧ ਕੇ ਸਨ ਤਾਂ ( ਜਦੋਂ ਓਹਨਾਂ ਉਪਰ ਕਸ਼ਟ ਉਤਰਿਆ ਤਾਂ ) ਓਹਨਾਂ ਨੇ ਸੰਪੂਰਣ ਸ਼ਹਿਰਾਂ ਨੂੰ ਛਾਨ ਮਾਰਿਆ ਕਿ ਕਿਤੇ ਭਜਣ ਦਾ ਠਿਕਾਣਾ ਭੀ ਹੈ ? ॥ ੩੬ ॥ ਜੋ ਸਾਹਿਬ ਦਿਲ ਹੈ ਕਿੰਬਾ ਕੰਨ ਧਰਕੇ ਦਿਲ ਨੂੰ ਹਾਜਰ ਕਰਕੇ ( ਬਾਰਤਾ ਨੂੰ ) ਸੁਣਦਾ ਹੈ ਉਸ ਦੇ

Digitized by Panjab Digital Library | www.panjabdigilib.org

ਵਾਸਤੇ ਤਾਂ ਏਹਨਾਂ ਬਾਤਾਂ ਵਿਚ (ਅਵਸ਼) ਸਿਖ੍ਯਾ ਹੈ ॥ ੩੭ ॥ ਅਰ ਅਸਾਂ ਨੇ ਅਕਾਸ਼ ਅਰ ਪ੍ਰਿਥਵੀ (ਨੂੰ) ਅਰ ਜੋ ਵਸਤਾਂ ਅਕਾਸ਼ ਅਰ ਪ੍ਰਿਥਵੀ ਵਿਚ ਹਨ ਓਹ(ਸਾਰੀਆਂ) ਛਿਆਂ ਦਿਨਾਂ ਵਿਚ ਬਨਾ ਖੜੀਆਂ ਕੀਤੀਆਂ ਅਰ ਥਕੇਵਾਂ ਸਾਡੇ ਨੇੜੇ ( ਭੀ ) ਨਾ ਆਇਆ ॥ ੩੮ ॥ ਤਾਂ ( ਹੇ ਪੈਯੰਬਰ ) ਜੈਸੀਆਂ ੨ ਬਾਤਾਂ ( ਇਹ ਮੁਨਕਰ ) ਕਹਿੰਦੇ ਓਹਨਾਂ ਉਪਰ ਸਬਰ ਕਰੋ ਅਰ ਸੂਰਯ ਉਦੇ ਹੋਣ ਥੀਂ ਪਹਿਲਾਂ ਅਰ ( ਉਸ ਦੇ ) ਅਸਤ ਹੋਣ ਥੀਂ ਪਹਿਲਾਂ ਆ-ਪਣੇ ਪਰਵਰਦਿਗਾਰ ਦੀ ਉਸਤਤੀ ਦੇ ਨਾਲ ( ਉਸ ਦੀ) ਮਹਿਮਾਂ (ਵਰਣਨ) ਕਰੋ ॥ ੩੯ ॥ ਅਰ ਰਾਤ੍ਰੀ ਵਿਚ ( ਭੀ ਥੋਹੜੀ ਦੇਰ ) ਉਸ ਦੀ ਉਸਤਤੀ ਕੀਤਾ ਕਰੋ ਅਰ ਨਮਾਜ਼ਾਂ ਦੇ ਪਿਛੋਂ (ਭੀ) ॥ ੪੦ ॥ ਅਰ ( ਹੇ ਪੈਯੰਬਰ ਦਿਲ ਦਿਆਂ ਕੰਨਾਂ ਨਾਲ ) ਸੁਣ ਲਓ ਕਿ ਜਿਸ ਦਿਨ ( ਮੁਰਦਿਆਂ ਦਾ ) ਪੁਕਾ-ਰਨੇ ਵਾਲਾ ( ਫਰਿਸ਼ਤਾ ਅਸਰਾਫੀਲ ) ਪਾਸੇ ਪਾਸ ( ਸੰਪੂਰਨਾਂ ਨੂੰ ) ਅਵਾਜ਼ਾਂ ਮਾਰੇਗਾ ( ਕਿ ਉਠੋ ) ॥ ੪੧ ॥ ਜਿਸ ਦਿਨ ( ਏਸ ਫਰਿਸ਼ਤੇ ਦੇ ) ਚਿੰਘਾਰ ਨੂੰ ( ਸਾਰੇ ਲੋਗ ) ਭਲੀ ਪਰਕਾਰ ਸੁਣ ਲੈਣਗੇ ਓਹ ਦਿਨ (ਲੋਗਾਂ ਦੇ ਕਬਰਾਂ ਵਿਚੋਂ) ਨਿਕਲਨ ਦਾ ਹੋਵੇਗਾ ॥ ੪੨ ॥ ਨਿਰਸੰਦੇਹ ਅਸੀਂ ਹੀ ਉਤਪਤ ਕਰਦੇ ਅਰ ਅਸੀਂ ਹੀ ਵਿਨਸ਼ਟ ਕਰਦੇ ਹਾਂ ਅਰ ਸਾਡੇ ਹੀ ਪਾਸੇ ਫਿਰ ( ਕਰ ਲੋਗਾਂ ਨੇ ) ਆਉਣਾ ਹੈ ॥ ੪੩ ॥ ਜਿਸ ਦਿਨ ( ਮਿਟੀ ) ਮੁਰਦਿਆਂ (ਦੀਆਂ ਲਾਸ਼ਾਂ ਉਪਰੋਂ ਹਟ ਕੇ) ਪ੍ਰਿਥਵੀ ਫਟ ਜਾਵੇਗੀ ( ਅਰ ਏਹ ਸਰਜੀਤ ਹੋ ਕੇ ਹਿਸਾਬ ਕਿਤਾਬ ਵਾਸਤੇ ) ਲਪਕਣਗੇ ਏਹ ਇਕੱਤ੍ਰ ਕਰ ਲੈਣਾ ਸਾਡੇ ਵਾਸਤੇ ( ਇਕ ) ਸੁਖੇਨ ( ਸੀ ਬਾਰਤਾ ) ਹੈ ॥ ੪੪ ॥ ( ਹੇ ਪੈਯੰਬਰ ) ਏਹ ਲੋਗ ( ਜੋ ਬਾਤਾਂ ਤੁਹਾਡੀ ਨਿਸਬਤ ) ਕਹਿੰਦੇ ਹਨ ਅਸੀਂ ਖੂਬ ਜਾਣਦੇ ਹਾਂ ਅਰ ਤੁਸੀਂ ਏਹਨਾਂ ਉਪਰ ਜਾਬਰ ( ਹਾਕਮ ਤਾਂ ਹੋ ) ਨਹੀਂ ( ਕਿ ਜੋਰ ਨਾਲ ਏਹਨਾਂ ਨੂੰ ਮੁਸਲਮਾਨ ਕਰ ਲਓ ਤੁਹਾਡਾ ) ਤਾਂ (ਏਹ ਕੰਮ ਹੈ ਕਿ ) ਜੋ ਆਦਮੀ ਸਾਡੇ ਕਸ਼ਟ ਥੀਂ ਡਰਦਾ ਹੈ ਉਸ ਨੂੰ ਕੁਰਾਨ ਸੁਣਾ ਸੁਣਾ ਕੇ ਸਗਜਾਤ ਕਰਦੇ ਰਹੋ ॥ ੪੫ ॥ ਰੁਕੂਹ ੩ ॥

## ਸੂਰਤ ਜ਼ਾਰੀਆਤ ਮੱਕੇ ਵਿਚ ਉਤਰੀ ਅਰ ਏਸ ਦੀਆਂ ਸੱਠ ਆਇਤਾਂ ਅਰ ਤਿੰਨ ਰੁਕੂਹ ਹਨ।

(ਆਰੰਭ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ਕ੍ਰਿਪਾਲੂ (ਹੈ) (ਪੌਣਾ) ਜੋ (ਬਦਲਾਂ ਨੂੰ) ਉਡਾਈ ਘੁਕਾਈ ਲਈਆਂ ਫਿਰਦੀਆਂ ॥ ੧ ॥ ਫੇਰ ( ਬਰਖਾ ਦਾ ) ਬੋਝਾ ਉਠਾਉਂਦੀਆ ॥ ੨ ॥ ਫੇਰ ਸਨੇ ਸਨੇ ਚਲਦੀਆਂ

Digitized by Panjab Digital Library | www.panjabdigilib.org

॥ ੩ ॥ ਫੇਰ ਇਕ ( ਬੜੀ ਸਹਿਕਾਰ ) ਵਸਤੂ ( ਅਰਥਾਤ ਬਰਖਾ ) ਨੂੰ ( ਪ੍ਰਿਥਵੀ ਮਾਤ੍ਰ ਉਪਰ ) ਤਕਸੀਮ਼ ਕਰਦੀਆਂ ਹਨ ॥ ੪ ॥ ( ਸਾਨੂੰ ) ਏਹਨਾਂ ( ਹੀ ਪੌਣਾਂ ) ਦੀ ਸੌਗੰਦ ਹੈ ਤੁਸਾਂ ਲੋਗਾਂ ਨਾਲ ਜੋ ( ਪ੍ਰਲੈ ਦੀ ) ਪ੍ਰਤਗਜ਼ਾ ਕੀਤੀ ਜਾਂਦੀ ਹੈ ਸਚ ਮੁਚ ਸਚ ਹੈ ॥ ੫ ॥ ਅਰ ( ਕਰਮਾਂ ਦਾ ) ਬਦਲਾ ਜ਼ਰੂਰ ਹੋਣਾ ਹੈ ॥ ੬ ॥ ਅਕਾਸ ਦੀ ਸੌਗੰਦ ਜਿਸ ਵਿਚ ( ਨਛੱਤ੍ਰਾਂ ਦੇ ਸੰਭ੍ਰਮਣ ਕਰਨ ਦੇ ਕਖਜਾਰੂਪ ) ਮਾਰਗ ਪੜੇ ਹੋਏ ਹਨ ॥ ੭ ॥ ਕਿ ਤੁਸੀਂ ਲੋਗ (ਇਕ ਐਸੀ) ਅਵਿਵਸਾਈ (ਬੇਠਕਾਨੀ)ਬਾਰਤਾ ਵਿਚ (ਪਏ) ਹਏ ਹੋ ॥ ੮ ॥ ਜਿਸ ਦੇ ਕਾਰਣ ਨਾਲ ਵਹੀ ਗੁਮਰਾਹ ਹੁੰਦਾ ਹੈ ਜੋ ( ਅ-ਨਾਦੀ ) ਕੁਮਾਰਗੀ ਹੈ ॥ ੯ ॥ ( ਏਹਨਾਂ ) ਅਟਕਲਪੱਚੂ ਦੇ ਤੀਰ ਤੁਕੇ ਚਲਾਨ ਵਾਲਿਆਂ ਦੀ ਸਤਜਾਨਾਸ ਜਾਏ ॥ ੧੦ ॥ ਜੋ ਗਫਲਤ ਵਿਚ ਭੁਲੇ ਹਏ ਹਨ ॥ ੧੧ ॥ ( ਅਰ ) ਪੁਛਦੇ ਹਨ ਕਿ ਜਜ਼ਾ ਦਾ ਦਿਨ ਕਦੋਂ ਹੋਵੇਗਾ ॥ ੧੨ ॥ ( ਏਹਨਾਂ ਨੂੰ ਕਹਿਣਾ ਚਾਹੀਦਾ ਹੈ ਕਿ ) ਓਸ ਦਿਨ ( ਹੋਵੇਗਾ ) ਜਦੋਂ ਏਹ ਲੋਗ ( ਕਬਾਬ ਦੀ ਤਰਹਾਂ ) ਅਗ ਉਤੇ ਸੇਕੇ ( ਭੁੰਨੇ ) ਜਾਣਗੇ ॥ ੧੩ ॥ ( ਅਰ ਏਹਨਾਂ ਨੂੰ ਕਹਿਆ ਜਾਵੇਗਾ ਕਿ ਹੁਣ ) ਆਪਣੇ ( ਏਸ ) ਸੇਕ ਦੇ ਸ੍ਵਾਦ ਚਖੋ ਏਹੋ ਤਾਂ ਓਹ ( ਕਸ਼ਟ ) ਹੈ ਜਿਸ ਵਾਸਤੇ ਤੁਸੀਂ ਉਤਾਉਲ ਕੀਤਾ ਕਰਦੇ ਸੀ ॥ ੧੪ ॥ ਨਿਰਸੰਦੇਹ ਸੰਜਮੀ ਪੁਰਖ ( ਸਵਰਗ ਦਿਆਂ ) ਬਾਗਾਂ ਵਿਚ ਹੋਣਗੇ ਅਰ ਚਸ਼ਮਿਆਂ ਵਿਚ ॥ ੧੫ ॥ ਖੁਦਾ ਦੇ ਅਰ ਬੰਦਾ ਲੇ ਏਹ ਲੋਗ ਏਸ ਥੀਂ ਪਹਿਲੇ ਨੇਕੋਕਾਰ ਸਨ ॥ ੧੬ ॥ ( ਇਬਾਦਤ ਵਿਚ ਮਸ਼ਗੂਲ ਰਹਿਣ ਦੇ ਕਾਰਨ ) ਰਾਤ੍ਰੀ ਨੂੰ ਬਹੁਤ ਹੀ ਘਟ ਸੌਂਦੇ ਸਨ ॥ ੧੭ ॥ ਅਰ ਪ੍ਰਭਾਤ ਵੇਲੇ ( ਆਪਣਿਆਂ ਗੁਨਾਹਾਂ ਦੀ ) ਮੁਆਫੀ ਮੰਗਿਆ ਕਰਦੇ ਸਨ ॥ ੧੮ ॥ ਅਰ ਓਹਨਾਂ ਦੇ ਮਾਲਾਂ ਵਿਚ ਹਿਸਾ ਸੀ ਓਸਦਾ ਜੋ ( ਮੂੰਹ ਪਾੜਕੇ ) ਮੰਗੇ ਅਰ ਜੋ ਸਵਾਲ ਦੀ ਸੂਰਤ ਹੋਵੇ ॥ ੧੯ ॥ ਅਰ ( ਲੋਗੋ ! ) ਨਿਸਚਾ ਧਾਰਨ ਵਾਲਿਆਂ ਵਾਸਤੇ ਪ੍ਰਿਥਵੀ ਉਪਰ ( ਖੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ਹੀ ) ਨਿਸ਼ਾਨੀਆਂ ਹਨ ॥ ੨੦ ॥ ਅਰ ਖੁਦਾ ਤੁਹਾਡੇ ਵਿਚ ( ਭੀ ) ਤਾਂ ਕੀ ਤੁਹਾਨੂੰ ਸੁਝਦਾ ਨਹੀਂ ॥ ੨੧ ॥ ਅਰ ਤੁਹਾਡੀ ਰੋਜ਼ੀ ਅਰ ਜੋ ਤੁਸਾਂ ਨਾਲ ਪ੍ਰਤਗਜ਼ਾ ਕੀਤੀ ਜਾਂਦੀ ਹੈ ( ਓਹ ਸਾਰੀ ) ਆਸਮਾਨ ਵਿਚ ਹੈ ॥ ੨੨ ॥ ਤਾਂ ਅਕਾਸ਼ ਤਥਾ ਜ਼ਮੀਨ ਦੇ ਪਰਵਰਦਿਗਾਰ ਦੀ ਸੋਗੰਦ ਕਿ ਏਹ (ਕੁਰਾਨ) ਸਚ ਮੁਚ ( ਅੱਲਾ ਦੀ ਕਲਾਮ ) ਹੈ ਜਿਸ ਤਰਹਾਂ ਕਿ ਤੁਸੀਂ ਕਲਾਮ ਕਰਦੇ ਹੋ ॥ ੨੩ ॥ ਰੁਕੂਹ ੧ ॥

( ਹੇ ਪੈਯੰਬਰ ) ਇਬਰਾਹੀਮ ਦੇ ਅਤਉੱਤਮ ਪਾਹੁਨੇ ( ਅਰਥਾਤ

Digitized by Panjab Digital Library | www.panjabdigilib.org

ਫਰਿਸ਼ਤਿਆਂ ) ਦੀ ਕਹਾਣੀ ਭੀ ਤੁਝ ਤਕ ਪਹੁੰਚੀ ਹੈ ? ॥ ੨੪ ॥ ਕਿ ਜਦੋਂ ( ਏਹ ਲੋਗ ) ਓਹਨਾਂ ਪਾਸ ਆਏ ਤਾਂ ( ਆਉਂਦਿਆਂ ਹੀ ) ਸਲਾਮ ਅਲੈਕ ਕੀਤੀ ਇਬਰਾਹੀਮ ਨੇ ਸਲਾਮ ਦਾ ਜਵਾਬ ਦਿਤਾ ( ਅਰ ਮਨ ਵਿਚ ਆਖਿਆ ਕਿ ਏਹ ) ਲੋਗ ( ਤਾਂ ਕੁਛ ) ਓਪਰੇ ( ਜਹੇ ਪ੍ਰਤੀਤ ਹੁੰਦੇ ) ਹਨ ॥ ੨੫ ॥ ਫੇਰ ਬਲਾਤਕਾਰ ਹੀ ਆਪਣੇ ਘਰ ਜਾਕੇ ( ਇਕ ) ਮੋਟਾ ਤਾਜਾ ਬੇੜਕਾ ( ਅਰਥਾਤ ਓਸ ਦਾ ਗੋਸ਼ਤ ਭੁਨਵਾ ਕੇ ਮਹਿਮਾਨਾਂ ਦੇ ਵਾਸਤੇ ) ਲੈ ਆਇ ॥ ੨੬ ॥ ਅਰ ਓਹਨਾਂ ਦੇ ਸਾਹਮਣੇ ਰਖਿਆ ਤਾਂ ( ਉਹ ਸੋਚੀਂ ਪੈ ਗਏ ਇਬਰਾਹੀਮ ਨੇ ) ਪੁਛਿਆ ਆਪ ਲੋਗ ਖਾਂਦੇ ਕਿਉਂ ਨਹੀਂ ? ॥ ੨੭ ॥ ( ਏਸ ਗਲੋਂ ਭੀ ਓਹਨਾਂ ਨੇ ਖਾਣ ਥੀਂ ਇਨਕਾਰ ਕੀਤਾ ਫਿਰ) ਤਾਂ ਇਬਰਾਹੀਮ ਓਹਨਾਂ ਪਾਸੋਂ ਜੀ ਹੀ ਜੀ ਵਿਚ ਡਰਿਆ ਓਹਨਾਂ ਨੇ ( ਏਸ ਦੀ ਏਹ ਹਾਲਤ ਦੇਖ ਕੇ ) ਕਹਿਆ ਕਿ ਤੂੰ ( ਕਿਸੇ ਪ੍ਰਕਾਰ ਦਾ ) ਭੈ ਨਾ ਕਰੀਂ ਅਰ ਓਸ ਨੂੰ ਇਕ ਹੋਣ ਹਾਰ ਪੁਤਰ ( ਅਰਥਾਤ ਇਸਹਾਕ ਦੇ ਉਤਪਤ ਹੋਣ ) ਦੀ ਖੁਸ਼ਖਬਰੀ ( ਭੀ ) ਦਿਤੀ ॥ ੨੮ ॥ ਏਹ ਸੁਣਕੇ ਇਬਰਾਹੀਮ ਦੀ ਇਸਤ੍ਰੀ ( ਸਾਰਹ ) ਬਾਤਾਂ ਕਰਦੀ ਹੋਈ ਅਗੇ ਆ ਖੜੀ ਹੋਈ ਅਰ ਆਪਣੇ ਮਥੇ (ਉਤੇ ਦੁਹੱਥੜ ਮਾਰ ਕੇ) ਪਿਟੀ ਅਰ ਲਗੀ ਕਹਿਣ ( ਪਹਿਲਾਂ ਤਾਂ) ਬਡੀ ( ਦੂਸਰੇ ) ਬੰਧਿਆ ( ਮੇਰੇ ਘਰ ਪੁਤਰ ਹੋ ਚੁਕਾ ) ॥ ੨੯ ॥ ( ਫਰਿਸ਼ਤੇ ) ਬੋਲੇ ਤੁਹਾਡੇ ਪਰਵਰਦਿਗਾਰ ਨੇ ਐਸੇ ਹੀ ਫਰਮਾਇਆ ਹੈ ( ਅਰ ) ਕੋਈ ਭ੍ਰਮ ਨਹੀਂ ਕਿ ਓਹ ਹਿਕਮਤ ਵਾਲਾ ( ਅਰ ਸਰਬ ਵਸਤੂਆਂ ਥੀਂ ) ਗਿਆਤ ਹੈ ॥ ੩੦ ॥ * ( ਏਸ ਥੀਂ ਪਿਛੋਂ ਇਬਰਾਹੀਮ ਨੇ ਫਰਿਸ਼ਤਿਆਂ ਨੂੰ ) ਪੁਛਿਆ ਕਿ ਹੇ ਭੇਜੇ ਹੋਇਓ ( ਬਾਰਗਾਹਿ ਖੁਦਾਵੰਦੀ ) ਫੇਰ ( ਏਥੇ ਆਉਣ ਨਾਲ ) ਤੁਸਾਂ ਦਾ ਕੀ ਪਰਯੋਜਨ ਹੈ ? ॥੩੧॥ ਵੁਹ-ਬੋਲੇ ਕਿ ਸਾਨੂੰ ਗੁਨਹਾਂਗਾਰ ਲੋਗਾਂ ( ਅਰਥਾਤ ਲੂਤ ਦੀ ਕੌਮ ) ਵਲ ਭੇਜਿਆ ਗਿਆ ਹੈ ॥ ੩੨ ॥ ਕਿ ਓਹਨਾਂ ਉਪਰ ਖਿੰਗਰਾਂ ਦੀ ਬਰਖਾ ਕਰੀਏ ॥ ੩੩ ॥ ਕਿ ਏਹ ( ਖਿੰਗਰ ) ਤੁਹਾਡੇ ਪਰਵਰਦਿਗਾਰ ਦੇ ਏਥੇ ਓਹਨਾਂ ਲੋਗਾਂ ਵਾਸਤੇ ਪਰਸਿੱਧ ਹੋ ਚੁਕੇ ਹਨ ਜੋ ( ਈਸ਼ਵਰੀ ਸੀਮਾਂ ਨੂੰ ) ਉਲੰਘਣ ਕਰ ਗਏ ਹਨ ॥ ੩੪ ॥ ਗਲ ਕਾਹਦੀ ( ਅੰਤ ਨੂੰ ਏਹ ਬਾਤ ਹੋਈ ਕਿ ) ਉਸ ਨਗਰੀ ਵਿਚ ਜਿਤਨੇ ਈਮਾਨ ਵਾਲੇ ਲੋਗ ਸਨ ਓਹਨਾਂ ਨੂੰ ਤਾਂ ਅਸਾਂ (ਚੁਪ ਚੁਪੀਤਿਆਂ) ਨਿਕਾਲ ਦਿਤਾ ॥ ੩੫ ॥ ਅਰ ਅਸਾਂ ਨੇ ਓਸ ( ਨਗਰੀ ) ਵਿਚ ਮੁਸਲਮਾਨਾਂ ਦੇ ਇਕ ਘਰ ਥੀਂ ਸਿਵਾ ( ਕਿ ਉਹ ਲੂਤ ਦੇ ਖਾਨ ਦਾਨ ਦੇ ਲੋਗ ਸਨ ਮੁਸਲਮਾਨਾਂ ਦਾ ਕੋਈ ਔਰ ਘਰ ) ਪਾਇਆ

*ਹੁਣ "ਕਾਲਾਫਮਾਖਤਬਕੁਮ" ਨਾਮੀ ਸਤਾਈਸਵਾਂ ਪਾਰਾ ਚਲਿਆ ।

Digitized by Panjab Digital Library | www.panjabdigilib.org

ਭੀ ਨਹੀਂ ॥ ੩੬ ॥ ਅਰ ( ਪਥਰਾਓ ਕੀਤਿਆਂ ਪਿਛੋਂ ) ਅਸਾਂ ਨੇ ਓਸ ( ਨਗਰੀ ) ਵਿਚ ਓਹਨਾਂ ਲੋਗਾਂ ਵਾਸਤੇ ਜੋ ਦਰਦਨਾਕ ਅਜ਼ਾਬ ਥੀਂ ਡਰਦੇ ਹਨ ( ਸਿਖਯਾ ਦੀ ) ਨਿਸ਼ਾਨੀ ਬਾਕੀ ਰਖੀ ( ਅਰਥਾਤ ਓਹਨਾਂ ਦੇ ਥ੍ਰੋਲੇ ) ॥ ੩੭ ॥ ਅਰ ਮੂਸਾ ( ਦੇ ਬਿਰਤਾਂਤ ) ਵਿਚ ਭੀ ( ਖ਼ੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ਨਿਸ਼ਾਨੀਆਂ ਹਨ )। ਜਦੋਂ ਅਸਾਂ ਨੇ ਉਨਹਾਂ ਨੂੰ ਸਫੁਟ ਮੋਜਜ਼ੇ ਦੇਕਰ ਫਰਊਨ ਦੀ ਤਰਫ ਭੇਜਿਆ ॥ ੩੮ ॥ ਤਾਂ ਉਸ ਨੇ ਆਪਣੇ ਬਲਬੋਤੇ ( ਦੇ ਹੰਕਾਰ ) ਵਿਚ ( ਆ ਕੇ ) ਸਰਤਾਬੀ ਕੀਤੀ ਅਰ ( ਮੂਸਾ ਦੀ ਨਿਸਬਤ ) ਕਹਿਆ ਕਿ ( ਏਹ ਤਾਂ ) ਤਾਂਤ੍ਰਕੀ ਅਥਵਾ ਉਨਮਾਦੀ ਹੈ ॥ ੩੯ ॥ ਤਾਂ ਅਸਾਂ ਨੇ ਉਸ ਨੂੰ ਅਰ ਉਸ ਦਿਆਂ ਲਸ਼ਕਰਾਂ ਨੂੰ ( ਕਸ਼ਟ ਵਿਚ ) ਧਰ ਦਬਾਇਆ ਅਰ ਉਨਹਾਂ ਨੂੰ ਦਰਿਆ ਵਿਚ ਲੈਜਾ ਕੇ ਪਟਕਾਇਆ ਅਰ ਉਸ ਨੇ ਕੰਮ ਹੀ ਐਸਾ ਕੀਤਾ ਸੀ ਕਿ ਜੋ ਸੁਣੇ ਥਰੀਂ ੨ ਕਰੇ ॥ ੪੦ ॥ ਅਰ ਆਦ ਦੀ ਕੌਮ ( ਦੇ ਹਿਲਾਕ ਹੋਣ ) ਵਿਚ ਭੀ ( ਖ਼ੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ਨਿਸ਼ਾਨੀਆਂ ਹਨ ) ਜਦੋਂ ਅਸਾਂ ਨੇ ਓਹਨਾਂ ਉਪਰ ਇਕ ਮਨਹੂਸ ਅੰਧੇਰੀ ਚਲਾਈ ॥ ੪੧ ॥ ਜਿਸ ਚੀਜ ਦੇ ਪਾਸੋਂ ਦੀ ( ਹੋ ਕੇ ) ਗੁਜਰਦੀ ਓਸ ਨੂੰ ਗਲੀ ਸੜੀ ਹਡੀ ਦੀ ਤਰਹਾਂ ( ਚੂਰ ਚੂਰ ) ਕੀਤਿਆਂ ਬਿਨਾਂ ਨਾ ਛਡਦੀ ॥ ੪੨ ॥ ਅਰ ਸਮੂਦ ( ਦੀ ਕੌਮ ਦੇ ਹਲਾਕ ਹੋਣ ) ਵਿਚ ਭੀ ( ਖ਼ੁਦਾ ਦੀ ਕੁਦਰਤ ਦੀਆਂ ਬਹੁਤ ਸਾਰੀਆਂ ਨਿਸ਼ਾਨੀਆਂ ਹਨ ) ਕਿ ਜਦੋਂ ਓਹਨਾਂ ਨੂੰ ਕਹਿ ਦਿਤਾ ਗਇਆ ਸੀ ਕਿ ਇਕ ਖਾਸ ਸਮੇਂ ਤਕ ( ਸੰਸਾਰ ਵਿਚ ) ਵੱਸੋ ਰੱਸੋ ॥ ੪੩ ॥ ਪਰੰਤੂ ਓਹਨਾਂ ਨੇ ਆਪਣੇ ਪਰਵਰਦਿਗਾਰ ਦੇ ਹੁਕਮ ਥੋਂ ਮਨਮੁਖਤਾਈ ਕੀਤੀ ਤਾਂ ਓਹਨਾਂ ਨੂੰ ਓਹਨਾਂ ਦੇ ਦੇਖਦਿਆਂ ੨ ਇਕ ਜੋਰ ਦੀ ਕੜਕ ਨੇ ਆਨ ਘੇਰਿਆ ॥ ੪੪ ॥ ਤਾਂ ( ਕਸ਼ਟ ਦੇ ਮੁਕਾਬਲੇ ਵਿਚ ) ਨਾ ਠਹਿਰ ਸਕੇ ( ਪ੍ਰਤ੍ਯੁਤ ਮਰ ਕੇ ਰਹਿ ਗਏ ) ਅਰ ਨਾ ( ਸਾਡੇ ਪਾਸੋਂ ) ਬਦਲਾ ਹੀ ਲੈ ਸਕੇ ॥ ੪੫ ॥ ਅਰ ( ਏਹਨਾਂ ਨਾਲੋਂ ) ਪਹਿਲਾਂ ( ਅਸੀਂ ) ਨੂਹ ਦੀ ਕੌਮ ਨੂੰ ( ਭੀ ਹਲਾਕ ਕਰ ਚੁਕੇ ਸਾਂ ) ਏਸ ਵਿਚ ਭ੍ਰਮ ਨਹੀਂ ਕਿ ਓਹ (ਭੀ ਬੜੇ ਹੀ) ਮਨਮੁਖਤਾਈ ਲੋਗ ਸਨ ॥ ੪੬ ॥ ਰੁਕੂਹ ੨ ॥

ਅਰ ਅਸਾਂ ਨੇ ਆਕਾਸ਼ ਨੂੰ ਆਪਣੀਆਂ ਬਾਹਾਂ ਦੇ ਬਲ ਨਾਲ ਬਣਾਇਆ ਅਰ ਅਸੀਂ ( ਬੜੀ ) ਭਾਰੀ ਸਮਰਥ ਰਖਦੇ ਹਾਂ ॥ ੪੭ ॥ ਅਰ ਅਸਾਂ ਨੇ ਹੀ ਪ੍ਰਿਥਵੀ ਨੂੰ ਬਿਛਾਇਆ ਤਾਂ (ਅਸੀਂ ਕੈਸੇ) ਚੰਗੇ ਬਛਾਉਣ ਵਾਲੇ ਹਾਂ ॥ ੪੮ ॥ ਅਰ ਸੰਪੂਰਣ ਵਸਤਾਂ ਅਸਾਂ ਨੇ ਦੋ ਪਰਕਾਰ ਦੀਆਂ ਬਣਾਈਆਂ ਤਾ ਕਿ ਤੁਸੀਂ ( ਲੋਗ ਸਾਂਸਾਰਿਕ ਪਰਬੰਧ ਵਿਚ ) ਚਿੰਤਾ ਕਰੋ

Digitized by Panjab Digital Library | www.panjabdigilib.org

॥ ੪੯ ॥ ਤਾਂ ( ਹੇ ਪੈਯੰਬਰ ਏਨਹਾਂ ਲੋਗਾਂ ਨੂੰ ਕਹਿ ਦਿਓ ਕਿ ) ਅੱਲਾ ਦੀ ਹੀ ਤਰਫ ਭਜੋ (ਅਰਥਾਤ ਓਸੇ ਦੀ ਪਨਾਹ ਲਓ) ਮੈਂ ਓਸੇ ਦੀ ਤਰਫੋਂ ਤੁਸਾਂ ਨੂੰ ( ਓਸ ਦੇ ਕਸ਼ਟ ਥੀਂ ) ਸਾਫ ਤੌਰ ਉਪਰ ਡਰਾਉਂਦਾ ਹਾਂ ॥ ੫੦ ॥ ਅਰ ਖੁਦਾ ਦੇ ਸਾਥ ਕੋਈ ਦੂਸਰਾ ਮਾਬੂਦ ਨਾ ਠਹਿਰਾਓ ਮੈਂ ਓਸ ਦੀ ਤਰਫੋਂ ਤੁਸਾਂ ਨੂੰ ( ਉਸ ਦੇ ਕਸ਼ਟ ਥੋਂ ) ਸਾਫ ਤੌਰ ਉਪਰ ਡਰਾਉਂਦਾ ਹਾਂ ॥ ੫੧ ॥ ਇਸੀ ਪ੍ਰਕਾਰ ਜੋ ਲੋਗ ਏਨਹਾਂ ਨਾਲੋਂ ਭੂਤ ਕਾਲ ਵਿਚ ਹੋ ਚੁਕੇ ਸਨ ਜਦੋਂ ੨ ਓਹਨਾਂ ਦੇ ਪਾਸ ਕੋਈ ਪੈਯੰਬਰ ਆਇਆ ਓਹਨਾਂ ਨੇ ( ਉਸ ਨੂੰ ) ਤਾਂਤ੍ਰਿਕੀ ਕਿੰਬਾ ਦੀਵਾਨਾ ਹੀ ਬਤਾਇਆ ਹੈ ॥ ੫੨ ॥ ਕੀ ਲੋਗ ਇਕ ਦੂਸਰੇ ਨੂੰ ਏਸ ਬਾਰਤਾ ਦੀ ਵਸੀਯਤ ਕਰਦੇ ਚਲੇ ਆਏ ਹਨ ਪ੍ਰਤਯੁਤ ( ਅਸਲ ਬਾਰਤਾ ਏਹ ਹੈ ਕਿ) ਏਹ (ਆਪ ਹੀ) ਸਰਕਸ਼ ਲੋਗ ਹਨ ॥੫੩॥ ਤਾਂ ( ਹੇ ਪੈਯੰਬਰ) ਏਹਨਾਂ ਦੀ ( ਕੁਝ ) ਪਰਵਾਹ ਨਾ ਕਰੋ ਕਾਹੇ ਤੇ ( ਏਹਨਾਂ ਦੇ ਕੁਫਰ ਤਥਾ ਇਨਕਾਰ ਦਾ ) ਤੁਸਾਂ ਉਪਰ ਕੋਈ ਦੋਖ ਨਹੀਂ ॥ ੫੪ ॥ ਹਾਂ ਸਿਛਾ ਦੇਂਦੇ ਰਹੋ ਕਿ ਸਿਛਾ ਦੇਣੀ ਈਮਾਨ ਵਾਲਿਆਂ ਨੂੰ ਲਾਭ ਬਖਸ਼ਦੀ ਹੈ॥੫੫॥ਅਰ ਅਸਾਂ ਨੇ ਜਿੰਨਾਂ ਅਰ ਆਦਮੀਆਂ ਨੂੰ ਏਸੇ ਕਾਰਨ ਸੇ ਉਤਪਤ ਕੀਤਾ ਹੈ ਕਿ ਸਾਡੀ ਪੂਜਾ ਕਰਨ ॥੫੬॥ ਅਸੀਂ ਓਹਨਾਂ ਪਾਸੋਂ ਕੁਛ ਰੋਜ਼ੀ ਦੇ ਤਾਂ ਅਭਿਲਾਖੀ ਹਾਂ ਨਹੀਂ ਅਰ ਨਾਂ ਇਸ ਦੇ ਅਭਿਲਾਖੀ ਹਾਂ ਕਿ ਸਾਨੂੰ ਖੁਆਉਣ ( ਪਿਆਉਣ ) ॥ ੫੭ ॥ ਅੱਲਾ ਖ਼ੁਦ ਬੜਾ ਰੋਜ਼ੀ ਦੇਣ ਵਾਲਾ ਬਲਵਾਨ ਸ਼ਕਤਸ਼ਾਲੀ ਹੈ ॥ ੫੮ ॥ ਤਾਂ ਜਿਸ ਤਰਹਾ ਏਨਹਾਂ ( ਲੋਗਾਂ ਦੇ ) ਹਮਮਸ਼ਰਬਾਂ ( ਅਰਥਾਤ ਪਹਿਲੀਆਂ ਉੱਮਤਾਂ ) ਦੇ ( ਵਾਸਤੇ ) ਪੈਮਾਨੇ ( ਨੀਯਤ ) ਸਨ ਏਹਨਾਂ ਜ਼ਾਲਿਮਾਂ ਦੇ ( ਭੀ )ਪੈਮਾਨੇ ( ਮੁਕਰਰ ) ਹਨ ( ਅਰ ਉਨ੍ਹਾਂ ਦੇ ਭਰਨ ਦੀ ਹੀ ਦੇਰ ਹੈ ) ਤਾਂ ਸਾਡੇ ਪਾਸੋਂ ਕਸ਼ਟ ਦੀ ਉਤਾਵਲ ਨਾ ਕਰਨ ॥ ੫੯ ॥ ਗਲਕੀ ਕਾਫਰਾਂ ( ਦੀ ਦਸ਼ਾ ) ਉਪਰ ਓਹਨਾਂ ਦੇ ਉਸ ( ਬੁਰੇ ) ਦਿਨ ਦੇ ਇਤਬਾਰ ਨਾਲ ਜਿਸ ਦੀ ਏਹਨਾਂ ਨਾਲ ਪਰਤਿਗਜਾ ਕੀਤੀ ਜਾਂਦੀ ਹੈ ਬੜਾ ਅਫਸੋਸ ਹੈ ॥ ੬੦ ॥ ਰੁਕੂਹ ੩ ॥

# ਸੂਰਤ ਤੂਰ ਮੱਕੇ ਵਿਚ ਉਤਰੀ ਅਰ ਇਸ ਦੀਆਂ ਉਣਿਜਾ ਆਇਤਾਂ ਅਰ ਦੋ ਰੁਕੂਹ ਹਨ।

(ਆਰੰਭ) ਅੱਲਾ ਦੇ ਨਾਮ ਨਾਲ (ਜੋ)ਅਤੀ ਦਿਆਲੂ (ਅਰ) ਕਿਰਪਾਲੂ ( ਹੈ ) ( ਹੇ ਪੈਯੰਬਰ ਸਾਨੂੰ ) ਤੂਰ ( ਪਹਾੜ ) ਦੀ ਸੋਗੰਧ ॥ ੧ ॥ ਅਰ ( ਹੋਰ ਲੋਹ ਮਹਫੂਜ ) ਪੁਸਤਕ ਦੀ ॥ ੨ ॥ ਜੋ ( ਬੜੇ ) ਚੋੜੇ ਚਕਲੇ ਕਾਗਤਾਂ

Digitized by Panjab Digital Library | www.panjabdigilib.org

ਉਪਰ ਲਿਖੀ ਹੋਈ ਹੈ ॥ ੩ ॥ ਅਰ ( ਹੋਰ ਫਰਿਸ਼ਤਿਆਂ ਦੇ ਅਸਮਾਨੀ ਕਾਬੇ ) ਬੈਤੁਲਮਾਮੂਰ ਦੀ ॥ ੪ ॥ ਅਰ ( ਹੋਰ ਆਕਾਸ ਦੀ ) ਉੱਚੀ ਛਤ ਦੀ ॥ ੫ ॥ ਅਰ ( ਹੋਰ ) ਜੋਸ਼ ਮਾਰਨੇ ਵਾਲੇ ਸਮੁੰਦਰ ਦੀ ॥ ੬ ॥ ਕਿ ਤੁਹਾਡੇ ਪਰਵਰਦਿਗਾਰ ਦਾ ਕਸ਼ਟ ( ਕਾਫਰਾਂ ਉਪਰ ) ਜਰੂਰ ਉਤਰ ਕੇ ( ਹੀ ) ਰਹੇਗਾ ॥ ੭ ॥ ਕਿਸੇ ਦੀ ਮਜਾਲ ਨਹੀਂ ਕਿ ਓਹਨੂੰ ਟਾਲ ਸਕੇ ॥ ੮ ॥ ਜਿਸ ਦਿਨ ਅਸਮਾਨ ( ਸਮੁੰਦਰ ਦੇ ਪਾਣੀ ਦੀ ਤਰਹਾਂ ) ਲਹਿਰਾਂ ਮਾਰਨ ਲਗੇ ॥੯॥ ਅਰ ਪਹਾੜ ਉੜਦੇ ੨ ਫਿਰਨ ॥ ੧੦ ॥ ਤਾਂ ਝੁਠਿਆਰਨ ਵਾਲੇ ਜੋ ਬਕਵਾਸ ਵਿਚ ਪਏ ਖੇਡ ਰਹੇ ਹਨ ਓਸ ਦਿਨ ॥ ੧੧ ॥ ਓਹਨਾਂ ਦੀ ਬੜੀ ਖਰਾਬੀ ਹੈ ॥ ੧੨ ॥ ਜਦੋਂ ਕਿ ਏਹਨਾਂ ਲੋਗਾਂ ਨੂੰ ਨਰਕਾਗਨੀ ਦੀ ਤਰਫ ਧਿੱਕ ਜੋਰੀ ਧਕੇ ਦੇ ਦੇ ਕੇ ਲੈ ਜਾਣਗੇ ॥ ੧੩ ॥ ( ਤਾਂ ਏਹਨਾਂ ਨੂੰ ਕਹਿਆ ਜਾਵੇਗਾ ਕਿ) ਯਹੀ ਉਹ ਨਰਕ ਹੈ ਜਿਸ ਨੂੰ ਤੁਸੀਂ ਮਿਥਯਾ ਕਹਿਆ ਕਰਦੇ ਸੀ ॥ ੧੪ ॥ ਤਾਂ ਕੀ ਏਹ ( ਭੀ ) ਨਜ਼ਰ ਬੰਦੀ ਹੈ ? ਅਥਵਾ ਤੁਸਾਂ ਨੂੰ ( ਅਜੇ ਭੀ ) ਨਹੀਂ ਦਿਸਦਾ ? ॥ ੧੫ ॥ ਏਸ ਵਿਚ ਵੜੋ ਫੇਰ ਸੰਤੋਖ ਕਰੋ ਅਥਵਾ ਅਸੰਤੋਖ ਕਰੋ ਤੁਸਾਡੇ ਹਕ ਵਿਚ( ਦੋਨੋਂ ਬਾਤਾਂ ) ਸਮਾਨ ਜੈਸੇ ਕਰਮ ਤੁਸੀਂ ( ਦੁਨੀਆਂ ਵਿਚ ) ਕਰਦੇ ਰਹੇ ਤੁਹਾਨੂੰ ਉਨਹਾਂ ਦਾ ਹੀ ਬਦ-ਲਾ ਦਿਤਾ ਜਾਵੇਗਾ ॥ ੧੬ ॥ ( ਰਹੇ ) ਸੰਜਮੀ ( ਓਹ ) ਨਿਰਸੰਦੇਹ ( ਸਵਰਗ ਦਿਆਂ ) ਬਾਗਾਂ ਅਰ ਖੁਸ਼ਹਾਲੀਆਂ ਵਿਚ ॥ ੧੭ ॥ ਆਪਣੇ ਪਰਵਰਦਿਗਾਰ ਦੀਆਂ ਦਿਤੀਆਂ ਹੋਈਆਂ ( ਨਿਆਮਤਾਂ ) ਦੇ ਸਵਾਦ ਲੈ ਰਹੇ ਹੋਣਗੇ ਅਰ ਉਨਹਾਂ ਦਾ ਪਰਵਰਦਿਗਾਰ ਉਨਹਾਂ ਨੂੰ ਨਰਕੀ ਕਸ਼ਟ ਤੋਂ ( ਭੀ ਰੋਮ ੨) ਬਚਾਈ ਰਖੇਗਾ ॥ ੧੮ ॥ ( ਅਰ ਉਹਨਾਂ ਨੂੰ ਆਗਜ਼ਾ ਹੋਵੇਗੀ ਕਿ ਸੰਸਾਰ ਵਿਚ ) ਜੋ ਤੁਸੀਂ ਭਲੇ ਕਰਮ ਕਰਦੇ ਰਹੇ ਉਨਹਾਂ ਦੇ ਬਦਲੇ ਵਿਚ ( ਸੁਖ ਪੂਰਵਕ ) ਤਖਤਾਂ ਉਪਰ ਜੋ ਬਰਾਬਰ ਵਿਛਾਏ ਗਏ ਹਨ ਸਰਹਾਨੇ ਲਗਾ ਲਗਾ ਕਰ ( ਬੈਠੇ ਅਰ ) ਖਾਓ ਪੀਓ ਅਰ ( ਤੁਹਾਨੂੰ ) ਰੁਚੇ ਪਚੇ ॥ ੧੯ ॥ ( ਏਹਨਾਂ ਬਾਤਾਂ ਥੋਂ ਭਿੰਨ) ਅਸੀਂ ਵਿਸਾਲਾਖੀਆਂ ਹੂਰਾਂ ਨੂੰ ਉਹਨਾਂ ਦੇ ਇਸਤ੍ਰੀਤ੍ਰ ਵਾਸਤੇ ਦੇਵਾਂਗੇ ॥ ੨੦ ॥ ਅਰ ਜੋ ਲੋਗ ਈ-ਮਾਨ ਧਾਰ ਬੈਠੇ ਅਰ ਉਨਹਾਂ ਦੀ ਉਲਾਦ ਈਮਾਨ ਦੇ ਨਾਲ ( ਸ਼ੁਭ ਕਰਮਾਂ ਵਿਚ ) ਉਨਹਾਂ ਦੀ ਪੈਰਵੀ ਕਰਦੀ ਰਹੀ ( ਯਦਯਪਿ ਕਰਮ ਵਿਚ ਉਨਹਾਂ ਪਾਸੋਂ ਕਿਸੀ ਕਦਰ ਕਸੂਰ ਭੀ ਹੋਇਆ ਹੋਵੇ ਤਥਾਪਿ ਸਵਾਰਗੀਆਂ ਦੇ ਕਾਰਨ ) ਉਨਹਾਂ ਦੀ ਔਲਾਦ ਨੂੰ ( ਭੀ ਸਵਰਗ ਵਿਚ ) ਉਨਹਾਂ ਦੇ ਪਾਸ ਲੈ ਜਾ ਪਰਾਪਤ ਕਰਾਂਗੇ ਅਰ ਸਵਾਰਗੀਆਂ ਦੇ ਸ਼ੁਭ ਕਰਮਾਂ ( ਦੇ ਬਦਲੇ ) ਵਿਚੋਂ ਕੁਛ ਭੀ ਨੂਨ ਨਹੀਂ ਕਰਾਂਗੇ ( ਅਰ ) ਸਰਬ ਪੁਰਖ ਆਪਣੇ ਕਰਮਾਂ

Digitized by Panjab Digital Library | www.panjabdigilib.org

ਦੇ ਬਦਲੇ ਵਿਚ ਗਿਰਵੀ ਹੈਂ ॥ ੨੧ ॥ ਅਰ ਜਿਸ ਮੇਵ ਤਥਾ ਮਾਂਸ ਨੂੰ ਸਵਾ- ਰਗੀਆਂ ਦਾ ਜੀ ਚਾਹੇਗਾ ਅਸੀਂ ਉਨਹਾਂ ਵਾਸਤੇ ਓਸੇ ਦੀ ਰੇਲ ਪੇਲ ਕਰ ਦੇਵਾਂਗੇ ॥ ੨੨ ॥ ( ਹਾਸੀ ਖੇਲ ਦੀ ਰੀਤੀ ਨਾਲ ) ਓਹ ਆਪਸ ਵਿਚ ਓਥੇ ( ਅਮਰਤ ) ਦੇ ਪਿਆਲੇ ਦੀ ਖੋਹਾ ਮੋਹੀ ਭੀ ਕਰਨਗੇ ਉਸ ਵਿਚ ਨਾਂ ( ਤਾਂ ਉਹ ) ਬਕਵਾਸ ਕਰਨਗੇ ਅਰ ( ਨਾਂ ਉਨਹਾਂ ਪਾਸੋਂ ) ਕੋਈ ਮੰਦ ਕਰਮ ਹੀ ਹੋਣਗੇ ॥ ੨੩ ॥ ਅਰ ( ਐਸੇ ਖ਼ੂਬਸੂਰਤ ) ਲੜਕੇ ( ਉਨਹਾਂ ਦੀ ਟਹਿਲ ਵਾਸਤੇ ) ਉਨਹਾਂ ਦੇ ਪਾਸ ਆਉਣ ਜਾਉਣਗੇ ਕਿ ਮਾਨੋਂ ਓਹ ਸੰਭਾਲ ਕੇ ਰਖੇ ਹੋਏ ਮੋਤੀ ਹਨ ॥ ੨੪ ॥ ਅਰ ਇਕ ਦੂਸਰੇ ਦੀ ਤਰਫ ਦ੍ਰਿਸ਼ਟੀ ਦੇਕੇ ਆਪਸ ਵਿਚ ਬਾਤਾਂ ਕਰਨਗੇ ॥ ੨੫ ॥ ( ਕਈ- ਕੁ ) ਕਹਿਣਗੇ ਕਿ ( ਭਾਈ ) ਅਸੀਂ ( ਏਸ ਨਾਲੋਂ ) ਪਹਿਲੇ ਆਪਣੇ ਥਾਂ ( ਬਹੁਤ ਹੀ ) ਡਰਿਆ ਕਰਦੇ ਸਾਂ ॥ ੨੬ ॥ ਤਾਂ ਖ਼ੁਦਾ ਨੇ ਸਾਡੇ ਉਪਰ ( ਬੜੀ ) ਹੀ ਦਇਆ ਕੀਤੀ ਅਰ ਸਾਨੂੰ (ਨਾਰਕੀ) ਲੰਬ ਦੇ ਕਸ਼ਟ ਥੀਂ ਬਚਾ ਲੀਤਾ ॥ ੨੭ ॥ (ਏਸ ਨਾਲੋਂ) ਪਹਿਲੇ ਅਸੀਂ ਓਸ ਪਾਸੋਂ ਦੁਆਆਂ ਮੰਗਿਆ ( ਪ੍ਰਾਰਥਨਾਂ ) ਕਰਦੇ ਸਾਂ ਨਿਰਸੰਦੇਹ ਉਹ ( ਬੜਾ ) ਦਿਆਲੂ ( ਅਰ ) ਕਿਰਪਾਲੂ ਹੈ ॥ ੨੮ ॥ ਰੁਕੂਹ ੧ ॥

( ਤਾਂ ਹੇ ਪੈਯੰਬਰ ਤੁਸੀਂ ਏਹਨਾਂ ਲੋਗਾਂ ਨੂੰ ) ਸਿਛਾ ਦੇਈ ਜਾਓ ਕਿ ਆਪਨੇ ਪਰਵਰਦਗਾਰ ਦੇ ਫ਼ਜ਼ਲ ਨਾਲ ਨਾਂ ਤਾਂ ਤੁਸੀਂ ਆਮਲ ਹੋ ( ਕਿ ਤੁਸਾਂ ਆਪਣੇ ਮੁਵਕਲ ਲਗਾ ਰਖੇ ਹਨ ਅਰ ਉਹ ਅੰਬਰੀ ਖਬਰਾਂ ਤੁਹਾਨੂੰ ਪਹੁੰਚਾ ਦੇਂਦੇ ਹਨ ) ਅਰ ਨਾਂ ਉਨਮਾਦੀ ਹੋ ॥ ੨੯ ॥ ਕੀ ( ਏਹ ਲੋਗ ਤੁਹਾਡੀ ਨਿਸਬਤ ) ਕਹਿੰਦੇ ਹਨ ਕਿ ( ਏਹ ) ਕਵੀਸ਼ਰ ਹੈ ( ਅਰ ) ਅਸੀਂ ਏਸ ਦੇ ਬਾਰੇ ਵਿਚ ਜ਼ਮਾਨੇ ਦੀ ਗਰਦਸ਼ ਦੀ ਉਡੀਕ ਕਰ ਰਹੇ ਹਾਂ ॥ ੩੦ ॥ ( ਤੁਸੀਂ ਏਹਨਾਂ ਨੂੰ ) ਕਹੋ ਕਿ ( ਬਹੁਤ ਅੱਛਾ ) ਤੁਸੀਂ ਭੀ ਉਡੀਕ ਕਰੋ ਮੈਂ ਭੀ ਤੁਹਾਡੇ ਨਾਲ ਉਡੀਕ ਕਰ ਰਹਿਆ ਹਾਂ ॥ ੩੧ ॥ ਕੀ ਏਹਨਾਂ ਦੀਆਂ ਅਕਲਾਂ ਏਹਨਾਂ ਨੂੰ ਏਹ ( ਬਾਤਾਂ ) ਸਿਖਾਉਂਦੀਆਂ ਹਨ ਅਥਵਾ ਏਹ ਲੋਗ ( ਆਪਣੇ ਸਵਭਾਵ ਨਾਲ ਹੀ ) ਦੁਸ਼ਟਾਤਮਾਂ ਹਨ ? ॥ ੩੨ ॥ ਅਥਵਾ ਕਹਿੰਦੇ ਹਨ ਕਿ ਏਸ ( ਪੁਰਖ ) ਨੇ ਕੁਰਾਨ ਆਪੋਂ ਆਪ ਬਨਾ ਲੀਤਾ ਹੈ ( ਏਹ ਤਾਂ ਏਹਨਾਂ ਦੇ ਆਪਣੇ ਮੂੰਹ ਦਾ ਕਥਨ ਹੈ ) ਪ੍ਰਤੁ- ਯੁਤ ( ਅਸਲ ਏਹ ਬਾਰਤਾ ਹੈ ਕਿ ) ਇਹ ਈਮਾਨ ਹੀ ਨਹੀਂ ਧਾਰਨਾ ਚਾਹੁੰਦੇ ॥ ੩੩ ॥ ਸੋ ਯਦੀ ( ਆਪਣੇ ਦਾਵੇ ਵਿਚ ) ਸਚੇ ਹਨ ਤਾਂ ਏਸੇ ਤਰਾਂ ਦਾ ਕਲਾਮ ( ਇਹ ਭੀ ਬਨਾ ਕੇ ) ਲੈ ਆਉਣ ॥ ੩੪ ॥ ਕੀ ਬਿਨਾਂ ਕਿਸੇ ਦੇ ਪੈਦਾ ਕੀਤਿਆਂ ( ਇਹ ਆਪੇ ਆਪ ਹੀ ) ਪੈਦਾ ਹੋ ਗਏ ਹਨ ਕਿੰਬਾ

Digitized by Panjab Digital Library | www.panjabdigilib.org

ਈਹਾ ਹੀ ( ਸ੍ਰਿਸ਼ਟੀ ਨੂੰ ) ਉਤਪਤ ਕੀਤਾ ਕਰਦੇ ਹਨ ? ॥ ੩੫ ॥ ਅਥਵਾ ਇਨਹਾਂ ਨੇ ਪ੍ਰਿਥਵੀ ਅਕਾਸ਼ ਨੂੰ ਪੈਦਾ ਕੀਤਾ ਹੈ ( ਇਨਹਾਂ ਦੀ ਤਾਂ ਕੀ ਸ਼ਕਤੀ ਸੀ ) ਪਰੰਤੂ ਇਸ ਤਰਹਾਂ ( ਕਹੋ ਕਿ ਇਹ ਲੋਗ ਖ਼ੁਦਾ ਉਪਰ ) ਨਿਸਚਾ ਹੀ ਨਹੀਂ ਧਾਰਨਾ ਚਾਹੁੰਦੇ ? ॥ ੩੬ ॥ ( ਹੇ ਪੈਯੰਬਰ ) ਕੀ ਤੁਹਾਡੇ ਪਰਵਰਦਿਗਾਰ ( ਦੀ ਰਹਿਮਤ ) ਦੇ ਖਜ਼ਾਨੇ ਇਨਹਾਂ ਦੇ ਹੀ ਕਬਜ਼ੇ ਵਿਚ ਹਨ ਅਥਵਾ ਇਹ ( ਕਿਥੇ ਦੇ ) ਹਾਕਮ ਹਨ ? ॥ ੩੭ ॥ ਅਥਵਾ ਇਨ-ਹਾਂ ਦੇ ਪਾਸ ਕੋਈ ਪੌੜੀ ਹੈ ਕਿ ਉਸ ਉਪਰ ( ਚੜ੍ਹਕੇ ਅਕਾਸ਼ ਦੀਆਂ ਬਾਤਾਂ ) ਸੁਣ ਆਇਆ ਕਰਦੇ ਹਨ ਸੋ ਯਦੀ ਏਹਨਾਂ ਵਿਚੋਂ ਕੋਈ ( ਅਕਾਸ ਦੀਆਂ ਬਾਤਾਂ ) ਸੁਣ ਆਯਾ ਕਰਦਾ ਹੋਵੇ ਤਾਂ ਉਹ ਕੋਈ ( ਸਫੁਟ ) ਪਰਤੱਖ ਸਨਦ ਪੇਸ਼ ਕਰੇ ॥ ੩੮ ॥ ਕੀ ਖ਼ੁਦਾ ਦੇ ਵਾਸਤੇ ਬੇਟੀਆਂ ਅਰ ਤੁਸਾਂ ਲੋਗਾਂ ਵਾਸਤੇ ਬੇਟੇ ? ॥ ੩੯ ॥ ਅਥਵਾ ( ਹੇ ਪੈਯੰਬਰ ) ਤੁਸੀਂ ਇਨਹਾਂ ਪਾਸੋਂ ( ਸਤ ਉਪਦੇਸ਼ ਦੀ ) ਕੁਛ ਮਜ਼ਦੂਰੀ ਮੰਗਦੇ ਹੋ ? ਕਿ ਏਹ ( ਓਸ ) ਚਟੀ ( ਦੇ ਬੋਝ ) ਨਾਲ ਦਬੇ ਜਾਂਦੇ ਹਨ ॥ ੪੦ ॥ ਅਥਵਾ ਇਨਹਾਂ ਦੇ ਪਾਸ ਗੁਪਤ ( ਵਿਦਯਾ ) ਹੈ ? ( ਕਿ ਇਨਹਾਂ ਨੂੰ ਕਹਿਆ ਜਾਵੇ ) ਤਾਂ ਇਹ ( ਉਸ ਨੂੰ ਬਿਨਾਂ ਨਿਯੂਨਾਦਿਕ ਦੇ ) ਲਿਖ ਦੇਣ ॥ ੪੧ ॥ ਅਥਵਾ ਇਨਹਾਂ ਦਾ ਸੰਕਲਪ ਕੁਛ ਧੋਖਾ ਦੇਣ ਦਾ ਹੈ ਤਾਂ ( ਇਹ ) ਕਾਫਰ ਆਪ ਹੀ ਧੋਖੇ ਵਿਚ ਹਨ ॥ ੪੨ ॥ ਅਥਵਾ ਖ਼ੁਦਾ ਦੇ ਸਿਵਾ ਇਨਹਾਂ ਦਾ ਕੋਈ ( ਹੋਰ ) ਮਾਬੂਦ ਹੈ ? ( ਤਾਂ ) ਅੱਲਾ ( ਦਾ ਸਵਰੂਪ ) ਏਹਨਾਂ ਦੇ ਸ਼ਰਕ ਥੀਂ ਨਿਰਲੇਪ ਹੈ ॥ ੪੩ ॥ ਅਰ ਯਦੀ ਕੋਈ ਅਸਮਾਨੀ ਟੁਕਰਾ ਡਿਗਦਾ ਹੋਇਆ ਦੇਖਣ ( ਤਾਂ ਭੀ ਖ਼ੁਦਾ ਦੇ ਅਜ਼ਾਬ ਥੋਂ ਨਾ ਡਰਨ ਪ੍ਰਤੁਤ ) ਕਹਿਣ ਲਗਣ ( ਕੀ ਹੋਇਆ ਏਹ ਭੀ ਇਕ ਪ੍ਰਕਾਰ ਦਾ ) ਬਦਲ ਹੈ ਜੰਮ ਕੇ ਸਖਤ ਹੋ ਗਇਆ ਹੈ ॥ ੪੪ ॥ ਤਾਂ ( ਹੇ ਪੈਯੰਬਰ ) ਏਹਨਾਂ ਨੂੰ ( ਏਹਨਾਂ ਦੀ ਹੀ ਹਾਲਤ ਉਤੇ ) ਰਹਿਣ ਦਿਓ ਏਥੋਂ ਤਕ ਕਿ ਓਹ ਦਿਨ ਏਹਨਾਂ ਦੇ ਸਾਮਣੇ ਆ ਵਿਦਮਾਨ ਹੋਵੇ ਜਦੋਂ ਕਿ ( ਸਦਮੇ ਦੇ ਮਾਰਿਆਂ ) ਏਹਨਾਂ ਨੂੰ ਮੂਰਛਾ ਆ ਜਾਵੇ ॥ ੪੫ ॥ ( ਅਰ ) ਓਸ ਦਿਨ ਏਹਨਾਂ ਦੇ ਮਕਰ ( ਤਥਾ ਫਰੇਬ ) ਏਹਨਾਂ ਦੇ ਕੁਛ ਭੀ ਕੰਮ ਨਾ ਆਉਣ ਅਰ ਨਾ ( ਕਿਤਿਓਂ ) ਏਹਨਾਂ ਨੂੰ ਮਦਦ ਮਿਲੇ ॥ ੪੬ ॥ ਅਰ ( ਏਹਨਾਂ ) ਜ਼ਾਲਿਮਾਂ ਨੂੰ ਪਰਲੈ ਦੇ ਕਸ਼ਟ ਥੀਂ ਇਲਾਵਾ ( ਸੰਸਾਰ ਵਿਚ ਹੋਰ ਭੀ ) ਕਸ਼ਟ ( ਹੋਣ ਵਾਲਾ ) ਹੈ ਪਰੰਤੂ ਏਹਨਾਂ ਵਿਚੋਂ ਅਕਸਰਾਂ ਨੂੰ ਮਲੂਮ ਨਹੀਂ ॥ ੪੭ ॥

ਅਰ ( ਹੇ ਪੈਯੰਬਰ ) ਆਪਣੇ ਪਰਵਰਦਿਗਾਰ ਦੇ ਹੁਕਮ ਦੀ ਇੰਤਜ਼ਾਰੀ ਵਿਚ ਸਬਰ ਨਾਲ ਬੈਠੇ ਰਹੋ ਕਿ ਤੁਸੀਂ ਸਾਡੀ ਨਿਗਰਾਨੀ ( ਅਰ

Digitized by Panjab Digital Library | www.panjabdigilib.org

ਹਿਫਾਜ਼ਤ) ਵਿਚ ਹੋ ਅਰ ਜਿਸ ਵਕਤ ( ਸੌਂ ਕੇ) ਉਠਿਆ ਕਰੋ (ਤਾਂ) ਆਪਣੇ ਪਰਵਰਦਿਗਾਰ ਦੀ ਉਸਤਤੀ ਦੇ ਨਾਲ ( ਓਸ ਦੀ ) ਮਹਿਮਾਂ ਕੀਤਾ ਕਰੋ ॥ ੪੮ ॥ ਅਰ ਰਾਤ੍ਰੀ ਦੇ ਇਕ ਹਿਸੇ ਵਿਚ ਭੀ ਓਸ ਦੀ ਉਸਤੁਤੀ ( ਤਥਾ ਮਹਿਮਾਂ ) ਕੀਤਾ ਕਰੋ ਅਰ ਸਤਾਰਿਆਂ ਦੇ ( ਡੁਬ ਜਾਣ ਦੇ ) ਪਿਛੋਂ ( ਭੀ ) ॥ ੪੯ ॥ ਰੁਕੂਹ ੨ ॥

# ਸੂਰਤ ਨਜਮ ਮੱਕੇ ਵਿਚ ਉਤਰੀ ਅਰ ਇਸ ਦੀਆਂ ਬਾਹਠ ਆਇਤਾਂ ਅਰ ਤਿੰਨ ਰੁਕੂਹ ਹਨ।

(ਪ੍ਰਾਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰਪਾਲੂ ( ਹੈ ) ( ਲੋਗੋ ! ਸਾਨੂੰ ਸ਼ਹਾਬ ) ਸਤਾਰੇ ਦੀ ਸੌਗੰਦ ਜਦੋਂ ਓਹ ( ਆਸਮਾਨੋਂ ) ਟੁਟਦਾ ਹੈ ॥ ੧ ॥ ਕਿ ਤੁਹਾਡੇ ਰਫੀਕ ( ਮੁਹੰਮਦ ) ਨਾਂ ਤਾਂ ( ਸੂਧੇ ਮਾਰਗੋਂ ) ਭਟਕੇ ਅਰ ਨਾ ਬਹਿਕੇ ॥ ੨ ॥ ਅਰ ਨਾ ਆਪਣੀ ਮਾਨਸਕ ਸੰਕਲਪ ਨਾਲ ਬਾਤਾਂ ਬਨਾਉਂਦੇ ਹਨ ॥ ੩ ॥ ( ਪ੍ਰਤੁਤ ) ਏਹ ( ਕੁਰਾਨ ਜੋ ਪੜ੍ਹ ਕਰ ਸੁਣਾਉਂਦੇ ਹਨ ) ਵਹੀ ( ਆਕਾਸ਼ ਬਾਣੀ ) ਜੋ ਏਹਨਾਂ ਉਪਰ ਉਤਰਦੀ ਹੈ ॥ ੪ ॥ ( ਅਰ ) ਏਹਨਾਂ ਨੂੰ ( ਜਬਰਾਈਲ ਫਰਿਸ਼ਤਾ ) ਸਿਖਸ਼ਾ ਦੇਂਦਾ ਹੈ ਜਿਸ ਦੀਆਂ (ਆਤਮਕ) ਸ਼ਕਤੀਆਂ ( ਬੜੀਆਂ ) ਸ਼ਕਤਸ਼ਾਲੀ ਹਨ ॥ ੫ ॥ ਅਰ ਓਸ ਦੀ ( ਮਾਨਸਕ ) ਸ਼ਕਤੀ ( ਭੀ ਬੜੀ ) ਬਲਵਾਨ ਹੈ ॥ ੬ ॥ ਕਿ ਜਿਸ ਸਮੇਂ ਓਹ (ਆਸਮਾਨਾਂ ਦੀ) ਇਕ ਤਰਫ ਚੰਗੀ ਉਚੀ ਜਗਾ ਵਿਚ ਸੀ ( ਆਪਣੀ ਅਸਲੀ ਸੂਰਤ ਵਿਚ) ਸਾਰੇ ਦਾ ਸਾਰਾ ( ਪੈਯੰਬਰ ਦੇ ਸਨਮੁਖ ) ਆ ਇਸਥਿਤ ਹੋਇਆ ॥ ੭ ॥ ਫੇਰ ( ਓਹਨਾਂ ਦੇ ) ਨਗੀਚ ਹੋਇਆ ॥ ੮ ॥ ਅਰ ( ਏਤਨਾਂ ਓਹਨਾਂ ਦੀ ਤਰਫ ਨੂੰ ) ਝੁਕਿਆ ਕਿ ( ਦੋਨਾਂ ਵਿਚ ) ਦੋ ਧਨਖਾਂ ਦੇ ਸਮਾਨ ਫਾਸਲਾ ਰਹਿ ਗਿਆ ਪ੍ਰਤੁਤ ( ਏਸ ਨਾਲੋਂ ਭੀ ) ਨਯੂਨ ॥ ੯ ॥ ਓਸ ਵੇਲੇ ਖੁਦਾ ਨੇ ਆਪਣੇ ਬੰਦੇ ( ਮੁਹੰਮਦ ) ਦੀ ਤਰਫ ( ਜਬਰਾਈਲ ਦਵਾਰਾ ) ਜੋ ਸੰਦੇਸਾ ਭੇਜਣਾ ਸੀ ਸੋ ਭੇਜਿਆ ॥ ੧੦ ॥ ਪੈਯੰਬਰ ਨੇ ਜੋ ਕੁਛ ਦੇਖਿਆ ਸੀ ( ਓਹਨਾਂ ਦੇ ) ਦਿਲ ਨੇ ਓਸ ਵਿਚ ਕੁਛ ਝੂਠ ਨਹੀਂ ਮਿਲਾਇਆ ॥ ੧੧ ॥ ਪੈਯੰਬਰ ਜੋ ( ਜਬਰਾਈਲ ਨੂੰ ) ਦੇਖਿਆ ਕਰਦੇ ਹਨ ਤਾਂ ਕੀ ਤੁਸੀਂ ਲੋਗ ਓਹਨਾਂ ਨਾਲ ਏਸ ਬਾਰਤਾ ਉਪਰ ਝਗੜਦੇ ਹੋ ॥ ੧੨ ॥ ਹਾਲਾਂ ਕਿ ( ਝਗੜਨ ਵਾਲੀ ਤਾਂ ਕੋਈ ਬਾਰਤਾ ਨਹੀਂ ਕਾਹੇ ਤੇ ) ਉਨਹਾਂ ਨੇ ਤਾਂ ( ਮਾਰਾਜ਼ ਦੇ ਵੇਲੇ ) ਪਰਲੀ ਹਦ ਦੇ ਸਮੀਪ ( ਵਰਤੀ ਬੇਰੀ ਬ੍ਰਿਛ

Digitized by Panjab Digital Library | www.panjabdigilib.org

ਦੇ ਪਾਸ) ॥ ੧੩, ੧੪ ॥ ਜਿਥੇ (ਨੇਕ ਬੰਦਿਆਂ ਦੇ) ਰਹਿਣ ਵਾਲੀ ਜਗਹਾ ਬਹਿਸ਼ਤ ਹੈ ॥ ੧੫ ॥ ਜਬਰਾਈਲ ਨੂੰ ਇਕ ਵੇਰੀ ਹੋਰ ਭੀ (ਅਸਲੀ ਸੂਰਤ ਉਪਰ ਆਪਣੇ ਪਾਸ ਆਇਆ ਹੋਇਆ) ਦੇਖਿਆ ਸੀ ਜਦੋਂ ਕਿ (ਉਸ) (ਬੇਰੀ ਦੇ ਬ੍ਰਿਛ) ਉਪਰ ਛਾ ਰਹਿਆ ਸੀ ਜੋ ਛਾ ਰਹਿਆ ਸੀ (ਅਰਥਾਤ ਨੂਰ) ॥ ੧੬ ॥ (ਓਸ ਵੇਲੇ ਭੀ ਪੈਯੰਬਰ ਦੀ) ਦਰਿਸ਼ਟੀ (ਕਿਸੇ ਪਾਸੇ ਨੂੰ) ਨਾ ਬਹਿਕੀ ਅਰ ਨਾ (ਅਸਥਾਨੋ) ਉਟਕੀ ॥ ੧੭ ॥ ਨਿਰਸੰਦੇਹ ਪੈਯੰਬਰ ਨੇ (ਏਸ ਸਮੇਂ) ਆਪਣੇ ਪਰਵਰਦਿਗਾਰ (ਦੀ ਕੁਦਰਤ) ਦੇ ਬੜੇ ੨ ਅਚੰਭੇ ਦੇਖੇ ੧੮ ॥ (ਭੇਦ ਵਾਦੀਓ!) ਭਲਾ ਤੁਸਾਂ ਨੇ ਲਾਤ ਅਰ ਉਜ਼ਾ ॥ ੧੯ ॥ ਅਰ ਉਹ ਜੋ (ਇਕ) ਤੀਸਰੀ (ਦੇਵੀ) ਹੋਰ ਹੈ ਮਨਾਤ ਏਹਨਾਂ (ਬੁਤਾਂ ਦੇ ਹਾਲ) ਉਪਰ ਭੀ ਨਜ਼ਰ ਕੀਤੀ (ਕਿ ਇਨਹਾਂ ਵਿਚ ਕੁਛ ਕੁਦਰਤ ਭੀ ਹੈ) ॥ ੨੦ ॥ (ਕਿਉਂ ਜੀ) ਕੀ ਤੁਸਾਂ ਲੋਗਾਂ ਦੇ ਵਾਸਤੇ ਪੁਤਰ ਅਰ ਖ਼ੁਦਾ ਦੇ ਵਾਸਤੇ ਪੁਤਰੀਆਂ? ॥ ੨੧ ॥ ਯਦੀ ਐਸੇ ਹੋਵੇ ਤਾਂ ਏਹ ਬੜੀ ਹੀ ਅਜੋਗ ਵੰਡ ਹੈ ॥ ੨੨ ॥ ਇਹ (ਬੁਤ) ਤਾਂ ਨਿਰੇ ਨਾਮ ਹੀ (ਨਾਮ) ਹਨ ਜੋ ਤੁਸਾਂ ਨੇ ਅਰ ਤੁਹਾਡਿਆਂ ਵਡਿਆਂ ਨੇ (ਅਪਣੀ ਤਰਫੋਂ) ਰਖ ਲੀਤੇ ਹਨ ਖ਼ੁਦਾ ਨੇ ਤਾਂ ਏਨਹਾਂ (ਦੇ ਮਾਬੂਦ ਹੋਣ) ਦੀ ਕੋਈ ਸਨਦ ਭੇਜੀ ਨਹੀਂ ਇਹ ਲੋਗ ਤਾਂ ਬਸ ਅਟਕਲ ਪਚੂ ਅਰ (ਆਪਣੇ) ਮਾਨਸਕ ਸੰਕਲਪਾਂ ਉਪਰ ਚਲਦੇ ਹਨ ਅਰ (ਵਸੇਖਤਾਈ ਏਹ ਹੈ ਕਿ) ਏਹਨਾਂ ਦੇ ਪਰਵਰ-ਦਿਗਾਰ ਦੀ ਤਰਫੋਂ ਏਹਨਾਂ ਦੇ ਪਾਸ ਸਿਛਾ ਭੀ ਆ ਚਕੀ ਹੈ (ਅਜੇ ਭੀ ਨਹੀਂ ਮੰਨਦੇ) ॥ ੨੩ ॥ ਕਿਤੇ ਇਨਸਾਨ ਨੂੰ ਮਨ ਮੰਨੀ ਮੁਰਾਦ ਭੀ ਮਿਲੀ ਹੈ? ॥ ੨੪ ॥ ਸੋ ਆਖਰਤ ਅਰ ਦੁਨੀਆਂ (ਸਭ ਕੁਛ) ਅੱਲਾ ਦੇ ਹੀ ਅਖਤਿਆਰ ਵਿਚ ਹੈ ॥ ੨੫ ॥ ਰੁਕੂਹ ੧ ॥

ਅਰ ਕਿਤਨੇ ਫਰਿਸ਼ਤੇ ਅਸਮਾਨ ਵਿਚ (ਭਰੇ ਪਏ) ਹੋਏ ਹਨ ਕਿ ਉਨਹਾਂ ਦੀ ਸਪਾਰਸ਼ ਕੁਛ ਭੀ ਕੰਮ ਨਹੀਂ ਆਉਂਦੀ ਪਰੰਤੂ ਜਦੋਂ ਖ਼ੁਦਾ ਕਿਸੇ ਦੀ ਨਿਸਬਤ (ਸਪਾਰਸ਼ ਕਰਨਾ) ਚਾਹੇ (ਅਰ ਫਰਿਸ਼ਤਿਆਂ ਨੂੰ ਸਪਾਰਸ਼ ਕਰਨ ਦੀ) ਆਗਜਾ ਦੇਵੇ ਅਰ (ਫਰਿਸ਼ਤਿਆਂ ਦੀ ਸਪਾਰਸ਼ ਨੂੰ) ਪਸੰਦ ਕਰੇ ॥ ੨੬ ॥ ਜਿਨਹਾਂ ਲੋਗਾਂ ਨੂੰ ਆਖਰਤ ਦਾ ਨਿਸਚਾ ਨਹੀਂ ਹੈ ਵਹੀ ਤਾਂ ਫਰਿਸ਼ਤਿਆਂ ਦੇ ਨਾਮ ਧਰਦੇ ਹਨ। ਕਿ ਔਰਤਾਂ (ਅਰਥਾਤ ਖ਼ੁਦਾ ਦੀਆਂ ਬੇਟੀਆਂ) ਹਨ ॥ ੨੭ ॥ ਹਾਲਾਂ ਕਿ ਉਨਹਾਂ ਨੂੰ ਏਸ ਦੀ ਕੁਛ ਤਹਿ-ਕੀਕ ਤਾਂ ਹੈ ਨਹੀਂ ਓਹ ਤਾਂ ਨਿਰੇ ਪੁਰੇ ਅਟਕਲ ਪਚੂ ਉਪਰ ਹੀ ਚਲਦੇ ਹਨ ਅਰ ਅਟਕਲ ਪਚੂ ਦਾ ਤਾਂ ਇਹ ਹਾਲ ਹੈ ਕਿ ਉਹ ਤਾਂ ਸਚ੍ਹੀ (ਬਾਰਤਾ) ਦੇ ਸਾਹਮਣੇ ਕੁਝ ਫਲਦਾਇਕ ਨਹੀਂ ॥ ੨੮ ॥ ਤਾਂ (ਹੇ ਪਯੰਬਰ) ਜੋ ਪੁਰਖ

Digitized by Panjab Digital Library | www.panjabdigilib.org

ਸਾਡੀ ਯਾਦ ਥੋਂ ਮੂੰਹ ਫੇਰੇ ਅਰ ਸਾਂਸਾਰਿਕ ਜੀਵਣ ਦੇ ਸਿਵਾ ਓਸ ਨੂੰ ( ਕਿਸੇ ਹੋਰ ਬਾਰਤਾ ਦੇ ਨਾਲ ) ਪਰਯੋਜਨ ( ਤਥਾ ਮਤਲਬ ) ਨਾ ਹੋਵੇ ਤਾਂ ਤੁਸੀਂ ਐਸੇ ਪੁਰਖ ਦੀ ਜ਼ਰਾ ਭੀ ਪਰਵਾਹ ਨਾ ਕਰੋ ॥ ੨੯ ॥ ਉਹਨਾਂ ਦੀ ਅਕਲ ਦੀ ਰਸਾਈ ਏਥੋਂ ਤਕ ਹੀ ਹੈ ਤੁਹਾਡਾ ਪਰਵਰਦਿਗਾਰ ਉਨਹਾਂ ਲੋਗਾਂ ਨੂੰ ਖ਼ੂਬ ਜਾਣਦਾ ਹੈ ਜੋ ਉਸ ਦੇ ਮਾਰਗੋਂ ਭਟਕੇ ਹੋਏ ਹਨ ਅਰ ਉਹ ਓਹਨਾਂ ਨੂੰ ( ਭੀ ) ਖ਼ੂਬ ਜਾਣਦਾ ਹੈ ਜੋ ਸੂਧੇ ਮਾਰਗ ਉਪਰ ਹਨ ॥੩੦॥

ਅਰ ਅੱਲਾ ਹੀ ਦਾ ਹੈ ਜੋ ਕੁਛ ਅਸਮਾਨਾਂ ਵਿਚ ਹੈ ਅਰ ਜੋ ਕੁਛ ਧਰਤੀ ਵਿਚ ਹੈ ( ਅਰਥਾਤ ਓਸੇ ਨੇ ਹੀ ਇਨਹਾਂ ਨੂੰ ਬਨਾਇਆ ਅਰ ਪੈਦਾ ਕੀਤਾ ਹੈ ਅਤ ਏਵ ਇਨਸਾਨ ਨੂੰ ਭੀ ) ਤਾਂ ਕਿ ( ਅੰਤ ਨੂੰ ) ਓਹਨਾਂ ਲੋਗਾਂ ਨੂੰ ਜਿਨਹਾਂ ਨੇ ਕੁਕਰਮ ਕੀਤੇ ਉਨਹਾਂ ਦੇ ਕੀਤੇ ਦਾ ਬਦਲਾ ਦੇਵੇ ਅਰ ਜਿਨਹਾਂ ਨੇ ਸੁਕਰਮ ਕੀਤੇ ਹਨ ਉਨਹਾਂ ਨੂੰ ( ਵੈਸਾ ਹੀ ) ਭਲਾ ਬਦਲਾ ਦੇਵੇ ॥ ੩੧ ॥ ( ਸੁਕਰਮ ਕਰਨ ਵਾਲਿਆਂ ਤੋਂ ਓਹ ਲੋਗ ਅਭੀ-ਸ਼ਟ ਹਨ ) ਜੋ ਬੜੇ ੨ ਗੁਨਾਹਾਂ ਅਰ ਬੇਹਯਾਈ ਦੇ ਕੰਮਾਂ ਥੀਂ ਬਚਦੇ ਰਹਿੰਦੇ ਹਨ ਪਰੰਤੂ ਛੋਟੇ ੨ ਗੁਨਾਹ ( ਕਿ ਓਨਹਾਂ ਪਾਸੋਂ ਕੌਣ ਆਦਮੀ ਬਚ ਸਕਦਾ ਹੈ । ਹੇ ਪੈਗੰਬਰ ) ਨਿਰਸੰਦੇਹ ਤੁਹਾਡੇ ਪਰਵਰਦਿਗਾਰ ਦੀ ਮੁਗ-ਫਰਤ ( ਬੜੀ ) ਵਿਸਾਲ (ਖੁਲੀ) ਹੈ ( ਅਰ ) ਉਹ ( ਉਸ ਵਕਤ ਥੀਂ ) ਤੁਸਾਂ ਲੋਗਾਂ ਨੂੰ ਖੂਬ ਜਾਣਦਾ ਹੈ ਜਦੋਂ ( ਪ੍ਰਥਮ ਬਾਰ ) ਤੁਸਾਂ ਬਨੀ ਆਦਮ ਨੂੰ ਮਿਟੀ ਤੋਂ ਬਨਾ ਕੇ ਖੜਾ ਕੀਤਾ ਅਰ ਜਦੋਂ ਤੁਸੀਂ ਆਪਣੀ ਮਾਈ ਦੇ ਪੇਟ ਵਿਚ ਬਚੇ ਥੇ ਤਾਂ ( ਬਹੁਤ ) ਆਪਣੀ ਪਵਿਤ੍ਰਤਾਈ ਨਾਂ ( ਜਿਤਾਇਆ ) ਕਰੋ ਪਰਹੇਜ਼ਗਾਰਾਂ ਨੂੰ ਵਹੀ ਖ਼ੂਬ ਜਾਣਦਾ ਹੈ ॥ ੩੨ ॥ ਰੁਕੂਹ ੨ ॥

( ਹੇ ਪੈਗੰਬਰ ) ਭਲਾ ਤੁਸਾਂ ਨੇ ਓਸ ਪੁਰਖ ( ਦੇ ਹਾਲ ) ਉਪਰ ਭੀ ਦ੍ਰਿਸ਼ਟੀ ਦਿਤੀ ਜਿਸ ਨੇ ( ਤੁਹਾਡੀ ਨਸੀਹਤ ਪਾਸੋਂ ) ਮਨਮੁਖਤਾਈ ਕੀਤੀ ॥ ੩੩ ॥ ਅਰ ਥੋੜਾ ਸਾ ਖੁਦਾ ਦੇ ਰਾਹ ਵਿਚ ਦੇਕੇ ( ਫੇਰ ਪੱਥਰ ਦੀ ਤਰਹਾਂ ) ਸਖਤ ਹੋ ਗਇਆ ॥ ੩੪ ॥ ਕੀ ਓਸ ਦੇ ਪਾਸ ਗੈਬ ਦਾ ਇਲਮ ਹੈ ਕਿ ਓਸ ਨੂੰ ( ਆਪਣਾ ਅੰਤ ) ਦਿਖਾਈ ਦੇ ਰਹਿਆ ਹੈ ? ॥ ੩੫ ॥ ਕੀ ਉਸਨੂੰ ਓਹਨਾਂ ( ਬਾਤਾਂ ) ਦੀ ਖਬਰ ਨਹੀਂ ਪਹੁੰਚੀ ਜੋ ਜੋ ਮੂਸਾ ਦੇ ਸਹੀਫਿਆਂ ( ਸੰਚੀਆਂ ) ਵਿਚ ( ਲਿਖੀਆਂ ਹੋਈਆਂ ) ਹਨ ॥ ੩੬ ॥ ਅਰ ( ਹੋਰ ) ਇਬਰਾਹੀਮ ਦਿਆਂ ( ਸਹੀਫਿਆਂ ਵਿਚ ? ) ਜਿਨਹਾਂ ਨੇ ( ਆਪਣੇ ਜੀਵਨ ਵਿਚ ਬੰਦਗੀ ਦਾ ਹਕ ) ਪੂਰਾ ੨ ਅਦਾ ਕੀਤਾ ॥ ੩੭ ॥ ( ਓਹਨਾਂ ਸਹੀਫਿਆ ਵਿਚ ਇਹ ਲਿਖਿਆ ਹੋਇਆ ਹੈ ) ਕਿ ਕੋਈ ( ਪੁਰਖ ) ਦੂਸਰੇ ( ਦੇ ਗੁਨਾਹਾਂ ) ਦਾ ਬੋਝ ( ਆਪਣੇ ਸਿਰ ਉੱਤੇ ) ਨਹੀਂ

Digitized by Panjab Digital Library | www.panjabdigilib.org

ਚੁਕੇਗਾ ॥ ੩੮ ॥ ਅਰ ਇਹ ਕਿ ਇਨਸਾਨ ਨੂੰ ਉਤਨਾ ਹੀ ਮਿਲੇਗਾ ਜਿਤਨੀ ਓਸਨੇ ਕੋਸ਼ਸ਼ ਕੀਤੀ ॥ ੩੯ ॥ ਅਰ ਇਹ ਕਿ ਓਸ ਦੀ ਕੋਸ਼ਸ਼ ਅਗੇ ਚੱਲ ਕੇ ( ਪ੍ਰਲੈ ਦੇ ਦਿਨ ) ਦੇਖੀ ਜਾਵੇਗੀ ॥ ੪੦ ॥ ਫੇਰ ਓਸ ਨੂੰ ਓਸ ਦਾ ਪੂਰਾ ੨ ਬਦਲਾ ਮਿਲੇਗਾ ॥ ੪੧ ॥ ਅਰ ਇਹ ਕਿ ( ਆਖਰ ਕਾਰ ਸਭਨਾਂ ਨੇ ) ਖੁਦਾ ਪਾਸ ਹੀ ਪਹੁੰਚਨਾਂ ਹੈ ॥ ੪੨ ॥ ਅਰ ਇਹ ਕਿ ਵਹੀ ਹਸਾਉਂਦਾ ਅਰ ਰੁਆਉਂਦਾ ਹੈ ॥ ੪੩ ॥ ਅਰ ਇਹ ਕਿ ਵਹੀ ਮਾਰਦਾ ਅਰ ਜੀਵਾਉਂਦਾ ਹੈ ॥ ੪੪ ॥ ਅਰ ਏਹ ਕਿ ਜਦੋਂ ਬੀਰਜ ( ਇਸਤਰੀ ਦੇ ਗਰਭਾਸਯ ਵਿਚ ) ਪਹੁੰਚਾਇਆ ਜਾਂਦਾ ਹੈ ॥ ੪੫ ॥ ਤਾਂ ਵਹੀ ( ਖੁਦਾ ) ਓਸ ਤੋਂ ਪੁਰਖ ਇਸਤਰੀ ਦੋ ਪਰਕਾਰ ( ਦੇ ਜੀਵ ) ਉਤਪਤ ਕਰ ਦੇਂਦਾ ਹੈ ॥ ੪੬ ॥ ਅਰ ਏਹ ਕਿ ਦੁਬਾਰਾ ( ਸਰਜੀਤ ) ਕਰ ਦੇਣਾ ਉਸ ਨੇ ਆਪਣੇ ਓਪਰ ਜ਼ਰੂਰੀ ਕਰ ਲੀਤਾ ਹੈ ॥ ੪੭ ॥ ਅਰ ਏਹ ਕਿ ਵਹੀ ( ਲੋਗਾਂ ਨੂੰ ) ਧਨ ਪਤਿ ਅਰ ਨਿਧੀ ਯੁਕਤ ਕਰਦਾ ਹੈ ॥ ੪੮ ॥ ਅਰ ਏਹ ਕਿ ਵਹੀ ਸ਼ੋਰਾ ( ਸਤਾਰੇ ) ਦਾ ਮਾਲਕ ਹੈ ॥ ੪੯ ॥ ਅਰ ਇਹ ਕਿ ਓਸੇ ਨੇ ਆਦ ( ਦੀ ) ਪਹਿਲੀ ( ਕੌਂਮ ) ਨੂੰ ਹਲਾਕ ਕੀਤਾ ਸੀ ॥ ੫੦ ॥ ਅਰ ( ਅਮੁਨਾ ਪ੍ਰਕਾ-ਰੇਣ ) ਸਮੂਦ ਨੂੰ ਕਿ ( ਉਨਹਾਂ ਵਿਚੋਂ ਕਿਸੇ ਨੂੰ ਭੀ ) ਬਾਕੀ ਨਾ ਛਡਿਆ ॥ ੫੧ ॥ ਅਰ ( ਉਨਹਾਂ ਨਾਲੋਂ ) ਪਹਿਲੋਂ ਨੂਹ ਦੀ ਕੌਮ ਨੂੰ। ਏਸ ਵਿਚ ਭਰਮ ਨਹੀਂ ਕਿ ਆਪ ਬੀ ਬੜੇ ਜ਼ਾਲਮ ਅਰ ਬੜੇ ਮਨਮੁਖ ਸਨ ॥ ੫੨ ॥ ਅਰ ( ਲੂਤ ਦੀ ਕੌਮ ਦੀਆਂ ) ਉਲਟੀਆਂ ਹੋਈਆਂ ਬਸਤੀਆਂ ਨੂੰ ( ਭੀ ) ਓਸੇ ਨੇ ਹੀ ਪਲਟ ਦਿਤਾ ਸੀ ॥ ੫੩ ॥ ਤਾਂ ਉਨਹਾਂ ( ਬਸਤੀਆਂ ) ਉਪਰ ਜੋ ਤਬਾਹੀ ਆਈ ਸੋ ਆਈ ॥ ੫੪ ॥ ਤਾਂ ( ਹੇ ਆਦਮ ) ਤੂੰ ਆਪਣੇ ਪਰ-ਵਰਦਗਾਰ ਦੀਆਂ ਕੇਹੜੀਆਂ ੨ ਨਿਆਮਤਾਂ ਵਿਚ ਭ੍ਰਾਮਕ ਬੁਧਿ ਕੀਤਾ ਕਰੇਂਗਾ ॥ ੫੫ ॥ ਅਗਲੇ ਡਰ ਸੁਨਾਣ ਵਾਲਿਆਂ ( ਅਰਥਾਤ ਪੈਗੰਬਰਾਂ ) ਵਿਚੋਂ ( ਇਕ ) ਡਰ ਸੁਣਾਉਣ ਵਾਲੇ ਏਹ ( ਪੈਗੰਬਰ ਆਖਰ ਸਮੇਂ ਦੇ ) ਭੀ ਹਨ ॥ ੫੬ ॥ ( ਕਿਆਮਤ ) ਜੋ ਆਉਣ ਵਾਲੀ ਹੈ ਸਮੀਪ ਆ ਪਹੁੰਚੀ ॥ ੫੭ ॥ ਅੱਲਾ ਦੇ ਸਿਵਾ ਕਿਸੇ ( ਪੁਰਖ ) ਦੀ ਮਜਾਲ ਨਹੀਂ ਕਿ ਏਸ (ਮੁਸੀਬਤ ) ਨੂੰ ਟਾਲ ਸਕੇ ॥ ੫੮ ॥ ਤਾਂ ਕੀ ਤੁਸੀਂ ( ਲੋਗ ) ਏਸ ਬਾਰਤਾ ਥੀਂ ਅਚੰਬਾ ਕਰਦੇ ਹੋ ॥ ੫੯ ॥ ਅਰ ( ਪ੍ਰਲੈ ਦਾ ਜਿਕਰ ਸੁਣ ਕੇ ) ਹਸਦੇ ਹੋ ਅਰ ਤੁਹਾਨੂੰ ਰੋਣਾ ਨਹੀਂ ਆਉਂਦਾ ॥ ੬੦ ॥ ਅਰ ਤੁਸੀਂ (ਏਸ ਦਰਜੇ ਦੇ ) ਗਾਫਿਲ ਹੋ ॥ ੬੧ ॥ ਤਾਂ ਖੁਦਾ ਦੇ ਅਗੇ ਸਜਦੇ ( ਨਿਮਸਕਾਰ ) ਕਰੋ ਅਰ ਉਸੇ ਦੀ ਪੂਜਾ ਕਰੋ ॥ ੬੨ ॥ ਰੁਕੂਹ ੩ ॥

Digitized by Panjab Digital Library | www.panjabdigilib.org

# ਸੂਰਤ ਕਮਰ ਮੱਕੇ ਵਿਚ ਉਤਰੀ ਅਰ ਇਸ ਦੀਆਂ ਪਚਵਿੰਜਾ ਆਇਤਾਂ ਅਰ ਤਿੰਨ ਰੁਕੂਹ ਹਨ।

( ਪ੍ਰਾਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕ੍ਰਿਪਾਲੂ ( ਹੈ ) ਪਰਲੈ ਸਮੀਪ ਆ ਪਰਾਪਤ ਹੋਈ ਅਰ ( ਪੈਯੰਬਰ ਦੇ ਚਮਿਤਕਾਰ ਨਾਲ ) ਚੰਦਰਮਾਂ ਟੋਟੇ ਹੋ ਗਇਆ ( ਕਿ ਪਰਲੈ ਦੇ ਸਮੀਪਤਾਈ ਦੀ ਏਹ ਭੀ ਇਕ ਨਿਸ਼ਾਨੀ ਹੈ ) ॥ ੧ ॥ ਅਰ ਏਹ ( ਲੋਗ ) ਯਦਜਪੀ ਕੋਈ (ਭੀ) ਮੋਜਜ਼ਾ ਦੇਖਣ (ਤਥਾਪੀ ਹੱਕ ਪਾਸੋਂ) ਮਨਮੁਖਤਾਈ ਕਰਨ ਅਰ ਕਹਿਣ ਕਿ ( ਇਹ ਭੀ ਇਕ ਪਰਕਾਰ ਦਾ ) ਜਾਦੂ ਹੈ ਜੋ ਸਦਾ ਤੋਂ ਹੀ ਐਸੇ ਹੁੰਦਾ ਚਲਾ ਆਇਆ ਹੈ ॥ ੨ ॥ ਅਰ ਏਹਨਾਂ ਲੋਗਾਂ ਨੇ ( ਪੈਯੰਬਰ ਨੂੰ ) ਝੂਠਿਆਰਿਆ ਅਰ ਆਪਣੇ ( ਮਨੋਕਲਪਨਾਂ ) ਦੀ ਪੈਰਵੀ ਕੀਤੀ ਅਰ ਹਰ ਇਕ ਕੰਮ ( ਦਾ ਇਕ ਸਮਾਂ ) ਠਹਿਰਿਆ ਹੋਇਆ ਹੈ ( ਅਤਏਵ ਏਹਨਾਂ ਦੀ ਸਜਾ ਦਾ ਭੀ ) ॥ ੩ ॥ ਅਰ ਏਹਨਾਂ ਨੂੰ ਤਾਂ ( ਅਗਲੀਆਂ ਉਮਤਾਂ ਦੇ ) ਏਤਨੇ ਹਾਲਾਤ ਪਹੁੰਚ ਚੁਕੇ ਹਨ ਕਿ ਜਿਨਹਾਂ ਵਿਚੋਂ ( ਕਾਫੀ ) ਤੰਬੀਹ ( ਤਾੜਨਾ ) ( ਭੀ ) ਸੀ ॥ ੪ ॥ ( ਅਰ ਕਾਫੀ ਤਾੜਨਾ ਥੀਂ ਭਿੰਨ ) ਸਿਰ ਥੀਂ ਲੈਕੇ ਪੈਰਾਂ ਤਕ ਬੁਧੀ ਮਤਾ ( ਦੀਆਂ ਹੀ ਬਾਤਾਂ ਸਨ ) ਪਰੰਤੂ ( ਇਨਹਾਂ ਲੋਗਾਂ ਨੂੰ ) ਡਰਾਉਣਾ ( ਭੀ ) ਕੋਈ ਫਾਇਦਾ ਨਹੀਂ ਦੇਂਦਾ ॥ ੫ ॥ ਤਾਂ ( ਹੇ ਪੈਯੰਬਰ ) ਤੁਸੀਂ ਏਹਨਾਂ ਲੋਕਾਂ ਪਾਸੋਂ ਕੰਨੀ ਕਤਰੀ ਰਖੋ ਜਿਸ ਦਿਨ ਬੁਲਾਉਣੇ ਵਾਲਾ ( ਅਰਥਾਤ ਇਸਰਾਫੀਲ ਫਰਿਸ਼ਤਾ ਏਨਹਾਂ ਨੂੰ ) ਐਸੀ ਵਸਤੂ ਦੀ ਤਰਫ ਬੁਲਾਵੇਗਾ ਜਿਸ ਦਾ (ਇਨਹਾਂ ਨੂੰ ਚਿਤ ) ਚੇਤਾ ਭੀ ਨਹੀਂ ॥ ੬ ॥ ( ਅਰ ਸ਼ਰਮਿੰਦਗੀ ਕਰਕੇ )ਏਹਨਾਂ ਦੇ ਦੀਦੇ ਨੀਵੇਂ ਹੋਣਗੇ ( ਤਾਂ ਓਸ ਦਿਨ ) ਕਬਰਾਂ ਵਿਚੋਂ ( ਏਸ ਪਰਕਾਰ ) ਨਿਕਲ ਪੈਣਗੇ ( ਕਿ ) ਮਾਨੋ ਇਹ ਟਿਡੀਆਂ ਹਨ ( ਕਿ ਚਾਰ ਚੁਫੇਰੇ ) ਖਿੰਡੀਆਂ ਹੋਈਆਂ ( ਹਨ ) ॥ ੭ ॥ ( ਅਰ ) ਬੁਲਾਉਣ ਵਾਲੇ ਦੇ ਪਾਸੇ ਨੂੰ ਭਜੇ ਚਲੇ ਜਾਂਦੇ ਹੋਣਗੇ ( ਅਰ ) ਕਾਫਰ ਕਹਿੰਦੇ ( ਜਾਂਦੇ ) ਹੋਣਗੇ ਕਿ ਇਹ (ਤਾਂ ਬੜਾ ਹੀ) ਕਠਿਨ ਦਿਨ ਹੈ ॥ ੮ ॥ ਇਨਹਾਂ ਲੋਗਾਂ ਨਾਲੋਂ ਪਹਿਲੇ ਨੂਹ ਦੀ ਜਾਤੀ ਨੇ ( ਭੀ ਉਕਾ ਰਸਾਲਤ ਦਾ ਇਨਕਾਰ ਕਰਕੇ ਸੰਪੂਰਣ ਪੈਯੰਬਰਾਂ ਨੂੰ ) ਝੁਠਿਆਰਿਆ ( ਉਹਨਾਂ ਵਿਚੋਂ ) ਸਾਡੇ ਬੰਦੇ ( ਨੂਹ ) ਨੂੰ ( ਭੀ ) ਝੁਠਿਆਰਿਆ ਅਰ ( ਉਨ੍ਹਾਂ ਦੀ ਨਿਸਬਤ ) ਕਹਿਆ ਕਿ ( ਇਹ ) ਦੀਵਾਨਾ ਹੈ ਅਰ ਉਨਹਾਂ ਨੂੰ ਝਿੜਕਾਂ ਦਿਤੀਆਂ ਗਈਆਂ ( ਸੋ ਅਲਗ ) ॥ ੯ ॥ ਤਾਂ ਉਨਹਾਂ ਨੇ ਆਪਣੇ ਪਰਵਰਦਿਗਾਰ ਅਗੇ ਫਰਯਾਦ ਕੀਤੀ ਕਿ ਮੈਂ ( ਇਨਹਾਂ ਦੇ ਹਥੋਂ ) ਦੁਖੀਆ ਹਾਂ

Digitized by Panjab Digital Library | www.panjabdigilib.org

ਤਾਂ ਹੁਣ ਤੂੰ ਹੀ ( ਇਨਹਾਂ ਪਾਸੋਂ ਮੇਰਾ ) ਬਦਲਾ ਲੈ ॥ ੧੦ ॥ ਤਾਂ ਅਸਾਂ ਨੇ ਮੂਸਲਾ ਧਾਰ ਪਾਣੀ ਨਾਲ ਅਸਮਾਨ ਦੇ ਪਾੜ ਖੋਹਲ ਦਿਤੇ ॥ ੧੧ ॥ ਅਰ ਧਰਤੀ ਦੀਆਂ ਸੋਤਾਂ ਬਹਾ ਦਿਤੀਆਂ ਤਾਂ ਮੁਕਰਰ ਅੰਦਾਜੇ ਉਪਰ ( ਧਰਤੀ ਅਰ ਅਕਾਸ਼ ਦਾ ) ਪਾਣੀ ਮਿਲ ਜੁਲ ( ਕੇ ਇਕ ਹੋ ) ਗਇਆ ॥ ੧੨ ॥ ਅਰ ਨੂਹ ਨੂੰ ਅਸਾਂ ਨੇ ( ਕਾਠ ਦੇ ) ਤਖਤਿਆਂ ਅਰ ਕਿੱਲਾਂ ਨਾਲ ਬਨਾਈ ਹੋਈ ( ਬੇੜੀ ) ਉਪਰ ਸਵਾਰ ਕਰ ਲੀਤਾ ॥ ੧੩ ॥ ( ਅਰ ਓਹ ) ਸਾਡੀ ਨਿਗਰਾਨੀ ਵਿਚ ਪਈ ਤਰਦੀ ਫਿਰਿਆ ਕਰੇ ( ਏਹ ) ਉਸ ਪੁਰਖ ( ਅਰਥਾਤ ਨੂਹ ) ਦਾ ਬਦਲਾ ( ਸੀ ) ਜਿਸ ਦੀ ਕਦਰ ਨਹੀਂ ਕੀਤੀ ਗਈ ਸੀ ॥ ੧੪ ॥ ਅਰ ਅਸਾਂ ਨੇ ਏਸ ( ਪਰਸੰਗ ) ਨੂੰ ( ਸਿਖਿਯਾ ) ਦਾ ਨਮੂਨਾ ਬਨਾ ਛਡਿਆ ਤਾਂ ਕੋਈ ਹੈ ਕਿ ( ਏਸ ਥੀਂ ) ਨਸੀਹਤ ਪਾਵੇ॥ ੧੫ ॥ ਬਸ ਸਾਡਾ ਕਸ਼ਟ ਅਰ ਸਾਡਾ ਡਰਾਉਣਾ ( ਦੇਖਿਆ ਉਸ ਦਾ ) ਕੈਸਾ (ਫਲ) ਹੋਇਆ ॥ ੧੬ ॥ ਅਰ ਨਿਰਸੰਦੇਹ ਅਸਾਂ ਨੇ ਕੁਰਾਨ ਨੂੰ ( ਲੋਗਾਂ ਦੀ ) ਸਿਖ ਮੱਤ ਵਾਸਤੇ ਸੁਖੇਨ ਕਰ ਦਿਤਾ ਹੈ ਤਾਂ ਕੋਈ ਹੈ ਕਿ ਸਿਖ ਮਤ ਲਵੇ ॥ ੧੭ ॥ ਆਦ ਦੀ ( ਜਾਤੀ ) ਨੇ ( ਭੀ ਪੈਯੰਬਰਾਂ ਨੂੰ ) ਝੁਠਿਆ-ਰਿਆ ਤਾਂ ਸਾਡਾ ਕਸ਼ਟ ਅਰ ਸਾਡਾ ਡਰਾਉਣਾ ( ਦੇਖਿਆ ਉਸ ਦਾ ਫਲ ) ਕੈਸਾ ਹੋਇਆ ॥ ੧੮ ॥ ਕਿ ਅਸਾਂ ਨੇ ਇਕ ਮਨਹੂਸ ਦਿਨ ਵਿਚ ਜਿਸ ਦੀ ਨਹੂਸਤ ( ਕਿਸ ਪਰਕਾਰ ਟਾਲਿਆਂ ) ਨਹੀਂ ਟਲਦੀ ਸੀ ਉਨਹਾਂ ਉਪਰ ਇਕ ਸਨਾਟੇ ਦੀ ਅੰਧੇਰੀ ਚਲਾਈ ॥ ੧੯ ॥ ( ਅਰ ) ਉਹ ਲੋਗਾਂ ਨੂੰ ( ਅਸਥਾਨੋ ) ਪੁਟ ਕੇ ( ਐਸਾ ) ਸਿਟਦੀ ਸੀ ਕਿ ਮਾਨੋ ਓਹ ਖਜੂਰਾਂ ਦੇ ਉਖੜੇ ਹੋਏ ਮੁੱਢ ( ਤਨੇ ) ਹਨ ॥ ੨੦ ॥ ਤਾਂ ਸਾਡਾ ਕਸ਼ਟ ਅਰ ਸਾਡਾ ਡਰਾਉਣਾ (ਦੇਖਿਆ ਉਸ ਦਾ ) ਕੈਸਾ(ਫਲ)ਹੋਇਆ ॥ ੨੧ ॥ ਅਰ ਨਿਰਸੰਦੇਹ ਅਸਾਂ ਨੇ ਕੁਰਾਨ ਨੂੰ ( ਲੋਗਾਂ ਦੇ ) ਸਿਖ ਮਤ ਲੈਣ ਵਾਸਤੇ ਸੁਖੇਨ ਕਰ ਦਿਤਾ ਹੈ ਤਾਂ ਕੋਈ ਹੈ ਕਿ ਸਿਖ ਮਤ ਲਵੇ ॥ ੨੨ ॥ ਰੁਕੂਹ ੧ ॥

ਸਮੂਦ ਦੀ ( ਜਾਤੀ ) ਨੇ ( ਭੀ ) ਡਰ ਸੁਣਾਉਣ ਵਾਲਿਆਂ ( ਅਰਥਾਤ ਪੈਯੰਬਰਾਂ ) ਨੂੰ ਝੁਠਿਆਰਿਆ ( ਅਤਏਵ ਆਪਣੇ ਪੈਯੰਬਰ ਸਾਲਜਾ ਨੂੰ ਭੀ ) ॥ ੨੩ ॥ ਅਰ ( ਓਹਨਾਂ ਦੀ ਨਿਸਬਤ ) ਕਹਿਆ ਕਿ ਕੀ ਅਸੀਂ ਐਸੇ ਪੁਰਖ ਦੇ ਪਿਛੇ ਚਲੀਏ ਕਿ ਓਹ ਭੀ ਸਾਡੇ ਹੀ ਵਿਚੋਂ ਦਾ ਇਕ ਮਨੁਖ ਹੈ ਐਸੇ ਕਰੀਏ ਤਾਂ ਅਸੀਂ ਗੁਮਰਾਹੀ ( ਵਿਚ ਪਈਏ ) ਅਰ ਨਰਕ ਵਿਚ(ਜਾਈਏ)॥੨੪॥ਕੀ ਸਾਡੇ ਵਿਚੋਂ ਏਸੇ ਉਪਰ ਵਹੀ(ਆਕਾਸ਼ ਬਾਣੀ)ਉਤਰੀ ਹੈ ? ਹੋਵੇ ਨਾ ਹੋਵੇ ਏਹ (ਆਦਮੀ) ਝੂਠਾ ਲਫਾਟੀਆ ( ਅਰ ) ਗਪੀ ਹੈ ॥ ੨੫ ॥ ( ਤਾਂ ਅਸਾਂ ਸਾਲਿਹਾ ਨੂੰ ਕਹਿਆ ਕਿ ) ਸਮੀਪ ਹੀ

Digitized by Panjab Digital Library | www.panjabdigilib.org

ਏਹਨਾਂ ਨੂੰ ਕਲ (ਪਰਸੋਂ) ਵਿਚ ਹੀ ਮਲੂਮ ਹੋ ਜਾਵੇਗਾ ਕਿ ਕੌਣ ਝੂਠਾ ਲਫਾਟੀਆ (ਅਰ) ਗਪੀ ਹੈ ॥ ੨੬ ॥ ਅਸੀਂ ਏਹਨਾਂ ਦੀ ਪ੍ਰੀਛਾ ਕਰਨ ਵਾਸਤੇ ਇਕ ਉਸਟਨੀ ਭੇਜਨ ਵਾਲੇ ਹਾਂ ਤਾਂ ਤੁਸੀਂ ਏਹਨਾਂ ਦੀ ਇੰਤਜ਼ਾਰੀ ਕਰੋ (ਕਿ ਏਹ ਉਸ ਦੀ ਕੈਸੀ ਟਹਿਲ ਸੇਵਾ ਕਰਦੇ ਹਨ) ਅਰ ਸੰਤੋਖ ਨਾਲ ਬੈਠੇ ਰਹੋ ॥ ੨੭ ॥ ਅਰ ਏਹਨਾਂ ਨੂੰ ਜਿਤਾ ਦਿਓ ਕਿ ਏਹਨਾਂ ਵਿਚ (ਅਰ ਉਸ਼ਟਨੀ ਵਿਚ) ਪਾਣੀ ਵੰਡ ਦਿਤਾ ਗਿਆ ਹੈ ਤਾਂ ਹਰ (ਇਕ ਰਫੀਕ ਆਪੋ ਆਪਣੀ) ਵਾਰੀ ਉਪਰ (ਪਾਣੀ ਪੀਉਣ ਵਾਸਤੇ) ਵਿਦਮਾਨ (ਹੋਇਆ ਕਰੇ) ॥ ੨੮ ॥ ਤਾਂ ਓਹਨਾਂ ਨੇ ਆਪਣੇ ਸਾਥੀ ਨੂੰ ਬੁਲਾ-ਇਆ ਤਾਂ ਓਸ ਨੇ (ਊਠਨੀ ਨੂੰ) ਹਥ ਪਾਇਆ ਅਰ (ਓਸ ਦੀਆਂ) ਸੜਾਂ ਵੱਢ ਸਿਟੀਆਂ ॥ ੨੯ ॥ ਤਾਂ ਸਾਡਾ ਕਸ਼ਟ ਅਰ ਸਾਡਾ ਸਭੈ ਕਰਨਾ (ਦੇਖਿਆ ਓਸ ਦਾ) ਕੈਸਾ (ਫਲ) ਹੋਇਆ ॥ ੩੦ ॥ ਕਿ ਅਸਾਂ ਨੇ ਓਹਨਾਂ ਉਪਰ ਇਕ ਜੋਰ ਦੀ ਚੀਕ ਦਾ ਕਸ਼ਟ ਉਤਾਰਿਆ ਤਾਂ ਵਾੜ ਵਾਲੇ ਦੀ ਲਤਾੜੀ ਹੋਈ ਵਾੜ ਦੀ ਤਰਹਾਂ (ਚੂਰ) ਹੋ ਕੇ ਬੈਠ ਗਏ ॥ ੩੧ ॥ ਅਰ ਅਵਸ਼ ਅਸਾਂ ਨੇ ਕੁਰਾਨ ਨੂੰ (ਲੋਗਾਂ ਦੇ) ਸਿਖਿਆ ਦੇਣ ਵਾਸਤੇ ਸੁਖੈਨ ਕਰ ਦਿਤਾ ਹੈ ਤਾਂ ਕੋਈ ਹੈ ਕਿ ਸਿਖਜਾ ਪਾਵੇ? ॥ ੩੨ ॥ ਲੂਤ ਦੀ ਜਾਤੀ ਨੇ (ਭੀ) ਡਰ ਸੁਨਾਉਣ ਵਾਲਿਆਂ ਨੂੰ (ਅਰਥਾਤ ਪੈਯੰਬਰਾਂ) ਨੂੰ ਝੁਠਿਆਰਿਆ ॥ ੩੩ ॥ ਤਾਂ ਅਸਾਂ ਓਹਨਾਂ ਉਪਰ ਪਾਖਾਣ ਬਰਸਾ ਦਿਤੇ ਪਰੰਤੂ ਲੂਤ ਦੀ ਜਾਤੀ ਦੇ ਲੋਗ ਕਿ ਅਸਾਂ ਓਹਨਾਂ ਨੂੰ ਆਪਣੀ ਕਿਰਪਾ ਦਵਾਰਾ ਪ੍ਰਾਤ ਹੁੰਦਿਆਂ ਹੁੰਦਿਆਂ (ਕਸ਼ਟ ਵਾਲੇ ਅਸਥਾਨੋ) ਕਢ ਕੇ ਲੈਗਏ ॥ ੩੪ ॥ (ਅਰ) ਜੋ (ਸਾਡਾ) ਧੰਨਯਬਾਦ ਕੀਤਾ ਕਰਦਾ ਹੈ ਅਸੀਂ ਓਸ ਨੂੰ ਐਸਾ ਹੀ ਬਦਲਾ ਦਿਤਾ ਕਰਦੇ ਹਾਂ ॥ ੩੫ ॥ ਅਰ ਲੂਤ ਨੇ ਓਹਨਾਂ ਲੋਗਾਂ ਨੂੰ ਸਾਡੀ ਪਕੜੋਂ ਡਰਾ ਭੀ ਦਿਤਾ ਸੀ ਪਰੰਤੂ ਓਹ (ਓਸ ਦੇ) ਡਰਾਉਣ ਵਿਚ ਲਗੇ ਹੁਜਤਾਂ ਨਿਕਾਲਨ ਅਰ ਓਸ ਦਿਆਂ ਅਥਿਤੀਆਂ (ਅਰਥਾਤ ਫਰਿਸ਼ਤਿਆਂ) ਨੂੰ ਭੀ ਓਹਨਾਂ ਪਾਸੋਂ ਉਡਾ ਕੇ ਲੈ ਜਾਣ ਦੇ ਪਿਛੇ ਪੈ ਗਏ ॥ ੩੬ ॥ ਤਾਂ ਅਸਾਂ ਨੇ ਓਹਨਾਂ ਦੀਆਂ ਦ੍ਰਿਸ਼ਟੀਆਂ ਬੰਦ ਕਰ ਦਿਤੀਆਂ (ਅਰ ਕਹਿਆ ਕਿ) ਹੁਣ ਸਾਡੇ ਕਸ਼ਟ ਅਰ ਸਾਡੇ ਡਰਾਉਣ ਦੇ ਸਵਾਦ ਚਖੋ ॥ ੩੭ ॥ ਅਰ ਹਕੀਕਤ ਵਿਚ ਪ੍ਰਾਤਾਕਾਲ ਓਹਨਾਂ ਨੂੰ ਕਸ਼ਟ ਨੇ ਆ ਹੀ ਘੇਰਿਆ ਜੋ (ਕਿਸੇ ਦੇ ਟਾਲਿਆਂ) ਟਲ ਨਹੀਂ ਸਕਦਾ ਸੀ ॥ ੩੮ ॥ (ਅਰ ਅਸਾਂ ਨੇ ਕਹਿਆ ਕਿ ਲੋ) ਹੁਣ ਸਾਡੇ ਕਸ਼ਟ ਅਰ ਸਾਡੇ ਸਭੈ ਕਰਨ ਦੇ ਮਜੇ ਚਖੋ ॥ ੩੯ ॥ ਅਰ ਅਵਸ਼ ਅਸਾਂ ਨੇ ਕੁਰਾਨ ਨੂੰ (ਲੋਗਾਂ ਦੀ) ਸਿਖਯਾ ਵਾਸਤੇ ਸੁਖੈਨ ਕਰ ਦਿਤਾ ਹੈ ਤਾਂ

Digitized by Panjab Digital Library | www.panjabdigilib.org

ਕੋਈ ਹੈ ਕਿ ਸਿਖਯਾ ਪ੍ਰਾਪਤ ਕਰੇ ॥ ੪੦ ॥ ਰੁਕੂਹ ੨ ॥

ਅਰ ਅਵਸ਼ ਫਰਊਨ ਦੇ ਲੋਗਾਂ ਪਾਸ (ਭੀ ਬਹੁਤ ਸਾਰੇ) ਡਰਾਵੇ ਆਏ ॥ ੪੧ ॥ ਸੋ ਓਹਨਾਂ ਨੇ ਸਾਡੀਆਂ ਸਾਰੀਆਂ ਨਿਸ਼ਾਨੀਆਂ ਨੂੰ ਝੁਠਿਆਰਿਆ ਤਾਂ ਅਸਾਂ ਨੇ ਓਹਨਾਂ ਨੂੰ ਐਸੇ (ਸਖਤ) ਹਥ ਪਾਏ ਜੈਸੇ ਬਲਵਾਨ ਅਰ ਸਾਮਰਥ ਵਾਨ ਹਥ ਪਾਇਆ ਕਰਦਾ ਹੈ ॥ ੪੨ ॥ (ਹੇ ਮੱਕੇ ਦੇ ਵਾਸੀਓ !) ਕੀ ਤੁਸਾਂ ਵਿਚੋਂ ਜੋ ਮੁਨਕਰ ਹਨ ਓਹ ਏਹਨਾਂ ਲੋਗਾਂ ਨਾਲੋਂ ਭੀ ਵਧ ਕੇ ਹਨ ? ਅਥਵਾ (ਤੁਹਾਡੇ ਪਾਸ ਲਿਖਤਾਂ ਹਨ ਅਰ ਓਹਨਾਂ) ਲਿਖਤਾਂ ਉਤੇ ਤੁਹਾਡੀ ਮੁਆਫੀ (ਲਿਖੀ ਹੋਈ ਹੈ) ॥ ੪੩ ॥ ਅਥਵਾ ਏਹ ਲੋਗ ਕਹਿੰਦੇ ਹਨ ਕਿ ਸਾਡਾ ਜਥਾ ਬੜਾ ਸਬਲ ਹੈ ॥ ੪੪ ॥ ਸੋ ਕੋਈ ਦਿਨ ਆਵੇਗਾ ਕਿ (ਏਹਨਾਂ ਦਾ) ਝੁੰਡ ਪਰਾਜੈ ਹੋ ਜਾਵੇਗਾ ਅਰ (ਮੁਸਲਮਾਨਾਂ ਦੇ ਮੁਕਾਬਲੇ ਵਿਚ) ਪਿਠਾਂ ਦਿਖਾ ੨ ਕੇ ਨਠ ਜਾਣੰਗੇ ॥ ੪੫ ॥ ਪ੍ਰਤਯੁਤ (ਅਸਲ) ਪ੍ਰਤਗਯਾ ਤਾਂ ਏਹਨਾਂ ਨਾਲ ਪ੍ਰਲੈ ਦੀ ਹੈ ਅਰ ਕਿਆ-ਮਤ ਬੜੀ ਆਫਤ ਅਰ ਬਿਖੜੀ ਘਾਟੀ ਹੈ ॥ ੪੬ ॥ ਨਿਰਸੰਦੇਹ ਸਦੋਖੀ (ਲੋਗ) ਕੁਮਾਰਗਤਾਈ ਵਿਚ (ਲਗੇ ਹੋਏ) ਹਨ ਅਰ (ਅੰਤ ਨੂੰ) ਨਰਕਾਂ ਵਿਚ (ਜਾਣਗੇ) ॥ ੪੭ ॥ ਜਿਸ ਦਿਨ ਓਹਨਾਂ ਨੂੰ ਓਹਨਾਂ ਦੇ ਮੂੰਹ ਦੇ ਭਾਰ (ਨਰਕਾ) ਅਗਨੀ ਵਿਚ ਘਸੀਟਿਆ ਜਾਵੇਗਾ (ਅਰ ਓਹਨਾਂ ਨੂੰ ਕਹਿਆ ਜਾਵੇਗਾ ਕਿ) ਹੁਣ (ਸਤ ਕਪੜੀਂ) ਨਰਕਾ (ਅਗਨੀ) ਲਗਣ ਦਾ ਸਵਾਦ ਚਖੋ ॥ ੧੮ ॥ ਅਸਾਂ ਨੇ ਸੰਪੂਰਨ ਵਸਤਾਂ ਇਕ ਅੰਦਾਜ਼ੇ ਦੇ ਉਪਰ ਪੈਦਾ ਕੀਤੀਆਂ ਹਨ (ਅਤਏਵ ਪ੍ਰਲੈ ਦਾ ਭੀ ਇਕ ਨਿਯਤ ਦਿਨ ਹੈ) ॥ ੪੯ ॥ ਅਰ ਸਾਡਾ ਕੰਮ ਤਾਂ ਬਸ ਇਕ ਬਾਰਤਾ ਹੀ ਹੁੰਦੀ ਹੈ ਜੈਸੇ ਨੇਤ੍ਰਾਂ ਦਾ ਅਨ ਫੇਰ ॥ ੫੦ ॥ ਅਰ (ਹੇ ਮੱਕੇ ਦੇ ਕਾਫਰੋ !) ਅਸੀਂ ਤੁਹਾਡਿਆਂ (ਕਿਤਨਿਆਂ) ਹੀ ਹਮਮੁਸ਼ਰਬਾਂ (ਅਰਥਾਤ ਯਾਰਾਂ ਦੋਸਤਾਂ) ਨੂੰ ਰੁਲਾ ਕੇ ਮਾਰ ਬੈਠੇ ਹਾਂ ਤਾਂ ਕੋਈ ਹੈ ਕਿ ਸਿਖਯਾ ਪਾਵੇ ? ॥੫੧॥ ਅਰ ਏਹ ਲੋਗ ਜੋ ਕੁਛ ਭੀ ਕਰ ਚੁਕੇ ਹਨ (ਏਹਨਾਂ ਦੀਆਂ) ਕਰਮ ਪਤ੍ਰਾਂ ਵਿਚ (ਲਿਖਿਆ ਹੋਇਆ ਵਿਦਮਾਨ) ਹੈ ॥ ੫੨ ॥ ਅਰ (ਕੋਈ) ਛੋਟਾ ਮੋਟਾ (ਕੰਮ ਹੋਵੇ) ਸਬ ਲਿਖਿਅ ਹੋਇਆ ਹੈ ॥ ੫੩ ॥ (ਜੋ ਲੋਗ) ਸੰਜਮੀ (ਹਨ ਓਹ ਸਵਰਗ ਦਿਆਂ) ਬਾਗਾਂ ਅਰ ਨਹਿਰਾਂ ਵਿਚ ॥ ੫੪ ॥ ਸਚੀ (ਇਜ਼ਤ ਦਾ) ਅਸਥਾਨ (ਲੋਕ ਪਰਲੋਕ ਦਾ) ਸਵਾਮੀ (ਸ੍ਰੂਵ) ਸ਼ਕਤੀਮਾਨ ਦੇ ਸਮੀਪੀ ਹੋਣਗੇ ॥ ੫੫ ॥ ਰੁਕੂਹ ੩ ॥

---

Digitized by Panjab Digital Library | www.panjabdigilib.org

# ਸੂਰਤ ਰਹਿਮਾਨ ਮੱਕੇ ਵਿਚ ਉਤਰੀ ਅਰ ਇਸ ਦੀਆਂ ਅਠੱਤਰ ਆਇਤਾਂ ਅਰ ਤਿੰਨ ਰੁਕੂਹ ਹਨ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) (ਜਿੰਨਾਂ ਅਰ ਆਦਮੀਆਂ ਉਪਰ) ਰਹਿਮਾਨ॥੧॥( ਖ਼ੁਦਾ ਦੇ ਜਿਥੇ ਹੋਰ ਅਨੇਕਾਨੇਕ ਉਪਕਾਰ ਹਨ ਅਤਏਵ ਇਹ ਕਿ ਓਸੇ ) ਨੇ ਹੀ ਕੁਰਾਨ ਪੜ੍ਹਾਇਆ ॥ ੨ ॥ ( ਅਰ ) ਓਸੇ ਨੇ ਆਦਮੀ ਨੂੰ ਪੈਦਾ ਕੀਤਾ ॥ ੩ ॥ ( ਫੇਰ ) ਉਸ ਨੂੰ ਬੋਲਣਾ ਸਿਖਾਇਆ ॥ ੪ ॥ ਸੂਰਜ ਅਰ ਚੰਦਰਮਾਂ ਇਕ ਹਿਸਾਬ ਦੇ ਨਾਲ ( ਸਿਸੁਮਾਰ ਚੱਕ੍ਰ ) ਉਪਰ ਹਨ ॥ ੫ ॥ ਅਰ ( ਝਾੜੀਆਂ ) ਬੂਟੀਆਂ ਅਰ ਦਰਖਤ ( ਖ਼ੁਦਾ ਦੇ ਦਰਬਾਰ ਵਿਚ ) ਮਥਾ ਟੇਕੀ (ਖੜੇ) ਹਨ ॥੬॥ ਅਰ ਓਸੇ ਨੇ ਆਸਮਾਨ ਨੂੰ ਉਚਿਆਂ ਕੀਤਾ ਹੈ ਅਰ ਤਰਾਜੂ ਬਨਾ ਦਿਤਾ ਹੈ ॥ ੭॥ ਤਾ ਕਿ ਤੁਸੀਂ ਲੋਗ ਤੋਲਣ ਵਿਚ ( ਧਾਰਮਕ ਸੀਮਾਂ ਨੂੰ ) ਉਲੰਘਣ ਨਾ ਕਰੋ ॥ ੮ ॥ ਅਰ ਇਨਸਾਫ ਦੇ ਨਾਲ ਸਾਂਵੀ ( ਡੰਡੀ ) ਤੋਲੋ ਅਰ ਘਟ ਨਾਂ ਤੋਲੋ ॥ ੯ ॥ ਅਰ ਓਸੇ ਨੇ ਜੀਵਾਂ ਦੇ ( ਲਾਭ ) ਵਾਸਤੇ ਪ੍ਰਿਥਵੀ ਬਣਾ ਦਿਤੀ ਹੈ ॥੧੦॥ ਕਿ ਉਸ ਵਿਚ ਮੇਵੇ ਹਨ ਅਰ ਖਜੂਰਾਂ ਦੇ ਬ੍ਰਿਛ ਹਨ ਜਿਨਹਾਂ ( ਦੀਆਂ ਗੀਲਾਂ ) ਉਪਰ ( ਕੁਦਰਤੀ ) ਗਿਲਾਫ ਚੜੇ ਹੋਏ ਹੁੰਦੇ ਹਨ ॥ ੧੧ ॥ ਅਰ ( ਭਾਂਤ ਭਾਂਤ ਦੇ ) ਅਨਾਜ ਜੋ ( ਸਿਟੇ ਤਥਾ ਮੁੰਜਰ ਦੇ ) ਪੋਲ ਵਿਚ ਹੁੰਦੇ ਹਨ ਅਰ ਸੁਗੰਧੀ ਵਾਲੇ ਪੁਸ਼ਪ ਹਨ ॥ ੧੨ ॥ ਤਾਂ ( ਹੇ ਜਿੰਨੋ ਅਰ ਆਦਮੀਓ ! ) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ਕੇਹੜੇ ਉਪਕਾਰਾਂ ਤੋਂ ਮੁਕਰੋਗੇ ॥ ੧੩ ॥ ਓਸੇ ਨੇ ਆਦਮੀ ( ਦੇ ਦਾਦੇ ਮਹਾਨ ਪੁਰਖ ਆਦਮ ) ਨੂੰ ਪੇਪੜੀ ਦੇ ਭਾਂਤ ਬਜਦੀ ਹੋਈ ਮਿਟੀ ਥੀਂ ਪੈਦਾ ਕੀਤਾ ਹੈ ॥ ੧੪ ॥ ਅਰ ਜਿੰਨਾਂ ਨੂੰ ਅਗਨੀ ਦੀ ਲਾਟ ਥੀਂ ॥ ੧੫ ॥ ਤਾਂ ( ਹੇ ਜਿਨੋ ਅਰ ਆਦਮੀਓ ! ) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਤੋਂ ਮੁਕਰੋਗੇ ॥ ੧੬ ॥ ( ਵਹੀ ਸੀਤ ਅਰ ਉਸਨਕਾਲ ਵਿਚ ) ਸੂਰਜ ਦੇ ਉਦੇ ਹੋਣ ਦੇ ਦੋ ( ਭਿੰਨ ਭਿੰਨ ) ਅਸਥਾਨਾਂ ਅਰ ( ਐਸੇ ਹੀ ) ਅਸਤ ਹੋਣ ਦੇ ਦੋ ( ਭਿੰਨ ੨ ) ਅਸਥਾਨਾਂ ਦਾ ਮਾਲਿਕ ਹੈ ॥ ੧੭ ॥ ਤਾਂ ( ਹੇ ਜਿੰਨੋ ਅਰ ਆਦਮੀਓ ! ) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋਗੇ ॥ ੧੮ ॥ ਓਸੇ ਨੇ ( ਏਸ ਪਰਕਾਰ ਦੇ ਖਾਰੇ ਅਰ ਮਿਠੇ ) ਦੋ ਸਮੁੰਦਰ ਬਨਾ ਦਿਤੇ ਕਿ ਆਪਸ ਵਿਚ ਮਿਲਦੇ ਹਨ ॥ ੧੯ ॥ ( ਅਰ ਫੇਰ

Digitized by Panjab Digital Library | www.panjabdigilib.org

ਭੀ ) ਦੋਨਾਂ ਵਿਚ ਇਕ ਪਰਦਾ ( ਰਹਿੰਦਾ ) ਹੈ ਕਿ ਉਸ ਕਰਕੇ ਇਕ ਦੂਸਰੇ ਦੀ ਤਰਫ ) ਵਧ ਨਹੀਂ ਸਕਦੇ ॥ ੨੦ ॥ ਤਾਂ ( ਹੇ ਜਿੰਨੋ ਅਰ ਆਦ- ਮੀਓ ! ) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋਗੇ ॥ ੨੧ ॥ ਦੋਨਾਂ ( ਪਰਕਾਰਾਂ ਦਿਆਂ ਹੀ ਸਮੁੰਦਰਾਂ ) ਵਿਚੋਂ ਮੋਤੀ ( ਭੀ ) ਨਿਕਲਦੇ ਹਨ ਅਰ ਮੂੰਗੇ ( ਭੀ ) । ੨੨ ॥ ਤਾਂ ( ਹੇ ਜਿੰਨੋ ਅਰ ਆਦਮੀਓ ! ) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥ ੨੩ ॥ ਅਰ ਓਸੇ ਦੇ ਹਨ ਜਹਾਜ ਜੋ ਸਮੁੰਦਰ ਵਿਚ ਪਰਬਤਾਂ ਦੀ ਤਰਹਾਂ ਉਚੇ ਖੜੇ ( ਦਿਖਾਈ ਦੇਂਦੇ ) ਹਨ ॥ ੨੪ ॥ ਤਾਂ ( ਹੇ ਜਿੰਨੋ ਅਰ ਆਦਮੀਓ ! ) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪ- ਕਾਰਾਂ ਤੋਂ ਮੁਕਰੋ ਗੇ ॥ ੨੫ ॥ ਰੁਕੂਹ ੧ ॥

( ਹੇ ਪੈਯੰਬਰ ) ਯਾਵਤ ਜੀਆ ਜੰਤ ( ਪ੍ਰਿਥਵੀ ਮਾਤ੍ਰ ) ਉਪਰ ਹਨ ਤਾਵਤ ਵਿਨਸ਼ਟ ਹੋ ਜਾਣ ਵਾਲੇ ਹਨ ॥ ੨੬ ॥ ਅਰ ( ਕੇਵਲ ) ਤੁਹਾਡੇ ਪਰਵਰਦਿਗਾਰ ਦਾ ਹੀ ਸਵਰੂਪ ਬਾਕੀ ਰਹਿ ਜਾਵੇਗਾ ਜੋ ( ਬੜੀ ) ਬੜਾਈ ਵਾਲਾ ਅਰ ਮਹਾਂ ( ਸਰੂਪ ) ਹੈ ॥ ੨੭ ॥ ਤਾਂ ( ਹੇ ਜਿੰਨੋਂ ਅਰ ਆਦਮੀਓ ! ) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥ ੨੮ ॥ ਜਿਤਨੀ ਜੀਆ ਜੰਤ ਅਕਾਸ਼ ਪ੍ਰਿਥਵੀ ਦੇ ( ਮਧ ) ਵਿਚ ਹੈ ( ਜੋ ਉਨਹਾਂ ਨੂੰ ਅਭੀਸ਼ਟ ਹੈ ਸਾਰੇ ) ਉਸੇ ਪਾਸੋਂ ਹੀ ਮੰਗਦੇ ਹਨ ਅਰ ਉਹ (ਬੇਕਾਰ ਨਹੀਂ ਹੈ ਪ੍ਰਤਯੁਤ) ਹਰ ਰੋਜ ( ਇਕ ਨਾ ਇਕ ) ਸ਼ਾਨ ( ਪ੍ਰਤਾਪ ) ਵਿਚ ( ਹੁੰਦਾ ) ਹੈ ॥੨੯॥ ਤਾਂ ( ਹੇ ਜਿੰਨੋ ਅਰ ਆਦਮੀਓ ! ) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥ ੩੦ ॥ ਹੇ ਜਿੰਨੋ ਅਰ ਆਦਮੀਓਂ ! ਅਸੀਂ ਸਮੀਪ ( ਪ੍ਰਲੈ ਦੇ ਦਿਨ ) ਸਮੁਚੇ ( ਕਰਮਾਂ ਦੇ ਹਿਸਾਬ ਵਾਸਤੇ ) ਤੁਹਾਡੇ ਵਲ ਧਿਆਨ ਕਰਨ ਵਾਲੇ ਹਾਂ ॥ ੩੧ ॥ ਤਾਂ ( ਹੇ ਜਿਨੋ ਅਰ ਆਦਮੀਓ ! ) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ਉਪਕਾਰਾਂ ਥੀਂ ਮੁਕਰੋ ਗੇ ॥ ੩੨ ॥ ਹੇ ਜਿੰਨਾਂ ਦੇ ਯੂਥ ਤਥਾ ਆਦਮੀ ਯਦੀ ਤੁਸਾਂ ਪਾਸੋਂ ਬਨ ਪੜੇ ਕਿ ਆਕਾਸ਼ਾਂ ਅਰ ਪ੍ਰਿਥਵੀ ਦਿਆਂ ਕਨਾਰਿਆਂ ਥੀਂ ( ਹੋ ਕੇ ਕਿਸੇ ਪਾਸੇ ਨੂੰ ) ਨਿਕਲ ਵਗੋ ਤਾਂ ਨਿਕਲ ਦੇਖੋ ਪਰੰਤੂ ਕੁਛ ਐਸਾ ਹੀ ਜੋਰ ਹੋਵੇ ਤਾਂ ਨਿਕਲੋ ( ਅਰ ਓਹ ਤਾਂ ਤੁਹਾਡੇ ਵਿਚ ਹੈ ਅਰ ਨਾ ਹੋਵੇ ) ॥ ੩੩ ॥ ਤਾਂ ( ਹੇ ਜਿੰਨੋ ਅਰ ਆਦਮੀਓ ) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹ- ੜਿਆਂ ੨ ਉਪਕਾਰਾਂ ਥੀਂ ਮੁਕਰੋ ਗੇ ॥ ੩੪ ॥ (ਯਦੀ ਤੁਸੀਂ ਪ੍ਰਿਥਵੀ ਆਕਾਸ ਵਿਚੋਂ ਕਿਸੇ ਤਰਫ ਨਿਕਲ ਜਾਣਾ ਚਾਹੋ ਤਾਂ) ਤੁਸਾਂ ਉਪਰ ਅਗ ਦੀ ਕਚੀ ਪਕੀ

Digitized by Panjab Digital Library | www.panjabdigilib.org

ਲੇ ਬਰਸਾਈ ਜਾਵੇ ਕਿ ਤੁਸੀਂ (ਉਨਹਾਂ ਨੂੰ) ਹਟਾ ਨਾ ਸਕੋਗੇ ॥ ੩੫ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰ-ਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥ ੩੬ ॥ ਫੇਰ ਜਦੋਂ (ਪ੍ਰਲੈ ਦੇ ਦਿਨ) ਅਸਮਾਨ ਪਾਟੇ ਅਰ ਤੇਲ ਦੀ ਤਰਹਾਂ (ਉਸ ਦਾ ਰੰਗ) ਲਾਲ ਹੋ ਜਾਵੇ (ਉਹ ਆਖਰੀ ਫੈਸਲੇ ਦਾ ਦਿਨ ਹੋਵੇਗਾ) ॥ ੩੭ ॥ ਤਾਂ (ਹੇ ਜਿਨੋਂ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪ-ਕਾਰਾਂ ਥੀਂ ਮੁਕਰੋਗੇ ॥ ੩੮ ॥ ਤਾਂ ਉਸ ਦਿਨ ਨਾਂ ਤਾਂ ਆਦਮੀਆਂ ਪਾਸੋਂ ਉਨਹਾਂ ਦੇ ਗੁਨਾਹਾਂ ਦੀ ਬਾਬਤ ਪੁਛਿਆ ਜਾਵੇਗਾ ਅਰ ਨਾਂ ਜਿਨਾਂ ਪਾਸੋਂ (ਕਾਹੇ ਤੇ ਖੁਦਾ ਨੂੰ ਬਿਨਾਂ ਦਸਿਆਂ ਸਭ ਕੁਛ ਮਾਲੂਮ ਹੈ) ॥ ੩੯ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ਕੇਹੜੇ ਉਪਕਾਰਾਂ ਥੋਂ ਮੁਕਰੋਗੇ ॥ ੪੦ ॥ (ਓਸ ਦਿਨ) ਗੁਨਾਹਾਂਗਾਰਾਂ ਨੂੰ ਉਨਹਾਂ ਦੀ ਸ਼ਕਲੋਂ ਹੀ ਪਛਾਣ ਲੀਤਾ ਜਾਵੇਗਾ ਫੇਰ (ਉਨਹਾਂ ਦੇ) ਪਠੇ ਤਥਾ ਪੈਰ ਪਕੜੇ ਜਾਣਗੇ (ਅਰ ਇਸ ਪਰਕਾਰ ਘਸੀਟ ੨ ਉਨਹਾਂ ਨੂੰ ਜਹੱਨਮ ਵਿਚ ਲੈ ਜਾਣਗੇ) ॥ ੪੧ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋਗੇ ॥ ੪੨ ॥ ਇਹ ਹੈ ਉਹ ਜਹੱਨਮ ਜਿਸ ਨੂੰ ਗੁਨਾਹਾਂਗਾਰ ਲੋਗ ਝੁਠਿਆਰਦੇ ਹਨ ॥ ੪੩ ॥ (ਅਰ ਪਰਲੈ ਦੇ ਦਿਨ) ਓਸ ਵਿਚ ਅਰ ਉਬਲਦੇ ਹੋਏ ਪਾਣੀ ਵਿਚ (ਬੇਚੈਨ ਪਏ) ਫਿਰਨਗੇ ॥ ੪੪ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋਗੇ ॥ ੪੫ ॥ ਰੁਕੂਹ ੨ ॥

ਅਰ ਜੋ ਆਦਮੀ (ਕਰਮਾਂ ਦੇ ਜਵਾਬ ਦੇਣ ਵਾਸਤੇ) ਆਪਣੇ ਪਰਵਰ-ਦਿਗਾਰ ਦੇ ਸਨਮੁਖ ਖੜਿਆਂ ਹੋਣ ਤੋਂ ਡਰਦਾ ਰਹਿਆ ਉਸ ਨੂੰ (ਬਹਿਸ਼ਤ ਦੇ) ਦੋ ਬਾਗ (ਮਿਲਨਗੇ) ॥ ੪੬ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋਗੇ ॥ ੪੭ ॥ (ਉਹ ਦੋਨੋਂ ਬਾਗ ਬਹੁਤ ਸਾਰੀਆਂ) ਟਹਿਣੀਆਂ ਵਾਲੇ (ਅਰ-ਥਾਤ ਖੂਬ ਹਰੇ ਭਰੇ ਹੋਣਗੇ) ॥ ੪੮ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋਗੇ ॥ ੪੯ ॥ ਦੋਨਾਂ ਵਿਚ ਦੋ ਚਸ਼ਮੇ (ਪਏ) ਵਗ ਰਹੇ ਹੋਣਗੇ ॥ ੫੦ ॥ ਤਾ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥ ੫੧ ॥ ਦੋਨਾਂ ਵਿਚ ਹਰ ਮੇਵੇ ਦੀਆਂ ਦੋ ਕਿਸਮਾਂ ਹੋਣਗੀਆਂ ॥ ੫੨ ॥ ਤਾਂ (ਹੇ ਜਿੰਨੋ ਅਰ ਆਦਮੀਓ !)

Digitized by Panjab Digital Library | www.panjabdigilib.org

ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥੫੩॥ (ਸਵਾਰਗੀ ਉਨਹਾਂ ਵਿਚ ਐਸੇ ਉਮਦਾ) ਫਰਸ਼ਾਂ ਉਪਰ ਢਾਸਣੇ ਲਗਾਈ (ਬੈਠੇ) ਹੋਣਗੇ ਕਿ ਤਾਫਤੇ ਦੇ ਉਹਨਾਂ ਦੇ ਅੰਦਰਸ ਹੋਣਗੇ ਅਰ ਦੋਨਾਂ ਬਾਗਾਂ ਦੇ ਫਲ (ਇਸ ਕਦਰ) ਝੁਕੇ ਹੋਏ ਹੋਣਗੇ (ਕਿ ਚਾਹੁਣ ਤਾਂ ਸਜਰੇ ਦੇ ਸੁਜਰੇ ਹੀ ਦਰਖਤਾਂ ਉਪਰੋਂ ਲਗੇ ਹੋਏ ਖਾ ਲੈਣ) ॥ ੫੪ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥ ੫੫ ॥ ਉਨਹਾਂ ਵਿਚ (ਪਵਿਤ੍ਰਾਤਮਾ ਹੂਰਾਂ) ਹੋਣਗੀਆਂ ਜੋ (ਓਪਰੇ ਦੀ ਤਰਫ) ਅਖ ਪੁਟ ਕੇ ਭੀ ਨਹੀਂ ਦੇਖਣਗੀਆਂ। ਅਰ ਸਵਾਰਗੀਆਂ ਥੀਂ ਪਹਿਲਾਂ ਨਾ ਤਾਂ ਕਿਸੇ ਇਨਸਾਨ ਨੇ ਏਹਨਾਂ ਨੂੰ ਹਥ ਲਾਇਆ ਹੋਵੇਗਾ ਅਰ ਨਾਂ ਹੀ ਕਿਸੇ ਜਿੰਨ ਨੇ ॥ ੫੬ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪ-ਕਾਰਾਂ ਥੀਂ ਮੁਕਰੋਗੇ ॥ ੫੭ ॥ (ਉਨਹਾਂ ਦੇ ਰੰਗ ਐਸੇ ਲਾਲ ਪੇਂਜੂ ਹੋਣ ਗੇ ਕਿ) ਮਾਨੋ ਓਹ ਯਾਕੂਤ ਤਥਾ ਮੂੰਗੇ (ਦੀਆਂ ਬਣੀਆਂ ਹੋਈਆਂ) ਹਨ ॥ ੫੮ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰ-ਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋਗੇ ॥ ੫੯ ॥ ਭਲਾ ਨੇਕੀ ਦੇ ਸਿਵਾ ਨੇਕੀ ਦਾ ਬਦਲਾ ਕੁਛ ਹੋਰ ਭੀ ਹੋ ਸਕਦਾ ਹੈ ? ॥ ੬੦ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥ ੬੧ ॥ ਅਰ ਏਹਨਾਂ ਦੇ (ਬਾਗਾਂ) ਥੀਂ ਸਿਵਾ (ਸਵਾਰਗੀਆਂ ਵਾਸਤੇ) ਦੋ ਬਾਗ ਹੋਰ ਹੋਣਗੇ ॥ ੬੨ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪ ਕਾਰਾਂ ਥੀਂ ਮੁਕਰੋ ਗੇ ॥ ੬੩ ॥ (ਓਹ) ਦੋਵੇਂ (ਬਾਗ) ਬਹੁਤ ਹੀ ਹਰੇ ਭਰੇ (ਹੋਣਗੇ) ॥ ੬੪ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥ ੬੫ ॥ ਉਨਹਾਂ (ਦੋਨਾਂ ਬਾਗਾਂ) ਵਿਚ ਦੋ ਚਸ਼ਮੇ (ਪਏ) ਉਬਲ ਰਹੇ ਹੋਣਗੇ ॥ ੬੬ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋਗੇ ॥ ੬੭ ॥ ਉਨਹਾਂ (ਦੋਨਾਂ ਬਾਗਾਂ) ਵਿਚ ਮੇਵੇ (ਹੋਣਗੇ) ਅਰ ਖਜੂਰਾਂ (ਹੋਣਗੀਆਂ) ਅਰ ਅਨਾਰ (ਹੋਣਗੇ) ॥ ੬੮ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰ-ਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥ ੬੯ ॥ ਉਨਹਾਂ ਵਿਚ ਭਲੇ (ਸੁਭਾਓ ਵਾਲੀਆਂ) ਸੁੰਦਰ ਰੂਪ (ਔਰਤਾਂ) ਹੋਣਗੀਆਂ ॥ ੭੦ ॥ ਤਾਂ (ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ

Digitized by Panjab Digital Library | www.panjabdigilib.org

ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥ ੭੧ ॥ ( ਉਹ ਔਰਤਾਂ ) ਹੂਰਾਂ ( ਹੋਣਗੀਆਂ ) ( ਆਪਣੇ ਰਹਿਣ ਵਾਲਿਆਂ ) ਤੰਬੂਆਂ ਵਿਚ ਬੰਦ ( ਬੈਠੀਆਂ ) ਹਨ ( ਕਿ ਉਨਹਾਂ ਨੂੰ ਬਾਹਰ ਦੀ ਹਵਾ ਭੀ ਨਹੀਂ ਲਗਣੀ ਪਾਉਂਦੀ ) ॥ ੭੨ ॥ ਤਾਂ ( ਹੇ ਜਿੰਨੋ ਅਰ ਆਦਮੀਓ ! ) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥ ੭੩ ॥ ਸਵਾਰਗੀਆਂ ਥੀਂ ਪਹਿਲੇ ਨਾਂ ਤਾਂ ਕਿਸੇ ਇਨਸਾਨ ਨੇ ਓਹਨਾਂ ਉਪਰ ਹਥ ਪਾਯਾ ਹੋਵੇਗਾ ਅਰ ਨਾਂ ਕਿਸੇ ਜਿੰਨ ਨੇ ॥ ੭੪ ॥ ਤਾਂ ( ਹੇ ਜਿੰਨੋ ਅਰ ਆਦਮੀਓ ! ) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮੁਕਰੋ ਗੇ ॥ ੭੫ ॥ ਸਵਰਗੀ ਉਥੇ ਹਰਿਆਂ ਕਾਲੀਨਾ ਅਰ ਚੰਗਿਆਂ ੨ ਫਰਸ਼ਾਂ ਉਪਰ ਢਾਸਣੇ ਲਗਾਈਂ ( ਬੈਠੇ ) ਹੋਣਗੇ॥ ੭੬ ॥ ਤਾਂ ( ਹੇ ਜਿੰਨੋ ਅਰ ਆਦਮੀਓ !) ਤੁਸੀਂ ਆਪਣੇ ਪਰਵਰਦਿਗਾਰ ਦੇ ਕੇਹੜੇ ੨ ਉਪਕਾਰਾਂ ਥੀਂ ਮਕਰੋ ਗੇ ॥ ੭੭ ॥ ( ਹੇ ਪੈਯੰਬਰ ) ਤੁਹਾਡੇ ਪਰਵਰਦਿਗਾਰ ਦਾ ਨਾਮ ਬੜਾ ਬਰਕਤ (ਪ੍ਰਤਾਪ) ਵਾਲਾ (ਨਾਮ) ਹੈ (ਅਰ ਉਹ ਬੜੀ) ਵਡਿਆਈ ਵਾਲਾ ਅਰ ( ਲੋਗਾਂ ਉਪਰ ) ਉਪਕਾਰ ਕਰਨੇ ਵਾਲਾ ਹੈ ॥ ੭੮ ॥ ਰੁਕੂਹ ੩ ॥

# ਸੂਰਤ ਵਾਕਿਜ਼ਾ ਮੱਕੇ ਵਿਚ ਉਤਰੀ ਅਰ ਇਸਦੀਆਂ ਛਿਆਨਵੇਂ ਆਇਤਾਂ ਅਰ ਤਿੰਨ ਰੁਕੂਹ ਹਨ।

( ਪ੍ਰਾਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ਕਿਰਪਾਲੂ ( ਹੈ ) ਜਦੋਂ ( ਪਰਲੈ ) ਜੋ ਜਰੂਰ ਹੋਣ ਵਾਲੀ (ਹੈ) ਪ੍ਰਾਪਤ ਹੋਵੇਗੀ ॥੧॥ (ਅਰ) ਓਸ ਦੇ ਪ੍ਰਾਪਤ ਹੋਣ ਵਿਚ ਕੁਛ ਭੀ ਖਿਲਾਫ (ਭਰਮ)ਨਹੀਂ॥੨॥ ( ਓਸ ਵੇਲੇ ਲੋਗਾਂ ਦੇ ਦਰਜਿਆਂ ਦਾ ਫਰਕ ਪ੍ਰਗਟ ਹੋਵੇਗਾ ਕਈਆਂ ਨੂੰ ) ਨੀਚਿਆਂ ਦਿਖਾਵੇਗੀ ( ਅਰ ਕਈਆਂ ਦੇ ਦਰਜੇ ) ਉੱਚੇ ਕਰੇਗੀ ॥ ੩ ॥ ( ਓਸ ਵੇਲੇ ) ਜਦੋਂ ਕਿ ਧਰਤੀ ਬੜੇ ਜੋਰ ਨਾਲ ਹਿਲਣ ਲਗੇਗੀ ॥ ੪ ॥ ਅਰ ਪਹਾੜ ( ਟਕਰਾ ਕੇ ਐਸੇ ) ਜਰੀ ੨ ਹੋ ਜਾਣਗੇ ॥ ੫ ॥ ਕਿ ( ਜੈਸੇ ) ਪ੍ਰਮਾਣੂ ਪੜੇ ਉਡ ਰਹੇ ਹਨ ॥ ੬ ॥ ਅਰ ( ਓਸ ਵੇਲੇ ) ਤੁਸਾਂ ਲੋਗਾਂ ਦੀਆਂ ( ਭੀ ) ਤਿੰਨ ਪਰਨਾਲੀਆਂ ਹੋਣਗੀਆਂ ॥ ੭ ॥ ( ਇਕ ) ਤਾਂ ਸਜੇ ਹਥ ਵਾਲੇ ( ਸੋ ) ਸਜੇ ਹਥ ਵਾਲਿਆਂ ਦਾ ਕੀ ਕਹਿਣਾ ਹੈ ॥ ੮ ॥ ਅਰ ( ਇਕ ) ਖਬੇ ਹਥ ਵਾਲੇ ( ਸੋ ) ਖਬੇ ਹਥ ਵਾਲਿਆਂ ਦਾ ਕੈਸਾ ਹੀ ਬੁਰਾ ਦਦੜਾ ਹੈ ॥ ੯ ॥ ਅਰ ( ਤੀਸਰੇ ) ਜੋ ( ਸਾਰਿਆਂ ਨਾਲੋਂ ) ਅਗੇ ( ਸਨਮੁਖ

Digitized by Panjab Digital Library | www.panjabdigilib.org

ਬੈਠਾਏ ਗਏ ) ਹਨ ( ਸੋ ) ਏਹ ਅਗੇ ਹੀ ( ਬਠਾਉਣ ਦੇ ਯੋਗ ) ਹਨ ॥ ੧੦ ॥ ( ਕਿ ) ਏਹ ( ਖੁਦਾ ਦੀ ਬਾਰਗਾਹ ਦੇ ) ਸਮੀਪੀ ਹਨ ॥ ੧੧ ॥ ( ਏਹਨਾਂ ਨੂੰ ਸਵਰਗ ਦੇ ) ਸੁਖ ਦਿਆਂ ਬਾਗਾਂ ਵਿਚ ( ਅਸਥਾਨ ਦਿਤਾ ਜਾਵੇਗਾ ) ॥ ੧੨ ॥ ( ਏਸ ਯੁਥ ਵਿਚ ) ਬਹੁਤ ( ਤਾਂ ) ਅਗਲਿਆਂ ਲੋਗਾਂ ਵਿਚੋਂ ( ਹੋਣਗੇ ) ॥ ੧੩ ॥ ਅਰ ਥੋੜੇ ਪਿਛਲਿਆਂ ਵਿਚੋਂ ( ਭੀ ) ॥ ੧੪ ॥ ਇਕ ਦੂਸਰੇ ਦੇ ਆਮੋ ਸਾਹਮਣੇ ॥ ੧੫ ॥ ਜੜਾਊ ਸਿੰਘਾਸਨਾਂ ਉਪਰ ਢਾਸਣੇ ਲਗਾਈ ( ਬੈਠੇ ) ਹੋਣਗੇ ॥ ੧੬ ॥ ( ਸਵਰਗ ਦੇ ) ਬਾਲਕ ਜੋ ਸਦਾ ਹੀ ( ਲੜਕੇ ਹੀ ਬਣੇ ) ਰਹਿਣਗੇ ॥ ੧੭ ॥ ਓਹਨਾਂ ਦੇ ਪਾਸ (ਸ਼ਰਬਤ ਵਗੈਰਾ ਪੀਣ ਵਾਸਤੇ) ਗਿਲਾਸ ਅਰ ਗੰਗਾਸਾਗਰ (ਲੋਟੇ)ਅਰ ( ਐਸੀ ) ਸਾਫ ਸ਼ਰਾਬ ਦੇ ਪਿਆਲੇ ਲਿਆਉਂਦੇ ਅਰ ਲੈ ਜਾਂਦੇ ਹੋਣਗੇ ॥ ॥ ੧੮ ॥ ਜਿਸ ( ਦੇ ਪੀਣ ) ਨਾਲ ਨਾਂ ਤਾਂ ਓਹਨਾਂ ਨੂੰ ਸਿਰ ਦਰਦ ਹੋਵੇ ( ਜੋ ਖੁਮਾਰ ਵਿਚ ਹੁੰਦਾ ਹੈ ) ਅਰ ਨਾਂ ਬਕੜ ਵਾਦ ਕਰਨਗੇ ॥ ੧੯ ॥ ॥ ੨੦ ॥ ਅਰ ( ਹੋਰ ) ਜਿਸ ਪਰਕਾਰ ਦਾ ਮੇਵਾ ਪਸੰਦ ਕਰਨ ਅਰ ਜਿਸ ਪਰਕਾਰ ਦੇ ਪੰਛੀਆਂ ਦੇ ਮਾਸ ਨੂੰ ਓਹਨਾਂ ਦਾ ਜੀ ਚਾਹਿ ( ਵੰਹੀ ਮਾਸ ) ॥ ੨੧ ॥ ਅਰ ( ਏਨਹਾਂ ਨਿਆਮਤਾਂ ਥੀਂ ਸਿਵਾ ਅਹਿਤਿਆਤ ਨਾਲ ਕਈ ) ਤਹਿਆਂ ਵਿਚ ਰਖੇ ਹੋਏ ਮੋਤੀਆਂ ਦੀ ਤਰਹਾਂ ਦੀ ( ਖੁਸ਼ਰੰਗ ) ਵਿਸ਼ਾਲਾਖੀਆਂ ਹੂਰਾਂ ਹੋਣਗੀਆਂ ॥ ੨੨ ॥ ੨੩ ॥ ( ਅਰ ਏਹ ) ਬਦਲਾ ( ਹੈ ) ਓਹਨਾਂ ( ਭਲਿਆਂ ) ਕਰਮਾਂ ਦਾ ਜੋ ( ਦੁਨੀਆਂ ਵਿਚ ) ਕਰਦੇ ਰਹੇ ॥ ੨੪ ॥ ਓਥੇ ਨਾਂ ਤਾਂ ਕੋਈ ਝੂਠੀ ਬਾਰਤਾ ਸੁਣਨਗੇ ਅਰ ਨਾਂ ਖਿਲਾਫ ਤਹਿਜ਼ੀਬ ( ਅਰਥਾਤ ਸਭ੍ਯਤਾ ਦੇ ਵਿਰੁਧ ) ॥ ੨੫ ॥ ਬਸ ( ਚਾਰ ਚੁਫੇਰਿਓਂ ) ਸਲਾਮ (ਹੀ) ਸਲਾਮ ਦੀਆਂ ਅਵਾਜ਼ਾਂ ( ਚਲੀਆਂ ਆ ਰਹੀਆਂ ਹੋਣਗੀਆਂ ) ॥ ੨੬ ॥ ਅਰ ਸਜੇ ਹਥ ਵਾਲੇ ( ਸੋ ਏਹਨਾਂ ) ਸਜੇ ਹਥ ਵਾਲਿਆਂ ਦਾ ਕੀ ਕਹਿਣਾ ਹੈ ॥ ੨੭ ॥ ਕਿ ਬਿਨਾਂ ਕੰਡਿਆਂ ਥੀਂ ਬੇਰੀਆਂ ॥ ੨੮ ॥ ਅਰ ਲਦੇ ਹੋਏ ਕੇਲੇ ॥ ੨੯ ॥ ਅਰ ਲੰਬੀਆ ਲੰਬੀਆਂ ਛਾਵਾਂ ॥ ੩੦ ॥ ਅਰ ਪਾਣੀ ਦੇ ਝਰਨੇ ॥ ੩੧ ॥ ਅਰ ਬਹੁਤ ਸਾਰੇ ਮੇਵਿਆਂ ਵਿਚ ॥ ੩੨ ॥ ਜੋ ( ਬਾਰਾਂ ਮਹੀਨੇ ) ਬਿਲਾ ਨਾਗਾ ਬੇ ਰੋਕ ਟੋਕ ਏਹਨਾਂ ਨੂੰ ਮਿਲਿਆ ਕਰਨਗੇ ॥ ੩੩ ॥ ਉਚਿ-ਆਂ ਉਚਿਆਂ ਫਰਸ਼ਾਂ ( ਦੀ ਆਸਾਇਸ਼ਾਂ ) ਵਿਚ ( ਅਨੰਦ ਲੁਟ ਰਹੇ ) ਹੋਣਗੇ ॥ ੩੪ ॥ ( ਅਰ ਏਹਨਾਂ ਨੂੰ ਭੀ ਹੂਰਾਂ ਮਿਲਨਗੀਆਂ ਆਰ) ਏਹਨਾਂ ( ਹੂਰਾਂ ) ਨੂੰ ਅਸਾਂ ਨੇ ਏਹਨਾਂ ਵਾਸਤੇ ਬਲਾਤਕਾਰ ਹੀ ) ਬਨਾ ਖੜਿ-ਆਂ ਕੀਤਾ ਹੈ ॥ ੩੫ ॥ ਅਰ ਏਹਨਾਂ ਨੂੰ (ਐਸਿਆ) ਬਨਾਇਆ ਕਿ ( ਓਹ ) ਕੁਵਾਰੀਆਂ ( ਹਨ ) ॥ ੩੬ ॥ ਪਿਆਰੀਆਂ ਪਿਆਰੀਆਂ ॥ ੩੭ ॥ ( ਅਰ

Digitized by Panjab Digital Library | www.panjabdigilib.org

ਏਸ ਥੀਂ ਇਲਾਵਾ ਏਹਨਾਂ )ਸਜੇ ਹਥ ਵਾਲਿਆਂ ਸਵਰਗੀਆਂ ਦੀਆਂ ਹਾਨਣਾਂ ਉਮਰ ॥ ੩੮ ॥ ਰੁਕੂਹ ੧ ॥

( ਏਸ ਯੁਥ ਵਿਚ ) ਬਾਹੁਲੇਣ ਅਗਲੇ ਲੋਗ ( ਹੋਣਗੇ ) ॥ ੩੯ ॥ ਅਰ ਬਾਹੁਲੇਣ ਪਿਛਲੇ ਲੋਗ ( ਭੀ ) ਹੋਣਗੇ ॥ ੪੦ ॥ ਅਰ ਖਬੇ ਹਥ ਵਾਲੇ ਸੋ ਇਹਨਾਂ ਖਬੇ ਹਥ ਵਾਲਿਆਂ ਦਾ ਕੈਸਾ ਹੀ ਬੁਰਾ ਹਾਲ ਹੈ ॥ ੪੧ ॥ ਕਿ ( ਅਗਨੀ ਵਾਲੇ ਨਰਕ ਦੇ ) ਸੇਕ ਵਿਚ ਹੋਣ ਅਰ ਉੱਬਲਦੇ ਪਾਣੀ ਵਿਚ ॥ ੪੨ ॥ ਅਰ ਕਾਲੇ ਧੂਤ ਧੂੰਏ ਦੇ ਸਾਏ ਵਿਚ ॥ ੪੩ ॥ ਕਿ ਨਾਂ ਤਾਂ ਓਸ ਵਿਚ ਠੰਢਕ ਹੀ ਹੈ ਅਰ ਨਾਂ ਇਜ਼ਤ ਦਾ ਅਸਥਾਨ ॥ ੪੪ ॥ ਏਹ ਲੋਗ ਏਸ ਥੀਂ ਪਹਿਲਾਂ ( ਦੁਨੀਆਂ ਵਿਚ ਬਹੁਤ ) ਆਸੂਦਾ ਸਨ ॥ ੪੫ ॥ ਅਰ ( ਆਸੂਦਗੀ ਦੇ ਘਮੰਡ ਵਿਚ ) ਬੜੇ ਗੁਨਾਹ ( ਅਰਥਾਤ ਭੇਦਵਾਦ) ਉਪਰ ਹੱਠ ਕਰਦੇ ਰਹਿੰਦੇ ਸਨ ॥੪੬॥ ਅਰ (ਪ੍ਰਲੈ ਦੀ ਨਿਸਬਤ ) ਕਹਿਆ ਕਰਦੇ ਸਨ ਕਿ ਕੀ ਜਦੋਂ ਅਸੀਂ ਮਰ ਜਾਂਵਾਂਗੇ ਅਰ ( ਮਰਿਆਂ ਪਿਛੋਂ ) ਮਿਟੀ ਹੋ ਜਾਵਾਂਗੇ ਅਰ ( ਸਾਡੀਆਂ ਕੇਵਲ ) ਹਡੀਆਂ ( ਰਹਿ ਜਾਣਗੀਆਂ ) ਕੀ ( ਐਸੀ ਦਸ਼ਾ ਵਿਚ ) ਅਸੀਂ ( ਦੁਬਾਰਾ ) ਉਠਾ ਕੇ ਖੜੇ ਕੀਤੇ ਜਾਵਾਂਗੇ ॥ ੪੭ ॥ ਅਰ ਕੀ ਸਾਡੇ ( ਸਾਰੇ ) ਅਗਲੇ ਪਿਤਾ ਪਿਤਾਮਾਂ ( ਭੀ ) ? ॥ ੪੮ ॥ ( ਹੇ ਪੈਯੰਬਰ ਤੁਸੀਂ ਆਪਣੇ ਸਮੇ ਦੇ ਪ੍ਰਲੈ ਥੀਂ ਮੁਨਕਰਾਂ ) ਨੂੰ ਕਹੋ ਕਿ ਨਿਰਸੰਦੇਹ ਅਗਲੇ ਅਰ ਪਿਛਲੇ ( ਸਾਰੇ ) ॥ ੪੯ ॥ ਨਿਯਤ ਦਿਨ ਦੇ ਵੇਲੇ ਜਰੂਰ ਇਕੱਠੇ ਕੀਤੇ ਜਾਣਗੇ ॥ ੫੦ ॥ ਫੇਰ ਹੇ ਕੁਮਾਰਗੀਓ ! ( ਅਰ ਪ੍ਰਲੈ ਦੇ ) ਝੁਠਿਆਰਨ ਵਾਲਿਓ ! ॥ ੫੧ ॥ ਤੁਹਾਨੂੰ ( ਨਰਕਾਂ ਵਿਚ ) ਥੋਹਰ ਦਾ ਦਰਖਤ ਖਾਣਾ ਬਣੇਗਾ ॥ ੫੨ ॥ ਅਰ ਓਸੇ ਨਾਲ ਹੀ ਪੇਟ ਭਰਨਾ ਪਵੇਗਾ ॥ ੫੩ ॥ ਫੇਰ ਉਪਰੋਂ ਰਿਝਦਾ ਹੋਇਆ ਪਾਣੀ ਪੀਣਾ ਪਵੇਗਾ ॥ ੫੪ ॥ ਅਰ ਪੀਣਾ ( ਭੀ ) ਪਵੇਗਾ। ( ਤਾਂ ਢਹਿ ਢਹਿ ਕੇ ) ਤ੍ਰਿਖਾਤੁਰ ਊਠ ਦੀ ਤਰਹਾਂ ॥ ੫੫ ॥ ਪ੍ਰਲੈ ਦੇ ਦਿਨ ਏਹ ਉਨਹਾਂ ਦੀ ਰਸੋਈ ਹੋਵੇਗੀ ॥ ੫੬ ॥ ( ਲੋਗੋ ! ਇਦਾਨੀ ਕਾਲ ਮੈਂ ਭੀ ) ਅਸਾਂ ਨੇ ਹੀ ਤੁਹਾਨੂੰ ਉਤਪਤ ਕੀਤਾ ਹੈ ਤਾਂ ਤੁਸੀਂ ( ਕਿਆਮਤ ਵਿਚ ਸਾਡੇ ਦੁਬਾਰਾ ਪੈਦਾ ਕਰਨ ਨੂੰ ) ਸਚ ਕਿਉਂ ਨਹੀਂ ਸਮਝਦੇ ॥ ੫੭ ॥ ਭਲਾ ਦੇਖੋ ਤਾਂ ਸਹੀ ਕਿ ( ਏਹ ) ਬੀਰਜ ਜੋ ਤੁਸੀਂ ( ਇਸਤਰੀਆਂ ਦੇ ਗਰਭਾਸ਼ੇ ਵਿਚ ) ਪਰਾਪਤ ਕਰਦੇ ਹੋ ॥ ੫੮ ॥ ਕੀ ਏਸ ( ਬੀਰਜ ) ਦਾ ਆਦਮੀ ਤੁਸੀਂ ਬਣਾਉਂਦੇ ਹੋ ਯਾ ਅਸੀਂ ਬਣਾਉਂਦੇ ਹਾਂ ॥ ੫੯ ॥ ਅਸਾਂ ਨੇ ਹੀ ਤੁਸਾਂ ਲੋਗਾਂ ਵਿਚ ਮ੍ਰਿਤਯੂ ਨਮਿਤ ਕਰ ਦਿਤੀ ਹੈ ਅਰ ਅਸੀਂ ਏਸ ਗਲੋਂ ਆਸ-ਮਰਥ ਨਹੀਂ ॥ ੬੦ ॥ ਕਿ ਤੁਹਾਡੀਆਂ ( ਜਿਸਮਾਨੀ ) ਸ਼ਕਲਾਂ ਬਦਲ

Digitized by Panjab Digital Library | www.panjabdigilib.org

ਦੇਈਏ ਅਰ ਇਕ ਹੋਰ ਹਸਤੀ ਵਿਚ ਜਿਸ ਨੂੰ ਤੁਸੀਂ ਨਹੀਂ ਜਾਣਦੇ ਤੁਹਾਨੂੰ ਬਨਾ ਖੜਾ ਕਰੀਏ ॥ ੬੧ ॥ ਅਰ ਤੁਸੀਂ ਤਾਂ ( ਸਾਡੇ ) ਪਹਿਲੇ ਬਨਾਉਣ ਨੂੰ ਜਾਣ ਹੀ ਚੁਕੇ ਹੋ ਤਾਂ ( ਹੁਣ ) ਕਿਉਂ ਨਹੀਂ ਬਿਚਾਰਦੇ ( ਕਿ ਏਸੇ ਪਰਕਾਰ ਪ੍ਰਲੈ ਵਿਚ ਬਣਾਏ ਜਾ ਸਕੀਦੇ ਹੋ )॥ ੬੨ ॥ ਭਲਾ ਦੇਖੋ ਤਾਂ ( ਸਹੀ ) ਕਿ ਤੁਸੀਂ ਲੋਗ ਜੋ ਖੇਤੀ ਕਰਦੇ ਹੋ ॥ ੬੩ ॥ ਉਸ ਨੂੰ ਤੁਸੀਂ ਉਗਾ-ਉਂਦੇ ਹੋ ਅਥਵਾ ਅਸੀਂ ਉਗਾਉਂਦੇ ਹਾਂ ॥੬੪॥ ਅਸੀਂ ਇਛਾ ਕਰੀਏ ਤਾਂ(ਕੋਈ ਵਿਪਤਾ ਭੇਜ ਕੇ ਪਕਣ ਥੀਂ ਪਹਿਲਾਂ)ਕੀ ਉਸਨੂੰ ਚੂਰਾ ੨ ਕਰ ਸਿਟੀਏ ਅਰ ਤੁਸੀਂ ਗਲਾਂ ਹੀ ਕਰਦੇ ਰਹਿ ਜਾਓ ॥ ੬੫ ॥ ਕਿ ਅਸੀਂ ਤਾਂ ਤਾਵਾਨ (ਚਟੀ) ਵਿਚ ਆ ਗਏ ॥੬੬॥ ਪ੍ਰਤਯੁਤ ਸਾਡੇ ਤਾਂ ਭਾਗ ਸੜ ਗਏ ॥ ੬੭ ॥ ਭਲਾ ਦੇਖੋ ਤਾਂ ( ਏਹ ) ਪਾਣੀ ਜੋ ਤੁਸੀਂ ਪੀਂਦੇ ਹੋ ॥ ੬੮ ॥ ਕੀ ਬਦਲਾਂ ਵਿਚੋਂ ਏਸ ਨੂੰ ਤੁਸਾਂ ਬਰਸਾਇਆ ਹੈ ਅਥਵਾ ਅਸੀਂ ਬਰਸਾਉਂਦੇ ਹਾਂ ॥ ੬੯ ॥ ਅਸੀਂ ਇਛਾ ਕਰੀਏ ਤਾਂ ਉਸ ਨੂੰ ( ਐਸਾ ) ਖਾਰੀ ਕਰ ਦੇਈਏ (ਕਿ ਜਬਾਨ ਉਪਰ ਨਾ ਰਖਿਆ ਜਾਵੇ) ਤਾਂ ਤੁਸੀਂ ਕਿਉਂ ਨਹੀਂ ਧੰਨਜਵਾਦ ਕਰਦੇ ॥ ੭੦ ॥ ਭਲਾ ਦੇਖੋ ਤਾਂ ( ਸਹੀ ਏਹ ) ਅਗ ਜੋ ਤੁਸੀਂ ਲਾਉਂਦੇ ਹੋ ॥ ੭੧ ॥ ਏਸ ਦੇ ਦਰਖਤਾਂ ਨੂੰ ( ਜਿਸ ਦੀਆਂ ਲਕੜੀਆਂ ਏਸ ਵਿਚ ਬਾਲੀਆਂ ਜਾਂਦੀਆਂ ਹਨ ) ਤੁਸਾਂ ਨੇ ਪੈਦਾ ਕੀਤਾ ਹੈ ਅਥਵਾ ਅਸੀ ਪੈਦਾ ਕਰਦੇ ਹਾਂ ॥ ੭੨ ॥ ਅਸਾਂ ਨੇ ਅਗਨੀ ਨੂੰ ( ਨਰਕਾਗਨੀ ) ਦੀ ਸਿੰਮ੍ਰਤੀ ਕਰਾਉਣ (ਯਾਦ ਦਲਾਨੇ) ਵਾਸਤੇ ਅਰ ਪਰਦੇਸੀਆਂ ਦੇ ਲਾਭਾਰਥ ਬਣਾਇਆ ਹੈ॥ ੭੩ ॥ਤਾਂ ਹੇ ਪੈਯੰਬਰ ਆਪਣੇ ਪਰਵਰਦਿਗਾਰ ਵਡਿਆਈਆਂ ਵਾਲੇ ਦੇ ਨਾਮ ਦੀ ਮਹਿਮਾਂ(ਤਥਾ ਉਸਤਤੀ)ਕਰਦੇ ਰਹੋ ॥ ੭੪ ॥ ਰੁਕੂਹ ੨ ॥

ਸੋ ਅਸੀਂ ( ਸ਼ਹਾਬ ) ਨਛਤ੍ਰਾਂ ਦੇ ਪਾਤ ਹੋਣ ਦੀ ਸੌਗੰਦ ਕਰਦੇ ਹਾਂ ॥ ੭੫ ॥ ਅਰ ਸਮਝੋ ਤਾਂ ਏਹ ( ਬਹੁਤ ਹੀ ) ਬੜੀ ਸੁਗੰਦ ਹੈ ॥ ੭੬ ॥ ਕਿ ਏਹ ( ਕੁਰਾਨ ) ਬੜੀ ਕਦਰ ਤਥਾ ਵਡਿਆਈ ਵਾਲਾ ਕੁਰਾਨ ਹੈ ॥ ੭੭ ॥ ( ਅਰ ਸਾਡੇ ਪਾਸ ) ਸੰਭਾਲ ਨਾਲ ਰਖੀ ਹੋਈ ਪੁਸਤਕ ( ਅਰਥਾਤ ਲੋਹ ਮਾਫੂਜ਼ ) ਵਿਚ ( ਲਿਖਿਆ ਹੋਇਆ ਵਿਦਮਾਨ ) ਹੈ ॥ ੭੮ ॥ ( ਅਰ ) ਪਵਿਤਰ ਪੁਰਖਾਂ ਦੇ ਸਿਵਾ ਕੋਈ ਉਸ ਨੂੰ ਹਥ ਨਹੀਂ ਲਗਾ ਸਕਦਾ ॥ ੭੯ ॥ ( ਜੋ ) ਦੁਨੀਆਂ ਦੇ ਪਰਵਰਦਿਗਾਰ ਦੀ ਤਰਫੋਂ ( ਏਹ ਕੁਰਾਨ ਅੰਤਿਮ ਸਮੇਂ ਵਾਲੇ ਪੈਯੰਬਰ ਉਪਰ ) ਉਤਰਿਆ ਹੈ ॥ ੮੦ ॥ ਕੀ ਤੁਸੀਂ ( ਲੋਗ ) ਇਸ ਕਲਾਮ ਥੀਂ ਮੁਨਕਰ ਹੋ ॥ ੮੧ ॥ ਅਰ ਤੁਸਾਂ ਨੇ ਆਪਣਾ ਰਾਤਬ ਬੰਨ੍ਹ ਲੀਤਾ ਹੈ ਕਿ ( ਏਸ ਨੂੰ ) ਝੁਠਿਆ-ਰਦੇ ਹੀ ਰਹੋਗੇ ॥ ੮੨ ॥ ਤਾਂ ਕੀ ਜਦੋਂ ( ਜਾਨ ਬਦਨ ਵਿਚੋਂ ਨਿਕਲਕੇ )

Digitized by Panjab Digital Library | www.panjabdigilib.org

ਗਲ ਵਿਚ ਆ ਜਾਵੇ ॥ ੮੩ ॥ ਅਰ ਤੁਸੀਂ ਓਸ ਵੇਲੇ ( ਬਿਤਰ ੨ ਪਏ ) ਦੇਖਿਆ ਕਰੋ (ਅਰ ਕਰ ਕੁਛ ਨਾਂ ਸਕੋ) ॥ ੮੪॥ ਅਰ ਅਸੀਂ ਤੁਸਾਂ ਰੋਗੀਆਂ ਦੀ ਨਿਸਬਤ ਓਸ (ਮਰਨ ਵਾਲੇ ਰੋਗੀ) ਦੇ ਅਧਿਕ ਸਮੀਪ ਹਾਂ ਪਰੰਤੂ ਤੁਹਾਨੂੰ ਦਿਸਦਾ ਨਹੀਂ ॥੮੫॥ ( ਹਾਂ ) ਯਦੀ ਤੁਸੀਂ ( ਕਿਸੇ ਦੇ ) ਦਬੇਲ ਨਹੀਂ ਵਸਦੇ ॥੮੬॥ (ਅਰ ਖ਼ੁਦ ਅਖਤਿਆਰੀ ਦੇ ਦਾਵੇ ਵਿਚ) ਸਚੇ ਹੋ ਤਾਂ ਜਾਨ (ਦੇ ਗਲ ਵਿਚ ਆਇਆਂ ਪਿਛੋਂ ਉਸ ) ਨੂੰ ( ਬਦਨ ਵਿਚ ) ਮੋੜਕੇ ਕਿਉਂ ਨਹੀਂ ਲੈ ਆਉਂਦੇ ॥ ੮੭ ॥ ਫੇਰ ( ਮਰਨ ਵਾਲਾ ) ਯਦੀ ( ਬਾਰਗਾਹਿ ਖ਼ੁਦਾਵੰਦੀ ਦੇ ) ਸਮੀਪੀਆਂ ਵਿਚੋਂ ਹੈ ॥ ੮੮ ॥ ਤਾਂ ( ਉਸ ਦੇ ਵਾਸਤੇ ) ਅਰਾਮ ( ਤਥਾ ਸੁਖ ) ਹੈ ਅਰ ( ਖੁਲੀ ) ਰੋਜ਼ੀ ਅਰ ਅਨੰਦ ਦੇ ਸਵਰਗ ॥ ੮੯ ॥ ਅਰ ਯਦੀ ( ਉਹ ) ਸਜੇ ਹਥ ਵਾਲਿਆਂ ਵਿਚੋਂ ਹੈ ॥ ੯੦ ॥ ਤਾਂ (ਉਸਨੂੰ ਕਹਿਆ ਜਾਵੇਗਾ ਕਿ ਹੇ ਪੁਰਖ ) ਜੋ ਸਜੇ ਹਥ ਵਾਲਿਆਂ ਵਿਚੋਂ ਹੈ ਤੇਰੇ ਤਾਂਈ ਸਲਾਮ ॥ ੯੧ ॥ ਅਰ ਯਦੀ ਝੁਠਿਆਰਨ ਵਾਲਿਆਂ ( ਅਰ ) ਕੁਮਾਰ-ਗਤਾਈਆਂ ਵਿਚੋਂ ਹੈ ॥ ੯੨ ॥ ਤਾਂ ਉਬਲਦੇ ਪਾਣੀ ਦੀ ਮਹਿਮਾਨੀ ਹੈ ॥ ੯੩ ॥ ਅਰ ( ਅੰਤ ਨੂੰ ) ਜਹੱਨਮ ਵਿਚ ਧਕੇਲ ਦੇਣਾ ॥ ੯੪ ॥ ਨਿਰਸੰਦੇਹ ( ਆਖਰਤ ਦਾ ) ਇਹ ( ਬਿਰਤਾਂਤ ਜੋ ਬਿਆਨ ਕੀਤਾ ਗਇਆ ) ਬਿਲਕੁਲ ਸਚ ( ਅਰ ) ਯਕੀਨੀ ਹੈ ॥ ੯੫ ॥ ਤਾਂ ( ਹੇ ਪੈਗੰਬਰ ) ਆਪਣੇ ਵਡਿਆਈ ਵਾਲੇ ਪਰਵਰਦਿਗਾਰ ਦੇ ਨਾਮ ਦੀ ਮਹਿਮਾਂ ( ਤਥਾ ਉਸਤਤੀ ) ਕਰਦੇ ਰਹੋ ॥ ੯੬ ॥ ਰੁਕੂਹ ੩ ॥

## ਸੂਰਤ ਹਦੀਦ ਮਦੀਨੇ ਵਿਚ ਉਤਰੀ ਅਰ ਏਸ ਦੀਆਂ ਉਨੱਤੀ ਆਇਤਾਂ ਅਰ ਚਾਰ ਰੁਕੂਹ ਹਨ ।

(ਅਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰਪਾਲੂ ( ਹੈ ) ਜੋ ( ਸਰਿਸ਼ਟੀ ) ਅਕਾਸ਼ ਅਰ ਪ੍ਰਿਥਵੀ ਦੇ ਮਧ ਵਿਚ ਹੈ ( ਸਾਰੇ ਹੀ ਤਾਂ ) ਅਲਾ ਦੀ ਮਹਿਮਾਂ ( ਤਥਾ ਉਸਤੁਤੀ ) ਕਰਦੇ ਹਨ ਅਰ ਓਹ ਬਲ ਵਾਲਾ ( ਅਰ ) ਯੁਕਤੀਮਾਨ ਹੈ ॥ ੧ ॥ ਆਕਾਸ਼ ( ਦਾ ) ਅਰ ਪ੍ਰਿਥਵੀ ਦਾ ਰਾਜ ਓਸੇ ਦਾ ਹੀ ਹੈ ( ਓਹਾ ਹੀ ) ਜਿਵਾਉਂਦਾ ਅਰ ਮਾਰਦਾ ਹੈ ਅਰ ਓਹੋ ਹੀ ਸਰਬ ਵਸਤੂਆਂ ਉਪਰ ਸਮਰਥ ਹੈ ॥ ੨ ॥ ਵਹੀ ਆਦ ਥੋਂ ਹੈ ਅਰ ਵਹੀ ਅੰਤ ਤਕ ਰਹੇਗਾ ਅਰ ਓਹ ( ਚਮਿਤਕਾਰਾਂ ਕਰ ਕੇ ) ਪਰਗਟ ਅਰ ( ਸਵਰੂਪ ਤਥਾ ਉਪਮਾਨ ਕਰਕੇ ) ਗੁਪਤ ਹੈ ਅਰ ਉਹ ਸਰਬ ਵਸਤੂਆਂ ਥੀਂ ਗਿਆਤ ਹੈ ॥ ੩ ॥ ਵਹੀ ( ਸਾਮਰਥਵਾਨ ) ਹੈ ਜਿਸ ਨੇ ਛੇਆਂ ਦਿਨਾਂ ਵਿਚ ਆਕਾਸ ਅਰ ਧਰਤੀ ਨੂੰ ਪੈਦਾ ਕੀਤਾ ਅਰ ਫੇਰ

Digitized by Panjab Digital Library | www.panjabdigilib.org

ਅਰਸ਼ ਉਪਰ ਜਾ ਬਿਰਾਜਿਆ ਜੋ ਵਸਤੂ ਪ੍ਰਿਥਵੀ ਵਿਚ ਦਾਖਲ ਹੁੰਦੀ ( ਜੈਸੇ ਪਾਣੀ ਅਰ ਬੀਜ ਅਰ ਮੁਰਦੇ ਆਦ ) ਅਰ ਜੋ ਵਸਤੂ ਪਰਿਥਵੀ ਤੋਂ ਬਾਹਰ ਆਉਂਦੀ ( ਜੈਸੇ ਬ੍ਰਿਛ ਵਗੈਰਾ ) ਅਰ ਜੋ ਵਸਤੂ ਅਗਾਸ ਥੀਂ ਉਤਰਦੀ ( ਜੈਸੇ ਵਰਖਾ ਵਗੈਰਾ ) ਅਰ ਜੋ ਵਸਤੂਆਂ ਆਗਾਸ ਦੀ ਤਰਫ ਚੜ੍ਹਦੀਆਂ ( ਜੈਸੇ ਬੁਖਾਰਾਤ ਅਰ ਭਲੇ ਕਰਮ ਵਗੈਰਾ ) ਉਹ ( ਸਭ ਕੁਛ ) ਜਾਣਦਾ ਹੈ ਅਰ ਤੁਸੀਂ ਲੋਗ ਕਿਤੇ ਭੀ ਹੋਵੋ ਉਹ ਤੁਹਾਡੇ ਸੰਗੀ (ਸਾਥੀ ) ਹੈ ਅਰ ਜੋ ਕੁਛ ਤੁਸੀਂ ਕੀਤਾ ਕਰਦੇ ਹੋ ਅੱਲਾ ਉਸ ਨੂੰ ਦੇਖ ਰਹਿਆ ਹੈ ॥ ੪ ॥ ਅਕਾਸ਼ ਅਰ ਪ੍ਰਿਥਵੀ ਦੀ ਸਲਤਨਤ ਉਸੇ ਦੀ ਹੈ ਅਰ ਅੱਲਾ ਹੀ ਉਪਰ ਸਭ ਕੰਮਾਂ ਦਾ ਮੁਦਾਰ ਹੈ ॥ ੫ ॥ ( ਵਹੀ ਗਰਮੀ ਦੀ ਰੁਤ ਵਿਚ ) ਰਾਤ੍ਰੀ ਨੂੰ ( ਸੰਕੋਚ ਕੇ ) ਦਿਨ ਵਿਚ ਪਾ ਦੇਂਦਾ ਅਰ ( ਵਹੀ ਸਰਦੀ ਦੇ ਸਮੇ ਵਿਚ ) ਦਿਨ ਨੂੰ ( ਘਟਾ ਕੇ ) ਰਾਤ੍ਰ ਵਿਚ ਪਾ ਦੇਂਦਾ ਹੈ ਅਰ ਉਹ ( ਲੋਗਾਂ ਦੇ ) ਮਾਨਸਿਕ ਸੰਕਲਪਾਂ ( ਤਕ ) ਥੀਂ ਗਿਆਤ ਹੈ ॥ ੬ ॥ ( ਲੋਗੋ ) ਅੱਲਾ ਅਰ ਉਸ ਦੇ ਰਸੂਲ ਉਪਰ ਈਮਾਨ ਧਾਰੋ ਅਰ ਉਸ ( ਮਾਲ ) ਵਿਚੋਂ ਜਿਸਦਾ ਤੁਹਾਨੂੰ ( ਅਗਲਿਆਂ ) ਦਾ ਜਾ ਨਸ਼ੀਨ ( ਬਨਾ ਕੇ ) ਮਾਲਕ ਕਰ ਦਿਤਾ ਹੈ ( ਖੁਦਾ ਦੇ ਰਸਤੇ ਵਿਚ ਭੀ ) ਖਰਚ ਕਰੋ ਤਾਂ ਜੋ ਲੋਗ ਤੁਸਾਂ ਵਿਚੋਂ ਈਮਾਨ ਧਾਰ ਬੈਠੇ ਅਰ ਉਨਹਾਂ ਨੇ ( ਖੁਦਾ ਦੇ ਰਸਤੇ ) ਖਰਚ ( ਭੀ ) ਕੀਤਾ ਉਨਹਾਂ ਨੂੰ ਆਖਰਤ ਵਿਚ ਬੜਾ ਬਦਲਾ ਮਿਲੇਗਾ ॥ ੭ ॥ ਅਰ ਤੁਹਾਨੂੰ ਕੀ ਹੋ ਗਇਆ ਹੈ ਕਿ ਖੁਦਾ ਉਪਰ ਈਮਾਨ ਨਹੀਂ ਧਾਰਦੇ ਹਾਲਾਂ ਕਿ ਰਸੂਲ ਤੁਹਾਨੂੰ ਤੁਹਾਡੇ ਹੀ ਪਰਵਰਦਿਗਾਰ ਉਪਰ ਈਮਾਨ ਧਾਰਨ ਵਾਸਤੇ ਬੁਲਾ ਰਹੇ ਹਨ ਅਰ ਯਦੀ ਤੁਹਾਨੂੰ ਯਕੀਨ ਆਵੇ ਤਾਂ ਪ੍ਰਮਾਤਮਾਂ(ਆਪ) ਤੁਹਾਡੇ ਪਾਸੋਂ ( ਈਮਾਨ ਦੀ ) ਪਰਤਿਗਜਾ ਲੈ ਚੁਕਾ ਹੈ ॥ ੮ ॥ ਵਹੀ ( ਖੁਦਾ ਮੇਹਰਬਾਨ ਤਾਂ ) ਹੈ ਜੋ ਆਪਣੇ ਬੰਦੇ ( ਮੁਹੰਮਦ ) ਉਪਰ ( ਕੁਰਾਨ ਦੀਆਂ ) ਖੁਲਮਖੁਲੀਆਂ ਆਇਤਾਂ ਉਤਾਰਦਾ ਹੈ ਤਾਂ ਕਿ ਤੁਹਾਨੂੰ ( ਕੁਫਰ ਦੇ ) ਅੰਧੇਰੇ ਵਿਚੋਂ ਨਿਕਾਲ ਕੇ ( ਈਮਾਨ ਦੇ ) ਪਰਕਾਸ਼ ਵਿਚ ਲੈ ਆਵੇ ਨਿਰਸੰਦੇਹ ਅੱਲਾ ਤੁਸਾਂ ( ਲੋਗਾਂ ਦੇ ਹਾਲ ) ਉਪਰ ਬੜੀ ਦਿਆਲਤਾ ਰਖਦਾ ( ਅਰ ) ਕਿਰਪਾਲੂ ਹੈ ॥ ੯ ॥ ਅਰ ਤੁਹਾਨੂੰ ਕੀ ਹੋ ਗਇਆ ਹੈ ਕਿ ( ਆਪਣਾ ਮਾਲ ) ਖ਼ੁਦਾ ਦੇ ਰਸਤੇ ਖਰਚ ਨਹੀਂ ਕਰਦੇ ਹਾਲਾਂ ਕਿ ਪ੍ਰਿਥਵੀ ਅਕਾਸ਼ ( ਸਭ ) ਦਾ ਮਾਲਕ ਖ਼ੁਦਾ ਹੀ ਹੈ ਤੁਸੀਂ ( ਮੁਸਲਮਾਨਾਂ ) ਵਿਚੋਂ ਜਿਨਹਾਂ ਲੋਗਾਂ ਨੇ ਫਤੇ ( ਮਕੇ ) ਥੀਂ ਪਹਿਲੇ ( ਖ਼ੁਦਾ ਦੇ ਰਾਹ ਵਿਚ ਮਾਲ ) ਖਰਚ ਕੀਤੇ ਅਰ ( ਵੈਰੀਆਂ ਦੇ ਨਾਲ ) ਲੜੇ ( ਭਿੜੇ ) ਓਹ ( ਦੂਸਰਿਆਂ ਮੁਸਲਮਾਨਾਂ ਦੇ ) ਬਰਾਬਰ ਨਹੀਂ ਹੋ ਸਕਦੇ ਇਹ ਲੋਗ

Digitized by Panjab Digital Library | www.panjabdigilib.org

ਦਰਜੇ ਵਿਚ ਉਨਹਾਂ (ਮੁਸਲਮਾਨਾਂ) ਨਾਲੋਂ ਵਧਕੇ ਹਨ ਜਿਨਹਾਂ ਨੇ (ਮਕੇ ਦੀ ਫਤਾ ਦੇ) ਪਿਛੋਂ (ਮਾਲ) ਖਰਚ ਕੀਤੇ ਅਰ ਲੜੇ । ਅਰ (ਇਸ ਤਰਹਾਂ) ਚੰਗੇ ਬਰਤਾਓ ਦੀ ਪਰਤਿਗਜਾ (ਤਾਂ) ਅਲਾ ਨੇ ਸਾਰਿਆਂ ਨਾਲ ਹੀ ਕਰ ਰਖੀ ਹੈ ਅਰ ਜੈਸੇ ੨ ਕਰਮ ਤੁਸੀਂ ਲੋਗ ਕਰਦੇ ਹੋ ਅਲਾ ਨੂੰ ਓਹਨਾਂ (ਸਾਰਿਆਂ) ਦੀ ਖਬਰ ਹੈ ॥ ੧੦ ॥ ਰੁਕੂਹ ੧ ॥

ਐਸਾ ਕੌਣ ਹੈ ਜੋ ਅਲਾ ਨੂੰ ਪ੍ਰਸੰਨਤਾਈ ਨਾਲ ਰਿਣ ਦੇਵੇ ਅਰ ਓਹ ਉਸ ਦਾ ਦੂਣਾ ਉਸ ਨੂੰ ਅਦਾ ਕਰੇ ਅਰ ਉਸ ਨੂੰ ਬੜਾ ਉਮਦਾ ਬਦਲਾ (ਦੇਵੇ ਸੋ ਵਖਰਾ) ॥ ੧੧ ॥ (ਹੇ ਪੈਗੰਬਰ) ਤੁਸੀਂ ਓਸ ਦਿਨ ਮੁਸਲਮਾਨ ਮਰਦਾਂ ਅਰ ਮੁਸਲਮਾਨ ਔਰਤਾਂ ਨੂੰ ਦੇਖੋਗੇ ਕਿ ਉਨਹਾਂ ਦਾ (ਈਮਾਨ) ਨੂਰ (ਦੀ ਜੋਤ ਬਨਕੇ) ਉਨਹਾਂ ਦੇ ਅਗੇ ੨ ਅਰ ਓਹਨਾਂ ਦੇ ਸਜੇ ਪਾਸੇ ਚਲ ਰਹਿਆ ਹੋਵੇਗਾ (ਅਰ ਫਰਿਸ਼ਤੇ ਉਨਹਾਂ ਨੂੰ ਕਹਿੰਦੇ ਜਾਂਦੇ ਹੋਣਗੇ ਕਿ) ਅਜ ਤੁਸਾਂ ਲੋਗਾਂ ਵਾਸਤੇ (ਬੜੀ) ਖੁਸ਼ੀ (ਦੀ ਬਾਰਤਾ) ਹੈ (ਕਿ ਬਹਿਸ਼ਤ ਦੇ) ਬਾਗ ਹਨ ਜਿਨਹਾਂ ਦੇ ਹੇਠਾਂ ਨਹਿਰਾਂ (ਪਈਆਂ) ਵਗ ਰਹੀਆਂ ਹਨ (ਅਰ ਤੁਸੀਂ) ਏਨਹਾਂ ਵਿਚ ਹੀ ਸਦਾ ੨ ਰਹੋਗੇ ਏਹਾ ਹੈ (ਜਿਸ ਨੂੰ) ਬੜੀ ਕਾਰਜ ਸਿਧੀ (ਕਹਿਣੀ ਚਾਹੀਦੀ ਹੈ) ॥ ੧੨ ॥ ਉਸ ਦਿਨ ਮੁਨਾ-ਫਿਕ(ਦੰਭੀ)ਪੁਰਖਅਰ ਦੰਭੀ ਇਸਤ੍ਰੀਆਂ ਮੁਸਲਮਾਨਾਂ ਨੂੰ ਕਹਿਣਗੇ ਕਿ (ਜਰਾ ਸੀ) ਤਾਂ ਸਾਡੀ ਇੰਤਜਾਰੀ ਕਰੋ ਕਿ ਤੁਹਾਡੇ (ਏਸ) ਨੂਰ (ਦੀ ਰੋਸ਼ਨੀ ਪਾਸੋਂ) ਅਸੀਂ (ਭੀ ਲਾਭ ਲੈ) ਲਈਏ (ਤਾਂ ਓਹਨਾਂ ਨੂੰ) ਕਹਿਆ ਜਾਵੇਗਾ ਕਿ (ਨਹੀਂ) ਆਪਣੇ ਪਿਛਲੇ ਪਾਸੇ ਹੀ ਲੌਟ ਜਾਓ ਅਰ (ਕੋਈ ਹੋਰ) ਚਾਨਣਾਂ ਤਲਾਸ਼ ਕਰ ਲਵੋ ਏਸ ਥੀਂ ਪਿਛੋਂ ਉਨਹਾਂ (ਦੋਨਾਂ ਫਰੀਕਾਂ) ਦੇ ਮਧ ਮੇਂ ਇਕ ਕੰਧ ਖੜੀ ਕੀਤੀ ਜਾਵੇਗੀ (ਅਰ) ਉਸ ਵਿਚ ਇਕ ਦਰਵਾਜਾ ਹੋਵੇਗਾ (ਫੇਰ ਜੋ) ਦਰਵਾਜੇ ਦੇ ਅੰਦਰਲਾ ਪਾਸਾ (ਹੈ ਜਿਧਰ ਮੁਸਲਮਾਨ ਹਨ) ਓਸ ਵਿਚ (ਤਾਂ ਖੁਦਾ ਦੀ) ਕਿਰਪਾ ਹੋਵੇਗੀ ਅਰ ਉਸ ਦਾ (ਜੋ) ਬਾਹਰਲਾ ਪਾਸਾ ਹੈ (ਜਿਧਰ ਮੁਨਾਫਿਕ ਹਨ) ਓਧਰ (ਅਲਾ ਦਾ) ਕਸ਼ਟ ਹੋਵੇਗਾ ॥ ੧੩ ॥ (ਇਹ ਮੁਨਾਫਿਕ) ਮੁਸਲਮਾਨਾਂ ਨੂੰ ਪੁਕਾਰ ਪੁਕਾਰ ਕੇ ਕਹਿਣਗੇ ਕਿ ਕੀ (ਦੁਨੀਆਂ ਵਿਚ) ਅਸੀਂ ਤੁਹਾਡੇ ਨਾਲ ਨਹੀਂ ਸੇ ? ਉਹ ਕਹਿਣਗੇ ਥੇ ਤਾਂ ਸਹੀ ਪਰੰਤੂ ਤੁਸਾਂ ਨੇ ਆਪ ਆਪਣੇ ਤਾਂਈ ਬਲਾ ਵਿਚ ਪਾਇਆ ਅਰ (ਏਸ ਬਾਰਤਾ ਦੀ) ਉਡੀਕ ਵਿਚ ਰਹੇ (ਕਿ ਮੁਸਲਮਾਨਾਂ ਉਪਰ ਕੋਈ ਆਫਤ ਉਤਰੇ) ਅਰ (ਇਸਲਾਮ ਦੀ ਤਰਫੋਂ) ਭਰਮ ਵਿਚ (ਪੜੇ) ਰਹੇ ਅਰ (ਏਹਨਾਂ ਹੀ) ਸੰਕ-ਲਪਾਂ ਨੇ ਤੁਹਾਨੂੰ ਧੋਖੇ ਵਿਚ ਰਖਿਆ । ਇਥੋਂ ਤਕ ਕਿ ਖੁਦਾ ਦਾ ਹੁਕਮ ਆ

Digitized by Panjab Digital Library | www.panjabdigilib.org

ਪਹੁੰਚਿਆ ( ਅਰਥਾਤ ਮੌਤ ) ਅਰ ( ਸ਼ੈਤਾਨ ) ਦਗੇਬਾਜ਼ ਅੱਲਾ ਦੇ ਬਾਰੇ ਵਿਚ ਤੁਹਾਨੂੰ ਧੋਖਾ ਦੇਂਦਾ ਰਹਿਆ ॥ ੧੪ ॥ ਤਾਂ ਅਜ ਨਾਂ ਤਾਂ ਤੁਸਾਂ ਪਾਸੋਂ ( ਹੀ ) ਕੁਛ ਬਦਲਾ ਕਬੂਲ ਕੀਤਾ ਜਾਵੇਗਾ ਅਰ ਨਾਂ ਓਹਨਾਂ ਲੋਗਾਂ ਪਾਸੋਂ ਜੋ ( ਪ੍ਰਤੱਛ ) ਇਨਕਾਰ ਕਰਦੇ ਰਹੇ ਤੁਸਾਂ ਸਾਰਿਆਂ ਦਾ ਅਸਥਾਨ ਹੈ ਨਰਕ (ਅਰ) ਵਹੀ ਤੁਹਾਡਾ ਮਿਤ੍ਰ ਹੈ ਅਰ ( ਉਹ ਕੈਸਾ ਹੀ ) ਬੁਰਾ ਅਸਥਾਨ ਹੈ ॥ ੧੫ ॥ ਕੀ ਮੁਸਲਮਾਨਾਂ ਵਾਸਤੇ ਅਜੇ ਤਕ ਏਸ ਦਾ ਸਮਾਂ ਨਹੀਂ ਆ-ਇਆ ਕਿ ਖੁਦਾ ਦੇ ਜ਼ਿਕਰ ਅਰ ਕੁਰਾਨ ਦੇ ਪਾਠ ਵਾਸਤੇ ਜੋ ਸਚੇ ਖੁਦਾ ਦੀ ਤਰਫੋਂ ਉਤਰਿਆ ਹੋਇਆ ਹੈ ਉਨਹਾਂ ਦੇ ਦਿਲਗੁਦਾਜ਼ ਹੋਣ ਅਰ ਉਨਹਾਂ ਲੋਗਾਂ ਦੀ ਤਰਹਾਂ ( ਪੜ੍ਹ ਪੱਥਰ ) ਨਾਂ ਹੋ ਜਾਣ ਜਿਨਹਾਂ ਨੂੰ ( ਏਹਨਾਂ ਨਾਲੋਂ ) ਪਹਿਲੇ ਪੁਸਤਕ ਦਿਤੀ ਗਈ ਸੀ ( ਅਰਥਾਤ ਯਹੂਦ ਤਥਾ ਨਸਾ-ਰਾ ) ਫੇਰ ( ਏਸ ਤਰਹਾਂ ) ਉਨਹਾਂ ਉਪਰੋਂ ਬਹੁਤ ਸਮਾਂ ਗੁਜ਼ਰ ਗਇਆ ਅਰ ( ਸਨੇ ੨ ) ਉਨਹਾਂ ਦੇ ਦਿਲ ਸਖਤ ਹੋ ਗਏ ਅਰ (ਹੁਣ ਉਨਹਾਂ ਦਾ ਏਹ ਹਾਲ ਹੈ ਕਿ ) ਉਨਹਾਂ ਵਿਚੋਂ ਅਕਸਰ ਨਾ ਫਰਮਾਨ ਹਨ ॥ ੧੬ ॥ ( ਲੋਗੋ ! ) ਜਾਣਦੇ ਰਹੋ ਕਿ ਅੱਲਾ ਪ੍ਰਿਥਵੀ ਨੂੰ ਉਸ ਦੇ ਮਰਿਆਂ ( ਅਰ-ਥਾਤ ਖੁਸ਼ਕ ਹੋਇਆਂ ) ਪਿਛੋਂ ( ਬਰਖਾ ਕਰਕੇ ) ਸਰਜੀਤ ਕਰ ਦੇਂਦਾ ਹੈ ਅਸਾਂ ਨੇ ਆਪਣੀ ( ਕੁਦਰਤ ਦੀਆਂ ) ਨਿਸ਼ਾਨੀਆਂ ਤੁਸਾਂ ਅਗੇ ਖੋਲ ੨ ਕੇ ਵਰਨਣ ਕਰ ਦਿਤੀਆਂ ਹਨ ਤਾਂ ਕਿ ਤੁਸੀਂ ਸਮਝੋ ॥ ੧੭ ॥ ਨਿਰਸੰਦੇਹ ਦਾਨ ਕਰਨ ਵਾਲੇ ਅਰ ਦਾਨ ਕਰਨ ਵਾਲੀਆਂ ਅਰ ( ਜੋ ਲੋਗ ) ਖੁਦਾ ਨੂੰ ਪ੍ਰਸੰਨਤਾਈ ਨਾਲ ਰਿਣ ਦੇਂਦੇ ਹਨ ( ਪ੍ਰਲੈ ਦੇ ਦਿਨ ) ਉਨਹਾਂ ਨੂੰ ( ਉਨਹਾਂ ਦੇ ਰਿਣ ਦਾ ) ਦੋ ਗੁਣਾਂ ਦਿਤਾ ਜਾਵੇਗਾ ਅਰ ਉਨਹਾਂ ਨੂੰ ( ਬੜੀ ) ਇੱਜ਼ਤ ਦਾ ਫਲ ਮਿਲੇਗਾ ( ਸੋ ਵਖਰਾ ) ॥ ੧੮ ॥ ਅਰ ਜੋ ਲੋਗ ਅੱਲਾ ਅਰ ਉਸ ਦੇ ਪੈਯੰਬਰਾਂ ਉਪਰ ( ਸਚੇ ਦਿਲ ਨਾਲ ) ਈਮਾਨ ਧਾਰ ਬੈਠੇ ਏਹੀ ਲੋਗ ਆਪਣੇ ਪਰਵਰਦਿਗਾਰ ਦੇ ਇਥੇ ਸਿਦਕੀਆਂ ਅਰ ਸ਼ਹੀਦਾਂ ਦੇ ਦਰਜੇ ਵਿਚ ਹੋਣਗੇ ਉਨਹਾਂ ਨੂੰ ਉਨਹਾਂ ਵਰਗੇ ( ਹੀ ) ਬਦਲੇ ( ਮਿਲਣਗੇ ) ਅਰ ਉਨਹਾਂ ( ਵਰਗਾ ਹੀ ਈਮਾਨ ਰੂਪੀ ) ਨੂਰ ( ਉਨਹਾਂ ਦੇ ਸਾਥ ਹੋਵੇਗਾ ) ਅਰ ਜੋ ਲੋਗ ਸਾਡੀਆਂ ਆਇਤਾਂ ਥੀਂ ਇਨਕਾਰ ਕਰਦੇ ਅਰ ( ਉਨਹਾਂ ਨੂੰ ) ਝੁਠਿ ਆਰਿਆ ਕਰਦੇ ਹਨ ਏਹੋ ਨਾਰਕੀ ਲੋਗ ਹਨ ॥ ੧੯ ॥ ਰੁਕੂਹ ੨ ॥

( ਲੋਗੋ ! ) ਯਾਦ ਰਖੋ ਕਿ ਦੁਨੀਆਂ ਦੀ ਜਿੰਦਗੀ ਖੇਲ ਅਰ ਤਮਾਸ਼ਾ ਅਰ ਪ੍ਰਤਖ ਚਮਕ ਦਮਕ ਅਰ ਆਪਸ ਵਿਚ ਇਕ ਦੂਸਰੇ ਉਪਰ ਘੁਮੰਡ ਕਰਨਾ ਅਰ ਇਕ ਦੂਸਰੇ ਨਾਲੋਂ ਵਧ ਕੇ ਮਾਲ ਅਰ ਔਲਾਦ ਦੀ ਚਾਹਤ ਹੋਣੀ ( ਬਸ ਏਹਾ ਕੁਛ ) ਹੈ ( ਦੁਨੀਆਂ ਦੀ ਜਿੰਦਗੀ ਦਾ ਦ੍ਰਿਸ਼ਟਾਂਤ )

Digitized by Panjab Digital Library | www.panjabdigilib.org

ਬਰਖਾ ਵਰਗਾ ਦ੍ਰਿਸ਼ਟਾਂਤ ਹੈ ਕਿ ( ਧਰਤੀ ਉਪਰ ਬਰਸਦਾ ਹੈ ਅਰ ਇਸ ਕਰਕੇ ਖੇਤੀ ਹਰੀ ਭਰੀ ਹੋ ਜਾਂਦੀ ਹੈ ਅਰ ) ਕਿਰਸਾਨ ਖੇਤੀ ਨੂੰ ਵੇਖ ੨ ਕੇ ਖੁਸ਼ੀਆਂ ਮਨਾਉਣ ਲਗਦੇ ਹਨ ਫੇਰ ( ਪੱਕ ਕੇ ) ਖੁਸ਼ਕ ਹੋ ਜਾਂਦੀ ਹੈ ਤਾਂ ( ਹੇ ਸ੍ਰੋਤਾ ਉਸ ਸਮੇਂ ) ਤੂੰ ਉਸ ਨੂੰ ਵੇਖਦਾ ਹੈਂ ਕਿ ਪੀਲੀ ਪੈ ਜਾਂਦੀ ਹੈ ਫੇਰ ( ਆਖਰਕਾਰ ) ਗਹਾਈ ਵਿਚ ਆ ਜਾਂਦੀ ਹੈ ( ਭਾਵ ਦੁਨੀਆਂ ਦੀ ਜ਼ਿੰਦਗੀ ਚਾਰ ਦਿਨ ਦੀ ਖੇਡ ਹੈ ) ਅਰ ਆਖਰਤ ਵਿਚ ( ਦੁਨੀਆਂ ਦੀ ਜ਼ਿੰਦਗੀ ਦੇ ਦੋ ਅੰਜਾਮ ਹਨ ਬਾਜ਼ਿਆਂ ਨੂੰ ਸਖ਼ਤ ) ਕਸ਼ਟ ਅਰ ( ਕਈਆਂ ਨੂੰ ) ਖੁਦਾ ਦੀ ਤਰਫੋਂ ( ਗੁਨਾਹਾਂ ਦੀ ) ਮੁਆਫ਼ੀ ਅਰ ਖੁਸ਼ਨੂਦੀ ਅਰ ਦੁਨੀਆਂ ਦੀ ਜ਼ਿੰਦਗੀ ਤਾਂ ਨਿਰੀ ਪੁਰੀ ਧੋਖੇ ਦੀ ਟਟੀ ਹੈ ॥ ੨੦ ॥ ( ਲੋਗੋ ! ) ਆਪਣੇ ਪਰਵਰ-ਦਿਗਾਰ ਦੀ ਬਖਸ਼ਿਸ਼ ਦੀ ਤਰਫ ਲਪਕੋ (ਦੌੜੋ) ਅਰ ( ਹੋਰ ) ਬਹਿਸ਼ਤ ਦੀ ( ਤਰਫ ਲਪਕੋ ) ਜਿਸ ਦਾ ( ਏਤਨਾਂ ) ਵਿਸਤਾਰ ਹੈ ਜਿਤਨਾ ਧਰਤੀ ਅਗਾਸ ( ਮਿਲ ਕੇ ਦੋਨਾਂ ) ਦਾ ਫੈਲਾਓ ( ਅਰ ਉਹ ) ਉਨਹਾਂ ਲੋਗਾਂ ਵਾ-ਸਤੇ ਤਿਆਰ ਕੀਤਾ ਗਇਆ ਹੈ ਜੋ ਖੁਦਾ ਅਰ ਉਸ ਦਿਆਂ ਪੈਯੰਬਰਾਂ ਉਪਰ ਈਮਾਨ ਧਾਰਦੇ ਹਨ ਏਹ ਖੁਦਾ ਦੀ ਕਿਰਪਾ ਹੈ ਜਿਸ ਨੂੰ ਚਾਹੇ ਪ੍ਰਦਾਨ ਕਰੇ ਅਰ ਅੱਲਾ ਦੀ ਕਿਰਪਾ ਬਹੁਤ ਬੜੀ ਹੈ ॥ ੨੧ ॥ (ਲੋਗੋ !) ਜਿਤਨੀਆਂ ਮੁਸੀ-ਬਤਾਂ ਪ੍ਰਿਥਵੀ ( ਮਾਤ੍ਰ ) ਉਤੇ ਆਉਂਦੀਆਂ ਹੈਂ ਅਰ ਜੋ ( ਖੁਦ ) ਤੁਹਾਡੇ ਉਤੇ ਉਤਰਦੀਆਂ ਹਨ ( ਉਹ ਸਾਰੀਆਂ ) ਉਨਹਾਂ ਦੇ ਪੈਦਾ ਕਰਨ ਥੀਂ ਪਹਿਲਾਂ ਅਸਾਂ ਨੇ ਪੁਸਤਕ ਵਿਚ ਲਿਖ ਰੱਖੀਆਂ ਹਨ (ਅਰ) ਨਿਰਸੰਦੇਹ ਇਹ ਅੱਲਾ ਦੇ ਸਮੀਪ (ਇਕ) ਸੁਖੈਨ (ਜੈਸੀ ਬਾਰਤਾ) ਹੈ ॥ ੨੨ ॥ (ਅਰ ਏਹ ਅਸਾਂ ਨੇ ਤੁਹਾਨੂੰ) ਏਸ ਵਾਸਤੇ (ਜਿਤਾ ਦਿਤਾ ਹੈ) ਕਿ ਕੋਈ ਵਸਤੂ ਤੁਹਾਡੇ ਪਾਸੋਂ ਜਾਂਦੀ ਰਹੇ ਤਾਂ ਉਸ ਦਾ ਰੰਜ ਨਾ ਕਰੋ ਅਰ ਕੋਈ ਨਿਆਮਤ ਖ਼ੁਦਾ ਤੁਹਾਨੂੰ ਪ੍ਰਦਾਨ ਕਰੇ ਤਾਂ ਉਸ ਤੇ ਅਭਿਮਾਨ ਨ ਕਰੋ । ਅਰ ਅੱਲਾ ਕਿਸੇ ਅਭਿਮਾਨੀ ਅਰ ਸ਼ੇਖ਼ੀ ਬਾਜ਼ ਨੂੰ ਪਸੰਦ ਨਹੀਂ ਕਰਦਾ ॥ ੨੩ ॥ ਕਿ ਇਹ ( ਇਕ ਤਾਂ ਆਪ ) ਬੁਖਲ ਕਰਨ ਅਰ ( ਦੂਸਰੇ ) ਲੋਗਾਂ ਨੂੰ ਬੁਖਲ ਦੀ ਤਰਗੀਬ ਦੇਣ ਅਰ ਜੋ ਪੁਰਖ ( ਏਹਨਾਂ ਨਸੀਹਤਾਂ ਥੀਂ ) ਬੇਮੁਖ ਹੋ ਜਾਵੇਗਾ ਤਾਂ ਨਿਰਸੰਦੇਹ ਅੱਲਾ ਬੇਪਰਵਾਹ (ਅਰ ਹਰ ਹਾਲ ਵਿਚ) ਮਹਿਮਾਂ ਤਥਾ (ਉਸਤੁਤੀ) ਜੋਗ ਹੈ ॥ ੨੪ ॥

ਤਹਕੀਕ ਅਸਾਂ ਨੇ ਆਪਣੇ ਪੈਯੰਬਰਾਂ ਨੂੰ ਖੁਲਮਖੁਲੇ ਮੋਜਜ਼ੇ (ਚਮਿਤ-ਕਾਰ) ਦੇ ਕੇ ਭੇਜਿਆ ਅਰ ਓਹਨਾਂ ਦਵਾਰਾ ਕਿਤਾਬਾਂ ਉਤਾਰੀਆਂ ਅਰ (ਹੋਰ ਅਸਾਂ ਨੇ) ਤਕੜੀ (ਤਰਾਜ਼ੂ ਦਾ ਰਿਵਾਜ ਪਾਇਆ) ਤਾਂ ਕਿ ਲੋਗ (ਦੀਨੀ ਅਰ ਦੁਨੀਆ ਦੋਨੋਂ ਤਰਹਾਂ ਦੇ ਮੁਆਮਲੇ ਵਿਚ) ਇਨਸਾਫ ਉਪਰ ਕਾਇਮ

Digitized by Panjab Digital Library | www.panjabdigilib.org

ਰਹਿਣ ਅਰ ਲੋਹਾ ਪੈਦਾ ਕੀਤਾ ਕਿ (ਹਥਿਆਰਾਂ ਦੇ ਕੰਮਾਂ ਵਿਚ ਵਰਤਿਆ ਜਾਵੇ ਤਾਂ) ਓਸ ਵਿਚ ਬੜਾ ਖਤਰਾ ਹੈ ਅਰ (ਓਸ ਵਿਚ) ਲੋਗਾਂ ਦੇ (ਬਹੁਤ ਸਾਰੇ) ਲਾਭ (ਭੀ) ਹਨ ਅਰ (ਏਸ ਖਤਰਨਾਕ ਲੋਹੇ ਦੇ ਪੈਦਾ ਕਰਨ ਨਾਲ) ਇਕ ਏਹ ਭੀ ਪਰਯੋਜਨ ਹੈ ਕਿ ਅੱਲਾ (ਤੁਹਾਡੇ ਵਿਚੋਂ) ਓਹਨਾਂ ਲੋਗਾਂ ਨੂੰ ਮਾਲੂਮ ਕਰ ਲਵੇ ਜਿਨ੍ਹਾਂ ਨੇ (ਅੱਲਾ ਨੂੰ) ਦੇਖਿਆ ਨਹੀਂ (ਅਰ) ਫੇਰ ਭੀ ਅੱਲਾ ਅਰ ਓਸ ਦੇ ਰਸੂਲਾਂ ਦੀ ਮਦਦ ਵਾਸਤੇ ਖੜੇ ਹੋ ਜਾਂਦੇ ਹਨ ਨਿਰਸੰਦੇਹ ਅੱਲਾ ਬਲਵਾਨ (ਅਰ) ਸ਼ਕਤਸ਼ਾਲੀ ਹੈ ॥ ੨੫ ॥

ਰੁਕੂਹ ੩ ॥

ਅਰ ਤਹਕੀਕ ਅਸਾਂ ਨੇ ਹੀ ਨੂਹ ਅਰ ਇਬਰਾਹੀਮ ਨੂੰ (ਪੈਗੰਬਰ ਬਨਾ ਕੇ) ਭੇਜਿਆ ਅਰ ਓਹਨਾਂ ਦੀ ਅੰਸ ਵਿਚ ਪੈਗੰਬਰੀ ਅਰ ਪੁਸਤਕ (ਅਰਥਾਤ ਆਕਾਸ਼ ਬਾਣੀ) ਨੂੰ (ਜਾਰੀ) ਰਖਿਆ ਤਾਂ (ਕਈਕ) ਓਹਨਾਂ ਵਿਚ ਸੂਧੇ ਮਾਰਗ ਤੇ ਹਨ ਅਰ ਬਹੁਤ ਸਾਰੇ ਓਹਨਾਂ ਵਿਚੋਂ ਨਾ ਫਰਮਾਨ ਹਨ ॥ ੨੬ ॥ ਫੇਰ (ਓਹਨਾਂ ਦੇ) ਪਿਛੇ ਓਹਨਾਂ ਦੇ ਹੀ ਕਦਮ ਬਕਦਮ ਅਸਾਂ ਨੇ ਆਪਣੇ (ਹੋਰ) ਰਸੂਲ ਭੇਜੇ ਅਰ (ਓਹਨਾਂ ਦੇ) ਪਿਛੇ ਮਰੀਯਮ ਦੇ ਪੁਤਰ ਈਸਾ ਨੂੰ ਭੇਜਿਆ ਅਰ ਓਹਨਾਂ ਨੂੰ ਅੰਜੀਲ ਪ੍ਰਦਾਨ ਕੀਤੀ ਅਰ ਜੋ ਲੋਗ ਓਹਨਾਂ ਦੇ ਪੈਰੋ (ਮੰਨਣ ਵਾਲੇ) ਹੋਏ ਓਹਨਾਂ ਦੇ ਦਿਲਾਂ ਵਿਚ ਤਰਸ ਅਰ ਦਇਆ ਪਾ ਦਿਤੀ ਅਰ ਦੁਨੀਆਂ ਦੇ (ਸਵਾਦ ਦਾ) ਤਿਆਗ ਜਿਸ ਨੂੰ ਓਹਨਾਂ ਨੇ ਆਪਣੇ ਆਪ (ਬਨਾ ਲੀਤਾ ਸੀ) ਅਸਾਂ ਨੇ ਓਹ (ਮਾਰਗ) ਏਹਨਾਂ ਉਪਰ ਫਰਜ਼ ਨਹੀਂ ਕੀਤਾ ਸੀ ਪਰੰਤੂ (ਹਾਂ ਓਹਨਾਂ ਨੇ ਓਸ ਨੂੰ) ਖੁਦਾ ਦੀ (ਹੀ) ਪ੍ਰਸੰਨਤਾਈ ਪ੍ਰਾਪਤ ਕਰਨ ਵਾਸਤੇ (ਬਨਾ ਲੀਤਾ ਸੀ) ਤਥਾਪਿ ਜੈਸਾ ਓਸ ਨੂੰ ਨਿਬਾਹੁਨਾ ਚਾਹੀਦਾ ਸੀ ਨਾਂ ਨਿਬਾਹ ਸਕੇ ਤਾਂ ਜੋ ਲੋਗ ਏਹਨਾਂ ਵਿਚੋਂ ਈਮਾਨ ਧਾਰ ਬੈਠੇ ਓਹਨਾਂ ਨੂੰ ਅਸਾਂ ਨੇ ਓਹਨਾਂ ਦੇ ਫਲ ਪ੍ਰਦਾਨ ਕੀਤੇ ਅਰ ਏਹਨਾਂ ਵਿਚ ਬਹੁਤ ਸਾਰੇ ਨਾ ਫਰਮਾਨ ਹਨ ॥ ੨੭ ॥ (ਮੁਸਲਮਾਨੋ !) ਅੱਲਾ ਪਾਸੋਂ ਡਰਦੇ ਰਹੋ ਅਰ (ਸਚੇ ਦਿਲ ਨਾਲ) ਓਸ ਦੇ ਪੈਗੰਬਰ (ਮੁਹੰਮਦ) ਉਪਰ ਈਮਾਨ ਧਾਰੋ ਕਿ ਖੁਦਾ ਆਪਣੀ ਰਹਿਮਤ ਵਿਚੋਂ ਤੁਹਾਨੂੰ ਦੋ ਗੁਣਾਂ ਹਿੱਸਾ ਦੇਵੇ ਅਰ ਤੁਹਾਨੂੰ ਐਸਾ ਨੂਰ ਪ੍ਰਦਾਨ ਕਰੇ ਜਿਸ (ਦੀ ਰੌਸ਼ਨੀ) ਵਿਚ ਚਲੋ ਅਰ ਤੁਹਾਡੇ ਗੁਨਾਹ ਮਾਫ ਕਰੇ ਅਰ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੨੮ ॥ (ਅਰ ਏਹ ਤੁਹਾਨੂੰ ਏਸ ਵਾਸਤੇ ਕਹਿਆ ਜਾਂਦਾ ਹੈ) ਕਿ ਪੁਸਤਕ ਵਾਲੇ ਏਹ ਨਾ ਸਮਝਣ ਕਿ ਮੁਸਲਮਾਨਾਂ ਨੂੰ ਖੁਦਾ ਦੇ ਫਜ਼ਲ ਵਿਚ ਕੁਛ ਭੀ ਪਹੁੰਚ ਨਹੀਂ ਅਰ (ਹੋਰ) ਏਸ ਵਾਸਤੇ (ਕਹਿਆ ਜਾਂਦਾ ਹੈ) ਕਿ ਫਜ਼ਲ (ਕਿਰਪਾ) ਅੱਲਾ ਦੇ

Digitized by Panjab Digital Library | www.panjabdigilib.org

ਹਥ ਵਿਚ ਹੈ ਜਿਸਨੂੰ ਚਾਹੇ ਪ੍ਰਦਾਨ ਕਰੇ ਅਰ ਅੱਲਾ ਦਾ ਫਜ਼ਲ ( ਬਹੁਤ ) ਬੜਾ ਹੈ ॥ ੨੯ ॥ ਰੁਕੂਹ ੪ ॥

# ਸੂਰਤ ਮੁਜਾਦਿੱਲਹ ਮਦੀਨੇ ਵਿਚ ਉਤਰੀ ਅਰ ਇਸ ਦੀਆਂ ਬਾਈ ਆਇਤਾਂ ਅਰ ਤਿੰਨ ਰੁਕੂਹ ਹਨ ।

( ਆਰੰਭ ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰ-ਪਾਲੂ (ਹੈ) ( ਹੇ ਪੈਗੰਬਰ ) *ਅੱਲਾ ਨੇ ਉਸ ਔਰਤ (ਸਾਲਬਾ ਦੀ ਬੇਟੀ ਖੋਲਾਹ ) ਦੀ ਬਾਤ ਸੁਣ ਲੀਤੀ ਜੋ ਆਪਣੇ ਪਤੀ (ਸਾਮਿਤ ਦੇ ਬੇਟੇ ਅਵਸ) ਦੇ ਬਾਰੇ ਵਿਚ ਤੁਸਾਂ ਨਾਲ ਝਗੜਦੀ ਅਰ ਖੁਦਾ ਅਗੇ ਫਰਯਾਦ ਕਰਦੀ ਸੀ ਅਰ ਅੱਲਾ ਤੁਸਾਂ ਦੋਨਾਂ ਦੀ ਬਾਰਤਾ ਨੂੰ ਸੁਣ ਰਹਿਆ ਸੀ ਨਿਰਸੰਦੇਹ ਅੱਲਾ ਸੁਣਨੇ ਵਾਲਾ (ਅਰ) ਦੇਖਣੇ ਵਾਲਾ ਹੈ ॥ ੧ ॥ (ਮੁਸਲਮਾਨੋ !)ਜੋ ਲੋਗ ਤੁਸਾਂ ਵਿਚੋਂ ਆਪਣੀਆਂ ਇਸਤ੍ਰੀਆਂ ਨਾਲ ਜ਼ਹਾਰ ਕਰ ਬੈਠਣ (ਅਰਥਾਤ ਉਹਨਾਂ ਨੂੰ ਮਾਤਾ ਕਹਿ ਬੈਠਦੇ ਹਨ) ਓਹ ( ਕੁਛ ) ਓਹਨਾਂ ਦੀਆਂ ਮਾਵਾਂ ( ਤਾਂ ਹੈ ) ਨਹੀਂ ਓਹਨਾਂ ਦੀਆਂ ਮਾਵਾਂ ਤਾਂ ਓਹ ਹਨ ਜਿਨਾਂ ਨੇ ਓਹਨਾਂ ਨੂੰ ਜਣਿਆਂ ਹੈ ( ਪਰੰਤੂ ) ਹਾਂ (ਇਸਤ੍ਰੀ ਨੂੰ ਮਾਂ ਕਹਿ ਬੈਠਣ ਨਾਲ) ਓਹਨਾਂ ਨੇ ਇਕ ਝੂਠੀ ਅਯੋਗ ਬਾਰਤਾ ਕਹੀ ਅਰ ਨਿਰਸੰਦੇਹ ਅੱਲਾ ਮਾਫ ਕਰਨੇ ਵਾਲਾ ਬਖ-ਸ਼ਨੇ ਵਾਲਾ ਹੈ ॥ ੨ ॥ ਅਰ ਜੋ ਲੋਗ ਆਪਣੀਆਂ ਇਸਤ੍ਰੀਆਂ ਨੂੰ ਮਾਤਾ ਕਹਿ ਬੈਠੇ ਫੇਰ ਲੋਟ ਕੇ ਓਹੀ ( ਕੰਮ ) ਕਰਨਾ ਚਾਹੁੰਦੇ ਹਨ ਜਿਸ ਨੂੰ ਕਹਿ ਚੁਕੇ ਹਨ ( ਕਿ ਨਹੀਂ ਕਰਾਂਗੇ ) ਤਾਂ ਇਕ ਦੂਸਰੇ ਨੂੰ ਹਥ ਲਗਾਣ ਥੀਂ ਪਹਿਲ਼ਾਂ ( ਆਦਮੀ ਨੂੰ ) ਇਕ ਬਰਦਾ ਅਜ਼ਾਦ ਕਰਨਾ ( ਚਾਹੀਦਾ ਹੈ। ਮੁਸਲਮਾਨੋ ! ) ਤੁਸਾਂ ਨੂੰ ਏਹ ਸਿਖਜਾ ਦਿਤੀ ਜਾਂਦੀ ਹੈ ( ਤਾਂ ਕਿ ਏਸ ਵਿਚ ਬੱਧੇ ਰਹੋ ) ਅਰ ਜੋ ਕੁਛ ਭੀ ਤੁਸੀਂ ਕਰਦੇ ਹੋ ਅੱਲਾ ਨੂੰ ਓਸ ਦੀ ( ਸਾਰੀ ) ਖਬਰ ਹੈ ॥ ੩ ॥ ਫੇਰ ਜਿਸ ਨੂੰ ( ਬਰਦਾ ) ਨਾਂ ਪ੍ਰਾਪਤ ਹੋਵੇ ਤਾਂ ਇਕ ਦੂਸਰੇ ਨੂੰ ਹਥ ਲਗਾਉਣ ਥੀਂ ਪਹਿਲਾਂ ( ਮਰਦ ) ਲਗਾਤਾਰ ਦੋ ਮਹੀਨਿਆਂ ਦੇ ਰੋਜੇ ( ਰਖੇ ) ਅਰ ਜਿਸ ਪਾਸੋਂ ਨਾ ਰਖੇ ਜਾਣ ਤਾਂ ਸਠਾਂ ਗਰੀਤਾਂ ਨੂੰ ਪ੍ਰਸ਼ਾਦ ਛਕਾ ਦੇਵੇ ਏਹ ( ਹੁਕਮ ) ਏਸ ਵਾਸਤੇ (ਦਿਤਾ ਜਾਂਦਾ ਹੈ ) ਕਿ ਤੁਸੀਂ ਲੋਗ ਅੱਲਾ ਅਰ ਓਸ ਦੇ ਰਸੂਲ ਉਪਰ ( ਪੂਰਾ ਪੂਰਾ ) ਈਮਾਨ ਧਾਰੋ ਅਰ ਏਹ ਅਲਾ ਦੀਆਂ ਬੱਧੀਆਂ ਹੋਈਆਂ ਹਦਾਂ

*ਹੁਣ"ਕੁਦਸਮਿਅ ਅਲਾਹੁ" ਨਾਮੀ ਅਠਾਈਸਵਾਂ ਪਾਰਾ ਚਲਿਆ।

Digitized by Panjab Digital Library | www.panjabdigilib.org

ਹਨ ਅਰ ਜੋ ਮੁਨਕਰ ਹਨ ਓਹਨਾਂ ਨੂੰ ਬੜਾ ਭਯਾਨਕ ਦੁਖ (ਹੋਣਾ) ਹੈ ॥ ੪ ॥ ਜੋ ਲੋਗ ਅਲਾ ਅਰ ਉਸ ਦੇ ਰਸੂਲ ਦੇ (ਆਗਯਾ) ਦੇ ਵਿਰੋਧ ਕਰਦੇ ਹਨ (ਓਹ ਅੰਤ ਐਸੇ ਹੀ) ਨੀਚ ਹੋਣਗੇ ਜੈਸੇ ਇਹਨਾਂ ਨਾਲੋਂ ਅਗਲੇ (ਆਗਿਆ ਭੰਗੀ) ਨੀਚ ਹੋਏ ਅਰ ਅਸੀਂ ਤਾਂ ਆਪਣੇ ਖੁਲਮਖੁਲੇ ਹੁਕਮ ਉਤਾਰ ਹੀ ਚੁਕੇ (ਹਾਂ) ਅਰ ਮੁਨਕਰਾਂ ਨੂੰ ਜ਼ਿਲਤ (ਬੇਪਤੀ) ਦਾ ਕਸ਼ਟ (ਹੋਣਾ) ਹੈ ॥ ੫ ॥ (ਅਰ ਏਹ ਕਸ਼ਟ ਉਸ ਦਿਨ ਹੋਵੇਗਾ) ਜਦੋਂ ਅੱਲਾ ਏਹਨਾਂ ਸਭਨਾਂ ਨੂੰ (ਸਰਜੀਤ) ਕਰ ਵਿਖਾਵੇਗਾ ਫੇਰ ਜੈਸੇ ੨ ਕਰਮ ਏਹ ਲੋਕ ਕਰਦੇ ਰਹੇ ਹਨ ਓਹਨਾਂ ਨੂੰ ਦਸ ਦੇਵੇਗਾ । ਅਲਾ ਤਾਂ ਏਹਨਾਂ ਦੇ ਕਰਮਾਂ ਨੂੰ ਗਿਣਦਾ ਗਿਆ ਅਰ ਏਹ (ਆਪ ਕਰ ੨ ਕੇ) ਓਨ੍ਹਾਂ ਨੂੰ ਭੁਲ ਗਏ ਅਰ ਅਲਾ ਸਭਨਾਂ ਵਸਤੂਆਂ ਦੇ ਹਾਲ ਦਾ ਜਾਣੂ ਹੈ । ੬ ॥ ਰੁਕੂਹ ੧ ॥

(ਹੇ ਪੈਯੰਬਰ) ਕੀ ਤੁਸਾਂ (ਇਸ ਬਾਰਤਾ ਉਪਰ) ਦ੍ਰਿਸ਼ਟੀ ਨਹੀਂ ਦਿਤੀ ਕਿ ਜੋ ਕੁਛ ਆਕਾਸ਼ ਤਥਾ ਪ੍ਰਿਥਵੀ ਵਿਚ ਹੈ ਅੱਲਾ ਸਭਨਾਂ ਦੇ ਹਾਲ ਥੀਂ ਗਯਾਤ ਹੈ ਜਦੋਂ ਤਿੰਨਾਂ (ਆਦਮੀਆਂ) ਦਾ ਗੁਰਮਤਾ ਹੁੰਦਾ ਹੈ ਤਾਂ ਜਰੂਰ ਓਹਨਾਂ ਦਾ ਚੌਥਾ ਓਹ ਹੁੰਦਾ ਹੈ ਅਰ (ਜਦੋਂ) ਪੰਜਾਂ ਦਾ (ਗੁਰਮਤਾ) ਹੁੰਦਾ ਹੈ ਤਾਂ ਓਹਨਾਂ ਵਿਚ ਜਰੂਰ ਛੇਵਾਂ ਓਹ ਹੁੰਦਾ ਹੈ ਅਰ ਏਸ ਨਾਲੋਂ ਘਟ ਹੋਣ ਯਾਂ ਵਧ (ਅਰ) ਕਿਤੇ ਭੀ ਹੋਣ ਓਹ ਜਰੂਰ ਓਹਨਾਂ ਤੇ ਅੰਗ ਸੰਗ ਹੁੰਦਾ ਹੈ ਫੇਰ ਜੈਸੇ ੨ ਕਰਮ ਏਹ (ਸੰਸਾਰ ਵਿਚ) ਕਰਦੇ ਰਹੇ ਹਨ ਪ੍ਰਲੈ ਦੇ ਦਿਨ ਓਹ ਓਹਨਾਂ ਨੂੰ ਜਿਤਾ ਦੇਵੇਗਾ (ਕਾਹੇ ਤੇ) ਅਲਾ ਅਵਸ਼ ਸੰਪੂਰਨਾਂ ਵਸਤੂਆਂ ਥੀਂ ਗਿਯਾਤ ਹੈ ॥ ੭ ॥ (ਹੇ ਪੈਯੰਬਰ) ਕੀ ਤੁਸਾਂਨੇ ਓਹਨਾਂ ਲੋਗਾਂ (ਦੇ ਹਾਲ) ਉਪਰ ਦ੍ਰਿਸ਼ਟੀ ਨਹੀਂ ਦਿਤੀ ਜਿਨ੍ਹਾਂ ਨੂੰ ਚਕਚੂੰਧਰਾਂ ਛਡਣੋਂ ਮਨਾ ਕੀਤਾ ਗਿਆ ਸੀ ਫੇਰ ਜਿਸ ਥੀਂ ਓਹਨਾਂ ਨੂੰ ਮਨਾ ਕਰ ਦਿਤਾ ਗਿਆ ਸੀ ਲੌਟ ਕੇ ਓਹਾ (ਬਾਰਤਾ) ਕਰਦੇ ਹਨ ਅਰ ਚਕਚੂੰਧਰਾਂ (ਕਾਨ੍ਹਾ ਫੂਸੀ) (ਭੀ) ਛਡਦੇ ਹਨ (ਤੇ) ਪਾਪਾਂ ਦੀ ਅਰ (ਲੋਗਾਂ ਉਪਰ ਅਯੋਗ) ਵਧੀਕੀ ਕਰਨਦੀ ਅਰ ਰਸੂਲ ਦੀ ਨਾਫਰਮਾਨੀ ਦੀ ਅਰ ਜਦੋਂ ਤੁਹਾਡੇ ਪਾਸ ਆਉਂਦੇਹਨ ਤਾਂ ਜਿਨਹਾਂ ਸ਼ਬਦਾਂ ਨਾਲ ਦਾ ਨੇ ਤੁਸਾਂ ਵਾਸਤੇ ਸਲਾਮ ਨਹੀਂ ਭੇਜਿਆ ਐਸਿਆਂ ਸ਼ਦਦਾਂ ਨਾਲ ਤੁਹਾਨੂੰ ਸਲਾਮ ਕਰਦੇ ਹਨ ਅਰ ਆਪਣੇ ਜੀ ਵਿਚ ਕਹਿੰਦੇ ਹਨ ਕਿ (ਯਦੀ ਇਹ ਸੱਚਾ ਪੈਯੰਬਰ ਹੈ ਤਾਂ) ਸਾਡੇ ਇਸ ਕਹਿਣੇ ਉਪਰ ਖੁਦਾ ਸਾਨੂੰ ਸਜ਼ਾ ਕਿਉਂ ਨਹੀਂ ਦੇਂਦਾ ? (ਬਸ) ਏਹਨਾਂ ਵਾਸਤੇ ਨਰਕ (ਦੀ ਸਜ਼ਾ) ਕਾਫੀ ਹੈ ਕਿ ਉਸ ਵਿਚ ਤੁੰਨੇ ਜਾਣਗੇ । ਤਾਂ (ਏਹਨਾਂ ਲੋਗਾਂ ਦਾ ਭੀ ਕੈਸਾ ਹੀ) ਬੁਰਾ ਅਸਥਾਨ ਹੈ

Digitized by Panjab Digital Library | www.panjabdigilib.org

॥ ੮ ॥ ਮੁਸਲਮਾਨੋ ! ਜਦੋਂ ਤੁਸੀਂ ਇਕ ਦੂਸਰੇ ਦੇ ਕੰਨ ਵਿਚ ਬਾਰਤਾ ਕਰੋ ਤਾਂ ਪਾਪ ਦੀ ਅਰ ( ਲੋਗਾਂ ਉਪਰ ਅਯੋਗ ) ਵਧੀਕੀ ਕਰਨ ਦੀ ਅਰ ਰਸੂਲ ਦੀ ਨਾ ਫਰਮਾਨੀ ਦੀਆਂ ਬਾਤਾਂ ਇਕ ਦੂਸਰੇ ਦੇ ਕੰਨ ਵਿਚ ਨਾਂ ਕੀਤਾ ਕਰੋ ਹਾਂ ( ਕਿਸੇ ਸਮਸਜਾ ਨਾਲ਼ ) ਨੇਕੀ ਅਰ ਪਰਹੇਜ਼ਗਾਰੀ ( ਦੀਆਂ ਬਾਤਾਂ ਨੂੰ ) ਇਕ ਦੂਸਰੇ ਦੇ ਕੰਨ ਵਿਚ ਕਹਿ ਦਿਓ ( ਤਾਂ ਕੋਈ ਡਰ ਨਹੀਂ ) ਅਰ ਅੱਲਾ ਪਾਸੋਂ ਡਰਦੇ ਰਹੋ ਜਿਸ ਦੇ ਸਨਮੁਖ ( ਤੁਸੀਂ ਸਾਰੇ ਪਰਲੋ ਦੇ ਦਿਨ ਹਿਸਾਬ ਕਿਤਾਬ ਵਾਸਤੇ ) ਇੱਕਤਰ ਕੀਤੇ ਜਾਓਗੇ ॥੯॥ ਕਾਨਾਂ ਫੂਸੀ ( ਘੁਤਕਲਾਂ ਛੇੜਨੀਆਂ ) ਤਾਂ ਬਸ ਇਕ ਸ਼ੈਤਾਨੀ ਹਰਕਤ ਹੈ ਤਾ ਕਿ ਮੁਸਲਮਾਨ ਓਸ ਦੇ ਨਮਿੱਤ ਚਿੰਤਾਤੁਰ ਹੋਣ ਹਾਲਾਂ ਕਿ ਖੁਦਾ ਦੀ ਆਗਜਾ ਬਿਨਾਂ ( ਕਿਸੇ ਦੀਆਂ ਚਕਚੂੰਧਰਾਂ ਛੇੜਨੀਆਂ ) ਓਹਨਾਂ ਦਾ ਕੁਛ ਭੀ ਨੁਕਸਾਨ ਨਹੀਂ ਕਰ ਸਕਦੀਆਂ ਅਰ ਮੁਸਲਮਾਨਾਂ ਨੂੰ ਚਾਹੀਦਾ ਹੈ ਕਿ ਅੱਲਾ ਉਪਰ ਹੀ ਭਰੋਸਾ ਰਖਣ ॥ ੧੦ ॥ ਮੁਸਲਮਾਨੋ ਜਦੋਂ ਤੁਹਾਨੂੰ ਕਹਿਆ ਜਾਵੇ ਕਿ ਮਜਲਸ ਵਿਚ ਖ਼ੁਲੇ ਖੁਲੇ ਹੋਕੇ ਬੈਠੋ ਤਾਂ ਖੁਲੇ ( ਹੋ ਕਰ ) ਬੈਠਿਆ ਕਰੋ ਕਿ ਖੁਦਾ ( ਬਹਿਸ਼ਤ ਵਿਚ ) ਤੁਹਾਨੂੰ ਖੁਲੀ ਜਗਾ ਦੇਵੇਗਾ ਅਰ ਜਦੋਂ ( ਤੁਹਾਨੂੰ ) ਕਹਿਆ ਜਾਵੇ ਕਿ ( ਆਪਣੀ ਜਗਾ ਤੋਂ ) ਉਠ ਖੜੇ ਹੋਵੋ ( ਅਰ ਦੂਸਰੀ ਜਗਾ ਜਾ ਬੈਠੋ ) ਤਾਂ ਉਠ ਖੜੇ ਹੋਇਆ ਕਰੋ ਕਿ ਤੁਸਾਂ ਲੋਗਾਂ ਵਿਚੋਂ ਜਿਨਹਾਂ ( ਪੂਰਾ ਪੂਰਾ ) ਈਮਾਨ ਧਾਰ ਲੀਤਾ ਹੈ ਅਰ ਜਿਨਹਾਂ ਨੂੰ ( ਮਜਲਸੀ ) ਵਿਦਜਾ ਦਿਤੀ ਗਈ ਹੈ ( ਅਰ ਓਹ ਮਜਲਸ ਦਾ ਢੰਗ ਦ੍ਰਿਸ਼ਟੀ ਗੋਚਰ ਭੀ ਰਖਦੇ ਹਨ ) ਅਲਾ ਓਹਨਾਂ ਦੀ ਪਦਵੀ ਉੱਚੀ ਕਰੇਗਾ ਅਰ ਜੋ ਕੁਛ ਤੁਸੀਂ ਕਰਦੇ ਹੋ ਅਲਾ ਨੂੰ ਓਸ ਦੀ ( ਸਭ ) ਖਬਰ ਹੈ ॥ ੧੧ ॥ ਮੁਸਲਮਾਨੋ ! ਜਦੋਂ ਤੁਸਾਂ ਪੈਯੰਬਰ ਦੇ ਕੰਨ ਵਿਚ ਕੋਈ ਬਾਰਤਾ ਕਰਨੀ ਹੋਵੇ ਤਾਂ ਕੰਨ ਵਿਚ ਮਤਲਬ ਦੀ ਬੇਨਤੀ ਕਹਿਣ ਨਾਲੋਂ ਪ੍ਰਿਥਮ ਕੁਛ ਦਾਨ ( ਭੇਟ ) ਲਿਆ ਕੇ ਅਗੇ ਰਖ ਦਿਤਾ ਕਰੋ ਏਹ ਤੁਹਾਡੇ ਵਾਸਤੇ ਉੱਤਮ ਹੈ ਅਰ ( ਦਿਲਾਂ ਦੀ ) ਸਫਾਈ ਵਿਚ ( ਏਸ ਦਾ ) ( ਬੜਾ ਦਖਲ ) ਹੈ ਫੇਰ ਯਦੀ ਤੁਹਾਡੇ ਵਿਚ ( ਦਾਨ ) ਦੀ ਸਮਰਥ ਨਾ ਹੋਵੇ ਤਦ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੧੨ ॥ (ਮੁਸਲਮਾਨੋ ! ) ਕੀ ਤੁਸੀਂ ( ਏਹ ਹੁਕਮ ਸੁਣਕੇ ) ਡਰ ਗਏ ਕਿ ( ਰਸੂਲ ਦੇ ) ਕੰਨ ਵਿਚ ਬਾਤ ਕਹਿਣ ਨਾਲੋਂ ਪਹਿਲੇ ਕੁਛ ਦਾਨ ਲਿਆਕੇ ਅਗੇ ਰਖ ਦਿਤਾ ਕਰੋ ਤਾਂ ਜਿਸ ਸੂਰਤ ਵਿਚ ਤੁਸੀਂ ( ਏਸ ਆਗਿਆ ਦਾ ) ਪਾਲਣ ਨਾ ਕਰ ਸਕੋ ਅਰ ਖੁਦਾ ਨੇ ਤੁਹਾਡਾ ਏਹ ਅਪਰਾਧ ਮਾਫ ( ਭੀ ) ਕਰ ਦਿਤਾ ਤਾਂ ( ਹੁਣ ਇਸਲਾਮ ਦੀ ਜਰੂਰੀ ਕਰਮਾਂ ਦੇ ਕਥਨਾਂ ਵਿਚ ਕਮੀ

Digitized by Panjab Digital Library | www.panjabdigilib.org

ਨਾਂ ਹੋਣੇ ਪਾਏ ਅਰਥਾਤ) ਨਮਾਜਾਂ ਪੜ੍ਹੋ ਅਰ ਜ਼ਕਾਤਾਂ ਦਿਓ ਅਰ ਅੱਲਾ ਅਰ ਉਸਦੇ ਰਸੂਲਾਂ ਦਾ ਹੁਕਮ ਮੰਨੋ ਅਰ ਜੋ ਕੁਛ ਭੀ ਤੁਸੀਂ ਕਰਦੇ ਹੋ ਅੱਲਾ ਨੂੰ ਓਸ ਦੀ ( ਸਭ ) ਖਬਰ ਹੈ॥ ੧੩ ॥ ਰੁਕੂਹ ੨ ॥

( ਹੇ ਪੈਯੰਬਰ ) ਕੀ ਤੁਸਾਂ ਨੇ ਉਨਹਾਂ ( ਮੁਨਾਫਿਕਾਂ ਦੇ ਹਾਲ ) ਉਪਰ ਦ੍ਰਿਸ਼ਟੀ ਨਹੀਂ ਦਿਤੀ ਜਿਨਹਾਂ ਨੇ ਐਸਿਆਂ ਲੋਗਾਂ ਨਾਲ ਦੋਸਤੀ ਜਾ ਲਗਾਈ ਜਿਨਹਾਂ ਉਪਰ ਖੁਦਾ ਦਾ ਕਸ਼ਟ ਹੈ ( ਤਾਂ ਹੁਣ ) ਏਹ ਲੋਗ ਨਾਂ ਤੁਹਾਡੇ ਵਿਚ ਹੀ ਹਨ ਨਾਂ ਉਨਹਾਂ ਵਿਚ ਹੀ ਹਨ ਅਰ ਹਾਲਾਂਕਿ ਉਹ ਜਾਣਦੇ ( ਬੁਝਦੇ ) ਹਨ ( ਫੇਰ ਭੀ ) ਝੂਠ ( ਮੂਠ) ਬਾਤਾਂ ਉਪਰ ਸੁਗੰਦਾਂ ਖਾਂਦੇ ਹਨ ॥ ੧੪ ॥ ਏਹਨਾਂ ਵਾਸਤੇ ਖੁਦਾ ਨੇ ਸਖਤ ਕਸ਼ਟ ਤਿਆਰ ਕਰ ਰਖਿਆ ਹੈ ਏਸ ਵਿਚ ਭਰਮ ਨਹੀਂ ਕਿ ਏਹ ਲੋਗ ( ਬਹੁਤ ਹੀ ) ਬੁਰਾ ਕਰਦੇ ਰਹੇ ਹਨ ॥ ੧੫ ॥ ਏਹਨਾਂ ਨੇ ਆਪਣੀਆਂ ਕਸਮਾਂ ਨੂੰ ਢਾਲ ਬਣਾ ਰਖਿਆ ਹੈ ਅਰ ( ਲੋਗਾਂ ਨੂੰ ) ਰਬ ਦੇ ਪਾਸਿਓਂ ਰੋਕਦੇ ਰਹਿੰਦੇ ਹਨ ਤਾਂ ਏਨਹਾਂ ਨੂੰ ਜ਼ਿਲਤ ( ਨੀਚਤਾ ) ਦਾ ਕਸ਼ਟ (ਹੋਣਾ) ਹੈ ॥ ੧੬ ॥ ਅਲਾ ਦੇ ਏਥੇ ਨਾਂ (ਤਾਂ) ਇਨਹਾਂ ਦੇ ਮਾਲ ( ਹੀ ) ਇਨਹਾਂ ਦੇ ਕੁਛ ਕੰਮ ਆਉਣਗੇ ਅਰ ਨਾਂ ਇਨਹਾਂ ਦੀ ਔਲਾਦ ( ਹੀ ਏਹਨਾਂ ਦੇ ਕੁਛ ਕੰਮ ਆਵੇਗੀ ) ਇਹ ਨਾਰਕੀ ਲੋਗ ਹਨ ਕਿ ਸਦਾ ੨ ਨਰਕਾਂ ਵਿਚ ਹੀ ਰਹਿਣਗੇ ॥ ੧੭ ॥ ਜਿਸ ਦਿਨ ਅਲਾ ਏਹਨਾਂ ਸਾਰਿਆਂ ਨੂੰ ( ਸੁਰਜੀਤ ਕਰ ) ਉਠਾਵੇਗਾ ਤਾਂ ਏਹ ਉਸ ਦੇ ਅਗੇ ( ਭੀ ) ਕਸਮਾਂ ਖਾਣਗੇ ਜੈਸੇ ਤੁਸਾਂ ਮੁਸਲਮਾਨਾਂ ਦੇ ਅਗੇ ਕਸਮਾਂ ਕਰਿਆ ਕਰਦੇ ਹਨ । ਅਰ ਸਮਝਦੇ ਹਨ ਕਿ ਖੂਬ ਕਰ ਰਹੇ ਹਾਂ ਸੁਣੋ ਜੀ ! ਏਹ ਲੋਗ ਬੜੇ ਹੀ ਝੂਠੇ ਹਨ ॥ ੧੮ ॥ ਸ਼ੈਤਾਨ ਏਹਨਾਂ ਉਪਰ ਬਲੀ ਹੋ ਗਇਆ ਹੈ ਅਰ ਉਸਨੇ ਏਹਨਾਂ ਨੂੰ ਖੁਦਾ ਦੀ ਯਾਦ ਭੁਲਾ ਦਿਤੀ ਹੈ। ਇਹ ( ਇਕ ) ਸ਼ੈਤਾਨੀ ਟੋਲਾ ਹੈ ਸੁਣੋ ਜੀ ! ਸ਼ੈਤਾਨੀ ਟੋਲਾ ਹੀ ( ਅੰਤ ਨੂੰ ) ਖੈ ਹੋਵੇਗਾ ॥ ੧੯ ॥ ਜੋ ਲੋਗ ਅੱਲਾ ਅਰ ਉਸਦੇ ਰਸੂਲ ਦਾ ਵਿਰੋਧ ਕਰਦੇ ਹਨ ( ਅੰਤ ਨੂੰ ) ਵਹੀ ਬਹੁਤ ਜ਼ਲੀਲ ਲੋਗਾਂ ਵਿਚ ਹੋਣਗੇ ॥ ੨੦ ॥ ਖੁਦਾ ਤਾਂ ਲਿਖ ਚੁਕਾ ਹੈ ਕਿ ਅਸੀਂ ਅਰ ਸਾਡੇ ਪੈਯੰਬਰ ਜਰੂਰ ( ਕਾਫਰਾਂ ਉਪਰ ) ਬਲੀ ਆ ਕੇ ਰਹਿਣਗੇ ਨਿਰਸੰਦੇਹ ਅੱਲਾ ਸ਼ਕਤ ਸ਼ਾਲੀ ( ਅਰ ) ਬਲਵਾਨ ਹੈ॥ ੨੧ ॥ ( ਹੇ ਪੈਯੰਬਰ ) ਜੋ ਲੋਗ ਅਲਾ ਅਰ ਅੰਤਮ ਦਿਨ ਦਾ ਨਿਸਚਾ ਰਖਦੇ ਹਨ ਉਨਹਾਂ ਨੂੰ ਤਾਂ ਤੁਸੀਂ ਨਹੀਂ ਦੇਖੋਗੇ ਕਿ ਖੁਦਾ ਅਰ ਉਸ ਦੇ ਰਸੂਲ ਦੇ ਮੁਖਾਲਫਾਂ ਦੇ ਨਾਲ ਮਿਤ੍ਰਤਾਈ ਰਖਣ ਯਦਯਪਿ ਉਹ ਉਨਹਾਂ ਦੇ ਪਿਤਾ ਅਥਵਾ ਉਨਹਾਂ ਦੇ ਪੁਤਰ ਕਿੰਵਾ ਉਨਹਾਂ ਦੇ ਭਿਰਾ ਅਥਵਾ ਉਨਹਾਂ ਦੇ ਟਬਰ ਵਿਚੋਂ ਹੀ ( ਕਿਉਂ ਨਾ ) ਹੋਣ

Digitized by Panjab Digital Library | www.panjabdigilib.org

ਏਹਾ ( ਉਹਾ ਪਕੇ ਮੁਸਲਮਾਨ ) ਹਨ ਜਿਨਹਾਂ ਦੇ ਦਿਲਾਂ ਅੰਦਰ ਖ਼ੁਦਾ ਨੇ ਈਮਾਨ ਦੀ ਮੂਰਤੀ ਬੰਨ ਦਿਤੀ ਹੈ ਅਰ ਆਪਣੇ ਗੁਪਤ ਉਪਕਾਰਾਂ ਦਵਾਰਾ ਓਹਨਾਂ ਦੀ ਸਹਾਇਤਾ ਕੀਤੀ ਹੈ ਅਰ ਓਹਨਾਂ ਨੂੰ ( ਬਹਿਸ਼ਤ ਦਿਆਂ ਐਸਿਆਂ ) ਬਾਗਾਂ ਵਿਚ ਲੈ ਜਾ ਦਾਖਲ ਕਰੇਗਾ ਜਿਨਹਾਂ ਦੇ ਹੇਠਾਂ ਨਹਿਰਾਂ ( ਪਈਆਂ ) ਵਗ ਰਹੀਆਂ ਹੋਣਗੀਆਂ ( ਅਰ ਉਹ ) ਸਦਾ ੨ ਉਨਹਾਂ ਵਿਚ ਹੀ ਰਹਿਣਗੇ ਖ਼ੁਦਾ ਉਹਨਾਂ ਨਾਲ ਪ੍ਰਸੰਨ ਅਰ ਓਹ ਖ਼ੁਦਾ ਨਾਲ ਪ੍ਰਸੰਨ ਏਹ ਖ਼ੁਦਾਈ ਟੋਲਾ ਹੈ ਸੁਣੋ ਜੀ ! ਖ਼ੁਦਾਈ ਟੋਲਾ ( ਅੰਤ ਨੂੰ ) ਮੋਖ ਪਾਵੇਗਾ ॥ ੨੨ ॥ ਰੁਕੂਹ ੩ ॥

## ਸੂਰਤ ਹਸ਼ਰ ਮਦੀਨੇ ਵਿਚ ਉਤਰੀ ਅਰ ਏਸ ਦੀਆਂ ਚੌਬੀਸ ਆਇਤਾਂ ਅਰ ਤਿੰਨ ਰੁਕੂਹ ਹਨ ।

( ਅਰੰਭ ) ਅੱਲਾ ਦੇ ਨਾਮ ਨਾਲ(ਜੋ)ਅਤੀ ਦਿਆਲੂ (ਅਰ) ਕਿਰਪਾਲੂ ( ਹੈ ) ਜਿਤਨੀ ਮਖਲੂਕਾਤ(ਸ੍ਰਿਸ਼ਟੀ) ਅਗਾਸਾਂ ਵਿਚ ਹੈ ਅਰ ਜਿਤਨੀ ਮਖਲੂ-ਕਾਤ ਧਰਤੀ ਉਪਰ ਹੈ ( ਸਾਰੀ ਹੀ ਤਾਂ ) ਖ਼ੁਦਾ ਦੀ ਉਸਤੁਤੀ ( ਤਥਾ ਮਹਿਮਾਂ ) ਵਿਚ ਲਗੀ ਹੈ ਅਰ ਉਹ ਸ਼ਕਤਸ਼ਾਲੀ ( ਅਰ ) ਯੁਕਤੀਮਾਨ ਹੈ ॥ ੧ ॥ ਓਹ ( ਖ਼ੁਦਾ ) ਹੀ ਤਾਂ ਸੀ ਜਿਸਨੇ ਪੁਸਤਕਾਂ ਵਾਲਿਆਂ ਕਾਫਰਾਂ ਨੂੰ ਉਨਹਾਂ ਦੇ ਘਰਾਂ ਤੋਂ ਨਿਕਾਲ ਬਾਹਰ ਕੀਤਾ ( ਅਰ ਏਹ ਉਨਹਾਂ ਦੀ ਤਕਦੀਰ ਦਾ ) ਪਹਿਲਾ ਹਸ਼ਰ ( ਸੀ ) ਜਿਸ ਵਾਸਤੇ ਨਿਕਾਸੇ ਗਏ ( ਮੁਸਲਮਾਨੋ ) ਤੁਹਾਨੂੰ ( ਤਾਂ ਵਹਿਮ ) ਤਥਾ ਗੁਮਾਨ ( ਭੀ ) ਨਹੀਂ ਸੀ ਕਿ ( ਏਹ ਆਪਣਿਆਂ ਘਰਾਂ ਤੋਂ) ਨਿਕਲਣਗੇ ਅਰ ਉਹ ਏਸ ਖਿਆਲ ਵਿਚ(ਮਸਤ)ਸਨ ਕਿ ਉਨਹਾਂ ਦੇ ਕਿਲੇ ਉਨਹਾਂ ਨੂੰ ਖ਼ੁਦਾ ( ਦੀ ਪਕੜੋਂ ) ਬਚਾ ਲੈਣ ਗੇ ਤਾਂ ਜਿਧਰੋਂ ਓਹਨਾਂ ਨੂੰ ਗੁਮਾਨ ਭੀ ਨਹੀਂ ਸੀ ਖ਼ੁਦ ( ਦੇ ਲਸ਼ਕਰ ) ਨੇ ਉਨਹਾਂ ਨੂੰ ਆ ਘੇਰਿਆ ਅਰ ਉਹਨਾਂ ਦੇ ਦਿਲਾਂ ਵਿਚ ( ਮੁਸਲਮਾਨਾਂ ਦੀ ) ਧਾਂਕ ਪਾ ਦਿਤੀ ਕਿ ਲਗੇ ਆਪਣਿਆਂ ਘਰਾਂ ਨੂੰ ਆਪਣੀਂ ਹਥੀਂ ਅਰ ਮੁਸਲਮਾਨਾਂ ਦੀ ਹਥੀਂ ਉਜਾੜਨ ਤਾਂ ਹੇ ਲੋਗੋ ! ਜਿਨਹਾਂ ਦੀਆਂ ਅੱਖੀਆਂ ਹਨ ( ਏਸ ਪ੍ਰਸੰਗ ਥੀਂ ) ਸਿਖਜਾ ਪਾਓ ॥ ੨ ॥ ਅਰ ਯਦੀ ਖ਼ੁਦਾ ਨੇ ਦੇਸ ਨਿਕਾਲਾ ਹੋਣਾ ਏਨਹਾਂ ਦੇ ਭਾਗਾਂ ਵਿਚ ਨਾ ਲਿਖ ਦਿਤਾ ਹੁੰਦਾ ਤਾਂ ਖ਼ੁਦਾ ਏਹਨਾਂ ਨੂੰ ( ਦੂਸਰੀ ਤਰਹਾਂ ) ਦੁਨੀਆਂ ਵਿਚ ਸਜਾ ਦੇਂਦਾ ਅਰ ਆਖਰਤ ਵਿਚ ( ਤਾਂ ) ਏਹਨਾਂ ਨੂੰ ਨਰਕਾਂ ਦਾ ਕਸ਼ਟ ( ਹੋਣਾ ਹੀ ) ਹੈ ॥ ੩ ॥ ਅਰ ਇਹ ਏਸ ਨਮਿਤ ਨਾਲ ਕਿ ਇਨਹਾਂ ਨੇ ਖ਼ੁਦਾ ਅਰ ਉਸਦੇ ਰਸੂਲ ਦੀ ਮੁਖਾਲਫਤ ਕੀਤੀ

Digitized by Panjab Digital Library | www.panjabdigilib.org

ਅਰ ਜੋ ਖੁਦਾ ਦੀ ਮੁਖਾਲਫਤ ਕਰੇ ਤਾਂ ਖੁਦਾ ਦੀ ਮਾਰ(ਬੜੀ ਹੀ) ਸਖਤ(ਮਾਰ) ਹੈ ॥ ੪ ॥ (ਮੁਸਲਮਾਨੋ ! ਏਹਨਾਂ ਦੇ)ਖਜੂਰਾਂ ਦੇ ਦਰਖਤ ਜੋ ਤੁਸਾਂ ਨੇ ਵਢ ਸਿਟੇ ਅਥਵਾ ਉਨਹਾਂ ਨੂੰ ( ਹਥ ਤਕ ਨਾਂ ਲਾਇਆ ਅਰ ਬਦਸਤੂਰ ) ਉਨਹਾਂ ਦੀਆਂ ਜੜਾਂ ਸਮੇਤ ਖੜਿਆਂ ਰਹਿਣ ਦਿਤਾ ਤਾਂ ( ਏਹ ਸਭ ਕੁਛ ) ਖੁਦਾ ਦੇ ਹੀ ਹੁਕਮ ਨਾਲ ਸੀ ਅਰ ਖੁਦਾ ਨੂੰ ਅਭੀਸ਼ਟ ਸੀ ਕਿ ਨਾਫਰਮਾਨਾਂ ਨੂੰ ਰੁਸਵਾ ( ਬੇਪਤ ) ਕਰੇ ॥ ੫ ॥ ਅਰ ਜੋ ( ਮਾਲ ) ਖੁਦਾ ਨੇ ਆਪਣੇ ਰਸੂਲ ਨੂੰ ( ਬਿਨਾਂ ਲੜਿਆਂ ਭਿੜਿਆਂ ) ਮੁਫਤ ਵਿਚ ਹੀ ਓਹਨਾਂ ਪਾਸੋਂ ਦਿਲਵਾ ਦਿਤਾ ਤਾਂ ( ਮੁਸਲਮਾਨੋ ! ) ਤੁਸਾਂ ਨੇ ਉਸ ਦੇ ਵਾਸਤੇ ਕੋਈ ਭੱਜ ਦੌੜ ਤਾਂ ਕੀਤੀ ਨਹੀਂ ( ਨਾਂ ) ਘੋੜਿਆਂ ਨਾਲ ਅਰ ਨਾਂ ਊਠਾਂ ਨਾਲ ਪਰੰਤੂ ਅੱਲਾ ਆਪਣਿਆਂ ਪੈਗੰਬਰਾਂ ਨੂੰ ਜਿਸ ਉਪਰ ਚਾਹੇ ਕਾਬਜ਼ ਕਰ ਦੇਵੇ ਅਰ ਅੱਲਾ ਹੀ ਸਰਵ ਸ਼ਕਤੀਮਾਨ ਹੈ ॥ ੬ ॥ ਜੋ ( ਮਾਲ ) ਅੱਲਾ ਆਪਣੇ ਰਸੂਲ ਨੂੰ ( ਏਹਨਾਂ ) ਬਸਤੀਆਂ ਦੇ ਲੋਗਾਂ ਪਾਸੋਂ ਮੁਫਤ ਵਿਚ ਦਿਲਵਾ ਦੇਵੇ ਤਾਂ ( ਉਹ ) ਅੱਲਾ ਦਾ ( ਹੱਕ ) ਹੈ ਅਰ ਰਸੂਲ ਦਾ ਅਰ ( ਰਸੂਲ ਦੇ ) ਸਮੀਪੀਆਂ ਦਾ ਅਰ ਯਤੀਮਾਂ ਦਾ ਅਰ ਮੁਹਤਾਜਾਂ ਦਾ ਅਰ ( ਬੇਕਸਾਂ ) ਮੁਸਾਫਰਾਂ ਦਾ (ਏਹ ਆਗਿਆ) ਏਸ ਵਾਸਤੇ (ਦਿਤੀ ਗਈ) ਕਿ ਜੋ ਲੋਗ ਤੁਸਾਂ ਵਿਚੋਂ ਮਾਲਦਾਰ ਹਨ ਏਹ(ਮਾਲ)ਇਨਹਾਂ ਵਿਚ(ਹੀ)ਹਥੋ ਹਥੀ ਲਿਆ ਹੋਇਆ ਨਾਂ ਹੋਜਾਇ ਅਰ ( ਮੁਸਲਮਾਨੋ ) ਜੋ ਵਸਤੂ ਪੈਗੰਬਰ ਤੁਹਾਨੂੰ (ਆਪਣੀ ਹਥੀਂ) ਦੇ ਦਿਤਾ ਕਰੇਂ ਓਹ ਤਾਂ ਲੈ ਲੀਤਾ ਕਰੋ ਅਰ ਜਿਸ ਵਸਤੂ ( ਦੇ ਲੈਣ ) ਥੀਂ ਤੁਹਾਨੂੰ ਮਨਾਂ ਕਰੇ ( ਉਸ ਥੀਂ ) ਹਟੇ ਰਹੋ ਅਰ ਖੁਦਾ ( ਦੇ ਗ਼ਜ਼ਬ ) ਥੀਂ ਡਰਦੇ ਰਹੋ ( ਕਾਹੇ ਤੇ ) ਖੁਦਾ ਦੀ ਮਾਰ ਬੜੀ ਸਖਤ ਹੈ ॥ ੭ ॥ ( ਉਹ ਮਾਲ ਜੋ ਬਿਨਾਂ ਲੜਿਆਂ ਮੁਫਤ ਵਿਚ ਹਥ ਲਗਾ ਹੈ ਹੋਰ ਹਕਦਾਰਾਂ ਦੇ ) ਲੋੜਵੰਦ ਮਹਾਜਰਾਂ ਦਾ ( ਭੀ ਹੱਕ ) ਹੈ ਜੋ ( ਕਾਫਰਾਂ ਦੇ ਜ਼ੁਲਮਾਂ ਨਾਲ ) ਆਪਣੇ ਘਰ ਅਰ ਮਾਲ ਥੀਂ ਬੇ ਦਖਲ ਕਰ ਦਿਤੇ ਗਏ ( ਅਰ ਹੁਣ ਉਹ ) ਖੁਦਾ ਦੇ ਫਜ਼ਲ ਅਰ ( ਉਸ ਦੀ ) ਪਰਸੰਨਤਾਈ ਦੀ ਪਰਾਪਤੀ ਵਿਚ ਲਗੇ ਹਨ ਅਰ ਖੁਦਾ ਅਰ ਉਸ ਦੇ ਰਸੂਲ ਦੀ ਸਹਾਇਤਾ ਵਾਸਤੇ ਖੜੇ ਹੋ ਜਾਂਦੇ ਹਨ ਏਹੋ ਤਾਂ ਸਚੇ ( ਮੁਸਲਮਾਨ ) ਹਨ ॥ ੮ ॥ ਅਰ ( ਹਾਂ ਓਹ ਮਾਲ ਜੋ ਬਿਨਾਂ ਲੜਿਆਂ ਹਥ ਆਇਆ ਹੈ ) ਉਨਹਾਂ ਦਾ ( ਭੀ ਅਧਿਕਾਰ ) ਹੈ ਕਿ ( ਮਹਾਜਰਾਂ ਨੇ ਅਜੇ ) ਹਜਰਤ ਨਹੀਂ ਕੀਤੀ ਸੀ ਅਰ ਓਹ ) ਓਹਨਾਂ ਨਾਲੋਂ ਪਹਿਲਾਂ ਮਦੀਨੇ ਵਿਚ ਰਹਿੰਦੇ ਅਰ ਇਸਲਾਮ ਵਿਚ ਦਾਖਲ ਹੋ ਚੁਕੇ ਹਨ ਜੋ ਉਨਹਾਂ ਦੀ ਤਰਫ ਹਜਰਤ ਕਰਕੇ ਆਉਂਦਾ ਹੈ ਓਸ ਨਾਲ ਮੁਹੱਬਤ ਕਰਨ ਲਗਦੇ ਹਨ ਅਰ ( ਗਨੀਮਤ ਦੇ ਮਾਲ

Digitized by Panjab Digital Library | www.panjabdigilib.org

ਵਿਚੋਂ ) ਮਹਾਜਰਾਂ ਨੂੰ ( ਜੋ ਕੁਛ ਭੀ ਦੇ ) ਦਿਤਾ ਜਾਵੇ ਉਸ ਦੇ ਕਾਰਨ ਨਾਲ ਇਹ ਆਪਣੇ ਦਿਲ ਵਿਚ(ਉਸਦੀ)ਕੋਈ ਮੰਗ ਨਹੀਂ ਕਰਦੇ ਅਰ(ਭਾਵੇਂ) ਆਪਣੇ ਉਪਰ ਤੰਗੀ ਹੀ ਕਿਉਂ ਨਾਂ ਹੋਵੇ ( ਮਹਾਜਰਾਂ ਭਿਰਾਵਾਂ ਨੂੰ ) ਆਪਣੇ ਨਾਲੋਂ ਵਧ ਕੇ ਸਮਝਦੇ ਹਨ ਅਰ ਜੋ ਪੁਰਖ ਆਪਣੇ ਚਿਤ ਦੇ ਬੁਖਲੋਂ ਨਿਰਲੇਪ ਰਖਿਆ ਜਾਵੇ ਤਾਂ ਐਸੇ ਹੀ ਲੋਗ ਭਲਾਈ ਦੇ ਅਧਿਕਾਰੀ ਹੋਣ ਗੇ ॥ ੯ ॥ ਅਰ ( ਹਾਂ ਜੋ ਮਾਲ ਬਿਨਾਂ ਲੜਿਆਂ ਭਿੜਿਆਂ ਹਥ ਆਇਆ ਹੈ ) ਉਨਹਾਂ ਦਾ ( ਭੀ ਹੱਕ ) ਹੈ ਜੋ ਪਹਿਲਿਆਂ ਮਹਾਜਰਾਂ ਦੇ ਪਿਛੋਂ ( ਹਜਰਤ ਕਰਕੇ ) ਆਏ ( ਕਿ ਇਹ ਭੀ ਅਗਲਿਆਂ ਮੁਸਲਮਾਨਾਂ ਦੇ ਹਿਤਕਾਰੀ ਹਨ ਅਰ ) ਪ੍ਰਾਰਥਨਾਂ ਕੀਤਾ ਕਰਦੇ ਹਨ ਕਿ ਹੇ ਸਾਡੇ ਪਰ-ਵਰਦਿਗਾਰ ਸਾਡੇ ਅਰ ( ਹੋਰ ) ਸਾਡੇ ਉਨਹਾਂ ( ਮਹਾਜਰਾਂ ਤਥਾ ਇਨ-ਸਾਰ ) ਭਿਰਾਵਾਂ ਦੇ ਅਪਰਾਧ ਬਖਸ਼ ਜੋ ਸਾਡੇ ਨਾਲੋਂ ਪਹਿਲੋਂ ਈਮਾਨ ਧਾਰ ਚੁਕੇ ਹਨ ਅਰ ਐਸੇ ਕਰੋ ਕਿ ਜੋ ਲੋਗ ਈਮਾਨ ਧਾਰ ਚੁਕੇ ਹਨ ਉਨਹਾਂ ਦੀ ਤਰਫੋਂ ਸਾਡਿਆਂ ਦਿਲਾਂ ਵਿਚ ਕਿਸੇ ਪਰਕਾਰ ਦੀ ਈਰਖਾ ਨਾਂ ਪਰਾਪਤ ਹੋਵੇ ਹੇ ਸਾਡੇ ਪਰਵਰਦਿਗਾਰ ਤੂੰ ਬੜੀ ਕਿਰਪਾ ਕਰਨ ਵਾਲਾ ਦਿਆਲੂ ਹੈਂ ॥੧੦॥ ਰੁਕੂਹ ॥ ੧ ॥

( ਹੇ ਪੈਗੰਬਰ ) ਕੀ ਤੁਸਾਂ ਨੇ ਮੁਨਾਫਿਕਾਂ ( ਦੇ ਹਾਲ ) ਉਪਰ ਦ੍ਰਿਸ਼ਟੀ ਨਹੀਂ ਦਿਤੀ ਜੋ ਆਪਣੇ ( ਹਮਜਿਨਸ ) ਭਿਰਾਵਾਂ ( ਅਰਥਾਤ ) ਕਾਫਰ ਪੁਸਤਕ ਵਾਲਿਆਂ ਨੂੰ ਕਹਿਆ ਕਰਦੇ ਹਨ ਕਿ ਯਦੀ ਤੁਸੀਂ ( ਘਰਾਂ ਵਿਚੋਂ ) ਨਿਕਾਸੇ ਜਾਓਗੇ ਤਾਂ ਅਸੀਂ ਭੀ ਤੁਹਾਡੇ ਨਾਲ ਨਿਕਲ ਖੜੇ ਹੋਵਾਂਗੇ ਅਰ ਤੁਹਾਡੇ ਵਲੋਂ ਅਸੀਂ ਕਿਸੇ ਦੀ ਮੰਨਣ ਵਾਲੇ ਹੀ ਨਹੀਂ ਅਰ ਯਦੀ ਤੁਹਾਡੇ ਵਿਚ ( ਅਰ ਮੁਸਲਮਾਨਾਂ ਵਿਚ ) ਲੜਾਈ ਹੋਵੇਗੀ ਤਾਂ ਅਸੀਂ ਤੁਹਾਡੀ ਮਦਦ ਕਰਾਂਗੇ ਅਰ ( ਮੁਸਲਮਾਨੋ ! ) ਅੱਲਾ ( ਤੁਹਾਨੂੰ ) ਦਸ ਦੇਂਦਾ ਹੈ ਕਿ ਇਹ ਨਿਰੇ ਪੁਰੇ ਝੂਠੇ ਹਨ ॥ ੧੧ ॥ ਯਦੀ ਪੁਸਤਕਾਂ ਵਾਲੇ ਨਕਾਲੇ ਜਾਣ ਗੇ ਤਾਂ ਇਹ ਉਨਹਾਂ ਦੇ ਨਾਲ ਨਹੀਂ ਨਿਕਲਣਗੇ ਅਰ ਯਦੀ ਪੁਸਤਕ ਵਾਲਿਆਂ ਵਿਚ ਅਰ ( ਮੁਸਲਮਾਨਾਂ ਵਿਚ ) ਲੜਾਈ ਹੋ ਪਵੇਗੀ ਤਾਂ ਇਹ (ਮੁਨਾਫਿਕ) ਪੁਸਤਕਾਂ ਵਾਲਿਆਂ ਦੀ ਮਦਦ ਨਾ ਕਰਣਗੇ ਅਰ ਯਦੀ ਉਹਨਾਂ ਦੀ ਮਦਦ ਕਰਣਗੇ ( ਭੀ ) ਤਾਂ ਜਰੂਰ ਪਿਠ ਦਿਖਾ ਕੇ ਭਜਦੇ ( ਹੋਏ ) ਨਜਰ ਆਉਣਗੇ। ਫੇਰ (ਕਿਸੇ ਪਾਸਿਓਂ)ਏਹਨਾਂ ਨੂੰ ਸਹਾਇਤਾ ਭੀ ਤਾਂ ਨਹੀਂ ਪਹੁੰਚੇਗੀ ॥ ੧੨ ॥ (ਮੁਸਲਮਾਨੋ ! ) ਤੁਹਾਡੀ ਹੈਬਤ (ਧਾਂਕ) ਤਾਂ ਏਨਹਾਂ ਦੇ ਦਿਲਾਂ ਵਿਚ ਅੱਲਾ ਨਾਲੋਂ ( ਭੀ ) ਵਧਕੇ ਹੈ ( ਅਰ ) ਇਹ ਏਸ ਕਾਰਨ ਹੈ ਕਿ ਇਹ ਅਗਜਾਨੀ ਲੋਗ ਹਨ ॥ ੧੩ ॥ ਏਹ ਸਾਰੇ ਮਿਲ ਕੇ ( ਭੀ ) ਤੁਹਾਡੇ

Digitized by Panjab Digital Library | www.panjabdigilib.org

ਨਾਲ ਨਹੀਂ ਲੜ ਸਕਦੇ ਪਰੰਤੂ ਹਾਂ ਸੰਰਖਜਕ ਨਗਰੀਆਂ ਵਿਚ ਅਥਵਾ ਦੀਵਾਰਾਂ ਦੀ ਓਟ ਵਿਚ ਆਪਸ ਵਿਚ ਏਹਨਾਂ ਦੀ ਬੜੀ ਧਾਂਕ ( ਪਈ ਹੋਈ ) ਹੈ ( ਅਰ ਹੇ ਸਰੋਤਾ ) ਤੂੰ ( ਏਹਨਾਂ ਦੇ ਜ਼ਾਹਰ ਹਾਲ ਨੂੰ ਦੇਖੇਂ ਤਾਂ ) ਏਨਹਾਂ ਨੂੰ ਸਮਝੇਂ ਕਿ ਸਾਰੇ ਇਕ ਹਨ ਹਾਲਾਂ ਕਿ ਏਹਨਾਂ ਦੇ ਦਿਲ ( ਇਕ ਦੂਸਰੇ ਨਾਲੋਂ ) ਪਾਟੇ ਹੋਏ ਹਨ ਇਹ ਏਸ ਸਬਬੋਂ ਕਿ ਏਹਨਾਂ ਲੋਗਾਂ ਵਿਚ ( ਉਕੀ ਪੁਕੀ ) ਬੁਧੀ ਹੀ ਨਹੀਂ ॥ ੧੪ ॥ ( ਏਨਹਾਂ ਲੋਗਾਂ ਦਾ ਦ੍ਰਿਸ਼ਟਾਂਤ ) ਓਹਨਾਂ ਲੋਗਾਂ ਵਰਗਾ ਦ੍ਰਿਸ਼ਟਾਂਤ ਹੈ ਜੋ ਹੁਣੇ ਏਨਹਾਂ ਨਾਲੋਂ ( ਥੋਹੜੇ ਦਿਨ ) ਪਹਿਲੇ ( ਮੁਸਲਮਾਨਾਂ ਨਾਲ ਬਦਰ ਦੇ ਜੰਗ ਵਿਚ ਲੜਕੇ ) ਆਪਣੇ ਕੀਤੇ ਨੂੰ ਪਾ ਚੁਕੇ ਹਨ ਅਰ ( ਅੰਤ ਵਿਚ ) ਉਨਹਾਂ ਨੂੰ ਭਿ-ਆਣਕ ਕਸ਼ਟ ( ਹੋਣਾ ) ਹੈ ( ਸੋ ਅਲਗ ) ॥ ੧੫ ॥ ( ਹੋਰ ਏਨਹਾਂ ਮੁਨਾਫਿਕਾਂ ਦਾ ਦ੍ਰਿਸ਼ਟਾਂਤ) ਸ਼ੈਤਾਨ ਵਰਗਾ ਦ੍ਰਿਸ਼ਟਾਂਤ ਹੈ ਕਿ ਉਹ ਆਦਮੀ ਨੂੰ ਕੁਫਰ ਦੀ ਸਿਖਜਾ ਦੇਂਦਾ ਹੈ ਫੇਰ ਜਦੋਂ ਓਹ ਕੁਫਰ ਕਰ ਬੈਠਦਾ ਹੈ ( ਅਰ ਕੁਫਰ ਦਾ ਵਬਾਲ ਉਸ ਦੇ ਪੇਸ਼ ਆਉਂਦਾ ਹੈ ਅਰ ਓਹ ਸ਼ੈਤਾਨ ਪਾਸੋਂ ਸਹਾ-ਇਤਾ ਮੰਗਦਾ ਹੈ ) ਤਾਂ (ਸ਼ੈਤਾਨ ) ਕਹਿੰਦਾ ਹੈ ਮੈਨੂੰ ਤੇਰੇ ਨਾਲ ਕੋਈ ਕੰਮ ਕਾਜ ਨਹੀਂ ਮੈਂ ਤਾਂ ਅੱਲਾ ਸੰਸਾਰਾਂ ਦੇ ਪਾਲਨ ਹਾਰੇ ( ਦੇ ਕਸ਼ਟ ) ਪਾਸੋਂ ਡਰਦਾ ਹਾਂ ॥ ੧੬ ॥ ਫੇਰ ਏਹਨਾਂ ਦੋਹਾਂ ਦਾ ਅੰਤ ਏਹਾ ਹੋਣਾ ਹੈ ਕਿ ਦੋਨੋਂ ਨਰਕਾਂ ਵਿਚ ( ਤੁਨ ਦਿਤੇ ) ਜਾਣਗੇ ( ਅਰ ) ਓਸੇ ਵਿਚ ਏਹਨਾਂ ਦਾ ਸਦਾ ੨ ਨਿਵਾਸ ਹੋਵੇਗਾ ਅਰ ( ਸਾਰਿਆਂ ) ਸਰਕਸ਼ਾਂ ( ਮਨਮੁਖਾਂ ) ਦੀ ਇਹ ਸਜ਼ਾ ਹੈ ॥ ੧੭ ॥ ਰੁਕੂਹ ੨ ॥

ਮੁਸਲਮਾਨੋ ! ਖ਼ੁਦਾ (ਦੇ ਕਸ਼ਟ ) ਤੋਂ ਡਰਦੇ ਰਹੋ ਅਰ ਹਰ ਇਕ ਪੁਰਖ ( ਏਸ ਬਾਰਤਾ ਉਪਰ ) ਦ੍ਰਿਸ਼ਟੀ ਦੇਂਦਾ ਰਹੇ ਕਿ ਕਲ ( ਪ੍ਰਲੈ ) ਵਾਸਤੇ ਉਸ ਨੇ ਕੀ ਭੇਜਿਆ ਹੈ ਅਰ ਖ਼ੁਦਾ ਪਾਸੋਂ ਡਰਦੇ ਰਹੋ ( ਕਾਹੇ ਤੇ ) ਜੋ ਕੁਛ ਤੁਸੀਂ ਕਰਦੇ ਹੋ ਅੱਲਾ ਨੂੰ ਉਸ ਦੀ ( ਸਾਰੀ ) ਖਬਰ ਹੈ ॥ ੧੮ ॥ ਅਰ ਉਨਹਾਂ ਲੋਗਾਂ ਵਰਗੇ ਨਾ ਬਣੋ ਜਿਨਹਾਂ ਨੇ ਖ਼ੁਦਾ ਨੂੰ ਭੁਲਾ ਦਿਤਾ ਤਾਂ ਖੁਦਾ ਨੇ ਉਨਹਾਂ ਦੀ ਐਸੀ ਮਤ ਮਾਰੀ ਕਿ ਆਪਣੇ ਆਪ ਨੂੰ ਭੀ ਭੁਲ ਗਏ ਏਹਾ ਲੋਗ ( ਤਾਂ ਬੜੇ ) ਬੇ ਫਰਮਾਨ ਹਨ ॥ ੧੯ ॥ ਨਾਰਕੀ ਅਰ ਸਵਾਰਗੀ ਬਰਾਬਰ ਨਹੀਂ ( ਹੋ ਸਕਦੇ ਕਿ ) ਸਵਰਗੀ ( ਜੋ ਹਨ ) ਤਾਂ ਓਹ ਕ੍ਰਿਤ ਕ੍ਰਿਤ ਹੋਏ ਹੋਏ ਲੋਗ ਹਨ ॥ ੨੦ ॥ ( ਹੇ ਪੈਗੰਬਰ ) ਯਦੀ ਅਸਾਂ ਨੇ ਇਹ ਕੁਰਾਨ ਕਿਸੇ ਪਰਬਤ ਉਤੇ ਉਤਾਰਿਆ ਹੁੰਦਾ ( ਅਰ ਆਦਮੀ ਦੀ ਤਰਹਾਂ ਉਸ ਨੂੰ ਬੁਧੀ ਭੀ ਹੁੰਦੀ ) ਤਾਂ ਤੁਸੀਂ ਉਸ ਨੂੰ ਦੇਖ ਲੈਂਦੇ ਕਿ ਖ਼ੁਦਾ ਦੇ ਡਰ ਦਾ ਮਾਰਿਆ ਝੁਕ ਗਇਆ ( ਹੁੰਦਾ ਅਰ ) ਫਟ ਗਿਆ

Digitized by Panjab Digital Library | www.panjabdigilib.org

ਹੁੰਦਾ ਅਰ ਅਸੀਂ ਇਹ ਦ੍ਰਿਸ਼ਟਾਂਤ ਲੋਗਾਂ ਵਾਸਤੇ ਵਰਨਣ ਕਰਦੇ ਹਾਂ ਤਾ ਕਿ ਓਹ ( ਸਮਝਣ ) ਸੋਚਣ ॥ ੨੧ ॥ ਉਹ ਅੱਲਾ ਐਸਾ ( ਪਵਿਤ੍ਰ ਸਵਰੂਪ ) ਹੈ ਕਿ ਉਸਦੇ ਸਿਵਾ ਕੋਈ ਮਾਬੂਦ ਨਹੀਂ ਗੁਪਤ ਅਰ ਪਰਗਟ ( ਸੰਪੂਰਣ ) ਵਸਤੂਆਂ ਦਾ ਜਾਨਣ ਵਾਲਾ ਵਹੀ ਬੜਾ ਮੇਹਰਬਾਨ ( ਅਰ ) ਦਯਾ ਵਾਨ ਹੈ ॥ ੨੨ ॥ ਓਹ ਅੱਲਾ ਐਸਾ ( ਪਵਿਤ੍ਰ ਸਵਰੂਪ ) ਹੈ ਕਿ ਉਸਦੇ ਸਿਵਾ ਕੋਈ ਪੂਜਯ ਨਹੀਂ ( ਸਾਰੇ ਸੰਸਾਰ ਦਾ ) ਬਾਦਸ਼ਾਹ ਹੈ ਪਵਿਤ੍ਰ ਸਵ-ਰੂਪ ਹੈ ( ਸੰਪੂਰਣ ) ਐਬਾਂ ਤੋਂ ਨਿਰਲੇਪ ਹੈ ਅਮਨ ਦੇਣ ਵਾਲਾ ਹੈ ਰਖਿਆ ਕਰਨ ਵਾਲਾ ਹੈ ਸ਼ਕਤ ਸ਼ਾਲੀ ਹੈ ਬੜੇ ਦਬਾਓ ਵਾਲਾ ਹੈ ਬੜੀ ਵਡਿਆਈ ਦਾ ਸਵਾਮੀ ਹੈ ਇਹ ਲੋਗ ਜੈਸੇ ੨ ਸ਼ਿਰਕ ਕਰਦੇ ਹਨ ਅੱਲਾ ( ਦਾ ਸਵਰੂਪ ) ਓਸ ਥੀਂ ਪਵਿਤ੍ਰ ਹੈ ॥ ੨੩ ॥ ਵਹੀ ਅੱਲਾ ( ਸੰਪੂਰਣ ਵਸਤੂਆਂ ਦਾ ) ਕਰਤਾ ( ਸੰਪੂਰਣ ਵਸਤੂਆਂ ਦਾ ) ਸਿਰਜਨਹਾਰ ਹੈ ( ਮਖ਼ਲੂਕਾਤ ਦੀਆਂ ਤਰਹਾਂ ੨ ਦੀਆਂ ) ਸੂਰਤਾਂ ਬਨਾਉਣ ਵਾਲਾ ਹੈ ( ਅਰ ਉਸ ਦੀਆਂ ਚੰਗੀਆਂ ੨ ਸਿਫਤਾਂ ਹਨ ਅਰ ਏਸ ਵਾਸਤੇ ) ਉਸ ਦੇ ਚੰਗੇ ਹੀ ਚੰਗੇ ਨਾਮ ਹਨ ਜੋ ( ਸਰਿਸ਼ਟੀ ) ਆਕਾਸ ਪ੍ਰਿਥਵੀ ਵਿਚ ਹੈ ( ਸਾਰੀ ਦੀ ਸਾਰੀ ) ਓਸੇ ਦੀ ਉਸਤੁਤੀ ( ਤਥਾ ਮਹਿਮਾਂ ) ਕਰਦੇ ਹਨ ਅਰ ਉਹ ਸ਼ਕਤਸ਼ਾਲੀ (ਅਰ) ਯੁਕਤੀਮਾਨ ਹੈ ॥ ੨੪ ॥ ਰੁਕੂਹ ੩ ॥

# ਸੂਰਤ ਮਮਤਹਿਨਾ ਮਦੀਨੇ ਵਿਚ ਉਤਰੀ ਅਰ ਇਸ ਦੀਆਂ ਤੇਰਾ ਆਇਤਾਂ ਅਰ ਦੋ ਰੁਕੂਹ ਹਨ।

(ਆਰੰਭ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ (ਹੈ) ( ਮੁਸਲਮਾਨੋ ! ) ਯਦੀ ਤੁਸੀਂ ਸਾਡੇ ਰਾਹ ਵਿਚ ਯੁਧ ਕਰਨੇ ਅਰ ਸਾਡੀ ਰਜ਼ਾਮੰਦੀ ਢੂੰਡਣੇ ਦੀ ਗਰਜ਼ ਨਾਲ ( ਆਪਣੇ ਵਤਨ ਛਡਕੇ ) ਨਿਕਲੇ ਹੋ ਤਾਂ ਸਾਡੇ ਅਰ ਆਪਣੇ ਦੁਸ਼ਮਣਾਂ ਨੂੰ ( ਅਰਥਾਤ ਕਾਫਰਾਂ ਨੂੰ ) ਦੋਸਤ ਨਾ ਬਣਾਓ ਕਿ ਲਗੋ ਉਨਹਾਂ ਦੀ ਤਰਫ ਮਿਤ੍ਰਤਾਈ ( ਦੇ ਪਤ੍ਰ ਤਥਾ ਸੰਦੇਸੇ ) ਘਲਣ ਘਲਾਣ ਹਾਲਾਂ ਕਿ ਤੁਹਾਡੇ ਪਾਸ ਜੋ ( ਖ਼ੁਦਾ ਦੀ ਤਰਫੋਂ ) ਸਚਾ ( ਦੀਨ ) ਆਇਆ ਹੈ ਓਹ ਉਸ ਤੋਂ ਇਨਕਾਰ ਹੀ ਕਰ ਚੁਕੇ ਹਨ ਓਹ ਤਾਂ ਕੇਵਲ ਏਤਨੀ ਬਾਰਤਾ ਉਪਰ ਕਿ ਤੁਸੀਂ ਆਪਣੇ ਪਰਵਰਦਿਗਾਰ ਅੱਲਾ ਨੂੰ ਹੀ ਮੰਨਦੇ ਹੋ ਰਸੂਲ ਨੂੰ ਅਰ ਤੁਹਾਨੂੰ ( ਘਰਾਂ ਵਿਚੋਂ ) ਨਿਕਾਸ ਰਹੇ ਹਨ ( ਅਰ ) ਤੁਸੀਂ ਚੁਪ ਚੁਪਾਤੇ ਉਨਹਾਂ ਦੀ ਤਰਫ ਦੋਸਤੀ ( ਦੇ ਸੰਦੇਸੇ ) ਭੇਜ ਰਹੇ ਹੋ ਅਰ ਜੋ ਕੁਛ ਤੁਸੀਂ ਛਿਪਾਕੇ ਕਰਦੇ ਹੋ ( ਉਹ )

Digitized by Panjab Digital Library | www.panjabdigilib.org

ਅਰ ਜੋ ਜ਼ਾਹਰ ਜ਼ਹੂਰ (ਪ੍ਰਗਟ ਹੋਕਰ)ਕਰਦੇ ਹੋ (ਉਹ) ਸਾਨੂੰ (ਸਾਰਿਆਂ ਨੂੰ) ਖ਼ੂਬ ਜਾਣਦੇ ਹਨ ਅਰ ਜੋ ਤੁਹਾਡੇ ਵਿਚੋਂ ਐਸਾ ਕਰੇਗਾ ਤਾਂ (ਯਾਦ ਰਖੇ ਕਿ) ਓਹ ਸੂਧੇ ਮਾਰਗੋਂ ਭੁਲ ਗਇਆ ॥ ੧ ॥ ( ਇਹ ਕਾਫਰ ) ਯਦੀ ( ਕਿਤੇ ) ਤੁਹਾਡੇ ਉਪਰ ਕਾਬੂ ਪਾ ਜਾਣ ਤਾਂ ( ਖੁਲਮ ਖੁਲੇ ) ਤੁਹਾਡੇ ਦੁਸ਼ਮਨ ਹੋ ਜਾਣ ਅਰ ਕਰੀ ਸਰੀ ( ਹਥ ਤਥਾ ਜਬਾਨ ਦੋਹਾਂ ) ਨਾਲ ( ਤੁਹਾਡੇ ਸਾਥ ) ਬੁਰਾਈ ਕਰਨ ਵਿਚ ਢਿਲ ਨਾ ਕਰਨ ਅਰ ਉਨਹਾਂ ਦਾ ( ਅਸਲੀ ) ਸੰਕਲਪ ਏਹ ਹੈ ਕਿ ਹਾਇ ਰਬਾ ਜੇ ਕਦੇ ਤੁਸੀਂ ( ਉਨਹਾਂ ਦੀ ਤਰਹਾਂ ) ਕਾਫਰ ਹੋ ਜਾਓ ॥ ੨ ॥ ਪ੍ਰਲੈ ਦੇ ਦਿਨ ਨਾਂ ਤੁਹਾਡੀਆਂ ਸਾਕਾਗੀਰੀਆਂ ਹੀ ਤੁਹਾਡੇ ਕਿਸੇ ਕੰਮ ਆਉਣਗੀਆਂ ਅਰ ਨਾਂ ਤੁਹਾਡੀ ਔਲਾਦ ਹੀ ( ਕਿਸੇ ਕੰਮ ਆਵੇਗੀ ਉਸ ਦਿਨ ਖੁਦਾ ਹੀ ) ਤੁਹਾਡੇ ਵਿਚ ( ਸਚ ਝੂਠ ਦਾ ) ਫੈਸਲਾ ਕਰੇਗਾ ਅਰ ਜੋ ( ਕੁਛ ਭੀ ) ਤੁਸੀਂ ਲੋਗ ਕਰ ਰਹੇ ਹੋ ਖੁਦਾ ਉਸ ਨੂੰ ਦੇਖ ਰਹਿਆ ਹੈ ॥ ੩ ॥ ( ਮੁਸਲਮਾਨੋ ! ) ਇਬਰਾਹੀਮ ਅਰ ਜੋ ਲੋਗ ਉਨਹਾਂ ਦੇ ਸਾਥੀ ਸਨ ( ਅਰਥਾਤ ਉਸ ਵੇਲੇ ਦੇ ਮੁਸਲਮਾਨ ਪੈਰਵੀ ਕਰਨ ਵਾਸਤੇ ) ਤੁਹਾਡੇ ਵਾਸਤੇ ਉਨਹਾਂ ਦਾ ਇਕ ਚੰਗਾ ਨਮੂਨਾ ਹੋ ਗੁਜ਼ਰਿਆ ਹੈ ਜਦੋਂ ਕਿ ਉਨਹਾਂ ਨੇ ਆਪਣੀ ਕੌਮ ( ਦੇ ਲੋਗਾਂ ) ਨੂੰ ਕਹਿਆ ਕਿ ਸਾਨੂੰ ਤੁਹਾਡੇ ਨਾਲ ਅਰ ਤੁਹਾਡੇ ਉਨਹਾਂ (ਮਾਬੂਦਾਂ)ਨਾਲ ਜਿਨਹਾਂ ਦੀ ਤੁਸੀਂ ਪ੍ਰਮਾਤਮਾਂ ਦੇ ਸਿਵਾ ਪੂਜਾ ਕਰਦੇ ਹੋ ਕੁਛ ( ਭੀ ) ਪਰਯੋਜਨ ਨਹੀਂ ਅਸੀਂ ਤਾਂ ( ਲੋਗਾਂ ਦੇ ਨੇਮਾਂ ) ਨੂੰ ( ਉੱਕਾ ) ਨਹੀਂ ਮੰਨਦੇ ਅਰ ਸਾਡੇ ਅਰ ਤੁਹਾਡੇ ਵਿਚ ਖੁਲਮਖੁਲੀ ਅਦਾਵਤ ਤਥਾ ਵੈਰ ਭਾਵ ਹੋ ਗਇਆ ਹੈ ( ਅਰ ਏਹ ਵੈਰ ਭਾਵ ) ਤਾਂ ਸਦਾ ਵਾਸਤੇ ( ਰਹਿਆ ) ਜਦੋਂ ਤਕ ਕਿ ਤੁਸੀਂ ਕੇਵਲ ਖ਼ੁਦਾ ਉਪਰ ਈਮਾਨ ਨਾ ਧਾਰੋ ( ਗਲ ਕਾਹਦੀ ਮੁਸਲਮਾਨਾਂ ਨੇ ਕਾਫਰਾਂ ਨਾਲ ਬੇਤਅਲਕੀ ਪ੍ਰਗਟ ਕਰ ਦਿਤੀ ) ਪਰੰਤੂ ( ਹਾਂ ) ਇਬਰਾਹੀਮ ਨੇ ਆਪਣੇ ਪਿਤਾ ਨਾਲ ਇਤਨੀ ਬਾਰਤਾ ( ਤਾਂ ਬੇਸ਼ਕ ) ਕਹੀ ਕਿ ਮੈਂ ਤੁਹਾਡੇ ਵਾਸਤੇ ਅਵਸ਼ ਬਖਸ਼ਸ਼ ਦੀ ਦੁਆ ਕਰਾਂਗਾ। ਅਰ ( ਏਸ ਤ੍ਰਾਂ ) ਤੁਹਾਡੇ ਵਾਸਤੇ ਖੁਦਾ ਦੇ ਅਗੇ ਮੇਰਾ ਕੋਈ ਜ਼ੋਰ ਤਾਂ ਚਲਦਾ ਨਹੀਂ ( ਕਿ ਧਿੰਗੋ ਜੋਰੀ ਤੁਹਾਨੂੰ ਬਖਸ਼ਵਾ ਲਵਾਂ ਗਾ ਅਰ ਉਸ ਦੇ ਸਾਥ ਦੁਆ ਭੀ ਕੀਤੀ ਸੀ ਕਿ ) ਹੇ ਸਾਡੇ ਪਰਵਰਦਿਗਾਰ ਅਸੀਂ ਤੇਰੇ ਉਪਰ ਹੀ ਭਰੋਸਾ ਰਖਦੇ ਹਾਂ ਅਰ ਤੇਰੇ ਪਾਸੇ ਹੀ ਝੁਕਦੇ ਹਾਂ ਅਰ ਤੇਰੀ ਹੀ ਤਰਫ(ਅਸਾਂ)ਲਟ ਕੇ ਜਾਣਾ ਹੈ ॥ ੪ ॥ ਹੇ ਸਾਡੇ ਪਰਵਰਦਿਗਾਰ ਸਾਨੂੰ ਕਾਫਰਾਂ (ਦੇ ਜੋਰ ਜ਼ੁਲਮ) ਦੀ ਪ੍ਰੀਖਜਾ ਦਾ ਕਾਰਨ (ਅਰਥਾਤ ਤਖਤਾ ਮਸ਼ਕ) ਨਾਂ ਬਣਾ ਅਰ ਹੇ ਸਾਡੇ ਪਰਵਰਦਿਗਾਰ ਸਾਡੇ ਗੁਨਾਹ ਬਖਸ਼ ਦੇ ਨਿਰਸੰਦੇਹ ਤੂੰ ਸ਼ਕਤ ਸ਼ਾਲੀ (ਅਰ) ਯੁਕਤੀ ਮਾਨ ਹੈਂ ॥੫॥

Digitized by Panjab Digital Library | www.panjabdigilib.org

( ਮੁਸਲਮਾਨੋ ! ) ਤੁਹਾਡੇ ਵਾਸਤੇ ( ਅਰਥਾਤ ) ਜੋ ਕੋਈ ਖ਼ੁਦਾ ( ਦੇ ਕਸ਼ਟ ) ਅਰ ਆਖਰਤ ਦੇ ਦਿਨ ( ਦੀ ਪੁਛ ਗਿਛ ) ਪਾਸੋਂ ਡਰਦਾ ਹ ਉਸ ਦੇ ਵਾਸਤੇ ( ਕਰਮ ਕਰਨ ਨੂੰ ) ਇਨਹਾਂ ਲੋਗਾਂ ਦਾ ਇਕ ਚੰਗਾ ਨਮੂਨਾ ਹੋ ਚੁਕਿਆ ਹੈ ਅਰ ਜੋ ( ਏਨਹਾਂ ਲੋਗਾਂ ਦੀ ਪੈਰਵੀ ਤੋਂ ) ਮਨ-ਮੁਖਤਾਈ ਕਰੇਗਾ ਤਾਂ ਅੱਲਾ ਬੇ ਪਰਵਾਹ ( ਅਰ ਹਰ ਹਾਲ ਵਿਚ ) ਉਸਤੁਤੀ ਯੋਗ ਹੈ ॥ ੬ ॥ ਰੁਕੂਹ ੧ ॥

ਅਚੰਬਾ ਨਹੀਂ ਕਿ ( ਕਾਫਰ ਮੁਸਲਮਾਨ ਹੋ ਜਾਣ ਅਰ ਏਸ ਤਰਹਾਂ ) ਅੱਲਾ ਤੁਹਾਡੇ ਵਿਚ ਅਰ ਕਾਫਰਾਂ ਵਿਚੋਂ ਜਿਨਹਾਂ ਦੇ ਸਾਥ ਤੁਹਾਡੇ ( ਧਾਰਮਿਕ ) ਵਿਰੋਧ ਹੈ ਓਹਨਾਂ ਵਿਚ ਦੋਸਤੀ ਪੈਦਾ ਕਰ ਦੇਵੇ ਅਰ ਅੱਲਾ ਸਾਮਰਥ ਹੈ ਅਰ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੭ ॥ ਜੋ ਲੋਗ ਤੁਹਾਡੇ ਨਾਲ ਦੀਨ ਦੇ ਬਾਰੇ ਵਿਚ ਨਹੀਂ ਲੜੇ ਅਰ ਓਹਨਾਂ ਨੇ ਤੁਹਾਨੂੰ ਤੁਹਾਡਿਆਂ ਘਰਾਂ ਵਿਚੋਂ ਨਹੀਂ ਨਿਕਾਸਿਆ ਓਹਨਾਂ ਦੇ ਸਾਥ ਉਪਕਾਰ ਕਰਨੇ ਅਰ ਨਿਆਇਸ਼ਾਲੀ ਬਰਤਾਓ ਕਰਨ ਤੋਂ ਤਾਂ ਖ਼ੁਦਾ ਤੁਹਾਨੂੰ ਮਨਾ ਨਹੀਂ ਕਰਦਾ ( ਕਾਹੇ ਤੇ ) ਅੱਲਾ ਨਿਆਇਸ਼ਾਲੀ ਬਰਤਾਓ ਕਰਨ ਵਾਲਿਆਂ ਨੂੰ ਦੋਸਤ ਰਖਦਾ ਹੈ ॥ ੮ ॥ ਅੱਲਾ ਤਾਂ ਤੁਹਾਨੂੰ ਓਹਨਾਂ ਹੀ ਲੋਗਾਂ ਨਾਲ ਦੋਸਤੀ ਕਰਨੋਂ ਮਨਾ ਕਰਦਾ ਹੈ ਜੋ ਤੁਹਾਡੇ ਨਾਲ ਦੀਨ ਦੇ ਬਾਰੇ ਵਿਚ ਲੜੇ ਅਰ ਜਿਨਹਾਂ ਨੇ ਤੁਹਾਨੂੰ ਤੁਹਾਡਿਆਂ ਘਰਾਂ ਵਿਚੋਂ ਨਿਕਾਸਿਆ ਅਰ ਤੁਹਾਡੇ ਨਿਕਾਸਣ ਵਿਚ ( ਤੁਹਾਡਿਆਂ ਮੁਖਾਲਫਾਂ ਦੀ ) ਮਦਦ ਕੀਤੀ ਅਰ ਜੋ ਪੁਰਖ ਐਸਿਆਂ ਲੋਗਾਂ ਨਾਲ ਦੋਸਤੀ ਰਖੇਗਾ ਤਾਂ ( ਸਮਝਿਆ ਜਾਵੇਗਾ ) ਕਿ ਯਹੀ ਲੋਗ ( ਮੁਸਲਮਾਨਾ ਉਪਰ ) ਜ਼ੁਲਮ ਕਰਦੇ ਹਨ ॥ ੯ ॥ ਮੁਸਲਮਾਨੋ ! ਜਦੋਂ ਤੁਹਾਡੇ ਪਾਸ ਮੁਸਲਮਾਨ ਔਰਤਾਂ ਹਜਰਤ ਕਰਕੇ ਆਇਆ ਕਰਨ ਤਾਂ ਤੁਸੀਂ ਓਹਨਾਂ ( ਦੇ ਈਮਾਨ ) ਦੀ ਜਾਚ ਕਰ ਲੀਤਾ ਕਰੋ ( ਵੈਸੇ ਤਾਂ ) ਓਹਨਾਂ ਦੇ ਈਮਾਨ ਨੂੰ ਅੱਲਾ ( ਹੀ ) ਖ਼ੂਬ ਜਾਣਦਾ ਹੈ ( ਤਥਾਪਿ ਜਾਚ ਲੈਣਾ ਜਰੂਰੀ ਹੈ ) ਤਾਂ ਯਦੀ ( ਜਾਚ ਨਾਲ ) ਤੁਸੀਂ ਓਹਨਾਂ ਨੂੰ ਸਮਝੋ ਕਿ ਮੁਸਲਮਾਨ ਹਨ ਤਾਂ ਓਹਨਾਂ ਨੂੰ ਕਾਫਰਾਂ ਦੀ ਤਰਫ ਵਾਪਸ ਨਾ ਕਰੋ ਨਾਂ ( ਤਾਂ ) ਏਹ ( ਔਰਤਾਂ ) ਕਾਫਰਾਂ ਨੂੰ ਹਲਾਲ ਅਰ ਨਾ ਕਾਫਰ ਏਹਨਾਂ ( ਔਰਤਾਂ ) ਨੂੰ ਹਲਾਲ ਅਰ ਜੋ ਕੁਛ ਕਾਫਰਾਂ ਨੇ ( ਏਹਨਾਂ ਉਪਰ ) ਖਰਚ ਕੀਤਾ ਹੈ ਓਹ ਓਹਨਾਂ ( ਕਾਫਰਾਂ ) ਨੂੰ ਅਦਾ ਕਰ ਦਿਓ ਅਰ ( ਏਸ ਵਿਚ ਭੀ ) ਤੁਸਾਂ ਉਪਰ ਕੋਈ ਦੋਸ਼ ਨਹੀਂ ਕਿ ਓਹਨਾਂ ਔਰਤਾਂ ਨੂੰ ਓਹਨਾਂ ਦੇ ( ਹਕ ) ਮਹਿਰ ਦੇਕੇ ਤੁਸੀਂ ( ਖ਼ੁਦ ) ਓਹਨਾਂ ਨਾਲ ਨਿਕਾਹ ਕਰ ਲਓ ਅਰ ( ਓਹਨਾਂ ) ਕਾਫਰ

Digitized by Panjab Digital Library | www.panjabdigilib.org

ਔਰਤਾਂ ਦੇ ਨਾਮੂਸ ਪਰ ਕਬਜ਼ਾ ਨਾਂ ਰਖੋ ( ਜੋ ਤੁਹਾਡੇ ਨਕਾਹ ਵਿਚ ਹੋਣ ) ਅਰ ਜੋ ਤੁਸਾਂ ਨੇ ( ਓਹਨਾਂ ਉਪਰ ) ਖਰਚ ਕੀਤਾ ਹੈ ਓਹ ( ਕਾਫਰਾਂ ਪਾਸੋਂ ) ਮੰਗ ਲਓ ਅਰ ਜੋ ਓਹਨਾਂ ਨੇ ( ਆਪਣੀਆਂ ਔਰਤਾਂ ਉਪਰ ) ਖਰਚ ਕੀਤਾ ਹੈ ( ਓਹ ਆਪਣਾ ਖਰਚ ਕੀਤਾ ਹੋਇਆ ਤੁਹਾਡੇ ਪਾਸੋਂ ) ਮੰਗ ਲੈਣ ਇਹ ਅੱਲਾ ਦਾ ਹੁਕਮ ਹੈ ਜੋ ਤੁਸਾਂ ਲੋਗਾਂ (ਦੇ ਐਸੇ ਝਗੜਿਆਂ ਦੇ ਬਾਰੇ) ਵਿਚ ਸਾਦਰ ਫਰਮਾਉਂਦਾ ਹੈ ਅਰ ਅੱਲਾ ਜਾਨਣੇ ਵਾਲਾ ਅਰ ਯੁਕਤੀਮਾਨ ਹੈ ॥ ੧੦ ॥ ਅਰ ਯਦੀ ਤੁਹਾਡੀਆਂ ਇਸਤ੍ਰੀਆਂ ਵਿਚੋਂ ਕੋਈ ( ਔਰਤ ) ਤੁਹਾਡੇ ਵਿਚੋਂ ਛੁਟ ਕੇ ਕਾਫਰਾਂ ਵਿਚ ਜਾ ਮਿਲੇ ( ਅਰ ਓਹ ਤੁਹਾਨੂੰ ਤੁਹਾਡਾ ਖਰਚਾ ਨਾਂ ਅਦਾ ਕਰਨ ਅਰ ) ਫੇਰ ( ਕਾਫਰਾਂ ਨੂੰ ਦੇਣ ) ਦਾ ਸਮਾਂ ਤੁਹਾਡੇ ਉਤੇ ਆ ਜਾਵੇ ਤਾਂ ਜਿਨਹਾਂ ( ਮੁਸਲਮਾਨਾਂ ) ਦੀਆਂ ਇਸਤ੍ਰੀਆਂ ( ਕਾਫਰਾਂ ਵਿਚ ) ਚਲੀਆਂ ਗਈਆਂ ਹਨ ਜਿਤਨਾ ਖਰਚਾ ਓਹਨਾਂ ਦਾ ਹੋਇਆ ਹੋਵੇ ( ਉਸ ਰਕਮ ਵਿਚੋਂ ਜੋ ਤੁਹਾਨੂੰ ਦੇਣੀ ਪਵੇ ) ਓਹਨਾਂ ਨੂੰ ( ਦੇ ਦਿਓ ) ਅਰ ਅੱਲਾ ਪਾਸੋਂ ਜਿਸ ਉਪਰ ਤੁਸੀਂ ਈਮਾਨ ਧਾਰ ਚੁਕੇ ਹੋ ਡਰਦੇ ਰਹੋ ॥ ੧੧ ॥ ਹੇ ਪੈਯੰਬਰ ਜਦੋਂ ਤੁਹਾਡੇ ਪਾਸ ਮੁਸਲਮਾਨ ਔਰਤਾਂ ਆਉਣ ( ਅਰ ) ਤੁਹਾਡੇ ਥੀਂ ਇਸਪਰ ਬੈਇਤ ਕਰਨੀ ਚਾਹੁੰਣ ਕਿ ਕਿਸੀ ਵਸਤੂ ਨੂੰ ਅੱਲਾ ਦਾ ਸਾਂਝੀ ਨਹੀਂ ਅਸਥਾਪਤ ਕਰਨ ਗੀਆਂ ਅਰ ਨਾ ਚੋਰੀ ਕਰਨਗੀਆਂ ਅਰ ਨਾਂ ਬਦਕਾਰੀ ਕਰਨਗੀਆਂ ਅਰ ਨਾ ਕੁੜੀਆਂ ਮਾਰਿਆ ਕਰਨਗੀਆਂ ਅਰ ਨਾਂ ਆਪਣਿਆਂ ਹਥਾਂ ਪੈਰਾਂ ( ਦੀਦਿਆਂ ਗੋਡਿਆਂ ) ਅਗੇ ਕੋਈ ਝੂਠ ਖੜਾ ਕਰਨਗੀਆਂ ਅਰ ਨਾਂ ਭਲਿਆਂ ਕੰਮਾਂ ਵਿਚ ( ਜਿਨਹਾਂ ਦੇ ਕਰਨ ਦਾ ਤੁਸੀਂ ਹੁਕਮ ਦਿਓ ) ਤੁਹਾਡੀ ਆਗਿਆ ਭੰਗ ਕਰਨਗੀਆਂ ਤਾਂ ( ਇਹਨਾਂ ਸ਼ਰਤਾਂ ਉਪਰ ) ਤੁਸੀਂ ਓਹਨਾਂ ਪਾਸੋਂ ਬੇਯਤ ਲੈ ਲੀਤਾ ਕਰੋ ਅਰ ਖੁਦਾ ਦੀ ਜਨਾਬ ਵਿਚ ਓਹਨਾਂ ਦੀ ਬਖਸ਼ਸ਼ ਦੀ ਪ੍ਰਾਰਥਨਾ ਕਰੋ ਨਿਰਸੰਦੇਹ ਅੱਲਾ ਬਖਸ਼ਨੇ ਵਾਲਾ ਮੇਹਰਬਾਨ ਹੈ ॥੧੨॥ ਮੁਸਲਮਾਨੋ! ਓਹਨਾਂ ਲੋਗਾਂ ਨਾਲ ਜਿਨਾਂ ਉਪਰ ਖੁਦਾ ਦਾ ਕਸ਼ਟ ਹੈ ( ਅਰਥਾਤ ਯਹੂਦੀਆਂ ਨਾਲ) ਦੋਸਤੀ ਨਾ ਲਗਾਓ ਕਾਹੇ ਤੇ ਇਹ ਲੋਗ ਅੰਤ ਦੇ ( ਸਵਾਬ ) ਦੀ ਤਰਫੋਂ ਐਸੇ ਨਾ ਉਮੇਦ ਹਨ ਜੈਸੇ ਕਾਫਰ ( ਅਰਥਾਤ ਭੇਦਵਾਦੀ ) ਕਬਰ ਵਾਲਿਆਂ ( ਅਰਥਾਤ ਮੁਰਦਿਆਂ ) ਦੀ ਤਰਫੋਂ ਨਾਉਮੇਦ ਹਨ ॥ ੧੩ ॥ ਰੁਕੂਹ ੨ ॥

## ਸੂਰਤ ਸਫ ਮਦੀਨੇ ਵਿਚ ਉਤਰੀ ਅਰ ਇਸ ਦੀਆਂ ਚੌਦਾਂ ਆਇਤਾਂ ਅਰ ਦੋ ਰੁਕੂਹ ਹਨ ।

( ਪ੍ਰਾਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ )

Digitized by Panjab Digital Library | www.panjabdigilib.org

ਕਿਰਪਾਲੂ ( ਹੈ ) ਜੋ ( ਸ੍ਰਿਸ਼ਟੀ ) ਅਸਮਾਨਾਂ ਵਿਚ ਹੈ ਅਰ ਜੋ ਪ੍ਰਿਥਵੀ ਉਪਰ ਹੈ ( ਸਾਰੇ ਹੀ ਤਾਂ ) ਅੱਲਾ ਦੀ ਮਹਿਮਾਂ ( ਤਥਾ ਉਸਤਤੀ ) ਵਿਚ ਲਗੇ ਹੋਏ ਹਨ ਅਰ ਓਹ ਸ਼ਕਤਸ਼ਾਲੀ (ਅਰ) ਯੁਕਤੀਮਾਨ ਹੈ॥ ੧ ॥ ਮੁਸਲਮਾਨੋ ! ਐਸੀ ਬਾਰਤਾ ਕਿਉਂ ਕਹਿ ਬੈਠਦੇ ਹੋ ਜੋ ਤੁਸੀਂ ਕਰਕੇ ਨਹੀਂ ਦਿਖਾ ਸਕਦੇ ॥ ੨ ॥ ( ਏਹ ਬਾਤ ) ਅੱਲਾ ਨੂੰ ਬਹੁਤ ਹੀ ਨਾਪਸੰਦ ਹੈ ਕਿ ਕਹੋ ( ਸਭ ਕੁਛ ) ਅਰ ਕਰ ( ਕੁਛ ) ਨਹੀਂ ॥ ੩ ॥ ਨਿਰਸੰਦੇਹ ਖੁਦਾ ( ਤਾਂ ) ਓਹਨਾਂ ਲੋਗਾਂ ਨੂੰ ਦੋਸਤ ਰਖਦਾ ਹੈ ਜੋ ਉਸ ਦੇ ਮਾਰਗ ਵਿਚ ਪੰਕਤਿ ਬੰਨ ਕੇ ਲੜਦੇ ਹਨ ( ਅਰ ਆਪਣੇ ਥਾਉਂ ਨਹੀਂ ਮੁੜਦੇ ਅਰ ਉਸ ਹਾਲਤ ਵਿਚ ) ਮਾਨੋਂ ਓਹ ਇਕ ਦੀਵਾਰ ਹਨ ਜਿਸ ਵਿਚ ਸਿਕਾ ਪਿਗਲਾ ਦਿਤਾ ਗਿਆ ਹੈ ॥ ੪ ॥ ਅਰ ( ਹੇ ਪੈਯੰਬਰ ਲੋਗਾਂ ਨੂੰ ਓਹ ਸਮਾ ਯਾਦ ਕਰਾਓ ) ਜਦੋਂ ਮੂਸਾ ਨੇ ਆਪਣੀ ਕੌਮ ( ਦੇ ਲੋਗਾਂ ) ਨੂੰ ਕਹਿਆ ਕਿ ਭਿਰਾਓ ! ਮੈਨੂੰ ਕਿਉ ਤੰਗ ਕਰਦੇ ਹੋ ਅਰ ( ਦਿਲ ਵਿਚ ਤਾਂ ) ਤੁਹਾਨੂੰ ( ਭੀ ) ਨਿਹਚਾ ਹੋਗਿਆ ਹੈ ਕਿ ਮੈਂ ਤੁਹਾਡੀ ਤਰਫ ਖੁਦਾ ਦਾ ਭੇਜਿਆ ਹੋਇਆ ( ਆਇਆ ) ਹਾਂ । ਤਾਂ ਜਦੋਂ ਏਹ ਲੋਗ ਟੇਢੀ ਚਾਲ ਚਲੇ ਖੁਦਾ ਨੇ ਏਹਨਾਂ ਦੀ ਸਮਝ ਭੀ ਟੇਢੀ ਕਰ ਦਿਤੀ ਅਰ ਅੱਲਾ ਨਾ ਫਰਮਾਨ ਲੋਗਾਂ ਨੂੰ ਸਿਖ ਮਤ ਨਹੀਂ ਦਿਤਾ ਕਰਦਾ॥ ੫ ॥ ਅਰ ( ਹੇ ਪੈਯੰਬਰ ਲੋਗਾਂ ਨੂੰ ਓਹ ਵੇਲਾ ਭੀ ਯਾਦ ਕਰਾਓ ) ਜਦੋਂ ਮਰੀਯਮ ਦੇ ਬੇਟੇ ਈਸਾ ਨੇ ( ਬਨੀ ਅਸਰਾਈਲ ਨੂੰ ) ਕਹਿਆ ਕਿ ਹੇ ਬਨੀ ਅਸਰਾਈਲ ਮੈਂ ਤੁਹਾਡੀ ਤਰਫ ਖੁਦਾ ਦਾ ਭੇਜਿਆ ਹੋਇਆ ( ਆਇਆ ) ਹਾਂ ( ਏਹ ਪੁਸਤਕ ) ਤੌਰਾਤ ਜੋ ਮੇਰੇ ਨਾਲੋਂ ਪਹਿਲੇ ( ਉਤਰ ਚੁਕੀ ) ਹੈ ਮੈਂ ਉਸਦੀ ਤਸਦੀਕ ਕਰਦਾ ਅਰ ( ਇਕ ਹੋਰ ) ਪੈਯੰਬਰ ਦੀ ਤੁਹਾਨੂੰ ਖੁਸ਼ਖਬਰੀ ਸੁਣਾਉਂਦਾ ( ਹਾਂ ) ਜੋ ਮੇਰੇ ਪਿਛੋਂ ਆਉਣਗੇ ( ਅਰ ) ਓਹਨਾਂ ਦਾ ਨਾਮ ਹੋਵੇਗਾ ਅਹਿਮਦ ਫੇਰ ਜਦੋਂ ਓਹ ਬਨੀ ਅਸਰਾਈਲ ਦੇ ਪਾਸ ਖੁਲਮਖੁਲੇ ਮੋਜਜ਼ੇ ( ਅਰਥਾਤ ਨਿਸ਼ਾਨੀਆਂ ) ਲੈਕੇ ਆਏ ਓਹ ਲਗੇ ਕਹਿਣ ਕਿ ਏਹ ਤਾਂ ਪ੍ਰਤੱਛ ਜਾਦੂ ਹੈ ॥ ੬ ॥

ਅਰ ਉਸ ਨਾਲੋਂ ਵਧਕੇ ਪਾਪੀ ( ਹੋਰ ) ਕੌਣ ਹੋਵੇਗਾ ਕਿ ਉਸ ਨੂੰ ਇਸਲਾਮ ਦੇ ਪਾਸੇ ਬੁਲਾਇਆ ਜਾਵੇ ਅਰ ਉਹ ( ਉਲਟਾ ) ਖੁਦਾ ਦੇ ਉਪਰ ਝੂਠ ਬੋਹਤਾਨ ਥਪੇ ਅਰ ਅੱਲਾ ਬੇ ਇਨਸਾਫ ਲੋਗਾਂ ਨੂੰ ਸਿਖਿਆ ਨਹੀਂ ਦਿਤਾ ਕਰਦਾ ॥ ੭ ॥ ( ਇਹ ਲੋਗ ) ਚਾਹੁੰਦੇ ਹਨ ਕਿ ਅੱਲਾ ਦੇ ਨੂਰ ਨੂੰ ਆਪਣੇ ਮੂੰਹੋਂ (ਫੂਕ ਮਾਰ ਕੇ) ਬੁਝਾ ਦੇ ਅਰ ਅਲਾ ਤਾਂ ਆਪਣੇ ਨੂਰ ਨੂੰ(ਭਲੀ ਪਰਕਾਰ)ਵਿਸਤ੍ਰਿਤ(ਫੈਲਾ)ਕਰਕੇ ਹੀ ਰਹੇਗਾ ਭਾਵੇਂ ਕਾਫ਼ਰਾਂਨੂੰਬੁਰਾ(ਹੀ ਕਿਉਂ

Digitized by Panjab Digital Library | www.panjabdigilib.org

ਨਾ ) ਲਗੇ ॥੮॥ ਉਹ (ਖੁਦਾ)ਹੀ ਤਾਂ ਹੈ ਜਿਸ ਨੇ ਆਪਣੇ ਰਸੂਲ ( ਮੁਹੰਮਦ ) ਨੂੰ ਸਿਖਿਆ ਅਰ ਸਚਾ ਦੀਨ ਦੇਕੇ ਭੇਜਿਆ ਤਾਂ ਕਿ ਓਸ ( ਦੀਨ ) ਨੂੰ (ਹੋਰ ) ਸੰਪੂਰਨ ਦੀਨਾਂ ਉਪਰ ਭਾਰੀ ਰਖੇ ਯਦਯਪਿ ਭੇਦ ਵਾਦੀਆਂ ਨੂੰ ਬੁਰਾ ( ਹੀ ਕਿਉਂ ਨਾ ) ਲਗੇ ॥ ੯ ॥ ਰੁਕੂਹ ੧ ॥

( ਹੇ ਪੈਗੰਬਰ ਮੁਸਲਮਾਨਾਂ ਨੂੰ ਕਹੋ ਕਿ ) ਮੁਸਲਮਾਨੋ ! ( ਕਹੋ ਤਾਂ ) ਮੈਂ ਤੁਹਾਨੂੰ ਐਸੀ ਸੌਦਾਗਰੀ ਦਸਾਂ ? ਜੋ ਤੁਹਾਨੂੰ ( ਅੰਤ ਦੇ ) ਦਰਦਨਾਕ ਕਸ਼ਟ ਥੀਂ ਬਚਾ ਲਵੇ ॥ ੧੦ ॥ ( ਓਹ ਇਹ ਹੈ ਕਿ ) ਖੁਦਾ ਅਰ ਉਸਦੇ ਰਸੂਲ ਉਪਰ ਈਮਾਨ ਧਾਰੋ ਅਰ ਖੁਦਾ ਦੇ ਰਾਹ ਵਿਚ ਆਪਣੇ ਮਾਲ ਅਰ ਆਪਣੀਆਂ ਜਾਨਾਂ ਲੜਾ ਦਿਓ ਏਹ ਤੁਹਾਡੇ ਵਾਸਤੇ ( ਬਹੁਤ ) ਚੰਗਾ ਹੈ ਏਸ ਪਰਤਿਗਯਾ ਉਪਰ ਕਿ ਤੁਹਾਨੂੰ ਸਮਝ ਹੋਵੇ ॥ ੧੧ ॥ ( ਐਸਾ ਕਰੋਗੇ ਤਾਂ ) ਖੁਦਾ ਤੁਹਾਡੇ ਗੁਨਾਹ ਮਾਫ ਕਰ ਦੇਵੇਗਾ ਅਰ ਤੁਹਾਨੂੰ ( ਸਵ-ਰਗ ਦਿਆਂ ਐਸਿਆਂ ) ਬਾਗਾਂ ਵਿਚ ਲੈ ਜਾ ਦਾਖਲ ਕਰੇਗਾ ਜਿਨਹਾਂ ਦੇ ਹੇਠਾਂ ਨਹਿਰਾਂ ( ਪਈਆਂ ) ਵਗ ਰਹੀਆਂ ਹੋਣਗੀਆਂ ਅਰ ( ਹੋਰ ਉੱਤਮ ) ਉੱਤਮ ਮਕਾਨਾਂ ਵਿਚ ( ਕਿ ਉਹ ਮਕਾਨ ਸਦਾ ) ੨ ਰਹਿਣ ਵਾਲਿਆਂ ਬਾਗਾਂ ਵਿਚ ( ਹੋਣ ਗੇ ) ਇਹ ( ਬਹੁਤ ) ਬੜੀ ਸਫਲਤਾ ਹੈ ॥ ੧੨ ॥ ਅਰ ( ਇਨਹਾਂ ਨਿਆਮਤਾਂ ਤੋਂ ਸਿਵਾ ) ਇਕ ਹੋਰ ( ਨਿਆਮਤ ਭੀ ) ਹੈ ਜਿਸ ਨੂੰ ਤੁਸੀਂ ( ਦਿਲੋਂ ) ਪਸੰਦ ਕਰਦੇ ਹੋ ( ਕਿ ) ਖੁਦਾ ਦੀ ਤਰਫੋਂ ( ਤੁਹਾਨੂੰ ) ਮਦਦ ( ਮਿਲੇਗੀ ) ਅਰ ( ਤੁਸੀਂ ) ਝਬਦੇ ਹੀ ( ਦੇਸ ) ਫਤਹ ( ਕਰੋਗੇ ) ॥ ੧੩ ॥ ਅਰ ( ਹੇ ਪੈਗੰਬਰ ) ਮੁਸਲਮਾਨਾਂ ਨੂੰ ( ਏਸ ਦੀ) ਖੁਸ਼ਖਬਰੀ ਸੁਣਾ ਦਿਓ ਮੁਸਲਮਾਨੋ ! ਅੱਲਾ ਦੇ ( ਦੀਨ ਦੇ ) ਮਦਦ-ਗਾਰ ਬਣੇ ਰਹੋ ਜੈਸਾ ਕਿ ਮਰੀਯਮ ਦੇ ਬੇਟੇ ਈਸਾ ਨੇ ( ਆਪਣਿਆਂ ) ਹਵਾਰੀਆਂ ( ਅਰਥਾਤ ਮਿਤ੍ਰਾਂ ) ਨੂੰ ਕਹਿਆ ਸੀ ਕਿ ( ਐਸੇ ) ਕੌਣ ਹਨ ਜੋ ਖੁਦਾ ਦੀ ਤਰਫ ( ਹੋਕੇ ) ਮੇਰੇ ਸਹਾਇਕ ਬਣਨ ( ਏਸ ਥੀਂ ਹਵਾਰੀ ਬੋਲੇ ਕਿ ਅਸੀਂ ਖੁਦਾ ਦੇ ( ਰਸੂਲ ਦੇ ) ਮਦਦਗਾਰ ਹਾਂ ( ਇਸ ਪ੍ਰਕਾਰ ਹਵਾਰੀਆਂ ਨੇ ਦੀਨ ਈਸਵੀ ਦੇ ਫੈਲਾਣ ਵਿਚ ਸਹਾਇਤਾ ਕੀਤੀ ) ਤਾਂ ਬਨੀ ਅਸਰਾਈਲ ਵਿਚੋਂ ਇਕ ਟੋਲਾ ਤਾਂ ਈਮਾਨ ਧਾਰ ਬੈਠਾ ਅਰ ਇਕ ਟੋਲਾ ਕਾਫਰ ਰਹਿਆ ਤਾਂ ਜਿਨਹਾਂ ਲੋਗਾਂ ਈਮਾਨ ਧਾਰਿਆ ਸੀ ਅਸਾਂ ਨੇ ਓਹਨਾਂ ਦਿਆਂ ਵੈਰੀਆਂ ਦੇ ਮੁਕਾਬਲੇ ਵਿਚ ਉਨਹਾਂ ਦੀ ਸਹਾਇਤਾ ਕੀਤੀ ਅਰ (ਅੰਤ ਨੂੰ) ਵਹੀ ਬਲਵਾਨ ਰਹੇ ॥ ੧੪ ॥ ਰੁਕੂਹ ੨ ॥

Digitized by Panjab Digital Library | www.panjabdigilib.org

# ਸੂਰਤ ਜੁਮਾ ਮਦੀਨੇ ਵਿਚ ਉਤਰੀ ਅਰ ਏਸ ਦੀਆਂ ਗਿਆਰਾਂ ਆਇਤਾਂ ਅਰ ਦੋ ਰੁਕੂਹ ਹਨ

( ਪ੍ਰਾਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਜੋ ( ਸ੍ਰਿਸ਼ਟੀ ) ਅਸਮਾਨਾਂ ਵਿਚ ਹੈ ਅਰ ਜੋ ( ਮਖਲੂਕਾਤ ) ਪ੍ਰਿਥਵੀ ਉਪਰ ਹੈ ( ਸਾਰੇ ਹੀ ਤਾਂ ) ਅੱਲਾ ਦੀ ਮਹਿਮਾਂ ( ਤਥਾ ਉਸਤਤੀ ) ਵਿਚ ਲਗੇ ਹਨ ਜੋ ( ਸਾਰੇ ਸੰਸਾਰ ਦਾ ) ਸਵਾਮੀ ਪਵਿਤਰ ਰੂਪ ਸ਼ਕਤ-ਸ਼ਾਲੀ ( ਅਰ ) ਯੁਕਤੀਮਾਨ ਹੈ ਉਹ ( ਖ਼ੁਦਾ ) ਹੀ ਤਾਂ ਹੈ ॥ ੧ ॥ ਜਿਸ ਨੇ ( ਅਰਬ ਦਿਆਂ ) ਮੂਰਖਾਂ ਵਿਚ ਉਨਹਾਂ ਵਿਚੋਂ ਹੀ ( ਮੁਹੰਮਦ ਨੂੰ ) ਪੈਯੰਬਰ ( ਬਣਾ ਕੇ ) ਭੇਜਿਆ ( ਕਿ ਉਹ ) ਏਨਹਾਂ ਨੂੰ ਭਗਵਾਨ ਦੀਆਂ ਆਇਤਾਂ ਵਾਚ ੨ ਕਰ ਸੁਣਾਉਦਾ ਅਰ ਇਨਹਾਂ ਨੂੰ ( ਕੁਫਰ ਤਥਾ ਸ਼ਰਕ ਦੀ ਮੈਲ ਥੀਂ ) ਸ਼ੁਧ ਪਵਿਤ੍ਰ ਕਰਕੇ ਅਰ ਇਹਨਾਂ ਨੂੰ ਕਿਤਾਬ ( ਇਲਾਹੀ ) ਅਰ ਅਕਲ ( ਦੀਆਂ ਬਾਤਾਂ ) ਸਿਖਾਉਂਦੇ ਹੈਂ ਨਹੀਂ ਤਾਂ ( ਏਸ ਨਾਲੋਂ ) ਪਹਿਲੋਂ ਤਾਂ ਏਹ ਲੋਗ ਪ੍ਰਤਛ ਕੁਮਾਰਗੀ ਵਿਚ ਹੀ ਸਨ ॥ ੨ ॥ ਅਰ ( ਹੋਰ ਖ਼ੁਦਾ ਨੇ ਏਨਾਂ ਪੈਯੰਬਰਾਂ ਨੂੰ ) ਹੋਰਨਾਂ ਲੋਗਾਂ ਦੀ ਤਰਫ ( ਭੀ ਭੇਜਿਆ ਹੈ ) ਜੋ ਅਜੇ ਤਕ ਏਹਨਾਂ ( ਅਰਬ ਦਿਆਂ ਮੁਸਲਮਾਨਾਂ ) ਵਿਚ ਸ਼ਾਮਲ ਨਹੀਂ ਹੋਏ ( ਪਰੰਤੂ ਅੰਤ ਨੂੰ ਏਨਹਾਂ ਵਿਚ ਆ ਮਿਲਣ ਗੇ ) ਅਰ ਖ਼ੁਦਾ ਸ਼ਕਤਸ਼ਾਲੀ ( ਅਰ ) ਯੁਕਤੀਮਾਨ ਹੈ ॥ ੩ ॥ ਏਹ ( ਪੈਯੰਬਰੀ ) ਕਰਤਾਰ ਦੀ ਕਿਰਪਾ ਹੈ ਜਿਸ ਨੂੰ ਚਾਹੇ ਪਰਦਾਨ ਕਰੇ ਅਰ ਅਲਾ ਦੀ ਕਿਰਪਾ ( ਬਹੁਤ ) ਬੜੀ ਹੈ ॥ ੪ ॥ ਜਿਨਹਾਂ ਲੋਗਾਂ ( ਦੇ ਸਿਰ ) ਉਪਰ ਤੋਰਾਤ ਲਦੀ ਗਈ ਫੇਰ ਉਨਹਾਂ ਨੇ ਉਸ ਨੂੰ ਨਾ ਉਠਾਇਆ ( ਅਰਥਾਤ ਉਸ ਉਪਰ ਕਾਰ ਬੰਦ ਨਾ ਹੋਏ ) ਉਨਹਾਂ ਦਾ ਦ੍ਰਿਸ਼ਟਾਂਤ ਗਧੇ ਦਾ ਦ੍ਰਿਸ਼ਟਾਂਤ ਹੈ ਜਿਸ ਉਪਰ ਕਿਤਾਬਾਂ ਲਦੀਆਂ ਹੋਈਆਂ ਹਨ । ਜੋ ਲੋਗ ਖ਼ੁਦਾ ਦੀਆਂ ਆਇਤਾਂ ਨੂੰ ਝੁਠਲਾਇਆ ਕਰਦੇ ਹੈਂ ਉਨਹਾਂ ਦੀ ( ਭੀ ਕਿਆ ਹੀ ) ਬੁਰੀ ਕਹਾਵਤ ਹੈ ਅਰ ਅੱਲਾ ਅੰਨਿਆਈ ਲੋਗਾਂ ਨੂੰ ਸ਼ਿਖਸ਼ਾ ਨਹੀਂ ਦਿਤਾ ਕਰਦਾ ॥ ੫ ॥ ( ਹੇ ਪੈਯੰਬਰ ਏਹਨਾਂ ਯਹੂਦੀਆਂ ਨੂੰ ) ਕਹੋ ਕਿ ਹੇ ਯਹੂਦ ਯਦੀ ਤੁਹਾਨੂੰ ਏਸ ਬਾਰਤਾ ਦਾ ਘੁਮੰਡ ਹੈ ਕਿ ਹੋਰ ਸੰਪੂਰਣ ਆਦਮੀਆਂ ਨੂੰ ਛਡ ਕੇ ਤੁਸੀਂ ਹੀ ਖ਼ੁਦਾ ਦੇ ਚਾਹੀਏ ਹੋ । ( ਅਰ ਆਪਣੇ ਇਸ ਪਖ ਵਿਚ ) ਸਚੇ ( ਭੀ ) ਹੋ ਤਾਂ ਮੌਤ ਦੀ ਕਲਪਨਾ ਕਰੋ ॥ ੬ ॥ ਪਰੰਤੂ ਏਹ ਲੋਗ ਉਨਹਾਂ ( ਮੰਦ ਕਰਮਾਂ ) ਦੇ ਡਰ ਨਾਲ ਜੋ ਇਨਹਾਂ ਦੇ ਹਥਾਂ ਨੇ ਅਗੇ ਘਲੇ ਹਨ ਕਦਾਪੀ ਮੌਤ ਦੀ ਕਲਪਨਾ ਕਰਨ ਵਾਲੇ ਨਹੀਂ

Digitized by Panjab Digital Library | www.panjabdigilib.org

ਅਰ ਅੱਲਾ ਅਨਿਆਇ ਪੁਰਖਾਂ ਨੂੰ ਭਲੀ ਭਾਂਤ ਜਾਣਦਾ ਹੈ ॥ ੭ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਜਿਸ ਮੌਤ ਪਾਸੋਂ ਤੁਸੀਂ ਨਸਦੇ ( ਭਜਦੇ ) ਹੋ ਉਹ ਤਾਂ ਤੁਹਾਨੂੰ ਅਵਸ਼ ਹੀ ਆ ਕੇ ਹਟੇਗੀ ਫੇਰ ਤੁਸੀਂ ਉਸ ( ਦਾਨੇ ਬੀਨੇ ਖੁਦਾ ) ਦੀ ਤਰਫ ਲੌਟਾਇ ਜਾਓਗੇ ਜੋ ਗੁਪਤ ਪਰਗਟ ( ਸਭ ਕੁਛ ) ਜਾਣਦਾ ਹੈ ਫੇਰ ਜੈਸੇ ੨ ਕਰਮ ( ਤੁਸੀਂ ਦੁਨੀਆਂ ਵਿਚ ) ਕਰਦੇ ਰਹੇ ਹੋ ਉਹ ( ਉਸ ਵੇਲੇ ) ਤੁਹਾਨੂੰ ਦਸ ਦੇਵੇਗਾ ॥ ੮ ॥ ਰੁਕੂਹ ੧ ॥

ਮੁਸਲਮਾਨੋ ! ਜਦੋਂ ਜੁਮੇਂ ( ਸ਼ੁਕਰ ) ਦੇ ਦਿਨ ( ਜੁਮੇਂ ) ਦੀ ਨਮਾਜ਼ ਵਾਸਤੇ ਬਾਂਗ ਦਿਤੀ ਜਾਵੇ ਤਾਂ ਯਾਦਿ ਇਲਾਹੀ ( ਅਰਥਾਤ ਨਮਾਜ਼ ) ਦੇ ਪਾਸੇ ਦੌੜੋ ਅਰ ( ਉਸ ਵੇਲੇ ) ਬੇਚਨਾਂ ਛਡ ਦਿਓ ਏਹ ਤੁਹਾਡੇ ਵਾਸਤੇ ਉਤਮ ਹੈ ਏਸ ਪ੍ਰਤਿਗਜਾ ਉਪਰ ਕਿ ਤੁਹਾਨੂੰ ਸਮਝ ਹੋਵੇ ॥ ੯ ॥ ਫੇਰ ਜਦੋਂ ਨਮਾਜ਼ ਹੋ ਚੁਕੇ ਤਾਂ ( ਤੁਹਾਨੂੰ ਅਖਤਿਆਰ ਹੈ ਕਿ ) ਆਪੋ ਆਪਣੀ ਰਾਹ ਪਕੜੋ ਅਰ ਖੁਦਾ ਦੀ ਕਿਰਪਾ ( ਅਰਥਾਤ ਖਾਨ ਪਾਨ ਦੀ ) ਢੂੰਡ ਵਿਚ ਲਗ ਜਾਓ ਅਰ ( ਜਿਥੇ ਰਹੋ ) ਪ੍ਰਾਯਾ ਖੁਦਾ ਨੂੰ ਯਾਦ ਕਰਦੇ ਰਹੋ ਤਾਂ ਕਿ ਤੁਸੀਂ ਸਫਲਤਾ ਪਾਓ ॥ ੧੦ ॥ ਅਰ ( ਹੇ ਪੈਯੰਬਰ ) ਜਦੋਂ ਇਹ ਲੋਗ ਸੌਦਾ ( ਬਿਕਦਾ ) ਅਥਵਾ ਤਮਾਸ਼ਾ ( ਹੁੰਦਾ ) ਦੇਖਣ ਤੁਹਾਡੇ ਪਾਸੋਂ ) ਉੱਛਲ ਕੇ ਉਸੇ ਪਾਸੇ ਵਲ ਦੌੜਨ ਅਰ ਤੁਹਾਨੂੰ (ਖੁਤਬਾ (ਪੜ੍ਹਦਿਆਂ ਅਰਥਾਤ ਵਿਖਿਆਨ ਦੇਂਦਿਆਂ ਨੂੰ ) ਖੜਿਆਂ ਛਡ ਜਾਣ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਜੋ ( ਪੂਜਾ ਦਾ ਫਲ ) ਅੱਲਾ ਦੇ ਪਾਸ ਹੈ ( ਉਹ ) ਤਮਾਸ਼ੇ ਅਰ ਸੌਦੇ ਨਾਲੋਂ ਬਹੁਤ ਉੱਤਮ ਹੈ । ਅਰ ਅੱਲਾ ( ਸਾਰਿਆਂ ) ਪਾਲਨ ਹਾਰਿਆਂ ਵਿਚੋਂ ਉੱਤਮ ( ਪਾਲਨਹਾਰਾ ) ਹੈ ॥ ੧੧ ॥ ਰੁਕੂਹ ੨ ॥

# ਸੂਰਤ ਮੁਨਾਫਕੂਨ ਮਦੀਨੇ ਵਿਚ ਉਤਰੀ ਅਰ ਇਸ ਦੀਆਂ ਗਯਾਰਾਂ ਆਇਤਾਂ ਅਰ ਦੋ ਰੁਕੂਹ ਹਨ ।

(ਪ੍ਰਾਰੰਭ)ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰਪਾਲੂ ( ਹੈ ) ( ਹੇ ਪੈਯੰਬਰ ) ਜਦੋਂ ਤੁਹਾਡੇ ਪਾਸ ਮੁਨਾਫਿਕ (ਦੰਬੀ) ਆਉਂਦੇ ਹਨ ਤਾਂ ( ਤੁਹਾਨੂੰ ਪ੍ਰਸੰਨ ਕਰਨ ਵਾਸਤੇ )ਕਹਿ ਦੇਂਦੇ ਹਨ ਕਿ ਅਸੀਂ ਤਾਂ ਪੁਕਾਰਕੇ (ਬਾਹਾਂ ਖਲੀਆਂ ਕਰਕੇ)ਕਹਿੰਦੇ ਹਾਂ ਕਿ ਆਪ ਨਿਰਸੰਦੇਹ ਖੁਦਾ ਦੇ ਰਸੂਲ ਹੋ ਅਰ ( ਯਦਯਪਿ ) ਅੱਲਾ ਤਾਂ ਜਾਣਦਾ ਹੀ ਹੈ ਕਿ ਤੁਸੀਂ ਨਿਰਸੰਦੇਹ ਉਸ ਦੇ ਰਸੂਲ ਹੋ ਪ੍ਰੰਤੂ ਅੱਲਾ ( ਤੁਹਾਨੂੰ ਏਹ ਭੀ ) ਪਤਾ ਦੇਂਦਾ ਹੈ ਕਿ (ਏਹ)

Digitized by Panjab Digital Library | www.panjabdigilib.org

ਮੁਨਾਫਿਕ ਝੂਠ ਬੋਲਦੇ ਹਨ ( ਕਾਹੇ ਤੇ ਸਚੇ ਦਿਲ ਨਾਲ ਨਹੀਂ ਕਹਿੰਦੇ ) ॥ ੧ ॥ ਏਨਹਾਂ ਲੋਗਾਂ ਨੇ ਆਪਣੀਆਂ ਕਸਮਾਂ ਨੂੰ ਸਿਪਰ ਬਣਾ ਰਖਿਆ ਹੈ ਤਾਂ ( ਉਸ ਦੀ ਆੜ ਵਿਚ ਲੋਗਾਂ ਨੂੰ ) ਰੱਬ ਦੇ ਪਾਸਿਓਂ ਰੋਕਦੇ ਹਨ ( ਕੈਸੇ ਹੀ ) ਬੁਰੇ ਕੰਮ ਹਨ ਜੋ ਏਹ ਲੋਗ ਕਰ ਰਹੇ ਹਨ ॥ ੨ ॥ ਕਿਸ ਵਾਸਤੇ ਕਿ ਇਹ ( ਲੋਗ ਪਹਿਲੇ ਮੁਸਲਮਾਨਾਂ ਦੇ ਦਿਖਾਉਣ ਨੂੰ ) ਈਮਾਨ ਧਾਰਿਆ ਫੇਰ ( ਮੁਨਕਰਾਂ ਵਿਚ ਮਿਲ ਕੇ ) ਇਸਲਾਮ ਤੋਂ ਬੇਮੁਖ ਹੋਗਏ ਇਥੋਂ ਤਕ ਕਿ ਇਨਹਾਂ ਦੇ ਦਿਲਾਂ ਉਪਰ ਮੋਹਰ ਲਾ ਦਿਤੀ ਗਈ ਤਾਂ (ਹੁਣ) ਇਹ ( ਸਚੀ ਬਾਤ ਨੂੰ ) ਸਮਝਦੇ ( ਹੀ ) ਨਹੀਂ ॥ ੩ ॥ ਅਰ ( ਹੈ ਪੈਗੰ-ਬਰ ) ਤੁਸੀਂ ਏਨਹਾਂ ( ਦੇ ਜ਼ਾਹਿਰੀ ਹਾਲ ) ਨੂੰ ਦੇਖੋ ਤਾਂ ਏਨਹਾਂ ਦੇ ਡੀਲ ਡੌਲ ਤੁਹਾਡੀ ਨਜ਼ਰ ਵਿਚ ਖੁਭ ਜਾਣ ਅਰ ਬਾਰਤਾ ਕਰਨ ਤਾਂ ਤੁਸੀਂ ਏਨਹਾਂ ਦੀ ਬਾਤ ਨੂੰ ( ਧਿਆਨ ਨਾਲ ) ਸੁਣੋ ( ਤੁਹਾਡੇ ਸਾਹਮਣੇ ਏਸ ਤਰਹਾਂ ਨਾਲ ਗੋਠ ਮਾਰ ੨ ਕੇ ਬੈਠਦੇ ਹਨ ਕਿ ) ਮਾਨੋ ਉਹ ਲਕੜੀਆਂ ਦੇ ਕੁੰਡ ਹਨ ਜੋ ( ਦੀਵਾਰ ਦੇ ਆਸਰੇ ) ਲਾਕੇ ਰਖੇ ਹਨ ਹਰ ਇਕ ਜੋਰ ਦੀ ਅਵਾਜ਼ ਨੂੰ ਸਮਝਦੇ ਹਨ ਕਿ ਇਨਹਾਂ ਨੂੰ ਹੀ ਲਲਕਾਰਿਆ ( ਹੇ ਪੈਗੰ ਬਰ ) ਯਹੀ ( ਲੋਗ ਤੁਹਾਡੇ ਜਾਨੀ ) ਦੁਸ਼ਮਨ ਹਨ ਤਾਂ ਏਹਨਾਂ ਪਾਸੋਂ ਬਚਦੇ ਰਹੋ ਏਹਨਾਂ ਨੂੰ ਖੁਦਾ ਦੀ ਮਾਰ ਕਿਧਰ ਨੂੰ ਮੂੰਹ ਧਰੀ ਚਲੇ ਜਾ ਰਹੇ ਹਨ ॥ ੪ ॥ ਅਰ ਜਦੋਂ ਇਹਨਾਂ ਨੂੰ ਕਹਿਆ ਜਾਂਦਾ ਹੈ ਕਿ ਆਓ ਖੁਦਾ ਦੇ ਰਸੂਲ ( ਦੀ ਸੇਵਾ ਵਿਚ ਚਲੀਏ ਕਿ ਉਹ ) ਤੁਹਾਡੇ ਵਾਸਤੇ ਬਖਸ਼ਸ਼ ਦੀ ਅਸੀਸ ਕਰਨ ਤਾਂ ( ਉਹ ਸੁਣਦੇ ਹੀ ) ਆਪਣੇ ਸਿਰ ਫੇਰ ਦੇਂਦੇ ਹਨ ਅਰ ( ਹੇ ਪੈਗੰਬਰ ) ਤੁਸੀਂ ( ਉਸ ਵੇਲੇ ) ਏਹਨਾਂ ਨੂੰ ਦੇਖੋ ਤਾਂ ਐਸੇ ਘੁਮੰਡੀ ਹੁੰਦੇ ਹਨ ( ਕਿ ਤੁਹਾਡੀ ਤਰਫ ) ਰੁਖ ਭੀ ਨਹੀਂ ਕਰਦੇ ॥ ੫ ॥ ਏਹਨਾਂ ਲੋਗਾਂ ਵਾਸਤੇ ਤੁਸੀਂ ਮਗਫਰਤ ਦੀ ਦੁਆ ਕਰੋ ਕਿੰਬਾ ਨਾ ਕਰੋ ਏਹਨਾਂ ਦੇ ਹੱਕ ਵਿਚ ( ਦੋਨੋਂ ਬਾਤਾਂ ) ਸਮਾਨ ਹਨ ਖੁਦਾ ਤਾਂ ਇਹਨਾਂ ਦੇ ਗੁਨਾਂਹ ਬਖਸ਼ਣ ਵਾਲਾ ਹੈ ਨਹੀਂ ਬੇਸ਼ਕ ਖੁਦਾ ਨਾ ਫਰਮਾਨ ਲੋਗਾਂ ਨੂੰ ਸਿਖਿਆ ਨਹੀਂ ਦਿਤਾ ਕਰਦਾ ॥ ੬ ॥ ਇਹ ਤਾਂ ਹਨ ਜੋ ( ਲੋਗਾਂ ਨੂੰ ) ਬਹਿਕਾਇਆ ਕਰਦੇ ਹਨ ਕਿ ਜੋ ਲੋਗ ਖੁਦਾ ਦੇ ਰਸੂਲ ਦੇ ਪਾਸ ( ਆ ਇਕੱਤ੍ਰ ਹੋਏ ) ਹਨ ( ਆਪਣਾ ਪੈਸਾ ) ਓਹਨਾਂ ਉਪਰ ਨਾ ਖਰਚ ਕਰੋ ਕਿ ( ਆਜਜ਼ ਹੋ ਕੇ ) ਆਖ਼ਰ ਨੂੰ ( ਆਪ ਹੀ ) ਤਿੱਤਰ ਬਿੱਤਰ ਹੋ ਜਾਣ ਹਾਲਾਂ ਕਿ ਆਸਮਾਨਾਂ ਵਿਚ ਅਰ ਧਰਤੀ ਵਿਚ ਜਿਤਨੇ ਖ਼ਜ਼ਾਨੇ ਹਨ ( ਸਭ ) ਅੱਲਾ ਦੇ ਹੀ ਹਨ ਪਰੰਤੂ ਮੁਨਾਫਿਕਾਂ ਨੂੰ ( ਏਤਨੀ ) ਸਮਝ ਨਹੀਂ ॥ ੭ ॥ ਏਹ ਮੁਨਾਫਿਕ ) ਕਹਿੰਦੇ ਹਨ ਕਿ ਯਦੀ ਅਸੀਂ ਮਦੀਨੇ ਲੌਟ ਕੇ ਗਏ

Digitized by Panjab Digital Library | www.panjabdigilib.org

ਤਾਂ ਇਜ਼ਤ ਵਾਲਾ ਜ਼ਲੀਲ ਨੂੰ ( ਅਰਥਾਤ ਸਾਊ ਕਮੀਨੇ ਨੂੰ ) ਓਥੋਂ ਨਿ-ਕਾਲ ਕੇ ਬਾਹਿਰ ਕਰੇ ਤਾਂ ਸਹੀ ਹਾਲਾਂ ਕਿ ( ਅਸਲੀ ) ਇਜ਼ਤ ਅੱਲਾ ਦੀ ਅਰ ਉਸ ਦੇ ਰਸੂਲ ਦੀ ਅਰ ਮੁਸਲਮਾਨਾਂ ਦੀ ਹੈ ਪਰੰਤੂ ਮੁਨਾਫ਼ਿਕ ( ਏਸ ਬਾਰਤਾ ਥੀਂ ਗਿਆਤ) ਵਾਕਿਫ ਨਹੀਂ ॥ ੮ ॥ ਰੁਕੂਹ ੧ ॥

ਮੁਸਲਮਾਨੋ ! ਤੁਹਾਨੂੰ ਤੁਹਾਡੇ ਮਾਲ ਖੁਦਾ ਦੀ ਯਾਦ ਤੋਂ ਗਾਫਲ ਨਾ ਕਰ ਸਕਣ ਅਰ ਨਾ ਤੁਹਾਡੀ ਔਲਾਦ ਅਰ ਜੋ ਐਸਾ ਕਰੇਗਾ ਤਾਂ ਵਹੀ ਲੋਗ ( ਆਖਰਕਾਰ ) ਘਾਟੇ ਵਿਚ ਰਹਿਣਗੇ ॥ ੯ ॥ ਅਰ ਅਸਾਂ ਨੇ ਤੁਹਾਨੂੰ ਜੋ ਕੁਛ ਦੇ ਰਖਿਆ ਹੈ ਸੋ ਉਸ ਵਿਚੋਂ (ਰੱਬ ਦੇ ਪਾਸੇ ਭੀ ਕੁਝ) ਖਰਚ ਕਰਦੇ ਰਹਿਆ ਕਰੋ ( ਪਰੰਤੂ ) ਏਸ ਨਾਲੋਂ ਪਹਿਲੇ ( ਹੀ ਪਹਿਲੇ ਖਰਚ ਕਰ ਲਓ ਅਰ ਏਸ ਦੀ ਨੌਬਤ ਨਾ ਆਉਣ ਦਿਓ ) ਕਿ ਤੁਹਾਡੇ ਵਿਚੋਂ ਕਿਸੇ ਦੀ ਮੌਤ ਆ ਪਰਾਪਤ ਹੋਵੇ ਅਰ ਉਹ ( ਉਸ ਵੇਲੇ ) ਲਗੇ ਕਹਿਣ ਕਿ ਹੇ ਮੇਰੇ ਪਰਵਰਦਿਗਾਰ ਜੇ ਕਦੇ ਤੂੰ ਮੈਨੂੰ ਥੋਹੜਿਆਂ ਦਿਨਾਂ ਦੀ ਹੋਰ ਮੁਹਲਤ ਦੇਂਦਾ ਤਾਂ ਮੈਂ ਪੁੰਨ ਦਾਨ ਕਰਦਾ ਅਰ ( ਦੂਸਰੇ ) ਨੇਕ ਬੰਦਿਆਂ ਵਿਚੋਂ ਇਕ ਨੇਕ ਬੰਦਾ ਮੈਂ ( ਭੀ ) ਹੁੰਦਾ ॥ ੧੦ ॥ ਅਰ ਜਦੋਂ ਕਿਸੇ ਦੀ ਮੌਤ ਆ ਵਿਦ-ਮਾਨ ਹੁੰਦੀ ਹੈ ਤਾਂ ਖੁਦਾ ਕਦਾਪਿ ਉਸਨੂੰ ਮੁਹਲਤ ਨਹੀਂ ਦਿਤਾ ਕਰਦਾ ਅਰ ਜੋ ਕੁਛ ਭੀ ਤੁਸੀਂ ( ਲੋਗ ) ਕਰਦੇ ਹੋ ਅੱਲਾ ਨੂੰ ਉਸ ਦੀ ( ਸਭ ) ਖਬਰ ਹੈ ॥ ੧੧ ॥ ਰੁਕੂਹ ੨ ॥

——:——

## ਸੂਰਤ ਤਗ਼ਾਬਨ ਮਦੀਨੇ ਵਿਚ ਉਤਰੀ ਅਰ ਏਸ ਦੀਆ ਅਠਾਰਾਂ ਆਇਤਾਂ ਅਰ ਦੋ ਰੁਕੂਹ ਹਨ ।

( ਪ੍ਰਾਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ਅਰ ਕਿਰ-ਪਾਲੂ ( ਹੈ ) ਜੋ ( ਸ੍ਰਿਸ਼ਟੀ ) ਅਗਾਸ ਵਿਚ ਹੈ ਅਰ ਜੋ ਧਰਤੀ ਉਪਰ ਹੈ ( ਸਾਰੀ ਹੀ ਤਾਂ ) ਅੱਲਾ ਦੀ ਮਹਿਮਾਂ ( ਤਥਾ ਉਸਤਤੀ ) ਵਿਚ ਲਗੇ ਹਨ ਓਸੇ ਦਾ ਰਾਜ ਹੈ ਉਸੇ ਦੀ ਮਹਿਮਾ ਹੈ ਅਰ ਉਹ ਹਰ ਵਸਤੂ ਉਪਰ ਕਾਦਰ ਹੈ ॥ ੧ ॥ ( ਲੋਗੋ ) ਵਹੀ ਤਾਂ ਹੈ ਜਿਸਨੇ ਤੁਹਾਨੂੰ ਪੈਦਾ ਕੀਤਾ ਫੇਰ ਵੀ ਤੁਹਾਡੇ ਵਿਚ ਕਈਕ ਕਾਫਰ ਹਨ ਅਰ ਕਈਕ ਮੋਮਨ ਅਰ ਜੋ ਕੁਛ ਭੀ ਤੁਸੀਂ ਕਰਦੇ ਹੋ ਅੱਲਾ ( ਉਸ ਨੂੰ ਭਲੀ ਭਾਂਤ ) ਦੇਖ ਰਹਿਆ ਹੈ॥ ੨ ॥ ਉਸੇ ਨੇ ਹੀ ਕਿਸੇ ਭਲਾਈ ਨਾਲ ਪ੍ਰਿਥਵੀ ਅਗਾਸ ਨੂੰ ਪੈਦਾ ਕੀਤਾ ਹੈ ਅਰ ਉਸੇ ਨੇ ਹੀ ਤੁਹਾਡੀਆਂ ਸੂਰਤਾਂ ਬਨਾਈਆਂ ਅਰ ਸੂਰਤਾਂ ( ਭੀ ) ( ਬਨਾਈਆਂ ਤਾਂ ) ਚੰ-ਗੀਆਂ ਬਨਾਈਆਂ ਅਰ ਉਸੇ ਦੀ ਤਰਫ ( ਸਾਰਿਆਂ ) ਲੌਟ ਕੇ ਜਾਣਾ ਹੈ

Digitized by Panjab Digital Library | www.panjabdigilib.org

॥੩॥ਜੋ ਕੁਛ ਆਗਾਸ(ਵਿਚ)ਹੈ ਅਰ ਪ੍ਰਿਥਵੀ ਵਿਚ ਹੈ ਉਹ(ਸਭ ਕੁਛ)ਜਾਣਦਾ ਹੈ ਅਰ ਜੋ ਕੁਛ ਤੁਸੀਂ ਲੋਗ ਗੁਪਤ ਕਰਦੇ ਹੋ ਅਰ ਜੋ ਕੁਛ ਪ੍ਰਤੱਛ ਕਰਦੇ ਹੋ ਉਸ ਨੂੰ ( ਭੀ ) ਜਾਣਦਾ ਹੈ ਅਰ ਅੱਲਾ ( ਤਾਂ ਲੋਗਾਂ ਦੇ ) ਮਾਨਸਿਕ ਸੰਕਲਪਾਂ ( ਤਕ ) ਗਿਆਤ ਹੈ ॥ ੪ ॥ ਕੀ ਤੁਹਾਨੂੰ ਓਹਨਾਂ ਲੋਗਾਂ ਦਾ ਹਾਲ ਨਹੀਂ ਪ੍ਰਾਪਤ ਹੋਇਆ ਜਿਨਹਾਂ ਨੇ ( ਤੁਹਾਡੇ ਨਾਲੋਂ ) ਪਹਿਲੇ ਕੁਫਰ ਕੀਤਾ ਫੇਰ ਉਨਹਾਂ ਨੇ ( ਦੁਨੀਆਂ ਵਿਚ ) ਆਪਣੇ ਕਰਮਾਂ ( ਦੀ ਕਰਤੂਤ ) ਦਾ ਸਵਾਦ ਭੀ ਚਖਿਆ ਅਰ ( ਅੰਤ ਵਿਚ ) ਉਨਹਾਂ ਨੂੰ ਦਰਦਨਾਕ ਕਸ਼ਟ ਹੋਣਾ ਹੈ ( ਸੋ ਅਲਗ ) ॥ ੫ ॥ ਏਹ ਏਸ ਵਾਸਤੇ ਕਿ ਉਨਹਾਂ ਦੇ ਪਾਸ ਉਨਹਾਂ ਦੇ ਰਸੂਲ ਖੁਲਮਖੁਲੇ ਮੋਜਜ਼ੇ ਲੈ ਕੇ ਆਉਂਦੇ ਰਹੇ ਅਰ ਇਹ ( ਲੋਗ ਏਹਾ ਹੀ ) ਕਹਿੰਦੇ ਰਹੇ ਕਿ ਕੀ ( ਸਾਡੇ ਵਰਗੇ ) ਆਦਮੀ ਸਾਨੂੰ ਰਾਹ ਦਸਣ ਆਏ ਹਨ ਭਾਵ ਉਨਹਾਂ ਨੇ ( ਰਸੂਲ ਨੂੰ ) ਨਾ ਮੰਨਿਆਂ ਅਰ ( ਉਨਹਾਂ ਪਾਸੋਂ ) ਮੂੰਹ ਫੇਰਿਆ ਅਰ ਖੁਦਾ ਨੇ (ਭੀ ਉਨਹਾਂ ਦੀ ਕੋਈ ) ਪਰਵਾਹ ਨਾ ਕੀਤੀ ਅਰ ਅੱਲਾ ਬੇ ਪਰਵਾਹ ( ਅਰ ਹਰ ਹਾਲ ਵਿਚ ) ਮਹਿਮਾਂ ਯੋਗ ਹੈ ॥ ੬ ॥ ਕਾਫਰ ( ਬੜੇ ਦਾਵੇ ਨਾਲ ) ਕਹਿੰਦੇ ਹਨ ਕਿ ਕਦਾਪਿ ਉਨਹਾਂ ਨੂੰ ( ਜਿਵਾ ਕੇ ਦੂਜੀ ਵੇਰ ) ਨਹੀਂ ਉਠਾਇਆ ਜਾਵੇਗਾ ( ਹੇ ਪੈਯੰਬਰ ਤੁਸੀਂ ਏਨਹਾਂ ਲੋਗਾਂ ਨੂੰ ) ਕਹੋ ਕਿ ਹਾਂ ( ਭਾਈ ) ਹਾਂ ਮੈਨੂੰ ਆਪਣੇ ਪਰਵਰਦਿਗਾਰ ਦੀ ਸੌਗੰਧ ਹੈ ਕਿ ਤੁਸੀਂ ਜਰੂਰ ਉਠਾਏ ਜਾਓਗੇ ਫੇਰ ਜੋ ਕੁਛ ਭੀ ਤੁਸਾਂ ਨੇ ( ਦੁਨੀਆਂ ਵਿਚ ) ਕੀਤਾ ਹੈ ਅਵਸ਼ ( ਉਸ ਦਾ ਬੁਰਾ ਭਲਾ ) ਤੁਹਾਨੂੰ ਦਸ ਦਿਤਾ ਜਾਵੇਗਾ ਅਰ ਏਹ ਅੱਲਾ ਦੇ ਸਮੀਪ ( ਇਕ ) ਸਹਿਲ ( ਜੇਹੀ ਬਾਰਤਾ ) ਹੈ ॥ ੭ ॥ ਤਾਂ ( ਲੋਗੋ ! ) ਅੱਲਾ ਅਰ ਉਸ ਦੇ ਰਸੂਲ ਉਪਰ ਈਮਾਨ ਧਾਰੋ ਅਰ (ਹੋਰ ਸਿਖ਼ਯਾ) ਪ੍ਰਕਾਸ਼ ( ਅਰਥਾਤ ਕੁਰਾਨ ) ਉਪਰ ਜਿਸ ਨੂੰ ਅਸਾਂ ਨੇ ਉਤਾਰਿਆ ਹੈ ਅਰ ਜੋ ਕੁਛ ਭੀ ਤੁਸੀਂ ਕਰਦੇ ਹੋ ਅੱਲਾ ਨੂੰ ਉਸ ਦੀ ( ਸਭ ) ਖਬਰ ਹੈ ॥ ੮ ॥ ( ਅਰ ਉਸ ਦਾ ਨਤੀਜਾ ਤੁਹਾਨੂੰ ਓਸ ਦਿਨ ਮਾਲੂਮ ਹੋਵੇਗਾ ) ਜਦੋਂ ਕਿ ਹਸ਼ਰ ਦੇ ਦਿਨ ਤੁਸਾਂ ( ਸਾਰਿਆਂ ) ਨੂੰ ਇਕੱਤਰ ਕਰੇਗਾ ਏਹਾ ਹਾਰ ਜਿਤ ਦਾ ਦਿਨ ਹੋਵੇਗਾ ਅਰ ਜੋ ਪੁਰਖ ( ਦੁਨੀਆਂ ਵਿਚ ) ਖੁਦਾ ਉਪਰ ਈਮਾਨ ਧਾਰਦਾ ਅਰ ਭਲੇ ਕਰਮ ਕਰਦਾ ਹੈ ( ਪ੍ਰਲੈ ਦੇ ਦਿਨ ) ਖੁਦਾ ਉਸਦੇ ਗੁਨਾਹ ਉਸਦੇ ( ਉਪਰੋਂ ) ਦੂਰ ਕਰ ਦੇਵੇਗਾ ਅਰ ਉਸ ਨੂੰ ( ਬਹਿਸ਼ਤ ਦਿਆਂ ਐਸਿਆਂ ) ਬਾਗਾਂ ਵਿਚ ( ਲੈ ਜਾ ) ਦਾਖਲ ਕਰੇਗਾ ਜਿਨਹਾਂ ਦੇ ਹੇਠਾਂ ਨਹਿਰਾਂ (ਪਈਆਂ ) ਵਗ ਰਹੀਆਂ ਹੋਣਗੀਆਂ ( ਅਰ ਉਹ ਲੋਗ ) ਉਨਹਾਂ ( ਹੀ ਬਾਗਾਂ ) ਵਿਚ ਸਦਾ ੨ ਨੂੰ ( ਅਰ ) ਨਿਤਰਾਂ ੨ ਰਹਿਣਗੇ ਬੜੀ ਸਫਲਤਾ ( ਅਸਲ਼

Digitized by Panjab Digital Library | www.panjabdigilib.org

ਵਿਚ ) ਏਹੋ ਹੈ ॥ ੯ ॥ ਅਰ ਜਿਨਹਾਂ ਲੋਗਾਂ ਨੇ ਕੁਫਰ ਕੀਤਾ ਅਰ ਸਾਡੀਆਂ ਆਇਤਾਂ ਨੂੰ ਝੁਠਿਆਰਦੇ ਰਹੇ ਏਹਾ ਲੋਗ ਨਾਰਕੀ ਹੋਣਗੇ ਕਿ ਸਦਾ ਨਰਕਾਂ ਵਿਚ ( ਹੀ ) ਰਹਿਣਗੇ ਅਰ ਉਹ ਬਹੁਤ ਹੀ ਬੁਰਾ ਅਸਥਾਨ ਹੈ । ੧੦ ॥ ਰੁਕੂਹ ੧ ॥

ਖੁਦਾ ਦੀ ਆਗਿਆ ਬਿਨਾਂ ਕੋਈ ( ਭੀ ) ਵਿਪੱਤੀ ਨਹੀਂ ਆਉਂਦੀ ਅਰ ਜੋ ਪੁਰਖ ਖੁਦਾ ਉਪਰ ਯਕੀਨ ਰਖੇਗਾ ( ਵਿਪਤੀ ਵਿਚ ) ਪ੍ਰਮਾਤਮਾ ਉਸਦੇ ਚਿਤ ਨੂੰ ਇਸਥਿਰ ਕਰੀ ਰਖੇਗਾ ਅਰ ਖੁਦਾ ਸੰਪੂਰਨ ਵਸਤੂਆਂ ਥੀਂ ਗਜ਼ਾਤ ਹੈ ॥ ੧੧ ॥ ਅਰ ( ਲੋਗੋ ! ) ਅੱਲਾ ਦਾ ਹੁਕਮ ਮੰਨੋ ਅਰ ਰਸੂਲ ਦਾ ਹੁਕਮ ਮੰਨੋ ਅਰ ਯਦੀ ਤੁਸੀਂ ਮੂੰਹ ਫੇਰੋ ਤਾਂ ਸਾਡੇ ਰਸੂਲ ਦੇ ਜਿੰਮੇ ਸਪਸ਼ਟ ਰੀਤੀ ਨਾਲ ( ਸਾਡਿਆਂ ਹੁਕਮਾਂ ਦਾ ) ਪਹੁੰਚਾ ਦੇਣਾ ਹੈ ਹੋਰ ਬਸ ॥ ੧੨ ॥ ਅਲਾ ( ਹੀ ਹੈ ਕਿ ) ਓਸ ਦੇ ਸਿਵਾ ਕੋਈ ( ਔਰ ) ਪੂਜਨੇ ਯੋਗ ਨਹੀਂ ਅਰ ਈਮਾਨ ਵਾਲਿਆਂ ਨੂੰ ਚਾਹੀਦਾ ਹੈ ਕਿ ਅੱਲਾ ਉਪਰ ਹੀ ਭਰੋਸਾ ਰਖਣ ॥ ੧੩ ॥ ਮੁਸਲਮਾਨੋ ! ਤੁਹਾਡੀਆਂ ਇਸਤ੍ਰੀਆਂ ਅਰ ਤੁਹਾਡੀ ਔਲਾਦ ਵਿਚੋਂ ( ਕਈਕੁ ) ਤੁਹਾਡੇ ( ਦੀਨ ਦੇ ) ਦੁਸ਼ਮਨ ਹਨ ਤਾਂ ਏਹਨਾਂ ਪਾਸੋਂ ਬਚਦੇ ਰਹੋ ਅਰ ਯਦੀ ਤੁਸੀਂ ( ਏਹਨਾਂ ਦੇ ਕਸੂਰਾਂ ਨੂੰ ) ਮਾਫ ਕਰੋ ਅਰ ਦਰਗੁਜ਼ਰ ਕਰੋ ਅਰ ਬਖਸ਼ ਦਿਓ ਤਾਂ ਅੱਲਾ ਭੀ ਬਖਸ਼ਨੇ ਵਾਲਾ ਮੇਹਰਬਾਨ ਹੈ ॥ ੧੪ ॥ ਤੁਹਾਡੇ ਮਾਲ ਅਰ ਤੁਹਾਡੀ ਔਲਾਦ ( ਏਹ ) ਨਿਰਾ ਜੰਜਾਲ ਹੈ ਅਰ ਅੱਲਾ ਦੇ ਏਥੇ ( ਏਹਨਾਂ ਬਖੇੜਿਆਂ ਵਿਚ ਦੀਨ ਉਪਰ ਸਾਬਤ ਕ਼ਦਮ ਰਹਿਣ ਵਾਲਿਆਂ ਦੇ ਵਾਸਤੇ ) ਬੜਾ ਬਦਲਾ ਹੈ ॥ ੧੫ ॥ ਤਾਂ ( ਮੁਸਲਮਾਨੋ ! ) ਜਿਥੋਂ ਤਕ ਤੁਹਾਡੇ ਕੋਲੋਂ ਹੋ ਸਕੇ ਅੱਲਾ ਪਾਸੋਂ ਡਰਕੇ ਰਹੋ ( ਅਰ ਓਸ ਦਾ ਹੁਕਮ ) ਸੁਨੋ ਅਰ ਮੰਨੋ ਅਰ ( ਓਸ ਦੇ ਰਾਹ ਵਿਚ ) ਖਰਚ ਕਰਦੇ ਰਹੋ ( ਏਹ ) ਤੁਹਾਡੇ ਆਪਣੇ ਹੀ ਹੱਕ ਵਿਚ ਬੇਹਤਰ ਹੈ ਅਰ ਜੋ ਪੁਰਖ ਆਪਣੇ ਸੁਭਾਵਿਕ ਕੰਜੂਸੀ ਤੋਂ ਰਖਸ਼ਾ ਵਿਚ ਰਖਿਆ ਜਾਵੇ ਤਾਂ ( ਅੰਤਮ ਵਿਚ ) ਐਸੇ ਲੋਗ ਹੀ ਭਲਾਈ ਪਾਉਣ ਵਾਲੇ ਹਨ ॥ ੧੬ ॥ ( ਮੁਸਲਮਾਨੋ ! ) ਯਦੀ ਤੁਸੀਂ ਅੱਲਾ ਨੂੰ ਪ੍ਰਸੰਨਤਾਈ ਨਾਲ ਕਰਜ਼ ( ਰਿਣ ) ਦਿਓ ਤਾਂ ( ਅੰਤਮ ਵਿਚ ) ਓਹ ਤੁਹਾਨੂੰ ਓਸ ਦਾ ਦੂਣਾ ( ਅਦਾ ) ਕਰ ਦੇਵੇਗਾ ਅਰ ਤੁਹਾਡੇ ਪਾਪ ਬਖਸ਼ ਦੇਵੇਗਾ ( ਸੋ ਅਲਗ ) ਅਰ ਅੱਲਾ ਬੜਾ ਕਦਰਦਾਨ (ਅਰ) ਧੀਰਜ-ਵਾਨ ਹੈ ॥ ੧੭ ॥ ਗੁਪਤ ਅਰ ਪ੍ਰਗਟ ( ਸਭ ) ਦਾ ਜਾਨਣੇ ਵਾਲਾ ਬਲੀ ( ਅਰ ) ਯੁਕਤੀਮਾਨ ਹੈ ॥ ੧੮ ॥ ਰੁਕੂਹ ੨ ॥

Digitized by Panjab Digital Library | www.panjabdigilib.org

# ਸੂਰਤ ਤਿਲਾਕ ਮਦੀਨੇ ਵਿਚ ਉਤਰੀ ਅਰ ਇਸ ਦੀਆਂ ਬਾਰਾਂ ਆਇਤਾਂ ਅਰ ਦੋ ਰੁਕੂਹ ਹਨ।

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ ਅਰ ਕਿਰਪਾਲੂ (ਹੈ)। ਹੇ ਪੈਗੰਬਰ (ਮੁਸਲਮਾਨਾਂ ਨੂੰ ਕਹੋ ਕਿ) ਜਦੋਂ ਤੁਸੀਂ (ਆਪਣੀਆਂ ਬੀਬੀਆਂ ਨੂੰ ਤਿਲਾਕ ਦੇਣੀ ਚਾਹੋ ਤਾਂ ਓਹਨਾਂ ਨੂੰ ਓਹਨਾਂ ਦੀ ਇਦਤ (ਸੀਮਾਂ) ਦੇ ਆਰੰਭ ਵਿਚ ਤਿਲਾਕ ਦਿਓ ਅਰ (ਤਿਲਾਕ ਦੇ ਪਿਛੋਂ ਹੀ) ਇਦਿਤ ਗਿਣਨ ਲਗੋ ਅਰ ਅੱਲਾ ਪਾਸੋਂ ਜੋ ਤੁਹਾਡਾ ਪਰਵਰਦਿਗਾਰ ਹੈ ਡਰਦੇ ਰਹੋ (ਇਦਿਤ ਵਿਚ) ਓਹਨਾਂ ਨੂੰ ਓਹਨਾਂ ਦੇ ਘਰਾਂ ਵਿਚੋਂ ਨਾ ਨਿਕਾਲੋ ਅਰ ਓਹ ਆਪ (ਭੀ) ਨਾਂ ਨਿਕਲਨ ਪਰੰਤੂ ਏਹ ਕਿ ਖੁਲਮਖੁਲਾ (ਕੋਈ) ਬੇਹਯਾਈ (ਦਾ ਕੰਮ) ਕਰ ਬੈਠਣ (ਤਾਂ ਓਹਨਾਂ ਨੂੰ ਨਿਕਾਲ ਦੇਣ ਦਾ ਕੋਈ ਡਰ ਨਹੀਂ) ਅਰ ਏਹ ਅੱਲਾ ਦੀਆਂ (ਬਧੀਆਂ ਹੋਈਆਂ) ਹੱਦਾਂ ਹਨ ਅਰ ਜਿਸ ਆਦਮੀ ਨੇ ਅੱਲਾ ਦੀਆਂ (ਬਧੀਆਂ ਹੋਈਆਂ) ਹੱਦਾਂ ਤੋਂ ਕਦਮ ਬਾਹਿਰ ਰਖਿਆ ਤਾਂ ਉਸ ਨੇ (ਆਪ ਹੀ) ਆਪਣੇ ਉਪਰ ਜ਼ੁਲਮ ਕੀਤਾ। (ਹੇ ਪੁਰਖ ਜੋ ਇਸਤ੍ਰੀ ਨੂੰ ਤਿਲਾਕ ਦੇਂਦਾ ਹੈ) ਤੂੰ ਨਹੀਂ ਜਾਣਦਾ ਸ਼ਾਇਦ ਅੱਲਾ ਤਿਲਾਕ ਦੇ ਬਾਦ (ਮੇਲ ਮਿਲਾਪ ਦੀ) ਕੋਈ ਸੂਰਤ ਪੈਦਾ ਕਰ ਦੇਵੇ ॥ ੧ ॥ ਫੇਰ ਜਦੋਂ ਔਰਤਾਂ ਆਪਣੀ ਇਦਿਤ ਪੂਰੀ ਕਰਨ ਉਪਰ ਆਉਣ ਤਾਂ (ਜਾਂ ਤਾਂ ਰੁਜੂ ਕਰਕੇ) ਸਿਧੀ ਤਰਹਾਂ ਓਹਨਾਂ ਨੂੰ (ਆਪਣੀ ਇਸਤ੍ਰਿਤਵ ਵਿਚ) ਰਖੀ ਰਖੋ ਯਾ ਸਿਧੀ ਤਰਹਾਂ ਓਹਨਾਂ ਨੂੰ ਰੁਖਸਤ ਕਰੋ ਅਰ (ਜੋ ਕੁਛ ਭੀ ਕਰੋ) ਆਪਣਿਆਂ (ਲੋਗਾਂ) ਵਿਚੋਂ ਦੋ ਇਤਬਾਰ ਵਾਲਿਆਂ (ਆਦਮੀਆਂ) ਨੂੰ ਸਾਖੀ ਠਹਿਰਾ ਲਓ ਅਰ (ਗਵਾਹੋ! ਗਵਾਹੀ ਦੀ ਲੋੜ ਆ ਪਵੇ ਤਾਂ) ਅੱਲਾ ਦੇ ਵਾਸਤੇ ਸਚੀ ਸਚੀ ਗਵਾਹੀ ਦੇਣੀ ਦੇਹ ਸਿਖਮਤ ਦੀਆਂ ਬਾਤਾਂ ਓਹਨਾਂ ਲੋਗਾਂ ਨੂੰ ਸਮਝਾਂਈਆਂ ਜਾਂਦੀਆਂ ਹਨ ਜਿਨਹਾਂ ਨੂੰ ਅੱਲਾ ਅਰ ਆਖਰਤ ਦੇ ਦਿਨ ਦਾ ਨਿਸਚਾ ਹੈ ਅਰ ਜੋ ਆਦਮੀ ਖੁਦਾ ਪਾਸੋਂ ਡਰਦਾ ਰਹੇਗਾ ਖੁਦਾ ਓਸ ਦੇ ਵਾਸਤੇ (ਆਪਸ ਵਿਚ ਦੇ ਲੜਾਈ ਝਗੜੇ ਵਿਚੋਂ) ਮੁਕਤੀ ਦੀ ਸ਼ਕਲ ਨਿਕਾਲ ਦੇਵੇਗਾ ॥ ੨ ॥ ਅਰ ਓਸ ਨੂੰ ਓਥੋਂ ਰਿਜ਼ਕ ਪਹੁੰਚਾਵੇਗਾ ਜਿਧਰੋਂ ਓਸ ਨੂੰ (ਵਹਿਮ ਤਥਾ) ਗੁਮਾਨ ਭੀ ਨਹੀਂ ਸੀ ਅਰ ਜੋ ਆਦਮੀ ਅੱਲਾ ਉਪਰ ਭਰੋਸਾ ਰਖੇਗਾ ਤਾਂ ਖੁਦਾ ਉਸ (ਦੀਆਂ ਮੁਸ਼ਕਲਾਂ ਦੇ ਹੱਲ ਕਰਨ) ਵਾਸਤੇ ਕਾਫੀ ਹੈ। ਨਿਰਸੰਦੇਹ ਜੋ ਖੁਦਾ ਨੂੰ ਅਭੀਸ਼ਟ ਹੁੰਦਾ ਹੈ ਓਹ ਓਸ ਨੂੰ ਪੂਰਾ ਕਰਕੇ ਰਹਿੰਦਾ ਹੈ (ਅਰ) ਅੱਲਾ ਨੇ ਤਾਂ

Digitized by Panjab Digital Library | www.panjabdigilib.org

ਹਰ ਵਸਤੂ ਦਾ ਇਕ ਅੰਦਾਜ਼ਾ ਠਹਿਰਾ ਹੀ ਰਖਿਆ ਹੈ ॥ ੩ ॥ ਅਰ (ਮੁਸਲਮਾਨੋ!) ਤੁਹਾਡੀ (ਤਿਲਾਕੀ) ਇਸਤਰੀਆਂ ਵਿਚੋਂ ਜਿਨਹਾਂ ਨੂੰ (ਬੁਢੇਪੇ ਦੇ ਕਾਰਨੋ) ਰਿਤੂ ਦੇ ਆਉਣ ਦੀ ਆਸ ਨਹੀਂ ਰਹੀ ਯਦੀ ਤੁਹਾਨੂੰ ਭਰਮ ਹੋਵੇ ਤਾਂ ਓਹਨਾਂ ਦੀ ਇਦਿਤ (ਰਿਤੂ ਨਾਲ ਨਹੀਂ ਪ੍ਰਤਯੁਤ ਦਿਨਾਂ ਦੀ ਗਿਣਨਾਂ ਨਾਲ) ਤਿੰਨ ਮਹੀਨੇ ਅਰ (ਅਤਏਵ) ਜਿਨਹਾਂ ਔਰਤਾਂ ਨੂੰ ਰਿਤੂ ਆਉਣ ਦਾ ਸਮਾਂ ਨਹੀਂ ਆਇਆ (ਏਹ ਤਿੰਨੇ ਮਹੀਨੇ ਓਹਨਾਂ ਦੀ ਇਦਿਤ ਹੈ)। ਅਰ (ਪਿਛੇ ਰਹੀਆਂ) ਸਗਰਭਾ ਇਸਤਰੀਆਂ (ਸੋ) ਓਹਨਾਂ ਦੀ ਇਦਿਤ ਓਹਨਾਂ ਦੇ ਬਚੇ ਉਤਪਤ ਕਰਨੇ ਤਕ ਅਰ ਜੋ ਅੱਲਾ ਪਾਸੋਂ ਡਰਦਾ ਰਹੇਗਾ ਖ਼ੁਦਾ ਓਸਦੇ ਕੰਮ ਆਸਾਨ ਕਰੇਗਾ ॥ ੪ ॥ (ਮੁਸਲਮਾਨੋ!) ਏਹ (ਹੁਕਮ ਜੋ ਉਪਰ ਲਿਖੇ ਗਏ ਹਨ) ਖ਼ੁਦਾ ਦੇ ਫਰਮਾਏ ਹੋਇ ਹਨ ਜੋ ਓਸ ਨੇ ਤੁਹਾਡੀ ਤਰਫ ਭੇਜੇ ਹਨ ਅਰ ਜੋ ਖ਼ੁਦਾ ਪਾਸੋਂ ਡਰਦਾ ਰਹੇਗਾ (ਆਖਰ ਵਿਚ) ਖ਼ੁਦਾ ਓਸ ਦਿਆਂ ਗੁਨਾਹਾਂ ਨੂੰ ਓਸ ਪਾਸੋਂ ਦੂਰ ਕਰ ਦੇਵੇਗਾ ਅਰ ਓਸ ਨੂੰ ਬੜੇ ਫਲ ਦੇਵੇਗਾ (ਸੋ ਅਲਗ) ॥ ੫ ॥ ਤਿਲਾਕੀ ਔਰਤਾਂ ਨੂੰ (ਇਦਿਤ ਵਾਸਤੇ) ਆਪਣੇ ਸਮਰਥ ਅਨੁਸਾਰ ਓਥੇ ਹੀ ਰਖੋ ਜਿਥੇ ਤੁਸੀਂ ਆਪ ਰਹੋ ਅਰ ਉਨਹਾਂ ਉਪਰ ਸਖਤੀ ਕਰਨ ਵਾਸਤੇ ਉਨਹਾਂ ਨੂੰ ਕਸ਼ਟ ਨਾ ਦਿਓ ਅਰ ਯਦੀ ਸਗਰਭਾ ਹੋਣ ਤਾਂ ਬਾਲਕ ਉਤਪਤ ਕਰਨੇ ਤਕ ਉਨਹਾਂ ਨੂੰ ਖਰਚ ਦੇਂਦੇ ਰਹੋ ਫਿਰ (ਬਾਲਕ ਉਤਪਤ ਕੀਤਿਆਂ ਪਿਛੋਂ) ਯਦੀ ਓਹ (ਬਚੇ ਨੂੰ) ਤੁਹਾਡੇ ਵਾਸਤੇ ਦੁਧ ਪਿਲਾਣ ਤਾਂ ਉਨਹਾਂ ਨੂੰ ਓਨਾਂ ਦੀ ਦੁਧ ਪਿਲਾਈ ਦਿਓ ਅਰ ਆਪਸ ਵਿਚ ਦੀ ਸਲਾਹ ਨਾਲ ਰੀਤੀ ਅਨੁਸਾਰ (ਮੇਲ ਵਗੈਰਾ ਦਾ) ਠਹਿਰਾਓ ਕਰ ਲਓ ਅਰ ਆਪਸ ਵਿਚ ਖਿਚਾ ਤਾਨੀ ਕਰੋਗੇ ਤਾਂ (ਮਰਦ ਨੂੰ ਕੋਈ) ਔਰ (ਔਰਤ ਪਰਾਪਤ ਹੋ ਜਾਵੇਗੀ ਅਰ ਉਹ) ਓਸ ਦੇ ਵਾਸਤੇ (ਬੱਚੇ ਨੂੰ) ਦੁਧ ਪਿਲਾ ਦੇਵੇਗੀ ॥ ੬ ॥ ਜਿਸ ਨੂੰ ਸਮ-ਰਥ ਹੋਵੇ ਓਸ ਨੂੰ ਚਾਹੀਏ ਕਿ ਓਹ ਆਪਣੀ ਸਮਰਥ ਅਨੁਸਾਰ ਖਰਚ ਕਰੇ ਅਰ ਜਿਸ ਦੀ ਆਮਦਨੀ ਤੇਲੀ ਮਿਣੀ ਹੋਵੇ ਓਹ ਜਿਤਨਾ ਖ਼ੁਦਾ ਨੇ ਓਸ ਨੂੰ ਦਿਤਾ ਹੈ ਉਸਦੇ ਮਾਫਿਕ ਖਰਚ ਕਰੇ ਖ਼ੁਦਾ ਨੇ ਜਿਸਨੂੰ ਜਿਤਨਾ ਦੇ ਰਖਿਆ ਹੈ ਓਸ ਨਾਲੋਂ ਵਧਕੇ ਕਿਸੇ ਨੂੰ ਤਕਲੀਫ ਦੇਣੀ ਨਹੀਂ ਚਾਹੁੰਦਾ (ਘਬਰਾਉਣ ਦੀ ਬਾਰਤਾ ਨਹੀਂ) ਖ਼ੁਦਾ ਤੰਗੀ ਦੇ ਪਿਛੋਂ ਜਲਦੀ ਖੁਲ (ਡੁਲ ਭੀ) ਦੇਵੇਗਾ ॥ ੭ ॥ ਰੁਕੂਹ ੧ ॥

ਅਰ ਬਹੁਤ ਸਾਰੀਆਂ ਬਸਤੀਆਂ ਹੋ ਗੁਜਰੀਆਂ ਹਨ ਜਿਨਹਾਂ (ਦੇ ਰਹਿਣ ਵਾਲਿਆਂ) ਨੇ ਆਪਣੇ ਪਰਵਰਦਿਗਾਰ ਅਰ ਓਸ ਦੇ ਰਸੂਲ ਦੇ ਹੁਕਮ

Digitized by Panjab Digital Library | www.panjabdigilib.org

ਤੋਂ ਸਰਤਾਬੀ ਕੀਤੀ ਤਾਂ ਅਸਾਂ ਨੇ ਬੜੀ ਸਖਤੀ ਨਾਲ ਓਹਨਾਂ ( ਦੇ ਕਰਮਾਂ ) ਦਾ ਹਿਸਾਬ ਲੀਤਾ ਅਰ ਉਹਨਾਂ ਨੂੰ ( ਬੜੀ ) ਬੁਰੀ ਸਜਾ ਦਿਤੀ ॥ ੮ ॥ ਤਾਂ ਓਹਨਾਂ ਨੇ ਆਪਣੇ ਕਰਤਬਾਂ ( ਦੀ ਸਜਾ ) ਦਾ ਮਜ਼ਾ ਚਖਿਆ ਅਰ ਓਹਨਾ ਦਾ ਅੰਤ ਨੂੰ ਘਾਟਾ ( ਹੀ ਘਾਟਾ ) ਹੋਇਆ ॥ ੯ ॥ ਏਹਨਾਂ ਲੋਗਾਂ ਵਾਸਤੇ ਖੁਦਾ ਨੇ ( ਕਿਆਮਤ ਦਾ ) ਸਖਤ ਕਸ਼ਟ ਤਿਆਰ ਕਰ ਰਖਿਆ ਹੈ ਤਾਂ ਹੇ ਬੁਧੀ ਮਾਨੋ ਜੋ ਈਮਾਨ ਧਾਰ ਚੁਕੇ ਹੋ ਅੱਲਾ (ਦੇ ਕਸ਼ਟ) ਪਾਸੋਂ ਡਰਦੇ ਰਹੋ ਖੁਦਾ ਨੇ ( ਤੁਹਾਨੂੰ ਦਸਨ ਵਾਸਤੇ ) ਜ਼ਿਕਰ ( ਅਰਥਾਤ ਕੁਰਾਨ ਪਵਿਤ੍ਰ ) ਨੂੰ ਤੁਹਾਡੀ ਤਰਫ ਉਤਾਰਿਆ ਹੈ ॥੧੦॥ਰਸੂਲ ( ਮੁਹੰਮਦ ਨੂੰ ਤੁਹਾਡੀ ਤਰਫ ਭੇਜ ਦਿਤਾ ਹੈ ) ਜੋ ਤੁਹਾਨੂੰ ਖੁਦਾ ਦੀਆਂ ਖੁਲਮਖੁਲੀਆਂ ਆਇਤਾਂ ਪੜ੍ਹ ਪੜ੍ਹ ਕੇ ਸੁਣਾਉਂਦੇ ਹਨ ਤਾਂ ਕਿ ਜੋ ਲੋਗ ਈਮਾਨ ਧਾਰਨ ਅਰ ਭਲੇ ਕਰਮ ਕਰਨ ਓਹਨਾਂ ਨੂੰ (ਕੁਫਰ ਦੇ) ਅੰਧੇਰਿਓਂ ਨਿਕਾਲ ਕੇ ( ਈਮਾਨ ਦੇ ) ਪ੍ਰਕਾਸ਼ ਵਿਚ ਲੈ ਆਉਣ ਅਰ ਜੋ ਪੁਰਖ ਅੱਲਾ ਉਪਰ ਈਮਾਨ ਧਾਰੇਗਾ ਅਰ ਭਲੇ ਕਰਮ ਕਰੇਗਾ ਖੁਦਾ ਉਨਹਾਂ ਨੂੰ ( ਬਹਿਸ਼ਤ ਦਿਆਂ ਐਸਿਆਂ ਬਾਗਾਂ ਵਿਚ ( ਲੈਜਾ ) ਦਾਖਲ ਕਰੇਗਾ ਜਿਨਹਾਂ ਦੇ ਹੇਠਾਂ ਨਹਿਰਾਂ ( ਪਈਆਂ ) ਵਗ ਰਹੀਆਂ ਹੋਣਗੀਆਂ ( ਅਰ ਉਹ ) ਉਨਹਾਂ ਵਿਚ ਸਦਾ ( ਕਾਲ ਅਰ ਹਮੇਸ਼ਾਂ ) ਹਮੇਸ਼ਾਂ ਰਹਿਣਗੇ ਅੱਲਾ ਨੇ ( ਏਹ ) ਉਨਹਾਂ ਨੂੰ ਖੂਬ ਹੀ ਰੋਜ਼ੀ ਦਿਤੀ ॥ ੧੧ ॥ ਅੱਲਾ ਹੀ ਤਾਂ ਹੈ ਜਿਸ ਨੇ ( ਤਹਿ ਪਰ ਤਹਿ ) ਸਤ ਅਸਮਾਨ ਪੈਦਾ ਕੀਤੇ ਅਰ ਉਨਹਾਂ ਦੇ ਹੀ ਤਰਹਾਂ ਦੀ ਧਰਤੀ ਅਸਮਾਨ ਤਥਾ ਧਰਤੀ ਉਪਰ ( ਪ੍ਰਬੰਧਕ ) ਆਗਯਾ ( ਸਮੇਂ ਸਮੇਂ ਸਿਰ ) ਉਤਰ ਦੀ ਰਹਿੰਦੀ ਹੈ ਤਾਂ ਕਿ ਤੁਸਾਂ ਲੋਗਾਂ ਨੂੰ ਮਾਲੂਮ ਹੋਵੇ ਕਿ ਅੱਲਾ ਹਰ ਵਸਤੂ ਉਪਰ ਸਮਰਥ ਹੈ ਅਰ ( ਹੋਰ ) ਏਹ ਕਿ ਅੱਲਾ ਦਾ ਗਿਆਨ ਸੰਪੂਰਣ ਵਸਤਾਂ ਉਪਰ ਵਿਸ-ਤਾਰ (ਹਾਵੀ) ਹੈ ॥ ੧੨ ॥ ਰੁਕੂਹ ੨ ॥

## ਸੂਰਤ ਤਹਿਰੀਮ ਮਦੀਨੇ ਵਿਚ ਉਤਰੀ ਅਰ ਇਸ ਦੀਆਂ ਬਾਰਾਂ ਆਇਤਾਂ ਅਰ ਦੋ ਰੁਕੂਹ ਹਨ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਹੇ ਪੈਯੰਬਰ ਜੋ ਵਸਤੂਆਂ ਖੁਦਾ ਨੇ ਤੁਹਾਡੇ ਵਾਸਤੇ ਹਲਾਲ ਕੀਤੀਆਂ ਹਨ ਤੁਸੀਂ ਆਪਣੀਆਂ ਇਸਤ੍ਰੀਆਂ ਦੀ ਪ੍ਰਸੰਨਤਾਈ ਪਰਾਪਤ ਕਰਨ ਵਾਸਤੇ ( ਆਪਣੇ ਉਪਰ ) ਕਿਉਂ ਹਰਾਮ ਕਰੋ ਅਰ ਅੱਲਾ ਬਖ-ਸ਼ਣੇ ਵਾਲਾ ਮੇਹਰਬਾਨ ਹੈ ॥ ੧ ॥ ਤੁਸਾਂ ਮੁਸਲਮਾਨਾਂ ਵਾਸਤੇ ਖੁਦਾ ਨੇ ਤੁਹਾਡੀਆਂ ਕਸਮਾਂ ਦੇ ਤੋੜ ਸਿਟਨ ਦਾ ( ਭੀ ) ਠਹਿਰਾਓ ਕਰ ਦਿਤਾ ਹੈ

Digitized by Panjab Digital Library | www.panjabdigilib.org

ਅਰ ਅੱਲਾ ਹੀ ਤੁਹਾਡਾ ਸਹਾਇਕ ਹੈ ਅਰ ਉਹ (ਸਾਰਿਆਂ ਦੇ ਹਾਲ ਥੀਂ) ਗਜਾਤ (ਅਰ) ਯੁਕਤੀ ਵਾਲਾ ਹੈ ॥ ੨ ॥ ਅਰ ਜਦੋਂ ਪੈਯੰਬਰ ਨੇ ਆਪਣੀਆਂ ਬੀਬੀਆਂ ਵਿਚੋਂ ਕਿਸੇ ਦੇ ਨਾਲ ਇਕ ਬਾਰਤਾ ਚੁਪ ਕੀਤਿਆਂ ਕਹੀ ਤਾਂ (ਦੈਵ ਯੋਗ ਨਾਲ ਬਾਤ ਦਾ ਬਤੰਗੜ ਬਨ ਗਇਆ ਕਿ ਉਸ ਬੀਬੀ ਨੇ ਦੂਸਰੀ ਬੀਬੀ ਨੂੰ ਉਸ ਦੀ ਖਬਰ ਕਰ ਦਿਤੀ ਅਰ) ਜਦੋਂ ਉਨਹਾਂ ਨੇ ਉਸ ਦੀ ਖਬਰ ਕਰ ਦਿਤੀ ਅਰ ਖੁਦਾ ਨੇ ਪੈਯੰਬਰ ਪਰ ਇਸ (ਬ੍ਰਿਤਾਂਤ) ਨੂੰ ਪਰ-ਗਟ ਕਰ ਦਿਤਾ ਤਾਂ ਪੈਯੰਬਰ ਨੇ ਕੁਛ (ਤਾਂ ਉਸ ਬੀਬੀ ਨੂੰ) ਜਤਾਇਆ ਅਰ ਕੁਛ ਟਾਲ ਦਿਤਾ ਬਸ ਜਦੋਂ ਪੈਯੰਬਰ ਨੇ ਜਿਸ ਕਦਰ ਜਿਤਲਾਨਾ ਅਭੀਸ਼ਟ ਸੀ ਉਸ (ਬੀਬੀ) ਨੂੰ ਜਿਤਾਇਆ ਤਾਂ ਉਸ ਬੀਬੀ ਨੇ (ਹੈਰਾਨ ਹੋਕੇ ਪੈਯੰਬਰ ਨੂੰ) ਪੁਛਿਆ ਕਿ ਆਪ ਨੂੰ ਏਹ (ਸਾਰੀ) ਖਬਰ ਕਿਸ ਨੇ ਦਿਤੀ ? ਪੈਯੰਬਰ ਨੇ ਉੱਤਰ ਦਿਤਾ ਮੈਨੂੰ ਖਬਰ ਦਿਤੀ ਉਸ (ਖੁਦਾ ਨੇ) ਜੋ (ਸਭ ਕੁਛ) ਜਾਣਦਾ (ਅਰ ਹਰ ਪ੍ਰਕਾਰ ਦੀ) ਖਬਰ ਰਖਦਾ ਹੈ ॥ ੩ ॥ ਸੋ (ਪੈਯੰਬਰ ਦੀ ਦੋਨੋ ਬੀਬੀਓ ! ਏਸ ਹਰਕਤ ਥੀਂ) ਖੁਦਾ ਦੀ ਜਨਾਬ ਵਿਚ ਤੋਬਾ ਕਰੋ ਤਾਂ (ਤੁਹਾਡੇ ਵਾਸਤੇ ਬੇਹਤਰ ਹੈ ਕਾਹੇ ਤੇ) ਤੁਸਾਂ ਦੋਹਾਂ ਨੇ ਕਜਰਾਈ (ਟੇਢੀ ਚਾਲ) ਅਖ-ਤਿਆਰ ਕੀਤੀ ਹੈ ਅਰ ਯਦੀ ਪੈਯੰਬਰ ਦੇ ਵਿਰੁਧ ਸਾਜ਼ਸ਼ਾਂ ਕਰੋਗੀਆਂ ਤਾਂ ਓਹਨਾਂ ਦਾ (ਹਾਮੀ) ਅਰ ਸਹਾਇਕ ਅੱਲਾ ਹੈ ਅਰ ਜਬਰਾਈਲ ਅਰ (ਅਛੇ) ਨੇਕ ਮੁਸਲਮਾਨ ਅਰ ਇਨਹਾਂ ਦੇ ਇਲਾਵਾ (ਦੂਸਰੇ) ਫਰਿਸ਼ਤੇ (ਭੀ) ਪੈਗੰਬਰ ਦੇ (ਹਾਮੀ ਤਥਾ) ਮਦਦਗਾਰ ਹਨ ॥ ੪ ॥ ਯਦੀ ਪੈਯੰਬਰ ਤੁਸਾਂ (ਔਰਤਾਂ) ਨੂੰ ਤਿਲਾਕ ਦੇ ਦੇਣ ਤਾਂ ਅਜਬ ਨਹੀਂ ਕਿ ਉਨਹਾਂ ਦਾ ਪਰਵਰਦਿਗਾਰ ਓਹਨਾਂ ਦੇ ਵਾਸਤੇ ਤੁਹਾਡੇ ਬਦਲੇ ਤੁਹਾਡੇ ਨਾਲੋਂ ਉੱਤਮ ਇਸਤ੍ਰੀਆਂ ਦੇ ਦੇਵੇ ਆਗਿਆਕਾਰੀ ਈਮਾਨਧਾਰੀ ਨਮਾਜ਼ੀ (ਖੁਦਾ ਦੀ ਜਨਾਬ ਵਿਚ) ਤੋਬਾ ਕਰਨ ਵਾਲੀਆਂ ਇਬਾਦਤ ਗੁਜ਼ਾਰ ਰੋਜ਼ੇ ਦਾਰ (ਅਰ) ਦੁਹਾਜਨ ਅਰ ਕੁਵਾਰੀਆਂ ॥ ੫ ॥ ਮੁਸਲਮਾਨੋ ! ਆਪਣੇ ਆਪ ਨੂੰ ਅਰ ਆਪਣੇ ਟੱਬਰ ਨੂੰ (ਨਰਕਾ) ਅਗਨੀ ਥੀਂ ਬਚਾਓ ਜਿਸ ਦਾ ਬਾਲਣ ਹੋਣਗੇ ਆਦਮੀ ਅਰ ਪਥਰ ਉਸ ਉਪਰ ਫਰਿਸ਼ਤੇ (ਮੁਕਰਰ) ਹਨ ਤੁੰਦ ਖੋ ਸਖਤ ਮਜ਼ਾਜ ਖੁਦਾ ਜੋ ਉਨਹਾਂ ਨੂੰ ਹੁਕਮ ਦੇਵੇ ਉਸਦੀ ਨਾ ਫੁਰਮਾਨੀ ਨਹੀਂ ਕਰਦੇ ਅਰ ਜੋ ਹੁਕਮ ਉਨਹਾਂ ਨੂੰ ਦਿਤਾ ਜਾਂਦਾ ਹੈ (ਨਿਯੂਨਾਦਿਕ ਦੇ ਬਿਨਾਂ) ਉਸ ਦੀ ਪਾਲਨਾਂ ਕਰਦੇ ਹਨ ॥ ੬ ॥ (ਕਿਆਮਤ ਦੇ ਦਿਨ ਜਦੋਂ ਨਰਕ ਸਭਨਾਂ ਦੇ ਸਾਹਮਣੇ ਲਿਆ ਵਿਦਮਾਨ ਕੀਤਾ ਜਾਵੇਗਾ ਅਸੀਂ ਕਾਫਰਾਂ ਨੂੰ ਕਹਾਂਗੇ ਕਿ) ਕਾਫਰੋ ! ਅਜ

Digitized by Panjab Digital Library | www.panjabdigilib.org

( ਆਪਣੇ ਬੇਹੂਦਾ ) ਉਜ਼ਰ ( ਪੇਸ਼ ) ਨਾ ਕਰੋ ਜੈਸੇ ਕਰਮ ਤੁਸੀਂ ( ਦੁਨੀਆਂ ਵਿਚ ) ਕਰਦੇ ਰਹੇ ਹੋ ( ਅਜ ) ਉਨਹਾਂ ਦਾ ਹੀ ਬਦਲਾ ਪਾਓਗੇ ॥ ੭ ॥ ਰੁਕੂਹ ੧ ॥

ਮੁਸਲਮਾਨੋ ! ਅੱਲਾ ਦੇ ਦਰਬਾਰ ਵਿਚ ਸੁਧ ( ਚਿਤ ) ਹੋਕੇ ਤੋਬਾ ਕਰੋ ਅਜਬ ਨਹੀਂ ਕਿ ਤੁਹਾਡਾ ਪਰਵਰਦਿਗਾਰ ( ਆਖਰਤ ਵਿਚ ) ਤੁਹਾਡੇ ਗੁਨਾਂਹ ਤੁਹਾਡੇ ਉਪਰੋਂ ਦੂਰ ਕਰ ਦੇਵੇ ਅਰ ਤੁਹਾਨੂੰ ( ਬਹਿਸ਼ਤ ਦਿਆਂ ਐਸਿਆਂ ) ਬਾਗਾਂ ਵਿਚ ( ਲੈ ਜਾ ) ਦਾਖਲ ਕਰੇ ਜਿਨਹਾਂ ਦੇ ਹੇਠਾਂ ਨਹਿਰਾ ( ਪਈਆਂ ) ਵਗ ਰਹੀਆਂ ਹੋਣਗੀਆਂ ( ਏਹ ਉਹ ਦਿਨ ਹੋਵੇਗਾ ) ਜਦੋਂ ਕਿ ਅੱਲਾ ਪੈਯੰਬਰ ਨੂੰ ਅਰ ਉਨਹਾਂ ਲੋਗਾਂ ਨੂੰ ਜੋ ਉਨਹਾਂ ਦੇ ਸਾਥ ਈਮਾਨ ਲਾਏ ਹਨ ਖਜਲ ਨਹੀਂ ਕਰੇਗਾ ਉਨਹਾਂ ਦੇ ਧਰਮ ਦਾ ਪ੍ਰਕਾਸ਼ ਉਨਹਾਂ ਦੇ ਅਗੇ ੨ ਅਰ ਉਨਹਾਂ ਦੇ ਸਜੇ ਪਾਸੇ ( ਉਨਹਾਂ ਦੇ ਸਾਥ ੨ ) ਚਲ ਰਹਿਆ ਹੋਵੇਗਾ ( ਅਰ ਇਹ ) ਪ੍ਰਾਰਥਨਾ ਕਰਦੇ ਜਾਂਦੇ ਹੋਣਗੇ ਕਿ ਹੇ ਸਾਡੇ ਪਰਵਰਦਿਗਾਰ ਸਾਡੀ ( ਇਸ ) ਜੋਤ ਨੂੰ ਸਾਡੇ ਵਾਸਤੇ ਅਖੀਰ ਤਕ ਕਾਇਮ ਰੱਖ ਅਰ ਸਾਡੇ ਗੁਨਾਹ ਮਾਫ ਕਰ ਨਿਰਸੰਦੇਹ ਤੂੰ ਹਰ ਵਸਤੂ ਉਪਰ ਕਾਦਰ ਹੈਂ ॥ ੮ ॥ ਹੇ ਪੈਯੰਬਰ ਕਾਫਰਾਂ ਦੇ ਨਾਲ ( ਹੱਥ ਪੜਹਥੀ ) ਅਰ ਮੁਨਾਫਿਕਾਂ ਦੇ ਨਾਲ ( ਮੂੰਹ ਦਰੂੰਈਂ ) ਜਹਾਦ ਕਰਦੇ ਰਹੋ ਅਰ ਉਨਹਾਂ ਉਪਰ ਸਖਤੀ ਰਖੋ ਅਰ ਉਨਹਾਂ ਦਾ ਟਿਕਾਣਾ ਨਰਕ ਹੈ ਅਰ ਉਹ ( ਬਹੁਤ ਹੀ ) ਬੁਰਾ ਅਸਥਾਨ ਹੈ ॥ ੯ ॥ ਕਾਫਰਾਂ ( ਦੇ ਇਬਰਤ ਪਕੜਨ ) ਵਾਸਤੇ ਖ਼ੁਦਾ ਨੂਹ ਦੀ ਇਸਤ੍ਰੀ ਅਰ ਲੂਤ ਦੀ ਇਸਤ੍ਰੀ ਦਾ ਦ੍ਰਿਸ਼ਟਾਂਤ ਦੇਂਦਾ ਹੈ ਕਿ ਇਹ ( ਦੋਨੋਂ ਇਸਤ੍ਰੀਆਂ) ਸਾਡਿਆਂ ਬੰਦਿਆਂ ਵਿੱਚੋਂ ਦੋ ਨੇਕ ਬੰਦਿਆਂ ਦੇ ਨਕਾਹ ਵਿੱਚ ਸਨ ਫੇਰ ਏਹਨਾਂ ਦੋਹਾਂ ਨੇ ਉਨਹਾਂ ਨੂੰ ਦਗਾ ਦਿਤਾ (ਕਿ ਆਪਣਿਆਂ ਪਤੀਆਂ ਦੇ ਵਿਰੁੱਧ ਕਾਫਰਾਂ ਦੇ ਨਾਲ ਮਿਲੀਆਂ ਜੁਲੀਆਂ ਰਹੀਆਂ ) ਤਾਂ ਦੋਹਾਂ ਦੇ ਪਤੀ ( ਭਾਵੇਂ ਪੈਯੰਬਰ ਸਨ ) ਅੱਲਾ ਦੇ ਮੁਕਾਬਲੇ ਵਿਚ ਏਹਨਾਂ ਦੇ ਕੁਛ ਭੀ ਕੰਮ ਨਾ ਆਏ । ਅਰ ( ਏਨਹਾਂ ਦੋਆਂ ਔਰਤਾਂ ਨੂੰ ) ਹੁਕਮ ਦਿਤਾ ਗਇਆ ਕਿ ਜਿਥੇ ਔਰ ਲੋਗ ( ਜਹੱਨਮ ਵਿੱਚ ) ਦਾਖਲ ਹੋਏ ਹਨ ( ਤੁਸੀਂ ਭੀ ) ਉਨਹਾਂ ਦੇ ਹੀ ਸਾਥ ਨਰਕ ਵਿੱਚ ਜਾ ਦਾਖਲ ਹੋਵੋ ॥ ੧੦ ॥ ਅਰ ( ਸਚਿਆਂ ) ਮੁਸਲਮਾਨਾਂ ( ਦੀ ਤਸੱਲੀ ) ਵਾਸਤੇ ਖ਼ੁਦਾ ( ਇਕ ਤਾਂ ) ਫਰਊਨ ਦੀ ਇਸਤ੍ਰੀ ( ਅਸੀਯਾ ) ਦਾ ਦ੍ਰਿਸ਼ਟਾਂਤ ਦੇਂਦਾ ਹੈ ਕਿ ਉਸ ਇਸਤ੍ਰੀ ਨੇ ਦੁਆ (ਪ੍ਰਾਰਥਨਾਂ) ਕੀਤੀ ਕਿ ਹੇ ਮੇਰੇ ਪਰਵਰ-ਦਿਗਾਰ ਮੇਰੇ ਵਾਸਤੇ ਸਵਰਗ ਵਿੱਚ ਆਪਣੇ ਪਾਸ ਇਕ ਘਰ ਬਣਾ ਅਰ ਮੈਨੂੰ ਫਰਊਨ ਅਰ ਉਸਦੇ ( ਨਖਿੱਧ ) ਕਰਤਬਾਂ ਥੀਂ ਮੁਕਤ ਦੇ ਅਰ

Digitized by Panjab Digital Library | www.panjabdigilib.org

( ਹੋਰ ) ਮੈਨੂੰ ( ਇਨਹਾਂ ) ਜ਼ਾਲਮ ਲੋਗਾਂ ਪਾਸੋਂ ਛੁਟਕਾਰਾ ਦੇ ਦੇ ॥ ੧੧ ॥ ਅਰ ( ਦੂਸਰਾ ਦ੍ਰਿਸ਼ਟਾਂਤ ) ਇਮਿਰਾਂਨ ਦੀ ਬੇਟੀ ਮਰੀਯਮ ਦੀ ਜਿਸ ਨੇ ਆਪਣੀ ਇਸਮਤ ( ਆਬਰੂ ) ਦੀ ਰਖਸ਼ਾ ਕੀਤੀ ਤਾਂ ਅਸਾਂ ਨੇ ਉਨਹਾਂ ਦੇ ਪੇਟ ਵਿਚ ਆਪਣੀ ( ਕੁਦਰਤ ਨਾਲ ) ਇਕ ਰੂਹ ਫੂਕ ਦਿਤੀ ਅਰ ਓਹ ਆਪਣੇ ਪਰਵਰਦਿਗਾਰ ਦੇ ਕਲਾਮ ਅਰ ਉਸ ਦੀਆਂ ਕਿਤਾਬਾਂ ਦੀ ਤਸਦੀਕ ( ਸੁਚਮਤਾਈ ) ਕਰਦੀ ਰਹੀ ਅਰ ਉਹ ( ਸਾਡੇ ) ਫਰਮਾਂ ਬਰ-ਦਾਰਾਂ ਬੰਦਿਆਂ ਵਿਚੋਂ ਸਨ ॥ ੧੨ ॥ ਰੁਕੂਹ ੨ ॥

# ਸੂਰਤ ਮਲਕ ਮੱਕੇ ਵਿਚ ਉਤਰੀ ਅਰ ਇਸਦੀਆਂ ਤੀਸ ਆਇਤਾਂ ਅਰ ਦੋ ਰੁਕੂਹ ਹਨ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ( ਬੜਾ ਹੀ ) * ਬਰਕਤ ਵਾਲਾ ਹੈ ਉਹ ( ਸ੍ਰਬ ਸ਼ਕਤੀ ਮਾਨ ) ਜਿਸ ਦਿਆਂ ਹੱਥਾਂ ਵਿੱਚ ( ਸਾਰੇ ਸੰਸਾਰ ਦਾ ) ਸ਼ਾਸਨ ਹੈ ਅਰ ਉਹ ਸਰਬ ਵਸਤੂਆਂ ਉਪਰ ਸਮਰਥ ਹੈ ॥ ੧ ॥ ਜਿਸ ਨੇ ਮਰਨ ਅਰ ਜੀਵਨ ਨੂੰ ਪੈਦਾ ਕੀਤਾ ਤਾਂ ਕਿ ਤੁਸਾਂ ਲੋਗਾਂ ਨੂੰ ਅਜ਼ਮਾਵੇ ਕਿ ਤੁਹਾਡੇ ਵਿਚੋਂ ਕੌਣ ਭਲੇ ਕਰਮ ਕਰਦਾ ਹੈ ਅਰ ਉਹ ਜ਼ਬਰਬਸਤ ( ਅਰ ) ਬਖਸ਼ਣੇ ਵਾਲਾ ਹੈ ॥ ੨ ॥ ਜਿਸ ਨੇ ਤਹਿ ਪਰ ਤਹਿ ਸਤ ਆਸਮਾਨ ਬਣਾ ਦਿਤੇ (ਹੇ ਵੇਖਨ ਵਾਲੇ ) ਭਲਾ ਤੈਨੂੰ (ਖ਼ੁਦਾਇ) ਰਹਿਮਾਨ ਦੀ ( ਏਸ ) ਬਨਾਵਟ ਵਿਚ ਕੋਈ ਭੁਲ ਚੁਕ ਦਿਖਾਈ ਦੇਂਦੀ ਹੈ ? (ਅਰ ਇਕ ਬਾਰ ਦੇਖਣ ਨਾਲ ਨਾਂ ਦਿਖਾਈ ਦੇਵੇ ) ਤਾਂ ਦੁਬਾਰਾ ਦ੍ਰਿਸ਼ਟੀ ਦੇ ਕੇ ( ਅਰ ਫੇਰ ਦੇਖ) ਕਿ ਤੈਨੂੰ ( ਕਿਸੇ ਜਗਹਾਂ) ਕੋਈ ਤ੍ਰੇੜ ਦਿਖਾਈ ਦੇਂਦੀ ਹੈ ? ॥ ੩ ॥ ਫੇਰ ਬਾਰੰਬਾਰ ਦ੍ਰਿਸ਼ਟੀ ਫੇਰ ( ਨਤੀਜਾ ਇਹ ਹੋਵੇਗਾ ਕਿ ) ਤੇਰੀ ਦ੍ਰਿਸ਼ਟੀ ਆਤੁਰ ਹੋ ਕੇ ਥਕੀ ਟੁਟੀ ਤੇਰੀ ਤਰਫ ਉਲਟੀ ਲੌਟ ਆਵੇਗੀ ( ਅਰ ਤੈਨੂੰ ਅਸਮਾਨਾਂ ਵਿਚ ਕੋਈ ਨੁਕਸ ਨਹੀਂ ਦਿਖਾਈ ਦੇਵੇਗਾ ) ॥ ੪ ॥ ਅਰ ਅਸਾਂ ਨੇ ਉਰਲੇ ਆਸਮਾਨ ਨੂੰ ( ਨਛਤ੍ਰਾਂ ਦੇ ) ਪ੍ਰਦੀਪਾਂ ਨਾਲ ਸਜਾ ਰਖਿਆ ਹੈ ਅਰ ਅਸਾਂ ਨੇ ਏਨਹਾਂ ( ਪ੍ਰਦੀਪਾਂ ) ਨੂੰ ਸ਼ੈਤਾਨਾਂ ਵਾਸਤੇ ( ਇਕ ਪਰਕਾਰ ਦੀ) ਜ਼ਦ (ਸਟ ਮਾਰ) ਬਣਾਇਆ ਹੈ ਅਰ (ਆਖਰ ਵਿੱਚ) ਅਸਾਂ ਨੇ ਓਹਨਾਂ ਵਾਸਤੇ ਨਾਰਕੀ ਦੁਖ ਤਿਆਰ ਕਰ ਰਖਿਆ ਹੈ ( ਸੋ ਅਲਗ ) ॥ ੫ ॥ ਅਰ ਜੋ ਲੋਗ ਆਪਣੇ ਪਰਵਰਦਿਗਾਰ ਨੂੰ ਨਹੀਂ ਮੰਨਦੇ ਓਹਨਾਂ

*ਹੁਣ "ਤਬਾਰ ਕਲਜ਼ੀ" ਨਾਮੀ ਉਨਤੀਆਂ (੨੯)ਪਾਰਾ ਚਲਿਆ।

Digitized by Panjab Digital Library | www.panjabdigilib.org

ਨੂੰ ( ਭੀ ) ਨਾਰਕੀ ਦੁਖ ਹੈ ਅਰ ( ਉਹ ਬਹੁਤ ਹੀ) ਬੁਰਾ ਸਥਾਨ ਹੈ ॥ ੬ ॥ ਜਦੋਂ ( ਏਹ ਲੋਗ ) ਉਸ ਵਿਚ ਸਿਟੇ ਜਾਣਗੇ ਤਾਂ ( ਦੂਰੋਂ ਹੀ ) ਉਸ ਦੀ ਬੜੇ ਜ਼ੋਰ ਦੀ ਸਾਂ ਸਾਂ ( ਦੀ ਅਵਾਜ਼ ) ਏਹਨਾਂ ਨੂੰ ਸੁਣਾਈ ਦੇਵੇਗੀ ਅਰ ਉਹ ( ਐਸਾ ) ਭੜਕ ਰਹਿਆ ਹੋਵੇਗਾ ਕਿ ( ਮਾਨੋਂ ) ਇਕ ਛਿਨ ਵਿਚ ਜੋਸ਼ ਦਾ ਮਾਰਿਆ ਫਟ ਜਾਵੇਗਾ ॥ ੭ ॥ ਜਦੋਂ ੨ ਓਸ ਵਿਚ ( ਕਾਫਰਾਂ ਦਾ ) ਕੋਈ ਟੋਲਾ ਸਿਟਿਆ ਜਾਵੇਗਾ ਤਾਂ ਉਹ ਜੋ ( ਫਰਿਸ਼ਤੇ ) ਉਸ ਉਪਰ ਵਿਦ-ਮਾਨ ਹਨ ਉਨਹਾਂ ਪਾਸੋਂ ਪੁਛਣਗੇ ਕੀ ਤੁਹਾਡੇ ਪਾਸ ( ਖੁਦਾ ਦੇ ਭੈ ਥੀਂ ) ਸਭੈ ਕਰਨੇ ਵਾਲਾ ( ਕੋਈ ਪੈਗੰਬਰ ) ਨਹੀਂ ਆਇਆ ॥ ੮ ॥ ਉਹ ਕਹਿਣਗੇ ਕਿ ਹਾਂ ਸਭੈ ਕਰਨੇ ਵਾਲਾ ਤਾਂ ਸਾਡੇ ਪਾਸ ਆਇਆ ਸੀ ਪਰੰਤੂ ਅਸਾਂ ਨੇ ( ਉਸਨੂੰ ) ਝੁਠਿਆਰਿਆ ਅਰ ਕਹਿਆ ਕਿ ਖੁਦਾ ਨੇ ਤਾਂ ( ਕਿਤਾਬ ਆਦਕ ) ਕੋਈ ਵਸਤੂ ਉਤਾਰੀ ਨਹੀਂ ਨਿਰਸੰਦੇਹ ਤੁਸੀਂ ( ਅਰ ਤੁਹਾਡੇ ਪਿਛੇ ਲਗਣ ਵਾਲੇ ਸੰਪੂਰਣ ) ਬੜੇ ਭੁਲੇਖੇ ਵਿਚ ਹਨ ॥ ੯ ॥ ਅਰ ( ਏਹ ਲੋਗ ਦੋਜ਼ਖ ਦਿਆਂ ਫਰਿਸ਼ਤਿਆਂ ਨੂੰ ਏਹ ਭੀ ) ਕਹਿਣਗੇ ਕਿ ਯਦੀ ਅਸਾਂ ਨੇ ( ਪੈਗੰਬਰ ਦੇ ਕਹਿਣੇ ਨੂੰ ) ਸੁਣਿਆਂ ਅਥਵਾ ਸਮਝਿਆ ਹੁੰਦਾ ਤਾਂ ( ਅਜ ) ਨਾਰਕੀਆਂ ਵਿਚ ਨਾਂ ਹੁੰਦੇ ॥ ੧੦ ॥ ਗਲ ਕਾਹਦੀ ( ਉਸ ਵੇਲੇ ਦੋਜ਼ਖੀ ) ਆਪਣਿਆਂ ਗੁਨਾਹਾਂ ਦਾ ਇਕਰਾਰ ਕਰਨਗੇ ਸੋ ਨਾਰਕੀਆਂ ਦਾ ਮੂੰਹ ਕਾਲਾ ( ਅਰ ਨੀਲੇ ਪੈਰ ) ॥ ੧੧ ॥ ਜੋ ਲੋਗ ਬਿਨਾਂ ਦੇਖਿਆਂ ਆਪਣੇ ਪਰਵਰਦਿਗਾਰ ਪਾਸੋਂ ਡਰਦੇ ਹਨ ਉਨਹਾਂ ਵਾਸਤੇ ( ਆਖਰਤ ਨੂੰ ) ਬਖਸ਼ਸ਼ ਹੈ ਅਰ ( ਬਖਸ਼ਸ਼ ਤੋਂ ਭਿੰਨ ਬੜੇ ) ਬੜੇ ਬਦਲੇ ॥ ੧੨ ॥ ਅਰ ( ਲੋਗੋ ! ) ਤੁਸੀਂ ਆਪਣੀ ਬਾਤ ਚੁਪ ਚੁਪੀਤੇ ਕਹੋ ਅਥਵਾ ਪੁਕਾਰ ਕੇ ਕਹੋ ਖੁਦਾ ਤਾਂ ( ਤੁਹਾਡੇ ) ਮਨ ਸੰਕਲਪਾਂ ਥੀਂ ਵਾਕਫ ਹੈ ॥੧੩॥ ਭਲਾ (ਹੋ ਸਕਦਾ ਹੈ ਕਿ ਖੁਦਾ) ਜੋ ਪੈਦਾ ਕਰੇ (ਵਹੀ ਆਪਣੀ ਸਰਿਸ਼ਟੀ ਦੇ ਹਾਲ ਤੋਂ) ਨਾਵਾਕਫ ਹੋਵੇ ਹਾਲਾਂ ਕਿ ਉਹ ( ਬੜਾ) ਸੂਖਮ ਦ੍ਰਿਸ਼ਟਾ ( ਅਰ ) ਜਾਣੀ ਜਾਣ ਹੈ ॥ ੧੪ ॥ ਰਕੂਹ ੧ ॥

(ਲੋਗੋ !) ਵਹੀ (ਖੁਦਾ ਤਾਂ) ਹੈ ਜਿਸਨੇ ਧਰਤੀ ਨੂੰ ਤੁਹਾਡੇ ਵਾਸਤੇ ਕੋਮਲ (ਅਰ ਪਧਰੀ) ਕਰ ਦਿਤਾ ਹੈ ਤਾਂ ਉਸ ਦੀਆਂ ਦਿਸਾਂ ਬਿਦਿਸਾਂ ਵਿਚ (ਜਿਧਰ ਚਾਹੋ) ਤੁਰੋ ਫਿਰੋ ਅਰ (ਹੋਰ) ਖੁਦਾ ਦੀ (ਦਿਤੀ ਹੋਈ) ਰੋਜ਼ੀ (ਜੋ ਧਰਤੀ ਵਿਚੋਂ ਪੈਦਾ ਹੁੰਦੀ ਹੈ ਅਨੰਦ ਨਾਲ) ਖਾਓ ( ਪੀਓ ) ਅਰ ( ਆਖਰਕਾਰ ਕਿਆਮਤ ਦੇ ਦਿਨ ਦੁਬਾਰਾ) ਉਠਕੇ ਉਸੇ ਦੀ ਤਰਫ ਜਾਣਾ ਹੈ ॥ ੧੫ ॥ (ਖੁਦਾ) ਜੋ ਆਸਮਾਨ ਵਿਚ ਹੈ ਕੀ ਤੁਸੀਂ ਉਸ ( ਦੇ ਗਜ਼ਬ ) ਪਾਸੋਂ ਡਰਦੇ ਨਹੀਂ ਕਿ ( ਕਿਤੇ ) ਧਰਤੀ ( ਨੂੰ ਦੁਲ ਦੁਲ ਬਣਾ ਕੇ ) ਤੁਹਾਨੂੰ ( ਉਸ ਵਿਚ ) ਧਸਾ ਦੇਵੇ ਅਰ ਉਹ ਪਈ ਝਕੋਲੇ ਮਾਰਿਆ ਕਰੇ ॥ ੧੬ ॥ ( ਕਿੰਬਖੁਦਾ ) ਜੋ

Digitized by Panjab Digital Library | www.panjabdigilib.org

ਆਸਮਾਨ ਵਿਚ ਹੈ ਤੁਸੀਂ ਉਸ ( ਦੇ ਗਜ਼ਬ ) ਪਾਸੋਂ ਨਹੀਂ ਡਰਦੇ ਕਿ ( ਕਿਤੇ ) ਤੁਸਾਂ ਉਪਰ ਪਾਖਾਣ ਬਰਸਾ ਦੇਵੇ ਤਾਂ ( ਖੈਰ ਜਰਾ ਸਬਰ ਕਰੋ ) ਹੁਣੇ ਹੀ ਤੁਹਾਨੂੰ ਮਾਲੂਮ ਹੋ ਜਾਵੇਗਾ ਸਾਡਾ ਡਰਾਉਣਾ ( ਤੁਹਾਡੇ ਹੱਕ ਵਿਚ ) ਕੈਸਾ ( ਹਾਨੀ ਕਾਰਕ ) ਹੋਇਆ ਹੈ ॥ ੧੭ ॥ ਅਰ ਜੋ ਲੋਗ ਏਨਹਾਂ ਨਾਲੋਂ ਪਹਿਲੋਂ ਹੋ ਚੁਕੇ ਹਨ ਉਨਹਾਂ ਨੇ ਭੀ ( ਸਾਡਿਆਂ ਪੈਯੰਬਰਾਂ ਨੂੰ ) ਝੁਠਿਆਰਿਆ ਸੀ ਤਾਂ ( ਹੇ ਪੈਯੰਬਰ ਤੁਸਾਂ ਨੇ ਦੇਖਿਆ ਕਿ ) ਸਾਡੀ ਨਾਂ ਖੁਸ਼ੀ ( ਉਨਹਾਂ ਦੇ ਹੱਕ ਵਿਚ ) ਕੈਸੀ ( ਤਬਾਹੀ ਦਾ ਕਾਰਨ ) ਹੋਈ ( ਕਿ ਸਾਰੇ ਹੀ ਹਲਾਕ ਹੋ ਗਏ ) ॥ ੧੮ ॥ ਕੀ ਏਨਹਾਂ ਲੋਗਾਂ ਨੇ ਪੰਛੀਆਂ ਉਪਰ ਦਰਿਸ਼ਟੀ ਨਹੀਂ ਦਿਤੀ ਜੋ ਏਹਨਾਂ ( ਦਿਆਂ ਸਿਰਾਂ ) ਉਪਰ ( ਉਡਦੇ ਰਹਿੰਦੇ ਹਨ ਉਹ ਕਦੇ ਆਪਣੇ ਪੰਖ ) ਫੈਲਾਂ ਦੇਂਦੇ ਹਨ ਅਰ ( ਕਦੇ ) ਸਕੇੜ ਲੈਂਦੇ ਹਨ ( ਦੋਹਾਂ ਹਾਲਤਾਂ ਵਿਚ ਖੁਦਾ ) ਰਹਿਮਾਨ ਹੀ ਉਨਹਾਂ ਨੂੰ ( ਹਵਾ ਉਪਰ ) ਥੰਮੀ ਰਖਦਾ ਹੈ ਨਿਰਸੰਦੇਹ ਵਹੀ ਸਰਬ ਵਸਤੂਆਂ ਦੇ ( ਹਾਲ ) ਦਾ ਰਾਖਾ ਹੈ ॥ ੧੯ ॥ ( ਲੋਗੋ ! ) ਭਲਾ ਖੁਦਾਇ ਰਹਿਮਾਨ ਦੇ ਸਿਵਾ ਐਸਾ ਕੌਣ ਹੈ ਜੋ ਤੁਹਾਡਾ ( ਲਾਂ ) ਲਸ਼ਕਰ ਬਣ ਕੇ ਤੁਹਾਡੀ ਸਹਾਇਤਾ ਕਰੇ ( ਨਿਰਸੰਦੇਹ ) ਕਾਫਰ ਤਾਂ ਬਸ ਨਿਰੇ ਧੋਖੇ ( ਹੀ ਧੋਖੇ) ਵਿਚ ਹਨ ॥ ੨੦ ॥ ( ਅਰ ) ਯਦੀ ਖੁਦਾ ਆਪਣਾ ਰਿਜ਼ਕ ਰੋਕ ਲਵੇ ਤਾਂ ਭਲਾ ਐਸਾ ਕੌਣ ਹੈ ਜੋ ਤੁਹਾਨੂੰ ਰੋਜ਼ੀ ਪਹੁੰਚਾ ਦੇਵੇ ? ਪਰੰਤੂ ਕਾਫਰ ਤਾਂ ( ਬੇਮੁਖਤਾਈ ) ਅਰ ( ਸਚ ਪਾਸੋਂ ) ਭਜਣ ਉਪਰ ਅੜੇ ਬੈਠੇ ਹਨ ॥ ੨੧ ॥ ਤਾਂ ਕੀ ਜੋ ਆਦਮੀ ਆਪਣਾ ਮੂੰਹ ਊਂਧਾ ਕਰਕੇ ਤੁਰੇ ਉਹ ਜ਼ਿਆਦਾ ਸਤਮਾਰਗੀ ( ਹੋ ਸਕਦਾ ) ਹੈ ਅਥਵਾ ਉਹ ਆਦਮੀ ਜੋ ਸਿਧ ( ਆਕੜਿਆ ਹੋਇਆ ) ਸਚੇ ਮਾਰਗ ਉਪਰ ਚਲਿਆ ਜਾਂਦਾ ਹੈ ॥ ੨੨ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਉਹ ( ਖੁਦਾ ) ਹੀ ਤਾਂ ਹੈ ਜਿਸਨੇ ਤੁਹਾਨੂੰ ਪੈਦਾ ਕੀਤਾ ਅਰ ਤੁਹਾਡੇ ਵਾਸਤੇ ( ਸੁਨਣ ਵਾਸਤੇ ) ਕੰਨ ਅਰ (ਦੇਖਣ ਵਾਸਤੇ) ਅਖੀਆਂ ਅਰ (ਸਮਝਣ ਵਾਸਤੇ) ਦਿਲ ਬਨਾਏ (ਪਰੰਤੂ) ਤੁਸੀਂ ਲੋਗ ਬਹੁਤ ਹੀ ਘਟ ਉਸਦਾ ਧੰਨਵਾਦ ਕਰਦੇ ਹੋ ॥ ੨੩ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਓਹ ( ਖੁਦਾ ) ਹੀ ਤਾਂ ਹੈ ਜਿਸ ਨੇ ਤੁਹਾਨੂੰ ਪ੍ਰਿਥਵੀ ( ਮਾਤ੍ਰ ) ਉਪਰ ( ਚਾਰ ਚੁਫੇਰੇ ) ਫੈਲਾ ਦਿਤਾ ਹੈ ਅਰ ( ਪ੍ਰਲੈ ਦੇ ਦਿਨ ) ਓਸ ਦੇ ਹਜ਼ੂਰ ਤੁਸੀਂ ( ਸਾਰੇ ) ਇਕਤਰ ਕੀਤੇ ਜਾਓਗੇ ॥ ੨੪ ॥ ਅਰ ( ਕਾਫਰ ਮੁਸਲਮਾਨਾਂ ਨੂੰ ) ਕਹਿੰਦੇ ਹਨ ਕਿ ਯਦੀ ਤੁਸੀਂ ( ਆਪਣੇ ਪਖ ਵਿਚ ) ਸਚੇ ਹੋ ਤਾਂ ਏਹ ( ਪ੍ਰਲ ਦੀ ) ਪ੍ਰਤਗਜਾ ਕਦੋਂ ( ਪੂਰੀ ) ਹੋਵੇਗੀ ॥ ੨੫ ॥ ( ਹੇ ਪੈਯੰਬਰ ਏਹਨਾਂ ਲੋਗਾਂ

Digitized by Panjab Digital Library | www.panjabdigilib.org

ਨੂੰ ) ਉੱਤਰ ਦਿਓ ਕਿ ( ਏਸ ਦਾ ) ਗਿਜਾਨ ਤਾਂ ਖ਼ੁਦਾ ਨੂੰ ਹੀ ਹੈ ਅਰ ਮੈਂ ਤਾਂ (ਲੋਗਾਂ ਨੂੰ) ਸਾਫ਼ ਤੌਰ ਨਾਲ ( ਆਖ਼ਰਤ ਦੇ ਭੈ ਥੀਂ ) ਸਭੈ ਕਰਨੇ ਵਾਲਾ ਹਾਂ ਹੋਰ ਬਸ ॥ ੨੬ ॥ ਫੇਰ ਜਦੋਂ ਓਸ ( ਪਰਲੈ ਦੇ ਦਿਨ ) ਨੂੰ ਦੇਖਣਗੇ ਕਿ ਨੇੜੇ ਥੀਂ ਨੇੜੇ ਆ ਲਗਾ ਤਾਂ ( ਮਾਰੇ ਰੰਜ ਤਥਾ ਹੈਬਤ ਦੇ ਏਹਨਾਂ ) ਕਾਫ਼ਰਾਂ ਦੀਆਂ ਸ਼ਕਲਾਂ ਬਿਗੜ ਜਾਣਗੀਆਂ ਅਰ ( ਏਹਨਾਂ ਨੂੰ ) ਕਹਿਆ ਜਾਵੇਗਾ ਕਿ ਏਹੋ ਓਹ ( ਅਜ਼ਾਬ ) ਹੈ ਜਿਸ ਦੀ ਤੁਸੀਂ ਅਭਿਲਾਖਾ ਕਰਿਆ ਕਰਦੇ ਸੀ ॥ ੨੭ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਭਲਾ ਦੇਖੋ ਤਾਂ ( ਸਹੀ ) ਯਦੀ ਅੱਲਾ ਮੈਨੂੰ ਅਰ ਜੋ ਲੋਗ ਮੇਰੇ ਸੰਗੀ ਹਨ ਉਨਹਾਂ ਨੂੰ ਰੁਲਾ ਕੇ ਮਾਰੇ ਅਥਵਾ ਸਾਡੇ ਹਾਲ ਤੇ ਰਹਿਮ ਕਰੇ ਤਾਂ ਭੀ ਕੋਈ ਹੈ ਜੋ ਕਾਫ਼ਰਾਂ ਨੂੰ ( ਆਖ਼ਰਤ ਦੇ ) ਭਿਆਣਕ ਕਸ਼ ਤੋਂ ਬਚਾ ( ਸਕੇ ) ? ॥ ੨੮ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹਿ ਦਿਓ ਕਿ ਉਹੀ ( ਖ਼ੁਦਾ ) ਰਹਿਮ ਕਰਨੇ ਵਾਲਾ ਹੈ ਅਸਾਂ ਉਸ ਉਪਰ ਈਮਾਨ ਧਾਰਿਆ ਹੈ ਅਰ ਉਸੇ ਉਪਰ ਸਾਡਾ ਭਰੋਸਾ ਹੈ ਤਾਂ ਸ਼ੀਘਰ ਹੀ ਤੁਹਾਨੂੰ ਮਲੂਮ ਹੋ ਜਾਵੇਗਾ ਕਿ ( ਅਸਾਂ ਦੋਹਾਂ ਟੋਲਿਆਂ ਵਿਚੋਂ ) ਕੌਣ ਪਰਤੱਛ ਗੁਮਰਾਹੀ ਵਿਚ ਸੀ ॥ ੨੯ ॥ ( ਹੇ ਪੈਯੰਬਰ ਏਨਹਾਂ ਲੋਗਾਂ ਨੂੰ ) ਕਹੋ ਕਿ ਭਲਾ ਦੇਖੋ ਤਾਂ ( ਸਹੀ ਕਿ ਇਹ ) ਤੁਹਾਡਾ ਪਾਣੀ ( ਜੋ ਤੁਸੀਂ ਪੀਂਦੇ ਹੋ ) ਯਦੀ ( ਧਰਤੀ ਦੇ ) ਅੰਦਰ ਵੜ ਜਾਵੇ ਤਾਂ ਕੌਣ ਤੁਹਾਡੇ ਵਾਸਤੇ ਪਾਣੀ ਦੇ ਸੋਮੇ ਲਿਆ ਵਗਾਵੇਗਾ ॥ ੩੦ ॥ ਰੁਕੂਹ ੨ ॥

## ਸੂਰਤ ਕ਼ਲਮ ਮਕੇ ਵਿਚ ਉਤਰੀ ਅਰ ਏਸ ਦੀਆਂ ਬਵੰਜਾ ਆਇਤਾਂ ਅਰ ਦੋ ਰੁਕੂਹ ਹਨ

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ਅਰ ਕ੍ਰਿਪਾਲੂ ( ਹੈ ) ਨਾ ( ਨੂਨ ) ( ਹੇ ਪੈਯੰਬਰ ) ਲੇਖਣੀ ਦੀ ਸੌਗੰਧ ਅਰ ਲੋਗਾਂ ਦੇ ਲਿਖਣੇ ਦੀ ( ਸੌਗੰਧ ) ॥ ੧ ॥ ਕਿ ਤੁਸੀਂ ਆਪਣੇ ਪਰਵਰਦਿਗਾਰ ਦੇ ਫ਼ਜ਼ਲ ( ਪ੍ਰਤਾਪ ) ਨਾਲ ( ਕਦਾਪਿ ) ਦੀਵਾਨੇ ਨਹੀਂ ਹੋ ( ਜੈਸਾ ਕਿ ਕਾਫ਼ਰ ਕਹਿੰਦੇ ਹਨ ) ॥ ੨ ॥ ਅਰ ਨਿਰਸੰਦੇਹ ( ਪ੍ਰਚਾਰ ਦੇ ਪ੍ਰਤੀਨਿਧੀ ਵਿਚ ) ਤੁਹਾਨੂੰ ( ਐਸਾ ) ਬਦਲਾ ( ਮਿਲਣ ਵਾਲਾ ) ਹੈ ( ਜਿਸਦਾ ਸਿਲਸਿਲਾ ਕਦੇ ) ਟੁਟੇਗਾ ( ਹੀ ) ਨਹੀਂ ॥ ੩ ॥ ਅਰ ਨਿਰਸੰਦੇਹ ਤੁਹਾਡੇ ਇਖ਼ਲਾਕ ਅਲਬਤਾ ਬੜੇ ( ਮਹਾਂ ) ਹਨ ॥ ੪ ॥ ਸੋ ਝਬ ਦੇ ਹੀ ( ਤੁਸੀਂ ਭੀ ) ਦੇਖ ਲਓਗੇ ਅਰ ( ਇਹ ਕਾਫ਼ਰ ਭੀ ) ਦੇਖ ਲੈਣਗੇ ॥ ੫ ॥ ਕਿ ਤੁਹਾਡੇ ਵਿਚੋਂ ਕਿਸ ਨੂੰ ਉਨਮਾਦ ਹੈ ॥ ੬ ॥ ( ਹੇ ਪੈਯੰਬਰ ) ਨਿਰਸੰਦੇਹ

Digitized by Panjab Digital Library | www.panjabdigilib.org

ਤੁਹਾਡਾ ਪਰਵਰਦਿਗਾਰ ਹੀ ਉਨਹਾਂ ਲੋਗਾਂ ਨੂੰ ਖ਼ੂਬ ਜਾਣਦਾ ਹੈ ਜੋ ਉਸ ਦੇ ਰਸਤਿਓਂ ਭਟਕੇ ਹੋਏ ਹਨ ਅਰ ਵਹੀ ਉਨਹਾਂ ਨੂੰ ਭੀ ਖ਼ੂਬ ਜਾਣਦਾ ਹੈ ਜੋ ਸਚੇ ਮਾਰਗ ਉਪਰ ਹਨ ॥ ੭ ॥ ਤਾਂ ( ਹੇ ਪੈਯੰਬਰ ਕਿਤੇ ) ਝੁਠਿਆਰਨ ਵਾਲਿਆਂ ਦੇ ਆਖੇ ਨਾ ਲਗ ਜਾਣਾ ॥ ੮ ॥ ਇਹ ਤਾਂ ਇਹੋ ਚਾਹੁੰਦੇ ਹਨ ਕਿ ਤੁਸੀਂ ਨਰਮ ਹੋ ਜਾਓ ਤਾਂ ਇਹ ਭੀ ਨਰਮ ਪੈ ਜਾਣ ॥ ੯ ॥ ਅਰ ਤੁਸਾਂ ਕਿਸੇ ( ਐਸੇ ਨਾ ਬਕਾਰ ) ਦੇ ਕਹੇ ਵਿਚ ( ਭੀ ) ਨਾ ਆ ਜਾਣਾ ਜੋ ਬਹੁਤ ਸੌਗੰਧਾਂ ਖਾਂਦਾ ਹੈ ( ਅਰ ) ਕਮੀਨਾ ਹੈ ॥ ੧੦ ॥੧੧॥( ਲੋਗਾਂ ਉਪਰ ) ਆ-ਵਾਜੇ ਕਸਿਆ ਕਰਦਾ ਹੈ ( ਏਧਰ ਦੀਆਂ ਓਧਰ ਓਧਰ ਦੀਆਂ ਏਧਰ ) ਚੁਗਲੀਆਂ ਕਰਦਾ ਫਿਰਦਾ ਹੈ ॥ ੧੨ ॥ ਚੰਗਿਆਂ ਕੰਮਾਂ ਤੋਂ ( ਲੋਗਾਂ ਨੂੰ ) ਰੋਕਦਾ ਰਹਿੰਦਾ ਹੈ ( ਮਨੁਸ਼ਤਾ ).ਦੀ ਸੀਮਾਂ ਨੂੰ ਟਪ ਗਇਆ ਹੈ ॥ ੧੩ ॥ ਬਦ ਹੈ ( ਅਰ ) ਅਖੜ ਹੈ ( ਅਰ ) ਏਹਨਾ ( ਐਬਾਂ ) ਤੋਂ ਸਿਵਾ ਬਦ ਅਸਲ ਭੀ ਹੈ ॥ ੧੪ ॥ ਜਦੋਂ ਸਾਡੀਆਂ ਆਇਤਾਂ ਉਸ ਨੂੰ ਪੜ੍ਹ ਕੇ ਸੁਣਾਈਆਂ ਜਾਂਦੀਆਂ ਹਨ ਤਾਂ ਏਸ ( ਬਰਤੇ ) ਉਪਰ ਕਿ ਮਾਲ ਅਰ ( ਬਹੁਤ ਸਾਰੇ ) ਬੇਟੇ ਰਖਦਾ ਹੈ ਬੋਲ ਉਠਦਾ ਹੈ ਕਿ ਇਹ ਅਗਲਿਆਂ ਲੋਗਾਂ ਦੇ ਢਕੋਂ-ਸਲੇ ਹਨ ॥੧੫॥ (ਜਰਾ ਸਬਰ ਕਰੇ) ਅਸੀਂ ਸਮੀਪ ਉਸ ਦੀ ਨਕ (ਸੂਨੀ) ਉਪਰ ਦਾਗ ਲਗਾਵਾਂਗੇ ॥ ੧੬ ॥ ( ਹੇ ਪੈਯੰਬਰ ) ਜਿਸ ਪ੍ਰਕਾਰ ਅਸਾਂ ਨੇ ( ਇਕ ) ਬਾਗ ਵਾਲਿਆਂ ਨੂੰ ਅਜ਼ਮਾਇਆ ਸੀ ਇਸੀ ਪ੍ਰਕਾਰ ਅਸਾਂ ਨੇ ਇਹਨਾਂ ( ਕਾਵਰਾਂ ) ਨੂੰ ਭੀ ਅਜ਼ਮਾਇਆ ਹੈ ਕਿ ਉਨ੍ਹਾਂ ਬਾਗ ਵਾਲਿਆਂ ਨੇ ਕਸਮਾਂ ਕਰ ੨ ਕੇ ਕਹਿਆ ਕਿ ਪ੍ਰਾਤਾਕਾਲ ਹੁੰਦਿਆਂ ਹੀ ਅਸੀਂ ਏਸ ਦੇ ਫਲ ਜਰੂਰ ਤੋੜ ਲਵਾਂਗੇ ॥ ੧੭ ॥ ਅਰ ( ਉਹਨਾਂ ਨੂੰ ਐਸਾ ਯਕੀਨ ਸੀ ਕਿ) ਇਨਸ਼ਾ ਅੱਲਾ (ਯਦੀ ਭਗਵਾਨ ਦੀ ਇਛਾ ਹੋਈ) ਭੀ ਨਾ ਕਹਿਆ ॥ ੧੮ ॥ ਤਾਂ ਏਹ ਸੁਤੇ ਦੇ ਸੁਤੇ ਹੀ ਰਹਿ ( ਗਏ ) ਕਿ ਤੁਹਾਡੇ ਪਰਵਰਦਿਗਾਰ ਦੀ ਤਰਫ਼ੋਂ ਇਕ ਬਲਾ (ਅੱਚਨਚੇਤ ਨਾਜ਼ਲ ਹੋਈ ਅਰ ਏਸ ਸਿਰਿਓਂ ਉਸ ਸਿਰੇ ਤਕ ) ਬਾਗ ਉਪਰ ਫਿਰ ਗਈ ॥ ੧੯ ॥ ਅਰ ਪ੍ਰਾਤਾਕਾਲ ਹੁੰਦਿਆਂ ੨ ਉਹ ਐਸੇ (ਖਾਲੀ) ਹੋ ਗਇਆ ਜੈਸੇ ਕੋਈ ਸਾਰੇ ਫਲ ਤੋੜ ਕੇ ਲੈ ਗਇਆ ਹੋਵੇ ॥ ੨੦ ॥ ਅਰ (ਏਧਰ)ਏਹਨਾਂ ਲੋਗਾਂ ਨੇ ਪ੍ਰਾਤਾਕਾਲ ਹੁੰਦਿਆਂ ੨ ਇਕ ਦੂਸਰੇ ਨੂੰ ਅਵਾਜ਼ ਮਾਰੀ ॥ ੨੧ ॥ ਕਿ ਯਦੀ ਤੁਸਾਂ ਫਲ ਤੋੜਨੇ ਹਨ ਤਾਂ ਸਵੇਰੇ ਹੀ ਆਪਣੇ ਬਾਗ ਵਿਚ ਜਾ ਪਹੁੰਚੋ ॥ ੨੨ ॥ ਅਤ ਏਵ ( ਉਹ ਸਾਰੇ ਲੋਗ ਹੀ ) ਰਵਾਨਾ ਹੋਏ ਅਰ ਆਪੋ ਵਿਚ ਚੁਪ ਚੁਪਾਤੇ ਕਹਿੰਦੇ ਜਾਂਦੇ ਸਨ ॥ ੨੩ ॥ ਕਿ (ਦੇਖਣਾ) ਅਜ ਕੋਈ ਮੁਹਤਾਜ ਤੁਹਾਡੇ ਤਾਈਂ ਬਾਗ ਅੰਦਰ ਨਾ ਲੰਘਣਾ ਪਾਵੇ (ਨਹੀਂ ਤੇ ਉਸ ਨੂੰ ਕੁਛ ਦੇਣਾ ਪਵੇਗਾ)॥ ੨੪ ॥ ( ਅਤ ਏਵ ਆਪਣੇ ਮਨੋਂ )

Digitized by Panjab Digital Library | www.panjabdigilib.org

ਇਹ ਸਮਝ ਕਰਕੇ ਕਿ ਬਸ ਹੁਣ ਜਾਂਦੇ ਹੀ ਫਲ ਤੋੜ ਲਵਾਂਗੇ ਬੜੇ ਪ੍ਰਬੰਧ ਦੇ ਨਾਲ ਬਹੁਤ ਸਵੇਰੇ ਜਾ ਪਹੁੰਚੇ ॥ ੨੫ ॥ ਫੇਰ ਜਦੋਂ ਬਾਗ ਨੂੰ ਦੇਖਿਆ ਤਾਂ (ਐਸਾ ਉਜੜਿਆ ਪਿਆ ਸੀ ਕਿ ਪ੍ਰੀਖਜਾ ਨਾ ਕਰ ਸਕੇ ਅਰ) ਲਗੇ ਕਹਿਣ ਕਿ ਜਾਣੇ ਰੱਬ ਅਸੀਂ (ਤਾਂ ਰਸਤਾ) ਭੁਲ ਗਏ ॥ ੨੬ ॥ (ਫੇਰ ਸੋਚੇ ਤਾਂ ਬੋਲੇ ਨਹੀਂ ਰਸਤਾ ਨਹੀਂ ਭੁਲ ਗਏ) ਪ੍ਰਤਯੁਤ ਸਾਡੇ ਭਾਗ ਫੁਟ ਗਏ ॥ ੨੭ ॥ ਉਨ੍ਹਾਂ ਵਿਚੋਂ ਜੋ ਭਲਾ (ਲੋਕ) ਸੀ ਲਗਾ ਕਹਿਣ ਕੀ ਮੈਂ ਤੁਹਾਨੂੰ ਨਹੀਂ ਕਿਹਾ ਕਰਦਾ ਸਾਂ ਕਿ ਖ਼ੁਦਾ (ਦਾ ਸ਼ੁਕਰ ਅਰ ਉਸ) ਦੀ ਮਹਿਮਾਂ (ਤਥਾ ਉਪਮਾਂ) ਕਿਉਂ ਨਹੀਂ ਕਰਦੇ ? ॥ ੨੮ ॥ (ਸੋ ਹੁਣ ਉਹ) ਬੋਲ ਉਠੇ ਕਿ ਸਾਡਾ ਪਰਵਰਦਿਗਾਰ ਪਵਿਤ੍ਰ (ਰੂਪ) ਹੈ ਨਿਰਸੰਦੇਹ ਅਸੀਂ ਹੀ ਕਸੂਰਵਾਰ ਥੇ ॥ ੨੯ ॥ (ਅਰ) ਹੁਣ ਲਗਾ ਇਕ ਦੇ ਮੂੰਹ ਪਰ ਦੂਜਾ ਮੁਲਾਮਤ ਕਰਨ ॥ ੩੦ ॥ (ਅੰਤ ਨੂੰ ਸਾਰੇ) ਬੋਲ ਪਏ ਹਾਏ ! ਸਾਡੇ ਭਾਗ ਖੋਟੇ ਨਿਰਸੰਦੇਹ ਅਸੀਂ ਹੀ ਸੀਮਾਂ ਉਲੰਘਣ ਕਰ ਗਏ ਸੀ ॥ ੩੧ ॥ ਅਚਰਜ ਨਹੀਂ ਸਾਡਾ ਪਰਵਰਦਿਗਾਰ ਏਸ (ਬਾਗ) ਦੇ ਬਦਲੇ ਵਿਚ ਸਾਨੂੰ ਏਸ ਨਾਲੋਂ ਉੱਤਮ (ਬਾਗ) ਪਰਦਾਨ ਕਰੇ (ਹੁਣ) ਅਸੀਂ ਆਪਣੇ ਪਰਵਰਦਿਗਾਰ ਦੀ ਤਰਫ ਧਿਆਨ ਧਰਿਆ ॥ ੩੨ ॥ (ਹੇ ਪੈਯੰਬਰ ਜੋ ਨਾਸ਼ੁਕਰੀ ਕਰਦੇ ਹਨ ਉਨਹਾਂ ਉਪਰ ਸੰਸਾਰ ਵਿਚ) ਐਸਾ ਹੀ ਦੁਖ (ਪ੍ਰਾਪਤ ਹੋਇਆ ਕਰਦਾ) ਹੈ ਅਰ ਪ੍ਰਲੈ ਦਾ ਕਸ਼ਟ ਤਾਂ (ਏਸ ਨਾਲੋਂ) ਕਈ ਗੁਣਾਂ ਵਧਕੇ ਹੈ ਹਾਇ ਰੱਬਾ ! (ਏਸ ਸਮੇਂ ਦੇ ਕਾਫਰ) ਸਮਝਦੇ ਹੁੰਦੇ ॥ ੩੩ ॥ ਰੁਕੂਹ ੧ ॥

ਨਿਰਸੰਦੇਹ ਪਰਹੇਜ਼ਗਾਰਾਂ ਵਾਸਤੇ ਉਨਹਾਂ ਦੇ ਪਰਵਰਦਿਗਾਰ ਦੇ ਪਾਸ ਏਥੇ (ਸਵਰਗ ਦੇ ਸਵਾਦ ਅਰ) ਸਵਾਦੂ ਬਾਗ ਹਨ ॥ ੩੪ ॥ ਕੀ ਅਸੀਂ (ਆਪਣਿਆਂ) ਫਰਮਾਂ ਬਰਦਾਰਾਂ ਬੰਦਿਆਂ ਨੂੰ ਗੁਨਹਾਂਗਾਰਾਂ ਦੇ ਬਰਾਬਰ ਕਰ ਦੇਵਾਂਗੇ ? ॥ ੩੫ ॥ ਤੁਸਾਂ ਲੋਗਾਂ ਨੂੰ ਕੀ (ਹੋ ਗਇਆ ਹੈ) ਕੈਸੇ (ਬੇ ਤੁਕੇ) ਹੁਕਮ ਲਗਾ ਦੇਂਦੇ ਹੋ ॥ ੩੬ ॥ ਕੀ ਤੁਹਾਡੇ ਪਾਸ ਕੋਈ (ਆਸਮਾਨੀ) ਕਿਤਾਬ ਹੈ ਅਰ ਉਸ ਵਿਚੋਂ ਪੜ੍ਹਦੇ ਹੋ ॥ ੩੭ ॥ ਕਿ ਜੋ ਤੁਸੀਂ ਪਸੰਦ ਕਰੋਗੇ ਆਖਰਤ ਵਿਚ ਓਹਾ ਤੁਹਾਨੂੰ ਮਿਲੇਗਾ ॥ ੩੮ ॥ ਅਥਵਾ ਤੁਸਾਂ ਸਾਡੇ ਨਾਲ ਕਸਮਾਂ ਖਾ ਛਡੀਆਂ ਹਨ ਜੋ ਕਿਆਮਤ ਦੇ ਦਿਨ ਤਕ ਤੁਰੀਆਂ ਜਾਣਗੀਆਂ ਕਿ ਤੁਸੀਂ ਜਿਸ ਚੀਜ ਦੀ ਵਿਡੀ (ਫੁਰਮਾਇਸ਼) ਪਾਓਗੇ ਓਹਾ ਤੁਹਾਡੇ ਵਾਸਤੇ (ਆਖਰਤ ਵਿਚ ਮੌਜੂਦ ਕਰ ਦਿਤੀ ਜਾਵੇ ਗੀ) ॥ ੩੯ ॥ (ਹੇ ਪੈਯੰਬਰ) ਏਹਨਾਂ ਲੋਗਾਂ ਪਾਸੋਂ ਪੁਛ ਕਿ ਏਹਨਾਂ ਵਿਚੋਂ ਕੌਣ ਏਸ ਦਾ ਜ਼ਿੰਮਾ ਲੈਂਦਾ ਹੈ ॥ ੪੦ ॥ ਅਥਵਾ ਏਹਨਾਂ ਨੇ (ਖ਼ੁਦਾ ਦੇ) ਸ਼ਰੀਕ ਠਹਿਰਾ ਰਖੇ ਹਨ (ਅਰ ਉਹ ਜਿੰਮੇਦਾਰ ਬਣਦੇ ਹਨ) ਬਸ ਯਦੀ (ਆਪਣੇ ਪਖ

Digitized by Panjab Digital Library | www.panjabdigilib.org

ਵਿਚ ) ਸਚੇ ਹੋ ਤਾਂ ਆਪਣਿਆਂ ( ਉਨਹਾਂ ) ਸ਼ਰੀਕਾਂ ਨੂੰ ਲਿਆ ਹਾਜਰ ਕਰੋ ॥ ੪੧ ॥ ਜਿਸ ਦਿਨ ਪਰਦਾ ਚੁਕਿਆ ਜਾਵੇਗਾ ਅਰ ਲੋਗ ਸਜਦੇ ਵਾਸਤੇ ਬਲਾਏ ਜਾਣਗੇ ਤਾਂ ( ਸਜਦਾ ) ਨਾ ਕਰ ਸਕਣਗੇ ( ਮਾਰੇ ਸ਼ਰਮਿੰਦਗੀ ਦੇ ) ॥ ੪੨ ॥ ਉਨਹਾਂ ਦੀਆਂ ਅਖੀਆਂ ਨੀਵੀਆਂ ਹੋਣਗੀਆਂ ( ਅਰ ) ਜ਼ਿਲਤ ਉਨਹਾਂ ( ਦਿਆਂ ਮੂੰਹਾਂ ) ਉਪਰ ਛਾ ਰਹੀ ਹੋਵੇਗੀ ਅਰ ( ਸੰਸਾਰ ਵਿਚ ) ਉਨਹਾਂ ਨੂੰ ਸਜਦੇ ਵਲ ਣੁਲਾਇਆ ਜਾਂਦਾ ਸੀ ਅਰ ਉਸ ਵੇਲੇ ਏਹ ਲੋਗ ਭਲੇ ਚੰਗੇ ਭੀ ਸਨ ( ਪਰੰਤੂ ਸ਼ਰਾਰਤ ਨਾਲ ਝੁਕਦੇ ਨਹੀਂ ਸਨ ) ॥ ੪੩ ॥ ਤਾਂ ( ਹੇ ਪੈਯੰਬਰ ) ਸਾਨੂੰ ਅਰ ਉਨਹਾਂ ਲੋਗਾਂ ਨੂੰ ਜੋ ( ਸਾਡੀ ) ਏਸ ਕਲਾਮ ਨੂੰ ਝੁਠਿਆਰਦੇ ਹਨ ( ਆਪੇ ਆਪਣੇ ਹਾਲ ਉਪਰ ) ਰਹਿਣ ਦਿਓ ( ਅਸੀਂ ਆਪੇ ਏਹਨਾਂ ਨਾਲ ਭੁਗਤ ਲਵਾਂਗੇ ) ਕਿ ਅਸੀਂ ਐਸੀ ਰੀਤੀ ਨਾਲ ਕਿ ਇਨਹਾਂ ਨੂੰ ਖਬਰ ਭੀ ਨਾ ਹੋਵੇ ਸਨੇ ਸਨੇ ਏਹਨਾਂ ਨੂੰ ( ਜਹੰਨਮ ਦੀ ਤਰਫ ) ਘਸੀਟਦੇ ॥ ੪੪ ॥ ਅਰ ਏਹਨਾਂ ਨੂੰ ਢਿਲ ਦੇਂਦੇ ਚਲੇ ਜਾ ਰਹੇ ਹਾਂ ਨਿਰਸੰਦੇਹ ਸਾਡਾ ਦਾਓ ( ਬੜਾ ) ਪੱਕਾ ( ਦਾਓ ) ਹੈ ( ਕਿ ਉਹ ਟੁਟ ਹੀ ਨਹੀਂ ਸਕਦਾ ) ॥ ੪੫ ॥ ( ਹੇ ਪੈਯੰਬਰ ) ਕੀ ਤੁਸੀਂ ਏਹਨਾਂ ਪਾਸੋਂ ( ਉਪਦੇਸ਼ ਦੀ ) ਕੋਈ ਮਜਦੂਰੀ ਮੰਗਦੇ ਹੋ ? ਕਿ ਏਹ ( ਉਸ ) ਚਟੀ ਚੀਰੇ ( ਦੇ ਬੋਝ ) ਨਾਲ ਦਬੇ ਜਾਂਦੇ ਹਨ ॥ ੪੬ ॥ ਅਥਵਾ ਏਹਨਾਂ ਦੇ ਪਾਸ ਗੈਬ ( ਦੀਆਂ ਖਬਰਾਂ ਆਉਂਦੀਆਂ ) ਹਨ ? ਅਰ ਏਹ ( ਉਨਹਾਂ ਨੂੰ ) ਲਿਖ ਲੀਤਾ ਕਰਦੇ ਹਨ ॥ ੪੭ ॥ ਤਾਂ ( ਹੇ ਪੈਯੰਬਰ ) ਆਪਣੇ ਪਰਵਰਦਿਗਾਰ ਦੀ ਆਗਿਆ ਦੀ ਉਡੀਕ ਵਿਚ ਸਬਰ ਕਰਕੇ ( ਬੈਠੇ ) ਰਹੋ ਅਰ ਜ਼ੂਉਲਨੂਨ ( ਅਰਥਾਤ ਯੂਨਸ ) ਦੀ ਤਰਹਾਂ ( ਥੋਹੜੇ ਦਿਲ ਵਾਲੇ ) ਨਾ ਬਨੋ ਕਿ ਉਹਨਾਂ ਨੇ ਤੰਗ ਦਿਲ ਹੋ ਕੇ ( ਖੁਦਾ ਦਾ ) ਅਰਾਧਨ ਕੀਤਾ ॥ ੪੮ ॥ ਯਦੀ ਉਹਨਾਂ ਦੇ ਪਰਵਰਦਿਗਾਰ ਦਾ ਫਜ਼ਲ ਉਨਹਾਂ ਦੀ ਬਾਂਹ ਨਾਂ ਫੜਦਾ ਤਾਂ ਬੁਰੇ ਹਾਲ ਨਾਲ ਚਟੀਲ ਮੈਦਾਨ ਵਿਚ ਸਿਟ ਦਿਤੇ ਗਏ ਹੁੰਦੇ ॥ ੪੯ ॥ ਪਰੰਤੂ ਉਹਨਾਂ ਦੇ ਪਰਵਰਦਿਗਾਰ ਨੇ ਉਹਨਾਂ ਨੂੰ ਨਿਵਾਜਿਆ ਅਰ ਉਨਹਾਂ ਨੂੰ ( ਆਪਣਿਆਂ ) ਨੇਕ ਬੰਦਿਆਂ ਵਿਚ ( ਫੇਰ ਸ਼ਾਮਿਲ ) ਕੀਤਾ ॥ ੫੦ ॥ ਅਰ ( ਹੇ ਪੈਯੰਬਰ ) ਕਾਫਰ ਜਦੋਂ ਕੁਰਾਨ ਸੁਣਦੇ ਹਨ ਤਾਂ ਐਸੇ ਪਰਤੀਤ ਹੁੰਦਾ ਹੈ ਕਿ ( ਤੁਹਾਨੂੰ ) ਘੂਰ ੨ ਕੇ ( ਖੁਦਾ ਦੇ ਰਸਤਿਓਂ ) ਖਿਸਕਾ ਦੇਣਗੇ ਅਰ ਕਹਿੰਦੇ ਹਨ ਕਿ ਏਹ ( ਆਦਮੀ ) ਤਾਂ ( ਇਕ ) ਉਨਮਾਦੀ ਹੈ ॥ ੫੧ ॥ ਹਾਲਾਂ ਕਿ ਇਹ ( ਕੁਰਾਨ ਜੋ ਤੁਸੀਂ ਏਹਨਾਂ ਨੂੰ ਸੁਣਾਉਂਦੇ ਹੋ ) ਸਾਰੇ ਸੰਸਾਰ ਦੇ ( ਲੋਗਾਂ ਵਾਸਤੇ ) ਸਿਖਿਆ ਹੈ ਹੋਰ ਬਸ ॥ ੫੨ ॥ ਰੁਕੂਹ ੨ ॥ ਪਾਦ ੧ ॥

Digitized by Panjab Digital Library | www.panjabdigilib.org

# ਸੂਰਤ ਹਾਕ੍ਹਾ ਮਕੇ ਵਿਚ ਉਤਰੀ ਅਰ ਇਸ ਦੀਆਂ ਬਵਿੰਜਾ ਆਇਤਾਂ ਅਰ ਦੋ ਰੁਕੂਹ ਹਨ।

(ਅਰੰਭ) ਅਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰਪਾਲੂ (ਹੈ) ਹੋਣ ਵਾਲੀ ॥ ੧ ॥ (ਅਰ) ਹੋਣੀ ਹੈ ਕੀ ਵਸਤੂ ? ॥ ੨ ॥ ਅਰ (ਹੇ ਪੈਯੰਬਰ) ਤੁਸੀਂ ਕੀ ਸਮਝੇ ਕਿ ਹੋਣ ਵਾਲੀ ਹੈ ਕੀ ਚੀਜ਼ (ਓਹ ਇਕ ਭਾਣਾਂ ਹੈ ਜੋ ਸਾਰਿਆਂ ਨੂੰ ਖੜ ਖੜਾ ਸਿਟੇਗਾ ਅਰਥਾਤ ਪ੍ਰਲੈ) ॥ ੩ ॥ ਸਮੂਦ ਅਰ ਆਦ (ਦੋਹਾਂ) ਨੇ (ਓਸ) ਖੜ ਖੜਾ ਸਿਟਣ ਵਾਲੇ (ਭਾਣੇ) ਨੂੰ ਝੁਠਿਆਰਿਆ ॥ ੪ ॥ ਸੋ ਸਮੂਦ ਤਾਂ (ਇਕ ਬੜੇ ਜੋਰ ਦੀ) ਕੜਕ (ਦੇ ਸਦਮੇਂ) ਨਾਲ ਮਾਰ ਸਿਟਿਆ ਗਿਆ ॥ ੫ ॥ ਅਰ ਰਹਿਆ ਆਦ ਸੋ ਓਹ (ਭੀ) ਬੜੇ ਵੇਗਵਤੀ ਸਖਤ ਅੰਧੇਰੀ ਨਾਲ ਮਾਰ ਦਿਤਾ ਗਿਆ ॥ ੬ ॥ ਕਿ ਇਕ ਰਸ ਸਤ ਰਾਤ੍ਰੀ ਅਰ ਅਠ ਦਿਨ ਓਹ (ਵਾਯੂ) ਖੁਦਾ ਨੇ ਓਹਨਾਂ ਉਪਰ ਵਗਾਈ ਰਖੀ ਤਾਂ (ਹੇ ਸ੍ਰੋਤਾ) ਤੂੰ (ਓਹਨਾਂ) ਲੋਗਾਂ ਨੂੰ ਉਸ (ਅੰਧੇਰੀ) ਵਿਚ ਇਸਤਰਹਾਂ ਡਿਗੇ ਹੋਏ ਦੇਖਦਾ ਜੈਸੇ ਖਜੂਰਾਂ ਦੇ ਥੋਥੇ ਬੂਟ ॥ ੭ ॥ ਫੇਰ ਹੁਣ ਤੈਨੂੰ ਓਹਨਾਂ ਵਿਚੋਂ ਕੋਈ (ਭੀ ਜੀਵ) ਬਚਿਆ ਹੋਇਆ ਦਿਖਾਈ ਦੇਂਦਾ ਹੈ ? ॥ ੮ ॥ ਅਰ ਫਰਊਨ ਅਰ ਜੋ ਉਮਤਾਂ ਓਸ ਨਾਲੋਂ ਪਹਿਲਾਂ ਹੋ ਗੁਜਰੀਆਂ ਅਰ ਉਲਟੀਆਂ ਹੋਈਆਂ ਬਸਤੀਆਂ ਦੇ ਰਹਿਣ ਵਾਲੇ (ਅਰਥਾਤ ਲੂਤ ਦੀ ਜਾਤੀ ਏਹ ਸਾਰੇ ਲੋਗ ਬੜੇ ੨) ਕਸੂਰਾਂ ਦੇ ਕਰਨੇ ਵਾਲੇ ਹੋਏ ॥ ੯ ॥ ਤਾਂ (ਓਹਨਾਂ ਦੀ ਤਰਫ ਰਸੂਲ ਭੇਜੇ ਗਏ ਅਰ) ਓਹਨਾਂ ਨੇ ਆਪਣੇ ਪਰਵਰਦਿਗਾਰ ਦੇ ਰਸੂਲ ਦੀ (ਜੋ ਓਹਨਾਂ ਦੀ ਤਰਫ ਭੇਜਿਆ ਗਇਆ ਸੀ) ਨਾ ਫਰਮਾਨੀ ਕੀਤੀ ਤਾਂ ਉਸ ਨੇ ਭੀ ਏਹਨਾਂ ਨੂੰ ਬੜਾ ਸਖਤ ਪਕੜਿਆ ॥ ੧੦ ॥ (ਲੋਗੋ ! ਨੂਹ ਦੇ ਸਮੇਂ ਵਿਚ) ਜਦੋਂ ਪਾਣੀ ਦਾ ਹੜ ਆਇਆ ਤਾਂ ਅਸਾਂ ਨੇ ਤੁਹਾਨੂੰ (ਅਰਥਾਤ ਤੁਹਾਡਿਆਂ ਮਹਾਨ ਪੁਰਖਾਂ ਨੂੰ) ਬੇੜੀ ਵਿਚ ਸਵਾਰ ਕਰ ਲੀਤਾ ਸੀ ॥ ੧੧ ॥ ਤਾਂ ਕਿ ਏਸ (ਪ੍ਰਸੰਗ) ਨੂੰ ਤੁਹਾਡੇ ਵਾਸਤੇ ਇਕ ਯਾਦਗਾਰ ਬਨਾ ਦੇਈਏ। ਅਰ ਜਿਨਹਾਂ (ਦਿਆਂ) ਕੰਨਾਂ ਨੂੰ ਖੁਦਾ ਨੇ ਯਾਦ ਰਖਣ ਦੇ ਯੋਗ ਬਨਾਇਆ ਹੈ ਓਹ ਏਸ ਨੂੰ ਯਾਦ ਰਖੇ ॥ ੧੨ ॥ ਫੇਰ (ਹੇ ਪੈਯੰਬਰ) ਜਦੋਂ ਸੂਰ (ਤੁਰੀ) ਵਿਚ (ਪਹਿਲੀ) ਫੂਕ ਮਾਰ ਦਿਤੀ ਜਾਵੇਗੀ ॥ ੧੩ ॥ ਅਰ ਜਮੀਨ ਅਰ ਪਹਾੜ ਦੋਹਾਂ ਨੂੰ ਉਠਾ ਕੇ (ਅਰ ਭਿੜਾ ਕੇ) ਇਕੋ ਹੀ ਵਾਰੀ ਓਹਨਾਂ ਨੂੰ ਚੂਰ ਚੂਰ ਕਰ ਦਿਤਾ ਜਾਵੇਗਾ ॥ ੧੪ ॥ ਤਾਂ (ਕਿ-

Digitized by Panjab Digital Library | www.panjabdigilib.org

ਆਮਤ ਜੋ ਜ਼ਰੂਰ ਜ਼ਰੂਰ ) ਹੋਣ ਵਾਲੀ ( ਹੈ ) ਓਸ ਦਿਨ ਹੋ ਜਾਵੇਗੀ ॥ ੧੫ ॥ ਅਰ ਆਸਮਾਨ ਫਟ ਜਾਵੇਗਾ। ਅਰ ਓਹ ਓਸ ਦਿਨ ਬਹੁਤ ਥੋਥਾ ( ਅਰ ਭੁਗਾ ) ਹੋਵੇਗਾ ॥ ੧੬ ॥ ਅਰ ਓਸ ਦਿਆਂ ਕੰਢਿਆਂ ਉਪਰ ਫਰਿਸ਼ਤੇ ਹੋਣਗੇ ਅਰ ਓਸ ਦਿਨ ਤੁਹਾਡੇ ਪਰਵਰਦਿਗਾਰ ਦੇ ਤਖਤ ਨੂੰ ਅਠਾਂ ( ਫਰਿਸ਼ਤਿਆਂ ) ਨੇ ਆਪਣੇ ਉਪਰ ਚੁਕਿਆ ਹੋਇਆ ਹੋਵੇਗਾ ॥ ੧੭ ॥ ( ਲੋਗੋ ! ) ਓਸ ਦਿਨ ਤੁਸੀਂ ( ਖ਼ੁਦਾ ਦੇ ਸਨਮੁਖ ) ਲੈ ਆਂਦੇ ਜਾਓਗੇ ( ਅਰ ) ਤੁਹਾਡਾ ਕੋਈ ( ਭੇਤ ਖੁਦਾ ਪਾਸੋਂ ) ਛਿਪਿਆ ਹੋਇਆ ਨਹੀਂ ਰਹੇਗਾ ॥ ੧੮ ॥ ਤਾਂ ਜਿਸ ਨੂੰ ਓਸ ਦਾ ( ਅਮਾਲ ) ਨਾਮਾ ਓਸ ਦੇ ਸਜੇ ਹਥ ਵਿਚ ਦਿਤਾ ਜਾਵੇਗਾ ਤਾਂ ਓਹ ( ਖੁਸ਼ੀ ੨ ਲੋਗਾਂ ਨੂੰ ) ਕਹੇਗਾ ਲੌ ਜੀ ( ਏਹ ) ਮੇਰਾ ( ਅਮਾਲ ) ਨਾਮਾ ( ਤਾਂ ) ਪੜ੍ਹੋ ॥ ੧੯ ॥ ਮੈਨੂੰ ਤਾਂ ( ਸਾਂਸਾਰਿਕ ਜੀਵਨ ) ਵਿਚ ਨਿਸਚਾ ਸੀ ਕਿ ( ਇਕ ਦਿਨ ) ਮੇਰਾ ਹਿਸਾਬ ( ਅਰਥਾਤ ਅਮਾਲ ਨਾਮਾਂ ) ਮੈਨੂੰ ਮਿਲੇਗਾ ( ਸੋ ਮਿਲਿਆ ) ॥ ੨੦ ॥ ਤਾਂ ਓਹ ( ਪੁਰਖ ਬੜੇ ) ਮਨਪਸੰਦ ਅਨੰਦ ਵਿਚ ਹੋਵੇਗਾ ॥ ੨੧ ॥ ( ਅਰਥਾਤ ) ਸਵਰਗ ਵਡੇ ਵਿਚ ਜਿਸ (ਦਿਆਂ ਬਾਗਾਂ ) ਦੇ ਫਲ ( ਐਸੇ ) ਝੁਕੇ ਹੋਏ ਹੋਣਗੇ ( ਕਿ ਚਾਹੁਣ ਤਾਂ ਆਪਣੀ ਜਗਾ ਬੈਠੇ ੨ ਤੋੜ ਲੈਣ ) ॥ ੨੨ ॥ ( ਅਰ ਓਹਨਾਂ ਨੂੰ ਆਗਿਆ ਹੋਵੇਗੀ ) ਕਿ ਭੂਤਕਾਲ ( ਅਰਥਾਤ ਦੁਨੀਆਂ ) ਵਿਚ ਜੋ ਤੁਸਾਂ ਨੇ ( ਅਮਲ ਕੀਤੇ ਅਰ ਓਹਨਾਂ ਨੂੰ ਪਹਿਲੋਂ ਤੋਂ ਹੀ ਵਾਦਿ ਆਖਰਤ ਬਨਾ ਕੇ ) ਭੇਜਿਆ ਸੀ ਓਸ ਦੇ ਬਦਲੇ ਵਿਚ ਖਾਓ ਪੀਓ ( ਅਰ ਤੁਹਾਡੇ ) ਅੰਗ ਲਗੇ ॥ ੨੩ ॥ ਅਰ ਜਿਸਦਾ ( ਕਰਮ ) ਪਤ੍ਰ ਓਸ ਦੇ ਖਬੇ ਹਥ ਵਿਚ ਦਿਤਾ ਜਾਵੇਗਾ ਓਹ ਕਹੇਗਾ ਹਾਇਰਬਾ ! ਮੈਨੂੰ ਮੇਰਾ ( ਕਰਮ ) ਪਤ੍ਰ ਨਾ ਮਿਲਿਆ ਹੁੰਦਾ ॥ ੨੪ ॥ ਅਰ ਮੈਨੂੰ ਆਪਣੇ ( ਏਸ ) ਹਿਸਾਬ ਦੀ ਖਬਰ ਹੀ ਨਾ ਹੋਈ ਹੁੰਦੀ ਕਿ ਕੀ ਹੈ ( ਅਰ ਕੀ ਨਹੀਂ ) ॥ ੨੫ ॥ ਹਾਇ ਰਬਾ ! ਮਰਨ ਨਾਲ ( ਹੀ ਮੇਰੀ ਕਾਇਆਂ ਦਾ ) ਖਾਤਮਾਂ ਹੋ ਗਿਆ ਹੁੰਦਾ ॥ ੨੬ ॥ ਮੇਰਾ ( ਧਨ ) ਮਾਲ ਮੇਰੇ ( ਕੁਛ ਭੀ ) ਕੰਮ ਨਾ ਆਇਆ ॥ ੨੭ ॥ ਮੇਰੇ ਪਾਸੋਂ ਮੇਰੀ ਬਾਦਸ਼ਾਹੀ ਲੁਟੀ ਗਈ ॥ ੨੮ ॥ ( ਫੇਰ ਅਸੀਂ ਓਸ ਦੀ ਨਿਸਬਤ ਹੁਕਮ ਦੇਵਾਂਗੇ ਕਿ ) ਏਸ ਨੂੰ ਪਕੜੋ ਅਰ ਏਸ ਦੇ ਗਲ ਵਿਚ ਤੌਕ (ਸੰਗਲ) ਪਾ ਦਿਓ ॥ ੨੯ ॥ ਫੇਰ (ਘਸੀਟਦੇ ੨ ਲੈਜਾ ਕੇ) ਓਸ ਨੂੰ ਨਰਕਾਂ ਵਿਚ ਧਕੇਲ ਦਿਓ ॥ ੩੦ ॥ ਫਿਰ ਜੰਜੀਰ ਨਾਲ ਜਿਸ ਦੀ ਲੰਬਾਈ ਮਿਣਤੀ ਵਿਚ ਸੱਤਰ ਗਜ ਹੋਵੇਗੀ ਓਸ ਨੂੰ ਖੂਬ ਜਕੜ ਦਿਓ ॥ ੩੧ ॥ (ਕਾਹੇ ਤੇ) ਇਸ ਨੇ ਬਜ਼ੁਰਗ ਖ਼ੁਦਾ ਉਤੇ ਈਮਾਨ ਨਹੀਂ ਧਾਰਿਆ ਸੀ ॥ ੩੨ ॥

Digitized by Panjab Digital Library | www.panjabdigilib.org

ਅਰ ( ਆਪ ਖੁਆਉਣਾ ਤਾਂ ਛਿਕੇ ਉਤੇ ਹੋਰਨਾਂ ਨੂੰ ਭੀ ) ਮਸਕੀਨਾਂ ਨੂੰ ਖਾਣੇ ਖੁਲਾਉਣ ਦੀ ਤਰਗੀਬ ਨਹੀਂ ਦੇਂਦਾ ਸੀ ॥ ੩੪ ॥ ਤਾਂ ਅਜ ਏਥੇ ਓਸ ਦਾ ਕੋਈ ਮਿਤ੍ਰ ਨਹੀਂ ॥ ੩੫ ॥ ਅਰ ਜ਼ਖਮਾਂ ਦੇ ਧੋਣ ਥੀਂ ਸਿਵਾ ( ਓਸ ਦੇ ਵਾਸਤੇ ਕੁਛ ਹੋਰ ) ਖਾਣ ਨੂੰ ਵੀ ਨਹੀਂ ॥ ੩੬ ॥ ( ਅਰ ) ਏਹ ਖਾਣਾ ਬਸ ਗੁਨ੍ਹਾਂਗਾਰ ਹੀ ਖਾਣਗੇ ॥ ੩੭ ॥ ਰੁਕੂਹ ੧ ॥

ਤਾਂ ( ਲੋਗੋ ) ਜੋ ਵਸਤੂ ਤੁਹਾਨੂੰ ਦਿਖਾਈ ਦੇਂਦੀ ਹੈ ਅਰ ਜੋ ਵਸਤੂ ਤੁਹਾਨੂੰ ਨਹੀਂ ਦਿਖਾਈ ਦੇਂਦੀ ( ਯਥਾ ਜਿੰਨ ਫਰਿਸ਼ਤੇ ਵਗੈਰਾ ) ਸਾਨੂੰ ਸਾਰਿਆਂ ਦੀ ਹੀ ਸੌਗੰਧ ਹੈ ॥ ੩੮ ॥ ੩੯ ॥ ਕਿ ਏਹ ( ਕੁਰਾਨ ) ਨਿਰਸੰਦੇਹ (ਅੱਲਾ ਦੀ) ਕਲਾਮ ਹੈ ਇਕ ਪ੍ਰਧਾਨ ਫਰਿਸ਼ਤੇ ਦਾ ( ਲਿਆਂਦਾ ਹੋਇਆ ) ॥ ੪੦ ॥ ਅਰ ਏਹ ਕਿਸੇ ਕਵੀਸ਼ਰ ਦੀ ( ਬਣਾਈ ਹੋਈ ) ਬਾਰਤਾ ਨਹੀਂ ਹੈ ( ਪਰੰਤੂ ) ਤੁਸੀਂ ਲੋਗ ਬਹੁਤ ਹੀ ਘਟ ਨਿਸਚਾ ਕਰਦੇ ਹੋ ॥ ੪੧ ॥ ਅਰ ਨਾ ( ਏਹ ਕਿਸੇ ) ਆਮਲ ( ਹਰੜ ਪੋਪੋ ) ਦੇ ( ਤੀਰ ) ਤੁਕੇ ਹਨ ( ਪਰੰਤੂ ) ਤੁਸੀਂ ਲੋਗ ਬਹੁਤ ਹੀ ਘਟ ਵਿਚਾਰ ਕਰਦੇ ਹੋ ॥ ੪੨ ॥ ਏਹ ਸੰਸਾਰ ਦੇ ਪਾਲਨਹਾਰੇ ਦਾ ਉਤਾਰਿਆ ਹੋਇਆ ( ਕਲਾਮ ) ਹੈ ॥ ੪੩ ॥ ਅਰ ਯਦੀ ( ਪੈਯੰਬਰ ਧਿੰਙੋ ਜੋਰੀ ) ਕੋਈ ਬਾਰਤਾ ਸਾਡੇ ਸਿਰ ਪਰ ਥਪਦਾ ॥ ੪੪ ॥ ਤੇ ਅਸਾਂ ਨੇ ( ਖੂਨੀਆਂ ਦੀ ਤਰਹਾਂ ) ਓਸਦਾ ਸਜਾ ਹਥ ਪਕੜਕੇ ॥ ੪੫ ॥ ਉਸਦੀ ਮੁੰਡੀ ਉਤਾਰ ਦਿਤੀ ਹੁੰਦੀ ॥ ੪੬ ॥ ਅਰ ਤੁਸਾਂ ਵਿਚੋਂ ਕੋਈ ਭੀ ਸਾਨੂੰ ਓਸ ਪਾਸੋਂ ਰੋਕ ਨਾ ਸਕਦਾ ॥ ੪੭ ॥ ਅਰ ਨਿਰਸੰਦੇਹ ਏਹ ( ਕੁਰਾਨ ) ਪਰਹੇਜ਼ਗਾਰਾਂ ਵਾਸਤੇ ਸਿਖਿਆ ਹੈ ॥ ੪੮ ॥ ਅਰ ਸਾਨੂੰ ਖੂਬ ਮਾਲੂਮ ਹੈ ਕਿ ਤੁਸਾਂ ਵਿਚੋਂ ( ਕਈ ) ਏਸ ਦੇ ਝੁਠਿਆਉਣ ਵਾਲੇ ( ਭੀ ) ਹਨ ॥ ੪੯ ॥ ਅਰ ਏਸ ਵਿਚ ਭ੍ਰਮ ਨਹੀਂ ਕਿ ਏਹ ਕਾਫਰਾਂ ਵਾਸਤੇ ਹਸਰਤ (ਦਾ ਕਾਰਨ) ਹੈ ॥ ੫੦ ॥ ਅਰ ਏਸ ਵਿਚ ਭੀ ਭ੍ਰਮ ਨਹੀਂ ਕਿ ਏਹ ਅਵਸ਼ ਸਤ ਹੈ ॥ ੫੧ ॥ ਤਾਂ ( ਹੇ ਪੈਯੰਬਰ ) ਤੁਸੀਂ ਆਪਣੇ ਪ੍ਰਿਤਪਾਲਕ ਪਾਰਬ੍ਰਹਮ ਦੇ ਨਾਮ ਦੀ ਉਸਤਤੀ ( ਤਥਾ ਮਹਿਮਾਂ ) ਵਿਚ ਲਗੇ ਰਹੋ ॥ ੫੨ ॥ ਰੁਕੂਹ ੨ ॥

## ਸੂਰਤ ਮੁਆਰਜ ਮੱਕੇ ਵਿਚ ਉਤਰੀ ਅਰ ਇਸ ਦੀਆਂ ਚੁਤਾਲੀ ਆਇਤਾਂ ਅਰ ਦੋ ਰੁਕੂਹ ਹਨ।

( ਅਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ਕਿਰਪਾਲੂ ( ਹੈ ) ਇਕ ਪੁਛਨ ਵਾਲੇ ਨੇ ਕਸ਼ਟ ਦੇ ਬਚਨ ( ਦੀ ਬਾਬਤ ) ਪੁਛਿਆ ਜੋ ਹੋਣ ਵਾਲਾ ਹੈ ॥ ੧ ॥ ਉਹ ਕਾਫਰਾਂ ਦੇ ਵਾਸਤੇ ਹੈ ਉਸ ਨੂੰ ਕੋਈ ਹਟਾ

Digitized by Panjab Digital Library | www.panjabdigilib.org

ਨਹੀਂ ਸਕਦਾ ॥ ੨ ॥ ਉਹ ਕਸ਼ਟ ਉਸ ਅੱਲਾ ਦੀ ਤਰਫੋਂ ਹੈ ਜੋ ( ਅਕਾਸੀ ) ਪੌੜੀਆਂ ਦਾ ਮਾਲਕ ਹੈ ॥ ੩ ॥ ( ਜਿਨਹਾਂ ਦੇ ਰਸਤੇ ) ਫਰਿਸ਼ਤੇ ਅਰ ਜਬਰਾ- ਈਲ ਉਸ ਦੇ ਵਲ ਚੜ੍ਹਦੇ ਹਨ ॥ ਉਸ ਦੇ ਹੁਕਮ ਨਾਲ ਪ੍ਰਲੈ ਦੇ ਦਿਨ ਜਿਸਦਾ ਅੰਦਾਜ਼ਾ ਪਚਾਸ ਹਜ਼ਾਰ ਬਰਸ ਦਾ ਹੋਵੇਗਾ(ਕਾਫਰਾਂ ਨੂੰ ਕਸ਼ਟ ਹੋਣਾ ਹੈ) ॥੪॥ ਤਾਂ ਹੇ ਪੈਯੰਬਰ ਤੁਸੀਂ ( ਏਹਨਾਂ ਲੋਗਾਂਦੀ ਛੇੜ ਖਾਨੀ ਉਪਰ ) ਭਲੀ ਪ੍ਰਕਾਰ ਸਬਰ ਕਰਕੇ ਬੈਠੇ ਰਹੋ ॥ ੫ ॥ ਏਹ ਲੋਗ ਤਾਂ ਪ੍ਰਲੈ ਦੇ ਦਿਨ ਨੂੰ ( ਕਿਆਸੋਂ ) ਬਾਹਰ ( ਅਰਥਾਤ ਅਸੰਭਵ ਬਾਤ ) ਸਮਝਦੇ ਹਨ ॥ ੬ ॥ ਅਰ ਸਾਡੇ ਸਮੀਪ ( ਨਾ ਕੇਵਲ ਸੰਭਵ ਪ੍ਰਤਯੁਤ ) ਸਮੀਪ ( ਹੋਣ ਵਾਲੀ ) ਹੈ ॥ ੭ ॥ ਓਸ ਦਿਨ ਅਕਾਸ ( ਤਾਂ ਐਸਾ ਲਾਲ ) ਹੋ ਜਾਵੇਗਾ ਜੈਸਾ ਪਘਰਿਆ ਹੋਇਆ ਤਾਮ੍ਰ ਤਾਂਬਾ ॥ ੮ ॥ ਅਰ ਪਹਾੜ ( ਐਸੇ ਉਡਦੇ ) ਹੋਣਗੇ ਜੈਸੀ ਰੰਗ ਬਰੰਗੀ ਉੱਨ ॥ ੯ ॥ ਅਰ ਇਸ ਦੇ ਹੁੰਦਿਆਂ ਸੁੰਦਿਆਂ ਕਿ ਲੋਗ ਇਕ ਦੂਸਰੇ ਨੂੰ ਦਿਖਾਏ ਭੀ ਜਾਣਗੇ ਤਥਾਪਿ ਕੋਈ ਆਪਣਾ ਕਿਸੇ ( ਦੂਸਰੇ ) ਆਪਣੇ ਨੂੰ ਪੁਛੇਗਾ ਭੀ ਤਾਂ ਨਹੀਂ ॥ ੧੦ ॥ ਪਾਪੀ ਕਲਪਨਾ ਕਰੇ ਗਾ ਕਿ ਹਾਇ ਰਬਾ ! ਆਪਣਿਆਂ ਪੁਤਰਾਂ ॥ ੧੧ ॥ ਅਰ ਆਪਣੀ ਇਸਤ੍ਰੀ ਅਰ ਆਪਣੇ ਭਿਰਾ ॥ ੧੨ ॥ ਅਰ ਆਪਣੇ ਕੁਟੰਬ ਨੂੰ ਜੋ ( ਸਮੇਂ ਪੜਿਆਂ ਉਪਰ ) ਇਸ ਨੂੰ ਸਹਾਇਤਾ ਦਿਤਾ ਕਰਦਾ ਸੀ ॥ ੧੩॥ ਅਰ ਪ੍ਰਿਥਵੀ (ਮਾਤ੍ਰ) ਦੇ ਸੰਪੂਰਣ ਆਦਮੀਆਂ ਨੂੰ ਉਸ ਦਿਨ ਦੇ ਕਸ਼ਟ ਦੇ ਬ਼ਦਲੇ ਵਿਚ ਦੇ ਦੇਵੇ ਅਰ ਏਹ (ਬਦਲਾ) ਓਹਨਾਂ ਨੂੰ ਬਚਾ ਲਵੇ ॥ ੧੪ ॥ਸੋ ਏਹ ਤਾਂ ਹੋਣਾ ਨਹੀਂ॥੧੫॥ ਨਰਕਾਗਨ ਦੀ (ਏਸ ਬਲਾ ਦੀ) ਲਪਟ ਹੈ ਕਿ ਸਿਰ ਤਕ ਦੀ ਖ਼ਲੜੀ ਉਧੇੜ ਕੇ ਧਰ ਦੇਵੇਗੀ ॥ ੧੬ ॥ (ਅਰ) ਜੋ (ਦੁਨੀਆਂ ਵਿਚ ਹਕ ਦੇ ਪਾਸੋਂ) ਬੇ ਮੁਖੀ ਅਰ ਅਮੋੜਤਾਈ ਕਰਦੇ ਰਹੇ ॥ ੧੭ ॥ ਅਰ (ਸਾਰੀ ਉਮਰ) ਮਾਲ ਇਕਤਰ ਕਰਕੇ (ਉਸ ਨੂੰ ਰਬ ਦੇ ਰਾਹ ਵਿਚ ਖਰਚ ਨਾ ਕੀਤਾ) ॥੧੮॥ (ਅਰ)ਸਿੰਚ ੨ ਕੇ ( ਜਮਾ ) ਕਰਦੇ ਰਹੇ ਏਹਨਾਂ ( ਸਾਰਿਆਂ ) ਨੂੰ ( ਆਪਣੀ ਤਰਫ ਖੈਂਚ ) ਬੁਲਾਏਗੀ ॥ ੧੯ ॥ ਨਿਰਸੰਦੇਹ ਆਦਮੀ ਬਹੁਤ ਹੀ ਥੋੜ ਦਿਲਾ ਪੈਦਾ ਕੀਤਾ ਗਇਆ ਹੈ ॥ ੨੦ ॥ ਕਿ ਜਦੋਂ ਏਸ ਨੂੰ ( ਕਿਸੀ ਪਰਕਾਰ ਦਾ ) ਨੁਕਸਾਨ ਪਹੁੰਚਦਾ ਹੈ ਤਾਂ ਘਬਰਾ ਖਲੋਂਦਾ ਹੈ ॥ ੨੧ ॥ ਅਰ ਜਦੋਂ ਉਸ ਨੂੰ ( ਕਿਸੇ ਪਰਕਾਰ ਦਾ ) ਫਾਇਦਾ ਪਹੁੰਚਦਾ ਹੈ ਤਾਂ ਬੁਖਲ ਕਰਨ ਲਗ ਜਾਂਦਾ ਹੈ॥ ੨੨ ॥ ਪਰੰਤੂ (ਉਨਹਾਂ ਲੋਗਾਂ ਦਾ ਐਸਾ ਹਾਲ ਕਦਾਪਿ ਨਹੀਂ) ਜੋ ਨਮਾਜ਼ ਪੜ੍ਹਨ ਵਾਲੇ ਹਨ ॥ ੨੩ ॥ ਅਰ ਉਹ ਆਪਣੀ ਨਮਾਜ਼ ਵਿਚ ਕਦਾਪਿ ਨਾਗਾ ਨਹੀਂ ਹੋਣ ਦੇਂਦੇ ॥ ੨੪ ॥ ਅਰ ਜਿਨਹਾਂ ਦੇ ਮਾਲਾਂ ਵਿਚ ( ਮੂੰਹ ਪਾੜ ਕੇ ) ਮੰਗਣ ਵਾਲੇ ਅਰ ਨਾ ਮੰਗਣ ਵਾਲੇ ( ਦੋਨਾਂ ) ਦਾ ਇਕ ਭਾਗ

Digitized by Panjab Digital Library | www.panjabdigilib.org

ਨੀਯਤ(ਮੁਕ਼ਰਰ)ਹੈ ॥੨੫॥ ਅਰ ਜੋ ਜਜ਼ਾ(ਬਦਲੇ)ਦੇ ਦਿਨ ਦਾ ਨਿਸ਼ਚਾ ਰਖਦੇ ਹਨ॥੨੬॥ ਅਰ ਉਹ ਜੋ ਆਪਣੇ ਪਰਵਰਦਿਗਾਰ ਦੇ ਕਸ਼ਟ ਥੀਂ ਡਰਦੇ ਰਹਿੰਦੇ ਹਨ ॥ ੨੭ ॥ ਨਿਰਸੰਦੇਹ ਉਨਹਾਂ ਦੇ ਪਰਵਰਦਿਗਾਰ ਦਾ ਕਸ਼ਟ ਨਿਡਰ ਹੋਣ ਵਾਲੀ ਵਸਤੂ ਨਹੀਂ ॥ ੨੮ ॥ ਅਰ ਉਹ ਜੋ ਆਪਣਿਆਂ ਸਲੀਲ ਅੰਗਾਂ ( ਗੁਪਤ ਇੰਦ੍ਰੀਆਂ ) ਨੂੰ ਬਚਾਈ ਰਖਦੇ ਹਨ ॥ ੨੯ ॥ ਪਰੰਤੂ ਆਪਣੀਆਂ ਇਸਤ੍ਰੀਆਂ ਅਤੇ ਆਪਣੇ ਹਥ ਦਾ ਧਨ ( ਅਰਥਾਤ ਦਾਸੀਆਂ ) ਨਾਲ ਕਿ ( ਉਨਹਾਂ ਨਾਲ ) ਉਨਹਾਂ ਨੂੰ ਕੋਈ ਦੋਖ ਨਹੀਂ ॥ ੩੦ ॥ ਹਾਂ ਜੋ ਲੋਗ ਏਹਨਾਂ ਥੀਂ ਇਲਾਵਾ ( ਹੋਰ ) ਦੇ ਇਛਾਵਾਨ ਹੋਣ ਤਾਂ ( ਸਮਝੋ ਕਿ ) ਉਹ ( ਈਸ਼ਵਰੀ ) ਸੀਮਾਂ ਨੂੰ ਉਲੰਘਨ ਕਰ ਗਏ ਹਨ ॥ ੩੧ ॥ ਅਰ ਉਹ ਜੋ ਆਪਣੀ ( ਸਪੁਰਦ ਦੀਆਂ ) ਅਮਾਨਤਾਂ ਦਾ ਅਰ ਆਪਣੇ ਪਰਤਿਗਜਾ ਦਾ ਪਾਸ ਕਰਦੇ ॥ ੩੨ ॥ ਅਰ ਉਹ ਜੋ ਆਪਣੀਆਂ ਗਵਾਹੀਆਂ ਉਪਰ ਸਾਬਤ ਰਹਿੰਦੇ ॥ ੩੩ ॥ ਅਰ ਉਹ ਜੋ ਆਪਣੀ ਨਮਾਜ਼ ਦੀ ਖਬਰ ਰਖਦੇ ਹਨ ॥ ੩੪ ॥ ਏਹ ਲੋਗ ( ਹਨ ਜੋ ) ਇਜ਼ਤ ਨਾਲ ( ਸਵਰਗ ਦਿਆਂ ) ਬਾਗਾਂ ਵਿਚ ਹੋਣਗੇ ॥ ੩੫ ॥ ਰੁਕੂਹ ੧ ॥

ਤਾਂ ( ਹੇ ਪੈਗੰਬਰ ਏਨਹਾਂ ) ਕਾਫਰਾਂ ਨੂੰ ਕੀ ( ਹੋ ਗਇਆ ) ਹੈ ਕਿ ਟੋਲੀਆਂ ਬਣ ਬਣ ਕੇ ॥ ੩੬ ॥ ਸਜੇ ਪਾਸਿਓਂ ਅਰ ਖਬੇ ਪਾਸਿਓਂ ਤੁਹਾਡੇ ਪਾਸੇ ਨੂੰ ਦੌੜੇ ੨ ਚਲੇ ਆ ਰਹੇ ਹਨ ॥ ੩੭ ॥ ਕੀ ਏਹਨਾਂ ਵਿਚੋਂ ਹਰ ਇਕ ਪੁਰਖ ( ਇਸ ਬਾਰਤਾ ਦਾ ) ਅਭਿਲਾਖੀ ਹੈ ਕਿ ਅਨੰਦ ਦੇ ਸਵਰਗ ਵਿਚ ਦਾਖਲ ਕਰ ਲੀਤਾ ਜਾਵੇਗਾ ॥ ੩੮ ॥ ਸੋ ਇਹ ਤਾਂ ਹੋਣੀ ਨਹੀਂ .ਅਸਾਂ ਨੇ ਏਹਨਾਂ ਨੂੰ ਉਸੇ ( ਗੰਦੀ ) ਵਸਤੂ ਥੀਂ ਪੈਦਾ ਕੀਤਾ ਹੈ ਜੋ ਏਹਨਾਂ ਨੂੰ ਮਾਲੂਮ ਹੈ ॥ ੩੯ ॥ ਤਾਂ ਸਾਨੂੰ ਚੜ੍ਹਦਿਆਂ ਅਰ ਲਹਿੰਦਿਆਂ ਦੇ ਸਵਾਮੀ ( ਅਰਥਾਤ ਆਪਣੇ ਪਵਿਤ੍ਰ ਸਵਰੂਪ ) ਦੀ ਸੌਗੰਧ ਹੈ ਕਿ ਅਸੀਂ ਏਸ ਬਾਤ ਤੇਂ ( ਭੀ ) ਸਮਰਥ ਹਾਂ ॥ ੪੦ ॥ ਕਿ ( ਦੁਨੀਆਂ ਵਿਚ ) ਇਸ ਨਾਲੋਂ ਉੱਤਮ ( ਸਰਿਸ਼ਟੀ ) ਏਨਹਾਂ ਦੇ ਬਦਲੇ ਲਿਆ ਬਸਾਈਏ ਅਰ ( ਐਸਾ ਕਰਨਾ ਚਾਹੀਏ ਤਾਂ ) ਕੋਈ ਸਾਡੀ ਆਗਜਾ ਨੂੰ ਉਲੰਘ ਨਹੀਂ ਸਕਦਾ ॥ ੪੧ ॥ ਤਾਂ ( ਹੇ ਪੈਗੰਬਰ ) ਇਨਹਾਂ ਨੂੰ ਬੇਹੂਦਾ ਬਾਤਾਂ ਕਰਨ ਦਿਓ ਅਰ ਖੇਡਣ ( ਮਲਣ ) ਦਿਓ ਇਥੋਂ ਤਕ ਕਿ ( ਅੰਤ ਨੂੰ ) ਉਹ ਦਿਨ ਜਿਸ ਦੀ ਇਨਹਾਂ ਨਾਲ ਪਰਤਿਗਜਾ ਕੀਤੀ ਜਾਂਦੀ ਹੈ ਇਨਹਾਂ ਦੇ ਸਨਮੁਖ ਆ ਇਸਥਿਤ ਹੋਵੇ ॥ ੪੨ ॥ ( ਅਰਥਾਤ ਉਹ ਦਿਨ ) ਜਦੋਂ ਕਿ ਕਬਰਾਂ ਵਿਚੋਂ ਨਿਕਲ ਪੈਣਗੇ ( ਅਰ ਹਸ਼ਰ ਦੇ ਮੈਦਾਨ ਦੀ ਤਰਫ ) ਇਸ ਤਰਹਾਂ ਦੌੜਦੇ ਹੋਣਗੇ ਮਾਨੋਂ ਕਿਸੇ ਨਸ਼ਾਨ ਦੀ ਤਰਫ ਦੌੜੇ ਚਲੇ ਜਾ ਰਹੇ ਹਨ

Digitized by Panjab Digital Library | www.panjabdigilib.org

॥ ੪੩ ॥ ( ਰੰਜ ਅਰ ਨਦਾਮਤ ਦੇ ਮਾਰਿਆਂ ) ਇਨਹਾਂ ਦੀਆਂ ਨਜਰਾਂ ਨੀਵੀਆਂ ਹੋਈਆਂ ਹੋਣਗੀਆਂ ਜ਼ਿੱਲਤ ਇਨਹਾਂ ( ਦੇ ਚੇਹਰਿਆਂ ) ਉਪਰ ਛਾ ਰਹੀ ਹੋਵੇਗੀ ਇਹੋ ਤਾਂ ਉਹ ਦਿਨ ਹੋਵੇਗਾ ਜਿਸ ਦੀ ਇਨਹਾਂ ਨਾਲ ਪਰਤਿਗਜਾ ਕੀਤੀ ਜਾਂਦੀ ਸੀ ॥ ੪੪ ॥ ਰੁਕੂਹ ੨ ॥

## ਸੂਰਤ ਨੂਹ ਮੱਕੇ ਵਿਚ ਉਤਰੀ ਅਰ ਇਸ ਦੀਆਂ ਅਠਾਈ ਆਇਤਾਂ ਅਰ ਦੋ ਰੁਕੂਹ ਹਨ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ਕਿਰਪਾਲੂ ( ਹੈ ) ਅਸਾਂ ਨੇ ਨੂਹ ਨੂੰ ਉਨਹਾਂ ਦੀ ਕੌਮ ਦੀ ਤਰਫ ( ਪੈਯੰਬਰ ਬਣਾ ਕੇ ) ਭੇਜਿਆ ਕਿ ਇਸ ਥੀਂ ਪਹਿਲੋਂ ਕਿ ਤੁਹਾਡੀ ਕੌਮ ਦੇ ਲੋਗਾਂ ਉਪਰ ਭਿਆਨਕ ਕਸ਼ਟ ਆ ਪ੍ਰਾਪਤ ਹੋਵੇ ਉਨਹਾਂ ਨੂੰ ( ਇਸ ਥੀਂ ) ਡਰਾਓ ॥ ੧ ॥ ( ਇਸ ਥੀਂ ਉਨਹਾਂ ਨੇ ਉਨਹਾਂ ਨੂੰ ) ਕਹਿਆ ਕਿ ਭਿਰਾਓ ! ਮੈਂ ਤੁਹਾਨੂੰ ਖੁਲੇ ਤੌਰ ਨਾਲ ਡਰ ਸੁਨਾਉਣ ਆਇਆ ਹਾਂ ॥ ੨ ॥ ( ਅਰ ਤੁਹਾਨੂੰ ਸਮਝਾਉਂਦਾ ਹਾਂ ) ਕਿ ਖੁਦਾ ਦੀ ਪੂਜਾ ਕਰੋ ਅਰ ਉਸ ( ਦੀ ਕਰੋਪੀ ) ਥੀਂ ਡਰਦੇ ਰਹੋ ਅਰ ਮੇਰਾ ਕਹਿਆ ਮੰਨੋ ॥ ੩ ॥ ( ਐਸੇ ਕਰੋਗੇ ) ਤਾਂ ਉਹ ਤੁਹਾਡੇ ਗੁਨਾਹ ਮਾਫ ਕਰ ਦੇਵੇਗਾ ਅਰ ( ਦੇਹਾਂਤ ਦੇ ) ਨਿਯਤ ਸਮੇਂ ਤਕ ਤੁਹਾਨੂੰ ( ਦੁਨੀਆਂ ਵਿਚ ਸ਼ਾਂਤੀ ਨਾਲ ਵੱਸਣ ਰੱਸਣ ਦੀ ) ਅਵਧੀ ਦੇਵੇਗਾ ਜਦੋਂ ਖੁਦਾ ਦਾ ਠਹਿਰਾਇਆ ਹੋਇਆ ( ਉਹ ) ਸਮਾਂ ਆ ਮੌਜੂਦ ਹੁੰਦਾ ਹੈ ਤਾਂ ਉਹ ( ਕਿਸੇ ਦਾ ਟਾਲਿਆ ਇਕ ਖਿਣ ਵਾਸਤੇ ਭੀ ) ਨਹੀਂ ਟਲ ਸਕਦਾ । ਹਾਇ ਰੱਬਾ ! ਤੁਸੀਂ ( ਏਤਨੀ ਬਾਰਤਾ ) ਸਮਝਦੇ ਹੁੰਦੇ ॥ ੪ ॥ ( ਜਦੋਂ ਨੂਹ ਆਪਣੇ ਉਪਦੇਸ਼ ਨੂੰ ਸੰਪੂਰਣ ਕਰ ਚੁਕੇ ਅਰ ਲੋਗ ਉਨਹਾਂ ਨੂੰ ਇਕ ਰਸ ਝੁਠਿਆਰਦੇ ਰਹੇ ਤਾਂ ਉਨ੍ਹਾਂ ਨੇ ਖੁਦਾ ਅਗੇ ) ਪ੍ਰਾਰਥਨਾ ਕੀਤੀ ਕਿ ਹੇ ਮੇਰੇ ਪਰਵਰਦਿਗਾਰ ਮੈਂ ਆਪਣੀ ਕੌਮ ( ਦਿਆਂ ਲੋਗਾਂ ) ਨੂੰ ਰਾਤ੍ਰੀ ਦੇ ਸਮੇਂ ਭੀ ਬੁਲਾਇਆ ਅਰ ਦਿਨ ਦੇ ਸਮੇਂ ਭੀ ( ਬੁਲਾਇਆ ) ॥ ੫ ॥ ਤਾਂ ਮੇਰੇ ਬੁਲਾਉਣ ਦਾ ਉਨਹਾਂ ਉਪਰ ਏਹੋ ਅਸਰ ਹੋਇਆ ਕਿ ( ਜਿਤਨਾ ਬਹੁਤ ਬੁਲਾਇਆ ਉਤਨਾ ਹੀ ) ਬਹੁਤ ਭੱਜੇ ॥ ੬ ॥ ਅਰ ਜਦੋਂ ੨ ਮੈਂਨੇ ਉਨਹਾਂ ਨੂੰ ਬੁਲਾਇਆ ਕਿ ( ਇਹ ਤੇਰੀ ਤਰਫ ਧਿਆਨ ਕਰਨ ਅਰ ) ਤੂੰ ਉਨਹਾਂ ਦੇ ਗੁਨਾਹ ਮਾਫ ਕਰੇਂ ਉਨਹਾਂ ਨੇ ਆਪਣਿਆਂ ਕੰਨਾਂ ਵਿਚ ਉਂਗਲੀਆਂ ਠੋਸ ਲਈਆਂ ( ਕਿ ਏਨਹਾਂ ਦੇ ਕੰਨਾਂ ਵਿਚ ਕਿਤੇ ਮੇਰੇ ਬੁਲਾਉਣ ਦੀ ਭਿਣਖ ਨਾ ਪੇ ਜਾਵੇ ) ਅਰ

Digitized by Panjab Digital Library | www.panjabdigilib.org

( ਉਪਰੋਂ ) ਆਪਣੇ ਕਪੜੇ ਵਲੇਟ ਲੀਤੇ ( ਕਿ ਕਿਤੇ ਮੇਰੀ ਸੂਰਤ ਏਨ੍ਹਾਂ ਨੂੰ ਦਿਖਾਈ ਨਾ ਦੇਵੇ ) ਅਰ ਹਠ ਧਰਮੀ ਦੀ ਤਾਂਘ ਵਿਚ ਆ ਕਰ ਆਕੜ ਬੈਠੇ ॥ ੭ ॥ ਫੇਰ ਮੈਂ ਇਨਹਾਂ ਨੂੰ ਪੁਕਾਰ ਕੇ ਬੁਲਾਇਆ ॥ ੮ ॥ ਅਰ ਏਹਨਾਂ ਨੂੰ ਪਰਗਟ ਭੀ ਸਮਝਾਇਆ ਅਰ ਏਨਹਾਂ ਨੂੰ ਗੁਪਤ ਭੀ ਸਮਝਾਇਆ ॥ ੯ ॥ ( ਅਰ ਬਾਰੰਬਾਰ ਏਨਹਾਂ ਨੂੰ ) ਕਹਿਆ ਕਿ ਆਪਣੇ ਪਰਵਰਦਿਗਾਰ ਪਾਸੋਂ ਆਪਣੇ ਗੁਨਾਹਾਂ ਦੀ ਮਾਫੀ ਮੰਗੋ ਕਿ ਉਹ ਬੜਾ ਬਖਸ਼ਣੇ ਵਾਲਾ ਹੈ ( ਤੁਹਾਡਾ ਕਸੂਰ ਭੀ ਮਾਫ ਕਰੇਗਾ ) ॥ ੧੦ ॥ ( ਅਰ ) ਤੁਹਾਡੇ ਉਪਰ ( ਆਸਮਾਨ ਥੀਂ ) ਮੋਲੇਧਾਰ ਬਰਖਾ ਬਰਸਾਏ ਗਾ ॥ ੧੧ ॥ ਅਰ ਧਨ ਮਾਲ ਤਥਾ ਔਲਾਦ ਨਾਲ ਤੁਹਾਡੀ ਮਦਦ ਕਰੇਗਾ ਅਰ ਤੁਹਾਡੇ ਵਾਸਤੇ ਬਾਗ ਉਗਾਏਗਾ ਅਰ ਤੁਹਾਡੇ ਵਾਸਤੇ ਨਹਿਰਾਂ ( ਜਾਰੀ ) ਕਰੇਗਾ ( ਸੋ ਅਲਗ ) ॥ ੧੨ ॥ ਤੁਹਾਨੂੰ ਕੀ (ਬਲਾ ਮਾਰ ਗਈ ) ਹੈ ਕਿ ਤੁਸਾਂ ਨੇ ( ਸਮੂਚਾ ) ਖ਼ੁਦਾ ਦਾ ਮਾਨ ( ਦਿਲੋਂ ) ਉਠਾ ਦਿਤਾ ॥ ੧੩ ॥ ਹਾਲਾਂ ਕਿ ਉਸ ਨੇ ਤੁਹਾਨੂੰ ਤਰਹਾਂ ੨ ਦਿਆਂ ਪੈਦਾ ਕੀਤਾ ਹੈ ( ਕੋਈ ਕੈਸਾ ਕੋਈ ਕੈਸਾ ) ॥੧੪॥ ਕੀ ਤੁਸਾਂ ਨੇ ਨਹੀਂ ਦੇਖਿਆ ਕਿ ਖ਼ੁਦਾ ਨੇ ਕੈਸੇ ਤਹਿ ਤੇ ਤਹਿ ਸਤ ਆਸਮਾਨ ਬਨਾਏ ਹਨ ॥ ੧੫ ॥ ਅਰ ਉਨਹਾਂ ਵਿਚ ਚੰਦ ਨੂੰ ( ਭੀ ) ਬਨਾਇਆ ਹੈ ( ਕਿ ਉਹ ਇਕ ) ਨੂਰ ( ਹੈ ) ਅਰ ਸੂਰਜ ਨੂੰ ਬਨਾਇਆ ਹੈ (ਕਿ ਉਹ ਇਕ ਪਰਕਾਰ ਦੀ ਸਪ੍ਰਕਾਸ਼) ਮਸ਼ਾਲ ( ਜੋਤ ਹੈ ) ੧੬ ॥ ਅਰ ਅੱਲਾ ਨੇ ਹੀ ਤੁਹਾਨੂੰ ( ਇਕ ਰੀਤੀ ਨਾਲ ) ਧਰਤੀ ਥੀਂ ਉਗਾਇਆ ॥੧੭॥ ਫੇਰ ( ਦੁਬਾਰਾ ) ਲੋਟਾ ਕੇ ਉਸ ਮਿਟੀ ਵਿਚ ਤੁਹਾਨੂੰ ਮਿਲਾ ਦੇਵੇਗਾ ਅਰ ( ਪ੍ਰਲੈ ਦੇ ਦਿਨ ) ਤੁਹਾਨੂੰ ( ਉਸੇ ਮਿਟੀ ਵਿਚੋਂ ਫੇਰ ) ਨਿਕਾਲ ਖੜਿਆਂ ਕਰੇਗਾ ॥ ੧੮ ॥ ਅਰ ਅੱਲਾ ਨੇ ਹੀ ਧਰਤੀ ਨੂੰ ਤੁਹਾਡਾ ਫਰਸ਼ ਬਣਾ ਦਿਤਾ ਹੈ ॥ ੧੯ ॥ ਕਿ ਓਸ ਦਿਆਂ ਖੁਲਮਖੁਲਿਆਂ ਰਸਤਿਆਂ ਵਿਚ ( ਜਿਧਰ ਚਾਹੋ ) ਤੁਰੋ ( ਫਿਰੋ ) ॥ ੨੦ ॥ ਰੁਕੂਹ ੧ ॥

( ਜਦੋਂ ਏਤਨਾ ਸਮਝਾਉਣ ਕਰਕੇ ਭੀ ਲੋਗ ਰਾਹ ਉਤੇ ਨਾ ਆਏ ਤਾਂ ਨੂਹ ਨੇ ( ਸਾਡੇ ਦਰਬਾਰ ਵਿਚ ) ਬੇਨਤੀ ਕੀਤੀ ਕਿ ਹੇ ਮੇਰੇ ਪਰ-ਵਰਦਿਗਾਰ ਏਨਹਾਂ ਲੋਗਾਂ ਨੇ ਮੇਰਾ ਕਹਿਣਾ ਨਾ ਮੰਨਿਆਂ ਅਰ ਉਨਹਾਂ ( ਭੈੜਿਆਂ ਲੋਗਾਂ ) ਦੇ ਕਹਿਣ ਉਤੇ ਚਲੇ ਜਿਨ੍ਹਾਂ ਨੂੰ ਉਹਨਾਂ ਦੇ ਮਾਲ ਅਰ ਉਨਹਾਂ ਦੀ ਔਲਾਦ ਨੇ (ਲਾਭ ) ਦੀ ਥਾਂ ਉਲਟਾ ਹੋਰ ਨੁਕਸਾਨ ਹੀ ਪਹੁੰਚਾਇਆ ॥ ੨੧ ॥ ਅਰ ਉਨਹਾਂ ਨੇ ( ਮੇਰੇ ਨਾਲ ) ਬੜੇ ੨ ਫਰੇਬ ਕੀਤੇ ॥ ੨੨ ॥ ਅਰ ( ਇਕ ਦੂਜੇ ਨੂੰ ) ਬਹਿਕਾਇਆ ਕਿ ਆਪਣਿਆਂ ਮਾਬੂਦਾਂ ਨੂੰ ਕਦਾਪਿ ਨਾ ਛਡਣਾਂ ਅਰ ਨਾ ਵਦ ( ਬੁਤ ) ਨੂੰ ਛਡਣਾਂ ਅਰ ਨਾ ਸੁਵਾ

Digitized by Panjab Digital Library | www.panjabdigilib.org

( ਬੁਤ ) ਨੂੰ ਅਰ ਨ ਯਗੋਸ ਅਰ ਨਾ ਯਊਕ ਅਰ ਨਸਰ ਨੂੰ ॥ ੨੩ ॥ ਅਰ ( ਇਹ ਲੋਗ ਐਸੀਆਂ ਹੀ ਬਾਤਾਂ ਸਮਝਾ ਸਮਝਾ ਕੇ ) ਬਹੁਤ ਸਾਰਿਆਂ ਨੂੰ ਗੁਮਰਾਹ ਕਰ ਚੁਕੇ ਹਨ । ਅਰ ਐਸੇ ਕਰ ਕਿ ਇਹਨਾਂ ਪਾਪੀਆਂ ਦੀ ਗੁਮ-ਰਾਹੀ ( ਦਿਨੋ ਦਿਨ ) ਵਧਦੀ ਹੀ ਚਲੀ ਜਾਵੇ ( ਕਿ ਆਖਰਕਾਰ ਕਸ਼ਟ ਦੇ ਭਾਗੀ ਹੋਣ ) ॥ ੨੪ ॥ ( ਅਤ ਏਵ ) ਆਪਣੀਆਂ ਹੀ ਸ਼ਰਾਰਤਾਂ ਦੇ ਕਾਰਨੋਂ ਗਰਕ ਕਰ ਦਿਤੇ ਗਏ ( ਅਰ ) ਫਿਰ ਦੋਜ਼ਖ ਵਿਚ ਪਾ ਦਿਤੇ ਗਏ ਅਰ ਖ਼ੁਦਾ ਦੇ ਸਿਵਾ ਕੋਈ ਮਦਦਗਾਰ ਭੀ ਉਨਹਾਂ ਨੂੰ ਪਰਾਪਤ ਨਾ ਹੋਇਆ ॥ ੨੫ ॥ ਅਰ ਨੂਹ ਨੇ ( ਉਨਹਾਂ ਦੇ ਹਕ ਵਿਚ ਏਹ ਭੀ ) ਸ੍ਰਾਪ ਦਿਤਾ ਕਿ ਹੇ ਮੇਰੇ ਪਰਵਰਦਿਗਾਰ ( ਏਨਹਾਂ ) ਕਾਫਰਾਂ ਵਿਚੋਂ ( ਕਿਸੇ ਜੀਵ ਮਾਤ੍ਰ ਨੂੰ ਭੀ ਜੀਉਂਦਿਆਂ ) ਨਾ ਛਡ ( ਕਿ ) ਪ੍ਰਿਥਵੀ ਮਾਤ੍ਰ ਉਪਰ ਤੁਰਦਾ ਫਿਰਦਾ (ਨਜ਼ਰ ਆਵੇ ) ॥ ੨੬ ॥ ਕਾਹੇ ਤੇ ਯਦੀ ਤੂੰ ਇਨਹਾਂ ਨੂੰ ਰਹਿਣ ਦੇਵੇਂਗਾ ਤਾਂ ਏਹ ਤੇਰਿਆਂ ਬੰਦਿਆਂ ਨੂੰ ਗੁਮਰਾਹ ( ਹੀ ) ਕਰਨਗੇ ਅਰ ਏਹਨਾਂ ਥੀਂ ਜੋ ਅੰਸ ਚਲੇਗੀ ਓਹ ਭੀ ਬਦਕਾਰ ਕਾਫ਼ਰ ਕੱਟੇ ਹੀ ਹੋਣਗੇ ॥ ੨੭ ॥ ਹੇ ਮੇਰੇ ਪਰਵਰਦਿਗਾਰ ਮੈਨੂੰ ਅਰ ਮੇਰੇ ਮਾਤਾ ਪਿਤਾ ਨੂੰ ਅਰ ਜੋ ਪੁਰਖ ਈਮਾਨ ਧਾਰ ਕੇ ਮੇਰੇ ਘਰ ਵਿਚ ( ਪਨਾਹ ਲੈਣੇ ) ਆਇਆ ਹੈ ਓਸ ਨੂੰ ਅਰ ( ਆਮ ) ਈਮਾਨਧਾਰੀ ਮਰਦਾਂ ਅਰ ਈਮਾਨ ਧਾਰੀ ਇਸ-ਤ੍ਰੀਆਂ ਨੂੰ ਬਖਸ਼ ਅਰ ਐਸਾ ਕਰ ਕਿ (ਏਨਹਾਂ ) ਪਾਪੀਆਂ ਦਾ ਉਜਾੜਾ (ਰੋਜ ਬਰੋਜ ) ਵਧਦਾ ਚਲਿਆ ਜਾਏ ॥ ੨੮ ॥ ਰੁਕੂਹ ੨ ॥

---

## ਸੂਰਤ ਜਿਨ ਮੱਕੇ ਵਿਚ ਉਤਰੀ ਅਰ ਇਸਦੀਆਂ ਅਠਾਈ ਆਇਤਾਂ ਅਰ ਦੋ ਰੁਕੂਹ ਹਨ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ਹੈ ( ਹੇ ਪੈਯੰਬਰ ਸਾਰਿਆਂ ਲੋਗਾਂ ਨੂੰ ) ਜਿਤਾ ਦਿਓ ਕਿ ਮੇਰੇ ਪਾਸ ( ਖੁਦਾ ਦੀ ਤਰਫੋਂ ਏਸ ਬਾਰਤਾ ਦੀ ) ਆਕਾਸ਼ਬਾਣੀ ਆਈ ਹੈ ਕਿ ਜਿਨਾਂ (ਦੂਤਾਂ) ਵਿੱਚੋਂ ਕੁਝ ਪੁਰਖਾਂ ਨੇ ( ਮੈਨੂੰ ਕੁਰਾਨ ਪੜ੍ਹਾਦਿਆਂ ) ਸੁਣਿਆਂ ਅਰ ( ਸੁਣਿਆਂ ਪਿਛੋਂ ਆਪਣਿਆਂ ਲੋਗਾਂ ਦੇ ਪਾਸ ਜਾ ਕੇ ) ਕਹਿਆ ਕਿ ਅਸਾਂ ਨੇ ਅਜੀਬ ( ਤਰਹਾਂ ਦਾ ) ਕੁਰਾਨ ਸੁਣਿਆ ॥ ੧ ॥ ਜੋ ਨੇਕ ਰਾਹ ਦਿਖਾਉਂਦਾ ਹੈ ਸੋ ਅਸੀਂ ਓਸ ਉਪਰ ਈਮਾਨ ਧਾਰ ਬੈਠੇ ਅਰ ਅਸੀਂ ਤਾਂ ਕਿਸੇ ਨੂੰ ਆਪਣੇ ਪਰਵਰਦਿਗਾਰ ਦਾ ਸ਼ਰੀਕ ਨਹੀਂ ਠਹਿਰਾਵਾਂਗੇ ॥ ੨ ॥

Digitized by Panjab Digital Library | www.panjabdigilib.org

ਅਰ ਸਾਡੇ ਪਰਵਰਦਿਗਾਰ ਦਾ ਵਡਾ ਉੱਚਾ ਪ੍ਰਤਾਪ ਹੈ ਓਸ ਨੇ ਨਾ ਤਾਂ ਕਿਸੇ ਨੂੰ ਆਪਣੀ ਜੋਰੂ ਬਣਾਇਆ ਅਰ ਨਾਂ ਕਿਸੇ ਨੂੰ ਬੇਟਾ ਬੇਟੀ ॥ ੩ ॥ ਅਰ ਸਾਡੇ ਵਿਚੋਂ ਕਈਕੁ ( ਐਸੇ ਭੀ ) ਅਹਿਮਕ ( ਹੋ ਗੁਜ਼ਰੇ ਹਨ ਜੋ ) ਖ਼ੁਦਾ ਦੀ ਨਿਸਬਤ ਵਧ ਵਧਕੇ ਬਾਤਾਂ ਬਨਾਇਆ ਕਰਦੇ ਸਨ ॥ ੪ ॥ ਅਰ ਅਸੀਂ ਤਾਂ ਐਸਾ ਸਮਝਦੇ ਸਾਂ ਕਿ ( ਕੀ ) ਆਦਮੀ ਅਰ ( ਕੀ ) ਜਿੰਨ ( ਕੋਈ ਭੀ ) ਖ਼ੁਦਾ ਉਪਰ ਝੂਠ ਨਹੀਂ ਬੋਲ ਸਕਦਾ ॥ ੫ ॥ ਅਰ ਆਦਮੀਆਂ ਵਿੱਚੋਂ ਕੁਛ ਲੋਗ ਜਿੰਨਾਂ ਵਿਚੋਂ ਕਈਕੁ ਲੋਗਾਂ ਦੀ ਪਨਾਹ ਪਕੜਿਆ ਕਰਦੇ ਸਨ ਤਾਂ ( ਇਸ ਕਰਕੇ ) ਏਹਨਾਂ ਆਦਮੀਆਂ ਨੇ ਜਿੰਨਾਂ ਨੂੰ ਹੋਰ ਭੀ ਵਧੇਰੇ ਹੰਕਾਰੀ ਕਰ ਦਿਤਾ ॥ ੬ ॥ ਅਰ ਜਿਸ ਪ੍ਰਕਾਰ ਤੁਸਾਂ ( ਜਿੰਨਾਂ ) ਨੂੰ ਖਿਆਲ ਸੀ ਬਨੀ ਆਦਮ ਨੂੰ ਭੀ ਖਿਆਲ ਹੋਇਆ ਕਿ ( ਭੂਤ ਸਮੇਂ ਵਿੱਚ ਖ਼ੁਦਾ ਨੇ ਕਿਸੇ ਨੂੰ ਪੈਯੰਬਰ ਬਨਾ ਕੇ ਨਹੀਂ ਭੇਜਿਆ ਅਰ ਅਗੇ ਭੀ) ਖ਼ੁਦਾ ਕਦੇ ਕਿਸੇ ਨੂੰ (ਪੈਯੰਬਰ ਬਨਾ ਕੇ) ਨਹੀਂ ਭੇਜੇਗਾ ॥ ੭ ॥ ਅਰ ਅਸਾਂ ਨੇ ਆਸਮਾਨ ਨੂੰ ( ਭੀ ) ਟਟੋਲਿਆ ਤਾਂ ਪਾਇਆ ਕਿ ਬੜੀ ਮਜ਼ਬੂਤ ਚੌਂਕੀਆਂ ਅਰ ਸੁਰਖ ਰੰਗ ਦਿਆਂ ਤਾਰਿਆਂ ( ਦੇ ਅੰਗਾਰਾਂ ) ਨਾਲ ਭਰਿਆ ਪਇਆ ਹੈ ॥੮॥ ਅਰ ਪਹਿਲੇ ਤੋਂ ਆਸਮਾਨ ਵਿੱਚ ਬਹੁਤ ਸਾਰੇ ਟਿਕਾਣੇ ਸਨ ਜਿਥੇ ਅਸੀਂ ਸੁਣਨ ਵਾਸਤੇ ( ਜਾ ) ਬੈਠਿਆ ਕਰਦੇ ਸਾਂ ( ਪਰੰਤੂ ) ਹੁਣ ਕੋਈ ਸੁਣਨ ਦਾ ਪ੍ਰਯਤਨ ਕਰੇ ਤਾਂ ਇਕ ਅੱਗ ਦਾ ਅੰਗਾਰ (ਗੋਲਾ) ਆਪਣੇ ਵਾਸਤੇ ਤਾਕ ਲਗਾਈ ( ਤਿਆਰ ) ਪਾਇ ॥ ੯ ॥ ਅਰ ਅਸੀਂ ਨਹੀਂ ਜਾਣਦੇ ਕਿ ( ਇਸ ਇੰਤਜ਼ਾਮ ਨਾਲ ) ਧਰਤੀ ਦੇ ਰਹਿਣ ਵਾਲਿਆਂ ਨੂੰ ਕੁਛ ਨੁਕਸਾਨ ਪਹੁੰਚਾਨਾ ਅਭੀਸ਼ਟ ਹੈ ਕਿੰਬਾ ਓਹਨਾਂ ਦੇ ਪਰਵਰਦਿਗਾਰ ਦਾ ਸੰਕਲਪ ਓਹਨਾਂ ਦੇ ਹਕ ਵਿੱਚ ਬੇਹਤਰੀ ਕਰਨ ਦਾ ਹੈ ॥ ੧੦ ॥ ਅਰ ਸਾਡੇ ਵਿੱਚੋਂ ਕੁਛ ਤਾਂ ਨੇਕ ਹਨ ਅਰ ਕੁਛ ਹੋਰ ਤਰਹਾਂ ਦੇ ਹਨ ( ਭਾਵ ) ਸਾਡੇ ( ਭੀ ) ਭਿੰਨ ੨ ਜਥੇ ਹੁੰਦੇ ਆਏ ਹਨ ॥ ੧੧ ॥ ਅਰ ( ਹੁਣ ) ਅਸਾਂ ਨੇ ਸਮਝ ਲੀਤਾ ਕਿ ਅਸੀਂ ਨਾ ਤਾਂ ਧਰਤੀ ਉਪਰ ( ਰਹਿ ਕਰਕੇ ) ਖ਼ੁਦਾ ਨੂੰ ਪਰਾਜੈ ਕਰ ਸਕਦੇ ਹਾਂ ਅਰ ਨਾ ਕਿਸੇ ਪਾਸੇ ਭਜ ਕੇ ਉਸ ਨੂੰ ਪਰਾਜੈ ਕਰ ਸਕਦੇ ਹਾਂ ॥ ੧੨ ॥ ਅਰ ਅਸਾਂ ਨੇ ਜਦੋਂ ਰਾਹ ਦੀ ਬਾਰਤਾ ਸੁਣੀ ਤਾਂ ਅਸੀਂ ਉਸ ਨੂੰ ਮੰਨ ਗਏ ਬਸ ਜੋ ਪੁਰਖ ਆਪਣੇ ਪਰਵਰਦਿਗਾਰ ਉਪਰ ਈਮਾਨ ਧਾਰੇਗਾ ਉਸ ਨੂੰ ਨਾ ਕਿਸੇ ਨੁਕਸਾਨ ਦਾ ਡਰ ਹੋਵੇਗਾ ਅਰ ਨਾ (ਕਿਸੀ ਪਰਕਾਰ ਦੇ) ਅਤਿਆਚਾਰ ਦਾ ॥੧੩॥ ਅਰ ਸਾਡੇ ਵਿੱਚੋਂ ਕਈਕੁ ਤਾਂ ਫਰਮਾਂ ਬਰਦਾਰ ( ਬੰਦੇ ) ਹਨ ਅਰ ਕਈਕੁ ( ਹੁਕਮ ਥੀਂ ) ਅਮੋੜ ਤਾਈ ਕਰਦੇ ਹਨ ਤਾਂ ਜਿਨਹਾਂ ਨੇ ਫਰਮਾ ਬਰਦਾਰੀ (ਅਖ਼ਤਿਆਰ)

Digitized by Panjab Digital Library | www.panjabdigilib.org

ਕੀਤੀ ਉਨਹਾਂ ਨੇ ਸੂਧਾ ਰਸਤਾ ਢੂੰਡ ਲੀਤਾ ॥ ੧੪ ॥ ਅਰ ਜਿਨਹਾਂ ਨੇ ਅਮੋੜਤਾਈ ਕੀਤੀ ਉਹ ( ਟੇਢੇ ਰਸਤੇ ਪੈ ਗਏ ਅਰ ) ਅੰਤ ਨਰਕਾਂ ਦੇ ਬਾਲਣ ਬਨ ਗਏ ॥ ੧੫ ॥ ਅਰ ( ਹੇ ਪੈਯੰਬਰ ਲੋਗਾਂ ਨੂੰ ਕਹੋ ਕਿ ਖ਼ੁਦਾ ਆਗਿਆ ਦੇਂਦਾ ਹੈ ਕਿ ਮੱਕੇ ਦੇ ਨਿਵਾਸੀਓ ਦੀਨ ਦੇ ) ਸੂਧੇ ਮਾਰਗ ਉਪਰ ਕਾਇਮ ਰਹਿੰਦੇ ਤਾਂ ਅਸੀਂ ਉਨਹਾਂ ਨੂੰ ਪਾਣੀ ਦੀ ਰੇਲ ਪੇਲ ਨਾਲ ਭਰ-ਪੂਰ ਕਰਦੇ ॥ ੧੬ ॥ ਤਾਂ ਕਿ ਸਮੇਂ ਦੀ ਨਿਆਮਤ ਵਿਚ ਉਨਹਾਂ ( ਦੀ ਸ਼ੁਕਰ ਗੁਜ਼ਾਰੀ ) ਦੀ ਪਰੀਖਜਾ ਕਰੀਏ ਅਰ ਜੋ ਪੁਰਖ ਆਪਣੇ ਪਰਵਰ-ਦਿਗਾਰ ਦੀ ਯਾਦ ਥੀਂ ਮਨਮੁਖਤਾਈ ਕਰੇਗਾ ਤਾਂ ਉਹ ਉਸ ਨੂੰ ਸਖਤ ਕਸ਼ਟ ਵਿੱਚ ਲੈ ਜਾ ਦਾਖਲ ਕਰੇਗਾ ॥ ੧੭ ॥ ਅਰ ਮਸੀਤਾਂ ਤਾਂ ਖ਼ੁਦਾ ( ਦੀ ) ਹੀ ( ਪੂਜਾ ) ਵਾਸਤੇ ਹਨ ਤਾਂ ( ਲੋਗੋ ! ਏਹਨਾਂ ਵਿਚ ) ਖ਼ੁਦਾ ਦੇ ਸਾਥ ਕਿਸੇ ( ਹੋਰ ) ਦਾ ਨਾਂ ਆਵਾਹਿਨ ਕਰੋ ॥ ੧੮ ॥ ਅਰ ਜਦੋਂ ਖ਼ੁਦਾ ਦਾ ਬੰਦਾ ( ਅਰਥਾਤ ਮੁਹੰਮਦ ) ਖ਼ੁਦਾ ਦੀ ਪੂਜਾ ਕਰਨ ਵਾਸਤੇ ਖੜੇ ਹੁੰਦੇ ਹਨ ਤਾਂ ( ਲੋਗ ਉਨਹਾਂ ਨੂੰ ਚਾਰ ਚੁਫੇਰਿਓਂ ਘੇਰੀ ਆਉਂਦੇ ਹਨ ਅਰ ) ਸਮੀਪ ਹੈ ਕਿ ( ਉਨਹਾਂ ਨੂੰ ) ਚੰਬੜ ਜਾਣ ॥ ੧੯ ॥ ਰੁਕੂਹ ੧ ॥

( ਹੇ ਪੈਯੰਬਰ ਏਨਹਾਂ ਲੋਗਾਂ ਨੂੰ ) ਕਹੋ ਕਿ ਮੈਂ ਤਾਂ ਸਿਰਫ ਆਪਣੇ ਪਰਵਰਦਿਗਾਰ ਦੀ ਪੂਜਾ ਕਰਦਾ ਹਾਂ ਅਰ ਕਿਸੇ ਨੂੰ ਉਸਦਾ ਸਾਂਝੀ ਨਹੀਂ ਬਣਾਉਂਦਾ ॥ ੨੦ ॥ ( ਹੇ ਪੈਯੰਬਰ ਏਨਹਾਂ ਲੋਗਾਂ ਨੂੰ ) ਕਹੋ ਕਿ ਤੁਹਾਡਾ ਹਾਣ ਅਥਵਾ ਲਾਭ ( ਕੁਛ ਭੀ ) ਮੇਰੇ ਅਧੀਨ ਨਹੀਂ ॥ ੨੧ ॥ ( ਹੇ ਪੈਯੰਬਰ ਏਨਹਾਂ ਲੋਗਾਂ ਨੂੰ ) ਕਹੋ ਕਿ ਖੁਦਾ ( ਦੇ ਕਰੋਧ ) ਪਾਸੋਂ ਕੋਈ ਭੀ ਮੈਨੂੰ ਓਟ ਨਹੀਂ ਦੇ ਸਕਦਾ ਅਰ ਨਾਂ ਓਸ ਦੇ ਸਿਵਾ ਕਿਤੇ ਮੈਨੂੰ ਠਿਕਾਣਾ ਮਿਲ ਸਕਦਾ ਹੈ ॥ ੨੨ ॥ ਮੇਰਾ ਬਚਾ ਤਾਂ ਏਸੇ ਵਿਚ ਹੈ ਕਿ ਖ਼ੁਦਾ ਦੀ ਤਰਫੋਂ ( ਜੋ ਆਗਿਜਾ ਆਈ ਹੈ ਲੋਗਾਂ ਨੂੰ ) ਪਹੁੰਚਾ ਦੇਵਾਂ ਅਰ ਉਸ ਦੇ ਸੰਦੇਸੇ ( ਸਾਰਿਆਂ ਨੂੰ ਸੁਣਾ ਦੇਵਾਂ ) ਅਰ ਜੋ ਸ਼ਖ਼ਸ ਅੱਲਾ ਅਰ ਉਸ ਦੇ ਰਸੂਲ ਦੀ ਨਾ ਫਰਮਾਨੀ ਕਰੇਗਾ ਤਾਂ ਨਿਰਸੰਦੇਹ ਅੰਤ ਨੂੰ ਉਸ ਵਾਸਤੇ ਨਰਕਾਗਨੀ ਹੈ ਜਿਸ ਵਿਚ ਉਹ ਲੋਗ ਸਦਾ ਵਾਸਤੇ ( ਨਿਤਰਾਂ ੨ ) ਰਹਿਣਗੇ ॥ ੨੩ ॥ ( ਪਰੰਤੂ ਕਾਫਰ ਤਾਂ ਉਸ ਸਮੇਂ ਤਕ ਏਨਹਾਂ ਬਾਤਾਂ ਨੂੰ ਮੰਨਣ ਵਾਲੇ ਨਹੀਂ ) ਜਦੋਂ ਤਕ ਉਸ ( ਕਸ਼ਟ ) ਨੂੰ ਨਾ ਦੇਖ ਲੈਣ ਜਿਸਦੀ ਏਹਨਾਂ ਨਾਲ ਪਰਤਿਗਜਾ ਕੀਤੀ ਜਾਂਦੀ ਹੈ ਤਾਂ ਉਸ ਵੇਲੇ ਏਨਹਾਂ ਨੂੰ ਮਾਲੂਮ ਹੋ ਜਾਵੇਗਾ ਕਿ ਕਿਸ ਦੇ ਸਹਾਇਕ ਬੋਦੇ ( ਭੁਗੇ ) ਹਨ ਅਰ ( ਕਿਸ ਦਾ ) ਜਥਾ ( ਗਿਣਤੀ ਵਿਚ ) ਨਯੂਨ ਹੈ ॥ ੨੪ ॥ ( ਹੇ ਪੈਯੰਬਰ ਏਹਨਾਂ ਲੋਗਾਂ ਨੂੰ ) ਕਹੋ ਕਿ ਜਿਸ ( ਕਸ਼ਟ ) ਦੀ ਤੁਹਾਡੇ ਨਾਲ ਪਰਤਿਗਜਾ ਕੀਤੀ ਜਾਂਦੀ ਹੈ ਮੈਂ ਨਹੀਂ

Digitized by Panjab Digital Library | www.panjabdigilib.org

ਜਾਣਦਾ ਕਿ ਉਹ ਸਮੀਪ ਹੈ ਅਥਵਾ ਮੇਰਾ ਪਰਵਰਦਿਗਾਰ ਇਕ ਖਾਸ ਸਮੇਂ ਤਕ ਉਸ ਨੂੰ ਢਿਲ ਦੇਈ ਰਖੇਗਾ ॥ ੨੫ ॥ ਉਸਨੂੰ ਗੁਪਤ ਦਾ ਗਿਆਨ ਹੈ ਤਾਂ ਉਹ ਆਪਣੀਆਂ ਗੁਪਤ ਬਾਤਾਂ ਕਿਸੇ ਅਗੇ ਪਰਗਟ ਨਹੀਂ ਕੀਤਾ ਕਰਦਾ॥੨੬॥ ਪਰੰਤੂ (ਹਾਂ ਆਪਣਿਆਂ) ਪਸੰਦ ਕੀਤਿਆਂ ਹੋਇਆ ਪੈਯੰਬਰਾਂ ਅਗੇ (ਭਲਾਈ ਦਵਾਰਾ ਕੋਈ ਬਾਰਤਾ ਪਰਗਟ ਕਰਨੀ ਚਾਹੁੰਦਾ ਹੈ ) ਤਾਂ ਉਹ ( ਭੀ ਇਸ ਭਲੀ ਰੀਤੀ ਨਾਲ ਕਿ ) ਉਨਹਾਂ ਦੇ ਅਗੇ ਅਰ ਉਨਹਾਂ ਦੇ ਪਿਛੇ (ਫਰਿਸ਼ਤਿਆਂ ਦਾ) ਪਹਿਰਾ ( ਉਨਹਾਂ ਦੇ ਸਾਥ ) ਰਖਦਾ ਹੈ ॥ ੨੭ ॥ ਤਾਂ ਕਿ ਦੇਖ ਲਵੇ ਕਿ ਪੈਯੰਬਰਾਂ ਨੇ ਆਪਣੇ ਪਰਵਰਦਿਗਾਰ ਦੇ ਪੈਗਾਮ ( ਲੋਗਾਂ ਨੂੰ ਠੀਕ ਰੀਤੀ ਨਾਲ ) ਪਹੁੰਚਾ ਦਿਤੇ ਅਰ ਉਨਹਾਂ ਦੇ ਸਾਰੇ ਵਯਵਹਾਰ ਉਸੇ ਦੇ ਵਲਗਣ ( ਗਿਆਨ ) ਵਿਚ ਹਨ ਅਰ ਉਸ ਨੇ ਸੰਪੂਰਣ ਵਸਤਾਂ ਦੀ ਗਿਣਤੀ ( ਤਕ ਆਪਣੀ ਦ੍ਰਿਸ਼ਟੀ ਵਿੱਚ ) ਕਰ ਰਖੀ ਹੈ ॥ ੨੮ ॥ ਰੁਕੂਹ ੨ ॥

# ਸੂਰਤ ਮੁਜ਼ਮਿਲ ਮੱਕੇ ਵਿਚ ਉਤਰੀ ਅਰ ਇਸ ਦੀਆਂ ਬੀਸ ਆਇਤਾਂ ਅਰ ਦੋ ਰੁਕੂਹ ਹਨ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ )। ਹੇ ( ਪੈਯੰਬਰ ਤੁਸੀਂ ) ਜੋ ( ਵਹੀ ਦੇ ਭੈ ਨਾਲ ) ਚਾਦਰ ਲਪੇਟ ਕੇ ਪੜੇ ਹੋ ॥ ੧ ॥ ਰਾਤ੍ਰੀ ( ਦੇ ਸਮੇਂ ਨਮਾਜ਼ ) ਵਿੱਚ ਖੜੇ ਰਹਿਆ ਕਰੋ ( ਸੋ ਭੀ ਸਾਰੀ ਰਾਤ੍ਰੀ ਨਹੀਂ ਪ੍ਰਤਯੁਤ ) ਸਾਰੀ ਰਾਤ੍ਰੀ ਨਾਲੋਂ ਨਯੂਨ ॥ ੨ ॥ ( ਅਰਥਾਤ ) ਅਰਧ ਰਾਤ੍ਰੀ ਅਥਵਾ ਉਸ ਵਿੱਚੋਂ ( ਭੀ ) ਥੋਹੜਾ ਘਟ ਕਰ ਲੀਤਾ ਕਰੋ ॥ ੩ ॥ ਅਥਵਾ ਅਧੀ ਨਾਲੋਂ ( ਕੁਛ ) ਵਧਾ ਦਿਤਾ ਕਰੋ ਅਰ ਕੁਰਾਨ ਨੂੰ ਖੂਬ ਠਹਿਰਾ ੨ ਕੇ ਪੜ੍ਹਿਆ ਕਰੋ ॥ ੪ ॥ ਅਸੀਂ ਹੁਣੇ ਹੀ ਤੁਹਾਡੇ ਉਪਰ ਇਕ ਬੜੇ ਭਾਰੀ ਹੁਕਮ ( ਅਰਥਾਤ ਸਤ ਉਪਦੇਸ਼ ) ਦਾ ਬੋਝ ਪਾਉਣ ਵਾਲੇ ਹਾਂ ॥ ੫ ॥ ( ਤਾਂ ਆਪਣੇ ਤਾਈਂ ਤਪਸਿਆ ਦਾ ਸਵਭਾਵ ਪਾਓ)ਨਿਰਸੰਦੇਹ ਰਾਤ੍ਰੀ ਦਾ ਉਠਣਾ(ਮਨ ਦਾ)ਚੰਗਾ ਨਿਗ੍ਰਹੁ(ਨੀਵਿਆਂ)ਕਰਦਾ ਹੈ ਅਰ ਉਸ ਵੇਲੇ ਦੁਆ (ਪ੍ਰਾਰਥਨਾ) ਭੀ ਠੀਕ ( ਦਿਲੋਂ ) ਨਿਕਲਦੀ ਹੈ ॥ ੬ ॥ (ਅਰ) ਦਿਨ ਦੇ ਵੇਲੇ ਤਾਂ ਤੁਹਾਨੂੰ(ਵਿਆਖਿਆਨ ਤਥਾ ਸਿਖਸ਼ਾ ਵਿੱਚ) ਬੜੀ ਰੁਝ ਰਹਿਆ ਕਰੇਗੀ ॥ ੭ ॥ ਅਰ ਆਪਣੇ ਪਰਵਰਦਿਗਾਰ ਦਾ ਨਾਮ ਲੈਂਦੇ ਰਹੋ ਅਰ ( ਸਾਰਿਆਂ ਨਾਲੋਂ ) ਟੁੱਟ ਕੇ ਓਸੇ ਦੇ ਹੋ ਰਹੋ ॥ ੮ ॥ ( ਅਰ ਕਾਹੇ ਤੇ ਉਹ ) ਉਦੈ ਅਰ ਅਸਤ ( ਅਰਥਾਤ ਸਾਰੇ ਸੰਸਾਰ ) ਦਾ ਸਵਾਮੀ ਹੈ (ਅਰ ) ਉਸ ਦੇ ਸਿਵਾ ਕੋਈ ਮਾਬੂਦ ਨਹੀਂ ਤਾਂ ਉਸੇ ਨੂੰ

Digitized by Panjab Digital Library | www.panjabdigilib.org

( ਆਪਣਾ ) ਕਰਨ ਕਾਰਨ ਸਮਝੋ ॥ ੯ ॥ ਅਰ ( ਕਾਫਰ ) ਜੋਸੀਆਂ ੨ ਬਾਤਾਂ (ਤੁਹਾਡੀ ਨਿਸਬਤ) ਕਹਿੰਦੇ ਹਨ ਉਨਹਾਂ ਉਪਰ ਸਬਰ ਕਰੋ ਅਰ ਭਲੀ ਤਰਹਾਂ ਉਨਹਾਂ ਨਾਲੋਂ ਅਲਗ ਥਲਗ ਰਹੋ ॥ ੧੦ ॥ ਅਰ ( ਏਹ ) ਜੋ ਝੁਠਿਆਰਨ ਵਾਲੇ ਖ਼ੁਸ਼ਹਾਲ ਲੋਗ ਹਨ ਸਾਨੂੰ ਅਰ ਏਨਹਾਂ ਨੂੰ ( ਆਪ ਆਪਣੇ ਹਾਲ ਉਪਰ ) ਰਹਿਣ ਦਿਓ ( ਅਸੀਂ ਏਹਨਾਂ ਨਾਲ ਭੁਗਤ ਲਵਾਂ ਗੇ ) ਅਰ ਏਹਨਾਂ ਨੂੰ ਥੋਹੜੀ ਸੀ ਮੋਹਲਤ ਦਿਓ ॥ ੧੧ ॥ ਨਿਰਸੰਦੇਹ ਸਾਡੇ ਏਥੇ (ਏਨਹਾਂ ਦੇ ਜਕੜਨ ਵਾਸਤੇ ) ਬੇੜੀਆਂ ਅਰ ( ਏਨਹਾਂ ਦੇ ਝੋਕ ਦੇਣ ਵਾਸਤੇ ) ਨਰਕ ॥ ੧੨ ॥ ਅਰ ( ਏਹਨਾਂ ਦੇ ਖਾਣ ਨੂੰ ਐਸਾ ) ਖਾਣਾ ਜੋ ਸੰਘੋਂ ਨਾ ਲੰਘੇ ਅਰ ( ਬਹੁ ਪਰਕਾਰ ਦੇ ) ਭਿਆਨਕ ਕਸ਼ਟ ( ਮੌਜੂਦ ) ਹਨ ॥ ੧੩ ॥ ( ਅਰ ਏਹ ਅਜ਼ਾਬ ਉਨਹਾਂ ਨੂੰ ਉਸ ਦਿਨ ਹੋਣ ਗੇ ) ਜਦੋਂ ਕਿ ਧਰਤੀ ਔਰ ਪਰਬਤ ਹਿਲਣ ਲਗਣ ਗੇ ਅਰ ਪਰਬਤ ( ਇਕ ਦੂਸਰੇ ਨਾਲ ਟਕਰਾ ਕਰ ਰੇਤ ਦੇ ) ਭੁਰ ਭੁਰੇ ਟਿਬੇ ਹੋ ਜਾਣਗੇ ॥ ੧੪ ॥ ( ਲੋਗੋ ! ) ਜਿਸ ਤਰਹਾਂ ਅਸਾਂ ਨੇ ਫਰਊਨ ਦੀ ਤਰਫ ( ਮੂਸਾ ਨੂੰ ) ਪੈਗੰਬਰ ( ਬਨਾ ਕਰ ) ਭੇਜਿਆ ਸੀ ਤੁਹਾਡੀ ਤਰਫ਼ ਭੀ ( ਮੁਹੰਮਦ ਨੂੰ ) ਰਸੂਲ ( ਬਨਾ ਕਰ ) ਭੇਜਿਆ ਹੈ ਜੋ ( ਕਿਆਮਤ ਦੇ ਦਿਨ ) ਤੁਹਾਡੇ ਮੁਕਾਬਲੇ ਵਿਚ ਗਵਾਹੀ ਦੇਣਗੇ ॥ ੧੫ ॥ ਸੋ ਫਰਊਨ ਨੇ (ਉਸ) ਪੈਗੰਬਰ ਦੀ ਆਗਿਆ ਭੰਗ ਕੀਤੀ ਤਾਂ ਅਸਾਂ ਨੇ ਉਸ ਨੂੰ ਬੜੇ ਵਬਾਲ ਵਿਚ ਧਰ ਦਬਾਇਆ ॥ ੧੬ ॥ ਬਸ ਯਦੀ ਤੁਸੀਂ ( ਭੀ ) ਨਹੀਂ ਮੰਨੋਗੇ ਤਾਂ ਉਸ ਦਿਨ ( ਦੀਆਂ ਮੁਸੀਬਤਾਂ ) ਥੀਂ ਕਿਸ ਰੀਤੀ ਨਾਲ ਬਚ ਸਕੋਗੇ ਜੋ ( ਸਖਤੀ ਦੇ ਮਾਰਿਆਂ ) ਬਚਿਆਂ ਨੂੰ ( ਸਮੇਂ ਥੀਂ ਪਹਿਲੇ ) ਬ੍ਰਿਧ ਕਰ ਦੇਵੇ ॥੧੭ ॥ ( ਅਰ ) ਉਸ ਦਿਨ ਅਸਮਾਨ ਪਾਟ ਜਾਵੇਗਾ ( ਇਹ ) ਖੁਦਾ ਦੀ ਪਰਤਿਗਜਾ ( ਹੈ ਜੋ ) ਹੋ ਕੇ ਹੀ ਰਹੇਗੀ ॥ ੧੮ ॥ ਏਹ ਸਿਖਿਆ ( ਦੀਆਂ ਬਾਤਾਂ ) ਹਨ ਤਾਂ ਜੋ ਚਾਹੇ ਆਪਣੇ ਪਰਵਰਦਿਗਾਰ ਤਕ ( ਪਹੁੰਚਣੇ ਦਾ ) ਰਸਤਾ ਅਖਤਿਆਰ ਕਰੇ ॥ ੧੯ ॥ ਰੁਕੂਹ ੧ ॥

( ਹੇ ਪੈਗੰਬਰ ) ਤੁਹਾਡਾ ਪਰਵਰਦਿਗਾਰ ਜਾਣਦਾ ਹੈ ਕਿ ਤੁਸੀਂ ਅਰ ਕੁਝ ਲੋਗ ਜੋ ਤੁਹਾਡੇ ਸਾਥ ਹਨ ( ਕਦੇ ) ਦੋ ਤਿਹਾਈ ਰਾਤ੍ਰੀ ਦੇ ਸਮੀਪ ਅਰ ( ਕਦੇ ) ਅਧੀ ਰਾਤ੍ਰੀ ਅਰ ( ਕਦੇ ) ਤਿਹਾਈ ਰਾਤ੍ਰੀ ( ਨਮਾਜ਼ ਵਿਚ ) ਖੜੇ ਰਹਿੰਦੇ ਹੋ ਅਰ ਦਿਨ ਰਾਤ੍ਰੀ ਦਾ ( ਠੀਕ ) ਅੰਦਾਜ਼ਾ ਅਲਾ ਹੀ ਕਰ ਸਕਦਾ ਹੈ ਉਸ ਨੂੰ ਮਾਲੂਮ ਹੈ ਕਿ ਤੁਸੀਂ ਉਸਨੂੰ ਪੂਰਾ ਨਹੀਂ ਕਰ ਸਕਦੇ ( ਅਰਥਾਤ ਨਬਾਹ ਨਹੀਂ ਸਕਦੇ ) ਤਾਂ ਉਸ ਨੇ ਤੁਹਾਡੇ ਹਾਲ ਉਪਰ ਦਯਾ ਕੀਤੀ ( ਅਰ ਵਕਤ ਦੀ ਕੈਦ ਉਠਾ ਦਿਤੀ ) ਤਾਂ ( ਹੁਣ ਤਹਜਦ ਵਿਚ )

Digitized by Panjab Digital Library | www.panjabdigilib.org

ਅਸਾਨੀ ਨਾਲ ਜਿਤਨਾ ਕੁਰਾਨ ਪੜ੍ਹਿਆਜਾਵੇ ਪੜ੍ਹ ਲੀਤਾ ਕਰੋ ਉਸਨੂੰ ਮਾਲੂਮ ਹੈ ਕਿ ਤੁਸਾਂ ਵਿਚੋਂ ਕਈਕ (ਆਦਮੀ) ਬੀਮਾਰ ਪੜ ਜਾਣਗੇ ਅਰ ਕਈਕ ਖੁਦਾ ਦੇ ਫ਼ਜਲ (ਅਰਥਾਤ ਅਜੀਉਕਾ ਦੀ) ਤਲਾਸ਼ ਵਿਚ (ਏਧਰ ਓਧਰ) ਦੇਸ ਵਿਚ ਯਾਤ੍ਰਾ ਕਰ ਰਹੇ ਹੋਵੋਗੇ ਅਰ ਕਈਕ ਖੁਦਾ ਦੇ ਰਾਹ ਵਿਚ (ਵੈਰੀ-ਆਂ) ਨਾਲ ਲੜਦੇ ਹੋਣਗੇ ਤਾਂ ਜਿਨਹਾਂ ਕੁਰਾਨ (ਤਹਜਦ ਵਿਚ) ਆਸਾਨੀ ਨਾਲ ਪੜ੍ਹਿਆ ਜਾਵੇ ਪੜ੍ਹ ਲੀਤਾ ਕਰੋ ਅਰ (ਪੰਜੇ) ਨਮਾਜ਼ਾਂ ਪੜ੍ਹਦੇ ਰਹੋ ਅਰ ਜ਼ਕਾਤ ਦੇਂਦੇ ਰਹੋ ਅਰ (ਜ਼ਕਾਤ ਥੀਂ ਅਲਗ) ਅੱਲਾ ਨੂੰ ਖ਼ੁਸ਼ ਦਿਲੀ ਨਾਲ ਰਿਣ (ਭੀ) ਦਿਤਾ ਕਰੋ। ਅਰ ਜੋ ਨੇਕੀ (ਭੀ) ਆਪਣੇ ਵਾਸਤੇ ਪਹਿਲੋਂ ਤੋਂ ਹੀ (ਪਰਲੋਕ ਵਾਸਤੇ) ਭੇਜ ਦਿਓਗੇ ਓਸ ਨੂੰ ਅੱਲਾ ਦੇ ਪਾਸ (ਚਲ ਕੇ) ਪਾਓਗੇ ਕਿ ਉਹ (ਤੁਹਾਡੇ ਹਕ ਵਿਚ ਸੰਸਾਰੀ ਫ਼ਾਇਦਿਆਂ ਨਾਲੋਂ) ਬਹੁਤ ਉਤਮ ਹੈ ਅਰ ਉਸਦਾ ਫਲ ਭੀ ਬਹੁਤ ਬੜਾ ਹੈ ਤਾਂ ਅਲਾ ਪਾਸੋਂ (ਆਪਣਿਆਂ ਪਾਪਾਂ ਦੀ) ਖਿਸ਼ਮਾਂ ਮੰਗਦੇ ਰਹਿਆ ਕਰੋ ਨਿਰਸੰਦੇ ਅੱਲਾ ਬੜਾ ਬਖਸ਼ਣੇ ਵਾਲਾ ਮੇਹਰਬਾਨ ਹੈ ॥ ੨੦ ॥ ਰੁਕੂਹ ੨ ॥

## ਸੂਰਤ ਮੁਦਸਰ ਮੱਕੇ ਵਿਚ ਉਤਰੀ ਅਰ ਇਸ ਦੀਆਂ ਛਵਿੰਜਾਂ (੫੬) ਆਇਤਾਂ ਅਰ ਦੋ ਰੁਕੂਹ ਹਨ।

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰਪਾਲੂ (ਹੈ) ਹੇ (ਪੈਗੰਬਰ ਤੁਸੀਂ) ਜੋ (ਵਹੀ ਦੇ ਡਰ ਨਾਲ) ਚਾਦਰ ਲਪੇਟੇ ਪੜੇ ਹੋ ॥ ੧ ॥ ਉਠੋ ! ਅਰ (ਲੋਗਾਂ ਨੂੰ ਖੁਦਾ ਦੇ ਕਸ਼ਟ ਥੀਂ) ਡਰਾਓ ॥ ੨ ॥ ਅਰ ਆਪਣੇ ਪਰਵਰਦਿਗਾਰ ਦੀਆਂ ਵਡਿਆਈਆਂ ਵਰਨਨ ਕਰੋ ॥ ੩ ॥ ਅਰ ਆਪਣਿਆਂ ਕਪੜਿਆਂ ਨੂੰ (ਭਲੀ ਭਾਂਤ) ਸਾਫ਼ ਸੁਥਰੇ ॥ ੪ ॥ ਅਰ ਮੈਲ ਥੀਂ ਅਲਗ ਰਖੋ ॥ ੫ ॥ ਅਰ (ਪੈਗੰਬਰੀ ਉਪਦੇਸ਼ਾਂ ਨੂੰ) ਬੜਾ ਕੰਮ ਸਮਝ ਕੇ (ਲੋਗਾਂ ਉਪਰ) ਅਹਿ-ਸਾਨ ਨਾ ਰਖੋ ॥੬॥ ਅਰ (ਪੈਗੰਬਰੀ ਉਪਦੇਸ਼ ਵਿਚ ਜੋ ਕਠਿਨਤਾਈਆਂ ਪ੍ਰਾਪਤ ਹੋਣ ਉਨ੍ਹਾਂ ਉਪਰ) ਆਪਣੇ ਪਰਵਦਿਗਾਰ (ਦੀ ਪ੍ਰਸੰਨਤਾਈ) ਵਾਸਤੇ ਸਬਰ ਕਰੋ ॥ ੭ ॥ ਫੇਰ ਜਦੋਂ ਨਰਸਿੰਗਾ ਬਜਾਇਆ ਜਾਵੇਗਾ ॥ ੮ ॥ ਤਾਂ ਉਹ ਦਿਨ ਕਾਫ਼ਰਾਂ ਦੇ ਹਕ ਵਿਚ ਐਸਾ ਕਠਿਨ ਦਿਨ ਹੋਵੇਗਾ ॥੯॥ ਕਿ ਉਸ ਵਿਚ (ਕੁਝ ਭੀ) ਆਸਾਨੀ ਨਹੀਂ ਹੋਵੇਗੀ ॥ ੧੦ ॥ (ਹੇ ਪੈਗੰਬਰ) ਸਾਨੂੰ ਅਰ ਉਸ (ਅਭਾਗੇ) ਨੂੰ (ਆਪਣੇ ਆਪਣੇ ਹਾਲ ਉਪਰ) ਰਹਿਣ ਦੇਓ (ਕਿ ਅਸੀਂ ਉਸ ਨਾਲ ਭੁਗਤ ਲਵਾਂਗੇ) ਜਿਸ ਨੂੰ ਅਸਾਂ ਨੇ ਅਕੇਲਾ (ਅਰਥਾਤ

Digitized by Panjab Digital Library | www.panjabdigilib.org

ਅਤੀ ਬੇ ਸਾਮਾਨ ) ਪੈਦਾ ਕੀਤਾ ॥ ੧੧ ॥ ਅਰ ( ਫੇਰ ) ਉਸ ਨੂੰ ਬਹੁਤ ਧਨ ਮਾਲ ਪ੍ਰਦਾਨ ਕੀਤਾ ॥ ੧੨ ॥ ਅਰ ( ਮਾਲ ਥੀਂ ਸਿਵਾ ) ਪੁਤ੍ਰ ( ਜੋ ਉਸ ਦੇ ਸਾਥ ਲੜਨ ਮਰਨ ਨੂੰ ) ਮੌਜੂਦ ਹਨ ॥ ੧੩ ॥ ਅਹ ਹਰ ਪ੍ਰਕਾਰ ਦਾ ( ਸਾਂਸਾਰਿਕ ) ਸਾਮਾਨ ਉਸ ਦੇ ਵਾਸਤੇ ਇਕਤ੍ਰ ਕਰ ਦਿਤਾ ॥ ੧੪ ॥ ਇਸ ਪਰ ਭੀ ਉਹ (ਇਹ ਮਿਥਿਆ) ਕਲਪਨਾਂ ਲਗਾਈ ਬੈਠਾ ਹੈ ਕਿ ਅਸੀਂ ( ਆਖਰਤ ਵਿਚ ਉਸ ਨੂੰ ਕੁਛ ) ਹੋਰ ( ਭੀ ) ਦੇਵਾਂਗੇ ॥ ੧੫ ॥ ਸੋ ਏਹ ਤਾਂ ਹੋਣਾਂ ਨਹੀਂ ( ਕਾਹੇ ਤੇ ) ਓਹ ਸਾਡੀਆਂ ਆਇਤਾਂ ਦਾ ਵਿਰੋਧੀ ਸੀ ॥ ੧੬ ॥ ਅਸੀਂ ਝਬਦੇ ਹੀ ਉਸ ਨੂੰ ਸਖਤ ਕਸ਼ਟ ਵਿਚ ਆਵੇ਷੍ਟਿਤ ਕਰਾਂਗੇ ॥ ੧੭ ॥ ( ਕਾਹੇ ਤੇ ਜਦੋਂ ਉਸ ਨੂੰ ਕੁਰਾਨ ਦੀ ਨਿਸਬਤ ਪੁਛਿਆ ਗਇਆ ਤਾਂ ) ਉਸ ਨੇ ਸੋਚਿਆ ਅਰ ਅਟਕਲ ਦੌੜਾਈ ॥ ੧੮ ॥ ਤਾਂ ਓਸ ਨੂੰ ( ਖੁਦਾ ਦੀ ) ਮਾਰ ( ਦੇਖੋ ਤਾਂ ) ਕੈਸਾ ਅਟਕਲ ਪੰਚੂ (ਮਾਰਿਆ) ॥੧੯॥ ਫੇਰ ਓਸ ਨੂੰ(ਖ਼ੁਦਾ ਦੀ) ਮਾਰ(ਦੇਖੋ ਤਾਂ)ਕੈਸਾ ਅਟਕਲ ਪਚੂ(ਮਾਰਿਆ) ॥ ੨੦ ॥ ਫੇਰ (ਦੁਬਾਰਾ) ਸੋਚਿਆ ॥ ੨੧ ॥ ਫੇਰ ਘੂਰੀ ਵਟੀ ਅਰ ਭੈੜਾ ਜੇਹਿਆ ਬੂਥਾ ਬਣਾਇਆ ॥੨੨॥ ਫੇਰ ਪਿਠ ਫੇਰ ਕੇ ਤੁਰਦਾ ਹੋਇਆ ਅਰ ਘਮੰਡ ਵਿਚ ਆ ਗਇਆ ॥ ੨੩ ॥ ਅਰ ਲਗਾ ਕਹਿਣ ਕਿ ਏਹ ( ਕੁਰਾਨ) ਤਾਂ ਬਸ ( ਇਕ ਤਰਹਾਂ ਦਾ ) ਜਾਦੂ ਹੈ ਜੋ ( ਅਗਲਿਆਂ ਥੀਂ ) ਚਲਿਆ ਆਉਂਦਾ ਹੈ ॥ ੨੪ ॥ ਏਹ ( ਕੁਰਾਨ ) ਤਾਂ ਬਸ ( ਕਿਸੇ ) ਆਦਮੀ ਦੀ ਰਚਨਾ ਹੈ ॥ ੨੫ ॥ ( ਸੋ ) ਬਲਾਤਕਾਰ ਹੀ ਅਸੀਂ ਉਸ ਨੂੰ ( ਲੈਜਾ ਕੇ ) ਦੋਜ਼ਖ ਵਿਚ ਝੋਕ ਦੇਵਾਂਗੇ ॥ ੨੬ ॥ ਅਰ ( ਹੇ ਪਯੰਬਰ ਤੁਸੀਂ ) ਕੀ ਸਮਝੇ ਕਿ ਦੋਜ਼ਖ ਹੈ ਕੀ ਚੀਜ਼ ? ॥ ੨੭ ॥ ਉਹ ਨਾਂ ਤਾਂ ਬਾਕੀ ਰਖੇ ਅਰ ਨਾ ਛਡੇ ॥ ੨੮ ॥ ( ਅਰ ਆਦਮੀ ਦੇ ਤਨ ) ਬਦਨ ਨੂੰ ( ਮਾਰ ਕੇ ) ਝੁਲਸ ਦੇਵੇ ੨੯ ॥ ਉਸ ਉਪਰ ਉੱਨੀ ( ਪਹਿਰੇ ਦਾਰ ) ਹਨ ॥ ੩੦ ॥ ਅਰ ਅਸਾਂ ਨੇ ਨਰਕਾਂ ਦੇ ਪਹਿਰੇਦਾਰ ( ਆਦਮੀ ਨਹੀਂ ਪ੍ਰਤਯੁਤ ) ਫਰਿਸ਼ਤੇ ਹੀ ਬਨਾਏ ਹਨ ਅਰ ਉਨਹਾਂ ਦੀ ( ਉੱਨੀਆਂ ਦੀ ) ਗਣਨਾ ( ਭੀ ) ਏਸ ਭਾਵ ਉਪਰ ਨਿਯਤ ਕੀਤੀ ਹੈ ਕਿ ਜੋ ਲੋਗ ( ਪ੍ਰਲੈ ਦੇ ) ਮੁਨਕਰ ਹਨ ਉਨਹਾਂ ਨੂੰ ( ਏਹਨਾਂ ਬਾਤਾਂ ਕਰਕੇ ) ਹੋਰ ਪਰੇਸ਼ਾਨੀ ਅਧਿਕ ਹੋਵੇ ( ਅਰ ) ਤਾ ਕਿ ਕਿਤਾਬਾਂ ਵਾਲੇ ( ਸੁਣਦਿਆਂ ਸਾਰ ) ਹੀ ਨਿਸਚਾ ਕਰ ਲੈਣ ਅਰ ਜੋ ਮੁਸਲਮਾਨ ਹਨ ( ਏਨਹਾਂ ਬਾਤਾਂ ਕਰਕੇ ) ਉਹਨਾਂ ਦਾ ਈਮਾਨ ਹੋਰ ਅ-ਧਿਕ ਹੋਵੇ ਅਰ ਪੁਸਤਕ ਵਾਲੇ ਅਰ ( ਮੁਸਲਮਾਨ ਏਨਹਾਂ ਬਾਤਾਂ ਵਿਚ ਕਿਸੀ ਤਰਹਾਂ ਦਾ ) ਭ੍ਰਮ ਨਾ ਕਰਨ ਅਰ ਜਿਨਹਾਂ ਲੋਗਾਂ ਦੇ ਦਿਲਾਂ ਵਿਚ ( ਨਫਾਕ ਦਾ ) ਰੋਗ ਹੈ ਅਰ ਜੋ ( ਖੁਲਮਖੁਲੇ ) ਕਾਫਰ ਹਨ ( ਸੁਣ

Digitized by Panjab Digital Library | www.panjabdigilib.org

ਕੇ )ਬੋਲ ਪੈਣ ਕਿ ਐਸੀਆਂ ਬਾਤਾਂ ਦੇ ਕਹਿਣ ਨਾਲ ਖ਼ੁਦਾ ਦੀ ਕੀ ਇਛਿਆ ਹੈ। ( ਹੇ ਪੈਗੰਬਰ ) ਇਸੀ ਪ੍ਰਕਾਰ ਹੀ ਖ਼ੁਦਾ ਜਿਸ ਨੂੰ ਚਾਹੁੰਦਾ ਹੈ ਗੁਮ-ਰਾਹ ਕਰਦਾ ਹੈ ਅਰ ਜਿਸ ਨੂੰ ਚਾਹੁੰਦਾ ਹੈ ਸਚਾ ਮਾਰਗ ਦਿਖਾਉਂਦਾ ਹੈ ਅਰ ਤੁਹਾਡੇ ਪਰਵਰਦਿਗਾਰ ( ਦੀ ਸ੍ਰਿਸ਼ਟੀ ) ਦੇ ਲਸ਼ਕਰਾਂ ਦਾ ਹਾਲ ਉਸ ਦੇ ਸਿਵਾ ਕੋਈ ਨਹੀਂ ਜਾਣਦਾ ਅਰ ਏਨਹਾਂ ਬਾਤਾਂ ਥੀਂ ਲੋਗਾਂ ਨੂੰ ਉਪਦੇਸ਼ ਦੇਣਾ ਅਭੀਸ਼ਟ ਹੈ ਹੋਰ ਬਸ ॥ ੩੧ ॥ ਰੁਕੂਹ ੧ ॥

(ਸਾਨੂੰ ) ਚੰਦ੍ਰਮਾਂ ਦੀ ਸੌਗੰਦ ਸਚ ਤਾਂ ਇਹ ਹੈ ਕਿ ॥ ੩੨ ॥ ਅਰ ਰਾਤ੍ਰੀ ਦੀ ਜਦੋਂ ਜਾਣ ਲਗੇ ॥ ੩੩ ॥ ਅਰ ਪ੍ਰਾਤ(ਕਾਲ) ਦੀ ਜਦੋਂ ਰੋਸ਼ਨੀ ਹੋ ਜਾਏ ॥ ੩੪ ॥ ਕਿ ( ਕਿਆਮਤ ਦੀਆਂ ) ਬੜੀਆਂ ੨ ਮੁਸੀਬਤਾਂ ਵਿਚੋਂ ਇਹ ( ਦੋਜ਼ਖ ਭੀ ਆਪਣੇ ਥਾਂ ) ਇਕ ਹੀ ( ਮੁਸੀਬਤ ) ਹੈ ( ਅਰਥਾਤ ਸਾਰਿਆਂ ਨਾਲੋਂ ਵਡੀ ਹੈ ) ॥ ੩੫ ॥ ( ਏਹ ) ਆਦਮੀ ਦੇ ਡਰਾਉਣ ਨੂੰ ( ਬਸ ਹੈ ) ॥ ੩੬ ॥ ( ਪਰੰਤੂ) ਉਸੇ ਨੂੰ ਜੋ ਤੁਹਾਡੇ ਵਿਚੋਂ ਅਗੇ ਵਧਣਾ ਚਾਹੇ ਅਥਵਾ ਪਿਛੇ ਹਟਣਾ ( ਚਾਹੇ ) ॥ ੩੭ ॥ ਹਰ ਪੁਰਖ ਆਪਣੇ ਕਰਮਾਂ ਦੇ ਬਦਲੇ ਵਿਚ ਫਸ ਰਹਿਆ ਹੈ ( ਅਰਥਾਤ ਗਿਰਵੀ ਹੈ) ॥ ੩੮ ॥ ਪਰੰਤੂ ਜਿਨਹਾਂ ਦੇ ਕਰਮ ਪਤ੍ਰ ਉਨਹਾਂ ਦੇ ਸੱਜੇ ਹੱਥ ਵਿਚ ਦਿਤੇ ਗਏ ਹੋਣਗੇ ॥ ੩੯॥ (ਉਹ ਫਾਹੀ ਥੀਂ ਛੁਟ ਕੇ ਬਹਿਸ਼ਤ ਦਿਆਂ) ਬਾਗਾਂ ਵਿਚ (ਹੋਣਗੇ)॥੪੦॥(ਅਰ)ਗੁਨਹਾਂਗਾਰਾਂ ਨੂੰ ਪੁਛ ਰਹੇ ਹੋਣਗੇ ॥ ੪੧ ॥ ਕਿ ਕੋਣ ਚੀਜ ਤੁਹਾਨੂੰ ਦੋਜ਼ਖ ਵਿਚ ਲੈ ਆਈ ? ॥ ੪੨ ॥ ਓਹ ਕਹਿਣਗੇ ਅਸੀਂ ਨਾਂ ਤਾਂ ਨਮਾਜ਼ ਪੜਿਆ ਕਰਦੇ ਸੀ ॥ ੪੩ ॥ ਅਰ ਨਾਂ ਅਸੀਂ ( ਕਿਸੇ ) ਮੁਹਤਾਜ ਨੂੰ ਪ੍ਰਸ਼ਾਦ ਛਕਾਇਆ ਕਰਦੇ ਸੀ ॥ ੪੪ ॥ ਅਰ ( ਦੀਨ ਦੀਆਂ ਬਾਤਾਂ ਦੇ ਬਾਰੇ ਵਿਚ ) ਜੋ ਲੋਗ ( ਬੇਹੂਦਾ ) ਬਕਵਾਸ ਕੀਤਾ ਕਰਦੇ ਸਨ ਉਨਹਾਂ ਦੇ ਸੰਗੀ ਹੋਕੇ ਅਸੀਂ ਭੀ ਬਕਵਾਸ ਕੀਤਾ ਕਰਦੇ ਸੇ ॥ ੪੫ ॥ ਅਰ ( ਏਸ ਥੀਂ ਛੁਟ ) ਅਸੀਂ ( ਮੁੱਢੋਂ ) ਬਦਲੇ ਦੇ ਦਿਨ ਨੂੰ ( ਹੀ ) ਨਹੀਂ ਮੰਨਦੇ ਸੀ ॥ ੪੬ ॥ ਇਥੋਂ ਤਕ ਕਿ ( ਮਰਿਆਂ ਪਿਛੋਂ ਅੱਖੀਆਂ ਨਾਲ ਦੇਖਿਆ ਤਾਂ ) ਸਾਨੂੰ ਯਕੀਨ ਆਇਆ ॥ ੪੭ ॥ ਤਾਂ ( ਉਸ ਵੇਲੇ ) ਕਿਸੇ ਸਫਾਰਸ਼ੀ ਦੀ ਸਫਾਰਸ਼ ਏਨਹਾਂ ਦੇ ਕੰਮ ਨਾ ਆਵੇਗੀ ॥ ੪੮ ॥

( ਪਰੰਤੂ ) ਹੁਣ ਏਹਨਾਂ ਲੋਗਾਂ ਨੂੰ ਕੀ (ਬਲਾ ਮਾਰ ਗਈ) ਹੈ ਕਿ ਉਪਦੇਸ਼ ਪਾਸੋਂ ( ਇਸ ਤਰਹਾਂ ) ਬੇਮੁਖੀ ਕਰਦੇ ਹਨ ॥ ੪੯ ॥ ਕਿ ਮਾਨੋ ਉਹ ( ਜੰਗਲੀ ) ਗਧੇ ਹਨ ॥ ੫੦ ॥ ( ਅਰ ) ਸ਼ੇਰ ( ਦੀ ਸੂਰਤ ) ਪਾਸੋਂ ਡਰਕੇ ਭਜਦੇ ਹਨ ॥ ੫੧ ॥ ਪ੍ਰਤੁਯੁਤ ਏਹਨਾਂ ਦੇ ਤਾਂ ਏਹ ਹੌਸਲੇ ਹਨ ਕਿ ਇਨਹਾਂ ਵਿਚੋਂ ਹਰ ਪੁਰਖ ਨੂੰ ਖੁਲੇ ਹੋਏ ( ਆਸਮਾਨੀ )

Digitized by Panjab Digital Library | www.panjabdigilib.org

ਚਮਿਤਕਾਰ (ਸਹੀਫੇ) ਦਿਤੇ ਜਾਣ॥ ੫੨ ॥ ਸੋ ਏਹ ਤਾਂ ਹੋਣਾ ਹੀ ਨਹੀਂ ਪ੍ਰਤ-ਯੁਤ ( ਬਾਰਤਾ ਏਹ ਹੈ ਕਿ ਏਹ ਲੋਗ ) ਪ੍ਰਲੌ ਪਾਸੋਂ ਹੀ ਨਹੀਂ ਡਰਦੇ ॥ ੫੩॥ (ਅਰ ਏਸੇ ਕਰਕੇ ਕੁਰਾਨ ਨਹੀਂ ਸੁਣਨਾ ਚਾਹੁੰਦੇ) ਸੋ ਏਹ ਝਖ ਮਾਰਨ ਦੀ ਬਾਰਤਾ ਹੈ ਕਾਹੇ ਤੇ ਕੁਰਾਨ ( ਤਾਂ ਸਿਰ ਥੀਂ ਲੈਕੇ ਪੈਰਾਂ ਤਕ ) ਸਿਖਯਾ ਰੂਪ ਹੈ ॥ ੫੪ ॥ ਤਾਂ ਜੋ ਚਾਹੇ ਇਸ ਨੂੰ ਸੋਚੇ (ਸਮਝੇ) ॥ ੫੫ ॥ ਅਰ ਈਸ਼-ਵਰੀ ਇਛਿਯਾ ਬਿਨਾਂ ਤਾਂ ( ਏਹ ਲੋਗ ) ਸੋਚਣੇ ( ਸਮਝਣੇ ) ਵਾਲੇ ਹੈਨ ਨਹੀਂ ਉਸ ਦੀ (ਕੇਹਰੀ) ਸ਼ਾਨ ( ਤਾਂ ) ਇਹ ਹੈ ਕਿ ( ਬੰਦਿਆਂ ਨੂੰ ) ਉਸ ਪਾਸੋਂ ਡਰਨਾ ਚਾਹੀਦਾ ਹੈ ਅਰ ( ਉਸ ਦੀ ) ਸ਼ਾਨ ( ਰਹੀਮੀ ) ਏਹ ਹੈ ਕਿ ( ਉਹ ਬੰਦਿਆਂ ਦੇ ਗੁਨਾਂਹ) ਮਾਫ ਕਰਦਾ ਹੈ ॥ ੫੬ ॥ ਰੁਕੂਹ ੨ ॥

## ਸੂਰਤ ਕਿਆਮਤ ਮੱਕੇ ਵਿਚ ਉਤਰੀ ਅਰ ਇਸ ਦੀਆਂ ਚਾਲੀ ਆਇਤਾਂ ਅਰ ਦੋ ਰੁਕੂਹ ਹਨ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਅਸੀਂ ਪ੍ਰਲੌ ਦੇ ਦਿਨ ਦੀ ਸੌਗੰਦ ਕਰਦੇ ਹਾਂ ॥ ੧ ॥ ਅਰ ( ਹੋਰ ਆਦਮੀ ਦੇ ) ਦਿਲ ਦੀ ਸੌਗੰਧ ਖਾਂਦੇ ਹਾਂ ਜੋ ( ਉਸ ਨੂੰ ਬੁਰੇ ਕੰਮ ਉਪਰ ) ਮੁਲਾਮਤ ਕੀਤਾ ਕਰਦਾ ਹੈ ॥ ੨ ॥ ( ਕਿ ਕਿਆਮਤ ਦੇ ਦਿਨ ਸਭ ਲੋਗ ਸਰਾਜੀਤ ਕੀਤੇ ਜਾਣਗੇ) ਕੀ ਆਦਮੀ ( ਐਸਾ ) ਖਿਆਲ ਕਰਦਾ ਹੈ ਕਿ ਅਸੀਂ ਉਸ ਦੀਆਂ ਹਡੀਆਂ ਨੂੰ ( ਉਸ ਦਿਆਂ ਮਰਿਆਂ ਪਿਛੋਂ ਫੇਰ ) ਇਕੱਤਰ ਨਾ ਕਰਾਂਗੇ ? ਜ਼ਰੂਰ ਇਕੱਤਰ ਕਰਾਂਗੇ ॥ ੩ ॥ ਅਰ ਅਸੀਂ ਏਸ ਬਾਰਤਾ ਉਪਰ ਸਾਮਰਥ ਹਾਂ ਕਿ ਉਸ ਦੀ ਗੰਢ ੨ ( ਉਸ ਦੇ ਅਸਲੀ ) ਟਿਕਾਣੇ ਸਿਰ ਬਠਾ ਦੇਈਏ ॥ ੪ ॥ ਪ੍ਰਤਯੁਤ ( ਬਾਰਤਾ ਏਹ ਹੈ ਕਿ ) ਆਦਮੀ ( ਇਸ ਕਾਰਨੋਂ ਕਿਆਮਤ ਨੂੰ ਨਹੀਂ ਮੰਨਦਾ ਕਿ ਓਹ) ਚਾਹੁੰਦਾ ਹੈ ਕਿ ਅਗੇ ਨੂੰ ਭੀ ( ਬਿਨਾਂ ਖੌਫ ਖਤਰੇ ਥੀਂ ) ਖੁਦਾ ਦੀ ਨਾ ਫਰਮਾਨੀ ਕਰਦਾ ਰਹੇ ॥ ੫ ॥ ਅਰ (ਆਸੰਕਾ ਦੀ ਰੀਤੀ ਨਾਲ ) ਪੁਛਦਾ ਹੈ ਕਿ ਭਲਾ ਕਿਆਮਤ ਦਾ ਦਿਨ ਕਦੋਂ ਹੋਵੇਗਾ ? ॥ ੬ ॥ ਤਾਂ ਜਦੋਂ ( ਖੌਫ ਥੀਂ ਮਾਰਿਆਂ ) ਅਖੀਆਂ ਤਾੜੇ ਲਗ ਜਾਣ ॥ ੭ ॥ ਅਰ ਚੰਦ੍ਰਮਾਂ ਗ੍ਰਸਿਆ ਜਾਵੇ ॥ ੮ ॥ ਅਰ ਸੂਰਜ ਚੰਦ੍ਰ ( ਦੋਨੋ ) ਇਕ ਜਗਾ ਕਰ ਦਿਤੇ ਜਾਣ ॥ ੯ ॥ ਓਸ ਦਿਨ ਆਦਮੀ ਬੋਲ ਉਠੇਗਾ ਕਿ ਹੁਣ ਕਿਧਰ ਨੂੰ ਭਜਕੇ ਜਾਈਏ ॥ ੧੦ ॥ ਸੋ ( ਹੇ ਪੁਰਖਾ ) ਭਜਿਆ ਤਾਂ ਜਾਵੇਗਾ ਨਹੀਂ ( ਓਸ ਦਿਨ ) ਕਿਤੇ ਢੋਈ ਨਹੀਂ ॥ ੧੧ ॥ ( ਅਰ ) ਓਸ ਦਿਨ ਟਿਕਾਣਾ ( ਹੋਵੇਗਾ ਤਾਂ ) ਤੇਰੇ ਪਰਵਰਦਿਗਾਰ ਦੇ ( ਹੀ )

Digitized by Panjab Digital Library | www.panjabdigilib.org

ਪਾਸ ਹੋਵੇਗਾ ॥ ੧੨ ॥ ਓਸ ਦਿਨ ਆਦਮੀ ਨੂੰ ਜਿਤਾ ਦਿਤਾ ਜਾਵੇਗਾ ਕਿ ਕੈਸੇ ਕਰਮ ਓਸ ਨੇ ( ਪਹਿਲੋਂ ਤੋਂ ਪ੍ਰਲੋਕ ਦੇ ਵਾਸਤੇ ਬਣਾ ਕੇ ) ਭੇਜੇ ਹਨ ਅਰ ਕੈਸੇ ਚਿੰਨ੍ਹ ( ਓਹ ਸੰਸਾਰ ਵਿਚ ) ਪਿਛੇ ਛਡ ਆਇਆ ਹੈ ॥ ੧੩ ॥ ਪ੍ਰਤੁਜੁਤ ( ਖੁਦ ) ਆਦਮੀ ਆਪਣੀ ਜਾਨ ਪਰ ਕੋਟੀ ਰੂਪ (ਹੁਜਤ) ਹੈ ॥੧੪॥ ਭਾਵੇਂ ਓਹ ( ਆਪਣੇ ਤਾਂਈ ਨਿਰਦੋਖ ਸਿਧ ਕਰਨ ਵਾਸਤੇ ਕਿਤਨੇ ਹੀ ) ਬਹਾਨੇ ਪੇਸ਼ ਕਰਿਆ ਕਰੇ ॥ ੧੫ ॥ ( ਹੇ ਪੈਯੰਬਰ ) ਵਹੀ ਦੇ ( ਯਾਦ ਕਰਨ ਵਾਸਤੇ ) ਆਪਣੀ ਜ਼ਬਾਨ ਨਾ ਚਲਾਉਣ ਲਗਿਆ ਕਰੋ ਤਾਂ ਕਿ ਤੁਹਾਨੂੰ ਵਹੀ ਜਲਦ ਹੀ ਯਾਦ ਹੋ ਜਾਵੇ ॥ ੧੬ ॥ ( ਤੁਹਾਨੂੰ ) ਕੁਰਾਨ ਦਾ ਯਾਦ ਕਰਾ ਦੇਣਾ ਅਰ ਓਸ ਦਾ ਪੜ੍ਹਾ ਦੇਣਾ ਸਾਡਾ ਕੰਮ ਹੈ ॥ ੧੭ ॥ ਤਾਂ ਜਦੋਂ ਅਸੀਂ ( ਜਬਰਾਈਲ ਫਰਿਸ਼ਤੇ ਦਵਾਰਾ ) ਕੁਰਾਨ ਪੜ੍ਹਾ ਚੁਕਿਆ ਕਰੀਏ ਤਾਂ ( ਓਸ ਦੇ ਪਿਛੇ ਤੁਸੀਂ ਭੀ ) ਓਸ ( ਫਰਿਸ਼ਤੇ ) ਦੇ ਪੜ੍ਹਨੇ ਦੀ ਪੈਰਵੀ ਕੀਤਾ ਕਰੋ ॥ ੧੮ ॥ ਫੇਰ ਓਸ ਦਾ ਸਮਝਾ ਦੇਣਾ ( ਭੀ ) ਸਾਡਾ ਹੀ ਕੰਮ ਹੈ ॥ ੧੯ ॥ (ਗਲ ਕਾਹਦੀ ਤੁਹਾਨੂੰ ਜਲਦੀ ਨਹੀਂ ਕਰਨੀ ਚਾਹੀਦੀ) ਪਰੰਤੂ ਤੁਸੀਂ ( ਆਦਮ ਦੀ ਅੰਸ ਕੁਛ ਹੋ ਹੀ ਜਲਦ ਬਾਜ਼ ਅਰ ਏਸੇ ਵਾਸਤੇ ) ਸੰਸਾਰ ਨੂੰ ( ਜੋ ਮੌਜੂਦ ਹੈ ) ਦੋਸਤ ਰਖਦੇ ਹੋ ॥ ੨੦ ॥ ਅਰ ਆਖਰਤ ਨੂੰ ਛਡ ਬੈਠੇ ਹੋ ॥ ੨੧ ॥ ਓਸ ਦਿਨ ਬਹੁਤ (ਲੋਗਾਂ ਦੇ )ਮੁਖੜੇ ਤੇ ਤਰੋ ਤਾਜ਼ਾ (ਉੱਜਲ) ॥ ੨੨ ॥ (ਟਕ ਟਕੀ ਬਨੀ) ਆਪਨੇ ਪਰ-ਵਰਦਿਗਾਰ ਨੂੰ ਦੇਖ ਰਹੇ ਹੋਣਗੇ ॥ ੨੩ ॥ ਅਰ ਬਹੁਤ ਸਾਰੇ ਮੂੰਹ ਉਸ ਦਿਨ ਬੁਰੇ ਬਣ ਰਹੇ ਹੋਣਗੇ ॥ ੨੪ ॥ ( ਕਾਹੇ ਤੇ ਉਹ ) ਸਮਝ ਰਹੇ ਹਨ ਕਿ ਉਨਹਾਂ ਦੇ ਸਾਥ ਐਸੀ ਸਖਤੀ ਕੀਤੀ ਜਾਣ ਨੂੰ ਹੈ ਜੋ ( ਉਨਹਾਂ ਦੇ ) ਲਕ ਤੋੜ ਦੇਵੇਗੀ ॥ ੨੫ ॥ ਸੁਣੋ ਜੀ ! ਜਦੋਂ ( ਜਾਨ ਬਦਨ ਵਿਚੋਂ ਖਿਚ ਕਰਕੇ ਗਲ ਦੇ ) ਹਸ ਤਕ ਆ ਪਹੁੰਚੇਗੀ ॥ ੨੬ ॥ ਅਰ ( ਮਰਨ ਵਾਲੇ ਦੇ ਸੋਝੀ ਦਾਰ ) ਚੀਕਾਂ ਮਾਰ ਉੱਠਣਗੇ ਕਿ ( ਹਾਇ ) ਕੋਈ ਝਾੜਨ ਵਾਲਾ ਹੈ ? ( ਤਾਂ ਏਸ ਨੂੰ ਆਣ ਕੇ ਝਾੜੇ ) ॥ ੨੭ ॥ ਅਰ ਉਸ ( ਬੀਮਾਰ ) ਨੂੰ ਵਿਸ਼ਵਾਸ ਹੋ ਜਾਵੇਗਾ ਕਿ ( ਹੁਣ ) ਇਹ ( ਸੰਸਾਰ ਵਿਚੋਂ ) ਜੁਦਾਈ ( ਦਾ ਸਮਾਂ ) ਹੈ ॥ ੨੮ ॥ ਅਰ (ਜਾਨਕਨੀ ਦੀ ਤਕਲੀਫ ਨਾਲ ਇਕ ਪੈਰ ਦੀ ) ਪਿੰਨੀ ( ਦੂਸਰੇ ਪੈਰ ਦੀ ) ਪਿੰਨੀ ਨਾਲ ਲਿਪਟ (੨) ਜਾਵੇਗੀ ॥ ੨੯ ॥ ( ਹੇ ਪੁਰਖ ਜਦੋਂ ਇਹ ਦਸ਼ਾ ਹੋਵੇਗੀ ) ਉਸ ਦਿਨ ( ਤੈਨੂੰ ) ਆਪਣੇ ਪਰਵਰਦਿਗਾਰ ਦੀ ਤਰਫ ਚਲਨਾ ਹੋਵੇਗਾ ॥ ੩੦ ॥ ਰੁਕੂਹ ੧ ॥

ਤਾਂ ( ਗਾਫਲ ਪੁਰਖ ਨੇ ਜੀਉਂਦੇ ਜੀ ) ਨਾ ਤਾਂ ( ਖੁਦਾ ਦੇ ਕਲਾਮ ਨੂੰ ) ਸਚਿਆਂ ਜਾਣਿਆਂ ਅਰ ਨਾ ਨਮਾਜ਼ ਪੜ੍ਹੀ ॥ ੩੧ ॥ ਪ੍ਰਤੁਯੁਤ (ਉਲਟਾ)

Digitized by Panjab Digital Library | www.panjabdigilib.org

ਝੁਠਿਆਰਿਆ ਅਰ ( ਖੁਦਾ ਦੇ ਹੁਕਮਾਂ ਥੀਂ )ਮਨਮੁਖਤਾਈ ਕੀਤੀ ॥ ੩੨ ॥ ਫੇਰ (ਵਿਆਖਿਜਾਨ ਦੀ ਸਭਾ ਵਿਚੋਂ ਉੱਠਕੇ ) ਆਕੜਿਆ ਹੋਇਆ ਆ-ਪਣੇ ਘਰ ਦੇ ਪਾਸੇ ਤੁਰਦਾ ਹੋਇਆ ॥ ੩੩ ॥ ਤਾਂ ( ਕਿਆਮਤ ਦੇ ਦਿਨ ਓਸ ਨੂੰ ਕਹਿਆ ਜਾਵੇਗਾ ਕਿ ) ਹੇ ਪੁਰਖ ਤੇਰੇ ਉਪਰ ਤੁਫ ਹੈ ਫੇਰ ( ਤੁਫ ਉਪਰ ) ਤੁਫ ਹੈ ॥ ੩੪ ॥ ਫੇਰ ( ਹੇ ਪੁਰਖ ) ਤੇਰੇ ਉਪਰ ਤੁਫ ਹੈ ਫੇਰ (ਤੁਫ ਉੱਪਰ )ਤੁਫ ਹੈ ॥ ੩੫ ॥ ਕੀ ਆਦਮੀ ( ਐਸਾ ) ਸੰਕਲਪ ਕਰਦਾ ਹੈ ਕਿ ਉਸ ਨੂੰ (ਬਿਨ ਪੁਛੇ ਗਿਛੇ) ਐਸੇ ਹੀ ਛਡ ਦਿਤਾ ਜਾਵੇਗਾ ? ॥ ੩੬ ॥ ਕੀ ( ਆਦਿ ਵਿਚ ) ਉਹ ਬੀਰਜ ਦੀ ਇਕ ਬਿੰਦ ਨਹੀਂ ਰਹਿਆ ਜੋ (ਇਸਤ੍ਰੀ ਦੇ ਗਰਭਾਸ਼ਜ ਵਿਚ) ਪਰਦਾਨ ਕੀਤਾ ਗਿਆ ਸੀ ? ॥ ੩੭ ॥ ਫੇਰ ਲੋਥੜਾ ਹੋਇਆ ਫੇਰ (ਖੁਦਾ ਨੇ ਉਸ ਨੂੰ ਦੂਸਰੀ ਸੂਰਤ ਦਾ) ਬਣਾ-ਇਆ ਫੇਰ ਉਸਦੇ ਜੋੜ ਬੰਦ ਦਰੁਸਤ ਕੀਤੇ ॥ ੩੮ ॥ ( ਇਥੋਂ ਤਕ ) ਕਿ ਅੰਤ ਨੂੰ ਉਸ ਦੀਆਂ ਦੋ ਕਿਸਮਾਂ ਕੀਤੀਆਂ ( ਅਰਥਾਤ ) ਪੁਰਖ ਇਸਤ੍ਰੀ ॥ ੩੯ ॥ ਕੀ ਉਹ (ਖ਼ੁਦਾ ਜਿਸ ਨੇ ਏਹ ਕੁਛ ਕੀਤਾ ਪ੍ਰਲੈ ਦੇ ਦਿਨ ) ਮੁਰ-ਦਿਆਂ ਦੇ ਸਰਜੀਤ ਕਰਨ ਨੂੰ ਸਾਮਰਥ ਨਹੀਂ ਹੈ? ॥ ੪੦ ॥ ਰੁਕੂਹ ੨ ॥

## ਸੂਰਤ ਦਾਹਰ ਮੱਕੇ ਵਿਚ ਉਤਰੀ ਅਰ ਇਸ ਦੀਆਂ ਇਕੱਤੀ (੩੧) ਆਇਤਾਂ ਅਰ ਦੋ ਰੁਕੂਹ ਹਨ।

( ਪ੍ਰਾਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਨਿਰਸੰਦੇਹ ਆਦਮੀ ( ਦੀ ਜਾਤੀ ) ਉਪਰ ( ਐਡੇ ਵਡੇ ਭਾਰੇ ਸਮੇਂ ਵਿਚੋਂ ਇਕ ਐਸਾ ਸਮਾ ( ਭੀ ) ਪ੍ਰਾਪਤ ਹੋ ਚੁਕਾ ਹੈ ਕਿ ਓਹ ਕੋਈ ਵਸਤੂ ਵਰਨਣ ਕਰਨ ਦੇ ਯੋਗ ਨਹੀਂ ਸੀ ॥ ੧ ॥ ਅਸਾਂ ਨੇ ਆਦਮੀ ਨੂੰ ਤਰਕੀਬ ਦਿਤੇ ਹੋਏ ਵੀਰਜ ਥੀਂ ਪੈਦਾ ਕੀਤਾ ( ਅਰ ਆਸ਼ਾ ਏਹ ਸੀ ) ਕਿ ਓਸ ( ਦੀ ਨੇਕੀ ਬਦੀ ) ਦੀ ਪ੍ਰੀਖਜਾ ਕਰੀਏ। ਫੇਰ ਏਸੇ ਵਾਸਤੇ ਅਸਾਂ ਓਸ ਨੂੰ ਸੁਣਦਾ ਵੇਖਦਾ ਬਣਾਇਆ ॥ ੨ ॥ ( ਪੁਨ ਅਸਾਂ ਨੇ ) ਓਸ ਨੂੰ ( ਧਰਮ ਦਾ ) ਮਾਰਗ ( ਭੀ ) ਦਿਖਾਇਆ ( ਫੇਰ ਹੁਣ ਦੋ ਪ੍ਰਕਾਰ ਆਦਮੀ ਦੇ ਹਨ ) ਜਾਂ ਤਾਂ ਧੰਨਜਵਾਦ ਕਰਨੇ ਵਾਲੇ ਹਨ ( ਅਰ-ਥਾਤ ਮੁਸਲਮਾਨ ) ਕਿੰਬਾ ਅਕਿਰਤਘਨ (ਅਰਥਾਤ ਕਾਫਰ) ॥ ੩ ॥ ਅਸਾਂ ਨੇ ਕਾਫਰਾਂ ਵਾਸਤੇ ਜੰਜੀਰਾਂ ਅਰ ਤੌਕਾਂ ਅਰ ( ਦੋਜ਼ਖ ਦੀ ) ਦਗਦਗਾਂਦੀ ਹੋਈ ਅਗਨੀ ( ਏਹ ਵਸਤੂਆਂ ) ਤਿਆਰ ਕਰ ਰਖੀਆਂ ਹਨ ॥ ੪ ॥ ਨਿਰਸੰਦੇਹ ( ਜੋ ਲੋਗ ) ਸੁਕਰਮੀ ( ਹਨ ਆਖਰ ਨੂੰ ਐਸੇ ਅੰਮ੍ਰਿਤ ਦੇ ) ਪਿਆਲੇ ਪੀਣਗੇ ਜਿਸ ਵਿਚ ਕਾਫੂਰ (ਦੇ ਪਾਣੀ) ਦਾ ਮਿਲਾਪ ਹੋਵੇਗਾ

Digitized by Panjab Digital Library | www.panjabdigilib.org

॥ ੫ ॥ ( ਅਰ ਕਾਫ਼ੂਰ ਦੇ ਪਾਣੀ ਦਾ ਇਕ ) ਸਰ ( ਹੋਵੇਗਾ ) ਜਿਸ ਦਾ ਪਾਣੀ ਅੱਲਾ ਦੇ ( ਖਾਸ ) ਬੰਦੇ ਪੀਣਗੇ ( ਅਰ ਜਿਥੇ ਚਾਹੁਣਗੇ ) ਓਸ (ਸਰ) ਨੂੰ ਵਗਾ ਕੇ ਲੈ ਜਾਣਗੇ ॥ ੬ ॥ (ਏਹ ਉਹ ਲੋਗ ਹਨ ਜੋ ਆਪਣੀਆਂ ) ਮੰਨਤਾਂ ਪੂਰੀਆਂ ਕਰਦੇ ਹਨ ਅਰ ਓਸ ( ਕਿਆਮਤ ਦੇ ) ਦਿਨ ਥੀਂ ਡਰਦੇ ਹਨ ਜਿਸ ਦੀ ਮੁਸੀਬਤ ( ਆਮ ਸਰਬ ਥਾ ) ਵਿਸਤ੍ਰਿਤ ਹੋਈ ਹੋਈ ਹੋਵੇਗੀ ॥ ੭ ॥ ਅਰ ਖ਼ੁਦਾ ਦਾ ਪ੍ਰੇਮ ਕਰਕੇ ਮੁਹਤਾਜ ਅਰ ਮਾਂ ਮਹਿਟਰ ਅਰ ਕੈਦੀ ਨੂੰ ਭੋਜਨ ਛਕਾ ਦੇਂਦੇ ਹਨ ॥ ੮ ॥ ( ਅਰ ਓਨ੍ਹਾਂ ਨੂੰ ਦਸ ਭੀ ਦੇਂਦੇ ਹਨ ਕਿ ) ਅਸੀਂ ਤਾਂ ਤੁਹਾਨੂੰ ਕੇਵਲ ਖ਼ੁਦਾ ਦੀ ਪ੍ਰਸੰਨਤਾਈ ਪ੍ਰਾਪਤ ਕਰਨ ਵਾਸਤੇ ਛਕਾਉਂਦੇ ਹਾਂ ਸਾਨੂੰ ਤੁਹਾਡੇ ਪਾਸੋਂ ( ਨਾ ਕੋਈ ) ਬਦਲਾ ਅਭੀਸ਼ਟ ਹੈ ਅਰ ਨਾ ਧੰਨਜਵਾਦ ॥ ੯ ॥ ਸਾਨੂੰ ਆਪਨੇ ਪਰਵਰਦਿਗਾਰ ਪਾਸੋਂ ਓਸ ਦਿਨ ਦਾ ਭੈ ਆ ਰਹਿਆ ਹੈ ਜਦੋਂ ਲੋਗ ( ਰੰਜ ਨਾਲ ) ਮੂੰਹ ਵਟੀ ਤੀਊੜੀ ਚੜ੍ਹਾਈ ਹੋਈ ਹੋਣਗੇ ॥ ੧੦ ॥ ਤਾਂ ਖ਼ੁਦਾ ਨੇ ( ਭੀ ) ਓਸ ਦਿਨ ਦੀ ਬਿਪਤਾ ਵਿਚੋਂ ਉਨਹਾਂ ਨੂੰ ਬਚਾ ਲੀਤਾ ਅਰ ਉਨਹਾਂ ਨੂੰ ਭਲੀ ਭਾਂਤ ਅਰ ਪਰਸੰਨ ਸਮੇਂ ਨਾਲ ਲਿਆ ਮਿਲਾਇਆ ॥ ੧੧ ॥ ਅਰ ਜੈਸਾ ਉਹਨਾਂ ਨੇ ( ਸੰਸਾਰ ਵਿਚ ) ਸਬਰ ਕੀਤਾ ਉਸ ਦੀ ਪ੍ਰਤਿਨਿਧੀ ਵਿਚ ( ਰਹਿਣ ਵਾਸਤੇ ) ਸਵਰਗ ਅਰ ( ਪਹਿਰਨ ਵਾਸਤੇ ) ਪਟੰਬਰ ਬਸਤਰ ਪਰਦਾਨ ਕੀਤੇ ॥ ੧੨ ॥ ਸਵਰਗ ਵਿਚ ਤਖਤਾਂ ਉਪਰ ਉਪਧਾਨ ਲਗਾਈ ਬੈਠੇ ਹੋਣਗੇ ( ਸਮਾਂ ਐਸਾ ਸਮਾਨ ਯੋਗ ਹੋਵੇਗਾ ਕਿ ) ਉਥੇ ਨਾਂ ਤਾਂ ਉਨਹਾਂ ਨੂੰ ( ਸੂਰਜ ਦੀ ) ਗਰਮੀ ਪਰਤੀਤ ਹੋਵੇਗੀ ਅਰ ਨਾਂ ( ਪਾਲੇ ਦੀ ) ਸਰਦੀ ॥ ੧੩ ॥ ਅਰ ਦਰਖਤਾਂ ਦੇ ਸਾਏ ( ਹਨ ਕਿ ) ਉਨਹਾਂ ਉਪਰ ਝੁਕ ਰਹੇ ਹਨ ਅਰ ਫਲ ( ਹਨ ਕਿ ਸਰਬ ਸਮੇਂ ) ਉਨਹਾਂ ਦੇ ਸਵਾਧੀਨ ਹਨ ( ਕਿ ਜਿਸ ਤਰਹਾਂ ਚਾਹੁਣ ਅਰ ਜਦੋਂ ਚਾਹੁਣ ਤੋੜਨ ਅਰ ਖਾ ਲੈਣ ) ॥ ੧੪ ॥ ਅਰ ਉਨਹਾਂ ਤੇ ਚਾਂਦੀ ਦੇ ਪਤਰਾਂ ਅਰ ਆਬਖੋਰਿਆਂ ਦਾ ਦੌਰ ( ਚ-ਕਰ ) ਚਲ ਰਹਿਆ ਹੋਵੇਗਾ (ਅਰ ਓਹ ਐਸੇ ਸਾਫ਼) ਹੋਣਗੇ ( ਜੈਸੇ ) ਦਰਪਣ ॥ ੧੫ ॥ ( ਪਰੰਤੂ ) ਦਰਪਣ ( ਭੀ ਕੱਚ ਦੇ ਨਹੀਂ ਪ੍ਰਤਯੁਤ ) ਚਾਂਦੀ ਦੇ ਕਿ ਕਜ਼ਾਕਦਰ ( ਹੋਣੀ ਹਾਰ )ਦੇ ਕਰਮ ਚਾਰੀਆਂ ਨੇ ਉਨ੍ਹਾਂ ਨੂੰ ਠੀਕ ( ਜੰਨਤੀਆਂ ਦੀ ਜ਼ਰੂਰਤ ਦੇ ) ਅੰਦਾਜ਼ੇ ਦੇ ਅਨੁਸਾਰ ਬਨਾਇਆ ਹੈ ॥ ੧੬ ॥ ਅਰ ( ਏਸ ਥੀਂ ਸਿਵਾ ) ਓਥੇ ਉਨਹਾਂ ਨੂੰ ( ਐਸੇ ਅੰਮ੍ਰਿਤ ਦੇ ) ਪਿਆਲੇ ( ਭੀ ) ਪਲਾਏ ਜਾਣਗੇ ਜਿਸ ਵਿਚ ਸ਼ੁਡ ( ਦੇ ਪਾਣੀ ) ਦਾ ਮਿਲਾਪ ਹੋਵੇਗਾ ॥ ੧੭ ॥ ( ਅਰ ) ਸਵਰਗ ਵਿਚ ( ਸ਼ੁਡ ਦੇ ਪਾਣੀ ਦਾ ਇਕ ) ਸਰ ਹੋਵੇਗਾ ਜਿਸਦਾ ਨਾਮ ਹੋਵੇਗਾ ਸਲਸਬੀਲ ॥ ੧੮ ॥ ਅਰ ਬਹਿਸ਼ਤੀਆਂ ਦੇ ਪਾਸ

Digitized by Panjab Digital Library | www.panjabdigilib.org

ਲੜਕੇ ( ਸੇਵਾ ਵਾਸਤੇ ) ਆਉਂਦੇ ਜਾਂਦੇ ਹੋਣਗੇ ਕਿ ਉਹ ਸਦਾ ਵਾਸਤੇ ( ਲੜਕੇ ਹੀ ) ਰਹਿਣਗੇ ( ਅਰ ਐਸੇ ਰੂਪ ਵਾਲੇ ਹੋਣਗੇ ਕਿ ਹੇ ਸਰੋਤਾ ) ਤੂੰ ਉਨਹਾਂ ਨੂੰ ( ਚਲਦੇ ਫਿਰਦੇ ) ਦੇਖੇਂ ਤਾਂ ( ਐਸਾ ) ਖਿਆਲ ਕਰੇਂ ( ਜੈਸੇ ) ਮੋਤੀ ਬਿਖਰੇ ਹੋਏ ( ਹਨ ) ॥ ੧੯ ॥ ਅਰ ਸਵਰਗ ਨੂੰ ਦੇਖ ਕੇ ਤਾਂ ( ਉਥੇ ) ਤੇਰੇ ਤਾਈਂ ( ਹਰ ਪਰਕਾਰ ਦੀ ) ਨਿਆਮਤ ( ਪਦਾਰਥ ) ਅਰ ਬੜੇ ਰਾਜ ਪਾਟ ( ਦਾ ਠਾਠ ਬਾਠ ) ਦਿਖਾਈ ਦੇ ॥ ੨੦ ॥ ਸਵਰਗ ਵਾਲਿਆਂ ਉਪਰ ਕਪੜੇ ਹੋਣਗੇ। ਹਰੇ ਪਟੰਬਰੀ ਮਹੀਨ ਤਥਾ ਦਬੀਜ ਅਰ ਉਨਹਾਂ ਨੂੰ ਚਾਂਦੀ ਦੇ ਕੰਗਣ ਪਹਿਨਾਏ ਜਾਣਗੇ ਅਰ ਉਨਹਾਂ ਦਾ ਪਰਵਰਦਿਗਾਰ ਉਹਨਾਂ ਨੂੰ ਪਵਿੱਤ੍ਰ ਸ਼ਰਾਬ (ਅਰਥਾਤ ਅੰਮ੍ਰਿਤ) ਪਾਨ ਕਰਾਵੇਗਾ ॥੨੧॥ (ਸਵਰਗੀਓ!) ਇਹ ਹੈ ਤੁਹਾਡਾ ਬਦਲਾ ਅਰ ਤੁਹਾਡੀ ( ਦੁਨੀਆਂ ਦੀ ) ਕੋਸ਼ਿਸ਼ ( ਅਜ ) ਪ੍ਰਵਾਨ ਹੋਈ ॥ ੨੨ ॥ ਰੁਕੂਹ ੧ ॥

(ਹੇ ਪੈਗੰਬਰ) ਨਿਰਸੰਦੇਹ ਅਸਾਂ ਨੇ ਤੁਹਾਡੇ ਉਪਰ ਕੁਰਾਨ ਸਮੇਂ ਸਮੇਂ ਸਿਰ ਉਤਾਰਿਆ ਹੈ ॥ ੨੩ ॥ ਬਸ ਆਪਣੇ ਪਰਵਰਦਿਗਾਰ ਦੇ ਹੁਕਮ ਦੀ ਉਡੀਕ ਵਿਚ ਸੰਤੋਖ ਕਰਕੇ ( ਬੈਠੇ ) ਰਹੋ ਅਰ ਲੋਗਾਂ ਵਿਚੋਂ ਕਿਸੇ ਦੁਸ਼ਟ ਕਿੰਬਾ ਕ੍ਰਿਤਘਨ ਦੇ ਕਹੇ ਵਿਚ ਨਾ ਆਜਾਣਾ ॥ ੨੪ ॥ ਅਰ ਸਾਯੰ ਪ੍ਰਾਤ ਆਪਣੇ ਪਰਵਰਦਿਗਾਰ ਦਾ ਨਾਮ ਉਚਾਰਨ ਕਰਦੇ ਰਹਿਆ ਕਰੋ ॥ ੨੫ ॥ ਅਰ ਰਾਤ੍ਰੀ ਦੇ ( ਬੜੇ ) ਹਿਸੇ ਵਿਚ ਖ਼ੁਦਾ ਦੇ ਅਗੇ ਸਜਦਾ ਕਰੋ ਅਰ ਉਸ ਦੀ ਮਹਿਮਾਂ ( ਤਥਾ ਉਸਤੁਤੀ ) ਕਰੋ ॥ ੨੬ ॥ ਏਹ ( ਬੇਦੀਨੇ ਲੋਗ ) ਤਾਂ ( ਬਸ ਦੁਨੀਆਂ ਹੀ ) ਚਾਹੁੰਦੇ ਹਨ ਜੋ ਇਸ ਵੇਲੇ ਵਿਦਮਾਨ ਹੈ ਅਰ ( ਪ੍ਰਲੈ ਦੇ ) ਸਖਤ ਦਿਨ ਨੂੰ ਆਪਣਿਆਂ ਕੰਨਾਂ ਮੁਢੀ ਮਾਰ ਰਖਿਆ ਹੈ ( ਕਿ ਉਸ ਦੇ ਵਾਸਤੇ ਕੁਛ ਭੀ ਤਿਆਰੀ ਨਹੀਂ ਕਰਦੇ ) ॥ ੨੭ ਅਸਾਂ ਨੇ ਹੀ ਓਹਨਾਂ ਨੂੰ ਪੈਦਾ ਕੀਤਾ ਅਰ ਅਸਾਂ ਨੇ ਹੀ ਉਨਹਾਂ ਦੇ ਜੋੜ ਬੰਦ ਮਜ਼ਬੂਤ ਕੀਤੇ ਅਰ ਅਸੀਂ ਜਦੋਂ ਚਾਹੀਏ ਏਨਹਾਂ ਦੇ ਬਦਲੇ ਏਨਹਾਂ ਹੀ ਜੈਸੇ ( ਔਰ ਆਦਮੀ ) ਲਿਆ ਵਸਾਈਏ ॥ ੨੮ ॥ ਇਹ ( ਬਾਤਾਂ ) ਸਿਖਜਾ ( ਦੀਆਂ ) ਹਨ ਤਾਂ ਜੋ ਚਾਹੇ ਆਪਣੇ ਪਰਵਰਦਿਗਾਰ ਦੀ ਤਰਫ ( ਪਹੁੰਚਣ ਦਾ ) ਰਸਤਾ ਅਖਤਿਆਰ ਕਰੇ ॥ ੨੯ ॥ ਅਰ ਈਸ਼-ਵਰੀ ਇੱਛਾ ਬਗੈਰ ਤੁਸੀਂ ਲੋਗ ( ਕੋਈ ਬਾਰਤਾ ) ਚਾਹ ਨਹੀਂ ਸਕਦੇ ਨਿਰਸੰਦੇਹ ਅੱਲਾ ਜਾਨਣੇ ਵਾਲਾ ( ਅਰ ) ਹਿਕਮਤ ਵਾਲਾ ਹੈ ॥ ੩੦ ॥ ਜਿਸ ਨੂੰ ਚਾਹੁੰਦਾ ਹੈ ਆਪਣੀ ਰਹਿਮਤ ਵਿਚ ਪਰਾਪਤ ਕਰ ਲੈਂਦਾ ਹੈ ਅਰ ਅਮੋੜ ਲੋਗਾਂ ਵਾਸਤੇ ਉਸ ਨੇ ਭਿਆਨਕ ਕਸ਼ਟ ਤਿਆਰ ਕਰ ਰਖਿਆ ਹੈ ॥ ੩੧ ॥ ਰੁਕੂਹ ੨ ॥

Digitized by Panjab Digital Library | www.panjabdigilib.org

# ਸੂਰਤ ਮੁਰਸਲਾਤ ਮਕੇ ਵਿਚ ਉਤਰੀ ਅਰ ਇਸ ਦੀਆਂ ਪਚਾਸ ਆਇਤਾਂ ਅਰ ਦੋ ਰੁਕੂਹ ਹਨ ।

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰਪਾਲੂ (ਹੈ) ਉਨਹਾਂ (ਪੌਣਾਂ) ਦੀ ਸੌਗੰਧ ਜੋ (ਆਦ ਵਿਚ) ਸਾਧਾਰਨ ਵੇਗ ਉਪਰ ਸੰਚਾਲਨ ਕੀਤੀਆਂ ਜਾਂਦੀਆਂ ਹਨ ॥ ੧ ॥ ਫੇਰ ਬਲਵਾਨ ਹੋ ਕੇ ਤੇਜ਼ ਹੋ ਜਾਂਦੀ ॥ ੨ ॥ ਅਰ (ਮੇਘਾਂ ਨੂੰ ਉਠਾ ਕੇ ਚਾਰੋਂ ਦਿਸ਼ਾ ਵਿਚ) ਫੈਲਾ ਦੇਂਦੀਆਂ ਹਨ ॥ ੩ ॥ ਫੇਰ (ਓਹਨਾਂ ਨੂੰ ਪਾੜਕੇ ਇਕ ਦੂਸਰੇ ਨਾਲੋਂ) ਭਿੰਨ ਕਰ ਦੇਂਦੀਆਂ ਹਨ ॥ ੪ ॥ ਫੇਰ (ਸਾਰਿਆਂ ਨਾਲੋਂ ਵਧ ਕੇ ਏਹ ਹੈ ਕਿ ਲੋਗਾਂ ਦੇ ਦਿਲਾਂ ਵਿਚ ਖ਼ੁਦਾ ਦੀ) ਯਾਦ ਪਾਉਂਦੀਆਂ ਹਨ ॥ ੫ ॥ ਤਾਂ ਕਿ ਕੋਟੀ (ਹੁਜਤ) ਪੂਰੀ ਹੋ ਜਾਵੇ ਅਰ ਸਭੇ ਕੀਤਾ ਜਾਵੇ ॥੬॥ (ਭਾਵ ਸਾਨੂੰ ਪੌਣਾਂ ਦੀ ਸੌਗੰਧ ਹੈ) ਕਿ ਤੁਸਾਂ (ਲੋਗਾਂ) ਨਾਲ ਜੋ (ਪ੍ਰਲੈ ਦਾ) ਬਚਨ ਕੀਤਾ ਜਾਂਦਾ ਹੈ ਅਵਸ਼ ਹੀ ਹੋਕੇ ਰਹੇਗਾ ॥ ੭ ॥ ਅਰਥਾਤ ਜਦੋਂ ਤਾਰਾਗਣ ਮੰਦ ਪੈ ਜਾਣ ॥ ੮ ॥ ਅਰ ਜਦੋਂ ਆਸਮਾਨ ਫਟ ਜਾਵੇ ॥ ੯ ॥ ਅਰ ਜਦੋਂ ਪਹਾੜ ਉਡਾਏ ਜਾਣ ॥ ੧੦ ॥ ਅਰ ਜਦੋਂ ਪੈਗੰਬਰ (ਆਪਣੀ ੨ ਉਮਤ ਦੇ ਹਿਸਾਬ ਵਾਸਤੇ) ਨਿਯਤ ਸਮੇਂ ਸਿਰ ਹਾਜਰ ਕੀਤੇ ਜਾਣ (ਉਸ ਵੇਲੇ ਸਮਝੋ ਕਿ ਪ੍ਰਲੈ ਹੋਈ) ॥ ੧੧ ॥ (ਪਰੰਤੂ ਏਹ ਵਰਤਾਓ) ਕਿਸ ਦਿਨ ਵਾਸਤੇ ਉਠਾ ਰਖੇ ਹਨ ? ॥ ੧੨ ॥ (ਸੋ ਉਠਾ ਰਖੇ ਹਨ) ਫੈਸਲੇ ਦੇ ਦਿਨ ਵਾਸਤੇ ॥ ੧੩ ॥ ਅਰ (ਹੇ ਪੈਗੰਬਰ) ਤੁਸੀਂ ਕੀ ਸਮਝੇ ਕਿ ਫੈਸਲੇ ਦਾ ਦਿਨ ਹੈ ਕੀ ? ॥ ੧੪ ॥ ਉਸ ਦਿਨ (ਪ੍ਰਲੈ ਦੇ) ਝੁਠਿਆਰਨ ਵਾਲਿਆਂ ਦੀ ਵੈਰਾਨੀ ਹੀ ਹੈ ॥ ੧੫ ॥ ਕੀ ਅਸਾਂ ਨੇ ਅਗਲੀਆਂ (ਨਾ ਫਰਮਾਨ) ਉਮਤਾਂ ਨੂੰ ਹਲਾਕ ਨਹੀਂ ਕੀਤਾ ॥ ੧੬ ॥ ਫੇਰ (ਏਸੇ ਤਰਹਾਂ) ਅਸੀਂ ਏਹਨਾਂ ਪਿਛਲੀਆਂ ਨਾ ਫਰਮਾਨ ਉਮਤਾਂ ਨੂੰ ਭੀ ਓਹਨਾਂ ਦੇ ਹੀ ਪਿਛੇ ੨ ਤੁਰਦੀਆਂ ਕਰਾਂਗੇ ॥ ੧੭ ॥ ਅਵਗੁਣ ਹਾਰਿਆਂ ਨਾਲ ਅਸੀਂ ਐਸੇ ਹੀ ਕੀਤਾ ਕਰਦੇ ਹਾਂ ॥ ੧੮ ॥ (ਰਹੀ ਪ੍ਰਲੈ ਸੋ) ਉਸ ਦਿਨ ਝੁਠਿਆਰਨ ਵਾਲਿਆਂ ਦੀ ਤਬਾਹੀ ਹੈ ॥ ੧੯ ॥ (ਲੋਗੋ) ਕੀ ਅਸਾਂ ਨੇ ਤੁਹਾਨੂੰ ਨਿੰਦਤ ਪਾਣੀ (ਅਰਥਾਤ ਬੀਰਜ) ਥੀਂ ਨਹੀਂ ਪੈਦਾ ਕੀਤਾ (ਕਿ ਆਦ ਵਿਚ ਤੁਸੀਂ ਨੁਤਫ਼ਾ ਸੇ) ॥ ੨੦ ॥ ਫੇਰ ਅਸਾਂ ਨੇ ਉਸ ਨੂੰ ਇਕ ਨਿਯਤ ਸਮੇਂ ਤਕ ਇਕ ਰਖਿਅਤ ਅਸਥਾਨ (ਅਰਥਾਤ ਇਸਤ੍ਰੀ ਦੇ ਪੇਟ) ਵਿਚ ਰਖਿਆ ॥ ੨੧ ॥ ੨੨ ॥ ਫੇਰ ਅਸਾਂ ਨੇ (ਉਸ ਦਾ ਇਕ) ਅੰਦਾਜ਼ਾ ਠਹਿ-

Digitized by Panjab Digital Library | www.panjabdigilib.org

ਰਾਇਆ ਤਾਂ ( ਅਸੀਂ ਕੈਸੇ ) ਚੰਗੇ ਅੰਦਾਜ਼ੇ ਠਹਿਰਾਉਣ ਵਾਲੇ ਹਾਂ ॥ ੨੩ ॥ (ਤਾਂ) ਪ੍ਰਲੈ ਦੇ ਦਿਨ ਝੁਠਿਆਰਨ ਵਾਲਿਆਂ ਦੀ ਵੈਰਾਨੀ ਹੈ ॥ ੨੪ ॥ ਕੀ ਅਸਾਂ ਨੇ ਧਰਤੀ ਨੂੰ ਜਿਉਂਦਿਆਂ ਅਰ ਮੁਰਦਿਆਂ ਦੇ ਸਮੇਟਣ ਵਾਲੀ ਨਹੀਂ ਬਣਾਇਆ ? ॥੨੫॥੨੬ ॥ ਅਰ ( ਇਸ ਥੀਂ ਭਿੰਨ )ਉਸ ਵਿਚ ਉੱਚੇ ਉੱਚੇ ਅਟੱਲ ਪਰਬਤ ਰਖ ਦਿਤੇ ਹਨ ਅਰ ਤੁਸਾਂ ਲੋਗਾਂ ਨੂੰ ਮਿਠਾ ਪਾਣੀ ਪਿਲਾਇਆ ॥ ੨੭ ॥ ( ਸੋ ) ਕਿਆਮਤ ਦੇ ਦਿਨ ਝੁਠਿਆਰਨ ਵਾਲਿਆਂ ਦੀ ਤਬਾਹੀ ਹੈ ॥ ੨੮ ॥ ( ਮੁਨਕਰਾਂ ਨੂੰ ਉਸ ਦਿਨ ਹੁਕਮ ਦਿਤਾ ਜਾਵੇਗਾ ਕਿ ) ਜਿਸ ( ਦੋਜ਼ਖ ) ਨੂੰ ਤੁਸੀਂ ਝੁਠਿਆਰਿਆ ਕਰਦੇ ਸੀ ( ਹੁਣ ) ਉਸ ਦੇ ਪਾਸੇ ਚਲੋ ॥ ੨੯ ॥ ( ਅਰਥਾਤ ਧੂਏਂ ਦੇ ) ਸਾਇਬਾਨ ਦੀ ਤਰਫ ਚਲੋ ਜਿਸ ਦੇ ਤਿੰਨ ਵਿਭਾਗ ਹਨ ॥ ੩੦ ॥ ( ਪਰੰਤੂ ) ਉਸ ( ਦੀ ਸਾਇਆ ) ਹੇਠ ਠੰਢ ਨਹੀਂ ਅਰ ਨਾਂ ਉਥੇ ( ਅਗਨਿ ਦੀ ) ਗਰਮੀ ਪਾਸੋਂ ਬਚਾਓ ਹੈ ॥ ੩੧ ॥ ਉਸ ਸਾਇਬਾਨ ਵਿਚੋਂ ਅੰਗਾਰੇ ਪਏ ਬਰਸ ਰਹੇ ਹੋਣਗੇ ਐਸੇ ਬੜੇ ਜੈਸੇ ਮਹੱਲ ॥ ੩੨ ॥ ਉਹ ( ਅੰਗਾਰੇ ਦੂਰੋਂ ਐਸੇ ਦਿਖਾਈ ਦੇਣਗੇ ) ਜੈਸੇ ਜ਼ਰਦ ਰੰਗ ਦੇ ਊਠ ॥ ੩੩ ॥ ( ਭਾਵ ) ਪ੍ਰਲੈ ਦਾ ਦਿਨ ਝੁਠਿਆਰਨ ਵਾਲਿਆਂ ਦੀ ਵਰਾਨੀ ਹੈ ॥ ੩੪ ॥ ਇਹਾ ਉਹ ਦਿਨ ਹੋਵੇਗਾ ਕਿ (ਅਵਗੁਨ ਹਾਰੇ ਮਾਰੇ ਭੈ ਦੇ ) ਗੱਲ ਨਾ ਕਰ ਸੱਕਣਗੇ ॥ ੩੫ ॥ ਅਰ ਨਾ ਉਨਹਾਂ ਨੂੰ ਆਗਿਆ ਦਿਤੀ ਜਾਵੇਗੀ ਕੇ ( ਕਿਸੇ ਪ੍ਰਕਾਰ ਦਾ ) ਉਜਰ ( ਪੇਸ਼ ) ਕਰਨ ॥ ੩੬ ॥ (ਭਾਵ) ਪ੍ਰਲੈ ਦੇ ਦਿਨ ਝੁਠਿਆਰਨ ਵਾਲਿਆਂ ਦੀ ਵੈਰਾਨੀ ਹੈ ॥ ੩੭ ॥ ( ਉਸ ਦਿਨ ਅਸੀਂ ਉਨਹਾਂ ਨੂੰ ਕਹਾਂਗੇ ਕਿ ) ਏਹ ਫੈਸਲੇ ਦਾ ਦਿਨ ਹੈ ( ਕਿ ) ਅਸਾਂ ਨੇ ਤੁਹਾਨੂੰ ਅਰ ਅਗਲਿਆਂ ਲੋਗਾਂ ਨੂੰ ( ਕਰਮਾਂ ਦੇ ਹਿਸਾਬ ਵਾਸਤੇ ) ਇਕੱਤ੍ਰ ਕੀਤਾ ਹੈ ॥ ੩੮ ॥ ਤਾਂ ਯਦੀ ਤੁਹਾਨੂੰ ਕੋਈ ਦਾਓ ਆਉਂਦਾ ਹੋਵੇ ਤਾਂ ਸਾਡੇ ਉਪਰ ( ਆਪਣਾ ) ਦਾਓ ਕਰ ਲਓ ॥ ੩੯ ॥ ( ਅਤਏਵ ) ਪ੍ਰਲੈ ਦੇ ਦਿਨ ਝੁਠਿਆਰਨ ਵਾਲਿਆਂ ਦੀ ਵਰਾਨੀ ਹੈ ॥ ੪੦ ॥ ਰੁਕੂਹ ੧ ॥

ਨਿਰਸੰਦੇਹ ਸੰਜਮੀ ਪੁਰਖ ( ਸਵਰਗ ਦਿਆਂ ਬਾਗਾਂ ਦੀ ) ਛਾਵਾਂ ਅਰ ਚਸ਼ਮਿਆਂ ( ਉਪਰ ) ॥ ੪੧ ॥ ਅਰ ਮੇਵਿਆਂ ਵਿਚੋਂ ਜੋ ਉਨਹਾਂ ਨੂੰ ਚੰਗੇ ਲਗਦੇ ਹੋਣ (ਅਨੰਦ ਕਰਦੇ ) ਹੋਣਗੇ ॥ ੪੨ ॥ ( ਅਰ ਅਸੀਂ ਉਨਹਾਂ ਨੂੰ ਆਗਿਆ ਦੇਵਾਂਗੇ ) ਕਿ ( ਸੰਸਾਰ ਵਿਚ ) ਤੁਸੀਂ ਜੈਸੇ ੨ ( ਭਲੇ ) ਕਰਮ ਕਰਦੇ ਰਹੇ ਹੋ ਉਨਹਾਂ ਦੇ ਬਦਲੇ ਵਿਚ ( ਹੁਣ ) ਖਾਓ ਪੀਓ ( ਅਰ ) ਹਾਡੇ ਅੰਗ ਲਗੇ ॥ ੪੩ ॥ ਨਿਰਸੰਦੇਹ ਭਲਿਆਂ ਪੁਰਖਾਂ ਨੂੰ ਅਸੀਂ ਐਸਾ ਹੀ ਬਦਲਾ ਦਿਤਾ ਕਰਦੇ ਹਾਂ ॥੪੪॥ ( ਪਰੰਤੂ ) ਉਸ ਦਿਨ ਝੁਠਿਆਰਨ ਵਾਲਿ-

Digitized by Panjab Digital Library | www.panjabdigilib.org

ਆਂ ਦੀ ਵਰਾਨੀ ਹੈ ॥ ੪੫ ॥ ( ਸਚੇ ਦੀਨ ਥੀਂ ਇਨਕਾਰ ਕਰਨ ਵਾਲਿਓ ! ਤੁਸੀਂ ਭੀ ਸੰਸਾਰ ਵਿਚ ) ਚਾਰ ਦਿਨ ਖਾ ( ਪੀ ) ਲਓ ਅਰ ਰਸ ਵਸ ਲਓ ( ਪਰੰਤੂ ) ਤੁਸੀਂ ਨਿਰਸੰਦੇਹ ਔਗਨਹਾਰ ਅਰ ਝੁਠਿਆਰਨ ਵਾਲੇ ਹੋ ॥ ੪੬ ॥ ( ਅਰ ) ਪ੍ਰਲੈ ਦੇ ਦਿਨ ਝੁਠਿਆਰਨ ਵਾਲਿਆਂ ਦੀ ਵੈਰਾਨੀ ਹੈ ॥ ੪੭ ॥ ਅਰ ਜਦੋਂ ਏਹਨਾਂ ਲੋਗਾਂ ਨੂੰ ਕਹਿਆ ਜਾਂਦਾ ਹੈ ਕਿ ( ਨਮਾਜ ਵਿਚ ਖ਼ੁਦਾ ਦੇ ਅਗੇ ) ਝੁਕੋ ਤਾਂ ਨਹੀਂ ਝੁਕਦੇ ॥ ੪੮ ॥ ( ਭਾਵ ) ਉਸ ਦਿਨ ਝੁਠਿਆਰਨ ਵਾਲਿਆਂ ਦੀ ਵਰਾਨੀ ਹੈ ॥ ੪੯ ॥ ਹੁਣ ਇਸ ( ਵਿਆਖਿਯਾਨ ਤਥਾ ਸਿਖਯਾ ) ਦੇ ਬਾਦ ( ਐਸੀ ਹੋਰ ) ਕੌਣ ਸੀ ਬਾਤ ਹੈ ( ਜਿਸ ) ਕਰਕੇ ਏਹ ਲੋਗ ਈਮਾਨ ਧਾਰਨਗੇ ॥੫੦॥ ਰੁਕੂਹ ੨ ॥

# ਸੂਰਤ ਨਬਾ ਮੱਕੇ ਵਿਚ ਉਤਰੀ ਅਰ ਇਸ ਦੀਆਂ ਚਾਲੀ ਆਇਤਾਂ ਅਰ ਦੋ ਰੁਕੂਹ ਹਨ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਏਹ * ਲੋਗ ਇਕ ਦੂਸਰੇ ਪਾਸੋਂ ਕਿਸ ਵਸਤੂ ਦਾ ਹਾਲ ਪੁਛ ਰਹੇ ਹਨ ॥ ੧ ॥ ( ਭੀ ਕਿਆਮਤ ਦੇ ) ਉਸ ਬੜੇ ਹਾਦਸੇ ( ਪਰਸੰਗ ) ਦਾ ॥ ੨ ॥ ਜਿਸ ( ਦੇ ਬਾਰੇ ) ਵਿਚ ਇਹ ਭਿੰਨ ੨ ( ਦਲੀਲਾਂ ਰਖਦੇ ) ਹਨ ॥ ੩ ॥ ( ਤਾਂ ) ਖੈਰ ਹੁਣੇ ਹੀ ਏਨਹਾਂ ਨੂੰ ਪਰਤੀਤ ਹੋ ਜਾਏਗਾ ॥ ੪ ॥ ਫੇਰ ( ਅਸੀਂ ਦੂਜੀ ਵੇਰੀ ਉਚਰਦੇ ਹਾਂ ) ਖੈਰ ਹੁਣੇ ਹੀ ਏਨਹਾਂ ਨੂੰ ਪ੍ਰਤੀਤ ਹੋ ਜਾਏਗਾ ॥ ੫ ॥ ( ਲੋਗੋ ! ) ਕੀ ਅਸਾਂ ਨੇ ਧਰਤੀ ਨੂੰ ( ਤੁਹਾਡਾ ) ਫਰਸ਼ ਨਹੀਂ ਬਣਾਇਆ ॥ ੬ ॥ ਅਰ ਪਹਾੜਾਂ ਨੂੰ ( ਧਰਤੀ ਦੀਆਂ ) ਮੇਖਾਂ ( ਨਹੀਂ ਬਣਾਇਆ ) ॥ ੭ ॥ ਅਰ ( ਏਸ ਥੀਂ ਸਿਵਾ ) ਅਸਾਂ ਨੇ ਹੀ ਤੁਸਾਂ ਨੂੰ ਜੋੜਾ ੨ ( ਅਰਥਾਤ ਦੰਪਤੀ ) ਪੈਦਾ ਕੀਤਾ ॥ ੮ ॥ ਅਰ ਅਸਾਂ ਨੇ ਹੀ ਤੁਹਾਡੀ ਨਿੰਦਰਾ ਨੂੰ ਅਨੰਦ ( ਦਾ ਕਾਰਣ ) ਬਣਾਇਆ ॥ ੯ ॥ ਅਰ ਅਸਾਂ ਨੇ ਹੀ ਰਾਤ੍ਰੀ ਨੂੰ ਪਰਦਾ) ਢਕਣ ਦਾ ਕਾਰਨ ) ਬਣਾਇਆ ॥ ੧੦ ॥ ਅਰ ਅਸਾਂ ਨੇ ਹੀ ਨਿੰਦਰਾ ਰੋਜ਼ੀ (ਦੇ ਧੰਦਿਆਂ ਦਾ ਸਮਾਂ ) ਬਣਾਇਆ ॥ ੧੧ ॥ ਅਰ ਅਸਾਂ ਨੇ ਤੁਹਾਡੇ ਉਪਰ ਸਪਤ ਮਜ਼ਬੂਤ ( ਅਕਾਸ਼ ) ਬਨਾ ਖੜੇ ਕੀਤੇ ॥ ੧੨ ॥ ਅਰ ਅਸਾਂ ਨੇ ਹੀ ( ਸੂਰਜ ਦੀ ) ਖ਼ੂਬ ਰੋਸ਼ਨ ਮਸ਼ਾਲ ਬਣਾਈ ॥ ੧੩ ॥ ਅਰ ਅਸਾਂ ਨੇ ਹੀ ਬਦਲਾਂ ਵਿਚੋਂ ਜ਼ੋਰ ਦੀ ਬਰਖਾ ਬਸਾਈ ॥ ੧੪ ॥ ਤਾ ਕਿ ਅਸੀਂ ਉਸ ਦੇ ਦਵਾਰਾ ਅੰਨ ਅਰ (ਹਰ ਪਰਕਾਰ ਦੀ) ਬਨਾਸਪਤੀ ॥ ੧੫ ॥ ਅਰ ਸੰਘਣੇ ੨ ਬਾਗ ( ਪ੍ਰਿਥਵੀ ) ਵਿਚੋਂ ) ਨਿਕਾਸੇ ॥ ੧੬ ॥ ਨਿਰਸੰਦੇਹ

*ਹੁਣ 'ਅਮ' ਨਾਮੀ ਤੀਸਵਾਂ ਪਾਰਾ ਚਲਿਆ ॥

Digitized by Panjab Digital Library | www.panjabdigilib.org

ਫੈਸਲੇ ਦੇ ਦਿਨ ਦਾ ਇਕ ਨਿਯਤ ਸਮਾਂ ਹੈ॥ ੧੭ ॥ ਕਿ ਉਸ ਦਿਨ ਨਰ- ਸਿੰਘਾ ਬਜਾਇਆ ਜਾਵੇਗਾ ਅਰ ਤੁਸੀਂ ਲੋਗ ਟੋਲਿਆਂ ਦੇ ਟੋਲੇ ਆ ਹਾਜ਼ਰ ਹੋਵੋਗੇ ॥ ੧੮ ॥ ਅਰ ਅਗਾਸ ਪਾਟ ਕੇ (ਉਸ ਵਿਚ) ਦਰਵਾਜੇ ੨ ਹੋ ਜਾਣਗੇ ॥ ੧੯ ॥ ਅਰ ਪਹਾੜ (ਆਪਣੀ ਜਗਹਾਂ ਥੀਂ) ਚਲਾਏ ਜਾਣਗੇ ਅਰ ਉਹ ਧੂੜ (ਘਟਾ) ਹੋਕੇ ਰਹਿ ਜਾਣਗੇ ॥ ੨੦ ॥ ਨਿਰਸੰਦੇਹ ਨਰਕ ਘਾਤ ਵਿਚ ਲਗੀ ਹੈ ॥ ੨੧ ॥ ( ਅਰ ਉਹੀ ) ਅਮੋੜਾਂ ਦਾ ਅਸਥਾਨ( ਹੈ ) ॥ ੨੨ ॥ ਕਿ ਉਸ ਵਿਚ ਚਿਰਕਾਲ (ਪੜੇ) ਰਹਿਨਗੇ ॥ ੨੩ ॥ ਓਥੇ ਨਾਂ ਤਾਂ ਕਿਸੇ ਪਰਕਾਰ ਦੀ ਠੰਢਕ ( ਦਾ ਰਸ ) ਲੈਣਗੇ । ੨੪ ॥ ਅਰ ਗਰਮ ਪਾਣੀ ਤਥਾ ਪੀਪ ਦੇ ਸਿਵਾ ਉਨਹਾਂ ਨੂੰ ਕੁਛ ਪੀਣ ਵਾਸਤੇ ਭੀ ਨਹੀਂ ਮਿਲੇਗਾ ॥ ੨੫ ॥ ( ਏਹ ਉਨਹਾਂ ਦੇ ਕਰਤਬਾਂ ਦਾ ) ਪੂਰਾ ਬਦਲਾ ( ਹੈ ) ॥ ੨੬ ॥ ( ਕਿ ) ਏਹ ਲੋਗ ( ਅੰਤ ) ਦੇ ਹਿਸਾਬ ਪਾਸੋਂ ( ਉੱਕਾ ) ਡਰਦੇ (ਹੀ) ਨਹੀਂ ਸਨ ॥ ੨੭ ॥ ਅਰ ਸਾਡੀਆਂ ਆਇਤਾਂ ਨੂੰ ਬੜੀ ਬੇਖੌਫੀ ਨਾਲ ਝੁਠਿਆਰਿਆ ਕਰਦੇ ਸਨ ॥ ੨੮ ॥ ਅਰ ਅਸਾਂ ਨੇ ਹਰ ਵਸਤੂ ਨੂੰ ਕਲਮ ਬੰਦ ਕਰ ਰਖਿਆ ਹੈ ॥ ੨੯ ॥ ( ਅਤਏਵ ਏਨਹਾਂ ਦੇ ਕਰਮਾਂ ਨੂੰ ਭੀ )। ਤਾਂ ( ਅਸੀਂ ਏਨਹਾਂ ਲੋਗਾਂ ਨੂੰ ਕਹਾਂਗੇ ਕਿ ਹੁਣ ਆਪਣੇ ਕੀਤੇ ਦਾ ) ਸਵਾਦ ਚਖੋ ॥ ਅਰ ਅਸੀਂ ਤਾਂ ( ਦਿਨ ੨ ਪ੍ਰਤੀ ) ਤੁਹਾਡੇ ਵਾਸਤੇ ਕਸ਼ਟ ਹੀ ਅਧਿਕ ਕਰਦੇ ਜਾਵਾਂਗੇ॥ ੩੦ ॥ ਰੁਕੂਹ ੧ ॥

ਨਿਰਸੰਦੇਹ ਜੋ ਲੋਗ ਪਰਹੇਜ਼ਗਾਰ ਹਨ ਉਨਹਾਂ ਨੂੰ ( ਅੰਤ ਵਿਚ ਬੜੀ ) ਸਫਲਤਾ ਹੋਵੇਗੀ ॥ ੩੦ ॥ ( ਅਰਥਾਤ ਰਹਿਣ ਵਾਸਤੇ ) ਬਾਗ ਅਰ ( ਖ਼ਾਣ ਵਾਸਤੇ ) ਅੰਗੂਰ ॥ ੩੨ ॥ ਅਰ ( ਦਿਲ ਬਹਿਲਾਨ ਵਾਸਤੇ ) ਮਟਿਆਰਾਂ ਨਾਰੀਆਂ ਆਪਣੇ ਹਾਣ ਦੀਆਂ ॥ ੩੩ ॥ ਅਰ (ਪੀਣ ਵਾਸ੍ਤੇ ਅਮਰਿਤ) ਦੇ ਉਛਲਦੇ ਹੋਏ ਪਿਆਲੇ (ਕਟੋਰੇ) ॥ ੩੪ ॥ ਓਥੇ ਇਹ ਲੋਗ ਨਾਂ ਤਾਂ ( ਕਿਸੇ ਦੇ ਮੂੰਹੋਂ ਕਿਸੀ ਤਰਹਾਂ ਦੀ ) ਵਾਚ ਕੁਵਾਚ ਬਾਰਤਾ ਸੁਨਣਗੇ ਅਰ ਨਾਂ ਨਿੰਦਾ ਝੂਠ ॥ ੩੫ ॥ ( ਹੇ ਪੈਗੰਬਰ ਇਹ ਉਨਹਾਂ ਦੇ ਕਰਮਾਂ ਦਾ ) ਕਾਫੀ ਇਨਾਮ ( ਹੈ ਜੋ ਉਨਹਾਂ ਦੀ ਕਰਨੀ ਦੇ ) ਬਦਲੇ ਵਿਚ ਤੁਹਾਡੇ ਪਰਵਰਦਿਗਾਰ ਦੀ ਤਰਫੋਂ ( ਉਨਹਾਂ ਨੂੰ ਮਿਲੇਗਾ ) ॥੩੬॥(ਕਿ ਉਹ) ਧਰਤੀ ਅਰ ਅਗਾਸ਼ ਦਾ ਅਰ ਸਵਰਗੀ ਸਰਿਸ਼ਟੀ ਏਨਹਾਂ ਦੋਆਂ ਵਿਚ ਹੈ ਸਾਰਿਆਂ ਦਾ ਮਾਲਿਕ ( ਹੈ ) ਬੜਾ ਦਿਆਲੂ ਪਰਲੈ ਦੇ ਦਿਨ ( ਮਾਰੇ ਭੈ ਦੇ ਲੋਗ ) ਉਸ ਨਾਲ ਬਾਰਤਾਲਾਪ ( ਤਕ ) ਨਹੀਂ ਕਰ ਸਕਣਗੇ ॥ ੩੭ ॥ ਜਦੋਂ ਕਿ ਜਬਰਾਈਲ ਅਰ ( ਹੋਰ ) ਫਰਿਸ਼ਤੇ ( ਉਸ ਦੇ ਸਨਮੁਖ ) ਕਤਾਰ ਬੰਨ੍ਹੀ ਖੜੇ ਹੋਣਗੇ ਕਿਸੇ ਦੇ ਮੂੰਹੋਂ ਗਲ ਤਾਂ ਨਿਕਲੇਗੀ ਹੀ

Digitized by Panjab Digital Library | www.panjabdigilib.org

ਨਹੀਂ ਪਰੰਤੂ ਜਿਸ ਨੂੰ ( ਖੁਦਾਇ ) ਰਹਿਮਾਨ ਆਗਜਾ ਦੇਵੇ ਅਰ ਉਹ ਬਾਤ ਭੀ ਮਾਕੂਲ ( ਚਾਲੀ ਸੇਰੀ ) ਕਹੇ ॥ ੩੮ ॥ ਏਹ ( ਉਹ ) ਦਿਨ ( ਹੈ ਜਿਸ ਦਾ ਹੋਣਾ ) ਸਤ ਹੈ ਤਾਂ ਜੋ ਚਾਹੇ ਆਪਣੇ ਪਰਵਰਦਿਗਾਰ ਦੇ ਪਾਸ ( ਆਪਣਾ ) ਟਿਕਾਣਾ ਬਣਾ ਰਖੇ ॥ ੩੯ ॥ ( ਲੋਗੋ ! ) ਅਸਾਂ ਨੇ ਤੁਹਾਨੂੰ ( ਪਰਲੈ ਦੇ ) ਕਸ਼ਟ ਥੀਂ ਡਰਾ ਦਿਤਾ ਹੈ ਜੋ ਸ਼ਤਾਬ ( ਹੀ ਆਉਣ ਵਾਲਾ ) ਹੈ ਕਿ ਉਸ ਦਿਨ ਆਦਮੀ ਉਨਹਾਂ ( ਕਰਮਾਂ ) ਨੂੰ ਦੇਖੇਗਾ ਜੋ ਉਸ ਨੇ ਆਪਣੀ ਹਥੀਂ ( ਮਾਨੋ ਅੰਤ ਦਾ ਜੀਵਕਾ ਬਣਾ ਕੇ ) ਭੇਜੇ ਹਨ ਅਰ ( ਉਸ ਦਿਨ ) ਕਾਫਰ ਚਿਚਲਾ ਉਠੇਗਾ ਕਿ ਹਾਇ ਰੱਬਾ ! ਮੈਂ ਮਿਟੀ ਹੁੰਦਾ ॥ ੪੦ ਰੁਕੂਹ ੨ ॥

# ਸੂਰਤ ਨਾਜ਼ਿਆਤ ਮੱਕੇ ਵਿਚ ਉਤਰੀ ਅਰ ਇਸ ਦੀਆਂ ਛਿਤਾਲੀ ਆਇਤਾਂ ਅਰ ਦੋ ਰੁਕੂਹ ਹਨ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਉਨਹਾਂ ( ਫਰਿਸ਼ਤਿਆਂ ) ਦੀ ਸੌਗੰਧ ਜੋ ( ਕਾਫਰਾਂ ਦੇ ਬਦਨਾਂ ਵਿਚ ) ਘੁਸੜ ਕੇ ( ਉਨਹਾਂ ਦੀ ਜਾਨ ਸਖਤੀ ਨਾਲ ) ਨਿਕਾਸਦੇ ਹਨ ॥ ੧ ॥ ਅਰ ਉਨਹਾਂ ( ਫਰਿਸ਼ਤਿਆਂ ) ਦੀ ਜੋ ( ਈਮਾਨ ਵਾਲਿਆਂ ਦੀ ਜਾਨ ਐਸੀ ਆਸਾਨੀ ਨਾਲ ਨਿਕਾਸਦੇ ਹਨ ਜੈਸੇ ਬੰਦ ) ਖੋਹਲ ਦੇਂਦੇ ਹਨ ॥ ੨ ॥ ਅਰ ਉਨਹਾਂ ( ਫਰਿਸ਼ਤਿਆਂ ) ਦੀ ਜੋ ( ਧਰਤੀ ਅਗਾਸ ਦੇ ਮਧਜ ਮੇਂ ) ਤੈਰਦੇ ਫਿਰਦੇ ਹਨ ॥ ੩ ॥ ਫੇਰ ( ਜੋ ਕੁਛ ਉਪਰੋਂ ਆਗਿਆ ਹੁੰਦੀ ਹੈ ਉਸ ਦੇ ਸੁਨਨ ਵਾਸਤੇ ) ਲਪਕਦੇ ਹਨ ॥ ੪ ॥ ਫੇਰ ਜੈਸੀ ਆਗਜਾ ਹੁੰਦੀ ਹੈ ( ਉਸ ਦੇ ਅਨੁਸਾਰ ਸਾਂਸਾਰਿਕ ) ਪਰਬੰਧ ਕਰਦੇ ਹਨ ॥ ੫ ॥ ( ਭਾਵ ਸਾਨੂੰ ਏਹਨਾਂ ਫਰਿਸ਼ਤਿਆਂ ਦੀ ਸੌਗੰਧ ਕਿ ਪਰਲੈ ਦਾ ਦਿਨ ਅਵਸ਼ ਆਉਣਵਾਲਾ ਹੈ ) ਜਦੋਂ ਕਿ ਧਰਤੀ ਡਗ ਮਗਾ ਜਾਵੇ ॥ ੬ ॥ ਅਰ ਇਕ ਡਗ ਮਗਾਉਂਣ ਦੇ ਪਿਛੋਂ ( ਦੂਸਰਾ ) ਡਗ ਮਗਾ ਹੋਵੇ ॥ ੭ ॥ ਉਸ ਦਿਨ (ਬਹੁਤ ਸਾਰਿਆਂ ਲੋਗਾਂ ਦੇ) ਦਿਲ ਧੜਕ ਰਹੇ ਹੋਣਗੇ ॥ ੮ ॥ ( ਅਰ ਮਾਰੇ ਰੰਜ ਤਥਾ ਭੈ ਦੇ ) ਉਨਹਾਂ ਦੀਆਂ ਨਜ਼ਰਾਂ ਨੀਵੀਆਂ ਹੋਈਆਂ ੨ ਹੋਣਗੀਆਂ ॥ ੯ ॥ ( ਕਿਆਮਤ ਦੇ ਮੁਨਕਰ) ਕਹਿੰਦੇ ਹਨ ਕੀ ਅਸੀਂ ( ਮਰਿਆਂ ਪਿਛੋਂ ਫਿਰ ) ਪਿਛਲੀ ਪੈਰੀਂ (ਜ਼ਿੰਦਗੀ ਦੀ ਤਰਫ) ਲੌਟਾਏ ਜਾਂਵਾਂਗੇ ? ॥ ੧੦ ॥ (ਅਰ) ਕੀ ( ਉਹ ਭੀ ਐਸੀ ਹਾਲਤ ਵਿਚ ਕਿ ) ਜਦੋਂ ( ਗਲ ਸੜ ਕੇ ਅਸੀਂ ) ਭੁਰੀਆਂ ਹਡੀਆਂ ਹੋ ਜਾਵਾਂਗੇ ॥ ੧੧ ॥ ਕਹਿੰਦੇ (ਕੀ) ਹਨ ਕਿ ਐਸੇ ਹੋ-

Digitized by Panjab Digital Library | www.panjabdigilib.org

ਇਆਂ ਤਾਂ ਇਹ ਲੋਟਣਾ (ਬੜੇ) ਨੁਕਸਾਨ ਦੀ ਬਾਰਤਾ ਹੈ ॥ ੧੨ ॥ ਸੋ ਕਿਆ-ਮਤ ( ਏਹਨਾਂ ਲੋਗਾਂ ਦੇ ਸਮੀਪ ਕੁਝ ਕਠਿਨ ਹੋਵੇਗੀ ਸਾਡੇ ਸਮੀਪ ) ਤਾਂ ( ਉਸ ਦੀ ) ਬਸ ( ਇਤਨੀ ਹਕੀਕਤ ) ਹੈ ( ਕਿ ) ਇਕ ਡਾਂਟ ( ਦਿਤੀ ) ॥ ੧੩ ॥ ਅਰ ਇਕੋ ਵੇਰੀ ( ਸਾਰੇ ) ਲੋਗ ( ਹਸ਼ਰ ) ਦੇ ਮੈਦਾਨ ਵਿਚ ਆ ਮੌਜੂਦ ਹੋਏ ॥੧੪॥ ਹੇ (ਪੈਗੰਬਰ) ਮੂਸਾ ਦਾ ਕਿੱਸਾ ਭੀ ਤੁਹਾਨੂੰ ਪਹੁੰਚਿਆ ਹੈ ॥ ੧੫ ॥ ਜਦੋਂ ਕਿ ਉਨਹਾਂ ਨੂੰ "ਤਵਾ" ਦੇ ਪਵਿਤ੍ਰ ਮੈਦਾਨ ਵਿਚ(ਜਿਸ) ਵਿਚ ਤੂਰ ਨਾਮੀ ਪਰਬਤ ਇਸਥਿਤ ਹੈ ) ਉਨਹਾਂ ਦੇ ਪਰਵਰਦਿਗਾਰ ਨੇ ਪੁਕਾਰ ਕੇ ਫਰਮਾਇਆ ॥ ੧੬ ॥ ਕਿ ( ਮੂਸਾ ! ) ਫਰਊਨ ਦੇ ਪਾਸ ( ਚਲੇ ) ਜਾਓ ਕਿ ਉਸ ਨੇ ਬਹੁਤ ਸਿਰ ਚੁਕ ਰਖਿਆ ਹੈ ॥ ੧੭ ॥ ਅਰ ( ਉਸ ਨੂੰ ਜਾ ਕੇ ) ਕਹੋ ਕਿ ਭਲਾ ਤੈਨੂੰ ਏਸ ਦਾ ਭੀ ਕੁਝ ਫਿਕਰ ਹੈ ਕਿ ਤੂੰ ( ਕੁਫਰ ਦੀ ਗੰਦਗੀ ਥੀਂ ) ਸ਼ੁਧ ਪਵਿਤ੍ਰ ਹੋ ਜਾਵੇਂ ॥ ੧੮ ॥ ਅਰ ਮੈਂ ਤੈਨੂੰ ਤੇਰੇ ਪਰਵਰਦਿਗਾਰ ਦੀ ਤਰਫ ( ਦਾ ) ਰਾਹ ਦਿਖਾਵਾਂ ਅਰ ਤੂੰ ( ਉਸ ਪਾਸੋਂ ) ਡਰੇਂ ॥ ੧੯ ॥ ਅਤ ਏਵ ਮੂਸਾ ਨੇ ( ਜਾਕੇ ) ਉਸ ਨੂੰ ( ਸੋਟੇ ਦਾ ) ਬੜਾ ਚਮਤਕਾਰ ਦਿਖਾਇਆ ॥੨੦ ॥ ਤਾਂ ਉਸਨੇ ਝੁਠਿਆਰਿਆ ਅਰ ਨਾ-ਫਰਮਾਨੀ ਕੀਤੀ ॥ ੨੧ ॥ ਫੇਰ ( ਆਪਣੀ ਜਗਹਾਂ ਨੂੰ ) ਲੋਟ ਗਿਆ ਅਰ ਲਗਾ ( ਮੂਸਾ ਦੇ ਵਿਰੁਧ ) ਤਦਬੀਰਾਂ ਕਰਨ ॥ ੨੨ ॥ (ਅਰਥਾਤ ਲੋਗਾਂ ਨੂੰ ) ਇਕੱਤਰ ਕੀਤਾ ਅਰ ( ਉਨਹਾਂ ਵਿਚ ਇਸ ਪਰਕਾਰ ਦੀ ) ਡੌਂਡੀ ਪਟਵਾਈ ॥ ੨੩ ॥ ਅਰ (ਉੱਚੀ ਅਵਾਜ਼ ਨਾਲ ) ਕਹਿ ਦਿਤਾ ਮੈਂ ਤੁ-ਹਾਡਾ ( ਸਾਰਿਆਂ ਨਾਲੋਂ ) ਵਡਾ ਪਰਵਰਦਿਗਾਰ ਹਾਂ ॥ ੨੪ ॥ ਤਾਂ ਉਸ ਨੂੰ ਖ਼ੁਦਾ ਨੇ ਅੰਤ ਅਰ ਦੁਨੀਆਂ ( ਦੋਹਾਂ ਦੇ ਕਸ਼ਟ ) ਵਿਚ ਧਰ ਦਬਾਇਆ ॥ ੨੫ ॥ ਨਿਰਸੰਦੇਹ ਜੋ ਪੁਰਖ ( ਖ਼ੁਦਾ ਪਾਸੋਂ ) ਡਰਦਾ ਹੈ ਉਸ ਦੇ ਵਾਸਤੇ ਏਸ ( ਪਰਸੰਗ ) ਵਿਚ ( ਬੜੀ ) ਸਿਖਿਆ ਹੈ ॥ ੨੬ ॥ ਰੁਕੂਹ ੧ ॥

( ਲੋਗੋ ! ) ਭਲਾ ਤੁਹਾਡਾ ( ਪ੍ਰਲੈ ਵਿਚ ਦੁਬਾਰਾ ) ਪੈਦਾ ਕਰਨਾ ਮੁਸ਼ਕਲ ਹੈ ਕਿੰਵਾ ਆਸਮਾਨ ਦਾ ( ਬਨਾਉਣਾ ? ) ਕਿ ਉਸ ਨੂੰ ਖ਼ੁਦਾ ਨੇ ਬਨਾਇਆ ॥੨੭॥ (ਅਰ)ਉਸਦਾ ਉਚਾਨ ਚੰਗਾ ਉੱਚਾ ਰਖਿਆ । ਫੇਰ ਉਸਨੂੰ ਇਕ ਜੇਹਾ ਕੀਤਾ ॥ ੨੮ ॥ ਅਰ ਉਸ ਦੀ ਰਾਤ੍ਰੀ ਨੂੰ ਅੰਧੇਰੀ ਬਨਾਇਆ ਅਰ ਉਸ ਦੀ ਧੁਪ ਨਿਕਾਸੀ ॥ ੨੯ ॥ ਅਰ ਏਸ ਥੀਂ ਭਿੰਨ ਧਰਤੀ ਨੂੰ ਬਿਛਾ-ਇਆ ॥ ੩੦ ॥ ਉਸੇ ਵਿਚ ਉਸ ਦਾ ਪਾਣੀ ਅਰ ਉਸ ਦਾ ਚਾਰਾ ਨਿਕਾਸਿਆ ॥ ੩੧ ॥ ਅਰ ਪਹਾੜਾਂ ਨੂੰ ( ਉਸ ਵਿਚ ) ਗੱਡ ਦਿਤਾ ॥ ੩੨ ॥ (ਏਹ ਸਾਰੇ) ਤੁਹਾਡੇ ਅਰ ਤੁਹਾਡੇ ਡੰਗਰਾਂ ( ਚਾਰ ਪਾਇਆਂ ) ਦੇ ਫਾਇਦੇ ਦੇ ਵਾਸਤੇ ॥ ੩੩ ॥ ਤਾਂ ਜਦੋਂ ( ਪ੍ਰਲੈ ਦੀ ) ਬੜੀ ਬਿਪਤਾ ਆਵੇਗੀ ॥ ੩੪ ॥ ( ਅਰ )

Digitized by Panjab Digital Library | www.panjabdigilib.org

ਜੋ ਕੁਛ ਆਦਮੀ ਨੇ ( ਦੁਨੀਆਂ ਵਿੱਚ ) ਕੀਤਾ ਹੈ ਉਸ ਦਿਨ ਉਸ ਨੂੰ ਯਾਦ ਆਵੇਗਾ ॥ ੩੫ ॥ ਅਰ ਦੋਜ਼ਖ਼ ਸਭ ਵੇਖਣ ਵਾਲਿਆਂ ਦੇ ਸਾਹਮਣੇ ਬਾਹਰ ਕਢ ਕੇ ਧਰ ਦਿਤੀ ਜਾਵੇਗੀ ॥ ੩੬ ॥ ਤਾਂ ਜਿਸ ਨੇ ( ਦੁਨੀਆਂ ਵਿੱਚ ) ਅਮੋੜਤਾ ਕੀਤੀ ॥ ੩੭ ॥ ਅਰ ਦੁਨੀਆਂ ਦੀ ਜ਼ਿੰਦਗੀ ਨੂੰ ( ਅੰਤ ਉਪਰ ) ਉਤਮ ਰਖਿਆ ॥ ੩੮ ॥ ਤਾਂ ( ਉਸ ਦਾ ) ਟਿਕਾਣਾ ਬਸ ਨਰਕ ( ਹੈ )॥ ੩੯ ॥ ਅਰ ਜੋ ਆਪਣੇ ਪਰਵਰਦਿਗਾਰ ਦੇ ਸਨਮੁਖ (ਜਵਾਬ ਦੇਣ ਦੇ ਵਾਸਤੇ) ਖੜਿਆਂ ਹੋਣ ਥੀਂ ਡਰਿਆ ਅਰ ( ਆਪਣੇ ) ਅੰਤਹਕਰਨ ਨੂੰ ਸੰਕਲਪਾਂ (ਵਿਕਲਪਾਂ) ਥੀਂ ਰੋਕਦਾ ਰਹਿਆ ॥ ੪੦ ॥ ਤਾਂ ( ਉਸ ਦਾ ) ਟਿਕਾਣਾ ਬਸ ਸਵਰਗ ॥ ੪੧ ॥ ( ਹੇ ਪੈਗੰਬਰ ਏਹ ਲੋਗ ) ਤੁਹਾਡੇ ਪਾਸੋਂ ਪ੍ਰਲੈ ਦੇ ਬਾਰੇ ਵਿੱਚ ਪੁਛਦੇ ਹਨ ਕਿ ਉਸ ਦਾ ਕਿਤੇ ਤਲ ਬੇੜਾ ਭੀ ਹੈ ? ॥ ੪੨ ॥ (ਸੋ ਹੇ ਪੈਗੰਬਰ ) ਤੁਸੀਂ ਉਸ ਦਾ ਸਮਾਂ ਦਸਣ ਵਲੋਂ ਕਿਧਰ ਦੇ ਬਖੇੜੇ ਵਿੱਚ ਪੈ ਗਏ ॥ ੪੩ ॥ ( ਉਸ ਦੇ ਸਮੇਂ ਦਾ ਦਸਣਾ ) ਅੰਤ ਨੂੰ ਤੁਹਾਡੇ ਪਰਵਰਦਿਗਾਰ ਹੀ ਪਰ ਜਾਕਰ ਠਹਿਰਦਾ ਹੈ ॥ ੪੪ ॥ ( ਰਹੇ ਤੁਸੀਂ ਸੋ ) ਜੋ ਪੁਰਖ ਪ੍ਰਲੈ ਥੀਂ ਡਰਨਾ ਚਾਹੁੰਦਾ ਹੈ ਤੁਸੀਂ ਉਸ ਨੂੰ ਡਰਾਉਣ ਵਾਲੇ ਹੋ ਹੋਰ ਬਸ ॥ ੪੫ ॥ ਲੋਗ ਜਿਸ ਦਿਨ ਕਿਆਮਤ ਨੂੰ ਦੇਖਣਗੇ ਤਾਂ ( ਉਨਹਾਂ ਨੂੰ ਐਸੇ ਮਾਲੂਮ ਹੋਵੇਗਾ ਕਿ ) ਮਾਨੋ ਉਹ ( ਦੁਨੀਆਂ ਵਿਚ ) ਬਸ ਦਿਨ ਦੇ ਅੰਤਿਮ ਪਹਿਰ ਠਹਿਰੇ ਕਿੰਵਾ ਪ੍ਰਥਮ ਪਹਿਰ ॥ ੪੬ ॥ ਰੁਕੂਹ ੨ ॥

## ਸੂਰਤ ਅਬਸ ਮੱਕੇ ਵਿਚ ਉਤਰੀ ਅਰ ਇਸ ਦੀਆਂ ਬਤਾਲੀ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਏਤਨੀ ਬਾਰਤਾ ਉਪਰ ਤਿਊੜੀ ਵਟੀ ਅਰ ਮੂੰਹ ਮੋੜ ਬੈਠੇ ॥ ੧ ॥ ਕਿ ( ਇਕ ) ਅੰਨਾਂ ਓਹਨਾਂ ਦੇ ਪਾਸ ਆਇਆ ॥ ੨ ॥ ਅਰ ( ਹੇ ਪੈਗੰਬਰ ) ਤੁਸੀਂ ਕੀ ਜਾਣੋ ਅਜਬ ਨਹੀਂ ( ਕਿ ਤੁਹਾਡੇ ਉਪਦੇਸ਼ ) ਨਾਲ ਓਹ ਸੁਧਰ ਜਾਂਦਾ ॥ ੩ ॥ ਅਥਵਾ ਸਿਖਸ਼ਾ ( ਦੀਆਂ ਬਾਤਾਂ ) ਸੁਣਦਾ ਅਰ ਉਸਨੂੰ ਨਸੀਹਤ ਲਾਭਦਾਇਕ ਹੁੰਦੀ ॥ ੪ ॥ ਤਾਂ ਜੋ ਪੁਰਖ ( ਦੀਨ ਦੀ ਤਰਫੋਂ ) ਬੇ ਪਰਵਾਹੀ ਕਰਦਾ ਹੈ ॥ ੫ ॥ ਓਸ ਦੀ ਤਰਫ ਤਾ ਤੁਸੀਂ ਖ਼ੂਬ ਧਿਆਨ ਕਰਦੇ ਹੋ ॥ ੬ ॥ ਹਾਲਾਂ ਕਿ ( ਯਦੀ ) ਓਹ ਠੀਕ ਨਾ ਹੋਵੇ ਤਾਂ ਤੁਹਾਡੇ ਉਪਰ ਕੋਈ ( ਦੋਖ ) ਨਹੀਂ ॥੭॥ ਅਰ ਜੋ ( ਖੁਦਾ ਪਾਸੋਂ ) ਡਰ ਕੇ ਤੁਹਾਡੇ ਪਾਸ ਦੌੜਦਾ ਹੋਇਆ ਆਵੇ ॥ ੮ ॥ ਤਾਂ ਤੁਸੀਂ ਓਸ ਦੇ ਨਾਲ ਬੇ ਪਰਵਾਹੀ ਕਰਦੇ ਹੋ ॥ ੯ ॥ ਸੁਣੋ ਜੀ ! ਕੁਰਾਨ ਤਾਂ

Digitized by Panjab Digital Library | www.panjabdigilib.org

( ਉੱਕਾ ) ਨਸੀਹਤ ਹੈ ॥ ੧੦ ॥ ਬਸ ਜੋ ਚਾਹੇ ਏਸ ਨੂੰ ਸੋਚੇ ( ਸਮਝੇ ) ॥ ੧੧ ॥ ( ਅਰ ਸਾਡੇ ਏਥੇ ਓਹ ਭਲੀ ਭਾਂਤ ) ਵਰਕਾਂ (ਪਤ੍ਰਿਆਂ) ਵਿਚ (ਲਿਖਿਆ ਹੋਇਆ) ਹੈ ॥ ੧੨ ॥ ਜਿਨਹਾਂ ਦਾ ਅਦਬ(ਆਦਰ)ਕੀਤਾ ਜਾਂਦਾਹੈ ॥੧੩॥( ਅਰ ਓਹ ) ਉਚੀ ਜਗਾ ਰਖੇ ਹੋਏ (ਹਨ ਅਰ) ਪਵਿੱਤ੍ਰ ( ਹਨ ) ॥ ੧੪ ॥ ਅਰ ਐਸੇ ਲਿਖਣ ਵਾਲਿਆਂ ( ਅਰਥਾਤ ਫਰਿਸ਼ਤਿਆਂ ) ਦੇ ਹੱਥਾਂ ਵਿਚ ( ਰਹਿੰਦੇ ਹਨ ) ॥ ੧੫ ॥ ਜੋ ਮਹਾਤਮਾਂ (ਅਰ) ਸੰਜਮੀ ਹਨ ॥ ੧੬ ॥ ਆਦਮੀ ਉਪਰ ( ਖੁਦਾ ਦੀ ) ਮਾਰ ਓਹ ਕਿਸ ਕਦਰ ਨਾਸ਼ੁਕਰਾ ਹੈ ॥ ੧੭ ॥ ( ਖੁਦਾ ਨੇ ) ਓਸ ਨੂੰ ਕਿਸ ਚੀਜ਼ ਥੀਂ ਪੈਦਾ ਕੀਤਾ ? ( ਸੋ ਪੈਦਾ ਕੀਤਾ ) ਬੀਰਜ ਤੋਂ ( ਕਿ ਪਹਿਲੇ ) ਓਸ ਨੂੰ ਬਨਾਇਆ ਫੇਰ ਓਸ ( ਦੀ ਹਰ ਇਕ ਚੀਜ਼ ) ਦਾ ਇਕ ਅੰਦਾਜ਼ਾ ਬੰਨ ਦਿਤਾ ॥ ੧੮ ॥ ਫੇਰ ( ਭਲਾਈ ਅਰ ਬੁਰਾਈ ਦਾ ) ਮਾਰਗ ( ਓਸ ਉਪਰ ) ਆਸਾਨ ਕਰ ਦਿਤਾ ॥ ੧੯ ॥ ਫੇਰ ( ਇਕ ਖਾਸ ਸਮੇਂ ਤਕ ਸਜੀਵ ਰਖ ਕੇ ) ਓਸ ਨੂੰ ਮਾਰ ਦਿਤਾ ॥੨੦॥ ਫੇਰ ਓਸ ਨੂੰ ਕਬਰ ਵਿੱਚ(ਲੈ ਜਾ)ਦਾਖਲ ਕੀਤਾ ॥ ੨੧ ॥ ਫੇਰ ਜਦੋਂ ਚਾਹੇਗਾ ਓਸ ਨੂੰ ( ਦੁਬਾਰਾ ) ਉਠਾ ਖੜਾ ਕਰੇਗਾ ॥ ੨੨ ॥ ਸਚ ਤਾਂ ਏਹ ਹੈ ਜੋ ਕੁਛ ਖੁਦਾ ਨੇ ਆਦਮੀ ਨੂੰ ਹੁਕਮ ਦਿਤਾ ਓਸ ਨੇ ਓਸ ਦੀ ਮੰਨੀਂ ਹੀ ਨਹੀਂ ॥ ੨੩ ॥ ਤਾਂ ਆਦਮੀ ਨੂੰ ਚਾਹੀਏ ਕਿ ( ਹੋਰ ਨਹੀਂ ਤਾਂ ) ਆਪਣੇ ਖਾਣੇ ਦੀ ਤਰਫ ( ਹੀ ) ਨਜ਼ਰ ਕਰੇ ॥ ੨੪ ॥ ਕਿ ਅਸਾਂ ਨੇ ( ਹੀ ) ਉਪਰੋਂ ਬਰਖਾ ਕੀਤੀ ॥ ੨੫ ॥ ਫੇਰ ਅਸਾਂ ਨੇ ( ਹੀ ਬੀਜ ਨੂੰ ਐਸੀ ਸਾਮਰਥ ਦਿਤੀ ਕਿ ਓਸ ਨੇ ) ਧਰਤੀ ਨੂੰ ਪਾੜਿਆ ॥ ੨੬ ॥ ਫੇਰ ਅਸਾਂ ਨੇ ( ਹੀ ) ਧਰਤੀ ਵਿਚ (ਏਹ ਸਭ ਕੁਛ ) ਉਗਾਇਆ ( ਅਰਥਾਤ ) ਅੰਨ ॥ ੨੭ ॥ ਅਰ ਅੰਗੂਰ ਅਰ ਭਾਜੀਆਂ ॥ ੨੮ ॥ ਅਰ ਜ਼ੈਤੂਨ ਅਰ ਖਜੂਰਾਂ ॥ ੨੯ ॥ ਅਰ ਸੰਘਣੇ ੨ ਬਾਗ ॥ ੩੦ ॥ ਅਰ ਮੇਵੇ ਅਰ ਚਾਰਾ ॥ ੩੧ ॥ ( ਏਹ ਸਭ ) ਏਸ ਵਾਸਤੇ ਕਿ ਤੁਸਾਂ ਲੋਗਾਂ ਨੂੰ ਅਰ ਤੁਹਾਡਿਆਂ ਚਾਰ ਪਾਇਆਂ ( ਡੰਗਰਾਂ ) ਨੂੰ ਫਾਇਦਾ ਪਹੁੰਚੇ ॥ ੩੨ ॥ ਤਾਂ ਜਿਸ ਵੇਲੇ ( ਕਿਆਮਤ ਦਾ ) ਸ਼ੋਰ ( ਮਚੇਗਾ ) ਜਿਸ ਦੇ ਸੁਣਨ ਨਾਲ ਕੰਨ ਬੋਲੇ ਹੋ ਜਾਣ ॥ ੩੩ ॥ ਓਸ ਦਿਨ ( ਐਸੀ ਆਪੋ ਧਾਪ ਪਵੇਗੀ ਕਿ ) ਆਦਮੀ ਆਪਣੇ ਭਿਰਾ ॥ ੩੪ ॥ ਅਰ ਆਪਣੀ ਮਾਤਾ ਅਰ ਆਪਣੇ ਪਿਤਾ ॥ ੩੫ ॥ ਅਰ ਆਪਣੀ ਇਸਤ੍ਰੀ ਅਰ ਆਪਣਿਆਂ ਬੇਟਿਆਂ ਪਾਸੋਂ ਭਜੇਗਾ ॥ ੩੬ ॥ ਏਹਨਾਂ ( ਸੰਬੰਧੀਆਂ ) ਵਿੱਚੋਂ ਹਰ ਪੁਰਖ ਨੂੰ ਓਸ ਦਿਨ ( ਆਪੋ ਆਪਣੀ ਮੁਕਤੀ ਦਾ ਇਕ)ਫਿਕਰ ਲਗਾ ਹੋਇਆ ਹੋਵੇਗਾ ਕਿ ਓਹ ਓਸ ਨੂੰ ਬਸ ਕਰਦਾ ਹੈ ॥ ੩੭ ॥ ਕਿਤਨਿਆਂ ( ਲੋਗਾਂ ਦੇ ) ਮੂੰਹ ਓਸ

Digitized by Panjab Digital Library | www.panjabdigilib.org

ਦਿਨ ਉੱਜਲ ਹੋਣਗੇ ॥ ੩੮ ॥ ਹਸੂੰ ਹਸੂੰ (ਕਰਦੇ ਹੋਣਗੇ) ॥ ੩੯ ॥ ਅਰ ਕਿਤਨਿਆਂ (ਲੋਗਾਂ ਦੇ) ਮੁਖੜੇ ਓਸ ਦਿਨ (ਐਸੇ) ਹੋਣਗੇ ਕਿ ਓਹਨਾਂ ਉਪਰ ਧੂੜ ਪਈ ਹੋਵੇਗੀ ॥ ੪੦ ॥ (ਅਰ ਧੂੜ ਥੀਂ ਸਿਵਾ) ਓਹਨਾਂ ਉਪਰ ਕਲਿਖਣ (ਭੀ) ਛਾਗਈ ਹੋਵੇਗੀ ॥ ੪੧ ॥ ਏਹਾ ਓਹ ਲੋਗ ਹਨ ਜੋ (ਦੁਨੀਆਂ ਵਿਚ) ਕਾਫਰ (ਅਰ) ਬਦਕਾਰ (ਸਨ) ॥ ੪੨ ॥ ਰੁਕੂਹ ੧ ॥

# ਸੂਰਤ ਤਕਵੀਰ ਮੱਕੇ ਵਿਚ ਉਤਰੀ ਅਰ ਇਸ ਦੀਆਂ ਉਨੱਤੀ ਆਇਤਾਂ ਅਰ ਇਕ ਰੁਕੂਹ ਹੈ।

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰਪਾਲੂ (ਹੈ)। ਜਿਸ ਸਮੇਂ ਸੂਰਜ (ਦੇ ਤੇਜ ਦੀ ਚਾਦਰ ਨੂੰ) ਲਪੇਟ ਲੀਤਾ ਜਾਵੇ ॥ ੧ ॥ ਅਰ ਜਿਸ ਵੇਲੇ ਨਛੱਤ੍ਰ (ਗਣ) ਝੜ ਪੈਣ ॥ ੨ ॥ ਅਰ ਜਿਸ ਸਮੇਂ ਪਰਬਤ (ਆਪਣੀ ਜਗਾ ਥੀਂ) ਅਚਲ ਵਿਚਲ ਕੀਤੇ ਜਾਣ ॥ ੩ ॥ ਅਰ ਜਿਸ ਸਮੇਂ ਦਸ ਮਹੀਨਿਆਂ ਦੀਆਂ ਸਗਰਭਤਾ ਉਠਣੀਆਂ ਬੇਕਾਰ ਛੁਟੀਆਂ ੨ ਫਿਰਨ (ਅਰ ਕੋਈ ਓਹਨਾਂ ਦਾ ਰੋਕਣ ਥਮਨ ਵਾਲਾ ਨਾ ਹੋਵੇ) ॥ ੪ ॥ ਅਰ ਜਿਸ ਵਕਤ ਜੰਗਲੀ ਜਾਨਵਰ (ਡਰਦੇ ਮਾਰੇ ਨਗਰੀਆਂ ਵਿਚ) ਆ ਭਰਨ (ਇਕਤ੍ਰ ਹੋਵਣ) ॥ ੫ ॥ ਅਰ ਜਿਸ ਵੇਲੇ ਦਰੀਯਾ ਪਾੜ ਦਿਤੇ ਜਾਣ ॥ ੬ ॥ ਅਰ ਜਿਸ ਵੇਲੇ ਰੂਹਾਂ ਨੂੰ (ਉਹਨਾਂ ਦਿਆਂ ਸਰੀਰਾਂ ਨਾਲ) ਮਿਲਾਇਆ ਜਾਵੇ ॥ ੭ ॥ ਅਰ ਜਿਸ ਵਕਤ ਲੜਕੀ ਪਾਸੋਂ ਜੋ ਜੀਉਂਦੇ ਜੀ ਕਬਰ ਵਿਚ ਦੱਬੀ ਗਈ ਸੀ ਪੁਛਿਆ ਜਾਵੇ ॥ ੮ ॥ ਕਿ ਕਿਸ ਕਸੂਰ ਦੇ ਬਦਲੇ ਵਿਚ ਮਾਰੀ ਗਈ ॥ ੯ ॥ ਅਰ ਜਿਸ ਵੇਲੇ (ਲੋਕਾਂ ਦੇ) ਕਰਮ ਪੱਤਰ ਖੋਲ੍ਹੇ ਜਾਣ ॥ ੧੦ ॥ ਅਰ ਜਿਸ ਵੇਲੇ ਆਗਾਸ ਦੀ ਚਮੜੀ ਉਤਾਰੀ ਜਾਏ ॥ ੧੧ ॥ ਅਰ ਜਿਸ ਵੇਲੇ ਦੋਜ਼ਖ ਧਕਾਈ ਜਾਵੇ ॥ ੧੨ ॥ ਅਰ ਜਿਸ ਵੇਲੇ ਸਵਰਗ ਸਮੀਪ ਲੈ ਆਂਦੀ ਜਾਵੇ ॥ ੧੩ ॥ (ਓਸ ਵੇਲੇ) ਹਰ ਪੁਰਖ ਜਾਣ ਲਵੇਗਾ ਕਿ ਓਹ ਕੀ (ਜੀਓਕਾ) ਸਨਮੁਖ ਲੈ ਆਇਆ ਹੈ ॥ ੧੪ ॥ ਤਾਂ ਸਾਨੂੰ ਓਹਨਾਂ (ਸਤਾਰਿਆਂ) ਦੀ ਸੌਗੰਧ ਹੈ ਜੋ (ਇਕ ਪਾਸੇ ਨੂੰ) ਚਲਦੇ ੨ ਉਲਟੇ ਪਿਛੇ ਨੂੰ ਹਟਣ ਲਗਦੇ ॥ ੧੫ ॥ (ਅਰ ਦਿਖਾਈ ਦੇਂਦੇ ੨) ਅਸਤ ਹੋ ਜਾਂਦੇ ਹਨ ॥ ੧੬ ॥ ਅਰ (ਸਾਨੂੰ) ਰਾਤਰੀ ਦੀ (ਸੌਗੰਧ) ਜਿਸ ਸਮੇਂ (ਓਸ ਦੀ ਸਜਾਹੀ) ਚੜ੍ਹਦੀ ਚਲੀ ਆਉਂਦੀ ਹੈ ॥ ੧੭ ॥ ਅਰ (ਸਾਨੂੰ) ਪ੍ਰਾਤਾਕਾਲ ਦੀ (ਕਸਮ) ਜਿਸ ਵੇਲੇ ਓਸ ਦੀ ਪਹੁ ਫੁਟਦੀ ਹੈ ॥ ੧੮ ॥

Digitized by Panjab Digital Library | www.panjabdigilib.org

( ਭਾਵ ਸਾਨੂੰ ਏਹਨਾਂ ਸਾਰੀਆਂ ਚੀਜ਼ਾਂ ਦੀ ਸੌਗੰਧ ਹੈ ) ਕਿ ਏਹ ( ਕੁਰਾਨ) ਨਿਰਸੰਦੇਹ ਮਾਨ ਵਾਲੇ ਫਰਿਸ਼ਤੇ ( ਅਰਥਾਤ ਜਬਰਾਈਲ ) ਦਾ ( ਪਹੁੰਚਾਇਆ ) ਹੋਇਆ ਸੰਦੇਸਾ ਹੈ ॥ ੧੯ ॥ ( ਅਰ ਓਹ ਵਹੀ ਦੇ ਭਾਰੀ ਬੋਝ ਉਠਾਉਣ ਦੀ) ਸਮਰਥ ਰਖਦਾ ਹੈ (ਅਰ ) ਮਾਲਿਕ ਅਰਸ਼ (ਵਡੇ ਅਰ-ਥਾਤ ਖੁਦਾ ) ਦੀ ਜਨਾਬ ਵਿਚ ਉਸ ਦਾ ਵਡਾ ਦਰਜਾ ਹੈ ॥ ੨੦ ॥ ( ਅਰ ) ਓਥੇ ( ਫਰਿਸ਼ਤਿਆਂ ਦਾ ) ਅਫਸਰ ( ਹੈ ) ਅਰ ਅਮਾਨਤਦਾਰ ਹੈ ॥ ੨੧ ॥ ਅਰ (ਹੇ ਮੱਕਾ ਨਵਾਸੀਓ ) ਤੁਹਾਡੇ ਸੰਗੀ ( ਮੁਹੰਮਦ ) ਕੋਈ ਬਾਵਲੇ ਨਹੀਂ ॥ ੨੨ ॥ ਅਰ ਨਿਰਸੰਦੇਹ ਓਹਨਾਂ ਨੇ ਜਬਰਾਈਲ ਨੂੰ (ਆਸਮਾਨ ਦੇ ) ਨਿਰਮਲ ਆਕਾਸ਼ ਵਿਚ ਦੇਖਿਆ ( ਭੀ ) ਹੈ ॥ ੨੩ ॥ ਅਰ ਏਹ ਗ਼ੈਬ ( ਦੀਆਂ ਬਾਤਾਂ ) ਉਪਰ ਬਖ਼ਲ ਕਰਨ ਵਾਲੇ ( ਭੀ ) ਨਹੀਂ ॥ ੨੪ ॥ ਅਰ ਏਹ ( ਕੁਰਾਨ ) ਮਰਦੂਦ ਸ਼ੈਤਾਨ ਦੀਆਂ ( ਕੀਤੀਆਂ ਹੋਈਆਂ ) ਬਾਤਾਂ (ਭੀ) ਨਹੀਂ ॥ ੨੫ ॥ ਫੇਰ ਤੁਸੀਂ ( ਲੋਗ ) ਕਿਧਰ ( ਨੂੰ ਬਹਿਕੇ ) ਚਲੇ ਜਾ ਰਹੇ ਹੋ ॥ ੨੬ ॥ ਏਹ ਕੁਰਾਨ ਤਾਂ ਦੁਨੀਆਂ ਜਹਾਨ ਦਿਆਂ ਲੋਗਾਂ ਦੇ ਵਾਸਤੇ ਸਿਖਜਾ ਹੀ (ਸਿਖਜਾ) ਹੈ ॥ ੨੭ ॥ ( ਪਰੰਤੂ ) ਓਸੇ ਨੂੰ (ਲਾਭਦਾਇਕ ਹੈ) ਜੋ ਤੁਹਾਡੇ ਪਾਸੋਂ ਸਿੱਧੇ ਰਸਤੇ ਉਪਰ ਚਲਨਾ ਚਾਹੇ ॥ ੨੮ ॥ ਅਰ ਤੁਸੀਂ ( ਕੁਛ ਭੀ ) ਨਹੀਂ ਚਾਹ ਸਕਦੇ ਪਰੰਤੂ ਏਹ ਕਿ ਅੱਲਾ ਚਾਹੇ ( ਜੋ ) ਸਾਰੇ ਸੰਸਾਰ ਦਾ ਪਰਵਰਦਿਗਾਰ ਹੈ ॥ ੨੯ ॥ ਰੁਕੂਹ ॥ ੧ ॥

## ਸੂਰਤ ਅਨਫਤਾਰ ਮਕੇ ਵਿਚ ਉਤਰੀ ਅਰ ਇਸ ਦੀਆਂ ਉਨੀ ਆਇਤਾਂ ਅਰ ਇਕ ਰੁਕੂਹ ਹੈ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਜਦੋਂ ਕਿ ਆਸਮਾਨ ਫਟ ਜਾਵੇ ॥ ੧ ॥ ਅਰ ਜਦੋਂ ਨਛੱਤ੍ਰ (ਗਣ) ਝੜ ਪੈਣ ॥ ੨ ॥ ਅਰ ਜਦੋਂ ਕਿ ਦਰੀਯਾਵਾਂ ਨੂੰ ( ਉਹਨਾਂ ਦੀ ਅਸਲੀ ਜਗਹਾਂ ਥੀਂ ਉਛਾਲ ਕਰ ਦੂਸਰੀ ਤਰਫ ਨੂੰ ) ਬਹਾ ਦਿਤਾ ਜਾਵੇ ॥ ੩ ॥ ਅਰ ਜਦੋਂ ਕਬਰਾਂ ਉਖਾੜ ਦਿਤੀਆਂ ਜਾਣ ॥ ੪ ॥ ( ਓਸੇ ਵੇਲੇ ) ਹਰ ਪੁਰਖ ਜਾਣ ਲਵੇਗਾ ਕਿ ਉਸ ਨੇ ਕੈਸੇ ਕਰਮ ਪਹਿਲਾਂ ਤੋਂ ( ਅਗੇ ਵਾਸਤੇ ਬਨਾ ਕਰ ) ਭੇਜੇ ਹਨ ( ਅਰ ਕੈਸੇ ਚਿਨ੍ਹ ਸੰਸਾਰ ਵਿਚ ) ਪਿਛੇ ਛਡ ਆਇਆ ਹੈ ॥ ੫ ॥ ਹੇ ਆਦਮ ਦੀ ਅੰਸ ਤੈਨੂੰ ਕਿਸ ਚੀਜ ਨੇ ਆ-ਪਣੇ ਪ੍ਰਤਿਪਾਲਕ ਦਿਆਲੂ ਦੀ ਜਨਾਬ ਵਿਚ ਗੁਸਤਾਖ ਕਰ ਦਿਤਾ ਹੈ ॥ ੬ ॥ ਜਿਸ ਨੇ ਤੈਨੂੰ ਬਨਾਇਆ ਅਰ ( ਬਨਾਇਆ ਭੀ ਤਾਂ ) ਬਹੁਤ ਦਰੁ-

Digitized by Panjab Digital Library | www.panjabdigilib.org

ਸਤ ਬਨਾਇਆ ਅਰ ਤੇਰੇ ਜੋੜ ਬੰਦ ਮੁਨਾਸਿਬ ਰਖੇ ॥ ੭ ॥ ( ਫੇਰ ) ਜਿਸ ਪ੍ਰਕਾਰ ਚਾਹਿਆ ਤੇਰਾ ( ਅਰਥਾਤ ਤੇਰੇ ਅੰਗ ਦਾ ) ਸੰਬੰਧ ਰਲਾ ਦਿਤਾ ॥ ੮ ॥ ਪਰੰਤੂ ਬਾਰਤਾ ਇਹ ਹੈ ਕਿ ਤੁਸੀਂ ( ਆਦਮ ਦੀ ਅੰਸ ) ਬਦਲੇ ( ਦੇ ਦਿਨ ) ਨੂੰ ਨਹੀਂ ਮੰਨਦੇ ॥ ੯ ॥ ਹਾਲਾਂ ਕਿ ਤੁਹਾਡੇ ਉਪਰ ( ਸਾਡੇ ) ਚੋਕੀਦਾਰ ( ਮੁਕਰਰ ) ਹਨ ॥ ੧੦ ॥ ਕਰਾਮਨ ਕਾਤਬੀਨ ( ਅਰਥਾਤ ਚਿਤ੍ਰ ਗੁਪਤ ਮਹਾਤਮਾਂ ਲਖਨੇ ਵਾਲੇ) ॥ ੧੧ ॥ ਕਿ ਜੋ ਕੁਛ ਭੀ ਤੁਸੀਂ ਕਰਦੇ ਹੋ ਓਹਨਾਂ ਨੂੰ ਮਾਲੂਮ ਰਹਿੰਦਾ ਹੈ ॥ ੧੨ ॥ ਨਿਰਸੰਦੇਹ ਸੰਜਮੀ(ਲੋਗ) ਅਲਬੱਤਾ ਮਜ਼ੇ (ਦੇ) (ਸਵਰਗ) ਵਿਚ ਹੋਣਗੇ ॥ ੧੩ ॥ਅਰ ਨਿਰਸੰਦੇਹ ਬਦਕਾਰ (ਲੋਕ) ਅਵਸ਼ ਨਰਕ ਵਿਚ ਹੋਣਗੇ ॥੧੪ ॥ ਅਰ ਬਦਲੇ ਦੇ ਦਿਨ (ਅਰਥਾਤ ਕਿਆ-ਮਤ ਨੂੰ ) ਉਸ ( ਦੋਜ਼ਖ ) ਵਿਚ ਦਾਖਲ ਹੋਣਗੇ ॥ ੧੫ ॥ ਅਰ ਉਹ ਓਸ ਥੀਂ ( ਕਦਾਚਿਤ ) ਗੁਪਤ ਨਹੀਂ ਹੋ ਸਕਣਗੇ ॥ ੧੬ ॥ ਅਰ ( ਹੇ ਪੈਯੰਬਰ ) ਤੁਸੀਂ ਕੀ ਸਮਝੇ ਬਦਲੇ ਦਾ ਦਿਨ ਹੈ ਕੀ ਚੀਜ ॥ ੧੭ ॥ ਫੇਰ ( ਅਸੀਂ ਤੁਸਾਂ ਥੀਂ ਦੁਬਾਰਾ ਪੁਛਦੇ ਹਾਂ ਕਿ ) ਤੁਸੀਂ ਕੀ ਸਮਝੇ ਕਿ ਦਿਹਾੜਾ ਬਦਲੇ ਦਾ ਹੈ ਕੀ ਚੀਜ਼ ? ॥ ੧੮ ॥ ( ਏਹ ਉਹ ਦਿਨ ਹੋਵੇਗਾ ) ਜਦੋਂ ਕਿ ਕੁਝ ਪੁਰਖ ਕਿਸੇ ਪੁਰਖ ਨੂੰ ਕੋਈ ਭੀ ਲਾਭ ਨਹੀਂ ਪਹੁੰਚਾ ਸਕੇਗਾ ਅਰ ਓਸ ਦਿਨ ਰਾਜ ਪ੍ਰਮਾਤਮਾ ਦਾ ਹੀ ਹੋਵੇਗਾ ॥ ੧੯ ॥ ਰੁਕੂਹ ੧ ॥

## ਸੂਰਤ ਤਤਫੀਫ ਮੱਕੇ ਵਿਚ ਉਤਰੀ ਅਰ ਇਸ ਦੀਆਂ ਛਤੀ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) । ਘਟ ਦੇਣ ਵਾਲਿਆਂ ਦੀ (ਬੜੀ ਹੀ) ਵੈਰਾਨੀ ਹੈ ॥ ੧ ॥ ਕਿ ਲੋਗਾਂ ਪਾਸੋਂ ਮਿਣ ਕੇ ਲੈਣ ਤਾਂ ਪੂਰਾ ਪੂਰਾ ਲੈਣ ॥ ੨ ॥ ਅਰ ਜਦੋਂ ਓਹਨਾਂ ਨੂੰ ਮਿਣ ਕੇ ਅਥਵਾ ਓਹਨਾਂ ਨੂੰ ਤੋਲ ਕੇ ਦੇਣ ਤਾਂ ਘਟ ਦੇਣ ॥ ੩ ॥ ਕੀ ਏਹਨਾਂ ਨੂੰ ਏਸ ਬਾਰਤਾ ਦਾ ਖਿਆਲ ਨਹੀਂ ਕਿ ਬੜੇ ( ਸਖਤ ) ਦਿਨ ( ਅਰਥਾਤ ਕਿਆਮਤ ਨੂੰ ) ॥ ੪ ॥ ਏਹ ਉਠਾ ਕੇ ਖੜੇ ਕੀਤੇ ਜਾਣਗੇ ॥ ੫ ॥ ( ਅਰ ) ਓਸ ਦਿਨ ਲੋਗ ਸੰਸਾਰ ਦੇ ਪਰਵਰਦਿਗਾਰ ਦੇ ਸਨਮੁਖ ( ਕਰਮਾਂ ਦੇ ਜਵਾਬ ਦੇਣ ਵਾਸਤੇ ) ਖੜੇ ਹੋਣਗੇ ॥ ੬ ॥ ਸੁਣੋ ਜੀ ! ਬਦਕਾਰ ਲੋਗਾਂ ਦੇ ਕਰਮ ਪਤ੍ਰ ਕੈਦੀਆਂ ਦੇ ਰਜਿਸਟਰ ਵਿਚ ( ਦਰਜ ਹੁੰਦੇ ਰਹਿੰਦੇ ) ਹਨ ॥ ੭ ॥ ਅਰ ( ਹੇ ਪੈਯੰਬਰ ) ਤੁਸੀਂ ਕੀ ਸਮਝੇ ਕਿ ਕੈਦੀਆਂ ਦਾ ਰਜਿਸਟਰ ਹੈ ਕੀ ਚੀਜ਼ ? ॥ ੮ ॥ ( ਓਹ ਇਕ )

Digitized by Panjab Digital Library | www.panjabdigilib.org

ਕਿਤਾਬ ਹੈ ਕਿ ( ਵੇਲੇ ਕੁਵੇਲੇ ) ਓਸ ਦੀ ਖਾਨਾ ਪੂਰੀ ਹੁੰਦੀ ਰਹਿੰਦੀ ਹੈ ॥ ੯ ॥ਓਸ ਦਿਨ ਝੁਠਿਆਰਨ ਵਾਲਿਆਂ ਦੀ ਤਬਾਹੀ ਹੈ ॥ ੧੦॥ ਜੋ ਬਦਲੇ ਦੇ ਦਿਨ ਨੂੰ ਝੂਠ ਜਾਣਦੇ ਹਨ ॥ ੧੧॥ ਅਰ ਓਸ ਨੂੰ ਉਹੀ ਝੂਠ ਜਾਣਦਾ ਹੈ ਜੋ ( ਬੰਦਗੀ ਦੀ ) ਸੀਮਾਂ ਥੀਂ ਵਧ ਚਲਿਆ ਹੋਵੇ ਅਰ ਪਾਪੀ ਹੋਵੇ ॥੧੨॥ ਕਿ ਜਦੋਂ ਓਸ ਨੂੰ ਸਾਡੀਆਂ ਆਇਤਾਂ ਪੜ੍ਹ ਕੇ ਸੁਣਾਈਆਂ ਜਾਣ ਤਾਂ ਕਹੇ ਕਿ ਅਗਲਿਆਂ ਲੋਗਾਂ ਦੇ ਢਕੋਸਲੇ ਹਨ ॥ ੧੩ ॥ ( ਢਕੋ-ਸਲੇ ) ਨਹੀਂ ਪ੍ਰਤਯੁਤ ( ਬਾਤ ਏਹ ਹੈ ਕਿ ) ਏਹਨਾਂ ਦੇ ਦਿਲਾਂ ਉਪਰ ਏਹਨਾਂ ਦੇ ( ਹੀ ਮੰਦੇ ) ਕਰਮਾਂ ਦੇ ਜ਼ੰਗਾਰ ਬੈਠ ਗਏ ਹਨ ॥ ੧੪ ॥ ਸੁਨੋ ਜੀ ! ਏਹਾ ( ਲੋਗ ਹਨ ਜੋ ) ਓਸ ਦਿਨ ਆਪਣੇ ਪਰਵਰਦਿਗਾਰ ਦੇ ਸਨਮੁਖ ਨਹੀਂ ਆ ਸਕਣਗੇ ॥ ੧੫ ॥ ਫੇਰ ਏਹ ਲੋਗ ਜਰੂਰ ਨਰਕ ਵਿਚ ਦਾਖਲ ਹੋਣਗੇ ॥ ੧੬ ॥ ਫੇਰ ( ਏਹਨਾਂ ਨੂੰ ) ਕਹਿਆ ਜਾਵੇਗਾ ਕਿ ਏਹਾ ਤਾਂ ਓਹ ( ਚੀਜ਼ ) ਹੈ ਜਿਸ ਨੂੰ ਤੁਸੀਂ ( ਦੁਨੀਆਂ ਵਿਚ ) ਝੂਠ ਜਾਣਦੇ ਸੀ ॥੧੭॥ ਸੁਨੋ ਜੀ ! ਭਲਿਆਂ ਲੋਗਾਂ ਦੇ ਕਰਮ ਪਤ੍ਰ ਉਤਮ(ਪਦਵੀ ਦੇ ) ਲੋਗਾਂ ਦੇ ਰਜਿਸਟਰ ਵਿੱਚ ( ਦਰਜ ਹੁੰਦੇ ਰਹਿੰਦੇ ) ਹਨ ॥ ੧੮॥ ਅਰ ( ਹੇ ਪੈਯੰਬਰ ) ਤੁਸੀਂ ਕੀ ਸਮਝੇ ਕਿ ਉਤਮ ਪਦਵੀ ਦੇ ਲੋਗਾਂ ਦਾ ਰਜਿਸਟਰ ਹੈ ਕੀ ਚੀਜ਼ ? ॥ ੧੯ ॥ ( ਉਹ ਇਕ ) ਕਿਤਾਬ ਹੈ ਕਿ (ਸਮੇਂ ਸਮੇਂ ਸਿਰ ) ਉਸ ਦੀ ਖਾਨਾ ਪਰੀ ਹੁੰਦੀ ਰਹਿੰਦੀ ਹੈ ॥ ੨੦ ॥ ( ਅਰ ) ਸਮੀਪੀ (ਫਰਿਸ਼ਤੇ) ਉਸ ਉਪਰ ਇਸਥਿਤ ਹਨ ॥ ੨੧ ॥ ਨਿਰਸੰਦੇਹ ਨੇਕ ( ਲੋਗ ਕਿਆਮਤ ਦੇ ਦਿਨ ਬੜੇ ) ਆਰਾਮ ਵਿੱਚ ਹੋਣਗੇ ॥ ੨੨ ॥ ਤਖਤਾਂ ਉਪਰ ( ਬੈਠੇ ਬਹਿਸ਼ਤ ਦੀ ਸੈਰ ) ਕਰ ਰਹੇ ਹੋਣਗੇ ॥ ੨੩ ॥ ( ਹੇ ਸ੍ਰੋਤਾ ! ) ਤੂੰ ( ਉਨਹਾਂ ਨੂੰ ਦੇਖੇਂ ਤਾਂ ) ਖ਼ੁਸ਼ਹਾਲੀ ਦੀ ਤਾਜ਼ਗੀ ਉਨਹਾਂ ਦੇ ਚੇਹਰਿਆਂ ਥੀਂ ( ਸਾਫ ) ਪਹਿਚਾਨ ਲਵੇਂ ॥ ੨੪ ॥ ਉਨਹਾਂ ਨੂੰ ( ਪਵਿਤ੍ਰ ) ਨਰੋਲ ਸ਼ਰਾਬ ਸਰਬੰਧ ਪਿਲਾਈ ਜਾਵੇਗੀ ॥ ੨੫ ॥ ਜਿਸ ਦੀ ( ਬੋਤਲ ਦੀ ) ਮੋਹਰ ਕਸਤੂਰੀ ਦੀ ਹੋਵੇਗੀ ਅਰ ਰੀਸ ਕਰਨ ਵਾਲਿਆਂ ਨੂੰ ਚਾਹੀਏ ਕਿ ਇਸ ਦੀ ਰੀਸ ਕਰਨ ॥ ੨੬ ॥ ਅਰ ਉਸ ( ਸ਼ਰਾਬ) ਵਿਚ ਤਸਨੀਮ ( ਦੇ ਜਲ)ਦਾ ਮਿਲਾਪ ਹੋਵੇਗਾ ॥ ੨੭ ॥ (ਤਸਨੀਮ ਸਵਰਗ ਦਾ ਇਕ)ਚਸ਼ਮਾ (ਹੈ) ਜਿਸ ਵਿਚੋਂ (ਖਾਸ ਕਰਕੇ) ਸਮੀਪੀ (ਲੋਗ) ਪਾਨ ਕਰਨਗੇ ॥੨੮॥ ਨਿਰਸੰਦੇਹ ਮੁਜਰਮ(ਦੁਨੀਆਂ ਵਿਚ) ਈਮਾਨ ਵਾਲਿਆਂ ਦੇ ਸਾਥ ਹਾਸੀ ਕੀਤਾ ਕਰਦੇ ਸਨ ॥ ੨੯ ॥ ਅਰ ਜਦੋਂ ਉਨਹਾਂ ਦੇ ਪਾਸੋਂ ਦੀ ਲੰਘਦੇ (ਤਾਂ ਉਨਹਾਂ ਨੂੰ) ਸੈਣਤਾਂ ਮਾਰਦੇ ॥ ੩੦ ॥ ਅਰ ਜਦੋਂ (ਮੁਸਲਮਾਨਾਂ ਦੇ ਪਾਸੋਂ ) ਲੋਟ ਕਰ ਆਪਣੇ ਘਰ ਨੂੰ ਜਾਂਦੇ ਤਾਂ ਲੋਟ ਕਰ ਏਨਹਾਂ ਦੇ ਹੀ ਜ਼ਿਕਰ ਦਾ ) ਮਸ਼ਗੂਲਾ ਬਨਾਉਂਦੇ

Digitized by Panjab Digital Library | www.panjabdigilib.org

॥ ੩੧ ॥ ਅਰ ਜਦੋਂ ਏਨਹਾਂ ਨੂੰ ਦੇਖਦੇ ਤਾਂ ( ਬੇ ਸੋਚੇ ) ਬੋਲ ਪੈਂਦੇ ਕਿ ਏਹ ਤਾਂ ( ਉਹ ਲੋਗ ਹਨ ਜੋ ) ਕੁਮਾਰਗੀ (ਹੋ ਗਏ) ਹਨ ॥ ੩੨ ਹਾਲਾਂ ਕੇ ਏਨ੍ਹਾਂ ਨੂੰ ਮੁਸਲਮਾਨਾਂ ਉਪਰ ਦਾਰੋਗਾ ਬਣਾਕੇ ਤਾਂ ਭੇਜਿਆ ਨਹੀਂ ਗਇਆ ॥ ੩੩ ॥ ਤਾਂ ਅਜ ( ਆਖਰਤ ਵਿਚ ) ਮੁਸਲਮਾਨ ਕਾਫਰਾਂ ਤੇ ਹੱਸਣਗੇ ੩੪ ॥ ( ਅਰ ) ਤਖਤ ਉਪਰ ( ਬੈਠੇ ਸਵਰਗ ਦੇ ) ਦਰਸ਼ਨ (ਮੇਲੇ) ਕਰ ਰਹੇ ਹੋਣਗੇ ॥ ੩੫ ॥ ਹੁਣ ਤਾਂ ਕਾਫਰਾਂ ਨੇ ਅਪਨੇ ਕੀਤੇ ਦਾ ਫਲ ਪਾ ਲੀਤਾ ॥ ੩੬ ॥ ਰੁਕੂਹ ੧ ॥

# ਸੂਰਤ ਅਨਸ਼ਕਾਕ ਮੱਕੇ ਵਿਚ ਉਤਰੀ ਅਰ ਏਸ ਦੀਆਂ ਪਚੀਸ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਜਦੋਂ ਅਗਾਸ (ਖੁਦਾ ਦੀ ਆਗਿਆ ਨਾਲ) ਫਟ ਜਾਵੇ ॥ ੧ ॥ ਅਰ ਆਪਣੇ ਪਰਵਰਦਿਗਾਰ ਦੀ ( ਇਸ ) ਆਗਿਆ ਨੂੰ ਸਵੀਕਾਰ ਕਰੇ ਅਰ ( ਕਿਉਂ ਨਾਂ ਕਰੇ ) ਕਿ ਇਹ ਉਸ ਦਾ ਧਰਮ ਹੈ ॥ ੨ ॥ ਅਰ ਜਦੋਂ ( ਖੁਦਾ ਦੇ ਹੁਕਮ ਨਾਲ ਉੱਚੀ ਨੀਚੀ ) ਧਰਤੀ ( ਬਰਾਬਰ ਕਰਕੇ ਫਰਸ਼ ਦੀ ਤਰਹਾਂ ) ਵਿਛਾ ਦਿਤੀ ਜਾਵੇ ॥ ੩ ॥ ਅਰ ( ਮੁਰਦੇ ਅਰ ਦਫੀਨੇ )ਜੋ ਕੁਝ ਭੀ ਉਸ ਵਿਚ ਹੈ ( ਸਭ ) ਬਾਹਰ ਸਿਟ ਦੇਵੇ ਅਰ ਸਖਮਸਖਣੀ ਹੋ ਜਾਵੇ ॥ ੪ ॥ ਅਰ ਆਪਣੇ ਪਰਵਰਦਿਗਾਰ ਦੇ ( ਏਹਨਾਂ ) ਹੁਕਮਾਂ ਦੀ ਪਾਲਨਾ ਕਰੇ ਅਰ ( ਕਿਉਂ ਨਾ ਕਰੇ ਕਿ ਇਹ ) ਉਸਦਾ ਧਰਮ ਹੈ ( ਜਦੋਂ ਇਹ ਲਛਣ ਪੇਸ਼ ਆਉਣ ਤਾਂ ਜਾਣੋਂ ਕਿ ਪਰਲੋ ਆਈ ) ॥ ੫ ॥ ਹੇ ਆਦਮ ਦੀ ਅੰਸ ਤੂੰ ( ਇਸੀ ਤਰਹਾਂ ) ਘਸੀਟੀ ਘਸੀਟੀ ਦਾ ਆਪਣੇ ਪਰਵਰਦਿਗਾਰ ਦੀ ਤਰਫ ਚਲਿਆ ਜਾ ਰਹਿਆ ਹੈਂ ਫੇਰ ( ਇਕ ਨਾ ਇਕ ਦਿਨ ) ਤੂੰ ਉਸ ਨੂੰ ਜਾ ਮਿਲੇਂਗਾ ॥ ੬ ॥ ਤਾਂ ( ਉਸ ਦਿਨ ) ਜਿਸ ਨੂੰ ਉਸ ਦਾ ( ਕਰਮ ) ਪਤ੍ਰ ਉਸ ਦੇ ਸਜੇ ਹਥ ਵਿਚ ਦਿਤਾ ਜਾਵੇਗਾ ॥ ੭ ॥ ਤਾਂ ਉਸ ਪਾਸੋਂ ਅਸਾਨੀ ਦੇ ਨਾਲ ਹਿਸਾਬ ਲੀਤਾ ਜਾਵੇਗਾ ॥ ੮ ॥ ਅਰ ( ਉਹ ਹਿਸਾਬ ਥੀਂ ਵੇਹਲਾ ਹੋਕੇ ) ਖੁਸ਼ੀ ੨ ਆਪਣੇ ਸਬੰਧੀਆਂ ਵਿਚ ਵਾਪਸ ਆਵੇਗਾ ॥ ੯ ॥ ਅਰ ਜਿਸ ਨੂੰ ਓਸ ਦਾ ( ਕਰਮ ) ਪਤ੍ਰ ਉਸ ਦੀ ਪਿਠ ਦੇ ( ਪਿਛੋਂ ) ਦੀ ਦਿਤਾ ਜਾਵੇਗਾ ॥ ੧੦॥ ਤਾਂ ਉਹ ਮੌਤ ਦੀ ਪ੍ਰਾਰਥਨਾ ਕਰੇਗਾ ॥ ੧੧ ॥ ਅਰ ਨਰਕ ਵਿਚ ਜਾ ਦਾਖਲ ਹੋਵੇਗਾ ॥ ੧੨ ॥ ਏਹ ( ਉਹ ਪੁਰਖ ਹੈ ) ਜੋ ਆਪਣੇ ਸਬੰਧੀਆਂ ( ਨਾਲ ਦੁਨੀਆਂ ) ਵਿਚ ਮਘਨ ( ਰਹਿਆ ਕਰਦਾ ) ਸੀ ॥ ੧੩ ॥ ( ਅਰ ) ਇਸ ਖਿਆਲ ਵਿਚ ਸੀ ਕਿ ਉਸ ਦੀ ( ਇਸ ਦਿਸ਼ਾ ਵਿਚ) ਕਿਸੀ ਪਰਕਾਰ

Digitized by Panjab Digital Library | www.panjabdigilib.org

ਦਾ ਘਾਟਾ ਨਹੀਂ ਹੋਵੇਗਾ ॥ ੧੪ ॥ ( ਪਰੰਤੂ ਘਾਟਾ ਤਾਂ ) ਹੋਣਾ ਹੀ ਸੀ ( ਅਰ ਹੋਇਆ ) ਉਸ ਦਾ ਪਰਵਰਦਿਗਾਰ ਉਸ ਨੂੰ ( ਮੰਦੇ ਕੰਮ ਕਰਦਾ ) ਦੇਖ ਰਹਿਆ ਸੀ ॥ ੧੫ ॥ ਤਾਂ ਸਾਨੂੰ ਸਾਯੰਕਾਲ ਦੀ ਲਾਲੀ ਦੀ ਸੌਗੰਧ ਹੈ ॥ ੧੬ ॥ ਅਰ ਰਾਤ੍ਰੀ ਦੀ ਅਰ ਜਿਨਹਾਂ ਚੀਜਾਂ ਉਪਰ ਰਾਤ੍ਰੀ ਛਾ ਜਾਂਦੀ ਹੈ ਉਨਹਾਂ ਦੀ ॥੧੭ ॥ ਅਰ ਚੰਦ੍ਰਮਾਂ ਦੀ ਜਦੋਂ ਪਨਜੋਂ ( ਪੂਰਾ ) ਦਾ ਹੋਵੇ॥੧੮ ॥ ਕਿ ਤੁਸੀਂ ਲੋਗ ( ਇਸੀ ਪ੍ਰਕਾਰ ) ਇਕ ਦਿਸ਼ਾ ਥੀਂ ਦੂਸਰੀ ਵਿਚ ਆਉਗੇ ॥ ੧੯ ॥ਤਾਂ ਏਹਨਾਂ ( ਕਾਫਰਾਂ ) ਨੂੰ ਕੀ (ਮਾਰ) ਹੈ ਕਿ ਈਮਾਨ ਨਹੀਂ ਧਾਰਦੇ ॥ ੨੦ ॥ ਅਰ ਜਦੋਂ ਏਹਨਾਂ ਦੇ ਰੂਬਰੂ ਕੁਰਾਨ ਪੜਿਆ ਜਾਵੇ ਤਾਂ ( ਖ . ਦੇ ਅਗੇ ) ਮਥਾ ਨਹੀਂ ਟੇਕਦੇ ॥ ੨੧ ॥ ਪ੍ਰਤਯੁਤ ( ਏਹ ) ਕਾਫਰ ( ਉ . . ) ਝੁਠਿਆਰਦੇ ਹਨ ॥ ੨੨ ॥ ਅਰ ਜੈਸੇ ੨ ( ਬੁਰੇ ) ਸੰਕਲਪ ( ਇਹ ਲੋਗ ਆਪਣਿਆਂ ) ਦਿਲਾਂ ਵਿਚ ਰਖਦੇ ਹਨ ਖੁਦਾ ਨੂੰ ਖੂਬ ਮਾਲੂਮ ਹਨ ॥ ੨੩ ॥ ਤਾਂ ( ਹੇ ਪੈਯੰਬਰ ) ਏਹਨਾਂ ਨੂੰ ਭਿਆਣਕ ਕਸ਼ਟ ਦੀ ਖੁਸ਼ਖਬਰੀ ਸੁਣਾ ਦਿਓ ॥ ੨੪ ॥ ਪਰੰਚ ( ਹਾਂ ) ਜਿਨਹਾਂ ਲੋਗਾਂ ਨੇ ਈਮਾਨ ਧਾਰਿਆ ਅਰ ਉਨਹਾਂ ਨੇ ਸ਼ੁਭ ਕਰਮ ( ਭੀ ) ਕੀਤੇ ਉਨਹਾਂ ਵਾਸਤੇ ਬੇਅੰਤ ਫਲ ਹੈ ॥ ੨੫ ॥ ਰੁਕੂਹ ੧ ॥

## ਸੂਰਤ ਬਰੂਜ ਮੱਕੇ ਵਿਚ ਉਤਰੀ ਅਰ ਇਸ ਦੀਆਂ ਬਾਈਸ ਆਇਤਾਂ ਅਰ ਇਕ ਰੁਕੂਹ ਹੈ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ (ਹੈ) ਆਗਾਸ ਦੀ ਸੌਗੰਧ ਜਿਸ ਵਿਚ ਬੁਰਜ (ਰਾਸਾਂ)ਹਨ ॥੧॥ ਅਰ ਓਸ ਦਿਨ ਦੀ ( ਸੌਗੰਧ ) ਜਿਸਦਾ ਬਚਨ ਕੀਤਾ ਹੋਇਆ ਹੈ ( ਅਰਥਾਤ ਪ੍ਰਲੈ ਦਾ ਦਿਨ ) ॥ ੨ ॥ ਅਰ ਗਵਾਹ ਦੀ ( ਸੌਗੰਧ ) ਅਰ ਜਿਸ ਦੇ ਮੁਕਾਬਲੇ ਵਿਚ ਗੁਵਾਹੀ ਦੇਂਦਾ ਉਸ ਦੀ ( ਸੌਗੰਧ ) ॥ ੩॥ ਕਿ ( ਕਾਫਰ ਓੜਕ ਨੂੰ ਹਲਾਕ ਹੋਣ ਗੇ ਜਿਸ ਤਰਹਾਂ ਉਹ ) ਖੰਦਕਾਂ ਵਾਲੇ ਹਲਾਕ ਹੋਏ ॥ ੪ ॥ ( ਅਰ ਉਹ ਖੰਦ ਕਾਂ ) ਅਗਨੀ ( ਦੀਆਂ ਸਨ ) ਜਿਸ ਵਿਚ ( ਉਸ ਵੇਲੇ ਦੇ ਮੁਸਲਮਾਨਾਂ ਦੇ ਸਾੜਨ ਵਾਸਤੇ ( ਉਨਹਾਂ ਨੇ ਬਹੁਤ ਸਾਰਾ ) ਬਾਲਣ ( ਝੋਕ ਛਡਿਆ ) ਸੀ ॥ ੫ ॥ ਜਦੋਂ ਕਿ ਉਹ( ਆਪ )ਖੰਦਕਾਂ ਉਪਰ ਬੈਠੇ ਹੋਏ ਜਨ ॥ ੬॥ ਅਰ ਜੋ ( ਅਤਿਆਚਾਰ ) ਮੁਸਲਮਾਨਾਂ ਉਪਰ ਕਰ ਰਹੇ ਸਨ ਉਹ (ਉਸ ਦਾ ਤਮਾਸ਼ਾ) ਦੇਖ ਰਹੇ ਸਨ ॥ ੭ ॥ ਅਰ ਉਹ ਮੁਸਲਮਾਨਾਂ ਦੀ ਇਸੀ ਬਾਤ ਥੀਂ ਚਿੜੇ ਕਿ ਉਹ ਅੱਲਾ ਉਪਰ ਈਮਾਨ ਧਾਰ ਬੈਠੇ ਜੋ ਸ਼ਕਤਸ਼ਾਲੀ ( ਅਰ ) ਮਹਿਮਾਂ ਯੋਗ ਹੈ ॥ ੮ ॥ ਅਰ ਉਹ ਐਸਾ ( ਸਰਵ ਸ਼ਕਤੀਮਾਨ ਹੈ ) ਕਿ ਧਰਤੀ

Digitized by Panjab Digital Library | www.panjabdigilib.org

ਅਗਾਸ ਦੀ ਬਾਦਸ਼ਾਹੀ ਓਸੇ ਦੀ ਹੈ ਅਰ ( ਇਸ ਥੀਂ ਭਿੰਨ ) ਅੱਲਾ ਹਰ ਵਸਤੂ ( ਦੇ ਹਾਲ ) ਥੀਂ ਗਿਆਤ ਭੀ ਹੈ ॥ ੯ ॥ ਨਿਰਸੰਦੇਹ ਜਿਨਹਾਂ ਲੋਗਾਂ ਨੇ ਮੁਸਲਮਾਨ ਮਰਦਾਂ ਅਰ ਮੁਸਲਮਾਨ ਤੀਵੀਆਂ ਨੂੰ ਕਸ਼ਟ ਦਿਤੇ। ( ਅਰ ) ਫੇਰ ਤੋਬਾ ਨਾ ਕੀਤੀ ਤਾਂ ਓਹਨਾਂ ਨੂੰ ਨਰਕ ਦੇ ( ਨਾਨਾ ਪਰਕਾਰ ਦੇ ) ਕਸ਼ਟ ਪ੍ਰਾਪਤ ਹੋਣਗੇ ਅਰ ( ਓਹਨਾਂ ਥੀਂ ਭਿੰਨ) ਓਹਨਾਂ ਨੂੰ ( ਖਾਸ ਕਰਕੇ ) ਸੜਨ ਦਾ ਕਸ਼ਟ ( ਭੀ ) ਹੋਵੇਗਾ ॥ ੧੦ ॥ ਹਾਂ ਜਿਨਹਾਂ ਲੋਗਾਂ ਈਮਾਨ ਧਾਰਿਆ ਅਰ ਓਹਨਾਂ ਨੇ ਭਲੇ ਕਰਮ ( ਭੀ ) ਕੀਤੇ ਓਹਨਾਂ ਵਾਸਤੇ ( ਸਵਰਗ ਦੇ ) ਬਾਗ਼ ਹਨ ਜਿਨਹਾਂ ਦੇ ਹੇਠਾਂ ਨਹਿਰਾਂ ( ਪਈਆਂ ) ਵਗ ਰਹੀਆਂ ਹੋਣਗੀਆਂ ਏਹ ਹੈ ਬੜੀ ਸਫਲਤਾ ॥ ੧੧ ॥ ( ਹੇ ਪੈਯੰਬਰ ) ਨਿਰਸੰਦੇਹ ਤੁਹਾਡੇ ਪਰਵਰਦਿਗਾਰ ਦੀ ਪਕੜ ਬੜੀ ਸਖਤ ( ਪਕੜ ) ਹੈ ॥ ੧੨ ॥ ਓਹਾ ਪ੍ਰਥਮ ਬਾਰ ( ਪੈਦਾ ) ਕਰਦਾ ਅਰ ( ਓਹਾ ਪਰਲੈ ਵਿਚ ) ਦੂਜੀ ਵੇਰ ਕਰੇਗਾ ॥ ੧੩ ॥ ਅਰ ਓਹ ਬਖਸ਼ਣੇ ਵਾਲਾ ( ਅਰ ) ਮੁਹਬਤ ਕਰਨੇ ਵਾਲਾ ॥ ੧੪ ॥ ਅਰ ਅਰਸ਼ ਦਾ ਮਾਲਿਕ ( ਅਰ ) ਵਡਿਆਈ ਵਾਲਾ ਹੈ ॥ ੧੫ ॥ ( ਅਰ ) ਜੋ ਚਾਹੁੰਦਾ ਹੈ ਕਰ ਗੁਜ਼ਰਦਾ ਹੈ ॥ ੧੬ ॥ (ਹੇ ਪੈਯੰਬਰ) ਭਲਾ (ਖੁਦਾ ਦਿਆਂ ਵੈਰੀਆਂ ਦੇ) ਲਸ਼ਕਰਾਂ ॥ ੧੭ ॥ (ਅਰਥਾਤ) ਫ਼ਰਊਨ ਅਰ ਸਮੂਦ ਦੇ ਬ੍ਰਿਤਾਂਤ ( ਭੀ ) ਤੁਹਾਡੇ ਤਕ ਪਹੁੰਚੇ ਹਨ ( ਅਵਸ਼ ਪਹੁੰਚੇ ਹਨ ਅਰ ਲੋਗਾਂ ਨੂੰ ਤੁਸੀਂ ਸੁਣਾਉਂਦੇ ਭੀ ਹੋ ) ॥ ੧੮ ॥ ਪਰੰਤੂ ਕਾਫਰ ( ਕੁਰਾਨ ਦੇ ) ਝੁਠਿਆਰਨ ਵਿਚ ( ਲਗੇ ) ਹੋਏ ਹਨ ॥ ੧੯ ॥ ਅਰ ਅੱਲਾ ਏਹਨਾਂ ਨੂੰ ਸਭ ਦਿਸ਼ਾ ਥੀਂ ਘੇਰੀ ਖਲੋਤਾ ਹੈ (ਏਹਨਾਂ ਦੇ ਝੁਠਿਆਰਨ ਕਰਕੇ ਹੁੰਦਾ ਹੀ ਕੀ ਹੈ ਏਹ ਕੋਈ ਐਸੀਆਂ ਵੈਸੀਆਂ ਬਾਤਾਂ ਤਾਂ ਨਹੀਂ ਹੈਗੀਆਂ) ॥ ੨੦ ॥ ਪ੍ਰਤਯੁਤ ਏਹ(ਕੁਰਾਨ ) ਬੜੀ ਪਦਵੀ ਦਾ ਕੁਰਾਨ ਹੈ ॥ ੨੧ ॥ ( ਅਰ ਸਾਡੇ ਏਥੇ ) ਲੋਹ ਮਾਫ਼ੂਜ਼ ਵਿਚ ( ਅਰਥਾਤ ਰਖਸ਼ਕ ਤਖਤੀ ਉਪਰ ਲਿਖਿਆ ਹੋਇਆ ਮੌਜੂਦ ) ਹੈ ( ਓਸ ਥੀਂ ਇਕ ਹਰਫ ਭੀ ਖਿਲਾਫ ਨਹੀਂ ) ॥ ੨੨ ॥ ਰੁਕੂਹ ੧ ॥

## ਸੂਰਤ ਤਾਰਕ ਮੱਕੇ ਵਿਚ ਉਤਰੀ ਅਰ ਇਸ ਦੀਆਂ ਸਤਾਰਾਂ ਆਇਤਾਂ ਅਰ ਇਕ ਰੁਕੂਹ ਹੈ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਅਗਾਸ ਦੀ ਸੌਗੰਧ ਅਰ ਰਾਤ ਦੇ ਆਉਣ ਵਾਲੇ ਦੀ ( ਸੌਗੰਧ ) ॥ ੧ ॥ ਅਰ ( ਹੇ ਪੈਯੰਬਰ ) ਤੁਸੀਂ ਕੀ ਸਮਝੇ ਕਿ ਰਾਤ ਨੂੰ ਆਉਣ ਵਾਲਾ ਕੀ ਹੈ ? ( ਓਹ ) ਚਮਕਦਾ ਹੋਇਆ ਤਾਰਾ ( ਹੈ )

Digitized by Panjab Digital Library | www.panjabdigilib.org

॥ ੨ ॥ ( ਭਾਵ ਸਾਨੂੰ ਅਕਾਸ ਅਰ ਨਛੱਤ੍ਰ ਦੀ ਸੌਗੰਧ ਹੈ ) ॥ ੩ ॥ ਕਿ ਕੋਈ ਪੁਰਖ ਨਹੀਂ ਜਿਸ ਉਪਰ ( ਸਾਡੀ ਤਰਫੋਂ ) ਚੌਕੀਦਾਰ ( ਕਰਾਮਨ, ਕਰਨ ਕਾਤਬੀਨ ਅਰਥਾਤ ਮਹਾਤਮਾਂ ਲਿਖਾਰੀ ਫਰਿਸ਼ਤੇ ਇਸਥਿਤ ) ਨਾ ਹੋਣ ॥ ੪ ॥ ਤਾਂ ਆਦਮੀ ਨੂੰ ਚਾਹੀਦਾ ਹੈ ਕਿ (ਹੋਰ ਨਹੀਂ ਤਾਂ ਏਤਨੀ ਹੀ ਬਾਰਤਾ ਨੂੰ) ਦੇਖੇ ਕਿ ਓਹ ਕਿਸ ਵਸਤੂ ਥੀਂ ਪੈਦਾ ਕੀਤਾ ਗਇਆ ਹੈ ॥ ੫ ॥ ਉਹ ਉਤਪਤ ਕੀਤਾ ਗਇਆ ਹੈ ਪਾਣੀ ( ਅਰਥਾਤ ਬੀਰਜ ਦੇ ਬਿੰਦੂ ) ਥੀਂ ॥ ੬ ॥ ਜੋ ਪਿਠ ਅਰ ਸੀਨੇ ਦੀਆਂ ਹੱਡੀਆਂ ਦੇ ਵਿਚੋਂ ਉਛਲ ਕੇ ਨਿਕਲਦਾ ਹੈ ॥ ੭ ॥ ਨਿਰਸੰਦੇਹ ਖੁਦਾ ( ਆਦਮੀ ਦੇ ਮਰਿਆਂ ਪਿਛੋਂ ) ਓਸ ਦੇ ਲੌਟਾਉਣੇ ( ਅਰਥਾਤ ਓਸ ਦੇ ਦੂਜੀ ਵੇਰੀ ਪੈਦਾ ਕਰਨੇ) ਨੂੰ ( ਭੀ ) ਸਾਮਰਥ ਹੈ ॥ ੮ ॥ ਜਿਸ ਦਿਨ ( ਲੋਗਾਂ ਦੇ ਦਿਲਾਂ ਦੇ) ਭੇਤ ਜਾਚੇ ਜਾਣਗੇ ॥ ੯ ॥ ( ਉਸ ਦਿਨ ) ਨਾਂ ਤਾਂ ਆਦਮੀ ਦਾ ( ਆਪਣਾ ) ਕੁਝ ਜ਼ੋਰ (ਚਲੇਗਾ) ਅਰ ਨਾ ਕੋਈ ( ਓਸ ਦਾ ) ਸਹਾਇਕ ਹੋਵੇਗਾ ॥ ੧੦ ॥ ਬਰਖਾ ਕਰਨ ਵਾਲੇ ਅਗਾਸ ਦੀ ਕਸਮ ॥ ੧੧ ॥ ਅਰ ਧਰਤੀ ਦੀ ( ਸੌਗੰਧ ) ਜੋ ( ਬੀਜ ਦੇ ਅੰਗੂਰ ਕੱਢਨ ਦੇ ਵੇਲੇ ) ਫਟ ਜਾਂਦੀ ਹੈ ॥ ੧੨ ॥ ਕਿ ਨਿਰ-ਸੰਦੇਹ ਕੁਰਾਨ ਇਕ ਨਪਟੇਰੇ ਦੀ ਬਾਰਤਾ ਹੈ ॥ ੧੩ ॥ ਅਰ ਓਹ ਕੁਛ ਸਧਾਰਣ (ਜੈਸੀ ਬੇ ਬੁਨਿਆਦ ਬਾਰਤਾ)ਨਹੀਂ ॥ ੧੪ ॥ ਨਿਰਸੰਦੇਹ ਏਹ ( ਕਾਫਰ ਤਾਂ ਆਪਣੇ ) ਦਾਓ ਕਰ ਰਹੇ ਹਨ ॥ ੧੫ ॥ ਅਰ ਅਸੀਂ ( ਆਪਣੇ ) ਦਾਓ ਕਰ ਰਹੇ ਹਾਂ ॥ ੧੬ ॥ ਤਾਂ (ਹੇ ਪੈਯੰਬਰ ਏਹਨਾਂ) ਕਾਫਰਾਂ ਨੂੰ ਮੁਹਲਤ ਦਿਓ ( ਅਰ ਜ਼ਿਆਦਾ ਨਹੀਂ ਪ੍ਰਤਯੁਤ ) ਏਹਨਾਂ ਨੂੰ ਥੋੜੀ ਜੈਸੀ ਮੁਹਲਤ ਦੇ ਦਿਓ ॥ ੧੭ ॥ ਰੁਕੂਹ ੧ ॥

## ਸੂਰਤ ਆਲਾ ਮਕੇ ਵਿਚ ਉਤਰੀ ਅਰ ਇਸ ਦੀਆਂ ਉੱਨੀ ਆਇਤਾਂ ਅਰ ਇਕ ਰੁਕੂਹ ਹੈ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) । ( ਹੇ ਪੈਯੰਬਰ ) ਆਪਣੇ ਪਰਵਰਦਿਗਾਰ ਵਡਿਆਂ-ਈਆਂ ਵਾਲੇ ਦੇ ਨਾਮ ਦੀ ਮਹਿੰਮਾ ਕਰਦੇ ਰਹਿਆ ਕਰੋ ॥ ੧ ॥ ਜਿਸ ਨੇ ( ਸਰਵ ਬ੍ਰਹਮੰਡ ਨੂੰ ) ਉਤਪੰਨ ਕੀਤਾ ਅਰ ( ਬਹੁਤ ) ਸੋਭਨੀਕ ਉਤਪੰਨ ਕੀਤਾ ॥ ੨ ॥ ਅਰ ਜਿਸ ਨੇ ( ਹਰ ਇਕ ਵਸਤੂ ਦੀ ਗਰਜ਼ ਤਥਾ ਗ਼ਾਇਤ ਦਾ ) ਅੰਦਾਜ਼ਾ ਕੀਤਾ ਅਰ ( ਓਸ ਨੂੰ ਓਸੇ ) ਰਾਹ ਪਾ ਦਿਤਾ ॥ ੩ ॥ ਅਰ ਜਿਸਨੇ ( ਹਰਾ ਭਰਾ ਲਹਿ ਲਹਾਉਂਦਾ ) ਚਾਰਾ

Digitized by Panjab Digital Library | www.panjabdigilib.org

( ਧਰਤੀ ਵਿਚੋਂ ) ਨਿਕਾਸਿਆ ॥ ੪ ॥ ਫੇਰ ਓਸ ਨੂੰ ( ਅੰਤ ਨੂੰ ) ਕਾਲਾ ਕਾਲਾ ( ਬਦਰੰਗ ) ਕੂੜਾ ਕਰ ਦਿਤਾ ॥ ੫ ॥ ( ਹੇ ਪੈਗੰਬਰ ) ਅਸੀਂ ਤੁਹਾਨੂੰ ( ਕੁਰਾਨ ਐਸੀ ਭਲੀ ਤਰਹਾਂ ) ਪੜ੍ਹਾ ਦੇਵਾਂਗੇ ਕਿ ਤੁਹਾਨੂੰ ਓਹ ( ਕਦਾਪਿ ) ਭੁਲੇਗਾ ਨਹੀਂ ॥ ੬ ॥ ਪਰੰਤੂ ਕਿਸੇ ਆਇਤ ਨੂੰ ਖ਼ੁਦਾ ( ਹੀ ) ਭੁਲਾ ਦੇਣਾ ਚਾਹੇ ( ਤਾਂ ਓਹ ਅਲਗ ਬਾਰਤਾ ਹੈ ) ਨਿਰਸੰਦੇਹ ਖ਼ੁਦਾ ਪੁਕਾਰ ਕਰਕੇ ਪੜ੍ਹਨ ਨੂੰ ਭੀ ਜਾਣਦਾ ਹੈ ਅਰ ਧੀਰੇ ਪੜ੍ਹਨ ਨੂੰ (ਭੀ ਜਾਣਦਾ ਹੈ ) ॥ ੭ ॥ ( ਅਰ ਦੀਨ ) ਆਸਾਨ ( ਅਰਥਾਤ ਇਸਲਾਮ ਉਪਰ ਸਾਬਤ ਕਦਮ ਰਹਿਣਾ ਭੀ ) ਤੁਹਾਡੇ ਵਾਸਤੇ ਸੁਖੈਨ ਕਰ ਦੇਵਾਂਗੇ ॥ ੮ ॥ ਬਸ ਜਿਥੋਂ ਤਕ ( ਸਮਝੋ ਕਿ ) ਸਮਝਾਨਾ ਮੁਫੀਦ ਹੈ ( ਲੋਗਾਂ ਨੂੰ ) ਸਮਝਾਉਂਦੇ ਰਹੋ ॥ ੯ ॥ ਜੋ ( ਖ਼ੁਦਾ ਪਾਸੋਂ ) ਡਰਦਾ ਹੈ ਓਹ ਤਾਂ ਸ਼ਤਾਬ ਹੀ ਸਮਝ ਲਵੇਗਾ ॥ ੧੦ ॥ ਪਰੰਤੂ ਅਭਾਗਾ ਤਾਂ ਉਸ ਪਾਸੋਂ ਨਸਦਾ ਭਜਦਾ ਹੀ ਰਹੇਗਾ ॥ ੧੧ ॥ ਜੋ ( ਅੰਤ ਨੂੰ ) ਬੜੀ ( ਸਖਤ ) ਅਗਨੀ ( ਅਰਥਾਤ ਨਰਕ ) ਵਿਚ ਪਵੇਗਾ ॥ ੧੨ ॥ ਫੇਰ ਓਥੇ ਉਸ ਨੂੰ ਨਾ ਤਾਂ ਮੌਤ ਹੀ ਆਵੇਗੀ ਅਰ ਨਾ ( ਚੈਨ ਨਾਲ ) ਜੀਉਣਾ ਹੀ ਮਿਲੇਗਾ ॥ ੧੩ ॥ ਨਿਰਸੰਦੇਹ ਜੋ ( ਕੁਫਰ ਤਥਾ ਸ਼ਰਕ ਦੀ ਮੈਲ ਥੀਂ ) ਸੁਧ ਪਵਿਤ੍ਰ ਰਹਿਆ ॥ ੧੪ ॥ ਅਰ ਆਪਣੇ ਪਰਵਰਦਿਗਾਰ ਦਾ ਸਮਰਨ ਕਰਦਾ ਅਰ ਨਮਾਜ਼ ਪੜ੍ਹਦਾ ਰਹਿਆ ਉਹ ( ਮਨ ਬਾਂਛਤ ) ਪਦਾਰਥ ਨੂੰ ਪ੍ਰਾਪਤ ਹੋ ਗਇਆ ॥ ੧੫ ॥ ਪਰੰਤੂ ਤੁਸੀਂ ਲੋਗ ਸੰਸਾਰਿਕ ਜੀਵਨ ਨੂੰ ਪ੍ਰਧਾਨ ਰਖਦੇ ਹੋ ॥ ੧੬ ॥ ਹਾਲਾਂ ਕਿ ਪਰਲੋਕ (ਸੰਸਾਰ ਨਾਲੋਂ) ਕਈ ਗੁਣਾਂ ਉੱਤਮ ਅਰ ਅਧਿਕ ਦੇਰ ਰਹਿਣ ਵਾਲੀ ਹੈ ॥ ੧੭ ॥ ਏਹੋ ਬਾਰਤਾ ਤਾਂ ਅਗਲੇ ਸਹੀਫਿਆਂ ॥ ੧੮ ॥ ( ਅਰਥਾਤ ) ਇਬਰਾਹੀਮ ਅਰ ਮੂਸਾ ਦੇ ਸਹੀਫਿਆਂ ਵਿਚ(ਭੀ) ਹੈ ॥ ੧੯ ॥ ਰੁਕੂਹ ੧ ॥

## ਸੂਰਤ ਗ਼ਾਸ਼ੀਆ ਮੱਕੇ ਵਿਚ ਉਤਰੀ ਅਰ ਏਸ ਦੀਆਂ ਛਬੀ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) । ( ਹੇ ਪੈਗੰਬਰ ) ਤੁਹਾਨੂੰ ਉਸ ਬਲਾ ਅਰਥਾਤ (ਪ੍ਰਲੈ) ਦਾ ਹਾਲ ( ਭੀ ) ਪਹੁੰਚਾ ਹੈ ਜੋ ( ਸਾਰੇ ਸੰਸਾਰ ਉਪਰ ) ਛਾ ਜਾਏ ਗੀ ? ॥ ੧ ॥ ਕਿਤਨਿਆਂ ( ਲੋਗਾਂ ਦੇ ) ਮੂੰਹ ਉਸ ਦਿਨ ਉੱਤਰੇ ਹੋਏ ਹੋਣਗੇ ॥ ੨ ॥( ਉਹ ਲੋਗ ਭਾਂਤ ੨ ਦੀਆਂ ) ਮੁਸ਼ੱਕਤਾਂ(ਕਠਨ ਮੇਹਨਤਾਂ) ਕਰ

Digitized by Panjab Digital Library | www.panjabdigilib.org

ਰਹੇ ਹੋਣਗੇ ( ਅਰ ਮੁਸ਼ੱਕਤਾਂ ਦੇ ਮਾਰੇ ) ਥਕ (ਕੇ ਚੂਰ ਹੋ) ਰਹੇ ਹੋਣਗੇ ॥੩॥ ( ਏਹ ਲੋਗ ਨਰਕ ਦੀ ) ਦਗਦਗਾਂਦੀ ਹੋਈ ਅਗਨੀ ਵਿਚ ਦਾਖਲ ਹੋਣਗੇ ॥ ੪ ॥ ( ਅਰ ) ਇਨਹਾਂ ਨੂੰ ਇਕ ਉਬਲਦੇ ਹੋਏ ਸਰੋਵਰ ਦਾ ਪਾਣੀ ਪਿਲਾਇਆ ਜਾਵੇਗਾ ॥ ੫ ॥ ਕੰਡਿਆਂ ਥੀਂ ਸਿਵਾ ਹੋਰ ਕੋਈ ਖਾਣਾ ਇਨਹਾਂ ਦੇ ਭਾਗਾਂ ਵਿਚ ਨਹੀਂ ॥ ੬ ॥ ਜਿਸ ( ਦੇ ਖਾਣ ) ਨਾਲ ਨਾਂ ਤਾਂ ਸਰੀਰ ਹੀ ਪੁਸ਼ਟ ਹੋਵੇ ਅਰ ਨਾ ਭੁਖ ਹੀ ਬੰਦ ਹੋਵੇ ॥ ੭ ॥ ਅਰ ਕਿਤਨਿਆਂ ( ਲੋਗਾਂ ਦੇ ) ਮੂੰਹ ਓਸ ਦਿਨ ਹਸੂੰ ਹਸੂੰ ਕਰਦੇ ਹੋਣਗੇ ॥ ੮ ॥ ( ਦੁਨੀਆਂ ਵਿਚ ਜੋ ਨੇਕ ਕਰਮ ਕਰ ਆਏ ਹਨ ) ਆਪਣੀ ( ਉਸ ) ਕੋਸ਼ਸ਼ ( ਦੇ ਨਤੀਜੇ ) ਕਰਕੇ ( ਬੜੇ ) ਖ਼ੁਸ਼ ॥ ੯ ॥ ਬੜੇ ਸਵਰਗ ਵਿਚ ਹੋਣਗੇ ॥ ੧੦ ॥ ਕਿ ਓਥੇ ਕੋਈ ਅਯੋਗ ਬਾਰਤਾ ਉਨਹਾਂ ਦੇ ਕੰਨਾਂ ਵਿਚ ਨਹੀਂ ਪਵੇਗੀ ॥ ੧੧ ॥ ਓਸ ਵਿਚ ਚਸ਼ਮੇ ਵਗਰਹੇਹੋਣਗੇ॥੧੨॥ਓਸਵਿਚ ਉੱਚੇ੨ਤਖਤ(ਵਿਛੇ ਹੋਣਗੇ)॥੧੩। ਅਰ ਆਬਖੋਰੇ ਰਖੇ(ਹੋਣਗੇ)॥੧੪॥ ਅਰ ਮਹਦ ਉਪਧਾਨ(ਵਡੇ ਸੁਹਾਨੇ) ਇਕ ਕਤਾਰਵਿਚ ਲਗੇ(ਹੋਏ)ਹੋਣਗੇ॥੧੫॥ਅਰ ਉਤਮ(ਸੁਫੈਦ)ਵਿਛਾਈਆਂ ਵਿਛੀਆਂ ਹੋਈਆਂ ਹੋਣਗੀਆਂ॥੧੬॥ਤਾਂਕੀ ਲੋਗ ਊਠਾਂਦੀ ਤਰਫ ਨਹੀਂ ਵੇਖਦੇ ਕਿ ਕੈਸੇ ( ਅਜੀਬ ) ਪੈਦਾ ਕੀਤੇ ਗਏ ਹਨ ॥ ੧੭ ॥ ਅਰ ਅਗਾਸ ਦੀ ਤਰਫ ਕਿ ਕੈਸਾ ਉੱਚਾ ਬਨਾਇਆ ਗਇਆ ਹੈ ॥੧੮ ॥ ਅਰ ਪਹਾੜਾਂ ਦੀ ਤਰਫ ਕਿ ਕੈਸੇ ਖੜੇ ਕੀਤੇ ਗਏ ਹਨ ॥ ੧੯ ॥ ਅਰ ਧਰਤੀ ਦੀ ਤਰਫ ਕਿ ਕੈਸੀ ਬਿਛਾਈ ਗਈ ਹੈ ॥ ੨੦ ॥ ਤਾਂ (ਹੇ ਪੈਯੰਬਰ ਤੁਸੀਂ ਲੋਗਾਂ ਨੂੰ ) ਸਮਝਾਓ ( ਅਰ ) ਤੁਸੀਂ ਤਾਂ ( ਕੇਵਲ ) ਸਮਝਾ ਦੇਣ ਵਾਲੇ ਹੋ ਹੋਰ ਬਸ ॥ ੨੧॥ ਤੁਸੀਂ ਉਨਹਾਂ ਉਪਰ ਕੁਛ ਦਾਰੋਗੇ ( ਦੀ ਤਰਹਾਂ ਇਸਥਿਤ ਤਾਂ ਹੋ ) ਨਹੀਂ ॥੨੨॥ ਹਾਂ ਜੋ ਮਨਮੁਖ-ਤਾਈ ਅਰ ਇਨਕਾਰ ਕਰੇ ॥ ੨੩ ॥ ਤਾਂ ਖੁਦਾ ਉਸ ਨੂੰ ( ਆਖਰਤ ਵਿਚ ) ਬੜਾ ਕਸ਼ਟ ਦੇਵੇਗਾ ॥ ੨੪ ॥ ਨਿਰਸੰਦੇਹ ਏਹਨਾਂ ( ਸਾਰਿਆਂ ) ਨੇ ਸਾਡੀ ਹੀ ਤਰਫ ਲੋਟ ਕੇ ਆਉਣਾ ਹੈ ॥ ੨੫ ॥ ਫੇਰ ਏਹਨਾਂ ਪਾਸੋਂ ਹਿਸਾਬ ਲੈਣਾ ਸਾਡਾ ਕੰਮ ਹੈ॥ ੨੬ ॥ ਰੁਕੂਹ ੧ ॥ ( ਅਰਧ )

## ਸੂਰਤ ਫਜਰ ਮਕੇ ਵਿਚ ਉਤਰੀ ਅਰ ਇਸਦੀਆਂ ਤੀਸ ਆਇਤਾਂ ਅਰ ਇਕ ਰੁਕੂਹ ਹੈ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ (ਅਰ) ਕਿਰਪਾਲੂ ( ਹੈ ) ਪ੍ਰਾਤ ( ਕਾਲ ) ਦੀ ਸੌਗੰਧ ॥ ੧ ॥ ਅਰ ਦਸ ਰਾਤ੍ਰੀਆਂ ਦੀ ( ਕਸਮ ) ॥ ੨ ॥ ਅਰ ਜੁਫਤ ਅਰ ਤਾਕ ਦੀ (ਸੌਗੰਧ) ॥ ੩ ॥ ਅਰ ਰਾਤ੍ਰੀ ਦੀ

Digitized by Panjab Digital Library | www.panjabdigilib.org

( ਕਸਮ ) ਜਦੋਂ ਗੁਜ਼ਰਨ (ਨਿਖੁਟਣ) ਲਗੇ ॥ ੪ ॥ ਬੁਧੀਮਾਨਾਂ ਦੇ ਸਮੀਪ ਤਾਂ ਏਨਹਾਂ ਵਸਤੂਆਂ ਵਿਚ ਬੜੀਆਂ ਭਾਰੀਆਂ ਕਸਮਾਂ ( ਸੌਗੰਧਾਂ ) ਹਨ ॥ ੫ ॥ ( ਹਰ ਦਿਸ਼ਾ ਸਾਨੂੰ ਪ੍ਰਾਤਕਾਲਾਦਿ ਦੀ ਸਪਥ ਹੈ ਕਿ ਕਰਮਾਂ ਦਾ ਹਿਸਾਬ ਤਾਂ ਜ਼ਰੂਰ ਹੋਣਾ ਹੈ ) ( ਹੇ ਪੈਗੰਬਰ ) ਕੀ ਤੂਨੇ ( ਏਸ ਬਾਰਤਾ ਉਪਰ ) ਦ੍ਰਿਸ਼ਟੀ ਨਹੀਂ ਦਿਤੀ ਕਿ ਤੁਹਾਡੇ ਪਰਵਰਦਿਗਾਰ ਨੇ ਆਦਿ ਅਰ ਮਦਿਆਂ (ਲੋਗਾਂ ਦੇ) ਨਾਲ ਕੈਸਾ(ਬਰਤਾਓ)ਕੀਤਾ ॥੬॥ ਜੋ ਐਸੇ ਬੜੇ ਕਦਾਵਰ ਸੇ ॥੭॥ ਕਿ (ਜਿਸ ਮਾਨੀ ਬਲ ਦੀ ਅਪੇਖਿਆ ਵਿਚ ਸੰਸਾਰ ਭਰ ਦਿਆਂ) ਸ਼ਹਿਰਾਂ ਵਿਚ ਕੋਈ (ਸਰਿ ਸ਼ਟੀ ਭੀ ) ਉਹਨਾਂ ਜੈਸੀ ਪੈਦਾ ਨਹੀਂ ਹੋਈ ॥ ੮ ॥ ਅਰ ( ਹੋਰ ) ਸਮੂਦ ( ਦੀ ਕੌਮ ਦੇ ਸਾਥ ਖ਼ੁਦਾ ਨੇ ਕੈਸਾ ਬਰਤਾਓ ਕੀਤਾ ) ਜਿਨਹਾਂ ਨੇ ( ਆਪਣੇ ਰਹਿਣ ਦੀ ਜਗਹਾਂ ) ਵਾਦੀ ( ਉਲਕਰਾ ) ਵਿਚ ( ਘਰ ਬਨਾਵਿਣ ਵਾ- ਸਤੇ ) ਪਹਾੜਾਂ ਨੂੰ (ਅੰਦਰ ਹੀ ਅੰਦਰ ) ਖੋਦ ਸਿਟਿਆ ਸੀ ॥ ੯ ॥ ਅਰ ( ਹੋਰ ) ਫਰਉਨ ( ਦੇ ਨਾਲ ਕੈਸਾ ਸਲੂਕ ਕੀਤਾ ) ਜੋ ਮੇਖਾਂ ਰਖਦਾ ਸੀ ॥ ੧੦ ॥ ਏਹੋ ਲੋਗ ਸਨ ਜਿਨਹਾਂ ਨੇ ਸ਼ਹਿਰਾਂ ਵਿਚ ( ਬੜਾ ) ਸਿਰ ਚੁਕਿ- ਆ ਸੀ ॥੧੧॥ ਅਰ ਉਨਹਾਂ ਵਿਚ ਬੜਾ ਫਸਾਦ ਫੈਲਾ ਰਖਿਆ ਸੀ ॥੧੨॥ ਤਾਂ ( ਹੇ ਪੈਗੰਬਰ ) ਤੁਹਾਡੇ ਪਰਵਰਦਿਗਾਰ ਨੇ ਏਹਨਾਂ ( ਸਾਰਿਆਂ ਦੇ ) ਉਪਰ ਕਸ਼ਟ ਦਾ ਕੋਟੜਾ ਮਾਰਿਆ ॥ ੧੩ ॥ ਨਿਰਸੰਦੇਹ ਤੁਹਾਡਾ ਪਰਵਰਦਿਗਾਰ ਨਾ ਫਰਮਾਨਾਂ ਦੀ ਤਾਕ ਵਿੱਚ ( ਲਗਾ ਰਹਿੰਦਾ ) ਹੈ ॥ ੧੪ ॥ ਪਰੰਤੂ ਇਨਸਾਨ ( ਦਾ ਏਹ ਹਾਲ ਹੈ ਕਿ ) ਜਦੋਂ ਓਸ ਦਾ ਪਰਵਰਦਿਗਾਰ ( ਇਸ ਪ੍ਰਕਾਰ ਕਰਕੇ ) ਓਸ ( ਦੇ ਈਮਾਨ ) ਦੀ ਪ੍ਰੀਖਿਆ ਕਰਦਾ ਹੈ ਕਿ ਓਸ ਨੂੰ ਵਡਿਆਈ ਅਰ ਮਾਨ ਦੇਂਦਾ ਹੈ ਤਾਂ ( ਓਹ ਪ੍ਰਸੰਨ ਚਿਤ ਹੋਕੇ ) ਕਹਿੰਦਾ ਹੈ ਕਿ ਮੇਰਾ ਪਰਵਰਦਿਗਾਰ ਮੇਰੀ ( ਵਡਿਆਈ ਤਥਾ ) ਮਾਨ ਕਰਦਾ ਹੈ ॥ ੧੫ ॥ ਅਰ ਜਦੋਂ ਓਹ ਓਸ ਦੇ ਈਮਾਨ ਨੂੰ ( ਏਸ ਰੀਤ ਨਾਲ ) ਪ੍ਰਖਜਾ ਕਰਦਾ ਹੈ ਕਿ ਓਸ ਦੀ ਰੋਜ਼ੀ ਓਸ ਤੇ ਤੰਗ ਕਰ ਦੇਂਦਾ ਹੈ ਤਾਂ ( ਓਹ ਥੋੜ-ਦਿਲਾ ਹੋਕਰ ) ਬੁੜ ੨ ਕਰਦਾ ( ਫਿਰਦਾ ) ਹੈ ਕਿ ਮੇਰਾ ਪਰਵਰਦਿਗਾਰ ਮੈਨੂੰ ਕਮੀਨਾ ਸਮਝਦਾ ਹੈ ॥ ੧੬ ॥ ਪਰੰਤੂ ਤੁਸਾਂ ਲੋਗਾਂ ਦਾ ਏਹ ਖਿਆਲ ਮਿਥਜਾ ਹੈ ਬਲਕਿ ਤੁਸੀਂ ( ਖੁਦ ਐਸੇ ਕੰਜੂਸ ਹੋ ਕਿ ) ਯਤੀਮ ਦੀ ਟਹਿਲ ਸੇਵਾ ਨਹੀਂ ਕਰਦੇ ॥ ੧੭ ॥ ਅਰ ਇਕ ਦੂਸਰੇ ਨੂੰ ਲੋੜਵੰਦ ਤਾਈਂ ਪ੍ਰਸ਼ਾਦ ਛਕਾਉਣ ਦੀ ਪ੍ਰੇਰਣਾ ਨਹੀਂ ਕਰਦੇ ॥ ੧੮ ॥ ਅਰ ( ਧਨ ਦੇ ਐਸੇ ਲਾਲਚੀ ਹੋ ਕਿ) ਮੁਰਦਿਆਂ ਦਾ ਭੀ ਤਰਕਾ ਸਮੇਟ ੨ ਕਰ ਖਾਂਦੇ ਹੋ ( ਅਰ ਤੁਹਾਨੂੰ ਸਿਖਸ਼ਾ ਨਹੀਂ ਹੁੰਦੀ ) ॥ ੧੯ ॥ ਅਰ(ਧਨ)ਮਾਲ ਨੂੰ ਬਹੁਤ ਹੀ ਪਿਆਰਾ

Digitized by Panjab Digital Library | www.panjabdigilib.org

ਸਮਝਦੇ ਹੋ ॥ ੨੦ ॥ ਪਰੰਤੂ ਜਿਸ ਦਿਨ ਧਰਤੀ ਮਾਰਿਆਂ ਧਕਿਆਂ ਦੇ ਚਕਨਾਚੂਰ ਹੋ ਜਾਏ ॥ ੨੧ ॥ ਅਰ (ਹੇ ਪੈਯੰਬਰ) ਤੁਹਾਡਾ ਪਰਵਰ-ਦਿਗਾਰ ਸੋਭਨੀਕ ਦਰਸ਼ਨ ਦੇਵੇਗਾ ਅਰ ਫਰਿਸ਼ਤੇ ਪੰਕਤੀ ਲਗਾਈ (ਓਸ ਦੀ ਅਰਦਲ ਵਿੱਚ ਹੋਣਗੇ) ॥ ੨੨ ॥ ਓਸ ਦਿਨ ਨਰਕ (ਸਾਰਿਆਂ ਦੇ ਰੂਬਰੂ) ਲਿਆ ਹਾਜ਼ਰ ਕੀਤਾ ਜਾਵੇਗਾ । ਓਸ ਦਿਨ ਆਦਮੀ ਚੇਤੇਗਾ ਪਰੰਤੂ (ਓਸ ਵੇਲੇ) ਓਸ ਨੂੰ ਚੇਤਨ ਦਾ ਕੀ ਲਾਭ ॥ ੨੩ ॥ (ਅਰਥਾਤ ਆਦਮੀ) ਕਹੇਗਾ ਕਿ ਹਾਇ ਰਬਾ ! ਮੈਂ ਆਪਣੀ (ਏਸ ਆਖਰਤ ਦੀ) ਜ਼ਿੰਦਗੀ ਦੇ ਵਾਸਤੇ ਪ੍ਰਥਮ ਹੀ (ਸੁਭ ਕਰਮਾਂ ਦੀ) ਕੁਛ (ਪੂੰਜੀ ਬਨਾ ਕੇ) ਭੇਜਦਾ ॥ ੨੪ ॥ ਤਾਂ ਓਸ ਦਿਨ (ਖ਼ੁਦਾ ਸਦੋਖੀਆਂ ਨੂੰ ਐਸੀ ਸਜ਼ਾ ਦੇਵੇਗਾ ਕਿ) ਓਸ ਜੈਸੀ ਕਿਸੇ ਨੇ ਸਜ਼ਾ ਨਾਂ ਦਿਤੀ ਹੋਵੇਗੀ ॥ ੨੫ ॥ ਅਰ (ਓਹਨਾਂ ਨੂੰ ਇਸ ਪ੍ਰਕਾਰ ਜਕੜੇਗਾ ਕਿ) ਓਸ ਜੈਸਾ ਕਿਸੇ ਨੇ ਨਾਂ ਜਕੜਿਆ ਹੋਵੇਗਾ ॥ ੨੬ ॥ (ਅਰ ਜਿਸ ਰੂਹ ਨੂੰ ਖ਼ੁਦਾ ਦੀ ਤਰਫੋਂ ਸ਼ਾਂਤੀ ਹੈ ਓਸ ਨੂੰ ਕਹਿਆ ਜਾਵੇਗਾ) ਕਿ ਹੇ ਸ਼ਾਂਤ ਆਤਮਾ ॥ ੨੭ ॥ ਆਪਣੇ ਪਰਵਰਦਿਗਾਰ ਦੀ ਤਰਫ ਚਲ ਤੂੰ ਓਸ ਦੇ ਨਾਲ ਪ੍ਰਸੰਨ (ਅਰ) ਓਹ ਤੇਰੇ ਨਾਲ ਪ੍ਰਸੰਨ ॥ ੨੮ ॥ ਫੇਰ (ਖੁਦਾ ਓਸ ਨੂੰ ਹੁਕਮ ਦੇਗਾ ਕਿ) ਸਾਡਿਆਂ ਖਾਸ ਬੰਦਿਆਂ ਵਿਚ ਜਾਕੇ ਮਿਲ ਜਾ ॥ ੨੯ ॥ ਅਰ ਸਾਡੇ ਸਵਰਗ ਵਿੱਚ ਜਾ ਦਾਖਲ ਹੋ ॥ ੩੦ ॥ ਰੁਕੂਹ ੧ ॥

## ਸੂਰਤ ਬਲਦ ਮੱਕੇ ਵਿਚ ਉਤਰੀ ਅਰ ਇਸ ਦੀਆਂ ਬੀਸ ਆਇਤਾਂ ਅਰ ਇਕ ਰੁਕੂਹ ਹੈ।

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰਪਾਲੂ (ਹੈ) । (ਹੇ ਪੈਯੰਬਰ) ਅਸੀਂ ਏਸ (ਮੱਕੇ) ਸ਼ਹਿਰ ਦੀ ਸੋਗੰਧ ਕਰਦੇ ਹਾਂ ॥ ੧ ॥ ਅਰ (ਏਸ ਸ਼ਹਿਰ ਨੂੰ ਏਹ ਸਵਭਾਵ ਪ੍ਰਾਪਤ ਹੈ ਕਿ) ਤੁਸੀਂ ਏਸ ਸ਼ਹਿਰ ਵਿਚ ਠਹਿਰੇ ਹੋਏ ਹੋ ॥ ੨ ॥ ਅਰ (ਹੋਰ) ਪਿਤਾ ਅਰ ਉਸ ਦੀ ਬੰਸ (ਅਰਥਾਤ ਆਦਮ ਅਰ ਆਦਮ ਦੀ ਬੰਸ) ਦੀ (ਸੋਗੰਧ ਕਰਦੇ ਹਾਂ) ॥ ੩ ॥ ਕਿ ਅਸਾਂ ਨੇ ਆਦਮੀ ਨੂੰ (ਐਸਾ) ਬਨਾਇਆ ਹੈ (ਕਿ ਸਾਰੀ ਉਮਰ) ਵਿਪਤੀ ਵਿਚ (ਰਹੇ ਤਾਂ ਉਸਨੂੰ ਅਹੰਕਾਰ ਕੀ ਕਰਨਾ ਚਾਹੀਦਾ ਹੈ) ॥ ੪ ॥ ਕੀ ਉਹ ਇਸ ਖਿਆਲ ਵਿਚ ਹੈ ਕਿ ਉਸ ਉਪਰ ਕਿਸੇ ਦਾ ਵਸ ਨਾ ਚਲੇਗਾ ॥ ੫ ॥ (ਘਮੰਡ ਵਿੱਚ ਆ ਕੇ) ਕਹਿੰਦਾ ਹੈ ਕਿ ਮੈਨੇ ਧਨ ਦੇ ਢੇਰ ਉਡਾ ਦਿਤੇ ॥ ੬ ॥ ਕੀ ਉਹ ਇਹ ਸਮਝਦਾ ਹੈ ਕਿ ਉਸ ਨੂੰ (ਵਿਜਰਥ ਧਨ

Digitized by Panjab Digital Library | www.panjabdigilib.org

ਉਡਾਂਦਿਆਂ ਹੋਇਆਂ ) ਕਿਸੇ ਨੇ ਨਹੀਂ ਵੇਖਿਆ ॥ ੭ ॥ ਕੀ ਅਸਾਂ ਨੇ ਉਸ ਨੂੰ ( ਇਕ ਛਡ ਕੇ ਦੋ ) ਦੋ ਅੱਖੀਆਂ ॥ ੮ ॥ ਅਰ ਜ਼ਬਾਨ ਅਰ ਦੋ ਬੁਲ ਨਹੀਂ ਦਿਤੇ ? ( ਅਵਸ਼ ਦਿਤੇ ) ॥ ੯ ॥ ਅਰ ਉਸ ਨੂੰ ( ਭਲਾਈ ਬੁਰਾਈ ਦੇ ) ਦੋਨੋਂ ਮਾਰਗ ( ਭੀ ) ਦਿਖਾ ਦਿਤੇ ॥ ੧੦ ॥ ਫੇਰ ( ਭੀ ਓਹ ਏਹਨਾਂ ਨਿਆ- ਮਤਾਂ ਦੇ ਧੰਨਜਬਾਦ ਵਿਚ ) ਘਾਟੀ ਵਿਚੋਂ ਹੋ ਕੇ ਨਾ ਨਿਕਲਿਆ ॥ ੧੧ ॥ ਅਰ ( ਹੇ ਪੈਯੰਬਰ ) ਤੁਸੀਂ ਕੀ ਸਮਝੇ ਕਿ ਘਾਟੀ ( ਤੋਂ ਸਾਡਾ ) ਕੀ (ਸੰਕ- ਲਪ ) ਹੈ ॥ ੧੨ ॥ ( ਘਾਟੀ ਤੋਂ ਸੰਕਲਪ ਹੈ ਕਿਸੇ ਦੀ)ਗਰਦਨ ਨੂੰ (ਸਿਵ- ਕਾਈ ਅਥਵਾ ਰਿਣ ਦੀ ਫਾਹੀ ਤੋਂ) ਛੁਡਾ ਦੇਣਾ ॥ ੧੩ ॥ ਕਿੰਬਾ ਭੁਖ ਵਾਲੇ ਦਿਨ ॥ ੧੪ ॥ ਮਾਂ ਮਹਿਟਰ ( ਨੂੰ ਖਾਸ ਕਰਕੇ ਜਦੋਂ ਕਿ ਉਹ ਆਪਣਾ ) ਸਾਕ ਅੰਗ ( ਭੀ ਹੋਵੇ ) ॥ ੧੫ ॥ ਅਥਵਾ ਲੋੜ ਵੰਦ ਖਾਕ ਪਰ ਬੈਠਣ ਵਾਲੇ ਨੂੰ ( ਪਰਸ਼ਾਦ ) ਛਕਾਉਣਾਂ) ਤਾਂ ਜੋ ਨਾਹੱਕ ਦੀ ਸ਼ੇਖੀ ਮਾਰਦਾ ਹੈ ਚਾਹੀਦਾ ਸੀ ਕਿ ਏਸ ਘਾਟੀ ਵਿਚੋਂ ਹੋ ਕੇ ਗੁਜ਼ਰਦਾ )॥ ੧੬ ॥ਏਸ ਥੀਂ, ਸਿਵਾ ਉਨਹਾਂ ਲੋਗਾਂ ( ਦੇ ਯੂਥ ) ਵਿਚ ਹੁੰਦਾ ਜੋ ਈਮਾਨ ਧਾਰ ਬੈਠੇ ਅਰ ਇਕ ਦੂਸਰੇ ਨੂੰ ਸੰਤੋਖ ਦੀ ਸਿਖਿਆ ਦੇਂਦੇ ਰਹੇ ਅਰ ( ਹੋਰ ) ਇਕ ਦੂਸਰੇ ਨੂੰ ( ਖ਼ੁਦਾ ਦੀ ਸ੍ਰਿਸ਼ਟੀ ਉਪਰ )ਰਹਿਮ ਕਰਨ ਦੀ ਸਿਖਿਆ ਦੇਂਦੇ ਰਹੇ ॥ ੧੭॥ ਏਹਾ ਲੋਗ ( ਆਖਰਤ ਵਿਚ ) ਮੁਬਾਰਕ ( ਚੰਗੇ ਭਾਗਾਂ ਵਾਲੇ )ਹੋਣਗੇ ॥ ੧੮ ॥ ਅਰ ਜਿਨਹਾਂ ਲੋਗਾਂ ਨੇ ਸਾਡੀਆਂ ਆਇਤਾਂ ਤੋਂ ਇਨਕਾਰ ਕੀਤਾ ਉਹਾ ਹੀ ਚੰਦਰੇ ( ਅਭਾਗੇ ) ਹੋਣਗੇ ॥ ੧੯ ॥ ਕਿ ਉਨਹਾਂ ਨੂੰ ( ਨਰਕਾ ) ਅਗਨੀ ਵਿਚ ਸਿਟ ਕੇ ( ਸਾਰੇ ਪਾਸਿਓਂ ) ਕਵਾੜ ਬੰਦ ਕੀਤੇ ਜਾਣਗੇ ॥ ੨੦ ॥ ਰੁਕੂਹ ੧ ॥

## ਸੂਰਤ ਸ਼ਮਸ ਮੱਕੇ ਵਿਚ ਉਤਰੀ ਅਰ ਇਸ ਦੀਆਂ ਪੰਦਰਾਂ ਆਇਤਾਂ ਅਰ ਇਕ ਰੁਕੂਹ ਹੈ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਸੂਰਜ ਦੀ ਅਰ ਉਸ ਦੀ ਧੁਪ ਦੀ ਸੌਗੰਧ ॥ ੧ ॥ ਅਰ ਸੂਰਜ ਦੇ ( ਅਸਤ ਹੋ ਗਇਆਂ ਪਿਛੋਂ ) ਜਦੋਂ ਚੰਦ ਉਦੇ ਹੁੰਦਾ ਹੈ ਉਸਦੀ ( ਸੌਗੰਧ ) ॥ ੨ ॥ ਅਰ ਦਿਨ ਦੀ ( ਸੌਗੰਧ ) ਜਦੋਂ ਕਿ ਉਹ ਸੂਰਜ ਨੂੰ ਪ੍ਰਗਟ ਕਰ ॥ ੩ ॥ ਅਰ ਰਾਤ੍ਰੀ ਦੀ ( ਸੌਗੰਧ ) ਜਦੋਂ ਕਿ ਉਹ ਸੂਰਜ ਨੂੰ ਛਿਪਾ ਲਵੇ ॥ ੪ ਅਰ ਆਗਾਸ ਦੀ ਅਰ ( ਉਸ ਸਰੂਪ ਦੀ ਸੌਗੰਧ ) ਜਿਸ ਨੇ ਉਸ ਨੂੰ ਰਚਿਆ ਹੈ॥ ੫ ॥ ਅਰ ਧਰਤੀ ਦੀ ਅਰ ( ਉਸ ਸਵਰੂਪ ਦੀ ਸੌਗੰਧ ) ਜਿਸ ਨੇ ਉਸਨੂੰ ਬਿਛਾਇਆ ਹੈ ॥ ੬ ॥ ਅਰ ਪੁਰਖ ਦੀ ਅਰ

Digitized by Panjab Digital Library | www.panjabdigilib.org

( ਉਸ ਸਵਰੂਪ ਦੀ ) ਜਿਸ ਨੇ ਉਸ ਨੂੰ ( ਐਸਾ ) ਦਰੁਸਤ ਬਣਾਇਆ ॥ ੭ ॥ ਫੇਰ ਉਸ ਦੀ ਬਦਕਾਰੀ ਅਰ ਪਰਹੇਜ਼ਗਾਰੀ ( ਦੋਨੋਂ ਬਾਰਤਾਂ ) ਉਸ ਨੂੰ ਸਮਝਾ ਦਿਤੀਆਂ ॥ ੮ ॥ ( ਭਾਵ ਸਾਨੂੰ ਏਹਨਾਂ ਵਸਤਾਂ ਦੀ ਸੌਂ-ਗੰਧ ) ਕਿ ਜਿਸ ਨੇ ਆਪਣੇ ਆਤਮਾਂ ਨੂੰ ( ਸ਼ਿਰਕ ਦੀ ਗੰਦਗੀ ਤੋਂ ) ਸੁਧ ਪਵਿਤ੍ਰ ਕੀਤਾ ( ਉਹ ) ਅਵੱਸ਼ ( ਆਪਣੀ ) ਮੁਰਾਦ ਨੂੰ ਪਹੁੰਚਿਆ ॥ ੯ ॥ ਅਰ ਜਿਸ ਨੇ ਉਸ ਨੂੰ ਦਬਾ ਦਿਤਾ (ਉਹ) ਅਵਸ਼ ਘਾਟੇ ਵਿਚ ਰਹਿਆ ॥੧੦॥ ਸਮੂਦ ( ਦੀ ਜਾਤੀ ) ਨੇ ਆਪਣੀ ਸਰਕਸ਼ੀ ਦੇ ਕਾਰਣੋ ( ਆਪਣੇ ਪੈਗੰ-ਬਰ ਸਾਲਿਹਾ ਨੂੰ ) ਝੁਠਿਆਰਿਆ ॥ ੧੧ ॥ ਜਦੋਂ ਕਿ ਉਨਹਾਂ ਵਿਚੋਂ ਜੋ ਅ-ਧਿਕ ਕੁਟਲ ਸੀ ਤਿਆਰ ਹੋ ਗਇਆ ॥ ੧੨ ॥ ਏਸ ਗਲੋਂ ਖ਼ੁਦਾ ਦੇ ਪੈਗੰਬਰ ( ਸਾਲਿਹਾ ) ਨੇ ਉਹਨਾਂ ਨੂੰ ਕਹਿਆ ਕਿ ( ਦੇਖੋ ) ਖ਼ੁਦਾ ਦੀ ਊਠਣੀ ( ਨੂੰ ਹਥ ਨਾ ਲਾਉਣਾ ) ਅਰ ( ਨਾਂ ) ਉਸ ਦਾ ਪਾਣੀ ( ਬੰਦ ਕਰਨਾ ) ॥ ੧੩ ॥ ਏਸ ਗਲੋਂ ਭੀ ਉਨਹਾਂ ਲੋਗਾਂ ਨੇ ਸਾਲਿਹਾ ਨੂੰ ਝੁਠਿਆਰਿਆ ਅਰ ਊਠਣੀ ਦੀਆਂ ਸੜਾਂ ਵਢ ਦਿਤੀਆਂ ਤਾਂ ਉਨਹਾਂ ਦੇ ਪਰਵਰਦਿਗਾਰ ਨੇ ਉਨਹਾਂ ਦੇ ਦੋਖ ਦੇ ਬਦਲੇ ਵਿਚ ਉਨਹਾਂ ਉਪਰ ਮਰੀ ਉਤਾਰੀ ਅਰ ਸਾਰਿਆਂ ਨੂੰ (ਵਿਨਸ਼ਟ ਕਰਕੇ ) ਸੱਥਰ ਲਾ ਦਿਤੇ ॥ ੧੪ ॥ ਅਰ ਉਸ ਨੇ ਏਨਹਾਂ ਦੇ ( ਏਸ ) ਅੰਤ ਦੀ ( ਜ਼ਰਾ ਭੀ ਤਾਂ ) ਪਰਵਾਹ ਨਾ ਕੀਤੀ ॥ ੧੫ ॥ ਰੁਕੂਹ ੧ ॥

## ਸੂਰਤ ਲੈਲ ਮੱਕੇ ਵਿਚ ਉਤਰੀ ਅਰ ਇਸ ਦੀਆਂ ਇਕੀ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲਾ ਦੇ ਨਾਮ ਨਾਲ (-ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਰਾਤ੍ਰੀ ਦੀ ਸੌਂਗੰਧ ਜਦੋਂ ਕਿ ਓਹ ( ਸਾਰੀਆਂ ਵਸਤੂਆਂ ਨੂੰ ) ਢਕ ਲਏ ॥ ੧ ॥ ਅਰ ਦਿਨ ਦੀ ( ਕਸਮ ) ਜਦੋਂ ਓਹ ਭਲੀ ਪ੍ਰਕਾਰ ਪ੍ਰਕਾਸ਼ਮਾਨ ਹੋਵੇ ॥ ੨ ॥ ਅਰ ਓਸ ( ਸਵਰੂਪ ) ਦੀ ( ਸੌਂਗੰਧ ) ਜਿਸ ਨੇ ਇਸਤ੍ਰੀ ਪੁਰਖ ਨੂੰ ਪੈਦਾ ਕੀਤਾ ॥ ੩ ॥ ਕਿ ਨਿਰਸੰਦੇਹ ਤੁਸਾਂ ਲੋਗਾਂ ਦਾ ਪ੍ਰਯਤਨ ਅਲਬੱਤਾ ਭਿੰਨ ਭਿੰਨ ( ਪ੍ਰਕਾਰ ਦਾ) ਹੈ ॥ ੪ ॥ ਤਾਂ ਜਿਸ ਨੇ ( ਰੱਬ ਦੇ ਰਾਹ ਵਿਚ ) ਦਿਤਾ ਅਰ ਸੰਜਮਤਾਈ ਦੀ ਰੀਤੀ ਅਖ-ਤਿਆਰ ਕੀਤੀ ॥ ੫ ॥ ਅਰ ਭਲੀ ਬਾਰਤਾ ( ਅਰਥਾਤ ਦੀਨ ਇਸਲਾਮ ) ਨੂੰ ਸਚਿਆਂ ਸਮਝਿਆ ॥ ੬ ॥ ਤਾਂ ਅਸੀਂ ਅਸਾਨੀ ਦੀ ਜਗਾ ( ਅਰਥਾਤ ਸਵਰਗ ਵਿਚ ਪ੍ਰਾਪਤ ਹੋਣ ਦਾ ਰਸਤਾ ) ਓਸ ਵਾਸਤੇ ਸੁਖੈਨ ਕਰ ਦੇਵਾਂਗੇ ॥ ੭ ॥ ਅਰ ਜਿਸਨੇ ( ਖੁਦਾ ਦੇ ਰਾਹ ਵਿਚ) ਦੇਣ ਵਲੋਂ ਤੰਗੀ ਕੀਤੀ ਅਰ ( ਅੰਤ ਦੀ ) ਪਰਵਾਹ ਨਾ ਕੀਤੀ ॥ ੮ ॥ ਅਰ ਉੱਤਮ ਬਾਰਤਾ

Digitized by Panjab Digital Library | www.panjabdigilib.org

( ਅਰਥਾਤ ਦੀਨ ਇਸਲਾਮ ) ਨੂੰ ਝੂਠ ਜਾਣਿਆਂ ॥ ੯ ॥ ਤਾਂ ਅਸੀਂ ਕਠਿਨ ਅਸਥਾਨ ( ਅਰਥਾਤ ਨਰਕਾਂ ਵਿਚ ਪਹੁੰਚਣ ਦਾ ਰਸਤਾ ) ਉਸ ਦੇ ਵਾਸਤੇ ਸੁਖੈਨ ਕਰ ਦੇਵਾਂਗੇ ॥ ੧੦ ॥ ਅਰ ਜਦੋਂ ( ਉਹ ਜਹੱਨਮ ਵਿਚ ) ਡਿਗੇਗਾ ਤਾਂ ਉਸ ਦਾ ਧਨ ਪਦਾਰਥ ਉਸ ਦੇ ਕਿਸੇ ਕੰਮ ਭੀ ਨਾ ਆਵੇਗਾ ॥ ੧੧ ॥ ਸਾਡਾ ਕੰਮ ਤਾਂ ਰਸਤਾ ਦਸ ਦੇਣਾ ਹੈ ॥ ੧੨ ॥ ਅਰ ਆਖਰਤ ਤਥਾ ਦੁਨੀਆਂ ( ਦੋਨੋਂ ) ਸਾਡੇ ਹੀ ਅਧੀਨ ਹਨ ॥ ੧੩ ॥ ਤਾਂ ( ਲੋਗੋ ) ! ਅਸਾਂ ਨੇ ਤੁਹਾਨੂੰ ਭੜਕਦੀ ਹੋਈ (ਨਰਕ ਦੀ)ਅਗ ਤੋਂ ਡਰਾ ਦਿਤਾ ਹੈ ॥ ੧੪ ॥ਕਿ ਉਸ ਵਿਚ ਓਹਾ ਹੀ ਮੰਦ ਭਾਗਾ ਦਾਖਲ ਹੋਵੇਗਾ ॥ ੧੫ ॥ ਜੋ ( ਦੁ-ਨੀਆਂ ਵਿਖੇ ਸਚੇ ਦੀਨ ਨੂੰ ) ਝੁਠਿਆਰਦਾ ਅਰ ( ਉਸ ਪਾਸੋਂ ) ਬੇ ਮੁਖ ਹੁੰਦਾ ਰਹਿਆ॥ ੧੬ ॥ ਅਰ ਜੋ ਬੜਾ ਸੰਜਮੀ ਹੈ ਉਹ ਉਸ ( ਅਗਨੀ ) ਤੋਂ ਦੂਰ ਦੁਰਾਡਾ ਹੀ ਰਖਿਆ ਜਾਵੇਗਾ ॥ ੧੭ ॥ ਉਹ ਐਸਾ ( ਚਿਤਦਾ ਉਦਾਰ ) ਹੈ ਕਿ ਆਪਣਾ ਧਨ ਪਦਾਰਥ ( ਖੁਦਾ ਦੇ ਰਾਹ ਵਿਚ ) ਦੇਂਦਾ ਹੈ ਤਾਂ ਕਿ ( ਉਸ ਦਾ ਅੰਤਹਕਰਣ ਬੁਖਲ ਦੇ ਐਬ ਥੀਂ ) ਪਵਿਤ੍ਰ ਹੋਵੇ ॥ ੧੮ ॥ਅਰ ਕਿਸੇ ਦਾ ਉਸ ਉਪਰ ਕੋਈ ਅਹਿਸਾਨ ਨਹੀਂ ਕਿ (ਇਸ ਦੇਣੇ ਕਰਕੇ ਉਸ ਨੂੰ) ਉਸ ਦਾ ਬਦਲਾ ਉਤਾਰਨਾ ( ਅਭੀਸ਼ਟ ) ਹੈ ॥ ੧੯ ॥ ਉਸ ਨੂੰ ਤਾਂ ਕੇਵਲ ਆਪਣੇ ਪਰਵਰਦਿਗਾਰ ਵਡਿਆਈਆਂ ਵਾਲੇ ਦੀ ਪ੍ਰਸੰਨਤਾਈ ਅਭੀਸ਼ਟ ਹੈ ਹੋਰ ਬਸ ॥ ੨੦ ॥ ਅਰ ( ਖੁਦਾ ਉਸ ਦੇ ਨਾਲ ) ਜ਼ਰੂਰ ਪਰਸੰਨ ਭੀ ਹੋਵੇਗਾ ॥ ੨੧ ॥ ਰੁਕੂਹ ੧ ॥

## ਸੂਰਤ ਜ਼ੁਹਾ ਮੱਕੇ ਵਿਚ ਉਤਰੀ ਅਰ ਇਸ ਦੀਆਂ ਯਾਰਾਂ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) । ( ਹੇ ਪੈਯੰਬਰ ਸਾਨੂੰ ) ਧੁਪ ਦੇ ਚੜ੍ਹਨ ਦੇ ਵੇਲੇ ਦੀ ਸੌਗੰਧ ॥ ੧ ॥ ਅਰ ਰਾਤ੍ਰੀ ਦੀ ( ਸੌਗੰਧ ) ਜਦੋਂ ( ਸਾਰੀਆਂ ਵਸਤੂਆਂ ਨੂੰ ) ਢਕ ਲਵੇ ॥ ੨ ॥ ਕਿ ਤੁਹਾਡੇ ਪਰਵਰਦਿਗਾਰ ਨੇ ਨਾਂ ਤਾਂ ਤੁਹਾਨੂੰ ਛਡਿਆ ਅਰ ਨਾ ( ਕਿਸੀ ਪ੍ਰਕਾਰ ) ਨਾਖੁਸ਼ ਹੋਇਆ ॥ ੩ ॥ ਅਰ ਨਿਰਸੰਦੇਹ ਆਖਰਤ ਤੁਹਾਡੇ ਵਾਸਤੇ ( ਇਸ ) ਦੁਨੀਆਂ ਨਾਲੋਂ ਕਈ ਗੁਣਾਂ ਉੱਤਮ ਹੈ ॥ ੪ ॥ ਅਰ ਤੁਹਾਡਾ ਪਰਵਰਦਿਗਾਰ ਅਗੇ ਚਲ ਕੇ ਤੁਹਾਨੂੰ ਏਤਨਾ ਕੁਛ ਦੇਵੇਗਾ ਕਿ ਤੁਸੀਂ ( ਭੀ ) ਪ੍ਰਸੰਨ ਹੋ ਜਾਓਗੇ ॥ ੫ ॥ ਕੀ ਤੁਹਾਨੂੰ ਉਸ ਨੇ ਯਤੀਮ ਨਹੀਂ ਪਾਇਆ (ਕਿੰਤੂ

Digitized by Panjab Digital Library | www.panjabdigilib.org

ਪਾਇਆ ਹੈ ) ਫੇਰ ਅਸਥਾਨ ਦਿਤਾ ॥ ੬ ॥ ਅਰ ਤੁਹਾਨੂੰ ਦੇਖਿਆ ਕਿ ਪ੍ਰੇਮ ਵਿਚ ਹੈਰਾਨ ( ਫਿਰ ਰਹੇ ) ਹੋ ( ਤਾਂ ਤੁਹਾਨੂੰ ) ਸੀਦਾ ਮਾਰਗ ਦਿਖਾ ਦਿਤਾ ॥ ੭ ॥ ਅਰ ਤੁਹਾਨੂੰ ਲੋੜਵੰਦ ਦੇਖਿਆ ਤਾਂ ਓਸ ਨੇ ਧਨਾਢ ਕਰ ਦਿਤਾ ॥ ੮ ॥ ਤਾਂ ( ਏਹਨਾਂ ਨਿਆਮਤਾਂ ਦੇ ਧੰਨਜਵਾਦ ਵਿਚ ) ਯਤੀਮ ਉਪਰ ( ਕਿਸੀ ਪ੍ਰਕਾਰ ਦਾ ) ਜ਼ੁਲਮ ਨਾ ਕਰਨਾ ॥ ੯ ॥ ਅਰ ਨਾਂ ਮਾਂਗਤ ਨੂੰ ਝਿੜਕਣਾ ॥ ੧੦ ॥ ਅਰ ( ਲੋਗਾਂ ਨਾਲ ) ਆਪਣੇ ਪਰਵਰਦਿਗਾਰ ਦੇ ਉਪਕਾਰ ਦਾ ਵਰਨਣ ਕਰਦਿਆਂ ਰਹਿਣਾਂ ( ਕਿ ਏਹ ਭੀ ਧੰਨਜਵਾਦ ਦਾ ਇਕ ਮਾਰਗ ਹੈ )॥ ੧੧ ॥ ਰੁਕੂਹ ੧ ॥

## ਸੂਰਤ ਅਨਸ਼ਰਾਹ ਮੱਕੇ ਵਿਚ ਉਤਰੀ ਅਰ ਇਸਦੀਆਂ ਅਠ ਆਇਤਾਂ ਅਰ ਇਕ ਰੁਕੂਹ ਹੈ।

( ਅਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ( ਹੇ ਪੈਯੰਬਰ ) ਕੀ ਅਸਾਂ ਨੇ ਤੁਹਾਡਾ ਸੀਨਾ ਖੁਲਾ ਨਹੀਂ ਕਰ ਦਿਤਾ ( ਕਿੰਤੂ ਕਰ ਦਿਤਾ )॥ ੧ ॥ ਅਰ ( ਏਸ ਥੀਂ ਸਿਵਾ ) ਬੋਝ ॥ ੨ ॥ ਜਿਸ ਨੇ ਤੁਹਾਡੀ ਕਮਰ ਤੋੜ ਛਡੀ ਸੀ ਤੁਹਾਡੇ ਉਪਰੋਂ ਉਤਾਰ ਦਿਤਾ ॥ ੩ ॥ ਅਰ ਤੁਹਾਡੇ ( ਚੰਗੇ ) ਜ਼ਿਕਰ ਦਾ ਅਵਾਜ ਉੱਚਾ ਕਰ ਦਿਤਾ ॥ ੪ ॥ ਸੋ ਨਿਰਸੰਦੇਹ ਮੁਸ਼ਕਲ ਦੇ ਸਾਥ ਅਸਾਨੀ ਹੈ ॥ ੫ ॥ ਨਿਰਸੰਦੇਹ ਮੁਸ਼ਕਲ ਦੇ ਸਾਥ ਅਸਾਨੀ ਹੈ ॥ ੬ ॥ ਤਾਂ ਹੁਣ ਕਿ ਤੁਸੀਂ ( ਏਹਨਾਂ ਫ਼ਿਕਰਾਂ ਤੋਂ ਥੋੜੇ ਸੇ ) ਫਾਰਗ ਹੋ ਗਏ ਤਾਂ ( ਪੂਜਾ ਦੀ ) ਤਪਸਿਆ ਕਰੋ ॥ ੭ ॥ ਅਰ ਆਪਣੇ ਪਰਵਰਦਿਗਾਰ ਦੀ ਤਰਫ ( ਪੂਰੇ ੨ ) ਲੀਨ ਹੋਜਾਓ ॥ ੮ ॥ ਰੁਕੂਹ ੧ ॥

## ਸੂਰਤ ਤੀਨ ਮਕੇ ਵਿਚ ਉਤਰੀ ਅਰ ਇਸ ਦੀਆਂ ਅਠ ਆਇਤਾਂ ਅਰ ਇਕ ਰੁਕੂਹ ਹੈ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਅੰਜੀਰ ( ਮੇਵੇ ) ਅਰ ਜੈਤੂਨ ( ਦਰਖਤ )॥ ੧ ॥ ਅਰ ਤੂਰ ਸੀਨੈਨ ( ਪਹਾੜ )॥ ੨ ॥ ਅਰ ਏਸ ਸ਼ਹਿਰ ( ਮੱਕੇ ) ਦੀ ਸੌਗੰਧ ਜਿਸ ਵਿਚ ( ਸਰਬ ਪ੍ਰਕਾਰ ਦਾ ) ਅਮਨ ( ਚੈਨ ) ਹੈ ॥ ੩ ॥ ਕਿ ਅਸਾਂ ਨੇ ਇਨਸਾਨ ਨੂੰ ਉੱਤਮ ਤੋਂ ਉੱਤਮ ਬਣਾ ਕੇ ਪੈਦਾ ਕੀਤਾ ॥ ੪ ॥ ਫੇਰ ਅਸੀਂ ਓਸ ਨੂੰ ( ਬ੍ਰਿਧ ਕਰਕੇ ) ਨਯੂਨ ਸੇ ਨਯੂਨ ਸਰਿਸ਼ਟੀ ਦੇ ਦਰਜੇ ਵਿਚ ਲੌਟਾ

Digitized by Panjab Digital Library | www.panjabdigilib.org

ਲਾਏ ॥ ੫ ॥ ਪਰੰਤੂ ਜੋ ਲੋਗ ਈਮਾਨ ਧਾਰ ਬੈਠੇ ਅਰ ਉਨਹਾਂ ਨੇ ਭਲੇ ਕਰਮ ( ਭੀ ) ਕੀਤੇ ( ਉਨਹਾਂ ਨੂੰ ਬੁੜ੍ਹਾਪੇ ਦੀ ਨਯੂਨ ਤਾਈ ਤੋਂ ਤੰਗ ਦਿਲ ਨਾ ਹੋਣਾ ਚਾਹੀਦਾ ਕਾਹੇ ਤੇ ) ਉਨਹਾਂ ਵਾਸਤੇ ( ਅੰਤ ਨੂੰ ) ਬੇਅੰਤ ਬਦਲਾ ਹੈ ॥ ੬ ॥ ਤਾਂ ( ਹੇ ਪੈਯੰਬਰ ਹੁਣ ) ਕੌਣ ਹੈ ਜੋ ( ਏਨਹਾਂ ਸਾਰੀਆਂ ਬਾਤਾਂ ਦੇ ਮਾਲੂਮ ਕੀਤਿਆਂ ) ਪਿਛੋਂ ਬਦਲੇ ( ਦੇ ਦਿਨ ) ਦੇ ਬਾਰੇ ਵਿਚ ਤੁਹਾਨੂੰ ਝੂਠਿਆਂ ਸਮਝੇ ॥ ੭ ॥ ਕੀ ਖੁਦਾ ਸਭ ਹਾਕਮਾਂ ਨਾਲੋਂ ਬੜਾ ਹਾਕਮ ( ਅਰ ਸਮਰਥ ਵਾਲਾ ) ਨਹੀਂ ਹੈ ? ( ਤਾਂ ਕਿਆਮਤ ਦੇ ਮੁਨਕਰ ਉਸ ਪਾਸੋਂ ਕਿਉਂ ਨਹੀਂ ਡਰਦੇ ? ) ॥ ੮ ॥ ਰੁਕੂਹ ੧ ॥

## ਸੂਰਤ ਅਲਕ ਮੱਕੇ ਵਿਚ ਉਤਰੀ ਅਰ ਇਸ ਦੀਆਂ ਉੱਨੀ ਆਇਤਾਂ ਅਰ ਇਕ ਰੁਕੂਹ ਹੈ

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ( ਹੇ ਪੈਯੰਬਰ ਕੁਰਾਨ ਜੋ ਸਮੇਂ ੨ ਸਿਰ ਤੁਸਾਂ ਉਪਰ ਉਤਰੇ ਗਾ ਓਸ ਨੂੰ ) ਆਪਣੇ ਪਰਵਰਦਿਗਾਰ ਦਾ ਨਾਮ ਲੈਕੇ ਪੜ੍ਹੀ ਚਲੋ ਜਿਸ ਨੇ ( ਸ੍ਰਿਸ਼ਟੀ ਨੂੰ ) ਪੈਦਾ ਕੀਤਾ ॥ ੧ ॥ ( ਜਿਸ ਨੇ ) ਆਦਮੀ ਨੂੰ ਮਾਂਸ ਦੇ ਲੋਥੜੇ ਤੋਂ ਬਣਾਇਆ ॥ ੨ ॥ ( ਕੁਰਾਨ ) ਪੜ੍ਹੀ ਚਲੋ ਅਰ ( ਖੁਦਾ ਉਪਰ ਭਰੋਸਾ ਰਖੋ ਕਿ ) ਤੁਹਾਡਾ ਪਰਵਰਦਿਗਾਰ ਬੜਾ ( ਹੀ ) ਦਿਆਲੂ ਹੈ ॥ ੩ ॥ ਜਿਸ ਨੇ ( ਆਦਮੀ ਨੂੰ ) ਲੇਖਣੀ ਦਵਾਰਾ ਵਿਦਯਾ ਸਿਖਾਈ ॥ ੪ ॥ ( ਉਸ ਨੇ ਅਕਾਸ਼ ਬਾਣੀ ਦਵਾਰਾ ਭੀ ) ਆਦਮੀ ਨੂੰ ਉਹ ਬਾਤਾਂ ਸਿਖਾਈਆਂ ਜੋ ਉਸ ਨੂੰ ਮਾਲੂਮ ਨਹੀਂ ਸਨ ॥ ੫ ॥ ਪਰੰਤੂ ਆਦਮੀ ( ਦਾ ਏਹ ਹਾਲ ਹੈ ਕਿ ਉਹ ) ਆਪਣੇ ਤਾਂਈ ਬੇ ਪ੍ਰਵਾਹ ਸਮਝ ਕੇ ( ਧੰਨਵਾਦ ਦੇ ਬਦਲੇ ਖੁਦਾ ਨਾਲ ਉਲਟੀ ) ਅਮੋੜਤਾਈ ਕਰਦਾ ਹੈ ॥ ੬ ॥ ( ਹੇ ਪੈਯੰਬਰ ) ਨਿਰਸੰਦੇਹ ( ਏਨਹਾਂ ਸਾਰਿਆਂ ਨੇ ) ਤੁਹਾਡੇ ਪਰਵਰਦਿਗਾਰ ਦੀ ਤਰਫ ਲੌਟ ਕਰਕੇ ਜਾਣਾ ਹੈ ॥ ੭ ॥ ( ਹੇ ਪੈਯੰਬਰ ) ਤੁਸਾਂ ਨੇ ਓਸ ਆਦਮੀ ਦੇ ਹਾਲ ਉਪਰ ( ਭੀ ) ਦ੍ਰਿਸ਼ਟੀ ਦਿਤੀ ॥ ੮ ॥ ਕਿ ਜਦੋਂ ( ਸਾਡਾ ਇਕ ) ਬੰਦਾ ਨਮਾਜ਼ ਪੜ੍ਹਨ ਨੂੰ ਖੜਾ ਹੁੰਦਾ ਹੈ ਤਾਂ ਉਹ ਉਸ ਨੂੰ ਹਟਕਦਾ ਹੈ ॥ ੯॥੧੦ ॥ ਭਲਾ ਦੇਖੋ ਤਾਂ ( ਸਹੀ ) ਯਦੀ ( ਏਹ ਪੁਰਖ ਆਪ ) ਸਚੇ ਮਾਰਗ ਉਪਰ ਹੈ ॥ ੧੧ ॥ ਕਿੰਬਾ (ਲੋਗਾਂ ਨੂੰ) ਪਰਹੇਜ਼ਗਾਰੀ ਸਿਖਾਉਂਦਾ ਹੈ ( ਜੈਸਾ ਕਿ ਉਹ ਸਮਝਦਾ ਹੈ )॥੧੨॥ ਭਲਾ ਦੇਖੋ ਤਾਂ ( ਸਹੀ ) ਯਦੀ ਏਹ (ਪੁਰਖ ਈਸ਼ਵਰ ਬਾਣੀ ਨੂੰ )ਝੂਠਿਆਰਦਾ ਅਰ ( ਸਚੇ ਦੀਨ ਥੀਂ ) ਮੂੰਹ ਮੋੜਦਾ ਹੈ ॥ ੧੩ ॥ ਕੀ ਏਸ ਨੂੰ ( ਏਤਨੀ

Digitized by Panjab Digital Library | www.panjabdigilib.org

ਬਾਰਤਾ ਦੀ ) ਖਬਰ ਨਹੀਂ ਕਿ ( ਹਰ ਦਿਸ਼ਾ ਵਿਚ ) ਖ਼ੁਦਾ ( ਉਸ ਨੂੰ ) ਦੇਖ ਰਹਿਆ ਹੈ ॥ ੧੪ ॥ ਉਹ ਸੁਣ ਲਏ ਕਿ ਯਦੀ ( ਆਪਣੀ ਕਰਤੂਤੋਂ ) ਬਾਜ਼ ਨਹੀਂ ਆਵੇਗਾ ਤਾਂ ਅਸੀਂ ( ਉਸ ਦੇ ) ਮਥੇ ( ਦੇ ਵਾਲਾਂ ਅਰਥਾਤ ) ਉਸ ਝੂਠੇ ਔਗਣਹਾਰੇ ਦੇ ਮਥੇ ( ਦੇ ਵਾਲਾਂ ) ਤੋਂ ਪਕੜ ਕੇ ਘਸੀਟਾਂ ਗੇ ॥੧੫॥ ੧੬ ॥ ਤਾਂ ਉਸ ਨੂੰ ਚਾਹੀਏ ਕਿ ਆਪਣਿਆਂ ਸੰਗੀਆਂ ਨੂੰ ( ਜਿਨਹਾਂ ਦੀ ਦਲੇਰੀ ਉਪਰ ਕੁੱਦਿਆ ਕਰਦਾ ਹੈ ਆਪਣੀ ਸਹਾਇਤਾ ਵਾਸਤੇ ) ਬੁਲਾਵੇ ॥ ੧੭ ॥ ਸਾਥ ਦੇ ਸਾਥ ਅਸੀਂ ( ਭੀ ਆਪਣਿਆਂ ) ਜਲਾਦ ( ਰੁਦਰ ) ਫਰਿਸ਼ਤਿਆਂ ਤਾਈਂ ( ਓਸ ਨੂੰ ਸਜਾ ਦੇਣ ਵਾਸਤੇ ) ਬੁਲਾ ਲਵਾਂਗੇ ॥ ੧੮ ॥ ਸੁਣੋ ਜੀ ! ਓਹਨਾਂ ਦਾ ਕਹਿਣਾ ( ਕਦਾਪੀ ) ਨਾ ਮੰਨੋ ਅਰ ( ਬਗੈਰ ਢਿਲ ਖ਼ੁਦਾ ਦੀ ਦਰਗਾਹ ਵਿਚ ) ਮਥਾ ਟੇਕੋ ( ਅਰਥਾਤ ਨਮਾਜ ਪੜ੍ਹੋ ) ਅਰ ( ਖ਼ੁਦਾ ਦੀ ) ਸਮੀਪਤਾਈ ਪ੍ਰਾਪਤ ਕਰੋ ॥ ੧੯ ॥ ਰੁਕੂਹ ੧ ॥

## ਸੂਰਤ ਕ਼ਦਰ ਮੱਕੇ ਵਿਚ ਉਤਰੀ ਅਰ ਇਸ ਦੀਆਂ ਪੰਜ ਆਇਤਾਂ ਅਰ ਇਕ ਰੁਕੂਹ ਹੈ।

(ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਅਸਾਂ ਨੇ ਕ਼ੁਰਾਨ ਦੀ ( ਪਹਿਲੀ ਵਹੀ ਅਰਥਾਤ ਆਕਾਸ਼ ਬਾਣੀ ) ਨੂੰ ਸ਼ਬਕਦਰ ( ਭਾਗੀਭਰੀ ਰਾਤ ) ਵਿਚ ਉਤਾਰਿਆ ॥ ੧ ॥ ਅਰ (ਹੇ ਪੈਯੰਬਰ) ਤੁਸੀਂ ਕੀ ਸਮਝੇ ਕਿ ਸ਼ਬਕਦਰ ਹੈ ਕੀ ਵਸਤੂ ॥੨॥ ਸ਼ਬਕ਼ਦਰ ( ਖੈਰ ਤਥਾ ਬਰਕਤ ਵਿਚ ) ਹਜ਼ਾਰ ਮਹੀਨੇ ਨਾਲੋਂ ਉਤਮ ਹੈ ॥ ੩ ॥ ਓਸ ਰਾਤ ( ਅਗਲੇ ਸਾਲ ਦੇ ) ਹਰ ਇਕ ਪ੍ਰਬੰਧ ਦੇ ਵਾਸਤੇ ਫਰਿਸ਼ਤੇ ਅਰ ਜਬਰਾਈਲ ਆਪਣੇ ਪਰਵਰਦਿਗਾਰ ਦੇ ਹੁਕਮ ਨਾਲ ( ਧਰਤੀ ਤੇ ) ਉਤਰਦੇ ਹਨ ॥ ੪ ॥ ਓਹ ( ਰਾਤ ਅਮਨ ਚੈਨ ਤਥਾ ) ਸਲਾਮਤੀ ( ਦੀ ਰਾਤ ) ਹੈ ( ਅਰ ) ਓਹ ( ਅਰਥਾਤ ਓਸ ਦੀ ਖੈਰ ਤਥਾ ਬਰਕਤ) ਪ੍ਰਾਤਕਾਲ ਦੇ ਉਦੇ ਹੋਣ ਤਕ (ਰਹਿੰਦੀ) ਹੈ ॥ ੫ ॥ ਰੁਕੂਹ ੧ ॥

## ਸੂਰਤ ਬੱਈਯਨਾ ਮਦੀਨੇ ਵਿਚ ਉਤਰੀ ਅਰ ਇਸ ਦੀਆਂ ਅੱਠ ਆਇਤਾਂ ਅਰ ਇਕ ਰੁਕੂਹ ਹੈ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਜੋ ਲੋਗ ਪੁਸਤਕ ਵਾਲੋਂ ਅਰ ਭੇਦ ਵਾਦੀਆਂ ਵਿਚੋਂ ( ਸਚਾ ਦੀਨ ਅਰਥਾਤ ਇਸਲਾਮ ਨੂੰ ) ਨਹੀਂ ਮੰਨਦੇ ਓਹ ( ਆਪਣੇ

Digitized by Panjab Digital Library | www.panjabdigilib.org

ਝੂਠੇ ਦੀਨ ਤੋਂ ) ਬਿਨਾਂ ਏਸ ਦੇ ਤਾਂ ਹਟਣ ਵਾਲੇ ਨਹੀਂ ਸਨ ਕਿ ਓਹਨਾਂ ਨੂੰ ਕੋਈ ਪ੍ਰਤੱਖ ਯੁਕਤੀ ਪ੍ਰਾਪਤ ਹੋਵੇ ॥ ੧ ॥ ( ਅਰ ਓਹ ਯੁਕਤਿ ਏਹੋ ਸੀ ਕਿ ) ਖ਼ੁਦਾ ਦੀ ਤਰਫੋਂ ਕੋਈ ਪੈਗੰਬਰ ( ਆਵੇ ਅਰ ਕਲਾਮ ਇਲਾਹੀ ਦੇ ) ਪਵਿਤ੍ਰ ਪਤ੍ਰ ( ਓਹਨਾਂ ਨੂੰ ) ਪੜ੍ਹ ਕੇ ਸੁਣਾਵੇ ॥ ੨ ॥ ( ਅਰ ) ਓਹਨਾਂ ਵਿਚ ਪਕੀਆਂ ਅਰ ( ਦਾਨੀਆਂ ) ਬਾਤਾਂ ਲਿਖੀਆਂ ਹੋਈਆਂ ਹੋਣ ॥ ੩ ॥ ਅਰ ( ਏਹ ਜੋ ) ਕਿਤਾਬ ਵਾਲੇ ( ਅਲਗ ੨ ਹੋਏ ਕਈਕ ਇਸਲਾਮ ਧਾਰ ਬੈਠੇ ਅਰ ਕਈਕ ਜਿਦ ਕਰਕੇ ਅੜੇ ਰਹੇ ) ਤਾਂ ( ਓਸ ) ਯੁਕਤੀ ( ਅਰਥਾਤ ਰਸੂਲ ) ਦੇ ਆਇਆਂ ਪਿਛੋਂ ਹੀ ਅਲਗ ਹੋਏ ॥ ੪ ॥ ਹਾਲਾਂ ਕਿ ( ਜੋ ਲੋਗ ਮੁਖ਼ਾਲਿਫ ਰਹੇ ) ਓਹਨਾਂ ਨੂੰ (ਇਸ ਰਸੂਲ ਦੇ ਦਵਾਰਾ ) ਏਹਾ ਹੁਕਮ ਦਿਤਾ ਗਿਆ ਕਿ ਕੇਵਲ ਅਲਾ ਦੀ ਹੀ ਬੰਦਗੀ ਦੀ ਨੀਯਤ ਨਾਲ ਇਕ ਪਾਸੇ ਹੋਕੇ ਓਸ ਦੀ ਪੂਜਾ ਕਰਨ ਅਰ ਨਮਾਜ਼ ਪੜ੍ਹਨ ਅਰ ਜ਼ਕਾਤ ਦੇਣ ਅਰ ਏਹੋ ( ਓਹ ) ਠੀਕ ( ਠਾਕ ) ਦੀਨ ਹੈ ਜੋ ( ਪੈਗੰਬਰ ਨੇ ਓਹਨਾਂ ਨੂੰ ਦਸਿਆ ਪਰੰਤੂ ਅਯੋਗ ਹਠ ਦੀ ਕੀ ਔਖਧੀ ? ) ॥ ੫ ॥ ਨਿਰ-ਸੰਦੇਹ ਕਿਤਾਬ ਵਾਲੋਂ ਅਰ ਭੇਦਵਾਦੀਆਂ ਵਿਚੋਂ ਜੋ ਲੋਗ ( ਸਚੇ ਦੀਨ ਪਾਸੋਂ ) ਇਨਕਾਰ ਕਰਦੇ ਰਹੇ ( ਓਹ ਅੰਤ ਨੂੰ ) ਨਰਕਾਗਨੀ ਵਿਚ ਹੋਣਗੇ ( ਅਰ ) ਓਸ ਵਿਚ ਸਦਾ ਵਾਸਤੇ ਰਹਿਣਗੇ ਏਹੋ ਲੋਗ ਸਬ ਤੋਂ ਭੈੜੀ ਸ੍ਰਿਸ਼ਟੀ ਹਨ ॥ ੬ ॥ ਨਿਰਸੰਦੇਹ ਜਿਨਹਾਂ ਲੋਗਾਂ ਨੇ ਈਮਾਨ ਧਾਰਿਆ ਅਰ ਓਹਨਾਂ ਨੇ ਭਲੇ ਕਰਮ ( ਭੀ ) ਕੀਤੇ ਏਹੋ ਲੋਗ ਉਤਮ ਉਤਪਤੀ ਹਨ ॥ ੭ ॥ ਕਿ ਏਹਨਾਂ ਦਾ ਬਦਲਾ ਏਹਨਾਂ ਦੇ ਪਰਵਰਦਿਗਾਰ ਦੇ ਪਾਸ ਰਹਿਣ ਦੇ ਬਾਗ ( ਸਵਰਗ ) ਹਨ ਜਿਨਹਾਂ ਦੇ ਨੀਚੇ ਨਹਿਰਾਂ ( ਪੜੀਆਂ ) ਲਹਿਰਾ ਰਹੀਆਂ ਹੋਣਗੀਆਂ ( ਅਰ ) ਓਹ ਓਹਨਾਂ ਵਿਚ ਸਦਾ ਵਾਸਤੇ ਨਿਤਰਾਂ ੨ ਰਹਿਣਗੇ ਅੱਲਾ ਏਹਨਾ ਨਾਲ ਪਰਸੰਨ ਅਰ ਏਹ ਓਸ ਨਾਲ ਪਰਸੰਨ ਏਹ ( ਬਦਲਾ ) ਓਸ ਦੇ ਵਾਸਤੇ ਹੈ ਜੋ ਆਪਣੇ ਪਰਵਰ-ਦਿਗਾਰ ਪਾਸੋਂ ਡਰਦਾ ਹੈ ॥ ੮ ॥ ਰੁਕੂਹ ੧ ॥

## ਸੂਰਤ ਜ਼ਿਲਜ਼ਾਲ ਮਦੀਨੇ ਵਿਚ ਉਤਰੀ ਅਰ ਏਸ ਦੀਆਂ ਅੱਠ ਆਇਤਾਂ ਅਰ ਇਕ ਰੁਕੂਹ ਹੈ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ )

ਕਿਰਪਾਲੂ ( ਹੈ ) ਜਦੋਂ ਧਰਤੀ ਬੜੇ ਜ਼ੋਰ ਦੇ ਨਾਲ ਹਿਲਾ ਦਿਤੀ ਜਾਏ ॥ ੧ ॥ ਅਰ ( ਏਹੋ ) ਧਰਤੀ ਆਪਣੇ ਦਫੀਨੇ ( ਜੜ ਪਦਾਰਥ ਅਰ ਮੁਰਦੇ

Digitized by Panjab Digital Library | www.panjabdigilib.org

ਆਦ ਸੰਪੂਰਨ ) ਨਿਕਾਸ ਕੇ ( ਸੁਟ ) ਦੇਵੇ ॥ ੨ ॥ ਅਰ ਆਦਮੀ ( ਉਸ ਦੀ ਏਹ ਦਸ਼ਾ ਦੇਖ ਕੇ ) ਬੋਲ ਉਠੇ ਕਿ ਏਸ ਨੂੰ ਕੀ ਹੋ ਗਇਆ ॥ ੩ ॥ ਓਸੇ ਦਿਨ ਏਹ ਆਪਣੀਆਂ ( ਸੰਪੂਰਣ ) ਖਬਰਾਂ ( ਅਰਥਾਤ ਲੋਗਾਂ ਦੇ ਭਲੇ ਬੁਰੇ ਕਰਮ ਖ਼ੁਦਾ ਅਗੇ ) ਵਰਨਣ ਕਰ ਦੇਵੇਗੀ ॥ ੪ ॥ ( ਅਰ ਹੇ ਪੈਗੰਬਰ ਉਸ ਨੂੰ ਵਰਨਣ ਕਰਨੀਆਂ ਪੈਣਗੀਆਂ ) ਏਸ ਵਾਸਤੇ ਕਿ ਤੁਹਾਡਾ ਪਰਵਰਦਿਗਾਰ ਉਸ ਨੂੰ ਆਗਿਆ ਦੇਵੇਗਾ ॥ ੫ ॥ ਉਸ ਦਿਨ ਲੋਗ ( ਹਸ਼ਰ ਦੇ ਮੈਦਾਨ ਵਿਚ ਇਕੱਤਰ ਹੋਕੇ ਓਥੋਂ ) ਭਿੰਨ ੨ ਦਿਸ਼ਾ ਵਿਚ ( ਹਿਸਾਬ ਕਿਤਾਬ ਦੇ ਵਾਸਤੇ ) ਲੋਟਣਗੇ ਇਸ ਕਰਕੇ ਕਿ ਉਨਹਾਂ ਦੇ ਕਰਮ ਉਨਹਾਂ ਨੂੰ ਦਿਖਾਏ ਜਾਣ ॥ ੬ ॥ ਤਾਂ ਜਿਸ ਨੇ ਜ਼ਰਾ ਭਰ ਭੀ ਨੇਕੀ ਕੀਤੀ ( ਹੋਵੇਗੀ ) ਉਹ ਉਸੇ ( ਨੇਕੀ ) ਨੂੰ ( ਆਪਣੀ ਅੱਖੀਂ ) ਦੇਖ ਲਏਗਾ ॥ ੭ ॥ ਅਰ ਜਿਸ ਨੇ ਜ਼ਰਾ ਭਰ ਬੁਰਾਈ ਕੀਤੀ ( ਹੋਵੇਗੀ ) ਉਹ ਉਸ ( ਬੁਰਾਈ ) ਨੂੰ ( ਆਪਣੀ ਅੱਖੀਂ ) ਦੇਖ ਲਵੇਗਾ ॥ ੮ ॥ ਰੁਕੂਹ ੧ ॥

## ਸੂਰਤ ਆਦੀਯਾਤ ਮੱਕੇ ਵਿਚ ਉਤਰੀ ਅਰ ਇਸ ਦੀਆਂ ਗਯਾਰਾਂ ਆਇਤਾਂ ਅਰ ਇਕ ਰੁਕੂਹ ਹੈ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ( ਯੋਧਿਆਂ ਦੇ ) ਉਨਹਾਂ ( ਘੋੜਿਆਂ ) ਦੀ ਸੌਗੰਧ ਜੋ ਦੌੜਦੇ ੨ ਹਫ ਜਾਂਦੇ ਹਨ ॥ ੧ ॥ ਫੇਰ ( ਪਥਰਾਂ ਉਪਰ ਆਪਣੀਆਂ ਟਾਪਾਂ ਦੇ ) ਮਾਰਨ ਕਰਕੇ ਚੰਗਿਆਰੀਆਂ ਨਿਕਾਸਦੇ ਹਨ ॥ ੨ ॥ ਫੇਰ ਪ੍ਰਾਤਾਕਾਲ ਦੇ ਸਮੇਂ ( ਵੈਰੀਆਂ ਉਪਰ ) ਧਾਵਾ ਜਾ ਬੋਲਦੇ ਹਨ ॥ ੩ ॥ ਫੇਰ ( ਇਸ ਦੇ ਹੁੰਦਿਆਂ ਸੁੰਦਿਆਂ ਕਿ ਪ੍ਰਾਤਾਕਾਲ ਦਾ ਸਮਾਂ ਹੁੰਦਾ ਹੈ ਫਿਰ ਵੀ ) ਉਹ ਉਸ ਸਮੇਂ ( ਆਪਣੀ ਦੌੜ ਨਾਲ ) ਗੁਬਾਰ (ਘਟਾ) ਉਡਾਉਂਦੇ ਹਨ ॥੪ ॥ ਫੇਰ ਉਸੇ ਵੇਲੇ ( ਦੁਸ਼ਮਨਾਂ ਦੀ ) ਪੰਕਤੀਆਂ ਵਿਚ ਜਾ ਘੁਸੜਦੇ ਹਨ॥ ੫॥ (ਭਾਵ ਸਾਨੂੰ ਏਨਹਾਂ ਘੋੜਿਆਂ ਦੀ ਕਸਮ ਕਿ ) ਨਿਰਸੰਦੇਹ ਆਦਮੀ ਆਪਣੇ ਪਰਵਰ-ਦਿਗਾਰ ਦਾ ਬੜਾ ਹੀ ਕ੍ਰਿਤਘਨ ਹੈ ॥ ੬ ॥ ਅਰ ਉਹ ਏਸ ( ਬਾਰਤਾ ) ਨੂੰ ( ਆਪ ਵੀ ) ਖ਼ੂਬ ਜਾਣਦਾ ਹੈ ॥ ੭ ॥ ਅਰ ਓਹ ( ਧਨ ) ਮਾਲ ਦੇ ਪਿਆਰ ਵਿਚ ਬੜਾ ਸਖਤ ਹੈ ॥ ੮ ॥ ਤਾਂ ਕੀ ਇਸ ਨੂੰ ( ਏਤਨੀ ਬਾਰਤਾ ) ਮਾਲੂਮ ਨਹੀਂ ਕਿ ਉਹ ਲੋਗ ਜੋ ਕਬਰਾਂ ਵਿਚ ( ਦਬੇ ਹੋਏ ) ਹਨ ਜਦੋਂ ( ਸਰਾ-ਜੀਤ ) ਕਰਕੇ ਉਠਾਏ ਜਾਣਗੇ ॥ ੯ ॥ ਅਰ ( ਲੋਗਾਂ ਦਿਆਂ ) ਦਿਲਾਂ ਵਿਚ ਜੋ (ਛਿਪੀਆਂ) ਬਾਤਾਂ ਹਨ (ਉਹ ਸਭ) ਪਰਗਟ ਕਰ ਦਿਤੀਆਂ ਜਾਣਗੀਆਂ

Digitized by Panjab Digital Library | www.panjabdigilib.org

॥ ੧੦ ॥ ਓਸ ਦਿਨ ਉਨਹਾਂ ਦਾ ਪਰਵਰਦਿਗਾਰ ਹੀ ਉਨਹਾਂ ( ਦੇ ਹਾਲ ) ਤੋਂ ਭਲੀ ਭਾਂਤ ਗਿਆਤ ਹੋਵੇਗਾ ( ਕਿ ਕੌਣ ਚੰਗਾ ਹੈ ਅਰ ਕੌਣ ਬੁਰਾ ਹੈ ) ॥ ੧੧ ॥ ਰੁਕੂਹ ੧ ॥

## ਸੂਰਤ ਕ਼ਾਰਿਆ ਮੱਕੇ ਵਿਚ ਉਤਰੀ ਅਰ ਇਸ ਦੀਆਂ ਗਜਾਰਾਂ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲ੍ਹਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ( ਸਾਰਿਆਂ ਨੂੰ ) ਖੜ ਖੜਾ ਦੇਣ ਵਾਲਾ ( ਭਾਣਾਂ ) ॥ ੧ ॥ ( ਸੋ ) ਉਹ ਖੜ ਖੜਾ ਦੇਣ ਵਾਲਾ ( ਭਾਣਾਂ ) ਹੈ ਕੀ ਵਸਤੂ ? ॥ ੨ ॥ ਅਰ ( ਹੇ ਪੈਯੰਬਰ ) ਤੁਸੀਂ ਕੀ ਸਮਝੇ ਕਿ ਉਹ ਖੜ ਖੜਾਨ ਵਾਲਾ ( ਭਾਣਾਂ ) ਹੈ ਕੀ ਵਸਤੂ ? ॥ ੩ ॥ ( ਉਸ ਭਾਣੇ ਤੋਂ ਮੁਰਾਦ ਹੈ ਉਹ ਦਿਨ ) ਜਦੋਂ ਕਿ ਲੋਗ ( ਇਕੱਤਰ ਹੋਣ ਦੇ ਮੈਦਾਨ ਵਿਚ ਐਸੇ ਪਏ ਹੋਏ ) ਹੋਣਗੇ ਜੈਸੇ ਸਪੰਖ ਚੀਂਵਟੀਆਂ (ਪਈਆਂ) ਹੁੰਦੀਆਂ ਹਨ ॥ ੪ ॥ ਅਰ ਪਹਾੜ ( ਐਸੇ ਉਡਦੇ ੨ ਫਿਰ ਰਹੇ ) ਹੋਣਗੇ ਜੈਸੇ ਪਿੰਜੀ ਹੋਈ ਉੱਨ ॥ ੫ ॥ ਤਾਂ ਜਿਸ ਦੇ ( ਭਲੇ ) ਕਰਮ ਤੋਲ ਵਿਚ ਅਧਿਕ ਠਹਿਰਨਗੇ ॥ ੬ ॥ ਤਾਂ ਉਹ ਮਨ ਭਾਂਵਦੇ ਆਰਾਮ ਵਿਚ ਹੋਵੇਗਾ ॥ ੭ ॥ ਅਰ ਜਿਸ ਦੇ ( ਭਲੇ ) ਕਰਮ ਤੋਲ ਵਿਚ ਘਟ ਠਹਿਰਨਗੇ ॥ ੮ ॥ ਤਾਂ ਉਸਦਾ ਅਸਥਾਨ ( ਹੋਵੇਗਾ ) ਨਰਕ ॥ ੯ ॥ ਅਰ ( ਹੇ ਪੈਯੰਬਰ ) ਤੁਸੀਂ ਕੀ ਸਮਝੇ ਕਿ ਉਹ ( ਨਰਕ ) ਹੈ ਕੀ ਵਸਤੂ ॥ ੧੦ ॥ ( ਉਹ ) ਦਗ ਦਗਾਂਦੀ ਹੋਈ ( ਨਰਕ ) ਅਗਨੀ ਹੈ ॥ ੧੧ ॥ ਰੁਕੂਹ ੧ ॥

## ਸੂਰਤ ਤਕਾਸਰ ਮੱਕੇ ਵਿਚ ਉਤਰੀ ਅਰ ਏਸ ਦੀਆਂ ਅਠ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲ੍ਹਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕ਼ਿਰਪਾਲੂ ( ਹੈ ) ਲੋਗੋ ! ਬਹੁਤ ( ਮਾਲ ਔਲਾਦ ) ਦਾ ਲੋਭ ਤੁਸਾਂ ਉਪਰ ( ਸਾਰੀ ਉਮਰ ) ਗਫਲਤ ( ਦਾ ਪਰਦਾ ) ਪਾਈ ਰਹਿੰਦਾ ਹੈ ॥ ੧ ॥ ਇਥੋਂ ਤਕ ਕਿ ( ਜਦੋਂ ) ਤੁਸੀਂ ਕਬਰ ਵਿਚ ਆਉਂਦੇ ਹੋ ( ਤਦੋਂ ਤੁਹਾਡੀਆਂ ਅੱਖੀਆਂ ਖੁਲਦੀਆਂ ਹਨ ) ॥ ੨ ॥ ( ਸੋ ਭਲੀ ਤਰਹਾਂ ) ਸੁਣ ਲਓ ਅਗੇ ਚਲ ਕੇ ਤੁਹਾਨੂੰ ( ਏਸ ਗਫਲਤ ਦਾ ਅੰਤ ) ਪਰਤੀਤ ਹੋ ਜਾਵੇਗਾ ॥ ੩ ॥ ਫੇਰ ( ਭਲੀ ਤਰਹਾਂ ) ਸੁਣ ਲਓ ਅਗੇ ਚਲ ਕੇ ਤੁਹਾਨੂੰ ( ਏਸ ਗਫਲਤ ਦਾ

Digitized by Panjab Digital Library | www.panjabdigilib.org

ਅੰਤ ) ਪਰਤੀਤ ਹੋ ਜਾਵੇਗਾ ॥ ੪ ॥ ਬਾਰਤਾ ਇਹ ਹੈ ਕਿ ਯਦੀ ਤੁਸੀਂ ( ਆਪਣਾ ) ਅੰਤ ਯਕੀਨ ਨਾਲ ਜਾਣਦੇ ਹੁੰਦੇ ( ਤਾਂ ਤੁਸੀਂ ਕਦੇ ਭੀ ਗ਼ਫ਼ਲਤ ਨਾ ਕਰਦੇ ) ॥ ੫ ॥ ( ਇਕ ਦਿਨ ) ਤੁਸੀਂ ਜਰੂਰ ਦੋਜ਼ਖ ਨੂੰ ( ਅੱਖੀਆਂ ਨਾਲ ) ਦੇਖ ਲਓਗੇ ॥ ੬ ॥ਫੇਰ ਉਸ ਨੂੰ (ਦੇਖੋਗੇ ਭੀ ਤਾਂ ਨਿਰ ਸੰਦੇਹ ਅਰ ) ਯਕੀਨੀ ਦੇਖਣਾ ਦੇਖੋਗੇ॥ ੭ ॥ ਫੇਰ ਉਸ ਦਿਨ ( ਦੁਨੀਆਂ ਦੇ ) ਪਦਾਰਥਾਂ ਦੇ ਬਾਰੇ ਵਿਚ ਤੁਸਾਂ ਪਾਸੋਂ ਪੁਛ ਗਿਛ ( ਭੀ ) ਅਵਸ਼ ਹੋਵੇਗੀ ( ਕਿ ਕਿਥੋਂ ਤਕ ਤੁਸਾਂ ਨੇ ਉਨਹਾਂ ਪਦਾਰਥਾਂ ਦਾ ਧੰਨਵਾਦ ਕੀਤਾ ) ॥ ੮ ॥ ਰੁਕੂਹ ੧ ॥

## ਸੂਰਤ ਅਸਰ ਮੱਕੇ ਵਿਚ ਉਤਰੀ ਅਰ ਇਸ ਦੀਆਂ ਤਿੰਨ ਆਇਤਾਂ ਅਰ ਇਕ ਰੁਕੂਹ ਹੈ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਅਸਰ ( ਲੌਢੇ ਵੇਲੇ ) ਦੀ ਸੌਗੰਧ ॥ ੧ ॥ ਕਿ( ਸਾਰੇ ਹੀ ) ਆਦਮੀ ਘਾਟੇ ਵਿਚ ਹਨ ॥ ੨ ॥ ਪਰੰਤੂ ਉਹ ਜਿਨਹਾਂ ਈਮਾਨ ਧਾਰਿਆ ਅਰ ਉਨਹਾਂ ਨੇ ਭਲੇ ਕਰਮ ( ਭੀ ) ਕੀਤੇ ਅਰ ਇਕ ਦੂਸਰੇ ਨੂੰ ਸਚੇ ( ਦੀਨ ) ਦੀ ( ਪੈਰਵੀ ਦੀ ) ਸਿਖਯਾ ਦੇਂਦੇ ਰਹੇ ਅਰ ( ਹੋਰ ) ਇਕ ਦੂਸਰੇ ਨੂੰ ( ਬਿਪਤਾ ਵਿਚ ) ਸੰਤੋਖ ਕਰਨ ਦੀ ਸਿਖਿਆ ਦੇਂਦੇ ਰਹੇ ( ਉਹ ਨਿਰਸੰਦੇਹ ਘਾਟੇ ਵਿਚ ਨਹੀਂ ਹਨ ) ॥ ੩ ਰੁਕੂਹ੧॥

## ਸੂਰਤ ਹਮਜ਼ਾ ਮੱਕੇ ਵਿਚ ਉਤਰੀ ਅਰ ਇਸ ਦੀਆਂ ਨੌਂ ਆਇਤਾਂ ਅਰ ਇਕ ਰੁਕੂਹ ਹੈ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ )। ਹਰ ਪੁਰਖ ਜੋ ( ਲੋਗਾਂ ਦੇ ) ਔਗਨਾਂ ਦੀ ਮੀਨ ਮੇਖ ਕਢਦਾ ( ਅਰ ਓਹਨਾਂ ਉਪਰ ) ਹਾਕਾਂ ਮਾਰਦਾ ਹੈ ਓਸ ਦੀ( ਭੀ ਬੜੀ ) ਵੈਰਾਨੀ ਹੈ ॥ ੧ ॥ ਕਿ ਓਹ ਏਸ ਖਿਆਲ ਨਾਲ ਮਾਲ ਜਮਾ ਕਰਦਾ ਅਰ ਓਸ ਨੂੰ ਗਿਨ '੨ ਕੇ ਰਖਦਾ ਰਹਿਆ ॥ ੨ ॥ ਕਿ ਉਹ ਧਨ ਮਾਲ ਦੇ ਕਾਰਨ ਸਦਾ ਹੀ ਸਰਜੀਤ ਰਹੇਗਾ ॥ ੩ ॥ ਸੋ ਏਹ ਤਾਂ ਹੋਣਾ ਨਹੀਂ ( ਬਲਕਿ ਉਹ ਇਕ ਨਾਂ ਇਕ ਦਿਨ ਜ਼ਰੂਰ ਮਰੇਗਾ ਅਰ ਕੁਫਰ ਦੇ ਕਾਰਨੋਂ ) ਜ਼ਰੂਰ ਹੁਤਮਾਂ ( ਮਤਾੜਨੇ ਵਾਲੀ ) ਵਿਚ ਸੁਟਿਆ ਜਾਵੇਗਾ ॥ ੪ ॥ ਅਰ ( ਹੇ ਪੈਯੰਬਰ ) ਤੁਸੀਂ ਕੀ ਸਮਝੇ ਕਿ ਹੁਤਮਾਂ ਹੈ ਕਿਆ

Digitized by Panjab Digital Library | www.panjabdigilib.org

ਵਸਤੂ ? ॥ ੫ ॥ ( ਹੁਤਮਾਂ ਤੋਂ ਮੁਰਾਦ ਹੈ ) ਅੱਲਾ ਦੀ ਭੜਕਾਈ ਹੋਈ ਅਗ ॥ ੬ ॥ ਜੋ ( ਪੈਰਾਂ ਤੋਂ ਲਗ ਕੇ ) ਦਿਲਾਂ ਤਕ ਦੀ ਜਾ ਖਬਰ ਲੇਗੀ ॥ ੭ ॥ ( ਅਰ ) ਉਹ ( ਭਾਂਬੜ ਦੇ ) ਬੜੇ ੨ ਥੰਮਾਂ ( ਦੀ ਸ਼ਕਲ ) ਵਿਚ ਨਾਰਕੀਆਂ ਨੂੰ ਚੁਤਰਫੀ ਘੇਰੀ ਹੋਵੇਗੀ । ॥ ੮ ॥ ੯ ॥ ਰੁਕੂਹ ੧ ॥

## ਸੂਰਤ ਫੀਲ ਮੱਕੇ ਵਿਚ ਉਤਰੀ ਅਰ ਏਸ ਦੀਆਂ ਪੰਜ ਆਇਤਾਂ ਅਰ ਇਕ ਰੁਕੂਹ ਹੈ ।

( ਅਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ( ਹੇ ਪੈਗੰਬਰ ) ਕੀ ਤੁਸਾਂ ਨੇ ( ਏਸ ਬਾਰਤਾ ਉਪਰ ) ਨਜ਼ਰ ਨਹੀਂ ਕੀਤੀ ਕਿ ਤੁਹਾਡੇ ਪਰਵਰਦਿਗਾਰ ਨੇ ਹਾਥੀ ਵਾਲਿਆਂ ਨਾਲ ਕੈਸਾ ( ਬਰਤਾਓ ) ਕੀਤਾ ॥ ੧ ॥ ਕੀ ਓਸ ਨੇ ਓਹਨਾਂ ਦੇ ( ਸੰਪੂਰਣ ) ਘਾਤ ਮਿਥਜਾ ਨਹੀਂ ਕਰ ਦਿਤੇ ? ( ਕਰ ਦਿੱਤੇ ) ॥ ੨ ॥ ਅਰ ਉਨ੍ਹਾਂ ਉਪਰ ਝੁੰਡਾਂ ਦੇ ਝੁੰਡ ਪਰਿੰਦੇ ਭੇਜੇ ॥ ੩ ॥ ਜੋ ਓਹਨਾਂ ਉਪਰ ਪਥਰਾਂ ਦੀਆਂ ਕੰਕਰੀਆਂ ( ਉਪਰੋਂ ) ਸੁਟਦੇ ਸਨ ॥ ੪ ॥ ਏਥੋਂ ਤਕ ਕਿ ਓਹਨਾਂ ਨੂੰ ਖਾਧੀ ਹੋਈ ਤੂੜੀ ( ਅਥਵਾ ਭੋ ) ਦੀ ਤਰਹਾਂ ( ਬਰਬਾਦ ) ਕਰ ਦਿਤਾ ॥ ੫ ॥ ਰੁਕੂਹ ੧ ॥

## ਸੂਰਤ ਕੁਰੈਸ਼ ਮੱਕੇ ਵਿਚ ਉਤਰੀ ਅਰ ਏਸ ਦੀਆਂ ਚਾਰ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) ਚੂੰਕੇ ( ਪ੍ਰਮਾਤਮਾਂ ਨੇ) ਕੁਰੇਸ਼ ਨੂੰ ਸੀਤ ਅਰ ਗਰਮੀ ਦੇ ਸਫਰਾਂ ਦੀ ਚਾਟ ਲਗਾ ਦਿਤੀ ਹੈ ॥ ੧-੨ ॥ ਤਾਂ ਉਹਨਾਂ ਨੂੰ ਚਾਹੀਦਾ ਹੈ ਕਿ ਏਸ ਚਾਟ ਦੇ ਲਗਾ ਦੇਣ ਦੇ ਕਾਰਣ ਉਸ ਅਸਥਾਨ ( ਕਾਬੇ ) ਦੇ ਸਵਾਮੀ ਦੀ ਪੂਜਾ ਕਰਨ ॥ ੩ ॥ ਜਿਸ ਨੇ ਉਹਨਾਂ ਨੂੰ ਭੁਖ ਵਿਚ ( ਬਿਨਾਂ ਜੋਇਆਂ ਬਿਨਾਂ ਬੀਜਿਆਂ ) ਖਾਣ ਨੂੰ ਦਿਤਾ ਅਰ ( ਲੁਟ ਪੁੱਟ ਦੇ ) ਖੌਫ ਤੋਂ ਓਹਨਾਂ ਨੂੰ ਅਮਨ ਚੈਨ ਵਿਚ ਰਖਿਆ ॥ ੪ ॥ ਰੁਕੂਹ ੧ ॥

## ਸੂਰਤ ਮਾਊਨ ਮੱਕੇ ਵਿਚ ਉਤਰੀ ਅਰ ਇਸ ਦੀਆਂ ਸਤ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ )

Digitized by Panjab Digital Library | www.panjabdigilib.org

ਕਿਰਪਾਲੂ ( ਹੈ ) ( ਹੇ ਪੈਯੰਬਰ ) ਭਲਾ ਤੁਸਾਂ ਨੇ ਉਸ ਆਦਮੀ ( ਦੇ ਹਾਲ ) ਉਪਰ ( ਭੀ ) ਦ੍ਰਿਸ਼ਟੀ ਦਿਤੀ ? ਜੋ ਬਦਲੇ ਦੇ ( ਦਿਨ ) ਨੂੰ ਮਿਥਜਾ ਸਮਝਦਾ ਹੈ ? ॥ ੧ ॥ ਅਰ ( ਏਸੇ ਕਰਕੇ ) ਏਹ ਪੁਰਖ ਐਸਾ ( ਪੱਥਰ ਦੇ ਚਿਤ ਵਾਲਾ ਹੋ ਗਿਆ ) ਹੈ ਕਿ ਯਤੀਮ (ਮਹਿਟਰ) ਨੂੰ ਧਕੇ ਦੇਂਦਾ ਹੈ ॥ ੨ ॥ ਅਰ ਮਸਕੀਨ (ਨੂੰ ਆਪ ਖਾਣਾ ਖਿਲਾਣਾ ਤਾਂ ਕਿਤੇ ਰਹਿਆ ਲੋਗਾਂ ਨੂੰ ਭੀ ਓਸ ) ਦੇ ਖਿਲਾਣ ਦੀ ਤਰਗੀਬ ( ਚੇਸ਼ਟਾ ) ਨਹੀਂ ਦੇਂਦਾ ॥ ੩ ॥ ਤਾਂ ( ਓਹਨਾਂ ਮੁਨਾਫਕਾਂ ) ਨਮਾਜ਼ੀਆਂ ਦੀ ( ਬੜੀ ) ਵੈਰਾਨੀ ਹੈ ਜੋ ਆਪਣੀ ਨਮਾਜ਼ ਦੀ ਤਰਫੋਂ ਸੁਸਤੀ ਕਰਦੇ ਹਨ ॥ ੪-੫ ॥ ( ਅਰ ) ਓਹ ਜੋ ( ਕੋਈ ਭਲੇ ਕਰਮ ਕਰਦੇ ਭੀ ਹਨ ਤਾਂ ) ਦਿਖਲਾਵੇ ਵਾਸਤੇ ਕਰਦੇ ਹਨ ॥ ੬ ॥ ਅਰ ( ਦਿਲ ਦੇ ਐਸੇ ਤੰਗ ਹਨ ਕਿ ) ਰੋਜ਼ ਦੇ ਬਰਤਨ ਦੀਆਂ ( ਛੋਟੀਆਂ ੨ ) ਵਸਤੂਆਂ ਭੀ ਮੰਗਿਆਂ ਨਹੀਂ ਦੇਂਦੇ ॥ ੭ ॥ ਰੁਕੂਹ ੧ ॥

## ਸੂਰਤ ਕੌਸਰ ਮੱਕੇ ਵਿਚ ਉਤਰੀ ਅਰ ਇਸ ਦੀਆਂ ਤਿੰਨ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) । ( ਹੇ ਪੈਯੰਬਰ ) ਅਸਾਂ ਨੇ ਤੁਹਾਨੂੰ ਬੜੀ ਖ਼ੈਰ ਤਬਾ ਬਰਕਤ ਦਿਤੀ ਹੈ ॥ ੧ ॥ ਤਾਂ ( ਏਸ ਦੇ ਧੰਨਜਵਾਦ ਵਿੱਚ ) ਆਪਣੇ ਪਰਵਰਦਿਗਾਰ ਦੀ ਨਮਾਜ਼ ਪੜ੍ਹੋ ਅਰ ( ਓਸੇ ਦੇ ਨਾਮ ਦੀ ) ਕੁਰਬਾਨੀ ਕਰੋ ॥੨॥ ਜੋ ਤੁਹਾਡਾ ਬੁਰਾ ਚਾਹੇ (ਨਿਰਸੰਦੇਹ) ਓਸੇ ਦਾ ਹੀ ਕੋਈ ਨਾਮ ਲੈਣ ਵਾਲਾ ਨਾਂ ਰਹੇਗਾ ॥ ੩ ॥ ਰੁਕੂਹ ੧ ॥

## ਸੂਰਤ ਕਾਫਰੂਨ ਮੱਕੇ ਵਿਚ ਉਤਰੀ ਅਰ ਏਸ ਦੀਆਂ ਛੇ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) । ( ਹੇ ਪੈਯੰਬਰ ਏਹਨਾਂ ਕਾਫਰਾਂ ਨੂੰ ) ਕਹੋ ਕਿ ਹੇ ਕਾਫਰੋ ! ॥ ੧ ॥ ਨਾਂ (ਤਾਂ ਏਸ ਵੇਲੇ ) ਮੈਂ ( ਤੁਹਾਡੇ ) ਓਹਨਾਂ ( ਮਾਬੂਦਾਂ ) ਦੀ ਪੂਜਾ ਕਰਦਾ ਹਾਂ ਜਿਨਹਾਂ ਦੀ ਤੁਸੀਂ ਪੂਜਾ ਕਰਦੇ ਹੋ ॥ ੨ ॥ ਅਰ ਜਿਸ ( ਖੁਦਾ ) ਦੀ ਮੈਂ ਪੂਜਾ ਕਰਦਾ ਹਾਂ ਤੁਸੀਂ ਭੀ ( ਏਸ ਵੇਲੇ ) ਓਸ ਦੀ ਪੂਜਾ ਨਹੀਂ ਕਰਦੇ ॥ ੩ ॥ ਅਰ ( ਅਗੇ ਭੀ ) ਨਾਂ ( ਤਾਂ ) ਮੈਂ ( ਤੁਹਾਡੇ ) ਓਹਨਾਂ ( ਮਾਬੂਦਾਂ ) ਦੀ ਪੂਜਾ ਕਰਾਂਗਾ ਜਿਨਹਾਂ ਦੀ ਤੁਸੀਂ

Digitized by Panjab Digital Library | www.panjabdigilib.org

ਪੂਜਾ ਕਰਦੇ ਹੋ ॥ ੪ ॥ ਅਰ ਨਾਂ ਤੁਹਾਡੇ ਉਪਰ ਹੀ ਆਸ਼ਾ ਹੈ (ਕਿ) ਉਸ (ਖੁਦਾ) ਦੀ ਪੂਜਾ ਕਰੋਗੇ ਜਿਸ ਦੀ ਮੈਂ ਪੂਜਾ ਕਰਦਾ ਹਾਂ ॥ ੫ ॥ (ਤਾਂ ਮੇਰਾ ਤੁਹਾਡਾ ਮੇਲ ਕੀ) ਤੁਹਾਨੂੰ ਤੁਹਾਡਾ ਦੀਨ ਅਰ ਮੈਨੂੰ ਮੇਰਾ ਦੀਨ॥ ੬ ॥ ਰੁਕੂਹ ॥ ੧ ॥

## ਸੂਰਤ ਨਸਰ ਮਦੀਨੇ ਵਿਚ ਉਤਰੀ ਅਰ ਏਸ ਦੀਆਂ ਤਿੰਨ ਆਇਤਾਂ ਅਰ ਇਕ ਰੁਕੂਹ ਹੈ।

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰਪਾਲੂ (ਹੈ) (ਹੇ ਪੈਯੰਬਰ) ਜਦੋਂ ਕਿ ਖ਼ੁਦਾ ਦੀ ਸਹਾਇਤਾ ਆ ਪਹੁੰਚੀ ਅਰ (ਮੱਕਾ) ਫਤੇਹ (ਹੋ ਗਇਆ) ॥ ੧ ॥ *ਅਰ ਤੁਸਾਂ ਨੇ ਲੋਗਾਂ ਨੂੰ (ਆਪਣੀ ਅੱਖੀਂ) ਦੇਖ ਲੀਤਾ ਕਿ ਖੁਦਾ ਦਾ ਦੀਨ (ਅਰਥਾਤ ਇਸਲਾਮ) ਵਿਚ ਫੌਜਾਂ ਦੀਆਂ ਫੌਜਾਂ ਆ ਰਹੀਆਂ ਹਨ ॥ ੨ ॥ ਤਾਂ ਆਪਣੇ ਪਰਵਰ-ਦਿਗਾਰ ਦੀ ਉਸਤਤੀ ਦੇ ਨਾਲ (ਉਸ ਦੀ ਮਹਿਮਾਂ) ਵਿਖੇ ਪ੍ਰਵਿਰਤ ਹੋ ਜਾਓ ਅਰ ਉਸ ਪਾਸੋਂ ਗੁਨਾਹਾਂ ਦੀ ਮਾਫੀ ਮੰਗੋ ਨਿਰਸੰਦੇਹ ਉਹ ਬੜਾ ਤੋਬਾ ਕਬੂਲ ਕਰਨੇ ਵਾਲਾ ਹੈ ॥ ੩ ॥ ਰੁਕੂਹ ੧ ॥

## ਸੂਰਤ ਲਹਬ ਮੱਕੇ ਵਿਚ ਉਤਰੀ ਅਰ ਇਸ ਦੀਆਂ ਪੰਜ ਆਇਤਾਂ ਅਰ ਇਕ ਰੁਕੂਹ ਹੈ।

(ਆਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ) ਕਿਰਪਾਲੂ (ਹੈ) (ਜੈਸੇ ਅਬੂਲਹਬ ਨੇ ਪੈਯੰਬਰ ਨੂੰ ਕੋਸਣਾ ਸੀ ਉਲਟਾ) ਅਬੂਲਹਬ (ਹੀ) ਦੇ ਦੋਨੋਂ ਹੱਥ ਟੁਟ ਗਏ ਅਰ ਓਹ (ਆਪ ਹੀ) ਮਾ-ਰਿਆ ਗਇਆ ॥ ੧ ॥ ਨਾਂ ਤਾਂ ਉਸ ਦਾ ਧਨ ਮਾਲ ਅਫ਼ਸੋਸ ਦੇ ਕੁਛ ਕੰਮ ਆਇਆ ਅਰ ਨਾਂ ਉਸ ਦੀ ਕਮਾਈ (ਨੇ ਉਸ ਨੂੰ ਕੁਛ ਲਾਭ ਪਹੁੰਚਾਇਆ) ॥ ੨ ॥ ਉਹ ਸ਼ੀਘਰ (ਹੀ ਦੋਜ਼ਖ ਦੀ) ਲਾਟਾਂ ਮਾਰਦੀ ਹੋਈ ਅਗਨੀ ਵਿਚ ਜਾ ਦਾਖ਼ਿਲ ਹੋਵੇਗਾ ॥ ੩ ॥ ਅਰ (ਉਸ ਦੇ ਸਾਥ) ਉਸਦੀ ਜੋਰੂ (ਭੀ) ਜੋ ਤਤੂਨੀਆ ਛਡਦੀ ਫਿਰਦੀ ਹੈ ॥ ੪ ॥ ਕਿ ਉਸ ਦੀ ਗਰਦਨ ਵਿਚ ਗਲਾਖੋੜੀ* ਵਾਲੀ ਰੱਸੀ ਹੋਵੇਗੀ ॥ ੫ ॥ ਰੁਕੂਹ ੧ ॥

## ਸੂਰਤਇਖਲਾਸ ਮੱਕੇ ਵਿਚ ਉਤਰੀ ਅਰ ਇਸ ਦੀਆਂ ਚਾਰ ਆਇਤਾਂ ਅਰ ਇਕ ਰੁਕੂਹ ਹੈ।

(ਅਰੰਭ) ਅੱਲਾ ਦੇ ਨਾਮ ਨਾਲ (ਜੋ) ਅਤੀ ਦਿਆਲੂ (ਅਰ)

*ਕਈ ਟੀਕਾ ਕਾਰਾਂ ਨੇ ਖਜੂਰ ਦੀ ਰਸੀ ਲਿਖਿਆ ਹੈ।

Digitized by Panjab Digital Library | www.panjabdigilib.org

ਕਿਰਪਾਲੂ ( ਹੈ ) (ਹੇ ਪੈਯੰਬਰ ਜੇਹ ਲੋਗ ਜੋ ਤੁਹਾਡੇ ਪਾਸੋਂ ਖੁਦਾ ਦਾ ਬਿਰਤਾਂਤ ਪੁਛਦੇ ਹਨ ਤਾਂ ਤੁਸੀਂ ਏਨਹਾਂ ਨੂੰ ) ਕਹੋ ਕਿ ਉਹ ਅੱਲਾ ਇਕ ਹੈ ॥ ੧ ॥ ਅੱਲਾ ਬੇ ਨਿਆਜ਼ ( ਬੇ ਪ੍ਰਵਾਹ ) ਹੈ ॥ ੨ ॥ ਨਾਂ ਤਾਂ ਉਸ ਥੀਂ ਕੋਈ ਪੈਦਾ ਹੋਇਆ ਹੈ ਅਰ ਨਾਂ ਉਹ ਕਿਸੇ ਥੀਂ ਪੈਦਾ ਹੋਇਆ ॥ ੩ ॥ ਅਰ ਨਾਂ ਕੋਈ ਉਸ ਦੀ ਬਰਾਬਰ ਦਾ ਹੈ ॥੪ ॥ ਰੁਕੂਹ ੧ ॥

## ਸੂਰਤ ਫਲਕ ਮਦੀਨੇ ਵਿਚ ਉਤਰੀ ਅਰ ਇਸ ਦੀਆਂ ਪੰਜ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲਾ ਦੇ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) । ( ਹੇ ਪੈਯੰਬਰ ਆਪਣੀ ਰਖਜ਼ਾ ਵਾਸਤੇ ਇਸ ਪ੍ਰਕਾਰ ) ਬੇਨਤੀ ਕੀਤਾ ਕਰੋ ਕਿ ਮੈਂ ਸੰਪੂਰਣ ਮਖਲੂਕਾਤ ( ਉਤਪਤੀ ) ਦੀ ਬੁਰਾ-ਈ ਸੇ ਪ੍ਰਾਤਕਾਲ ਦੇ ਮਾਲਕ ( ਅਰਥਾਤ ਖੁਦਾ ) ਦੀ ਓਟ ਮੰਗਦਾ ਹਾਂ ॥ ੧-੨ ॥ ਅਰ ਅੰਧੇਰੀ ਰਾਤ੍ਰੀ ਦੀ ਬੁਰਾਈ ਸੇਂ ਜਦੋਂ ( ਉਸ ਦਾ ਅੰਧੇਰਾ ਸੰਪੂ-ਰਣ ਵਸਤੂਆਂ ਉਪਰ ) ਛਾ ਜਾਵੇ ॥ ੩ ॥ ਅਰ ਗੰਢਿਆਂ ( ਤਾਵੀਜ਼ਾਂ ) ਉਪਰ ( ਪੜ ੨ ਕੇ ) ਫੂਕਣ ਵਾਲੀਆਂ ( ਅਰਥਾਤ ਜਾਦੂਗਰਨੀਆਂ ਦੀ ) ਬੁਰਾਈ ਸੇ ॥ ੪ ॥ ਅਰ ਈਰਖਾ ਵਾਲੇ ਦੀ ਬੁਰਾਈ ਤੋਂ ਜਦੋਂ ਉਹ ਈਰਖਾ ਕਰਨ ਲਗੇ ॥ ੫ ॥ ਰੁਕੂਹ ੧ ॥

## ਸੂਰਤ ਨਾਸ ਮਦੀਨੇ ਵਿਚ ਉਤਰੀ ਅਰ ਏਸ ਦੀਆਂ ਛੇ ਆਇਤਾਂ ਅਰ ਇਕ ਰੁਕੂਹ ਹੈ ।

( ਆਰੰਭ ) ਅੱਲਾ ਦੇ ਨਾਮ ਨਾਲ ( ਜੋ ) ਅਤੀ ਦਿਆਲੂ ( ਅਰ ) ਕਿਰਪਾਲੂ ( ਹੈ ) । ( ਹੇ ਪੈਯੰਬਰ ਆਪਣੀ ਰਖਸ਼ਾ ਦੇ ਵਾਸਤੇ ਏਸ ਪ੍ਰਕਾਰ ) ਦੁਆ ( ਪ੍ਰਾਰਥਨਾਂ ) ਮੰਗਿਆ ਕਰੋ ਕਿ ( ਸ਼ੈਤਾਨ ) ਜੋ ਲੋਗਾਂ ਦਿਆਂ ਦਿਲਾਂ ਵਿਚ ਵਸਵਸੇ ਪਾਉਂਦਾ ( ਅਰ ਆਪ ) ਨਜ਼ਰੋਂ ਨਹੀਂ ਆਉਂਦਾ ( ਅਰ ) ਜਿੰਨ ਅਰ ਆਦਮੀ ( ਦੋਨੋਂ ਹੀ ਏਸ ਪ੍ਰਕਾਰ ਦੇ ) ਵਸਵਸੇ ਪਉਣ ਵਾਲੇ ( ਹੁੰਦੇ ਹਨ ) ਉਨ੍ਹਾਂ ਦੀ ਬੁਰਾਈ ਸੇ ਲੋਗਾਂ ਦੇ ਪਰਵਰਦਿਗਾਰ ਲੋਗਾਂ ਦੇ ( ਸਚੇ ) ਬਾਦਸ਼ਾਹ ਲੋਗਾਂ ਦੇ ਮਾਬੂਦ ( ਪੂਜ੍ਯ ਅਰਥਾਤ ਖੁਦਾ ) ਦੀ ਪਨਾਹ ( ਓਟ ) ਮੰਗਦਾ ਹਾਂ ॥ ੧-੬ ॥ ਰੁਕੂਹ ੧ ॥

1346

ਸਮਾਪਤ

cancelled
not purchased

Digitized by Panjab Digital Library | www.panjabdigilib.org

# ਭੁੱਲਾਂ ਦੀ ਸੋਧ

| ਪੰਨਾਂ | ਸਤ੍ਰ | ਅਸ਼ੁੱਧ | ਸ਼ੁੱਧ | ਪੰਨਾਂ | ਸਤ੍ਰ | ਅਸ਼ੁੱਧ | ਸ਼ੁੱਧ |
|---|---|---|---|---|---|---|---|
| ੧੮ | ੧੨ | ਵੈ ਭੀ | ਉਹ ਭੀ | ੩੬੧ | ੨੩ | ਬਦੀ | ਬੁਦੀ |
| | | | ਸੰਜਮੀ | ੩੬੫ | ੯ | ਅੰਦਰੀਸ | ਅਦਰੀਸ |
| ੧੮ | ੧੨ | ਸੰਜਮੀ | — | ੩੬੫ | ੨੧ | ਆਪਤੀ | ਪ੍ਰਾਪਤੀ |
| ੭੪ | ੩ | ਵਾਲੇ ਹੈ | ਵਾਲਾ ਹੈ | ੩੬੭ | ੨੪ | ਵਰਮਾ | ਫਰਮਾਂ |
| ੭੭ | ੭ | — | ਭੈ | ੩੭੬ | ੧੯ | ਹੈਰਾਨੀ | ਹਾਰ ਜੀਤ |
| ੮੦ | ੫ | — | ਹੋ | | | ਜਿਤਨੀ | |
| ੮੪ | ੨੪ | ਜੀਵਾਂ | ਜ਼ੀਬਾ | ੩੭੭ | ੨੪ | ਸਵਰਗ ਏ | ਸਵਰਗ ਦੇ |
| ੯੪ | ੧੪ | ਖੜਾ | ਖੜੀ | ੩੭੯ | ੨੮ | ਦ੍ਰਿਜ਼ਟਾਂਤ | ਦ੍ਰਿਸ਼ਟਾਂਤ |
| ੧੪੦ | ੩੧ | ਵਰਤਣ | ਵਰਨਣ | ੩੯੦ | ੧ | ਉਹ | ਉਸ |
| ੨੨੫ | ੧੫ | ਆਕਾ | ਆਕਾਸ਼ | ੩੯੬ | ੩ | ਉਹਨਾਂਦੀ | ਉਹ |
| ੨੫੧ | ੯ | ਪ੍ਰਸ਼ਾਦ | ਪ੍ਰਸ਼ਾਦੇ | ੪੧੧ | ੧੮ | ਸਟੇਵ | ਸਦੈਵ |
| ੨੮੨ | ੬ | ਕੀਤੇ | ਕੀਤੀ | ੪੨੩ | ੧ | ਸਈਬ | ਸ਼ੁਏਬ |
| ੨੮੨ | ੨੭ | ਜਿਨਹਾਂ | ਜਿਨਾਂ | ੪੪੦ | ੨੪ | ਮਦੀਨੇ | ਮਦੀਅਨ |
| ੩੦੫ | ੧੨ | ਵਰਦਗਾਰ | ਪ੍ਰਵਰਦਗਾਰ | ੪੪੫ | ੩ | ਪੈਯੰਬਰ | ਇਹਪੈਯੰਬ |
| ੩੦੭ | ੨੧ | ਪਟਾਇਆ | ਮਟਾਇਆ | ੪੪੫ | ੩੧ | ਬਦੋਂ | ਜਿਦੋਂ |
| ੩੦੯ | ੧੮ | ਮੂਸਾਫਿਰ | ਮੁਸਾਫਿਰ | ੪੫੨ | ੨੦ | ਲੋਰ | ਲੋਕ |
| ੩੦੯ | ੨੬ | ਏਥੇ | ਏਸੇ | ੪੭੭ | ੧੫ | ਕਾਵੂਰ | ਕਾਫੂਰ |
| ੩੨੦ | ੧੬ | ਕੁਤਬੇ | ਕਤਬੇ | ੪੮੨ | ੧੧ | ਦੇ | ਦੀ |
| ੩੩੮ | ੩੦ | ਣਿਆਂ | ਚੁਣਿਆਂ | ੪੮੨ | ੧੪ | ਦੇ | ਦੀ |
| ੩੪੪ | ੧੯ | ਬਾਹੁਲੇਣ | ਬੋਹਲਤਾ | ੪੮੩ | ੨੯ | ਜ਼ੈਦ ਦੇ ਪੁਤ੍ਰ | ਹਾਰਸ਼ਦੇਪੁਤ੍ਰ |
| ੩੪੫ | ੧੨ | ਮਦੀਨੇ | ਮਦੀਅਨ | | | ਹਾਰਸ ਨੂੰ | ਜ਼ੈਦ ਨੂੰ |
| ੩੪੭ | ੨੭ | ਸ੍ਰਿਸ਼ਟ | ਸਿਰੇਸ਼ਟ | ੪੮੪ | ੨੪ | ਪਤਾ | ਪਿਤਾ |
| ੩੫੧ | ੨੮ | ਇਸ | ਇਹ | ੬੩੨ | ੧੪ | ਲਾਉਂਦੇ | ਜਲਾਉਂਦੇ |
| ੩੫੫ | ੧੭ | ਰਸਾਤਲ | ਰਸਾਲਤ | ੬੭੫ | ੨੩ | ਤੋਂ | ਤੇ |

B-4140

Digitized by Panjab Digital Library | www.panjabdigilib.org

# ਖ਼ੁਸ਼ ਖ਼ਬਰੀ

## ਅਰਥਾਤ ਕੁਰਾਨਮਜੀਦ ਦਾ ਹਿੰਦੀ ਅਨੁਵਾਦ

...ਜੋ। ਤੁਸੀ ਇਹ ਖ਼ਬਰ ਖੁਸ਼ੀ ਨਾਲ ਸੁਣੋਗੇ ਕਿ ... ਮਾਤਮਾਂ ਦੀ ਕਿਰਪਾ ਨਾਲ ਕੁਰਾਨ ਮਜੀਦ ਦਾ ਹਿੰਦੀ ਅਨਵਾਦ ਵੀ ਸੰਪੂਰਨ ਹੋ ਚੁਕਾ ਹੈ ਆਸ਼ਾ ਹੈ ਕਿ ਇਹ ਭੀ ਸ਼ੀਘ੍ਰ ਹੀ ਛਪਨ ਵਾਸਤੇ ਛਾਪੇਖਾਨੇ ਵਿਚ ਭੇਜ ਦਿਤਾ ਜਾਵੇਗਾ।ਕੁਰਾਨ ਮਜੀਦ ਦੇ ਇਸ ਗੁਰਮੁਖੀ ਅਰ ਹਿੰਦੀ ਅਨਵਾਦ ਥੀਂ ਕੇਵਲ ਇਹ ਪ੍ਰਯੋਜਨ ਹੈ ਕਿ ਮੇਰੇ ਸਿਖ ਅਰ ਹਿੰਦੂ ਭਰਾ ਇਸ ਪਵਿਤ੍ਰ ਪੁਸਤਕ ਦੇ ਗਿਆਨ ਨੂੰ ਭਲੀ ਭਾਂਤ ਜਾਨ ਲੈਣ।

ਅਰ ਹਿੰਦੂ ਮੁਸਲਮਾਨਾਂ ਵਿਚ ਜੋ ਕੇਵਲ ਅਗਿਆਨਤਾ ਦੇ ਕਾਰਨ ਨਿੱਤ ਨਵੇਂ ਸੂਰਜ ਲੜਾਈ ਝਗੜੇ ਹੁੰਦੇ ਰਹਿੰਦੇ ਹਨ ਰੁਕ ਜਾਨ ਅਰ ਅਸੀਂ ਆਪਸ ਵਿਚ ਮੁਹੱਬਤ ਪਿਆਰ ਨਾਲ ਵਸੀਏ ਰੱਸੀਏ ਪ੍ਰਮਾਤਮਾਂ ਹੀ ਮੇਰੀ ਇਸ ਆਸ਼ਾ ਨੂੰ ਪੂਰਿਆਂ ਕਰਨੇ ਵਾਲਾ ਹੈ।

ਆਪਦਾ ਸ਼ੁਭਚਿੰਤਕ

ਦਾਸ—ਮੁਹੰਮਦ ਯੂਸਫ਼ ਐਡੀਟਰ 'ਨੂਰ'

ਕਾਦੀਆਂ ਜ਼ਿਲਾ ਗੁਰਦਾਸਪੁਰ

Digitized by Panjab Digital Library | www.panjabdigilib.org